ਪੰਜਾਬੀ ਸਾਹਿਤ ਸੰਦਰਭ ਕੋਸ਼

ਡਾ. ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

PUNJABI SAHIT SANDARBH KOSH *(Punjabi)*
by

DR. RATTAN SINGH JAGGI
M.A., Ph.D., D. Litt.
Fellow, Department of Punjabi Language Development
Punjabi University, Patiala

ISBN 81-7380-018-9

1994
ਪਹਿਲੀ ਵਾਰ : 1100
ਮੁੱਲ : 160-00

PDF ਦੇ ਪੰਨੇ ਤੇ (+8) ਫਰਕ ਹੈ।

ਸਰਦਾਰ ਤੀਰਥ ਸਿੰਘ ਐਮ.ਏ., ਐਲ-ਐਲ.ਐਮ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵੱਲੋਂ ਪ੍ਰਕਾਸ਼ਿਤ ਅਤੇ ਮੈ/ਸ. ਐਡਵਿਨ ਪ੍ਰਿੰਟਰਜ਼, ਨਾਮਦਾਰ ਖ਼ਾਂ ਰੋਡ, ਪਟਿਆਲਾ ਵਿਖੇ ਛਪੀ।

ਦੋ ਸ਼ਬਦ

ਕਿਸੇ ਸ਼ਬਦ ਦੇ ਅਰਥ ਅਤੇ ਸੰਕਲਪ ਦੇ ਸਹੀ ਪਰਿਪੇਖ ਨੂੰ ਜਾਣਨ ਵਾਸਤੇ ਹਵਾਲਾ ਗ੍ਰੰਥ ਦੀ ਸਹਾਇਤਾ ਲਈ ਜਾਂਦੀ ਹੈ। ਅਜੇਹੇ ਗ੍ਰੰਥ ਦਵਾਰਾ ਕਿਸੇ ਭਾਸ਼ਾ ਵਿਚ ਸਮੋਏ ਗਿਆਨ ਦਾ ਪਰਿਚੈ ਮਿਲਦਾ ਹੈ। ਭਾਸ਼ਾ ਦਾ ਆਧਾਰ ਸ਼ਬਦ ਹਨ, ਜੋ ਅਮੂਰਤ ਹੁੰਦੇ ਹਨ। ਜਦੋਂ ਸ਼ਬਦਾਂ ਨੂੰ ਕਿਸੇ ਪੁਰਾਤਨ ਕਥਾ, ਮਿਥ, ਘਟਨਾ, ਅਨੁਸ਼ਠਾਨ ਜਾਂ ਸ਼ਖ਼ਸੀਅਤ ਨਾਲ ਜੋੜ ਦਿਤਾ ਜਾਂਦਾ ਹੈ, ਤਾਂ ਉਹ ਮੂਰਤ ਚਿਤਰਾਂ ਨੂੰ ਸਿਰਜਨ ਦੇ ਸਮਰਥ ਹੋ ਜਾਂਦੇ ਹਨ। ਅਜੇਹੇ ਸ਼ਬਦ ਉਪਮਾਨ, ਪ੍ਰਤੀਕ ਜਾਂ ਸੰਕੇਤ ਦਾ ਜਾਮਾ ਪਾ ਕੇ ਕਿਸੇ ਸੱਚ ਨੂੰ ਪ੍ਰਕਾਸ਼ਮਾਨ ਕਰਦੇ ਹਨ, ਜੋ ਕਿਸੇ ਕੌਮ ਦੇ ਸਮੂਹਿਕ ਅਨੁਭਵ ਤੇ ਚੇਤਨਾ ਦਾ ਸਾਰ ਹੁੰਦਾ ਹੈ। ਜਿਥੇ ਇਨ੍ਹਾਂ ਦੀ ਵਰਤੋਂ ਕਿਸੇ ਕੌਮ ਨੂੰ ਆਪਣੇ ਵਿਰਸੇ ਨਾਲ ਜੁੜਨ ਵਿਚ ਸਹਾਇਕ ਹੁੰਦੀ ਹੈ, ਉਥੇ ਇਨ੍ਹਾਂ ਸ਼ਬਦਾਂ ਦਾ ਪਿਛੋਕੜ ਕਿਸੇ ਭਾਸ਼ਾ ਉਤੇ ਪਏ ਪ੍ਰਭਾਵਾਂ ਤੇ ਉਸ ਦੀ ਪਾਚਣ ਸ਼ਕਤੀ ਦਾ ਅਹਿਸਾਸ ਕਰਾਉਂਦਾ ਹੈ।

ਪੰਜਾਬੀ ਭਾਸ਼ਾ ਵਿਚ ਸਹੀ ਢੰਗ ਦੇ ਹਵਾਲਾ ਗ੍ਰੰਥ ਤਿਆਰ ਕਰਨ ਲਈ ਬਹੁਤ ਘਟ ਉੱਦਮ ਹੋਏ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਲਈ ਵਚਨ-ਬਧ ਪੰਜਾਬੀ ਯੂਨੀਵਰਸਿਟੀ ਵਲੋਂ ਇਸ ਪ੍ਰਕਾਰ ਦੇ ਕੁਝ ਗ੍ਰੰਥ ਤਿਆਰ ਕਰਨ ਦੇ ਯਤਨ ਆਰੰਭੇ ਗਏ ਹਨ। ਉਨ੍ਹਾਂ ਵਿਚੋਂ ਇਹ ਗ੍ਰੰਥ ਸਾਕਾਰ ਰੂਪ ਵਿਚ ਅਜ ਸਾਡੇ ਹਥ ਵਿਚ ਹੈ। ਇਹ ਗ੍ਰੰਥ ਡਾ. ਰਤਨ ਸਿੰਘ ਜੱਗੀ ਨੇ ਤਿੰਨਾਂ ਸਾਲਾਂ ਦੀ ਲਗਾਤਾਰ ਮਿਹਨਤ ਨਾਲ ਮੁਕੰਮਲ ਕੀਤਾ ਹੈ; ਇਸ ਵਿਚ ਅਠ ਸੌ ਪੰਜਾਹ ਤੋਂ ਵਧ ਸ਼ਬਦਾਂ ਦੇ ਇੰਦਰਾਜ ਅਤੇ ਲਗਭਗ ਪੰਜ ਸੌ ਪ੍ਰਤਿ-ਇੰਦਰਾਜ ਸ਼ਾਮਲ ਕਰ ਕੇ ਚਿਰਾਂ ਤੋਂ ਮਹਿਸੂਸ ਕੀਤੀ ਜਾ ਰਹੀ ਲੋੜ ਨੂੰ ਪੂਰਾ ਕੀਤਾ ਗਿਆ ਹੈ।

ਆਸ ਹੈ ਕਿ ਇਹ ਗ੍ਰੰਥ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਤੇ ਵਿਦਵਾਨਾਂ ਲਈ ਬਹੁਤ ਲਾਹੇਵੰਦ ਸਿਧ ਹੋਵੇਗਾ।

ਜੋਗਿੰਦਰ ਸਿੰਘ ਪੁਆਰ
ਵਾਈਸ-ਚਾਂਸਲਰ

ਪੰਜਾਬੀ ਯੂਨੀਵਰਸਿਟੀ
ਪਟਿਆਲਾ
25 ਦਸੰਬਰ, 1993

ਵਿਭਾਗੀ ਸ਼ਬਦ

ਪੰਜਾਬੀ ਯੂਨੀਵਰਸਿਟੀ ਦਾ ਪ੍ਰਮੁੱਖ ਉੱਦੇਸ਼ ਪੰਜਾਬੀ ਭਾਸ਼ਾ, ਸਾਹਿੱਤ ਅਤੇ ਸਭਿਆਚਾਰ ਦਾ ਵਿਕਾਸ ਹੈ। ਇਸ ਉੱਦੇਸ਼ ਦੀ ਪੂਰਤੀ ਲਈ ਪੰਜਾਬੀ ਯੂਨੀਵਰਸਿਟੀ ਆਪਣੀ ਹੋਂਦ ਵਿਚ ਆਉਣ ਦੇ ਸਮੇਂ ਤੋਂ ਹੀ ਲਗਾਤਾਰ ਯਤਨਸ਼ੀਲ ਰਹੀ ਹੈ। ਇਸੇ ਲਈ ਪੰਜਾਬੀ ਯੂਨੀਵਰਸਿਟੀ ਵਿੱਚ ਪੰਜਾਬੀ ਅਧਿਆਪਨ ਦੇ ਵਿਭਾਗ ਤੋਂ ਇਲਾਵਾ ਹੋਰ ਵੀ ਕਈ ਖੋਜ ਦੇ ਮਹਿਕਮੇ ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਆਪਣਾ ਯੋਗਦਾਨ ਪਾ ਰਹੇ ਹਨ। ਪੰਜਾਬ ਸਰਕਾਰ ਨੇ ਪੰਜਾਬੀ ਵਿਕਾਸ ਦਾ ਕੰਮ ਕਰ ਰਹੇ ਵਿਭਾਗਾਂ ਲਈ ਵੱਖਰਾ ਫ਼ੰਡ ਸਥਾਪਿਤ ਕੀਤਾ ਹੋਇਆ ਹੈ। ਇਸ ਫੰਡ ਵਿਚੋਂ ਬਹੁਤ ਸਾਰੀਆਂ ਸਕੀਮਾਂ ਚਲ ਰਹੀਆਂ ਹਨ ਜਿਨ੍ਹਾਂ ਵਿਚ ਇੱਕ ਸਕੀਮ ਪੁਸਤਕਾਂ ਦਾ ਪ੍ਰਕਾਸ਼ਨ ਹੈ। ਇਸ ਸਕੀਮ ਅਧੀਨ ਵਿਦਿਆਰਥੀਆਂ ਲਈ ਪੰਜਾਬੀ ਵਿਚ ਮਿਆਰੀ ਪੁਸਤਕਾਂ ਉਪਲਬਧ ਕੀਤੀਆਂ ਜਾਂਦੀਆਂ ਹਨ। ਇਹ ਪੁਸਤਕਾਂ ਬੜੇ ਅਨੁਭਵੀ, ਸੁਲਝੇ ਹੋਏ ਅਤੇ ਤਜਰਬੇਕਾਰ ਅਧਿਆਪਕਾਂ ਕੋਲੋਂ ਲਿਖਵਾਈਆਂ ਜਾਂਦੀਆਂ ਹਨ।

ਹੱਥਲੀ ਪੁਸਤਕ 'ਪੰਜਾਬੀ ਸਾਹਿਤ ਸੰਦਰਭ ਕੋਸ਼' ਇਕ ਹਵਾਲਾ-ਪੁਸਤਕ ਹੈ ਜੋ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਨੇ ਵਿਸ਼ੇਸ਼ ਤੌਰ ਤੇ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਲਈ ਬੜੀ ਲਗਨ ਤੇ ਮਿਹਨਤ ਨਾਲ ਥੋੜ੍ਹੇ ਸਮੇਂ ਵਿਚ ਤਿਆਰ ਕੀਤੀ ਹੈ। ਇਹ ਪੁਸਤਕ ਨਿਸ਼ਚੇ ਹੀ ਪੰਜਾਬੀ ਦੇ ਹਵਾਲਾ-ਸਾਹਿਤ ਵਿਚ ਇਕ ਨਿੱਗਰ ਵਾਧਾ ਹੈ। ਇਹ ਪੁਸਤਕ ਪਾਠਕਾਂ ਤੱਕ ਪਹੁੰਚਾਉਣ ਲਗਿਆਂ ਮੈਨੂੰ ਬੇਹੱਦ ਖੁਸ਼ੀ ਦਾ ਇਹਸਾਸ ਹੋ ਰਿਹਾ ਹੈ। ਆਸ ਹੈ ਪਾਠਕ ਇਸ ਨੂੰ ਜੀ ਆਇਆਂ ਆਖਣਗੇ ਅਤੇ ਇਸ ਤੋਂ ਪੂਰਾ ਲਾਭ ਉਠਾਉਣਗੇ।

ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਬਲਬੀਰ ਸਿੰਘ ਨੰਦਾ
ਮੁਖੀ

ਭੂਮਿਕਾ

ਪੰਜਾਬੀ ਦੇ ਰਾਜ-ਭਾਸ਼ਾ ਬਣਨ ਨਾਲ ਇਸ ਦੇ ਬਹੁ-ਪੱਖੀ ਵਿਕਾਸ ਲਈ ਮਾਰਗ ਖੁਲ੍ਹਿਆ ਹੈ। ਵਿਕਾਸ ਦੀਆਂ ਅਨੇਕ ਦਿਸ਼ਾਵਾਂ ਵਿਚੋਂ ਇਕ ਹੈ ਹਵਾਲਾ-ਗ੍ਰੰਥਾਂ ਦੀ ਤਿਆਰੀ। ਇਸ ਵਿਚ ਸ਼ਬਦ-ਕੋਸ਼, ਵਿਸ਼ਵ-ਕੋਸ਼, ਸੰਦਰਭ-ਕੋਸ਼, ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਇਸ ਪ੍ਰਕਾਰ ਦੇ ਹਵਾਲਾ-ਗ੍ਰੰਥ ਕਿਸੇ ਭਾਸ਼ਾ ਦੀ ਅਮੀਰੀ ਦੇ ਚਿੰਨ੍ਹ ਹੀ ਨਹੀਂ ਹੁੰਦੇ, ਸਗੋਂ ਉਸ ਦੀ ਗਿਆਨ-ਰਾਸ਼ੀ ਦੀ ਤਸਵੀਰ ਵੀ ਪੇਸ਼ ਕਰਦੇ ਹਨ। ਇਨ੍ਹਾਂ ਤੋਂ ਬਿਨਾ ਕਿਸੇ ਭਾਸ਼ਾ ਦਾ ਮੁਹਾਂਦਰਾ ਸੰਵਰ ਸਕਣਾ ਸੰਭਵ ਨਹੀਂ ਹੈ। ਅਜਿਹੇ ਗ੍ਰੰਥ ਤਿਆਰ ਕਰਨ ਦੇ ਯਤਨ ਵਿਅਕਤੀਗਤ ਅਤੇ ਸੰਸਥਾਗਤ ਦੋਹਾਂ ਪੱਧਰਾਂ 'ਤੇ ਹੁੰਦੇ ਰਹਿੰਦੇ ਹਨ, ਪਰ ਵਿਅਕਤੀਗਤ ਯਤਨ ਕਈ ਵਾਰ ਆਰਥਿਕ ਸੰਕਟ ਕਰਕੇ ਸਿਰੇ ਨਹੀਂ ਚੜ੍ਹਦੇ, ਇਸ ਲਈ ਇਨ੍ਹਾਂ ਦੀ ਵਿਵਸਥਾ ਸੰਸਥਾਗਤ ਪੱਧਰ 'ਤੇ ਕੀਤੀ ਜਾਣੀ ਹੀ ਉਚਿਤ ਹੈ। ਸੰਸਥਾਵਾਂ ਵੱਲੋਂ ਵੀ ਇਨ੍ਹਾਂ ਦੀ ਤਿਆਰੀ ਦੇ ਦੋ ਰੂਪ ਹਨ—ਇਕ, ਕਿਸੇ ਇਕ ਵਿਅਕਤੀ ਦੁਆਰਾ ਤਿਆਰ ਕੀਤਾ ਗ੍ਰੰਥ ਅਤੇ ਦੂਜਾ, ਕਿਸੇ ਜੁੱਟ ਜਾਂ ਵਿਭਾਗ ਦੁਆਰਾ ਕੀਤਾ ਸਮੂਹਿਕ ਯਤਨ। ਪ੍ਰਸਤੁਤ ਗ੍ਰੰਥ ਪਹਿਲੇ ਵਰਗ ਵਿਚ ਰਖਿਆ ਜਾ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਮੂਲ ਉੱਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਕਾਸ ਕਰਨਾ ਸੀ। ਇਸ ਉੱਦੇਸ਼ ਦੀ ਪੂਰਤੀ ਲਈ ਕਈ ਪ੍ਰਕਾਰ ਦੀਆਂ ਯੋਜਨਾਵਾਂ ਬਣਾਈਆਂ ਗਈਆਂ, ਜਿਨ੍ਹਾਂ ਵਿਚੋਂ ਇਕ ਸੀ ਹਵਾਲਾ-ਪੁਸਤਕਾਂ/ਗ੍ਰੰਥ ਤਿਆਰ ਕਰਵਾਉਣਾ। ਇਸ ਦਿਸ਼ਾ ਵਲ ਪੁੱਟੇ ਗਏ ਕਈ ਕਦਮ ਸਾਕਾਰ ਰੂਪ ਧਾਰਣ ਕਰ ਚੁੱਕੇ ਹਨ ਅਤੇ ਕਈਆਂ ਦੀ ਰਚਨਾ-ਪ੍ਰਕ੍ਰਿਆ ਚਲ ਰਹੀ ਹੈ। ਸੇਵਾ-ਮੁਕਤ ਹੋਣ ਉਪਰੰਤ ਪੰਜਾਬੀ ਯੂਨੀਵਰਸਿਟੀ ਵੱਲੋਂ ਮੈਨੂੰ ਫੈਲੋਸ਼ਿਪ ਦੇ ਕੇ 'ਪੰਜਾਬੀ ਸਾਹਿਤ ਸੰਦਰਭ ਕੋਸ਼' ਤਿਆਰ ਕਰਨ ਦਾ ਜੋ ਕੰਮ ਸੌਂਪਿਆ ਗਿਆ ਸੀ, ਉਸ ਦਾ ਪ੍ਰਕਾਸ਼ਨ ਪ੍ਰਸਤੁਤ ਗ੍ਰੰਥ ਦੇ ਰੂਪ ਵਿਚ ਹੋਇਆ ਹੈ।

ਪੰਜਾਬੀ ਸਾਹਿਤ ਦਾ ਸਹੀ ਢੰਗ ਨਾਲ ਰਸ/ਆਨੰਦ ਮਾਣਨ ਲਈ ਉਸ ਵਿਚ ਵਰਤੇ ਗਏ ਸੰਕੇਤਾਂ, ਹਵਾਲਿਆਂ ਜਾਂ ਸੰਦਰਭਾਂ ਦੇ ਪਿਛੋਕੜ ਦੀ ਜਾਣਕਾਰੀ ਲਈ ਇਸ ਗ੍ਰੰਥ ਦੀ ਯੋਜਨਾ ਬਣਾਈ ਗਈ ਸੀ। ਸੰਦਰਭਾਂ ਦੇ ਕਈ ਸਰੂਪ ਅਤੇ ਪ੍ਰਕਾਰ ਹੁੰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਅਧਿਕ ਸੰਦਰਭਾਂ ਦਾ ਸੰਬੰਧ ਮਿਥ ਨਾਲ ਹੈ ਇਸ ਕਰਕੇ ਇਨ੍ਹਾਂ ਲਈ 'ਮਿਥਕ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਪੁਰਾਤਨ-ਕਥਾ, ਪੁਰਾਣ-ਕਥਾ, ਦੇਵ-ਕਥਾ ਜਾਂ ਲੋਕ-ਕਥਾ ਦੇ ਮਿਥਕ ਕੋਰੀ ਕਲਪਨਾ 'ਤੇ ਆਧਾਰਿਤ ਨਹੀਂ ਹੁੰਦੇ, ਉਨ੍ਹਾਂ ਪਿਛੇ ਲੋਕ-

ਅਨੁਭਵ ਅਤੇ ਧਾਰਮਿਕ ਵਿਸ਼ਵਾਸ ਆਪਣੀ ਭੂਮਿਕਾ ਨਿਭਾ ਰਹੇ ਹੁੰਦੇ ਹਨ। ਅਲੌਕਿਕਤਾ ਦੇ ਤੱਤ੍ਹ ਦੇ ਮਿਸ਼ਰਣ ਕਾਰਣ ਮਿਥਕਾਂ ਨੂੰ ਤਰਕ ਦੇ ਆਧਾਰ 'ਤੇ ਪਰਖਣਾ ਉਚਿਤ ਨਹੀਂ ਹੈ। ਇਨ੍ਹਾਂ ਵਿਚ ਮੁੱਢ-ਕਦੀਮ ਦੇ ਵਿਸ਼ਵਾਸ ਸਮੇਂ ਦੇ ਬੀਤਣ ਨਾਲ ਅੰਧ-ਵਿਸ਼ਵਾਸਾਂ ਦੀ ਧੁੰਦ ਨਾਲ ਢਕ ਜਾਂਦੇ ਹਨ ਅਤੇ ਅਜਿਹੇ ਰੂਪ ਧਾਰਣ ਕਰ ਲੈਂਦੇ ਹਨ, ਜਿਨ੍ਹਾਂ ਦੀ ਵਿਆਖਿਆ ਕਰ ਸਕਣਾ ਸਰਲ ਨਹੀਂ ਰਹਿੰਦਾ। ਪਰ ਇਹ ਭਾਸ਼ਾ ਦੇ ਪੂਰਕ ਵਜੋਂ ਬਹੁਤ ਯੋਗਦਾਨੀ ਸਿੱਧ ਹੁੰਦੇ ਹਨ। ਭਾਸ਼ਾ ਦਾ ਪ੍ਰਮੁਖ ਕਰਤੱਵ ਭਾਵਾਂ ਜਾਂ ਵਿਚਾਰਾਂ ਨੂੰ ਇਕ ਦੂਜੇ ਤਕ ਪਹੁੰਚਾਉਣਾ ਜਾਂ ਆਦਾਨ-ਪ੍ਰਦਾਨ ਕਰਨਾ ਹੈ। ਪਰੰਤੂ ਇਸ ਦੀ ਸ਼ਕਤੀ ਸੀਮਿਤ ਹੈ। ਇਸ ਸਸੀਮਤਾ ਕਰ ਕੇ ਹੀ ਮਿਥਕਾਂ ਦਾ ਜਨਮ ਹੋਇਆ ਪ੍ਰਤੀਤ ਹੁੰਦਾ ਹੈ ਜੋ ਹੌਲੀ-ਹੌਲੀ ਸਾਹਿਤ ਸਿਰਜਨਾ ਦਾ ਅਨਿਖੜ ਅੰਗ ਬਣ ਜਾਂਦੇ ਹਨ।

ਕਵੀ ਜਾਂ ਸਾਹਿੱਤਕਾਰ ਕਈ ਵਾਰ ਆਪਣੀਆਂ ਕਲਪਨਾ-ਉੱਡਾਰੀਆਂ ਨੂੰ ਅਜਿਹੇ ਦ੍ਰਿਸ਼ਾਂ, ਵਿਸ਼ਵਾਸਾਂ ਜਾਂ ਮਾਨਤਾਵਾਂ ਨਾਲ ਸੰਬੰਧਿਤ ਕਰ ਦਿੰਦਾ ਹੈ ਜੋ ਸ਼ਬਦਾਂ ਦੀ ਪਕੜ ਤੋਂ ਪਰੇ ਹੁੰਦੀਆਂ ਹਨ। ਅਜਿਹੀ ਸਥਿਤੀ ਵਿਚ ਸਾਹਿੱਤਕਾਰ ਆਪਣੀ ਕਲਪਨਾ ਜਾਂ ਭਾਵ ਨੂੰ ਮੂਰਤੀਮਾਨ ਕਰਨ ਲਈ ਮਿਥਕ ਦਾ ਸਹਾਰਾ ਲੈਂਦਾ ਹੋਇਆ ਅਣਵੇਖੇ ਜਗਤ ਵਿਚ ਪ੍ਰਵੇਸ਼ ਕਰਦਾ ਹੈ। ਮਿਥਕ ਦੇ ਪ੍ਰਸੰਗ ਨਾਲ ਉਸ ਸੰਬੰਧੀ ਬਣੇ ਲੋਕ-ਬਿੰਬ ਦੇ ਮਾਧਿਅਮ ਦੁਆਰਾ ਕਵੀ ਆਪਣੇ ਮਨੋਰਥ ਨੂੰ ਸਹੀ ਢੰਗ ਨਾਲ ਪ੍ਰਗਟ ਕਰਨ ਵਿਚ ਸਮਰਥ ਹੁੰਦਾ ਹੈ। ਕਈ ਵਾਰ ਇਨ੍ਹਾਂ ਦੀ ਵਰਤੋਂ ਦੁਆਰਾ ਦਰਪੇਸ਼ ਸਮਸਿਆ ਦੇ ਸਮਾਧਾਨ ਲਈ ਸੇਧ ਵੀ ਪ੍ਰਾਪਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮਿਥਕ ਪ੍ਰਯੋਗਾਂ ਨਾਲ ਕਵੀ ਦਿਸਦੇ ਜਗਤ ਤੋਂ ਅਣ-ਦਿਸਦੇ ਜਗਤ ਵਲ ਯਾਤ੍ਰਾ ਕਰਦਾ ਹੈ ਅਤੇ ਆਪਣੇ ਸਭਿਆਚਾਰਕ ਵਿਰਸੇ ਅਤੇ ਪਰੰਪਰਾ ਨਾਲ ਸੰਬੰਧ ਸਥਾਪਿਤ ਕਰਦਾ ਹੋਇਆ ਭੁਲੀਆਂ ਵਿਸਰੀਆਂ ਗੱਲਾਂ ਦਾ ਪੁਨਰ-ਪਰਿਚੈ ਕਰਾਉਂਦਾ ਹੈ ਅਤੇ ਭਾਸ਼ਾ ਸ਼ਕਤੀ ਨੂੰ ਹੋਰ ਸਬਲ ਬਣਾਉਂਦਾ ਹੈ। ਮਿਥਕ ਤੋਂ ਇਲਾਵਾ ਕਵੀ ਆਪਣੀ ਕਲਪਨਾ ਜਾਂ ਭਾਵ ਨੂੰ ਰੂਪਾਇਤ ਕਰਨ ਲਈ ਇਤਿਹਾਸਿਕ ਅਤੇ ਪ੍ਰਦੇਸ਼ਿਕ ਘਟਨਾਵਾਂ, ਵਿਅਕਤੀਆਂ ਜਾਂ ਮਾਨਤਾਵਾਂ ਦੀ ਵਰਤੋਂ ਪ੍ਰਤੀਕਾਂ, ਉਪਮਾਨਾਂ ਜਾਂ ਸੰਕੇਤਾਂ ਵੱਜੋਂ ਕਰਦਾ ਹੈ। ਕਈ ਵਾਰ ਧਾਰਮਿਕ ਪੁਸਤਕਾਂ ਜਾਂ ਅਨੁਸ਼ਠਾਨਾਂ ਅਤੇ ਰੀਤੀ-ਰਵਾਜਾਂ ਵਲ ਵੀ ਸੰਕੇਤ ਕੀਤਾ ਜਾਂਦਾ ਹੈ। ਅਜਿਹਾ ਕਰਨ ਨਾਲ ਸਾਹਿੱਤਕਾਰ ਦੀ ਭਾਵ-ਪ੍ਰਕਾਸ਼ਨ ਸ਼ਕਤੀ ਵੱਧ ਜਾਂਦੀ ਹੈ। ਫਲਸਰੂਪ, ਸਾਹਿੱਤ-ਸਿਰਜਨਾ ਵਿਚ ਸੰਦਰਭਾਂ ਦੀ ਉਪਯੋਗਤਾ ਨਿਰਵਿਵਾਦ ਹੈ।

ਪੰਜਾਬੀ ਸਾਹਿਤ ਵਿਚ ਭਾਰਤੀ ਅਤੇ ਅਭਾਰਤੀ ਕਈ ਪ੍ਰਕਾਰ ਦੇ ਸਭਿਆਚਾਰਾਂ ਦਾ ਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਲਈ ਇਸ ਵਿਚ ਵਰਤੇ ਗਏ ਸੰਦਰਭਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਇਨ੍ਹਾਂ ਸੰਦਰਭਾਂ ਦਾ ਅਧਿਐਨ ਜਿਥੇ ਪੰਜਾਬੀ ਸਾਹਿੱਤ ਦੇ ਸਰਬ-ਸਾਂਝੇ ਸਰੂਪ ਨੂੰ ਪ੍ਰਗਟ ਕਰਨ ਵਿਚ ਸਹਾਇਕ ਹੁੰਦਾ ਹੈ, ਉਥੇ ਪੰਜਾਬੀ ਭਾਸ਼ਾ ਦੀ ਸਮੋਣ-ਸ਼ਕਤੀ ਦਾ ਅਹਿਸਾਸ ਵੀ ਹੁੰਦਾ ਹੈ। ਇਨ੍ਹਾਂ ਦੀ ਵਰਤੋਂ ਦੁਆਰਾ ਪੰਜਾਬੀ ਰਚਨਾਕਾਰਾਂ ਦੀ ਸਭਿਆਚਾਰਕ ਚੇਤਨਾ ਦਾ ਵੀ ਪਤਾ ਚਲਦਾ ਹੈ।

ਯਤਨ ਕੀਤਾ ਹੈ ਕਿ ਇਸ ਕੋਸ਼ ਵਿਚ ਪੰਜਾਬੀ ਸਾਹਿਤ ਵਿਚ ਵਰਤੇ ਗਏ ਸਾਰੇ ਸੰਦਰਭਾਂ ਦੇ ਇੰਦਰਾਜ ਸ਼ਾਮਲ ਹੋ ਜਾਣ। ਪਰ ਇਸ ਬਾਰੇ ਦਾਅਵੇ ਨਾਲ ਕੁਝ ਕਹਿ ਸਕਣਾ ਅਨੁਚਿਤ ਹੋਵੇਗਾ, ਕਿਉਂਕਿ ਇਕ ਤਾਂ ਇਹ ਕੰਮ ਤਿੰਨ ਸਾਲਾਂ ਦੀ ਅਵਧੀ ਵਿਚ ਇਕੱਲਿਆਂ ਪੂਰਾ ਕਰਨਾ ਸੀ; ਦੂਜਾ ਕਿਸੇ ਸਮਰਥ ਭਾਸ਼ਾ ਵਿਚ ਸੰਦਰਭਾਂ ਦਾ ਅੰਤ ਪਾ ਸਕਣਾ ਸਰਲ ਨਹੀਂ ਹੈ; ਅਤੇ ਤੀਜਾ ਨਿਤ ਸਿਰਜੇ ਜਾ ਰਹੇ ਸਾਹਿਤ ਵਿਚ ਸੰਦਰਭਾਂ ਦੀ ਗਿਣਤੀ ਲਗਾਤਾਰ ਵੱਧਦੀ ਰਹਿੰਦੀ ਹੈ। ਫਲਸਰੂਪ ਇਸ ਪ੍ਰਕਾਰ ਦਾ ਸੰਦਰਭ-ਕੋਸ਼ ਤਿਆਰ ਕਰਨਾ ਇਕ ਨਿਰੰਤਰ ਕਾਰਜ ਹੈ। ਹਰ ਨਵੇਂ ਸੰਸਕਰਣ ਵਿਚ ਰਹਿ ਗਏ ਜਾਂ ਨਵੇਂ ਵਰਤੇ ਗਏ ਇੰਦਰਾਜਾਂ ਦਾ ਵਾਧਾ ਹੁੰਦਾ ਰਹਿੰਦਾ ਹੈ।

ਮੈਂ ਕੋਸ਼ਿਸ਼ ਕੀਤੀ ਹੈ ਕਿ ਹਰ ਇਕ ਸੰਦਰਭ ਦੇ ਇੰਦਰਾਜ ਦਾ ਆਕਾਰ ਉਸ ਦੇ ਮਹੱਤਵ ਅਤੇ ਸਰੂਪ ਅਨੁਸਾਰ ਰਖਿਆ ਜਾਏ, ਤਾਂ ਜੋ ਉਸ ਸੰਦਰਭ ਬਾਰੇ ਪੈਦਾ ਹੋਣ ਵਾਲੀਆਂ ਸਾਰੀਆਂ ਪੁੱਛਾਂ ਦਾ ਉੱਤਰ ਸਰਲਤਾ ਪੂਰਵਕ ਮਿਲ ਸਕੇ। ਫਿਰ ਵੀ ਜੇ ਕਿਤੇ ਕੋਈ ਘਾਟ ਨਜ਼ਰ ਆਏ ਤਾ ਇਸ ਪ੍ਰਕਾਰ ਦੇ ਦੋਸ਼ ਮਾਨਵ-ਮਨ ਦੀ ਸੀਮਾ ਦੇ ਫਲ ਹੀ ਸਮਝਣੇ ਚਾਹੀਦੇ ਹਨ। ਅਧਿਕਾਂਸ਼ ਕਾਵਿ-ਸੰਦਰਭਾਂ ਦੀਆਂ ਮਿਸਾਲਾਂ ਦੇ ਦਿੱਤੀਆਂ ਹਨ, ਪਰ ਕੁਝ ਦੀਆਂ ਰਹਿ ਵੀ ਗਈਆਂ ਹਨ, ਕਿਉਂਕਿ ਇਨ੍ਹਾਂ ਨਾਲ ਸੰਬੰਧਿਤ ਦੋ ਫਾਈਲਾਂ 11 ਜੁਲਾਈ, 1993 ਨੂੰ ਆਏ ਹੜ੍ਹ ਵਿਚ ਨਸ਼ਟ ਹੋ ਗਈਆਂ ਸਨ। ਵਾਰਤਕ ਵਿਚ ਵਰਤੇ ਸੰਦਰਭਾਂ ਦੀਆਂ ਮਿਸਾਲਾਂ ਵਿਸਤਾਰ-ਭੈ ਤੋਂ ਨਹੀਂ ਦਿੱਤੀਆਂ। ਹਰ ਇੰਦਰਾਜ ਬਾਰੇ ਉਪਲਬਧ ਸਾਮਗ੍ਰੀ ਨੂੰ ਆਤਮ-ਸਾਤ ਕਰ ਕੇ, ਫਿਰ ਉਸ ਦੀ ਵਿਵਸਥਿਤ ਢੰਗ ਨਾਲ ਪੁਨਰ-ਸਿਰਜਨਾ ਕੀਤੀ ਹੈ। ਜਿਨ੍ਹਾਂ ਵਿਦਵਾਨਾਂ ਦੀਆਂ ਪੁਸਤਕਾਂ/ਗ੍ਰੰਥਾਂ ਤੋਂ ਲਾਭ ਉਠਾਇਆ ਹੈ, ਉਨ੍ਹਾਂ ਦਾ ਉੱਲੇਖ ਹਰ ਇੰਦਰਾਜ ਦੇ ਅੰਤ ਉਤੇ ਕਰਨ ਦੀ ਥਾਂ ਆਖ਼ੀਰ ਵਿਚ 'ਸਹਾਇਕ ਪੁਸਤਕ-ਸੂਚੀ' ਅਧੀਨ ਕਰ ਦਿੱਤਾ ਹੈ।

ਇਸ ਕੋਸ਼ ਦੇ ਇੰਦਰਾਜਾਂ ਨੂੰ ਕੋਸ਼-ਪਰੰਪਰਾ ਵਿਚ ਅੱਖਰ-ਮਾਤ੍ਰਾ-ਕ੍ਰਮ ਅਨੁਸਾਰ ਸੰਯੋਜਿਤ ਕੀਤਾ ਹੈ। ਦੁੱਤ-ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਇੰਦਰਾਜਾਂ ਨੂੰ ਹਰ ਅੱਖਰ ਦੇ ਅੰਤ ਉਤੇ ਸਥਾਨ ਦਿੱਤਾ ਹੈ। ਪ੍ਰਤਿ-ਇੰਦਰਾਜਾਂ ਨੂੰ ਵੀ ਇਸੇ ਕ੍ਰਮ ਵਿਚ ਦਰਜ ਕੀਤਾ ਹੈ। ਸ਼ਬਦ-ਜੋੜਾਂ ਦੇ ਅੰਤਰ ਕਾਰਣ ਇੰਦਰਾਜਾਂ ਨੂੰ ਲੱਭਣ ਵਿਚ ਆਉਣ ਵਾਲੀ ਕਠਿਨਾਈ ਵੇਲੇ ਸਥਾਪਿਤ ਜਾਂ ਸਹੀ ਸ਼ਬਦ-ਜੋੜ ਵਾਲੀ ਥਾਂ 'ਤੇ ਵੇਖਣਾ ਉਚਿਤ ਹੋਵੇਗਾ।

ਇਸ ਕੋਸ਼ ਦੀ ਤਿਆਰੀ ਲਈ ਮੈਂ ਜਿਨ੍ਹਾਂ ਜਿਨ੍ਹਾਂ ਵਿਦਵਾਨਾਂ ਦੀਆਂ ਮਿਹਨਤ ਨਾਲ ਤਿਆਰ ਕੀਤੀਆਂ ਪੁਸਤਕਾਂ/ਗ੍ਰੰਥਾਂ ਤੋਂ ਲਾਭ ਉਠਾਇਆ ਹੈ, ਉਨ੍ਹਾਂ ਸਭ ਦਾ ਸਮੁੱਚੇ ਤੌਰ 'ਤੇ ਆਭਾਰੀ ਹਾਂ। ਵਾਈਸ-ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਜੀ ਦਾ ਵੀ ਮੈਂ ਬਹੁਤ ਧੰਨਵਾਦੀ ਹਾਂ, ਕਿਉਂਕਿ ਉਨ੍ਹਾ ਨੇ ਇਸ ਗ੍ਰੰਥ ਨੂੰ ਮਿਥੇ ਸਮੇਂ ਵਿਚ ਪੂਰਾ ਕਰਨ ਦੀ ਹੱਲਾ-ਸ਼ੇਰੀ ਦਿੱਤੀ ਰਖੀ ਹੈ ਅਤੇ ਇਸ ਨੂੰ ਜਲਦੀ ਪ੍ਰਕਾਸ਼ਿਤ ਕਰ ਕੇ ਪਾਠਕਾਂ ਲਈ ਉਪਲਬਧ ਕੀਤਾ ਹੈ। ਡਾ. ਹਜ਼ਾਰਾ ਸਿੰਘ ਦਾ ਵੀ ਰਿਣੀ ਹਾਂ ਜਿਨ੍ਹਾਂ ਨੇ ਇਸ ਦੀ ਛਪਾਈ ਵਿਚ ਉਚੇਚੀ ਰੁਚੀ ਵਿਖਾਈ ਹੈ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁੱਖੀ ਡਾਕਟਰ

ਬਲਬੀਰ ਸਿੰਘ ਨੰਦਾ ਅਤੇ ਹੋਰ ਸਭ ਕਰਮਚਾਰੀਆਂ ਦਾ ਸਹਿਯੋਗ ਵੀ ਮੇਰੇ ਧੰਨਵਾਦ ਦਾ ਕਾਰਣ ਹੈ।

ਅੰਤ ਵਿਚ ਇਹ ਗ੍ਰੰਥ ਪੰਜਾਬੀ ਪਾਠਕਾਂ ਨੂੰ ਪੇਸ਼ ਕਰਦਾ ਹੋਇਆ, ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਇਸ ਗ੍ਰੰਥ ਦਾ ਹਰ ਗੁਣ ਸੱਜਣ ਵਿਅਕਤੀਆਂ ਦੀ ਸੁਹਿਰਦਤਾ ਦੀ ਦੇਣ ਹੈ ਅਤੇ ਇਸ ਦਾ ਹਰ ਦੋਸ਼ ਮੇਰੀ ਅਲਪੱਗਤਾ ਦਾ ਪਰਿਣਾਮ ਹੈ।

ਰਤਨ ਸਿੰਘ ਜੱਗੀ

ਪੰਜਾਬੀ ਯੂਨੀਵਰਸਿਟੀ
ਪਟਿਆਲਾ

ੳ

ਉਸਮਾਨ, ਹਜ਼ਰਤ : ਹਜ਼ਰਤ ਮੁਹੰਮਦ ਤੋਂ ਬਾਦ ਮੁਸਲਮਾਨਾਂ ਦੇ ਧਰਮ-ਪ੍ਰਚਾਰ ਅਤੇ ਰਾਜ-ਅਧਿਕਾਰ ਦੀ ਵਾਗ-ਡੋਰ ਸੰਭਾਲਣ ਵਾਲਾ ਇਹ ਤੀਜਾ ਖ਼ਲੀਫ਼ਾ ਸੀ ਜਿਸ ਦਾ ਜਨਮ ਅਬੁਲ-ਆਸ ਦੇ ਪੁੱਤਰ ਅੱਫ਼ਾਨ ਦੇ ਘਰ ਹੋਇਆ। ਇਹ ਬਹੁਤ ਅਮੀਰ ਅਤੇ ਸੂਝ-ਬੂਝ ਵਾਲਾ ਇਨਸਾਨ ਸੀ ਅਤੇ ਅਬੂ ਬਕਰ ਦੀ ਪ੍ਰੇਰਣਾ ਨਾਲ ਹਜ਼ਰਤ ਮੁਹੰਮਦ ਦਾ ਅਨੁਯਾਈ ਬਣਿਆ ਸੀ। ਇਸ ਦਾ ਵਿਆਹ ਪੈਗ਼ੰਬਰ ਦੀਆਂ ਦੋ ਪੁੱਤਰੀਆਂ—ਰੁਕੀਅਹ ਅਤੇ ਉਮੁਕੁਲਸੁਮ—ਨਾਲ ਹੋਇਆ। ਇਸ ਨੂੰ 'ਜ਼ਿਨੱਰੈਨ' ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਹਜ਼ਰਤ ਉਮਰ ਤੋਂ ਬਾਦ ਸੰਨ 644 ਈ. ਵਿਚ ਇਸ ਨੂੰ ਖ਼ਲੀਫ਼ਾ ਚੁਣਿਆ ਗਿਆ। ਇਸ ਦੀ ਖ਼ਿਲਾਫ਼ਤ ਵੇਲੇ ਮੁਸਲਮਾਨਾਂ ਨੇ ਪੱਛਮ ਵਿਚ ਬਰਕਾ ਤਕ, ਪੂਰਵ ਵਲ ਫ਼ਾਰਸ ਅਤੇ ਕੋਹਿਸਤਾਨ ਤਕ ਆਪਣੀ ਰਾਜ-ਸੀਮਾ ਵਧਾ ਲਈ ਅਤੇ ਉਧਰ ਕਾਬਲ ਤਕ ਦਾ ਇਲਾਕਾ ਆਪਣੇ ਅਧੀਨ ਕਰ ਲਿਆ। ਸੰਨ 649 ਈ. ਵਿਚ ਸਮੁੰਦਰੀ ਬੇੜਾ ਤਿਆਰ ਕਰਕੇ ਇਸ ਨੇ ਸਾਈਪ੍ਰਸ ਟਾਪੂ ਨੂੰ ਵੀ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਨੇ ਆਪਣੇ ਸਕੇ ਸੰਬੰਧੀਆਂ ਨੂੰ ਵੱਖ-ਵੱਖ ਖੇਤਰਾਂ ਦੇ ਵਾਲੀ (ਗਵਰਨਰ) ਨਿਯੁਕਤ ਕੀਤਾ ਤਾਂ ਜੋ ਪ੍ਰਬੰਧਕੀ ਔਕੜਾਂ ਖ਼ਤਮ ਹੋਣ, ਪਰ ਸਹਿਜੇ-ਸਹਿਜੇ ਇਨ੍ਹਾਂ ਵਾਲੀਆਂ ਦੀ ਤਾਕਤ ਬਹੁਤ ਵਧ ਗਈ ਅਤੇ ਇਹ ਪ੍ਰਜਾ ਉਤੇ ਜ਼ੁਲਮ ਕਰਨ ਲੱਗੇ। ਉਸਮਾਨ ਪਾਸ ਸ਼ਿਕਾਇਤ ਕਰਨ ਤੇ ਵੀ ਜਦੋਂ ਕੋਈ ਸੁਧਾਰ ਨਾ ਹੋਇਆ ਤਾਂ ਬਾਗ਼ੀਆਂ ਨੇ ਇਸ ਨੂੰ ਮਸਜਿਦ ਨੱਬਵੀ ਵਿਚ ਸੰਨ 656 ਈ. ਵਿਚ ਕਤਲ ਕਰ ਦਿੱਤਾ। ਜਦੋਂ ਚੌਥੇ ਖ਼ਲੀਫ਼ੇ, ਹਜ਼ਰਤ ਅਲੀ (ਵੇਖੋ) ਨੇ ਉਸਮਾਨ ਦੇ ਕਾਤਲਾਂ ਨੂੰ ਕੋਈ ਸਜ਼ਾ ਨਾ ਦਿੱਤੀ ਤਾਂ ਉਸਮਾਨ ਦੇ ਰਿਸ਼ਤੇਦਾਰਾਂ ਅਤੇ ਹਜ਼ਰਤ ਅਲੀ ਵਿਚ ਜੰਗ ਛਿੜ ਗਈ ਜਿਸ ਨੇ ਅੰਤ ਵਿਚ ਹਜ਼ਰਤ ਅਲੀ ਅਤੇ ਅਮੀਰ ਮੁਆਵੀਆ ਦੀ ਜੰਗ ਦਾ ਰੂਪ ਧਾਰਣ ਕੀਤਾ। ਇਸ ਤਰ੍ਹਾਂ ਮੁਸਲਮਾਨਾਂ ਵਿਚ ਖ਼ਾਨਾ-ਜੰਗੀ ਦਾ ਆਰੰਭ ਹੋਇਆ ਅਤੇ ਇਸਲਾਮ ਦੀ ਧਾਰਮਿਕ ਏਕਤਾ ਅਤੇ ਰਾਜਨੈਤਿਕ ਵਿਵਸਥਾ ਖੇਰੂੰ-ਖੇਰੂੰ ਹੋਣ ਲੱਗੀ।

ਉਸਮਾਨ ਦੀ ਇਸਲਾਮ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਜੋ ਵਹੀ (ਰੱਬੀ ਪੈਗ਼ਾਮ) ਹਜ਼ਰਤ ਮੁਹੰਮਦ ਨੂੰ ਧੁਰੋਂ ਉਤਰਦੀ ਸੀ, ਉਸ ਨੂੰ ਇਹ ਨਾਲ ਨਾਲ ਲਿਖਦਾ ਜਾਂਦਾ ਸੀ। ਜਦੋਂ ਇਹ ਖ਼ਲੀਫ਼ਾ ਬਣਿਆ ਤਾ ਇਸ ਨੇ ਕੁਰਾਨ ਦੇ ਇਕ ਸਹੀ ਖਰੜ ਤੋਂ ਉਤਾਰੇ ਕਰਵਾ ਕੇ ਆਪਣੇ ਅਨੁਯਾਈਆਂ ਵਿਚ ਵੰਡ ਦਿੱਤੇ। ਇਸ ਤੋਂ ਬਿਨਾ ਹੋਰ ਜਿਹੜੇ ਵੀ ਖਰੜੇ ਉਪਲਬਧ ਸਨ, ਉਨ੍ਹਾਂ ਨੂੰ ਅਪ੍ਰਮਾਣਿਕ ਘੋਸ਼ਿਤ ਕਰਕੇ ਸੜਵਾ ਦਿੱਤਾ। ਅੱਜ ਕਲ ਕੁਰਾਨ ਦਾ ਜੋ ਰੂਪ ਪ੍ਰਚਲਿਤ ਹੈ, ਉਹ ਉਸਮਾਨ ਵਾਲੇ ਖਰੜੇ ਦਾ ਹੀ

ਪ੍ਰਤਿਰੂਪ ਹੈ।

ਪੰਜਾਬੀ ਦੇ ਸਾਮੀ ਪਿਛੋਕੜ ਵਾਲੇ ਕਿੱਸਿਆਂ ਅਤੇ ਇਸਲਾਮਿਕ ਕਾਵਿ ਵਿਚ ਇਸ ਦਾ ਉੱਲੇਖ ਹੋਇਆ ਹੈ। ਮੀਆਂ ਮੁਹੰਮਦ ਬਖ਼ਸ਼ ਨੇ 'ਸੈਫ਼ੁਲ-ਮਲੂਕ' ਵਿਚ ਇਸ ਦਾ ਹਵਾਲਾ ਦਿੱਤਾ ਹੈ—'ਸ਼ਬ-ਬੇਦਾਰ ਗਨੀ ਸੀ ਤਰੀਜਾ ਜਾਮਿਅ ਜੋ ਕੁਰਆਨੀ।/ਉਸਮਾਨ ਜਵਿਲਨੂਰੀਨ ਪਿਆਰਾ ਮਿਹਤਰ ਯੂਸਫ਼ ਸਾਨੀ।'

ਉਸ਼ਾ, ਦੇਵੀ : ਸੰਸਕ੍ਰਿਤ ਮੂਲ ਦੇ ਇਸ ਸ਼ਬਦ ਦਾ ਅਰਥ 'ਚਮਕਣ ਵਾਲੀ' ਜਾਂ 'ਹਨੇਰੇ ਨੂੰ ਖ਼ਤਮ ਕਰਨ ਵਾਲੀ' ਕੀਤਾ ਜਾਂਦਾ ਹੈ। ਲਗਭਗ 21 ਵੈਦਿਕ ਸੂਕਤਾਂ ਵਿਚ ਉਸ਼ਾ ਦਾ ਵਰਣਨ ਹੋਣ ਕਾਰਣ, ਇਹ ਆਰਯ ਲੋਕਾਂ ਦੀ ਮਹੱਤਵਪੂਰਣ ਦੇਵੀ ਹੈ। ਇਹ ਪੂਰਵ ਦਿਸ਼ਾ ਦੀ ਪਰਮ-ਜੋਤੀ ਹੈ ਜਿਸ ਵਿਚ ਇੰਦਰ, ਅਗਨੀ ਅਤੇ ਵਰੁਣ ਦੇ ਕ੍ਰਮਵਾਰ ਗੁਣਾਂ—ਬਲ, ਪੁਰੋਹਿਤ-ਗਿਆਨ ਅਤੇ ਨੈਤਿਕ ਸ਼ਾਸਨ—ਦਾ ਸੁਮੇਲ ਹੈ। ਇਸ ਵਿਚ ਇਸਤਰੀ ਦੀਆਂ ਹਰ ਪ੍ਰਕਾਰ ਦੀਆਂ ਮਨਮੋਹਕ ਵਿਸ਼ੇਸ਼ਤਾਵਾਂ ਦੀ ਕਲਪਨਾ ਕੀਤੀ ਗਈ ਹੈ।

ਇੰਦਰ ਨੂੰ ਜੇ ਰਾਜਾ ਦੇ ਰੂਪ ਵਿਚ ਤਸੱਵਰ ਕੀਤਾ ਜਾਂਦਾ ਹੈ ਤਾਂ ਉਸ਼ਾ ਰਾਣੀ ਦੀ ਪ੍ਰਤਿਨਿਧਤਾ ਕਰਦੀ ਹੈ। ਇਹ ਰਾਤ ਦੇ ਕਾਲੇ ਬਸਤ੍ਰਾਂ ਨੂੰ ਦੂਰ ਕਰਦੀ ਹੈ, ਮਾੜੇ ਸੁਪ-ਨਿਆਂ ਅਤੇ ਬਦ-ਰੂਹਾਂ ਤੋਂ ਬਚਾਉਂਦੀ ਹੈ, ਆਕਾਸ਼ ਦੀ ਪੂਰਵ ਦਿਸ਼ਾ ਨੂੰ ਰੁਸ਼ਨਾਉਂਦੀ ਹੈ। ਇਹ ਸੁੱਤੇ ਹੋਏ ਜੀਵਾਂ ਨੂੰ ਜਗਾਉਂਦੀ ਹੈ, ਜਾਗਦੇ ਹੋਇਆਂ ਨੂੰ ਕੰਮ-ਕਾਰ ਵਿਚ ਲਗਾਉਂਦੀ ਹੈ, ਪਸ਼ੂਆਂ ਨੂੰ ਤੋਰਦੀ ਹੈ, ਪੰਛੀਆਂ ਨੂੰ ਉਡਾਉਂਦੀ ਹੈ। ਪ੍ਰਕ੍ਰਿਤੀ ਦੇ ਸਾਰੇ ਭੰਡਾਰ ਨੂੰ ਰਾਤ ਦੇ ਹਨੇਰੇ ਤੋਂ ਕਢ ਕੇ ਸਪੱਸ਼ਟ ਕਰ ਦਿੰਦੀ ਹੈ।

ਆਕਾਸ਼ ਵਿਚ ਜਨਮ ਲੈਣ ਕਾਰਣ ਇਸ ਨੂੰ ਆਕਾਸ਼ ਦੀ ਪੁੱਤਰੀ ਕਿਹਾ ਜਾਂਦਾ ਹੈ। ਆਰਯ ਰਿਸ਼ੀਆਂ ਨੇ ਇਸ ਨੂੰ ਧਰਤੀ ਦੀ ਪੁੱਤਰੀ ਕਿਹਾ ਹੈ ਕਿਉਂਕਿ ਇਹ ਪ੍ਰਭਾਤ ਵੇਲੇ ਧਰਤੀ ਤੋਂ ਨਿਕਲਦੀ ਪ੍ਰਤੀਤ ਹੁੰਦੀ ਹੈ। ਸੂਰਜ ਤੋਂ ਪਹਿਲਾਂ ਉਦੇ ਹੋਣ ਕਾਰਣ, ਇਸ ਨੂੰ ਸੂਰਜ ਦੀ ਮਾਤਾ ਕਿਹਾ ਜਾਂਦਾ ਹੈ। ਪਰ ਦੂਜੀ ਦ੍ਰਿਸ਼ਟੀ ਤੋਂ, ਸੂਰਜ ਇਸ ਦਾ ਇਸ ਤਰ੍ਹਾਂ ਪਿਛਾ ਕਰਦਾ ਹੈ ਜਿਵੇਂ ਕੋਈ ਗਭਰੂ ਕਿਸੇ ਮੁਟਿਆਰ ਦਾ ਕਰਦਾ ਹੋਵੇ। ਇਸ ਲਈ ਇਸ ਨੂੰ ਸੂਰਜ ਦੀ ਪਤਨੀ ਵੀ ਕਿਹਾ ਜਾਂਦਾ ਹੈ ਅਤੇ ਇਸੇ ਕਰਕੇ ਪੌਰਾਣਿਕ ਕਾਲ ਵਿਚ ਇਸ ਨੂੰ ਸੂਰਜ-ਪਰਿਵਾਰ ਦੀਆਂ ਮੂਰਤੀਆਂ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਨੂੰ ਸੂਰਜ ਦੇ ਕੋਲ ਖੜੀ ਕਰਕੇ ਹਨੇਰੇ ਰੂਪੀ ਰਾਖਸ਼ਾਂ ਉਤੇ ਬਾਣਾਂ ਨਾਲ ਹਮਲਾ ਕਰਦੀ ਵਿਖਾਇਆ ਗਿਆ ਹੈ।

ਸਮੁੱਚੇ ਤੌਰ ਤੇ ਇਹ ਵਰਦਾਨ ਦੀ ਦੇਵੀ ਹੈ ਜੋ ਹਰ ਸਵੇਰ ਨੂੰ ਆਪਣੀ ਸੁੰਦਰਤਾ ਅਤੇ ਪ੍ਰਕਾਸ਼ ਦੇ ਭੰਡਾਰ ਨੂੰ ਸੰਸਾਰ ਵਿਚ ਹਸਦੀ-ਹਸਦੀ ਵੰਡਦੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੇ ਕਾਵਿ-ਸੰਗ੍ਰਹਿ 'ਜਗਤ ਤਮਾਸ਼ਾ' ਵਿਚ ਇਸ ਵਲ ਸੰਕੇਤ ਕੀਤਾ ਹੈ—'ਹਥਾਂ ਵਿਚ ਮਹਿੰਦੀ ਦੀ ਥਾਂ ਉਸ਼ਾ ਦੀ ਲਾਲੀ ਹਾਂ।' ਪੁਰਾਤਨ ਪੰਜਾਬੀ ਕਾਵਿ ਵਿਚ ਇਸ 'ਊਖਾ' ਕਰ ਕੇ ਵੀ ਲਿਖਿਆ ਗਿਆ ਹੈ—'ਊਖਾ ਕਾਲ ਪਹੂਚ੍ਯੋ ਆਈ' (ਚਰਿਤ੍ਰੋਪਾਖਿਆਨ-142)।

ਉਗ੍ਰਸੈਨ : ਇਹ ਯਾਦਵ ਕੁਲ ਦਾ ਇਕ ਪ੍ਰਤਾਪੀ ਅਤੇ ਭਗਤੀ ਭਾਵਨਾ ਵਾਲਾ ਰਾਜਾ ਸੀ । ਇਸ ਦਾ ਜਨਮ ਆਹੁਕ ਦੇ ਘਰ ਪਵਨਰੇਖਾ ਜਾਂ ਕਾਸ਼੍ਯਾ ਦੀ ਕੁਖੋਂ ਹੋਇਆ । ਇਹ ਦੋ ਭਰਾ ਸਨ । ਇਸ ਤੋਂ ਵੱਡੇ ਦਾ ਨਾਂ ਦੇਵਕ ਸੀ । ਇਸ ਦੇ ਨੌਂ ਪੁੱਤਰ ਅਤੇ ਪੰਜ ਧੀਆਂ ਸਨ । ਦੇਵਕ ਦੀ ਪੁੱਤਰੀ ਦੇਵਕੀ ਨੂੰ ਵੀ ਇਸ ਨੇ ਆਪਣੀ ਪੁੱਤਰੀ ਵਾਂਗ ਪਾਲਿਆ ਸੀ, ਜਿਸ ਦਾ ਵਿਆਹ ਵਸੁਦੇਵ ਨਾਲ ਹੋਇਆ । ਸ੍ਰੀ ਕ੍ਰਿਸ਼ਣ ਦੇ ਇਹ ਮਾਤਾ-ਪਿਤਾ ਸਨ । ਦੇਵਕੀ ਦੇ ਉਗ੍ਰਸੈਨ ਦੁਆਰਾ ਪਾਲੇ ਜਾਣ ਕਾਰਣ ਸ੍ਰੀ ਕ੍ਰਿਸ਼ਣ ਉਗ੍ਰਸੈਨ ਦੇ ਹੀ ਦੋਹਤੇ ਮੰਨੇ ਜਾਂਦੇ ਹਨ ।

ਉਗ੍ਰਸੈਨ ਮਥੁਰਾ ਦਾ ਰਾਜਾ ਸੀ, ਪਰ ਇਸ ਦੇ ਸਭ ਤੋਂ ਵੱਡੇ ਪੁੱਤਰ ਕੰਸ ਨੇ ਆਪਣੇ ਸਹੁਰੇ ਜਰਾਸੰਧ ਦੀ ਸਹਾਇਤਾ ਨਾਲ ਉਗ੍ਰਸੈਨ ਨੂੰ ਗੱਦੀਓਂ ਲਾਹ ਕੇ ਕੈਦ ਕਰ ਦਿੱਤਾ ਅਤੇ ਖੁਦ ਰਾਜਾ ਬਣ ਬੈਠਾ । ਉਸ ਨੇ ਵਸੁਦੇਵ ਅਤੇ ਦੇਵਕੀ ਨੂੰ ਵੀ ਕੈਦ ਕਰ ਦਿੱਤਾ । ਕਿਉਂਕਿ ਵਿਆਹ ਉਪਰੰਤ ਦੇਵਕੀ ਨੂੰ ਵਿਦਾ ਕਰਨ ਵੇਲੇ ਆਕਾਸ਼ਵਾਣੀ ਹੋਈ ਸੀ ਕਿ ਇਸ ਦੰਪਤੀ ਤੋਂ ਪੈਦਾ ਹੋਇਆ ਬੱਚਾ ਕੰਸ ਦਾ ਘਾਤਕ ਸਿੱਧ ਹੋਵੇਗਾ । ਕੈਦ ਦੌਰਾਨ ਸ੍ਰੀ ਕ੍ਰਿਸ਼ਣ ਦਾ ਜਨਮ ਹੋਇਆ ਜਿਨ੍ਹਾਂ ਨੂੰ ਕਤਲ ਕੀਤੇ ਜਾਣ ਤੋਂ ਬਚਾਉਣ ਲਈ ਸਾਵਧਾਨੀ ਨਾਲ ਨੰਦ-ਜਸੋਦਾ ਪਾਸ ਗੋਕੁਲ ਭੇਜ ਦਿੱਤਾ ਗਿਆ । ਜਦੋਂ ਸ੍ਰੀ ਕ੍ਰਿਸ਼ਣ ਵੱਡੇ ਹੋਏ ਤਾਂ ਆਪਣੇ ਮਾਮੇ ਕੰਸ ਦੇ ਅਤਿਆਚਾਰ ਨੂੰ ਸੁਣ ਕੇ, ਉਸ ਨੂੰ ਮਾਰ ਦਿੱਤਾ ਅਤੇ ਆਪਣੇ ਨਾਨੇ ਉਗ੍ਰਸੈਨ ਨੂੰ ਗੱਦੀ ਉਤੇ ਬਿਠਾਇਆ । ਮਾਤਾ-ਪਿਤਾ ਨੂੰ ਵੀ ਕੰਸ ਦੀ ਕੈਦ ਤੋਂ ਮੁਕਤ ਕਰਾਇਆ । ਉਗ੍ਰਸੈਨ ਇਕ ਸ੍ਰੇਸ਼ਠ ਭਗਤ ਅਤੇ ਸਦਾਚਾਰੀ ਰਾਜੇ ਵਜੋਂ ਬਹੁਤ ਪ੍ਰਸਿੱਧ ਹੈ । ਭੱਟ ਕਵੀ ਕਲ੍ਹ ਨੇ ਸਵੈਯੇ ਮ. ੧ ਵਿਚ ਇਸ ਨੂੰ ਅਭੈ-ਭਗਤੀ-ਪਦ ਦਿੱਤੇ ਜਾਣ ਦਾ ਉੱਲੇਖ ਕੀਤਾ ਹੈ—'ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ' (ਅ. ਗ੍ਰੰ. 1390) ।

ਉੱਚ, ਸ਼ਰੀਫ : ਸਤਲੁਜ ਨਦੀ ਦੇ ਦੱਖਣੀ ਕੰਢੇ 'ਤੇ ਵਸਿਆ ਇਕ ਕਸਬਾ ਜੋ ਬਹਾਵਲਪੁਰ (ਪਾਕਿਸਤਾਨ) ਤੋਂ ਲਗਭਗ 60 ਕਿ. ਮੀ. ਦੂਰ ਹੈ । ਇਸ ਦਾ ਪਹਿਲਾ ਨਾਂ ਦੇਵਗੜ੍ਹ ਸੀ ਜੋ ਕਿ ਰਾਜਾ ਦੇਵ ਸਿੰਘ ਦੇ ਨਾਂ 'ਤੇ ਪਿਆ ਸੀ । ਬਾਰ੍ਹਵੀਂ ਸਦੀ ਦੇ ਅੰਤ ਵਿਚ ਸੱਯਦ ਜਲਾਲੁੱਦੀਨ ਬੁਖ਼ਾਰੀ ਨੇ ਦੇਵਗੜ੍ਹ ਉਤੇ ਹਮਲਾ ਕੀਤਾ । ਰਾਜਾ ਹਾਰ ਖਾ ਕੇ ਮਾਰਵਾੜ ਨੂੰ ਭਜ ਗਿਆ । ਬੁਖ਼ਾਰੀ ਨੇ ਕਸਬੇ ਨੂੰ ਖ਼ੂਬ ਲੁਟਿਆ ਅਤੇ ਰਾਜੇ ਦੀ ਪੁੱਤਰੀ ਸੁੰਦਰਪਰੀ ਨਾਲ ਵਿਆਹ ਕਰਕੇ ਉਥੇ ਇਕ ਉੱਚੀ ਥਾਂ ਤੇ ਕਿਲਾ ਉਸਾਰਿਆ । ਉਸ ਕਿਲੇ ਦੇ ਉੱਚੇ ਹੋਣ ਦੀ ਵਿਸ਼ੇਸ਼ਤਾ ਦੇ ਆਧਾਰ 'ਤੇ ਇਸ ਕਸਬੇ ਦਾ ਨਾਂ ਵੀ ਦੇਵਗੜ੍ਹ ਦੀ ਥਾਂ 'ਉੱਚ' ਪ੍ਰਚਲਿਤ ਹੋ ਗਿਆ । ਇਸ ਕਸਬੇ ਉਤੇ ਸੱਯਦਾਂ ਦੇ ਕਬਜ਼ੇ ਕਾਰਣ ਬਹੁਤ ਸਾਰੇ ਮੰਨੇ-ਪ੍ਰਮੰਨੇ ਸੱਯਦ, ਪੀਰ, ਫ਼ਕੀਰ ਇਥੇ ਆ ਵਸੇ । ਫਲਸਰੂਪ, ਇਸ ਕਸਬੇ ਨੂੰ ਆਦਰ ਨਾਲ 'ਉੱਚ-ਸ਼ਰੀਫ਼' ਕਿਹਾ ਜਾਣ ਲਗਿਆ । ਇਥੋਂ ਦੇ ਸੱਯਦ-ਪੀਰ ਆਮ ਤੌਰ ਤੇ ਨੀਲ ਬਸਤ੍ਰ ਪਾਉਂਦੇ ਸਨ ਅਤੇ ਕੇਸ ਪਿਛੇ ਨੂੰ ਖੁਲ੍ਹੇ ਛਡਦੇ ਸਨ । ਅੱਜ ਕਲ ਇਹ ਕਸਬਾ ਪੀਰਾਂ ਦੇ ਵੱਖ-ਵੱਖ ਫ਼ਿਰਕਿਆਂ ਦੇ ਆਧਾਰ ਤੇ ਤਿੰਨ ਪਤੀਆਂ ਵਿਚ ਵੰਡਿਆ

ਹੋਇਆ ਹੈ । ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ ਵਿਚ ਮੁਗ਼ਲ ਫ਼ੌਜ ਦੁਆਰਾ ਘੇਰ ਲਏ ਗਏ ਤਾਂ ਉਦੋਂ ਦੋ ਪਠਾਣ ਭਰਾਵਾਂ—ਗ਼ਨੀ ਖ਼ਾਂ ਅਤੇ ਨੱਬੀ ਖ਼ਾਂ—ਦੇ ਸਹਿਯੋਗ ਨਾਲ ਗੁਰੂ ਜੀ ਉੱਚ ਦੇ ਪੀਰਾਂ ਵਾਲਾ ਬਾਣਾ ਧਾਰਣ ਕਰਕੇ ਉਸ ਘੇਰੇ ਤੋਂ ਸਹੀ ਸਲਾਮਤ ਬਾਹਰ ਨਿਕਲ ਗਏ । ਉਸ ਦਿਨ ਤੋਂ ਗੁਰੂ ਜੀ ਦਾ ਇਕ ਨਾਮਾਂਤਰ 'ਉੱਚ ਕਾ ਪੀਰ' (ਵੇਖੋ) ਵੀ ਹੈ ।

ਉੱਚਸ਼੍ਰਵਾ : ਇਕ ਵਿਸ਼ੇਸ਼ ਘੋੜਾ ਜਿਸ ਦੇ ਕੰਨ ਉੱਚੇ ਸਨ ਅਤੇ ਸਮੁੰਦਰ ਰਿੜਕਣ ਵੇਲੇ ਪ੍ਰਗਟ ਹੋਏ ਚੌਦਾਂ ਰਤਨਾਂ ਵਿਚੋਂ ਇਕ ਸੀ । ਰਤਨਾਂ ਦੀ ਵੰਡ ਵੇਲੇ ਇਹ ਇੰਦਰ ਦੇ ਹਿੱਸੇ ਆਇਆ । ਇੰਦਰ ਇਸ ਉਤੇ ਬੜੇ ਠਾਠ ਨਾਲ ਸਵਾਰੀ ਕਰਦਾ ਹੈ । ਪੁਰਾਣ ਸਾਹਿੱਤ ਵਿਚ ਦੱਸਿਆ ਗਿਆ ਹੈ ਕਿ ਇਸ ਘੋੜੇ ਦੇ ਸੱਤ ਮੂੰਹ ਸਨ ਅਤੇ ਕੰਨ ਬਹੁਤ ਉੱਚੇ ਸਨ । ਇਸ ਦਾ ਰੰਗ ਨੀਲਾ ਸੀ । ਇਸ ਲਈ ਇਸ ਰੰਗ ਦੇ ਘੋੜੇ ਨੂੰ ਸ੍ਰੇਸ਼ਠ ਜਾਂ ਪਵਿੱਤਰ ਸਮਝਿਆ ਜਾਂਦਾ ਹੈ । ਇਸੇ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੇ ਘੋੜੇ ਨੂੰ 'ਨੀਲਾ ਘੋੜਾ' ਕਿਹਾ ਜਾਂਦਾ ਹੈ ਅਤੇ ਕਈ ਸ਼ਰਧਾਲੂ ਭਾਵਨਾ-ਵਸ ਉਸ ਨੂੰ ਉੱਚਸ਼੍ਰਵਾ ਦਾ ਅਵਤਾਰ ਮੰਨ ਲੈਂਦੇ ਹਨ । 'ਦਸਮ ਗ੍ਰੰਥ' (ਬ੍ਰਹਮਾਵਤਾਰ) ਵਿਚ ਇਸ ਘੋੜੇ ਦਾ ਉੱਲੇਖ ਹੋਇਆ ਹੈ—'ਉੱਚ ਸ੍ਰਵਾਹ ਸਮਾਨ ਨਿਰਤ ਕਰਤ ।'

ਉੱਚ ਕਾ ਪੀਰ : ਇਹ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਨਾਮਾਂਤਰ ਹੈ । ਇਸ ਨਾਂ ਦਾ ਪਿਛੋਕੜ ਇਹ ਹੈ ਕਿ ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਦ ਗੁਰੂ ਜੀ ਮਾਛੀਵਾੜੇ ਦੇ ਜੰਗਲ ਵਿਚ ਪਹੁੰਚੇ । ਮੁਗ਼ਲ ਫ਼ੌਜ ਨੇ ਮਾਛੀਵਾੜੇ ਦੇ ਇਲਾਕੇ ਨੂੰ ਘੇਰ ਲਿਆ । ਆਪਣੇ ਪੁਰਾਣੇ ਜਾਣਕਾਰ ਦੋ ਰੁਹੇਲੇ ਪਠਾਣ ਭਰਾਵਾਂ—ਨੱਬੀ ਖ਼ਾਂ ਅਤੇ ਗ਼ਨੀ ਖ਼ਾਂ—ਦੀ ਮੱਦਦ ਨਾਲ ਉਸ ਘੇਰੇ ਵਿਚੋਂ ਨਿਕਲਣ ਦੀ ਯੋਜਨਾ ਬਣਾਈ ਗਈ । ਸਿੱਖ ਇਤਿਹਾਸ ਅਨੁਸਾਰ ਉਨ੍ਹਾਂ ਪਠਾਣਾਂ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਤਿੰਨ ਸਿੱਖਾਂ (ਭਾਈ ਧਰਮ ਸਿੰਘ, ਮਾਨ ਸਿੰਘ ਅਤੇ ਦਇਆ ਸਿੰਘ) ਨੂੰ ਨੀਲੇ ਬਸਤ੍ਰ ਪਵਾਏ ਅਤੇ ਕੇਸ ਪਿਛੇ ਨੂੰ ਖੁਲ੍ਹੇ ਛਡਵਾ ਦਿੱਤੇ । ਗੁਰੂ ਜੀ ਨੂੰ ਪਾਲਕੀ (ਕਿਤੇ ਕਿਤੇ ਪਲੰਘ ਵੀ ਲਿਖਿਆ ਹੈ) ਵਿਚ ਬਿਠਾਇਆ ਗਿਆ । ਉਹ ਪਾਲਕੀ ਦੋ ਪਠਾਣ ਭਰਾਵਾਂ ਅਤੇ ਭਾਈ ਮਾਨ ਸਿੰਘ ਅਤੇ ਭਾਈ ਧਰਮ ਸਿੰਘ ਨੇ ਚੁੱਕੀ ਅਤੇ ਭਾਈ ਦਇਆ ਸਿੰਘ ਨੇ ਗੁਰੂ ਜੀ ਨੂੰ ਚੌਰ ਕਰਨ ਦਾ ਕੰਮ ਸੰਭਾਲਿਆ । ਰਾਹੀਆਂ ਨੂੰ ਉਹ ਕਹਿੰਦੇ ਜਾਂਦੇ ਕਿ ਇਸ ਵਿਚ 'ਉੱਚ ਕਾ ਪੀਰ' ਸਵਾਰ ਹੈ । ਇਸ ਉਕਤੀ ਦੇ ਦੋ ਭਾਵ ਸਨ । ਇਕ ਇਹ ਕਿ ਪਾਲਕੀ ਵਿਚ ਸਵਾਰ (ਗੁਰੂ ਜੀ) ਉੱਚ-ਸ਼ਰੀਫ ਦੇ ਸੱਯਦ ਫ਼ਕੀਰ ਹਨ ਅਤੇ ਦੂਜਾ ਗੁਰੂ ਜੀ ਸ੍ਰੇਸ਼ਠ ਮਹਾਪੁਰਸ਼ ਹਨ । ਜਦੋਂ ਉਹ ਸਾਰੇ ਫ਼ੌਜੀ ਘੇਰੇ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਸ਼ਕ ਕਾਰਣ ਰੋਕ ਲਿਆ ਗਿਆ ਪਰ ਬਾਦ ਵਿਚ ਗੁਰੂ ਜੀ ਦੇ ਉਸਤਾਦ ਕਾਜ਼ੀ ਪੀਰ ਮੁਹੰਮਦ ਵਲੋਂ ਤਸੱਲੀ ਕਰਵਾਏ ਜਾਣ 'ਤੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹਨ, ਗੁਰੂ ਜੀ ਮੁਗ਼ਲ ਫ਼ੌਜ ਦੇ ਘੇਰੇ ਵਿਚੋਂ ਸਹੀ ਸਲਾਮਤ ਬਾਹਰ ਨਿਕਲ ਗਏ । ਉਸ ਦਿਨ ਤੋਂ ਗੁਰੂ ਜੀ ਦਾ ਇਹ ਵੀ ਇਕ ਨਾਮਾਂਤਰ ਪ੍ਰਚਲਿਤ ਹੋ ਗਿਆ ।

ਉੱਚੇ : ਵੇਖੋ 'ਉੱਚਸ਼੍ਰਵਾ' ।

ਉਜ਼ੂ : ਇਹ ਅਰਬੀ ਦੇ 'ਵੁਜ਼ੂ' ਸ਼ਬਦ ਦਾ ਤਦਭਵ ਰੂਪ ਹੈ। ਬਾਬਾ ਫ਼ਰੀਦ ਨੇ ਕਿਹਾ ਹੈ—'ਉਠੁ ਫਰੀਦਾ ਉਜ਼ੂ ਸਾਜਿ ਸੁਬਹ ਨਿਵਾਜ ਗੁਜਾਰਿ'। 'ਵੁਜ਼ੂ' ਦਾ ਅਰਥ ਹੈ ਇਸਲਾਮ ਵਿਚ ਦਸੇ ਹੋਏ ਢੰਗਾਂ ਨਾਲ ਨਮਾਜ਼ ਪੜ੍ਹਨ ਤੋਂ ਪਹਿਲਾਂ ਹੱਥ-ਪੈਰ ਆਦਿ ਧੋਣਾ। ਇਸਲਾਮਿਕ ਮਰਯਾਦਾ ਅਨੁਸਾਰ ਨਮਾਜ਼ ਪੜ੍ਹਨ ਤੋਂ ਪਹਿਲਾਂ ਦੋਹਾਂ ਹੱਥਾਂ ਨੂੰ ਤਿੰਨ ਵਾਰ ਗੁੱਟਾਂ ਤਕ ਧੋਣਾ, ਫਿਰ ਤਿੰਨ ਵਾਰ ਕੁਰਲੀ ਕਰਨੀ, ਤਦਉਪਰੰਤ ਨਕ ਵਿਚ ਤਿੰਨ ਵਾਰ ਪਾਣੀ ਪਾ ਕੇ ਮੂੰਹ ਧੋਣਾ ਅਤੇ ਫਿਰ ਆਰਕਾਂ ਜਾਂ ਕੂਹਣੀਆਂ ਤਕ ਦੋਹਾਂ ਹੱਥਾਂ ਨੂੰ ਧੋ ਕੇ ਸਿਰ ਉਤੇ ਫੇਰਨਾ ਅਤੇ ਫਿਰ ਦੋਹਾਂ ਪੈਰਾਂ ਨੂੰ ਗਿਟਿਆਂ ਤਕ ਧੋਣਾ। ਵੁਜ਼ੂ ਨਾਲ ਕਈ ਮਹਾਤਮ ਵੀ ਜੁੜੇ ਹੋਏ ਹਨ, ਜਿਵੇਂ ਵੁਜ਼ੂ ਵੇਲੇ ਮੂੰਹ ਧੋਣ ਨਾਲ ਅੱਖਾਂ ਰਾਹੀਂ ਕੀਤੇ ਸਾਰੇ ਪਾਪ ਧੁਲ ਜਾਂਦੇ ਹਨ; ਹੱਥ ਧੋਣ ਨਾਲ ਹੱਥਾਂ ਰਾਹੀਂ ਕੀਤੇ ਪਾਪ ਖ਼ਤਮ ਹੋ ਜਾਂਦੇ ਹਨ ਅਤੇ ਪੈਰ ਧੋਣ ਨਾਲ ਪੈਰਾਂ ਰਾਹੀਂ ਕੀਤੇ ਗੁਨਾਹ ਨਸ਼ਟ ਹੋ ਜਾਂਦੇ ਹਨ। ਇਸ ਤਰ੍ਹਾਂ ਵੁਜ਼ੂ ਕਰਨ ਨਾਲ ਅੱਖਾਂ, ਹੱਥਾਂ, ਪੈਰਾਂ ਨਾਲ ਕੀਤੇ ਪਾਪਾਂ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ ਅਤੇ ਬੰਦਾ ਪਾਕ-ਪਵਿੱਤਰ ਹੋ ਜਾਂਦਾ ਹੈ। ਇਸ ਤੋਂ ਬਾਦ ਹੀ ਨਮਾਜ਼ ਪੜ੍ਹਨਾ ਵਾਜਬ ਹੈ।

ਉਜੈਨ : ਮੱਧ ਭਾਰਤ ਦਾ ਇਕ ਪ੍ਰਸਿੱਧ ਨਗਰ ਜਿਸ ਦਾ ਪੁਰਾਤਨ ਨਾਂ 'ਅਵੰਤਿਕਾ' ਹੈ। ਇਹ ਨਾਂ ਇਸ ਦੇ 'ਅਵੰਤਿ' ਨਾਂ ਦੇ ਰਾਜਾ ਦੇ ਨਾਂ ਤੇ ਪ੍ਰਸਿੱਧ ਹੋਇਆ। ਇਸ ਦਾ ਇਕ ਨਾਂ 'ਉੱਜਯਿਨੀ' ਵੀ ਹੈ।

ਇਸ ਨਗਰ ਵਾਲੀ ਥਾਂ ਤੇ ਸ਼ਿਵ ਨੇ ਤ੍ਰਿਪੁਰ ਨੂੰ ਜਿੱਤਿਆ ਸੀ, ਇਸ ਕਰਕੇ ਇਹ ਸ਼ਿਵ ਮਤ ਦਾ ਇਕ ਪ੍ਰਸਿੱਧ ਤੀਰਥ ਬਣ ਗਿਆ ਹੈ। ਇਥੇ ਮਹਾਕਾਲ ਦਾ ਸੁਪ੍ਰਸਿੱਧ ਮੰਦਿਰ ਵੀ ਹੈ। 51 ਸ਼ਕਤੀ-ਪੀਠਾਂ ਵਿਚੋਂ ਇਥੇ ਹਰਸਿੱਧੀ ਦੇਵੀ ਦਾ ਮੰਦਿਰ ਸਿੱਧ-ਪੀਠ ਵਜੋਂ ਪ੍ਰਸਿੱਧ ਹੈ। ਇਥੇ ਬਾਰ੍ਹਾਂ ਵਰਿਆਂ ਬਾਦ ਕੁੰਭ ਦਾ ਮੇਲਾ (ਵੇਖੋ) ਲਗਦਾ ਹੈ ਜਦੋਂ ਸੂਰਜ, ਚੰਦ੍ਰਮਾ ਅਤੇ ਬ੍ਰਿਹਸਪਤੀ ਨਾਂ ਦੇ ਤਿੰਨੋਂ ਗ੍ਰਹਿ ਅਮਾਵਸ ਵਾਲੇ ਦਿਨ ਕੁੰਭ ਰਾਸ਼ੀ ਵਿਚ ਹੁੰਦੇ ਹਨ। ਹਿੰਦੂ ਧਰਮ ਅਨੁਸਾਰ ਮੰਨੀਆਂ ਜਾਣ ਵਾਲੀਆਂ ਸੱਤ ਪਵਿੱਤਰ ਪੁਰੀਆਂ ਵਿਚ ਵੀ ਇਸ ਦੀ ਗਿਣਤੀ ਹੁੰਦੀ ਹੈ—'ਅਯੋਧ੍ਯਾ ਮਥੁਰਾ ਮਾਯਾ ਕਾਸ਼ੀ ਕਾਂਚੀ ਅਵੰਤਿਕਾ।/ ਪੁਰੀ ਦ੍ਵਾਰਵਤੀ ਚੈਵ ਸਪ੍ਤੈਤਾ ਮੋਕ੍ਸ਼ਦਾਯਿਕਾ।'

ਭਾਰਤੀ ਜੋਤਿਸ਼ ਸ਼ਾਸਤ੍ਰ ਵਿਚ ਦੇਸ਼ਾਂਤਰ ਦੀ ਸ਼ੂੰਨ੍ਯ ਰੇਖਾ ਉੱਜਯਿਨੀ ਤੋਂ ਹੀ ਸ਼ੁਰੂ ਹੋਈ ਮੰਨੀ ਜਾਂਦੀ ਹੈ। ਇਸ ਨੂੰ ਪ੍ਰਿਥਵੀ ਦਾ ਨਾਭੀ-ਦੇਸ਼ ਵੀ ਕਿਹਾ ਜਾਂਦਾ ਹੈ। ਮਹਾਰਿਸ਼ੀ ਸੰਦੀਪਨੀ ਦਾ ਆਸ਼੍ਰਮ ਵੀ ਇਸ ਨਗਰ ਵਿਚ ਸਥਿਤ ਸੀ। ਹੁਣ ਇਹ ਨਗਰ ਉਜੈਨ ਨਾਂ ਨਾਲ ਪ੍ਰਸਿੱਧ ਹੈ। ਭਾਈ ਗੁਰਦਾਸ ਅਨੁਸਾਰ—'ਭਾਵਾ ਧੀਰੁ ਉਜੈਨ ਵਿਚ ਸਾਧ-ਸੰਗਤਿ ਗੁਰੁ ਸਬਦਿ ਨਿਵਾਸੁ' (11/30)।

ਇਤਿਹਾਸਿਕ ਦ੍ਰਿਸ਼ਟੀ ਤੋਂ ਬੁੱਧ ਮਤ ਦੇ ਉਦਭਵ-ਕਾਲ ਵੇਲੇ ਅਵੰਤੀ/ਅਵੰਤਿਕਾ ਭਾਰਤ ਦੇ 16 ਰਾਜਾਂ ਵਿਚ ਵਿਸ਼ੇਸ਼ ਮਹੱਤਵ ਰਖਦਾ ਸੀ। ਉੱਜਯਿਨੀ ਇਸ ਦੀ ਰਾਜਧਾਨੀ ਸੀ। ਇਥੋਂ ਦੇ ਰਾਜੇ ਬੜੇ ਸ਼ਕਤੀਵਰ ਸਨ ਪਰ ਮਗਧ ਦੀ ਵਧਦੀ ਹੋਈ ਸ਼ਕਤੀ ਸਾਹਮਣੇ ਇਹ ਰਾਜ ਨਾ ਟਿਕ ਸਕਿਆ। ਇਥੋਂ ਦੇ ਰਾਜਾ ਵਿਕ੍ਰਮਾਦਿਤ੍ਯ ਨੇ 57

ਈ. ਪੂਰਵ ਵਿਚ ਸ਼ਕਾਂ ਨੂੰ ਹਰਾ ਕੇ ਇਸ ਉੱਤੇ ਕਬਜ਼ਾ ਕੀਤਾ ਅਤੇ ਇਸ ਨੂੰ ਆਪਣੀ ਦੂਜੀ ਰਾਜਧਾਨੀ ਬਣਾ ਕੇ ਇਕ ਸੰਮਤ ਚਲਾਇਆ ਜੋ ਹੁਣ ਬਿਕਰਮੀ ਸੰਮਤ ਦੇ ਨਾਂ ਨਾਲ ਪ੍ਰਸਿੱਧ ਹੈ।

ਮਗਧ ਦੇ ਅਧੀਨ ਹੋ ਜਾਣ ਕਾਰਣ ਹੌਲੀ ਹੌਲੀ ਉਜੈਨ ਦੀ ਰਾਜਨੈਤਿਕ ਮਹੱਤਾ ਭਾਵੇਂ ਘਟਦੀ ਗਈ ਪਰ ਇਸ ਦੀ ਨਿੱਜੀ ਮਹਾਨਤਾ ਕਾਇਮ ਰਹੀ; ਕੁਝ ਇਸ ਦੇ ਧਾਰਮਿਕ ਤੀਰਥ ਹੋਣ ਕਰਕੇ ਅਤੇ ਕੁਝ ਵਪਾਰਕ ਮਾਰਗ ਉੱਤੇ ਸਥਿਤ ਹੋਣ ਕਾਰਣ। ਪਰਮਾਰ ਵੰਸ਼ ਦੇ ਰਾਜਾ ਭੋਜ ਵੇਲੇ ਇਸ ਨਗਰ ਦਾ ਮਹੱਤਵ ਫਿਰ ਵਧਿਆ ਅਤੇ ਇਹ ਇਕ ਵੱਡੇ ਸਭਿਆਚਾਰਿਕ ਅਤੇ ਵਿਦਿਅਕ-ਕੇਂਦਰ ਵਜੋਂ ਉਭਰ ਕੇ ਸਾਹਮਣੇ ਆਇਆ। ਪਰ ਇਹ ਗੌਰਵ ਬਹੁਤ ਸਮਾਂ ਕਾਇਮ ਨਾ ਰਹਿ ਸਕਿਆ। ਮੁਸਲਮਾਨ ਬਾਦਸ਼ਾਹਾਂ ਵੇਲੇ ਇਸ ਦਾ ਮਹੱਤਵ ਬਹੁਤ ਘੱਟ ਗਿਆ। ਅੰਗਰੇਜ਼ਾਂ ਦੇ ਸ਼ਾਸਨ ਵਿਚ ਵੀ ਇਸ ਨੂੰ ਕੋਈ ਬਹੁਤਾ ਗੌਰਵ ਨਹੀਂ ਮਿਲ ਸਕਿਆ। ਹੁਣ ਇਹ ਇਸੇ ਨਾਂ ਦੇ ਜ਼ਿਲੇ ਦਾ ਮੁੱਖ ਨਗਰ ਹੈ।

ਉੜੀਸਾ/ਉੜੀਸਾ : ਭਾਰਤ ਦਾ ਇਕ ਪ੍ਰਾਂਤ ਜਿਸ ਦੇ ਦੱਖਣ ਪੂਰਵ ਵਲ ਬੰਗਾਲ ਦੀ ਖਾੜੀ ਹੈ। ਪਹਿਲਾਂ ਕਟਕ ਇਸ ਦੀ ਰਾਜਧਾਨੀ ਸੀ, ਹੁਣ ਭੁਵਨੇਸ਼ਵਰ ਨੂੰ ਇਸ ਦੀ ਰਾਜਧਾਨੀ ਬਣਾਇਆ ਗਿਆ ਹੈ। ਇਸ ਪ੍ਰਦੇਸ਼ ਦਾ ਇਕ ਪੁਰਾਤਨ ਨਾਂ 'ਉਤਕਲ' ਵੀ ਹੈ। ਇਸ ਦਾ ਉੱਲੇਖ ਪਿਛਲੇ ਵੈਦਿਕ ਸਾਹਿੱਤ ਵਿਚ ਮਿਲਣ ਲਗ ਜਾਂਦਾ ਹੈ। ਅਸ਼ੋਕ (ਵੇਖੋ) ਨੇ ਇਥੋਂ ਦੇ ਕਲਿੰਗ/ਕਲਿੰਗਾ ਖੇਤਰ ਨੂੰ ਆਪਣੇ ਅਧੀਨ ਕਰਨ ਲਈ ਜੋ ਹਮਲਾ ਕੀਤਾ, ਉਸ ਦਾ ਟਾਕਰਾ ਉਥੋਂ ਦੇ ਨਿਵਾਸੀਆਂ ਨੇ ਜਿਸ ਸੂਰਬੀਰਤਾ ਨਾਲ ਕੀਤਾ, ਉਸ ਨੇ ਅਸ਼ੋਕ ਵਰਗੇ ਸਮ੍ਰਾਟਾਂ ਨੂੰ ਝੰਝੋੜ ਕੇ ਰਖ ਦਿੱਤਾ ਅਤੇ ਉਸ ਨੂੰ ਹਿੰਸਾ ਦਾ ਮਾਰਗ ਛਡ ਕੇ ਬੁੱਧ ਧਰਮ ਗ੍ਰਹਿਣ ਕਰਨਾ ਪਿਆ।

ਉੜੀਸਾ ਦੀ ਪ੍ਰਸਿੱਧੀ ਦਾ ਮੂਲ ਕਾਰਣ ਧਾਰਮਿਕ ਹੈ ਕਿਉਂਕਿ ਇਸ ਵਿਚ ਹਿੰਦੂ ਧਰਮ ਦੇ ਪ੍ਰਧਾਨ ਮੰਦਿਰ ਹਨ। ਬਹੁਤੇ ਮੰਦਿਰਾਂ ਦੀ ਉਸਾਰੀ ਬਾਰ੍ਹਵੀਂ ਅਤੇ ਤੇਰ੍ਹਵੀਂ ਸਦੀਆਂ ਵਿਚ ਹੋਈ ਸੀ। ਇਹ ਮੰਦਿਰ ਭਾਰਤੀ ਭਵਨ-ਨਿਰਮਾਣ ਅਤੇ ਮੂਰਤੀ-ਕਲਾ ਦੇ ਉਜਲੇ ਨਮੂਨੇ ਹਨ। ਭੁਵਨੇਸ਼ਵਰ ਦਾ ਸ਼ਿਵ ਮੰਦਿਰ ਨੌਵੀਂ ਸਦੀ ਵਿਚ ਉਤਕਲ ਦੇ ਰਾਜਾ ਲਲਾਟੇਂਦੁ ਕੇਸਰੀ ਦੇ ਰਾਜ-ਕਾਲ ਵਿਚ ਉਸਾਰਿਆ ਗਿਆ ਸੀ। ਪੁਰੀ ਵਿਚਲੇ ਜਗਨਨਾਥ ਮੰਦਿਰ ਦੀ ਉਸਾਰੀ ਰਾਜਾ ਅਨੰਗ-ਭੀਮ ਦੇਵ ਦੂਜੇ ਨੇ ਬਾਰ੍ਹਵੀਂ ਸਦੀ ਵਿਚ ਕਰਵਾਈ ਅਤੇ ਤੇਰ੍ਹਵੀਂ ਸਦੀ ਵਿਚ ਰਾਜਾ ਨਰਸਿੰਹ ਦੇਵ ਨੇ ਕੋਣਾਰਕ ਦਾ ਪ੍ਰਸਿੱਧ ਸੂਰਜ ਮੰਦਿਰ ਬਣਵਾਇਆ। ਇਨ੍ਹਾਂ ਮੰਦਿਰਾਂ ਦੇ ਗੁੰਬਦਾਂ ਜਾਂ ਕੰਧਾਂ ਉੱਤੇ ਤਾਂਤ੍ਰਿਕ ਪ੍ਰਭਾਵ ਅਧੀਨ ਅਨੇਕ ਪ੍ਰਕਾਰ ਦੀਆਂ ਨਗਨ ਮੂਰਤੀਆਂ ਕਾਮੁਕ ਦਸ਼ਾਵਾਂ ਵਿਚ ਬਣਾਈਆਂ ਗਈਆਂ ਸਨ।

ਪੁਰੀ ਦੇ ਜਗਨਨਾਥ (ਵੇਖੋ) ਦੀ ਸ੍ਨਾਨ-ਯਾਤ੍ਰਾ ਅਤੇ ਰਥ-ਯਾਤ੍ਰਾ ਉਥੋਂ ਦੇ ਵਿਸ਼ੇਸ਼ ਉੱਲੇਖਯੋਗ ਉਤਸਵ ਹਨ। ਅਧਿਆਤਮਿਕ ਭਵਿਸ਼ ਦੇ ਸੁਧਾਰ ਲਈ ਜਗਨਨਾਥ ਪੁਰੀ ਵਿਚ ਇਸ਼ਨਾਨ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਇਥੋਂ ਦੇ ਇਸ਼ਨਾਨ-ਮਹਾਤਮ ਦਾ ਉੱਲੇਖ ਕਰਦਿਆਂ ਕਬੀਰ ਜੀ ਨੇ ਕਿਹਾ ਹੈ ਕਿ ਸੱਚੇ ਦਿਲੋਂ ਨਾਮ ਜੰਪਣ ਤੋਂ ਬਿਨਾ ਉੜੀਸਾ ਦੇ

ਇਸ਼ਨਾਨ ਅਤੇ ਮਸਜਿਦ ਵਿਚ ਕੀਤੇ ਸਿਜਦੇ ਦਾ ਕੋਈ ਲਾਭ ਨਹੀਂ — 'ਕਹਾ ਉੜੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਏ' (ਅ. ਗ੍ਰੰ. 1349)। ਇਥੇ ਉੜੀਸਾ ਦੇ ਇਸ਼ਨਾਨ-ਸੰਦਰਭ ਦਾ ਸੰਬੰਧ ਜਗਨਨਾਥ ਪੁਰੀ ਦੇ ਤੀਰਥ ਵਿਚ ਕੀਤੇ ਇਸ਼ਨਾਨ ਨਾਲ ਹੈ।

ਉਤਭਿਜ/ਉਤਭੁਜ : ਇਕ ਖਾਣੀ ਦਾ ਨਾਂ। ਵੇਖੋ 'ਚਾਰ ਖਾਣੀਆਂ'।

ਉੱਤਰ-ਮੀਮਾਂਸਾ : ਵੇਦਾਂਤ ਦਾ ਇਕ ਨਾਮਾਂਤਰ। ਵੇਖੋ 'ਵੇਦਾਂਤ ਦਰਸ਼ਨ'।

ਉੱਤਾਨਪਾਦ : ਧਰੂ ਭਗਤ ਦਾ ਪਿਤਾ। ਵੇਖੋ 'ਧਰੂ ਭਗਤ'।

ਉਦਾਸੀ, ਮਤ/ਸੰਪ੍ਰਦਾਇ : ਉਦਾਸੀ (ਉਦਾਸਿਨ੍) ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਵਿਰਕ੍ਤ, ਜੋ ਵਿਅਕਤੀ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਵੇ। ਪ੍ਰਾਚੀਨ ਕਾਲ ਵਿਚ ਆਸ਼੍ਰਮ-ਵਿਵਸਥਾ ਦੇ ਚਾਰ ਵਿਕਾਸ-ਕ੍ਰਮਾਂ ਵਿਚੋਂ ਤੀਜਾ ਬਾਨਪ੍ਰਸਥ ਸੀ। 'ਮਨੁ-ਸਮ੍ਰਿਤੀ' (6/1-2) ਅਨੁਸਾਰ ਵਿਅਕਤੀ ਨੂੰ ਸੰਸਾਰਿਕ ਕਾਰਜਾਂ ਤੋਂ ਉਦਾਸੀਨ ਹੋ ਕੇ ਤਪ, ਵੇਦ-ਅਧਿਐਨ, ਯੱਗ, ਦਾਨ ਆਦਿ ਕਰਕੇ ਬਨ ਵਿਚ ਜੀਵਨ ਬਿਤਾਉਣਾ ਚਾਹੀਦਾ ਹੈ। ਬਾਨਪ੍ਰਸਥ ਦੀ ਅਵਧੀ ਸਮਾਪਤ ਹੋਣ ਤੋਂ ਬਾਦ ਸੰਨਿਆਸ ਆਸ਼੍ਰਮ ਵਿਚ ਪ੍ਰਵੇਸ਼ ਕਰਨਾ ਹੁੰਦਾ ਹੈ। 'ਮਨੁ ਸਮ੍ਰਿਤੀ' (6/33) ਅਨੁਸਾਰ ਇਸ ਵਿਚ ਵਿਅਕਤੀ ਨੂੰ ਸੰਸਾਰਿਕ ਸੰਬੰਧਾਂ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਅਤੇ ਅ-ਨਾਗਰਿਕ ਹੋ ਕੇ ਇਕ ਥਾਂ ਤੋਂ ਦੂਜੀ ਥਾਂ ਤੇ ਘੁੰਮਦੇ ਰਹਿਣਾ ਚਾਹੀਦਾ ਹੈ।

ਕਾਲਾਂਤਰ ਵਿਚ ਸੰਨਿਆਸ ਆਸ਼੍ਰਮ ਦੀ ਅਵਸਥਾ ਵਿਚ ਪਹੁੰਚਣ ਤੋਂ ਇਲਾਵਾ ਵੀ ਕਈ ਲੋਕ ਸੰਨਿਆਸੀ ਬਣ ਜਾਂਦੇ ਸਨ। ਇਸ ਤਰ੍ਹਾਂ ਦੇ ਕਈ ਸੰਨਿਆਸੀ ਦਲ ਭਾਰਤ ਵਿਚ ਪ੍ਰਾਚੀਨ ਕਾਲ ਤੋਂ ਮੌਜੂਦ ਸਨ। ਉਨ੍ਹਾਂ ਤੋਂ ਹੀ ਬੈਰਾਗੀ, ਕਾਪੜੀ, ਨਾਗੇ, ਉਦਾਸੀ, ਮੋਨੀ ਆਦਿ ਨਾਂ ਵਾਲੇ ਕਈ ਵਰਗ ਪ੍ਰਚਲਿਤ ਹੋ ਗਏ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਅਜਿਹੇ ਵਰਗਾਂ ਵਲ ਸੰਕੇਤ ਮਿਲਦਾ ਹੈ—'ਸੋ ਗਿਰਹੀ ਸੋ ਦਾਸ ਉਦਾਸੀ ਜਿਨਿ ਗੁਰਮੁਖਿ ਆਪੁ ਪਛਾਨਿਆ' (ਅ. ਗ੍ਰੰ. 1332)। ਗੁਰੂ ਅਰਜਨ ਦੇਵ ਨੇ ਸਿਰੀ ਰਾਗ ਵਿਚ ਲਿਖਿਆ ਹੈ—'ਮੋਨੀ ਮੋਨਿਧਾਰੀ।/ਸਨਿਆਸੀ ਬ੍ਰਹਮਚਾਰੀ।/ਉਦਾਸੀ ਉਦਾਸਿ ਰਾਤਾ' (ਅ. ਗ੍ਰੰ. 71)। ਪਰ ਇਸ ਉਦਾਸੀ ਵਰਗ ਨਾਲ ਗੁਰੂ ਨਾਨਕ ਦੇ ਨਾਮ-ਲੇਵਾ ਉਦਾਸੀ ਮਤ (ਉਦਾਸੀ ਸੰਪ੍ਰਦਾਇ) ਦਾ ਕੋਈ ਸੰਬੰਧ ਨਹੀਂ ਹੈ।

ਬੰਬਈ ਪ੍ਰਦੇਸ਼ ਦੇ ਗਜ਼ਟੀਅਰ (ਸੈਂਚੀ 9, ਭਾਗ ਪਹਿਲਾ) ਵਿਚ ਇਕ ਉਦਾਸੀ ਨਾਂ ਨਾਲ ਪ੍ਰਸਿੱਧ ਸੰਪ੍ਰਦਾਇ ਦਾ ਉੱਲੇਖ ਮਿਲਦਾ ਹੈ। ਸੂਰਤ ਦੇ ਬਰਦੋਲੀ ਇਲਾਕੇ ਦੇ ਉਦਾਕਾਬਲੀਆਂ ਵਿਚ ਉਸ ਦਾ ਪ੍ਰਚਾਰ ਅਤੇ ਪ੍ਰਚਲਨ ਸੀ। ਉਸ ਦਾ ਆਰੰਭ ਕਿਸੇ ਗੋਪਾਲਦਾਸ ਨਾਂ ਦੇ ਵਿਅਕਤੀ ਨੇ ਸਤਾਰ੍ਹਵੀਂ ਸਦੀ ਈ. ਦੇ ਸ਼ੁਰੂ ਵਿਚ ਕੀਤਾ। ਪਰ ਉਸ ਦਾ ਵੀ ਨਾਨਕ-ਪੰਥੀ ਉਦਾਸੀ ਮਤ ਨਾਲ ਕੋਈ ਸੰਬੰਧ ਨਹੀਂ ਹੈ।

ਗੁਰੂ ਨਾਨਕ ਦਾ ਨਾਮ-ਲੇਵਾ ਉਦਾਸੀ-ਮਤ ਉਪਰੋਕਤ ਪਰੰਪਰਾਵਾਂ ਤੋਂ ਭਿੰਨ ਹੈ। ਇਸ ਸੰਪ੍ਰਦਾਇ ਦਾ ਆਰੰਭ ਗੁਰੂ ਨਾਨਕ ਦੇਵ ਦੀਆਂ ਧਰਮ-ਪ੍ਰਚਾਰ ਲਈ ਕੀਤੀਆਂ ਯਾਤ੍ਰਾਵਾਂ ਵਿਚੋਂ ਲਭਿਆ ਜਾ ਸਕਦਾ ਹੈ। ਉਨ੍ਹਾਂ ਯਾਤ੍ਰਾਵਾਂ (ਉਦਾਸੀਆਂ) ਵੇਲੇ ਜੋ ਭੇਖ

ਗੁਰੂ ਨਾਨਕ ਦੇਵ ਨੇ ਧਾਰਣ ਕੀਤਾ, ਉਸ ਨੂੰ ਭਾਈ ਗੁਰਦਾਸ ਨੇ 'ਉਦਾਸੀ ਭੇਖ' ਦਾ ਨਾਂ ਦਿੱਤਾ—'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ' (1/24)। ਗੁਰੂ ਨਾਨਕ ਦੇਵ ਨੇ ਸੰਸਾਰਿਕ ਮੋਹ ਮਾਇਆ ਅਤੇ ਪਰਿਵਾਰਿਕ ਸੰਬੰਧਾਂ ਤੋਂ ਉੱਚੇ ਉਠ ਕੇ ਲੋਕ-ਕਲਿਆਣ ਲਈ ਦੇਸ਼-ਵਿਦੇਸ਼ ਦੀ ਯਾਤ੍ਰਾ ਕੀਤੀ। ਇਸ ਗੱਲ ਦੀ ਪੁਸ਼ਟੀ ਜਨਮਸਾਖੀ ਸਾਹਿੱਤ ਤੋਂ ਸਹਿਜ ਹੀ ਹੋ ਜਾਂਦੀ ਹੈ। ਉਦਾਸੀਆਂ ਤੋਂ ਬਾਦ ਗੁਰੂ ਜੀ ਨੇ ਕਰਤਾਰਪੁਰ ਆ ਕੇ ਉਦਾਸੀ ਭੇਖ ਉਤਾਰ ਦਿੱਤਾ ਅਤੇ ਫਿਰ ਗ੍ਰਿਹਸਥੀਆਂ ਵਾਲੇ ਬਸਤ੍ਰ ਧਾਰਣ ਕਰ ਲਏ। ਭਾਈ ਗੁਰਦਾਸ ਅਨੁਸਾਰ—'ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।/ ਪਹਿਰ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ' (1/38)।

ਗੁਰੂ ਨਾਨਕ ਦੇਵ ਦੁਆਰਾ ਤਿਆਗਿਆ ਉਦਾਸੀ ਭੇਖ ਉਨ੍ਹਾਂ ਦੇ ਵੱਡੇ ਸੁਪੁੱਤਰ ਬਾਬਾ ਸਿਰੀਚੰਦ ਨੇ ਧਾਰਣ ਕਰ ਲਿਆ ਅਤੇ ਗ੍ਰਿਹਸਥੀਆਂ ਵਾਲੇ ਜੀਵਨ ਦਾ ਤਿਆਗ ਕਰਕੇ ਧਰਮ ਪ੍ਰਚਾਰ ਵਿਚ ਜੁਟ ਗਏ। ਇਥੋਂ ਗੁਰੂ ਨਾਨਕ ਪੰਥ ਅਤੇ ਉਦਾਸੀ ਮਤ ਵਿਚ ਇਕ ਬੁਨਿਆਦੀ ਅੰਤਰ ਪੈਦਾ ਹੋ ਗਿਆ ਜਿਸ ਦਾ ਆਧਾਰ ਨਿਵ੍ਰਿੱਤੀ ਅਤੇ ਪ੍ਰਵ੍ਰਿੱਤੀਮੂਲਕ ਮਾਨਤਾਵਾਂ ਹਨ। ਇਸ ਤੋਂ ਭਿੰਨ ਬਾਬਾ ਸਿਰੀ ਚੰਦ ਨੇ ਗੁਰੂ ਨਾਨਕ ਦੇਵ ਦੇ ਸਿੱਧਾਂਤਾਂ ਨੂੰ ਅਪਣਾਇਆ ਅਤੇ ਗੁਰੂ ਨਾਨਕ-ਬਾਣੀ ਤਥਾ ਕਾਲਾਂਤਰ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰੂਪ ਵਿਚ ਗ੍ਰਹਿਣ ਕੀਤਾ। ਗੁਰੂ ਨਾਨਕ ਦੇਵ ਦੇ ਸੁਪੁੱਤਰ ਹੋਣ ਕਾਰਣ ਪਰਵਰਤੀ ਗੁਰੂ ਸਾਹਿਬਾਨ ਵਲੋਂ ਬਾਬਾ ਸਿਰੀ ਚੰਦ ਨੂੰ ਮਾਣ ਸਤਿਕਾਰ ਮਿਲਦਾ ਰਿਹਾ। ਇਥੋਂ ਤਕ ਕਿ ਬਾਬਾ ਜੀ ਦੇ ਅੰਤ-ਕਾਲ ਵੇਲੇ ਉਨ੍ਹਾਂ ਵੱਲੋਂ ਚਲਾਈ ਜਾ ਰਹੀ ਧਰਮ-ਪ੍ਰਚਾਰ ਲਹਿਰ ਨੂੰ ਜਾਰੀ ਰਖਣ ਲਈ ਛੇਵੇਂ ਗੁਰੂ ਸਾਹਿਬ ਨੇ ਆਪਣੇ ਸੁਪੁੱਤਰ ਬਾਬਾ ਗੁਰਦਿੱਤਾ ਨੂੰ ਬਾਬਾ ਜੀ ਦੇ ਹਵਾਲੇ ਕਰ ਦਿੱਤਾ। ਬਾਬਾ ਗੁਰਦਿੱਤਾ ਨੇ ਪ੍ਰਚਾਰ ਨੂੰ ਵਿਵਸਥਿਤ ਰੂਪ ਦੇਣ ਲਈ ਚਾਰ ਧੂਣਿਆਂ ਦੀ ਸਥਾਪਨਾ ਕਰਕੇ ਉਨ੍ਹਾਂ ਦੇ ਸੰਚਾਲਨ ਲਈ ਆਪਣੇ ਚਾਰ ਸਿਦਕੀ ਸੇਵਕਾਂ—ਅਲਮਸਤ, ਬਾਲੂ ਹਸਨਾ, ਫੂਲ ਅਤੇ ਗੋਇੰਦਾ—ਨੂੰ ਨਿਯੁਕਤ ਕੀਤਾ (ਇਨ੍ਹਾਂ ਵਿਚੋਂ ਦੋ ਗੌੜ ਬ੍ਰਾਹਮਣ ਸਨ)। ਇਨ੍ਹਾਂ ਨੇ ਕ੍ਰਮਵਾਰ ਨਾਨਕਮੱਤਾ, ਡੇਰਾਦੂਨ, ਹੈਦਰਾਬਾਦ ਅਤੇ ਬਹਾਦਰਗੜ੍ਹ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਪਰਵਰਤੀ ਗੁਰੂ ਸਾਹਿਬਾਨ ਵਲੋਂ ਛੇ ਬਖ਼ਸ਼ਿਸ਼ਾਂ ਵੀ ਹੋਈਆਂ, ਜਿਵੇਂ ਸੁਥਰੇਸ਼ਾਹੀਏ, ਸੰਗਤ ਸਾਹਿਬੀਏ, ਜੀਤਮੱਲੀਏ, ਬਖਤਮੱਲੀਏ, ਭਗਤ-ਭਵਾਨੀਏ ਅਤੇ ਮੀਹਾਂ-ਸ਼ਾਹੀਏ। ਇਹ ਸਾਰੀਆਂ ਬਖ਼ਸ਼ਿਸ਼ਾਂ ਇਨ੍ਹਾਂ ਹੀ ਨਾਵਾਂ ਵਾਲੇ ਸਾਧਾਂ ਨਾਲ ਸੰਬੰਧਿਤ ਸਨ ਅਤੇ ਇਨ੍ਹਾਂ ਦੇ ਵੱਖਰੇ-ਵੱਖਰੇ ਪ੍ਰਚਾਰ-ਖੇਤਰ ਸਨ। ਇਸ ਤਰ੍ਹਾਂ ਚਾਰ ਧੂਣਿਆਂ ਅਤੇ ਛੇ ਬਖ਼ਸ਼ਿਸ਼ਾਂ ਵਾਲੇ ਇਹ ਦਸ ਸਾਧ 'ਦਸਨਾਮੀ ਸਾਧੂ' ਅਖਵਾਏ ਜਿਨ੍ਹਾਂ ਵਿਚ ਅਧਿਕਤਰ ਬ੍ਰਾਹਮਣ ਸਨ। ਫਲਸਰੂਪ ਪੁਜਾਰੀ ਅਤੇ ਬ੍ਰਾਹਮਣੀ ਪ੍ਰਵ੍ਰਿੱਤੀਆਂ ਸਹਿਜੇ-ਸਹਿਜੇ ਇਸ ਸੰਪ੍ਰਦਾਇ ਵਿਚ ਪ੍ਰਵੇਸ਼ ਕਰਨ ਲੱਗੀਆਂ ਅਤੇ ਪੰਚ-ਦੇਵ ਉਪਾਸਨਾ (ਬ੍ਰਹਮਾ, ਵਿਸ਼ਣੂ, ਸ਼ਿਵ, ਦੁਰਗਾ ਅਤੇ ਗਣੇਸ਼ ਦੀ ਪੂਜਾ) ਨੇ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ। ਮੂਲ ਰੂਪ ਵਿਚ ਨਿਰਗੁਣ-ਵਾਦੀ ਉਦਾਸੀ ਸੰਪ੍ਰਦਾਇ ਵਿਚ ਸਗੁਣ ਉਪਾਸਨਾ ਪ੍ਰਚਲਿਤ ਹੋ ਗਈ।

ਉਨ੍ਹੀਵੀਂ ਸਦੀ ਵਿਚ ਬਾਬਾ ਪ੍ਰੀਤਮ ਦਾਸ ਅਤੇ ਬਾਬਾ ਬਨਖੰਡੀ ਨੇ ਖਿੰਡੀ-ਪੁੰਡੀ ਇਸ ਸੰਪ੍ਰਦਾਇ ਨੂੰ ਸੰਗਠਿਤ ਕਰਕੇ ਵੱਡੇ ਅਖਾੜੇ ਦੀ ਸਥਾਪਨਾ ਕੀਤੀ ਅਤੇ ਸਿੰਧ ਪ੍ਰਾਂਤ ਵਿਚ ਸਾਧੂ-ਬੇਲਾ ਕਾਇਮ ਕੀਤਾ । ਚੂੰਕਿ ਇਹ ਦੋਵੇਂ ਮਹੰਤ ਸਗੁਣਵਾਦੀ ਰੁਚੀਆਂ ਵਾਲੇ ਬ੍ਰਾਹਮਣ ਸਨ, ਇਸ ਲਈ ਸਗੁਣ-ਉਪਾਸਨਾ ਅਤੇ ਪੰਚ-ਦੇਵ ਉਪਾਸਨਾ ਨੇ ਉਦਾਸੀ ਸੰਪ੍ਰਦਾਇ ਵਿਚ ਆਪਣਾ ਦ੍ਰਿੜ੍ਹ ਸਥਾਨ ਬਣਾ ਲਿਆ । ਸੰਨ 1900 ਈ. ਤਕ ਪਹੁੰਚ ਕੇ ਇਸ ਸੰਪ੍ਰਦਾਇ ਦਾ ਸਿੱਧਾਂਤਿਕ ਸਰੂਪ ਉਹ ਨਾ ਰਿਹਾ ਜੋ ਇਸ ਦੇ ਆਰੰਭ ਵੇਲੇ ਸੀ । ਪਰ ਉਦੋਂ ਤਕ ਇਹ ਸਿੱਖ ਪੰਥ ਦੀ ਸ਼ਾਖਾ ਹੀ ਮੰਨੀ ਜਾਂਦੀ ਰਹੀ ਸੀ ।

ਗੁਰਦੁਆਰਾ ਐਕਟ ਪਾਸ ਹੋਣ ਨਾਲ ਸੰਨ 1926 ਈ. ਤੋਂ ਕਾਨੂੰਨੀ ਤੌਰ ਤੇ ਉਦਾਸੀ ਸੰਪ੍ਰਦਾਇ ਸਿੱਖ ਧਰਮ ਤੋਂ ਵੱਖ ਘੋਸ਼ਿਤ ਕਰ ਦਿੱਤੀ ਗਈ। ਹੌਲੀ ਹੌਲੀ ਉਦਾਸੀ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਬੰਦ ਹੁੰਦਾ ਗਿਆ ਅਤੇ ਹੁਣ ਅਧਿਕਾਸ਼ ਡੇਰੇ ਸਨਾਤਨੀ ਮੰਦਿਰਾਂ ਦਾ ਰੂਪ ਧਾਰਣ ਕਰ ਚੁੱਕੇ ਹਨ ।

ਆਧੁਨਿਕ ਯੁਗ ਦੇ ਉਦਾਸੀ ਸਾਧਾਂ ਅਤੇ ਵਿਦਵਾਨਾਂ ਨੇ 'ਉਦਾਸੀ' ਨਾਂ ਦੀ ਵਿਆਖਿਆ ਅਤੇ ਇਸ ਦਾ ਉਦਭਵ ਆਪਣੇ ਆਪਣੇ ਢੰਗ ਨਾਲ ਕਰਕੇ ਇਸ ਦਾ ਸੰਬੰਧ ਬ੍ਰਹਮਾ ਦੇ ਪੁੱਤਰ ਸਨਤਕੁਮਾਰ ਨਾਲ ਸਥਾਪਿਤ ਕਰਨ ਦਾ ਯਤਨ ਕੀਤਾ ਹੈ ।

ਧਾਰਮਿਕ ਖੇਤਰ ਵਿਚ ਉਦਾਸੀ ਸਾਧਾਂ ਨੇ ਇਕ ਨਵੇਂ ਪ੍ਰਕਾਰ ਦੀ ਸਾਧੂ ਸੰਪ੍ਰਦਾਇ ਨੂੰ ਜਨਮ ਦਿੱਤਾ ਜੋ ਵਾਸਤਵ ਵਿਚ ਲੁਪਤ ਹੋਏ ਨਾਥ-ਪੰਥ ਦੀ ਸਥਾਨ-ਪੂਰਤੀ ਕਰਦੀ ਹੈ । ਇਨ੍ਹਾਂ ਸਾਧਾਂ ਵਿਚੋਂ ਕਈ ਜੱਟਾ-ਧਾਰੀ, ਕਈ ਮੋਨੇ, ਕਈ ਭਸਮਧਾਰੀ ਨਾਗੇ ਹਨ । ਅਧਿਕਤਰ ਗੇਰੂਏ ਬਸਤ੍ਰ ਧਾਰਣ ਕਰਦੇ ਹਨ। ਇਸ ਸੰਪ੍ਰਦਾਇ ਨੂੰ ਚਲਾਉਣ ਦਾ ਮੂਲ ਕਾਰਣ ਗੁਰੂ ਨਾਨਕ ਦੇਵ ਦੇ ਮਤ ਦਾ ਪ੍ਰਚਾਰ ਕਰਨਾ ਸੀ । ਸਿੱਖ ਧਰਮ ਦੇ ਵਿਕਾਸ ਵਿਚ ਇਸ ਸੰਪ੍ਰਦਾਇ ਦਾ ਮਹੱਤਵਪੂਰਣ ਯੋਗਦਾਨ ਹੈ । ਗੁਰੂ ਨਾਨਕ ਦੇਵ ਸੰਬੰਧੀ ਜਿਤਨੇ ਵੀ ਗੁਰੂ-ਧਾਮ ਬਣੇ, ਦੇਸ਼ ਦੇ ਜਿਸ ਕੋਨੇ ਵਿਚ ਬਣੇ, ਦੇਸ਼ ਤੋਂ ਬਾਹਰ ਵੀ ਬਣੇ, ਇਨ੍ਹਾਂ ਦੀ ਸਥਾਪਨਾ ਵਿਚ ਉਦਾਸੀ ਸਾਧਾਂ ਦੀ ਮਹੱਤਵਪੂਰਣ ਭੂਮਿਕਾ ਹੈ । ਇਸ ਤੋਂ ਇਲਾਵਾ ਗੁਰਮੁਖੀ ਲਿਪੀ ਰਾਹੀਂ ਗੁਰਮਤਿ ਦਾ ਪ੍ਰਚਾਰ ਵੀ ਕੀਤਾ ਗਿਆ । ਸਾਹਿੱਤਿਕ ਖੇਤਰ ਵਿਚ ਮੁੱਢਲੇ ਸਾਧਾਂ ਦਾ ਇਤਨਾ ਯੋਗ-ਦਾਨ ਨਹੀਂ ਕਿਉਂਕਿ ਉਹ ਪ੍ਰਚਾਰਕ ਅਧਿਕ ਸਨ। ਬਾਦ ਵਿਚ ਹੋਏ ਸਾਧਾਂ ਵਿਚ ਹਰੀਆ ਜੀ, ਆਨੰਦਘਨ, ਅਮੀਰਦਾਸ, ਸੁਖਬਾਸੀ ਰਾਮ, ਸੰਤ ਰੇਣ, ਰਾਮਦਾਸ ਆਦਿ ਨੇ ਅਨੇਕ ਸਾਹਿੱਤਿਕ ਰਚਨਾਵਾਂ ਕੀਤੀਆਂ । ਪੰਜਾਬ ਤੋਂ ਬਾਹਰਲੇ ਉਦਾਸੀਆਂ ਵੱਲੋਂ ਤਿਆਰ ਕੀਤੀਆਂ ਬਹੁਤ ਸਾਰੀਆਂ ਸਾਹਿੱਤਿਕ ਰਚਨਾਵਾਂ ਦੀ ਬਿਰਤੀ ਸਨਾਤਨ ਧਰਮ ਵਾਲੀ ਹੈ ।

ਉੱਦਾਲਕ, ਰਿਸ਼ੀ : ਵੈਦਿਕ ਕਾਲ ਦਾ ਇਕ ਰਿਸ਼ੀ ਜੋ ਅਰੁਣ ਦਾ ਪੁੱਤਰ ਅਤੇ ਯਾਗ੍ਯਵਲਕ੍ਯ ਦਾ ਗੁਰੂ ਸੀ । ਪਿਤਾ ਦੇ ਨਾਂ 'ਤੇ ਇਸ ਦਾ ਪਹਿਲਾ ਨਾਂ 'ਆਰੁਣੀ' ਸੀ । ਇਹ ਮਹਾਰਿਸ਼ੀ ਆਯੋਦ ਧੌਮ੍ਯ ਦਾ ਸ਼ਿਸ਼ ਸੀ । ਇਕ ਵਾਰ ਇਸ ਨੂੰ ਆਪਣੇ ਗੁਰੂ ਨੇ ਆਦੇਸ਼ ਦਿੱਤਾ ਕਿ ਟੁਟੀ ਹੋਈ ਕਿਆਰੀ ਦੇ ਪਾਣੀ ਨੂੰ ਰੋਕੇ । ਕਈ ਯਤਨ ਕਰਨ ਤੇ ਵੀ ਜਦੋਂ ਪਾਣੀ ਨਾ ਰੁਕਿਆ ਤਾਂ ਟੁੱਟੀ ਹੋਈ ਵੱਟ ਤੇ ਇਹ ਆਪ ਲੇਟ ਗਿਆ ਤਾਂ ਜੋ ਪਾਣੀ

ਰੁਕ ਜਾਏ । ਥੋੜੀ ਦੇਰ ਬਾਦ ਜਦੋਂ ਰਿਸ਼ੀ-ਗੁਰੂ ਨੇ ਇਸ ਨੂੰ ਨਾ ਵੇਖਿਆ ਤਾਂ ਆਵਾਜ਼ ਦੇ ਕੇ ਬੁਲਾਇਆ । ਇਹ ਤੁਰਤ ਉਠ ਕੇ ਗੁਰੂ ਕੋਲ ਗਿਆ । ਇਸ ਦੇ ਉਠਣ ਨਾਲ ਵੱਟ ਟੁਟ ਗਈ । ਫਲਸਰੂਪ ਗੁਰੂ ਨੇ ਇਸ ਦਾ ਨਾਂ ਉੱਦਾਲਕ ਰਖ ਦਿੱਤਾ ਅਤੇ ਵਰ ਦਿੱਤਾ ਕਿ ਇਸ ਦੀ ਬੁੱਧੀ ਧਰਮ-ਸ਼ਾਸਤ੍ਰ ਰਾਹੀਂ ਪ੍ਰਕਾਸ਼ਿਤ ਹੋਵੇ । ਇਸ ਨੇ ਦਾਰਸ਼ਨਿਕ ਤੱਤ੍ਵਾਂ ਦੀ ਆਪਣੇ ਢੰਗ ਨਾਲ ਬੜੀ ਪ੍ਰਮਾਣਿਕ ਵਿਆਖਿਆ ਕਰਕੇ ਭਾਰਤੀ ਦਰਸ਼ਨ ਵਿਚ ਉੱਚਾ ਸਥਾਨ ਪ੍ਰਾਪਤ ਕੀਤਾ । ਅਦ੍ਵੈਤਵਾਦ ਦਾ ਬੀਜ ਰੂਪ ਇਸ ਦੇ ਕਥਨਾਂ ਵਿਚੋਂ ਲਭਿਆ ਜਾ ਸਕਦਾ ਹੈ । ਇਸ ਦੇ ਪੁੱਤਰ ਦਾ ਨਾਂ ਸ੍ਵੇਤਕੇਤੂ ਸੀ । 'ਮਹਾਭਾਰਤ' ਅਤੇ 'ਦੇਵੀ ਭਾਗਵਤ ਪੁਰਾਣ' ਅਨੁਸਾਰ ਇਹ ਉਨ੍ਹਾਂ ਰਿਸ਼ੀਆਂ ਵਿਚ ਸ਼ਾਮਲ ਸੀ ਜਿਨ੍ਹਾਂ ਤੋਂ ਰਾਜਾ ਨਹੁਸ਼ ਨੇ ਕਾਮ ਤੋਂ ਉਤਪੀੜਤ ਹੋ ਕੇ ਇੰਦ੍ਰਾਣੀ (ਸ਼ੱਚੀ) ਦੇ ਕਹੇ ਤੇ ਆਪਣੀ ਸੁਖਪਾਲ ਚੁਕਵਾਈ ਸੀ । ਇਸ ਵਲ ਕੋਰ ਚੰਦ 'ਰਾਹੀ' ਨੇ ਸੰਕੇਤ ਕਰਦਿਆਂ ਲਿਖਿਆ ਹੈ—'ਸਿੰਗੀ ਉਦਯਾਲਕਾਂ ਦੇ ਚਿੱਤ ਨਾ ਟਿਕਣ ਦਿੱਤੇ ।/ਇਸੇ ਕਾਮ ਵਾਸਨਾ ਨੇ ਡਕ ਰਿਖੀ ਭਿਟਿਆ ।'

ਉੱਧਵ : ਸ੍ਵਫ਼ਲਕ ਦੇ ਪੁੱਤਰ ਉੱਧਵ ਦਾ ਜਨਮ ਯਾਦਵ ਵੰਸ਼ ਵਿਚ ਹੋਇਆ ਸੀ । ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਦੇਵਭਾਗ ਯਾਦਵ ਦਾ ਪੁੱਤਰ ਸੀ । ਇਸ ਤਰ੍ਹਾਂ ਇਹ ਸ੍ਰੀ ਕ੍ਰਿਸ਼ਣ ਦਾ ਰਿਸ਼ਤੇਦਾਰ ਅਤੇ ਬਹੁਤ ਨਿੱਘਾ ਮਿੱਤਰ ਸਿੱਧ ਹੁੰਦਾ ਹੈ ਕਿਉਂਕਿ ਬਚਪਨ ਵਿਚ ਇਨ੍ਹਾਂ ਨੇ ਇਕ ਦੂਜੇ ਦੀ ਸੰਗਤ ਮਾਣੀ ਸੀ । ਇਸ ਨੇ ਨੀਤੀਸ਼ਾਸਤ੍ਰ ਦਾ ਗਿਆਨ ਬ੍ਰਿਹਸਪਤੀ ਤੋਂ ਲਿਆ ਅਤੇ ਕਾਲਾਂਤਰ ਵਿਚ ਯਾਦਵਾਂ ਦਾ ਸਲਾਹਕਾਰ ਬਣਿਆ । ਜਦੋਂ ਸ੍ਰੀ ਕ੍ਰਿਸ਼ਣ ਗੋਕੁਲ ਤੋਂ ਮਥੁਰਾ ਚਲੇ ਗਏ ਤਾਂ ਪਿਛੋਂ ਨੰਦ, ਯਸ਼ੋਦਾ ਅਤੇ ਬ੍ਰਜਵਾਸੀ ਲੋਕ ਬਹੁਤ ਉਦਾਸ ਹੋ ਗਏ । ਉਨ੍ਹਾਂ ਨੂੰ ਧਰਵਾਸ ਦੇਣ ਲਈ ਸ੍ਰੀ ਕ੍ਰਿਸ਼ਣ ਨੇ ਉੱਧਵ ਨੂੰ ਭੇਜਿਆ ਜੋ ਸ਼ਕਲ ਸੂਰਤ ਵਿਚ ਸ੍ਰੀ ਕ੍ਰਿਸ਼ਣ ਨਾਲ ਬਹੁਤ ਸਮਾਨਤਾ ਰਖਦਾ ਸੀ । ਪਰ ਸ੍ਰੀ ਕ੍ਰਿਸ਼ਣ ਦੀ ਭਗਤੀ ਵਿਚ ਲੀਨ ਗੋਪੀਆਂ ਉਤੇ ਉੱਧਵ ਦੇ ਨਿਰਾਕਾਰ ਰੂਪ ਬ੍ਰਹਮ ਵਿਚ ਯਕੀਨ ਰਖਣ ਦੇ ਉਪਦੇਸ਼ਾਂ ਨੇ ਕੋਈ ਅਸਰ ਨਾ ਪਾਇਆ, ਸਗੋਂ ਉਨ੍ਹਾਂ ਨੇ ਆਪਣੇ ਤਰਕਾਂ ਅਤੇ ਉਲਾਭਿਆਂ ਨਾਲ ਉੱਧਵ ਨੂੰ ਲਾਜਵਾਬ ਕਰ ਦਿੱਤਾ । ਇਸ ਪ੍ਰਸੰਗ ਨੂੰ ਲੈ ਕੇ ਹਿੰਦੀ ਦੇ ਕਈ ਕਵੀਆਂ ਨੇ 'ਭ੍ਰਮਰ-ਗੀਤ' ਲਿਖੇ ਹਨ । ਕਿਉਂਕਿ ਅਤਿਥੀ ਅਤੇ ਬਜ਼ੁਰਗ ਉੱਧਵ ਪ੍ਰਤਿ ਉਲਾਂਭੇ ਦੇਣਾ ਮਰਯਾਦਾ ਦੇ ਵਿਰੁੱਧ ਸੀ, ਇਸ ਲਈ ਗੋਪੀਆਂ ਨੇ ਉਥੇ ਉਡਦੇ ਇਕ ਭੌਰੇ ਨੂੰ ਸਾਰੀ ਗੱਲ ਸੰਬੋਧਨ ਕਰਕੇ ਸ੍ਰੀ ਕ੍ਰਿਸ਼ਣ ਨੂੰ ਪਹੁੰਚਾਉਣ ਲਈ ਅਰਜ਼ੋਈ ਕੀਤੀ । ਉੱਧਵ ਨੇ ਮਥੁਰਾ ਪਰਤ ਕੇ ਗੋਪੀਆਂ ਦੀ ਤੀਬਰ ਪ੍ਰੇਮ-ਭਗਤੀ ਦਾ ਵਰਣਨ ਸ੍ਰੀ ਕ੍ਰਿਸ਼ਣ ਅਗੇ ਕੀਤਾ ।

ਜਦੋਂ ਸ੍ਰੀ ਕ੍ਰਿਸ਼ਣ ਦੁਆਰਕਾ ਚਲੇ ਗਏ ਤਾਂ ਵੀ ਉੱਧਵ ਉਨ੍ਹਾਂ ਨਾਲ ਹੀ ਰਿਹਾ । ਇਕ ਵਾਰ ਸ੍ਰੀ ਕ੍ਰਿਸ਼ਣ ਨੇ ਯਾਦਵ ਕੁਲ ਦੇ ਵਿਨਾਸ਼ ਤੋਂ ਬਾਦ ਆਪਣੇ ਨੇੜੇ ਆਏ ਅੰਤ ਦੀ ਗੱਲ ਉੱਧਵ ਨੂੰ ਦਸੀ ਤਾਂ ਇਹ ਬਹੁਤ ਨਿਰਾਸ਼ ਹੋ ਗਿਆ । ਸ੍ਰੀ ਕ੍ਰਿਸ਼ਣ ਨੇ ਸਰਸਵਤੀ ਦੇ ਕੰਢੇ ਬੈਠ ਕੇ ਉੱਧਵ ਨੂੰ ਉਪਦੇਸ਼ ਦਿੱਤਾ ਅਤੇ ਇਸ ਨੂੰ ਪੂਰਬਲੇ ਜਨਮ ਦੀ ਸਥਿਤੀ ਵੀ ਦੱਸੀ । ਅੰਤ ਵਿਚ ਸ੍ਰੀ ਕ੍ਰਿਸ਼ਣ ਨੇ ਇਸ ਨੂੰ ਬਦਰਿਕਾਸ਼੍ਰਮ ਵਿਚ ਰਹਿਣ ਲਈ

ਕਿਹਾ । ਉਧਰ ਜਾਂਦਿਆਂ ਉੱਧਵ ਦੀ ਰਸਤੇ ਵਿਚ ਵਿਦੁਰ ਨਾਲ ਵੀ ਭੇਂਟ ਹੋਈ । ਬਦ-ਰਿਕਾਸ਼੍ਰਮ ਪਹੁੰਚ ਕੇ ਇਸ ਨੇ ਖ਼ੂਬ ਤਪਸਿਆ ਕੀਤੀ ਅਤੇ ਬਿਰਧਾਵਸਥਾ ਵਿਚ ਪ੍ਰਾਣ ਤਿਆਗੇ । ਉੱਧਵ ਪੂਰਵ ਜਨਮ ਵਿਚ ਅੱਠ ਵਸੂਆਂ ਵਿਚੋਂ ਇਕ ਸੀ ।

ਗੁਰੂ ਗ੍ਰੰਥ ਸਾਹਿਬ ਵਿਚ ਕਲ੍ਹ ਭੱਟ ਨੇ ਅਨੇਕ ਪੌਰਾਣਿਕ ਪਾਤਰਾਂ ਦੇ ਨਾਲ ਉੱਧਵ ਨੂੰ ਵੀ ਗੁਰੂ ਨਾਨਕ ਦੇਵ ਦਾ ਯਸ਼ ਗਾਉਂਦਿਆਂ ਦੱਸਿਆ ਹੈ —'ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ' (ਅ. ਗ੍ਰੰ. 1389-90) । ਪੰਜਾਬੀ ਦੇ ਕ੍ਰਿਸ਼ਣ-ਕਾਵਿ ਵਿਚ ਅਨੇਕ ਥਾਂਵਾਂ ਤੇ ਉੱਧਵ ਵਲ ਸੰਕੇਤ ਹੋਇਆ ਹੈ । ਕਵੀ ਕਮਾਲ ਅਨੁਸਾਰ —'ਊਧੋ ਇਹ ਸੰਦੇਸੜਾ ਜਾਇ ਕਹੀਐ ਕਰਿਸਨ ਸੁਨਾਈ ।/ਗੋਪੀਆਂ ਸਭ ਜੋਗਨ ਹੋਈਆਂ ਅੰਗ ਬਿਭੂਤ ਲਗਾਇ ।'

ਉਨਕਾ : ਵੇਖੋ 'ਅਨਲ' ।

ਉਨਮਨਿ : ਵੇਖੋ 'ਹਠਯੋਗ' ।

ਉਪ-ਅਵਤਾਰ : 'ਉਪ' ਤੋਂ ਭਾਵ ਹੈ ਗੌਣ । ਸੋਲ੍ਹਾਂ ਕਲਾ ਤੋਂ ਘੱਟ ਵਾਲੇ ਅਵਤਾਰ (ਵੇਖੋ) ਨੂੰ ਗੌਣ-ਅਵਤਾਰ ਜਾਂ ਉਪ-ਅਵਤਾਰ ਕਿਹਾ ਜਾਂਦਾ ਹੈ । ਇਸ ਪ੍ਰਕਾਰ ਦੀ ਅਵਤਾਰ ਪਰੰਪਰਾ ਦਾ 'ਦਸਮ-ਗ੍ਰੰਥ' ਵਿਚ ਉੱਲੇਖ ਹੋਇਆ ਹੈ । 'ਚੌਬੀਸਾਵਤਾਰ' ਪ੍ਰਸੰਗ ਤੋਂ ਬਾਦ ਬ੍ਰਹਮਾ ਦੇ ਅਵਤਾਰ-ਪ੍ਰਸੰਗ ਨੂੰ ਸ਼ੁਰੂ ਕਰਦਿਆਂ ਰਚੈਤਾ ਨੇ ਲਿਖਿਆ ਹੈ —'ਗਨਿ ਚਉਬੀਸੇ ਅਵਤਾਰ ।/ਬਹੁ ਕੈ ਕਹੈ ਬਿਸਥਾਰ ।/ਅਬ ਗਨੋ ਉਪ ਅਵਤਾਰ ।/ਜਿਮ ਧਰੇ ਰੂਪ ਮੁਰਾਰ ।' 20

ਬ੍ਰਹਮਾ ਦੇ ਅਵਤਾਰ ਧਾਰਣ ਕਰਨ ਪਿਛੇ ਉਸ ਦੇ ਹੰਕਾਰ ਨੂੰ ਖ਼ਤਮ ਕਰਨ ਦੀ ਬਿਰਤੀ ਰਹੀ ਹੈ । 'ਕਾਲ-ਪੁਰਖ' ਦੀ ਆਗਿਆ ਨਾਲ ਬ੍ਰਹਮਾ ਨੇ ਵੇਦਾਂ ਦੀ ਜੋ ਰਚਨਾ ਕੀਤੀ, ਉਸ ਕਾਰਣ ਉਹ ਹੰਕਾਰੀ ਹੋ ਗਿਆ । ਕਾਲ-ਪੁਰਖ ਨੇ ਹੰਕਾਰ ਨਿਵਾਰਣ ਲਈ ਬ੍ਰਹਮਾ ਨੂੰ ਧਰਤੀ ਉਤੇ ਭੇਜ ਦਿੱਤਾ । ਉਸ ਨੇ ਲੱਖਾਂ ਵਰ੍ਹੇ ਸੇਵਾ ਕਰਕੇ ਮੁੜ ਕਾਲ-ਪੁਰਖ ਨੂੰ ਪ੍ਰਸੰਨ ਕੀਤਾ । ਕਾਲ-ਪੁਰਖ ਨੇ ਉਸ ਨੂੰ ਪਰਮ-ਗਤੀ ਪ੍ਰਾਪਤ ਕਰਨ ਲਈ ਧਰਤੀ ਉਤੇ ਸੱਤ ਅਵਤਾਰ ਧਾਰਣ ਕਰਨ ਲਈ ਆਦੇਸ਼ ਦਿੱਤਾ—'ਧਰਿ ਸਪਤ ਭੂਮ ਵਤਾਰ ।/ਤਬ ਹੋਇ ਤੋਹ ਉਧਾਰ ।/ਸੋਈ ਮਾਨ ਬ੍ਰਹਮਾ ਲੀਨ ।/ਧਰਿ ਜਨਮ ਜਗਤ ਨਵੀਨ ।' 35 । ਇਸ ਤਰ੍ਹਾਂ ਬ੍ਰਹਮਾ ਨੇ ਸੱਤ ਅਵਤਾਰ ਧਾਰਣ ਕੀਤੇ —ਬਾਲਮੀਕ, ਕਸਪ, ਸੁਕ੍ਰ, ਬਾਚੇਸ (ਬ੍ਰਿਹਸਪਤਿ), ਬਿਆਸ, ਸਾਸਤ੍ਰੋਧਾਰਕ ਅਤੇ ਕਾਲੀਦਾਸ ।

ਬ੍ਰਹਮਾ ਦੇ ਉਪ-ਅਵਤਾਰ ਪ੍ਰਸੰਗ ਤੋਂ ਬਾਦ 'ਦਸਮ-ਗ੍ਰੰਥ' ਵਿਚ ਰੁਦ੍ਰ ਦੇ ਉਪਾਵਤਾਰ ਲਿਖੇ ਹਨ । ਰੁਦ੍ਰ ਦੇ ਅਵਤਾਰ ਧਾਰਣ ਕਰਨ ਦਾ ਕਾਰਣ ਵੀ ਬ੍ਰਹਮਾ ਦੇ ਕਾਰਣ ਨਾਲ ਮੇਲ ਖਾਂਦਾ ਹੈ । ਅਧਿਕ ਯੋਗ-ਸਾਧਨਾ ਦੇ ਫਲਸਰੂਪ ਰੁਦ੍ਰ ਹੰਕਾਰੀ ਹੋ ਗਿਆ । ਫਲ-ਸਰੂਪ ਕਾਲ-ਪੁਰਖ ਨਾਰਾਜ਼ ਹੋ ਗਿਆ । ਪਰਮ-ਗਤੀ ਪ੍ਰਾਪਤ ਕਰਨ ਲਈ ਰੁਦ੍ਰ ਨੂੰ ਵੀ ਅਵਤਾਰ ਧਾਰਣ ਕਰਨੇ ਪਏ । ਪਰ ਉਸ ਨੇ ਕਿਤਨੇ ਉਪ-ਅਵਤਾਰ ਧਾਰਣ ਕੀਤੇ, ਇਸ ਬਾਰੇ ਸੰਖਿਆ ਉੱਲੇਖ ਪਾਠ ਵਿਚ ਉਪਲਬਧ ਨਹੀਂ । ਉਂਜ ਕੇਵਲ ਦੋ ਅਵਤਾਰਾਂ ਦਾ ਵਰਣਨ ਹੈ—ਦਤਾਤ੍ਰੇਯ ਅਤੇ ਪਾਰਸਨਾਥ । ਪਾਰਸਨਾਥ ਦੇ ਅੰਤ ਉਤੇ ਕੋਈ ਸਮਾਪਨ-

ਸੂਚਕ ਉਕਤੀ ਨਹੀਂ ਦਿੱਤੀ ਗਈ, ਇਸ ਲਈ ਰੁਦ੍ਰ ਦੀ ਉਪ-ਅਵਤਾਰ ਸੰਖਿਆ
ਨਿਸ਼ਚਿਤ ਨਹੀਂ ਹੈ।

ਉਪਸੁੰਦ : ਵੇਖੋ 'ਸੁੰਦ'।

ਉਪਕੀਚਕ : ਵੇਖੋ 'ਕੀਚਕ'।

ਉਪਨਯਨ : ਵੇਖੋ 'ਜਨੇਊ'।

ਉਪਨਿਸ਼ਦ : ਇਸ ਦਾ ਸ਼ਾਬਦਿਕ ਅਰਥ ਹੈ 'ਨੇੜੇ ਬੈਠਣਾ'। ਨੇੜੇ ਬੈਠਣ ਤੋਂ ਭਾਵ
ਹੈ ਕਿ ਪ੍ਰਾਚੀਨ ਕਾਲ ਵਿਚ ਜਿਸ ਸ਼ਰਧਾ ਨਾਲ ਆਪਣੇ ਗੁਰੂਆਂ (ਅਧਿਆਪਕਾਂ) ਕੋਲ
ਬੈਠ ਕੇ ਤੱਤ੍ਵ-ਜਿਗਿਆਸਾ ਦੇ ਸਮਾਧਾਨ ਲਈ ਗਿਆਨ ਪ੍ਰਾਪਤ ਕਰਦੇ ਸਨ। ਇਹੀ
ਤੱਤ੍ਵ-ਗਿਆਨ ਉਪਨਿਸ਼ਦਾਂ ਦਾ ਮੂਲ ਵਿਸ਼ਾ ਹੈ। ਉਪਨਿਸ਼ਦਾਂ ਵਿਚ ਬ੍ਰਹਮ ਦੇ ਸਰੂਪ
ਅਤੇ ਜੀਵ ਤੇ ਜਗਤ ਸੰਬੰਧੀ ਵਿਵੇਚਨ ਹੋਇਆ ਹੈ। ਉਪਨਿਸ਼ਦ ਕਿਸੇ ਇਕ ਵਿਸ਼ੇਸ਼
ਪੁਸਤਕ ਦਾ ਨਾਂ ਨਹੀਂ, ਸਗੋਂ ਇਹ ਪ੍ਰਾਚੀਨ ਦਾਰਸ਼ਨਿਕ ਸਾਹਿੱਤ ਦੀ ਇਕ ਮਹੱਤਵ-
ਪੂਰਣ ਪਰੰਪਰਾ ਹੈ। ਇਸ ਲਈ ਇਸ ਵਿਚ ਸਮੇਂ-ਸਮੇਂ ਲਿਖੀਆਂ ਅਨੇਕ ਪੁਸਤਕਾਂ
ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਗਿਣਤੀ ਇਕ ਸੌ ਤੋਂ ਵੱਧ ਮੰਨੀ ਜਾਂਦੀ
ਹੈ, ਪਰ ਇਨ੍ਹਾਂ ਵਿਚੋਂ ਬਹੁਤੀਆਂ ਨਵੀਆਂ ਹਨ। ਪ੍ਰਮਾਣਿਕ ਉਪਨਿਸ਼ਦਾਂ ਉਹੀ ਹਨ
ਜਿਨ੍ਹਾਂ ਉਤੇ ਸ਼ੰਕਰਾਚਾਰਯ ਨੇ ਭਾਸ਼੍ਯ ਲਿਖੇ ਹਨ ਜਾਂ ਜੋ ਮਹਾਤਮਾ ਬੁੱਧ ਦੇ ਜਨਮ ਤੋਂ
ਪਹਿਲਾਂ ਲਿਖੀਆਂ ਜਾ ਚੁੱਕੀਆਂ ਸਨ, ਜਿਵੇਂ ਈਸ਼ਾਵਾਸ੍ਯ, ਕੇਨ, ਕਠ, ਪ੍ਰਸ਼ਨ, ਮੁੰਡਕ,
ਮਾਂਡੂਕ੍ਯ, ਤੈਤਿਰੀਯ, ਐਤਰੇਯ, ਛਾਂਦੋਗ੍ਯ, ਬ੍ਰਹਦਾਰਣ੍ਯਕ, ਸ਼੍ਵੇਤਾਸ਼੍ਵਤਰ। ਕਈ
ਵਿਦਵਾਨ 'ਕੌਸ਼ੀਤਕਿ' ਅਤੇ 'ਮਹਾਨਾਰਾਯਣ' ਨਾਂ ਦੀਆਂ ਉਪਨਿਸ਼ਦਾਂ ਨੂੰ ਵੀ ਇਸ ਸੂਚੀ
ਵਿਚ ਸ਼ਾਮਲ ਕਰਦੇ ਹਨ।

ਉਪਨਿਸ਼ਦਾਂ ਨੂੰ ਅਕਸਰ 'ਵੇਦਾਂਤ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।
ਇਸ ਦਾ ਕਾਰਣ ਇਹ ਹੈ ਕਿ ਇਕ ਤਾਂ ਇਹ ਵੇਦਾਂ ਦਾ ਅੰਤਿਮ ਭਾਗ ਹਨ ਅਤੇ ਦੂਜੇ
ਵੇਦਾਂ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਅੰਤ ਜਾਂ ਸਿਖਰ ਤਕ ਪਹੁੰਚਾਂਦੀਆਂ ਹਨ।
ਵੇਦਾਂਤ ਦਰਸ਼ਨ ਦੇ ਤਿੰਨ ਉਪਦੇਸ਼-ਸਾਧਨ (ਪ੍ਰਸਥਾਨ-ਤ੍ਰਈ) ਹਨ—ਉਪਨਿਸ਼ਦ,
ਬ੍ਰਹਮਸੂਤ੍ਰ ਅਤੇ ਗੀਤਾ। ਇਨ੍ਹਾਂ ਵਿਚੋਂ ਉਪਨਿਸ਼ਦਾਂ ਦਾ ਪਹਿਲਾ ਸਥਾਨ ਹੈ। ਇਨ੍ਹਾਂ
ਵਿਚ ਗਿਆਨ ਦੀ ਪ੍ਰਧਾਨਤਾ ਹੈ, ਇਸ ਲਈ ਇਨ੍ਹਾਂ ਨੂੰ ਵੇਦਾਂ ਦਾ ਗਿਆਨ-ਕਾਂਡ ਵੀ
ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਯੱਗਾਂ, ਕਰਮ-ਕਾਂਡਾਂ ਅਤੇ ਸੰਸਕਾਰਾਂ ਦੀ ਥਾਂ ਤੇ ਪਰਾ
ਜਾਂ ਬ੍ਰਹਮ-ਵਿਦਿਆ (ਬ੍ਰਹਮ, ਜੀਵ, ਜਗਤ ਅਤੇ ਮੁਕਤੀ ਦੇ ਸਾਧਨਾਂ) ਦਾ ਵਿਵੇਚਨ
ਹੋਇਆ ਹੈ। ਇਨ੍ਹਾਂ ਵਿਚੋਂ ਬਹੁਤੀਆਂ ਉਪਨਿਸ਼ਦਾਂ ਦਾ ਸੰਬੰਧ ਵੇਦਾਂ, ਆਰਣ੍ਯਕਾਂ
ਅਤੇ ਬ੍ਰਾਹਮਣਾਂ ਨਾਲ ਹੈ ਅਤੇ ਕਈ ਤਾਂ ਇਨ੍ਹਾਂ ਗ੍ਰੰਥਾਂ ਦਾ ਅੰਸ਼ ਹੀ ਹਨ। ਡਾ. ਮੋਹਨ
ਸਿੰਘ ਨੇ ਆਪਣੀ ਕਵਿਤਾ ਵਿਚ ਉਪਨਿਸ਼ਦਾਂ ਦਾ ਹਵਾਲਾ ਦਿੱਤਾ ਹੈ—'ਫੇਰ ਜੋ
ਸੱਚਮੁਚ ਅਸੀਂ ਸਾਰੇ ਪਰੋਏ ਹੋਏ ਹਾਂ/ਇਕ ਸੂਤਰ ਆਤਮਾ ਵਿਚ, ਜਿਵੇਂ ਕਹਿੰਦੀ ਹੈ
ਉਪਨਿਖਦ।'

ਉਪਨਿਖਦ : ਵੇਖੋ 'ਉਪਨਿਸ਼ਦ'।

ਉਪਪੁਰਾਣ : ਵੇਖੋ 'ਅਠਾਰ੍ਹਾਂ ਪੁਰਾਣ'।

ਉਪਵੇਦ : ਵੇਖੋ 'ਵੇਦ'।

ਉੱਮਤ : ਅਰਬੀ ਦੇ ਇਸ ਸ਼ਬਦ ਦੇ ਅਰਥ ਹਨ ਕੌਮ ਜਾਂ ਜਾਤਿ। ਪਰ ਇਸ ਦਾ ਅਰਥ-ਵਿਸਤਾਰ ਅਨੁਯਾਈ ਸਮੂਹ ਜਾਂ ਸੰਪ੍ਰਦਾਇ ਦੇ ਰੂਪ ਵਿਚ ਵੀ ਹੋਇਆ ਹੈ। ਬਲਵੰਡ ਤਥਾ ਸਤੈ ਡੂਮ ਦੀ ਵਾਰ ਵਿਚ ਗੁਰੂ ਅੰਗਦ ਦੇਵ ਦੀ ਹਜ਼ੂਰੀ ਵਿਚ ਜੁੜੀ ਸਿੱਖ ਸੰਗਤ ਲਈ 'ਉੱਮਤ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜੋ ਗੁਰੂ-ਦਰਸ਼ਨ ਨਾਲ ਆਪਣੇ ਪਾਪਾਂ ਦੇ ਜੰਗ ਨੂੰ ਉਤਾਰਦੀ ਹੈ—'ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ।' (ਅ. ਗ੍ਰੰ. 967)। ਇਸਲਾਮ ਵਿਚ ਹਜ਼ਰਤ ਮੁਹੰਮਦ ਪ੍ਰਤਿ ਪੂਰੀ ਨਿਸ਼ਠਾ ਰਖਣ ਵਾਲੇ ਸਮੁਦਾਇ ਨੂੰ 'ਉੱਮਤ' ਦਾ ਨਾਂ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਸਾਰੇ ਪਾਪ ਕਿਆਮਤ ਵਾਲੇ ਦਿਨ ਹਜ਼ਰਤ ਮੁਹੰਮਦ ਕੇਵਲ ਪ੍ਰਾਸਚਿਤ ਕਰਨ ਨਾਲ ਹੀ ਖ਼ਤਮ ਕਰ ਦੇਣਗੇ।

ਉਮਰ ਅੱਯਾਰ : ਇਸ ਦਾ ਉੱਲੇਖ ਕਿੱਸਾ-ਕਾਵਿ ਵਿਚ ਹੋਇਆ ਹੈ। ਵਾਰਿਸ ਸ਼ਾਹ ਨੇ ਹੀਰ ਦੇ ਆਪਣੀ ਸੱਸ ਕੋਲ ਬਾਹਰ ਖੇਤਾਂ ਵਿਚ ਜਾਣ ਦੀ ਆਗਿਆ ਲੈਣ ਲਈ ਆਉਣ ਦੇ ਪ੍ਰਸੰਗ ਵਿਚ ਇਸ ਨੂੰ ਵਰਤਿਆ ਹੈ—'ਅਜ਼ਾਜ਼ੀਲ ਥੇ ਉਮਰ ਅੱਯਾਰ ਆਇਆ, ਹੀਰ ਚਲ ਕੇ ਸੱਸ ਤੇ ਆਉਂਦੀ ਹੈ।' ਇਸਲਾਮਿਕ ਸਾਹਿੱਤ ਵਿਚ ਇਸ ਨੂੰ ਇਕ ਵੱਡਾ ਠੱਗ ਮੰਨਿਆ ਜਾਂਦਾ ਹੈ। ਇਸ ਨੂੰ ਸ਼ੈਤਾਨ ਦਾ ਸਹਿਯੋਗੀ ਵੀ ਕਿਹਾ ਜਾਂਦਾ ਹੈ। ਇਸ ਦੀ ਵਿਅਕਤੀਗਤ ਵਿਸ਼ੇਸ਼ਤਾ ਇਹ ਸੀ ਕਿ ਇਸ ਕੋਲ ਇਕ ਚਮੜੇ ਦਾ ਥੈਲਾ ਸੀ ਜਿਸ ਵਿਚੋਂ ਇਹ ਆਪਣੀ ਇੱਛਾ ਅਨੁਸਾਰ ਹਰ ਇਕ ਵਸਤੂ ਪ੍ਰਾਪਤ ਕਰ ਸਕਦਾ ਸੀ। ਹਿੰਦੂ ਮਿਥਿਹਾਸ ਦੇ ਕਲਪ-ਬ੍ਰਿਛ (ਵੇਖੋ) ਜਾਂ ਕਾਮਧੇਨੁ (ਵੇਖੋ) ਨਾਲ ਇਸ ਥੈਲੇ ਦੀ ਵਿਸ਼ੇਸ਼ਤਾ ਮਿਲਾਈ ਜਾ ਸਕਦੀ ਹੈ।

ਇਕ ਦੰਦ-ਕਥਾ ਅਨੁਸਾਰ ਇਹ ਬਚਪਨ ਵਿਚ ਜਿਨ੍ਹਾਂ ਦੇ ਹੋਰ ਬੱਚਿਆਂ ਨਾਲ ਕਿਸੇ ਚੁੰਘਾਵੀ ਦਾ ਦੁੱਧ ਪੀਂਦਾ ਸੀ, ਉਨ੍ਹਾਂ ਨੂੰ ਧੱਕ ਦੇ ਕੇ ਆਪ ਹੀ ਸਾਰਾ ਦੁੱਧ ਪੀ ਲੈਂਦਾ ਸੀ। ਸ਼ੈਤਾਨ ਨਾਲ ਇਸ ਦੀ ਨਿਕਟਤਾ ਕਾਰਣ ਇਸ ਨੂੰ ਸ਼ੈਤਾਨ ਵਰਗਾ, ਉਸ ਵਰਗੀਆਂ ਖ਼ਾਸੀਅਤਾਂ ਵਾਲਾ ਮਿਥ ਕੇ ਨਿਰਾਦਰਿਤ ਭਾਵਨਾ ਨਾਲ ਚਿੱਤਰਿਆ ਜਾਂਦਾ ਹੈ।

ਉਮਰ, ਹਜ਼ਰਤ : ਹਜ਼ਰਤ ਮੁਹੰਮਦ ਤੋਂ ਬਾਦ ਉਮਰ (ਖ਼ਤਾਬ) ਮੁਸਲਮਾਨਾਂ ਦਾ ਦੂਜਾ ਖ਼ਲੀਫ਼ਾ ਬਣਿਆ। ਇਸ ਦਾ ਜਨਮ ਸੰਨ 581 ਈ. ਵਿਚ ਖ਼ਤਾਬ ਦੇ ਘਰ ਹੋਇਆ। ਸੰਨ 617 ਈ. ਵਿਚ ਇਸ ਨੇ ਇਸਲਾਮ ਧਾਰਣ ਕੀਤਾ। ਸੰਨ 634 ਈ. ਵਿਚ ਪਹਿਲੇ ਖ਼ਲੀਫ਼ੇ ਅਬੂ ਬਕਰ (ਵੇਖੋ) ਦੇ ਦੇਹਾਂਤ ਤੋਂ ਬਾਦ ਇਸ ਨੇ ਖ਼ਿਲਾਫ਼ਤ ਦੀ ਵਾਗ-ਡੋਰ ਸੰਭਾਲੀ। ਇਸ ਨੂੰ 'ਅਮੀਰੁਲ ਮੋਮਿਨੀਨ' ਵੀ ਕਿਹਾ ਜਾਂਦਾ ਸੀ। ਹਜ਼ਰਤ ਮੁਹੰਮਦ (ਵੇਖੋ) ਦੀ ਤੀਜੀ ਪਤਨੀ ਹਫ਼ਸ਼ਾ ਇਸ ਦੀ ਪੁੱਤਰੀ ਸੀ।

ਇਸ ਨੇ ਆਪਣੇ ਖ਼ਿਲਾਫ਼ਤ-ਕਾਲ ਵਿਚ ਫ਼ਾਰਸ, ਮਿਸਰ, ਫ਼ਲਸਤੀਨ, ਸ਼ਾਮ ਆਦਿ ਬਹੁਤ ਸਾਰੇ ਇਲਾਕੇ ਜਿੱਤ ਕੇ ਅਧੀਨ ਕੀਤੇ। ਐਲਗਜ਼ੈਂਡਰੀਆ ਦੀ ਲਾਇਬ੍ਰੇਰੀ ਇਸ

ਨੇ ਇਸ ਵਾਸਤੇ ਨਸ਼ਟ ਕਰ ਦਿੱਤੀ ਕਿਉਂਕਿ ਉਸ ਵਿਚ ਕੁਰਾਨ ਦੇ ਵਿਰੁੱਧ ਵਿਚਾਰਾਂ ਵਾਲੀਆਂ ਪੁਸਤਕਾਂ ਸਨ ਅਤੇ ਕੁਰਾਨ ਦੇ ਪੱਖੀ ਵਿਚਾਰਾਂ ਵਾਲੀਆਂ ਪੁਸਤਕਾਂ ਦੀ ਕੁਰਾਨ ਦੇ ਹੁੰਦਿਆਂ ਕੋਈ ਲੋੜ ਹੀ ਨਹੀਂ ਸੀ। ਇਸ ਨੇ ਯੋਰੋਸ਼ਲਮ ਉਤੇ ਸੰਨ 636 ਈ. ਵਿਚ ਜਿੱਤ ਪ੍ਰਾਪਤ ਕੀਤੀ ਅਤੇ ਸ਼ਹਿਰ ਉਤੇ ਕਬਜ਼ਾ ਕਾਇਮ ਕਰਨ ਲਈ ਉਥੇ ਖ਼ੁਦ ਗਿਆ। ਇਸ ਨੇ ਆਪਣੀ ਆਮਦ ਦੀ ਯਾਦ ਵਿਚ ਉਥੇ ਇਕ ਮਸਜਿਦ ਬਣਵਾਈ ਜੋ ਹੁਣ ਤਕ ਮੌਜੂਦ ਹੈ। ਇਸ ਨੇ ਬੈਤੁਲ ਮੁਕੱਦਸ ਦੀ ਮਸਜਿਦ ਅਕਸਾ ਵੀ ਬਣਵਾਈ ਸੀ। ਇਸ ਨੂੰ ਸੰਨ 644 ਈ. ਵਿਚ ਜਦੋਂ ਇਹ ਮਸਜਿਦ ਵਿਚ ਨਮਾਜ਼ ਪੜ੍ਹ ਰਿਹਾ ਸੀ, ਕਿਸੇ ਗ਼ੁਲਾਮ ਨੇ ਖ਼ੰਜਰ ਨਾਲ ਜ਼ਖ਼ਮੀ ਕਰ ਦਿੱਤਾ ਅਤੇ ਤਿੰਨ ਦਿਨਾਂ ਬਾਦ ਇਸ ਦਾ ਦੇਹਾਂਤ ਹੋ ਗਿਆ।

ਹਜ਼ਰਤ ਮੁਹੰਮਦ ਵਾਂਗ ਇਹ ਆਪਣਾ ਜੀਵਨ ਬੜੀ ਸਾਦਗੀ ਨਾਲ ਗੁਜ਼ਾਰਦਾ ਸੀ। ਇਸ ਦੇ ਘਰ ਦਾ ਨਿੱਤ ਦਾ ਖਰਚਾ ਕੇਵਲ ਦੋ ਦਿਰਮ ਦੱਸਿਆ ਜਾਂਦਾ ਹੈ। ਇਸ ਨੇ ਆਪਣੇ ਰਾਜ ਨੂੰ ਅੱਠ ਸੂਬਿਆਂ ਵਿਚ ਵੰਡਿਆ ਹੋਇਆ ਸੀ ਜਿਨ੍ਹਾਂ ਦੇ ਅਧਿਕਾਰੀ ਵਾਲੀ (ਗਵਰਨਰ) ਸਨ। ਹਰ ਵਾਲੀ ਨੂੰ ਆਪਣੀ ਪਦਵੀ ਸੰਭਾਲਣ ਤੋਂ ਪਹਿਲਾਂ ਇਹ ਹਲਫ਼ ਲੈਣਾ (ਸੌਂਹ ਚੁੱਕਣੀ) ਪੈਂਦਾ ਸੀ ਕਿ ਉਹ ਸਾਦਾ ਜੀਵਨ ਬਤੀਤ ਕਰੇਗਾ, ਧਨ ਇਕੱਠਾ ਨਹੀਂ ਕਰੇਗਾ ਅਤੇ ਆਪਣੇ ਕਬੀਲੇ ਵਾਲਿਆਂ ਨੂੰ ਕਿਸੇ ਉੱਚੇ ਅਹੁਦੇ 'ਤੇ ਨਿਯੁਕਤ ਨਹੀਂ ਕਰੇਗਾ। ਇਸ ਨੇ ਆਪਣੇ ਸਾਰੇ ਕਾਨੂੰਨ ਪੈਗ਼ੰਬਰ ਦੀ ਸ਼ਰ੍ਹਾ ਅਨੁਸਾਰ ਬਣਾਏ ਹੋਏ ਸਨ। ਇਹ ਸਹੀ ਨਿਆਂ ਕਰਨ ਵਿਚ ਬਹੁਤ ਵਿਸ਼ਵਾਸ ਰਖਦਾ ਸੀ। ਇਸੇ ਕਰਕੇ ਹਜ਼ਰਤ ਮੁਹੰਮਦ ਨੇ ਇਸ ਨੂੰ 'ਅਲਫ਼ਾਰੂਕ' ਉਪਨਾਮ ਬਖ਼ਸ਼ਿਆ ਹੋਇਆ ਸੀ, ਜਿਸ ਦਾ ਭਾਵ ਹੈ ਸੱਚ ਅਤੇ ਝੂਠ ਵਿਚ ਫ਼ਰਕ ਕਰ ਸਕਣ ਵਾਲਾ। ਨਿਆਂ ਕਰਨ ਵੇਲੇ ਇਹ ਆਪਣੇ ਰਿਸ਼ਤੇਦਾਰਾਂ ਨੂੰ ਸਜ਼ਾ ਦੇਣ ਤੋਂ ਸੰਕੋਚ ਨਹੀਂ ਕਰਦਾ ਸੀ। ਇਕ ਵਾਰ ਇਸ ਨੇ ਆਪਣੇ ਪੁੱਤਰ ਅਬੂ ਸਹਮਾ ਨੂੰ ਸ਼ਰਾਬ ਪੀਣ ਦੇ ਗੁਨਾਹ ਵਜੋਂ 80 ਕੋਰੜੇ ਮਰਵਾਏ ਸਨ, ਜਿਸ ਕਰਕੇ ਉਸ ਦੀ ਜਾਨ ਚਲੀ ਗਈ ਸੀ।

ਪੰਜਾਬੀ ਦੇ ਇਸਲਾਮਿਕ ਜਾਂ ਸਾਮੀ ਪਿਛੋਕੜ ਵਾਲੇ ਕਾਵਿ ਵਿਚ ਇਸ ਦੇ ਨਾਂ ਅਤੇ ਨਿਆਂ ਦਾ ਉੱਲੇਖ ਹੋਇਆ ਹੈ। ਆਮ ਤੌਰ ਤੇ ਇਸ ਨੂੰ ਨਿਆਂ ਦਾ ਮੁਜਸਮਾ ਮੰਨਿਆ ਜਾਂਦਾ ਸੀ। ਵਾਰਿਸ ਸ਼ਾਹ ਨੇ 'ਹੀਰ' ਵਿਚ ਹੀਰ ਦੇ ਨਿਕਾਹ ਵੇਲੇ ਕਾਜ਼ੀ-ਹੀਰ ਸੰਵਾਦ ਵਿਚ ਕਾਜ਼ੀ ਤੋਂ ਉਮਰ ਖ਼ਤਾਬ ਦੀ ਨਿਆਂਸ਼ੀਲਤਾ ਵਲ ਸੰਕੇਤ ਕਰਵਾਇਆ ਹੈ — 'ਦੁੱਰੇ ਸ਼ਰ੍ਹਾ ਦੇ ਮਾਰ ਉਧੇੜ ਦੇਵਾਂ, ਕਰਾਂ ਉਮਰ ਖ਼ਤਾਬ ਦਾ ਨਿਆਉਂ ਹੀਰੇ।/ਘੱਤ ਕਖਾਂ ਦੇ ਵਿਚ ਮੈਂ ਸਾੜ ਸੁੱਟਾਂ, ਸਭ ਵੇਖਸੀ ਪਿੰਡ ਗਰਾਉਂ ਹੀਰੇ।'

ਉਮਰ-ਖ਼ਤਾਬ : ਵੇਖੋ 'ਉਮਰ, ਹਜ਼ਰਤ'।

ਉਮਰ ਖ਼ਿਆਮ : ਫ਼ਾਰਸੀ ਭਾਸ਼ਾ ਦਾ ਇਕ ਪ੍ਰਸਿੱਧ ਕਵੀ ਅਤੇ ਮਹਾਨ ਵਿਦਵਾਨ। ਉਮਰ ਖ਼ਿਆਮ ਦਾ ਪੂਰਾ ਨਾਂ ਅਬੁਲ-ਫ਼ਤਹ-ਉਮਰ-ਬਿਨ-ਇਬਰਾਹੀਮ-ਅਲ-ਖ਼ਿਆਮ ਸੀ। ਇਸ ਦਾ ਜਨਮ ਅਤੇ ਮ੍ਰਿਤੂ ਕਦ ਹੋਈ, ਇਸ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਪਰ ਸਮਕਾਲੀ ਅਤੇ ਪੁਰਾਤਨ ਇਤਿਹਾਸਿਕ ਦਸਤਾਵੇਜ਼ਾਂ ਅਤੇ ਪੁਸਤਕਾਂ ਵਿਚ ਮਿਲਦੇ

ਤਾਰੀਖ਼ੀ ਹਵਾਲਿਆਂ ਵਿਚ ਸੰਬੰਧ-ਰੇਖਾ ਸਥਾਪਿਤ ਕਰ ਕੇ ਅਨੁਮਾਨਿਕ ਤੌਰ ਤੇ ਇਸ ਸਿੱਟੇ ਉੱਤੇ ਪਹੁੰਚਿਆ ਜਾ ਸਕਦਾ ਹੈ ਕਿ ਇਸ ਦਾ ਜਨਮ 440 ਹਿ. (ਸੰਨ 1048-49 ਈ.) ਵਿਚ ਨੀਸ਼ਾਪੁਰ ਵਿਚ ਹੋਇਆ ਅਤੇ ਮ੍ਰਿਤੂ 526 ਹਿ. (ਸੰਨ 1131-32 ਈ.) ਵਿਚ ਹੋਈ ।

ਬੁਨਿਆਦੀ ਤੌਰ ਤੇ ਉਮਰ ਖ਼ਿਆਮ ਇਕ ਨਜੂਮੀ, ਵਿਗਿਆਨੀ ਅਤੇ ਦਾਰਸ਼ਨਿਕ ਸੀ । ਜੰਤਰ-ਮੰਤਰ ਵਿਦਿਆ, ਗਣਿਤ ਅਤੇ ਅਦ੍ਵੈਤਵਾਦੀ ਦਰਸ਼ਨ ਦੇ ਆਚਾਰਯ ਵਜੋਂ ਇਹ ਸੰਸਾਰ ਪ੍ਰਸਿੱਧ ਸੀ । ਇਸ ਨੂੰ ਸ਼ਾਹੀ ਦਰਬਾਰਾਂ ਵਿਚ ਮਾਨਤਾ ਪ੍ਰਾਪਤ ਸੀ । ਇਸ ਨੇ ਅਰਬੀ ਅਤੇ ਫ਼ਾਰਸੀ ਵਿਚ ਕਾਵਿ-ਰਚਨਾ ਵੀ ਕੀਤੀ, ਪਰ ਸਭ ਤੋਂ ਜ਼ਿਆਦਾ ਪ੍ਰਸਿੱਧੀ ਫ਼ਾਰਸੀ ਵਿਚ ਲਿਖੀਆਂ ਰੁਬਾਈਆਂ ਦੀ ਹੋਈ। ਇਨ੍ਹਾਂ ਰੁਬਾਈਆਂ ਦੇ ਪੰਦਰ੍ਹਵੀਂ ਸਦੀ ਦੇ ਲਿਖੇ ਖਰੜੇ ਮਿਲਦੇ ਹਨ । ਉਮਰ ਖ਼ਿਆਮ ਨੇ ਕੁਲ ਕਿਤਨੀਆਂ ਰੁਬਾਈਆਂ ਲਿਖੀਆਂ, ਇਸ ਬਾਰੇ ਸਹੀ ਵੇਰਵਾ ਸਾਹਮਣੇ ਨਹੀਂ ਆਇਆ । ਉਂਜ ਸੰਨ 1894 ਈ. ਵਿਚ ਲਖਨਊ ਤੋਂ ਛਪੇ ਇਕ ਸੰਸਕਰਣ ਵਿਚ 770 ਰੁਬਾਈਆਂ ਦਰਜ ਹਨ, ਪਰ ਇਨ੍ਹਾਂ ਵਿਚ ਹੋਰ ਕਵੀਆਂ ਦੀਆਂ ਲਿਖੀਆ ਰੁਬਾਈਆਂ ਦੇ ਰਲਿਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਵੱਖ-ਵੱਖ ਵਿਦਵਾਨ ਖੋਜੀਆਂ ਨੇ ਉਮਰ ਖ਼ਿਆਮ ਦੀਆਂ ਲਿਖੀਆਂ ਰੁਬਾਈਆਂ ਦੀ ਗਿਣਤੀ 400 ਦੇ ਨੇੜੇ-ਤੇੜੇ ਮੰਨੀ ਹੈ ।

ਇਨ੍ਹਾਂ ਰੁਬਾਈਆਂ ਦੇ ਮਹੱਤਵ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਦੁਨੀਆ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿਚ ਇਨ੍ਹਾਂ ਦਾ ਅਨੁਵਾਦ ਹੋ ਚੁੱਕਿਆ ਹੈ। ਪੰਜਾਬੀ ਵਿਚ ਵੀ ਕੁਝ ਕਵੀਆਂ ਨੇ ਅਨੁਵਾਦ ਕਰਨ ਦੇ ਅਵਿਵਸਥਿਤ ਯਤਨ ਕੀਤੇ ਹਨ । ਇਨ੍ਹਾਂ ਰੁਬਾਈਆਂ ਵਿਚ ਸ਼ਰਾਬ, ਬਹਾਰ, ਮਸਤੀ, ਸੰਯੋਗ-ਸੁਖ ਦੀ ਜੋ ਭਾਵ-ਅਭਿਵਿਅਕਤੀ ਹੋਈ ਹੈ, ਉਸ ਕਰਕੇ ਵਿਦਵਾਨਾਂ ਨੇ ਉਮਰ ਖ਼ਿਆਮ ਬਾਰੇ ਕੁਝ ਗਲਤ ਧਾਰਣਾਵਾਂ ਸਥਾਪਿਤ ਕੀਤੀਆਂ ਹਨ ਕਿ ਇਹ ਮੌਜ-ਮਸਤੀ ਵਾਲਾ ਰਸੀਆ ਅਤੇ ਭੋਗਵਾਦੀ (ਪਦਾਰਥਵਾਦੀ) ਕਵੀ ਸੀ, ਪਰ ਅਸਲ ਵਿਚ ਇਹ ਇਕ ਗੰਭੀਰ ਅਤੇ ਸੁਤੰਤਰ ਵਿਚਾਰਾਂ ਵਾਲਾ ਸੂਫ਼ੀ ਸਾਧਕ ਸੀ ਜੋ ਪਰੰਪਰਾ ਤੋਂ ਹਟ ਕੇ, ਧਾਰਮਿਕ ਅਨੁਸ਼ਠਾਨਾਂ ਦਾ ਵਿਰੋਧ ਕਰਦਾ ਹੋਇਆ ਆਪਣੇ ਨਿਸ਼ਕਪਟ ਭਾਵਾਂ ਨੂੰ ਪ੍ਰਗਟਾਉਂਦਾ ਸੀ । ਪਾਖੰਡ, ਅੰਧ-ਵਿਸ਼ਵਾਸ, ਨਿਰਜੀਵ ਮਰਯਾਦਾ ਆਦਿ ਵਿਚ ਇਸ ਨੂੰ ਯਕੀਨ ਨਹੀਂ ਸੀ । ਇਸ ਦੀਆਂ ਰੁਬਾਈਆਂ ਵਿਚਲਾ ਸੱਚ ਮਨੁੱਖ ਮਨ ਦੀਆਂ ਡੂੰਘਾਣਾਂ ਤਕ ਉਤਰ ਜਾਣ ਵਾਲਾ ਹੈ । ਡਾ. ਮੋਹਨ ਸਿੰਘ ਦੀਵਾਨਾ ਨੇ 'ਮਸਤੀ' ਕਾਵਿ-ਸੰਗ੍ਰਹਿ ਵਿਚ ਇਸ ਵਲ ਸੰਕੇਤ ਕੀਤਾ ਹੈ—'ਜੇਹੜਾ ਕੇਹੜਾ ਸੱਚਾ ਜਿਦਕੀ, ਮੇਰਾ ਹਮ ਮਜ਼ਹਬ ਹਮ-ਜਾਮ/ਭਾਵੇਂ ਗੌਤਮ ਭਾਵੇਂ ਭੀਖਮ, ਆਰਲੀਅਸ, ਭਾਵੇਂ ਖ਼੍ਯਾਮ ।'

ਉਮਾ : ਪਾਰਬਤੀ ਦਾ ਇਕ ਨਾਮਾਂਤਰ । ਵੇਖੋ 'ਪਾਰਬਤੀ' ।

ਉਰਸ : ਅਰਬੀ ਭਾਸ਼ਾ ਦੇ ਇਸ ਸ਼ਬਦ ਦਾ 'ਲੁਗ਼ਾਤੇ ਫ਼ੀਰੋਜ਼ੀ' ਅਨੁਸਾਰ ਅਰਥ ਹੈ ਨਿਕਾਹ ਜਾਂ ਸ਼ਾਦੀ ਵੇਲੇ ਦਾ ਖਾਣਾ (ਭੋਜ) । ਪਰ ਹੁਣ ਇਸ ਤੋਂ ਭਾਵ ਹੈ ਕਿਸੇ ਬਜ਼ੁਰਗ ਦੀ ਮ੍ਰਿਤੂ ਵਾਲੇ ਦਿਨ ਨੂੰ ਕੀਤਾ ਗਿਆ ਭੋਜ ('ਮਜਲਸੇ ਤੁਆਮ') ਅਤੇ ਸੂਰਾ-ਏ-ਫ਼ਾਤਿਹਾ

ਆਇਤ ਪੜ੍ਹਨ ਦੀ ਰਸਮ।

ਮੁਸਲਮਾਨਾਂ ਵਿਚ ਸੂਫ਼ੀ ਫ਼ਕੀਰਾਂ, ਦਰਵੇਸ਼ਾਂ, ਪੀਰਾਂ ਦੇ ਜਨਮ-ਦਿਨ ਦੀ ਥਾਂ ਮ੍ਰਿਤੂ
ਵਾਲਾ ਦਿਨ ਮਨਾਇਆ ਜਾਂਦਾ ਹੈ। ਕਿਉਂਕਿ ਰਹੱਸਵਾਦੀ-ਪ੍ਰਕ੍ਰਿਆ ਅਨੁਸਾਰ ਉਸ
ਦਿਨ ਸੂਫ਼ੀ ਫ਼ਕੀਰ ਇਸ ਦੁਨੀਆ ਰੂਪੀ ਪੇਕੇ ਘਰ ਨੂੰ ਛਡ ਕੇ ਪਰਮਾਤਮਾ ਰੂਪੀ ਸ਼ਹੁ
ਦੇ ਘਰ ਮਹਾ-ਮਿਲਨ ਲਈ ਪ੍ਰਸਥਾਨ ਕਰਦਾ ਹੈ। ਇਸ ਵਾਸਤੇ ਉਦੋਂ ਨਿਕਾਹ ਜਾਂ
ਵਿਆਹ ਦੇ ਮੌਕੇ ਕੀਤੀ ਜਾਣ ਵਾਲੀ ਖ਼ੁਸ਼ੀਆਂ ਭਰੀ ਰਸਮ ਨਿਭਾਈ ਜਾਂਦੀ ਹੈ।
ਫਲਸਰੂਪ ਉਸ ਦਿਨ ਕੀਤਾ ਜਾਣ ਵਾਲਾ ਸਾਰਾ ਕਾਰਜ ਜਾਂ ਉਤਸਵ 'ਉਰਸ'
ਅਖਵਾਉਂਦਾ ਹੈ।

ਉਰਸ ਵਾਲੇ ਦਿਨ ਸੰਬੰਧਿਤ ਪੀਰ, ਫ਼ਕੀਰ ਦੀ ਦਰਗਾਹ, ਖ਼ਾਨਗਾਹ, ਮਜ਼ਾਰ
ਜਾਂ ਤਕੀਏ ਦੀ ਸਫ਼ਾਈ ਕਰਵਾ ਕੇ ਨਮਾਜ਼ ਪੜ੍ਹੀ ਜਾਂਦੀ ਹੈ ਅਤੇ ਫਿਰ ਫ਼ਕੀਰ ਦੀ
ਕਬਰ ਉਤੇ ਚਾਦਰ ਚੜ੍ਹਾਉਣ ਅਤੇ ਦੀਵੇ (ਚਿਰਾਗ਼) ਜਗਾਉਣ ਦੀ ਰਸਮ ਕੀਤੀ ਜਾਂਦੀ
ਹੈ। ਇਸ ਮੌਕੇ ਤੇ ਕੱਵਾਲ ਸੰਗੀਤ ਦੀ ਮਜਲਸ ਸਜਾਂਦੇ ਹਨ। ਆਮ ਤੌਰ ਤੇ ਸੰਬੰਧਿਤ
ਫ਼ਕੀਰ ਜਾਂ ਕਿਸੇ ਹੋਰ ਸੂਫ਼ੀ ਦਰਵੇਸ਼ ਦਾ ਕਲਾਮ ਗਾਇਆ ਜਾਂਦਾ ਹੈ। ਇਸ ਮੌਕੇ
ਤੇ ਤਵਾਇਫ਼ਾਂ ਜਾਂ ਵੇਸਵਾਵਾਂ ਵੀ ਆ ਕੇ ਨਾਚ ਅਤੇ ਸੰਗੀਤ ਰਾਹੀਂ ਚੌਕੀਆਂ ਭਰਦੀਆਂ
ਹਨ। ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਆ ਕੇ ਪੀਰ ਨੂੰ ਆਪਣੀਆਂ ਭੇਂਟਾ ਰਾਹੀਂ
ਸ਼ਰਧਾਂ ਦੇ ਫੁਲ ਅਰਪਿਤ ਕਰਦੇ ਹੋਇਆਂ ਸੰਗੀਤ ਦਾ ਆਨੰਦ ਮਾਣਦੇ ਹਨ। ਇਸ
ਅਵਸਰ 'ਤੇ ਮੁਸਲਮਾਨਾਂ ਤੋਂ ਭਿੰਨ ਜਾਤੀਆਂ ਜਾਂ ਧਰਮਾਂ ਵਾਲੇ ਵੀ ਸ਼ਰਧਾ-ਪੂਰਵਕ
ਸ਼ਾਮਲ ਹੁੰਦੇ ਹਨ ਅਤੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਉਰਸ ਦੀ
ਸਮਾਪਤੀ ਫ਼ਾਤਿਹਾ ਪੜ੍ਹਨ ਉਪਰੰਤ ਹੁੰਦੀ ਹੈ। ਉਰਸ ਇਕ ਤੋਂ ਛੇ ਦਿਨਾਂ ਤਕ ਚਲਦੇ
ਰਹਿੰਦੇ ਹਨ।

ਪੀਰ/ਫ਼ਕੀਰ ਦੀ ਮਾਨਤਾ ਅਨੁਸਾਰ ਅਜਮੇਰ ਵਿਚ ਖ਼੍ਵਾਜਾ ਮੁਈਨੁੱਦੀਨ ਚਿਸ਼ਤੀ,
ਦਿੱਲੀ ਵਿਚ ਖ਼੍ਵਾਜਾ ਕੁਤਬੁੱਦੀਨ ਬਖ਼ਤੀਆਰ ਕਾਕੀ, ਨਿਜ਼ਾਮੁੱਦੀਨ ਔਲੀਆ ਦੇ ਮਜ਼ਾਰਾਂ
'ਤੇ ਮਨਾਏ ਜਾਣ ਵਾਲੇ ਉਰਸ ਹੁਣ ਬਹੁਤ ਵੱਡੇ ਮੇਲਿਆਂ ਦਾ ਰੂਪ ਧਾਰਣ ਕਰਦੇ ਜਾ
ਰਹੇ ਹਨ। ਪੰਜਾਬ ਵਿਚ ਕੁਝ ਸੂਫ਼ੀ ਫ਼ਕੀਰਾਂ ਦੇ ਡੇਰਿਆਂ ਜਾਂ ਸਰਹਿੰਦ ਨੇੜੇ ਰੌਜ਼ਾ ਸ਼ਰੀਫ਼
ਵਿਚ ਉਰਸ ਮਨਾਉਣ ਦੀ ਪਰੰਪਰਾ ਹੈ।

ਧਿਆਨ ਯੋਗ ਗੱਲ ਇਹ ਹੈ ਕਿ ਉਰਸ ਅਧਿਕਤਰ ਪਾਕਿਸਤਾਨ ਜਾਂ ਹਿੰਦੁਸਤਾਨ
ਵਿਚ ਮਨਾਏ ਜਾਂਦੇ ਹਨ। ਬਾਹਰਲੇ ਮੁਲਕਾਂ ਦੇ ਸ਼ਰਈ ਜਾਂ ਕੱਟੜ ਮੁਸਲਮਾਨ ਇਸ
ਪ੍ਰਕਾਰ ਦੇ ਉਰਸ ਨੂੰ ਬੁੱਤ-ਪ੍ਰਸਤੀ ਜਾਂ ਮੂਰਤੀ-ਪੂਜਾ ਸਮਝਦੇ ਹਨ। ਇਸ ਤੋਂ ਇਲਾਵਾ
ਸੰਗੀਤ ਅਤੇ ਮੁਜਰਾ ਵੀ ਇਸਲਾਮ ਵਿਚ ਪ੍ਰਵਾਨਿਤ ਨਹੀਂ ਹਨ। ਉਹ ਲੋਕ ਪੀਰਾਂ
ਫ਼ਕੀਰਾਂ ਦੇ ਮਜ਼ਾਰ ਤੇ ਕੇਵਲ ਜ਼ਿਆਰਤ (ਦਰਸਨ ਪਰਸਨ) ਲਈ ਜਾਂਦੇ ਹਨ ਅਤੇ
ਸ਼ਰਧਾ-ਪੂਰਵਕ ਉਪਦੇਸ਼ ਸੁਣਦੇ ਹੋਇਆਂ ਕੁਰਾਨ ਸ਼ਰੀਫ਼ ਦੀਆਂ ਆਇਤਾਂ ਪੜ੍ਹਦੇ ਹਨ।
ਪੰਜਾਬੀ ਦੇ ਸੂਫ਼ੀ ਫ਼ਕੀਰਾਂ ਨਾਲ ਸੰਬੰਧਿਤ ਪ੍ਰਸੰਗਾਂ ਵਿਚ ਇਸ ਹਵਾਲੇ ਦੀ ਵਰਤੋਂ
ਹੁੰਦੀ ਹੈ।

ਉਰਮਿਲਾ : ਲੱਛਮਣ ਦੀ ਪਤਨੀ। ਵੇਖੋ 'ਲੱਛਮਣ'।

ਉਰਵਸ਼ੀ : ਸਵਰਗ ਲੋਕ ਦੀ ਇਕ ਅਪੱਛਰਾ ਜਿਸ ਦਾ ਸਭ ਤੋਂ ਪਹਿਲਾ ਵਰਣਨ 'ਰਿਗਵੇਦ' ਵਿਚ 'ਪੁਰੂਰਵਾ-ਉਰਵਸ਼ੀ' ਆਖਿਆਨ ਵਿਚ ਹੋਇਆ ਹੈ। ਸ਼ਤਪਥ ਅਤੇ ਹੋਰ ਬ੍ਰਾਹਮਣ ਗ੍ਰੰਥਾਂ ਵਿਚ ਵੀ ਉਰਵਸ਼ੀ ਨਾਲ ਸੰਬੰਧਿਤ ਆਖਿਆਨ ਮਿਲ ਜਾਂਦੇ ਹਨ। ਪੁਰਾਣ-ਸਾਹਿੱਤ ਵਿਚ ਵੀ ਪੁਰੂਰਵਾ-ਉਰਵਸ਼ੀ ਦੇ ਆਖਿਆਨ ਕੁਝ ਅਦਲਾ-ਬਦਲੀ ਨਾਲ ਉਪਲਬਧ ਹਨ। ਕਾਲੀਦਾਸ ਨੇ ਉਰਵਸ਼ੀ ਨੂੰ ਆਪਣੇ ਨਾਟਕ 'ਵਿਕ੍ਰਮ ਉਰਵਸ਼ੀਯ' ਵਿਚ ਨਾਇਕਾ ਬਣਾਇਆ ਹੈ।

'ਉਰਵਸ਼ੀ' ਨਾਂ ਦਾ ਕਾਰਣ, ਇਸ ਦਾ ਨਾਰਾਇਣ ਦੇ ਉਰੂ (ਪਟ) ਤੋਂ ਪੈਦਾ ਹੋਣਾ ਹੈ। 'ਮਹਾਭਾਰਤ' ਵਿਚ ਪ੍ਰਸੰਗ ਮਿਲਦਾ ਹੈ ਕਿ ਉਰਵਸ਼ੀ ਨੂੰ ਵੇਖ ਕੇ ਮਿਤਰ ਅਤੇ ਵਰੁਣ ਦਾ ਵੀਰਜ ਖ਼ਲਾਸ ਹੋ ਗਿਆ ਜਿਸ ਤੋਂ ਅਗਸ੍ਤਿ ਅਤੇ ਵਸਿਸ਼ਠ ਰਿਸ਼ੀ ਪੈਦਾ ਹੋਏ। ਇਕ ਵਾਰ ਉਰਵਸ਼ੀ ਉਤੇ ਨਾਰਾਜ਼ ਹੋ ਕੇ ਦੋਹਾਂ ਰਿਸ਼ੀਆਂ ਨੇ ਉਸ ਨੂੰ ਸ੍ਰਾਪ ਦਿੱਤਾ ਕਿ ਉਹ ਧਰਤੀ ਉਤੇ ਪੈਦਾ ਹੋ ਕੇ ਰਾਜਾ ਪੁਰੂਰਵਾ ਦੀ ਪਤਨੀ ਬਣੇ। 'ਪਦਮ-ਪੁਰਾਣ' ਵਿਚ ਇਸ ਦੀ ਉਤਪੱਤੀ ਕਾਮਦੇਵ ਦੇ ਪਟ ਤੋਂ ਹੋਈ ਲਿਖੀ ਹੈ। ਅਸਲ ਵਿਚ, ਇੰਦਰ ਆਪਣੇ ਮੁਖ਼ਾਲਫ਼ਾਂ ਨੂੰ ਨੀਵਾਂ ਦਿਖਾਉਣ ਜਾਂ ਉਨ੍ਹਾਂ ਦੀ ਤਪਸਿਆ ਨੂੰ ਭੰਗ ਕਰਨ ਲਈ ਜਿਨ੍ਹਾਂ ਅਪੱਛਰਾਵਾਂ ਦੀ ਵਰਤੋਂ ਕਰਦਾ ਸੀ, ਉਨ੍ਹਾਂ ਵਿਚ ਉਰਵਸ਼ੀ ਵੀ ਸ਼ਾਮਲ ਹੈ। ਇਸ ਲਈ ਇਸ ਦੇ ਨਾਂ ਦੀ ਵਿਆਖਿਆ ਕਰਨ ਵੇਲੇ ਕਿਹਾ ਜਾਂਦਾ ਹੈ ਕਿ ਜੋ ਮਹਾਨ ਵਿਅਕ-ਤੀਆਂ ਨੂੰ ਵੀ ਵਸ ਵਿਚ ਕਰ ਲਏ, ਉਹ ਉਰਵਸ਼ੀ ਹੈ।

ਉਰਵਸ਼ੀ ਸੰਬੰਧੀ ਵੈਦਿਕ ਆਖਿਆਨ ਦਾ ਸਾਰਾਂਸ਼ ਇਸ ਪ੍ਰਕਾਰ ਹੈ — ਸਵਰਗ-ਲੋਕ ਦੀ ਇਸ ਅਪੱਛਰਾ ਨੇ ਪ੍ਰੇਮ-ਵਸ ਰਾਜਾ ਪੁਰੂਰਵਾ ਨਾਲ ਧਰਤੀ ਉਤੇ ਤਿੰਨ ਸ਼ਰਤਾਂ ਮੰਨਵਾ ਕੇ ਰਹਿਣਾ ਸਵੀਕਾਰ ਕਰ ਲਿਆ। ਪਹਿਲੀ ਇਹ ਕਿ ਉਹ ਸਦਾ ਘਿਉ ਦਾ ਸੇਵਨ ਕਰੇਗੀ। ਦੂਜੀ ਇਹ ਕਿ ਉਸ ਦੇ ਦੋਵੇਂ ਭੇਡੂ ਸਦਾ ਉਸ ਦੇ ਪਲੰਘ ਨਾਲ ਬੰਨ੍ਹੇ ਰਹਿਣਗੇ ਤਾਂ ਜੋ ਉਨ੍ਹਾਂ ਨੂੰ ਕੋਈ ਚੁਰਾ ਨਾ ਸਕੇ। ਤੀਜੀ ਇਹ ਕਿ ਸੇਜ ਤੋਂ ਬਿਨਾ ਹੋਰ ਕਿਤੇ ਵੀ ਉਹ ਰਾਜੇ ਨੂੰ ਨੰਗਿਆ ਨਹੀਂ ਵੇਖੇਗੀ। ਇਨ੍ਹਾਂ ਸ਼ਰਤਾਂ ਵਿਚੋਂ ਕਿਸੇ ਵੀ ਸ਼ਰਤ ਦੇ ਭੰਗ ਹੋ ਜਾਣ ਤੇ ਉਰਵਸ਼ੀ ਚਲੀ ਜਾਵੇਗੀ।

ਰਾਜਾ ਅਤੇ ਉਰਵਸ਼ੀ ਸੁਖ ਪੂਰਵਕ ਰਹਿਣ ਲੱਗੇ, ਪਰ ਗੰਧਰਵਾਂ ਨੇ ਉਰਵਸ਼ੀ ਨੂੰ ਸਵਰਗ ਵਿਚ ਵਾਪਸ ਲਿਆਉਣ ਲਈ ਸ਼ਰਤਾਂ ਤੋੜਨ ਦਾ ਉਪਾ ਕੀਤਾ। ਉਨ੍ਹਾਂ ਨੇ ਛਲ ਨਾਲ ਰਾਤ ਵੇਲੇ ਇਕ ਭੇਡੂ ਚੁਰਾ ਲਿਆ। ਉਨ੍ਹਾਂ ਤੋਂ ਭੇਡੂ ਖੋਹਣ ਲਈ ਰਾਜਾ ਨੰਗਾ ਹੀ ਬਿਸਤਰੇ ਵਿਚੋਂ ਨਿਕਲ ਕੇ ਆਕਾਸ਼ ਵਲ ਹੋ ਤੁਰਿਆ। ਗੰਧਰਵਾਂ ਦੁਆਰਾ ਆਕਾਸ਼ ਵਿਚ ਬਿਜਲੀ ਚਮਕਾਉਣ ਨਾਲ ਉਰਵਸ਼ੀ ਨੂੰ ਰਾਜਾ ਨੰਗਾ ਦਿਖ ਗਿਆ। ਇਹ ਰਾਜੇ ਨੂੰ ਛਡ ਕੇ ਸਵਰਗ ਨੂੰ ਚਲੀ ਗਈ। ਅਪੱਛਰਾਂ ਦੇ ਵਿਯੋਗ ਵਿਚ ਦੀਵਾਨੇ ਹੋਏ ਰਾਜੇ ਉਤੇ ਤਰਸ ਖਾ ਕੇ ਗੰਧਰਵਾਂ ਨੇ ਉਸ ਤੋਂ ਅਗਨੀ ਦੇਵ ਦੀ ਉਪਾਸਨਾ ਕਰਵਾਈ। ਫਲਸਰੂਪ ਰਾਜੇ ਨੂੰ ਉਰਵਸ਼ੀ ਸਥਾਈ ਤੌਰ ਉਤੇ ਮਿਲ ਗਈ। 'ਜਵਾਨੀ' ਕਵਿਤਾ ਵਿਚ ਡਾ. ਮੋਹਨ ਸਿੰਘ ਦੀਵਾਨਾ ਨੇ 'ਉਰਵਸ਼ੀ' ਦੇ ਸਵਰਗ ਛੱਡਣ ਬਾਰੇ ਸੰਕੇਤ ਕੀਤਾ ਹੈ —

'ਮੁੰਦਰਾਂ ਤੇ ਲੂਣਾਂ ਪਾਸੋਂ' ਪਾਪ ਕਰਵਾਏ ਏਸੇ,/ਉਰਵਸ਼ੀ, ਮੇਨਕਾ ਤੋਂ ਸੁਰਗ ਛੁਡਵਾਏ ਏਸੇ।'

ਉਲੂਕ : ਕਣਾਦ ਰਿਸ਼ੀ ਦਾ ਨਾਮਾਂਤਰ। ਵੇਖੋ 'ਕਣਾਦ'।

ਊਧਮ ਸਿੰਘ, ਸ਼ਹੀਦ : ਪੰਜਾਬ ਦਾ ਇਕ ਬਹਾਦਰ ਸਪੂਤ, ਜਿਸ ਨੇ ਦੇਸ਼ ਦੇ ਗੌਰਵ ਨੂੰ ਕਾਇਮ ਰੱਖਣ ਲਈ ਸ਼ਹਾਦਤ ਪ੍ਰਾਪਤ ਕੀਤੀ। ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ. ਨੂੰ ਸ. ਟਹਿਲ ਸਿੰਘ ਕੰਬੋਜ ਦੇ ਘਰ, ਸੁਨਾਮ ਸ਼ਹਿਰ ਵਿਚ ਹੋਇਆ। ਉਸ ਦੀ ਮਾਤਾ ਦਾ ਨਾਂ ਨਰੈਣ ਕੌਰ ਸੀ। ਬਚਪਨ ਵਿਚ ਯਤੀਮ ਹੋ ਜਾਣ ਕਾਰਣ ਉਸ ਨੂੰ ਸੈਂਟਰਲ ਖਾਲਸਾ ਯਤੀਮਖਾਨਾ, ਅੰਮ੍ਰਿਤਸਰ ਵਿਚ ਦਾਖਲ ਕਰਵਾਇਆ ਗਿਆ। ਉਥੇ ਹੀ ਉਸ ਨੇ ਕੁਝ ਵਿਦਿਆ ਪ੍ਰਾਪਤ ਕੀਤੀ ਪਰ ਅਧਿਕ ਰੁਚੀ ਉਸ ਨੇ ਮਕੈਨਿਕ ਬਣਨ ਵਿਚ ਵਿਖਾਈ।

ਊਧਮ ਸਿੰਘ ਨੇ 'ਜਲਿਆਂ ਵਾਲਾ ਬਾਗ' ਦਾ 13 ਅਪ੍ਰੈਲ, 1919 ਈ. ਨੂੰ ਵਾਪਰਿਆ ਖ਼ੂਨੀ ਸਾਕਾ ਆਪਣੀਆਂ ਅੱਖਾਂ ਨਾਲ ਦੇਖਿਆ। ਲਾਸ਼ਾਂ ਦੇ ਢੇਰ ਵਿਚ ਖੜ੍ਹੋ ਕੇ ਉਸ ਨੇ ਪ੍ਰਤਿਗਿਆ ਕੀਤੀ ਕਿ ਉਹ ਇਸ ਹਤਿਆ-ਕਾਂਡ ਦਾ ਬਦਲਾ ਲਏਗਾ। ਆਪਣੇ ਆਸ਼ੇ ਦੀ ਪੂਰਤੀ ਲਈ ਉਹ ਪਹਿਲਾਂ ਸੰਨ 1920 ਈ. ਵਿਚ ਅਫਰੀਕਾ ਗਿਆ, ਫਿਰ ਸੰਨ 1921 ਈ. ਵਿਚ ਅਮਰੀਕਾ ਪਹੁੰਚਿਆ ਜਿਥੇ ਉਹ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆਇਆ। ਕੁਝ ਸਮਾਂ ਉਥੇ ਠਹਿਰਣ ਉਪਰੰਤ ਉਹ ਅੰਮ੍ਰਿਤਸਰ ਪਰਤ ਆਇਆ ਅਤੇ ਕਿਰਾਏ ਦੇ ਇਕ ਨਿੱਕੇ ਜਿਹੇ ਮਕਾਨ ਵਿਚ ਰਹਿਣ ਲੱਗਾ ਜਿਥੇ ਅਕਸਰ ਉਹ ਕ੍ਰਾਂਤੀ ਲਈ ਮਿੱਤਰਾਂ ਨੂੰ ਪ੍ਰੇਰਦਾ ਰਹਿੰਦਾ। ਗ੍ਰਿਫਤਾਰੀ ਤੋਂ ਬੱਚਣ ਲਈ ਇਥੇ ਉਸ ਨੇ ਆਪਣਾ ਨਾਂ ਬਦਲ ਕੇ 'ਰਾਮ ਮੁਹੰਮਦ ਸਿੰਘ ਆਜ਼ਾਦ' ਰਖ ਲਿਆ। 30 ਅਗਸਤ, 1927 ਈ. ਨੂੰ ਉਸ ਨੂੰ ਪੁਲਿਸ ਨੇ ਪਕੜ ਲਿਆ। ਉਸ ਪਾਸੋਂ ਬਹੁਤ ਸਾਰਾ ਕ੍ਰਾਂਤੀਕਾਰੀ ਸਾਹਿੱਤ ਅਤੇ ਅਸਲਾ ਬਰਾਮਦ ਹੋਣ ਕਾਰਣ ਉਸ ਨੂੰ ਪਿਸ਼ਾਵਰ ਅਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਚਾਰ ਸਾਲ ਕੈਦ ਦੀ ਸਜ਼ਾ ਭੁਗਤਣੀ ਪਈ।

ਕੈਦ ਤੋਂ ਮੁਕਤ ਹੋਣ ਉਪਰੰਤ ਸੰਨ 1932 ਈ. ਵਿਚ ਉਸ ਦੀ ਮੁਲਾਕਾਤ ਸੁਭਾਸ਼ ਚੰਦਰ ਬੋਸ ਨਾਲ ਹੋਈ। ਬੋਸ ਦੀ ਪ੍ਰੇਰਣਾ ਅਤੇ ਆਪਣੀ ਅੰਦਰਲੀ ਕ੍ਰਾਂਤੀਕਾਰੀ ਰੁਚੀ ਕਾਰਣ ਉਹ ਫਰਾਂਸ, ਜਰਮਨੀ ਅਤੇ ਸਵਿਟਜ਼ਰਲੈਂਡ ਵਿਚ ਦੇਸ਼ ਦੀ ਸੁਤੰਤਰਤਾ ਲਈ ਪ੍ਰਚਾਰ ਕਰਨ ਵਾਸਤੇ ਗਿਆ। ਫਿਰ ਸੰਨ 1937 ਈ. ਵਿਚ ਉਹ ਇੰਗਲੈਂਡ ਚਲਾ ਗਿਆ।

ਇੰਗਲੈਂਡ ਪਹੁੰਚ ਕੇ ਉਹ ਆਪਣੀ ਪ੍ਰਤਿਗਿਆ ਪੂਰੀ ਕਰਨ ਵਿਚ ਰੁਝ ਗਿਆ। 13 ਮਾਰਚ, 1940 ਈ. ਨੂੰ ਕੇਕਸਟਨ ਹਾਲ, ਲੰਡਨ ਵਿਚ ਈਸਟ ਇੰਡੀਆ ਐਸੋਸੀ-ਏਸ਼ਨ ਅਤੇ ਰਾਇਲ ਸੈਂਟਰਲ ਸੁਸਾਇਟੀ ਵਲੋਂ ਸਾਂਝੇ ਤੌਰ ਤੇ ਆਯੋਜਿਤ ਮੀਟਿੰਗ ਵਿਚ ਜਦੋਂ ਮਾਈਕਲ ਓਡਵਾਇਰ (ਭੂਤ-ਪੂਰਵ ਲੈਫਟੀਨੈਂਟ ਗਵਰਨਰ ਪੰਜਾਬ), ਜਿਸ ਦੇ ਆਦੇਸ਼ ਨਾਲ ਜਲਿਆਂ ਵਾਲਾ ਬਾਗ ਦਾ ਹਤਿਆ ਕਾਂਡ ਹੋਇਆ ਸੀ, ਭਾਰਤ ਪ੍ਰਤਿ ਘਿਰਣਾਜਨਕ ਭਾਸ਼ਣ ਦੇ ਰਿਹਾ ਸੀ ਤਾਂ ਊਧਮ ਸਿੰਘ ਨੇ ਉਸ ਨੂੰ ਗੋਲੀ ਮਾਰ ਦਿੱਤੀ।

ਮਾਈਕਲ ਓ'ਡਵਾਇਰ ਨੂੰ ਮਾਰਨ ਉਪਰੰਤ ਊਧਮ ਸਿੰਘ ਉਥੇ ਹੀ ਪੂਰੇ ਤਾਣ ਨਾਲ ਡਟਿਆ ਰਿਹਾ। ਉਸ ਨੂੰ ਪਕੜਨ ਉਪਰੰਤ ਮੁਕਦਮਾ ਚਲਾਇਆ ਗਿਆ ਅਤੇ 12 ਜੂਨ, 1940 ਈ. ਨੂੰ ਉਸ ਨੂੰ ਫਾਂਸੀ ਲਗਾ ਦਿੱਤਾ ਗਿਆ। ਹਰਿੰਦਰ ਮਹਿਬੂਬ ਅਨੁਸਾਰ—'ਊਧਮ ਵਾਜਾਂ ਮਾਰਦਾ, ਲਖ ਮੌਤਾਂ ਲੜੀਆਂ/ਮੈਂ ਬੰਨ੍ਹ ਕੇ ਗਾਨਾ ਲਹੂ ਦਾ ਸ਼ਮਸ਼ੀਰਾਂ ਵਰੀਆਂ।'

23 ਜੁਲਾਈ, 1974 ਈ. ਨੂੰ ਪੰਜਾਬ ਸਰਕਾਰ ਨੇ ਉਦਮ ਕਰਕੇ ਉਸ ਦੀਆਂ ਅਸਥੀਆਂ ਨੂੰ ਇੰਗਲੈਂਡ ਤੋਂ ਮੰਗਵਾਇਆ ਅਤੇ ਉਸ ਦੀ ਅੰਤਿਮ ਇੱਛਾ ਨੂੰ ਪੂਰਾ ਕਰਦਿਆਂ ਸਰਕਾਰੀ ਸਨਮਾਨ ਨਾਲ ਅਸਥੀਆਂ ਦਾ ਸਸਕਾਰ 31 ਜੁਲਾਈ, 1974 ਨੂੰ ਸੁਨਾਮ ਵਿਚ ਕੀਤਾ।

ਊਧੋ : ਵੇਖ 'ਉੱਧਵ'।

ਓਅੰਕਾਰ : ਇਹ ਬ੍ਰਹਮ ਦਾ ਵਾਚਕ ਸ਼ਬਦ ਹੈ। 'ਪ੍ਰਣਵ' ਇਸ ਦਾ ਸਮਾਨਾਰਥਕ ਸ਼ਬਦ ਹੈ। ਵੈਦਿਕ ਸਾਹਿੱਤ ਤੋਂ ਲੈ ਕੇ ਸੰਤ ਸਾਹਿੱਤ ਤਕ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ। 'ਮਾਂਡੂਕ੍ਯ ਉਪਨਿਸ਼ਦ' (1) ਵਿਚ ਓਅੰਕਾਰ ਨੂੰ ਨਿੱਤ ਵਸਤੂ ਕਹਿ ਕੇ ਇਸ ਨੂੰ ਸਰਵ ਪ੍ਰਕਾਸ਼ਮਈ ਦੱਸਿਆ ਗਿਆ ਹੈ। ਭੂਤ, ਭਵਿਖ ਅਤੇ ਵਰਤਮਾਨ ਵਿਚ ਓਅੰਕਾਰ ਹੀ ਹੈ। ਤ੍ਰੈਕਾਲ ਤੋਂ ਪਰੇ ਸਤਿ ਸਰੂਪ ਬ੍ਰਹਮ ਵੀ ਓਅੰਕਾਰ ਹੀ ਹੈ। ਇਸੇ ਤਰ੍ਹਾਂ 'ਛਾਂਦੋਗ੍ਯ ਉਪਨਿਸ਼ਦ' (2/23/3) ਵਿਚ ਓਅੰਕਾਰ ਤੋਂ ਸਾਰੀ ਸ੍ਰਿਸ਼ਟੀ ਦਾ ਵਿਸਤਾਰ ਅਤੇ ਸਰਵ-ਵਿਆਪਕ ਮੰਨਿਆ ਗਿਆ ਹੈ। 'ਯਾਗ੍ਯਵਲਕ੍ਯ ਸਮ੍ਰਿਤੀ' ਅਨੁਸਾਰ ਜਿਵੇਂ ਪਲਾਸ਼ ਦਾ ਪਤਾ ਇਕ ਤੀਲੇ ਨਾਲ ਉਠਾਇਆ ਜਾ ਸਕਦਾ ਹੈ, ਉਸੇ ਤਰ੍ਹਾਂ ਇਹ ਸੰਸਾਰ ਓਅੰਕਾਰ ਨਾਲ ਧਾਰਣ ਕੀਤਾ ਜਾ ਸਕਦਾ ਹੈ। ਇਸ ਦੀ ਸਰੂਪਗਤ ਭਾਵਨਾ ਨਿਰਗੁਣ ਵਾਲੀ ਹੈ।

ਤਿੰਨ ਵਰਣਾਂ (ਅਕਾਰ, ਉਕਾਰ, ਮਕਾਰ) ਨਾਲ ਬਣੇ ਹੋਣ ਕਾਰਣ ਕਾਲਾਂਤਰ ਵਿਚ ਇਸ ਨਾਲ ਸਗੁਣ ਭਾਵਨਾ ਵੀ ਜੋੜ ਦਿੱਤੀ ਗਈ। ਇਸ ਦੀ ਵਿਆਖਿਆ ਕਰਦਿਆਂ ਅਕਾਰ ਨੂੰ ਵਿਸ਼ਣੂ, ਉਕਾਰ ਨੂੰ ਮਹੇਸ਼ ਅਤੇ ਮਕਾਰ ਨੂੰ ਬ੍ਰਹਮਾ ਦਾ ਬੋਧਕ ਮੰਨ ਕੇ ਸਮੁੱਚੇ ਤੌਰ ਤੇ ਇਸ ਨੂੰ ਤ੍ਰੈਦੇਵਾਂ ਦਾ ਪ੍ਰਤੀਕ ਸਿੱਧ ਕੀਤਾ ਜਾਣ ਲਗਿਆ। ਇਸ ਤਰ੍ਹਾਂ ਇਸ ਦਾ ਭਾਵਾਤਮਕ ਸਰੂਪ ਨਿਰਗੁਣੀ ਅਤੇ ਸਗੁਣੀ ਦੋਹਾਂ ਤਰ੍ਹਾਂ ਦੀਆਂ ਅਧਿਆਤਮਿਕ ਪਰੰਪਰਾਵਾਂ ਨਾਲ ਸੰਬੰਧਿਤ ਹੋ ਗਿਆ।

ਗੁਰਬਾਣੀ ਵਿਚ ਇਸ ਸ਼ਬਦ ਦੀ ਵਰਤੋਂ ਨਿਰਗੁਣ ਬ੍ਰਹਮ ਦੇ ਵਾਚਕ ਸ਼ਬਦ ਵਜੋਂ ਹੁੰਦੀ ਹੈ ਅਤੇ ਇਸ ਬਾਰੇ ਸਗੁਣਵਾਦੀ ਪ੍ਰਵਿੱਤੀ ਨੂੰ ਖ਼ਤਮ ਕਰਨ ਲਈ ਮੂਲ-ਮੰਤ੍ਰ ਦੇ ਆਰੰਭ ਵਿਚ 'ਇਕ' ਅੰਕ ਲਗਾਇਆ ਗਿਆ ਹੈ। ਭਾਈ ਕਾਨ੍ਹ ਸਿੰਘ ਦੇ ਮਤ ਅਨੁਸਾਰ ਵੀ 'ਓਅੰ' ਦੇ ਆਰੰਭ ਵਿਚ ਏਕਾ ਲਿਖ ਕੇ ਕਰਤਾਰ ਨੂੰ ਇਕ ਅਤੇ ਅਦੁੱਤੀ ਸਿੱਧ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਨੇ 'ਥਿਤੀ' (1) ਨਾਂ ਦੀ ਬਾਣੀ ਵਿਚ ਓਅੰਕਾਰ ਨੂੰ ਸਭ ਤੋਂ ਨਿਰਾਲਾ, ਵਿਲੱਖਣ, ਅਮਰ ਅਤੇ ਅਜੂਨੀ ਦਸਦੇ ਹੋਇਆਂ ਇਸ ਨੂੰ ਜਾਤਿ-ਮੁਕਤ ਅਤੇ ਸੰਸਾਰਿਕ ਪ੍ਰਪੰਚ ਤੋਂ ਅਤੀਤ ਮੰਨਿਆ ਹੈ। ਇਹ ਘਟ-ਘਟ ਵਾਸੀ ਵੀ ਹੈ। ਰਾਮਕਲੀ ਰਾਗ ਵਿਚ ਸੰਕਲਿਤ 'ਓਅੰਕਾਰ' ਨਾਂ ਦੀ ਬਾਣੀ ਦੇ ਆਰੰਭ ਵਿਚ ਹੀ ਇਹ

ਸਥਾਪਨਾ ਕੀਤੀ ਗਈ ਹੈ ਕਿ ਓਅੰਕਾਰ ਤੋਂ ਹੀ ਬ੍ਰਹਮਾ ਦੀ ਉਤਪੱਤੀ ਹੋਈ ਹੈ, ਉਸ ਨੇ ਓਅੰਕਾਰ ਦਾ ਹੀ ਆਪਣੇ ਮਨ ਵਿਚ ਚਿੰਤਨ ਕੀਤਾ ਹੈ। ਓਅੰਕਾਰ ਤੋਂ ਹੀ ਪਰਬਤ, ਯੁਗ, ਵੇਦ ਆਦਿ ਹੋਂਦ ਵਿਚ ਆਏ ਹਨ। ਇਸ ਸ਼ਬਦ ਰਾਹੀਂ ਹੀ ਵਿਅਕਤੀ ਦਾ ਸੁਧਾਰ ਹੁੰਦਾ ਹੈ। ਓਨਮ ਅੱਖਰ ਹੀ ਤਿੰਨ ਲੋਕਾਂ ਦਾ ਸਾਰ ਤੱਤ ਹੈ – 'ਓਅੰਕਾਰਿ ਬ੍ਰਹਮਾ ਉਤਪਤਿ ।/ਓਅੰਕਾਰੁ ਕੀਆ ਜਿਨਿ ਚਿਤਿ ।/ ਓਅੰਕਾਰਿ ਸੈਲ ਜੁਗ ਭਏ ।/ ਓਅੰਕਾਰਿ ਬੇਦ ਨਿਰਮਏ ।/ ਓਅੰਕਾਰਿ ਸਬਦਿ ਉਧਰੇ ।/ ਓਅੰਕਾਰਿ ਗੁਰਮੁਖਿ ਤਰੇ ।/ਓਨਮ ਅਖਰ ਸੁਣਹੁ ਬੀਚਾਰੁ ।/ਓਨਮ ਅਖਰੁ ਤ੍ਰਿਭਵਣ ਸਾਰੁ ।1।

ਓਅੰਕਾਰ, ਤੀਰਥ : ਇਹ ਸ਼ੈਵ ਮਤ ਦਾ ਇਕ ਪ੍ਰਸਿੱਧ ਤੀਰਥ ਹੈ। 'ਕਪਿਲ ਤੰਤ੍ਰ' ਵਿਚ ਇਸ ਦੀ ਗਿਣਤੀ ਅਠਾਹਠ ਤੀਰਥਾਂ ਵਿਚ ਕੀਤੀ ਗਈ ਹੈ (ਵੇਖੋ 'ਅਠਸਠ-ਤੀਰਥ')। ਇਹ ਮੱਧ ਭਾਰਤ ਦੇ ਨਿਮਾੜ ਜ਼ਿਲੇ ਅੰਦਰ ਨਰਮਦਾ ਨਦੀ ਵਿਚ ਮਾਂਧਾਤਾ ਟਾਪੂ ਉਪਰ ਸਥਿਤ ਹੈ। ਪੁਰਾਣ ਪ੍ਰਸੰਗ ਅਨੁਸਾਰ ਸੂਰਜਵੰਸ਼ ਦੇ ਪ੍ਰਤਾਪੀ ਰਾਜਾ ਮਾਂਧਾਤਾ ਨੇ ਇਥੇ ਸ਼ਿਵ (ਸ਼ੰਕਰ) ਦੀ ਉਪਾਸਨਾ ਅਤੇ ਤਪਸਿਆ ਕੀਤੀ ਸੀ। ਸ਼ਿਵ ਦੇ 12 ਜੋਤਿਰਲਿੰਗਾਂ ਵਿਚੋਂ ਓਅੰਕਾਰੇਸ਼੍ਵਰ ਦੀ ਸਥਾਪਨਾ ਇਸ ਤੀਰਥ ਵਿਚ ਹੋਈ ਦਸੀ ਜਾਂਦੀ ਹੈ। ਇਥੇ ਅਮਲੇਸ਼੍ਵਰ ਨਾਂ ਦਾ ਇਕ ਹੋਰ ਸ਼ਿਵ-ਲਿੰਗ ਵੀ ਹੈ।

ਇਕ ਹੋਰ ਪ੍ਰਸੰਗ ਅਨੁਸਾਰ ਵਿੰਧਿਆਚਲ ਦੀ ਆਰਾਧਨਾ ਤੋਂ ਪ੍ਰਸੰਨ ਹੋ ਕੇ ਸ਼ਿਵ ਇਥੇ ਓਅੰਕਾਰੇਸ਼੍ਵਰ ਰੂਪ ਵਿਚ ਵਿਰਾਜਮਾਨ ਹੈ। ਇਸ ਤੀਰਥ ਦਾ ਨਾਂ ਓਅੰਕਾਰੇਸ਼੍ਵਰ ਇਸ ਲਈ ਵੀ ਪਿਆ ਦਸਿਆ ਜਾਂਦਾ ਹੈ ਕਿਉਂਕਿ ਇਸ ਟਾਪੂ ਦੀ ਸ਼ਕਲ ਓਅੰ ਨਾਲ ਮੇਲ ਖਾਂਦੀ ਹੈ। ਗੁਰੂ ਨਾਨਕ ਦੇਵ ਆਪਣੀਆਂ ਉਦਾਸੀਆਂ ਦੌਰਾਨ ਇਸ ਤੀਰਥ ਉਤੇ ਗਏ ਸਨ ਅਤੇ 'ਓਅੰਕਾਰ' ਨਾਂ ਦੀ ਬਾਣੀ ਦਾ ਇਥੇ ਹੀ ਉੱਚਾਰਣ ਕੀਤਾ ਸੀ।

ਓਅੰਕਾਰ, ਬਾਣੀ : ਗੁਰੂ ਨਾਨਕ ਦੇਵ ਦੁਆਰਾ ਰਚੀ ਇਸ ਬਾਣੀ ਨੂੰ ਕਈ ਵਿਦਵਾਨ 'ਦੱਖਣੀ ਓਅੰਕਾਰ' ਵੀ ਕਹਿੰਦੇ ਹਨ, ਪਰ ਅਸਲ ਵਿਚ, 'ਦੱਖਣੀ' ਸ਼ਬਦ ਰਾਮਕਲੀ ਰਾਗ ਦੀ ਦੱਖਣੀ ਜਾਤਿ ਜਾਂ ਪ੍ਰਕਾਰ ਲਈ ਵਰਤਿਆ ਗਿਆ ਹੈ, ਨਾ ਕਿ 'ਓਅੰਕਾਰ' ਬਾਣੀ ਦੇ ਵਿਸ਼ੇਸ਼ਣ ਵਜੋਂ ਆਇਆ ਹੈ। ਇਸ ਦੇ ਰਚਨਾ-ਕਾਲ ਅਤੇ ਰਚਨਾ-ਸਥਾਨ ਦੇ ਸੰਬੰਧ ਵਿਚ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ' ਵਿਚ ਇਸ ਨੂੰ ਗੁਰੂ ਨਾਨਕ ਦੇਵ ਵਲੋਂ ਪੰਡਿਤ ਬੈਜ ਨਾਥ ਪ੍ਰਤਿ ਬਚਪਨ ਵਿਚ ਉਚਾਰਿਆ ਲਿਖਿਆ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰਮਤਿ ਨਿਰਣਯ ਸਾਗਰ' ਵਿਚ ਦਸਿਆ ਹੈ ਕਿ ਗੁਰੂ ਨਾਨਕ ਦੇਵ ਨੇ ਇਸ ਬਾਣੀ ਦਾ ਉੱਚਾਰਣ ਦੱਖਣ ਵਿਚ ਨਰਮਦਾ ਨਦੀ ਦੇ ਕੰਢੇ ਉਤੇ ਸਥਿਤ ਓਅੰਕਾਰ ਮੰਦਿਰ ਦੇ ਪਾਂਡੇ ਪ੍ਰਤਿ ਕੀਤਾ ਸੀ। ਸੰਪ੍ਰਦਾਈ ਗਿਆਨੀ ਅਤੇ ਭਾਈ ਕਾਨ੍ਹ ਸਿੰਘ ਵੀ ਇਸੇ ਮਤ ਦੇ ਹਨ। 'ਪੁਰਾਤਨ ਜਨਮਸਾਖੀ' ਦੀ ਸਤਾਰ੍ਹਵੀਂ ਸਾਖੀ ਅਨੁਸਾਰ ਇਹ ਬਾਣੀ ਬਨਾਰਸ ਦੇ ਪੰਡਿਤ ਚਤੁਰਦਾਸ ਨੂੰ ਸੰਬੋਧਿਤ ਕੀਤੀ ਗਈ ਸੀ। 'ਪ੍ਰਾਣ ਸੰਗਲੀ' ਦੇ 35ਵੇਂ ਅਧਿਆਇ ਅਨੁਸਾਰ ਇਸ ਨੂੰ ਰਾਜਕੁਮਾਰਾਂ ਨੂੰ ਪੜ੍ਹਾਉਣ ਵਾਲੇ ਪੰਡਿਤ ਪ੍ਰਤਿ ਉਚਾਰਿਆ ਗਿਆ ਹੈ।

ਇਨ੍ਹਾਂ ਤੱਥਾਂ ਦੇ ਆਧਾਰ ਤੇ ਇਸ ਦੇ ਰਚਨਾ-ਸਥਾਨ ਅਤੇ ਰਚਨਾ-ਸਮੇਂ ਬਾਰੇ ਕਿਸੇ ਨਿਰਣੇ 'ਤੇ ਨਹੀਂ ਪਹੁੰਚਿਆ ਜਾ ਸਕਦਾ ਹੈ। ਓਅੰਕਾਰ ਤੀਰਥ ਨਾਲ ਇਸ ਨੂੰ ਸੰਬੰਧਿਤ ਕੀਤੇ ਜਾਣ ਪਿਛੇ ਸ਼ਾਇਦ 'ਦੱਖਣੀ' ਸ਼ਬਦ ਕੁਝ ਪ੍ਰਭਾਵ ਪਾਉਂਦਾ ਹੋਵੇ, ਪਰ ਇਹ ਸ਼ਬਦ ਰਾਗ ਦੀ ਜਾਤਿ ਨਾਲ ਸੰਬੰਧ ਰਖਦਾ ਹੈ ਨਾ ਕਿ ਦੱਖਣ ਦਿਸ਼ਾ ਨਾਲ; ਓਅੰਕਾਰ ਦਾ ਸੰਬੰਧ ਵੀ ਓਅੰਕਾਰ ਤੀਰਥ ਨਾਲ ਨਹੀਂ ਜੁੜਦਾ ਕਿਉਂਕਿ ਇਹ ਰਚਨਾ ਵਰਣਮਾਲਾ ਆਧਾਰਿਤ ਹੋਣ ਕਾਰਣ ਆਰੰਭ ਵਿਚ 'ੳ' ਅੱਖਰ ਦੀ ਅਧਿਆਤਮਿਕ ਭਾਵ-ਭੂਮੀ ਨੂੰ ਓਅੰਕਾਰ ਦੇ ਪ੍ਰਸੰਗ ਵਿਚ ਸਪੱਸ਼ਟ ਕਰਦੀ ਹੈ। 54 ਪਦਿਆਂ ਦੀ ਇਸ ਬਾਣੀ ਵਿਚ ਇਕ ਦੋ ਥਾਵਾਂ ਨੂੰ ਛੱਡ ਕੇ ਹੋਰ ਕਿਤੇ ਵੀ ਅੱਖਰਾਂ ਜਾਂ ਮਾਤ੍ਰਾਵਾਂ ਦਾ ਉੱਚਾਰਣ ਨਹੀਂ ਦਿੱਤਾ ਗਿਆ। ਹਰ ਇਕ ਪਦੇ ਦੇ ਪਹਿਲੇ ਸ਼ਬਦ ਤੋਂ ਹੀ ਉਸ ਵਿਚਲੇ ਅੱਖਰ ਜਾਂ ਮਾਤ੍ਰਾ ਦਾ ਅਨੁਮਾਨ ਲਗਾਉਣਾ ਪੈਂਦਾ ਹੈ।

ਇਸ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਾਰੇ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟਾਏ ਮਿਲ ਜਾਂਦੇ ਹਨ। ਇਸ ਰਚਨਾ ਦੀ ਮੂਲ ਬਿਰਤੀ 'ਰਹਾਉ' ਵਾਲੀਆਂ ਤੁਕਾਂ ਵਿਚ ਲਿਖੀ ਹੈ ਕਿ ਹੇ ਪਾਂਡੇ ! ਜੇ ਕੁਝ ਲਿਖਣਾ ਹੀ ਹੈ ਤਾਂ ਸੰਸਾਰਿਕ ਜੰਜਾਲਾਂ ਨੂੰ ਛੱਡ ਕੇ ਰਾਮ-ਨਾਮ ਲਿਖ—'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ।/ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ।'

ਇਸ ਰਾਮ-ਨਾਮ ਦੀ ਵਿਆਖਿਆ ਸਾਰੀ ਬਾਣੀ ਵਿਚ ਹੋਈ ਹੈ। ਓਅੰਕਾਰ ਸਰੂਪ ਬ੍ਰਹਮ ਤੋਂ ਸਾਰੀ ਸ੍ਰਿਸਟੀ, ਗਿਆਨ, ਜੋਤਿ ਅਤੇ ਚਿੱਤ ਦੀ ਉਤਪੱਤੀ ਹੋਈ ਹੈ। ਗੁਰੂ ਦੀ ਸਿਖਿਆ ਦੁਆਰਾ ਨਾਮ ਰੂਪੀ ਵਸਤੂ ਦੀ ਪ੍ਰਾਪਤੀ ਹੁੰਦੀ ਹੈ। ਨਾਮ ਤੋਂ ਬਿਨਾ ਸਾਰਾ ਸੰਸਾਰ ਕੱਚਾ ਅਤੇ ਨਿਰਾਧਾਰ ਹੈ। ਸਤਿਸੰਗਤ ਨਾਲ ਮਨ ਨੂੰ ਧੀਰਜ ਪ੍ਰਾਪਤ ਹੁੰਦਾ ਹੈ। ਦ੍ਵੈਤ-ਭਾਵ ਕਰਕੇ ਮਨੁੱਖ ਵਿਚ ਆਤਮ-ਗਿਆਨ ਨਸ਼ਟ ਹੋ ਜਾਂਦਾ ਹੈ। ਆਤਮ-ਗਿਆਨ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਸੰਭਵ ਹੈ। ਆਤਮ-ਗਿਆਨ ਦੀ ਪ੍ਰਾਪਤੀ ਨਾਲ ਸੰਸਾਰ ਵਿਚ ਵਿਸ਼ੈ-ਵਾਸਨਾਵਾਂ ਉਤੇ ਜਿੱਤ ਪ੍ਰਾਪਤ ਹੁੰਦੀ ਹੈ। ਇਸ ਦਾ ਮੂਲ ਕਾਰਣ ਮਨ ਨੂੰ ਵਸ ਵਿਚ ਕਰਨਾ ਹੈ। ਮਨਮੁਖ ਵਿਅਕਤੀ ਅਗਿਆਨੀ ਅਤੇ ਮੂਰਖ ਹੈ ਅਤੇ ਵਿਅਰਥ ਵਿਚ ਮਾਇਆ ਦੁਆਰਾ ਠਗਿਆ ਜਾ ਰਿਹਾ ਹੈ। ਗੁਰਮੁਖ ਵਿਅਕਤੀ ਹਰਿ-ਨਾਮ ਨੂੰ ਗਾਉਂਦਾ ਹੈ। ਦੁਖ-ਸੁਖ ਨੂੰ ਧੁਪ ਅਤੇ ਛਾਂ ਵਾਂਗ ਸਮਾਨ ਸਮਝ ਕੇ ਸੰਸਾਰਿਕ ਬੰਧਨਾਂ ਨੂੰ ਕਟਦਾ ਹੋਇਆ ਹਰਿ ਦੇ ਨਾਮ ਵਿਚ ਹੀ ਸਮਾ ਜਾਂਦਾ ਹੈ। ਸ਼ਰੀਰ ਰੂਪੀ ਬ੍ਰਿਛ ਉਤੇ ਮਨ (ਜੀਵਾਤਮਾ) ਰੂਪੀ ਪੰਛੀ ਨਿਵਾਸ ਕਰਦਾ ਹੈ। ਇਸ ਬ੍ਰਿਛ ਉਤੇ ਇਕ ਹੋਰ ਸ੍ਰੇਸ਼ਠ ਪੰਛੀ (ਅਰਥਾਤ ਪਰਮਾਤਮਾ) ਵੀ ਨਿਵਾਸ ਕਰਦਾ ਹੈ। ਜਦ ਉਹ ਪੰਛੀ ਗਿਆਨ ਇੰਦਰੀਆਂ ਨੂੰ ਵਸ ਵਿਚ ਕਰਕੇ ਪਰਮਾਤਮ-ਤੱਤ ਨੂੰ ਚੁਗਦਾ ਹੈ ਤਾਂ ਉਸ ਨੂੰ ਸੰਸਾਰਿਕ ਬੰਧਨ ਨਹੀਂ ਪੈਂਦੇ। ਪਰ ਜੇ ਉਹ ਪੰਛੀ ਪਰਮਾਤਮਾ ਤੋਂ ਵੱਖ ਹੋ ਕੇ ਵਿਸ਼ੇ-ਰੂਪੀ ਸੁੰਦਰ ਚੋਗੇ ਨੂੰ ਵੇਖਦਾ ਹੈ ਤਾਂ ਉਸ ਦੇ ਖੰਭ ਟੁਟ ਜਾਂਦੇ ਹਨ ਅਤੇ ਉਹ ਮਾਇਆ ਦੇ ਫੰਦੇ ਵਿਚ ਫਸ ਜਾਂਦਾ ਹੈ। ਇਸ ਤਰ੍ਹਾਂ ਇਸ ਰਚਨਾ ਦਾ ਮੁੱਖ ਉੱਦੇਸ਼ ਇਹ ਹੈ ਕਿ ਬ੍ਰਹਮ-ਵਿਦਿਆ, ਅਦ੍ਵੈਤਾਵਸਥਾ, ਗੁਰਮੁਖਤਾ, ਸ਼ਬਦ-ਰੂਪ ਆਤਮ-ਧਨ ਆਦਿ ਨੂੰ

ਅਪਣਾ ਕੇ ਨਾਮ-ਸਾਧਨਾ ਵਿਚ ਲੀਨ ਹੋ ਕੇ ਅਧਿਆਤਮਿਕ ਭਵਿਸ਼ ਉਜਲਾ ਕਰ ਲਿਆ ਜਾਏ।

ਓਡ : ਇਕ ਖ਼ਾਨਾ-ਬਦੋਸ਼ ਜਾਂ ਟੱਪਰੀਵਾਸ ਜਾਤਿ ਇਸ ਦਾ ਮੁੱਖ ਵਿਚਰਣ-ਖੇਤਰ ਰਾਜਸਥਾਨ ਅਤੇ ਪੰਜਾਬ ਰਿਹਾ ਹੈ। ਇਸ ਜਾਤਿ ਦਾ ਮੂਲ-ਸਥਾਨ ਕਿਹੜਾ ਅਤੇ ਕਿਥੇ ਹੈ ? ਇਸ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ, ਪਰ ਉਂਜ ਸਾਰੇ ਇਸ ਗੱਲ ਉਤੇ ਸਹਿਮਤ ਹਨ ਕਿ ਇਸ ਜਾਤਿ ਦੇ ਲੋਕ ਬਾਰ੍ਹਵੀਂ ਜਾਂ ਤੇਰ੍ਹਵੀਂ ਸਦੀ ਵਿਚ ਰਾਜਸਥਾਨ ਤੋਂ ਪੰਜਾਬ ਵਲ ਪਸਰੇ ਸਨ। ਇਨ੍ਹਾਂ ਦੇ ਵਿਸਰਜਨ ਦਾ ਕਾਰਣ ਭਿਆਨਕ ਕਾਲ ਜਾਂ ਸੋਕਾ ਮੰਨਿਆ ਜਾਂਦਾ ਹੈ।

ਓਡ ਆਪਣਾ ਸੰਬੰਧ ਕਿਸੇ ਭਗੀਰਥ ਨਾਲ ਜੋੜਦੇ ਹਨ ਜੋ ਮਿਥ ਅਨੁਸਾਰ ਨਿੱਤ ਨਵਾਂ ਖੂਹ ਪੁਟ ਕੇ ਪਾਣੀ ਪੀਂਦਾ ਸੀ। ਇਕ ਵਾਰ ਖੂਹ ਪੁਟਦਾ ਪੁਟਦਾ ਉਹ ਹੇਠਾਂ ਨੂੰ ਧਸ ਗਿਆ ਅਤੇ ਫਿਰ ਬਾਹਰ ਨਾ ਨਿਕਲ ਸਕਿਆ। ਓਡਾਂ ਦਾ ਵਿਸ਼ਵਾਸ ਹੈ ਕਿ ਉਹ ਪਾਤਾਲ ਲੋਕ ਵਿਚ ਬੈਠਾ ਆਪਣੀ ਦੈਵੀ ਸ਼ਕਤੀ ਨਾਲ ਸਾਰੀ ਜਾਤਿ ਦਾ ਧਿਆਨ ਰਖ ਰਿਹਾ ਹੈ। ਉਸ ਦੇ ਵਿਯੋਗ ਵਿਚ ਉਦੋਂ ਤੋਂ ਓਡ ਲੋਕ ਊਨੀ ਬਸਤ੍ਰ ਪਾਂਦੇ ਆ ਰਹੇ ਹਨ। ਪਰ ਕੁਝ ਵਿਦਵਾਨਾਂ ਦੀ ਧਾਰਨਾ ਹੈ ਕਿ ਓਡ ਅਜਿਹੇ ਬਸਤ੍ਰ ਇਸ ਲਈ ਧਾਰਣ ਕਰਦੇ ਸਨ ਕਿਉਂਕਿ ਅਧਿਕਤਰ ਇਹ ਬਕਰੀਆਂ ਜਾਂ ਭੇਡਾਂ ਹੀ ਪਾਲਦੇ ਸਨ, ਇਸ ਲਈ ਉਨ੍ਹਾਂ ਦੇ ਵਾਲਾਂ ਦੇ ਬਣੇ ਬਸਤ੍ਰ ਹੀ ਇਨ੍ਹਾਂ ਲਈ ਸੁਵਿਧਾ ਪੂਰਵਕ ਉਪਲਬਧ ਹੁੰਦੇ ਸਨ।

ਓਡ ਮੂਲ ਰੂਪ ਵਿਚ ਰਾਜਪੂਤ (ਛਤ੍ਰੀ) ਸਨ, ਪਰ ਬਾਦ ਵਿਚ ਕੁਝ ਕਬੀਲੇ ਮੁਸਲਮਾਨ ਵੀ ਹੋ ਗਏ। ਇਸ ਲਈ ਓਡ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਮਿਲਦੇ ਹਨ। ਇਧਰ ਉਧਰ ਨਿਖੜ ਕੇ ਰਹਿਣ ਕਾਰਣ ਇਨ੍ਹਾਂ ਦੇ ਵੱਖ-ਵੱਖ ਕਬੀਲਿਆਂ ਵਿਚ ਸਮਾਜਿਕ ਅਤੇ ਧਾਰਮਿਕ ਮਾਨਤਾਵਾਂ ਦਾ ਅੰਤਰ ਵੀ ਪੈਦਾ ਹੋ ਗਿਆ ਹੈ।

ਓਡਾਂ ਦਾ ਪਰੰਪਰਾਗਤ ਕੰਮ ਖੂਹ ਪੁੱਟਣਾ ਜਾਂ ਧਰਤੀ ਵਿਚੋਂ ਪੱਥਰ ਕੱਢਣਾ ਹੈ ਅਤੇ ਇਹੀ ਹੁਣ ਤਕ ਇਨ੍ਹਾਂ ਦਾ ਮੁੱਖ ਕਿੱਤਾ ਚਲਿਆ ਆ ਰਿਹਾ ਹੈ। ਇਨ੍ਹਾਂ ਨੂੰ ਖੂਹ ਪੁਟਣ ਵਿਚ ਇਤਨੀ ਮਹਾਰਤ ਹੈ ਕਿ ਇਹ ਮਿੱਟੀ ਸੁੰਘ ਕੇ ਹੀ ਉਸ ਹੇਠਲੇ ਪਾਣੀ ਦੇ ਸ੍ਰੋਤੇ ਜਾਂ ਜਲਾਸ਼ਯ ਦਾ ਅਨੁਮਾਨ ਲਗਾ ਲੈਂਦੇ ਹਨ ਅਤੇ ਪਾਣੀ ਦੇ ਖਾਰੇ ਜਾਂ ਮਿਠੇ ਹੋਣ ਦਾ ਵੀ ਨਿਰਣਾ ਕਰਨ ਵਿਚ ਸਮਰਥ ਹੁੰਦੇ ਹਨ। ਕਾਲ-ਚੱਕਰ ਕਰਕੇ ਲੁਪਤ ਹੋਏ ਪੁਰਾਣੇ ਖੂਹਾਂ ਦੀ ਨਿਸ਼ਾਨਦੇਹੀ ਵੀ ਇਹ ਲੋਕ ਕਰ ਸਕਦੇ ਹਨ। ਇਸ ਨਿਸ਼ਾਨਦੇਹੀ ਵਿਚ ਇਨ੍ਹਾਂ ਦੁਆਰਾ ਪਾਲੀਆਂ ਬਕਰੀਆਂ ਵੀ ਸਹਾਇਕ ਹੁੰਦੀਆਂ ਹਨ ਕਿਉਂਕਿ ਬਕਰੀਆਂ ਆਮ ਤੌਰ ਤੇ ਗੁੱਝੇ ਖੂਹ ਦੀ ਉਪਰਲੀ ਧਰਤੀ ਉਤੇ ਨਾ ਬੈਠ ਕੇ ਉਸ ਦੀ ਮੁੰਡੇਰ ਦੁਆਲੇ ਗੋਲਾਕਾਰ ਵਿਚ ਬਹਿੰਦੀਆਂ ਹਨ। ਉਨ੍ਹਾਂ ਦੀ ਇਸ ਬੈਠਣ-ਸਥਿਤੀ ਤੋਂ ਹੀ ਓਡ ਧਰਤੀ ਹੇਠਾਂ ਦੱਬੇ ਖੂਹ ਦਾ ਅੰਦਾਜ਼ਾ ਲਗਾ ਲੈਂਦੇ ਹਨ। ਗੁਰੂ ਰਾਮਦਾਸ ਨੇ ਓਡ ਦੇ ਇਸ ਵਿਸ਼ਿਸ਼ਟ ਕਾਰਜ ਦੇ ਉਪਮਾਨ ਰਾਹੀਂ ਜਿਗਿਆਸੂ ਦੇ ਅਧਿਆਤਮਿਕ ਜੀਵਨ ਵਿਚ ਗੁਰੂ ਦੇ ਕਰਤੱਵ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਸਤਿਗੁਰੂ ਜਿਗਿਆਸੂ

ਦੇ ਮਨ ਅੰਦਰ ਲੁਪਤ ਨਾਮ-ਪਦਾਰਥ ਨੂੰ ਉਸ ਤਰ੍ਹਾਂ ਦਰਸਾ ਦਿੰਦਾ ਹੈ ਜਿਵੇਂ ਓਡ ਛਿਣ ਭਰ ਵਿਚ ਧਰਤੀ ਹੇਠਾਂ ਲੁਪਤ ਖੂਹ ਦਾ ਪਤਾ ਲਗਾ ਲੈਂਦਾ ਹੈ—'ਜਿਉ ਓਡਾ ਕੂਪੁ ਗੁਹਜ ਖਿਨ ਕਾਢੇ ਤਿਉ ਸਤਿਗੁਰਿ ਵਸਤੁ ਲਹਾਈਐ' (ਅ. ਗ੍ਰੰ. 1179)।

ਅ

ਅਉਧੂ/ਅਉਧੂਤ : ਵੇਖੋ 'ਅਵਧੂ/ਅਵਧੂਤ'।

ਅਸਟ-ਸਿੱਧੀਆਂ : ਵੇਖੋ 'ਸਿੱਧੀਆਂ'।

ਅਸ਼ਟਧਾਤ : ਅੱਠ ਧਾਤਾਂ ਦਾ ਸਮੂਹ 'ਅਸ਼ਟਧਾਤ' ਨਾਂ ਨਾਲ ਪ੍ਰਸਿੱਧ ਹੈ। ਇਨ੍ਹਾਂ ਧਾਤਾਂ ਦੇ ਨਾਂ ਇਸ ਪ੍ਰਕਾਰ ਹਨ—ਸੋਨਾ, ਚਾਂਦੀ, ਤਾਂਬਾ, ਕਲੀ, ਜਿਸਤ, ਸਿਕਾ (ਸੀਸਾ), ਲੋਹਾ ਅਤੇ ਪਾਰਾ। ਪਰ 'ਸੁਸ਼੍ਰੁਤ ਸੰਹਿਤਾ' ਵਿਚ ਕੇਵਲ ਪਹਿਲੀਆਂ ਸੱਤ ਧਾਤਾਂ ਹੀ ਗਿਣੀਆਂ ਗਈਆਂ ਹਨ, ਕਿਉਂਕਿ ਅੱਠਵੀਂ ਨੂੰ ਤਰਲ ਪਦਾਰਥ ਹੋਣ ਕਾਰਣ ਧਾਤ ਨਹੀਂ ਮੰਨਿਆ ਗਿਆ। ਪੁਰਾਤਨ ਕਾਲ ਤੋਂ ਮੂਰਤੀਆਂ ਜਾਂ ਵਿਸ਼ੇਸ਼ ਪ੍ਰਕਾਰ ਦੇ ਥੰਮਾਂ ਨੂੰ ਬਣਾਉਣ ਲਈ ਅਸ਼ਟਧਾਤਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਦੋਂ ਪਾਰੇ ਦੀ ਸਥਾਨ-ਪੂਰਤੀ ਪਿੱਤਲ ਰਾਹੀਂ ਕੀਤੀ ਜਾਂਦੀ ਸੀ। ਸਿੱਕੇ ਢਾਲਣ ਲਈ ਵੀ ਇਨ੍ਹਾਂ ਨੂੰ ਵਰਤਿਆ ਜਾਂਦਾ ਸੀ।

ਭਾਰਤੀ ਚਿੰਤਕਾਂ ਅਤੇ ਸਾਧਕਾਂ ਨੇ ਸ਼ਰੀਰ ਦੀ ਸਿਰਜਨਾ ਵੀ ਅੱਠ ਧਾਤਾਂ ਦੁਆਰਾ ਮੰਨੀ ਹੈ। ਗਉੜੀ ਰਾਗ ਦੀ 'ਥਿਤੀ' ਵਿਚ ਸੰਤ ਕਬੀਰ ਨੇ ਲਿਖਿਆ ਹੈ—'ਅਸਟਮੀ ਅਸਟ ਧਾਤ ਕੀ ਕਾਇਆ।' (ਅ. ਗ੍ਰੰ. 343)। ਇਨ੍ਹਾਂ ਅੱਠਾਂ ਧਾਤਾਂ ਦੇ ਨਾਵਾਂ ਬਾਰੇ ਦੋ ਮਤ ਪ੍ਰਚਲਿਤ ਹਨ। ਆਯੁਰਵੈਦਿਕ ਸ਼ਾਸਤ੍ਰ ਅਨੁਸਾਰ ਲਹੂ, ਹੱਡੀਆਂ, ਪੱਠੇ (ਪਿੰਜਰ), ਨਾੜੀਆਂ, ਚਰਬੀ, ਖਲੜੀ, ਰੋਮ ਅਤੇ ਵੀਰਜ ਹੀ ਅੱਠ ਧਾਤਾਂ ਹਨ। ਦੂਜੇ ਮਤ ਅਨੁਸਾਰ ਲਹੂ, ਹੱਡੀ, ਚਰਬੀ, ਵੀਰਜ, ਰਸ, ਮਾਸ, ਮਿਜ ਅਤੇ ਬਲ ਅੱਠ ਧਾਤਾਂ ਹਨ। ਇਨ੍ਹਾਂ ਦੋਹਾਂ ਮਤਾਂ ਵਿਚ ਚਾਰ ਧਾਤਾਂ ਆਪਸ ਵਿਚ ਮਿਲਦੀਆਂ ਹਨ। ਗੁਰੂ ਨਾਨਕ ਦੇਵ ਨੇ ਸਿਰੀ ਰਾਗ ਵਿਚ ਕਿਹਾ ਹੈ ਕਿ ਅੱਠ ਧਾਤਾਂ ਨਾਲ ਬਣਿਆ ਸ਼ਰੀਰ ਰੂਪੀ ਸਿੱਕਾ ਗੁਰੂ ਦੀ ਮਿਹਰ ਨਾਲ ਸ਼ਬਦ ਰੂਪੀ ਟਕਸਾਲ ਵਿਚ ਘੜੇ ਜਾਣ 'ਤੇ ਹੀ ਪ੍ਰਵਾਨ ਚੜ੍ਹਦਾ ਹੈ—'ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ' (ਅ. ਗ੍ਰੰ. 61)।

ਅਧਿਆਤਮਿਕ ਕਾਵਿ ਵਿਚ ਚਾਰ ਵਰਣਾਂ ਅਤੇ ਚਾਰ ਮਜ਼ਹਬਾਂ ਨੂੰ ਅੱਠ ਧਾਤਾਂ ਦੇ ਪ੍ਰਤੀਕ ਮੰਨ ਕੇ ਮਨੁੱਖਤਾ ਦੇ ਵਿਕਾਸ ਲਈ ਇਨ੍ਹਾਂ ਦੀ ਇਕਮਿਕਤਾ ਆਵੱਸ਼ਕ ਮੰਨੀ ਗਈ ਹੈ। ਭਾਈ ਗੁਰਦਾਸ ਨੇ ਸਿੱਖ ਧਰਮ ਦੇ ਸਰੂਪ ਵਿਚ ਚਾਰ ਵਰਣਾਂ ਅਤੇ ਚਾਰ ਮਜ਼ਹਬਾਂ ਰੂਪੀ ਅੱਠ ਧਾਤਾਂ ਦੀ ਪੂਰਣ ਸਮੋਈ ਦੀ ਕਲਪਨਾ ਕੀਤੀ ਹੈ—'ਮਨਿ ਜਿਤੈ ਜਗੁ ਜਿਣਿ ਲਇਆ ਅਸਟ ਧਾਤੁ ਇਕ ਧਾਤੁ ਕਰਾਇਆ' (29/2)।

ਅਸ਼ਟਮੀ : ਇਸ ਤੋਂ ਭਾਵ ਹੈ ਚੰਨ ਦੇ ਹਨੇਰੇ ਅਤੇ ਚਾਨਣੇ ਪੱਖਾਂ ਦੀ ਅੱਠਵੀਂ ਥਿਤ। ਚਾਨਣੇ ਪੱਖ ਵਿਚ ਅਸ਼ਟਮੀ ਨੌਮੀ ਨਾਲ ਮਿਲਾ ਕੇ ਗ੍ਰਹਿਣ ਕੀਤੀ ਜਾਂਦੀ ਹੈ ਅਤੇ ਕ੍ਰਿਸ਼ਣ ਪੱਖ ਵਿਚ ਅਸ਼ਟਮੀ ਸਪਤਮੀ ਨਾਲ ਮਿਲਾ ਕੇ ਗ੍ਰਹਿਣ ਕੀਤੀ ਜਾਂਦੀ ਹੈ।

ਹਿੰਦੂਆਂ ਵਿਚ ਇਸ ਥਿਤ ਦਾ ਪਵਿੱਤਰ ਮਹੱਤਵ ਹੈ। ਇਕ, ਇਸ ਲਈ ਕਿ ਦਕ੍ਸ਼ ਪ੍ਰਜਾਪਤੀ ਦਾ ਯੱਗ ਭੰਗ ਕਰਨ ਲਈ ਅਸ਼ਟਮੀ ਥਿਤ ਨੂੰ ਭੱਦਰ ਕਾਲੀ ਦਾ ਅਵਤਾਰ ਹੋਇਆ ਸੀ। ਦੇਵੀ ਉਪਾਸ਼ਕਾਂ ਲਈ ਅਸੂ ਅਤੇ ਚੇਤਰ ਮਹੀਨਿਆਂ ਦੇ ਨੌਰਾਤਰਿਆਂ ਦੇ ਚਾਨਣੇ ਪੱਖ ਦੀਆਂ ਅਸ਼ਟਮੀਆਂ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਇਨ੍ਹਾਂ ਮੌਕਿਆਂ ਤੇ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਕੜਾਹ ਬਣਾ ਕੇ ਕੰਜਕਾਂ ਨੂੰ ਖਵਾਇਆ ਜਾਂਦਾ ਹੈ। ਦੂਜਾ, ਇਸ ਲਈ ਕੇ ਭਾਦੋਂ ਵਿਚ ਹਨੇਰੇ ਪੱਖ ਦੀ ਅਸ਼ਟਮੀ ਨੂੰ ਸ੍ਰੀ ਕ੍ਰਿਸ਼ਣ ਨੇ ਅਵਤਾਰ ਲਿਆ ਸੀ। ਗੁਰੂ ਅਰਜਨ ਦੇਵ ਨੇ ਇਸ ਥਿਤ ਨੂੰ ਸ੍ਰੀ ਕ੍ਰਿਸ਼ਣ ਦੇ ਅਵਤਾਰ-ਦਿਨ ਨਾਲ ਜੋੜਨ ਦੀ ਮਨੌਤ ਵਲ ਸੰਕੇਤ ਕੀਤਾ ਹੈ —'ਸਗਲੀ ਥੀਤਿ ਪਾਸਿ ਡਾਰਿ ਰਾਖੀ ।/ਅਸਟਮ ਥੀਤਿ ਗੋਵਿੰਦ ਜਨਮਾਸੀ' (ਅ. ਗ੍ਰੰ. 1136)।

ਅਸ਼ਟਾਂਗ-ਯੋਗ : ਇਸ ਤੋਂ ਭਾਵ ਹੈ ਅੱਠ ਅੰਗਾਂ ਵਾਲਾ ਯੋਗ ਜਿਸ ਵਿਚ ਯੋਗ-ਸਾਧਨਾ ਦੇ ਅੱਠ ਪੱਖਾਂ ਜਾਂ ਨਿਯਮਾਂ ਦੀ ਪਾਲਨਾ ਜ਼ਰੂਰੀ ਦਸੀ ਗਈ ਹੋਵੇ।

ਭਾਈ ਗੁਰਦਾਸ ਨੇ ਲਿਖਿਆ ਹੈ—'ਅਠ ਪਹਿਰ ਅਸ਼ਟਾਂਗੁ ਜੋਗੁ ਚਾਵਲ ਰਤੀ ਮਾਸਾ ਰਾਈ।' (7/8)। ਪਤੰਜਲਿ ਰਿਸ਼ੀ ਨੇ ਆਪਣੇ 'ਯੋਗ-ਸੂਤ੍ਰ' ਦੇ 'ਸਾਧਨ-ਪਾਦ' ਵਿਚ ਅਵਿਦਿਆ (ਅਗਿਆਨ) ਆਦਿ ਪੰਜ ਕਲੇਸ਼ਾਂ ਨੂੰ ਸਾਰਿਆਂ ਦੁੱਖਾਂ ਦਾ ਕਾਰਣ ਮੰਨ ਕੇ ਇਨ੍ਹਾਂ ਦਾ ਪੂਰੀ ਤਰ੍ਹਾਂ ਨਾਸ਼ ਕਰਨ ਲਈ ਨਿਰਮਲ ਵਿਵੇਕ-ਗਿਆਨ ਦੀ ਪ੍ਰਾਪਤੀ ਆਵੱਸ਼ਕ ਉਪਾ ਦਸਿਆ ਹੈ। ਇਸ ਤੋਂ ਬਿਨਾ ਨਾ ਕਲੇਸ਼ ਨਾਸ਼ ਹੁੰਦੇ ਹਨ ਅਤੇ ਨਾ ਹੀ ਕੈਵਲ੍ਯ ਦੀ ਪ੍ਰਾਪਤੀ ਸੰਭਵ ਹੁੰਦੀ ਹੈ। ਵਿਵੇਕ-ਗਿਆਨ ਦੀ ਸਿੱਧੀ ਲਈ 'ਯੋਗ-ਸੂਤ੍ਰ' (2/29) ਵਿਚ ਅੱਠ ਅੰਗਾਂ (ਅਸ਼ਟਾਂਗ) ਦੀ ਸਥਾਪਨਾ ਕੀਤੀ ਗਈ ਹੈ। ਇਹ ਅੱਠ ਅੰਗ ਇਸ ਪ੍ਰਕਾਰ ਹਨ—ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਣਾ, ਧਿਆਨ, ਸਮਾਧਿ। ਇਨ੍ਹਾਂ ਵਿਚੋਂ ਪਹਿਲੇ ਪੰਜ ਅੰਗ ਯੋਗ ਦੇ ਬਾਹਰਲੇ ਸਾਧਨ ਕਹੇ ਜਾਂਦੇ ਹਨ ਅਤੇ ਬਾਕੀ ਦੇ ਤਿੰਨ ਅੰਦਰਲੇ ਸਾਧਨ ਮੰਨੇ ਜਾਂਦੇ ਹਨ। ਇਨ੍ਹਾਂ ਅੰਦਰਲੇ ਤਿੰਨ ਸਾਧਨਾਂ ਦਾ ਵਿਵੇਕ ਦੇ ਉਤਪਾਦਨ ਵਿਚ ਵਿਸ਼ੇਸ਼ ਮਹੱਤਵ ਹੈ ਅਤੇ ਸਮਾਧੀ ਦੀ ਅਵਸਥਾ ਨਾਲ ਇਨ੍ਹਾਂ ਦਾ ਸਿੱਧਾ ਸੰਬੰਧ ਹੈ। ਅਸ਼ਟਾਂਗ ਯੋਗ ਨੂੰ 'ਰਾਜ ਯੋਗ' ਵੀ ਕਿਹਾ ਜਾਂਦਾ ਹੈ (ਵੇਖੋ 'ਯੋਗ ਦਰਸ਼ਨ')। ਇਨ੍ਹਾਂ ਅੰਗਾਂ ਬਾਰੇ ਕੁਝ ਵਿਸਤਾਰ ਨਾਲ ਵਿਚਾਰ ਕਰ ਲੈਣਾ ਉਚਿਤ ਹੋਵੇਗਾ।

'ਯਮ' ਦਾ ਅਰਥ ਹੈ ਸੰਜਮ। 'ਯੋਗ ਸੂਤ੍ਰ' (2/30) ਅਨੁਸਾਰ ਇਹ ਪੰਜ ਹਨ— ਅਹਿੰਸਾ, ਸਤ੍ਯ, ਅਸਤੇਯ (ਚੋਰੀ ਨਾ ਕਰਨਾ), ਬ੍ਰਹਮਚਰਯ ਅਤੇ ਅਪਰਿ-ਗ੍ਰਹ (ਲੋਭ ਵਸ ਬੇਲੋੜੀ ਵਸਤੂ ਨੂੰ ਇਕੱਠਾ ਨਾ ਕਰਨਾ)। 'ਹਠਯੋਗ-ਪ੍ਰਦੀਪਿਕਾ' ਵਿਚ ਇਨ੍ਹਾਂ ਯਮਾਂ ਦੀ ਗਿਣਤੀ 10 ਅਤੇ 'ਭਾਗਵਤ ਪੁਰਾਣ' (11/19) ਵਿਚ ਬਾਰ੍ਹਾਂ ਦਸੀ ਗਈ ਹੈ।

ਇਨ੍ਹਾਂ ਰਾਹੀਂ ਕਾਯਾ ਨੂੰ ਯੋਗ-ਸਾਧਨਾ ਦੇ ਅਨੁਕੂਲ ਬਣਾਇਆ ਜਾਂਦਾ ਹੈ ਕਿਉਂਕਿ ਉਸ ਦਾ ਬਲਵਾਨ ਹੋਣਾ ਜ਼ਰੂਰੀ ਹੈ, ਤਾਂ ਹੀ ਚਿੱਤ ਇਕਾਗ੍ਰ ਹੋ ਸਕਦਾ ਹੈ। ਉਂਜ ਇਨ੍ਹਾਂ ਦੀ ਪਾਲਣਾ ਜੀਵਨ ਦੇ ਸਾਵੇਂ ਵਿਕਾਸ ਲਈ ਹਰ ਇਕ ਵਿਅਕਤੀ ਲਈ ਜ਼ਰੂਰੀ ਹੈ।

'ਨਿਯਮ' ਉਸ ਤਪਸਿਆ ਨੂੰ ਆਖਦੇ ਹਨ ਜਿਨ੍ਹਾਂ ਰਾਹੀਂ ਸਦਾਚਾਰ ਦੀ ਪਾਲਨਾ ਹੁੰਦੀ ਹੈ ਅਤੇ ਮਨ ਤੇ ਸ਼ਰੀਰ ਦੀ ਸ਼ੁੱਧੀ ਹੁੰਦੀ ਹੈ। 'ਯੋਗ-ਸੂਤ੍ਰ' (2/32) ਅਨੁਸਾਰ ਨਿਯਮ ਪੰਜ ਹਨ—ਸ਼ੌਚ (ਸ਼ਰੀਰਕਿ ਅਤੇ ਮਾਨਸਿਕ ਸ਼ੁੱਧੀ), ਸੰਤੋਸ਼, ਤਪ (ਗਰਮੀ, ਸਰਦੀ ਸਹਿਨ ਕਰਨ ਦਾ ਅਭਿਆਸ ਅਤੇ ਕਠੋਰ ਬ੍ਰਤ ਦੀ ਪਾਲਨਾ), ਸ੍ਵਾਧ੍ਯਾਯ (ਨੇਮ ਨਾਲ ਧਰਮ-ਗ੍ਰੰਥਾਂ ਦਾ ਅਧਿਐਨ), ਈਸ਼ਵਰ ਪ੍ਰਣਿਧਾਨ (ਈਸ਼ਵਰ ਦਾ ਧਿਆਨ ਅਤੇ ਉਸ ਵਿਚ ਸਭ ਕਰਮਾਂ ਦਾ ਸਮਰਪਣ)। 'ਹਠਯੋਗ-ਪ੍ਰਦੀਪਿਕਾ' ਅਤੇ 'ਦਰਸ਼ਨ-ਉਪਨਿਸ਼ਦ' (2/1) ਵਿਚ ਨਿਯਮਾਂ ਦੀ ਗਿਣਤੀ ਦਸ ਹੈ ਅਤੇ 'ਭਾਗਵਤ ਪੁਰਾਣ' (11/19) ਵਿਚ ਬਾਰ੍ਹਾਂ। ਯਮ ਅਤੇ ਨਿਯਮ ਦੋਵੇਂ ਨੈਤਿਕ ਸਾਧਨਾ ਉਤੇ ਬਲ ਦਿੰਦੇ ਹਨ ਅਤੇ ਯੋਗ-ਅਭਿਆਸ ਲਈ ਆਵੱਸ਼ਕ ਹਨ। ਇਨ੍ਹਾਂ ਦੋਹਾਂ ਦੇ ਅਭਿਆਸ ਨਾਲ ਵੈਰਾਗ (ਵਾਸਨਾ ਦਾ ਅਭਾਵ) ਸੁਲੱਭ ਹੋ ਜਾਂਦਾ ਹੈ।

'ਆਸਨ' ਦਾ ਅਰਥ ਹੈ ਬੈਠਣਾ। 'ਯੋਗ-ਸੂਤ੍ਰ' (2/46) ਅਨੁਸਾਰ ਦੇਰ ਤਕ ਨਿਸਚਿੰਤ ਹੋ ਕੇ ਇਕੋ ਹਾਲਤ ਵਿਚ ਸੁਖਪੂਰਵਕ ਬੈਠਣਾ 'ਆਸਨ' ਹੈ। ਟੀਕਾਕਾਰਾਂ ਨੇ ਆਸਨਾਂ ਦੀ ਗਿਣਤੀ ਅਨੰਤ ਦਸੀ ਹੈ, ਪਰ ਮੁੱਖ ਤੌਰ ਤੇ 84 ਮੰਨੀ ਜਾਂਦੀ ਹੈ। ਇਨ੍ਹਾਂ ਵਿਚੋਂ ਵੀ ਚਾਰ ਅਧਿਕ ਪ੍ਰਸਿੱਧ ਹਨ—ਸਿੱਧਾਸਨ, ਪਦਮਾਸਨ, ਸਮਾਸਨ, ਸ੍ਵਸ੍ਤਿਕਾਸਨ। ਇਨ੍ਹਾਂ ਦੇ ਅਭਿਆਸ ਦਾ ਗਿਆਨ ਕਿਸੇ ਸਿੱਧ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਚਿੱਤ ਦੀ ਇਕਾਗ੍ਰਤਾ ਲਈ ਸ਼ਰੀਰ ਦਾ ਅਨੁਸ਼ਾਸਨ ਬਹੁਤ ਜ਼ਰੂਰੀ ਹੈ। ਇਸ ਨਾਲ ਸ਼ਰੀਰ ਰੋਗ-ਮੁਕਤ ਅਤੇ ਬਲਵਾਨ ਬਣਦਾ ਹੈ। ਆਸਨਾਂ ਰਾਹੀਂ ਸ਼ਰੀਰ ਦੇ ਸਾਰੇ ਅੰਗਾਂ, ਪੱਠਿਆਂ ਅਤੇ ਨਾੜੀਆਂ ਨੂੰ ਵਸ ਵਿਚ ਕੀਤਾ ਜਾ ਸਕਦਾ ਹੈ, ਤਾਂ ਜੋ ਮਨ ਵਿਕਾਸ-ਰਹਿਤ ਹੋ ਸਕੇ। ਇਨ੍ਹਾਂ ਨਾਲ ਉਮਰ ਲੰਮੀ ਹੁੰਦੀ ਹੈ ਅਤੇ ਸ਼ਰੀਰ ਵਿਚ ਥਕਾਵਟ ਮਹਿਸੂਸ ਨਹੀਂ ਹੁੰਦੀ।

'ਪ੍ਰਾਣਾਯਾਮ' ਤੋਂ ਭਾਵ ਹੈ ਸੁਆਸਾਂ ਦੀ ਗਤਿ ਨੂੰ ਨਿਯਮ ਵਿਚ ਬੰਨ੍ਹਣਾ। 'ਯੋਗ-ਸੂਤ੍ਰ' (2/49) ਅਨੁਸਾਰ 'ਆਸਨ' ਦੇ ਸਥਿਰ ਹੋਣ ਤੋਂ ਬਾਦ ਸੁਆਸਾਂ ਦੀ ਗਤਿ ਨੂੰ ਰੋਕਣ ਦੀ ਕ੍ਰਿਆ ਦਾ ਆਰੰਭ ਹੁੰਦਾ ਹੈ ਅਤੇ ਇਸੇ ਨੂੰ 'ਪ੍ਰਾਣਾਯਾਮ' ਕਿਹਾ ਜਾਂਦਾ ਹੈ। ਇਸ ਨਾਲ ਮਨ ਨੂੰ ਸਥਿਰਤਾ ਮਿਲਦੀ ਹੈ। ਇਸ ਦੇ ਤਿੰਨ ਅੰਗ ਹਨ—ਪੂਰਕ (ਅੰਦਰ ਨੂੰ ਪੂਰਾ ਸੁਆਸ ਲੈਣਾ), ਕੁੰਭਕ (ਸੁਆਸ ਨੂੰ ਅੰਦਰ ਰੋਕਣਾ), ਰੇਚਕ (ਨੇਮ ਨਾਲ ਸੁਆਸ ਨੂੰ ਬਾਹਰ ਛਡਣਾ) (ਯੋਗ-ਸੂਤ੍ਰ 2/50)। ਇਸ ਨਾਲ ਸ਼ਰੀਰ ਅਤੇ ਮਨ ਬਲਵਾਨ ਹੁੰਦੇ ਹਨ, ਚਿੱਤ ਵਿਚ ਇਕਾਗ੍ਰਤਾ ਆਉਂਦੀ ਹੈ। ਇਸ ਅਭਿਆਸ ਨਾਲ ਯੋਗੀ ਬਹੁਤ ਦੇਰ ਤਕ ਆਪਣੇ ਸੁਆਸਾਂ ਨੂੰ ਅੰਦਰ ਰੋਕ ਸਕਦਾ ਹੈ ਅਤੇ ਸਮਾਧੀ ਦਾ ਸਮਾਂ ਅਗੇ ਵਧਾ ਸਕਦਾ ਹੈ। 'ਹਠਯੋਗ' ਵਿਚ ਪ੍ਰਾਣਾਯਾਮ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ।

'ਪ੍ਰਤਿਆਹਾਰ' ਤੋਂ 'ਯੋਗ-ਸੂਤ੍ਰ' (2/54) ਅਨੁਸਾਰ ਭਾਵ ਹੈ ਇੰਦ੍ਰੀਆਂ ਦੇ ਆਪਣੇ ਬਾਹਰਲੇ ਵਿਸ਼ਿਆਂ ਤੋਂ ਹਟ ਕੇ ਅੰਤਰ-ਮੁਖੀ ਹੋਣਾ। ਇੰਦ੍ਰੀਆਂ ਮਨ ਨੂੰ ਆਪਣੀ ਇੱਛਾ ਅਨੁਸਾਰ ਇਧਰ ਉਧਰ ਦੌੜਾਈ ਫਿਰਦੀਆਂ ਹਨ। ਪ੍ਰਤਿਆਹਾਰ ਦੇ ਅਭਿਆਸ ਨਾਲ ਇਹ ਇੰਦ੍ਰੀਆਂ ਪੂਰੀ ਤਰ੍ਹਾਂ ਮਨ ਦੇ ਅਧੀਨ ਹੋ ਜਾਂਦੀਆਂ ਹਨ। ਪ੍ਰਤਿਆਹਾਰ ਲਈ ਦ੍ਰਿੜ੍ਹ ਸੰਕਲਪ ਅਤੇ ਇੰਦ੍ਰੀਆਂ ਦੀ ਰੋਕ ਬਹੁਤ ਜ਼ਰੂਰੀ ਹੈ।

'ਧਾਰਣਾ' ਤੋਂ ਭਾਵ ਹੈ ਕਿਸੇ ਗੱਲ ਨੂੰ ਧਾਰਣ ਕਰਨਾ। ਪਤੰਜਲਿ ਅਨੁਸਾਰ ਮਨ (ਚਿੱਤ) ਨੂੰ ਕਿਸੇ ਇੱਛਿਤ ਵਸਤੂ ਜਾਂ ਥਾਂ ਉਤੇ ਕੇਂਦ੍ਰਿਤ ਕਰਨ ਦੀ ਕ੍ਰਿਆ 'ਧਾਰਣਾ' ਹੈ ('ਯੋਗ-ਸੂਤ੍ਰ' 3/1)। ਇਸ ਦੇ ਅਭਿਆਸ ਨਾਲ ਚਿੱਤ-ਵ੍ਰਿੱਤੀਆਂ ਸਥਿਰ ਹੁੰਦੀਆਂ ਹਨ। ਧਾਰਣਾ ਦੀ ਸਿੱਧੀ ਲਈ ਕੁਝ ਕੁ ਮੁਦ੍ਰਾਵਾਂ ਦੀ ਲੋੜ ਵੀ ਦਸੀ ਗਈ ਹੈ, ਜਿਨ੍ਹਾਂ ਵਿਚ ਚਾਰ ਪ੍ਰਮੁਖ ਹਨ—ਅਗੋਚਰੀ, ਭੂਚਰੀ, ਚਾਚਰੀ ਅਤੇ ਸ਼ਾਂਭਵੀ।

'ਧਿਆਨ' ਬਾਰੇ 'ਯੋਗ-ਸੂਤ੍ਰ' (3/2) ਵਿਚ ਦਸਿਆ ਗਿਆ ਹੈ ਕਿ ਇੱਛਿਤ ਵਸਤੂ ਦੀ ਧਾਰਣਾ ਤੋਂ ਬਾਦ ਨਿਰੰਤਰ ਉਸ ਦਾ ਮਨਨ ਕਰਨਾ ਜਾਂ ਚਿੱਤ-ਵ੍ਰਿੱਤੀ ਨੂੰ ਲਗਾਤਾਰ ਉਸ ਵਿਚ ਲਗਾਈ ਰਖਣਾ 'ਧਿਆਨ' ਹੈ। ਇਸ ਨਾਲ, ਜਿਸ ਵਸਤੂ ਜਾਂ ਵਿਸ਼ੇ ਦਾ ਧਿਆਨ ਕੀਤਾ ਜਾਂਦਾ ਹੈ, ਉਸ ਦਾ ਸਪੱਸ਼ਟ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਸ ਦੇ ਤਿੰਨ ਭੇਦ ਮੰਨੇ ਗਏ ਹਨ—ਸਥੂਲ ਧਿਆਨ, ਜ੍ਯੋਤਿ ਧਿਆਨ ਅਤੇ ਸੂਖਮ ਧਿਆਨ।

'ਸਮਾਧਿ' ਨੂੰ ਪਤੰਜਲਿ ਨੇ ਯੋਗ ਦਾ ਅੰਤਿਮ ਅੰਗ ਮੰਨਿਆ ਹੈ। ਜਦੋਂ ਧਿਆਨ ਕਰਦਿਆਂ ਕਰਦਿਆਂ ਚਿੱਤ ਲਕਸ਼ਿਤ ਵਸਤੂ ਜਾਂ ਵਿਸ਼ੇ ਦਾ ਆਕਾਰ ਗ੍ਰਹਿਣ ਕਰ ਲੈਂਦਾ ਹੈ ਜਾਂ ਉਸ ਵਸਤੂ ਅਤੇ ਧਿਆਨ ਮਗਨ ਵਿਅਕਤੀ ਦਾ ਆਪਸੀ ਭੇਦ ਮਿਟ ਜਾਂਦਾ ਹੈ, ਤਾਂ ਉਸ ਅਵਸਥਾ ਨੂੰ 'ਸਮਾਧਿ' ਕਿਹਾ ਜਾਂਦਾ ਹੈ। (ਯੋਗ-ਸੂਤ੍ਰ 3/3)। ਮੋਖ-ਪ੍ਰਾਪਤੀ ਲਈ ਇਸ ਅਵਸਥਾ ਤੋਂ ਗੁਜ਼ਰਨਾ ਬਹੁਤ ਜ਼ਰੂਰੀ ਹੈ। ਇਸ ਰਾਹੀਂ ਬਾਹਰਲੇ ਜਗਤ ਨਾਲ ਸੰਬੰਧ ਟੁਟ ਜਾਂਦਾ ਹੈ ਅਤੇ ਨਿੱਤਪਦ ਦੀ ਫਿਰ ਤੋਂ ਪ੍ਰਾਪਤੀ ਹੋ ਜਾਂਦੀ ਹੈ। ਇਸ ਅਵਸਥਾ ਨੂੰ ਸਰਲ ਅਨੁਭਵ ਨਹੀਂ ਸਮਝਣਾ ਚਾਹੀਦਾ। ਇਹ ਅਜਿਹੀਆਂ ਮਾਨਸਿਕ ਅਵਸਥਾਵਾਂ ਦੀ ਸੰਗਲੀ ਹੈ ਜੋ ਸਰਲ ਹੁੰਦੀ ਹੋਈ ਵੀ ਆਖੀਰ ਵਿਚ ਅਚੇਤਨ ਅਵਸਥਾ ਵਿਚ ਬਦਲ ਜਾਂਦੀ ਹੈ।

ਜਦੋਂ ਧਾਰਣਾ, ਧਿਆਨ ਅਤੇ ਸਮਾਧਿ ਇਹ ਤਿੰਨੋਂ ਅੰਗ ਇਕ ਹੀ ਵਿਸ਼ੇ ਵਲ ਪ੍ਰੇਰਿਤ ਹੁੰਦੇ ਹਨ, ਤਾਂ ਉਸ ਨੂੰ 'ਸੰਯਮ' ਕਿਹਾ ਜਾਂਦਾ ਹੈ। ਜਦ ਇਹ ਸੰਯਮ ਵਿਸ਼ਿਆਂ ਵਲ ਪ੍ਰੇਰਿਤ ਹੁੰਦਾ ਹੈ, ਤਾਂ ਅਸਾਧਾਰਣ ਸ਼ਕਤੀਆਂ (ਸਿੱਧੀਆਂ) ਪ੍ਰਾਪਤ ਹੋ ਜਾਂਦੀਆਂ ਹਨ। ਪਰ ਮੁਕਤੀ ਲਈ ਇਨ੍ਹਾਂ ਸਿੱਧੀਆਂ ਦੇ ਲੋਭ ਤੋਂ ਬਚਣਾ ਚਾਹੀਦਾ ਹੈ।

ਅਸ਼ਟਾਧਿਆਈ : ਵੇਖੋ 'ਪਾਣਿਨੀ'।

ਅਸ਼ਟਾਵਕ੍ਰ, ਰਿਸ਼ੀ : ਇਸ ਦਾ ਸ਼ਾਬਦਿਕ ਅਰਥ ਹੈ ਅੱਠ ਵਿੰਗੇ ਟੇਢੇ ਅੰਗਾਂ ਵਾਲਾ। ਇਹ, ਅਸਲ ਵਿਚ, ਇਕ ਰਿਸ਼ੀ ਦਾ ਨਾਂ ਹੈ ਜਿਸ ਦੇ ਅੰਗ ਵਿੰਗੇ ਸਨ। ਇਸ ਦਾ ਉਪਾਖਿਆਨ 'ਮਹਾਭਾਰਤ' (ਵਨ ਪਰਵ/ 132-34) ਵਿਚ ਦਰਜ ਹੈ। ਇਹ ਕਹੋਡ ਨਾਂ ਦੇ ਇਕ ਬ੍ਰਾਹਮਣ ਦਾ ਪੁੱਤਰ ਸੀ ਜਿਸ ਨੇ ਆਪਣੇ ਗੁਰੂ ਉੱਦਾਲਕ ਦੀ ਪੁੱਤਰੀ

ਸੁਜਾਤਾ ਨਾਲ ਵਿਆਹ ਕੀਤਾ ਸੀ। ਜਦੋਂ ਇਹ ਗਰਭ ਵਿਚ ਸੀ ਤਾਂ ਕਹੋਡ ਯੱਗ ਆਦਿ ਵਿਚ ਅਧਿਕ ਰੁਝੇ ਰਹਿਣ ਕਾਰਣ ਆਪਣੀ ਪਤਨੀ ਵਲ ਬਹੁਤ ਧਿਆਨ ਨਾ ਦੇ ਸਕਿਆ। ਫਲਸਰੂਪ ਗਰਭ ਅਵਸਥਾ ਵਿਚ ਹੀ ਅਸ਼ਟਾਵਕ੍ਰ ਆਪਣੇ ਪਿਤਾ ਪ੍ਰਤਿ ਬਹੁਤ ਨਾਰਾਜ਼ ਹੋਇਆ। ਇਸ 'ਤੇ ਕਹੋਡ ਨੇ ਸਰਾਪ ਦਿੱਤਾ ਅਤੇ ਉਹ ਅਸ਼ਟਾਂਗ ਦੀ ਥਾਂ ਅਸ਼ਟਾਵਕ੍ਰ ਹੋ ਗਿਆ।

ਇਕ ਹੋਰ ਪ੍ਰਸੰਗ ਅਨੁਸਾਰ ਕਹੋਡ ਦੇ ਸਰਾਪ ਦੇਣ ਦਾ ਕਾਰਣ ਇਹ ਸੀ ਕਿ ਗਰਭ ਸਥਿਤ ਅਸ਼ਟਾਵਕ੍ਰ ਨੇ ਆਪਣੇ ਪਿਤਾ ਨੂੰ ਅਸ਼ੁੱਧ ਵੇਦ ਪਾਠ ਕਰਨ 'ਤੇ ਟੋਕਿਆ ਸੀ। ਪੈਦਾ ਹੋਣ 'ਤੇ ਇਸ ਬਾਲਕ ਦੇ ਅੱਠੋਂ ਅੰਗ ਵਿੰਗੇ ਟੇਢੇ ਸਨ। ਇਸ ਕਰਕੇ ਇਸ ਦਾ ਨਾਂ ਉਦੋਂ ਤੋਂ 'ਅਸ਼ਟਾਵਕ੍ਰ' ਪ੍ਰਸਿੱਧ ਹੋ ਗਿਆ।

ਇਕ ਵਾਰ ਰਾਜਾ ਜਨਕ ਦੇ ਦਰਬਾਰ ਵਿਚ ਬੰਦੀ ਨਾਂ ਦੇ ਇਕ ਬੰਧੀ ਰਿਸ਼ੀ ਕੋਲੋਂ ਕਹੋਡ ਸ਼ਾਸਤ੍ਰਾਰਥ ਵਿਚ ਹਾਰ ਗਿਆ ਅਤੇ ਉਸ ਨੂੰ ਨਦੀ ਵਿਚ ਡਬੋ ਦਿੱਤਾ ਗਿਆ। ਜਦ ਅਸ਼ਟਾਵਕ੍ਰ 12 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਆਪਣੇ ਪਿਤਾ ਦੇ ਡਬੋਏ ਜਾਣ ਦੀ ਘਟਨਾ ਦਾ ਪਤਾ ਲਗਾ ਤਾਂ ਬਦਲਾ ਲੈਣ ਲਈ ਆਪਣੇ ਮਾਮੇ ਸ੍ਵੇਤਕੇਤੂ ਨੂੰ ਨਾਲ ਲੈ ਕੇ ਜਨਕ ਦੇ ਦਰਬਾਰ ਵਿਚ ਪਹੁੰਚਿਆ। ਸ਼ਾਸਤ੍ਰਾਰਥ ਵਿਚ ਉਸ ਨੇ ਬੰਧੀ ਰਿਸ਼ੀ ਨੂੰ ਹਰਾਇਆ ਅਤੇ ਉਸ ਨੂੰ ਕਹੋਡ ਵਾਂਗ ਡਬੋਣ ਲਈ ਰਾਜੇ ਨੂੰ ਕਿਹਾ। ਬੰਧੀ ਰਿਸ਼ੀ ਨੂੰ ਜਦੋਂ ਬਚਣ ਦੀ ਕੋਈ ਆਸ ਨਾ ਰਹੀ ਤਾਂ ਉਸ ਨੇ ਆਪਣੇ ਆਪ ਨੂੰ ਵਰੁਣ ਦਾ ਪੁੱਤਰ ਜ਼ਾਹਿਰ ਕਰਕੇ ਦਸਿਆ ਕਿ ਉਸ ਨੇ 12 ਵਰ੍ਹਿਆਂ ਤੋਂ ਵਰੁਣ ਰਾਜੇ ਵਲੋਂ ਕਰਵਾਏ ਜਾ ਰਹੇ ਯੱਗ ਲਈ ਸ੍ਰੇਸ਼ਠ ਬ੍ਰਾਹਮਣਾਂ ਨੂੰ ਸ਼ਾਸਤ੍ਰਾਰਥ ਵਿਚ ਹਰਾ ਕੇ ਯੱਗ ਨਿਮਿਤ ਵਰੁਣ ਲੋਕ ਪਹੁੰਚਾਇਆ ਸੀ। ਹੁਣ ਯੱਗ ਦੇ ਖ਼ਤਮ ਹੋਣ ਕਾਰਣ ਕਹੋਡ ਵਾਪਸ ਆ ਰਿਹਾ ਹੈ। ਘਰ ਪਹੁੰਚ ਕੇ ਉਸ ਨੇ ਆਪਣੇ ਪੁੱਤਰ ਅਸ਼ਟਾਵਕ੍ਰ ਨੂੰ ਸਮੰਗਾ ਨਦੀ ਵਿਚ ਇਸ਼ਨਾਨ ਕਰਨ ਲਈ ਕਿਹਾ। ਇਸ਼ਨਾਨ ਕਰਨ ਤੋਂ ਬਾਦ ਉਸ ਦੇ ਸਾਰੇ ਅੰਗ ਸਹੀ ਹੋ ਗਏ।

'ਮਹਾਭਾਰਤ' (ਦਾਨ-ਧਰਮ ਪਰਵ/19-21) ਵਿਚ ਲਿਖੇ ਇਕ ਹੋਰ ਆਖਿਆਨ ਅਨੁਸਾਰ ਅਸ਼ਟਾਵਕ੍ਰ ਵਦਾਨ੍ਯ ਰਿਸ਼ੀ ਦੀ ਪੁੱਤਰੀ ਸੁਪ੍ਰਭਾ ਨਾਲ ਵਿਆਹ ਕਰਨਾ ਚਾਹੁੰਦਾ ਸੀ। ਰਿਸ਼ੀ ਤੋਂ ਪੁੱਤਰੀ ਦੀ ਯਾਚਨਾ ਕਰਨ ਗਏ ਨੂੰ ਰਿਸ਼ੀ ਨੇ ਇਕ ਚਾਰਿਤ੍ਰਿਕ ਪਰੀਖਿਆ ਵਿਚ ਪਾਇਆ। ਪਰੀਖਿਆ ਵਿਚ ਸਫਲ ਹੋਣ 'ਤੇ ਰਿਸ਼ੀ ਨੇ ਆਪਣੀ ਪੁੱਤਰੀ ਦਾ ਵਿਆਹ ਅਸ਼ਟਾਵਕ੍ਰ ਨਾਲ ਕਰ ਦਿੱਤਾ।

'ਵਿਸ਼ਣੂ ਪੁਰਾਣ' (5/38) ਵਿਚ ਆਏ ਇਕ ਉਪਾਖਿਆਨ ਅਨੁਸਾਰ ਇਕ ਵਾਰ ਸਨਾਤਨ ਬ੍ਰਹਮ ਦੀ ਉਸਤਤ ਲਈ ਅਸ਼ਟਾਵਕ੍ਰ ਕਈ ਵਰ੍ਹਿਆਂ ਤਕ ਜਲ ਵਿਚ ਤਪਸਿਆ ਕਰਦਾ ਰਿਹਾ। ਉਦੋਂ ਹੀ ਦੈਂਤਾਂ ਨੂੰ ਜਿੱਤਣ ਕਰਕੇ ਦੇਵਤਿਆਂ ਨੇ ਸੁਮੇਰ ਪਰਬਤ ਉਤੇ ਇਕ ਜਸ਼ਨ ਮਨਾਇਆ। ਉਸ ਜਸ਼ਨ ਵਿਚ ਸ਼ਾਮਲ ਹੋਣ ਲਈ ਜਾ ਰਹੀਆਂ ਰੰਭਾ, ਤਿਲੋਤਮਾ ਆਦਿ ਹਜ਼ਾਰਾਂ ਅਪੱਛਰਾਵਾਂ ਨੇ ਮੁਨੀ ਨੂੰ ਜਲ-ਮਗਨ ਵੇਖਿਆ ਅਤੇ ਉਸ ਦੀ ਉਸਤਤ ਕੀਤੀ। ਮੁਨੀ ਨੇ ਉਨ੍ਹਾਂ ਦੀ ਕਾਮਨਾ ਪੂਰਣ ਹੋਣ ਲਈ

ਵਰਦਾਨ ਦਿੱਤਾ। ਪਰ ਜਦੋਂ ਮੁਨੀ ਪਾਣੀ ਤੋਂ ਬਾਹਰ ਨਿਕਲਿਆ ਤਾਂ ਉਸ ਦੇ ਵਿੰਗੇ ਟੇਢੇ ਸ਼ਰੀਰ ਨੂੰ ਵੇਖ ਕੇ ਉਹ ਹਸ ਪਈਆਂ। ਮੁਨੀ ਨੇ ਉਨ੍ਹਾਂ ਨੂੰ ਲੁਟੇਰਿਆਂ ਦੁਆਰਾ ਹਥਿਆਏ ਜਾਣ ਦਾ ਸਰਾਪ ਦਿੱਤਾ। ਉਨ੍ਹਾਂ ਦੇ ਬੇਨਤੀ ਕਰਨ ਤੇ ਮੁਨੀ ਨੇ ਫਿਰ ਕਿਹਾ ਕਿ ਡਾਕੂਆਂ ਦੇ ਹੱਥੋਂ ਨਿਕਲ ਕੇ ਉਹ ਫਿਰ ਸਵਰਗ ਲੋਕ ਵਿਚ ਜਾਣਗੀਆਂ।

'ਬ੍ਰਹਮਵੈਵਰਤ ਪੁਰਾਣ' ਵਿਚ ਅਸਤਿ ਰਿਸ਼ੀ ਦੇ ਪੁੱਤਰ ਦੇਵਲ ਨੂੰ ਗੰਧਮਾਦਨ ਪਰਬਤ 'ਤੇ ਤਪ ਕਰਦਿਆਂ ਵੇਖ ਕੇ ਰੰਭਾ ਅਪੱਛਰਾ ਨੇ ਉਸ ਤੋਂ ਆਪਣੀ ਕਾਮ-ਤ੍ਰਿਪਤੀ ਚਾਹੀ। ਦੇਵਲ ਵਲੋਂ ਨਾਹ ਕਰਨ ਤੇ ਅਪੱਛਰਾਂ ਦੇ ਸਰਾਪ ਨਾਲ ਦੇਵਲ ਦਾ ਸ਼ਰੀਰ ਵਿੰਗਾ ਟੇਢਾ ਹੋ ਗਿਆ, ਜੋ ਕਾਲਾਂਤਰ ਵਿਚ ਅਸ਼ਟਾਵਕ੍ਰ ਅਖਵਾਇਆ। ਕਵੀ ਪ੍ਰਕਾਸ਼ ਨੇ ਸੰਕੇਤ ਕਰਦਿਆਂ ਲਿਖਿਆ ਹੈ—'ਸਰਾਪ ਸਹਿ ਕੇ ਅਸ਼ਟਾਵਕ੍ਰ ਵਾਂਗ ਪਿਤਾ ਦਾ ਬਦਲਾ ਲੈਣੋਂ ਨ ਟਲੋ।'

ਅਸਫ਼ੰਦਯਾਰ : ਈਰਾਨ (ਫ਼ਾਰਸ) ਦੇ ਸੁਪ੍ਰਸਿੱਧ ਬਾਦਸ਼ਾਹ ਗੁਸ਼ਤਾਸਪ ਦਾ ਪੁੱਤਰ ਜੋ ਬਹੁਤ ਬਹਾਦਰ ਅਤੇ ਪਰਾਕ੍ਰਮੀ ਸੀ। ਇਸੇ ਲਈ ਕਹਿੰਦੇ ਹਨ ਕਿ ਇਸ ਦਾ ਸਰੀਰ ਲੋਹੇ ਦਾ ਬਣਿਆ ਹੋਇਆ ਹੈ। ਇਕ ਵਾਰ ਤੂਰਾਨ ਦੇ ਬਾਦਸ਼ਾਹ ਅਰਜਾਸਪ ਨੇ ਈਰਾਨ ਉਤੇ ਹਮਲਾ ਕਰਕੇ ਯੁੱਧ ਵਿਚ ਅਸਫ਼ੰਦਯਾਰ ਦੇ ਚਾਚੇ ਜ਼ਹਿਰਾਸਪ ਨੂੰ ਮਾਰ ਦਿੱਤਾ, ਜਿਸ ਦੇ ਬਦਲੇ ਇਸ ਨੇ ਅਰਜਾਸਪ ਦੇ ਪੁੱਤਰ ਨੂੰ ਕਤਲ ਕਰ ਦਿੱਤਾ। ਬਾਦ ਵਿਚ ਆਪਸੀ ਮਤ-ਭੇਦ ਕਰਕੇ ਇਸ ਦੇ ਪਿਤਾ ਨੇ ਇਸ ਨੂੰ ਕੈਦ ਕਰ ਦਿੱਤਾ। ਇਸ ਸਥਿਤੀ ਦਾ ਲਾਭ ਉਠਾ ਕੇ ਅਰਜਾਸਪ ਨੇ ਈਰਾਨ 'ਤੇ ਫਿਰ ਹਮਲਾ ਕੀਤਾ ਅਤੇ ਗੁਸ਼ਤਾਸਪ ਦੀ ਧੀ ਨੂੰ ਫੜ ਕੇ ਲੈ ਗਿਆ। ਗੁਸ਼ਤਾਸਪ ਨੇ ਇਸ ਨੂੰ ਕੈਦ ਤੋਂ ਮੁਕਤ ਕਰਕੇ ਭੈਣ ਨੂੰ ਛੁੜਾਉਣ ਲਈ ਭੇਜਿਆ। ਇਸ ਨੇ ਅਰਜਾਸਪ ਨੂੰ ਕਤਲ ਕਰਕੇ ਭੈਣ ਨੂੰ ਛੁੜਾ ਲਿਆਉਂਦਾ। ਫਿਰ ਇਸ ਨੂੰ ਸਿਕੰਦਰ ਨਾਲ ਲੜਨ ਲਈ ਭੇਜਿਆ ਗਿਆ, ਪਰ ਯੁੱਧ-ਭੂਮੀ ਵਿਚ ਇਹ ਸਿਕੰਦਰ ਹੱਥੋਂ ਮਾਰਿਆ ਗਿਆ। ਇਸ ਦਾ ਉੱਲੇਖ 'ਸੈਫ਼ੁਲ ਮਲੂਕ' ਦੇ ਕਿੱਸਿਆਂ ਵਿਚ ਹੋਇਆ ਹੈ।

ਅਸਰਾਜ : 'ਆਸਾ ਦੀ ਵਾਰ' ਦੇ ਆਰੰਭ ਵਿਚ ਸੰਪਾਦਕ ਗੁਰੂ ਸ੍ਰੀ ਅਰਜਨ ਦੇਵ ਦਾ ਆਦੇਸ਼ ਹੈ ਕਿ ਇਸ ਵਾਰ ਨੂੰ 'ਟੁੰਡੇ ਅਸ ਰਾਜੈ ਕੀ ਧੁਨੀ' ਉਤੇ ਗਾਇਆ ਜਾਏ। ਰਵਾ-ਇਤ ਅਨੁਸਾਰ ਰਾਜਾ ਸਾਰੰਗ ਦੇ ਪੁੱਤਰ ਅਸਿਰਾਜ ਨੂੰ ਉਸ ਦੇ ਮਤਰੇਏ ਭਰਾਵਾਂ (ਸਰਦੂਲ ਰਾਏ ਅਤੇ ਸੁਲਤਾਨ ਖ਼ਾਨ) ਨੇ ਆਪਣੇ ਪਿਛੋਂ ਲਾਹੁਣ ਲਈ ਹੱਥ ਕਟ ਕੇ ਅੰਨ੍ਹੇ ਖੂਹ ਵਿਚ ਸੁਟ ਦਿੱਤਾ ਅਤੇ ਪ੍ਰਚਲਿਤ ਕਰ ਦਿੱਤਾ ਕਿ ਉਸ ਨੂੰ ਸ਼ੇਰ ਖਾ ਗਿਆ ਹੈ ਪਰ ਚੰਗੇ ਭਾਗਾਂ ਕਰਕੇ ਉਹ ਨਾ ਮਰਿਆ ਅਤੇ ਉਸ ਨੂੰ ਵਣਜਾਰੇ ਖੂਹ ਵਿਚੋਂ ਕੱਢ ਕੇ ਉਸ ਦੇਸ਼ ਜਾ ਪਹੁੰਚੇ ਜਿਥੋਂ ਦਾ ਨਿਰਸੰਤਾਨ ਰਾਜਾ ਉਦੋਂ ਹੀ ਮਰਿਆ ਸੀ। ਸਵੇਰੇ ਸਭ ਤੋਂ ਪਹਿਲਾਂ ਸ਼ਹਿਰ ਵਿਚ ਵੜਨ ਦੀ ਸ਼ਰਤ ਉਤੇ ਪੂਰਾ ਉਤਰਨ ਕਾਰਣ ਵਜ਼ੀਰਾਂ ਨੇ ਅਸਿਰਾਜ ਨੂੰ ਰਾਜਗੱਦੀ ਉਤੇ ਬਿਠਾ ਦਿੱਤਾ। ਪੂਰੀ ਸ਼ਕਤੀ ਸੰਜੋਣ ਉਪਰੰਤ ਉਸ ਨੇ ਆਪਣੇ ਭਰਾਵਾਂ ਉਤੇ ਹਮਲਾ ਕਰਕੇ ਆਪਣੇ ਪਿਤਾ ਦਾ ਰਾਜ ਫਿਰ ਹਾਸਲ ਕਰ ਲਿਆ। (ਕੁਝ ਲੇਖਕਾਂ ਨੇ ਪੂਰਨ ਭਗਤ ਵਾਲੇ ਆਖਿਆਨ ਦੇ ਪਿਛੋਕੜ ਤੇ ਅਸਿਰਾਜ ਦੇ ਹੱਥ ਕਟਵਾਉਣ ਜਾਂ

ਜ਼ਖਮੀ ਕਰਨ ਪਿਛੋਂ ਮਤਰੇਈ ਮਾਂ ਦਾ ਵੈਰ ਦਸਿਆ ਹੈ।) ਉਸ ਦੇ ਪਰਾਕ੍ਰਮ ਤੋਂ ਪ੍ਰਭਾਵਿਤ ਹੋ ਕੇ ਢਾਢੀਆਂ ਨੇ ਜਿਸ ਵਾਰ ਰਾਹੀਂ ਉਸ ਦਾ ਜਸ ਗਾਇਆ ਉਸ ਵਾਰ ਦੀ ਲੋਕ-ਪ੍ਰਿਯਤਾ ਨੂੰ ਵੇਖ ਕੇ ਗੁਰੂ ਜੀ ਨੇ ਉਸ ਦੀ ਧੁਨੀ ਨੂੰ 'ਆਸਾ ਦੀ ਵਾਰ' ਲਈ ਉਪਯੁਕਤ ਮੰਨਿਆ ਹੈ। ਵਾਰ ਦੀ ਵੰਨਗੀ ਇਸ ਪ੍ਰਕਾਰ ਹੈ—'ਭਬਕਿਆ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।/ਸੁਲਤਾਨ ਖਾਨ ਬਡ ਸੂਰਮੇ, ਵਿਚ ਰਣ ਦੇ ਗੱਜੇ।/ਖਤ ਲਿਖੇ ਟੁੰਡੇ ਅਸਰਾਜ ਨੂੰ, ਪਾਤਸ਼ਾਹੀ ਅੱਜੇ।/ਟਿੱਕਾ ਸਾਰੰਗ ਬਾਪ ਨੇ, ਦਿੱਤਾ ਭਰ ਲੱਜੇ।/ਫਤੇ ਪਾਇ ਅਸਰਾਜ ਜੀ ਸ਼ਾਹੀ ਪਰ ਸੱਜੇ।'

ਅਸਵਦ : ਵੇਖੋ 'ਸੰਗਿ-ਅਸਵਦ'।

ਅਸਿ/ਅਸੀ : ਇਕ ਨਦੀ ਵਿਸ਼ੇਸ਼ ਜਿਸ ਵਿਚ, ਹਿੰਦੂ ਮਤ ਅਨੁਸਾਰ, ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ। ਇਹ ਬਰਸਾਤੀ ਨਦੀ ਕਾਸ਼ੀ ਨਗਰ ਦੀ ਦੱਖਣ ਦਿਸ਼ਾ ਵਿਚ ਵਗਦੀ ਹੈ ਅਤੇ 'ਅੱਸੀ ਘਾਟ' ਵਾਲੇ ਸਥਾਨ ਤੇ ਆ ਕੇ ਗੰਗਾ ਵਿਚ ਸਮਾ ਜਾਂਦੀ ਹੈ। ਕਾਸ਼ੀ ਚੂੰਕਿ ਵਰਣਾ ਅਤੇ ਅਸੀ ਨਦੀਆਂ ਦੇ ਵਿਚਾਲੇ ਵਸੀ ਹੋਈ ਹੈ, ਇਸ ਲਈ ਇਸ ਦਾ ਨਾਂ 'ਵਾਰਾਣਸੀ' ਪ੍ਰਚਲਿਤ ਹੋ ਗਿਆ ਹੈ ਅਤੇ ਇਸ ਦਾ ਵਿਗੜਿਆ ਹੋਇਆ ਰੂਪ 'ਬਨਾਰਸ' ਹੈ।

ਇਸ ਨਦੀ ਵਿਚ ਇਸ਼ਨਾਨ ਕਰਨ ਦੀ ਪਰੰਪਰਾਗਤ ਮਾਨਤਾ ਦਾ ਖੰਡਨ ਕਰਦੇ ਹੋਇਆਂ ਭਗਤ ਨਾਮਦੇਵ ਨੇ ਇਸ ਨੂੰ ਤਿਆਗਣ ਉਤੇ ਬਲ ਦਿੱਤਾ ਹੈ ਕਿਉਂਕਿ ਇਹ ਪ੍ਰਭੂ ਨਾਲੋਂ ਵਿੱਥ ਪਾਉਣ ਵਾਲੀ ਧਾਰਣਾ ਹੈ—'ਗਇਆ ਪਿੰਡੁ ਭਰਤਾ।/ਬਨਾਰਸਿ ਅਸਿ ਬਸਤਾ।/ਮੁਖਿ ਬੇਦ ਚਤੁਰ ਪੜਤਾ।/...ਮਨ ਛੋਡਿ ਛੋਡਿ ਸਗਲ ਭੇਦੰ।/ਸਿਮਰਿ ਸਿਮਰਿ ਗੋਬਿੰਦੰ' (ਅ. ਗ੍ਰੰ. 873)।

ਅਸੁਰ : ਇਸ ਦਾ 'ਨਿਰੁਕਤ' ਅਨੁਸਾਰ ਅਰਥ ਹੈ ਪ੍ਰਾਣਵਾਨ, ਸ਼ਕਤੀਵਾਨ। ਆਚਾਰਯ ਸਾਯਣ ਨੇ 'ਅਸੁਰ' ਦੀ ਵਿਉਤਪੱਤੀ ਬਾਰੇ ਦਸਿਆ ਹੈ ਕਿ ਜੋ ਸਭ ਨੂੰ ਪਰੇ ਸੁਟ ਦੇਵੇ, ਅਰਥਾਤ ਪ੍ਰਬਲ। 'ਰਿਗਵੇਦ' ਵਿਚ ਇਹ ਸ਼ਬਦ ਦੇਵਤਿਆਂ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਸੀ। ਇੰਦਰ, ਮਿਤਰ, ਵਰੁਣ ਆਦਿ ਦੇਵਤਿਆਂ ਨਾਲ ਵਰਤੇ ਜਾਣ ਕਰਕੇ ਇਹ ਉਨ੍ਹਾਂ ਦੀ ਵਿਅਕਤਿਕ ਰਹੱਸਮਈ ਸ਼ਕਤੀ ਜਾਂ ਵਿਸ਼ੇਸ਼ਤਾ ਦਾ ਸੂਚਕ ਬਣ ਗਿਆ। ਪਾਰਸੀਆਂ ਨੇ ਵੀ ਆਪਣੇ ਪ੍ਰਧਾਨ ਦੇਵਤਾ ਨਾਲ ਇਸ ਸ਼ਬਦ ਨੂੰ ਜੋੜਿਆ ਹੋਇਆ ਸੀ। ਇਸ ਵਰਤੋਂ ਤੋਂ ਆਰਯਾਂ ਅਤੇ ਪਾਰਸੀਆਂ ਦੇ ਇਕੋ ਹੀ ਸਥਾਨ ਦੇ ਨਿਵਾਸੀ ਅਤੇ ਇਕੋ ਹੀ ਦੇਵਤਾ ਦੀ ਉਪਾਸਨਾ ਕਰਨ ਵਾਲੇ ਹੋਣ ਦੇ ਤੱਥ ਦਾ ਸੰਕੇਤ ਮਿਲਦਾ ਹੈ। ਬਾਦ ਵਿਚ ਜਦੋਂ ਇਨ੍ਹਾਂ ਦੋਹਾਂ ਵਿਚ ਵਿਰੋਧ ਉਠ ਖੜੋਤਾ ਤਾਂ ਆਰਯਾਂ ਨੇ ਇਸ ਸ਼ਬਦ ਦਾ 'ਜੋ ਸੁਰ ਨਹੀਂ' ਅਰਥ ਕਰਨਾ ਸ਼ੁਰੂ ਕਰ ਦਿੱਤਾ। ਉਧਰ ਪਾਰਸੀਆਂ ਨੇ 'ਦੇਵ' (ਵੇਖੋ) ਸ਼ਬਦ ਦੈਂਤ ਜਾਂ ਦਾਨਵ ਲਈ ਵਰਤਣਾ ਸ਼ੁਰੂ ਕਰ ਦਿੱਤਾ। ਪੰਜਾਬੀ ਵਿਚ 'ਦੇਉ' ਸ਼ਬਦ ਇਸੇ ਭਾਵ-ਧਾਰਾ ਅਧੀਨ ਵਰਤਿਆ ਜਾਂਦਾ ਹੈ।

'ਸਤਪਥ ਬ੍ਰਾਹਮਣ' (13/8/2/1) ਵਿਚ ਦੇਵਤੇ ਅਤੇ ਅਸੁਰ ਭਾਈਚਾਰਕ ਵੈਰ ਵਾਲੇ ਮੰਨੇ ਗਏ ਹਨ। ਪੁਰਾਣਾਂ ਅਤੇ ਬਾਦ ਦੀਆਂ ਰਚਨਾਵਾਂ ਵਿਚ 'ਅਸੁਰ' ਸ਼ਬਦ ਦੀ

ਵਰਤੋਂ ਸਪੱਸ਼ਟ ਤੌਰ ਤੇ ਦੈਂਤਾਂ ਲਈ ਹੋਈ ਹੈ। ਇਨ੍ਹਾਂ ਦੀ ਸੁਰਾਂ (ਦੇਵਤਿਆਂ) ਨਾਲ ਸਦਾ ਖੜਕਦੀ ਰਹੀ ਹੈ। ਇਨ੍ਹਾਂ ਨੇ ਕਈ ਵਾਰ ਸੁਰਾਂ ਉਤੇ ਜਿੱਤ ਪ੍ਰਾਪਤ ਕੀਤੀ, ਪਰ ਦੈਵੀ ਸ਼ਕਤੀ ਦੀ ਸਹਾਇਤਾ ਕਾਰਣ ਅੰਤ ਵਿਚ ਇਨ੍ਹਾਂ ਨੂੰ ਦੇਵਤਿਆਂ ਨੇ ਪਰਾਜਿਤ ਕੀਤਾ ਹੈ। ਗੁਰਬਾਣੀ ਵਿਚ ਇਸੇ ਅਰਥ ਵਿਚ 'ਅਸੁਰ' ਦੀ ਵਰਤੋਂ ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ 'ਸਤਿਗੁਰ' ਦੀ ਸਮਰਥਤਾ ਉਤੇ ਪ੍ਰਕਾਸ਼ ਪਾਂਦਿਆਂ ਸਿਰੀ ਰਾਗ ਵਿਚ ਦਸਿਆ ਹੈ ਕਿ ਉਹ ਸੁਖਦਾਤਾ ਹੈ, ਦੁੱਖ ਨਾਸ਼ਕ ਹੈ ਅਤੇ ਦੈਂਤਾਂ ਦਾ ਸੰਘਾਰ ਕਰਨ ਵਾਲਾ ਹੈ— 'ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰ' (ਅ. ਗ੍ਰੰ. 59)।

ਅਸੁਰਾਚਾਰਯ : ਵੇਖ 'ਸ਼ੁਕ੍ਰਾਚਾਰਯ'।

ਅਸ਼ੋਕ : ਪੁਰਾਤਨ ਕਾਲ ਦੇ ਮਗਧ ਦੇਸ਼ ਦਾ ਇਕ ਪ੍ਰਸਿੱਧ ਰਾਜਾ ਜੋ ਚੰਦਰ ਗੁਪਤ ਮੌਰੀਆ ਦਾ ਪੋਤਾ ਅਤੇ ਬਿੰਦੂਸਾਰ ਦਾ ਪੁੱਤਰ ਸੀ। ਬਿੰਦੂਸਾਰ ਦੀਆਂ, ਰਵਾਇਤ ਅਨੁਸਾਰ, 100 ਰਾਣੀਆਂ ਸਨ ਜਿਨ੍ਹਾਂ ਵਿਚੋਂ 99 ਰਾਣੀਆਂ ਦੀਆਂ ਕੁੱਖਾਂ ਵਿਚੋਂ ਇਕ ਇਕ ਪੁੱਤਰ ਪੈਦਾ ਹੋਇਆ ਅਤੇ ਰਾਣੀ ਧਮਾ (ਧਰਮਾ) ਦੀ ਕੱਖ ਤੋਂ ਦੋ ਪੁੱਤਰ ਪੈਦਾ ਹੋਏ—ਅਸ਼ੋਕ ਵਰਧਮਾਨ ਅਤੇ ਤ੍ਰਿਸ਼ਯ।

ਅਸ਼ੋਕ ਦਾ ਜਨਮ ਲਗਭਗ 297 ਈ. ਪੂ. ਮੰਨਿਆ ਜਾਂਦਾ ਹੈ। ਇਹ ਬਚਪਨ ਤੋਂ ਹੀ ਬਹੁਤ ਚੁਸਤ ਅਤੇ ਨੀਤੀਵਾਨ ਸੀ। ਇਸ ਲਈ ਇਸ ਨੂੰ ਛੋਟੀ ਉਮਰ ਵਿਚ ਹੀ ਅਵੰਤੀ ਅਤੇ ਗੰਧਾਰ ਦਾ ਰਾਜ-ਪ੍ਰਬੰਧਕ ਲਗਾਇਆ ਗਿਆ। ਦਰਬਾਰੀ ਸਾਜ਼ਿਸ਼ਾਂ ਕਰਕੇ ਅਸ਼ੋਕ ਦੀ ਆਪਣੇ ਮਤਰੇਏ ਭਰਾ ਸੁਸੀਮ ਨਾਲ ਲੜਾਈ ਹੋਣ ਉਪਰੰਤ, ਇਸ ਦੀ ਜਿੱਤ ਹੋਈ ਅਤੇ ਰਾਜ-ਸੱਤਾ ਉਤੇ ਇਸ ਦਾ ਅਧਿਕਾਰ ਹੋ ਗਿਆ। ਇਸ ਲੜਾਈ ਵਿਚ ਬਹੁਤ ਸਾਰੇ ਰਾਜ-ਕੁਮਾਰ ਮਾਰੇ ਗਏ। ਆਪਣੇ ਰਾਜ-ਕਾਲ ਦੇ ਆਰੰਭਿਕ ਸਮੇਂ ਵਿਚ ਇਸ ਨੇ ਕਸ਼ਮੀਰ, ਕਲਿੰਗ ਆਦਿ ਉਨ੍ਹਾਂ ਇਲਾਕਿਆਂ ਨੂੰ ਜਿੱਤ ਕੇ ਆਪਣੇ ਰਾਜ ਵਿਚ ਸ਼ਾਮਲ ਕੀਤਾ ਜੋ ਪਹਿਲਾਂ ਮੌਰੀਆ ਰਾਜ ਅਧੀਨ ਨਹੀਂ ਸਨ। ਇਸ ਤਰ੍ਹਾਂ ਇਸ ਦੀ ਬਾਦਸ਼ਾਹੀ ਲੰਕਾ ਤੋਂ ਲੈ ਕੇ ਹਿੰਦੂਕੁਸ਼ ਅਤੇ ਈਰਾਨ ਤਕ ਫੈਲੀ ਹੋਈ ਸੀ।

ਕਲਿੰਗ ਦੀ ਭਿਆਨਕ ਲੜਾਈ ਵਿਚ ਹੋਏ ਬੇਸ਼ੁਮਾਰ ਜਨ-ਸੰਘਾਰ ਨੇ ਇਸ ਦਾ ਮਨ ਦ੍ਰਵਿਤ ਕਰ ਦਿੱਤਾ ਅਤੇ ਮੁਲਕ ਜਿੱਤਣ ਦੀ ਹਵਸ ਦੀ ਥਾਂ ਧਰਮ ਪ੍ਰਚਾਰ ਅਤੇ ਨੈਤਿਕ ਸੁਧਾਰ ਵਲ ਆਪਣੀ ਬਿਰਤੀ ਲਗਾਈ। ਇਸ ਨੇ ਬੁੱਧ ਧਰਮ ਗ੍ਰਹਿਣ ਕਰਕੇ ਆਪਣੇ ਸਾਰੇ ਰਾਜਸੀ ਸਾਧਨਾਂ ਨੂੰ ਲੋਕ ਭਲਾਈ ਲਈ ਵਰਤਣਾ ਸ਼ੁਰੂ ਕੀਤਾ। ਭੇਸ ਬਦਲ ਕੇ ਇਹ ਲੋਕਾਂ ਦੀ ਸਥਿਤੀ ਨੂੰ ਵੇਖਦਾ ਅਤੇ ਉਨ੍ਹਾਂ ਵਿਚ ਅਖ਼ਲਾਕੀ ਸੁਧਾਰ ਲਿਆਉਣ ਦਾ ਉੱਦਮ ਕਰਦਾ। ਇਸ ਤਰ੍ਹਾਂ ਇਸ ਦੀ ਸ਼ਖ਼ਸੀਅਤ ਵਿਚ ਰਾਜਾ ਅਤੇ ਫ਼ਕੀਰ ਦਾ ਸੁੰਦਰ ਸੁਮੇਲ ਵੇਖਿਆ ਜਾ ਸਕਦਾ ਹੈ। ਇਸ ਦੇ ਧਰਮ ਪ੍ਰਚਾਰ ਦੇ ਬੁਨਿਆਦੀ ਤੱਤ੍ਵ ਪੰਜ ਸਨ—ਸਦਾਚਾਰ, ਤਤ੍ਵ-ਗਿਆਨ, ਸਰਬ-ਸਾਂਝੀਵਾਲਤਾ, ਸਮ-ਦ੍ਰਿਸ਼ਟੀ ਅਤੇ ਉਦਾ-ਰਤਾ। ਇਸ ਨੇ ਨੈਤਿਕਤਾ ਦੇ ਪ੍ਰਚਾਰ ਨੂੰ ਧਰਮ-ਵਿਜਯ ਨਾਂ ਦਿੱਤਾ ਹੋਇਆ ਸੀ, ਜਿਸ ਦਾ ਮੁੱਖ ਮੰਤਵ ਭਾਰਤ ਅਤੇ ਭਾਰਤ ਤੋਂ ਬਾਹਰਲੇ ਦੇਸ਼ਾਂ ਉਤੇ ਨੀਤੀ, ਸੇਵਾ ਅਤੇ ਸ਼ਾਂਤੀ ਰਾਹੀਂ ਧਰਮ ਦੀ ਜਿੱਤ ਪ੍ਰਾਪਤ ਕਰਨਾ ਸੀ।

ਇਸ ਨੇ ਧਰਮ-ਵਿਜਯ ਲਈ ਮੁੱਖ ਤੌਰ ਤੇ ਤਿਨ ਸਾਧਨ ਵਰਤੇ—ਸ਼ਿਲਾਲੇਖ, ਥੰਮ-ਲੇਖ ਅਤੇ ਗੁਫ਼ਾ-ਲੇਖ। ਇਨ੍ਹਾਂ ਸਾਧਨਾਂ ਤੋਂ ਇਲਾਵਾ ਅਸ਼ੋਕ ਨੇ ਲੋਕ ਭਲਾਈ ਦੇ ਕੰਮਾਂ ਨੂੰ ਵੀ ਧਰਮ-ਵਿਜਯ ਅਧੀਨ ਰਖਿਆ। ਆਪਣੇ ਰਾਜ ਦੇ ਅਠਾਰ੍ਹਵੇਂ ਵਰ੍ਹੇ ਵਿਚ ਇਸ ਨੇ ਬੁੱਧ ਮਤ ਦਾ ਇਕ ਵੱਡਾ ਸਮਾਗਮ ਕਰਕੇ ਲਗਭਗ 64000 ਪ੍ਰਚਾਰਕ ਭਿਖਸ਼ੂ ਵੱਖ-ਵੱਖ ਪ੍ਰਦੇਸ਼ਾਂ ਵਿਚ ਭੇਜੇ। ਇਸ ਨੇ 84000 ਕੀਰਤੀ-ਥੰਮ ਬਣਵਾ ਕੇ ਸਾਰੇ ਰਾਜ ਵਿਚ ਸਥਾਪਿਤ ਕਰਵਾਏ ਜਿਨ੍ਹਾਂ ਉੱਤੇ ਰਾਜਸੀ ਜਾਂ ਧਾਰਮਿਕ ਆਦੇਸ਼ ਉਕਰੇ ਹੋਏ ਸਨ। ਕੀਰਤੀ-ਥੰਮਾਂ ਅਤੇ ਸ਼ਿਲਾ-ਲੇਖਾਂ ਲਈ ਬ੍ਰਾਹਮੀ ਲਿਪੀ ਵਿਚ ਪਾਲੀ ਭਾਸ਼ਾ ਵਰਤੀ ਗਈ ਸੀ। ਪਾਲੀ ਭਾਸ਼ਾ ਹੀ ਰਾਜ ਭਾਸ਼ਾ ਸੀ। ਕੁਝ ਸ਼ਿਲਾ-ਲੇਖ ਖ਼ਰੋਸ਼ਟੀ ਵਿਚ ਵੀ ਲਿਖੇ ਹਨ।

ਇਸ ਦੇ ਰਾਜ-ਕਾਲ ਵਿਚ ਹਰ ਪ੍ਰਕਾਰ ਦੀ ਕਲਾ ਦੀ ਵਿਆਪਕ ਉੱਨਤੀ ਹੋਈ। ਇਸ ਦੇ ਬਣਵਾਏ ਹੋਏ ਸਤੂਪਾਂ ਵਿਚੋਂ ਸਾਰਨਾਥ ਦੇ ਸਤੂਪ ਦੇ ਖੰਡਰ ਅਜੇ ਵੀ ਅਤੀਤ ਦੇ ਗੌਰਵ ਵਲ ਸੰਕੇਤ ਕਰਦੇ ਹਨ। ਇਸ ਨੇ ਬਹੁਤ ਸਾਰੇ ਬੋਧੀ ਮਠ ਅਤੇ ਵਿਹਾਰ ਵੀ ਬਣਵਾਏ। ਸਾਰਨਾਥ ਵਿਚ ਬਣਵਾਈ ਗਈ ਸ਼ੇਰਾਂ ਦੇ ਸਿਰਾਂ ਵਾਲੀ ਮੂਰਤੀ ਵਾਲਾ ਥੰਮ ਅਤੇ ਚੱਕਰ ਅਸ਼ੋਕ ਦੇ ਧਰਮ-ਪ੍ਰਚਾਰ ਦੀ ਅਖੰਡਤਾ ਦੇ ਪ੍ਰਤੀਕ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਅਸ਼ੋਕ ਦੁਆਰਾ ਬੁੱਧ ਧਰਮ ਨੂੰ ਗ੍ਰਹਿਣ ਕਰਨ ਨਾਲ ਕੋਮਲ ਅਤੇ ਅਹਿੰਸਕ ਰੁਚੀਆਂ ਦਾ ਵਿਕਾਸ ਹੋਇਆ, ਪਰ ਦੂਜੇ ਪਾਸੇ ਮਗਧ ਦੇਸ਼ ਦੀਆਂ ਫ਼ੌਜਾਂ ਛਾਉਣੀਆਂ ਵਿਚ ਪਿਆਂ ਪਿਆਂ ਆਲਸੀ ਹੋ ਗਈਆਂ ਅਤੇ ਦੇਸ਼-ਵਿਸਤਾਰ ਦੀਆਂ ਸੰਭਾਵਨਾਵਾਂ ਖ਼ਤਮ ਹੋ ਗਈਆਂ। ਫਲਸਰੂਪ ਅਸ਼ੋਕ ਤੋਂ ਬਾਦ ਰਾਜਸੀ ਸੱਤਾ ਡਾਵਾਂਡੋਲ ਹੋ ਗਈ। ਪਰ ਕੁਲ ਮਿਲਾ ਕੇ ਅਸ਼ੋਕ ਦੀਆਂ ਧਾਰਮਿਕ; ਸਦਾਚਾਰਿਕ ਅਤੇ ਲੋਕ-ਕਲਿਆਣ ਸੰਬੰਧੀ ਨੀਤੀਆਂ ਨੇ ਇਸ ਨੂੰ ਇਤਿਹਾਸ ਵਿਚ ਇਕ ਗੌਰਵਮਈ ਸਥਾਨ ਦਿਵਾਇਆ ਹੈ। ਇਸ ਦੀ ਮ੍ਰਿਤੂ 232 ਈ. ਪੂ. ਵਿਚ ਮੰਨੀ ਜਾਂਦੀ ਹੈ। ਇਸ ਪਿਛੋਂ ਇਸ ਦੀ ਪੁੱਤਰੀ ਚਾਰੁਮਤੀ ਨੇ ਬੁੱਧ ਧਰਮ ਦਾ ਬਹੁਤ ਪ੍ਰਚਾਰ ਕੀਤਾ।

ਅਸ਼ੱਥਾਮਾ : ਮਹਾਭਾਰਤ ਦਾ ਇਕ ਪ੍ਰਸਿੱਧ ਯੋਧਾ ਜੋ ਦ੍ਰੋਣਾਚਾਰਯ ਦੇ ਘਰ ਕ੍ਰਿਪੀ ਦੀ ਕੁੱਖੋਂ ਪੈਦਾ ਹੋਇਆ। 'ਸ਼ਿਵ ਪੁਰਾਣ' ਅਨੁਸਾਰ ਦ੍ਰੋਣ ਨੇ ਆਪਣੀ ਘੋਰ ਤਪਸਿਆ ਰਾਹੀਂ ਸ਼ਿਵ ਨੂੰ ਪ੍ਰਸੰਨ ਕਰਕੇ, ਉਸੇ ਦੇ ਅੰਸ਼ ਤੋਂ ਅਸ਼ੱਥਾਮਾ ਨਾਂ ਦਾ ਪੁੱਤਰ ਪ੍ਰਾਪਤ ਕੀਤਾ। ਇਸ ਦਾ ਅਸ਼ੱਥਾਮਾ ਨਾਂ ਇਸ ਕਰਕੇ ਪਿਆ ਕਿ ਜਦੋਂ ਇਸ ਦਾ ਜਨਮ ਹੋਇਆ ਤਾਂ ਇਸ ਦੇ ਗੱਲੇ ਵਿਚੋਂ ਘੋੜੇ ਦੇ ਹਿਣਕਣ ਵਰਗੀ ਆਵਾਜ਼ ਨਿਕਲੀ ਸੀ। 'ਮਹਾਭਾਰਤ' ਅਨੁਸਾਰ ਇਸ ਨੇ ਯੁੱਧ ਵਿਚ ਬਹੁਤ ਵੀਰਤਾ ਵਿਖਾਈ। ਯੁੱਧ ਦੇ ਅੰਤਿਮ ਪੜਾ ਤੇ, ਜਦੋਂ ਕੌਰਵਾਂ ਦੇ ਸਾਰੇ ਸੈਨਾ-ਨਾਇਕ ਮਾਰੇ ਗਏ ਤਾਂ ਇਸ ਨੇ ਸੈਨਾ-ਪਤੀ ਦੀ ਜ਼ਿੰਮੇਵਾਰੀ ਸੰਭਾਲੀ। ਦੁਰਯੋਧਨ ਦੇ ਜ਼ਖ਼ਮੀ ਹੋ ਜਾਣ ਤੇ ਇਹ ਬਹੁਤ ਕ੍ਰੋਧਵਾਨ ਹੋਇਆ ਅਤੇ ਇਸ ਨੇ ਪਾਂਡਵਾਂ ਦੇ ਅਨੇਕ ਯੋਧਿਆਂ ਨੂੰ ਮਾਰ ਦਿੱਤਾ। ਆਪਣੇ ਪਿਤਾ ਦੇ ਕਾਤਲ ਧ੍ਰਿਸ਼ਟਦ੍ਯੁਮਨ ਤੋਂ ਬਦਲਾ ਲੈਣ ਲਈ ਇਸ ਨੇ ਰਾਤ ਵੇਲੇ ਪਾਂਡਵਾਂ ਦੇ ਤੰਬੂਆਂ ਉੱਤੇ ਹਮਲਾ ਕੀਤਾ। ਪਹਿਲਾਂ ਸੁੱਤੇ ਹੋਏ ਧ੍ਰਿਸ਼ਟਦ੍ਯੁਮਨ ਨੂੰ ਮਾਰਿਆ। ਫਿਰ ਦ੍ਰੁਪਦ ਦੇ ਦੂਜੇ ਪੁੱਤਰ ਸ਼ਿਖੰਡੀ

ਨੂੰ ਖ਼ਤਮ ਕੀਤਾ। ਇਸ ਪਿਛੋਂ ਪਾਂਡਵਾਂ ਦੇ ਪੰਜਾਂ ਪੁੱਤਰਾਂ ਨੂੰ ਕਤਲ ਕੀਤਾ। ਫਿਰ ਪਾਂਡਵਾਂ ਦਾ ਸਾਰਾ ਖ਼ਾਨਦਾਨ ਖ਼ਤਮ ਕਰਨ ਦੇ ਉੱਦੇਸ਼ ਤੋਂ ਇਸ ਨੇ ਬ੍ਰਹਮਾਸਤ੍ਰ ਨਾਲ ਅਭਿਮਨ੍ਯੁ ਦੀ ਪਤਨੀ 'ਉਤਰਾ' ਦੇ ਗਰਭ ਸਥਿਤ 'ਪਰੀਕ੍ਸ਼ਿਤ' ਨੂੰ ਮਾਰ ਦਿੱਤਾ। ਪਰ ਸ੍ਰੀ ਕ੍ਰਿਸ਼ਣ ਨੇ ਸਪੱਸ਼ਟ ਕੀਤਾ ਕਿ ਉਤਰਾ ਨੂੰ ਪਰੀਕ੍ਸ਼ਿਤ ਨਾਂ ਦੇ ਬਾਲਕ ਨੂੰ ਜਨਮ ਦੇਣ ਦਾ ਵਰ ਪ੍ਰਾਪਤ ਹੈ, ਇਸ ਲਈ ਉਸ ਦਾ ਪੁੱਤਰ ਅਵੱਸ਼ ਜੀਵਿਤ ਹੋਵੇਗਾ। ਸ੍ਰੀ ਕ੍ਰਿਸ਼ਣ ਨੇ ਆਪਣੀ ਦੈਵੀ ਸ਼ਕਤੀ ਨਾਲ ਪਰੀਕ੍ਸ਼ਿਤ ਨੂੰ ਜ਼ਿੰਦਾ ਕੀਤਾ ਅਤੇ ਇਸ ਘੋਰ ਪਾਪ ਲਈ ਅਸ਼੍ਵੱਥਾਮਾ ਨੂੰ ਸਰਾਪ ਦਿੱਤਾ। ਅਰਜਨ ਨੇ ਇਸ ਤੋਂ ਬਦਲਾ ਲੈਣ ਲਈ ਬ੍ਰਹਮਾਸਤ੍ਰ ਨਾਲ ਮਾਰਨ ਦੀ ਤਿਆਰੀ ਕੀਤੀ, ਪਰ ਵਿਆਸ, ਨਾਰਦ ਅਤੇ ਯੁਧਿਸ਼ਠਿਰ ਨੇ ਬ੍ਰਾਹਮਣ ਹਤਿਆ ਨੂੰ ਰੋਕਣ ਲਈ ਅਰਜਨ ਨੂੰ ਅਜਿਹਾ ਨਾ ਕਰਨ ਲਈ ਰਾਜ਼ੀ ਕਰ ਲਿਆ। ਦ੍ਰੋਪਦੀ ਨੇ ਵੀ ਇਸ ਸ਼ਰਤ ਤੇ ਇਸ ਨੂੰ ਬਖ਼ਸ਼ ਦਿੱਤਾ ਕਿ ਇਸ ਦੇ ਸਿਰ ਵਿਚੋਂ ਮਣੀ ਕੱਢ ਕੇ ਉਸ ਨੂੰ ਦੇ ਦਿੱਤੀ ਜਾਏ। ਅਰਜਨ ਨੇ ਉਸ ਦੇ ਸਿਰ ਵਿਚੋਂ ਮਣੀ ਕੱਢ ਕੇ ਦ੍ਰੋਪਦੀ ਨੂੰ ਦੇ ਦਿੱਤੀ। ਦ੍ਰੋਪਦੀ ਨੇ ਅੱਗੋਂ ਇਹ ਮਣੀ ਯੁਧਿਸ਼ਠਿਰ ਨੂੰ ਦੇ ਦਿੱਤੀ ਜਿਸ ਨੇ ਉਸ ਨੂੰ ਆਪਣੇ ਮੁਕਟ ਵਿਚ ਸਜਾ ਲਿਆ। 'ਮਹਾਭਾਰਤ' ਵਿਚ ਇਹ ਵੀ ਲਿਖਿਆ ਹੈ ਕਿ 'ਅਸ਼੍ਵੱਥਾਮਾ' ਨਾਂ ਦਾ ਇਕ ਹਾਥੀ ਵੀ ਜੰਗ ਵਿਚ ਸ਼ਾਮਲ ਸੀ। ਜਦੋਂ ਦ੍ਰੋਣਾਚਾਰਯ ਯੁੱਧ-ਭੂਮੀ ਵਿਚ ਪਾਂਡਵਾਂ ਤੋਂ ਸੰਭਾਲਿਆ ਨਹੀਂ ਜਾ ਰਿਹਾ ਸੀ, ਤਾਂ ਸ੍ਰੀ ਕ੍ਰਿਸ਼ਣ ਨੇ ਨੀਤੀ ਨਾਲ ਯੁਧਿਸ਼ਠਿਰ ਤੋਂ ਉੱਚੀ ਸੁਰ ਵਿਚ, ਦ੍ਰੋਣਾਚਾਰਯ ਦੇ ਨੇੜੇ ਹੋ ਕੇ, ਇਹ ਬੁਲਵਾਇਆ ਕਿ ਅਸ਼੍ਵੱਥਾਮਾ ਮਾਰਿਆ ਗਿਆ ਹੈ, ਪਤਾ ਨਹੀਂ ਉਹ ਨਰ ਹੈ ਜਾਂ ਹਾਥੀ। ਦੂਜੇ ਵਾਕਾਂਸ਼ ਦੇ ਉਚਾਰੇ ਜਾਣ ਵੇਲੇ ਕ੍ਰਿਸ਼ਣ ਨੇ ਜ਼ੋਰ ਜ਼ੋਰ ਨਾਲ ਨਗਾਰੇ ਵਜਵਾ ਦਿੱਤੇ। ਫਲਸਰੂਪ ਦ੍ਰੋਣਾਚਾਰਯ ਨੂੰ ਦੂਜਾ ਵਾਕਾਂਸ਼ ਸੁਣਾਈ ਨਾ ਪਿਆ ਅਤੇ ਪਹਿਲੇ ਵਾਕਾਂਸ਼ ਨੂੰ ਸੁਣ ਕੇ, ਜਿਸ ਤੋਂ ਉਸ ਦੇ ਪੁੱਤਰ ਦੀ ਮ੍ਰਿਤੂ ਵਿਦਿਤ ਹੁੰਦੀ ਸੀ, ਯੁੱਧ ਵਿਚ ਸ਼ਸਤ੍ਰ-ਅਸਤ੍ਰ ਤਿਆਗ ਦਿੱਤੇ। ਇਸ ਨਾਲ ਪਾਂਡਵਾਂ ਲਈ ਉਸ ਨੂੰ ਮਾਰਨਾ ਸਰਲ ਹੋ ਗਿਆ।

ਅਸ਼੍ਵਮੇਧ, ਯੱਗ : ਇਕ ਵਿਸ਼ੇਸ਼ ਯੱਗ ਜਿਸ ਵਿਚ ਘੋੜੇ ਦੀ ਬਲੀ ਦਿੱਤੀ ਜਾਂਦੀ ਹੈ। ਇਸ ਨੂੰ ਵੈਦਿਕ ਯੱਗ ਮੰਨਿਆ ਜਾਂਦਾ ਹੈ। 'ਰਿਗ-ਵੇਦ' ਵਿਚ ਇਸ ਨਾਲ ਸੰਬੰਧਿਤ ਦੋ ਮੰਤ੍ਰ ਮਿਲਦੇ ਹਨ। 'ਸ਼ਤ-ਪਥ ਬ੍ਰਾਹਮਣ' (13, 1-5) ਅਤੇ 'ਤੈਤਿਰੀਯ ਬ੍ਰਾਹਮਣ' (3, 8-9) ਆਦਿ ਕਈ ਗ੍ਰੰਥਾਂ ਵਿਚ ਇਸ ਦਾ ਵਰਣਨ ਮਿਲਦਾ ਹੈ। 'ਬਾਲਮੀਕੀ ਰਾਮਾਇਣ' ਅਤੇ 'ਮਹਾਭਾਰਤ' (ਅਸ਼੍ਵਮੇਧਿਕ ਪਰਵ) ਵਿਚ ਰਾਜਾ ਦਸ਼ਰਥ ਅਤੇ ਯੁਧਿਸ਼ਠਿਰ ਦੁਆਰਾ ਕੀਤੇ ਇਸ ਯੱਗ ਬਾਰੇ ਕਾਫ਼ੀ ਬ੍ਰਿੱਤਾਂਤ ਉਪਲਬਧ ਹੈ। ਸ਼ੁਰੂ ਵਿਚ ਇਸ ਯੱਗ ਨੂੰ ਕਰਨ ਦਾ ਮਨੋਰਥ ਭਾਵੇਂ ਸੰਤਾਨ ਦੀ ਉਤਪੱਤੀ ਸੀ, ਪਰ ਕਾਲਾਂਤਰ ਵਿਚ ਇਹ ਦਿਗ-ਵਿਜੈ ਦੇ ਪ੍ਰਗਟਾਵੇ ਦਾ ਪ੍ਰਤੀਕ ਬਣ ਗਿਆ ਅਤੇ ਇਸ ਦਾ ਮਹੱਤਵ ਸਹਿਜੇ ਸਹਿਜੇ ਰਾਜਨੈਤਿਕ ਹੁੰਦਾ ਗਿਆ। ਇਸ ਨੂੰ ਉਹੀ ਸਮ੍ਰਾਟ ਕਰ ਸਕਦਾ ਸੀ ਜਿਸ ਦੀ ਪ੍ਰਭੁਤਾ ਸਾਰੇ ਰਾਜੇ ਸਵੀਕਾਰ ਕਰਦੇ ਹੋਣ। ਇਸ ਯੱਗ ਨਾਲ ਉਸ ਸਮ੍ਰਾਟ ਦੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਸੀ ਅਤੇ ਉਸ ਦੀ ਸ਼ਕਤੀ ਵਿਚ ਵਾਧਾ ਹੁੰਦਾ ਸੀ।

ਡਾ. ਰਾਜ ਬਲੀ ਪਾਂਡੇ ਅਨੁਸਾਰ ਇਸ ਯੱਗ ਦਾ ਆਰੰਭ ਬਸੰਤ ਜਾਂ ਗਰਮੀ ਦੀ ਰੁੱਤ ਵਿਚ ਹੁੰਦਾ ਸੀ ਅਤੇ ਇਸ ਦੇ ਕਰਨ ਤੋਂ ਪਹਿਲਾਂ ਕੀਤੇ ਗਏ ਅਨੁਸ਼ਠਾਨਾਂ ਅਤੇ ਰਸਮਾਂ ਉੱਤੇ ਲਗਭਗ ਇਕ ਸਾਲ ਲੰਘ ਜਾਂਦਾ ਸੀ। ਸਭ ਤੋਂ ਪਹਿਲਾ ਸ਼ੁੱਧ ਨਸਲ ਦਾ ਇਕ ਸੁੰਦਰ, ਸਫ਼ੈਦ ਅਤੇ ਸਡੌਲ ਘੋੜਾ ਚੁਣਿਆ ਜਾਂਦਾ ਸੀ। ਫਿਰ ਉਸ ਨੂੰ ਇਸ਼ਨਾਨ ਕਰਾਕੇ ਮੰਤ੍ਰਾਂ ਦੇ ਪਾਠ ਨਾਲ ਯੱਗ ਲਈ ਤਿਆਰ ਕੀਤਾ ਜਾਂਦਾ ਸੀ। ਤਦਉਪਰੰਤ ਉਸ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਅਤੇ ਬਿਰਧ ਘੋੜਿਆਂ ਨਾਲ ਖੇਡਣ ਦਿੱਤਾ ਜਾਂਦਾ। ਇਸ ਪਿਛੋਂ ਉਸ ਦੀ ਦਿਗ-ਵਿਜਈ ਯਾਤ੍ਰਾ ਸ਼ੁਰੂ ਹੁੰਦੀ। ਘੋੜੇ ਦੇ ਸਿਰ ਉੱਤੇ ਜੈ-ਪੱਤਰ ਬੰਨ੍ਹ ਕੇ ਛੱਡ ਦਿੱਤਾ ਜਾਂਦਾ। ਉਸ ਪਿਛੇ ਇਕ ਸੌ ਰਾਜਕੁਮਾਰ ਅਤੇ ਅਨੇਕ ਦਰਬਾਰੀਆਂ ਦੇ ਪੁੱਤਰ, ਰੱਖਿਆ ਲਈ ਚਲਦੇ ਸਨ। ਉਨ੍ਹਾਂ ਦਾ ਕਰਤੱਵ ਹੁੰਦਾ ਸੀ ਕਿ ਘੋੜੇ ਦੇ ਸੁਤੰਤਰ ਵਿਚਰਨ ਵਿਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਾ ਆਏ। ਉਸ ਘੋੜੇ ਨੂੰ ਚੁਰਾਉਣ ਜਾਂ ਫੜਨ ਵਾਲੇ ਨਾਲ ਯੁੱਧ ਹੁੰਦਾ। ਉਸ ਰਾਜੇ ਦੇ ਹਾਰਨ ਤੇ ਉਸ ਨੂੰ ਯੱਗ ਕਰਨ ਵਾਲੇ ਰਾਜੇ ਦੀ ਅਧੀਨਗੀ ਪ੍ਰਵਾਨ ਕਰਨੀ ਪੈਂਦੀ। ਜੇ ਕਿਸੇ ਕਾਰਣ ਘੋੜਾ ਮਰ ਜਾਂਦਾ ਜਾਂ ਗੁੰਮ ਹੋ ਜਾਂਦਾ ਤਾਂ ਨਵੇਂ ਸਿਰਿਓਂ ਦੂਜੇ ਘੋੜੇ ਨਾਲ ਦਿਗ-ਵਿਜਈ ਯਾਤ੍ਰਾ ਸ਼ੁਰੂ ਕੀਤੀ ਜਾਂਦੀ। ਆਪਣੀ ਯਾਤ੍ਰਾ ਦੌਰਾਨ ਜਿਸ ਦੇਸ਼ ਜਾਂ ਇਲਾਕੇ ਵਿਚੋਂ ਉਹ ਘੋੜਾ ਬੇਰੋਕ ਲੰਘ ਜਾਂਦਾ, ਉਥੋਂ ਦੇ ਰਾਜੇ ਨੂੰ ਯੱਗ ਵਿਚ ਸ਼ਾਮਲ ਹੋਣਾ ਪੈਂਦਾ ਅਤੇ ਇਹ ਸਮਝ ਲਿਆ ਜਾਂਦਾ ਕਿ ਉਸ ਨੇ ਯੱਗ ਕਰਨ ਵਾਲੇ ਰਾਜੇ ਦੀ ਈਨ ਮੰਨ ਲਈ ਹੈ।

ਵਿਜੈ-ਯਾਤ੍ਰਾ ਦੌਰਾਨ ਪਿਛੇ ਰਹਿ ਗਏ ਲੋਕ ਘੋੜੇ ਦੀ ਉਡੀਕ ਕਰਦੇ ਅਤੇ ਕਈ ਪ੍ਰਕਾਰ ਦੀਆਂ ਰਸਮਾਂ, ਅਨੁਸ਼ਠਾਨ ਆਦਿ ਕਰਦੇ ਅਤੇ ਉਤਸਵ ਮਨਾਉਂਦੇ। ਘੋੜੇ ਦੇ ਮੁੜਨ ਉਪਰੰਤ ਤਿੰਨ ਦਿਨ ਯੱਗ ਹੁੰਦਾ। ਈਨ ਮੰਨਣ ਵਾਲੇ ਸਾਰੇ ਰਾਜੇ ਯੱਗ ਵਿਚ ਸ਼ਾਮਲ ਹੁੰਦੇ। ਯੱਗ ਲਈ ਇਕ ਬਹੁਤ ਵੱਡਾ ਮੰਡਪ ਬਣਾਇਆ ਜਾਂਦਾ। ਉਸ ਵਿਚ 21 ਥੰਮ ਗੱਡੇ ਜਾਂਦੇ ਅਤੇ 18 ਹਵਨ-ਕੁੰਡ ਬਣਾਏ ਜਾਂਦੇ। ਪਹਿਲੇ ਦਿਨ ਮੰਡਪ ਉੱਤੇ ਸੋਮਰਸ ਚੋਇਆ ਜਾਂਦਾ ਅਤੇ ਹੋਰ ਰਸਮਾਂ ਕੀਤੀਆਂ ਜਾਂਦੀਆਂ। ਦੂਜੇ ਦਿਨ ਯੱਗ ਦੇ ਘੋੜੇ ਨੂੰ ਗਹਿਣਿਆਂ ਨਾਲ ਸਜਾ ਕੇ ਤਿੰਨ ਹੋਰ ਘੋੜਿਆਂ ਨਾਲ ਰਥ ਨਾਲ ਜਕੜਿਆ ਜਾਂਦਾ ਅਤੇ ਚੌਹਾਂ ਪਾਸੇ ਘੁਮਾ ਕੇ ਫਿਰ ਉਸ ਨੂੰ ਇਸ਼ਨਾਨ ਕਰਾਇਆ ਜਾਂਦਾ। ਫਿਰ ਯੱਗ-ਕਰਤਾ ਰਾਜਾ ਦੀਆਂ ਤਿੰਨ ਰਾਣੀਆਂ ਘੋੜੇ ਨੂੰ ਸਜਾਉਂਦੀਆਂ, ਇਸ ਉਪਰੰਤ ਘੋੜੇ ਨੂੰ ਇਕ ਬਕਰੇ ਨਾਲ ਯੱਗ-ਮੰਡਪ ਵਿਚ ਬੰਨ੍ਹ ਦਿੱਤਾ ਜਾਂਦਾ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਪਸ਼ੂ, ਜਿਨ੍ਹਾਂ ਦੀ ਬਲੀ ਦਿੱਤੀ ਜਾਣੀ ਹੁੰਦੀ, ਯੱਗ-ਮੰਡਪ ਉੱਤੇ ਬੰਨ੍ਹ ਦਿੱਤਾ ਜਾਂਦਾ। ਫਿਰ ਘੋੜੇ ਨੂੰ ਕਪੜੇ ਨਾਲ ਗਰਦਨ ਘੁਟ ਕੇ ਮਾਰਿਆ ਜਾਂਦਾ। ਘੋੜੇ ਦੇ ਮਰਨ ਤੋਂ ਬਾਦ ਮੁੱਖ ਰਾਣੀ ਪਰਦੇ ਦੀ ਓਟ ਵਿਚ ਮਰੇ ਹੋਏ ਘੋੜੇ ਨਾਲ ਪ੍ਰਤੀਕਾਤਮਕ ਤੌਰ ਤੇ ਲੇਟਦੀ। ਉਥੇ ਮੌਜੂਦ ਪੁਰੋਹਤ ਰਾਣੀਆਂ ਨਾਲ ਮਜ਼ਾਕ ਕਰਦੇ। ਮੁੱਖ ਰਾਣੀ ਦੇ ਉਠਣ ਤੇ ਘੋੜੇ ਨੂੰ ਕਟ ਦਿੱਤਾ ਜਾਂਦਾ ਅਤੇ ਉਸ ਦੇ ਵੱਖ ਵੱਖ ਭਾਗਾਂ ਨੂੰ ਭੁੰਨ ਕੇ ਪ੍ਰਜਾਪਤੀ ਨੂੰ ਆਹੂਤੀ ਦਿੱਤੀ ਜਾਂਦੀ। ਤੀਜੇ ਦਿਨ ਯੱਗ-ਕਰਤਾ ਰਾਜੇ ਨੂੰ ਇਸ਼ਨਾਨ ਕਰਾਇਆ ਜਾਂਦਾ। ਫਿਰ ਯੱਗ ਕਰਨ ਵਾਲੇ ਪੁਰੋਹਤਾਂ ਅਤੇ ਬ੍ਰਾਹਮਣਾਂ ਨੂੰ ਦਾਨ ਦਿੱਤਾ ਜਾਂਦਾ। ਇਹ ਦਾਨ-ਦੱਛਣਾ

ਜਿੱਤੇ ਹੋਏ ਰਾਜਿਆਂ ਦੀ ਸੰਪਤੀ ਤੋਂ ਦਿੱਤੀ ਜਾਂਦੀ। ਇਸ ਤਰ੍ਹਾਂ ਤੀਜੇ ਦਿਨ ਇਹ ਯੱਗ ਸਮਾਪਤ ਹੁੰਦਾ।

ਭਾਰਤ ਵਿਚ ਗੁਪਤ ਸਾਮ੍ਰਾਜ ਦੇ ਖ਼ਤਮ ਹੋਣ ਨਾਲ ਇਸ ਯੱਗ ਦਾ ਗੌਰਵ ਵੀ ਖ਼ਤਮ ਹੁੰਦਾ ਗਿਆ। ਬਾਦ ਵਿਚ ਤਾਂ ਕੇਵਲ ਲਕੀਰ ਦੀ ਫ਼ਕੀਰੀ ਰਹਿ ਗਈ। ਇਸ ਯੱਗ ਨਾਲ ਰਾਜਨੈਤਿਕ ਲਾਭਾਂ ਤੋਂ ਇਲਾਵਾ ਇਹ ਮਾਨਤਾ ਵੀ ਸੰਬੰਧਿਤ ਹੈ ਕਿ ਇਸ ਨਾਲ ਬ੍ਰਹਮ ਹਤਿਆ ਦਾ ਪਾਪ ਨਸ਼ਟ ਹੁੰਦਾ ਹੈ ਅਤੇ ਸਵਰਗ ਦੀ ਪ੍ਰਾਪਤੀ ਹੁੰਦੀ ਹੈ। ਪੁਰਾਣਾਂ ਵਿਚ ਲਿਖਿਆ ਹੈ ਕਿ ਇਕ ਸੌ ਅਸ੍ਵਮੇਧ ਯੱਗ ਕਰਨ ਨਾਲ ਯੱਗ-ਕਰਤਾ ਨੂੰ ਇੰਦਰ-ਪਦਵੀ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਆਪਣੀ ਪਦਵੀ ਦੇ ਖੁਸਣ ਦੇ ਡਰ ਤੋਂ ਇੰਦਰ ਆਮ ਤੌਰ ਤੇ ਇਸ ਯੱਗ ਵਿਚ ਵਿਘਨ ਪਾਂਦਾ ਦਸਿਆ ਗਿਆ ਹੈ। ਭਗਤ ਨਾਮਦੇਵ ਦੀ ਸਥਾਪਨਾ ਹੈ ਕਿ ਇਤਨੇ ਮਹਾਤਮ ਵਾਲੇ ਯੱਗ ਦੀ ਵੀ ਰਾਮ-ਨਾਮ ਨਾਲ ਕੋਈ ਬਰਾਬਰੀ ਨਹੀਂ ਹੋ ਸਕਦੀ—'ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ' (ਆ. ਗ੍ਰੰ. 973)।

ਅਸ਼੍ਵਨੀ ਕੁਮਾਰ : ਅਸ਼੍ਵਨੀ (ਘੋੜੀ) ਤੋਂ ਪੈਦਾ ਹੋਏ ਸੂਰਜ ਦੇ ਦੋ ਪੁੱਤਰ ਜੋ 'ਅਸ਼੍ਵਨੀਕੁਮਾਰ' ਨਾਂ ਨਾਲ ਪ੍ਰਸਿੱਧ ਹੋਏ। ਇਨ੍ਹਾਂ ਬਾਰੇ ਕਈ ਪੌਰਾਣਿਕ ਆਖਿਆਨ ਪ੍ਰਚਲਿਤ ਹਨ। ਇਨ੍ਹਾਂ ਆਖਿਆਨਾਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਇਕ ਅਪੱਛਰਾ (ਕਿਤੇ ਕਿਤੇ ਉਸ ਦਾ ਨਾਂ 'ਸੰਧਿਆ' ਲਿਖਿਆ ਹੈ) ਜੋ ਸੂਰਜ ਦੀ ਪਤਨੀ ਸੀ ਪਰ ਉਸ ਦਾ ਤੇਜ ਨਾ ਸਹਾਰ ਸਕਣ ਕਾਰਣ ਆਪ ਬਨ ਨੂੰ ਚਲੀ ਗਈ ਅਤੇ ਪਿਛੇ ਆਪਣੇ ਵਰਗੀ ਇਕ ਹੋਰ ਇਸਤਰੀ ('ਛਾਯਾ') ਬਣਾ ਕੇ ਛੱਡ ਗਈ। ਬਨ ਵਿਚ ਉਹ ਘੋੜੀ ਦੇ ਰੂਪ ਵਿਚ ਰਹਿਣ ਲਗੀ। ਇਸ ਬਾਰੇ ਪਤਾ ਲਗਣ ਤੇ ਸੂਰਜ ਘੋੜੇ ਦਾ ਰੂਪ ਧਾਰ ਕੇ ਜੰਗਲ ਵਿਚ ਚਲਾ ਗਿਆ। ਉਥੇ ਘੋੜੀ ਨਾਲ ਸੰਭੋਗ ਕਰਨ ਤੇ ਦੋ ਪੁੱਤਰ ਪੈਦਾ ਹੋਏ ਜੋ ਘੋੜੀ (ਅਸ਼੍ਵਨੀ) ਤੋਂ ਪੈਦਾ ਹੋਣ ਕਾਰਣ ਅਸ਼੍ਵਨੀ ਕੁਮਾਰ ਅਖਵਾਏ।

ਇਨ੍ਹਾਂ ਦੋਹਾਂ ਨੂੰ ਵੈਦਿਕ ਦੇਵਤਿਆਂ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੈ। ਇਹ ਸਵਰਗ ਦੇ ਵੈਦ ਵੀ ਮੰਨੇ ਜਾਂਦੇ ਹਨ। ਕਹਿੰਦੇ ਹਨ ਕਿ ਪਹਿਲਾਂ ਬ੍ਰਹਮਾ ਨੇ ਵੈਦਗੀ ਬਾਰੇ ਇਕ ਲੱਖ ਸ਼ਲੋਕਾਂ ਦੀ ਰਚਨਾ ਕੀਤੀ। ਉਸ ਨੂੰ ਪ੍ਰਜਾਪਤੀ ਨੇ ਪੜ੍ਹਿਆ, ਪ੍ਰਜਾਪਤੀ ਤੋਂ ਅਸ਼੍ਵਨੀ ਕੁਮਾਰਾਂ ਨੇ ਪੜ੍ਹਿਆ, ਇਨ੍ਹਾਂ ਤੋਂ ਇੰਦਰ ਨੇ ਅਤੇ ਇੰਦਰ ਤੋਂ ਧਨਵੰਤਰੀ ਨੇ ਪੜ੍ਹਿਆ। ਧਨਵੰਤਰੀ ਤੋਂ ਸੁਸ਼੍ਰੁਤ ਮੁਨੀ ਨੇ ਪੜ੍ਹ ਕੇ ਆਯੁਰਵੇਦ ਦੀ ਰਚਨਾ ਕੀਤੀ।

ਇਹ ਦੋਵੇਂ ਸਦਾ ਜਵਾਨ ਰਹਿਣ ਵਾਲੇ, ਸੁੰਦਰ, ਸੋਨ-ਰੰਗੇ ਅਤੇ ਬਾਜ਼ਾਂ ਵਾਂਗ ਤੇਜ਼ ਗਤਿ ਵਾਲੇ ਸਨ। ਇਨ੍ਹਾਂ ਨੇ ਬਿਰਧ ਚ੍ਯਵਨ ਰਿਸ਼ੀ ਨੂੰ ਫਿਰ ਤੋਂ ਜਵਾਨ ਕੀਤਾ ਸੀ। ਫਲਸਰੂਪ ਰਾਜਾ ਸ਼ਰਯਾਤਿ ਦੁਆਰਾ ਕੀਤੇ ਯੱਗ ਵਿਚ ਚ੍ਯਵਨ ਨੇ ਇਨ੍ਹਾਂ ਨੂੰ ਸੋਮ ਰਸ ਪਿਲਾਇਆ। ਇਸ ਕਰਕੇ ਇੰਦਰ ਨਾਰਾਜ਼ ਹੋ ਗਿਆ ਅਤੇ ਉਸ ਨੇ ਰਿਸ਼ੀ ਉਤੇ ਵਜ੍ਰ ਦਾ ਪ੍ਰਹਾਰ ਕੀਤਾ। ਰਿਸ਼ੀ ਨੇ ਆਪਣੇ ਤਪੋਬਲ ਨਾਲ ਵਜ੍ਰ ਨੂੰ ਰੋਕ

ਦਿੱਤਾ। ਫਿਰ ਕ੍ਰਿਤ੍ਯਾ ਤੋਂ ਪੈਦਾ ਹੋਏ ਇਕ ਅਸੁਰ ਨੇ ਇੰਦਰ ਤੇ ਹਮਲਾ ਕਰਨਾ ਚਾਹਿਆ। ਉਦੋਂ ਉਸ ਦੀ ਕੋਈ ਦੇਵਤਾ ਸਹਾਇਤਾ ਨਾ ਕਰ ਸਕਿਆ। ਆਖਿਰ ਚ੍ਯਵਨ ਨੇ ਹੀ ਉਸ ਨੂੰ ਬਚਾਇਆ। ਇਨ੍ਹਾਂ ਨੂੰ ਪ੍ਰਭਾਤ ਦੇ ਦੇਵਤੇ ਵੀ ਮੰਨਿਆ ਜਾਂਦਾ ਹੈ ਕਿਉਂਕਿ ਉਸ਼ਾ ਦੇ ਉਦੇ ਹੋਣ ਤੋਂ ਪਹਿਲਾਂ ਇਹ ਹੀ ਉਸ ਵਾਸਤੇ ਮਾਰਗ ਮੋਕਲਾ ਕਰਦੇ ਹਨ। 'ਮਹਾਭਾਰਤ' ਵਿਚ ਇਹ ਵੀ ਲਿਖਿਆ ਹੈ ਕਿ ਪਾਂਡੂ ਦੀ ਵਿਧਵਾ ਇਸਤਰੀ 'ਮਾਦ੍ਰੀ' ਨਾਲ ਅਸ਼੍ਵਨੀ ਕੁਮਾਰਾਂ ਨੇ ਸੰਯੋਗ ਕਰਕੇ ਨਕੁਲ ਅਤੇ ਸਹਿਦੇਵ ਨੂੰ ਜਨਮ ਦਿੱਤਾ ਸੀ।

ਅਹਰਾਵਣ/ਅਹਿਰਾਵਣ : ਇਸ ਦਾ ਨਾਮਾਂਤਰ 'ਐਰਾਵਣ' ਜਾਂ 'ਅਯਰਾਵਣ' ਵੀ ਹੈ। 'ਬਾਲਮੀਕੀ ਰਾਮਾਇਣ' ਵਿਚ ਇਸ ਦਾ ਉੱਲੇਖ ਨਹੀਂ ਹੈ। ਪਰ 'ਆਨੰਦ ਰਾਮਾਇਣ' ਅਤੇ ਉਸ ਤੋਂ ਪ੍ਰਭਾਵਿਤ ਰਾਮ ਸਾਹਿੱਤ ਵਿਚ ਕਿਤੇ-ਕਿਤੇ ਇਸ ਬਾਰੇ ਪ੍ਰਸੰਗ ਮਿਲਦੇ ਹਨ। ਲੋਕ-ਪਰੰਪਰਾ ਅਨੁਸਾਰ ਇਹ ਰਾਵਣ ਦਾ ਮੌਸੇਰਾ ਭਰਾ, ਪਾਤਾਲ-ਵਾਸੀ ਮਿਤਰ ਆਦਿ ਸੀ। ਇਹ, ਅਸਲ ਵਿਚ, ਦੋ ਰਾਖਸ਼ ਭਰਾ ਸਨ—ਅਹਿਰਾਵਣ ਅਤੇ ਮਹਿਰਾਵਣ (ਵੇਖੋ)। ਰਾਵਣ ਦੇ ਕਹਿਣ ਤੇ ਇਹ ਦੋਵੇਂ ਸ੍ਰੀ ਰਾਮ ਚੰਦਰ ਅਤੇ ਲੱਛਮਣ ਨੂੰ ਮਾਰਨ ਲਈ ਸੁਬੇਲ ਪਰਬਤ ਉਤੇ ਗਏ, ਜਿਥੇ ਰਾਮ ਅਤੇ ਲੱਛਮਣ ਸੌਂ ਰਹੇ ਸਨ। ਰਾਖਸ਼ਾਂ ਦੇ ਵਾਰ ਤੋਂ ਰਾਮ ਅਤੇ ਲੱਛਮਣ ਨੂੰ ਬਚਾਉਣ ਲਈ ਹਨੂਮਾਨ ਨੇ ਪਿੱਛਾ ਕੀਤਾ।

ਨਿਕੁੰਭਿਲਾ ਨਗਰ ਪਹੁੰਚਣ 'ਤੇ ਹਨੂਮਾਨ ਨੂੰ ਆਪਣੇ ਪੁੱਤਰ ਮਕਰਧ੍ਵਜ ਤੋਂ ਪਤਾ ਲਗਾ ਕਿ ਰਾਮ ਅਤੇ ਲੱਛਮਣ ਨੂੰ ਸਵੇਰੇ ਕਾਮਾਕਸ਼ੀ ਦੇਵੀ ਦੇ ਮੰਦਿਰ ਵਿਚ ਮਾਰਿਆ ਜਾਵੇਗਾ। ਹਨੂਮਾਨ ਵਲੋਂ ਸਮੇਂ ਸਿਰ ਸਾਵਧਾਨੀ ਵਰਤਣ ਨਾਲ ਉਹ ਚੁਪ-ਚੁਪਾਤੇ ਹਮਲਾ ਨਾ ਕਰ ਸਕੇ। ਦੋਹਾਂ ਧਿਰਾਂ ਵਿਚ ਘੋਰ ਯੁੱਧ ਹੋਇਆ। ਪਰ ਅਹਿਰਾਵਣ ਅਤੇ ਮਹਿਰਾਵਣ ਦੇ ਲਹੂ ਦੀਆਂ ਬੂੰਦਾਂ ਤੋਂ ਹੋਰ ਉਹੋ ਜਿਹੇ ਰੂਪ ਪੈਦਾ ਹੋ ਜਾਣ ਕਾਰਨ ਉਨ੍ਹਾਂ ਦਾ ਅੰਤ ਕਰਨਾ ਔਖਾ ਹੋ ਗਿਆ। ਉਸ ਵੇਲੇ ਅਹਿਰਾਵਣ ਦੀ ਪਤਨੀ, ਜੋ ਨਾਗ-ਕੰਨਿਆ ਸੀ, ਨੇ ਹਨੂਮਾਨ ਨੂੰ ਦਸਿਆ ਕਿ ਉਸ ਨੂੰ ਬਲ ਪੂਰਵਕ ਉਥੇ ਲਿਆਉਂਦਾ ਗਿਆ ਹੈ। ਉਸ ਨੇ ਦੋਹਾਂ ਰਾਖਸ਼ਾਂ ਨੂੰ ਮਾਰਨ ਦਾ ਉਪਾ ਦਸਣ ਲਈ ਇਕ ਸ਼ਰਤ ਰਖੀ ਕਿ ਰਾਖਸ਼ਾਂ ਦੇ ਮਾਰੇ ਜਾਣ ਉਪਰੰਤ ਸ੍ਰੀ ਰਾਮ ਉਸ ਨਾਲ ਵਿਆਹ ਕਰਨਗੇ। ਹਨੂਮਾਨ ਨੇ ਕਿਹਾ ਕਿ ਜੇ ਸ੍ਰੀ ਰਾਮ ਦੇ ਬੈਠਣ ਨਾਲ ਨਾਗ-ਕੰਨਿਆ ਦਾ ਪਲੰਘ ਨਾ ਟੁਟਿਆ ਤਾਂ ਰਾਮ ਉਸ ਨਾਲ ਵਿਆਹ ਕਰ ਲੈਣਗੇ। ਨਾਗ-ਕੰਨਿਆ ਦੇ ਦਸਣ ਤੇ ਹਨੂਮਾਨ ਨੇ ਬਹੁਤ ਸਾਰੇ ਭੌਰੇ ਮਾਰ ਦਿੱਤੇ ਜੋ ਰਾਖਸ਼ਾਂ ਨੂੰ ਜੀਵਿਤ ਰੱਖਣ ਲਈ ਅੰਮ੍ਰਿਤ-ਬੂੰਦ ਲਿਆ ਕੇ ਦਿੰਦੇ ਸਨ। ਫਿਰ ਇਕ ਭੌਰੇ ਨੇ ਨਾਗ-ਕੰਨਿਆ ਦਾ ਪਲੰਘ ਖੁਰਚ ਖੁਰਚ ਕੇ ਪੋਲਾ ਕਰ ਦਿੱਤਾ। ਇਸ ਵਿਧੀ ਨਾਲ ਦੋਵੇਂ ਰਾਖਸ਼ ਮਾਰੇ ਗਏ ਅਤੇ ਜਦ ਰਾਮ ਨੇ ਨਾਗ-ਕੰਨਿਆ ਦੇ ਪਲੰਘ ਉਤੇ ਪੈਰ ਰਖਿਆ ਤਾਂ ਉਹ, ਪੋਲਾ ਹੋਣ ਕਾਰਣ, ਤੁਰਤ ਟੁਟ ਗਿਆ। ਫਲਸਰੂਪ, ਨਾਗ-ਕੰਨਿਆ ਨੇ ਆਤਮ-ਦਾਹ ਕਰ ਲਿਆ। ਗੁਰੂ ਨਾਨਕ ਦੇਵ ਨੇ 'ਸਿਧ ਗੋਸਟਿ' ਵਿਚ ਅਹਿਰਾਵਣ ਵਲ

ਸੰਕੇਤ ਕੀਤਾ ਹੈ—'ਰਾਮ ਚੰਦਿ ਮਾਰਿਓ ਅਹਿਰਾਵਣ ਭੇਦੁ ਬਭੀਖਣ ਗੁਰਮੁਖਿ ਪਰਚਾਇਣ' (ਅ. ਗ੍ਰੰ. 942)। ਕਈ ਟੀਕਾਕਾਰਾਂ ਨੇ 'ਅਹਿਰਾਵਣ' ਦੀ ਥਾਂ ਤੇ ਇਸ ਨੂੰ 'ਅਹਿ' ਅਤੇ 'ਰਾਵਣ' ਦੋ ਸ਼ਬਦ ਮੰਨ ਕੇ 'ਅਹਿ' ਦਾ ਅਰਥ 'ਹੰਕਾਰੀ' ਕੀਤਾ ਹੈ ਜੋ ਸੰਗਤ ਨਹੀਂ ਹੈ।

ਅਹਲਿਆ : ਇਹ ਵ੍ਰਿਧਾਸ਼੍ਵ ਦੀ ਪੁੱਤਰੀ, ਸ਼ਤਾਨੰਦ ਦੀ ਮਾਤਾ ਅਤੇ ਗੌਤਮ ਰਿਸ਼ੀ ਦੀ ਪਤਨੀ ਸੀ ਜਿਸ ਦਾ ਨਾਂ ਪ੍ਰਭਾਤ ਵੇਲੇ ਸਿਮਰਨਯੋਗ ਪੰਜ ਪਵਿੱਤਰ ਕੰਨਿਆਵਾਂ (ਅਹਲਿਆ, ਦ੍ਰੋਪਦੀ, ਕੁੰਤੀ, ਤਾਰਾ ਅਤੇ ਮੰਦੋਦਰੀ) ਵਿਚ ਪਹਿਲੇ ਸਥਾਨ 'ਤੇ ਗਿਣਿਆ ਜਾਂਦਾ ਹੈ। ਇਕ ਸਤਯੁਗੀ ਪੁਰਾਤਨ ਦੰਦ-ਕਥਾ ਦੇ ਆਧਾਰ ਤੇ ਇਹ ਬ੍ਰਹਮਾ ਵਲੋਂ ਸਿਰਜੀ ਪਹਿਲੀ ਇਸਤਰੀ ਸੀ। ਇਸ ਦੇ ਰੂਪ ਨੂੰ ਵੇਖ ਕੇ ਇੰਦਰ ਮੋਹਿਤ ਹੋ ਗਿਆ। ਉਸ ਨੇ ਬ੍ਰਹਮਾ ਤੋਂ ਅਹਲਿਆ ਨੂੰ ਆਪਣੀ ਪਤਨੀ ਬਣਾਉਣ ਲਈ ਯਾਚਨਾ ਕੀਤੀ। ਪਰ ਬ੍ਰਹਮਾ ਨੇ ਇੰਦਰ ਦਾ ਪ੍ਰਸਤਾਵ ਨਾ ਮਨ ਕੇ ਅਹਲਿਆ ਨੂੰ ਗੌਤਮ ਰਿਸ਼ੀ (ਵੇਖੋ) ਨਾਲ ਵਿਆਹ ਦਿੱਤਾ। ਇੰਦਰ ਤੋਂ ਇਹ ਜਰਿਆ ਨਾ ਗਿਆ ਅਤੇ ਉਸ ਨੇ ਅਹਲਿਆ ਨੂੰ ਪਤਿਬ੍ਰਤ ਧਰਮ ਤੋਂ ਪਤਿਤ ਕੀਤਾ।

ਪਤਿਤ ਕਰਨ ਦਾ ਸਭ ਤੋਂ ਪੁਰਾਤਨ ਪ੍ਰਸੰਗ 'ਬਾਲਮੀਕੀ ਰਾਮਾਇਣ' (ਬਾਲ ਕਾਂਡ/ 48-49) ਵਿਚ ਦਿੱਤਾ ਮਿਲਦਾ ਹੈ ਜਿਸ ਅਨੁਸਾਰ ਇੰਦਰ ਨੇ ਗੌਤਮ ਦਾ ਰੂਪ ਧਾਰ ਕੇ ਆਪਣੀ ਕਾਮ-ਅਭਿਲਾਸ਼ਾ ਪੂਰੀ ਕੀਤੀ। ਗੌਤਮ ਨੂੰ ਜਲਦੀ ਜਗਾਉਣ ਅਤੇ ਇਸ਼ਨਾਨ ਕਰਨ ਵਾਸਤੇ ਨਦੀ ਵਲ ਭੇਜਣ ਲਈ ਚੰਦ੍ਰਮਾ ਨੇ ਮੁਰਗੇ ਦਾ ਰੂਪ ਧਾਰਿਆ ਅਤੇ ਅੱਧੀ ਰਾਤ ਵੇਲੇ ਹੀ ਬਾਂਗ ਦੇ ਦਿੱਤੀ। ਇਸ਼ਨਾਨ ਕਰਨ ਉਪਰੰਤ ਜਦ ਗੌਤਮ ਆਪਣੇ ਨਿਵਾਸ ਵਲ ਪਰਤਿਆ ਤਾਂ ਉਸ ਨੂੰ ਵਾਸਤਵਿਕਤਾ ਦਾ ਪਤਾ ਲਗਿਆ। ਉਸ ਨੇ ਤਿੰਨਾਂ ਨੂੰ ਸਰਾਪ ਦਿੱਤਾ। ਅਹਲਿਆ ਸਿਲ ਬਣੀ ਅਤੇ ਸ੍ਰੀ ਰਾਮ ਚੰਦਰ ਦੀ ਚਰਣ-ਛੋਹ ਪ੍ਰਾਪਤ ਕਰਨ ਲਈ ਉਸ ਨੂੰ ਤ੍ਰੇਤਾ ਯੁਗ ਤਕ ਉਡੀਕਣਾ ਪਿਆ। 'ਇੰਦਰ' ਦੇ ਸ਼ਰੀਰ ਉਤੇ ਇਕ ਹਜ਼ਾਰ ਭਗ-ਚਿੰਨ੍ਹ ਬਣੇ ਅਤੇ 'ਚੰਦ੍ਰਮਾ' ਉਤੇ ਸਥਾਈ ਕਲੰਕ ਲਗ ਗਿਆ।

ਪੁਰਾਣ ਸਾਹਿੱਤ ਵਿਚ ਕੁਝ ਅਦਲਾ-ਬਦਲੀ ਨਾਲ ਇਸ ਉਪਾਖਿਆਨ ਦਾ ਬ੍ਰਿੱਤਾਂਤ ਕਈ ਥਾਵਾਂ ਤੇ ਮਿਲ ਜਾਂਦਾ ਹੈ। 'ਬ੍ਰਹਮਵੈਵਰਤ ਪੁਰਾਣ' (ਅਧਿ. 61) ਅਨੁਸਾਰ ਇੰਦਰ ਨੇ ਅਹਲਿਆ ਨੂੰ ਨੰਗਿਆਂ ਇਸ਼ਨਾਨ ਕਰਦੇ ਵੇਖਿਆ ਅਤੇ ਉਸ ਉਤੇ ਮੋਹਿਤ ਹੋ ਗਿਆ। ਉਸ ਨੇ ਅਹਲਿਆ ਨਾਲ ਸੰਭੋਗ ਦੀ ਇੱਛਾ ਪ੍ਰਗਟ ਕੀਤੀ, ਪਰ ਅਹਲਿਆ ਨੇ ਆਪਣੇ ਪਤਿਬ੍ਰਤ ਧਰਮ ਦਾ ਵਾਸਤਾ ਪਾ ਕੇ ਟਾਲ ਦਿੱਤਾ। ਇਕ ਵਾਰ ਗੌਤਮ ਦੀ ਗ਼ੈਰ-ਹਾਜ਼ਰੀ ਵਿਚ ਇੰਦਰ ਨੇ ਸੰਭੋਗ ਕਰਕੇ ਅਹਲਿਆ ਨੂੰ ਭ੍ਰਸ਼ਟ ਕੀਤਾ। ਪਤਾ ਲਗਣ ਤੇ ਗੌਤਮ ਨੇ ਸਰਾਪ ਦਿੱਤਾ। 'ਬ੍ਰਹਮਾਂਡ ਪੁਰਾਣ' (ਅਧਿ. 87) ਵਿਚ ਵੀ ਇਸੇ ਤਰ੍ਹਾਂ ਦਾ ਬ੍ਰਿੱਤਾਂਤ ਮਿਲ ਜਾਂਦਾ ਹੈ।

'ਅਹਲਿਆ' ਸ਼ਬਦ ਦਾ ਅਰਥ ਕਈ ਵਿਦਵਾਨਾਂ ਨੇ 'ਅਣਵਾਹੀ ਭੂਮੀ' ਕੀਤਾ ਹੈ। ਕੁਮਾਰਿਲ ਭੱਟ ਇਸ ਛਲ-ਪ੍ਰਸੰਗ ਨੂੰ ਇਕ ਰੂਪਕ ਦਸਦਾ ਹੋਇਆ ਇੰਦਰ ਨੂੰ ਸੂਰਜ ਅਤੇ ਅਹਲਿਆ ਨੂੰ ਰਾਤ ਸਿੱਧ ਕਰਦਾ ਹੈ। ਸੂਰਜ ਰਾਤ ਦਾ ਪਿਛਾ ਕਰਕੇ ਉਸ ਨੂੰ ਬਲ-

ਹੀਨ ਬਣਾ ਦਿੰਦਾ ਹੈ।

ਪੰਜਾਬੀ ਸਾਹਿੱਤ ਵਿਚ ਇਸ ਉਪਾਖਿਆਨ ਦਾ ਉੱਲੇਖ ਦੋ ਤਰ੍ਹਾਂ ਨਾਲ ਹੋਇਆ ਹੈ। ਇਕ, ਸਾਧਾਰਣ ਰੂਪ ਵਿਚ ਜਿਵੇਂ ਪ੍ਰਭਾਤੀ ਰਾਗ ਵਿਚ ਗੁਰੂ ਨਾਨਕ ਦੇਵ ਨੇ ਕਿਹਾ ਹੈ—'ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।/ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ' (ਅ. ਗ੍ਰੰ. 1343)।

ਦੂਜੇ, ਪਰਮਾਤਮਾ ਨੂੰ ਪਤਿਤ-ਉਧਾਰਕ ਜਾਂ ਭਗਤ-ਵੱਛਲ ਦਸਣ ਲਈ, ਜਿਵੇਂ ਭਾਈ ਗੁਰਦਾਸ ਨੇ ਲਿਖਿਆ ਹੈ—'ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰੁ ਲੋਭਾਣਾ।/ ਭਗਤਿ ਵਛਲੁ ਭਲਿਆਈਅਹੁ ਪਤਤਿ ਉਧਾਰਣੁ ਪਾਪ ਕਮਾਣਾ' (10/18)।

ਅਹਿਮਦ : ਹਜ਼ਰਤ ਮੁਹੰਮਦ ਦਾ ਨਾਮਾਂਤਰ। 'ਵੇਖੋ 'ਮੁਹੰਮਦ, ਹਜ਼ਰਤ'

ਅਹਿਮਦ ਸ਼ਾਹ, ਅਬਦਾਲੀ : ਸਦੋਜ਼ਈ ਕਬੀਲੇ ਦਾ ਇਕ ਪਠਾਣ ਜਿਸ ਦਾ ਅਸਲ ਨਾਂ ਅਹਿਮਦ ਖ਼ਾਨ ਸੀ। ਇਸ ਦਾ ਪਿਤਾ ਮੁਹੰਮਦ ਜ਼ਮਾਨ ਖ਼ਾਨ ਹੈਰਾਤ ਦੇ ਇਲਾਕੇ ਦਾ ਇਕ ਸਾਧਾਰਣ ਸਰਦਾਰ ਸੀ। ਨਾਦਰਸ਼ਾਹ ਨੇ ਸੰਨ 1731 ਈ. ਵਿਚ ਹੈਰਾਤ ਉਤੇ ਹਮਲਾ ਕਰਕੇ ਬਹੁਤ ਤਬਾਹੀ ਕੀਤੀ ਅਤੇ ਅਨੇਕ ਅਬਦਾਲੀਆਂ ਨੂੰ ਬੰਦੀ ਬਣਾ ਲਿਆ ਜਿਨ੍ਹਾਂ ਵਿਚ ਅਹਿਮਦ ਖ਼ਾਨ ਵੀ ਸ਼ਾਮਲ ਸੀ। ਇਸ ਤਰ੍ਹਾਂ ਇਹ ਬਚਪਨ ਤੋਂ ਨਾਦਰ-ਸ਼ਾਹ ਦੀ ਸੇਵਾ ਵਿਚ ਗ਼ੁਲਾਮ ਵਜੋਂ ਰਹਿੰਦਾ ਰਿਹਾ। ਪਰ ਇਸ ਨੇ ਆਪਣੀ ਯੋਗਤਾ ਨਾਲ ਹੌਲੀ ਹੌਲੀ ਤਰੱਕੀ ਕੀਤੀ ਅਤੇ ਨਾਦਰਸ਼ਾਹ ਦੀ ਫ਼ੌਜ ਦਾ ਸੈਨਾਪਤੀ ਬਣਿਆ।

ਸੰਨ 1747 ਈ. ਵਿਚ ਨਾਦਰਸ਼ਾਹ ਦੇ ਕਤਲ ਹੋਣ ਤੇ ਇਸ ਨੇ ਸ਼ਕਤੀ ਇਕੱਠੀ ਕਰਕੇ ਬਾਦਸ਼ਾਹੀ ਹਾਸਲ ਕਰ ਲਈ ਅਤੇ ਅਹਿਮਦ ਖ਼ਾਨ ਤੋਂ ਅਹਿਮਦ ਸ਼ਾਹ ਬਣਿਆ। ਇਸ ਨੂੰ ਇਕ ਦਰਵੇਸ਼ ਸਾਬਰ ਸ਼ਾਹ ਨੇ 'ਦੁੱਰੇ ਦੁੱਰਾਨ' ਦਾ ਖ਼ਿਤਾਬ (ਪਦਵੀ) ਬਖ਼ਸ਼ਿਆ ਜੋ ਕਾਲਾਂਤਰ ਵਿਚ 'ਦੁਰਾਨੀ' ਰੂਪ ਵਿਚ ਪ੍ਰਸਿੱਧ ਹੋ ਗਿਆ। ਸੰਨ 1748 ਈ. ਵਿਚ ਇਸ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ, ਪਰ ਸਰਹਿੰਦ ਨੇੜੇ ਇਹ ਮੁਗ਼ਲ ਫ਼ੌਜ ਤੋਂ ਹਾਰ ਕੇ ਕਾਬਲ ਪਰਤ ਗਿਆ। ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਦੇ ਦੇਹਾਂਤ ਤੋਂ ਬਾਦ ਇਸ ਨੇ ਸੰਨ 1749 ਈ. ਵਿਚ ਫਿਰ ਹਮਲਾ ਕੀਤਾ ਅਤੇ ਮੁਗ਼ਲ ਬਾਦਸ਼ਾਹ ਅਹਿਮਦ ਸ਼ਾਹ ਨੂੰ ਹਰਾ ਕੇ ਮੁਲਤਾਨ, ਸਿੰਧ, ਪੰਜਾਬ ਆਦਿ ਸੂਬੇ ਆਪਣੇ ਅਧਿਕਾਰ ਵਿਚ ਕਰ ਲਏ। ਇਸ ਦੌਰਾਨ ਇਸ ਨੇ ਪੰਜਾਬ ਦੀ ਖ਼ੂਬ ਲੁਟ ਮਾਰ ਕੀਤੀ। ਇਸ ਦੀ ਪਰਛਾਈ ਪੰਜਾਬੀ ਲੋਕ-ਗੀਤਾਂ ਵਿਚ ਮਿਲ ਜਾਂਦੀ ਹੈ ਜਿਵੇਂ—'ਕੁਝ ਹਾਲੀ ਦੀ ਕੁਝ ਪਾਲੀ ਦੀ। /ਬਾਕੀ ਅਹਿਮਦਸ਼ਾਹ ਅਬਦਾਲੀ ਦੀ।'

ਸੰਨ 1754 ਈ. ਵਿਚ ਅਹਿਮਦ ਸ਼ਾਹ ਦੀ ਮੌਤ ਤੋਂ ਬਾਦ ਆਲਮਗੀਰ ਦੂਜਾ ਦਿੱਲੀ ਦੀ ਗੱਦੀ ਉਤੇ ਬੈਠਾ। ਉਸ ਦੇ ਪ੍ਰਧਾਨ ਮੰਤਰੀ ਗ਼ਾਜ਼ੀਉੱਦੀਨ ਨੇ ਅਬਦਾਲੀ ਦੇ ਅਧੀਨ ਹੋ ਚੁਕੇ ਮੁਲਤਾਨ ਨਗਰ ਉਤੇ ਹਮਲਾ ਕੀਤਾ ਅਤੇ ਉਥੋਂ ਦੇ ਅਫ਼ਗਾਨ ਸੂਬੇਦਾਰ ਨੂੰ ਕੈਦ ਕਰ ਲਿਆ। ਇਸ ਤੋਂ ਚਿੜ੍ਹ ਕੇ ਅਬਦਾਲੀ ਨੇ ਸੰਨ 1756 ਈ. ਵਿਚ ਹਿੰਦੁਸਤਾਨ ਉਤੇ ਤੀਜਾ ਹਮਲਾ ਕੀਤਾ, ਦਿੱਲੀ ਨੂੰ ਜਿੱਤ ਕੇ 40 ਦਿਨ ਖ਼ੂਬ ਲੁਟ-ਮਾਰ ਕੀਤੀ ਅਤੇ ਨਜੀਬੁੱਦੌਲਾ ਨੂੰ ਪ੍ਰਧਾਨ ਮੰਤਰੀ ਬਣਾ ਕੇ ਆਪਣੇ ਦੇਸ਼ ਨੂੰ ਪਰਤ ਗਿਆ।

ਇਸ ਤੋਂ ਬਾਦ ਵੀ ਇਸ ਨੇ ਕਈ ਹਮਲੇ ਕੀਤੇ। ਸੰਨ 1761 ਈ. ਵਿਚ ਕੀਤੇ ਹਮਲੇ ਵੇਲੇ ਇਸ ਨੇ ਪਾਨੀਪਤ ਦੀ ਯੁੱਧ-ਭੂਮੀ ਵਿਚ ਮਰਹਟਿਆਂ ਨੂੰ ਤਕੜੀ ਹਾਰ ਦਿੱਤੀ। ਸੰਨ 1767 ਈ. ਵਿਚ ਇਸ ਨੇ ਹਿੰਦੁਸਤਾਨ ਉਤੇ ਆਖਰਲੀ ਵਾਰ ਹਮਲਾ ਕੀਤਾ, ਪਰ ਸਿੱਖਾਂ ਦੀ ਨਿੱਤ ਵੱਧਦੀ ਸ਼ਕਤੀ ਨੇ ਇਸ ਨੂੰ ਬਹੁਤ ਨਿਰਾਸ਼ ਕਰ ਦਿੱਤਾ। ਇਸ ਸੰਬੰਧ ਵਿਚ ਲੋਕ-ਗੀਤਾਂ ਵਿਚ ਸੰਕੇਤ ਮਿਲਦੇ ਹਨ—'ਜਦੋਂ ਮਾਰ ਪਈ ਅਬਦਾਲੀ ਅੱਲਾਹੂ ਦਾ ਨਾਹਰਾ ਮਾਰਦਾ।'

ਅਹਿਮਦਪੁਰ : ਮੱਕੇ ਦਾ ਇਕ ਨਾਮਾਂਤਰ। ਵੇਖੋ 'ਮੱਕਾ'।

ਅਹੋਈ-ਪੂਜਾ : ਇਹ ਹਿੰਦੂ ਮਤ ਵਾਲਿਆਂ ਦਾ ਇਕ ਤਿਉਹਾਰ ਹੈ ਜੋ ਅਸੂ ਮਹੀਨੇ ਦੀ ਦੁਰਗਾ ਅਸ਼ਟਮੀ ਤੋਂ ਪੰਦਰ੍ਹਾਂ ਦਿਨ ਬਾਦ ਕਤਕ ਵਦੀ 8 ਨੂੰ ਮੰਨਾਇਆ ਜਾਂਦਾ ਹੈ। ਇਸ ਦਿਨ ਸੰਤਾਨ ਵਾਲੀਆਂ ਇਸਤਰੀਆਂ ਆਪਣੇ ਬੱਚਿਆਂ ਦੇ ਕਲਿਆਣ ਲਈ ਵਰਤ ਰਖਦੀਆਂ ਹਨ ਅਤੇ ਅਹੋਈ ਦੇਵੀ ਦੀ ਪੂਜਾ ਕਰਦੀਆਂ ਹਨ। ਸੌਖ ਲਈ ਇਸ ਨੂੰ 'ਹੋਈ' ਵੀ ਕਹਿ ਦਿੱਤਾ ਜਾਂਦਾ ਹੈ। ਕਈ ਵਿਚਾਰਵਾਨ ਇਹ ਸ਼ਬਦ 'ਅਨਹੋਣੀ' ਤੋਂ ਬਣਿਆ ਮੰਨਦੇ ਹਨ। ਇਸ ਤਿਉਹਾਰ ਤੋਂ ਚਾਰ ਦਿਨ ਪਹਿਲਾਂ ਕਤਕ ਵਦੀ 4 ਨੂੰ 'ਕਰਵਾ ਚੌਥ' (ਵੇਖੋ) ਦਾ ਤਿਉਹਾਰ ਹੁੰਦਾ ਹੈ। ਉਸ ਦਿਨ ਪਤੀ ਦੀ ਲੰਮੀ ਉਮਰ ਅਤੇ ਕਲਿਆਣ ਲਈ ਵਰਤ ਰਖਿਆ ਜਾਂਦਾ ਹੈ। ਕਰਵਾ ਚੌਥ ਵਾਲੇ ਦਿਨ ਦੀਆਂ ਬਚੀਆਂ ਹੋਈਆਂ ਫੇਣੀਆਂ ਤੇ ਮਿਠਿਆਈ ਆਦਿ ਨੂੰ ਸਰਘੀ ਵੇਲੇ ਖਾ ਕੇ ਸੰਤਾਨ ਵਾਲੀਆਂ ਇਸਤਰੀਆਂ ਨਿਰਾਹਾਰ ਅਤੇ ਨਿਰਜਲ ਵਰਤ ਰਖਦੀਆਂ ਹਨ। 'ਅਹੋਈ' ਦੀ ਪੂਜਾ ਲਈ ਦਿਨ ਭਰ ਕਈ ਪ੍ਰਕਾਰ ਦੇ ਪਕਵਾਨ ਤਿਆਰ ਕੀਤੇ ਜਾਂਦੇ ਹਨ। ਸ਼ਾਮ ਵੇਲੇ ਸ਼ਰਧਾਵਾਨ ਮਾਤਾਵਾਂ ਪੂਜਾ ਵਾਲੀ ਕੰਧ ਉਤੇ ਅਹੋਈ (ਦੇਵੀ) ਦਾ ਚਿੱਤਰ ਬਣਾਉਂਦੀਆ ਹਨ ਜੋ ਆਮ ਤੌਰ ਤੇ ਲਾਲ ਰੰਗ ਦਾ ਹੁੰਦਾ ਹੈ।

ਕੁਝ ਘਰਾਂ ਵਿਚ ਅਹੋਈ ਦਾ ਚਿੱਤਰ ਪਰਿਵਾਰ ਦਾ ਬਜ਼ੁਰਗ ਕਾਲੇ ਕੋਲੇ ਨਾਲ ਬਣਾਉਂਦਾ ਹੈ। ਇਸ ਬਾਰੇ ਦੋ ਧਾਰਣਾਵਾਂ ਹਨ। ਇਕ ਧਾਰਣਾ ਅਨੁਸਾਰ ਸਾਂਝੀ (ਵੇਖੋ) ਦਾ ਤਿਉਹਾਰ ਚਾਨਣੇ ਪੱਖ ਵਿਚ ਹੁੰਦਾ ਹੈ, ਇਸ ਲਈ ਸਾਂਝੀ ਗੌਰੀ ਦੇਵੀ ਦਾ ਪ੍ਰਤੀਕ ਸਮਝੀ ਜਾਂਦੀ ਹੈ ਅਤੇ ਅਹੋਈ ਦਾ ਤਿਉਹਾਰ ਹਨੇਰੇ ਪੱਖ ਵਿਚ ਹੁੰਦਾ ਹੈ, ਇਸ ਲਈ ਉਸ ਨੂੰ ਕਾਲੀ ਦੇਵੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਦੂਜੀ ਧਾਰਣਾ ਅਨੁਸਾਰ ਕੇਵਲ ਉਨ੍ਹਾਂ ਘਰਾਂ ਵਿਚ ਅਹੋਈ ਦਾ ਕਾਲਾ ਚਿੱਤਰ ਬਣਾਇਆ ਜਾਂਦਾ ਹੈ ਜਿਨ੍ਹਾਂ ਘਰਾਂ ਵਿਚ ਅਹੋਈ ਵਾਲੇ ਦਿਨ ਕਿਸੇ ਦੀ ਮੌਤ ਹੋਈ ਹੋਵੇ। ਪਰ ਜਦੋਂ ਅਹੋਈ ਵਾਲੇ ਦਿਨ ਉਸ ਘਰ ਵਿਚ ਪੁੱਤਰ ਜੰਮ ਪੈਂਦਾ ਹੈ ਤਾਂ ਫਿਰ ਤੋਂ ਅਹੋਈ ਦਾ ਚਿੱਤਰ ਲਾਲ ਰੰਗ ਦਾ ਬਣਾਇਆ ਜਾਣ ਲਗਦਾ ਹੈ।

ਸ਼ਾਮ ਵੇਲੇ ਕਈਆਂ ਘਰਾਂ ਵਿਚ ਅਹੋਈ ਦੇ ਚਿੱਤਰ ਨੂੰ ਖੂਬ ਸ਼ਿੰਗਾਰਿਆ ਜਾਂਦਾ ਹੈ ਅਤੇ ਦੁੱਧ ਚਾਵਲ ਦਾ ਭੋਗ ਲਗਾਇਆ ਜਾਂਦਾ ਹੈ। ਫਿਰ ਪੁਰੋਹਤਣ ਤੋਂ ਅਹੋਈ ਦੇਵੀ ਦੀ ਕਥਾ ਸੁਣੀ ਜਾਂਦੀ ਹੈ ਕਿ ਕਿਵੇਂ ਦੀਵਾਲੀ ਦੇ ਮੌਕੇ ਤੇ ਘਰ ਦੇ ਪੋਚੇ ਲਈ ਟਿੱਬੇ ਤੋਂ ਮਿੱਟੀ ਪੁਟਣ ਗਈ ਕਿਸੇ ਇਸਤਰੀ ਦੀ ਖੁਰਪੀ ਨਾਲ ਸਹੇ ਦਾ ਬੱਚਾ ਮਾਰਿਆ ਗਿਆ।

ਇਸ ਉਪਰੰਤ ਇਕ ਇਕ ਕਰਕੇ ਉਸ ਇਸਤਰੀ ਦੇ ਸੱਤੇ ਬੱਚੇ ਮਰ ਗਏ। ਦੁਖਿਆਰਨ ਵਲੋਂ ਕਿਸੇ ਸਾਧਿਕਾ ਤੋਂ ਉਪਾ ਪੁਛੇ ਜਾਣ ਤੇ ਅਹੋਈ ਦੇਵੀ ਦੀ ਪੂਜਾ ਕੀਤੀ ਗਈ। ਫਲਸਰੂਪ ਉਸ ਦੇ ਘਰ ਸੱਤ ਪੁੱਤਰਾਂ ਦਾ ਜਨਮ ਹੋਇਆ। ਉਸ ਦਿਨ ਤੋਂ ਸੰਤਾਨ ਵਾਲੀਆਂ ਇਸਤਰੀਆਂ ਵਿਚ ਕਤਕ ਵਦੀ 8 ਨੂੰ ਅਹੋਈ ਦੀ ਪੂਜਾ ਅਤੇ ਵਰਤ ਰਖਣ ਦੀ ਪਰੰਪਰਾ ਚਲ ਪਈ। ਤਾਰੇ ਨਿਕਲਣ ਤੇ ਇਹ ਵਰਤ ਖੋਲਿਆ ਜਾਂਦਾ ਹੈ ਅਤੇ ਸੱਸ ਜਾਂ ਕਿਸੇ ਸਪੁੱਤੀ ਬਜ਼ੁਰਗ ਇਸਤਰੀ ਨੂੰ ਆਟਾ ਅਤੇ ਗੁੜ ਥਾਲੀ ਵਿਚ ਧਰ ਕੇ ਭੇਟਾ ਕੀਤਾ ਜਾਂਦਾ ਹੈ। ਅਹੋਈ ਦਾ ਚੜ੍ਹਾਵਾ ਪੁਰੋਹਤਣ ਦੀ ਥਾਂ ਜਣੇਪੇ ਵੇਲੇ ਬੁਲਾਈ ਜਾਂਦੀ ਦਾਈ ਨੂੰ ਦਿੱਤਾ ਜਾਂਦਾ ਹੈ।

ਕ੍ਰਿਸ਼ਣ-ਉਪਾਸਕ ਇਸ ਵਰਤ ਦਾ ਸੰਬੰਧ ਯਸ਼ੋਦਾ ਨਾਲ ਜੋੜਦੇ ਹਨ। ਉਨ੍ਹਾਂ ਅਨੁਸਾਰ ਅਕਾਸੁਰ ਅਤੇ ਬਕਾਸੁਰ ਨਾਂ ਦੇ ਰਾਖਸ਼ਾਂ ਨੂੰ ਮਾਰਨ ਗਏ ਕ੍ਰਿਸ਼ਣ ਦੀ ਮਾਤਾ ਪਿਛੋਂ ਇਤਨੀ ਘਬਰਾਈ ਕਿ ਸਾਰਾ ਦਿਨ ਉਸ ਨੇ ਬਿਨਾ ਖਾਏ ਪੀਏ ਗੁਜ਼ਾਰ ਦਿੱਤਾ। ਜਦੋਂ ਤਾਰੇ ਨਿਕਲੇ, ਤਦ ਸਾਖਿਆਤ ਕ੍ਰਿਸ਼ਣ ਵਾਪਸ ਪਰਤੇ। ਤਦ ਹੀ ਉਸ ਨੇ ਅੰਨ ਜਲ ਗ੍ਰਹਿਣ ਕੀਤਾ। ਦੋਹਾਂ ਰਾਖਸ਼ਾਂ ਨੂੰ ਕ੍ਰਿਸ਼ਣ ਨੇ ਇਕੱਲਿਆਂ ਮਾਰ ਦੇਣਾ, ਇਕ ਅਣਹੋਣੀ ਜਿਹੀ ਘਟਨਾ ਸੀ। ਕਾਲਾਂਤਰ ਵਿਚ 'ਅਣਹੋਣੀ' ਸ਼ਬਦ ਹੀ 'ਅਹੋਈ' ਬਣ ਗਿਆ ਅਤੇ ਕ੍ਰਿਸ਼ਣ ਭਗਤਾਂ ਨੇ ਵਰਤ ਰਖਣ ਦੀ ਪ੍ਰਥਾ ਤੋਰ ਲਈ।

ਨਿਰਗੁਣਵਾਦੀ ਭਗਤਾਂ ਨੇ ਇਸ ਪ੍ਰਕਾਰ ਦੇ ਵਰਤਾਂ ਅਤੇ ਦੇਵੀ ਪੂਜਾ ਦਾ ਖੁਲ੍ਹ ਕੇ ਵਿਰੋਧ ਕੀਤਾ ਹੈ। ਸੰਤ ਕਬੀਰ ਨੇ ਪਰਮਾਤਮਾ ਦੇ ਸਿਮਰਨ ਦੀ ਥਾਂ ਤੇ ਅਹੋਈ ਦੇਵੀ ਦੀ ਪੂਜਾ ਕਰਨ ਵਾਲੀ ਇਸਤਰੀ ਨੂੰ ਚੇਤਾਵਨੀ ਦਿੱਤੀ ਹੈ ਕਿ ਅਜਿਹੀ ਪੂਜਾ ਦੇ ਫਲ-ਸਰੂਪ ਉਹ ਇਸਤਰੀ ਖੋਤੀ ਰੂਪ ਵਿਚ ਜਨਮ ਲੈ ਕੇ ਚਾਰ ਚਾਰ ਮਣ ਭਾਰ ਢੋਵੇਗੀ— 'ਕਬੀਰ ਹਰਿ ਕਾ ਸਿਮਰਨ ਛਾਡਿ ਕੈ ਅਹੋਈ ਰਾਖੈ ਨਾਰਿ ।/ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ' (ਆ. ਗ੍ਰੰ. 1370)।

ਅਕਬਰ-ਹੱਜ : ਵੇਖੋ 'ਹੱਜ'।

ਅਕਬਰ, ਬਾਦਸ਼ਾਹ : ਇਹ ਬਾਬਰ ਦੇ ਪੁੱਤਰ ਹੁਮਾਯੂੰ ਦੇ ਘਰ ਬੇਗਮ ਹਮੀਦਾਬਾਨੂ ਦੀ ਕੁਖੋਂ 15 ਅਕਤੂਬਰ, 1542 ਈ. ਨੂੰ ਅਮਰਕੋਟ (ਸੂਬਾ ਸਿੰਧ) ਵਿਚ ਪੈਦਾ ਹੋਇਆ। ਉਦੋਂ ਹੁਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਹਿੰਦੁਸਤਾਨ ਤੋਂ ਭੱਜ ਗਿਆ ਸੀ। ਇਸ ਦਾ ਬਚਪਨ ਆਪਣੇ ਚਾਚੇ ਕਾਮਰਾਨ ਕੋਲ ਕਾਬਲ ਦੇ ਕਿਲੇ ਵਿਚ ਬੀਤਿਆ। ਇਸ ਨੂੰ ਪੜ੍ਹਨ ਲਿਖਣ ਵਿਚ ਕੋਈ ਰੁਚੀ ਨਹੀਂ ਸੀ, ਪਰ ਲੜਾਈ ਦੇ ਕਰਤਬਾਂ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਬਚਪਨ ਵਿਚ ਹੀ ਇਸ ਨੇ ਯੁੱਧਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। 20 ਜਨਵਰੀ, 1556 ਈ. ਨੂੰ ਹੁਮਾਯੂੰ ਦੇ ਦੇਹਾਂਤ ਪਿਛੋਂ ਪੌਣੇ ਚੌਦਾ ਵਰ੍ਹਿਆਂ ਦੀ ਉਮਰ ਵਿਚ ਆਪਣੇ ਉਸਤਾਦ ਬੈਰਾਮ ਖ਼ਾਨ ਦੀ ਦੇਖ-ਰੇਖ ਵਿਚ ਇਹ ਹਿੰਦੁਸਤਾਨ ਦੀ ਗੱਦੀ ਉਤੇ ਬੈਠਾ।

ਦਿੱਲੀ ਦੀ ਅਫ਼ਗਾਨ ਸੈਨਾ ਨਾਲ ਅਕਬਰ ਦੀ ਸੈਨਾ ਦੀ ਪਾਨੀਪਤ ਦੇ ਮੈਦਾਨ ਵਿਚ ਜੰਮ ਕੇ ਲੜਾਈ ਹੋਈ। 5 ਨਵੰਬਰ, 1556 ਈ. ਨੂੰ ਮੁਗ਼ਲ ਫ਼ੌਜ ਦੀ ਜਿੱਤ ਹੋਈ

ਅਤੇ ਅਕਬਰ ਦਾ ਅਫ਼ਗ਼ਾਨਾਂ ਦੇ ਡਰ ਤੋਂ ਛੁਟਕਾਰਾ ਹੋਇਆ। ਇਸ ਨੇ ਆਗਰਾ ਨੂੰ ਆਪਣੀ ਰਾਜਧਾਨੀ ਬਣਾ ਕੇ ਉਸ ਦਾ ਨਾਂ ਅਕਬਰਾਬਾਦ ਰਖਿਆ।

ਕੁਝ ਸਮਾਂ ਬੈਰਾਮ ਖ਼ਾਨ ਨੇ ਰਾਜ ਦੀ ਵਾਗ-ਡੋਰ ਸੰਭਾਲੀ ਰਖੀ ਪਰ ਅਕਬਰ ਉਸ ਦੀ ਮਨਮਰਜ਼ੀ ਵਾਲੇ ਵਿਵਹਾਰ ਤੋਂ ਸੰਤੁਸ਼ਟ ਨਹੀਂ ਸੀ। ਉਸ ਨੇ ਆਗਰੇ ਤੋਂ ਦਿੱਲੀ ਆ ਕੇ ਬੈਰਾਮ ਖ਼ਾਨ ਨੂੰ ਬਰਤਰਫ਼ ਕਰ ਦਿੱਤਾ ਅਤੇ ਖ਼ੁਦ ਰਾਜ ਦਾ ਕਾਰਜ-ਭਾਰ ਸੰਭਾਲ ਲਿਆ। ਬੈਰਾਮ ਖ਼ਾਨ ਨੇ ਵਿਰੋਧ ਕੀਤਾ, ਪਰ ਉਸ ਨੂੰ ਕੈਦ ਕਰ ਲਿਆ ਗਿਆ ਅਤੇ ਅੰਤ ਵਿਚ ਉਸ ਨੂੰ ਮੱਕੇ ਵਲ ਚਲੇ ਜਾਣ ਲਈ ਛਡ ਦਿੱਤਾ ਗਿਆ।

ਇਸ ਨੇ ਹੌਲੀ ਹੌਲੀ ਸਾਰੇ ਸਿਰਕਸ਼ ਸਰਦਾਰਾਂ ਤੋਂ ਆਪਣਾ ਰਾਜ-ਮਾਰਗ ਸਾਫ਼ ਕੀਤਾ ਅਤੇ ਨਾਲ ਹੀ ਆਪਣੇ ਰਾਜ ਦਾ ਵਿਸਤਾਰ ਕਰਨਾ ਸ਼ੁਰੂ ਕੀਤਾ ਅਤੇ ਜਲਦੀ ਹੀ ਰਾਜਸਥਾਨ ਵਿਚਲੇ ਮਾਲਵਾ, ਅੰਬੇਰ (ਆਮੇਰ) ਅਤੇ ਜੋਧਪੁਰ ਦੇ ਇਲਾਕਿਆਂ ਤਕ ਆਪਣਾ ਅਧਿਕਾਰ-ਖੇਤਰ ਵਧਾ ਦਿੱਤਾ। ਆਪਣੀ ਸਿਆਣਪ ਨਾਲ ਇਸ ਨੇ ਰਾਜਪੂਤ ਰਾਜਿਆਂ ਨੂੰ ਆਪਣੇ ਅਧੀਨ ਕਰਨ ਦਾ ਯਤਨ ਕੀਤਾ। ਧਾਰਮਿਕ ਉਦਾਰਤਾ ਵਿਖਾਉਂਦੇ ਹੋਇਆਂ ਕੈਦੀਆਂ ਨੂੰ ਗ਼ੁਲਾਮ ਬਣਾਉਣ, ਜਿਜ਼ੀਆ ਲਗਾਉਣ ਅਤੇ ਤੀਰਥ-ਯਾਤ੍ਰਾ ਉਤੇ ਰੋਕ ਲਗਾਉਣ ਦੀਆਂ ਪ੍ਰਥਾਵਾਂ ਨੂੰ ਖ਼ਤਮ ਕਰ ਦਿੱਤਾ। ਪਰ ਰਾਜਪੂਤ ਰਾਜਿਆਂ ਵਿਚੋਂ ਬਹੁਤਿਆਂ ਨੇ ਅਕਬਰ ਦੀ ਪ੍ਰਭੁਤਾ ਸਵੀਕਾਰ ਨਾ ਕੀਤੀ। ਜੈਪੁਰ ਅਤੇ ਜੋਧਪੁਰ ਦੇ ਰਾਜਿਆਂ ਨੇ ਅਕਬਰ ਨਾਲ ਭਾਵੇਂ ਆਪਣੇ ਪਰਿਵਾਰਿਕ ਸੰਬੰਧ ਕਾਇਮ ਕਰ ਲਏ ਪਰ ਮੇਵਾੜ (ਮੇਵਾਰ) ਦੇ ਮਹਾਰਾਣਾ ਉਦੈ ਸਿੰਘ ਨੇ ਅਕਬਰ ਦੀ ਪਰਵਾਹ ਨਾ ਕੀਤੀ। ਉਸ ਨੂੰ ਦੰਡ ਦੇਣ ਲਈ ਅਕਬਰ ਨੇ ਚਿਤੌੜਗੜ੍ਹ ਉਤੇ ਹਮਲਾ ਕੀਤਾ। ਮਹਾਰਾਣਾ ਘਾਇਲ ਹੋ ਕੇ ਕਿਲੇ ਵਿਚੋਂ ਨਿਕਲ ਗਿਆ, ਪਰ ਜੈਮਲ ਅਤੇ ਫੱਤਾ ਨਾਂ ਦੇ ਰਾਜਪੂਤ ਯੋਧੇ ਅਦੁੱਤੀ ਵੀਰਤਾ ਨਾਲ ਲੜਦੇ ਹੋਏ ਮਾਰੇ ਗਏ। ਇਨ੍ਹਾਂ ਦਾ ਜਸ ਵੀਰ-ਕਾਵਿ ਦਾ ਵਿਸ਼ਾ ਬਣਿਆ ਰਿਹਾ ਹੈ। ਆਖ਼ਿਰ ਸੰਨ 1567 ਈ. ਵਿਚ ਚਿਤੌੜਗੜ੍ਹ ਅਤੇ ਰਣਥੰਬੌਰ ਦੇ ਕਿਲਿਆਂ ਉਤੇ ਅਕਬਰ ਨੇ ਕਬਜ਼ਾ ਕਰ ਕੇ ਅਤੇ ਆਪਣੇ ਰਾਜ ਦੀਆਂ ਸੀਮਾਵਾਂ ਕਾਲਿੰਜਰ, ਮਾਰ-ਵਾੜ ਅਤੇ ਬੀਕਾਨੇਰ ਤਕ ਵਧਾਉਂਦਾ ਹੋਇਆ ਗੁਜਰਾਤ ਤਕ ਜਾ ਪਹੁੰਚਿਆ। ਇਧਰ ਪੂਰਬ ਵਲ ਇਸ ਨੇ ਸੰਨ 1572-1574 ਈ. ਵਿਚ ਬੰਗਾਲ ਅਤੇ ਬਿਹਾਰ ਦੇ ਪ੍ਰਾਂਤਾਂ ਨੂੰ ਆਪਣੇ ਅਧੀਨ ਕਰ ਲਿਆ। ਫਿਰ ਸਹਿਜੇ ਸਹਿਜੇ ਇਸ ਨੇ ਕਸ਼ਮੀਰ, ਅਫ਼ਗ਼ਾਨਿਸਤਾਨ, ਬਿਲੋਚਿਸਤਾਨ ਅਤੇ ਸਿੰਧ ਤਕ ਆਪਣੀ ਰਾਜ-ਸੀਮਾ ਵਧਾਈ ਅਤੇ ਦੱਖਣ ਵਿਚ ਵੀ ਆਪਣੀ ਪ੍ਰਭੁਤਾ ਸਥਾਪਿਤ ਕੀਤੀ। ਇਸੇ ਤਰ੍ਹਾਂ ਇਸ ਨੇ ਇਕ ਬਹੁਤ ਵੱਡਾ ਅਤੇ ਸ਼ਕਤੀ-ਸ਼ਾਲੀ ਰਾਜ ਕਾਇਮ ਕੀਤਾ। ਦਮੋਦਰ ਨੇ ਆਪਣੇ 'ਹੀਰ' ਦੇ ਕਿੱਸੇ ਵਿਚ ਸੰਕੇਤ ਕੀਤਾ ਹੈ—'ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨ ਹੁੱਜਤ ਕਾਈ।'

ਅਕਬਰ ਨੇ ਨਿੱਤ ਵਧਦੇ ਰਾਜ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ। ਆਮਦਨ ਦੇ ਸਾਧਨਾਂ ਨੂੰ ਵਿਵਸਥਿਤ ਰੂਪ ਦਿੱਤਾ। ਸਾਰੇ ਧਰਮਾਂ ਪ੍ਰਤਿ ਉਦਾਰਤਾ ਦਾ ਰਵੱਯਾ ਅਪਣਾਉਂਦੇ ਹੋਇਆਂ 'ਦੀਨ-ਇਲਾਹੀ' ਦੀ ਸਥਾਪਨਾ ਕੀਤੀ ਜਿਸ ਵਿਚ ਹਰ ਧਰਮ ਵਾਲਾ ਸ਼ਾਮਲ ਹੋ ਸਕਦਾ ਸੀ। ਉਸ ਦੇ ਮੁੱਖ ਸਿਧਾਂਤ ਇਸ ਪ੍ਰਕਾਰ ਸਨ—ਪਰਮਾਤਮਾ ਵਿਚ

ਦ੍ਰਿੜ ਵਿਸ਼ਵਾਸ, ਬਾਦਸ਼ਾਹ ਪ੍ਰਤਿ ਭਗਤੀ ਭਾਵਨਾ ਜਾਂ ਆਸਥਾ, ਮਾਸ ਖਾਣ ਅਤੇ ਜੀਵ ਹਤਿਆ ਕਰਨ ਦੀ ਮਨਾਹੀ, ਇਸਤਰੀ ਸਹਿਵਾਸ ਵਿਚ ਸੰਜਮ ਅਤੇ ਸ਼ੁੱਧਤਾ, ਸਮੇਂ ਸਮੇਂ ਦਾਨ ਅਤੇ ਭੰਡਾਰੇ ਲਗਾਉਣਾ। ਇਸ ਨਵੇਂ ਧਰਮ ਵਿਚ ਸ਼ਾਮਲ ਹੋਣ ਲਈ ਅਕਬਰ ਖੁਦ ਹਰ ਇਕ ਨੂੰ ਦੀਕਸ਼ਿਤ ਕਰਦਾ ਸੀ। ਇਸ ਧਰਮ ਦੇ ਵਿਅਕਤੀ ਜਦੋਂ ਆਪਸ ਵਿਚ ਮਿਲਦੇ ਤਾਂ 'ਅੱਲਾਹੂ ਅਕਬਰ' ਕਹਿੰਦੇ ਅਤੇ ਉੱਤਰ ਵਿਚ 'ਜੱਲੇਜਲਾਲਹੂ' ਕਹਿੰਦੇ। ਇਹ ਲੋਕ ਆਪਣੀ ਪਗੜੀ ਵਿਚ ਅਕਬਰ ਦਾ ਇਕ ਨਿੱਕਾ ਜਿਹਾ ਚਿੱਤਰ ਵੀ ਰਖਦੇ। ਪਰ ਕੱਟੜਵਾਦੀ ਮੁਲਾਣਿਆਂ ਨੇ ਅਕਬਰ ਦੇ ਇਸ ਨਵੇਂ ਧਰਮ ਦਾ ਵਿਰੋਧ ਕੀਤਾ। ਕਈਆਂ ਪ੍ਰਾਂਤਾਂ ਵਿਚ ਬਗ਼ਾਵਤ ਵੀ ਹੋਈ, ਜੋ ਭਾਵੇਂ ਅਕਬਰ ਨੇ ਆਪਣੀ ਸੂਝ ਨਾਲ ਦਬਾ ਦਿੱਤੀ ਪਰ ਆਪਣੇ ਨਵੇਂ ਧਰਮ ਦੇ ਪ੍ਰਚਾਰ ਨੂੰ ਹੌਲੀ ਹੌਲੀ ਘਟਾ ਦਿੱਤਾ ਅਤੇ ਇਸ ਤਰ੍ਹਾਂ ਇਹ ਧਰਮ ਅਕਬਰ ਦੇ ਜੀਵਨ-ਕਾਲ ਵਿਚ ਹੀ ਖ਼ਤਮ ਹੋ ਗਿਆ।

ਅਕਬਰ ਨੇ ਕਈ ਸਮਾਜਿਕ ਅਤੇ ਧਾਰਮਿਕ ਸੁਧਾਰ ਕੀਤੇ ਅਤੇ ਬਹੁਤ ਸਾਰੇ ਹਿੰਦੂ ਧਰਮ ਗ੍ਰੰਥਾਂ ਨੂੰ ਫ਼ਾਰਸੀ ਵਿਚ ਅਤੇ ਇਸਲਾਮਿਕ ਧਰਮ ਗ੍ਰੰਥਾਂ ਨੂੰ ਭਾਖਾ ਵਿਚ ਅਨੁਵਾਦ ਕਰਵਾਇਆ ਤਾਂ ਜੋ ਦੋਹਾਂ ਧਰਮਾਂ ਵਾਲੇ ਇਕ ਦੂਜੇ ਦੇ ਸਭਿਆਚਾਰ ਨੂੰ ਸਮਝ ਸਕਣ। ਇਹ ਵਿਦਵਾਨਾਂ ਅਤੇ ਕਲਾਕਾਰਾਂ ਦਾ ਕਦਰਦਾਨ ਸੀ। ਇਹ ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ, ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਵੀ ਹਾਜ਼ਰ ਹੋਇਆ ਸੀ।

ਦੱਖਣ ਦੀਆਂ ਲੜਾਈਆਂ ਵਿਚ ਰੁਝੇ ਹੋਣ ਕਾਰਣ ਅਕਬਰ ਦੇ ਲੜਕੇ ਸਲੀਮ (ਜਹਾਂਗੀਰ) ਨੇ ਬਗ਼ਾਵਤ ਕੀਤੀ, ਪਰ ਸੰਨ 1603 ਈ. ਵਿਚ ਉਸ ਨੇ ਮਾਫ਼ੀ ਮੰਗ ਕੇ ਪਿਤਾ ਦੀ ਅਧੀਨਗੀ ਸਵੀਕਾਰ ਕਰ ਲਈ। 16 ਅਕਤੂਬਰ, 1605 ਈ. ਨੂੰ ਅਕਬਰ ਦਾ ਦੇਹਾਂਤ ਹੋਇਆ। ਇਹ ਬਹੁਤ ਪ੍ਰਤਾਪੀ, ਗੰਭੀਰ, ਉਦਾਰ, ਹਰਮਨ ਪਿਆਰਾ ਅਤੇ ਦੂਰਦਰਸ਼ੀ ਸ਼ਾਸਕ ਸੀ।

ਅਕਾਲ-ਤਖ਼ਤ : ਅੰਮ੍ਰਿਤਸਰ ਵਿਚ ਹਰਿਮੰਦਿਰ ਸਾਹਿਬ ਦੀ ਡਿਉੜ੍ਹੀ ਦੇ ਸਾਹਮਣੇ ਸਥਿਤ ਸ਼ਾਹੀ ਤਖ਼ਤ-ਨੁਮਾ ਇਕ ਉੱਚੀ ਇਮਾਰਤ ਜੋ ਗੁਰੂ ਹਰਿਗੋਬਿੰਦ ਜੀ ਨੇ ਸੰਨ 1606 ਈ. (1663 ਬਿ.) ਵਿਚ ਸ਼ੁਰੂ ਕਰਵਾ ਕੇ ਸੰਨ 1608 ਈ. ਵਿਚ ਮੁਕੰਮਲ ਕਰਵਾਈ। ਇਸ ਦਾ ਨਾਂ ਉਦੋਂ 'ਅਕਾਲ ਬੁੰਗਾ' ਰਖਿਆ ਗਿਆ। ਇਸ ਇਮਾਰਤ ਦੇ ਦਰਸ਼ਨੀ ਡਿਉੜ੍ਹੀ ਵਾਲੇ ਪਾਸੇ ਗੁਰੂ ਹਰਿਗੋਬਿੰਦ ਜੀ ਸ਼ਾਮ ਵੇਲੇ ਆਪਣਾ ਸਿੰਘਾਸਨ ਲਗਾਉਂਦੇ ਅਤੇ ਖੁਲ੍ਹੇ ਮੈਦਾਨ ਵਿਚ ਕੁਸ਼ਤੀਆਂ ਅਤੇ ਹੋਰ ਖੇਡਾਂ ਕਰਵਾਉਂਦੇ, ਨਾਲੇ ਸ਼ਸਤ੍ਰਾਂ ਦਾ ਅਭਿਆਸ ਕੀਤਾ ਜਾਂਦਾ। ਇਥੇ ਹੀ ਕਥਾ-ਵਾਰਤਾ ਹੁੰਦੀ, ਢਾਡੀ ਲੋਕ ਵਾਰਾਂ ਗਾਉਂਦੇ।

ਇਸ ਇਮਾਰਤ ਦੇ ਬਣਾਉਣ ਦਾ ਉੱਦੇਸ਼ ਇਹ ਸੀ ਕਿ ਅਧਿਆਤਮਿਕਤਾ ਦੇ ਨਾਲ ਨਾਲ ਸਿੱਖਾਂ ਨੂੰ ਆਤਮ-ਰੱਖਿਆ ਲਈ ਵੀ ਤਿਆਰ ਕੀਤਾ ਜਾਏ। ਫਲਸਰੂਪ ਅਕਾਲ-ਬੁੰਗੇ ਦੀ ਸਥਾਪਨਾ ਨਾਲ ਸਿੱਖ ਧਰਮ ਵਿਚ ਰਾਜਨੈਤਿਕ ਚੇਤਨਾ ਦਾ ਵਿਕਾਸ ਆਰੰਭ ਹੋਇਆ। ਦਸਵੇਂ ਗੁਰੂ ਤੋਂ ਬਾਦ ਇਹੀ ਸਥਾਨ ਸਿੱਖ ਜੱਥੇਬੰਦੀ ਦਾ ਕੇਂਦਰ ਬਣਿਆ। ਸਾਲ ਵਿਚ ਵਿਸਾਖੀ ਅਤੇ ਦਿਵਾਲੀ ਦੇ ਅਵਸਰਾਂ 'ਤੇ ਸਮੂਹ ਸਿੱਖ ਜੱਥੇਬੰਦੀਆਂ ਇੱਥੇ

ਇਕੱਠੀਆਂ ਹੁੰਦੀਆਂ ਸਨ । ਇਸ ਤੋਂ ਇਲਾਵਾ ਸੰਕਟ ਵੇਲੇ ਵੀ ਇਥੇ ਹੀ ਗੁਰਮਤੇ ਪਾਸ ਹੁੰਦੇ ਅਤੇ ਸਿੱਖ ਮਿਸਲਾਂ ਵੇਲੇ ਉਨ੍ਹਾਂ ਦੇ ਝਗੜੇ ਵੀ ਇਥੇ ਹੀ ਨਿਪਟਾਏ ਜਾਂਦੇ। ਤਨਖਾਹੀਏ ਸਿੱਖਾਂ ਨੂੰ ਧਾਰਮਿਕ ਰੀਤੀ ਅਨੁਸਾਰ ਸਜ਼ਾ ਵੀ ਇਥੇ ਹੀ ਦਿੱਤੀ ਜਾਂਦੀ। ਇਸ ਸਥਾਨ ਤੇ ਕੀਤਾ ਗਿਆ ਫ਼ੈਸਲਾ ਅਤੇ ਇਥੋਂ ਜਾਰੀ ਕੀਤਾ ਹੁਕਮਨਾਮਾ ਸਭ ਸਿੱਖ ਜੱਥੇਬੰਦੀਆਂ ਲਈ ਲਾਜ਼ਮੀ ਹੁੰਦਾ ।

ਕਾਲਾਂਤਰ ਵਿਚ ਕੇਸਗੜ੍ਹ ਸਾਹਿਬ, ਹਰਿਮੰਦਿਰ ਸਾਹਿਬ (ਪਟਨਾ), ਹਜ਼ੂਰ ਸਾਹਿਬ (ਨਾਂਦੇੜ) ਆਦਿ ਨੂੰ ਤਖ਼ਤ ਰੂਪ ਵਿਚ ਪ੍ਰਵਾਨਿਤ ਕਰ ਲਏ ਜਾਣ ਤੇ ਇਸ ਨੂੰ 'ਅਕਾਲ ਬੁੰਗਾ' ਦੀ ਥਾਂ 'ਅਕਾਲ ਤਖ਼ਤ' ਕਿਹਾ ਜਾਣ ਲਗਿਆ । ਇਸ ਤਖ਼ਤ ਉਤੇ ਦੋ ਗੁਰੂ ਸਾਹਿਬਾਨਾਂ, ਦੋ ਸਾਹਿਬਜ਼ਾਦਿਆਂ ਤੋਂ ਇਲਾਵਾ ਅਨੇਕ ਸ਼ਹੀਦ ਅਤੇ ਧਰਮੀ ਸਿੰਘਾਂ ਦੇ ਸ਼ਸਤ੍ਰ ਸੰਭਾਲੇ ਹੋਏ ਪਏ ਹਨ । 6 ਜੂਨ, 1984 ਈ. ਨੂੰ ਬਲੂ-ਸਟਾਰ ਓਪਰੇਸ਼ਨ ਵੇਲੇ ਅਕਾਲ ਤਖ਼ਤ ਦੀ ਇਮਾਰਤ ਨੂੰ ਕਾਫ਼ੀ ਨੁਕਸਾਨ ਪਹੁੰਚਿਆ । ਹੁਣ ਪੁਰਾਤਨ ਇਮਾਰਤ ਗਿਰਵਾ ਕੇ, ਉਸੇ ਥਾਂ ਨਵੀਂ ਇਮਾਰਤ ਦੀ ਉਸਾਰੀ ਜਾਰੀ ਹੈ । ਇਸ ਵਲ ਅਨੇਕ ਕਵੀਆਂ ਨੇ ਸੰਕੇਤ ਕੀਤੇ ਹਨ ।

ਅਕਾਲ ਬੁੰਗਾ : ਵੇਖੋ 'ਅਕਾਲ-ਤਖ਼ਤ'।

ਅਕ੍ਸ਼ੌਹਿਣੀ, ਸੈਨਾ : 'ਮਹਾਭਾਰਤ' (ਆਦਿ ਪਰਵ) ਅਨੁਸਾਰ ਇਹ ਪ੍ਰਾਚੀਨ ਭਾਰਤੀ ਸੈਨਾ ਦਾ ਸਭ ਤੋਂ ਵੱਡਾ ਦਲ ਮੰਨਿਆ ਜਾਂਦਾ ਸੀ । ਇਸ ਦੇ ਹਾਥੀ, ਘੋੜੇ, ਰਥ ਅਤੇ ਪੈਦਲ ਚਾਰ ਹਿੱਸੇ ਹੁੰਦੇ ਸਨ । ਇਸ ਲਈ ਇਸ ਨੂੰ 'ਚਤੁਰੰਗਿਣੀ ਸੈਨਾ' ਵੀ ਕਿਹਾ ਜਾਂਦਾ ਸੀ । ਇਸ ਦੀ ਕੁਲ ਗਿਣਤੀ ਦੋ ਲੱਖ ਅਠਾਰ੍ਹਾਂ ਹਜ਼ਾਰ ਸੱਤ ਸੌ ਹੁੰਦੀ ਸੀ । ਇਸ ਦੀ ਸਭ ਤੋਂ ਛੋਟੀ ਇਕਾਈ (unit) ਦਾ ਨਾਂ 'ਪੱਤਿ' ਸੀ ਜਿਸ ਵਿਚ ਇਕ ਰਥ, ਇਕ ਹਾਥੀ, ਤਿੰਨ ਘੋੜੇ ਅਤੇ ਪੰਜ ਪੈਦਲ ਸੈਨਿਕ ਸ਼ਾਮਲ ਹੁੰਦੇ ਸਨ । ਇਸ ਤੋਂ ਉਪਰ ਵੱਡੀਆਂ ਸੈਨਿਕ ਟੁਕੜੀਆਂ ਬਣਦੀਆਂ ਜਾਂਦੀਆਂ ਸਨ ਜਿਨ੍ਹਾਂ ਵਿਚ ਤਿੰਨ-ਤਿੰਨ ਵਾਰ ਸਾਰੀਆਂ ਚੀਜ਼ਾਂ ਦਾ ਵਾਧਾ ਹੁੰਦਾ ਜਾਂਦਾ । ਆਖ਼ੀਰਲੀ ਟੁਕੜੀ ਜਾਂ ਦਲ ਦਾ ਨਾਂ 'ਅਨੀਕਿਨੀ' ਸੀ । ਦਸ ਅਨੀਕਿਨੀਆਂ ਦਾ ਸਮੂਹ ਅਕ੍ਸ਼ੌਹਿਣੀ ਸੈਨਾ ਅਖਵਾਉਂਦਾ ਸੀ । ਇਸ ਵਿਚ ਕੁਲ 21870 ਰਥ, 21870 ਹਾਥੀ, 65610 ਘੋੜ ਅਤੇ 109350 ਪੈਦਲ ਸੈਨਿਕ ਹੁੰਦੇ ਸਨ । 'ਮਹਾਭਾਰਤ' ਅਨੁਸਾਰ ਕੁਰੁਕਸ਼ੇਤ੍ਰ ਦੀ ਯੁੱਧ-ਭੂਮੀ ਵਿਚ 18 ਅਕ੍ਸ਼ੌਹਿਣੀ-ਸੈਨਾ-ਬਲ ਆਪਸ ਵਿਚ ਲੜਿਆ ਸੀ । ਗੁਰੂ ਨਾਨਕ ਦੇਵ ਨੇ 'ਓਅੰਕਾਰ' ਨਾਂ ਦੀ ਬਾਣੀ ਵਿਚ ਇਸ ਦਾ ਹਵਾਲਾ ਦਿੱਤਾ ਹੈ—'ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ' (ਸ. ਗ੍ਰੰ. 937) ।

ਅਕ੍ਸ਼ਕੁਮਾਰ/ਅਕ੍ਸ਼ਯਕੁਮਾਰ : 'ਬਾਲਮੀਕੀ ਰਾਮਾਇਣ' (ਸੁੰਦਰ ਕਾਂਡ) ਅਨੁਸਾਰ ਇਹ ਰਾਵਣ-ਮੰਦੋਦਰੀ ਦਾ ਪੁੱਤਰ ਸੀ । ਜਦ ਹਨੂਮਾਨ ਅਸ਼ੋਕਵਾਟਿਕਾ ਨਸ਼ਟ ਕਰ ਰਿਹਾ ਸੀ ਅਤੇ ਰਾਵਣ ਵਲੋਂ ਭੇਜੇ ਗਏ ਪੰਜ ਮਹਾਰਥੀ ਸੈਨਾਨਾਇਕ ਵੀ ਮਾਰੇ ਗਏ, ਤਦ ਰਾਵਣ ਨੇ ਆਪਣੇ ਇਸ ਪੁੱਤਰ ਨੂੰ ਅੱਠ ਘੋੜਿਆਂ ਵਾਲੇ ਰਥ ਉਤੇ ਸਵਾਰ ਕਰਕੇ

ਹਨੂਮਾਨ ਨਾਲ ਯੁੱਧ ਕਰਨ ਲਈ ਭੇਜਿਆ। ਵੀਰਤਾ ਨਾਲ ਯੁੱਧ ਕਰਨ ਉਪਰੰਤ ਇਹ ਹਨੂਮਾਨ ਹਥੋਂ ਮਾਰਿਆ ਗਿਆ।

ਅਕ੍ਰੂਰ : ਇਹ ਸ੍ਰੀ ਕ੍ਰਿਸ਼ਣ ਦਾ ਚਾਚਾ ਅਤੇ ਆਪਣੇ ਸਮੇਂ ਦਾ ਇਕ ਆਦਰਯੋਗ ਯਾਦਵ ਸੀ। ਇਸ ਦੇ ਪਿਤਾ ਦਾ ਨਾਂ ਸ੍ਵਫਲਕ ਅਤੇ ਮਾਤਾ ਦਾ ਨਾਂ ਗਾਂਦਿਨੀ ਸੀ। ਇਸ ਕਰਕੇ ਇਸ ਨੂੰ 'ਸ੍ਵਾਫਲਿਕ' ਅਤੇ 'ਗਾਂਦਿਨੀਨੰਦਨ' ਵੀ ਕਿਹਾ ਜਾਂਦਾ ਹੈ। 'ਭਾਗਵਤ ਪੁਰਾਣ' (10/40) ਅਨੁਸਾਰ ਕੰਸ ਦੇ ਨਿਮੰਤ੍ਰਣ ਤੇ ਇਹ ਸ੍ਰੀ ਕ੍ਰਿਸ਼ਣ ਅਤੇ ਬਲਰਾਮ ਨੂੰ ਗੋਕੁਲ (ਬਿੰਦ੍ਰਾਬਨ) ਤੋਂ ਮਥੁਰਾ ਲਿਆਇਆ ਸੀ ਜਿਥੇ ਪਹੁੰਚ ਕੇ ਸ੍ਰੀ ਕ੍ਰਿਸ਼ਣ ਨੇ ਕੰਸ ਦਾ ਵਧ ਕਰਕੇ ਆਪਣੇ ਨਾਨੇ ਉਗ੍ਰਸੈਨ ਨੂੰ ਰਾਜ-ਗੱਦੀ ਉਤੇ ਬਿਠਾਇਆ।

ਸ੍ਰੀ ਕ੍ਰਿਸ਼ਣ ਦੀ ਪਤਨੀ ਸਤ੍ਯਭਾਮਾ ਦੇ ਪਿਤਾ ਸਤ੍ਰਾਜਿਤ ਦਾ ਸ਼ਤਧਨਵਾ ਦੁਆਰਾ ਮਾਰੇ ਜਾਣ ਕਾਰਣ ਯਾਦਵਾਂ ਵਿਚ ਜੋ ਕਲੇਸ਼ ਖੜਾ ਹੋਇਆ, ਉਸ ਨੂੰ ਦੂਰ ਕਰਨ ਲਈ ਸ੍ਰੀ ਕ੍ਰਿਸ਼ਣ ਅਕ੍ਰੂਰ ਨੂੰ ਮੰਨਾ ਕੇ ਮਥੁਰਾ ਲਿਆਏ ਸਨ। ਇਸ ਦੀ ਪ੍ਰਸਿੱਧੀ ਦਾ ਕਾਰਣ ਸ੍ਯਮੰਤਕ ਮਣੀ ਦਾ ਇਸ ਦੇ ਕਬਜ਼ੇ ਵਿਚ ਹੋਣਾ ਵੀ ਹੈ। ਭੱਟ ਕਵੀ ਕਲ੍ਯ ਨੇ ਗੁਰੂ ਨਾਨਕ ਦੇਵ ਉਤੇ ਸ੍ਰੀ ਕ੍ਰਿਸ਼ਣ ਦਾ ਆਰੋਪ ਕਰਕੇ ਉਨ੍ਹਾਂ ਦਾ ਗੁਣਗਾਨ ਕਰਨ ਵਾਲਿਆਂ ਵਿਚ ਅਕ੍ਰੂਰ ਦਾ ਨਾਂ ਵੀ ਗਿਣਿਆ ਹੈ—'ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ' (ਅ. ਗ੍ਰੰ. 1389)।

ਅਖੂਹਣੀ, ਸੈਨਾ : ਵੇਖੋ 'ਅਕ੍ਸ਼ੌਹਿਣੀ ਸੈਨਾ'।

ਅਗਸ੍ਤ, ਮੁਨੀ : ਇਸ ਦੇ ਕਥਾ-ਪ੍ਰਸੰਗ ਜਾਂ ਆਖਿਆਨ ਵੈਦਿਕ ਅਤੇ ਪੌਰਾਣਿਕ ਸਾਹਿੱਤ ਵਿਚ ਉਪਲਬਧ ਹਨ। 'ਰਿਗਵੇਦ' ਦੇ ਕਈ ਮੰਤ੍ਰਾਂ ਦੀ ਰਚਨਾ ਇਸ ਦੁਆਰਾ ਕੀਤੀ ਗਈ ਮੰਨੀ ਜਾਂਦੀ ਹੈ। ਇਸ ਵੇਦ ਵਿਚ ਲਿਖੇ ਅਗਸ੍ਤ ਦੇ ਆਖਿਆਨ ਅਨੁਸਾਰ ਇੰਦਰ ਦੇ ਅਖਾੜੇ ਦੀ ਸੁਪ੍ਰਸਿੱਧ ਅਪੱਛਰਾ 'ਉਰਵਸ਼ੀ' ਦੀ ਸੁੰਦਰਤਾ ਨੂੰ ਵੇਖ ਕੇ ਮਿਤ੍ਰ ਅਤੇ ਵਰੁਣ ਨਾਂ ਦੇ ਦੋ ਦੇਵਤਿਆਂ ਦਾ ਵੀਰਜ ਖ਼ਲਾਸ ਹੋ ਗਿਆ। ਉਨ੍ਹਾਂ ਦੇ ਵੀਰਜ ਦਾ ਜੋ ਅੰਸ਼ ਘੜੇ ਵਿਚ ਡਿਗਾ, ਉਸ ਤੋਂ ਅਗਸ੍ਤ ਪੈਦਾ ਹੋਇਆ ਅਤੇ ਜੋ ਅੰਸ਼ ਬਾਹਰ ਡਿਗਿਆ, ਉਸ ਤੋਂ ਵਸਿਸ਼ਠ ਦਾ ਜਨਮ ਹੋਇਆ। ਘੜੇ ਤੋਂ ਪੈਦਾ ਹੋਣ ਕਾਰਣ ਇਸ ਦਾ ਇਕ ਨਾਂ 'ਕੁੰਭਯੋਨੀ' ਪ੍ਰਸਿੱਧ ਹੈ ਅਤੇ ਮਿਤ੍ਰ-ਵਰੁਣ ਦੇ ਬਾਪ ਕਾਰਣ 'ਮੈਤ੍ਰਾਵਰੁਣਿ' ਨਾਂ ਵੀ ਪ੍ਰਚਲਿਤ ਹੈ। ਇਸ ਨੇ ਵਿਦਰਭ ਦੀ ਰਾਜਕੁਮਾਰੀ 'ਲੋਪਾਮੁਦ੍ਰਾ' ਨਾਲ ਵਿਆਹ ਕਰਕੇ ਦੋ ਪੁੱਤਰ ਪੈਦਾ ਕੀਤੇ।

'ਬਾਲਮੀਕੀ ਰਾਮਾਇਣ' ਵਿਚ ਇਸ ਬਾਰੇ ਲਿਖਿਆ ਹੈ ਕਿ ਇਹ ਵਿੰਧਿਆਚਲ ਦੇ ਦੱਖਣ ਵਿਚ 'ਕੁੰਜਰ' ਪਹਾੜ ਉਤੇ ਤਪ ਕਰਦਾ ਸੀ ਅਤੇ ਦੱਖਣ ਦੇ ਰਾਖਸ਼ ਇਸ ਤੋਂ ਬਹੁਤ ਡਰਦੇ ਸਨ। ਬਨਬਾਸ ਦੌਰਾਨ ਰਾਮ, ਲੱਛਮਣ ਅਤੇ ਸੀਤਾ ਇਸ ਦੇ ਆਸ਼੍ਰਮ ਵਿਚ ਠਹਿਰੇ ਸਨ। ਵਿਦਾਇਗੀ ਵੇਲੇ ਮੁਨੀ ਨੇ ਰਾਮ ਨੂੰ ਇਕ ਖੜਗ, ਵਿਸ਼ਣੂ ਦਾ ਧਨੁਸ਼, ਭੱਥਾ ਆਦਿ ਦਿੱਤੇ ਸਨ। ਉਸ ਧਨੁਸ਼ ਨਾਲ ਰਾਮ ਨੇ ਰਾਵਣ ਨੂੰ ਮਾਰਿਆ ਸੀ।

ਮੁੱਖ ਤੌਰ ਤੇ ਇਸ ਦੇ ਸਮੁੰਦਰ ਨੂੰ ਪੀ ਜਾਣਾ, ਰਿਸ਼ੀਆਂ ਦੇ ਯੱਗਾਂ ਵਿਚ ਵਿਘਨ

ਪਾਣ ਵਾਲੇ ਰਾਖਸ਼ਾਂ ਨੂੰ ਮਾਰਨਾ, ਵਿੰਧਿਆਚਲ ਦੇ ਵਿਸਤਾਰ ਨੂੰ ਰੋਕਣਾ, ਅਤੇ ਬ੍ਰਾਹਮਣਾਂ ਦੇ ਵੈਰੀ ਇਲਵਲ ਦੇ ਭਰਾ ਵਾਤਾਪੀ ਨੂੰ ਨਸ਼ਟ ਕਰਨਾ, ਆਦਿ ਪ੍ਰਸਿੱਧ ਅਲੌਕਿਕ ਕਾਰਜ ਹਨ। ਦੱਖਣ ਵਿਚ ਆਰਯ ਸੰਸਕ੍ਰਿਤੀ ਦਾ ਪ੍ਰਚਾਰ ਕਰਨ ਲਈ ਇਸ ਨੇ ਸਭ ਤੋਂ ਪਹਿਲਾਂ ਉੱਦਮ ਕੀਤਾ। ਇਸ ਲਈ ਦ੍ਰਾਵੜ ਦੇਸ਼ ਦੇ ਲੋਕਾਂ ਵਿਚ ਮੁਨੀ ਦਾ ਬਹੁਤ ਆਦਰ ਹੈ। 'ਅਕਾਲ ਉਸਤਤਿ' ਅਨੁਸਾਰ—'ਅਗਸਤ ਆਦਿ ਜੇ ਬਡੇ ਤਪਸਤਪੀ ਬਿਸੇਖੀਐ।'

ਸਮੁੰਦਰ ਡੀਕਣ ਵਾਲੀ ਪੁਰਾਣ-ਕਥਾ ਵਿਚ ਇਕ ਤੱਥ ਉੱਲੇਖਯੋਗ ਇਹ ਹੈ ਕਿ ਜਦੋਂ ਅਗਸ੍ਤ ਮੁਨੀ ਨੂੰ ਰਸਤਾ ਨਾ ਦੇਣ ਤੇ ਉਸ ਨੇ ਸਾਰਾ ਸਮੁੰਦਰ ਡੀਕ ਲਿਆ ਤਾਂ ਇੰਦਰ ਅਤੇ ਹੋਰ ਦੇਵਤਿਆਂ ਨੇ ਸਮੁੰਦਰ ਦੀ ਖ਼ਲਾਸੀ ਲਈ ਬੇਨਤੀ ਕੀਤੀ। ਉਨ੍ਹਾਂ ਦੀ ਗੱਲ ਮੰਨ ਕੇ ਮੁਨੀ ਨੇ ਸਮੁੰਦਰ ਦੇ ਜਲ ਨੂੰ ਮੂਤ੍ਰ ਰੂਪ ਵਿਚ ਬਾਹਰ ਕੱਢਿਆ। ਉਸ ਦਿਨ ਤੋਂ ਇਸ ਦਾ ਜਲ ਖਾਰਾ ਹੋ ਗਿਆ ਹੈ। ਇਸ ਬਾਰੇ ਭਗਤ ਤ੍ਰਿਲੋਚਨ ਨੇ ਸੰਕੇਤ ਕੀਤਾ ਹੈ—'ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀਚੇ ਨਾਥੰ।/ ਕਰਮ ਕਰਿ ਖਾਰੁ ਮਫੀਟਸਿ ਰੀ' (ਆ. ਗ੍ਰੰ. 695)।

ਅਗਨੀ-ਹੋਤ੍ਰ : ਵੈਦਿਕ ਧਰਮ ਅਨੁਸਾਰ ਸਵੇਰੇ ਅਤੇ ਸ਼ਾਮ ਵੇਲੇ ਪੂਜਾ-ਪਾਠ ਤੋਂ ਉਠਣ ਸਮੇਂ ਅਗਨੀਹੋਤ੍ਰ ਕਰਨ ਦਾ ਵਿਧਾਨ ਹੈ। ਇਹ ਇਕ ਪ੍ਰਕਾਰ ਦਾ ਦੈਨਿਕ ਹੋਮ ਹੈ। ਇਸ ਦੀਆਂ ਦੋ ਵਿਧੀਆਂ ਹਨ। ਇਕ, ਮਹੀਨਾ ਭਰ ਕੀਤਾ ਜਾਣ ਵਾਲਾ ਅਤੇ ਦੂਜਾ ਜੀਵਨ ਭਰ ਕੀਤਾ ਜਾਣ ਵਾਲਾ। ਜੀਵਨ ਭਰ ਹੋਮ ਕਰਨ ਵਾਲੇ ਦਾ ਦਾਹ-ਸੰਸਕਾਰ ਵੀ ਇਸੇ ਅਗਨੀ ਨਾਲ ਕੀਤਾ ਜਾਂਦਾ ਹੈ। ਇਸ ਵਿਚ ਦਸ ਵਸਤੂਆਂ ਹੁੰਦੀਆਂ ਹਨ—ਦੁੱਧ, ਦਹੀ, ਲੇਟੀ (ਲਪਸੀ), ਘਿਉ, ਭਾਤ, ਚਾਵਲ, ਸੋਮਰਸ, ਮਾਸ, ਤੇਲ ਅਤੇ ਉੜਦ (ਮਾਂਹ)। ਕਲਿਯੁਗ ਵਿਚ ਕੇਵਲ ਪਹਿਲੀਆਂ ਤਿੰਨਾਂ ਵਸਤੂਆਂ ਨਾਲ ਕੰਮ ਚਲ ਜਾਂਦਾ ਦਸਿਆ ਗਿਆ ਹੈ।

ਅਗਨੀ, ਦੇਵਤਾ : ਇਹ ਭਾਰਤੀ ਧਰਮ-ਸਾਧਨਾ ਵਿਚ ਇਕ ਪੂਜਣਯੋਗ ਦੇਵਤਾ ਹੈ ਅਤੇ ਵੈਦਿਕ ਦੇਵ-ਮੰਡਲ ਵਿਚ ਇੰਦਰ ਤੋਂ ਬਾਦ ਇਸ ਦਾ ਹੀ ਪ੍ਰਮੁਖ ਸਥਾਨ ਹੈ। 'ਰਿਗਵੇਦ' ਵਿਚ ਇਸ ਦੀ ਉਸਤਤ ਵਿਚ ਸਭ ਨਾਲੋਂ ਵੱਧ ਮੰਤ੍ਰ ਲਿਖੇ ਹਨ। ਵੈਦਿਕ ਰਿਸ਼ੀਆਂ ਅਨੁਸਾਰ ਇਸ ਦਾ ਰੂਪ ਜਵਾਲਾ ਅਤੇ ਪ੍ਰਕਾਸ਼ ਵਿਚ ਵੇਖਿਆ ਜਾ ਸਕਦਾ ਹੈ। ਧਰਤੀ ਉਤੇ ਇਸ ਦਾ ਸਾਧਾਰਣ ਅੱਗ ਵਾਲਾ ਰੂਪ ਹੈ, ਬਦਲਾਂ ਵਿਚ ਬਿਜਲੀ ਅਤੇ ਆਕਾਸ਼ ਵਿਚ ਸੂਰਜ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਦੀ ਪੂਜਾ ਭਾਰਤੀ ਸੰਸਕ੍ਰਿਤੀ ਦਾ ਵਿਸ਼ੇਸ਼ ਚਿੰਨ੍ਹ ਹੈ। ਇਸ ਦੀ ਗ੍ਰਿਹ-ਦੇਵਤਾ ਵਜੋਂ ਵੀ ਪੂਜਾ ਕੀਤੀ ਜਾਂਦੀ ਹੈ। ਵੈਦਿਕ ਧਰਮ ਵਿਚ ਇਸ ਦੀ ਉਪਾਸਨਾ ਬਹੁਤ ਜ਼ਰੂਰੀ ਸਮਝੀ ਗਈ ਹੈ।

ਪੁਰਾਣਾਂ ਵਿਚ ਇਸ ਦੀ ਸਮਰਥਾ, ਕਾਰਜ-ਖੇਤਰ ਆਦਿ ਪੱਖਾਂ ਬਾਰੇ ਅਨੇਕ ਕਥਾਵਾਂ ਦਰਜ ਹਨ। ਇਸ ਦੇਨਾਂ 'ਤੇ ਇਕ ਪੁਰਾਣ ('ਅਗਨੀ ਪੁਰਾਣ') ਵੀ ਮਿਲਦਾ ਹੈ। ਇਹ ਪੁਲਿੰਗ ਸਰੂਪ ਵਾਲਾ ਹੈ। ਪਰ ਆਮ ਤੌਰ ਤੇ ਇਸ ਲਈ ਇਸਤਰੀ ਲਿੰਗ ਵਰਤਿਆ ਜਾਂਦਾ ਹੈ।

ਅਗਨੀ ਦੀ ਉਤਪੱਤੀ ਦੇ ਸੰਬੰਧ ਵਿਚ ਕਈ ਪੌਰਾਣਿਕ ਆਖਿਆਨ ਮਿਲਦੇ ਹਨ, ਜਿਨ੍ਹਾਂ ਦਾ ਸਮੁੱਚੇ ਰੂਪ ਵਿਚ ਸਾਰ ਇਸ ਪ੍ਰਕਾਰ ਹੈ ਕਿ ਸਭ ਤੋਂ ਪਹਿਲਾਂ ਧਰਮ ਦੀ ਵਸੁ ਨਾਂ ਦੀ ਪਤਨੀ ਤੋਂ ਅਗਨੀ ਪੈਦਾ ਹੋਇਆ। ਉਸ ਦਾ ਵਿਆਹ ਦਕ੍ਸ਼ ਦੀ ਪੁੱਤਰੀ 'ਸ੍ਵਾਹਾ' ਨਾਲ ਹੋਇਆ ਜਿਸ ਤੋਂ ਇਸ ਦੇ ਤਿੰਨ ਪੁੱਤਰ ਪੈਦਾ ਹੋਏ—ਪਾਵਕ, ਪਵਮਾਨ ਅਤੇ ਸ਼ੁਚਿ। ਛੇਵੇਂ ਮਨਵੰਤਰ ਵਿਚ ਅਗਨੀ ਦੀ ਵਸੁਧਾਰਾ ਨਾਂ ਦੀ ਪਤਨੀ ਤੋਂ ਦ੍ਰਵਿਣਕ ਆਦਿ 45 ਪੁੱਤਰ ਪੈਦਾ ਹੋਏ। ਇਸ ਤਰ੍ਹਾਂ ਇਹ ਸਾਰੇ 49 ਪ੍ਰਕਾਰ ਦੇ ਅਗਨੀ ਬਣਦੇ ਹਨ। ਅਸਲ ਵਿਚ, ਵੱਖ-ਵੱਖ ਕਰਮਾਂ ਵਿਚ ਅਗਨੀ ਦੇ ਵੱਖ-ਵੱਖ ਨਾਂ ਹੀ ਇਸ ਦੇ ਪ੍ਰਕਾਰ ਮੰਨੇ ਜਾਂਦੇ ਹਨ। ਭਾਰਤ ਤੋਂ ਇਲਾਵਾ ਯੂਨਾਨ, ਰੋਮ ਆਦਿ ਦੇਸ਼ਾਂ ਵਿਚ ਵੀ ਅਗਨੀ ਦੀ ਦੇਵਤਾ ਅਥਵਾ ਦੇਵੀ ਰੂਪ ਵਿਚ ਉਪਾਸਨਾ ਦਾ ਵਿਧਾਨ ਹੈ।

ਵਿਉਤਪਤੀ ਦੀ ਦ੍ਰਿਸ਼ਟੀ ਤੋਂ ਅਗਨੀ ਦਾ ਅਰਥ ਹੈ—ਜੋ ਉਪਰ ਨੂੰ ਜਾਂਦਾ ਹੈ। ਸਾਧਾਰਣ ਅਗਨੀ ਦੀ ਕ੍ਰਿਆ ਕੁਝ ਇਸੇ ਪ੍ਰਕਾਰ ਦੀ ਹੈ। 'ਆਦਿਤ੍ਯ ਪੁਰਾਣ' ਵਿਚ ਅਗਨੀ ਦੇਵਤਾ ਦਾ ਸਰੂਪ ਇਸ ਤਰ੍ਹਾਂ ਚਿੱਤਰਿਆ ਮਿਲਦਾ ਹੈ—ਇਸ ਦੇ ਭਰਵੱਟੇ, ਦਾੜ੍ਹੀ, ਕੇਸ ਅਤੇ ਅੱਖਾਂ ਪੀਲੀਆਂ ਹਨ, ਅੰਗ ਸਥੂਲ ਹਨ ਅਤੇ ਪੇਟ ਲਾਲ ਹੈ। ਬਕਰੇ ਉਤੇ ਸਵਾਰ ਹੈ, ਰੁਦ੍ਰਾਖ ਦੀ ਮਾਲਾ ਹੱਥ ਵਿਚ ਲਈ ਹੋਈ ਹੈ। ਇਸ ਦੀਆਂ ਸੱਤ ਲਪਟਾਂ ਹਨ ਅਤੇ ਸ਼ਕਤੀ ਨੂੰ ਧਾਰਣ ਕਰਦਾ ਹੈ। 'ਵਾਯੂ ਪੁਰਾਣ' ਵਿਚ ਹੋਮ ਦੇ ਯੋਗ ਅਗਨੀ ਦਾ ਲੱਛਣ ਇਸ ਪ੍ਰਕਾਰ ਲਿਖਿਆ ਹੈ—ਲਪਟਾਂ ਨਾਲ ਯੁਕਤ, ਗੋਲ ਠੋਸ ਸ਼ਿਖਾ ਵਾਲਾ, ਘਿਉ ਅਤੇ ਸੋਨੇ ਵਰਗਾ, ਚਿਕਨਾ ਅਤੇ ਸਜੇ ਪਾਸੇ ਵਲ ਜਾਣ ਵਾਲਾ ਅਗਨੀ ਸਿੱਧੀਦਾਇਕ ਹੁੰਦਾ ਹੈ।

ਪੰਜ ਮਹਾਭੂਤਾਂ (ਜਲ, ਧਰਤੀ, ਆਕਾਸ਼, ਤੇਜ, ਅਤੇ ਵਾਯੂ) ਵਿਚ ਅਗਨੀ ਨੂੰ ਤੇਜ ਵਜੋਂ ਸ਼ਾਮਲ ਕੀਤਾ ਜਾਂਦਾ ਹੈ। ਪੰਜਾਬੀ ਕਾਵਿ ਵਿਚ ਇਹ ਦੇਵਤਾ ਅਤੇ ਸਾਧਾਰਣ ਦੋਹਾਂ ਰੂਪਾਂ ਵਿਚ ਵਰਤਿਆ ਮਿਲਦਾ ਹੈ। 'ਆਸਾ ਦੀ ਵਾਰ' ਵਿਚ ਪਰਮਾਤਮਾ ਦੇ ਭੈ ਵਿਚ ਕਾਰਜ-ਲੀਨ ਜਿਨ੍ਹਾਂ ਦੇਵਤਿਆਂ ਜਾਂ ਦੈਵੀ ਸ਼ਕਤੀਆਂ ਦਾ ਉਲੇਖ ਕੀਤਾ ਗਿਆ ਹੈ, ਉਨ੍ਹਾਂ ਵਿਚ ਅਗਨੀ ਵੀ ਸ਼ਾਮਲ ਹੈ—'ਭੈ ਵਿਚਿ ਪਵਣੁ ਵਹੈ ਸਦਵਾਉ ।/ ਭੈ ਵਿਚਿ ਚਲਹਿ ਲਖ ਦਰੀਆਉ ।/ ਭੈ ਵਿਚ ਅਗਨਿ ਕਢੈ ਵੇਗਾਰਿ ।/ ਭੈ ਵਿਚਿ ਧਰਤੀ ਦਬੀ ਭਾਰਿ ।/ ਭੈ ਵਿਚ ਇੰਦੁ ਫਿਰੈ ਸਿਰ ਭਾਰਿ ।/ ਭੈ ਵਿਚਿ ਰਾਜਾ ਧਰਮ ਦੁਆਰੁ' (ਅ. ਗ੍ਰੰ. 464)।

ਇਸ ਵਾਰ ਵਿਚ ਅਗਨੀ ਨੂੰ ਬੈਸੰਤਰ (ਵੈਸ਼੍ਵਾਨਰ) ਦੇਵਤਾ ਦੇ ਨਾਂ ਨਾਲ ਵੀ ਅੰਕਿਤ ਕੀਤਾ ਗਿਆ ਹੈ—'ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰ ਦੇਵਤਾ ...' (ਅ. ਗ੍ਰੰ. 473)। ਬਿਲਾਵਲ ਰਾਗ ਵਿਚ ਗੁਰੂ ਅਰਜਨ ਦੇਵ ਨੇ ਬੈਸੰਤਰ ਸ਼ਬਦ ਨੂੰ ਸਾਧਾਰਣ ਅੱਗ ਵਜੋਂ ਵੀ ਵਰਤਿਆ ਹੈ—'ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਿ' (ਅ. ਗ੍ਰੰ. 808)।

ਅਗਨੀ-ਪਰੀਖਿਆ : ਇਸ ਪਰੀਖਿਆ ਦਾ ਸੰਬੰਧ ਇਸਤਰੀਆਂ ਦੇ ਸਤੀਤ੍ਵ ਨੂੰ ਪਰਖਣ

ਨਾਲ ਹੈ। ਸ੍ਰੀ ਰਾਮ ਦੀ ਪਤਨੀ ਸੀਤਾ ਨੂੰ ਰਾਮਾਇਣ ਪਰੰਪਰਾ ਅਨੁਸਾਰ ਅਜਿਹੀ ਪਰੀਖਿਆ ਦੇਣੀ ਪਈ ਸੀ। ਇਸ ਪਰੀਖਿਆ ਦੀ ਵਿਧੀ ਇਸ ਪ੍ਰਕਾਰ ਹੈ ਕਿ ਸ਼ਕੀ ਚਰਿੱਤ੍ਰ ਵਾਲੀ ਇਸਤਰੀ ਨੂੰ ਲੋਹੇ ਦੀ ਖ਼ੂਬ ਗਰਮ ਕੀਤੀ ਅਤੇ ਲਾਲ ਹੋਈ ਸੀਖ ਨੂੰ ਚਟਣ ਲਈ ਕਿਹਾ ਜਾਂਦਾ ਹੈ। ਜੇ ਉਸ ਇਸਤਰੀ ਦਾ ਮੂੰਹ ਸੜ ਜਾਏ ਤਾਂ ਉਹ ਚਰਿੱਤ੍ਰ-ਹੀਨ ਸਮਝੀ ਜਾਂਦੀ ਸੀ ਅਤੇ ਜੇ ਉਸ ਦਾ ਮੂੰਹ ਨਾ ਸੜੇ ਤਾਂ ਉਹ ਇਸਤਰੀ ਚਰਿਤ੍ਰਵਾਨ ਸਾਬਤ ਹੁੰਦੀ ਸੀ। ਇਸ ਪਿਛੇ ਮੰਤਵ ਇਹ ਹੈ ਕਿ ਅਗਨੀ ਵਰਗੇ ਤੇਜਸਵੀ ਪਦਾਰਥ ਦੀ ਛੋਹ ਨਾਲ ਵੀ ਜਿਸ ਵਿਅਕਤੀ 'ਤੇ ਕੋਈ ਅਸਰ ਨਹੀਂ ਹੁੰਦਾ ਉਹ ਨਿਰਦੋਸ਼ ਅਤੇ ਪਵਿੱਤਰ ਹੈ।

ਕਾਲਾਂਤਰ ਵਿਚ ਅਪਰਾਧੀਆਂ ਦੇ ਨਿਰਦੋਸ਼ ਹੋਣ ਦੀ ਪਰਖ ਲਈ ਵੀ ਇਹ ਵਿਧੀ ਵਰਤੀ ਜਾਣ ਲਗੀ। ਇਹ ਪ੍ਰਥਾ ਭਾਰਤ ਤੋਂ ਬਾਹਰ ਵੀ ਕਈ ਦੇਸ਼ਾਂ ਵਿਚ ਪ੍ਰਾਚੀਨ ਕਾਲ ਵਿਚ ਪ੍ਰਚਲਿਤ ਸੀ। ਅਪਰਾਧੀਆਂ ਦੀ ਪਰੀਖਿਆ ਵਿਧੀ ਉਤੇ ਸਮ੍ਰਿਤੀਆਂ ਵਿਚ ਵਿਸਤਾਰ ਸਹਿਤ ਪ੍ਰਕਾਸ਼ ਪਾ ਕੇ ਇਸ ਦੇ ਸਾਰੇ ਪ੍ਰਕਾਰਜ ਨੂੰ ਸਪੱਸ਼ਟ ਕੀਤਾ ਗਿਆ ਹੈ। ਉਥੇ ਲੋਹੇ ਦੀ ਗਰਮ ਸੀਖ ਹੱਥਾਂ ਉਤੇ ਰਖਣ ਦੀ ਵਿਧੀ ਹੈ। ਦੇਵਤਾ ਵਲੋਂ ਕੀਤਾ ਗਿਆ ਨਿਆਂ ਹੋਣ ਕਾਰਣ ਇਸ ਨੂੰ ਪਰੀਖਿਆ ਦੀ ਥਾਂ 'ਦਿਵ੍ਯ' ਵੀ ਕਿਹਾ ਜਾਂਦਾ ਹੈ। ਅਕਬਰ ਬਾਦਸ਼ਾਹ ਵੇਲੇ ਇਸ ਨਿਆਂ-ਪੱਧਤੀ ਨੂੰ ਬੰਦ ਕੀਤਾ ਗਿਆ ਸੀ।

ਅਘੋਰ-ਪੰਥ : ਵੇਖ 'ਅਵਧੂ/ਅਵਧੂਤ'।

ਅਚਲ ਬਟਾਲਾ (ਵਟਾਲਾ) : ਪੰਜਾਬ ਦੇ ਗੁਰਦਾਸਪੁਰ ਜ਼ਿਲੇ ਦੇ ਬਟਾਲਾ ਨਗਰ ਤੋਂ 5 ਕਿ. ਮੀ. ਦੀ ਦੂਰੀ ਉਤੇ ਸਥਿਤ ਇਕ ਪੁਰਾਤਨ ਤੀਰਥ ਜਿਥੇ ਮਹਾਦੇਵ ਦਾ ਮੰਦਿਰ ਹੈ। ਇਸ ਧਰਮ-ਧਾਮ ਦੀ ਸਥਾਪਨਾ ਦਾ ਸੰਬੰਧ ਸ਼ਿਵ ਦੇ ਪੁੱਤਰ ਕਾਰਤਿਕੇਯ ਨਾਲ ਜੋੜਿਆ ਜਾਂਦਾ ਹੈ।

ਪੌਰਾਣਿਕ ਆਖਿਆਨ ਅਨੁਸਾਰ ਸ਼ਿਵ ਅਤੇ ਪਾਰਬਤੀ ਆਪਣੇ ਦੋਹਾਂ ਪੁੱਤਰਾਂ —ਕਾਰਤਿਕੇਯ ਅਤੇ ਗਣੇਸ਼—ਵਿਚੋਂ ਕਿਸੇ ਇਕ ਨੂੰ ਉੱਤਰਾਧਿਕਾਰੀ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਨਿਰਣਾ ਕੀਤਾ ਕਿ ਦੋਹਾਂ ਵਿਚੋਂ ਜੋ ਪਹਿਲਾਂ ਪ੍ਰਿਥਵੀ ਦਾ ਚੱਕਰ ਕਟ ਕੇ ਪਰਤੇਗਾ, ਉਸ ਨੂੰ ਗੱਦੀ ਉਤੇ ਬਿਠਾਇਆ ਜਾਏਗਾ। ਕਾਰਤਿਕੇਯ ਤੁਰਤ ਗਰੁੜ ਤੇ ਸਵਾਰ ਹੋ ਕੇ ਉਡ ਪਿਆ, ਪਰ ਚੂਹੇ ਦੀ ਸਵਾਰੀ ਕਰਨ ਵਾਲਾ ਗਣੇਸ਼ ਬਹੁਤ ਪਿਛੇ ਰਹਿ ਗਿਆ। ਰਸਤੇ ਵਿਚ ਉਸ ਦੀ ਨਾਰਾਇਣ ਨਾਲ ਭੇਂਟ ਹੋਈ। ਨਾਰਾਇਣ ਨੇ ਸੁਝਾ ਦਿੱਤਾ ਕਿ ਸ਼ਿਵ ਪ੍ਰਿਥਵੀ ਨੂੰ ਸਾਜਣ ਵਾਲਾ ਹੈ। ਉਸ ਦੀ ਸੱਤ ਵਾਰ ਕੀਤੀ ਪਰਿ-ਕ੍ਰਮਾ ਪ੍ਰਿਥਵੀ ਦੇ ਚੱਕਰ ਕੱਟਣ ਤੁਲ ਹੈ। ਉਸ ਨੇ ਇਵੇਂ ਹੀ ਕੀਤਾ ਅਤੇ ਸ਼ਿਵ ਨੇ ਉਸ ਦੀ ਸਿਆਣਪ ਨੂੰ ਵੇਖ ਕੇ ਆਪਣਾ ਉੱਤਰਾਧਿਕਾਰੀ ਬਣਾ ਦਿੱਤਾ। ਉਧਰ ਕਾਰਤਿਕੇਯ ਨੂੰ ਨਾਰਾਇਣ ਰਾਹੀਂ ਸਾਰੀ ਗੱਲ ਦਾ ਪਤਾ ਲਗਾ ਤਾਂ ਉਹ ਉਥੇ ਹੀ ਰੁਕ ਗਿਆ; ਭਾਵ ਅਚਲ ਹੋ ਗਿਆ। ਉਸ ਨੂੰ ਲੈਣ ਲਈ ਮਹਾਦੇਵ ਤੇਤੀ ਕਰੋੜ ਦੇਵੀ ਦੇਵਤਿਆਂ ਸਮੇਤ ਖ਼ੁਦ ਆਇਆ ਪਰ ਕਾਰਤਿਕੇਯ ਵਾਪਸ ਪਰਤਣ ਲਈ ਤਿਆਰ ਨਾ ਹੋਇਆ। ਆਖ਼ਿਰ ਮਹਾਦੇਵ ਨੇ ਉਸ ਸਥਾਨ ਨੂੰ ਮਹਾਨ ਤੀਰਥ ਬਣਨ ਦਾ ਮਹਾਤਮ ਪ੍ਰਦਾਨ ਕੀਤਾ।

'ਅਚਲ' ਨਾਂ ਕਾਰਣ ਇਸ ਦੇ ਨਾਲ ਲਗਦਾ ਪਿੰਡ ਵੀ ਅਚਲ ਕਰਕੇ ਪ੍ਰਸਿੱਧ ਹੋਇਆ । ਬਟਾਲੇ ਦੇ ਨੇੜੇ ਹੋਣ ਕਾਰਨ ਇਸ ਦਾ ਨਾਂ 'ਅਚਲ-ਬਟਾਲਾ' ਪਿਆ । ਪੁਰਾਤਨ ਕਾਲ ਤੋਂ ਇਹ ਸਥਾਨ ਸਿੱਧਾਂ/ਜੋਗੀਆਂ ਦਾ ਕੇਂਦਰ ਰਿਹਾ ਹੈ ਅਤੇ ਸ਼ਿਵਰਾਤ੍ਰੀ ਦੇ ਮੌਕੇ ਉਤੇ ਭਾਰੀ ਮੇਲਾ ਲਗਦਾ ਹੈ । ਗੁਰੂ ਨਾਨਕ ਦੇਵ ਜੋਗੀਆਂ ਦੇ ਪਾਖੰਡਾਂ ਨੂੰ ਉਘਾੜਨ ਲਈ, ਭਾਈ ਕਾਨ੍ਹ ਸਿੰਘ ਅਨੁਸਾਰ, ਸੰਨ 1529 ਈ. (1586 ਬਿ.) ਵਿਚ ਇਥੇ ਆਏ । ਸਿੱਧਾਂ/ਜੋਗੀਆਂ ਨਾਲ ਹੋਏ ਸੰਵਾਦ ਨੂੰ ਉਨ੍ਹਾਂ ਨੇ 'ਸਿਧ ਗੋਸਟਿ' ਵਿਚ ਸਮੋਇਆ । ਜਿਥੇ ਗੁਰੂ ਸਾਹਿਬ ਬੈਠੇ ਸਨ, ਉਥੇ ਹੁਣ 'ਅਚਲ ਸਾਹਿਬ' ਗੁਰੂ-ਧਾਮ ਹੈ । ਹਰ ਸਾਲ ਦੀਵਾਲੀ ਤੋਂ ਬਾਦ ਇਥੇ ਭਾਰੀ ਮੇਲਾ ਲਗਦਾ ਹੈ । ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਦੀ ਸਿੱਧਾਂ ਨਾਲ ਹੋਈ ਗੋਸਟਿ ਦਾ ਉੱਲੇਖ ਕੀਤਾ ਹੈ—'ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ' (1/39) ।

ਅਜਪਾ-ਜਪ : ਵੇਖੋ 'ਨਾਮ, ਸਾਧਨਾ'।

ਅਜਮ : ਅਰਬੀ ਦੇ ਇਸ ਸ਼ਬਦ ਦਾ ਅਰਥ ਹੈ ਗੂੰਗਾ, ਜੋ ਬੋਲਣ ਵਿਚ ਸਮਰਥ ਨਾ ਹੋਵੇ । ਪਰ ਇਹ ਸ਼ਬਦ ਅਰਬ ਤੋਂ ਭਿੰਨ ਦੇਸ਼ਾਂ, ਜਿਵੇਂ ਈਰਾਨ, ਤਹਿਰਾਨ ਆਦਿ ਦੇ ਸੂਚਕ ਵਜੋਂ ਰੂੜ੍ਹ ਹੋ ਗਿਆ ਹੈ । ਕਾਰਣ ਇਹ ਹੈ ਕਿ ਅਰਬ ਦੇ ਲੋਕ ਆਪਣੇ ਮੁਕਾਬਲੇ ਤੇ ਇਨ੍ਹਾਂ ਦੇਸ਼ਾਂ ਵਾਲਿਆਂ ਨੂੰ ਸਮਰਥ ਵਕਤਾ ਨਹੀਂ ਸਮਝਦੇ ਸਨ । ਅਲੀ ਹੈਦਰ ਨੇ ਇਸ ਦਾ ਉੱਲੇਖ ਕੀਤਾ ਹੈ—'ਪਰ ਓਸੇ ਦਾ ਵਾਸਤਾ ਈ ਜਿਸ ਜੇਹਾ, ਵਿਚ ਅਜਮ ਅਰਬ ਦੇ ਭੀ ਨ ।'

ਅਜ਼ਰਾਈਲ, ਫ਼ਰਿਸ਼ਤਾ : ਇਸਲਾਮ ਅਤੇ ਯਹੂਦੀ ਮਤ ਵਿਚ ਕਲਪਿਤ ਕੀਤੇ ਗਏ ਚਾਰ ਫ਼ਰਿਸ਼ਤਿਆਂ (ਜਬਰਾਈਲ, ਮਿਕਾਈਲ, ਅਜ਼ਰਾਈਲ ਅਤੇ ਅਸਰਾਫ਼ੀਲ) ਵਿਚੋਂ ਇਕ, ਜਿਸ ਦਾ ਕਰਤੱਵ ਹੈ ਰੱਬੀ ਹੁਕਮ ਨਾਲ ਸੰਸਾਰ ਦੇ ਪ੍ਰਾਣੀਆਂ ਦੀਆਂ ਜਿੰਦਾਂ ਨੂੰ ਉਨ੍ਹਾਂ ਦੇ ਸ਼ਰੀਰਾਂ ਵਿਚੋਂ ਕੱਢਣਾ । ਇਸਲਾਮੀ ਰਵਾਇਤ ਅਨੁਸਾਰ ਰੱਬ ਨੇ ਜਦੋਂ ਅਜ਼ਰਾਈਲ ਦੀ ਸਿਰਜਨਾ ਕੀਤੀ ਤਾਂ ਉਸ ਤੋਂ ਪਹਿਲਾਂ ਸਿਰਜੇ ਜਾ ਚੁਕੇ ਫ਼ਰਿਸ਼ਤਿਆਂ ਤੋਂ ਓਹਲ ਰਖਿਆ । ਪਰ ਆਖ਼ੀਰ ਵਿਚ ਜਦੋਂ ਉਸ ਨੂੰ ਵਿਖਾਇਆ ਤਾਂ ਸਾਰੇ ਫ਼ਰਿਸ਼ਤੇ ਬੇਹੋਸ਼ ਹੋ ਕੇ ਡਿਗ ਪਏ ਅਤੇ ਲਗਭਗ ਇਕ ਹਜ਼ਾਰ ਸਾਲ ਉਹ ਬੇਹੋਸ਼ ਪਏ ਰਹੇ । ਕਾਰਣ ਇਹ ਸੀ ਕਿ ਅਜ਼ਰਾਈਲ ਦਾ ਸਰੂਪ ਬਹੁਤ ਭਿਆਨਕ ਸੀ । ਚਾਰ ਮੂੰਹਾਂ ਵਾਲੇ ਅਜ਼ਰਾਈਲ ਦੇ ਸੱਤਰ ਹਜ਼ਾਰ ਪੈਰ ਅਤੇ ਚਾਰ ਹਜ਼ਾਰ ਖੰਭ ਸਨ । ਉਹ ਇਤਨਾ ਕਦਾਵਰ ਸੀ ਕਿ ਉਸ ਦੇ ਪੈਰ ਧਰਤੀ ਤੇ ਟਿਕੇ ਸਨ ਅਤੇ ਸਿਰ ਆਸਮਾਨ ਨੂੰ ਛੋਹ ਰਿਹਾ ਸੀ । ਉਸ ਦੀਆਂ ਅੱਖਾਂ ਅਤੇ ਜੀਭਾਂ ਦੀ ਗਿਣਤੀ ਸੰਸਾਰ ਦੇ ਕੁਲ ਪ੍ਰਾਣੀਆਂ ਜਿੰਨੀ ਸੀ । ਜਦੋਂ ਸੰਸਾਰ ਵਿਚ ਕਿਸੇ ਪ੍ਰਾਣੀ ਦੀ ਮੌਤ ਹੁੰਦੀ ਹੈ ਤਾਂ ਅਜ਼ਰਾਈਲ ਦੀ ਇਕ ਅੱਖ ਮਿਟ ਜਾਂਦੀ ਹੈ ਅਤੇ ਜਦੋਂ ਕਿਸੇ ਪ੍ਰਾਣੀ ਦਾ ਜਨਮ ਹੁੰਦਾ ਹੈ, ਉਦੋਂ ਇਕ ਨਵੀਂ ਅੱਖ ਖੁਲ੍ਹ ਜਾਂਦੀ ਹੈ ਅਤੇ ਇਹ ਸਿਲਸਿਲਾ ਅਨਾਦਿ ਕਾਲ ਤੋਂ ਚਲਾ ਆ ਰਿਹਾ ਹੈ ।

ਕਿਆਮਤ ਵਾਲੇ ਦਿਨ ਅਜ਼ਰਾਈਲ ਦੀਆਂ ਕੇਵਲ ਅੱਠ ਅੱਖਾਂ ਹੀ ਬਚਣਗੀਆਂ ਜਿਨ੍ਹਾਂ ਦਾ ਸੰਬੰਧ ਅੱਠ ਫ਼ਰਿਸ਼ਤਿਆਂ ਨਾਲ ਹੋਵੇਗਾ । ਇਨ੍ਹਾਂ ਵਿਚੋਂ ਚਾਰ ਉਪਰੋਕਤ

ਪ੍ਰਮੁਖ ਫ਼ਰਿਸ਼ਤੇ ਅਤੇ ਚਾਰ ਉਹ ਫ਼ਰਿਸ਼ਤੇ (ਹਮਲਤ-ਉਲ-ਅਰਸ਼) ਜਿਨ੍ਹਾਂ ਨੇ ਰੱਬ ਦਾ ਤਖ਼ਤ ਆਪਣੇ ਮੋਢਿਆਂ ਉਤੇ ਚੁਕਿਆ ਹੋਇਆ ਹੈ। ਅਜ਼ਰਾਈਲ ਇਨ੍ਹਾਂ ਅੱਠਾਂ ਫ਼ਰਿ-ਸ਼ਤਿਆਂ ਵਿਚੋਂ ਅਧਿਕ ਬਲਵਾਨ ਅਤੇ ਮਹੱਤਵਪੂਰਣ ਹੈ। ਚਾਰ ਮੂੰਹਾਂ ਵਾਲੇ ਅਜ਼ਰਾਈਲ ਦਾ ਉਦੋਂ ਕੇਵਲ ਇਕ ਮੂੰਹ ਹੀ ਦਿਸਦਾ ਹੈ ਜਦੋਂ ਉਹ ਕਿਸੇ ਦੇ ਪ੍ਰਾਣ ਕੱਢਦਾ ਹੈ। ਰੱਬ ਵਿਚ ਈਮਾਨ ਰੱਖਣ ਵਾਲਿਆਂ ਨੂੰ ਇਹ ਸਵਰਗ (ਬਹਿਸ਼ਤ) ਵਿਚ ਲੈ ਜਾਂਦਾ ਹੈ ਅਤੇ ਕਾਫ਼ਰਾਂ ਨੂੰ ਨਰਕ (ਦੋਜ਼ਖ਼) ਵਿਚ ਸਥਾਨ ਦਿੰਦਾ ਹੈ। ਭਾਰਤੀ ਪੁਰਾਣ ਪਰੰਪਰਾ ਅਨੁਸਾਰ ਯਮਰਾਜ ਦਾ ਕਰਤੱਵ ਇਸ ਫ਼ਰਿਸ਼ਤੇ ਨਾਲ ਕਾਫ਼ੀ ਮੇਲ ਖਾਂਦਾ ਹੈ। ਮਰਨ ਵੇਲੇ ਪ੍ਰਾਣੀ ਨੂੰ ਇਹ ਫ਼ਰਿਸ਼ਤਾ ਕਾਫ਼ੀ ਕਸ਼ਟ ਦਿੰਦਾ ਹੈ। ਗੁਰੂ ਅਰਜਨ ਦੇਵ ਅਨੁਸਾਰ—'ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ' (ਅ. ਗ੍ਰੰ. 315) ਅਤੇ ਬਾਬਾ ਫ਼ਰੀਦ ਅਨੁਸਾਰ—'ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ' (ਅ. ਗ੍ਰੰ. 1377)। ਇਸ ਦਾ ਇਕ ਨਾਮਾਂਤਰ ਮਲਕੁਲਮੌਤ ਵੀ ਹੈ—'ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ' (ਅ. ਗ੍ਰੰ. 1383)।

ਅਜ, ਰਾਜਾ : ਇਹ ਇਕ੍ਸ਼ਵਾਕੁ ਵੰਸ਼ ਵਿਚ ਹੋਏ ਰਾਜਾ ਰਘੁ ਦਾ ਪੁੱਤਰ ਅਤੇ ਦਸ਼ਰਥ ਦਾ ਪਿਤਾ ਸੀ। ਇਸ ਦੀ ਪਤਨੀ ਦਾ ਨਾਂ ਇੰਦੁਮਤੀ ਸੀ। ਇਸ ਨੇ ਆਪਣੇ ਰਾਜ-ਕਾਲ ਵਿਚ ਅਨੇਕ ਰਾਜਿਆਂ ਨੂੰ ਜਿੱਤ ਕੇ ਆਪਣੇ ਰਾਜ ਦਾ ਵਿਸਤਾਰ ਕੀਤਾ। ਕਾਲੀਦਾਸ ਨੇ ਆਪਣੀ ਪ੍ਰਸਿੱਧ ਕਾਵਿ-ਰਚਨਾ 'ਰਘੁਵੰਸ਼' ਵਿਚ ਅਜ ਦੇ ਵਿਰਲਾਪ ਅਤੇ ਇੰਦੁਮਤੀ ਦੇ ਸੁਅੰਬਰ ਸੰਬੰਧੀ ਬੜੀ ਭਾਵ-ਭਿੰਨੀ ਅਭਿਵਿਅਕਤੀ ਕੀਤੀ ਹੈ। ਇਸ ਨੇ ਇਕ ਵਾਰ ਇਕ ਸਾਧੂ ਦੇ ਭਿਖਿਆ ਮੰਗਣ ਤੇ ਘੋੜੇ ਦੀ ਲਿਦ ਦੇ ਦਿੱਤੀ। ਫਲਸਰੂਪ ਇਸ ਨੂੰ ਉਹ ਲਿਦ ਖ਼ੁਦ ਖਾਣੀ ਪਈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਸੰਕੇਤ ਕਰਦਿਆਂ ਲਿਖਿਆ ਹੈ—'ਅਜੈ ਸੁ ਰੋਵੈ ਭੀਖਿਆ ਖਾਇ। ਐਸੀ ਦਰਗਹ ਮਿਲੈ ਸਜਾਇ' (ਅ. ਗ੍ਰੰ. 953)।

ਅਜ਼ਾਜ਼ੀਲ : ਵੇਖ 'ਸ਼ੈਤਾਨ'।

ਅਜਾਮਿਲ : ਮੂਲ ਰੂਪ ਵਿਚ ਅਜਾਮਿਲ ਕਨੌਜ ਦਾ ਇਕ ਬ੍ਰਾਹਮਣ ਸੀ ਅਤੇ ਧਰਮ-ਕਰਮ ਵਿਚ ਰੁਚੀ ਰਖਦਾ ਸੀ। 'ਭਾਗਵਤ ਪੁਰਾਣ' (6/1-2) ਅਨੁਸਾਰ ਇਕ ਵਾਰ ਇਹ ਬਨ ਵਿਚ ਗਿਆ। ਉਥੇ ਇਕ ਅੱਧਨੰਗੀ ਅਤੇ ਸ਼ਰਾਬ ਦੇ ਨਸ਼ੇ ਵਿਚ ਮਸਤ ਵੇਸਵਾ ਨੂੰ ਵੇਖ ਕੇ ਮੋਹਿਤ ਹੋ ਗਿਆ। ਉਸ ਨੇ ਆਪਣੇ ਮਾਤਾ-ਪਿਤਾ ਅਤੇ ਪਤਨੀ ਦਾ ਤਿਆਗ ਕਰਕੇ ਵੇਸਵਾ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਸ ਵੇਸਵਾ ਤੋਂ ਦਸ ਪੁੱਤਰਾਂ ਦਾ ਜਨਮ ਹੋਇਆ। ਕਿਸੇ ਮਹਾਪੁਰਸ਼ ਦੇ ਕਹੇ 'ਤੇ ਅਜਾਮਿਲ ਨੇ ਆਪਣੇ ਸਭ ਤੋਂ ਨਿੱਕੇ ਪੁੱਤਰ ਦਾ ਨਾਂ 'ਨਾਰਾਇਣ' ਰਖਿਆ। ਉਸ ਪ੍ਰਤਿ ਅਜਾਮਿਲ ਦਾ ਵਿਸ਼ੇਸ਼ ਮੋਹ ਸੀ। ਇਕ ਵਾਰ ਜਦੋਂ ਜਮਦੂਤ ਅਜਾਮਿਲ ਦੇ ਪ੍ਰਾਣ ਲੈਣ ਆਏ ਤਾਂ ਉਸ ਨੇ ਘਬਰਾ ਕੇ ਆਪਣੇ ਨਿੱਕੇ ਪੁੱਤਰ ਨਾਰਾਇਣ ਨੂੰ ਆਵਾਜ਼ ਦਿੱਤੀ। ਇਸ ਤਰ੍ਹਾਂ ਅੰਤ-ਕਾਲ ਵੇਲੇ ਉਸ ਦੇ ਮੂੰਹੋਂ ਨਾਰਾਇਣ (ਵਿਸ਼ਣੂ ਵਾਚਕ) ਸ਼ਬਦ ਸੁਣ ਕੇ ਵਿਸ਼ਣੂ ਨੇ ਆਪਣੇ ਸੇਵਕ ਭੇਜ ਕੇ ਅਜਾਮਿਲ ਦੀ ਜਮਦੂਤਾਂ ਤੋਂ ਖ਼ਲਾਸੀ ਕਰਾਈ। ਜਮਦੂਤਾਂ ਤੋਂ ਛੁਟਣ ਤੋਂ ਬਾਦ

ਅਜਾਮਿਲ ਨੇ ਵੈਰਾਗ-ਯੁਕਤ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ। ਅੰਤ ਵਿਚ ਇਸ ਨੇ ਗੰਗਾ ਦੇ ਕੰਢੇ ਆਪਣਾ ਸ਼ਰੀਰ ਤਿਆਗ ਦਿੱਤਾ ਅਤੇ ਵਿਸ਼ਣੂ ਦੇ ਸੇਵਕ ਇਸ ਨੂੰ ਵਿਮਾਨ ਵਿਚ ਬਿਠਾ ਕੇ ਬੈਕੁੰਠ ਲੈ ਗਏ। ਨਾਭਾਦਾਸ ਦੀ 'ਭਗਤਮਾਲ' ਵਿਚ ਵੀ ਇਸ ਦਾ ਆਖਿਆਨ ਕੁਝ ਵਿਸਤਾਰ ਨਾਲ ਲਿਖਿਆ ਹੈ। ਇਸ ਤਰ੍ਹਾਂ ਅਜਾਮਿਲ ਨੂੰ ਪਰਮਾਤਮਾ ਦੇ ਭਗਤਾਂ ਵਿਚ ਗਿਣਿਆ ਜਾਂਦਾ ਹੈ ਅਤੇ ਅਧਿਆਤਮਿਕ ਸਾਹਿੱਤ ਵਿਚ ਇਸ ਉਤੇ ਹੋਈ ਪ੍ਰਭੂ-ਕ੍ਰਿਪਾ ਦਾ ਉੱਲੇਖ ਮਿਲਦਾ ਹੈ। ਗੁਰੂ ਰਾਮਦਾਸ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ—'ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ।/ ਮੇਰੇ ਠਾਕੁਰ ਕੇ ਮਨਿ ਭਾਇ ਭਾਵਨੀ ਜਮ ਕੰਕਰ ਮਾਰਿ ਬਿਦਾਰੇ' (ਅ. ਗ੍ਰੰ. 891)।

ਅਜੀਤ ਸਿੰਘ : ਇਸ ਦਾ ਜਨਮ ਸ. ਅਰਜਨ ਸਿੰਘ ਦੇ ਘਰ ਜੈ ਕੌਰ ਦੀ ਕੁੱਖੋਂ ਖਟਕੜ-ਕਲਾਂ ਵਿਚ ਹੋਇਆ। ਇਹ ਤਿੰਨ ਭਰਾ ਸਨ। ਇਨ੍ਹਾਂ ਵਿਚੋਂ ਸਵਰਨ ਸਿੰਘ ਦਾ ਜਵਾਨੀ ਵਿਚ ਹੀ ਦੇਹਾਂਤ ਹੋ ਗਿਆ। ਦੂਜੇ ਭਰਾ ਦਾ ਨਾਂ ਕਿਸ਼ਨ ਸਿੰਘ ਸੀ ਜਿਸ ਦੇ ਘਰ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ। ਅਜੀਤ ਸਿੰਘ ਦੇ ਮਾਤਾ-ਪਿਤਾ ਆਪਣੀ ਸੰਤਾਨ ਨੂੰ ਦੇਸ਼-ਭਗਤ ਬਣਨ ਲਈ ਸਦਾ ਪ੍ਰੇਰਨਾ ਦਿੰਦੇ ਸਨ। ਇਹੀ ਕਾਰਣ ਹੈ ਕਿ ਅਜੀਤ ਸਿੰਘ, ਕਿਸ਼ਨ ਸਿੰਘ ਅਤੇ ਭਗਤ ਸਿੰਘ ਆਪਣੇ ਮਨ ਵਿਚ ਕ੍ਰਾਂਤੀਕਾਰੀ ਰੁਚੀਆਂ ਨੂੰ ਵਿਕਸਿਤ ਕਰ ਸਕੇ। ਇਹ ਪਰਿਵਾਰ ਆਰਥਿਕ ਪੱਖੋਂ ਸੌਖਾ, ਪੜ੍ਹਿਆ ਲਿਖਿਆ ਅਤੇ ਕਾਫ਼ੀ ਸੁਲਝਿਆ ਹੋਇਆ ਸੀ।

ਬਾਰ ਦੇ ਇਲਾਕੇ ਵਿਚ ਇਸ ਪਰਿਵਾਰ ਦੀ ਕਾਫ਼ੀ ਜ਼ਮੀਨ ਸੀ ਪਰ ਆਮ ਰਿਹਾਇਸ਼ ਲਾਹੌਰ ਵਿਚ ਸੀ। ਲਾਹੌਰ ਵਿਚ ਰਹਿੰਦਿਆਂ ਅਜੀਤ ਸਿੰਘ ਅਧਿਕਤਰ ਲਾਲਾ ਲਾਜਪਤ ਰਾਇ, ਸੂਫ਼ੀ ਅੰਬਾ ਪ੍ਰਸਾਦ, ਲਾਲਾ ਕੇਦਾਰ ਨਾਥ ਦੇ ਸੰਪਰਕ ਵਿਚ ਰਿਹਾ। ਸੰਨ 1907 ਈ. ਵਿਚ ਜਦੋਂ ਪੰਜਾਬ ਸਰਕਾਰ ਨੇ ਬਾਰ ਦੇ ਇਲਾਕੇ ਦੀਆਂ ਨਵੀਆਂ ਆਬਾਦ ਹੋਈਆਂ ਜ਼ਮੀਨਾਂ ਬਾਰੇ 'ਪੰਜਾਬ ਕਾਲੋਨੀ ਐਕਟ' ਬਣਾਇਆ ਤਾਂ ਅਜੀਤ ਸਿੰਘ ਨੇ ਲਾਲਾ ਲਾਜਪਤ ਰਾਇ ਨਾਲ ਰਲ ਕੇ ਲਾਹੌਰ ਵਿਚ ਅੰਦੋਲਨ ਸ਼ੁਰੂ ਕੀਤਾ ਅਤੇ ਥਾਂ-ਥਾਂ ਫਿਰ ਕੇ ਕਿਸਾਨਾਂ ਨੂੰ ਸਚੇਤ ਕੀਤਾ। ਉਸੇ ਦੌਰਾਨ ਹੀ ਬਾਂਕੇ ਦਿਆਲ ਨੇ 'ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਇ' ਕਵਿਤਾ ਲਿਖ ਕੇ ਇਸ ਅੰਦੋਲਨ ਨੂੰ ਤੇਜ਼ ਕੀਤਾ।

ਇਸ ਅੰਦੋਲਨ ਨੂੰ ਦਬਾਉਣ ਲਈ ਪੰਜਾਬ ਸਰਕਾਰ ਨੇ ਅਜੀਤ ਸਿੰਘ ਅਤੇ ਲਾਜ-ਪਤ ਰਾਇ ਨੂੰ ਪਕੜ ਕੇ ਬਰਮਾ ਵਿਚ ਦੇਸ਼-ਨਿਕਾਲਾ ਦੇ ਦਿੱਤਾ। ਪਰ ਕੁਝ ਸਮੇਂ ਬਾਦ ਪੰਜਾਬ ਸਰਕਾਰ ਨੇ 'ਪੰਜਾਬ ਕਾਲੋਨੀ ਐਕਟ' ਖ਼ਤਮ ਕਰ ਦਿੱਤਾ ਅਤੇ ਅਜੀਤ ਸਿੰਘ ਤੇ ਲਾਜਪਤ ਰਾਇ ਨੂੰ ਲਾਹੌਰ ਲਿਆਇਆ ਗਿਆ। ਲਾਹੌਰ ਪਹੁੰਚ ਕੇ ਅਜੀਤ ਸਿੰਘ ਨਿਚਲਾ ਨਾ ਬੈਠ ਸਕਿਆ ਅਤੇ ਸੰਨ 1908 ਈ. ਵਿਚ ਸੂਫ਼ੀ ਅੰਬਾ ਪ੍ਰਸਾਦ ਨੂੰ ਨਾਲ ਲੈ ਕੇ ਈਰਾਨ ਚਲਾ ਗਿਆ। ਉਥੇ ਕੁਝ ਵਰ੍ਹਿਆਂ ਬਾਦ ਸੂਫ਼ੀ ਅੰਬਾ ਪ੍ਰਸਾਦ ਦਾ ਦੇਹਾਂਤ ਹੋ ਗਿਆ। ਉਥੋਂ ਅਜੀਤ ਸਿੰਘ ਪਹਿਲਾਂ ਤੁਰਕੀ ਪਹੁੰਚਿਆ, ਫਿਰ ਬ੍ਰਾਜ਼ੀਲ ਨੂੰ ਚਲਾ ਗਿਆ। ਪਹਿਲੇ ਵਿਸ਼ਵ-ਯੁੱਧ ਦੌਰਾਨ ਇਹ ਉਥੇ ਹੀ ਸੀ। ਦੂਜੇ ਵਿਸ਼ਵ-ਯੁੱਧ ਵਿਚ ਇਹ ਇਟਲੀ ਦੇ ਰੇਡੀਓ ਸਟੇਸ਼ਨ ਤੋਂ ਹਿੰਦੁਸਤਾਨੀਆਂ ਨੂੰ ਹਲਾਸ਼ੇਰੀ ਦਿੰਦਾ ਸੀ ਪਰ ਮੁਸੋਲਨੀ

ਦੀ ਹਾਰ ਤੋਂ ਬਾਦ ਇਹ ਜਰਮਨੀ ਚਲਾ ਗਿਆ। ਉਥੇ ਜਰਮਨੀ ਵਲੋਂ ਮਿਤਰ-ਦੇਸ਼ਾ ਦੀ ਫ਼ੌਜ ਅਗੇ ਆਤਮ-ਸਮਰਪਣ ਕਰਨ ਵੇਲੇ ਇਸ ਨੂੰ ਪਕੜ ਲਿਆ ਗਿਆ ਅਤੇ ਬੀਮਾਰੀ ਦੀ ਹਾਲਤ ਵਿਚ ਇੰਗਲੈਂਡ ਲੈ ਜਾਇਆ ਗਿਆ।

ਸੰਨ 1946 ਈ. ਦੀਆਂ ਚੋਣਾਂ ਦੁਆਰਾ ਜਦੋਂ ਭਾਰਤ ਵਿਚ ਅੰਤਰਿਮ ਸਰਕਾਰ ਬਣੀ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਉੱਦਮ ਨਾਲ ਇਸ ਨੂੰ ਦੇਸ਼ ਵਾਪਸ ਲਿਆਉਂਦਾ ਗਿਆ। ਲਗਭਗ 40 ਸਾਲ ਦੇ ਦੇਸ਼-ਨਿਕਾਲੇ ਅਤੇ ਬਿਰਧ ਅਵਸਥਾ ਕਾਰਣ ਇਸ ਦੀ ਸਿਹਤ ਖ਼ਰਾਬ ਹੋ ਗਈ, ਪਰ ਇਸ ਦੇ ਮਨ ਵਿਚ ਦੇਸ਼ ਨੂੰ ਆਜ਼ਾਦ ਵੇਖਣ ਦੀ ਬੜੀ ਪ੍ਰਬਲ ਲਾਲਸਾ ਸੀ। ਆਖ਼ਿਰ ਜਦੋਂ ਉਹ ਘੜੀ ਇਸ ਨੇ ਆਪਣੀ ਅੱਖੀਂ ਵੇਖ ਲਈ ਤਾਂ 15 ਅਗਸਤ, 1947 ਈ. ਤੋਂ ਕੁਝ ਦਿਨਾਂ ਬਾਦ ਡਲਹੌਜ਼ੀ ਵਿਚ ਇਸ ਨੇ ਪ੍ਰਾਣ ਤਿਆਗ ਦਿੱਤੇ। ਇਸ ਦਾ ਹਵਾਲਾ ਦਿੰਦਿਆਂ ਕਵੀ ਕੇਦਾਰ ਨਾਥ 'ਬਾਗ਼ੀ' ਨੇ ਲਿਖਿਆ ਹੈ—'ਤੇ ਸ਼ੇਰ ਦਲੇਰ ਅਜੀਤ ਸਿੰਘ, ਜੋ ਨਕਸ਼ਾ ਸੀ ਬਰਬਾਦੀ ਦਾ।/ਜੋ ਮੌਤ ਨੂੰ ਧੱਕੇ ਦਿੰਦਾ ਸੀ, ਵੇਖਣ ਲਈ ਮੂੰਹ ਆਜ਼ਾਦੀ ਦਾ।'

ਅਜੀਤ ਸਿੰਘ, ਬਾਬਾ : ਵੇਖ 'ਸਾਹਿਬਜ਼ਾਦੇ'।

ਅਜੰਤਾ, ਗੁਫਾਵਾਂ : ਭਾਰਤੀ ਸੰਸਕ੍ਰਿਤੀ ਦੇ ਸਵਰਣ ਯੁਗ ਦੀਆਂ ਕਲਾਤਮਕ ਝਾਕੀਆ ਪੇਸ਼ ਕਰਨ ਵਾਲੀਆਂ ਇਹ ਗੁਫਾਵਾਂ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲੇ ਵਿਚ ਹਨ। ਔਰੰਗਾਬਾਦ ਨਗਰ ਤੋਂ ਉੱਤਰ ਦਿਸ਼ਾ ਵਿਚ ਲਗਭਗ ਇਕ ਸੌ ਕਿ. ਮੀ. ਦੀ ਵਿਥ ਤੇ ਅਜੰਤਾ ਨਾਂ ਦੇ ਪਿੰਡ ਕੋਲ ਇਕ ਸਹੀਆਦਰੀ ਨਾਂ ਦੀ ਪਹਾੜੀ ਹੈ। ਉਸ ਪਹਾੜੀ ਦੀਆਂ ਚਿਟਾਨਾਂ ਨੂੰ ਕਟ ਅਤੇ ਤਰਾਸ਼ ਕੇ ਬਣਾਈਆ ਗਈਆਂ 30 ਗੁਫਾਵਾਂ ਭਵਨ-ਕਲਾ, ਮੂਰਤੀ-ਕਲਾ ਅਤੇ ਚਿੱਤਰ-ਕਲਾ ਦੇ ਅਦੁੱਤੀ ਨਮੂਨੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ 18 ਗੁਫਾਵਾਂ ਦੇ ਦੁਆਰ ਦੱਖਣ ਵਲ ਖੁਲ੍ਹਦੇ ਹਨ ਅਤੇ ਬਾਕੀ 12 ਦੇ ਪੂਰਵ ਵਲ। ਇਹ ਗੁਫਾਵਾਂ ਬੁੱਧ-ਮਤ ਦੀ ਧਰਮ-ਸਾਧਨਾ ਦਾ ਸਾਕਾਰ ਬਿੰਬ ਪੇਸ਼ ਕਰਦੀਆਂ ਹਨ। ਇਨ੍ਹਾਂ ਗੁਫਾਵਾਂ ਵਿਚੋਂ ਚਾਰ (ਕ੍ਰਮਾਂਕ 9, 10, 19 ਅਤੇ 26) ਬੋਧੀ ਮੰਦਿਰ (ਚੈਤ੍ਯ) ਹਨ ਅਤੇ ਬਾਕੀ 26 ਬੋਧੀ-ਵਿਹਾਰ।

ਇਨ੍ਹਾਂ ਗੁਫਾਵਾਂ ਦਾ ਨਿਰਮਾਣ ਈ. ਪੂ. ਦੂਜੀ ਸਦੀ ਤੋਂ ਹੋਣਾ ਸ਼ੁਰੂ ਹੋ ਗਿਆ ਸੀ। ਮੁੱਢਲੇ ਯਤਨ ਬੁੱਧ-ਮਤ ਦੀ ਹੀਨਯਾਨ ਸੰਪ੍ਰਦਾਇ ਵਲੋਂ ਕੀਤੇ ਗਏ ਸਨ ਅਤੇ ਫਿਰ ਦੋ ਸਦੀਆਂ ਤਕ ਇਹ ਕੰਮ ਰੁਕਿਆ ਰਿਹਾ। ਇਸ ਤੋਂ ਬਾਦ ਮਹਾਯਾਨ ਸੰਪ੍ਰਦਾਇ ਨੇ ਇਸ ਪਾਸੇ ਧਿਆਨ ਦਿੱਤਾ ਅਤੇ ਪੰਜਵੀਂ ਸਦੀ ਤੋਂ ਖੁਦਾਈ ਦਾ ਕੰਮ ਫਿਰ ਚਲ ਪਿਆ ਜੋ ਸੱਤਵੀਂ ਸਦੀ ਦੇ ਪੂਰਵ-ਅੱਧ ਤਕ ਨਿਰੰਤਰ ਚਲਦਾ ਰਿਹਾ। ਪਰ ਸੰਨ 642 ਈ. ਵਿਚ ਪੁਲਕੇਸ਼ੀ ਦੂਜੇ ਦੇ ਮਾਰੇ ਜਾਣ ਤੋਂ ਬਾਦ ਖੁਦਾਈ ਦਾ ਕੰਮ ਰੁਕ ਗਿਆ ਅਤੇ ਕਈ ਚਿੱਤਰ ਅਤੇ ਮੂਰਤੀਆਂ ਅਧੂਰੀਆਂ ਰਹਿ ਗਈਆਂ। ਇਸ ਤਰ੍ਹਾਂ ਇਨ੍ਹਾਂ ਗੁਫਾਵਾਂ ਦਾ ਵਿਕਾਸ ਲਗਭਗ ਨੌਂ ਸਦੀਆਂ ਦੀ ਕਠੋਰ ਮਿਹਨਤ ਅਤੇ ਬੇਮਿਸਾਲ ਕਾਰੀਗਰੀ 'ਤੇ ਆਧਾਰਿਤ ਹੈ। ਇਨ੍ਹਾਂ ਦੇ ਨਿਰਮਾਣ ਵਿਚ ਗੁਪਤ-ਵੰਸ਼ ਦੇ ਰਾਜਿਆਂ ਦਾ ਵਿਸ਼ੇਸ਼ ਯੋਗ-ਦਾਨ ਦਸਿਆ ਜਾਂਦਾ ਹੈ।

ਇਨ੍ਹਾਂ ਗੁਫਾਵਾਂ ਵਿਚਲੇ ਮੰਦਿਰਾਂ ਵਿਚ ਬੁੱਧ ਦੀਆਂ ਮੂਰਤੀਆਂ, ਜਾਤਕਾਂ ਤੇ ਆਧਾਰਿਤ ਉਨ੍ਹਾਂ ਦੇ ਜੀਵਨ-ਪ੍ਰਸੰਗਾਂ ਨਾਲ ਸੰਬੰਧਿਤ ਚਿੱਤਰ ਅਤੇ ਰਾਜਸੀ-ਜੀਵਨ ਤੇ ਲੋਕ-ਜੀਵਨ ਨੂੰ ਪੇਸ਼ ਕਰਨ ਵਾਲੇ ਦ੍ਰਿਸ਼ ਵਿਸ਼ੇਸ਼ ਉੱਲੇਖਯੋਗ ਹਨ। ਇਨ੍ਹਾਂ ਵਿਚ ਲੌਕਿਕਤਾ ਅਤੇ ਅਲੌਕਿਕਤਾ, ਸੰਸਾਰਿਕਤਾ ਅਤੇ ਪਰਮਾਰਥਿਕਤਾ, ਮਾਨਵੀ ਅਤੇ ਦੈਵੀ ਧਾਰਣਾਵਾਂ ਦਾ ਮਹਾਯਾਨੀ ਭਾਵਨਾ ਅਨੁਰੂਪ ਅਦੁੱਤੀ ਸੰਯੋਗ ਹੋਇਆ ਹੈ। ਇਥੋਂ ਦੇ ਚਿੱਤਰ ਕਲਾ ਦੇ ਬੇਜੋੜ ਨਮੂਨੇ ਹਨ।

ਵਿਹਾਰਾਂ ਵਿਚ ਬੋਧੀ ਭਿਕਸ਼ੂਆਂ ਦੇ ਰਹਿਣ ਦੀ ਵਿਵਸਥਾ ਹੈ। ਇਨ੍ਹਾਂ ਦੇ ਚੌਹਾਂ ਪਾਸੇ ਨਿਵਾਸ ਲਈ ਕੋਠੜੀਆਂ ਬਣੀਆਂ ਹੋਈਆਂ ਹਨ ਅਤੇ ਵਿਚਕਾਰ ਖੁਲ੍ਹੇ ਮੰਡਪ ਹਨ। ਇਨ੍ਹਾਂ ਵਿਹਾਰਾਂ ਦੀਆਂ ਛਤਾਂ ਥੰਮਾਂ ਉਤੇ ਟਿਕੀਆਂ ਦਰਸਾਈਆਂ ਗਈਆਂ ਹਨ ਅਤੇ ਥੰਮਾਂ ਨੂੰ ਵੀ ਕਈ ਢੰਗਾਂ ਨਾਲ ਤਰਾਸ਼ ਕੇ ਸੁਸਜਿਤ ਕੀਤਾ ਗਿਆ ਹੈ। ਛੱਤਾਂ ਉਤੇ ਵੇਲਾਂ ਨਾਲ ਘਿਰੇ ਸੌ ਅਤੇ ਹਜ਼ਾਰ ਪੱਖੜੀਆਂ ਵਾਲੇ ਕੰਵਲ ਸੁਸ਼ੋਭਿਤ ਹਨ। ਕਿਤੇ-ਕਿਤੇ ਪਸ਼ੂਆਂ, ਪੰਛੀਆਂ ਦੇ ਨਮੂਨੇ ਵੀ ਤਰਾਸ਼ੇ ਹੋਏ ਮਿਲਦੇ ਹਨ।

ਸਪੱਸ਼ਟ ਹੈ ਕਿ ਇਨ੍ਹਾਂ ਗੁਫਾਵਾਂ ਵਿਚ ਭਵਨ-ਨਿਰਮਾਣ-ਕਲਾ, ਮੂਰਤੀ ਕਲਾ ਅਤੇ ਚਿੱਤਰ ਕਲਾ ਦੀ ਤ੍ਰਿਵੇਣੀ ਬੜੇ ਸੰਹਜਾਤਮਕ ਢੰਗ ਨਾਲ ਰੂਪਾਇਤ ਹੋਈ ਹੈ। ਇਨ੍ਹਾਂ ਰਾਹੀਂ ਬੁੱਧ ਭਗਵਾਨ ਦੇ ਮਹਾਨ ਧਰਮ ਅਤੇ ਅਧਿਆਤਮਿਕ ਜੀਵਨ ਦਾ ਸਹੀ ਬਿੰਬ ਪ੍ਰਾਪਤ ਹੁੰਦਾ ਹੈ। ਇਹ, ਅਸਲ ਵਿਚ, ਭਾਰਤੀ ਸੰਸਕ੍ਰਿਤੀ ਦੇ ਅਤੀਤ ਦੀ ਗੌਰਵ ਗਾਥਾ ਦਾ ਪਰਿਚਯ ਦੇਣ ਵਾਲੀਆਂ ਦੁਰਲਭ ਉਪਲਬਧੀਆਂ ਹਨ। ਪੰਜਾਬੀ ਸਾਹਿੱਤ ਵਿਚ ਇਨ੍ਹਾਂ ਦਾ ਉੱਲੇਖ ਮਿਲਦਾ ਹੈ। ਡਾ. ਮੋਹਨ ਸਿੰਘ ਨੇ 'ਟੈਗੋਰ' ਨਾਂ ਦੀ ਕਵਿਤਾ ਵਿਚ ਇਸ ਦਾ ਹਵਾਲਾ ਦਿੰਦਿਆਂ ਲਿਖਿਆ—'ਚਾਹੇ ਟੈਕਸਲਾ ਵੇਖ, ਚਾਹੇ ਅਜੰਟਾ/ਬਰਮਾ ਯਾ ਰੰਗੂਨ ਨਿਹਾਰ।'

ਅਟਕ, ਨਗਰ : ਵੇਖੋ 'ਅਟਕ ਨਦੀ'।

ਅਟਕ, ਨਦੀ : ਇਕ ਵੱਡਾ ਦਰਿਆ ਜੋ ਪਾਕਿਸਤਾਨੀ ਜਾਂ ਪੱਛਮੀ ਪੰਜਾਬ ਨੂੰ ਸਰਹੱਦੀ ਸੂਬੇ ਨਾਲੋਂ ਨਿਖੇੜਦਾ ਹੈ। ਇਸ ਦਾ ਇਕ ਨਾਮਾਂਤਰ ਸਿੰਧ ਜਾਂ ਸਿੰਧੂ ਨਦੀ ਵੀ ਹੈ। ਅਸਲ ਵਿਚ, ਇਸ ਦੇ ਉਪਰਲੇ ਹਿੱਸੇ ਨੂੰ 'ਅਟਕ' ਅਤੇ ਹੇਠਲੇ ਹਿੱਸੇ ਨੂੰ 'ਸਿੰਧ' ਆਖਿਆ ਜਾਂਦਾ ਹੈ। ਪੰਜਾਬ ਦੇ ਸਾਰੇ ਦਰਿਆ—ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ—ਇਕੱਠੇ ਹੋ ਕੇ ਅੰਤ ਵਿਚ ਇਸ ਵੱਡੇ ਦਰਿਆ ਵਿਚ ਮਿਠਨਕੋਟ ਦੇ ਨੇੜੇ ਜਾ ਰਲਦੇ ਹਨ।

ਇਹ ਦਰਿਆ ਤਿੱਬਤ ਤੋਂ ਨਿਕਲ ਕੇ ਕਸ਼ਮੀਰ ਦੀਆਂ ਪਹਾੜੀਆਂ ਵਿਚ ਉੱਤਰ-ਪੱਛਮੀ ਦਿਸ਼ਾ ਵਲ ਵਗਦਾ ਹੈ। ਹਾਰਾਮੋਸ਼ ਦੀ ਡੂੰਘੀ ਘਾਟੀ ਨੂੰ ਪਾਰ ਕਰਨ ਉਪਰੰਤ ਦੱਖਣ-ਪੱਛਮੀ ਦਿਸ਼ਾ ਵਲ ਮੁੜਦਾ ਹੈ ਅਤੇ ਗਿਲਗਿਤ ਨਦੀ ਨੂੰ ਨਾਲ ਲੈ ਕੇ ਚਿਲਾਸ ਤੋਂ ਇਹ ਪਾਕਿਸਤਾਨ ਦੇ ਪਹਾੜੀ ਖੇਤਰ ਵਿਚ ਦਾਖ਼ਲ ਹੁੰਦਾ ਹੈ। ਫਿਰ ਹਜ਼ਾਰਾ ਜ਼ਿਲੇ ਵਿਚੋਂ ਲੰਘਦਾ ਹੋਇਆ ਅਟਕ ਕਿੱਲੇ ਦੇ ਨੇੜੇ ਦਰਿਆਏ ਕਾਬਲ ਨੂੰ ਨਾਲ ਲੈਂਦਾ ਹੋਇਆ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦਾ ਹੈ। ਫਿਰ ਕਾਲਾਬਾਗ ਦੀਆਂ

ਪਹਾੜੀਆਂ ਨਾਲ ਖਹਿੰਦਾ ਹੋਇਆ ਥਲ-ਖੇਤਰ ਵਿਚ ਦਾਖ਼ਲ ਹੁੰਦਾ ਹੈ। ਡੇਰਾ ਇਸਮਾਇਲ ਖ਼ਾਨ ਦੇ ਜ਼ਿਲੇ ਦੇ ਨਾਲ ਨਾਲ ਵਗਦਾ ਹੋਇਆ ਸਿੰਧ ਪ੍ਰਾਂਤ ਵਿਚ ਪਹੁੰਚ ਜਾਂਦਾ ਹੈ। ਹੈਦਰਾਬਾਦ ਨਗਰ ਕੋਲ ਪਹੁੰਚ ਕੇ ਇਹ ਲਗਭਗ ਅੱਠ ਹਜ਼ਾਰ ਵਰਗ ਕਿ. ਮੀ. ਦਾ ਡੈਲਟਾ ਬਣਾਉਂਦਾ ਹੋਇਆ ਅਰਬ ਸਾਗਰ ਵਿਚ ਸਮਾ ਜਾਂਦਾ ਹੈ। ਮਾਰਚ ਤੋਂ ਸਤੰਬਰ ਦੇ ਮਹੀਨਿਆਂ ਵਿਚ ਇਸ ਵਿਚ ਪਾਣੀ ਦਾ ਨਿਕਾਸ ਬਹੁਤ ਅਧਿਕ ਹੁੰਦਾ ਹੈ, ਪਰ ਸਰਦੀਆਂ ਵਿਚ ਪਾਣੀ ਦੀ ਮਿਕਦਾਰ ਘੱਟ ਹੁੰਦੀ ਹੈ।

ਇਸ ਦਾ ਨਾਂ 'ਅਟਕ' ਕਿਉਂ ਪਿਆ ? ਇਸ ਬਾਰੇ ਵੱਖ ਵੱਖ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਮੱਧ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦੇ ਰਾਹ ਵਿਚ ਰੁਕਾਵਟ ਬਣਨ ਕਾਰਣ ਇਸ ਨੂੰ 'ਅਟਕ' ਕਿਹਾ ਜਾਣ ਲਗਿਆ। ਦੂਜੇ ਮਤ ਅਨੁਸਾਰ ਟਕ ਜਾਤੀ ਦੇ ਅਧਿਕਾਂਸ਼ ਕਬੀਲੇ ਇਸ ਨਦੀ ਦੇ ਨੇੜੇ ਵਸਣ ਕਾਰਣ ਬਾਹਰਲੇ ਹਮਲਾਵਰਾਂ ਨੇ ਗ਼ਲਤ ਉੱਚਾਰਣ ਵਸ ਇਸ ਨੂੰ 'ਅਟਕ' ਕਹਿਣਾ ਸ਼ੁਰੂ ਕਰ ਦਿੱਤਾ। ਤੀਜੇ ਮਤ ਅਨੁਸਾਰ ਦਰਿਆਏ ਕਾਬਲ (ਲੁੰਡਾ ਦਰਿਆ) ਦੇ ਪ੍ਰਵਾਹ ਨੂੰ ਇਸ ਤਕ ਪਹੁੰਚ ਕੇ ਰੋਕ (ਅਟਕ) ਲਗ ਗਈ, ਇਸ ਕਰਕੇ ਇਸ ਦਾ ਨਾਂ 'ਅਟਕ' ਪ੍ਰਚਲਿਤ ਹੋ ਗਿਆ। ਭਾਈ ਵੀਰ ਸਿੰਘ ਅਨੁਸਾਰ—'ਅਟਕ ਕੋਈ ਪਾਈ ਨਾ, ਜ਼ਾਲਮ ਅਟਕਾਏ ਨਾ।/ਫੇਰ ਅਟਕ ਨਾਉਂ ਤੇਰਾ, ਗਲ ਦਸ ਕੀ ਹੋਈ।'

ਇਸ ਦੇ ਕੰਢੇ ਉਤੇ ਸਰਹੱਦੀ ਚੌਕੀ ਵਜੋਂ ਅਕਬਰ ਬਾਦਸ਼ਾਹ ਨੇ ਸੰਨ 1581 ਈ. ਵਿਚ ਇਕ ਕਿੱਲਾ ਬਣਵਾਇਆ ਜਿਸ ਦਾ ਨਾਂ ਵੀ 'ਅਟਕ' ਪ੍ਰਚਲਿਤ ਹੋਇਆ। ਇਸ ਦੇ ਨਾਲ ਹੀ ਕਾਲਾਂਤਰ ਵਿਚ ਇਕ ਕਸਬਾ ਵਸ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਕਿੱਲੇ ਨੂੰ ਹੋਰ ਵੀ ਮਜ਼ਬੂਤ ਕੀਤਾ। ਇਸ ਕਿੱਲੇ ਦੇ ਨੇੜੇ 1883 ਈ. ਵਿਚ ਅੰਗ੍ਰੇਜ਼ ਸਰਕਾਰ ਨੇ ਇਕ ਲੋਹੇ ਦਾ ਪੁਲ ਬਣਵਾਇਆ। ਇਸ ਦੇ ਨਾਂ ਤੇ 'ਅਟਕ' ਜ਼ਿਲਾ ਬਣਾਇਆ ਗਿਆ ਜਿਸ ਵਿਚ ਚਾਰ ਤਹਿਸੀਲਾਂ (ਅਟਕ, ਫਤਹਿਜੰਗ, ਤਲਾਗੰਗ ਅਤੇ ਪਿੰਡੀਘੇਬ) ਸ਼ਾਮਲ ਹਨ ਅਤੇ ਜ਼ਿਲੇ ਦਾ ਸਦਰ ਮੁਕਾਮ ਕੈਂਬਲਪੁਰ ਹੈ।

ਅਟਲ ਰਾਇ, ਬਾਬਾ : ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦਾ ਚੌਥਾ ਸਾਹਿਬਜ਼ਾਦਾ ਜਿਸ ਦਾ ਜਨਮ ਮਾਤਾ ਮਹਾਦੇਵੀ (ਭਾਈ ਸੰਤੋਖ ਸਿੰਘ ਅਨੁਸਾਰ ਮਾਤਾ ਨਾਨਕੀ) ਦੀ ਕੁੱਖੋਂ ਸੰਨ 1619 ਈ. (1676 ਬਿ.) ਵਿਚ ਅੰਮ੍ਰਿਤਸਰ ਨਗਰ ਵਿਚ ਹੋਇਆ। ਰਵਾਇਤ ਅਨੁਸਾਰ ਇਨ੍ਹਾਂ ਵਿਚ ਬਚਪਨ ਤੋਂ ਹੀ ਦੈਵੀ ਸ਼ਕਤੀ ਦਾ ਪ੍ਰਵੇਸ਼ ਹੋ ਗਿਆ। ਇਕ ਵਾਰ ਇਨ੍ਹਾਂ ਦਾ ਇਕ ਬਾਲ-ਮਿਤਰ ਸੱਪ ਦੁਆਰਾ ਡੰਗੇ ਜਾਣ ਕਾਰਣ ਮਰ ਗਿਆ। ਜਦੋਂ ਇਨ੍ਹਾਂ ਨੇ ਵੇਖਿਆ ਕਿ ਉਹ ਖੇਡਣ ਨਹੀਂ ਆਇਆ, ਤਾਂ ਉਸ ਦੇ ਘਰ ਗਏ ਅਤੇ ਉਸ ਦੀ ਮ੍ਰਿਤ ਦੇਹ ਨੂੰ ਜੀਉਂਦਾ ਕਰਕੇ ਨਾਲ ਲੈ ਆਏ। ਦੈਵੀ ਸ਼ਕਤੀ ਦੇ ਇਸ ਪ੍ਰਦਰਸ਼ਨ ਤੋਂ ਛੇਵੇਂ ਗੁਰੂ ਸਾਹਿਬ ਨਾਰਾਜ਼ ਹੋਏ, ਤਾਂ ਬਾਬਾ ਜੀ ਚਾਦਰ ਤਾਣ ਕੇ ਸੌਣ ਦਾ ਬਹਾਨਾ ਕਰਦਿਆਂ ਸੰਸਾਰ ਨੂੰ ਤਿਆਗ ਗਏ। ਇਹ ਘਟਨਾ ਸੰਨ 1628 ਈ. ਦੀ ਹੈ। ਇਨ੍ਹਾਂ ਦੀ ਨੌਂ ਸਾਲਾਂ ਦੀ ਉਮਰ ਅਨੁਸਾਰ ਬਾਦ ਵਿਚ ਸ਼ਰਧਾਲੂਆਂ ਨੇ ਕੌਲ-ਸਰ ਦੇ ਨੇੜੇ ਨੌਂ ਮੰਜ਼ਲੀ ਸਮਾਧ ਬਣਾਈ। ਇਥੇ ਸ਼ਰਧਾਲੂਆਂ

ਅਤੇ ਦਾਨੀ ਲੋਕਾਂ ਵਲੋਂ ਸਦਾਬ੍ਰਤ ਲਗਿਆ ਰਹਿੰਦਾ ਹੈ। ਇਸੇ ਲਈ ਇਕ ਅਖਾਣ ਬਣ ਗਿਆ ਹੈ—'ਬਾਬਾ ਅਟਲ, ਪੱਕੀ ਪਕਾਈ ਘਲ।'

ਅਠਸਠ-ਤੀਰਥ : ਇਸ ਤੋਂ ਭਾਵ ਹੈ ਹਿੰਦੂ ਧਰਮ ਦੇ ਅਠਾਹਠ ਪਵਿੱਤਰ ਸਥਾਨ। 'ਤੀਰਥ' ਦਾ ਸ਼ਾਬਦਿਕ ਅਰਥ ਹੈ ਉਹ ਸਥਾਨ ਜਿਥੋਂ ਨਦੀ ਪਾਰ ਕੀਤੀ ਜਾਂਦੀ ਹੈ, ਅਰਥਾਤ ਘਾਟ। ਪਰ ਜਿਨ੍ਹਾਂ ਸਥਾਨਾਂ ਨਾਲ ਧਾਰਮਿਕ ਵਿਸ਼ਵਾਸ ਜੁੜ ਗਏ ਹਨ, ਉਨ੍ਹਾਂ ਨੂੰ ਤੀਰਥ ਇਸ ਲਈ ਕਿਹਾ ਜਾਣ ਲਗਿਆ ਕਿਉਂਕਿ ਉਹ ਪ੍ਰਾਣੀ ਨੂੰ ਸੰਸਾਰ-ਸਾਗਰ (ਭਵ-ਸਾਗਰ) ਤੋਂ ਪਾਰ ਕਰਾਉਣ ਵਾਲੇ ਘਾਟ ਹਨ। ਇਸ ਤਰ੍ਹਾਂ 'ਤੀਰਥ' ਸ਼ਬਦ ਦੇ ਅਰਥ ਵਿਚ ਵਿਕਾਸ ਹੋ ਗਿਆ, ਅਰਥਾਤ ਪਾਪ ਆਦਿਕਾਂ ਤੋਂ ਪਾਰ ਕਰਾਉਣ ਵਾਲਾ ਸਥਾਨ ('ਤਰਤਿ ਪਾਪਾਦਿਕੰ ਯਸ੍ਮਾਤ੍')। ਬਹੁਤੇ ਤੀਰਥ ਨਦੀਆਂ ਜਾਂ ਸਰੋਵਰਾਂ ਦੇ ਕੰਢੇ ਬਣੇ ਹੋਣ ਕਾਰਣ ਪ੍ਰਤੀਕਾਤਮਕ ਰੂਪ ਵਿਚ ਭਵਸਾਗਰ ਤਰਨ ਦੀ ਪ੍ਰੇਰਣਾ ਦਿੰਦੇ ਹਨ। ਇਥੇ ਜਾ ਕੇ ਯਾਤ੍ਰੀ ਇਸ਼ਨਾਨ ਕਰਕੇ ਪੁੰਨ-ਦਾਨ ਕਰਦੇ ਹਨ ਅਤੇ ਸਾਧਾਂ-ਸੰਤਾਂ ਦੀ ਸੰਗਤ ਵਿਚ ਹਰਿ-ਕਥਾ, ਹਰਿ-ਕੀਰਤਨ ਅਤੇ ਹਰਿ-ਜਸ ਸੁਣ ਕੇ ਆਪਣਾ ਅਧਿਆਤਮਿਕ ਭਵਿਖ ਸੁਧਾਰਦੇ ਹਨ।

ਉਂਜ ਤਾਂ ਜੈਨੀਆਂ, ਬੋਧੀਆਂ ਅਤੇ ਹੋਰ ਕਈ ਧਰਮਾਂ ਦੇ ਪਵਿੱਤਰ ਸਥਾਨਾਂ ਨੂੰ ਵੀ ਤੀਰਥ ਕਹਿ ਦਿੱਤਾ ਜਾਂਦਾ ਹੈ, ਪਰ ਮੁੱਖ ਤੌਰ 'ਤੇ ਇਹ ਸ਼ਬਦ ਹਿੰਦੂ-ਧਰਮ ਦੇ ਪਵਿੱਤਰ ਸਥਾਨਾਂ ਨਾਲ ਰੂੜ੍ਹ ਹੋ ਚੁਕਿਆ ਹੈ। ਹਿੰਦੂ ਧਰਮ ਦੇ ਭਾਰਤ ਵਿਚ ਅਣਗਿਣਤ ਤੀਰਥ ਹਨ। ਪੁਰਾਣ-ਸਾਹਿੱਤ ਵਿਚ ਸੰਪ੍ਰਦਾਇਕ ਰੁਚੀ ਅਧੀਨ ਤੀਰਥਾਂ ਦੀ ਗਿਣਤੀ ਸਦਾ ਵਧਦੀ ਹੀ ਰਹੀ ਹੈ। ਮੁੱਖ ਤੌਰ ਤੇ ਸੱਤ ਪੁਰੀਆਂ ਨੂੰ ਮੁਕਤੀ-ਪ੍ਰਦਾਤਾ ਮੰਨਿਆ ਗਿਆ ਹੈ—ਅਯੋਧਿਆ, ਮਥੁਰਾ, ਮਾਯਾ, ਕਾਸ਼ੀ, ਕਾਂਚੀ, ਅਵੰਤਿਕਾ, ਦ੍ਵਾਰਿਕਾ—'ਅਯੋਧ੍ਯਾ ਮਥੁਰਾ ਮਾਯਾ ਕਾਸ਼ੀ ਕਾਂਚੀ ਅਵੰਤਿਕਾ।/ਪੁਰੀ ਦ੍ਵਾਰਵਤੀ ਚੈਵ ਸਪ੍ਤੈਤਾ ਮੋਕ੍ਸ਼ ਦਾਯਿਕਾ :।'

ਸੱਤ ਪੁਰੀਆਂ ਤੋਂ ਇਲਾਵਾ ਚਾਰ ਧਰਮ-ਧਾਮ ਵੀ ਮੰਨੇ ਗਏ ਹਨ ਜਿਨ੍ਹਾਂ ਵਿਚ ਦ੍ਵਾਰਿਕਾ ਪੁਰੀ ਵੀ ਸ਼ਾਮਲ ਹੈ—ਦ੍ਵਾਰਿਕਾ, ਜਗਨ-ਨਾਥ, ਬਦਰਿਕਾਸ਼੍ਰਮ ਅਤੇ ਰਾਮੇਸ਼੍ਵਰਮ। ਇਸ ਤਰ੍ਹਾਂ ਹਿੰਦੂ ਧਰਮ ਦੇ ਇਹ ਦਸ ਮਹਾਨ ਤੀਰਥ ਸਿੱਧ ਹੁੰਦੇ ਹਨ। ਪਰ ਗਿਣਤੀ ਪੱਖੋਂ ਅਠਸਠ ਤੀਰਥਾਂ ਦੀ ਸਥਾਪਨਾ 'ਕਪਿਲ ਤੰਤ੍ਰ' ਵਿਚ ਹੋਈ ਹੈ। ਉਪਰੋਕਤ ਦਸ ਮੁੱਖ ਤੀਰਥਾਂ ਤੋਂ ਇਲਾਵਾ ਬਾਕੀ ਦੇ 58 ਤੀਰਥਾਂ ਦੇ ਨਾਂ ਇਸ ਪ੍ਰਕਾਰ ਹਨ—ਓਅੰਕਾਰ, ਏਰਾਵਤੀ, ਸ਼ਤਦ੍ਰ, ਸਰਸਵਤੀ, ਸਰਯੂ, ਸਿੰਧੂ, ਸ਼ਿਪ੍ਰਾ, ਸ਼ੋਣ, ਸ੍ਰੀਸ਼ੈਲ, ਸ੍ਰੀਰੰਗ, ਹਰਿਦ੍ਵਾਰ, ਕਪਾਲਮੋਚਨ, ਕਪਿਲੋਦਕ, ਕਾਲੰਜਰ, ਕਾਵੇਰੀ, ਕੁਰੁਕ੍ਸ਼ੇਤ੍ਰ, ਕੇਦਾਰਨਾਥ, ਕੌਸ਼ਿਕੀ, ਗਯਾ, ਗੋਕਰਣ, ਗੋਦਾਵਰੀ, ਗੋਮਤੀ, ਗੋਵਰਧਨ, ਗੰਗਾਸਾਗਰ, ਗੰਡਕਾ, ਘਰਘਰਾ, ਚਰਮਨ੍ਵਤੀ, ਚਿਤ੍ਰਕੂਟ, ਚੰਦ੍ਰਭਾਗਾ, ਜ੍ਵਾਲਾਮੁਖੀ, ਤਪਤੀ, ਤਾਮ੍ਰਪਰਣੀ, ਤੁੰਗਭਦ੍ਰਾ, ਦਸ਼ਾਸ਼੍ਵਮੇਧ, ਦ੍ਰਿਸ਼ਦਵਤੀ, ਧਾਰਾ, ਨਰਮਦਾ, ਨਾਗਤੀਰਥ, ਨੈਮਿਸ਼, ਪੁਸ਼ਕਰ, ਪ੍ਰਯਾਗ (ਤ੍ਰਿਵੇਣੀ ਸੰਗਮ), ਪ੍ਰਿਥੂਦਕ, ਭਦ੍ਰੇਸ਼੍ਵਰ, ਭੀਮੇਸ਼੍ਵਰ, ਭ੍ਰਿਗੁਤੁੰਗ, ਮਹਾਕਾਲ, ਮਹਾਬਿੰਦ, ਮਾਨਸਰੋਵਰ, ਮੰਦਾਕਿਨੀ, ਯਮੁਨਾ, ਵਿਤਸਤਾ, ਵਿੰਧ੍ਯ,

ਵਿਪਾਸ਼, ਵਿਮਲੇਸ੍ਵਰ, ਵੇਣਾ, ਵੇਤ੍ਰਵਤੀ, ਵੈਸ਼ਨਵੀ ਅਤੇ ਵੈਦ੍ਯਨਾਥ।

ਉਪਰੋਕਤ ਤੀਰਥਾਂ ਵਿਚੋਂ ਅਧਿਕਾਂਸ਼ ਦੇ ਨਾਂ ਨਦੀਆਂ ਅਤੇ ਪਰਬਤਾਂ ਨਾਲ ਸੰਬੰਧਿਤ ਹਨ। ਇਨ੍ਹਾਂ ਅਠਾਹਠ ਤੀਰਥਾਂ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਸੰਸਾਰਿਕ ਬੰਧਨਾਂ ਤੋਂ ਯਾਤ੍ਰੀ ਦੀ ਮੁਕਤੀ ਹੋ ਜਾਂਦੀ ਹੈ।

ਪੰਜਾਬੀ ਦੇ ਅਧਿਆਤਮਿਕ ਕਾਵਿ ਵਿਚ ਇਸ ਦਾ ਸੰਕੇਤ ਮਿਲਦਾ ਹੈ। ਜਪੁਜੀ ਵਿਚ ਪਰਮਾਤਮਾ ਦੇ ਨਾਮ ਨੂੰ ਸੁਣਨ ਨਾਲ ਹੀ ਅਠਸਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ—'ਸੁਣਿਐ ਅਠਸਠਿ ਕਾ ਇਸਨਾਨੁ।' ਗੁਰੂ ਅਰਜਨ ਦੇਵ ਜੀ ਨੇ ਉਸ ਸਥਾਨ ਨੂੰ ਅਠਸਠ ਤੀਰਥਾਂ ਜਿੰਨਾ ਪਵਿੱਤਰ ਮੰਨਿਆ ਹੈ ਜਿਥੇ ਸਾਧੂ ਪੁਰਸ਼ ਆਪਣੇ ਚਰਣ ਧਰਦਾ ਹੈ—'ਅਠਸਠਿ ਤੀਰਥ ਜਿਹ ਸਾਧੂ ਪਗ ਧਰਹਿ' (ਅ. ਗ੍ਰੰ. 890)।

ਅਠਾਰ੍ਹਾਂ ਸਿੱਧੀਆਂ : ਵੇਖੋ 'ਸਿੱਧੀਆਂ'।

ਅਠਾਰ੍ਹਾਂ ਸੁਖਨ : ਵੇਖੋ 'ਅਠਾਰ੍ਹਾਂ ਪੁਰਾਣ'।

ਅਠਾਰ੍ਹਾਂ ਪੁਰਾਣ : ਆਮ ਤੌਰ ਉਨ੍ਹਾਂ ਗ੍ਰੰਥਾਂ ਨੂੰ 'ਪੁਰਾਣ' ਕਿਹਾ ਜਾਂਦਾ ਹੈ ਜਿਨ੍ਹਾਂ ਵਿਚ ਪ੍ਰਾਚੀਨ ਕਾਲ ਦੀਆਂ ਕਥਾਵਾਂ ਜਾਂ ਆਖਿਆਨ ਸੰਕਲਿਤ ਹੋਣ। ਨਿਰੁਕਤਕਾਰ ਯਾਸਕਾਚਾਰਯ ਅਨੁਸਾਰ ਉਹ ਪੁਰਾਣ ਹੈ ਜੋ ਪਹਿਲਾਂ ਕਦੀ ਨਵਾਂ ਰਿਹਾ ਹੋਵੇ। 'ਮਤ੍ਸ੍ਯ ਪੁਰਾਣ' (53/62) ਅਨੁਸਾਰ ਪ੍ਰਾਚੀਨ ਘਟਨਾਵਾਂ ਦਾ ਵੇਰਵਾ ਜੁਟਾਉਣ ਵਾਲਾ ਗ੍ਰੰਥ ਪੁਰਾਣ ਹੈ। ਡਾ. ਵਿੰਟਰਨਿਟ੍ਸ ਅਤੇ ਡਾ. ਪੁਸਲਕਾਰ ਵਰਗੇ ਵਿਦਵਾਨਾਂ ਨੇ 'ਪੁਰਾਣ' ਸ਼ਬਦ ਨੂੰ ਪੁਰਾਣੇ ਆਖਿਆਨ ('ਪੁਰਾਣੰ ਆਖ੍ਯਾਨੰ') ਦਾ ਸੂਚਕ ਮੰਨਿਆ ਹੈ। ਹੌਲੀ ਹੌਲੀ ਇਹ ਸ਼ਬਦ ਵਰਤਮਾਨ ਅਠਾਰ੍ਹਾਂ ਗ੍ਰੰਥਾਂ ਲਈ ਰੂੜ੍ਹ ਹੋ ਗਿਆ ਹੈ।

ਆਮ ਤੌਰ ਤੇ ਪੁਰਾਣਾਂ ਦੀ ਗਿਣਤੀ 18 ਮੰਨੀ ਗਈ ਹੈ। ਇਹ ਗੱਲ ਪੁਰਾਣਾਂ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਤੋਂ ਸਿੱਧ ਹੈ। ਇਨ੍ਹਾਂ ਦਾ ਕ੍ਰਮ ਮੁੱਖ ਤੌਰ ਤੇ ਇਸ ਪ੍ਰਕਾਰ ਹੈ—ਬ੍ਰਹਮ, ਪਦਮ, ਵਿਸ਼ਣੂ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗ੍ਨਿ (ਅਗਨੀ), ਭਵਿਸ਼੍ਯ, ਬ੍ਰਹਮ-ਵੈਵਰਤ, ਲਿੰਗ, ਵਾਰਾਹ, ਸ੍ਕੰਦ, ਵਾਮਨ, ਕੂਰਮ, ਮਤ੍ਸ੍ਯ, ਗਰੁੜ, ਬ੍ਰਹਮਾਂਡ। ਇਨ੍ਹਾਂ ਵਿਚੋਂ ਸ਼ਿਵ ਅਤੇ ਵਾਯੂ ਤੇ ਭਾਗਵਤ ਅਤੇ ਦੇਵੀ-ਭਾਗਵਤ ਨਾਂ ਦੇ ਕੁਝ ਪੁਰਾਣਾਂ ਦੇ ਨਾਵਾਂ ਸੰਬੰਧੀ ਅਜੇ ਵਿਦਵਾਨਾਂ ਵਿਚ ਵਾਦ-ਵਿਵਾਦ ਹੈ। ਕਿਉਂਕਿ ਕੁਝ ਪੁਰਾਣ-ਸੂਚੀਆਂ ਵਿਚ ਜਿਥੇ ਸ਼ਿਵ ਪੁਰਾਣ ਲਿਖਿਆ ਹੈ, ਉਥੇ ਕੁਝ ਹੋਰ ਪੁਰਾਣ-ਸੂਚੀਆਂ ਵਿਚ ਵਾਯੂ ਨਾਂ ਆਇਆ ਹੈ। ਇਸੇ ਤਰ੍ਹਾਂ ਭਾਗਵਤ ਪੁਰਾਣ ਅਤੇ ਦੇਵੀ-ਭਾਗਵਤ ਪੁਰਾਣ ਸੰਬੰਧੀ ਵੀ ਵਿਵਾਦ ਹੈ। ਕਿਉਂਕਿ ਜਿਥੇ ਵੀ ਇਸ ਪੁਰਾਣ ਦਾ ਨਾਂ ਆਇਆ ਹੈ ਉਥੇ ਕੇਵਲ 'ਭਾਗਵਤ' ਲਿਖਿਆ ਹੈ। ਇਸ ਲਈ ਦੇਵੀ ਦੇ ਉਪਾਸਕਾਂ ਨੇ ਇਸ ਨੂੰ 'ਦੇਵੀ-ਭਾਗਤ ਪੁਰਾਣ' ਮੰਨਿਆ ਹੈ ਅਤੇ ਵੈਸ਼ਣਵਾਂ ਨੇ 'ਭਾਗਵਤ ਪੁਰਾਣ'। ਕਿਤੇ ਕਿਤੇ ਵਾਯੂ ਅਤੇ ਬ੍ਰਹਮਾਂਡ ਪੁਰਾਣਾਂ ਬਾਰੇ ਵੀ ਵਿਵਾਦ ਹੈ। 'ਭਵਿਸ਼੍ਯ ਪੁਰਾਣ' ਦੇ ਵੀ ਚਾਰ ਭੇਦ ਮੰਨੇ ਗਏ ਹਨ। ਹੁਣ ਇਹ ਕਹਿਣਾ ਬਹੁਤ ਕਠਿਨ ਹੈ ਕਿ ਇਨ੍ਹਾਂ ਪੁਰਾਣਾਂ ਦੇ ਵੱਖ-ਵੱਖ ਵਿਸ਼ੇਸ਼ ਨਾਂ ਕਦ ਪਏ। ਪਰ ਇਨ੍ਹਾਂ ਦੇ ਨਾਵਾਂ ਵਿਚ ਭਿੰਨ-ਭਿੰਨ

ਧਾਰਮਿਕ ਸੰਪ੍ਰਦਾਵਾਂ ਦੀਆਂ ਰੁਚੀਆਂ ਦਾ ਪ੍ਰਭਾਵ ਜ਼ਰੂਰ ਰਿਹਾ ਹੋਵੇਗਾ ਕਿਉਂਕਿ ਇਨ੍ਹਾਂ ਦੇ ਅਧਿਕਤਰ ਨਾਂ ਪੂਜਨੀਕ ਦੇਵਤਿਆਂ ਅਤੇ ਰਿਸ਼ੀਆਂ ਦੇ ਨਾਂ ਉਤੇ ਰਖੇ ਹੋਏ ਹਨ।

ਅਠਾਰ੍ਹਾਂ ਪੁਰਾਣਾਂ ਤੋਂ ਇਲਾਵਾ ਕੁਝ 'ਉਪ-ਪੁਰਾਣ' ਵੀ ਮਿਲਦੇ ਹਨ। ਇਨ੍ਹਾਂ ਦਾ ਆਕਾਰ ਵਜੋਂ ਛੋਟਾ ਹੋਣਾ, ਪੁਰਾਣ ਸਾਹਿੱਤ ਵਿਚ ਇਨ੍ਹਾਂ ਦੀ ਵਿਸ਼ੇਸ਼ ਰੂਪ ਵਿਚ ਗਿਣਤੀ ਨਾ ਹੋਣਾ ਅਤੇ ਪ੍ਰਸਿੱਧ ਅਠਾਰ੍ਹਾਂ ਪੁਰਾਣਾਂ ਤੋਂ ਇਨ੍ਹਾਂ ਦੀ ਭਿੰਨਤਾ ਸਿੱਧ ਕਰਨ ਲਈ ਇਨ੍ਹਾਂ ਨੂੰ 'ਉਪ-ਪੁਰਾਣ' ਅਤੇ ਅਠਾਰ੍ਹਾਂ ਪੁਰਾਣਾਂ ਨੂੰ 'ਮਹਾਪੁਰਾਣ' ਕਿਹਾ ਜਾਣ ਲਗਿਆ। 'ਅਮਰਕੋਸ਼' ਵਿਚ ਇਨ੍ਹਾਂ ਦਾ ਜ਼ਿਕਰ ਨਾ ਹੋਣ ਕਾਰਣ ਡਾ. ਹਾਜ਼ਰਾ ਨੇ ਮੰਨਿਆ ਹੈ ਕਿ ਅਠਾਰ੍ਹਾਂ ਪੁਰਾਣਾਂ ਦੇ ਦ੍ਰਿੜ੍ਹ ਰੂਪ ਧਾਰਣ ਕਰ ਚੁਕਣ ਤੋਂ ਬਾਦ ਉਪ-ਪੁਰਾਣ ਹੋਂਦ ਵਿਚ ਆਏ ਹੋਣਗੇ।

ਉਪ-ਪੁਰਾਣਾਂ ਦੀ ਗਿਣਤੀ ਨਿਸ਼ਚਿਤ ਨਹੀਂ ਹੈ। ਕਿਤੇ-ਕਿਤੇ ਇਨ੍ਹਾਂ ਦੀ ਗਿਣਤੀ ਵੀ ਅਠਾਰ੍ਹਾਂ ਮਿਲਦੀ ਹੈ, ਪਰ ਇਨ੍ਹਾਂ ਦੇ ਨਾਵਾਂ ਵਿਚ ਅੰਤਰ ਹੈ। ਡਾ. ਹਾਜ਼ਰਾ ਅਨੁਸਾਰ ਉਪ-ਪੁਰਾਣ ਦੇ ਨਾਂ ਨਾਲ ਪ੍ਰਚਲਿਤ ਗ੍ਰੰਥਾਂ ਦੀ ਗਿਣਤੀ ਇਕ ਸੌ ਤੋਂ ਜ਼ਿਆਦਾ ਹੈ ਜਿਨ੍ਹਾਂ ਵਿਚੋਂ ਕੁਝ ਛਪ ਚੁੱਕੇ ਹਨ ਅਤੇ ਅਜੇ ਬਹੁਤੇ ਅਪ੍ਰਕਾਸ਼ਿਤ ਹਨ, ਕੁਝ ਦੇ ਕੇਵਲ ਸੰਕੇਤ ਮਿਲਦੇ ਹਨ। ਕੁਝ ਕੁ ਪ੍ਰਮੁਖ ਉਪ-ਪੁਰਾਣ ਇਸ ਪ੍ਰਕਾਰ ਹਨ—ਸਨਤਕੁਮਾਰ, ਨਰਸਿੰਹ, ਬ੍ਰਿਹਤ-ਨਾਰਦੀਯ, ਸ਼ਿਵਧਰਮ, ਦੁਰਵਾਸਾ, ਕਪਿਲ, ਮਾਨਵ, ਵਾਰੁਣ, ਆਦਿਤ੍ਯ, ਕਾਲਿਕਾ, ਸਾਂਬ, ਸੌਰ, ਪਰਾਸ਼ਰ, ਮਾਹੇਸ਼੍ਵਰ, ਵਾਸਿਸ਼ਠ, ਭਾਰਗਵ, ਆਦਿ, ਮੁਦਗਲ, ਕਲਕਿ, ਦੇਵੀ, ਮਹਾਭਾਗਵਤ, ਬ੍ਰਿੱਧਧਰਮੋਤਰ, ਪਰਾਨੰਦ, ਨੰਦਿਕੇਸ਼੍ਵਰ, ਕੌਰਮ, ਪਸ਼ੁਪਤਿ, ਵਹਿਨ, ਭਾਸਕਰ, ਔਸ਼ਨਸ, ਆਦਿ।

ਪੁਰਾਣਾਂ ਦਾ ਪ੍ਰਾਚੀਨਤਮ ਉੱਲੇਖ 'ਅਥਰਵ-ਵੇਦ' ਅਤੇ 'ਸ਼ਤਪਥ ਬ੍ਰਾਹਮਣ' ਵਿਚ ਮਿਲਦਾ ਹੈ। 'ਪੁਰਾਣ ਸੰਹਿਤਾ' ਦੀ ਰਚਨਾ ਕਦ ਹੋਈ, ਇਸ ਬਾਰੇ 'ਵਿਸ਼ਣੂ ਪੁਰਾਣ' (3/6/15-19) ਵਿਚ ਲਿਖਿਆ ਹੈ ਕਿ ਵਿਆਸ ਨੇ ਆਖਿਆਨ, ਗਾਥਾ ਅਤੇ ਕਲਪ-ਸ਼ੁੱਧਿ ਸਹਿਤ ਪੁਰਾਣ ਸੰਹਿਤਾ ਦੀ ਰਚਨਾ ਕੀਤੀ। ਆਪਣੇ ਸ਼ਿਸ਼ ਰੋਮ-ਹਰਸ਼ਣ ਸੂਤ ਨੂੰ ਵਿਆਸ ਨੇ ਪੁਰਾਣ ਸੰਹਿਤਾ ਦਾ ਅਧਿਐਨ ਕਰਾਇਆ। ਰੋਮ-ਹਰਸ਼ਣ ਦੇ ਛੇ ਸ਼ਿਸ਼ ਸਨ ਅਤੇ ਉਨ੍ਹਾਂ ਸ਼ਿਸ਼ਾਂ ਦੇ ਵੀ ਅਗੋਂ ਕਈ ਸ਼ਿਸ਼ ਸਨ। ਸ਼ਾਇਦ ਇਸੇ ਸ਼ਿਸ਼-ਪਰੰਪਰਾ ਦੁਆਰਾ ਅਠਾਰ੍ਹਾਂ ਪੁਰਾਣਾਂ ਦੀ ਰਚਨਾ ਹੋਈ ਹੋਵੇ। ਡਾ. ਰਾਜ ਬਲੀ ਪਾਂਡੇਯ ਦਾ ਮਤ ਹੈ ਕਿ ਹੋ ਸਕਦਾ ਹੈ, ਵਿਆਸ ਦੁਆਰਾ ਪੇਸ਼ ਕੀਤੇ ਪੁਰਾਣ ਸੰਹਿਤਾ ਦੇ ਅਠਾਰ੍ਹਾਂ ਹਿੱਸੇ ਰਹੇ ਹੋਣ ਜਿਨ੍ਹਾਂ ਦੇ ਆਧਾਰ 'ਤੇ ਇਨ੍ਹਾਂ ਸ਼ਿਸ਼ਾਂ ਨੇ ਅਠਾਰ੍ਹਾਂ ਪੁਰਾਣਾਂ ਦੀ ਰਚਨਾ ਕੀਤੀ ਹੋਵੇ। ਅਤੇ ਫਿਰ ਉਨ੍ਹਾਂ ਦੀਆਂ ਅੰਤਿਕਾਵਾਂ ਦੇ ਰੂਪ ਵਿਚ ਉਪ-ਪੁਰਾਣਾਂ ਦੀ ਰਚਨਾ ਕੀਤੀ ਹੋਵੇ। ਕਿਉਂਕਿ ਸਾਰਿਆਂ ਪੁਰਾਣਾਂ ਵਿਚ ਵਿਸ਼ੇ-ਗਤ ਬਹੁਤ ਸਮਾਨਤਾ ਹੈ। ਲਗਭਗ ਸਾਰੇ ਪੁਰਾਣਾਂ ਵਿਚ ਸੂਤ ਅਤੇ ਸੌਤਿ ਹੀ ਕਥਾ-ਵਾਚਕ ਹਨ। ਕਿਤੇ ਕਿਤੇ ਉਨ੍ਹਾਂ ਦੇ ਸ਼ਿਸ਼ਾਂ-ਪਰਸ਼ਿਸ਼ਾਂ ਦੇ ਨਾਂ ਵੀ ਮਿਲਦੇ ਹਨ।

ਪੁਰਾਣਾਂ ਵਿਚ ਵਰਣਿਤ ਵਿਸ਼ੇ ਦਾ ਸਰੂਪ ਇਤਨਾ ਵਿਆਪਕ ਹੈ ਕਿ ਉਸ ਨੂੰ ਕੁਝ

ਵਿਸ਼ੇਸ਼ ਲੱਛਣਾਂ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਸੰਸਕ੍ਰਿਤ ਦੇ ਪ੍ਰਾਚੀਨ ਕੋਸ਼ਕਾਰ ਅਮਰ ਸਿੰਘ (ਪੰਜਵੀਂ ਸਦੀ ਈ.) ਨੇ ਪੁਰਾਣਾਂ ਦੇ ਪੰਜ ਲੱਛਣ ਦਸੇ ਹਨ। ਪੁਰਾਣ ਸਾਹਿੱਤ ਵਿਚ ਵੀ ਇਹੀ ਪੰਜ ਲੱਛਣ ਲਿਖੇ ਮਿਲਦੇ ਹਨ—ਸਰਗ, ਪ੍ਰਤਿਸਰਗ, ਵੰਸ਼, ਮਨਵੰਤਰ, ਵੰਸ਼ਾਨੁਚਰਿਤ। 'ਸਰਗ' ਤੋਂ ਭਾਵ ਹੈ ਸ੍ਰਿਸ਼ਟੀ ਦਾ ਵਿਗਿਆਨ। 'ਪ੍ਰਤਿਸਰਗ' ਦਾ ਅਰਥ ਹੈ ਸ੍ਰਿਸ਼ਟੀ ਦਾ ਵਿਸਤਾਰ, ਲਯ ਅਤੇ ਫਿਰ ਤੋਂ ਸ੍ਰਿਸ਼ਟੀ। ਦੇਵਤਿਆਂ ਅਤੇ ਰਿਸ਼ੀਆਂ ਦੀ ਵੰਸ਼-ਪਰੰਪਰਾ 'ਵੰਸ਼' ਹੈ। ਕਿਹੜੇ ਕਿਹੜੇ ਮਨੂ ਦਾ ਕਿਤਨੇ ਸਮੇਂ ਤਕ ਅਧਿਕਾਰ ਰਿਹਾ, ਇਹ 'ਮਨਵੰਤਰ' ਹੈ। ਸੂਰਜਵੰਸ਼ੀ ਅਤੇ ਚੰਦ੍ਰਵੰਸ਼ੀ ਰਾਜਿਆਂ ਦੇ ਵੰਸ਼ਾਂ ਦਾ ਵਰਣਨ 'ਵੰਸ਼ਾਨੁਚਰਿਤ' ਹੈ।

ਵਰਤਮਾਨ ਪੁਰਾਣਾਂ ਵਿਚੋਂ ਕੋਈ ਵੀ ਇਨ੍ਹਾਂ ਪੰਚ ਲੱਛਣਾਂ ਦੀ ਪਰਿਭਾਸ਼ਾ 'ਤੇ ਪੂਰਾ ਨਹੀਂ ਉਤਰਦਾ। ਇਨ੍ਹਾਂ ਲੱਛਣਾਂ ਦੀ ਹੋਂਦ, ਡਾ. ਪੁਸਲਕਾਰ ਅਨੁਸਾਰ, ਪੁਰਾਣਾਂ ਦੇ ਲਗਭਗ ਚਾਲੀਵੇਂ ਹਿੱਸੇ ਵਿਚ ਹੀ ਮਿਲਦੀ ਹੈ। ਸਹਿਜੇ-ਸਹਿਜੇ ਅਨੇਕ ਪ੍ਰਕਾਰ ਦੇ ਧਾਰਮਿਕ ਵਿਸ਼ਿਆਂ ਅਤੇ ਕਰਮ-ਕਾਂਡਾਂ, ਅਨੁਸ਼ਠਾਨਾਂ ਦੇ ਸ਼ਾਮਲ ਹੋਣ ਨਾਲ ਪੰਚ-ਲੱਛਣੀ ਪਰਿਭਾਸ਼ਾ ਦੇ ਲਾਗੂ ਹੋਣ ਦੀ ਸੀਮਾ ਸੁੰਗੜ ਗਈ ਹੈ। ਇਸ ਲਈ 'ਭਾਗਵਤ ਪੁਰਾਣ' (12/7/10) ਵਿਚ ਇਨ੍ਹਾਂ ਵਿਚ ਦਸ ਲੱਛਣਾਂ ਦੀ ਕਲਪਨਾ ਕੀਤੀ ਗਈ ਹੈ, ਪਰ ਉਹ ਵੀ ਪੁਰਾਣਾਂ ਦੇ ਵਿਸ਼ਿਆਂ ਨੂੰ ਆਪਣੇ ਅੰਦਰ ਸਮੇਟ ਨਹੀਂ ਸਕਦੀ। ਅਸਲ ਵਿਚ, ਪੁਰਾਣ-ਪਰੰਪਰਾ 'ਮਹਾਭਾਰਤ' ਵਾਂਗ ਨਿਰੰਤਰ ਪ੍ਰਵਾਹਮਾਨ ਅਤੇ ਜੀਵਨ ਵਾਂਗ ਪਰਿਵਰਤਨਸ਼ੀਲ ਰਹੀ ਹੈ ਅਤੇ ਸਮੇਂ-ਸਮੇਂ ਇਨ੍ਹਾਂ ਦੇ ਮੂਲ ਰੂਪ ਵਿਚ ਵਾਧ-ਘਾਟ, ਸੋਧ-ਸੁਧਾਈ ਅਤੇ ਅਦਲਾ-ਬਦਲੀ ਹੁੰਦੀ ਰਹੀ ਹੈ। ਇਸ ਲਈ ਪੁਰਾਣਾਂ ਦੇ ਵਿਸ਼ਿਆਂ ਨੂੰ ਕਿਸੇ ਖ਼ਾਸ ਸੀਮਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਵਾਸਤਵ ਵਿਚ, ਇਹ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਸਮੇਟਦੇ ਹਨ।

ਧਾਰਮਿਕ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਜੋ ਤੱਤ ਸ਼ਾਮਲ ਕਰ ਦਿੱਤੇ ਗਏ ਹਨ, ਉਨ੍ਹਾਂ ਦੇ ਆਧਾਰ 'ਤੇ ਕੁਝ ਕੁ ਮੁੱਖ ਪ੍ਰਵਿੱਤੀਆਂ ਇਸ ਪ੍ਰਕਾਰ ਹਨ—ਆਸਤਿਕਤਾ, ਅਵਤਾਰਵਾਦ, ਸੰਪ੍ਰਦਾਇਕਤਾ, ਸਮਨਵੈ-ਭਾਵਨਾ, ਚਰਿਤ੍ਰ-ਚਿਤ੍ਰਣਗਤ ਰੂਪਕਾਤਮਕਤਾ, ਚਮਤਕਾਰਵਾਦ ਅਤੇ ਚਰਿਤ੍ਰ-ਵਿਚਿਤ੍ਰਤਾ, ਵਰਣ-ਆਸ਼੍ਰਮ ਵਿਧਾਨ, ਕਰਮ-ਕਾਂਡ ਪੂਜਾ-ਵਿਧੀਆਂ, ਉਪਦੇਸ਼ਾ-ਤਮਕਤਾ ਅਤੇ ਧਰਮ-ਸੰਕਟ ਮੀਮਾਂਸਾ।

ਹਿੰਦੂ ਧਰਮ ਵਿਚ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ। ਆਚਾਰਯ ਰਾਮਾਨੁਜ ਅਨੁਸਾਰ ਸ੍ਰੇਸ਼ਠਤਮ ਗਿਆਨ ਦੀ ਪ੍ਰਾਪਤੀ ਲਈ ਵੇਦ ਸਨ ਅਤੇ ਪਾਪਾਂ ਤੋਂ ਮੁਕਤ ਕਰਾਉਣ ਲਈ ਇਤਿਹਾਸ ਅਤੇ ਪੁਰਾਣ ਸਨ। ਕਿਉਂਕਿ ਇਤਿਹਾਸ ਅਤੇ ਪੁਰਾਣਾਂ ਰਾਹੀਂ ਵੇਦਾਂ ਦਾ ਅਧਿਐਨ ਪੁਸ਼ਟ ਹੁੰਦਾ ਹੈ। (ਮਹਾਭਾਰਤ-1/1/204) ਸੱਚ ਤਾਂ ਇਹ ਹੈ ਕਿ ਪੁਰਾਣ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਦਰਪਣ ਹਨ। ਸੰਸਕ੍ਰਿਤ, ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੀਆਂ ਅਨੇਕਾਂ ਰਚਨਾਵਾਂ ਦੇ ਕਥਾ-ਸੂਤਰ, ਦ੍ਰਿਸ਼ਟਾਂਤ, ਸੰਦਰਭ ਅਤੇ ਸੰਕੇਤ ਆਦਿ ਪੁਰਾਣ ਸਾਹਿੱਤ ਦੇ ਭੰਡਾਰ ਵਿਚੋਂ ਲਏ ਗਏ ਹਨ। ਧਾਰਮਿਕ ਦ੍ਰਿਸ਼ਟੀ ਤੋਂ ਹਿੰਦੂ ਧਰਮ ਦੇ ਸਾਰੇ ਵਿਸ਼ਵਾਸਾਂ ਅਤੇ ਮਾਨਤਾਵਾਂ ਦਾ ਸਜੀਵ ਵਰਣਨ ਇਨ੍ਹਾਂ ਵਿਚ

ਮਿਲਦਾ ਹੈ। ਇਹੀ ਕਾਰਣ ਹੈ ਕਿ ਪੰਜਾਬੀ ਦੇ ਧਾਰਮਿਕ ਜਾਂ ਅਧਿਆਤਮਿਕ ਕਾਵਿ ਵਿਚ ਇਨ੍ਹਾਂ ਦੇ ਹਵਾਲੇ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਦੇ ਉਤਪੱਤੀ ਸੰਬੰਧੀ 'ਜਪੁਜੀ' ਵਿਚ ਲਿਖਿਆ ਹੈ—'ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।' ਗੋਂਡ ਰਾਗ ਵਿਚ ਕਬੀਰ ਜੀ ਨੇ ਅਠਾਰ੍ਹਾਂ ਪੁਰਾਣਾਂ ਵਲ ਸੰਕੇਤ ਕੀਤਾ ਹੈ—'ਦਸ ਅਠ ਪੁਰਾਣ ਤੀਰਥ ਰਸ ਕੀਆ' (ਅ. ਗ੍ਰੰ. 872)। ਸੁਲਤਾਨ ਬਾਹੂ ਨੇ ਇਨ੍ਹਾਂ ਨੂੰ 'ਅਠਾਰ੍ਹਾਂ ਸੁਖਨ' ਕਿਹਾ ਹੈ—'ਛੇ ਹਰਫ਼ਾਂ ਦੇ ਸੁਖਨ ਅਠਾਰਾਂ, ਓਥੋਂ ਦੋ ਦੋ ਮਾਅਨੀ ਧਰਦੇ ਹੂ।'

ਅੱਡਣਸ਼ਾਹ : ਇਕ ਪ੍ਰਸਿੱਧ ਸੇਵਾ ਪੰਥੀ ਸਾਧਕ। ਵੇਖੋ 'ਸੇਵਾ ਪੰਥ'।

ਅਡੋਲਫ਼ ਹਿਟਲਰ : ਵੇਖੋ 'ਹਿਟਲਰ ਅਡੋਲਫ਼'।

ਅਤ੍ਰਿ/ਅਤ੍ਰੀ, ਰਿਸ਼ੀ : ਵੈਦਿਕ ਕਾਲ ਦਾ ਇਕ ਰਿਸ਼ੀ ਜਿਸ ਨੇ 'ਰਿਗਵੇਦ' ਦੀਆਂ ਬਹੁਤ ਸਾਰੀਆਂ ਰਿਚਾਵਾਂ (ਮੰਤ੍ਰਾਂ) ਦੀ ਰਚਨਾ ਕੀਤੀ ਹੈ। ਇਹ 'ਅਤ੍ਰਿਸੰਹਿਤਾ' ਦਾ ਕਰਤਾ ਵੀ ਮੰਨਿਆ ਜਾਂਦਾ ਹੈ। ਇਸ ਤੋਂ ਬਾਦ ਮਹਾਕਾਵਿ-ਕਾਲ ਵਿਚ ਇਸ ਨੂੰ ਦਸ ਪ੍ਰਜਾਪਤੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦੀ ਸੱਤ ਰਿਸ਼ੀਆਂ ਵਿਚ ਵੀ ਗਿਣਤੀ ਕੀਤੀ ਜਾਂਦੀ ਹੈ। 'ਬਾਲਮੀਕੀ ਰਾਮਾਇਣ' ਵਿਚ ਉੱਲੇਖ ਹੈ ਕਿ ਸ੍ਰੀ ਰਾਮਚੰਦ੍ਰ ਬਨਬਾਸ ਦੌਰਾਨ ਅਤ੍ਰੀ ਰਿਸ਼ੀ ਦੇ ਚਿਤ੍ਰਕੂਟ ਸਥਿਤ ਆਸ਼੍ਰਮ ਵਿਚ ਗਏ ਸਨ। ਅਤ੍ਰੀ ਦੀ ਪਤਨੀ ਅਨਸੂਯਾ ਨੇ ਸੀਤਾ ਨੂੰ ਉਪਦੇਸ਼ ਵੀ ਦਿੱਤਾ ਸੀ। ਪੁਰਾਣ-ਸਾਹਿੱਤ ਵਿਚ ਇਸ ਬਾਰੇ ਕਈ ਉਪਾਖਿਆਨ ਲਿਖੇ ਹਨ। 'ਮਾਰਕੰਡੇਯ ਪੁਰਾਣ' (ਅਧਿ. 16-17) ਵਿਚ ਲਿਖਿਆ ਹੈ ਕਿ ਅਨਸੂਯਾ ਉਤੇ ਪ੍ਰਸੰਨ ਹੋਏ ਤ੍ਰੈ-ਦੇਵਾਂ ਨੇ ਤਿੰਨ ਪੁੱਤਰਾਂ—ਚੰਦ੍ਰਮਾ (ਸੋਮ), ਦੱਤ ਅਤੇ ਦੁਰਬਾਸਾ—ਦੇ ਰੂਪ ਵਿਚ ਜਨਮ ਲਿਆ ਸੀ। ਇਹ ਤਿੰਨੋਂ ਪੁੱਤਰ ਅਯੋਨਿਜ ਸਨ। 'ਦਸਮ ਗ੍ਰੰਥ' (ਰੁਦ੍ਰਾਵਤਾਰ-ਦੱਤ) ਵਿਚ ਇਸ ਦਾ ਉੱਲੇਖ ਹੋਇਆ ਹੈ —'ਪੁਨ ਭਏ ਅਤ੍ਰਿ ਰਿਖਿ ਮੁਨਿ ਮਹਾਨ।'

ਅਥਰਵ-ਵੇਦ : ਵੇਖੋ 'ਵੇਦ'

ਅਦਨ, ਬਾਗ : ਇਹ ਸਵਰਗ ਵਿਚ ਸਥਿਤ ਇਕ ਕਲਪਿਤ ਬਾਗ ਹੈ। ਬਾਈਬਲ ਅਤੇ ਹੋਰ ਸਾਮੀ ਧਰਮ-ਪੁਸਤਕਾਂ ਵਿਚ ਲਿਖਿਆ ਹੈ ਕਿ ਸੰਸਾਰ ਦੀ ਉਤਪੱਤੀ ਤੋਂ ਪਹਿਲਾਂ ਆਦਮ ਅਤੇ ਹਵਾ ਇਸ ਬਾਗ ਵਿਚ ਰਹਿੰਦੇ ਸਨ। ਪਰ ਸ਼ੈਤਾਨ ਦੇ ਵਰਗਲਾਉਣ ਤੇ ਉਨ੍ਹਾਂ ਨੇ ਵਰਜਿਤ ਬੂਟੇ ਦੇ ਫਲ (ਕਣਕ) ਖਾ ਲਏ ਅਤੇ ਉਨ੍ਹਾਂ ਨੂੰ ਸਵਰਗ ਤੋਂ ਧਰਤੀ ਉਤੇ ਸੁਟ ਦਿੱਤਾ ਗਿਆ। ਇਸਲਾਮਿਕ ਸਾਹਿੱਤ ਵਿਚ ਅਦਨ ਨੂੰ ਅੱਠ ਬਹਿਸ਼ਤਾਂ (ਸਵਰਗਾਂ) ਵਿਚ ਵੀ ਗਿਣਿਆ ਗਿਆ ਹੈ ਅਤੇ ਬਹਿਸ਼ਤੀ ਬਾਗ਼ ਵੀ ਮੰਨਿਆ ਗਿਆ ਹੈ। ਮੁਸਲਮਾਨ ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਇਸ ਦਾ ਹਵਾਲਾ ਦਿੱਤਾ ਹੈ, ਜਿਵੇਂ ਵਾਰਿਸ ਦੀ 'ਹੀਰ' ਵਿਚ ਲਿਖਿਆ—'ਬਾਦ ਮੌਤ ਦੇ ਨਾਲ ਈਮਾਨ ਹੀਰੇ, ਦਾਖਲ ਵਿਚ ਬਹਿਸ਼ਤ ਦੇ ਥੀਵਣਾ ਈ।/ਨਾਲ ਜੌਕ ਦੇ ਸ਼ੌਕ ਦਾ ਨੂਰ ਸ਼ਰਬਤ, ਵਿਚ ਜੰਨਤ ਅਦਨ ਦੇ ਪੀਵਣਾ ਈ।'

ਅਦਿਤਿ/ਅਦਿਤੀ : ਇਸ ਦਾ ਸ਼ਾਬਦਿਕ ਅਰਥ ਹੈ ਅਸੀਮ, ਅਮਿਤ। 'ਰਿਗਵੇਦ'

(1/89/10) ਵਿਚ ਇਹ ਇਸੇ ਅਰਥ ਅਤੇ ਸਰੂਪ ਵਿਚ ਚਿੱਤਰੀ ਗਈ ਹੈ। ਇਹ ਭੂਤ, ਵਰਤਮਾਨ ਅਤੇ ਭਵਿਸ਼ ਵਿਚ ਸਭ ਥਾਂ ਵਿਆਪਤ ਹੈ। 'ਰਿਗਵੇਦ' ਵਿਚ ਇਸ ਦੀ ਉਸਤਤ ਨਾਲ ਸੰਬੰਧਿਤ ਕਈ ਮੰਤ੍ਰ ਵੀ ਦਰਜ ਹਨ। ਇਸ ਦੀ ਉਪਾਸਨਾ ਨਾਲ ਪਾਪਾਂ ਦੇ ਬੰਧਨ ਅਤੇ ਪ੍ਰਭਾਵ ਤੋਂ ਮਕਤੀ ਪ੍ਰਾਪਤ ਹੁੰਦੀ ਹੈ। 'ਅਥਰਵ-ਵੇਦ' ਵਿਚ ਵੀ ਇਸ ਦਾ ਉੱਲੇਖ ਹੈ। ਇਸ ਦੇ ਉਪਾਸਕਾਂ ਵੱਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਪ੍ਰਾਚੀਨ ਕਾਲ ਵਿਚ ਮਿਲਦੀਆਂ ਸਨ ਅਤੇ ਇਸ ਦਾ ਸ਼ਰਧਾ-ਖੇਤਰ ਭੂ-ਮੱਧ ਸਾਗਰ ਤਕ ਪਸਰਿਆ ਹੋਇਆ ਸੀ।

ਪੁਰਾਣਾਂ ਵਿਚ ਇਸ ਨੂੰ ਦੇਵ-ਮਾਤਾ ਵੀ ਮੰਨਿਆ ਜਾਂਦਾ ਹੈ ਕਿਉਂਕਿ ਇਹ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਅਤੇ ਕਸ਼੍ਯਪ ਦੀ ਪਤਨੀ ਸੀ। ਇਸ ਨੂੰ ਵਿਸ਼ਣੂ ਦੀ ਮਾਤਾ ਵੀ ਦਸਿਆ ਜਾਂਦਾ ਹੈ ਕਿਉਂਕਿ ਇਸ ਦੀ ਕੁੱਖ ਵਿਚੋਂ ਵਾਮਨ ਅਵਤਾਰ ਨੇ ਜਨਮ ਲਿਆ ਸੀ।

ਇਸ ਦੇ ਕਈਆਂ ਪ੍ਰਸੰਗਾਂ ਵਿਚ ਅੱਠ ਅਤੇ ਕਈਆਂ ਵਿਚ ਬਾਰ੍ਹਾਂ ਪੁੱਤਰ ਮੰਨੇ ਗਏ ਹਨ, ਜੋ ਆਦਿਤ੍ਯਾਂ ਦੇ ਨਾਂ ਨਾਲ ਪ੍ਰਸਿੱਧ ਹਨ। ਰਾਮ-ਭਗਤ ਕੌਸ਼ਲਿਆ ਮਾਤਾ ਨੂੰ ਅਦਿਤੀ ਦਾ ਅਵਤਾਰ ਕਹਿੰਦੇ ਹਨ। ਕ੍ਰਿਸ਼ਣ-ਭਗਤੀ ਕਾਵਿ ਵਿਚ ਸ੍ਰੀ ਕ੍ਰਿਸ਼ਣ ਦੀ ਮਾਤਾ ਦੇਵਕੀ ਨੂੰ ਅਦਿਤੀ ਦਾ ਅਵਤਾਰ ਮੰਨਿਆ ਜਾਂਦਾ ਹੈ। 'ਚਰਿਤ੍ਰ ਨਾਟਕ' ਵਿਚ ਅਦਿਤੀ ਦੇ ਨਾਂ ਦਾ ਉੱਲੇਖ ਹੋਇਆ ਹੈ—'ਬਿਨਤਾ ਕਦ੍ਰੂ ਦਿਤਿ ਅਦਿਤਿ ਏ ਰਿਖਿ ਬਰੀ ਬਨਾਇ।' ਦਕ੍ਸ਼ ਪ੍ਰਜਾਪਤੀ ਦੀ ਦੂਜੀ ਪੁੱਤਰੀ ਦਿਤੀ (ਵੇਖੋ) ਵੀ ਕਸ਼੍ਯਪ ਨੂੰ ਵਿਆਹੀ ਸੀ ਜਿਸ ਤੋਂ ਦੇਵਤਿਆਂ ਦੇ ਵੈਰੀ ਦੈਂਤ ਪੈਦਾ ਹੋਏ।

ਅਧਿਆਤਮ-ਰਾਮਾਇਣ : ਵੇਖੋ 'ਰਾਮਾਇਣ'।

ਅਨਸੂਯਾ : ਇਸ ਦਾ ਸ਼ਾਬਦਿਕ ਅਰਥ ਹੈ ਜੋ ਈਰਖਾ ਤੋਂ ਪਰੇ ਹੈ ਜਾਂ ਜਿਸ ਵਿਚ ਈਰਖਾ ਦਾ ਅਭਾਵ ਹੈ। ਇਹ ਅਤ੍ਰਿ ਰਿਸ਼ੀ ਦੀ ਪਤਨੀ ਅਤੇ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਸੀ। ਇਸ ਨੇ ਬਨਬਾਸ ਵੇਲੇ ਚਿਤ੍ਰਕੂਟ ਸਥਿਤ ਆਪਣੇ ਆਸ਼੍ਰਮ ਵਿਚ ਸ੍ਰੀ ਰਾਮ, ਲੱਛਮਣ ਅਤੇ ਸੀਤਾ ਨੂੰ ਪੂਰੇ ਆਦਰ ਨਾਲ ਠਹਿਰਾਇਆ ਸੀ। ਇਸ ਨੇ ਸੀਤਾ ਨੂੰ ਸੱਚੇ ਅਰਥਾਂ ਵਿਚ ਸਤਿਵੰਤੀ ਬਣਨ ਦਾ ਉਪਦੇਸ਼ ਦਿੱਤਾ ਅਤੇ ਇਕ ਵਟਣਾ ਵੀ ਦਿੱਤਾ ਜਿਸ ਦੀ ਵਰਤੋਂ ਨਾਲ ਉਹ ਸਥਾਈ ਸੁੰਦਰਤਾ ਧਾਰਣ ਕਰ ਸਕਦੀ ਸੀ।

ਇਹ ਇਕ ਉੱਚੇ ਆਚਰਣ ਵਾਲੀ ਮਹਾਨ ਤਪਸਵਿਨੀ ਸੀ। ਇਸ ਕਰਕੇ ਇਸ ਪਾਸ ਕਈ ਸਿੱਧੀਆਂ ਅਤੇ ਸ਼ਕਤੀਆਂ ਸਨ। ਸਤੀਆਂ (ਪ੍ਰਤਿਬ੍ਰਤਾ ਇਸਤਰੀਆਂ) ਵਿਚ ਇਸ ਦੀ ਪਹਿਲੇ ਸਥਾਨ 'ਤੇ ਗਿਣਤੀ ਹੁੰਦੀ ਹੈ। 'ਮਾਰਕੰਡੇਯ ਪੁਰਾਣ' (ਅਧਿ. 16-17) ਵਿਚ ਅਨਸੂਯਾ ਉਤੇ ਪ੍ਰਸੰਨ ਹੋ ਕੇ ਤ੍ਰੈਦੇਵਾਂ (ਬ੍ਰਹਮਾ, ਵਿਸ਼ਣੂ ਅਤੇ ਮਹੇਸ਼) ਨੇ ਇਸ ਤੋਂ ਅਯੋਨਿਜ ਰੂਪ ਵਿਚ ਕ੍ਰਮਵਾਰ ਸੋਮ (ਚੰਦ੍ਰਮਾ), ਦੱਤ ਅਤੇ ਦੁਰਬਾਸਾ ਦੇ ਰੂਪ ਵਿਚ ਜਨਮ ਲਿਆ। 'ਦਸਮ-ਗ੍ਰੰਥ' ਦੇ 'ਰੁਦ੍ਰਾਵਤਾਰ' (ਦਤਾਵਤਾਰ) ਪ੍ਰਸੰਗ ਵਿਚ ਇਸ ਦਾ ਉੱਲੇਖ ਹੈ। ਕਵੀ ਕੇਦਾਰ ਨਾਥ 'ਬਾਗੀ' ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਅਨਸੂਈਆ ਮਾਤਾ ਸ਼ਿਵ ਜੀ,/ਤੇ ਬ੍ਰਹਮਾ, ਵਿਸਨੂੰ ਭਗਵਾਨ ਦੀਏ।'

ਅਨਹਤ/ਅਨਾਹਤ ਨਾਦ : ਉਹ ਸ਼ਬਦ ਜੋ ਬਿਨਾ ਚੋਟ ਲਗਿਆਂ ਪੈਦਾ ਹੋਵੇ। ਪਰ ਹਠਯੋਗ ਵਿਚ ਇਸ ਸ਼ਬਦ ਨੇ ਪਰਿਭਾਸ਼ਿਕ ਰੂਪ ਧਾਰਣ ਕੀਤਾ ਹੈ। ਜਦੋਂ ਕੋਈ ਹਠਯੋਗੀ ਕੁੰਡਲਿਨੀ ਨੂੰ ਜਗਾ ਕੇ ਉਪਰ ਵਲ ਕਰ ਲੈਂਦਾ ਹੈ ਤਾਂ ਉਸ ਵੇਲੇ ਜੋ ਵਿਸਫੋਟ ਹੁੰਦਾ ਹੈ, ਉਸ ਨੂੰ 'ਨਾਦ' ਦਾ ਨਾਂ ਦਿੱਤਾ ਜਾਂਦਾ ਹੈ। ਚੂੰਕਿ ਇਹ ਨਾਦ ਬਿਨਾ ਕਿਸੇ ਟਕਰਾਉ ਜਾਂ ਚੋਟ ਤੋਂ ਪੈਦਾ ਹੁੰਦਾ ਹੈ, ਇਸ ਲਈ ਇਹ 'ਅਨਹਤ ਨਾਦ' ਹੈ। ਇਹ ਹਰ ਇਕ ਨੂੰ ਸੁਣਾਈ ਨਹੀਂ ਪੈਂਦਾ। ਜਦੋਂ ਹਠਯੋਗ ਦੀ ਕ੍ਰਿਆ ਨਾਲ ਸੁਖਮਨਾ ਨਾੜੀ ਦਾ ਮਾਰਗ ਖੁਲ੍ਹ ਜਾਂਦਾ ਹੈ ਤਾਂ ਇਹ ਨਾਦ ਸੁਣਨ ਲਗ ਜਾਂਦਾ ਹੈ। ਇਹ ਨਾਦ ਕਈ ਪ੍ਰਕਾਰ ਦਾ ਹੁੰਦਾ ਹੈ ਜਿਵੇਂ ਸਮੁੰਦਰ ਦੀ ਗੜਗੜਾਹਟ, ਬਦਲ ਦੀ ਗਰਜ, ਸੰਖ ਦੀ ਧੁਨ, ਘੰਟੇ ਦੀ ਧੁਨ, ਕਟਧਨੀ ਦੀ ਆਵਾਜ਼, ਬੰਸਰੀ ਦੀ ਸੁਰ, ਭੌਰੇ ਦੀ ਗੁੰਜਾਰ। ਇਸ ਨਾਦ ਦੀ ਉਪਾਧੀ-ਯੁਕਤ ਸਥਿਤੀ ਵੇਲੇ ਉਕਤ ਜਾਗਤਿਕ ਸ਼ਬਦ ਸੁਣਾਈ ਪੈਂਦੇ ਹਨ। ਪਰ ਜਦੋਂ ਇਹ ਨਾਦ ਨਿਰ-ਉਪਾਧੀ ਹੋ ਜਾਂਦਾ ਹੈ ਤਾਂ ਇਹ 'ਪ੍ਰਣਵ' ਜਾਂ 'ਓਅੰਕਾਰ' ਦਾ ਰੂਪ ਧਾਰਣ ਕਰ ਲੈਂਦਾ ਹੈ। ਇਹੀ ਸ਼ਬਦ ਬ੍ਰਹਮ-ਵਾਚਕ ਹੋ ਜਾਂਦਾ ਹੈ।

ਸੰਤ ਬਾਣੀ ਜਾਂ ਗੁਰਬਾਣੀ ਵਿਚ ਯੋਗ ਦੇ ਇਸ ਪਰਿਭਾਸ਼ਿਕ ਸ਼ਬਦ ਨੂੰ ਭਾਵੀਕ੍ਰਿਤ ਰੂਪ ਵਿਚ ਗ੍ਰਹਿਣ ਕੀਤਾ ਗਿਆ ਹੈ। ਅਸਲ ਵਿਚ, ਸ਼ਾਂਤ ਅਤੇ ਟਿਕੇ ਹੋਏ ਮਨ ਨਾਲ ਕੀਤਾ ਨਾਮ-ਸਿਮਰਨ ਅਭਿਆਸੀ ਨੂੰ ਆਤਮ-ਮੰਡਲ ਦਾ ਸੰਗੀਤ ਸੁਣਨ ਦੇ ਸਮਰਥ ਕਰਦਾ ਹੈ। ਗੁਰੂ ਨਾਨਕ ਦੇਵ ਅਨੁਸਾਰ—'ਗੁਰਮਤਿ ਰਾਮੁ ਜਪੈ ਜਨੁ ਪੂਰਾ।/ ਤਿਤੁ ਘਟ ਅਨਹਤ ਬਾਜੇ ਤੂਰਾ' (ਅ. ਗ੍ਰੰ. 228)। ਮਨ ਟਿਕਾਉਣ ਦਾ ਇਕ ਸਾਧਨ ਸਤਿਸੰਗਤ ਵੀ ਹੈ। ਉਥੇ ਜਾ ਕੇ ਜਿਗਿਆਸੂ ਮਨ ਦੀ ਸਥਿਰਤਾ ਪ੍ਰਾਪਤ ਕਰਦਾ ਹੈ—'ਸਤ ਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ।/ ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ' (ਅ. ਗ੍ਰੰ. 698)। ਆਧੁਨਿਕ ਕਵੀਆਂ ਨੇ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਸ਼ਿਵ ਕੁਮਾਰ ਬਟਾਲਵੀ ਅਨੁਸਾਰ 'ਅਨਹਦ ਨਾਦ ਦਿਲਾਂ ਵਿਚ ਗੂੰਜੇ/ਤੇ ਸਦੀਆਂ ਨੇ ਹੰਝੂ ਪੂੰਝੇ/ਗੌਰਵ ਯਾਦ ਆਇਆ ਮੁੜ ਹਿੰਦ ਨੂੰ।'

ਅਨਹਦ-ਸ਼ਬਦ : ਵੇਖੋ 'ਅਨਹਦ-ਨਾਦ'।

ਅਨਲ, ਪੰਛੀ : ਇਕ ਕਾਲਪਨਿਕ ਪੰਛੀ ਜਿਸ ਨੂੰ 'ਅਨਲਪਕ੍ਸ਼' ਵੀ ਕਹਿੰਦੇ ਹਨ। ਇਹ ਸਦਾ ਆਕਾਸ਼ ਵਿਚ ਉਡਦਾ ਰਹਿੰਦਾ ਹੈ। ਆਕਾਸ਼ ਵਿਚ ਹੀ ਨਰ-ਮਾਦਾ ਦਾ ਸੰਯੋਗ ਹੁੰਦਾ ਹੈ। ਆਕਾਸ਼ ਵਿਚ ਹੀ ਅੰਡੇ ਦਿੱਤੇ ਜਾਂਦੇ ਹਨ ਜੋ ਧਰਤੀ ਉਤੇ ਡਿਗਣ ਤੋਂ ਪਹਿਲਾਂ ਹੀ ਪੱਕ ਕੇ ਫੁੱਟ ਜਾਂਦੇ ਹਨ ਅਤੇ ਬੱਚੇ ਨਿਕਲ ਕੇ ਫਿਰ ਉਡਣ ਲਗ ਜਾਂਦੇ ਹਨ। ਇਹੀ ਇਸ ਪੰਛੀ ਦੀ ਜੀਵਨ-ਪ੍ਰਕ੍ਰਿਆ ਹੈ। ਇਸ ਦੀ ਮਾਦਾ ਦਾ ਨਾਂ ਭਾਈ ਗੁਰਦਾਸ ਨੇ 'ਮਨਲ' ਲਿਖਿਆ ਹੈ—'ਅਨਲ ਮਨਲ ਕਰਿ ਖਿਆਲ ਉਮਗਿ ਉਡੰਦੀਆਂ' (21/16)। ਪਰ ਕੁਝ ਵਿਦਵਾਨ ਇਸ ਨੂੰ 'ਅਨਲ' ਦਾ ਅਨੁਕਰਣਾਤਮਕ ਸ਼ਬਦ ਮੰਨਦੇ ਹਨ ਜਿਸ ਦਾ ਇਥੇ ਕੋਈ ਵਿਸ਼ੇਸ਼ ਅਰਥ ਨਹੀਂ ਹੈ। ਭਾਈ ਕਾਨ੍ਹ ਸਿੰਘ

ਨੇ 'ਮਨਲ' ਸ਼ਬਦ ਦਾ ਅਰਥ 'ਮਨ ਦੀ ਚਾਲ ਵਾਲਾ' ਕੀਤਾ ਹੈ। ਜਨਮਸਾਖੀ ਸਾਹਿੱਤ ਵਿਚ ਅਨਲ ਨੂੰ 'ਅਲਲਾਚੀਨ ਪੰਛੀ' ਲਿਖਿਆ ਹੈ। 'ਅਕਾਲ ਉਸਤਤਿ' ਵਿਚ ਲਿਖਿਆ ਹੈ—'ਅਨਲ ਅਕਾਸ ਪੰਛੀ ਡੋਲਬੋ ਕਰਤ ਹੈ।'

ਅਰਬੀ, ਫ਼ਾਰਸੀ ਵਾਲੇ ਇਸ ਨੂੰ 'ਉਨਕਾ' ਜਾਂ 'ਅਨਕਾ' ਕਹਿੰਦੇ ਹਨ। ਇਹ ਨਾ ਕਿਸੇ ਦੀ ਨਜ਼ਰੀ ਪੈਂਦਾ ਹੈ ਅਤੇ ਨਾ ਹੀ ਧਰਤੀ ਉਤੇ ਬੈਠਦਾ ਹੈ। ਇਸ ਦੀ ਗਰਦਨ ਕਾਫ਼ੀ ਲੰਮੀ ਦਸੀ ਜਾਂਦੀ ਹੈ।

ਫ਼ਾਰਸੀ ਵਿਚ 'ਹੁਮਾ' ਨਾਂ ਦੇ ਇਕ ਹੋਰ ਪੰਛੀ ਦੀ ਕਲਪਨਾ ਵੀ ਕੀਤੀ ਗਈ ਹੈ। ਇਹ ਵੀ ਸਦਾ ਆਕਾਸ਼ ਵਿਚ ਵਿਚਰਦਾ ਹੈ। ਉਡਦੇ ਹੋਇਆਂ ਇਸ ਪੰਛੀ ਦੀ ਪਰਛਾਈ ਜਿਸ ਮਨੁੱਖ ਉਪਰ ਪੈ ਜਾਏ, ਉਸ ਦੀ ਕਿਸਮਤ ਜਾਗ ਪੈਂਦੀ ਹੈ ਅਤੇ ਜਿਸ ਦੇ ਸਿਰ ਉਤੇ ਇਹ ਬੈਠ ਜਾਏ, ਉਹ ਬਾਦਸ਼ਾਹ ਬਣ ਜਾਂਦਾ ਹੈ। ਇਸ ਤਰ੍ਹਾਂ ਵੱਖਰੇ-ਵੱਖਰੇ ਸਭਿਆਚਾਰਾਂ ਵਿਚ ਆਕਾਸ਼ ਵਿਚ ਉਡਣ ਵਾਲੇ ਅਲੌਕਿਕ ਪੰਛੀ ਦੀ ਕਲਪਨਾ ਕੀਤੀ ਗਈ ਹੈ। 'ਗੁਰਪ੍ਰਤਾਪ ਸੂਰਜ' ਵਿਚ ਇਸ ਵਲ ਸੰਕੇਤ ਹੈ— 'ਪਰ ਹੁਮਾਉ ਸੰਗ ਲਾਗ੍ਯੋ ਕਾਨਾ।'

ਅਨਾਰਕਲੀ : ਇਸ ਦਾ ਸ਼ਾਬਦਿਕ ਅਰਥ ਹੈ ਅਨਾਰ ਦੇ ਫੁੱਲ ਦੀ ਲਾਲ ਡੋਡੀ। ਪਰ ਮੁਗ਼ਲ ਇਤਿਹਾਸ ਵਿਚ ਇਹ ਜਹਾਂਗੀਰ ਬਾਦਸ਼ਾਹ ਦੀ ਪ੍ਰੇਮਿਕਾ ਵਜੋਂ ਪ੍ਰਸਿੱਧ ਹੈ। ਈਰਾਨੀ ਨਸਲ ਦੀ ਇਸ ਇਸਤਰੀ ਦਾ ਪੂਰਾ ਨਾਂ ਨਾਦਿਰਾ ਬੇਗਮ ਉਰਫ਼ ਸ਼ਰਫੁੱਨਿਸਾ ਸੀ ਅਤੇ ਅਕਬਰ ਬਾਦਸ਼ਾਹ ਦੇ ਹਰਮ ਵਿਚ ਸੇਵਿਕਾ ਵਜੋਂ ਕੰਮ ਕਰਦੀ ਸੀ। ਸ਼ਾਹੀ ਮਹੱਲ ਵਿਚ ਇਹ 'ਅਨਾਰਕਲੀ' ਦੇ ਨਾਂ ਨਾਲ ਪ੍ਰਸਿੱਧ ਸੀ। ਸ਼ਹਿਜ਼ਾਦਾ ਸਲੀਮ (ਜਹਾਂਗੀਰ) ਇਸ ਉਤੇ ਮੋਹਿਤ ਹੋ ਗਿਆ। ਅਕਬਰ ਨੂੰ ਜਦੋਂ ਇਸ ਪ੍ਰੇਮ-ਲੀਲਾ ਦਾ ਪਤਾ ਲਗਿਆ, ਤਾਂ ਉਸ ਨੇ ਹੁਕਮ ਦੇ ਕੇ ਸੰਨ 1599 ਈ. ਵਿਚ ਅਨਾਰਕਲੀ ਨੂੰ ਮਰਵਾ ਦਿੱਤਾ। ਅਨਾਰਕਲੀ ਦੇ ਇਸ ਦੁਖਾਂਤ ਬਾਰੇ ਕਵੀਆਂ ਨੇ ਹਵਾਲੇ ਦਿੱਤੇ ਹਨ, ਜਿਵੇਂ ਡਾ. ਮੋਹਨ ਸਿੰਘ ਨੇ ਲਿਖਿਆ ਹੈ—'ਕਿਹੜਾ ਪਾਇਆ ਸੁਖ ਅਨਾਰਕਲੀ, ਕਿਹੜੀ ਨੂਰਜਹਾਨ ਦੇ ਬਾਬ ਹੋਈ।'

ਅਕਬਰ ਦੁਆਰਾ ਅਨਾਰਕਲੀ ਨੂੰ ਕਿਵੇਂ ਮਰਵਾਇਆ ਗਿਆ, ਇਸ ਬਾਰੇ ਅਨੇਕ ਗੱਲਾਂ ਪ੍ਰਚਲਿਤ ਹਨ, ਜਿਵੇਂ ਦੀਵਾਰ ਵਿਚ ਚਿਣਵਾ ਕੇ, ਜ਼ਿੰਦਾ ਦਫ਼ਨਾ ਕੇ ਜਾਂ ਜ਼ਹਿਰ ਦੇ ਕੇ। ਮੁਗ਼ਲ ਬਾਦਸ਼ਾਹਾਂ ਦੀਆਂ ਲਿਖਤਾਂ ਵਿਚ ਇਸ ਘਟਨਾ ਦਾ ਉੱਲੇਖ ਨਹੀਂ ਮਿਲਦਾ, ਨਾ ਹੀ 'ਤੁਜ਼ਕਿ-ਜਹਾਂਗੀਰੀ' ਵਿਚ ਜਹਾਂਗੀਰ ਨੇ ਖ਼ੁਦ ਇਸ ਘਟਨਾ ਵਲ ਸੰਕੇਤ ਕੀਤਾ ਹੈ। ਅੰਗ੍ਰੇਜ਼ ਇਤਿਹਾਸਕਾਰਾਂ ਨੇ ਇਸ ਰੁਮਾਂਸ ਤੋਂ ਪਰਦਾ ਜ਼ਰੂਰ ਹਟਾਇਆ ਹੈ। ਜਹਾਂਗੀਰ ਨੇ ਰਾਜ-ਗੱਦੀ ਉਤੇ ਬੈਠਣ ਤੋਂ ਛੇ ਸਾਲ ਬਾਦ ਆਪਣੀ ਪ੍ਰੇਮਿਕਾ ਦੀ ਯਾਦ ਵਿਚ ਲਾਹੌਰ ਵਿਚ ਇਕ ਮਕਬਰਾ ਬਣਵਾਉਣ ਦੀ ਯੋਜਨਾ ਬਣਾਈ ਜੋ ਸੰਨ 1615 ਈ. ਵਿਚ ਸਿਰੇ ਚੜ੍ਹੀ। ਇਹ ਮਕਬਰਾ ਹੁਣ ਵੀ ਲਾਹੌਰ ਵਿਚ ਮੌਜੂਦ ਹੈ। ਕਵੀ ਮੋਹਨ ਸਿੰਘ ਨੇ ਅਨਾਰਕਲੀ ਦੇ ਪਿਆਰ ਨੂੰ ਹੰਝੂਆਂ ਭਰੀ ਭਾਵਨਾ ਅਰਪਿਤ ਕਰਦੇ ਹੋਇਆਂ 'ਅਨਾਰਕਲੀ' ਨਾਂ ਦੀ ਕਵਿਤਾ ਲਿਖੀ ਜੋ ਹੁਣ 'ਸਾਵੇ ਪੱਤਰ'

ਕਾਵਿ-ਸੰਗ੍ਰਹਿ ਵਿਚ ਸੰਕਲਿਤ ਹੈ ।

ਅਨਿਰੁੱਧ : ਇਹ ਸ੍ਰੀ ਕ੍ਰਿਸ਼ਣ ਦਾ ਪੋਤਰਾ ਅਤੇ ਪ੍ਰਦ੍ਯੁਮਨ ਦਾ ਪੁੱਤਰ ਸੀ । ਪੁਰਾਣ ਸਾਹਿੱਤ ਵਿਚ ਇਸ ਦੇ ਅਨੇਕ ਉਪਾਖਿਆਨ ਦਰਜ ਹਨ। 'ਭਾਗਵਤ ਪੁਰਾਣ' (10/62-63) ਵਿਚ ਇਸ ਬਾਰੇ ਵਿਸਤਾਰ ਸਹਿਤ ਬ੍ਰਿੱਤਾਂਤ ਦਿੱਤਾ ਮਿਲਦਾ ਹੈ। ਸੁਪਨੇ ਵਿਚ ਅਨਿਰੁੱਧ ਦੀ ਅਤਿ ਅਧਿਕ ਸੁੰਦਰਤਾ ਨੂੰ ਵੇਖ ਕੇ ਬਾਣਾਸੁਰ ਦੀ ਪੁੱਤਰੀ ਊਸ਼ਾ ਮੋਹਿਤ ਹੋ ਗਈ ਅਤੇ ਆਪਣੀ ਸਖੀ ਚਿਤ੍ਰਲੇਖਾ ਦੀ ਮੱਦਦ ਨਾਲ ਉਹ ਇਸ ਨੂੰ ਉਠਵਾ ਕੇ ਆਪਣੀ ਰਾਜਧਾਨੀ ਸ਼ੋਣਿਤਪੁਰ ਲੈ ਆਈ। ਬਾਣ ਨੂੰ ਜਦੋਂ ਅਨਿਰੁੱਧ ਦੀ ਮੌਜੂਦਗੀ ਦਾ ਪਤਾ ਲਗਿਆ ਤਾਂ ਉਸ ਨੂੰ ਬੰਦੀ ਬਣਾ ਲਿਆ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਸ੍ਰੀ ਕ੍ਰਿਸ਼ਣ ਅਤੇ ਬਲਰਾਮ ਨੇ ਬਾਣਾਸੁਰ ਉਤੇ ਹਮਲਾ ਕੀਤਾ ਅਤੇ ਉਸ ਨੂੰ ਯੁੱਧ ਵਿਚ ਹਰਾ ਕੇ ਅਨਿਰੁੱਧ ਨੂੰ ਮੁਕਤ ਕਰਾਇਆ ਅਤੇ ਊਸ਼ਾ ਨੂੰ ਨਾਲ ਲੈ ਕੇ ਦਵਾਰਿਕਾ ਪਰਤੇ । 'ਕ੍ਰਿਸ਼ਣਾਵਤਾਰ' ਅਨੁਸਾਰ—'ਯੌ ਕਰਿ ਬ੍ਯਾਹ ਸੰਗ ਊਖਹ ਲੈ ਅਨਰੁੱਧ ਕੋ ਸ੍ਯਾਮਜੂ ਧਾਮ ਸਿਧਾਰੇ ।'

ਡਾ. ਵਣਜਾਰਾ ਬੇਦੀ ਨੇ ਸੱਸੀ-ਪੁੰਨੂੰ ਦੇ ਆਖਿਆਨ ਦੀਆਂ ਕਈ ਕਥਾਨਕ ਰੂੜ੍ਹੀਆਂ ਦੀ ਊਸ਼ਾ-ਅਨਿਰੁੱਧ ਦੇ ਚਰਿਤ੍ਰ ਦੀਆਂ ਕਥਾਨਕ-ਰੂੜ੍ਹੀਆਂ ਨਾਲ ਸਮਾਨਤਾ ਦਸੀ ਹੈ। 'ਦਸਮ-ਗ੍ਰੰਥ' ਵਿਚ 'ਕ੍ਰਿਸ਼ਨਾਵਤਾਰ' ਅਤੇ 'ਚਰਿਤ੍ਰੋਪਾਖਿਆਨ' (ਚਰਿਤ੍ਰ 142) ਵਿਚ ਇਸ ਉਪਾਖਿਆਨ ਦਾ ਉੱਲੇਖ ਮਿਲਦਾ ਹੈ।

ਅਨੰਗ : ਕਾਮਦੇਵ ਦਾ ਇਕ ਨਾਮਾਂਤਰ। ਵੇਖੋ 'ਕਾਮਦੇਵ' ।

ਅਨੰਦਪੁਰ, ਸਾਹਿਬ : ਪੰਜਾਬ ਦੇ ਰੋਪੜ ਜ਼ਿਲੇ ਦਾ ਇਕ ਪ੍ਰਸਿੱਧ ਨਗਰ ਜਿਸ ਦੀ ਸਥਾਪਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਰਾਜੇ ਤੋਂ ਸਤਲੁਜ ਨਦੀ ਦੇ ਕੰਢੇ ਮਾਖੋਵਾਲ ਪਿੰਡ ਦੀ ਧਰਤੀ ਖ਼ਰੀਦ ਕੇ 1667 ਈ. (1723 ਬਿ.) ਵਿਚ ਕੀਤੀ ਸੀ। ਇਸ ਨਗਰ ਤੋਂ ਲਗਭਗ 12 ਕਿ. ਮੀ. ਦੀ ਵਿਥ ਉਤੇ ਸ਼ਿਵਾਲਕ ਪਹਾੜੀਆਂ ਵਿਚ ਨੈਣਾਦੇਵੀ ਦਾ ਮੰਦਿਰ ਸਥਿਤ ਹੈ। ਇਸ ਨਗਰ ਵਿਚ ਸੰਨ 1699 ਈ. (1756 ਬਿ.) ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ' ਸਾਜਿਆ ਅਤੇ ਉਦੋਂ ਤੋਂ ਇਹ 'ਖਾਲਸੇ ਦੀ ਜਨਮਭੂਮੀ' ਵਜੋਂ ਪ੍ਰਸਿੱਧ ਹੈ। ਇਥੇ ਦਸਮ ਗੁਰੂ ਜੀ ਨੇ ਖਾਲਸੇ ਨੂੰ ਧਰਮ-ਯੁੱਧ ਲਈ ਸੈਨਿਕ ਸਿਖਲਾਈ ਦਿੱਤੀ ਅਤੇ ਸਿੱਖਾਂ ਦੇ ਮਨੋਬਲ ਨੂੰ ਵਧਾਉਣ ਲਈ ਵੀਰ-ਰਸੀ ਸਾਹਿੱਤ ਦੀ ਰਚਨਾ ਕੀਤੀ ਅਤੇ ਕਰਵਾਈ। ਨਗਰ ਦੀ ਸੁਰੱਖਿਆ ਲਈ ਗੁਰੂ ਸਾਹਿਬ ਨੇ 1690 ਈ. (1747 ਬਿ.) ਵਿਚ ਪੰਜ ਕਿਲੇ ਵੀ ਬਣਵਾਏ, ਜਿਵੇਂ ਅਨੰਦਗੜ੍ਹ, ਲੋਹਗੜ੍ਹ, ਫਤੇਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ। ਗੁਰ-ਇਤਿਹਾਸ ਨਾਲ ਸੰਬੰਧਿਤ ਹੁਣ ਅਨੇਕ ਗੁਰੂ-ਧਾਮ ਇਸ ਨਗਰ ਵਿਚ ਮੌਜੂਦ ਹਨ, ਜਿਵੇਂ ਗੁਰੂ ਕੇ ਮਹਿਲ, ਸੀਸਗੰਜ, ਕੇਸਗੜ੍ਹ, ਅਨੰਦਗੜ੍ਹ, ਅਕਾਲ-ਬੁੰਗਾ, ਦਮਦਮਾ ਸਾਹਿਬ, ਲੋਹਗੜ੍ਹ, ਹੋਲਗੜ੍ਹ, ਮੰਜੀ ਸਾਹਿਬ, ਭੋਰਾ ਸਾਹਿਬ ਆਦਿ ।

'ਕੇਸਗੜ੍ਹ' ਗੁਰੂ-ਧਾਮ ਵਿਚ ਦਸਮ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਇਕ ਨਵੇਂ ਭਾਈਚਾਰੇ ਦਾ ਉਦਘਾਟਨ ਕੀਤਾ। ਇਸ ਲਈ ਸਿੱਖ ਧਰਮ ਦੇ

ਤਖ਼ਤਾਂ ਵਿਚ ਇਸ ਨੂੰ ਸ਼ਾਮਲ ਕੀਤਾ ਜਾਂਦਾ ਹੈ। ਹਰਿੰਦਰ ਮਹਿਬੂਬ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਕੇਸਗੜ੍ਹ ਦੀ ਸਿਖਰੋਂ ਲਿਸ਼ਕੀ,/ਤੇਗ ਜਦੋਂ ਨੂਰਾਨੀ।' ਇਥੇ ਹੁਣ ਕਈ ਯਾਦਗਾਰੀ ਸ਼ਸਤ੍ਰ ਅਤੇ ਹੋਰ ਵਸਤੂਆਂ ਸੁਰਖਿਅਤ ਹਨ, ਜਿਵੇਂ ਨਾਗਣੀ, ਭਾਲਾ, ਸੈਫ਼, ਦੁਧਾਰਾ ਖੰਡਾ, ਕਟਾਰ ਆਦਿ। ਇੰਗਲੈਂਡ ਤੋਂ ਵਾਪਸ ਮੰਗਵਾਏ ਗਏ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ ਵੀ ਇਥੇ ਹੀ ਰਖੇ ਹੋਏ ਹਨ। ਰੋਪੜ-ਨੰਗਲ ਸੜਕ ਉਪਰ ਵਸੇ ਹੋਣ ਕਾਰਣ ਹੁਣ ਇਸ ਨਗਰ ਵਿਚ ਕਾਫ਼ੀ ਵਿਕਾਸ ਹੋ ਗਿਆ ਹੈ ਅਤੇ ਦੇਸ਼ ਦੀ ਵੰਡ ਤੋਂ ਬਾਦ ਸ਼ਰਧਾਲੂਆਂ ਦੀ ਆਵਾਜਾਈ ਵਿਚ ਵੀ ਬਹੁਤ ਵਾਧਾ ਹੋਇਆ ਹੈ।

ਅਪਸਰਾ : ਸ਼ਬਦ ਦੀ ਵਿਉਤਪੱਤੀ ਦੀ ਦ੍ਰਿਸ਼ਟੀ ਤੋਂ 'ਅਪਸਰਾ' (ਅਪੱਛਰਾ) ਦਾ ਅਰਥ ਹੈ ਪਾਣੀ (ਜਲ) ਵਿਚ ਰਹਿਣ ਵਾਲੀ। ਅਥਰਵ ਅਤੇ ਯਜੁਰ ਵੇਦਾਂ ਵਿਚ ਇਸ ਨੂੰ ਪਾਣੀ ਵਿਚ ਰਹਿਣ ਵਾਲੀ ਸੁੰਦਰੀ ਕਿਹਾ ਗਿਆ ਹੈ। 'ਸ਼ਤਪਥ ਬ੍ਰਾਹਮਣ' (11/5/1/4) ਵਿਚ ਇਸ ਨੂੰ ਜਲ ਵਿਚ ਰਹਿਣ ਅਤੇ ਤਰਨ ਵਾਲੇ ਪੰਛੀ ਦੇ ਰੂਪ ਵਿਚ ਚਿਤਰਿਆ ਗਿਆ ਹੈ ਜੋ ਆਮ ਤੌਰ ਤੇ ਝੀਲਾਂ, ਨਦੀਆਂ ਅਤੇ ਸਮੁੰਦਰ ਵਿਚ, ਵਰੁਣ ਦੇਵਤੇ ਦੇ ਮਹੱਲਾਂ ਵਿਚ ਵਿਰਾਜਦੀ ਦਸੀ ਗਈ ਹੈ। 'ਅਥਰਵ ਵੇਦ' (4/37/4) ਵਿਚ ਧਰਤੀ ਉਤੇ ਅੰਜੀਰ ਦੇ ਬ੍ਰਿਛਾਂ ਉਤੇ ਝੂਟੇ ਲੈਂਦੀ ਅਤੇ ਗਾਉਂਦੀ ਲਿਖਿਆ ਗਿਆ ਹੈ ਕਿਉਂਕਿ ਨੱਚਣ ਅਤੇ ਗਾਉਣ ਵਿਚ ਇਸ ਦੀ ਵਿਸ਼ੇਸ਼ ਰੁਚੀ ਹੈ। 'ਰਿਗਵੇਦ' (10/95) ਵਿਚ ਉਰਵਸ਼ੀ ਨਾਂ ਦੀ ਅਪੱਛਰਾ ਦਾ ਜ਼ਿਕਰ ਮਿਲਦਾ ਹੈ। 'ਰਾਮਾਇਣ' ਅਨੁਸਾਰ ਦੇਵਤਿਆਂ ਅਤੇ ਦੈਂਤਾਂ ਦੁਆਰਾ ਸਮੁੰਦਰ ਰਿੜਕਣ ਵੇਲੇ ਜਿਹੜੇ ਚੌਦਾਂ ਰਤਨ ਨਿਕਲੇ ਸਨ, ਉਨ੍ਹਾਂ ਵਿਚ ਇਕ ਅਪੱਛਰਾ ਵੀ ਸੀ। ਅਪੱਛਰਾਵਾਂ ਦੀ ਗਿਣਤੀ ਕਰੋੜਾਂ ਤਕ ਮੰਨੀ ਗਈ ਹੈ। ਇਨ੍ਹਾਂ ਦਾ ਗੰਧਰਵਾਂ (ਸਵਰਗ ਦੇ ਗਾਇਕ ਦੇਵਤੇ) ਨਾਲ ਨਿਘਾ ਸੰਬੰਧ ਦਸਿਆ ਜਾਂਦਾ ਹੈ। ਕਿਤੇ-ਕਿਤੇ ਗੰਧਰਵਾਂ ਦੀਆਂ ਇਸਤਰੀਆਂ ਨੂੰ ਅਪਸਰਾ ਲਿਖਿਆ ਮਿਲਦਾ ਹੈ।

ਪੁਰਾਣ-ਸਾਹਿੱਤ ਵਿਚ ਇਸ ਨੂੰ ਇੰਦਰ ਦੇਵਤਾ ਨੇ ਰਿਸ਼ੀਆਂ ਮੁਨੀਆਂ ਦੇ ਤਪਾਂ ਨੂੰ ਭੰਗ ਕਰਨ ਲਈ ਇਕ ਅਚੂਕ ਅਸਤ੍ਰ (ਬਾਣ) ਦੇ ਰੂਪ ਵਿਚ ਵਰਤਣ ਦਾ ਯਤਨ ਕੀਤਾ ਹੈ। ਇੰਦਰ ਦਾ ਦਰਬਾਰ ਸਦਾ ਅਪਸਰਾਵਾਂ ਦੇ ਨੱਚਣ ਗਾਉਣ ਨਾਲ ਗੂੰਜਦਾ ਰਹਿੰਦਾ ਸੀ। ਗੁਰੂ ਅਰਜਨ ਦੇਵ ਨੇ ਮਲਾਰ ਰਾਗ ਵਿਚ ਉਤਪ੍ਰੇਕਸ਼ਾ ਅਲੰਕਾਰ ਰਾਹੀਂ ਅਪਸਰਾਵਾਂ ਦੁਆਰਾ ਗਾਏ ਗੀਤਾਂ ਦੇ ਮਧੁਰ ਸੁਰ ਨੂੰ ਪ੍ਰਭੂ ਦੀ ਸਿਫ਼ਤ ਸਾਲਾਹ ਉਤੇ ਆਰੋਪਿਤ ਕੀਤਾ ਹੈ—'ਪ੍ਰਿਅ ਕੀ ਸੋਭ ਸੁਹਾਵਨੀ ਨੀਕੀ।/ਹਾਹਾ ਹੂ ਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ' (ਗੁ. ਗ੍ਰੰ. 1272) ਜਿਨ੍ਹਾਂ ਅਪਸਰਾਵਾਂ ਦਾ ਪੁਰਾਣਾਂ ਵਿਚ ਉੱਲੇਖ ਹੋਇਆ ਹੈ ਉਨ੍ਹਾਂ ਵਿਚੋਂ ਰੰਭਾ, ਉਰਵਸ਼ੀ, ਮੇਨਕਾ, ਤਿਲੋੱਤਮਾ ਆਦਿ ਦੇ ਨਾਂ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹਨ।

ਅਸਲ ਵਿਚ, ਹਰ ਧਰਮ ਵਿਚ ਅਜਿਹਾ ਵਿਸ਼ਵਾਸ ਹੈ ਕਿ ਪੁੰਨਵਾਨ ਲੋਕ ਮਰਣ ਉਪਰੰਤ ਸਵਰਗ ਵਿਚ ਜਾਂਦੇ ਹਨ ਜਿਥੇ ਉਨ੍ਹਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ

ਮਿਲਦੀਆਂ ਹਨ। ਪੁੰਨ ਕਰਮਾਂ ਵਲ ਮਨੁੱਖ ਨੂੰ ਰੁਚਿਤ ਕਰਨ ਲਈ ਨਿੱਤ ਸੁੰਦਰ ਅਤੇ ਜਵਾਨ ਰਹਿਣ ਵਾਲੀ ਜਿਸ ਦੇਵੀ ਜਾਂ ਸਵਰਗੀ ਇਸਤਰੀ ਦੀ ਕਲਪਨਾ ਕੀਤੀ ਗਈ ਹੈ ਉਹੀ ਯੂਨਾਨੀ ਸਾਹਿੱਤ ਵਿਚ 'ਨਿੰਫ', ਸਾਮੀ ਸਾਹਿੱਤ ਵਿਚ 'ਪਰੀ' ਅਥਵਾ 'ਹੂਰ' ਅਖਵਾਂਦੀ ਹੈ। ਕੋਹ-ਕਾਫ਼ ਦੀਆਂ ਪਰੀਆਂ ਵਿਸ਼ੇਸ਼ ਪ੍ਰਸਿੱਧ ਹਨ।

ਅਪੱਛਰਾ : ਵੇਖੋ 'ਅਪਸਰਾ'।

ਅਫ਼ਗਾਨ : ਅਫ਼ਗਾਨਿਸਤਾਨ ਅਤੇ ਉਸ ਦੇ ਨਾਲ ਲਗਦੇ ਦੇਸ਼ਾਂ ਦੇ ਸਰਹੱਦੀ ਇਲਾਕਿਆਂ ਦੇ ਨਿਵਾਸੀਆਂ ਨੂੰ, ਜਿਨ੍ਹਾਂ ਦੀ ਭਾਸ਼ਾ ਪਸ਼ਤੋ ਹੈ, 'ਅਫ਼ਗਾਨ' ਕਿਹਾ ਜਾਂਦਾ ਹੈ। ਇਸ ਸ਼ਬਦ ਦੀ ਵਰਤੋਂ ਅਲਬਰੂਨੀ ਅਤੇ ਉਤਬੀ ਵਰਗੇ ਵਿਦਵਾਨਾਂ ਦੇ ਸਮੇਂ ਦਸਵੀਂ ਸਦੀ ਵਿਚ ਹੋਣੀ ਸ਼ੁਰੂ ਹੋ ਗਈ ਸੀ। ਉਂਜ 'ਅਵਗਾਨ' ਰੂਪ ਵਿਚ ਇਸ ਸ਼ਬਦ ਦੀ ਵਰਤੋਂ ਛੇਵੀਂ ਸਦੀ ਦੇ ਆਰੰਭ ਵਿਚ ਵਰਾਹ ਮਿਹਰ ਦੁਆਰਾ ਲਿਖੇ 'ਬ੍ਰਿਹਤ ਸੰਹਿਤਾ' ਵਿਚ ਹੋਈ ਮਿਲ ਜਾਂਦੀ ਹੈ। ਅਫ਼ਗਾਨਾਂ ਨੂੰ ਆਮ ਤੌਰ ਤੇ ਪਠਾਨ/ਪਠਾਣ ਕਿਹਾ ਜਾਂਦਾ ਹੈ। ਇਹ ਸ਼ਬਦ 'ਪਠਾਰ' ਜਾ 'ਪਾਸ਼ਾਣ' ਤੋਂ ਬਣਿਆ ਪ੍ਰਤੀਤ ਹੁੰਦਾ ਹੈ। 'ਪਠਾਰ' ਸ਼ਬਦ ਭੂਗੋਲਿਕ ਦ੍ਰਿਸ਼ਟੀ ਤੋਂ ਅਤੇ 'ਪਾਸ਼ਾਣ' (ਪੱਥਰ) ਇਨ੍ਹਾਂ ਦੀ ਸ਼ਰੀਰਕਿ ਬਣਾਵਟ ਪੱਖੋਂ 'ਪਠਾਣ' ਸ਼ਬਦ ਦੇ ਪ੍ਰਚਲਨ ਵਿਚ ਆਧਾਰ ਮੰਨੇ ਜਾ ਸਕਦੇ ਹਨ।

ਪਠਾਨ ਸ਼ਬਦ ਦੀ ਵਰਤੋਂ ਲੋਕ-ਜੀਵਨ ਵਿਚ ਕਦ ਸ਼ੁਰੂ ਹੋਈ, ਇਸ ਬਾਰੇ ਹੁਣ ਕਹਿਣਾ ਔਖਾ ਹੈ, ਪਰ ਸੋਲ੍ਹਵੀਂ ਸਦੀ ਵਿਚ ਲਿਖੀ ਗਈ 'ਮਖ਼ਜ਼ਨੇ ਅਫ਼ਗਾਨੀ' ਦੇ ਕਰਤਾ ਨਿਯਾਮਤੁੱਲਾ ਨੇ ਲਿਖਤੀ ਤੌਰ ਤੇ ਇਸ ਸ਼ਬਦ ਦੀ ਸਭ ਤੋਂ ਪਹਿਲੀ ਵਾਰ ਵਰਤੋਂ ਕੀਤੀ। ਹੁਣ ਪੜ੍ਹਿਆ ਲਿਖਿਆ ਵਰਗ ਆਪਣੇ ਆਪ ਨੂੰ ਅਫ਼ਗਾਨ ਅਖਵਾ ਕੇ ਗੌਰਵ ਅਨੁਭਵ ਕਰਨ ਲਗ ਗਿਆ ਹੈ ਅਤੇ ਫ਼ਾਰਸੀ ਨੂੰ ਆਪਣੀ ਭਾਸ਼ਾ ਮੰਨਦਾ ਹੈ, ਪਰ ਸਾਧਾਰਣ ਜਨਤਾ ਪਸ਼ਤੋ ਵਿਚ ਹੀ ਆਪਣਾ ਭਾਵ-ਸੰਚਾਰ ਕਰਦੀ ਹੈ। ਵੱਖ-ਵੱਖ ਅਫ਼ਗਾਨ ਕਬੀਲਿਆਂ ਵਿਚ ਨਸਲੀ ਤੌਰ ਤੇ ਕੁਝ-ਕੁਝ ਫ਼ਰਕ ਵੀ ਹੈ ਪਰ ਉਂਜ ਸਾਰਿਆਂ ਨੂੰ ਸਥਾਨਕ ਤੌਰ ਤੇ ਪਖ਼ਤੂਨ ਜਾਂ ਪਸ਼ਤੂਨ ਕਹਿੰਦੇ ਹਨ।

ਅਫ਼ਗਾਨਾਂ ਦੇ ਇਤਿਹਾਸ ਉਤੇ ਨਜ਼ਰ ਮਾਰੀਏ ਤਾ ਮਹਿਮੂਦ ਗ਼ਜ਼ਨਵੀ ਦੇ ਸਮੇਂ ਤਕ ਇਨ੍ਹਾਂ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਸੀ। ਪਰ ਹੌਲੀ ਹੌਲੀ ਇਹ ਤਾਕਤ ਪਕੜਨ ਲਗੇ। ਇਨ੍ਹਾਂ ਦੇ ਗਿਲਜ਼ਈ ਕਬੀਲੇ ਦੇ ਲੋਧੀਆਂ ਨੇ ਹਿੰਦੁਸਤਾਨ ਵਿਚ ਰਾਜ ਕਾਇਮ ਕੀਤਾ। ਬਾਬਰ ਨੇ ਲੋਧੀ ਪਠਾਣਾਂ ਨੂੰ ਹਾਰ ਦਿੱਤੀ। ਇਸ ਬਾਰੇ ਗੁਰੂ ਨਾਨਕ ਦੇਵ ਨੇ ਸੰਕੇਤ ਕੀਤਾ ਹੈ—'ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ' (ਆ. ਗ੍ਰੰ. 418)। ਫਿਰ ਹੁਮਾਯੂੰ ਤੋਂ ਸੂਰੀ ਅਫ਼ਗਾਨਾਂ ਨੇ ਰਾਜ ਖੋਹ ਲਿਆ। ਅਠਾਰ੍ਹਵੀਂ ਸਦੀ ਵਿਚ ਅਫ਼ਗਾਨਿਸਤਾਨ ਵਿਚ ਦੁਰਾਨੀ ਪਠਾਣਾਂ ਦੀ ਸ਼ਕਤੀ ਬਹੁਤ ਵੱਧ ਗਈ ਅਤੇ ਅਹਿਮਦ ਸ਼ਾਹ ਅਬਦਾਲੀ ਦੀ ਅਗਵਾਈ ਵਿਚ ਇਕ ਦ੍ਰਿੜ੍ਹ ਰਾਜ ਕਾਇਮ ਹੋਇਆ। ਅਬਦਾਲੀ ਨੇ ਹਿੰਦੁਸਤਾਨ ਉਤੇ ਵੀ ਕਈ ਹਮਲੇ ਕੀਤੇ।

ਖ਼ੁਸ਼ਕ ਪਹਾੜੀ ਇਲਾਕਿਆਂ ਵਿਚ ਰਹਿਣ ਕਾਰਣ ਇਹ ਲੋਕ ਸਦਾ ਸੰਘਰਸ਼ਸ਼ੀਲ ਰਹੇ ਹਨ। ਇਨ੍ਹਾਂ ਦੇ ਕਦ-ਬੁਤ ਉੱਚੇ ਅਤੇ ਮਜ਼ਬੂਤ ਹੁੰਦੇ ਹਨ। ਗੋਰੇ ਰੰਗ ਵਾਲੇ ਇਨ੍ਹਾਂ

ਪਠਾਣਾਂ ਵਿਚ ਮਹਿਮਾਨ-ਨਿਵਾਜ਼ੀ ਅਤੇ ਵੈਰ ਦੋਵੇਂ ਬਿਰਤੀਆਂ ਆਪਣੇ ਸਿਖਰ ਨੂੰ ਛੋਂਹਦੀਆਂ ਹਨ। ਇਸ ਲਈ ਪੰਜਾਬੀ ਵਿਚ ਇਨ੍ਹਾਂ ਦੇ ਸੁਭਾ ਬਾਰੇ ਇਕ ਅਖਾਣ ਬਣ ਗਿਆ—'ਪਠਾਣ ਦਾ ਪੁੱਤ, ਘੜੀ ਵਿਚ ਔਲੀਆਂ ਘੜੀ ਵਿਚ ਭੂਤ।' ਇਹ ਬੜੇ ਨਿਡਰ ਨਿਰਦਈ ਅਤੇ ਆਪਣੇ ਧਰਮ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਰਖਣ ਵਾਲੇ ਹਨ। ਇਨ੍ਹਾਂ ਦਾ ਆਮ ਜੀਵਨ ਸਿਪਾਹੀ ਵਾਲਾ ਹੈ ਚਾਹੇ ਉਹ ਸੈਨਾ ਵਿਚ ਹੋਣ, ਜਾਂ ਕਿਤੇ ਚੌਕੀਦਾਰੀ ਕਰਦਾ ਹੋਵੇ। ਭਾਵੇਂ ਇਨ੍ਹਾਂ ਦਾ ਸਭਿਆਚਾਰ ਇਬਰਾਨੀ ਪਿਛੋਕੜ ਵਾਲਾ ਹੈ, ਪਰ ਮੁਸਲਮਾਨਾਂ ਦੀਆਂ ਧਾਰਮਿਕ ਅਤੇ ਸਮਾਜਿਕ ਰੀਤਾਂ ਦਾ ਵੀ ਕਾਫ਼ੀ ਪ੍ਰਭਾਵ ਹੈ। ਇਨ੍ਹਾਂ ਦਾ ਕਬੀਲਾ-ਸੰਗਠਨ ਲੋਕ-ਤੰਤ੍ਰੀ ਹੈ। ਬਹੁਤੇ ਮਾਮਲੇ ਕਬੀਲਿਆਂ ਦੇ ਮੁਖੀ ਅਤੇ ਜਿਰਗੇ ਨਜਿਠਦੇ ਹਨ। ਇਨ੍ਹਾਂ ਕਬੀਲਿਆਂ ਵਿਚੋਂ ਅਫ਼ਰੀਦੀ ਕਬੀਲਾ ਬਹੁਤ ਪ੍ਰਸਿੱਧ ਹੈ ਜੋ ਤੀਰਾਹ ਪ੍ਰਦੇਸ਼ ਵਿਚ ਵਸਦਾ ਹੈ। ਅਫ਼ਰੀਦੀ ਬੜੇ ਜੰਗਜੂ ਅਤੇ ਆਜ਼ਾਦੀ ਪਸੰਦ ਹਨ।

ਅਫ਼ਰੀਦੀ : ਵੇਖੋ 'ਅਫ਼ਗਾਨ'।

ਅਫ਼ਲਾਤੂਨ (Plato) : ਇਹ ਯੂਨਾਨ ਦਾ ਇਕ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਸੀ। ਇਸ ਦਾ ਮੂਲ ਯੂਨਾਨੀ ਨਾਂ ਅਰਿਸਟੋਕਲਿਸ (Aristocles) ਸੀ ਪਰ ਸ਼ਰੀਰਕ ਬਣਾਵਟ ਅਤੇ ਚੌੜੇ ਮੱਥੇ ਵਾਲਾ ਹੋਣ ਕਾਰਣ ਇਹ 'ਪਲਾਤੋਨ' ਉਪਨਾਮ ਨਾਲ ਪ੍ਰਸਿੱਧ ਹੋ ਗਿਆ, ਜਿਸ ਨੂੰ ਅੰਗ੍ਰੇਜ਼ੀ ਵਾਲੇ ਪਲੇਟੋ ਅਤੇ ਅਰਬੀ/ਫ਼ਾਰਸੀ ਵਾਲੇ ਅਫ਼ਲਾਤੂਨ ਕਹਿੰਦੇ ਹਨ। ਇਸ ਦੇ ਮਾਤਾ-ਪਿਤਾ ਏਥੇਂਸ ਦੀਆਂ ਉੱਚੀਆਂ ਕੁਲਾਂ ਨਾਲ ਸੰਬੰਧਿਤ ਸਨ। ਅਨੁਮਾਨ ਹੈ ਕਿ ਅਫ਼ਲਾਤੂਨ ਦਾ ਜਨਮ 429 ਜਾਂ 427 ਈਸਾ-ਪੂਰਵ ਹੋਇਆ ਸੀ।

ਸ਼ੁਰੂ ਵਿਚ ਇਹ ਕਵੀ ਬਿਰਤੀ ਵਾਲਾ ਸੀ ਪਰ 20 ਵਰ੍ਹਿਆਂ ਦੀ ਉਮਰ ਵਿਚ ਪ੍ਰਸਿੱਧ ਤਰਕ-ਸ਼ਾਸਤ੍ਰੀ ਸੁਕਰਾਤ ਦੇ ਪ੍ਰਭਾਵ ਵਿਚ ਆਉਣ ਕਾਰਣ ਦਰਸ਼ਨ ਵਲ ਝੁਕ ਗਿਆ। ਸੁਕਰਾਤ ਦੇ ਪ੍ਰਭਾਵ ਕਾਰਣ ਇਸ ਨੇ ਸਾਰੀਆਂ ਸਾਹਿੱਤਿਕ ਕਿਰਤਾਂ ਨਸ਼ਟ ਕਰ ਦਿੱਤੀਆਂ। ਸੁਕਰਾਤ ਨੂੰ ਮ੍ਰਿਤੂ ਦੰਡ ਦਿੱਤੇ ਜਾਣ ਕਰਕੇ ਇਸ ਦੀ ਤਦ-ਵਕਤੀ ਰਾਜਨੀਤੀ ਵਿਚ ਵੀ ਕੋਈ ਰੁਚੀ ਨਾ ਰਹੀ, ਸਗੋਂ ਘਿਰਣਾ ਪੈਦਾ ਹੋ ਗਈ। ਜਦੋਂ (399 ਈ. ਪੂ.) ਸੁਕਰਾਤ ਦੀ ਜ਼ਹਿਰ ਪੀਣ ਕਾਰਣ ਮੌਤ ਹੋ ਗਈ ਤਾਂ ਇਹ ਏਥੇਂਸ ਤੋਂ ਚਲਾ ਗਿਆ ਅਤੇ ਮਿਸਰ, ਇਟਲੀ, ਸਿਸਲੀ ਅਤੇ ਹੋਰ ਅਨੇਕ ਇਲਾਕਿਆਂ/ਦੇਸ਼ਾਂ ਦੀ ਯਾਤ੍ਰਾ ਕਰਦਾ ਰਿਹਾ। ਉਦੋਂ ਇਸ ਦੀ ਉਮਰ 40 ਵਰ੍ਹਿਆਂ ਦੀ ਸੀ।

ਯਾਤ੍ਰਾ ਤੋਂ ਬਾਦ ਏਥੇਂਸ ਮੁੜਨ ਤੇ ਇਸ ਨੇ ਅਕਾਦੇਮੀ ਨਾਂ ਵਾਲੀ ਥਾਂ ਤੇ ਯੋਰੁਪ ਦੇ ਪਹਿਲੇ ਵਿਸ਼ਵ ਵਿਦਿਆਲੇ ਦੀ ਸਥਾਪਨਾ ਕੀਤੀ ਅਤੇ ਉਸ ਦੇ ਵਿਕਾਸ ਵਿਚ ਆਪਣਾ ਸਾਰਾ ਜੀਵਨ ਲਗਾ ਦਿੱਤਾ। ਇਸ ਨੇ ਖ਼ੁਦ ਆਪਣੇ ਸ਼ਿਸ਼ਾਂ ਨੂੰ ਦਰਸ਼ਨ, ਗਣਿਤ, ਨਿਆਂ, ਕਾਨੂੰਨ ਅਤੇ ਪ੍ਰਾਕ੍ਰਿਤਿਕ ਵਿਗਿਆਨ ਆਦਿ ਵਿਸ਼ੇ ਪੜ੍ਹਾਏ। ਇਸ ਨੇ ਆਪਣੇ ਹੋਰ ਮਿਤਰਾਂ ਅਤੇ ਸ਼ਿਸ਼ਾਂ ਦੇ ਸਹਿਯੋਗ ਨਾਲ ਸੁਕਰਾਤ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਅਤੇ ਸਥਾਪਿਤ ਕਰਨ ਵਿਚ ਪੂਰਾ ਵਾਹ ਲਾਇਆ। ਇਨ੍ਹਾਂ ਉੱਦੇਸ਼ਾਂ ਨੂੰ ਪੂਰਾ ਕਰਨ ਲਈ ਇਸ ਨੇ ਕਈ ਸੰਵਾਦਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ ਰਿਪਬਲਿਕ, ਸਿੰਪੋਜ਼ੀਅਮ,

ਫੀਡੋ, ਫੀਡ੍ਰਸ ਆਦਿ ਵਿਸ਼ੇਸ਼ ਉੱਲੇਖਯੋਗ ਹਨ। ਇਸ ਨੂੰ ਦਰਬਾਰੀ ਸਾਜ਼ਿਸ਼ਾਂ ਅਤੇ ਈਰਖਾ ਕਾਰਣ ਉਸ ਵਕਤ ਦੇ ਸ਼ਾਸਕ ਡਾਇਨੀਸਿਅਸ ਨੇ ਕੈਦ ਕਰ ਦਿੱਤਾ ਅਤੇ ਬਾਦ ਵਿਚ ਗ਼ੁਲਾਮ ਬਣਾ ਕੇ ਵੇਚ ਦਿੱਤਾ। ਉਸ ਗ਼ੁਲਾਮੀ ਤੋਂ ਕਿਸੇ ਦਾਰਸ਼ਨਿਕ ਨੇ ਚੰਗਾ ਮੁੱਲ ਤਾਰ ਕੇ ਇਸ ਨੂੰ ਆਜ਼ਾਦ ਕਰਵਾਇਆ। ਪਰ ਅਫ਼ਲਾਤੂਨ ਆਪਣੇ ਦਾਰਸ਼ਨਿਕ ਵਿਚਾਰਾਂ ਦਾ ਪ੍ਰਚਾਰ ਦ੍ਰਿੜ੍ਹਤਾ ਨਾਲ ਕਰਦਾ ਰਿਹਾ ਅਤੇ ਆਪਣਾ ਪਿਛਲਾ ਸਾਰਾ ਜੀਵਨ ਅਕਾਦੇਮੀ ਵਿਚ ਹੀ ਬਤੀਤ ਕਰਕੇ 80 ਵਰ੍ਹਿਆਂ ਦੀ ਉਮਰ ਵਿਚ ਸੰਸਾਰ ਛਡ ਗਿਆ।

ਇਸ ਦੇ ਨਾਂ ਨਾਲ ਅਨੇਕ ਰਚਨਾਵਾਂ, ਖ਼ਾਸ ਤੌਰ ਤੇ 25 ਸੰਵਾਦ, ਹੁਣ ਪ੍ਰਮਾਣਿਕ ਰੂਪ ਵਿਚ ਉਪਲਬਧ ਹਨ ਅਤੇ ਪ੍ਰਮੁਖ ਯੋਰਪੀ ਭਾਸ਼ਾਵਾਂ ਵਿਚ ਉਨ੍ਹਾਂ ਦੇ ਅਨੁਵਾਦ ਵੀ ਮਿਲ ਜਾਂਦੇ ਹਨ। ਪੰਜਾਬੀ ਵਿਚ ਇਸ ਦੀ ਪੁਸਤਕ 'ਰਿਪਬਲਿਕ' ਦਾ ਅਨੁਵਾਦ ਛਪ ਚੁਕਿਆ ਹੈ। ਵਿਸ਼ਵ ਦੀਆਂ ਦਾਰਸ਼ਨਿਕ ਪ੍ਰਣਾਲੀਆਂ ਅਤੇ ਵਿਚਾਰਕਾਂ ਉਤੇ ਅਫ਼ਲਾਤੂਨ ਦੇ ਵਿਚਾਰਾਂ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦਾ ਹੈ। ਪੰਜਾਬੀ ਕਾਵਿ ਵਿਚ ਇਸ ਦੇ ਇਕ ਦਾਨਸ਼ਵਰ ਦੇ ਰੂਪ ਵਿਚ ਹਵਾਲੇ ਮਿਲਦੇ ਹਨ। 'ਸੱਸੀ' (ਹਾਸ਼ਮ) ਵਿਚ ਲਿਖਿਆ ਹੈ—'ਅਫ਼ਲਾਤੂਨ ਅਰਸਤੂ ਜੇਹੇ ਹੋਣ ਸ਼ਾਗਿਰਦ ਹੁਨਰ ਦੇ।'

ਅਬਦਾਲ : ਇਸ ਦਾ ਸ਼ਾਬਦਿਕ ਅਰਥ ਹੈ ਬਦਲ ਜਾਣ ਵਾਲਾ, ਭਾਵ ਜਿਸ ਦੀ ਇਕ-ਸਮਾਨ ਦਸ਼ਾ ਨਾ ਰਹਿੰਦੀ ਹੋਵ। ਇਸਲਾਮ ਵਿਚ ਉਨ੍ਹਾਂ ਫ਼ਕੀਰਾਂ ਨੂੰ ਅਬਦਾਲ ਕਹਿੰਦੇ ਹਨ ਜੋ ਪਰਮਾਰਥਿਕ ਪੱਖ ਤੋਂ ਉੱਚੀ ਅਵਸਥਾ ਪ੍ਰਾਪਤ ਕਰ ਚੁੱਕੇ ਹੋਣ। ਮੁਸਲਮਾਨਾਂ ਦੇ ਧਾਰਮਿਕ ਵਿਸ਼ਵਾਸਾਂ ਅਨੁਸਾਰ ਖ਼ੁਦਾ ਨੇ ਧਰਤੀ ਨੂੰ ਠੰਮਣ ਲਈ 70 ਅਬਦਾਲ ਪੈਦਾ ਕੀਤੇ ਹੋਏ ਹਨ। ਇਨ੍ਹਾਂ ਵਿਚੋਂ 40 ਅਬਦਾਲ ਸ਼ਾਮ ਦੇਸ਼ (ਸੀਰੀਆ) ਵਿਚ ਰਹਿੰਦੇ ਹਨ ਅਤੇ 30 ਅਬਦਾਲ ਬਾਕੀ ਸਾਰੇ ਸੰਸਾਰ ਵਿਚ ਖਿੰਡੇ ਹੋਏ ਘੁੰਮਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਜਦੋਂ ਕੋਈ ਮਰ ਜਾਂਦਾ ਹੈ ਤਾਂ ਪਰਮਾਤਮਾ ਵਲੋਂ ਕਿਸੇ ਹੋਰ ਸ੍ਰੇਸ਼ਠ ਵਿਅਕਤੀ ਨੂੰ ਅਬਦਾਲ ਬਣਾ ਦਿੱਤਾ ਜਾਂਦਾ ਹੈ। ਇਸ ਸਰੂਪ-ਬਦਲੀ ਕਾਰਣ ਹੀ ਇਹ ਅਬਦਾਲ ਅਖਵਾਉਂਦੇ ਹਨ।

ਅਬਦਾਲ ਪੁਰੁਖ ਅਤੇ ਪਰੋਖ ਦੋਹਾਂ ਰੂਪਾਂ ਵਿਚ ਵਿਚਰਦੇ ਹਨ। ਗ਼ੁਲਾਮ ਰਸੂਲ ਨੇ ਆਪਣੀ ਰਚਨਾ 'ਅਹਸਨੁਲ ਕਸਸ' ਵਿਚ ਲਿਖਿਆ ਹੈ—'ਹੈਨ ਅਬਦਾਲ ਜ਼ਿਮੀ ਦੇ ਮੂੰਹ ਤੇ ਪੋਸ਼ੀਦਾ ਤੇ ਜ਼ਾਹਿਰ।' ਇਨ੍ਹਾਂ ਦੇ ਮੁੱਖੀ ਨੂੰ 'ਗ਼ੌਸ' ਕਿਹਾ ਜਾਂਦਾ ਹੈ। ਮੁਸਲਮਾਨਾਂ ਵਿਚ ਫ਼ਕੀਰਾਂ ਦੀਆਂ ਜੋ ਪੰਜ ਸ਼੍ਰੇਣੀਆਂ ਮੰਨੀਆਂ ਗਈਆਂ ਹਨ, ਉਨ੍ਹਾਂ ਵਿਚ ਅਬਦਾਲ ਵੀ ਸ਼ਾਮਲ ਹਨ, ਜਿਵੇਂ ਗ਼ੌਸ, ਕੁਤਬ, ਕਲੰਦਰ, ਅਬਦਾਲ ਅਤੇ ਵਲੀ। ਹਿੰਦੂ ਧਰਮ ਵਿਚ ਅਬਦਾਲਾਂ ਸੰਬੰਧੀ ਵਿਸ਼ਵਾਸ ਦੇ ਸਮਾਨਾਂਤਰ ਦਿਕਪਾਲਾਂ ਦੀ ਕਲਪਨਾ ਕੀਤੀ ਗਈ ਹੈ ਜਾਂ 64 ਜੋਗਣੀਆਂ ਦੀ ਹੋਂਦ ਵਿਚ ਯਕੀਨ ਰਖਿਆ ਗਿਆ ਹੈ। ਇਨ੍ਹਾਂ ਬਾਰੇ ਮੁਸਲਮਾਨਾਂ ਵਿਚ ਅਨੇਕ ਪ੍ਰਕਾਰ ਦੇ ਭਰਮ ਅਤੇ ਵਹਿਮ ਮਿਲ ਜਾਂਦੇ ਹਨ। ਗੁਰਬਾਣੀ ਵਿਚ ਵੀ ਇਨ੍ਹਾਂ ਦਾ ਉੱਲੇਖ ਹੋਇਆ ਹੈ। ਸੱਚਾ ਅਬਦਾਲ ਉਹ ਹੈ ਜੋ ਆਤਮ-ਗਿਆਨ ਰਾਹੀਂ ਮਨ ਦੇ ਸੰਕਲਪਾਂ ਵਿਕਲਪਾਂ ਨੂੰ ਮਾਰਦਾ ਜਾਂ ਖ਼ਤਮ ਕਰਦਾ ਹੈ। ਗੁਰੂ ਅਰਜਨ ਦੇਵ ਨੇ ਮਾਰੂ ਰਾਗ ਵਿਚ ਕਿਹਾ ਹੈ—'ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ

ਹਕੀਕਤ ਜਿਤੁ ਫਿਰਿ ਨ ਮਰਾ' (ਆ. ਗ੍ਰੰ. 1083)।

ਅਬਦਾਲਾਂ ਦੀ ਉਤਪੱਤੀ ਬਾਰੇ ਮੁਸਲਮਾਨਾਂ ਵਿਚ ਇਕ ਰਵਾਇਤ ਹੈ ਕਿ ਦਯਾ ਕਲਬੀ ਨਾਂ ਦਾ ਇਕ ਨਿਰਸੰਤਾਨ ਵਿਅਕਤੀ ਹਜ਼ਰਤ ਮੁਹੰਮਦ ਪਾਸ ਬਖ਼ਸ਼ਿਸ਼ ਲਈ ਚਾਲ੍ਹੀ ਦਿਨ ਜਾਂਦਾ ਰਿਹਾ ਅਤੇ ਉਥੋਂ ਹਰ ਰੋਜ਼ ਮਿਲਦੀ ਇਕ ਖਜੂਰ ਪਤਨੀ ਨੂੰ ਖਵਾਉਂਦਾ ਰਿਹਾ। ਫਲਸਰੂਪ ਉਸ ਦੇ ਚਾਲ੍ਹੀ ਬੱਚੇ ਪੈਦਾ ਹੋਏ। ਗ਼ਰੀਬੀ ਦੇ ਹੱਥੋਂ ਤੰਗ ਹੋ ਕੇ ਉਹ 39 ਬੱਚੇ ਬਨ ਵਿਚ ਛੱਡ ਆਇਆ। ਘਰ ਪਰਤਣ ਤੇ ਚਾਲ੍ਹੀਵਾਂ ਬੱਚਾ ਵੀ ਗ਼ਾਇਬ ਮਿਲਿਆ। ਬਨ ਵਲ ਗਿਆ ਤਾਂ ਉਥੇ ਚਾਲ੍ਹੀ ਦੇ ਚਾਲ੍ਹੀ ਬੱਚੇ ਕਿਸੇ ਗੈਬੀ ਗੁੰਬਦ ਹੇਠ ਖੇਡ-ਕੁਦ ਰਹੇ ਸਨ। ਇਹੀ ਬੱਚੇ ਕਾਲਾਂਤਰ ਵਿਚ 'ਅਬਦਾਲ' ਅਖਵਾਏ। ਇਨ੍ਹਾਂ ਨਾਲ ਪਲੇਗ ਦੀ ਬੀਮਾਰੀ ਦੂਰ ਕਰਨ ਅਤੇ ਮਦੀਨੇ ਵਿਚ ਖਰੂਦ ਮਚਾਉਣ ਦੀਆਂ ਘਟਨਾਵਾਂ ਵੀ ਸੰਬੰਧਿਤ ਹਨ।

ਪੰਜਾਬ, ਰਾਜਸਥਾਨ ਅਤੇ ਹਿਮਾਚਲ ਦੇ ਕੁਝ ਪਹਾੜੀ ਇਲਾਕਿਆਂ ਵਿਚ ਅਬਦਾਲ ਨਾਂ ਦੇ ਕੁਝ ਮੁਸਲਮਾਨ ਫ਼ਕੀਰ ਵੀ ਮਿਲਦੇ ਹਨ ਜੋ ਭਿਖਿਆ ਮੰਗ ਕੇ, ਸੂਰਮਿਆਂ ਦੀਆਂ ਵਾਰਾਂ ਗਾ ਕੇ ਅਤੇ ਮ੍ਰਿਤ ਰਾਜਪੂਤਾਂ ਦੀ ਅਰਥੀ ਕੱਢਣ ਵੇਲੇ ਅਗੇ-ਅਗੇ ਵੈਣ ਪਾਉਂਦੇ ਸ਼ਮਸ਼ਾਨ ਭੂਮੀ ਤਕ ਜਾਂਦੇ ਹਨ। ਇਹ, ਅਸਲ ਵਿਚ, ਅਬਦਾਲ ਫ਼ਕੀਰਾਂ ਦਾ ਹੀ ਪਤਿਤ ਰੂਪ ਹੈ। ਗੁਰੂ ਨਾਨਕ ਦੇਵ ਨਾਲ ਸੰਬੰਧਿਤ ਸਾਖੀ ਸਾਹਿੱਤ ਵਿਚ ਇਕ 'ਹਸਨ ਅਬਦਾਲ' (ਵੇਖੋ) ਦਾ ਉੱਲੇਖ ਹੋਇਆ ਹੈ।

ਅਬਦਾਲੀ, ਅਹਿਮਦ ਸ਼ਾਹ : ਵੇਖੋ 'ਅਹਿਮਦ ਸ਼ਾਹ, ਅਬਦਾਲੀ'।

ਅਬਦੁੱਲਾ : ਹਜ਼ਰਤ ਮੁਹੰਮਦ ਦਾ ਪਿਤਾ ਜੋ ਅਬਦੁਲ ਮੁੱਤਲਿਬ ਦਾ ਸਭ ਤੋਂ ਛੋਟਾ ਪੁੱਤਰ ਸੀ। ਇਸ ਦਾ ਖ਼ਾਨਦਾਨ ਮੱਕੇ ਵਿਚ ਕਾਫ਼ੀ ਪ੍ਰਤਿਸ਼ਠਿਤ ਸੀ ਅਤੇ ਮੱਕੇ ਦੇ ਧਰਮ-ਧਾਮ ਦੀ ਦੇਖ-ਭਾਲ ਵੀ ਇਸੇ ਖ਼ਾਨਦਾਨ ਦੇ ਸਪੁਰਦ ਸੀ। ਅਬਦੁੱਲਾ ਦਾ ਵਿਆਹ ਆਮਿਨਾ (ਆਮੀਨਾ) ਨਾਲ ਹੋਇਆ ਸੀ। ਉਸ ਦੇ ਗਰਭ-ਕਾਲ ਵੇਲੇ ਇਹ ਗ਼ਾਜ਼ਾ ਵਲ ਵਪਾਰ ਕਰਨ ਲਈ ਚਲਾ ਗਿਆ। ਵਾਪਸ ਪਰਤਦਿਆਂ ਇਹ ਮਦੀਨੇ ਵਿਚ ਬੀਮਾਰ ਹੋ ਕੇ ਮਰ ਗਿਆ। ਇਸ ਦੇ ਪੁੱਤਰ ਹਜ਼ਰਤ ਮੁਹੰਮਦ ਦਾ ਜਨਮ ਇਸ ਦੇ ਮਰਨ-ਉਪਰੰਤ ਹੋਇਆ। ਇਸ ਵਲ ਸੰਕੇਤ ਕਰਦਿਆਂ ਬੁਲ੍ਹੇ ਸ਼ਾਹ ਨੇ ਲਿਖਿਆ ਹੈ— 'ਜਗ ਤੇ ਆਪਣਾ ਆਪ ਜਤਾਯੋਂ, ਫਿਰ ਅਬਦੁੱਲਾ ਦੇ ਘਰ ਧਾਈਦਾ।'

ਅਬਲੀਸ : ਵੇਖੋ 'ਇਬਲੀਸ', 'ਸ਼ੈਤਾਨ'।

ਅਬਿਚਲ ਨਗਰ : ਵੇਖੋ 'ਹਜ਼ੂਰ ਸਾਹਿਬ'।

ਅਬੂ ਬਕਰ, ਹਜ਼ਰਤ : ਇਹ ਹਜ਼ਰਤ ਮੁਹੰਮਦ ਦੀ ਪਤਨੀ ਆਇਸ਼ਾ ਦਾ ਪਿਤਾ ਅਤੇ ਉਨ੍ਹਾਂ ਦਾ ਵਿਸ਼ਵਾਸੀ ਅਨੁਯਾਈ ਸੀ। ਇਸ ਨੂੰ 'ਸਿੱਦੀਕ' ਉਪ-ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਨੇ ਸਭ ਤੋਂ ਪਹਿਲਾਂ ਹਜ਼ਰਤ ਮੁਹੰਮਦ ਨੂੰ ਬਿਨਾ ਤਸਦੀਕ ਕੀਤੇ ਪੈਗੰਬਰ ਮੰਨਿਆ ਅਤੇ ਉਨ੍ਹਾਂ ਦਾ ਮਤ-ਅਨੁਯਾਈ ਬਣਿਆ। ਹਜ਼ਰਤ ਮੁਹੰਮਦ ਦੇ ਦੇਹਾਂਤ ਤੋਂ ਬਾਦ ਮਦੀਨੇ ਦੇ ਪ੍ਰਤਿਸ਼ਠਿਤ ਆਦਿਵਾਸੀਆਂ ਨੇ ਆਪਸ ਵਿਚ ਵਿਚਾਰ-ਵਟਾਂਦਰਾ ਕਰਕੇ ਸੰਨ 632 ਈ. ਵਿਚ ਇਸ ਨੂੰ ਹਜ਼ਰਤ ਮੁਹੰਮਦ

ਦਾ ਪਹਿਲਾ ਖ਼ਲੀਫ਼ਾ (ਉੱਤਰਾਧਿਕਾਰੀ) ਸਥਾਪਿਤ ਕੀਤਾ। ਇਸ ਦੀ ਉਦੋਂ ਉਮਰ 60 ਵਰ੍ਹਿਆਂ ਦੀ ਸੀ ਅਤੇ ਹਜ਼ਰਤ ਮੁਹੰਮਦ ਤੋਂ ਦੋ ਵਰ੍ਹੇ ਛੋਟਾ ਸੀ। ਇਸ ਨੇ ਦੋ ਸਾਲ ਤਿੰਨ ਮਹੀਨੇ ਖ਼ਲੀਫ਼ਾ-ਪਦ ਉਤੇ ਰਹਿ ਕੇ ਇਸਲਾਮ ਦੀ ਰਾਜਸੀ ਅਤੇ ਧਾਰਮਿਕ ਉੱਨਤੀ ਵਿਚ ਚੰਗਾ ਹਿੱਸਾ ਪਾਇਆ।

ਅਬੂ ਬਕਰ ਨੇ ਹਜ਼ਰਤ ਮੁਹੰਮਦ ਦੀ ਮ੍ਰਿਤੂ ਤੋਂ ਬਾਦ ਖੜੇ ਹੋਏ ਵਿਵਾਦ ਨੂੰ ਖ਼ਤਮ ਕਰਕੇ ਬਾਗ਼ੀਆਂ ਨੂੰ ਅਧੀਨ ਕੀਤਾ ਅਤੇ ਪੈਗ਼ੰਬਰ ਬਣਨ ਦੇ ਕੁਝ ਪਾਖੰਡੀ ਦਾਵੇਦਾਰਾਂ ਨੂੰ ਸੋਧਿਆ। ਇਸ ਨੇ ਕੁਝ ਮਹੀਨਿਆਂ ਵਿਚ ਹੀ ਸਾਰੇ ਅਰਬ ਦੇਸ਼ ਨੂੰ ਆਪਣੇ ਅਧੀਨ ਕਰਕੇ ਫਿਰ ਸੈਨਾਪਤੀ ਖ਼ਾਲਿਦ ਨੂੰ ਈਰਾਨ, ਇਰਾਕ ਅਤੇ ਸੀਰੀਆ ਨੂੰ ਜਿੱਤਣ ਲਈ ਭੇਜਿਆ। ਇਸ ਦੀ ਮ੍ਰਿਤੂ (634 ਈ.) ਤਕ ਇਹ ਸਾਰੇ ਇਲਾਕੇ ਜਿੱਤੇ ਜਾ ਚੁੱਕੇ ਸਨ। ਇਹ ਇਕ ਸਾਦੇ ਜੀਵਨ ਵਾਲਾ ਮੁਸਲਮਾਨ ਸੀ ਜਿਸ ਨੇ ਸਹੀ ਲੀਹਾਂ ਉਤੇ ਹਜ਼ਰਤ ਮੁਹੰਮਦ ਦੇ ਧਾਰਮਿਕ ਸਿੱਧਾਂਤਾਂ ਦਾ ਪ੍ਰਚਾਰ ਕੀਤਾ। ਇਸੇ ਨੇ ਕੁਰਾਨ ਦੇ ਖਿੰਡੇ-ਪੁੰਡੇ ਅੰਸ਼ਾਂ ਨੂੰ ਇਕੱਤਰ ਕਰਵਾ ਕੇ ਉਨ੍ਹਾਂ ਦਾ ਵਿਧੀ-ਵਤ, ਸੰਪਾਦਨ ਵੀ ਕੀਤਾ। ਇਸ ਨੂੰ ਚਾਰ ਯਾਰਾਂ (ਵੇਖੋ) ਵਿਚ ਪਹਿਲੀ ਥਾਂ ਤੇ ਗਿਣਿਆ ਜਾਂਦਾ ਹੈ। ਮੌਲਵੀ ਗੁਲਾਮ ਰਸੂਲ ਨੇ ਆਪਣੇ ਕਿੱਸੇ 'ਅਹਸਨੁਲ ਕਸਸ' ਵਿਚ ਇਸ ਵਲ ਸੰਕੇਤ ਕੀਤਾ ਹੈ--'ਸਭ ਥੀਂ ਅੱਵਲ ਬਾਅਦ ਨਬੀਆ, ਸੱਦੀਕਾਂ ਵਿਚ ਅਕਬਰ।/ਅਬੂ ਬਕਰ ਬਿਨ ਅਬੀ ਮੁਹਾਫ਼ਾ, ਨਾਇਬ ਜਾਇ ਪੈਗ਼ੰਬਰ।'

ਅਭਿਮਨ੍ਯੁ : ਅਰਜੁਨ ਦਾ ਸੁਭਦ੍ਰਾ ਦੀ ਕੁੱਖੋਂ ਪੈਦਾ ਹੋਇਆ ਇਕ ਯੁੱਧ-ਵੀਰ ਪੁੱਤਰ ਜਿਸ ਨੇ 'ਮਹਾਭਾਰਤ' ਅਨੁਸਾਰ ਯੁੱਧ ਦੇ ਤੇਰ੍ਹਵੇਂ ਦਿਨ ਬੇਮਿਸਾਲ ਯੁੱਧ ਕਰਕੇ ਵੀਰ-ਗਤੀ ਪ੍ਰਾਪਤ ਕੀਤੀ। ਦੁਰਯੋਧਨ ਨੇ ਯੁੱਧ ਵਿਚ ਆਪਣੀ ਸਥਿਤੀ ਨੂੰ ਸੁਧਰਦਿਆਂ ਨਾ ਵੇਖ ਕੇ ਦ੍ਰੋਣਾਚਾਰਯ ਉਤੇ ਪਾਂਡਵਾਂ ਪ੍ਰਤਿ ਹਿਤ ਰੱਖਣ ਦਾ ਵਿਅੰਗ ਕਸਿਆ। ਦ੍ਰੋਣ ਨੇ ਤੇਰ੍ਹਵੇਂ ਦਿਨ ਚਕ੍ਰਵ੍ਯੂਹ ਦੀ ਰਚਨਾ ਕੀਤੀ ਜਿਸ ਨੂੰ ਭੇਦਣ ਦਾ ਵਲ ਅਰਜੁਨ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਆਉਂਦਾ ਸੀ। ਪਰ ਅਰਜੁਨ ਨੂੰ ਕੌਰਵਾਂ ਨੇ ਚਲਾਕੀ ਨਾਲ ਯੁੱਧ-ਭੂਮੀ ਤੋਂ ਹਟਾ ਕੇ ਦੂਰ ਦੱਖਣ ਵਲ ਸੰਸ਼ਪਤਕ ਗਣਾਂ ਨਾਲ ਨਿਜਿੱਠਣ ਲਈ ਭਿਜਵਾਉਣ ਦੀ ਸਾਜ਼ਿਸ਼ ਕੀਤੀ। ਪਿਛੋਂ ਪੈਦਾ ਹੋਈ ਸਥਿਤੀ ਅਨੁਸਾਰ ਯੁਧਿਸ਼ਠਿਰ ਨੇ ਅਭਿਮਨ੍ਯੁ ਨੂੰ ਚਕ੍ਰਵ੍ਯੂਹ ਭੇਦਣ ਲਈ ਭੇਜਿਆ।

ਅਭਿਮਨ੍ਯੁ ਨੇ ਗਰਭ ਵਿਚ ਸਥਿਤ ਹੋਣ ਦੌਰਾਨ ਸੁਭਦ੍ਰਾ ਨਾਲ ਗੱਲ ਕਰਦਿਆਂ ਅਰਜੁਨ ਦੇ ਮੂੰਹ ਤੋਂ ਚਕ੍ਰਵ੍ਯੂਹ ਭੇਦਣ ਦੀ ਵਿਧੀ ਤਾਂ ਸੁਣੀ ਸੀ ਪਰ ਉਸ ਵਿਚੋਂ ਨਿਕਲਣ ਦੀ ਗੱਲ ਨਾ ਸੁਣ ਸਕਿਆ। ਇਸ ਨੇ ਬੜੀ ਬਹਾਦਰੀ ਨਾਲ ਇਕੱਲਿਆਂ ਹੀ ਵ੍ਯੂਹ ਵਿਚ ਪ੍ਰਵੇਸ਼ ਕੀਤਾ। ਲਗਭਗ ਦਸ ਹਜ਼ਾਰ ਰਥੀਆਂ ਨੂੰ ਮਾਰ ਕੇ ਆਪ ਵੀ ਉਥੇ ਬੇਹੋਸ਼ ਹੋ ਕੇ ਡਿਗ ਪਿਆ ਅਤੇ ਵੈਰੀਆਂ ਹੱਥੋਂ ਮਾਰਿਆ ਗਿਆ। ਇਹ ਪੂਰਵ ਜਨਮ ਵਿਚ ਚੰਦ੍ਰਮਾ ਦਾ ਪੁੱਤਰ ਸੀ, ਇਸ ਲਈ ਮ੍ਰਿਤੂ ਉਪਰੰਤ ਇਹ ਚੰਦ੍ਰਲੋਕ ਚਲਾ ਗਿਆ। ਇਸ ਦਾ ਵਿਆਹ ਰਾਜਾ ਵਿਰਾਟ ਦੀ ਪੁੱਤਰੀ ਉੱਤਰਾ ਨਾਲ ਹੋਇਆ ਸੀ। ਅਭਿਮਨ੍ਯੁ ਦੀ ਮ੍ਰਿਤੂ ਵੇਲੇ ਉਹ ਗਰਭਵਤੀ ਸੀ। ਯੁੱਧ ਦੀ ਅਠਾਰ੍ਹਵੀਂ ਰਾਤ ਨੂੰ

ਜਦੋਂ ਅਸ਼ੱਥਾਮਾ ਨੇ ਪਾਂਡਵਾਂ ਦੇ ਤੰਬੂਆਂ ਉੱਤੇ ਹਮਲਾ ਕੀਤਾ ਤਾਂ ਦ੍ਰੋਪਦੀ ਦੇ ਪੰਜੇ ਪੁੱਤਰ ਮਾਰ ਦਿੱਤੇ ਅਤੇ ਉੱਤਰਾ ਦੇ ਗਰਭ ਨੂੰ ਵੀ ਖ਼ਤਮ ਕਰਨ ਲਈ ਬ੍ਰਹਮ-ਅਸਤ੍ਰ ਵਰਤਿਆ, ਪਰ ਸ੍ਰੀ ਕ੍ਰਿਸ਼ਣ ਦੀ ਸਿਆਣਪ ਨਾਲ ਗਰਭ ਨਸ਼ਟ ਨਾ ਹੋਇਆ। ਕਾਲਾਂਤਰ ਵਿਚ ਪਰੀਕ੍ਸ਼ਿਤ ਦਾ ਜਨਮ ਹੋਇਆ ਜੋ ਬਾਦ ਵਿਚ ਹਸਤਨਾਪੁਰ ਦੇ ਰਾਜ-ਸਿੰਘਾਸਨ ਉਤੇ ਬੈਠਾ।

ਅਭਿਮੰਨੂ : ਵੇਖੋ 'ਅਭਿਮਨ੍ਯੁ'।

ਅਭੀਚ, ਨਛੱਤ੍ਰ : ਇਹ ਸੰਸਕ੍ਰਿਤ ਦੇ 'ਅਭਿਜਿਤ੍' ਸ਼ਬਦ ਦਾ ਤਦਭਵ ਰੂਪ ਹੈ। 'ਅਭਿਜਿਤ੍' ਵਿਚ 'ਅਭਿ' ਦਾ ਅਰਥ ਹੈ—ਸਾਹਮਣੇ ਜਾਂ ਪ੍ਰਤੱਖ ਅਤੇ 'ਜਿਤ੍' ਦਾ ਅਰਥ ਹੈ – ਜਿੱਤਣ ਵਾਲਾ, ਕਾਬੂ ਕਰਨ ਵਾਲਾ। ਇਸ ਤਰ੍ਹਾਂ 'ਅਭਿਜਿਤ੍' ਦਾ ਅਰਥ ਹੋਇਆ ਸਾਹਮਣੇ ਹੋ ਕੇ ਜਿੱਤਣ ਵਾਲਾ। 'ਸੰਸਕ੍ਰਿਤ ਸ਼ਬਦਾਰਥ ਕੌਸ੍ਤੁਭ' ਅਨੁਸਾਰ ਇਹ ਇਕ ਵਿਸ਼ੇਸ਼ ਨਛਤ੍ਰ ਹੈ ਜੋ ਉੱਤਰਾਸ਼ਾੜਾ ਦੇ ਆਖ਼ਰੀ 15 ਦੰਡਾਂ ਅਤੇ ਸ੍ਰਵਣਾ ਦੇ ਪਹਿਲੇ ਚਾਰ ਦੰਡਾਂ ਦੇ ਮੇਲ ਨਾਲ ਬਣਦਾ ਹੈ। ਮਹਾਨਕੋਸ਼ਕਾਰ ਨੇ ਦੱਸਿਆ ਹੈ ਕਿ ਜੋਤਿਸ਼ ਅਨੁਸਾਰ ਉੱਤਰਾਸ਼ਾੜਾ ਨਛਤ੍ਰ ਦੇ ਪਿਛਲੇ ਚਾਰ ਭਾਗ ਸਹਿਤ ਸ੍ਰਵਣ ਨਛਤ੍ਰ ਦੀਆਂ ਪਹਿਲੀਆਂ ਚਾਰ ਕਲਾਵਾਂ ਦੇ ਮੇਲ ਨਾਲ ਜੋ ਲਗਨ ਬਣਦਾ ਹੈ, ਉਹ ਅਭਿਜਿਤ ਅਖਵਾਉਂਦਾ ਹੈ। ਇਸ ਲਗਨ ਨੂੰ ਬੜਾ ਸ਼ੁਭ ਮੰਨਿਆ ਜਾਂਦਾ ਹੈ ਕਿਉਂਕਿ ਇਸ ਲਗਨ ਦੌਰਾਨ ਕੀਤੇ ਗਏ ਕਾਰਜ ਵਿਚ ਨਿਸਚੇ ਹੀ ਸਫਲਤਾ ਪ੍ਰਾਪਤ ਹੁੰਦੀ ਹੈ, ਭਾਵੇਂ ਇਹ ਕਾਰਜ ਯੁੱਧ ਹੀ ਕਿਉਂ ਨਾ ਹੋਵੇ।

ਆਮ ਜਨਤਾ ਵਿਚ ਪੁਰੋਹਿਤਾਂ ਦੀ ਫੈਲਾਈ ਇਹ ਧਾਰਣਾ ਹੈ ਕਿ ਇਸ ਲਗਨ ਵੇਲੇ ਅਠਸਠ-ਤੀਰਥਾਂ ਵਿਚੋਂ ਕਿਸੇ ਇਕ ਉਤੇ ਵੀ ਜੇ ਇਸ਼ਨਾਨ ਕੀਤਾ ਜਾਏ ਤਾਂ ਸਾਰੇ ਪਾਪ ਧੋਏ ਜਾਂਦੇ ਹਨ ਅਤੇ ਚੌਰਾਸੀ ਦਾ ਗੇੜ ਖ਼ਤਮ ਹੋ ਜਾਂਦਾ ਹੈ। ਇਹੀ ਕਾਰਣ ਹੈ ਕਿ ਇਸ ਅਵਸਰ 'ਤੇ ਤੀਰਥ-ਸਥਾਨਾਂ ਉਤੇ ਬਹੁਤ ਲੋਕ ਇਸ਼ਨਾਨ ਕਰਨ ਲਈ ਜਾਂਦੇ ਹਨ। ਇਸ ਲੋਕ-ਵਿਸ਼ਵਾਸ ਦੇ ਵਿਪਰੀਤ ਭਾਈ ਗੁਰਦਾਸ ਨੇ ਕਿਹਾ ਹੈ ਕਿ ਅਭੀਚ ਨਛਤ੍ਰ ਤਦ ਹੀ ਧੰਨ ਹੋ ਸਕਦਾ ਹੈ ਜੇ ਉਸ ਮੌਕੇ 'ਤੇ ਵਿਅਕਤੀ ਆਪਣੇ ਅੰਦਰੋਂ ਕਾਮ, ਕਰੋਧ ਅਤੇ ਹੰਕਾਰ ਦੀਆਂ ਬਿਰਤੀਆਂ ਨੂੰ ਕਢ ਦੇਵੇ—'ਧੰਨ ਅਭੀਚ ਨਿਛਤ੍ਰ ਹੈ ਕਾਮ ਕ੍ਰੋਧ ਅਹੰਕਾਰ ਤਿਆਗੇ।' ਗੁਰਬਾਣੀ ਵਿਚ ਵੀ ਇਹ ਸੰਦਰਭ ਵਰਤਿਆ ਮਿਲਦਾ ਹੈ—'ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ' (ਅ. ਗ੍ਰੰ. 1116)। ਤੁਖਾਰੀ ਰਾਗ ਵਿਚ ਆਈ ਗੁਰੂ ਰਾਮਦਾਸ ਦੀ ਇਸ ਤੁਕ ਵਿਚ ਗੁਰੂ ਅਮਰਦਾਸ ਦੇ ਕੁਰੁਕ੍ਸ਼ੇਤਰ ਜਾਣ ਦਾ ਉੱਲੇਖ ਪ੍ਰਤੀਤ ਹੁੰਦਾ ਹੈ।

ਅਮਰਕ : ਵੇਖੋ 'ਸੰਡਾਮਰਕਾ'।

ਅਮਰਕੋਸ਼ : ਇਹ ਛੰਦਾਂ ਵਿਚ ਲਿਖਿਆ ਹੋਇਆ ਸੰਸਕ੍ਰਿਤ ਦਾ ਇਕ ਮਹੱਤਵਪੂਰਣ ਕੋਸ਼ ਹੈ। ਇਸ ਦੀ ਰਚਨਾ ਅਮਰ ਸਿੰਘ ਦੁਆਰਾ ਸੰਨ 550 ਈ. ਦੇ ਨੇੜੇ ਤੇੜੇ ਹੋਈ ਮੰਨੀ ਜਾਂਦੀ ਹੈ, ਕਿਉਂਕਿ ਇਹ ਰਾਜਾ ਬਿਕ੍ਰਮਾਜੀਤ ਦੇ ਨੌਂ ਰਤਨਾਂ ਵਿਚੋਂ ਇਕ ਸੀ। ਇਸ ਕੋਸ਼ ਦੇ ਮੰਗਲਾਚਰਣ ਵਿਚ ਹਿੰਦੂ ਦੇਵੀ-ਦੇਵਤਿਆਂ ਤੋਂ ਪਹਿਲਾਂ ਭਗਵਾਨ

ਬੁੱਧ ਪ੍ਰਤਿ ਸ਼ਰਧਾ ਪ੍ਰਗਟ ਕੀਤੀ ਗਈ ਹੈ। ਇਸ ਤੋਂ ਜ਼ਾਹਿਰ ਹੈ ਕਿ ਅਮਰ ਸਿੰਘ ਬੋਧੀ ਸੀ। ਭਾਈ ਕਾਨ੍ਹ ਸਿੰਘ ਨੇ 'ਮਹਾਨ-ਕੋਸ਼' ਵਿਚ ਇਸ ਨੂੰ ਜੈਨੀ ਲਿਖਿਆ ਹੈ। ਪਰ ਬੋਧੀ ਹੋਣਾ ਇਸ ਰਵਾਇਤ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਸ਼ੰਕਰਾਚਾਰਯ ਵੇਲੇ ਜਦੋਂ ਬੁੱਧ ਮਤ ਪਛਾੜ ਖਾ ਚੁੱਕਿਆ ਸੀ, ਤਾਂ ਉਦੋਂ ਅਮਰ ਸਿੰਘ ਦੀਆਂ ਰਚਨਾਵਾਂ ਨੂੰ ਲਭ-ਲਭ ਕੇ ਅਗਨ-ਭੇਂਟ ਕੀਤਾ ਜਾਂਦਾ ਸੀ। ਇਸ ਕੋਸ਼ ਵਿਚ ਵੱਖ-ਵੱਖ ਵਰਗਾਂ ਵਿਚ ਵੰਡ ਕੇ ਨਾਵਾਂ ਅਤੇ ਉਨ੍ਹਾਂ ਦੇ ਲਿੰਗ-ਸਰੂਪਾਂ ਨੂੰ ਸਪਸ਼ਟ ਕੀਤਾ ਗਿਆ ਹੈ। ਇਸ ਵਿਚ ਅਵ੍ਯਯ ਵੀ ਸ਼ਾਮਲ ਹਨ, ਪਰ ਧਾਤੂਆਂ ਨੂੰ ਦਰਜ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਲਈ ਵੱਖਰੇ ਕੋਸ਼ ਰਚੇ ਜਾਂਦੇ ਸਨ। ਇਸ ਕੋਸ਼ ਵਿਚ ਸਾਧਾਰਣ ਅਤੇ ਅਸਾਧਾਰਣ ਦੋਹਾਂ ਤਰ੍ਹਾਂ ਦੇ ਨਾਂਵ ਮਿਲ ਜਾਂਦੇ ਹਨ। ਕੁਝ ਅਜਿਹੇ ਸ਼ਬਦ ਵੀ ਸ਼ਾਮਲ ਹੋ ਗਏ ਹਨ ਜੋ ਮੂਲ ਰੂਪ ਵਿਚ ਭਾਵੇਂ ਪ੍ਰਾਕ੍ਰਿਤ ਦੇ ਹਨ ਪਰ ਉਨ੍ਹਾਂ ਨੂੰ ਸੰਸਕ੍ਰਿਤ ਦਾ ਸਮਝ ਕੇ ਰਖ ਲਿਆ ਗਿਆ ਹੈ। ਇਸ ਵਿਚ ਕੁਲ ਦਸ ਹਜ਼ਾਰ ਸ਼ਬਦ ਹਨ।

ਪੰਜਾਬੀ ਅਤੇ ਗੁਰਮੁਖੀ ਰਾਹੀਂ ਗਿਆਨ ਹਾਸਲ ਕਰਨ ਵਾਲਿਆਂ ਲਈ ਭਾਈ ਸੰਤੋਖ ਸਿੰਘ ਨੇ 'ਅਮਰ ਕੋਸ਼' ਦਾ 2044 ਦੋਹਰਿਆਂ ਵਿਚ ਸੰਨ 1821 ਈ. ਵਿਚ ਅਨੁਵਾਦ ਕਰਕੇ ਉਸ ਦਾ ਨਾਂ 'ਨਾਮਕੋਸ਼' ਰਖਿਆ ਹੈ ਜੋ ਭਾਸ਼ਾ ਦੇ ਅਧਿਐਨ ਵਿਚ ਰੁਚੀ ਰੱਖਣ ਵਾਲਿਆਂ ਲਈ ਕਾਫ਼ੀ ਲਾਭਦਾਇਕ ਹੈ।

ਅਮਰਦਾਸ, ਗੁਰੂ : ਸਿੱਖ ਧਰਮ ਦੇ ਤੀਜੇ ਗੁਰੂ ਜਿਨ੍ਹਾਂ ਦਾ ਜਨਮ 5 ਮਈ, 1479 ਈ. (ਵੈਸਾਖ ਸੁਦੀ 14, ਸੰਮਤ 1536) ਨੂੰ ਬਾਸਰਕੇ ਪਿੰਡ (ਤਹਿਸੀਲ ਤੇ ਜ਼ਿਲਾ ਅੰਮ੍ਰਿਤਸਰ) ਵਿਚ ਭੱਲਾ ਖਤ੍ਰੀ ਪਰਿਵਾਰ ਵਿਚ ਤੇਜ ਭਾਨ ਦੇ ਘਰ ਮਾਤਾ ਸੁਲੱਖਣੀ (ਨਾਮਾਂਤਰ ਲੱਛਮੀ) ਦੀ ਕੁੱਖੋਂ ਹੋਇਆ। ਆਪ ਕੁਲ-ਪਰੰਪਰਾ ਤੋਂ ਵੈਸ਼ਣਵ ਸਨ ਅਤੇ ਕਈ ਵਾਰ ਤੀਰਥ-ਯਾਤ੍ਰਾ ਕਰ ਚੁੱਕੇ ਸਨ। ਆਪ ਦਾ ਵਿਆਹ ਸੰਨ 1502 ਈ. (11 ਮਾਘ, 1559 ਬਿ.) ਨੂੰ ਸਣਖਤਰ ਪਿੰਡ ਦੇ ਨਿਵਾਸੀ ਦੇਵੀ ਚੰਦ ਬਹਿਲ ਦੀ ਪੁੱਤਰੀ ਮਨਸਾ ਦੇਵੀ (ਨਾਮਾਂਤਰ ਰਾਮ ਕੌਰ) ਨਾਲ ਹੋਇਆ ਜਿਨ੍ਹਾਂ ਤੋਂ ਦੋ ਸੁਪੁੱਤਰਾਂ ਬਾਬਾ ਮੋਹਨ ਅਤੇ ਬਾਬਾ ਮੋਹਰੀ) ਅਤੇ ਦੋ ਸੁਪੁੱਤਰੀਆਂ (ਬੀਬੀ ਦਾਨੀ ਅਤੇ ਬੀਬੀ ਭਾਨੀ) ਪੈਦਾ ਹੋਈਆਂ। ਸੰਮਤ 1597 ਬਿ. ਵਿਚ ਗੰਗਾ ਦੀ ਵੀਹਵੀਂ ਯਾਤ੍ਰਾ ਦੌਰਾਨ ਵਾਪਸ ਆਉਂਦਿਆਂ ਆਪ ਦਾ ਮੇਲ ਇਕ ਬ੍ਰਹਮਚਾਰੀ ਸਾਧੂ ਨਾਲ ਹੋਇਆ। ਸਾਧੂ ਦੇ ਪੁੱਛਣ ਤੇ ਕਿ ਤੁਹਾਡਾ ਗੁਰੂ ਕੌਣ ਹੈ? ਆਪ ਦੇ ਮਨ ਵਿਚ ਗੁਰੂ ਧਾਰਣ ਕਰਨ ਦਾ ਉਤਸਾਹ ਪੈਦਾ ਹੋਇਆ।

ਇਕ ਦਿਨ ਆਪਣੀ ਭਤੀਜ-ਨੂੰਹ, ਬੀਬੀ ਅਮਰੋ, ਜੋ ਗੁਰੂ ਅੰਗਦ ਦੇਵ ਦੀ ਸੁਪੁੱਤਰੀ ਸੀ, ਇਹ ਸ਼ਬਦ ਸੁਣਿਆ – 'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ' (ਅ. ਗ੍ਰੰ. 990) ਅਤੇ ਇਸ ਦੇ ਰਚੈਤਾ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਕਰਕੇ ਸੰਨ 1540 ਈ. (1597 ਬਿ.) ਵਿਚ ਗੁਰੂ ਅੰਗਦ ਦੇਵ ਪਾਸ ਖਡੂਰ ਸਾਹਿਬ ਪਹੁੰਚੇ। ਉਸ ਵਕਤ ਆਪ ਦੀ ਆਯੂ 61 ਵਰ੍ਹਿਆਂ ਦੀ ਸੀ। ਗੁਰੂ ਅੰਗਦ ਦੇਵ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕਰਕੇ ਉਥੇ ਹੀ ਟਿਕ ਗਏ ਅਤੇ ਨਿਸ਼ਕਾਮ ਭਾਵ ਨਾਲ ਗੁਰੂ ਜੀ

ਦੀ ਸੇਵਾ ਵਿਚ ਜੁਟ ਗਏ । ਗੁਰੂ ਅੰਗਦ ਦੇਵ ਦੀ ਆਗਿਆ ਦਾ ਪਾਲਣ ਕਰਦੇ ਹੋਏ ਆਪ ਨੇ ਬਿਆਸ ਨਦੀ ਦੇ ਕੰਢੇ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ । ਆਪ ਦੀ ਸੇਵਾ-ਭਾਵਨਾ, ਅਦੁੱਤੀ-ਭਗਤੀ ਅਤੇ ਲੋਕ-ਭਲਾਈ ਦੇ ਕਾਰਜਾਂ ਵਿਚ ਰੁਚੀ ਨੂੰ ਸਾਹਮਣੇ ਰਖਦਿਆਂ ਗੁਰੂ ਅੰਗਦ ਦੇਵ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 29 ਮਾਰਚ, 1552 ਈ. (ਚੇਤ ਸੁਦੀ 4, 1609 ਬਿ.) ਨੂੰ ਭਰੇ ਦੀਵਾਨ ਵਿਚ ਸੰਗਤ ਸਾਹਮਣੇ ਆਪ ਨੂੰ ਗੁਰੂਗੱਦੀ ਉਪਰ ਸਥਾਪਿਤ ਕੀਤਾ ਅਤੇ ਬਾਬਾ ਬੁੱਢਾ ਨੇ ਗੁਰਿਆਈ ਦਾ ਤਿਲਕ ਦਿੱਤਾ । ਪਰ ਗੁਰੂਗੱਦੀ ਦਾ ਹੱਕ ਜਤਾਉਣ ਵਾਲੇ ਗੁਰੂ ਅੰਗਦ ਦੇਵ ਦੇ ਪੁੱਤਰਾਂ ਦੇ ਮਾੜੇ ਵਿਵਹਾਰ ਕਰਕੇ ਆਪ ਬਾਸਰਕੇ ਪਹੁੰਚ ਕੇ ਇਕ ਕੋਠੇ ਅੰਦਰ ਬੈਠ ਕੇ ਭਜਨ-ਬੰਦਗੀ ਵਿਚ ਮਗਨ ਹੋ ਗਏ । ਬਾਬਾ ਬੁੱਢਾ ਜੀ ਸੰਗਤ ਸਹਿਤ ਬਾਸਰਕੇ ਪਹੁੰਚੇ ਅਤੇ ਦੀਵਾਰ ਵਿਚ ਪਾੜ ਕਰਕੇ ਗੁਰੂ ਜੀ ਤਕ ਪਹੁੰਚ ਹਾਸਲ ਕੀਤੀ ਅਤੇ ਬੇਨਤੀ ਕਰਕੇ ਆਪ ਨੂੰ ਗੋਇੰਦਵਾਲ ਲੈ ਆਏ ।

ਆਪ ਜੀ ਨੇ ਗੋਇੰਦਵਾਲ ਵਿਚ ਸਮਾਜ ਸੁਧਾਰ ਵਲ ਉਚੇਚਾ ਧਿਆਨ ਦਿੱਤਾ । ਛੂਤ-ਛਾਤ ਦੇ ਵਿਰੁੱਧ ਸ਼ਿਦਤ ਨਾਲ ਪ੍ਰਚਾਰ ਕਰਕੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦਾ । ਇਸ ਮੰਤਵ ਨੂੰ ਪੂਰਾ ਕਰਨ ਲਈ ਅਮਲੀ ਜਾਮਾ ਪਵਾਉਣ ਵਜੋਂ ਹਰ ਨਿੱਕੇ-ਵੱਡੇ, ਅਮੀਰ-ਗ਼ਰੀਬ ਨੂੰ ਪੰਗਤ ਵਿਚ ਬੈਠ ਕੇ ਲੰਗਰ ਛਕਣ ਉਪਰੰਤ ਹੀ ਦਰਬਾਰ ਵਿਚ ਹਾਜ਼ਰੀ ਭਰਨ ਦੀ ਪਾਬੰਦੀ ਲਗਾਈ । ਸਤੀ ਵਰਗੀ ਰਸਮ ਨੂੰ ਖ਼ਤਮ ਕਰਨ 'ਤੇ ਬਲ ਦਿੱਤਾ । ਲੋਕਾਂ ਦੇ ਆਤਮਿਕ ਕਲਿਆਣ ਲਈ ਚੌਰਾਸੀ ਪੌੜੀਆਂ ਦੀ ਬਾਉਲੀ ਬਣਵਾਈ । ਸਿੱਖ ਧਰਮ ਅੰਦੋਲਨ ਨੂੰ ਵਿਵਸਥਿਤ ਕਰਨ ਲਈ 22 ਮੰਜੀਆਂ ਦੀ ਸਥਾਪਨਾ ਕੀਤੀ । ਵਿਸਾਖੀ ਉਤੇ ਗੋਇੰਦਵਾਲ ਵਿਚ ਸਰਬਤ ਦਾ ਜੋੜ-ਮੇਲਾ ਕਰਨ ਦੀ ਪ੍ਰਥਾ ਚਲਾਈ । ਗੁਰਬਾਣੀ ਨੂੰ ਪੋਥੀਆਂ ਵਿਚ ਸੰਕਲਿਤ ਕਰਵਾਉਣ ਦਾ ਉੱਦਮ ਆਪਣੀ ਸੰਤਾਨ ਤੋਂ ਕਰਵਾਇਆ । ਆਪ 1 ਸਤੰਬਰ, 1574 ਈ. (ਭਾਦੋਂ ਸੁਦੀ 15, 1631 ਬਿ.) ਨੂੰ 95 ਵਰ੍ਹੇ 3 ਮਹੀਨੇ ਅਤੇ 23 ਦਿਨ ਦੀ ਆਯੂ ਭੋਗ ਕੇ ਜੋਤੀ ਜੋਤਿ ਸਮਾਏ । ਆਪ ਨੇ ਕੁਲ 22 ਵਰ੍ਹੇ 5 ਮਹੀਨੇ ਗੁਰਿਆਈ ਕੀਤੀ । ਆਪ ਸੇਵਾ-ਭਗਤੀ ਦੇ ਪ੍ਰਤੀਕ ਸਮਝੇ ਜਾਂਦੇ ਸਨ ਅਤੇ ਆਪ ਪ੍ਰਤਿ ਭਗਤੀ ਭਾਵਨਾ ਰਖਣ ਵਾਲੇ ਦਾ ਨਿਸਚੈ ਹੀ ਕਲਿਆਣ ਹੋਣਾ ਮੰਨਿਆ ਜਾਂਦਾ ਸੀ—'ਗੁਰੂ ਅਮਰਦਾਸੁ ਜਿਨ੍ਹ ਸੇਵਿਅਉ ਤਿਨ੍ਹ ਦੁਖੁ ਦਰਿਦ੍ਰੁ ਪਰਹਰਿ ਪਰੈ' (ਆ. ਗ੍ਰੰ. 1365) ।

ਆਪ ਦੀ ਰਚੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ । ਆਪ ਦੇ ਸ਼ਬਦਾਂ ਦੀ ਕੁਲ ਗਿਣਤੀ 885 ਹੈ । ਵੱਡੇ ਆਕਾਰ ਦੀਆਂ ਬਾਣੀਆਂ ਵਿਚੋਂ ਪਟੀ, ਵਾਰ ਗੂਜਰੀ, ਅਲਾਹਣੀਆਂ, ਵਾਰ ਸੂਹੀ, ਸਤਵਾਰੇ, ਅਨੰਦੁ, ਵਾਰ ਰਾਮਕਲੀ, ਵਾਰ ਮਾਰੂ ਆਦਿ ਵਿਸ਼ੇਸ਼ ਉੱਲੇਖਯੋਗ ਹਨ । ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ 18 ਰਾਗਾਂ ਵਿਚ ਦਰਜ ਹੈ ।

ਅਮਰਨਾਥ : ਇਸ ਨਾਂ ਦੇ ਸ਼ਿਵ ਮਤ ਨਾਲ ਸੰਬੰਧ ਰਖਣ ਵਾਲੇ ਦੋ ਤੀਰਥ ਹਨ । ਇਨ੍ਹਾਂ ਵਿਚੋਂ ਇਕ ਕਸ਼ਮੀਰ ਵਿਚ ਹੈ ਜੋ ਸ੍ਰੀਨਗਰ ਤੋਂ ਪੂਰਵ ਦਿਸ਼ਾ ਵਿਚ ਮਟਨ ਦੇ

ਮਾਰਗ ਉਤੇ ਅਮਰ ਗੰਗਾ ਨਾਂ ਦੀ ਨਦੀ ਲੰਘ ਕੇ ਆਉਂਦਾ ਹੈ। ਇਹ, ਅਸਲ ਵਿਚ, ਸਮੁੰਦਰ ਦੇ ਕੰਢੇ ਤੋਂ 16000 ਫੁਟ ਦੀ ਉਚਾਈ ਉਤੇ ਸਥਿਤ ਇਕ ਗੁਫਾ ਹੈ ਜੋ ਲਗਭਗ 16 ਫੁਟ ਲੰਬੀ, 30 ਫੁਟ ਚੌੜੀ ਅਤੇ 15 ਫੁੱਟ ਉੱਚੀ ਹੈ। ਕਿਹਾ ਜਾਂਦਾ ਹੈ ਕਿ ਇਸ ਗੁਫਾ ਦੇ ਉਪਰਲੇ ਪਰਬਤ ਵਿਚ ਰਾਮਕੁੰਡ ਹੈ ਜਿਥੋਂ ਇਕ ਛਿਦਰ ਰਾਹੀਂ ਬੂੰਦ-ਬੂੰਦ ਕਰਕੇ ਜਲ ਟਪਕਦਾ ਰਹਿੰਦਾ ਹੈ ਅਤੇ ਅਤਿ ਦੀ ਸਰਦੀ ਕਾਰਣ ਉਹ ਲੰਬੂਤਰਾ ਪਿੰਡ ਜਿਹਾ ਬਣਦਾ ਜਾਂਦਾ ਹੈ। ਸ਼ਰਧਾਲੂ ਇਸ ਨੂੰ ਸ਼ਿਵਲਿੰਗ ਮੰਨ ਕੇ ਪੂਜਾ ਕਰਦੇ ਹਨ। ਇਹ ਸ਼ਿਵਲਿੰਗ ਆਮ ਤੌਰ ਤੇ ਸਰਦੀਆਂ ਵਿਚ ਬਣਦਾ ਹੈ ਅਤੇ ਗਰਮੀਆਂ ਵਿਚ ਬਹੁਤ ਹੌਲੀ ਹੌਲੀ ਗਲਦਾ ਹੈ, ਪਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦਾ। ਯਾਤ੍ਰੀ ਲੋਕ ਅਮਰ-ਗੰਗਾ ਵਿਚ ਇਸ਼ਨਾਨ ਕਰਕੇ ਲਗਭਗ 1300 ਫੁਟ ਉਪਰ ਗੁਫਾ ਦੇ ਦਰਸ਼ਨ ਲਈ ਜਾਂਦੇ ਹਨ। ਇਥੇ ਸਾਉਣ ਸੁਦੀ 15 ਨੂੰ ਬਹੁਤ ਵੱਡਾ ਮੇਲਾ ਲਗਦਾ ਹੈ ਜਿਸ ਵਿਚ ਦੂਰ-ਦੂਰ ਤੋਂ ਸ਼ਰਧਾਲੂ ਸ਼ਾਮਲ ਹੋਣ ਲਈ ਆਉਂਦੇ ਹਨ।

'ਅਮਰਨਾਥ' ਨਾਂ ਨਾਲ ਪ੍ਰਸਿੱਧ ਦੂਜਾ ਸ਼ਿਵ-ਤੀਰਥ ਮਹਾਰਾਸ਼ਟਰ ਵਿਚ ਇਸ ਹੀ ਨਾਂ ਦੇ ਇਕ ਪ੍ਰਾਚੀਨ ਨਗਰ ਵਿਚ ਸਥਿਤ ਹੈ। ਇਹ ਬੰਬਈ ਤੋਂ ਲਗਭਗ 60 ਕਿ. ਮੀ. ਦੀ ਦੂਰੀ ਤੇ ਥਾਨਾ ਜ਼ਿਲੇ ਵਿਚ ਹੈ। ਨਗਰ ਦੀ ਪੂਰਵੀ ਦਿਸ਼ਾ ਵਿਚ ਇਕ ਮੰਦਿਰ ਹੈ ਜਿਸ ਦੀ ਸ਼ਿਲਪ-ਕਲਾ ਅਤਿ ਸੁੰਦਰ ਹੈ, ਪਰ ਹੁਣ ਇਸ ਦੇ ਖੰਡਰ ਹੀ ਬਚੇ ਹਨ। ਇਸ ਵਿਚਲੀਆਂ ਮੂਰਤੀਆਂ ਵਿਚੋਂ ਤ੍ਰੈਮਸਤ ਦੀ ਮੂਰਤੀ ਬਹੁਤ ਪ੍ਰਸਿੱਧ ਅਤੇ ਮੁੱਖ ਹੈ ਜਿਸ ਦੇ ਗੋਡਿਆਂ ਉਤੇ ਇਕ ਨਾਰੀ ਵੀ ਬੈਠੀ ਹੋਈ ਹੈ। ਅਨੁਮਾਨ ਹੈ ਕਿ ਇਹ ਮੂਰਤੀ ਸ਼ਿਵ ਅਤੇ ਪਾਰਬਤੀ ਨੂੰ ਪ੍ਰਦਰਸ਼ਿਤ ਕਰਦੀ ਹੈ। ਇਥੇ ਮਾਘ ਮਹੀਨੇ ਵਿਚ ਸ਼ਿਵਰਾਤ੍ਰੀ ਦਾ ਤਿਉਹਾਰ ਖ਼ੂਬ ਮਨਾਇਆ ਜਾਂਦਾ ਹੈ ਅਤੇ ਮੇਲਾ ਵੀ ਲਗਦਾ ਹੈ। ਇਸ ਵਿਚ ਸੰਨ 1060 ਈ. ਵਿਚ ਲਿਖਿਆ ਇਕ ਪੁਰਾਤਨ ਸ਼ਿਲਾ-ਲੇਖ ਵੀ ਮਿਲਦਾ ਹੈ।

ਅਮਰਾਪੁਰੀ : ਇੰਦਰ ਦੀ ਨਗਰੀ। ਵੇਖੋ 'ਇੰਦਰ'।

ਅਯੋਧਿਆ : ਇਸ ਦਾ ਸ਼ਾਬਦਿਕ ਅਰਥ ਹੈ ਜੋ ਯੁੱਧ ਜਾਂ ਆਕ੍ਰਮਣ ਕਰਨਯੋਗ ਨਾ ਹੋਵੇ; ਅਰਥਾਤ ਪ੍ਰਬਲ ਜਾਂ ਸ਼ਕਤੀਸ਼ਾਲੀ। ਇਸ ਨਾਂ ਦਾ ਨਗਰ ਅੱਜ-ਕਲ ਉੱਤਰ ਪ੍ਰਦੇਸ਼ ਦੇ ਫੈਜ਼ਾਬਾਦ ਜ਼ਿਲੇ ਵਿਚ ਸਰਯੂ ਨਦੀ ਦੇ ਕੰਢੇ ਉਤੇ ਸਥਿਤ ਹੈ। ਇਸ ਦਾ ਮਹੱਤਵ ਸ੍ਰੀ ਰਾਮ ਚੰਦਰ ਦੀ ਜਨਮ-ਭੂਮੀ ਹੋਣ ਕਾਰਣ ਹੈ। ਇਹ ਪੁਰਾਤਨ ਕਾਲ ਤੋਂ ਕੌਸ਼ਲ ਜਨਪਦ ਅਤੇ ਸੂਰਜ-ਵੰਸ਼ੀ ਛੱਤ੍ਰੀ ਰਾਜਿਆਂ ਦੀ ਰਾਜਧਾਨੀ ਰਹੀ ਹੈ ਜਿਨ੍ਹਾਂ ਵਿਚੋਂ ਦਸ਼ਰਥ ਦੇ ਘਰ ਕੌਸ਼ਲਿਆ ਰਾਣੀ ਦੀ ਕੁੱਖੋਂ ਵਿਸ਼ਣੂ ਦੇ ਅਵਤਾਰ ਰੂਪ ਵਿਚ ਸ੍ਰੀ ਰਾਮ ਚੰਦਰ ਦਾ ਜਨਮ ਹੋਇਆ। ਰਾਮਾਇਣ ਕਾਵਿ-ਪਰੰਪਰਾ ਵਿਚ ਉੱਲੇਖ ਮਿਲਦਾ ਹੈ ਕਿ ਇਹ ਸਾਰੀ ਨਗਰੀ ਸ੍ਰੀ ਰਾਮ ਨਾਲ ਵਿਮਾਨ ਵਿਚ ਚੜ੍ਹ ਕੇ ਬੈਕੁੰਠ ਧਾਮ ਨੂੰ ਚਲੀ ਗਈ ਸੀ। ਹੁਣ ਵਾਲੀ ਅਯੋਧਿਆ ਬਾਦ ਦੇ ਰਿਸ਼ੀਆਂ ਮੁਨੀਆਂ ਨੇ ਖੋਜ ਕੇ ਨਿਸਚਿਤ ਕੀਤੀ ਹੈ। ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚ ਇਹ ਦਾ ਪਹਿਲਾ ਸਥਾਨ ਹੈ।

ਇਹ ਨਗਰ ਕਦੋਂ ਬਣਿਆ, ਇਸ ਬਾਰੇ ਵੱਖ ਵੱਖ ਮਤ ਪ੍ਰਚਲਿਤ ਹਨ। ਮੁੱਖ ਰੂਪ ਵਿਚ, ਬਾਲਮੀਕ ਅਨੁਸਾਰ, ਇਸ ਨਗਰ ਨੂੰ ਵੈਵਸ੍ਵਤ ਮਨੂ ਨੇ ਵਸਾਇਆ ਸੀ। 'ਸਕੰਦ

ਪੁਰਾਣ' (1/54/65) ਅਨੁਸਾਰ ਇਸ ਦੀ ਸ਼ਕਲ ਜਾਂ ਆਕਾਰ ਮੱਛੀ ਵਰਗਾ ਹੈ। 'ਤੀਰਥ-ਕਲਪ' (ਅਧਿ. 34) ਵਿਚ ਇਸ ਨੂੰ ਬਾਰ੍ਹਾਂ ਯੋਜਨ ਲੰਮੀ ਅਤੇ ਨੌਂ ਯੋਜਨ ਚੌੜੀ ਲਿਖਿਆ ਹੈ। 'ਯੋਗਿਨੀਤੰਤ੍ਰ' ਵਿਚ ਇਸ ਦੀ ਚੌੜਾਈ ਤਿੰਨ ਯੋਜਨ ਲਿਖੀ ਹੈ, ਲੰਬਾਈ ਬਾਰ੍ਹਾਂ ਯੋਜਨ ਹੀ ਦਸੀ ਹੈ।

ਸੱਤਵੀਂ ਸਦੀ ਵਿਚ ਜਦੋਂ ਇਥੇ ਚੀਨੀ ਯਾਤ੍ਰੀ ਹਿਊਨ ਸਾਂਗ ਆਇਆ ਤਾਂ ਇਥੇ ਬੁੱਧ ਧਰਮ ਵਾਲਿਆਂ ਦਾ ਬਹੁਤ ਪ੍ਰਚਾਰ ਸੀ। ਬੋਧ ਸਾਹਿੱਤ ਦਾ 'ਸਾਕੇਤ' ਇਹੀ ਹੈ। ਇਥੇ 20 ਬੋਧੀ ਮੰਦਿਰਾਂ ਵਿਚ ਲਗਭਗ 3000 ਭਿਕਸ਼ੂ ਰਹਿੰਦੇ ਸਨ। ਹੁਣ ਉਨ੍ਹਾਂ ਮੰਦਿਰਾਂ ਦੇ ਖੰਡਰ ਹੀ ਬਾਕੀ ਹਨ। ਜੈਨ ਤੀਰਥਾਂਕਰ ਆਦਿ-ਨਾਥ ਦੀ ਵੀ ਇਹ ਜਨਮ-ਭੂਮੀ ਹੈ। ਸ੍ਰੀ ਰਾਮ ਚੰਦਰ ਜੀ ਨਾਲ ਸੰਬੰਧਿਤ ਸੀਤਾ-ਰਸੋਈ, ਹਨੂਮਾਨਗੜ੍ਹੀ ਆਦਿ ਵਿਸ਼ੇਸ਼ ਪ੍ਰਸਿੱਧ ਹਨ। ਇਥੇ ਰਾਮ ਦੇ ਜਨਮ-ਸਥਲ ਉਤੇ ਵੀ ਇਕ ਪੁਰਾਤਨ ਮੰਦਿਰ ਬਣੇ ਹੋਣ ਦੀ ਪਰੰਪਰਾ ਮੌਜੂਦ ਹੈ ਜਿਸ ਨੂੰ ਮੁਗ਼ਲ ਸ਼ਾਸਨ ਕਾਲ ਵਿਚ ਗਿਰਵਾ ਕੇ ਬਾਬਰੀ ਮਸਜਿਦ ਉਸਾਰੀ ਗਈ ਸੀ ਅਤੇ ਜੋ ਹੁਣ ਤਕ ਵਾਦ-ਵਿਵਾਦ ਅਤੇ ਸੰਪ੍ਰਦਾਇਕ ਕਟੂਤਾ ਦਾ ਕਾਰਣ ਬਣੀ ਹੋਈ ਹੈ। ਇਥੇ ਪਹਿਲੇ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਆਏ ਸਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਬਾਰੇ ਹਵਾਲਾ ਹੈ—'ਮਥੁਰਾ ਮਾਇਆ ਅਜੁਧਿਆ ਕਾਸੀ ਕੇਦਾਰੇ' (34/17)।

ਅਮੀਰ ਹਮਜ਼ਾ : ਵੇਖੋ 'ਹਮਜ਼ਾ, ਅਮੀਰ'।

ਅਰਸ਼ : ਵੇਖੋ 'ਸੱਤ-ਆਸਮਾਨ'।

ਅਰਸਤੂ (Aristoteles) : ਇਹ ਪ੍ਰਸਿੱਧ ਯੂਨਾਨੀ ਵਿਦਵਾਨ ਅਫ਼ਲਾਤੂਨ ਦਾ ਸ਼ਿਸ਼ ਸੀ। ਇਸ ਦਾ ਜਨਮ ਯੂਨਾਨ ਦੇਸ਼ ਦੀ ਮਕਦੂਨੀਆ ਰਿਆਸਤ ਦੇ ਇਕ ਨਵੇਂ ਵਸੇ ਕਸਬੇ ਸਟਜਾਈਰਾ ਵਿਚ 384 ਈ. ਪੂ. ਵਿਚ ਹੋਇਆ। ਇਸ ਦਾ ਪਿਤਾ ਨੀਕੋਮੇਕਸ ਮਕਦੂਨੀਆ ਦਾ ਸ਼ਾਹੀ ਵੈਦ ਸੀ। ਇਸ ਦੀ ਮਾਤਾ ਵੀ ਚੰਗੇ ਪ੍ਰਾਕ੍ਰਿਤਿਕ ਪਿਛੋਕੜ ਵਾਲੀ ਸੀ। ਜੀਵ-ਵਿਗਿਆਨ ਅਤੇ ਪ੍ਰਾਕ੍ਰਿਤਿਕ ਵਸਤੂਆਂ ਵਿਚ ਰੁਚੀ ਇਸ ਨੂੰ ਵਿਰਸੇ ਵਿਚ ਮਿਲੀ ਸੀ। ਅਰਸਤੂ ਦੇ ਮਾਤਾ ਪਿਤਾ ਇਸ ਦੇ ਬਚਪਨ ਵਿਚ ਹੀ ਮਰ ਗਏ ਸਨ।

ਲਗਭਗ 18 ਵਰ੍ਹਿਆਂ ਦੀ ਉਮਰ ਵਿਚ ਇਹ ਏਥੇਂਸ ਆਇਆ ਅਤੇ ਮਹਾਨ ਚਿੰਤਕ ਅਫ਼ਲਾਤੂਨ ਦਾ ਸ਼ਿਸ਼ ਬਣਿਆ। ਉਥੇ ਇਸ ਨੇ 20 ਸਾਲ ਤਕ ਆਪਣੇ ਉਸਤਾਦ ਦੇ ਦਾਰਸ਼ਨਿਕ ਵਿਚਾਰਾਂ ਦਾ ਬੜੀ ਬਾਰੀਕੀ ਨਾਲ ਅਧਿਐਨ ਕੀਤਾ। 347 ਈ. ਪੂ. ਵਿਚ ਅਫ਼ਲਾਤੂਨ ਦੀ ਮ੍ਰਿਤੂ ਤੋਂ ਬਾਦ ਇਸ ਨੇ ਵਿਆਹ ਕਰਕੇ ਏਥੇਂਸ ਨੂੰ ਛਡ ਦਿੱਤਾ ਅਤੇ ਆਪਣੇ ਮਿੱਤਰ ਹਰਮੀਆਸ ਕੋਲ ਰਹਿਣ ਲੱਗਾ ਜੋ ਐਟਾਰਨੀਅਸ ਦਾ ਸ਼ਾਸਕ ਸੀ। ਪਰ ਉਥੋਂ ਦੀ ਰਾਜਨੈਤਿਕ ਉਥਲ-ਪੁਥਲ ਕਾਰਣ ਇਹ 342 ਈ. ਪੂ. ਮਕਦੂਨੀਆ ਦੇ ਬਾਦਸ਼ਾਹ ਫੈਲਕੂਸ ਦੇ ਪਾਸ ਆਇਆ ਜਿਸ ਨੇ ਇਸ ਨੂੰ ਆਪਣੇ ਪੁੱਤਰ ਸਿਕੰਦਰ ਦਾ ਉਸਤਾਦ ਮੁਕੱਰਰ ਕੀਤਾ। ਲਗਭਗ ਅੱਠ ਵਰ੍ਹੇ ਇਹ ਸ਼ਾਹੀ ਦਰਬਾਰ ਵਿਚ ਰਿਹਾ ਅਤੇ ਫੈਲਕੂਸ ਦੀ ਮ੍ਰਿਤੂ ਤੋਂ ਬਾਦ ਏਥੇਂਸ ਪਰਤ ਆਇਆ। ਏਥੇਂਸ ਵਿਚ

ਲਾਈਸੀਅਮ ਨਾਂ ਵਾਲੇ ਆਸ਼੍ਰਮ ਵਿਚ 13 ਵਰ੍ਹੇ ਰਹਿ ਕੇ ਇਸ ਨੇ ਆਪਣੇ ਸਿੱਧਾਂਤਾਂ ਨੂੰ ਕਿਤਾਬੀ ਰੂਪ ਦੇਣਾ ਸ਼ੁਰੂ ਕੀਤਾ ਅਤੇ ਆਪਣੇ ਸ਼ਿਸ਼ਾਂ ਨੂੰ ਅਧਿਐਨ ਕਰਵਾਇਆ। ਇਸ ਬਾਰੇ ਪ੍ਰਸਿੱਧ ਹੈ ਕਿ ਇਹ ਤੁਰਦਿਆਂ ਫਿਰਦਿਆਂ ਆਪਣੇ ਸ਼ਿਸ਼ਾਂ ਨੂੰ ਵਿਦਿਆ-ਦਾਨ ਦਿੰਦਾ ਸੀ। ਉਥੇ ਇਸ ਨੇ ਇਕ ਪੁਸਤਕਾਲਾ ਅਤੇ ਅਜਾਇਬ ਘਰ ਵੀ ਕਾਇਮ ਕੀਤਾ। 322 ਈ. ਪੂ. ਵਿਚ 62 ਵਰ੍ਹਿਆਂ ਦੀ ਉਮਰ ਭੋਗਣ ਉਪਰੰਤ ਇਸ ਦਾ ਦੇਹਾਂਤ ਹੋਇਆ।

ਅਰਸਤੂ ਦੀਆਂ ਰਚੀਆਂ ਪੁਸਤਕਾਂ ਦੀ ਗਿਣਤੀ ਇਕ ਹਜ਼ਾਰ ਤਕ ਮੰਨੀ ਜਾਂਦੀ ਹੈ, ਪਰ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਪ੍ਰਮਾਣਿਕ ਨਹੀਂ ਹਨ। ਅਰਸਤੂ ਨੇ ਤਰਕ-ਸ਼ਾਸਤ੍ਰ, ਨੀਤੀ-ਸ਼ਾਸਤ੍ਰ, ਰਾਜਨੀਤੀ-ਸ਼ਾਸਤ੍ਰ, ਅਰਥ-ਸ਼ਾਸਤ੍ਰ, ਅਲੰਕਾਰ-ਸ਼ਾਸਤ੍ਰ, ਕਾਵਿ-ਸ਼ਾਸਤ੍ਰ, ਭੌਤਿਕ-ਸ਼ਾਸਤ੍ਰ, ਜੀਵ-ਸ਼ਾਸਤ੍ਰ ਆਦਿ ਬਾਰੇ ਪੁਸਤਕਾਂ ਲਿਖ ਕੇ ਆਪਣੇ ਸਿੱਧਾਂਤਾਂ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਅਰਸਤੂ ਦੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਨੇ ਜਿਸ ਵਿਸ਼ੇ ਉਤੇ ਲਿਖ ਦਿੱਤਾ, ਉਸ ਵਿਚਲੇ ਸਿੱਧਾਂਤ ਦੀ ਹੁਣ ਤਕ ਵੀ ਧਾਕ ਕਾਇਮ ਹੈ। ਅਰਸਤੂ ਦੀ ਵਿਚਾਰਧਾਰਾ ਭਾਵੇਂ ਆਪਣੇ ਉਸਤਾਦ ਅਫ਼ਲਾਤੂਨ ਦੀ ਵਿਚਾਰਧਾਰਾ ਦਾ ਹੀ ਵਿਕਾਸ ਕਰਦੀ ਸੀ, ਪਰ ਇਹ ਸੁਤੰਤਰ ਚਿੰਤਕ ਹੋਣ ਨਾਤੇ ਕਈ ਵਾਰ ਅਰਸਤੂ ਦੀ ਵਿਚਾਰਧਾਰਾ ਤੋਂ ਹਟ ਕੇ ਵੀ ਚਲਦਾ ਸੀ।

ਅਰਸਤੂ ਦੀ ਸਭ ਤੋਂ ਮਹਾਨ ਰਚਨਾ ਤਰਕ-ਸ਼ਾਸਤ੍ਰ ਹੈ ਜੋ ਅੱਜ ਤਕ ਦੇ ਤਰਕ-ਸ਼ਾਸਤ੍ਰ ਦਾ ਮੂਲਾਧਾਰ ਹੈ ਅਤੇ ਜਿਸ ਵਿਚ ਸੁਕਰਾਤ ਅਤੇ ਅਫ਼ਲਾਤੂਨ ਦੀ ਵਿਚਾਰ-ਛਾਇਆ ਮੌਜੂਦ ਹੈ। ਇਸ ਨੇ ਰਾਜਨੀਤੀ-ਸ਼ਾਸਤ੍ਰ ਵਿਚ ਜਨ-ਹਿਤ ਉਤੇ ਜ਼ੋਰ ਦਿੱਤਾ ਹੈ ਅਤੇ ਨੀਤੀ-ਸ਼ਾਸਤ੍ਰ ਵਿਚ ਇਸ ਨੇ ਸ਼ੁੱਧ ਅਤੇ ਸੱਚੀ ਮਾਨਵਤਾ ਦੇ ਵਿਕਾਸ ਦਾ ਵਿਸ਼ਲੇਸ਼ਣ ਕੀਤਾ ਹੈ। ਸਾਹਿੱਤ ਅਤੇ ਕਲਾ ਦੇ ਖੇਤਰ ਵਿਚ ਇਸ ਦੇ ਵਿਚਾਰ ਸੌਂਹਜਵਾਦੀ ਹਨ। ਕਾਫ਼ੀ ਸਮੇਂ ਤਕ ਇਸ ਦੀਆਂ ਰਚਨਾਵਾਂ ਅੰਧਕਾਰ ਵਿਚ ਹੀ ਰਹੀਆਂ, ਪਰ ਮੱਧ ਯੁਗ ਵਿਚ ਰੋਮਨ ਕੈਥੋਲਿਕ ਧਰਮ ਦੀ ਦ੍ਰਿੜ੍ਹਤਾ ਨਾਲ ਉਸ ਵੇਲੇ ਦੀ ਸੰਸਕ੍ਰਿਤੀ ਅਤੇ ਸਭਿਅਤਾ ਉਤੇ ਅਰਸਤੂ ਦੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਪਿਆ ਅਤੇ ਅਨੇਕ ਭਾਸ਼ਾਵਾਂ ਵਿਚ ਇਸ ਦੀਆਂ ਰਚਨਾਵਾਂ ਦੇ ਅਨੁਵਾਦ ਛੱਪਣ ਲਗੇ। ਇਸ ਤਰ੍ਹਾਂ ਸਾਰੇ ਵਿਸ਼ਵ ਵਿਦਿਆਲਿਆਂ, ਅਮੀਰ ਲੋਕਾਂ ਦੀਆਂ ਲਾਇਬ੍ਰੇਰੀਆਂ ਵਿਚ ਅਰਸਤੂ ਦੀਆਂ ਪੁਸਤਕਾਂ ਸ਼ਿੰਗਾਰ ਬਣਨ ਲਗੀਆਂ। ਇਹ ਆਪਣੇ ਵਕਤ ਦਾ ਪ੍ਰਮੁਖ ਚਿੰਤਕ ਅਤੇ ਵਿਸ਼ਵ-ਪ੍ਰਸਿੱਧੀ ਵਾਲਾ ਵਿਦਵਾਨ ਸੀ। ਪੰਜਾਬੀ ਕਾਵਿ ਵਿਚ ਇਸ ਬਾਰੇ ਇਕ ਗੰਭੀਰ ਸੂਝਵਾਨ ਵਜੋਂ ਸੰਕੇਤ ਮਿਲਦੇ ਹਨ। ਸੱਸੀ-ਹਾਸ਼ਮ ਵਿਚ ਲਿਖਿਆ ਹੈ—'ਅਫਲਾਤੂਨ ਅਰਸਤੂ ਜੇਹੇ ਹੋਣ ਸ਼ਗਿਰਦ ਹੁਨਰ ਦੇ।'

ਅਰਹੰਤ/ਅਰਿਹੰਤ : ਇਸ ਦਾ ਸ਼ਾਬਦਿਕ ਅਰਥ ਹੈ ਵੈਰੀ ਨੂੰ ਨਾਸ਼ ਕਰਨ ਵਾਲਾ। ਅਧਿਆਤਮਿਕ ਜਗਤ ਵਿਚ ਮੋਹ ਨੂੰ ਹੀ ਵੈਰੀ ਮੰਨਿਆ ਗਿਆ ਹੈ। ਇਸ ਲਈ ਮੋਹ ਦੇ ਪ੍ਰਭਾਵ ਤੋਂ ਉੱਚਾ ਰਹਿਣ ਵਾਲਾ ਹੀ 'ਅਰਿਹੰਤ' ਹੈ। ਇਸ ਨੂੰ ਲੋਕ-ਜੀਵਨ ਦਾ ਵੱਡਾ ਹਿਤੈਸ਼ੀ ਅਤੇ ਉਪਕਾਰੀ ਮੰਨਿਆ ਗਿਆ ਹੈ।

ਜੈਨਮਤ ਵਿਚ ਅਰਿਹੰਤ ਪੂਜ੍ਯ ਇਸ਼ਟ ਦੇਵ ਦਾ ਸੂਚਕ ਹੈ। ਇਸ ਨੂੰ 'ਜਿਨ' ਜਾਂ 'ਤੀਰਥਾਂਕਰ' ਵੀ ਕਿਹਾ ਜਾਂਦਾ ਹੈ। ਜੈਨ-ਮਤ ਦਾ ਮੋਢੀ ਅਤੇ ਪਹਿਲਾ ਤੀਰਥਾਂਕਰ ਰਿਸ਼ਭਦੇਵ ਸੀ। 'ਭਾਗਵਤ ਪੁਰਾਣ' (1/3, 2/7, 11/4) ਵਿਚ ਇਸ ਨੂੰ ਵਿਸ਼ਣੂ ਦਾ ਅਵਤਾਰ ਮੰਨਿਆ ਗਿਆ ਹੈ। 'ਦਸਮ-ਗ੍ਰੰਥ' ਦੇ "ਚੌਬੀਸਾਵਤਾਰ" ਪ੍ਰਸੰਗ ਵਿਚ ਵੀ ਇਸ ਨੂੰ ਵਿਸ਼ਣੂ ਦਾ ਪੰਦਰ੍ਹਵਾਂ ਅਵਤਾਰ ਲਿਖਿਆ ਗਿਆ ਹੈ—'ਬਿਸਨ ਦੇਵ ਆਗਿਆ ਜਬ ਪਾਈ।/ਕਾਲ ਪੁਰਖ ਕੀ ਕਰੀ ਬਡਾਈ।/ਭੂਅ ਅਰਹੰਤ ਦੇਵ ਬਨ ਆਯੋ।/ਆਨ ਅਉਰ ਹੀ ਪੰਥ ਚਲਾਯੋ।'

ਇਕ ਕਾਲ ਵਿਚ ਇਕ ਹੀ ਅਰਿਹੰਤ ਜਨਮ ਲੈਂਦਾ ਹੈ। ਜੈਨ ਮਤ ਅਨੁਸਾਰ ਮਹਾਬੀਰ ਚੌਵੀਵਾਂ ਅਤੇ ਅੰਤਿਮ ਤੀਰਥਾਂਕਰ ਸੀ। ਕਈ ਵਾਰ ਬੁੱਧ ਮਤ ਵਿਚ ਉਸ ਰਿਸ਼ੀ ਨੂੰ ਵੀ ਅਰਿਹੰਤ ਕਿਹਾ ਜਾਂਦਾ ਹੈ ਜੋ ਗਿਆਨ ਰਾਹੀਂ ਨਿਰਵਾਣ ਪ੍ਰਾਪਤ ਕਰ ਚੁੱਕਿਆ ਹੋਵੇ।

ਅਰਜਨ ਦੇਵ, ਗੁਰੂ : ਸਿੱਖ ਧਰਮ ਦੇ ਪੰਜਵੇਂ ਗੁਰੂ ਜਿਨ੍ਹਾਂ ਦਾ ਜਨਮ 15 ਅਪ੍ਰੈਲ, 1563 ਈ. (ਵੈਸਾਖ ਵਦੀ 7, 1620 ਬਿ.) ਨੂੰ ਆਪਣੇ ਨਾਨਕੇ ਪਿੰਡ ਗੋਇੰਦਵਾਲ ਵਿਚ ਗੁਰੂ ਰਾਮਦਾਸ ਦੇ ਘਰ ਬੀਬੀ ਭਾਨੀ ਦੀ ਕੁੱਖੋਂ ਹੋਇਆ ਜੋ ਗੁਰੂ ਅਮਰਦਾਸ ਦੀ ਸੁਪੁੱਤਰੀ ਸੀ। ਆਪ ਦਾ ਵਿਆਹ ਸੰਨ 1579 ਈ. (23 ਹਾੜ, 1636 ਬਿ.) ਨੂੰ ਮਉ ਪਿੰਡ ਦੇ ਕ੍ਰਿਸ਼ਨ ਚੰਦ ਦੀ ਸਪੁੱਤਰੀ ਗੰਗਾ ਦੇਵੀ ਨਾਲ ਹੋਇਆ ਜਿਸ ਦੀ ਕੁੱਖ ਤੋਂ ਛੇਵੇਂ ਗੁਰੂ ਹਰਿਗੋਬਿੰਦ ਦਾ ਜਨਮ ਹੋਇਆ। ਆਪ ਦੇ ਨਾਨਾ ਜੀ ਆਪ ਦੀ ਉਚੇਰੀ ਦੇਖ-ਭਾਲ ਕਰਦੇ ਸਨ। ਉਨ੍ਹਾਂ ਦੀ ਹੀ ਛੱਤਰ-ਛਾਇਆ ਵਿਚ ਆਪ ਨੇ ਬਚਪਨ ਦੇ ਸਾਢੇ ਗਿਆਰਾ ਵਰ੍ਹੇ ਬਿਤਾਏ ਸਨ। ਆਪ ਦੀ ਅਧਿਆਤਮਿਕ ਲੀਨਤਾ ਵੇਖ ਕੇ ਗੁਰੂ ਅਮਰਦਾਸ ਨੇ ਭਵਿਖ-ਬਾਣੀ ਕੀਤੀ ਸੀ—'ਦੋਹਿਤਾ, ਬਾਣੀ ਕਾ ਬੋਹਿਥਾ'। ਇਹ ਭਵਿਖ-ਬਾਣੀ ਅੱਖਰ-ਬ-ਅੱਖਰ ਸੱਚ ਨਿਕਲੀ ਕਿਉਂਕਿ ਆਪ ਨੇ ਨਾ ਕੇਵਲ ਖ਼ੁਦ ਹੀ ਸਭ ਤੋਂ ਅਧਿਕ ਬਾਣੀ ਦੀ ਰਚਨਾ ਕੀਤੀ, ਸਗੋਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਵੀ ਮੀਲ-ਪੱਥਰ ਕਾਇਮ ਕੀਤਾ ਅਤੇ ਲੋਕਾਂ ਅੰਦਰ ਸਭਿਆਚਾਰਿਕ ਚੇਤਨਾ ਪੈਦਾ ਕੀਤੀ।

ਨਾਨਾ-ਗੁਰੂ ਦੇ ਜੋਤੀ ਜੋਤਿ ਸਮਾਉਣ (ਸੰਨ 1574 ਈ.) ਤੋਂ ਬਾਦ ਆਪ ਆਪਣੇ ਪਿਤਾ ਪਾਸ 'ਗੁਰੂ ਚਕ' (ਅੰਮ੍ਰਿਤਸਰ) ਆ ਗਏ ਜਿਥੇ ਅਨੇਕ ਪ੍ਰਕਾਰ ਦੀ ਉਸਾਰੀ ਦਾ ਕੰਮ ਚਲ ਰਿਹਾ ਸੀ। ਇਸੇ ਦੌਰਾਨ ਆਪ ਨੂੰ ਕਿਸੇ ਵਿਆਹ ਦੇ ਸੰਬੰਧ ਵਿਚ ਲਾਹੌਰ ਜਾਣਾ ਪਿਆ ਅਤੇ ਲੋੜ ਤੋਂ ਵੱਧ ਸਮੇਂ ਲਈ ਰੁਕਣਾ ਪਿਆ। ਫਲਸਰੂਪ ਗੁਰੂ-ਪਿਤਾ ਦੇ ਵਿਯੋਗ ਵਿਚ ਤੜਪ ਸਹਿਤ ਲਿਖੀਆਂ ਚਿੱਠੀਆਂ ਕਰਕੇ ਆਪ ਨੂੰ ਗੁਰੂ-ਚਕ ਬੁਲਵਾ ਲਿਆ ਗਿਆ। 'ਗੁਰੂ-ਚਕ' ਦੀ ਸਥਾਪਨਾ ਉਪਰੰਤ ਜਦੋਂ ਗੁਰੂ ਰਾਮਦਾਸ ਗੋਇੰਦਵਾਲ ਪਰਤੇ ਤਾਂ ਆਪ ਵੀ ਨਾਲ ਗਏ। ਆਪ ਦੀ ਅਦੁੱਤੀ-ਸਾਧਨਾ, ਨਿਸ਼ਕਾਮ-ਭਗਤੀ, ਸੇਵਾ, ਤਿਆਗ ਦੇ ਸਿੱਟੇ ਵਜੋਂ 1 ਸਤੰਬਰ, 1581 ਈ. (2 ਅਸੂ, 1638 ਬਿ.) ਨੂੰ ਗੁਰੂ-ਗੱਦੀ ਪ੍ਰਦਾਨ ਕੀਤੀ ਗਈ; ਉਦੋਂ ਆਪ ਦੀ ਆਯੂ 18 ਵਰ੍ਹੇ, 4 ਮਹੀਨੇ ਸੀ। ਆਪਣੇ

ਭਰਾਵਾਂ—ਪ੍ਰਿਥੀ ਚੰਦ ਅਤੇ ਮਹਾਂਦੇਵ—ਦੇ ਈਰਖਾਲੂ ਵਿਵਹਾਰ ਕਾਰਣ ਆਪ ਗੋਇੰਦ-ਵਾਲ ਛੱਡ ਕੇ ਗੁਰੂ-ਚਕ ਆ ਗਏ। ਉਥੇ ਵੀ ਪ੍ਰਿਥੀਚੰਦ ਨੇ ਧਰਮ-ਪ੍ਰਚਾਰ ਅਤੇ ਗੁਰਗੱਦੀ-ਵਿਵਸਥਾ ਵਿਚ ਕਾਫ਼ੀ ਰੋੜੇ ਅਟਕਾਏ, ਮਸੰਦਾਂ ਨੂੰ ਗੁਰੂ-ਦਰਬਾਰ ਤੋਂ ਤੋੜ ਲਿਆ ਅਤੇ ਰਬਾਬੀ ਕੀਰਤਨੀਏ ਵੀ ਆਨੇ ਬਹਾਨੇ ਹਟਵਾ ਲਏ। ਇਸ ਸਾਰੀ ਵਿਵਸਥਾ ਨੂੰ ਠੀਕ ਕਰਨ ਲਈ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਆਦਿ ਮੁੱਖ ਸਿੱਖਾਂ ਨੇ ਬੜਾ ਉੱਦਮ ਕੀਤਾ ਅਤੇ ਗੁਰੂ-ਦਰਬਾਰ ਤੋਂ ਟੁੱਟੀਆਂ ਸੰਗਤਾਂ ਨੂੰ ਫਿਰ ਤੋਂ ਜੋੜ ਦਿੱਤਾ। ਕੀਰਤਨ ਕਰਨ ਲਈ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਉਤਸਾਹਿਤ ਕੀਤਾ। ਇਸ ਤਰ੍ਹਾਂ ਵਿਰੋਧੀਆਂ ਦੇ ਮਨਸੂਬੇ ਢਹਿ-ਢੇਰੀ ਹੋ ਗਏ।

ਗੁਰੂ-ਦਰਬਾਰ ਦੀ ਸਹੀ ਵਿਵਸਥਾ ਹੋਣ ਉਪਰੰਤ ਗੁਰੂ ਜੀ ਨੇ ਉਸਾਰੀ ਦੇ ਕੰਮਾਂ ਵਲ ਧਿਆਨ ਦੇਣਾ ਸ਼ੁਰੂ ਕੀਤਾ। ਸੰਨ 1589 ਈ. ਵਿਚ ਹਰਿਮੰਦਿਰ ਸਾਹਿਬ (ਦਰਬਾਰ ਸਾਹਿਬ) ਦੀ ਨੀਂਹ ਰਖਵਾਈ। ਕੁਝ ਵਿਦਵਾਨਾਂ ਅਨੁਸਾਰ ਨੀਂਹ ਰਖਣ ਦਾ ਕੰਮ ਸਾਈਂ ਮੀਆਂ ਮੀਰ (ਵੇਖ) ਤੋਂ ਕਰਵਾਇਆ। 14 ਜੂਨ, 1595 ਈ. ਨੂੰ ਗੁਰੂ ਹਰਿ-ਗੋਬਿੰਦ ਦਾ ਜਨਮ ਹੋਇਆ। ਬਾਲਕ ਦੀ ਮੰਗਣੀ ਚੰਦੂ ਸ਼ਾਹ ਦੀ ਪੁੱਤਰੀ ਨਾਲ ਨਾ ਕਰਨ ਤੋਂ ਪੈਦਾ ਹੋਏ ਵਿਵਾਦ ਅਤੇ ਜਹਾਂਗੀਰ ਦੀ ਧਾਰਮਿਕ ਕਟੜਤਾ ਦਾ ਸ਼ਿਕਾਰ ਹੋਣ ਕਾਰਣ ਆਪ ਨੂੰ ਅਕਹਿ ਅਤੇ ਅਸਹਿ ਕਸ਼ਟ ਦਿੱਤੇ ਗਏ। ਅੰਤ ਹਥਿਆਰਬੰਦ ਸਿਪਾਹੀਆਂ ਦੀ ਨਿਗਰਾਨੀ ਵਿਚ ਆਪ ਇਸ਼ਨਾਨ ਕਰਨ ਲਈ ਰਾਵੀ ਨਦੀ 'ਤੇ ਗਏ ਅਤੇ ਉਥੇ ਹੀ 30 ਮਈ, 1606 ਈ. (2 ਹਾੜ, 1663 ਬਿ.) ਨੂੰ ਜਲ ਵਿਚ ਸਮਾਧੀ ਲੈ ਲਈ। ਉਦੋਂ ਆਪ ਦੀ ਆਯੂ 43 ਵਰ੍ਹੇ ਅਤੇ ਡੇਢ ਮਹੀਨਾ ਸੀ।

ਗੁਰੂ-ਗੱਦੀ ਉਤੇ ਬੈਠਦਿਆਂ ਆਪ ਨੇ ਅਨੇਕ ਪ੍ਰਕਾਰ ਦੇ ਮਹਾਨ ਕੰਮ ਕੀਤੇ। ਗੁਰੂ-ਦਰਬਾਰ ਦੀ ਆਰਥਿਕ ਵਿਵਸਥਾ ਠੀਕ ਕਰਨ ਲਈ ਦਸਵੰਧ ਦੀ ਪਿਰਤ ਪਾਈ। ਸੰਨ 1558 ਈ. ਵਿਚ ਸੰਤੋਖਸਰ ਤਾਲ ਪੱਕਾ ਕਰਵਾਇਆ। ਸੰਨ 1589 ਈ. ਵਿਚ ਹਰਿਮੰਦਿਰ ਸਾਹਿਬ ਦੀ ਨੀਂਹ ਰਖਵਾਈ। ਸੰਨ 1590 ਈ. ਵਿਚ ਤਰਨਤਾਰਨ ਵਾਲਾ ਮੰਦਿਰ ਪੱਕਾ ਕਰਵਾਇਆ। ਸੰਨ 1594 ਈ. ਵਿਚ ਕਰਤਾਰਪੁਰ ਸ਼ਹਿਰ ਵਸਾਇਆ। ਸੰਨ 1604 ਈ. ਵਿਚ ਆਪ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਮੁਕਾਇਆ ਅਤੇ 'ਪੋਥੀ ਸਾਹਿਬ' ਨੂੰ ਦਰਬਾਰ ਸਾਹਿਬ ਵਿਚ ਸਥਾਪਿਤ ਕੀਤਾ। ਬਾਬਾ ਬੁੱਢਾ ਨੂੰ ਇਸ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ।

ਗੁਰੂ ਸਾਹਿਬ ਸੰਗੀਤ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ। ਆਪ ਨੇ ਗੁਰੂ ਗ੍ਰੰਥ ਸਾਹਿਬ ਦੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਆਪ ਦੀ ਕੁਲ ਰਚਨਾ, 2304 ਸ਼ਬਦ-ਸ਼ਲੋਕ, ਗੁਰੂ ਗ੍ਰੰਥ ਸਾਹਿਬ ਵਿਚ ਹੁਣ ਦਰਜ ਹੈ ਜਿਸ ਵਿਚੋਂ ਕੁਝ ਪ੍ਰਮੁਖ ਬਾਣੀਆਂ ਇਸ ਪ੍ਰਕਾਰ ਹਨ—ਬਾਰਹਮਾਹਾ, ਬਾਵਨ-ਅਖਰੀ, ਸੁਖਮਨੀ, ਥਿਤੀ, ਪਹਰਾ, ਦਿਨ-ਰੈਣਿ, ਬਿਰਹੜੇ, ਗੁਣਵੰਤੀ, ਰੁਤੀ, ਅੰਜਲੀਆਂ, ਵਾਰਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ)। ਆਪ ਨੇ ਘਰੋਗੀ ਅਤੇ ਲੋਕ ਪੱਧਰ ਦੇ ਬਿੰਬਾਂ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ ਅਤੇ ਲੌਕਿਕ ਕਾਵਿ-ਰੂਪਾਂ ਰਾਹੀਂ ਅਧਿਆਤਮਿਕ ਵਿਚਾਰਾਂ ਦੀ ਅਭਿਵਿਅਕਤੀ

ਕੀਤੀ ਹੈ। 'ਸੁਖਮਨੀ' ਆਪ ਦੀ ਸਰਵ-ਪ੍ਰਮੁਖ ਰਚਨਾ ਹੈ। ਇਸ ਵਿਚ ਭਾਵਾਂ ਦੀ ਸੁੰਦਰ ਵਿਵਸਥਾ, ਢੁੱਕਵੀਂ ਸ਼ਬਦ-ਚੋਣ ਅਤੇ ਪ੍ਰਵਾਹਮਾਨ ਸ਼ੈਲੀ ਬੜੇ ਉੱਤਮ ਕਾਵਿ-ਗੁਣ ਹਨ। ਵਿਵਹਾਰਿਕ ਜੀਵਨ ਵਿਚ ਆਪ ਨੇ ਸੁਹਾਗਣ, ਦੁਹਾਗਣ, ਧਨ-ਪਿਰ-ਪ੍ਰੀਤ, ਪੇਕਾ-ਸੁਹਰਾ-ਘਰ, ਲੋਕ ਕਿੱਤੇ, ਲੋਕ-ਖੇਡਾਂ, ਲੋਕ ਮਨੋਰੰਜਨ ਆਦਿ ਤੋਂ ਉਪਮਾਨ ਲੈ ਕੇ ਕਥਨ ਦੀ ਸ਼ਕਤੀ ਵਧਾਈ ਹੈ। ਆਪ ਆਪਣੇ ਯੁਗ ਦੇ ਸਭ ਤੋਂ ਅਧਿਕ ਗੰਭੀਰ ਅਤੇ ਦੂਰ-ਦ੍ਰਿਸ਼ਟੀ ਵਾਲੇ ਧਰਮ-ਸਾਧਕ ਸਨ ਜਿਨ੍ਹਾਂ ਨੇ ਹਰ ਕਠਿਨਾਈ ਵਿਚ ਲੋਕ-ਕਲਿਆਣ ਦੇ ਕਾਰਜਾਂ ਨੂੰ ਜਾਰੀ ਰਖਿਆ ਅਤੇ ਸਫਲਤਾ ਨਾਲ ਪੂਰਾ ਕੀਤਾ। ਮਥਰਾ ਭੱਟ ਅਨੁਸਾਰ ਅਜਿਹੇ ਗੁਰੂ ਪ੍ਰਤਿ ਸ਼ਰਧਾ ਦੀ ਭਾਵਨਾ ਭਵਸਾਗਰ ਤੋਂ ਪਾਰ-ਉਤਾਰਾ ਕਰਾਉਣ ਵਾਲੀ ਹੈ—'ਜਪ੍ਯਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ' (ਗ੍ਰੰ. 1409)।

ਅਰਜੁਨ, ਪਾਂਡਵ : 'ਮਹਾਭਾਰਤ' (ਆਦਿ-ਪਰਵ) ਅਨੁਸਾਰ ਅਰਜੁਨ ਹਸਤਨਾਪੁਰ ਦੇ ਮਹਾਰਾਜ ਪਾਂਡੂ ਦੇ ਘਰ ਸ੍ਰੀ ਕ੍ਰਿਸ਼ਣ ਦੀ ਭੂਆ ਕੁੰਤੀ ਦੀ ਕੁੱਖੋਂ ਇੰਦਰ ਦੇ ਸੰਜੋਗ ਨਾਲ ਪੈਦਾ ਹੋਇਆ ਤੀਜਾ ਪੁੱਤਰ ਮੰਨਿਆ ਜਾਂਦਾ ਹੈ। 'ਅਰਜੁਨ' ਦਾ ਸ਼ਾਬਦਿਕ ਅਰਥ ਹੈ ਸਫ਼ੇਦ, ਸਵੱਛ, ਉਜਲਾ। 'ਮਹਾਭਾਰਤ' (ਵਿਰਾਟ-ਪਰਵ) ਅਨੁਸਾਰ ਉਜਲੇ ਕਰਮ ਕਰਨ ਕਾਰਣ ਹੀ ਇਸ ਦਾ ਨਾਂ ਅਰਜੁਨ ਪਿਆ ਸੀ। ਇਸ ਨੂੰ 'ਪਾਰਥ' ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਮਾਤਾ ਕੁੰਤੀ ਦਾ ਦੂਜਾ ਨਾਂ 'ਪ੍ਰਿਥਾ' ਸੀ। ਇਹ ਆਪਣੇ ਪੰਜਾਂ ਭਰਾਵਾਂ ਵਿਚੋਂ ਅਦੁੱਤੀ ਤੀਰ-ਅੰਦਾਜ਼ ਅਤੇ ਪ੍ਰਚੰਡ ਯੋਧਾ ਸੀ। ਇਸ ਨੇ ਧਨੁਸ਼-ਵਿਦਿਆ ਗੁਰੂ ਦ੍ਰੋਣਾਚਾਰਯ ਤੋਂ ਪ੍ਰਾਪਤ ਕੀਤੀ ਅਤੇ ਆਪਣੀ ਅਦਭੁਤ ਤੀਰ-ਅੰਦਾਜ਼ੀ ਦਾ ਪ੍ਰਦਰਸ਼ਨ ਰਾਜਾ ਜਨਕ ਦੀ ਪੁੱਤਰੀ ਦ੍ਰੋਪਦੀ ਦੇ ਸੁਅੰਬਰ ਵੇਲੇ ਵਿਖਾ ਕੇ ਉਸ ਨੂੰ ਜਿੱਤਿਆ ਜੋ ਬਾਦ ਵਿਚ ਪੰਜਾਂ ਪਾਂਡਵਾਂ ਦੀ ਪਤਨੀ ਬਣੀ।

ਨਾਰਦ ਦੇ ਸੁਝਾਵ ਤੇ ਪੰਜਾਂ ਪਾਂਡਵਾਂ ਨੇ ਨਿਸ਼ਚੇ ਕੀਤਾ ਕਿ ਜੇ ਕੋਈ ਪਾਂਡਵ ਕਿਸੇ ਹੋਰ ਪਾਂਡਵ ਨੂੰ ਦ੍ਰੋਪਦੀ ਨਾਲ ਇਕਾਂਤ-ਵਾਸ ਕਰਦਿਆਂ ਵੇਖ ਲਏਗਾ ਤਾਂ ਉਸ ਨੂੰ ਸਵੈ-ਇੱਛਾ ਪੂਰਵਕ ਬਾਰ੍ਹਾਂ ਵਰ੍ਹਿਆਂ ਦਾ ਬਨਵਾਸ ਕਰਨਾ ਪਵੇਗਾ। ਇਕ ਵਾਰ ਕਿਸੇ ਬ੍ਰਾਹਮਣ ਦੀ ਪੁਕਾਰ 'ਤੇ ਉਸ ਦੀ ਮੱਦਦ ਲਈ ਅਰਜੁਨ ਨੂੰ ਉਸ ਕਮਰੇ ਵਿਚੋਂ ਧਨੁਸ਼-ਬਾਣ ਲੈਣਾ ਪੈ ਗਿਆ ਜਿਸ ਵਿਚ ਦ੍ਰੋਪਦੀ ਅਤੇ ਯੁਧਿਸ਼ਠਿਰ ਇਕਾਂਤਵਾਸ ਕਰ ਰਹੇ ਸਨ। ਯੁਧਿਸ਼ਠਿਰ ਤੋਂ ਆਗਿਆ ਲੈ ਕੇ ਅਰਜੁਨ ਨੇ ਧਨੁਸ਼ ਬਾਣ ਲੈ ਲਿਆ ਅਤੇ ਬ੍ਰਾਹਮਣ ਦੀ ਮੱਦਦ ਕਰਨ ਉਪਰੰਤ ਖ਼ੁਦ ਬਾਰ੍ਹਾਂ ਵਰ੍ਹਿਆਂ ਦੇ ਬਨਵਾਸ ਲਈ ਚਲਾ ਗਿਆ।

ਕੌਰਵ ਭਰਾਵਾਂ ਨਾਲ ਜੂਏ ਦੀ ਖੇਡ ਵਿਚ ਹਾਰਨ ਉਪਰੰਤ ਇਹ ਆਪਣੇ ਹੋਰ ਭਰਾਵਾਂ ਨਾਲ ਬਨ ਵਿਚ ਬਾਰ੍ਹਾਂ ਵਰ੍ਹਿਆਂ ਦੇ ਬਨ-ਵਾਸ ਲਈ ਗਿਆ। ਫਿਰ ਇਕ ਸਾਲ ਅਗਿਆਤ ਵਾਸ ਲਈ ਰਾਜਾ ਵਿਰਾਟ ਦੇ ਨਗਰ ਵਿਚ ਟਿਕਿਆ ਅਤੇ ਬ੍ਰਿਹੰਨਲਾ ਨਾਂ ਨਾਲ ਨਪੁੰਸਕ ਨਾਚ-ਸ਼ਿਕਸ਼ਕਾ ਦੇ ਰੂਪ ਵਿਚ ਰਾਜਾ ਵਿਰਾਟ ਦੀ ਰਾਜਕੁਮਾਰੀ ਉੱਤਰਾ ਨੂੰ ਨਾਚ-ਕਲਾ ਦੀ ਸਿਖਿਆ ਦਿੱਤੀ। ਇਸ ਸੰਬੰਧ ਵਿਚ 'ਮਹਾਭਾਰਤ' ਵਿਚ ਉੱਲੇਖ ਹੈ ਕਿ ਅਮਰਾਵਤੀ ਵਿਚ ਰਹਿੰਦਿਆਂ ਉਰਵਸ਼ੀ ਨਾਂ ਦੀ ਅਪੱਛਰਾ ਦੀ ਕਾਮ-

ਤ੍ਰਿਪਤੀ ਕਰਨ ਤੋਂ ਅਰਜੁਨ ਨੇ ਨਾਂਹ ਕਰ ਦਿੱਤੀ। ਫਲਸਰੂਪ, ਉਰਵਸ਼ੀ ਨੇ ਇਸ ਨੂੰ ਨਪੁੰਸਕ ਵਾਂਗ ਇਸਤਰੀ ਦੇ ਸਾਹਮਣੇ ਨਾਚ ਕਰਨ ਦਾ ਸਰਾਪ ਦਿੱਤਾ। ਉਸ ਸਰਾਪ ਦਾ ਫਲ ਰਾਜਾ ਵਿਰਾਟ ਦੀ ਨੌਕਰੀ ਵੇਲੇ ਅਰਜੁਨ ਨੂੰ ਭੋਗਣਾ ਪਿਆ।

ਅਰਜੁਨ ਨੇ ਸ੍ਰੀ ਕ੍ਰਿਸ਼ਣ ਦੀ ਭੈਣ 'ਸੁਭਦ੍ਰਾ' ਨਾਲ ਵਿਆਹ ਕੀਤਾ ਅਤੇ ਇਨ੍ਹਾਂ ਦੇ ਘਰ 'ਅਭਿਮਨ੍ਯੁ' ਨਾਂ ਦਾ ਵੀਰ ਯੋਧਾ ਪੈਦਾ ਹੋਇਆ ਜੋ ਮਹਾਭਾਰਤ ਦੇ ਯੁੱਧ ਵਿਚ ਮਾਰਿਆ ਗਿਆ। ਇਸ ਦੀ ਦੂਜੀ ਪਤਨੀ ਨਾਗ ਕੰਨਿਆਂ ਉਲੂਪੀ ਤੋਂ ਇਰਾਵਤ ਪੈਦਾ ਹੋਇਆ ਅਤੇ ਤੀਜੀ ਪਤਨੀ ਚਿਤ੍ਰਾਂਗਦਾ ਤੋਂ ਬਭਰੂਵਾਹਨ ਜਨਮਿਆ।

ਮਹਾਭਾਰਤ ਦੇ ਯੁੱਧ ਵੇਲੇ ਆਪਣੇ ਸਕੇ ਰਿਸ਼ਤੇਦਾਰਾਂ ਨੂੰ ਸਾਹਮਣੇ ਵੇਖ ਕੇ ਇਸ ਨੇ ਯੁੱਧ ਕਰਤੱਵ ਨੂੰ ਪਾਲਣ ਤੋਂ ਇਨਕਾਰ ਕਰ ਦਿੱਤਾ। ਸ੍ਰੀ ਕ੍ਰਿਸ਼ਣ ਨੇ 'ਭਗਵਦ ਗੀਤਾ' ਰਾਹੀਂ ਉਪਦੇਸ਼ ਦੇ ਕੇ ਇਸ ਦੇ ਮੋਹ ਨੂੰ ਖਤਮ ਕੀਤਾ। ਇਸ ਵਲ ਡਾ. ਦੀਵਾਨਾ ਨੇ ਸੰਕੇਤ ਕੀਤਾ ਹੈ—'ਅਰਜਨ ਨੂੰ ਚੇਤਾਇਆ, ਜਿਵੇਂ ਕ੍ਰਿਸ਼ਨ ਭਗਵਾਨ।' ਇਸ ਨੇ ਬੜੀ ਬਹਾਦਰੀ ਨਾਲ ਭੀਸ਼ਮ ਪਿਤਾਮਾ, ਗੁਰੂ ਦ੍ਰੋਣਾਚਾਰਯ, ਕਰਣ ਆਦਿ ਅਦੁੱਤੀ ਯੋਧਿਆਂ ਨੂੰ ਹਰਾਇਆ। ਇਸ ਦੀ ਸ੍ਰੀ ਕ੍ਰਿਸ਼ਣ ਨਾਲ ਡੂੰਘੀ ਮਿੱਤਰਤਾ ਸੀ। ਇਸੇ ਲਈ ਮਹਾਭਾਰਤ ਦੇ ਯੁੱਧ ਵਿਚ ਉਹ ਇਸ ਦੇ ਰਥਵਾਨ ਬਣੇ, ਪਰ ਅਸਲ ਵਿਚ ਸ੍ਰੀ ਕ੍ਰਿਸ਼ਣ ਯੁੱਧ-ਭੂਮੀ ਵਿਚ ਨਾ ਕੇਵਲ ਇਸ ਦਾ ਰਥ ਚਲਾ ਰਹੇ ਸਨ, ਸਗੋਂ ਹਰ ਸੰਕਟ ਵੇਲੇ ਇਸ ਦੀ ਅਗਵਾਈ ਵੀ ਕਰ ਰਹੇ ਸਨ ਅਤੇ ਨੀਤੀ ਦੇ ਉਪਦੇਸ਼ ਵੀ ਦੇ ਰਹੇ ਸਨ।

ਇਸ ਦੀ ਵੀਰਤਾ, ਪਰਾਕ੍ਰਮ ਅਤੇ ਵਿਜਯਸ਼ਾਲਤਾ ਭਾਰਤੀ ਸੰਸਕ੍ਰਿਤੀ ਦੀ ਗੌਰਵ-ਗਾਥਾ ਹੈ। 'ਦਸਮ-ਗ੍ਰੰਥ' ਦੇ "ਚੌਬੀਸਾਵਤਾਰ" ਪ੍ਰਸੰਗ ਵਿਚ ਇਸ ਨੂੰ ਵਿਸ਼ਣੂ ਦਾ ਬਾਈਵਾਂ ਅਵਤਾਰ ਮੰਨਿਆ ਗਿਆ ਹੈ—'ਨਰ ਅਵਤਾਰ ਭਯੋ ਅਰਜਨਾ।/ ਜਿਹ ਜੀਤੇ ਜਗ ਕੇ ਭਟ ਗਨਾ।' ਭਾਵੇਂ ਪੁਰਾਣ-ਸਾਹਿੱਤ ਵਿਚ ਇਸ ਨੂੰ ਸਪੱਸ਼ਟ ਤੌਰ ਤੇ ਵਿਸ਼ਣੂ ਦਾ ਅਵਤਾਰ ਨਹੀਂ ਦਸਿਆ ਗਿਆ, ਪਰ 'ਦੇਵੀ ਭਾਗਵਤ ਪੁਰਾਣ' (4/16/18-19) ਵਿਚ ਇਸ ਨੂੰ ਵਿਸ਼ਣੂ ਦਾ ਅੰਸ਼ਾਵਤਾਰ ਜ਼ਰੂਰ ਕਿਹਾ ਗਿਆ ਹੈ। 'ਮਹਾਭਾਰਤ' (ਸ਼ਾਂਤੀ-ਪਰਵ/340) ਵਿਚ ਵਿਸ਼ਣੂ ਨੇ ਨਾਰਦ ਨੂੰ ਕਿਹਾ ਸੀ ਕਿ ਜਦੋਂ ਉਹ ਕ੍ਰਿਸ਼ਣ ਦੇ ਰੂਪ ਵਿਚ ਅਵਤਾਰ ਲਇਗਾ ਤਾਂ ਮਹਾਵੀਰ ਅਰਜੁਨ ਨਾਰਦ ਦੀ ਸਹਾਇਤਾ ਕਰੇਗਾ। ਉਦੋਂ ਲੋਕ ਕਹਿਣਗੇ ਕਿ ਮਹਾਤਮਾ ਨਰ ਅਤੇ ਨਾਰਾਇਣ ਸੰਸਾਰ ਦਾ ਹਿਤ ਕਰਨ ਲਈ ਅਰਜੁਨ ਅਤੇ ਕ੍ਰਿਸ਼ਣ ਦੇ ਰੂਪ ਵਿਚ ਪ੍ਰਗਟ ਹੋਏ ਹਨ।

ਮਹਾਭਾਰਤ ਦੀ ਜਿੱਤ ਤੋਂ ਬਾਦ ਜਦੋਂ ਯੁਧਿਸ਼ਠਿਰ ਰਾਜਾ ਬਣਿਆ ਤਾਂ ਅਸ਼੍ਵਮੇਧ ਯੱਗ ਕੀਤਾ ਗਿਆ। ਯੱਗ ਦੇ ਘੋੜੇ ਦੀ ਸੁਰੱਖਿਆ ਦਾ ਕੰਮ ਅਰਜੁਨ ਨੂੰ ਸੌਂਪਿਆ ਗਿਆ। ਇਸ ਨੇ ਬੜੀ ਵੀਰਤਾ ਨਾਲ ਅਨੇਕ ਰਾਜਿਆਂ ਨੂੰ ਹਰਾਇਆ ਅਤੇ ਆਪਣੇ ਰਾਜ ਦੀਆਂ ਸੀਮਾਵਾਂ ਦਾ ਵਿਸਤਾਰ ਕੀਤਾ। ਜਦੋਂ ਯਾਦਵ ਕੁਲ ਦੀ ਆਪਸ ਵਿਚ ਲੜਾਈ ਚਲ ਰਹੀ ਸੀ ਤਾਂ ਇਹ ਸ੍ਰੀ ਕ੍ਰਿਸ਼ਣ ਦੇ ਸੱਦੇ 'ਤੇ ਦਵਾਰਿਕਾ ਗਿਆ ਅਤੇ ਸ੍ਰੀ ਕ੍ਰਿਸ਼ਣ ਦੇ ਦੇਹਾਂਤ ਤਕ ਉਥੇ ਹੀ ਰਿਹਾ। ਇਸ ਉਪਰੰਤ ਆਪਣੇ ਪੋਤਰੇ,

ਅਭਿਮਨਯੂ ਦੇ ਉੱਤਰਾ ਦੀ ਕੁੱਖੋਂ ਪੈਦਾ ਹੋਏ ਪੁੱਤਰ, ਪਰੀਕ੍ਸ਼ਿਤ ਨੂੰ ਰਾਜ ਦੇ ਕੇ ਇਹ ਆਪਣੇ ਭਰਾਵਾਂ ਸਮੇਤ ਹਿਮਾਲਯ ਨੂੰ ਚਲਿਆ ਗਿਆ ਜਿਥੇ ਇਹ ਬਰਫ ਵਿਚ ਗਲ ਗਿਆ ਦਸਿਆ ਜਾਂਦਾ ਹੈ।

ਅਰਜੁਨ ਨੇ ਆਪਣੀ ਤਪਸਿਆ ਅਤੇ ਸ਼ਸਤ੍ਰ ਚਲਾਉਣ ਦੀ ਨਿਪੁਣਤਾ ਕਰਕੇ ਅਨੇਕ ਦੇਵਤਿਆਂ ਨੂੰ ਪ੍ਰਸੰਨ ਕੀਤਾ ਅਤੇ ਉਨ੍ਹਾਂ ਤੋਂ ਦੈਵੀ ਅਸਤ੍ਰ-ਸ਼ਸਤ੍ਰ ਪ੍ਰਾਪਤ ਕੀਤੇ।

ਅਰਦਾਸ : ਸਿੱਖ-ਧਰਮ ਵਿਚ ਪ੍ਰਚਲਿਤ ਪ੍ਰਾਰਥਨਾ ਜੋ ਆਮ ਤੌਰ ਤੇ ਹਰ ਇਕ ਕਾਰਜ ਦੇ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੀ ਪੂਰਤੀ ਦੀ ਅਭਿਲਾਸ਼ਾ ਵਜੋਂ ਜਾਂ ਕਿਸੇ ਹੋਰ ਸਮਾਜਿਕ ਕਾਰਜ ਵੇਲੇ ਕੀਤੀ ਜਾਂਦੀ ਹੈ। ਇਸ ਸ਼ਬਦ ਦੀ ਵਿਉਤਪੱਤੀ ਬਾਰੇ ਦੋ ਧਾਰਨਾਵਾਂ ਪ੍ਰਚਲਿਤ ਹਨ। ਇਕ ਅਨੁਸਾਰ ਇਹ ਫ਼ਾਰਸੀ ਦੇ 'ਅਰਜ਼ਦਾਸ਼੍ਤ' ਸ਼ਬਦ ਦਾ ਤਦਭਵ ਰੂਪ ਹੈ। ਦੂਜੀ ਅਨੁਸਾਰ ਇਹ ਸੰਸਕ੍ਰਿਤ ਦੇ 'ਅਰ੍ਦ੍' ਧਾਤੂ ਨਾਲ 'ਆਸ਼ਾ' (ਆਸ) ਸ਼ਬਦ ਦੇ ਸੰਯੋਗ ਨਾਲ ਲੋਕ-ਉੱਚਾਰਣ ਅਨੁਰੂਪ ਬਣਿਆ ਸ਼ਬਦ ਹੈ। ਇਨ੍ਹਾਂ ਵਿਚੋਂ ਦੂਜੀ ਵਿਉਤਪੱਤੀ ਜ਼ਿਆਦਾ ਠੀਕ ਪ੍ਰਤੀਤ ਹੁੰਦੀ ਹੈ ਕਿਉਂਕਿ ਰਹਿਰਾਸ, ਸੁਹੇਲਾ ਆਦਿ ਵਾਂਗ ਇਹ ਸ਼ਬਦ ਵੀ ਸਿੱਧਾਂ/ਯੋਗੀਆਂ ਦੀ ਟਕਸਾਲ ਦਾ ਢਲਿਆ ਸਿੱਕਾ ਹੈ। ਇਸ ਸਥਾਪਨਾ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ 'ਸਿਧ-ਗੋਸਟਿ' ਵਿਚ ਗੁਰੂ ਨਾਨਕ ਦੇਵ ਨੇ ਸਿੱਧਾਂ ਨਾਲ ਸੰਵਾਦ ਕਰਦਿਆਂ ਇਸ ਸ਼ਬਦ ਦੀ ਵਰਤੋਂ ਯੌਗਿਕ ਪਰਿਪੇਖ ਵਿਚ ਕੀਤੀ ਹੈ—'ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ।/ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰਦੁਆਰੋ' (ਅ. ਗ੍ਰੰ. 938)। ਉਂਜ ਵੀ ਅਰਦਾਸ ਕਰਨ ਪਿਛੇ ਕਿਸੇ ਨਾ ਕਿਸੇ ਇੱਛਾ ਅਥਵਾ ਆਸ਼ਾ ਦੀ ਭਾਵਨਾ ਅਵੱਸ਼ ਰਹਿੰਦੀ ਹੈ।

ਇਸ ਸ਼ਬਦ ਦੀ ਵਰਤੋਂ ਅਤੇ ਅਰਦਾਸ ਕਰਨ ਦੀ ਪਰੰਪਰਾ ਦਾ ਉੱਲੇਖ ਗੁਰੂ ਗ੍ਰੰਥ ਸਾਹਿਬ ਵਿਚ ਹੋਇਆ ਹੈ। ਗੁਰੂ ਨਾਨਕ ਦੇਵ ਨੇ ਅਰਦਾਸ ਵੇਲੇ ਪਰਮਾਤਮਾ ਅਗੇ ਆਤਮ-ਸਮਰਪਣ ਦੀ ਗੱਲ ਕਹੀ ਹੈ—'ਨਾਨਕੁ ਏਕ ਕਹੈ ਅਰਦਾਸਿ।/ਜੀਉ ਪਿੰਡੁ ਸਭੁ ਤੇਰੈ ਪਾਸਿ'। (ਅ. ਗ੍ਰੰ. 25)। ਗੁਰੂ ਅੰਗਦ ਦੇਵ ਨੇ ਖੜੇ ਹੋ ਕੇ ਅਰਦਾਸ ਕਰਨ ਦੀ ਤਾਕੀਦ ਕੀਤੀ ਹੈ —'ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ।/ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ' (ਅ. ਗ੍ਰੰ. 1093)। ਗੁਰੂ ਅਰਜਨ ਦੇਵ ਨੇ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜਨ ਲਈ ਕਿਹਾ ਹੈ—'ਦੁਇ ਕਰ ਜੋੜਿ ਕਰਉ ਅਰਦਾਸਿ।/ਤੁਧੁ ਭਾਵੈ ਤਾ ਆਣਹਿ ਰਾਸਿ।' (ਅ. ਗ੍ਰੰ. 736-37)। ਸਪਸ਼ਟ ਹੈ ਕਿ ਅਰਦਾਸ ਖੜੇ ਹੋ ਕੇ ਅਤੇ ਹੱਥ ਜੋੜ ਕੇ ਸੱਚੇ ਦਿਲੋਂ ਪ੍ਰਭੂ ਅਗੇ ਆਤਮ-ਸਮਰਪਣ ਕਰਦੇ ਹੋਇਆਂ ਕਰਨੀ ਚਾਹੀਦੀ ਹੈ। ਅਰਦਾਸ ਕਰਨ ਨਾਲ ਜਿਗਿਆਸੂ ਦੇ ਮਨ ਵਿਚ ਦ੍ਰਿੜ੍ਹਤਾ-ਪੂਰਵਕ ਆਤਮ-ਬਲ ਦਾ ਸੰਚਾਰ ਹੁੰਦਾ ਹੈ। ਉਹ ਆਤਮ-ਨਿਰਭਰ ਹੁੰਦਾ ਹੈ। ਪਰਮ-ਸੱਤਾ ਦੀ ਸਰਵੋਚਤਾ ਦੀ ਧਾਰਣਾ ਉਸ ਦੇ ਮਨ ਵਿਚ ਬਣੀ ਰਹਿੰਦੀ ਹੈ। ਹਉਮੈਂ, ਦੁਬਿਧਾ ਅਤੇ ਸੁਆਰਥ ਜਿਹੇ ਅਨੇਕ ਵਿਕਾਰ ਖ਼ਤਮ ਹੁੰਦੇ ਹਨ। ਆਤਮ-ਵਿਸ਼ਵਾਸ ਦੇ ਵਿਕਸਿਤ ਹੋਣ ਨਾਲ ਅਸੰਭਵ ਸਥਿਤੀ ਸੰਭਵ ਵਿਚ ਬਦਲ ਜਾਂਦੀ ਹੈ। ਸਿੱਖ ਇਤਿਹਾਸ ਦੀਆਂ ਅਨੇਕ

ਘਟਨਾਵਾਂ ਇਸ ਕਥਨ ਦੀ ਸਾਖ ਭਰਦੀਆਂ ਹਨ।

ਅਰਦਾਸ ਦਾ ਗੁਰੂ-ਕਾਲ ਵੇਲੇ ਕੀ ਸਰੂਪ ਸੀ, ਇਸ ਬਾਰੇ ਹੁਣ ਕਹਿ ਸਕਣਾ ਸਰਲ ਨਹੀਂ, ਪਰ ਅਰਦਾਸ ਕਰਨ/ਕਰਾਉਣ ਦੀ ਪਰੰਪਰਾ ਮੌਜੂਦ ਸੀ। ਇਸ ਦੀ ਪੁਸ਼ਟੀ ਜਨਮਸਾਖੀ-ਸਾਹਿੱਤ, ਦਬਿਸਤਾਨੇ-ਮਜ਼ਾਹਬ ਅਤੇ ਗੁਰੂ-ਇਤਿਹਾਸ ਤੋਂ ਹੋ ਜਾਂਦੀ ਹੈ। ਅਰਦਾਸ ਦਾ ਵਰਤਮਾਨ ਰੂਪ ਮਿਸਲਾਂ ਵੇਲੇ ਪ੍ਰਚਲਿਤ ਹੋਇਆ ਪ੍ਰਤੀਤ ਹੁੰਦਾ ਹੈ। ਇਸ ਵਿਚ ਪਹਿਲਾਂ 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਪੜ੍ਹ ਕੇ ਅਤੇ ਦਸਮ ਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਦੀ ਆਰਾਧਨਾ ਕਰ ਕੇ, ਫਿਰ ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਅਤੇ ਪੰਥ ਲਈ ਸਭ ਕੁਝ ਨਿਛਾਵਰ ਕਰਨ ਵਾਲੇ ਸ਼ਹੀਦਾਂ ਦੇ ਸਾਕਿਆਂ ਨੂੰ ਯਾਦ ਕਰਕੇ ਪਰਮ-ਸੱਤਾ ਅਗੇ ਮਨੋਰਥ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਅੰਤ ਵਿਚ ਚੜ੍ਹਦੀ-ਕਲਾ ਦੇ ਸੰਕਲਪ ਨੂੰ ਦ੍ਰਿੜ੍ਹ ਕਰਦੇ ਹੋਇਆਂ ਸਰਬਤ੍ਰ ਦੇ ਭਲੇ ਦੀ ਕਾਮਨਾ ਕੀਤੀ ਜਾਂਦੀ ਹੈ। ਕਈ ਗ੍ਰੰਥੀ ਸਿੰਘ ਅਥਵਾ ਸ਼ਰਧਾਲੂ ਪ੍ਰੇਮ ਵਸ ਕਈ ਨਿਮਰਤਾ ਅਥਵਾ ਬਿਨੈ ਸੂਚਕ ਸ਼ਬਦ ਹੋਰ ਜੋੜ ਕੇ ਅਰਦਾਸ ਨੂੰ ਲੰਮਾ ਕਰ ਦਿੰਦੇ ਹਨ। ਉਚਿਤ ਤਾਂ ਇਹ ਹੈ ਕਿ ਧਾਰਮਿਕ ਮਰਯਾਦਾ ਅਨੁਸਾਰ ਅਰਦਾਸ ਕੀਤੀ ਜਾਏ, ਪਰ ਚੂੰਕਿ ਇਹ ਭਾਵਨਾ ਨਾਲ ਸੰਬੰਧਿਤ ਅਭਿਵਿਅਕਤੀ ਹੈ, ਇਸ ਲਈ ਜਿਗਿਆਸੂ ਦੀ ਭਾਵਨਾ ਨੂੰ ਕਿਸੇ ਪ੍ਰਕਾਰ ਦੇ ਕਠਘਰੇ ਵਿਚ ਬੰਨ੍ਹਿਆ ਵੀ ਨਹੀਂ ਜਾ ਸਕਦਾ।

ਅਰਬ : ਸਾਮੀ ਦੇਸ਼ਾਂ ਵਿਚ ਅਰਬ ਦਾ ਮਹੱਤਵਪੂਰਣ ਸਥਾਨ ਹੈ। ਟਾਪੂ-ਨੁਮਾ ਇਹ ਦੇਸ਼ ਏਸ਼ੀਆ ਦੇ ਦੱਖਣ-ਪੱਛਮ ਵਿਚ ਸਥਿਤ ਹੈ। ਇਸ ਦੀ ਔਸਤ ਚੌੜਾਈ 1125 ਕਿ. ਮੀ. ਅਤੇ ਲੰਬਾਈ 1931 ਕਿ. ਮੀ. ਹੈ। ਇਸ ਦੇ ਪੱਛਮ ਵਿਚ ਲਾਲ ਸਾਗਰ, ਦੱਖਣ ਵਿਚ ਅਰਬ ਸਾਗਰ ਅਤੇ ਅਦਨ ਦੀ ਖਾੜੀ, ਪੂਰਵ ਵਿਚ ਓਮਾਨ ਅਤੇ ਫ਼ਾਰਸ ਦੀਆਂ ਖਾੜੀਆਂ ਹਨ। ਕੇਵਲ ਉੱਤਰ ਦਿਸ਼ਾ ਵਲ ਇਹ ਧਰਤੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਪਾਸੇ ਇਰਾਕ ਅਤੇ ਜਾਰਡਨ ਦੇ ਮਾਰੂਥਲ ਹਨ।

ਇਹ ਸਾਰਾ ਦੇਸ਼ ਇਕ ਪਠਾਰ ਵਾਂਗ ਹੈ ਜਿਸ ਉਤੇ ਬਾਲੂ ਅਤੇ ਚੂਨੇ ਦੇ ਪੱਥਰਾਂ ਦੀਆਂ ਪਰਤਾਂ ਜੰਮੀਆਂ ਹੋਈਆਂ ਹਨ। ਪੱਛਮ ਵਲ ਸਮੁੰਦਰੀ ਕੰਢੇ 'ਤੇ ਲਾਵੇ ਨਾਲ ਬਣੀਆਂ ਦੋ ਹਜ਼ਾਰ ਤੋਂ ਲੈ ਕੇ ਬਾਰ੍ਹਾਂ ਹਜ਼ਾਰ ਫੁਟ ਤਕ ਉੱਚੀਆਂ ਪਹਾੜੀਆਂ ਮਿਲਦੀਆਂ ਹਨ। ਸੰਸਾਰ ਦੀ ਸਭ ਤੋਂ ਗਰਮ ਪੱਟੀ ਵਿਚ ਪੈਣ ਕਾਰਣ ਇਹ ਬੜਾ ਖੁਸ਼ਕ ਅਤੇ ਗਰਮ ਇਲਾਕਾ ਹੈ। ਵਰਸ਼ਾ ਨਾਂ-ਮਾਤਰ ਹੁੰਦੀ ਹੈ। ਇਹ ਦੇਸ਼ ਪੰਜ ਭਾਗਾਂ ਵਿਚ ਵੰਡਿਆ ਹੋਇਆ ਹੈ—ਹਿਜਾਜ਼, ਨਜਦ, ਅਰੂਜ਼, ਯਮਨ ਅਤੇ ਤਿਹਾਮਹ। ਰਿਆਧ ਇਸ ਦੀ ਰਾਜਧਾਨੀ ਹੈ ਜੋ ਮੱਧਵਰਤੀ ਖੇਤਰ ਵਿਚ ਹੈ।

ਇਸ ਦੇਸ਼ ਦੀ ਪੁਰਾਤਨ ਮਹਾਨਤਾ ਇਸ ਕਰਕੇ ਹੈ ਕਿ ਇਥੇ ਮੁਸਲਮਾਨਾਂ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਦਾ ਜਨਮ ਹੋਇਆ ਸੀ। 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ—'ਮਹਾਦੀਨ ਤਬ ਪ੍ਰਭ ਉਪਰਾਜਾ। ਅਰਬ ਦੇਸ ਕੋ ਕੀਨੋ ਰਾਜਾ।' ਮੱਕੇ ਅਤੇ ਮਦੀਨੇ ਵਰਗੇ ਮੁਸਲਮਾਨੀ ਧਰਮ-ਧਾਮ ਇਸੇ ਦੇਸ਼ ਦੇ ਪੱਛਮੀ ਖੇਤਰ ਹਿਜਾਜ਼ ਵਿਚ ਹਨ ਜਿਥੇ ਹਰ ਸਾਲ ਲੱਖਾਂ ਮੁਸਲਮਾਨ ਯਾਤ੍ਰੀ ਹੱਜ ਕਰਨ ਲਈ ਆਉਂਦੇ ਹਨ। ਮੁਸਲਮਾਨਾਂ ਦਾ

ਪਵਿੱਤਰ ਧਰਮ-ਸਥਾਨਾਂ ਵਾਲਾ ਦੇਸ਼ ਹੋਣ ਕਰਕੇ ਅਰਬ ਵਿਸ਼ਵਭਰ ਵਿਚ ਪ੍ਰਸਿੱਧ ਹੈ। ਇਸ ਦੀ ਆਧੁਨਿਕ ਮਹਾਨਤਾ ਇਸ ਦੇ ਤੇਲ ਉਪਜਾਊ ਦੇਸ਼ ਹੋਣ ਕਾਰਣ ਹੈ। ਤੇਲ ਦੇ ਨਿਰਯਾਤ ਨਾਲ ਇਥੋਂ ਦੇ ਲੋਕ ਆਰਥਿਕ ਤੌਰ ਤੇ ਸੌਖੇ ਹੋ ਗਏ ਹਨ। ਸੰਨ 1804 ਈ. ਤੋਂ ਪਹਿਲਾਂ ਅਰਬ ਦੇ ਸਰਦਾਰ ਆਪਸ ਵਿਚ ਨਿੱਤ ਲੜਦੇ ਰਹਿੰਦੇ ਸਨ। ਪਰ ਇਨ੍ਹਾਂ ਵਿਚੋਂ ਸਊਦ ਬਿਨ ਅਬਦੁਲ ਅਜ਼ੀਜ਼ ਇਬਨ ਸਊਦ ਨੇ ਹੌਲੀ ਹੌਲੀ ਸਾਰੇ ਅਰਬ ਦੇਸ਼ ਉਤੇ ਅਧਿਕਾਰ ਜਮਾ ਲਿਆ। ਉਦੋਂ ਤੋਂ ਸਊਦ ਖ਼ਾਨਦਾਨ ਦੇ ਵਿਅਕਤੀ ਹੀ ਇਸ ਦੇਸ਼ ਦੇ ਸ਼ਾਸਕ ਹਨ। ਇਸ ਲਈ ਇਸ ਨੂੰ 'ਸਊਦੀ ਅਰਬ' ਵੀ ਕਿਹਾ ਜਾਂਦਾ ਹੈ। ਅਰਬ ਦੇ ਨਿਵਾਸੀਆਂ ਅਤੇ ਉਨ੍ਹਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਨੂੰ ਅਰਬੀ ਕਿਹਾ ਜਾਂਦਾ ਹੈ। ਮੁਸਲਮਾਨਾਂ ਦੀ ਧਰਮ ਪੁਸਤਕ ਕੁਰਾਨ ਅਰਬੀ ਭਾਸ਼ਾ ਵਿਚ ਹੀ ਲਿਖੀ ਹੋਈ ਹੈ।

ਅਰਬਾ : ਵੇਖੋ 'ਪੰਜ-ਤੱਤ'।

ਅਰੁਣ : ਸੂਰਜ ਦਾ ਰਥਵਾਨ ਮੰਨਿਆ ਜਾਣ ਵਾਲਾ ਅਰੁਣ ਕਸ਼ਯਪ ਦਾ ਪੁੱਤਰ ਸੀ। ਪੌਰਾਣਿਕ ਆਖਿਆਨ ਅਨੁਸਾਰ ਕਸ਼ਯਪ ਨੇ ਆਪਣੀਆਂ ਦੋ ਪਤਨੀਆਂ —ਕਦਰੂ ਅਤੇ ਵਿਨਤਾ ਉਤੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਵਰ ਮੰਗਣ ਲਈ ਕਿਹਾ। ਕਦਰੂ ਨੇ ਇਕ ਹਜ਼ਾਰ ਨਾਗ-ਪੁੱਤਰਾਂ ਦਾ ਵਰਦਾਨ ਮੰਗਿਆ ਅਤੇ ਵਿਨਤਾ ਨੇ ਕੇਵਲ ਦੋ ਪੁੱਤਰ ਮੰਗੇ ਪਰ ਸ਼ਰਤ ਇਹ ਸੀ ਕਿ ਇਹ ਦੋਵੇਂ ਕਦਰੂ ਦੇ ਹਜ਼ਾਰ ਪੁੱਤਰਾਂ ਤੋਂ ਅਧਿਕ ਬਲਵਾਨ ਹੋਣ।

ਕਾਲਾਂਤਰ ਵਿਚ ਕਦਰੂ ਨੇ ਇਕ ਹਜ਼ਾਰ ਅੰਡੇ ਦਿੱਤੇ ਅਤੇ ਵਿਨਤਾ ਨੇ ਕੇਵਲ ਦੋ। ਪੰਜ ਸੌ ਸਾਲ ਬੀਤਣ ਉਪਰੰਤ ਕਦਰੂ ਦੇ ਅੰਡਿਆਂ ਵਿਚੋਂ ਇਕ ਹਜ਼ਾਰ ਨਾਗ ਪੈਦਾ ਹੋਏ। ਕਦਰੂ ਦੇ ਬੱਚਿਆਂ ਨੂੰ ਵੇਖ ਕੇ ਵਿਨਤਾ ਦੇ ਮਨ ਵਿਚ ਆਪਣੇ ਬੱਚੇ ਦੇਖਣ ਦੀ ਰੀਝ ਪੈਦਾ ਹੋਈ। ਕਾਹਲ ਵਿਚ ਉਸ ਨੇ ਆਪਣੇ ਇਕ ਅੰਡੇ ਨੂੰ ਤੋੜ ਦਿੱਤਾ ਜਿਸ ਵਿਚੋਂ ਅੱਧੇ ਧੜ ਵਾਲਾ, ਲਾਲ ਰੰਗ ਦਾ ਪਿੰਗਲਾ ਜੀਵ (ਪੰਛੀ) ਪੈਦਾ ਹੋਇਆ ਅਤੇ ਜੋ ਅਰੁਣ ਅਖਵਾਇਆ। ਦੂਜੇ ਅੰਡੇ ਵਿਚੋਂ ਸਮਾਂ ਪਾ ਕੇ ਗਰੁੜ ਪੈਦਾ ਹੋਇਆ। ਅਰੁਣ ਦਾ ਚੂੰਕਿ ਹੇਠਲਾ ਧੜ ਨਹੀਂ ਸੀ ਇਸ ਵਾਸਤੇ ਇਸ ਨੂੰ 'ਅਨੂਰੂ' (ਅਨ+ਉਰੂ) ਵੀ ਕਿਹਾ ਜਾਂਦਾ ਹੈ। ਇਸ ਦਾ ਵਿਆਹ ਸ੍ਯੇਨੀ ਨਾਲ ਹੋਇਆ ਜਿਸ ਤੋਂ 'ਸੰਪਾਤੀ' ਅਤੇ 'ਜਟਾਯੂ' ਨਾਂ ਦੇ ਦੋ ਪੁੱਤਰ ਪੈਦਾ ਹੋਏ। ਭਗਤ ਤ੍ਰਿਲੋਚਨ ਨੇ ਮਾੜੇ ਕਰਮ (ਬੀਂਡੇ ਦੀਆਂ ਟੰਗਾਂ ਭੰਨਣ ਕਰਕੇ) ਕਾਰਣ ਇਸ ਦਾ ਪਿੰਗਲਾ ਹੋਣਾ ਦਸਿਆ ਹੈ—'ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾਚੇ ਬਾਧਵਾ/ਕਰਮ ਕਰਿ ਅਰੁਣ ਪਿੰਗੁਲਾ ਰੀ' (ਆ. ਗ੍ਰੰ. 695)।

ਅਰੁਣ ਨੂੰ ਸੂਰਜ ਦਾ ਰਥਵਾਨ ਇਸ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਸੂਰਜ ਨਿਕਲਣ ਤੋਂ ਪਹਿਲਾਂ ਜੋ ਆਕਾਸ਼ ਵਿਚ ਲਾਲੀ ਛਾ ਜਾਂਦੀ, ਉਹ ਅਸਲ ਵਿਚ ਅਰੁਣ ਦੀ ਸੁਰਖੀ ਦਾ ਹੀ ਝਲਕਾਰਾ ਹੈ।

ਅਲੱਖ : ਇਸ ਦਾ ਸ਼ਾਬਦਿਕ ਅਰਥ ਹੈ ਜੋ ਲਖਿਆ ਨਾ ਜਾ ਸਕੇ, ਜੋ ਦਿਖਾਈ ਨਾ ਦੇਵੇ,

ਅਦ੍ਰਿਸ਼। ਕਾਲਾਂਤਰ ਵਿਚ ਇਸ ਨੂੰ ਪਰਮਾਤਮਾ ਦਾ ਵਾਚਕ ਸ਼ਬਦ ਮੰਨਿਆ ਜਾਣ ਲਗਿਆ। ਜਿਵੇਂ ਗੁਰੂ ਅਮਰਦਾਸ ਜੀ ਨੇ ਕਿਹਾ ਹੈ—'ਅਗਮ ਅਗੋਚਰੁ ਅਲਖ ਅਪਾਰਾ ।। ਕੋਇ ਨ ਜਾਣੈ ਤੇਰਾ ਪਰਵਾਰਾ' (ਆ. ਗ੍ਰੰ. 1060)। ਉਂਜ ਇਹ ਨਾਥ-ਪੰਥੀ ਜੋਗੀਆਂ ਦੀ ਟਕਸਾਲ ਦਾ ਸਿੱਕਾ ਹੈ। ਨਾਥ-ਜੋਗੀ ਜਦੋਂ ਖੱਪਰ ਅਗੇ ਕਰਕੇ ਭਿਖਿਆ ਮੰਗਦੇ ਹਨ ਤਾਂ 'ਅਲੱਖ ਅਲੱਖ' ਸ਼ਬਦ ਬੋਲਦੇ ਹਨ।

'ਅਲੱਖ' ਸ਼ਬਦ ਦੇ ਆਧਾਰ ਤੇ ਜੋਗੀਆਂ ਵਿਚ ਇਕ ਅਲੱਖ-ਨਾਮੀ ਜਾਂ ਅਲੱਖਧਾਰੀ ਸੰਪ੍ਰਦਾਇ ਦਾ ਵੀ ਵਿਕਾਸ ਹੋਇਆ ਹੈ। ਇਸ ਸੰਪ੍ਰਦਾਇ ਦੇ ਜੋਗੀ ਆਪਣੇ ਆਪ ਨੂੰ ਸਹੀ ਜੋਗੀ ਮੰਨਦੇ ਹਨ। ਮੂਰਤੀ-ਪੂਜਾ ਨਾ ਕਰਕੇ ਇਹ ਅਹਿੰਸਾ ਦਾ ਪ੍ਰਚਾਰ ਕਰਦੇ ਹਨ ਅਤੇ ਲੋਕ-ਕਲਿਆਣ ਕਰਨ ਵਿਚ ਰੁਚੀ ਰਖਦੇ ਹਨ। ਜਾਤਿ-ਭੇਦ-ਭਾਵ ਤੋਂ ਇਹ ਬਹੁਤ ਉੱਚੇ ਹਨ। ਇਨ੍ਹਾਂ ਜੋਗੀਆਂ ਦੇ ਸਮਾਜਿਕ ਰੀਤੀ-ਰਿਵਾਜ ਬੜੇ ਸਰਲ ਅਤੇ ਸਾਦੇ ਹਨ। ਬਾਹਰਲੇ ਆਡੰਬਰਾਂ ਵਿਚ ਇਹ ਯਕੀਨ ਨਹੀਂ ਰਖਦੇ।

ਭਿਖਿਆ ਮੰਗਣ ਵੇਲੇ ਜੋਗੀ ਲੋਕ 'ਅਲੱਖ' ਦੀ ਉਸਤਤ ਵਿਚ ਜੋ ਗੀਤ ਗਾਉਂਦੇ ਹਨ, ਉਨ੍ਹਾਂ ਨੂੰ ਵੀ 'ਅਲੱਖ' ਕਿਹਾ ਜਾਂਦਾ ਹੈ। ਮੁੱਖ ਨਾਥ-ਜੋਗੀਆਂ ਦੇ ਪ੍ਰਸੰਗ ਵੀ ਇਸੇ ਪਰੰਪਰਾ ਵਿਚ 'ਅਲੱਖ' ਨਾਂ ਨਾਲ ਪ੍ਰਸਿੱਧ ਹਨ। ਕਈ 'ਅਲੱਖ' ਦੇ ਨਾਲ 'ਨਿਰੰਜਨ' ਸ਼ਬਦ ਦੀ ਵੀ ਵਰਤੋਂ ਕਰਦੇ ਹਨ। ਇਹ ਵੀ ਪਰਮਾਤਮਾ ਦਾ ਸੂਚਕ ਸ਼ਬਦ ਹੈ।

ਅਲੱਖਧਾਰੀ ਸੰਪ੍ਰਦਾਇ : ਅਲੱਖ ਉਪਾਸਨਾ-ਵਿਧੀ ਨਾਲ ਸੰਬੰਧ ਰਖਣ ਵਾਲੇ ਜੋਗੀ। ਵੇਖੋ 'ਅਲੱਖ'।

ਅੱਲਫ਼-ਲੈਲਾ : ਅਰਬੀ ਭਾਸ਼ਾ ਵਿਚ ਲਿਖਿਆ ਇਕ ਰੋਚਕ ਕਹਾਣੀ-ਸੰਗ੍ਰਹਿ ਜਿਸ ਦਾ ਸਹੀ ਨਾਂ 'ਅੱਲਫ਼-ਲੈਲਾਤ' ਹੈ ਅਤੇ ਜਿਸ ਦਾ ਅਰਥ ਹੈ 'ਇਕ ਹਜ਼ਾਰ ਇਕ ਰਾਤਾਂ'। ਚੂੰਕਿ ਇਸ ਵਿਚਲੀਆਂ ਕਹਾਣੀਆਂ ਨੂੰ ਇਕ ਹਜ਼ਾਰ ਇਕ ਰਾਤਾਂ ਵਿਚ ਸੁਣਾਇਆ ਗਿਆ ਸੀ, ਇਸ ਲਈ ਇਸ ਪੁਸਤਕ ਦਾ ਨਾਂ ਵੀ ਇਹੀ ਪੈ ਗਿਆ। ਪਰ ਉਂਜ ਇਸ ਵਿਚਲੀਆਂ ਕਹਾਣੀਆਂ ਦੀ ਗਿਣਤੀ ਇਕ ਹਜ਼ਾਰ ਇਕ ਨਹੀਂ ਸਗੋਂ ਇਕ ਸੌ ਪਚਾਸੀ ਹੈ। ਇਨ੍ਹਾਂ ਨੂੰ ਲੰਬੇ ਹੋਣ ਕਾਰਣ ਇਕ ਹਜ਼ਾਰ ਇਕ ਰਾਤਾਂ ਵਿਚ ਹੀ ਮੁਕਾਇਆ ਗਿਆ ਹੋਵੇਗਾ। ਇਸ ਕਹਾਣੀ-ਸੰਗ੍ਰਹਿ ਦੀ ਉਥਾਨਿਕਾ ਇਸ ਪ੍ਰਕਾਰ ਹੈ—

ਸ਼ਹਿਰ-ਯਾਰ ਨਾਂ ਦੇ ਇਕ ਬਾਦਸ਼ਾਹ ਨੂੰ ਆਪਣੀ ਬੇਗਮ ਦੀ ਬਦਚਲਨੀ ਬਾਰੇ ਪਤਾ ਲਗਣ ਤੇ ਉਸ ਨੂੰ ਕਤਲ ਕਰਵਾ ਦਿੱਤਾ। ਫਿਰ ਉਸ ਦੀ ਧਾਰਣਾ ਬਣ ਗਈ ਕਿ ਸਾਰੀਆਂ ਔਰਤਾਂ ਬਦਚਲਨ ਹੁੰਦੀਆਂ ਹਨ, ਇਸ ਲਈ ਉਹ ਔਰਤ-ਜਾਤਿ ਨੂੰ ਘਿਰਣਾ ਕਰਨ ਲਗ ਗਿਆ। ਤਦ-ਉਪਰੰਤ ਉਹ ਨਿੱਤ ਨਵਾਂ ਵਿਆਹ ਕਰਦਾ ਅਤੇ ਇਕ ਰਾਤ ਹਰ ਬੇਗਮ ਨਾਲ ਬਤੀਤ ਕਰਨ ਉਪਰੰਤ ਉਸ ਨੂੰ ਕਤਲ ਕਰਵਾ ਦਿੰਦਾ। ਹੌਲੀ ਹੌਲੀ ਇਹ ਗੱਲ ਨਸ਼ਰ ਹੋ ਗਈ। ਉਸ ਬਾਦਸ਼ਾਹ ਦੇ ਵਜ਼ੀਰ ਦੀਆਂ ਦੋ ਬੇਟੀਆਂ ਸਨ, ਜਿਨ੍ਹਾਂ ਵਿਚੋਂ ਵੱਡੀ ਦਾ ਨਾਂ ਸ਼ਹਿਰਜ਼ਾਦ ਸੀ। ਔਰਤਾਂ ਦੇ ਨਿੱਤ ਹੁੰਦੇ ਕਤਲ ਨੂੰ ਵਿਚਾਰ ਕੇ ਸ਼ਹਿਰਜ਼ਾਦ ਨੇ ਬਾਦਸ਼ਾਹ ਨੂੰ ਸਹੀ ਮਾਰਗ ਉਤੇ ਪਾਣ ਲਈ ਇਕ ਯੋਜਨਾ ਬਣਾਈ ਅਤੇ ਆਪਣੇ ਪਿਤਾ ਨੂੰ ਕਿਹਾ ਕਿ ਉਸ ਦੀ ਸ਼ਾਦੀ ਬਾਦਸ਼ਾਹ ਨਾਲ ਕਰ ਦਿੱਤੀ ਜਾਏ।

ਵਿਆਹ ਤੋਂ ਬਾਦ ਪਹਿਲੀ ਰਾਤ ਨੂੰ ਸ਼ਹਿਰਜ਼ਾਦ ਨੇ ਬਾਦਸ਼ਾਹ ਨੂੰ ਇਕ ਕਹਾਣੀ ਸੁਣਾਉਣੀ ਸ਼ੁਰੂ ਕੀਤੀ ਅਤੇ ਰਾਤ ਮੁਕਣ ਤੇ ਬਾਕੀ ਰਹਿੰਦੀ ਕਹਾਣੀ ਅਗਲੀ ਰਾਤ ਨੂੰ ਸੁਣਾਉਣ ਦਾ ਵਿਸ਼ਵਾਸ ਦਿਵਾਇਆ, ਸ਼ਰਤ ਇਹ ਕਿ ਜੇ ਉਹ ਜੀਊਂਦੀ ਰਹੀ। ਕਹਾਣੀ ਇਤਨੀ ਉਤਸੁਕਤਾ ਭਰੀ ਸੀ ਕਿ ਬਾਦਸ਼ਾਹ ਅਗਲੀ ਰਾਤ ਦੀ ਉਡੀਕ ਕਰਨ ਲਗਾ ਤੇ ਇਸ ਤਰ੍ਹਾਂ ਇਕ ਸਿਲਸਿਲਾ ਚਲ ਪਿਆ ਅਤੇ ਬਾਦਸ਼ਾਹ ਸ਼ਹਿਰਜ਼ਾਦ ਦੇ ਕਤਲ ਨੂੰ ਅਗੇ ਪਾਉਂਦਾ ਰਿਹਾ। ਇਸ ਤਰ੍ਹਾਂ ਬਾਦਸ਼ਾਹ ਦੇ ਮਨ ਵਿਚ ਨਿੱਤ ਵਿਆਹ ਕਰਨ ਅਤੇ ਰਾਤ ਤੋਂ ਬਾਦ ਉਸ ਔਰਤ ਨੂੰ ਕਤਲ ਕਰ ਦੇਣ ਦੀ ਧਾਰਨਾ ਵੀ ਖ਼ਤਮ ਹੋ ਗਈ। ਸ਼ਹਿਰਜ਼ਾਦ ਨੇ ਕਹਾਣੀਆਂ ਦਾ ਕ੍ਰਮ ਇਸ ਤਰ੍ਹਾਂ ਜੋੜਿਆ ਹੈ ਕਿ ਉਨ੍ਹਾਂ ਦੀ ਲੜੀ ਕਿਤੇ ਟੁਟਦੀ ਨਹੀਂ ਅਤੇ ਇਕ ਦੂਜੀ ਨਾਲ ਪਰੁਚੀਆਂ ਹੋਈਆਂ ਕਹਾਣੀਆਂ ਆਪਣਾ ਉਤਸੁਕਤਾ ਭਰਿਆ ਵਿਕਾਸ ਜਾਰੀ ਰਖਦੀਆਂ ਹਨ।

ਇਹ ਕਹਾਣੀ-ਸੰਗ੍ਰਹਿ ਸਤਾਰ੍ਹਵੀਂ ਸਦੀ ਤੋਂ ਬਾਦ ਅਧਿਕ ਪ੍ਰਚਲਿਤ ਹੋਇਆ। ਯੋਰੁਪੀ ਦੇਸ਼ਾਂ ਵਿਚ 'ਕੁਰਾਨ' ਤੋਂ ਬਾਦ ਇਸੇ ਦੀ ਪ੍ਰਸਿੱਧੀ ਹੈ। ਇਸ ਵਿਚ ਅਧਿਕਤਰ ਮੱਧ ਏਸ਼ੀਆ, ਚੀਨ ਅਤੇ ਹਿੰਦੁਸਤਾਨ ਦੇ ਪਿਛੋਕੜ ਵਾਲੀਆਂ ਕਹਾਣੀਆਂ ਹਨ। ਮਿਸਰ, ਯੂਨਾਨ ਆਦਿ ਦੇਸ਼ਾਂ ਨਾਲ ਵੀ ਕੁਝ ਕਹਾਣੀਆਂ ਦਾ ਸੰਬੰਧ ਜਾ ਜੁੜਦਾ ਹੈ। ਇਨ੍ਹਾਂ ਵਿਚੋਂ ਕੁਝ ਕਹਾਣੀਆਂ ਤਿਲਿਸਮੀ ਹਨ, ਕੁਝ ਪ੍ਰੇਮ ਪ੍ਰਧਾਨ ਹਨ, ਕੁਝ ਦਾ ਸੰਬੰਧਬ ਹਾਦਰੀ ਦੇ ਸਾਕਿਆਂ ਨਾਲ ਹੈ ਅਤੇ ਕੁਝ ਅਰਬ ਦੇਸ਼ ਦੀਆਂ ਰਵਾਇਤਾਂ ਤੇ ਆਧਾਰਿਤ ਹਨ; ਕੁਝ ਹਾਸੇ ਮਖੌਲ ਨਾਲ ਸੰਬੰਧ ਰਖਦੀਆਂ ਹਨ ਅਤੇ ਕੁਝ ਦਾ ਸੰਬੰਧ ਪਸ਼ੂਆਂ ਨਾਲ ਹੈ।

'ਅਲਫ਼-ਲੈਲਾ' ਕਦ ਲਿਖੀ ਗਈ, ਇਸ ਬਾਰੇ ਕੋਈ ਪੱਕਾ ਪ੍ਰਮਾਣ ਨਹੀਂ ਮਿਲਦਾ। ਕਹਿੰਦੇ ਹਨ ਕਿ ਅਬੂ ਅਬਦੁੱਲਾ ਮੁਹੰਮਦ ਨਾਂ ਦੇ ਵਿਅਕਤੀ ਨੇ ਇਸ ਦੀ ਰਚਨਾ ਸੰਨ 942-43 ਈ. ਵਿਚ ਕੀਤੀ ਸੀ। ਦਸਵੀਂ ਸਦੀ ਵਿਚ ਹੋਏ ਮਸਊਦ ਨੇ ਆਪਣੀ ਇਕ ਪੁਸਤਕ ਵਿਚ ਲਿਖਿਆ ਹੈ ਕਿ 'ਅੱਲਫ਼-ਲੈਲਾ' ਦੀ ਮੂਲ ਕਹਾਣੀ ਦਾ ਫ਼ਾਰਸੀ ਵਿਚ ਲਿਖੀ 'ਹਜ਼ਾਰ ਅਫ਼ਸਾਨਾ' ਨਾਂ ਦੀ ਪੁਸਤਕ ਤੋਂ ਅਨੁਵਾਦ ਕੀਤਾ ਗਿਆ ਹੈ ਅਤੇ 'ਹਜ਼ਾਰ ਅਫ਼ਸਾਨਾ' ਦੀ ਕਹਾਣੀ ਦਾ ਢਾਂਚਾ ਹਿੰਦੁਸਤਾਨੀ ਲੋਕ-ਵਾਰਤਾਵਾਂ ਉਤੇ ਉਸਰਿਆ ਹੈ। ਬਾਦ ਵਿਚ ਲੇਖਕਾਂ ਨੇ ਮਨਚਾਹੇ ਢੰਗ ਨਾਲ 'ਅੱਲਫ਼-ਲੈਲਾ' ਦੀਆਂ ਕਹਾਣੀਆਂ ਵਿਚ ਅਨੇਕ ਢੰਗਾਂ ਨਾਲ ਰਲੇ ਪਾ ਕੇ ਵਾਧਾ ਕੀਤਾ ਹੈ, ਜਿਸ ਕਰਕੇ ਇਸ ਦਾ ਮੂਲ ਰੂਪ ਨਿਖੇੜ ਸਕਣਾ ਸਰਲ ਨਹੀਂ ਹੈ। ਸਭ ਤੋਂ ਪਹਿਲਾਂ ਅਠਾਰ੍ਹਵੀਂ ਸਦੀ ਵਿਚ ਇਸ ਦਾ ਅਨੁਵਾਦ ਫਰਾਂਸੀਸੀ ਭਾਸ਼ਾ ਵਿਚ ਕੀਤਾ ਗਿਆ। ਹੁਣ ਇਸ ਕਹਾਣੀ-ਸੰਗ੍ਰਹਿ ਦਾ ਅਨੇਕ ਯੋਰੁਪੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਿਆ ਹੈ। ਇਸ ਦੇ ਹਿੰਦੁਸਤਾਨ ਵਿਚ ਵੀ ਮੂਲ ਅਤੇ ਅਨੁਵਾਦਿਤ ਅਨੇਕ ਸੰਸਕਰਣ ਮਿਲ ਜਾਂਦੇ ਹਨ। 'ਦਸਮ-ਗ੍ਰੰਥ' ਵਿਚ ਸੰਕਲਿਤ 'ਚਰਿਤ੍ਰੋਪਾਖਿਆਨ' ਨਾਂ ਦੀ ਰਚਨਾ ਇਸੇ ਲੀਹ ਉਤੇ ਹੋਈ ਪ੍ਰਤੀਤ ਹੁੰਦੀ ਹੈ। ਕਵੀ ਜਸਵੰਤ ਸਿੰਘ ਨੇਕੀ ਨੇ ਇਸ ਕਹਾਣੀ-ਸੰਗ੍ਰਹਿ ਵਲ ਸੰਕੇਤ ਕਰਦਿਆਂ ਲਿਖਿਆ ਹੈ — 'ਆਦਮ ਤੇ ਹਵਾ,/ਕੋਈ ਦਰਸ਼ਨ ਜਾਣਦੇ ਸਨ ?/ਅੱਲਿਫ਼ ਲੈਲਾ ਵਰਗੀ ਕਿਸੇ ਵਸਤ ਦੇ/ਮਹਿਰਮ ਜ਼ਰੂਰ ਸਨ।'

ਅਲਾਹਣੀ : ਇਹ ਪੰਜਾਬੀ ਦਾ ਇਕ ਸੋਗੀ ਜਾਂ ਮਾਤਮੀ ਲੋਕਗੀਤ ਹੈ ਜੋ ਕੇਵਲ ਮਰਨ ਦੇ ਅਵਸਰ ਤੇ ਹੀ ਰੁਦਨਮਈ ਢੰਗ ਨਾਲ ਗਾਇਆ ਜਾਂਦਾ ਹੈ। ਇਸ ਨੂੰ ਕਿਸੇ ਹੋਰ ਅਵਸਰ ਤੇ ਨਹੀਂ ਗਾਇਆ ਜਾ ਸਕਦਾ, ਸਗੋਂ ਇਸ ਨੂੰ ਇਕੱਲਿਆਂ ਜਾਂ ਮਿੱਤਰਾਂ ਵਿਚ ਬੈਠ ਕੇ ਗੁਣਗੁਣਾਉਣਾ ਵੀ ਬਦਸ਼ਗਨੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

ਪੰਜਾਬ ਵਿਚ ਜਦੋਂ ਕੋਈ ਵਿਅਕਤੀ ਮਰਦਾ ਹੈ, ਤਾਂ ਪਿੰਡ ਜਾਂ ਕਸਬੇ ਦੀ ਨੈਣ, ਮਿਰਾਸਣ ਜਾਂ ਮਿਸ਼ਰਾਣੀ ਆ ਜਾਂਦੀ ਹੈ ਅਤੇ ਉਹ ਖੜ੍ਹ ਕੇ ਬੋਲ ਬੋਲਦੀ ਹੈ। ਅਫ਼ਸੋਸ ਕਰਨ ਆਈਆਂ ਬਾਕੀ ਸਾਰੀਆਂ ਇਸਤਰੀਆਂ ਉਸ ਦੇ ਇਰਦ-ਗਿਰਦ ਘੇਰੇ ਵਿਚ ਖੜ੍ਹ ਕੇ ਮ੍ਰਿਤ ਵਿਅਕਤੀ ਦਾ ਨਾਂ ਜਾਂ ਰਿਸ਼ਤਾ ਬੋਲ ਕੇ ਹਾਇ-ਹਾਇ ਦੇ ਤਾਲ ਤੇ ਰੋਂਦੀਆਂ ਹੋਈਆਂ ਸਿਆਪਾ ਕਰਦੀਆਂ ਹਨ। ਇਹ ਸਿਆਪਾ ਮੱਥੇ, ਛਾਤੀ ਅਤੇ ਪੱਟਾਂ ਉਸ ਕ੍ਰਮ-ਵਾਰ ਹੱਥ ਮਾਰ ਕੇ ਕੀਤਾ ਜਾਂਦਾ ਹੈ। ਇਸ ਦੀ ਚਾਲ ਪਹਿਲਾਂ ਹੌਲੀ, ਪਰ ਸਹਿਜੇ-ਸਹਿਜੇ ਤੇਜ਼ ਹੁੰਦੀ ਜਾਂਦੀ ਹੈ ਅਤੇ ਸਾਰੀਆਂ ਇਸਤਰੀਆਂ ਦੇ ਹੱਥ ਇਕ ਤਾਲ ਵਿਚ ਇਕੱਠੇ ਮੱਥੇ, ਛਾਤੀ ਅਤੇ ਪੱਟਾਂ ਉਤੇ ਵਜਦੇ ਹਨ। ਤਾਲੋਂ ਉਖੜਨ ਵਾਲੀ ਇਸਤਰੀ ਨੂੰ ਕਈ ਵਾਰ ਨੈਣ ਬਾਹਰ ਵੀ ਕੱਢ ਦਿੰਦੀ ਹੈ। ਮਰਨ ਵਾਲੇ ਦੀ ਆਯੂ ਦੇ ਪੱਖ ਤੋਂ ਅਲਾਹਣੀ ਤਿੰਨ ਪ੍ਰਕਾਰ ਦੀ ਹੁੰਦੀ ਹੈ—ਜਵਾਨੀ ਦੀ ਮੌਤ ਵੇਲੇ ਪਾਈ ਅਲਾਹਣੀ ਬੜੀ ਹਿਰਦੇ ਬੇਧਕ ਹੁੰਦੀ ਹੈ, ਬੱਚੇ ਦੀ ਮ੍ਰਿਤੂ ਤੇ ਪਾਈ ਗਈ ਅਲਾਹਣੀ ਵਿਚ ਮਮਤਾ ਦਾ ਪੱਖ ਪ੍ਰਧਾਨ ਹੁੰਦਾ ਹੈ ਅਤੇ ਬਿਰਧ ਦੀ ਮੌਤ ਵੇਲੇ ਪਾਈ ਗਈ ਅਲਾਹਣੀ ਵਿਚ ਕਰੁਣ ਰਸ ਵਿਚ ਕਈ ਵਾਰ ਠਠੋਬਾਜ਼ੀ ਦਾ ਰੰਗ ਬੰਨ੍ਹ ਕੇ ਰਸਾਂਤਰ ਪੈਦਾ ਕੀਤਾ ਜਾਂਦਾ ਹੈ। ਅਜਿਹਾ ਖ਼ਾਸ ਤੌਰ ਤੇ ਸ਼ਰੀਕਣਾਂ ਕਰਦੀਆਂ ਹਨ। ਮ੍ਰਿਤ ਮਰਦਾਂ ਅਤੇ ਇਸਤਰੀਆਂ ਨਾਲ ਸੰਬੰਧਿਤ ਅਲਾਹਣੀਆਂ ਵਿਚ ਕ੍ਰਮਵਾਰ ਮਰਦਾਵੇਂ ਜ਼ਨਾਨੇ ਗੁਣਾਂ ਦਾ ਕਥਨ ਕਰਕੇ ਸਿਆਪਾ ਕੀਤਾ ਜਾਂਦਾ ਹੈ। ਉਦਾਹਰਣ ਵਜੋਂ—'ਤੰਦ ਅਜੇ ਨਾ ਕਤੀ, ਧੀਏ ਮੋਰਨੀਏ, ਹਾਇ ਹਾ-ਧੀਏ ਮੋਰਨੀਏ', 'ਮੁਛ ਅਜੇ ਨ ਫੁਟੀ, ਸ਼ੇਰ ਸਰੂ ਜਿਹਾ, ਹਾਇ ਹਾ-ਸ਼ੇਰ ਸਰੂ ਜਿਹਾ' ਆਦਿ। ਨੈਣਾਂ ਜਾਂ ਮਿਰਾਸਣਾਂ ਨੂੰ ਹਰ ਪ੍ਰਕਾਰ ਦੇ ਵਿਅਕਤੀਆਂ ਲਈ ਅਲਾਹਣੀਆਂ ਯਾਦ ਹੁੰਦੀਆਂ ਹਨ ਅਤੇ ਕਈ ਵਾਰ ਉਨ੍ਹਾਂ ਵਿਚ ਇਤਨੀ ਸਮਰਥਾ ਵੀ ਹੁੰਦੀ ਹੈ ਕਿ ਉਹ ਮੌਕੇ ਉਤੇ ਤੁਰੰਤ ਅਲਾਹਣੀ ਦੇ ਬੋਲ ਘੜ ਲੈਂਦੀਆਂ ਹਨ। ਜਿਉਂ ਜਿਉਂ ਲੋਕਾਂ ਵਿਚ ਵਿਦਿਆ ਦੀ ਜਾਗ੍ਰਿਤੀ ਆਉਂਦੀ ਜਾ ਰਹੀ ਹੈ ਅਤੇ ਇਸਤਰੀਆਂ ਦਾ ਰਹਿਣ-ਸਹਿਣ ਸੁਖਾਵਾਂ ਅਤੇ ਆਧੁਨਿਕ ਢੰਗ ਦਾ ਹੁੰਦਾ ਜਾ ਰਿਹਾ ਹੈ, ਤਿਉਂ ਤਿਉਂ ਅਲਾਹਣੀਆਂ ਦਾ ਰਿਵਾਜ ਵੀ ਘਟਦਾ ਜਾ ਰਿਹਾ ਹੈ।

ਲੋਕ-ਜੀਵਨ ਦੀਆਂ ਭਾਵਨਾਵਾਂ ਦੇ ਨਾਲ ਨਾਲ ਵਿਚਰਨ ਵਾਲੀ ਗੁਰਬਾਣੀ ਦੀ ਨੁਹਾਰ ਅਧਿਕਤਰ ਲੋਕ-ਪਰੰਪਰਾ ਵਾਲੀ ਹੈ ਅਤੇ ਇਸ ਕਾਰਣ ਗੁਰੂ ਸਾਹਿਬਾਨ ਨੇ ਬਹੁਤ ਸਾਰੇ ਲੋਕ-ਗੀਤਾਂ ਅਤੇ ਕਾਵਿ-ਰੂਪਾਂ ਦੀਆਂ ਲੀਹਾਂ ਉਤੇ ਆਪਣੀ ਬਾਣੀ ਦੀ ਰਚਨਾ ਕੀਤੀ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਨੇ ਵਡਹੰਸ ਰਾਗ ਵਿਚ ਪੰਜ ਅਲਾਹਣੀਆਂ ਦੀ ਰਚਨਾ ਕੀਤੀ। ਇਸ ਵਿਚ ਸੰਦੇਹ ਨਹੀਂ ਕਿ ਇਨ੍ਹਾਂ ਅਲਾਹਣੀਆਂ ਦਾ ਵਰਣਿਤ ਵਿਸ਼ਾ ਵਿਯੋਗ-ਜਨਿਤ ਵੈਰਾਗ ਹੈ, ਪਰ ਗੁਰੂ ਜੀ ਨੇ ਕਿਤੇ ਵੀ ਨਿਰਾਸ਼ਾ

ਜਾਂ ਉਦਾਸੀਨਤਾ ਦੀ ਭਾਵਨਾ ਦਾ ਸੰਚਾਰ ਨਹੀਂ ਹੋਣ ਦਿਤਾ। ਅਸਲੋਂ ਗੁਰੂ ਜੀ ਨੇ ਜਿਗਿਆਸੂ ਨੂੰ ਅਜਿਹੇ ਮਰਨੇ ਲਈ ਪ੍ਰੇਰਿਤ ਕੀਤਾ ਜਿਸ ਨਾਲ ਪ੍ਰਭੂ ਦੇ ਦੁਆਰ ਉਤੇ ਵਡਿਆਈ ਅਤੇ ਪ੍ਰਮਾਣਿਕਤਾ ਦਾ ਚਿੰਨ੍ਹ ਪ੍ਰਾਪਤ ਹੋ ਸਕੇ।

ਅਲਾਦੀਨ ਦਾ ਚਿਰਾਗ਼ : ਵੇਖੋ 'ਅਲਾਦੀਨੀ ਦੀਵਾ'।

ਅਲਾਦੀਨੀ ਦੀਵਾ : ਮਿਸਰੀ ਮੂਲ ਦੀ ਇਕ ਕਹਾਣੀ ਜੋ 'ਅੱਲਫ-ਲੈਲਾ' ਕਹਾਣੀ ਸੰਗ੍ਰਹਿ ਵਿਚ ਸੰਕਲਿਤ ਹੈ। ਇਹ ਹੰਨਾ ਨੇ ਗੈਲੈਂਡ ਨੂੰ ਜ਼ਬਾਨੀ ਸੁਣਾਈ ਸੀ। ਇਹ ਇਕ ਪ੍ਰਕਾਰ ਦੀ ਤਿਲਿਸਮੀ ਕਹਾਣੀ ਹੈ ਜਿਸ ਵਿਚ ਸਾਰਾ ਕਾਰਜ ਜਾਦੂ ਨਾਲ ਸੰਪੰਨ ਹੁੰਦਾ ਹੈ। ਇਸ ਦਾ ਸੰਖੇਪ ਇਸ ਪ੍ਰਕਾਰ ਹੈ—

ਅਲਾਦੀਨ ਚੀਨ ਨਿਵਾਸੀ ਇਕ ਦਰਜ਼ੀ ਦਾ ਪੁੱਤਰ ਸੀ ਜਿਸ ਦਾ ਪਿਤਾ ਬਚਪਨ ਵਿਚ ਹੀ ਮਰ ਗਿਆ। ਇਕ ਵਾਰ ਹੋਰਨਾਂ ਬਾਲਕਾਂ ਨਾਲ ਖੇਡਦਿਆਂ ਅਲਾਦੀਨ ਨੂੰ ਇਕ ਜਾਦੂਗਰ ਮਿਲਿਆ ਜਿਸ ਨੇ ਆਪਣੇ ਆਪ ਨੂੰ ਅਲਾਦੀਨ ਦਾ ਚਾਚਾ ਦਸਿਆ। ਅਲਾਦੀਨ ਉਸ ਨੂੰ ਘਰ ਲੈ ਗਿਆ। ਫਿਰ ਉਹ ਜਾਦੂਗਰ ਅਲਾਦੀਨ ਨੂੰ ਲੈ ਕੇ ਬਨ ਵਿਚ ਗਿਆ। ਉਥੇ ਉਸ ਦੇ ਇਕ ਮੰਤਰ ਪੜ੍ਹਨ ਨਾਲ ਧਰਤੀ ਪਾਟ ਗਈ ਅਤੇ ਹੇਠਾਂ ਇਕ ਗੁਫਾ ਜਿਹੀ ਦਿਸ ਪਈ। ਉਸ ਨੇ ਅਲਾਦੀਨ ਨੂੰ ਇਕ ਮੁੰਦਰੀ ਦੇ ਕੇ ਗੁਫਾ ਵਿਚ ਉਤਰਨ ਲਈ ਕਿਹਾ ਤਾਂ ਜੋ ਉਹ ਜਾ ਕੇ ਮਹੱਲ ਦੇ ਕਿਸੇ ਕਮਰੇ ਵਿਚ ਪਿਆ ਹੋਇਆ ਇਕ ਦੀਵਾ ਚੁੱਕ ਲਿਆਏ। ਅਲਾਦੀਨ ਦੀਵਾ ਚੁੱਕ ਲਿਆਇਆ, ਪਰ ਜਾਦੂਗਰ ਦੇ ਮੰਗਣ ਤੇ ਤਦ ਤਕ ਉਸ ਨੂੰ ਨਾ ਦਿੱਤਾ ਜਦ ਤਕ ਉਹ ਅਲਾਦੀਨ ਨੂੰ ਗੁਫਾ ਵਿਚੋਂ ਨਹੀਂ ਕੱਢਦਾ। ਅਲਾਦੀਨ ਦੀ ਜ਼ਿਦ ਨੂੰ ਵੇਖ ਕੇ ਜਾਦੂਗਰ ਨੇ ਪਾਟੀ ਹੋਈ ਧਰਤੀ ਮੇਲ ਦਿੱਤੀ ਅਤੇ ਅਲਾਦੀਨ ਅੰਦਰ ਹੀ ਰਹਿ ਗਿਆ। ਘਬਰਾਹਟ ਵਿਚ ਆਪਣੇ ਹੱਥ ਮਲਣ ਨਾਲ ਮੁੰਦਰੀ ਰਗੜੀ ਗਈ ਜਿਸ ਕਰਕੇ ਇਕ ਦੇਉ ਸਾਹਮਣੇ ਆ ਖੜੋਤਾ ਅਤੇ ਉਸ ਨੇ ਦਸਿਆ ਕਿ ਉਹ ਮੁੰਦਰੀ ਦੇ ਅਧੀਨ ਹੈ। ਅਲਾਦੀਨ ਨੇ ਉਸ ਨੂੰ ਬਾਹਰ ਕੱਢਣ ਲਈ ਕਿਹਾ; ਤੁਰਤ ਅਲਾਦੀਨ ਬਾਹਰ ਆ ਗਿਆ। ਉਹ ਉਥੋਂ ਘਰ ਆਇਆ। ਭੁੱਖ ਲਗਣ ਕਾਰਣ ਮਾਂ ਤੋਂ ਰੋਟੀ ਮੰਗੀ ਪਰ ਘਰ ਤਾਂ ਕੁਝ ਵੀ ਨਹੀਂ ਸੀ। ਉਸ ਨੇ ਫਿਰ ਮੁੰਦਰੀ ਰਗੜੀ ਅਤੇ ਦਿਉ ਹਾਜ਼ਰ ਹੋ ਗਿਆ। ਅਲਾਦੀਨ ਦੇ ਕਹੇ ਤੇ ਉਸ ਨੇ ਖਾਣ-ਪੀਣ ਦੀਆਂ ਚੀਜ਼ਾਂ ਹਾਜ਼ਰ ਕਰ ਦਿੱਤੀਆਂ। ਇਕ ਦਿਨ ਦੀਵੇ ਨੂੰ ਸਾਫ਼ ਕਰਦਿਆਂ ਉਹ ਵੀ ਸਹਿਜ ਸੁਭਾਵਿਕ ਰਗੜਿਆ ਗਿਆ ਜਿਸ ਦੇ ਫਲਸਰੂਪ ਇਕ ਹੋਰ ਦੇਉ ਹਾਜ਼ਰ ਹੋ ਗਿਆ। ਉਨ੍ਹਾਂ ਦੋਹਾਂ ਦੇਉਆਂ ਦੀ ਮੱਦਦ ਨਾਲ ਅਲਾਦੀਨ ਬਹੁਤ ਅਮੀਰ ਬਣ ਗਿਆ। ਇਕ ਦਿਨ ਉਸ ਨੇ ਆਪਣੀ ਮਾਂ ਨੂੰ ਉਥੋਂ ਦੀ ਸ਼ਹਿਜ਼ਾਦੀ ਨਾਲ ਵਿਆਹ ਕਰਨ ਦੀ ਗੱਲ ਕਹੀ। ਮਾਂ ਬਾਦਸ਼ਾਹ ਪਾਸ ਕਈ ਕੀਮਤੀ ਤੋਹਫ਼ੇ ਲੈ ਕੇ ਗਈ ਅਤੇ ਵਿਆਹ ਦਾ ਪ੍ਰਸਤਾਵ ਰਖਿਆ। ਬਾਦਸ਼ਾਹ ਇਸ ਸ਼ਰਤ ਤੇ ਮੰਨਿਆ ਕਿ ਉਸ ਦੀ ਸ਼ਹਿਜ਼ਾਦੀ ਲਈ ਉਸ ਦੇ ਆਪਣੇ ਮਹੱਲ ਤੋਂ ਵੀ ਵਧੀਆ ਮਹੱਲ ਬਣਵਾਇਆ ਜਾਏ। ਦੂਜੇ ਦੇਉ ਨੇ ਤੁਰੰਤ ਵਧੀਆ ਮਹੱਲ ਬਣਾ ਦਿੱਤਾ। ਫਲਸਰੂਪ ਅਲਾਦੀਨ ਦੀ ਸ਼ਹਿਜ਼ਾਦੀ ਨਾਲ ਸ਼ਾਦੀ ਹੋ ਗਈ।

ਅਲਾਦੀਨ ਦੇ ਅਮੀਰੀ ਠਾਠ ਦਾ ਪਤਾ ਜਦ ਜਾਦੂਗਰ ਨੂੰ ਲਗਾ ਤਾਂ ਉਹ ਨਗਰ ਵਿਚ ਆ ਕੇ ਪੁਰਾਣੇ ਦੀਵਿਆਂ ਦੇ ਬਦਲੇ ਨਵੇਂ ਦੀਵੇ ਵਟਾਉਣ ਦਾ ਧੰਦਾ ਕਰਨ ਲਗਾ। ਦੀਵੇ ਦੀ ਸ਼ਕਤੀ ਤੋਂ ਅਨਜਾਣ ਸ਼ਹਿਜ਼ਾਦੀ ਨੇ ਪੁਰਾਣਾ ਦੀਵਾ ਨਵੇਂ ਨਾਲ ਬਦਲ ਲਿਆ। ਜਾਦੂਗਰ ਉਸ ਦੀਵੇ ਨੂੰ ਬਨ ਵਿਚ ਲੈ ਗਿਆ ਅਤੇ ਦੀਵੇ ਦੀ ਸ਼ਕਤੀ ਨਾਲ ਸਾਰਾ ਮਹੱਲ ਉਥੇ ਸਥਾਨਾਂਤਰਿਤ ਕਰ ਲਿਆ। ਸ਼ਹਿਜ਼ਾਦੀ ਸਮੇਤ ਮਹੱਲ ਦੇ ਗ਼ਾਇਬ ਹੋਣ ਤੇ ਬਾਦਸ਼ਾਹ ਨੇ ਅਲਾਦੀਨ ਨੂੰ ਧਮਕੀ ਦਿੱਤੀ ਕਿ ਜੇ ਉਹ ਸ਼ਹਿਜ਼ਾਦੀ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਵਾਪਸ ਨਾ ਲਿਆਇਆ ਤਾਂ ਫਾਂਸੀ ਤੇ ਚੜ੍ਹਾ ਦਿੱਤਾ ਜਾਏਗਾ। ਅਲਾਦੀਨ ਨੇ ਮੁੰਦਰੀ ਰਗੜ ਕੇ ਪਹਿਲੇ ਦੇਉ ਨੂੰ ਬੁਲਾਇਆ ਅਤੇ ਉਸ ਦੀ ਮੱਦਦ ਨਾਲ ਜੰਗਲ ਵਿਚ ਸਥਾਨਾਂਤਰਿਤ ਮਹੱਲ ਕੋਲ ਪਹੁੰਚਿਆ। ਸ਼ਹਿਜ਼ਾਦੀ ਨਾਲ ਸੰਪਰਕ ਕਰਨ ਤੇ ਪਤਾ ਲਗਾ ਕਿ ਉਹ ਜਾਦੂਗਰ ਦੀਵੇ ਨੂੰ ਸਦਾ ਆਪਣੇ ਲਕ ਨਾਲ ਬੰਨ੍ਹੀ ਰਖਦਾ ਹੈ। ਜਾਦੂਗਰ ਸ਼ਹਿਜ਼ਾਦੀ ਨੂੰ ਵਿਆਹ ਕਰਨ ਲਈ ਮਜਬੂਰ ਕਰ ਰਿਹਾ ਸੀ। ਅਲਾਦੀਨ ਨਾਲ ਸਲਾਹ ਕਰਕੇ ਸ਼ਹਿਜ਼ਾਦੀ ਨੇ ਜਾਦੂਗਰ ਨੂੰ ਵਿਆਹ ਦਾ ਝਾਂਸਾ ਦਿੱਤਾ ਅਤੇ ਖ਼ੂਬ ਸ਼ਰਾਬ ਪਿਲਾ ਕੇ ਬੇਹੋਸ਼ ਹੋਏ ਜਾਦੂਗਰ ਕੋਲੋਂ ਦੀਵਾ ਲੈ ਕੇ ਅਲਾਦੀਨ ਨੂੰ ਦੇ ਦਿੱਤਾ। ਦੀਵੇ ਦੀ ਪ੍ਰਾਪਤੀ ਨਾਲ ਮਹੱਲ ਫਿਰ ਆਪਣੀ ਥਾਂ ਤੇ ਆ ਗਿਆ ਅਤੇ ਅਲਾਦੀਨ ਨੇ ਸ਼ਹਿਜ਼ਾਦੀ ਨੂੰ ਵੀ ਫਿਰ ਪ੍ਰਾਪਤ ਕਰ ਲਿਆ।

ਡਾ. ਦੀਵਾਨਾ ਨੇ 'ਜਗਤ-ਤਮਾਸ਼ਾ' ਨਾਂ ਦੇ ਕਾਵਿ-ਸੰਗ੍ਰਹਿ ਵਿਚ ਇਸ ਵਲ ਸੰਕੇਤ ਕੀਤਾ ਹੈ—'ਇਸ ਨਿਤ ਨਵੇਂ ਪੁਰਾਣੇ, ਬਦਲਦੇ ਜਗਤ ਅੰਦਰ/ਸਿਦਕ ਦਾ ਵਫ਼ਾ ਦਾ/ ਪੁਰਾਣਾ ਅਲ੍ਹਾਦੀਨੀ ਦੀਵਾ।'

ਅਲਿਆਸ : ਇਕ ਪੈਗੰਬਰ ਜੋ ਖ਼੍ਵਾਜਾ ਖਿਜ਼ਰ ਦੇ ਚਾਚੇ ਦਾ ਪੁੱਤਰ ਸੀ। ਇਸ ਨੇ ਆਪਣੇ ਭਰਾ ਵਾਂਗ ਆਬਿਹਯਾਤ ਪੀ ਕੇ ਅਮਰਤਾ ਪ੍ਰਾਪਤ ਕੀਤੀ। ਖ਼੍ਵਾਜਾ ਖਿਜ਼ਰ ਜਲ (ਦਰਿਆ ਜਾਂ ਸਮੁੰਦਰ) ਵਿਚ ਭੁਲੇ ਭਟਕਿਆਂ ਨੂੰ ਸਿਧੇ ਰਾਹੇ ਪਾਣ ਦੀ ਸੇਵਾ ਕਰਦਾ ਹੈ ਅਤੇ ਇਸ ਦਾ ਕਰਤੱਵ ਹੈ ਖ਼ੁਸ਼ਕੀ ਜਾਂ ਧਰਤੀ ਉਤੇ ਭੁਲਿਆਂ ਭਟਕਿਆਂ ਦਾ, ਲੋੜਵੰਦਾਂ ਜਾਂ ਸੰਕਟ ਵਿਚ ਗ੍ਰਸਿਆਂ ਦੀ ਖ਼ਿਦਮਤ ਕਰਨਾ। ਗ਼ੁਲਾਮ ਫ਼ਰੀਦ ਨੇ ਇਸ ਵਲ ਸੰਕੇਤ ਕੀਤਾ ਹੈ—'ਕਿੱਥੇ ਈਸਾ ਤੇ ਅਲਿਆਸ ਨਬੀ,/ਕਿੱਥੇ ਲੱਛਮਣ ਰਾਮ ਤੇ ਕਾਨ੍ਹ ਆਇਆ।'

ਅਲੀ, ਹਜ਼ਰਤ : ਇਹ ਮੁਸਲਮਾਨਾਂ ਦਾ ਚੌਥਾ ਖ਼ਲੀਫ਼ਾ ਅਤੇ ਹਜ਼ਰਤ ਮੁਹੰਮਦ ਦੇ ਚਾਚੇ ਅਬੂ ਤਾਲਿਬ ਦਾ ਪੁੱਤਰ ਸੀ। ਇਸ ਨੇ ਹਜ਼ਰਤ ਮੁਹੰਮਦ ਦੀ ਪੁੱਤਰੀ ਫ਼ਾਤਿਮਾ ਨਾਲ ਵਿਆਹ ਕੀਤਾ ਸੀ। ਜਦੋਂ ਹਜ਼ਰਤ ਮੁਹੰਮਦ ਨੇ ਮੱਕੇ ਤੋਂ ਹਿਜਰਤ ਕੀਤੀ ਤਾਂ ਇਸ ਨੂੰ ਪਿਛੇ ਰਹਿਣ ਲਈ ਆਦੇਸ਼ ਦਿੱਤਾ ਤਾਂ ਜੋ ਵਿਰੋਧੀਆਂ ਨੂੰ ਹਜ਼ਰਤ ਮੁਹੰਮਦ ਦੇ ਜਾਣ ਦਾ ਪਤਾ ਨਾ ਲਗੇ। ਇਹ ਇਕ ਪ੍ਰਚੰਡ ਯੋਧਾ ਅਤੇ ਹਜ਼ਰਤ ਮੁਹੰਮਦ ਦਾ ਸਿਦਕੀ ਅਨੁਯਾਈ ਸੀ। ਜਦੋਂ ਹਜ਼ਰਤ ਨੇ ਤਬੂਕ ਵਲ ਪ੍ਰਸਥਾਨ ਕੀਤਾ ਤਾਂ ਇਸ ਨੂੰ ਮਦੀਨੇ ਦਾ ਪ੍ਰਬੰਧਕੀ ਕਾਰਜ ਸੌਂਪਿਆ ਗਿਆ।

ਸੰਨ 656 ਈ. ਵਿਚੋਂ ਜਦੋਂ ਕੂਫ਼ਾ, ਬਸਰਾ ਅਤੇ ਫੁਸਤਾਤ ਦੇ ਬਾਗ਼ੀਆਂ ਨੇ

ਤੀਜੇ ਖ਼ਲੀਫ਼ੇ ਹਜ਼ਰਤ ਉਸਮਾਨ ਨੂੰ ਕਤਲ ਕਰ ਦਿੱਤਾ ਤਾਂ ਹਜ਼ਰਤ ਅਲੀ ਨੂੰ ਚੌਥਾ ਖ਼ਲੀਫ਼ਾ ਨਿਯੁਕਤ ਕੀਤਾ ਗਿਆ। ਪਰ ਸੀਰੀਆ ਦੇ ਸ਼ਾਸਕ ਮੁਆਵੀਆ ਨੇ ਇਸ ਨੂੰ ਖ਼ਲੀਫ਼ਾ ਮੰਨਣੋਂ ਸੰਕੋਚ ਕੀਤਾ। ਇਸ ਲਈ ਹਜ਼ਰਤ ਅਲੀ ਦਾ ਮੁਆਵੀਆ ਨਾਲ ਵੈਰ ਚਲਦਾ ਰਿਹਾ। ਇਸ ਨੇ ਆਪਣੇ ਖ਼ਲੀਫ਼ਾ-ਕਾਲ ਵਿਚ ਰਾਜ ਦੀਆਂ ਸੀਮਾਵਾਂ ਵਧਾਈਆਂ ਅਤੇ ਵਿਰੋਧੀਆਂ ਨੂੰ ਅਧੀਨ ਕਰਨ ਦਾ ਯਤਨ ਕੀਤਾ। ਸੰਨ 660 ਈ. ਵਿਚ ਭਾਵੇਂ ਮੁਆਵੀਆ ਨੇ ਹਜ਼ਰਤ ਅਲੀ ਨਾਲ ਸੰਧੀ ਕਰ ਲਈ ਪਰ ਉਸ ਦੇ ਨਾਲ ਹੀ ਆਪਣੇ ਆਪ ਨੂੰ ਖ਼ਲੀਫ਼ਾ ਘੋਸ਼ਿਤ ਕਰ ਦਿੱਤਾ। ਹਜ਼ਰਤ ਅਲੀ ਮੁਆਵੀਆ ਉਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ਇਸੇ ਦੌਰਾਨ 24 ਜੂਨ, 661 ਈ. ਨੂੰ ਇਕ ਖ਼ਾਰਜੀ ਨੇ ਇਸ ਨੂੰ ਕਤਲ ਕਰ ਦਿੱਤਾ। ਇਸ ਨੇ ਲਗਭਗ ਪੰਜ ਵਰ੍ਹੇ ਖ਼ਿਲਾਫ਼ਤ ਦੀ ਵਾਗਡੋਰ ਸੰਭਾਲੀ ਸੀ। ਇਸ ਨੂੰ ਨਜਫ਼ ਨਾਂ ਦੇ ਸ਼ਹਿਰ ਵਿਚ ਦਫ਼ਨਾਇਆ ਗਿਆ। ਇਸ ਦੀ ਕੱਬਰ ਮੁਸਲਮਾਨਾਂ ਲਈ ਪਵਿੱਤਰ ਸਥਾਨ ਹੈ।

ਇਸ ਦੀ ਮ੍ਰਿਤੂ ਤੋਂ ਬਾਦ ਇਸ ਦਾ ਲੜਕਾ ਹਸਨ ਖ਼ਲੀਫ਼ਾ ਬਣਿਆ, ਪਰ ਛੇ ਮਹੀਨਿਆਂ ਬਾਦ ਹੀ ਦਮਸ਼ਿਕ ਦੇ ਹਾਕਮਾਂ ਨੇ ਖ਼ਿਲਾਫ਼ਤ ਉਤੇ ਅਧਿਕਾਰ ਕਰ ਲਿਆ। ਹਜ਼ਰਤ ਅਲੀ ਦੇ ਦੂਜੇ ਲੜਕੇ ਹੁਸੈਨ ਨੂੰ ਯਜ਼ੀਦ ਨੇ ਕਰਬਲਾ ਦੇ ਮੈਦਾਨ ਵਿਚ ਪਿਆਸ ਨਾਲ ਤੜਪਾ-ਤੜਪਾ ਕੇ ਮਰਵਾ ਦਿੱਤਾ।

ਮੁਸਲਮਾਨਾਂ ਵਿਚ ਹਜ਼ਰਤ ਅਲੀ ਦੇ ਮਹੱਤਵ ਸੰਬੰਧੀ ਮਤ-ਭੇਦ ਹੈ। ਸ਼ੀਆ ਲੋਕ ਇਸ ਨੂੰ ਹਜ਼ਰਤ ਮੁਹੰਮਦ ਤੋਂ ਬਾਦ ਪਹਿਲਾ ਖ਼ਲੀਫ਼ਾ ਮੰਨਦੇ ਹਨ, ਜਦ ਕਿ ਸੁੰਨੀ ਚੌਥਾ। ਇਸ ਬੁਨਿਆਦੀ ਭੇਦ ਕਾਰਣ ਅਗੋਂ ਕਈ ਹੋਰ ਵਿਚਾਰਧਾਰਕ ਵਿਰੋਧ ਪੈਦਾ ਹੁੰਦੇ ਗਏ। ਪੰਜਾਬੀ ਜੰਗ-ਨਾਮਿਆਂ ਜਾਂ ਸਾਮੀ ਸਭਿਆਚਾਰ ਨਾਲ ਸੰਬੰਧਿਤ ਕਿੱਸਿਆਂ ਵਿਚ ਹਜ਼ਰਤ ਅਲੀ ਦਾ ਉੱਲੇਖ ਹੋਇਆ ਹੈ। 'ਵਾਰ ਨਾਦਰ ਸ਼ਾਹ' ਵਿਚ ਮੁਹੰਮਦ ਸ਼ਾਹ ਦੇ ਸੈਨਿਕ ਯੁੱਧ ਲਈ ਪ੍ਰਤਿਗਿਆ ਲੈਂਦਿਆਂ ਹਜ਼ਰਤ ਅਲੀ ਦੇ ਕੂਫ਼ਾ ਵਿਚ ਹੋਏ ਯੁੱਧ ਵਲ ਸੰਕੇਤ ਕਰਦੇ ਹਨ—'ਉਹਨਾਂ ਸਰਕ ਲਈਆਂ ਸਰਵਾਹੀਆਂ ਹੱਥ ਢਾਲਾਂ ਫੜੀਆਂ।/ ਅਸੀਂ ਹਜ਼ਰਤ ਅਲੀ (ਅੰਬੀਰ) ਦੇ ਜੰਗ ਵਾਂਗ ਘਤ ਦਿਆਂਗੇ ਗਲੀਆਂ।'

ਅਲੀ ਅਕਬਰ : ਇਸ ਦਾ ਇਕ ਨਾਮਾਂਤਰ ਹੈ 'ਮੁਹੰਮਦ ਅਕਬਰ ਖ਼ਾਨ'। ਇਹ ਉਨ੍ਹੀਵੀਂ ਸਦੀ ਵਿਚ ਹੋਏ ਕਾਬਲ ਦੇ ਬਾਦਸ਼ਾਹ ਦੋਸਤ ਮੁਹੰਮਦ ਖ਼ਾਨ ਦਾ ਪੁੱਤਰ ਸੀ। ਸੰਨ 1839 ਈ. ਵਿਚ ਅੰਗ੍ਰੇਜ਼ਾਂ ਨੇ ਚਾਲ ਚਲ ਕੇ ਦੋਸਤ ਮੁਹੰਮਦ ਨੂੰ ਕੈਦ ਕਰਕੇ ਕਾਲੇ ਪਾਣੀ ਭੇਜ ਦਿੱਤਾ ਅਤੇ ਇਸ ਦੀ ਥਾਂ ਸ਼ਾਹ ਸੁਜਾਹ-ਉਲ-ਮੁਲਕ ਨੂੰ ਤਖ਼ਤ ਉਤੇ ਬਿਠਾ ਦਿੱਤਾ। ਇਸ ਰਾਜ-ਗਰਦੀ ਦੇ ਪ੍ਰਭਾਵ ਤੋਂ ਬਚਣ ਲਈ ਮੁਹੰਮਦ ਅਕਬਰ ਖ਼ਾਨ ਉਥੋਂ ਖਿਸਕ ਗਿਆ।

ਉਚਿਤ ਅਵਸਰ ਤੇ ਅਕਬਰ ਖ਼ਾਨ ਫਿਰ ਕਾਬਲ ਪਹੁੰਚ ਗਿਆ। ਉਥੋਂ ਦੇ ਪਠਾਣ ਇਸ ਦੇ ਨਾਲ ਹੋ ਗਏ। ਸ਼ਾਹ ਸੁਜਾਹ ਨੂੰ ਮਾਰ ਦਿੱਤਾ ਗਿਆ। ਅੰਗ੍ਰੇਜ਼ ਅਫ਼ਸਰਾਂ ਅਤੇ ਇਸਤਰੀਆਂ ਨੇ ਇਸ ਅਗੇ ਆਤਮ-ਸਮਰਪਣ ਕੀਤਾ। ਅੰਗ੍ਰੇਜ਼ ਸਰਕਾਰ ਦੀ ਲਗਭਗ ਸੋਲ੍ਹਾਂ ਹਜ਼ਾਰ ਫ਼ੌਜ ਦਸੰਬਰ, 1841 ਈ. ਨੂੰ ਹਿੰਦੁਸਤਾਨ ਵਲ ਤੋਰ ਦਿੱਤੀ, ਪਰ ਕਾਬਲ

ਦੀਆਂ ਹੱਦਾਂ ਪਾਰ ਕਰਨ ਤੋਂ ਪਹਿਲਾਂ ਹੀ ਸਿਵਾਏ ਇਕ ਫ਼ੌਜੀ ਦੇ ਬਾਕੀ ਆਨੇ-ਬਹਾਨੇ ਮਾਰ ਦਿੱਤੇ । ਮੁਹੰਮਦ ਅਕਬਰ ਖ਼ਾਨ ਦੀ ਇਸ ਬਹਾਦਰੀ ਅਤੇ ਆਪਣੇ ਦੇਸ਼ ਅਤੇ ਲੋਕਾਂ ਲਈ ਹਿਤ ਨੇ ਇਸ ਨੂੰ ਬਹੁਤ ਹਰਮਨ ਪਿਆਰਾ ਬਣਾ ਦਿੱਤਾ । ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਅੰਗ੍ਰੇਜ਼ਾਂ ਨੇ ਸੁਲਹ ਕਰਨ ਲਈ ਦੋਸਤ ਮੁਹੰਮਦ ਨੂੰ ਕਾਲੇ ਪਾਣੀ ਤੋਂ ਮੰਗਵਾਇਆ ਅਤੇ ਕਾਬਲ ਦੇ ਤਖ਼ਤ ਉਤੇ ਬਿਠਾਇਆ । ਇਸ ਤਰ੍ਹਾਂ ਮੁਹੰਮਦ ਅਕਬਰ ਖ਼ਾਨ ਦੀ ਬਹਾਦਰੀ ਅਤੇ ਸ਼ਕਤੀ ਨਾਲ ਅੰਗ੍ਰੇਜ਼ ਨੂੰ ਮਜਬੂਰ ਕਰਕੇ ਆਪਣੇ ਪਿਤਾ ਨੂੰ ਫਿਰ ਤਖ਼ਤ ਉਤੇ ਬਿਠਾਣ ਦੀਆਂ ਘਟਨਾਵਾਂ ਕਾਰਣ ਇਹ ਇਕ ਬਹਾਦਰ ਵਜੋਂ ਲੋਕ-ਦਿਲਾਂ ਉਤੇ ਛਾ ਗਿਆ । ਇਸ ਲਈ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਇਸ ਵਲ ਸੰਕੇਤ ਕੀਤਾ ਹੈ—'ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ, ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ ।'

ਅਲੌਰਾ, ਗੁਫ਼ਾਵਾਂ : ਇਹ ਗੁਫ਼ਾਵਾਂ, ਅਜੰਤਾ ਦੀਆਂ ਗੁਫ਼ਾਵਾਂ ਵਾਂਗ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲੇ ਵਿਚ ਹੀ ਹਨ । ਔਰੰਗਾਬਾਦ ਤੋਂ ਲਗਭਗ 24 ਕਿ. ਮੀ. ਉੱਤਰ-ਪੱਛਮ ਵਿਚ, ਦੌਲਤਾਬਾਦ ਨਗਰ ਦੇ ਨੇੜੇ ਅਲੌਰਾ ਨਾਂ ਦੇ ਪਿੰਡ ਕੋਲ ਸਖ਼ਤ ਚਿਟਾਨਾਂ ਨੂੰ ਕਟ ਅਤੇ ਤਰਾਸ਼ ਕੇ ਬਣਾਈਆਂ ਗਈਆਂ 36 ਗੁਫ਼ਾਵਾਂ ਹੁਣ 'ਅਲੌਰਾ ਗੁਫ਼ਾਵਾਂ' ਦੇ ਨਾਂ ਨਾਲ ਜਗਤ ਪ੍ਰਸਿੱਧ ਹਨ । ਗੁਪਤ-ਵੰਸ਼ ਦੇ ਰਾਜ-ਕਾਲ ਤੋਂ ਬਾਦ ਜੋ ਮੂਰਤੀਆਂ ਭਾਰਤ ਵਿਚ ਬਣਾਈਆਂ ਗਈਆਂ, ਉਨ੍ਹਾਂ ਵਿਚੋਂ ਇਥੋਂ ਦੀਆਂ ਮੂਰਤੀਆਂ ਦੀ ਕਲਾ ਬੇਜੋੜ ਹੈ । ਅਜੰਤਾ ਦੀਆਂ ਗੁਫ਼ਾਵਾਂ ਦਾ ਅਧਿਕ ਮਹੱਤਵ ਚਿੱਤਰ-ਕਲਾ ਕਰ ਕੇ ਹੈ, ਪਰ ਇਥੋਂ ਦੀਆਂ ਗੁਫ਼ਾਵਾਂ ਵਿਚਲੀ ਮੂਰਤੀ-ਕਲਾ ਆਪਣੇ ਸਿਖਰ ਤੇ ਹੈ ।

ਇਨ੍ਹਾਂ ਗੁਫ਼ਾਵਾਂ ਦਾ ਨਿਰਮਾਣ-ਕਾਰਜ ਕਦ ਸ਼ੁਰੂ ਹੋਇਆ, ਇਸ ਬਾਰੇ ਕੋਈ ਠੋਸ ਪ੍ਰਮਾਣ ਉਪਲਬਧ ਨਹੀਂ ਹੈ । ਪਰ ਮੂਰਤੀਆਂ ਦੀ ਬਣਾਵਟ ਅਤੇ ਸ਼ੈਲੀ ਤੋਂ ਇਹ ਗੁਫ਼ਾਵਾਂ ਲਗਭਗ ਛੇਵੀਂ ਸਦੀ ਵਿਚ ਸ਼ੁਰੂ ਕੀਤੀਆਂ ਗਈਆਂ ਹੋਣਗੀਆਂ ਅਤੇ ਧਾਰ੍ਹਵੀਂ ਸਦੀ ਤਕ ਇਨ੍ਹਾਂ ਦੀ ਸਿਰਜਨ-ਪ੍ਰਕ੍ਰਿਆ ਚਲਦੀ ਰਹੀ ਹੋਵੇਗੀ । ਇਸ ਤਰ੍ਹਾਂ ਇਨ੍ਹਾਂ ਦੇ ਨਿਰਮਾਣ ਤੇ ਚਾਰ-ਪੰਜ ਸੌ ਵਰ੍ਹੇ ਲਗੇ ਹੋਣਗੇ । ਇਨ੍ਹਾਂ ਨੂੰ ਬਣਾਉਣ ਵਿਚ ਦੱਖਣ ਦੇ ਰਾਸ਼ਟ੍ਰਕੂਟ ਰਾਜਿਆਂ ਦਾ ਵਿਸ਼ੇਸ਼ ਯੋਗ-ਦਾਨ ਮੰਨਿਆ ਜਾਂਦਾ ਹੈ ।

ਇਨ੍ਹਾਂ ਗੁਫ਼ਾਵਾਂ ਵਿਚ ਜੈਨ, ਬੁੱਧ ਅਤੇ ਬ੍ਰਾਹਮਣ ਧਰਮਾਂ ਦੇ ਸ੍ਰੇਸ਼ਠ ਆਦਰਸ਼ਾਂ ਦਾ ਸੰਗਮ ਵੇਖਿਆ ਜਾ ਸਕਦਾ ਹੈ । ਪਰ ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜਦੋਂ ਇਹ ਗੁਫ਼ਾਵਾਂ ਬਣਾਈਆਂ ਜਾ ਰਹੀਆਂ ਸਨ, ਉਦੋਂ ਬੁੱਧ ਅਤੇ ਜੈਨ ਧਰਮ ਦਾ ਵਿਕਾਸ ਰੁਕ ਗਿਆ ਸੀ ਅਤੇ ਬ੍ਰਾਹਮਣ ਧਰਮ ਆਪਣੀ ਪ੍ਰਭੁਤਾ ਨੂੰ ਸਥਾਪਿਤ ਕਰ ਰਿਹਾ ਸੀ । ਇਸ ਲਈ ਇਸ ਵਿਚਲੀਆਂ ਅਧਿਕਾਂਸ਼ ਗੁਫ਼ਾਵਾਂ ਬ੍ਰਾਹਮਣ ਧਰਮ ਦੀਆਂ ਮਾਨਤਾਵਾਂ ਨੂੰ ਰੂਪਾਇਤ ਕਰਦੀਆਂ ਹਨ । ਇਨ੍ਹਾਂ ਵਿਚਲੀਆ ਰਾਵਣ ਦੀ ਖਾਈ, ਦਸ-ਅਵਤਾਰ, ਸੀਤਾ ਦੀ ਨਹਾਨੀ, ਛੋਟਾ ਕੈਲਾਸ਼, ਇੰਦਰ-ਸਭਾ, ਜਗੰਨਾਥ-ਸਭਾ, ਕੈਲਾਸ਼ ਮੰਦਿਰ ਨਾਂ ਵਾਲੀਆਂ ਗੁਫ਼ਾਵਾਂ ਵਿਸ਼ੇਸ਼ ਉੱਲੇਖ-ਯੋਗ ਹਨ ।

ਕੈਲਾਸ਼ ਮੰਦਿਰ ਦੀ ਗੁਫ਼ਾ ਸਭ ਨਾਲੋਂ ਵੱਡੀ ਅਤੇ ਮਹੱਤਵਪੂਰਣ ਹੈ । ਇਸ ਦੀ

ਲੰਬਾਈ 275 ਫੁਟ ਹੈ । ਇਸ ਵਿਚ ਵਰਾਹ, ਨਰ-ਸਿੰਘ, ਲਕ੍ਸ਼ਮੀ, ਵਿਸ਼ਨੂੰ ਅਤੇ ਸ਼ਿਵ ਦੀਆਂ ਵੱਡ-ਆਕਾਰੀ ਮੂਰਤੀਆਂ ਸਥਾਪਿਤ ਹਨ । ਇਸ ਗੁਫਾ ਦਾ ਰੂਪ-ਆਕਾਰ ਕੈਲਾਸ਼ ਪਰਬਤ ਵਰਗਾ ਹੈ । ਇਸ ਵਿਚ ਨਦੀ ਦੀ ਧਾਰਾ ਨੂੰ ਇਸ ਤਰ੍ਹਾਂ ਘੁੰਮਾ ਕੇ ਲਿਆਂਦਾ ਗਿਆ ਹੈ ਕਿ ਉਸ ਦਾ ਜਲ ਸ਼ਿਵ ਦੀ ਮੂਰਤੀ ਦੇ ਉਪਰ ਟਪਕਦਾ ਹੈ । ਇਥੇ ਸਥਾਪਿਤ ਹੋਈ ਨਟਰਾਜ ਦੀ ਮੂਰਤੀ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ । ਅਸਲ ਵਿਚ, ਇਹ ਗੁਫਾਵਾਂ ਬ੍ਰਾਹਮਣ-ਧਰਮ ਦੇ ਸ਼੍ਰੇਸ਼ਠ ਕਲਾ-ਕੇਂਦਰ ਹਨ । ਇਨ੍ਹਾਂ ਗੁਫਾਵਾਂ ਵਿਚ ਬ੍ਰਾਹਮਣ-ਧਰਮ ਸੰਬੰਧੀ ਬਣੀਆਂ ਮੂਰਤੀਆਂ ਇਸ ਧਰਮ ਦੇ ਪੁਨਰ-ਉੱਥਾਨ ਦੀਆਂ ਸੂਚਕ ਹਨ । ਦੈਵੀ ਅਤੇ ਦਾਨਵੀ ਸ਼ਕਤੀਆਂ ਦੇ ਮੂਰਤੀ ਪ੍ਰਤੀਕਾਂ ਰਾਹੀਂ ਦੇਵ-ਅਸੁਰ ਸੰਗ੍ਰਾਮ ਦੇ ਪੌਰਾਣਿਕ ਪ੍ਰਸੰਗਾਂ ਨੂੰ ਇਸ ਢੰਗ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ ਕਿ ਅਵਤਾਰਵਾਦ ਦੇ ਮੂਲ ਪ੍ਰਯੋਜਨ ਦੀ ਸਥਾਪਨਾ ਹੋ ਸਕੇ । ਇਥੇ ਦੇਵਤਾ ਸ਼ਕਤੀ ਅੱਗੇ ਅਸੁਰੀ ਸ਼ਕਤੀ ਨੂੰ ਪਰਾਜਿਤ ਹੋਇਆ ਚਿਤਰਿਆ ਗਿਆ ਹੈ ।

ਅਵਤਾਰ : ਇਸ ਸ਼ਬਦ ਦਾ ਅਰਥ ਹੈ ਉੱਚੇ ਸਥਾਨ ਤੋਂ ਨੀਵੇਂ ਸਥਾਨ ਉਤੇ ਉਤਰਨਾ (ਅਵਤਰਣਮਵਤਾਰ :) । ਪਰ ਇਸ ਦੇ ਸਾਧਾਰਣ ਅਰਥ ਤੋਂ ਹਟ ਕੇ ਇਕ ਵਿਸ਼ੇਸ਼ ਅਰਥ ਵੀ ਹੈ—ਭਗਵਾਨ ਦਾ ਬੈਕੁੰਠ-ਧਾਮ ਤੋਂ ਭੂ-ਲੋਕ ਵਿਚ ਆਪਣੀ ਲੀਲਾ ਵਿਖਾਉਣ ਲਈ ਪ੍ਰਗਟ ਹੋਣਾ । ਸਨਾਤਨੀ ਹਿੰਦੂ ਵਿਚਾਰਧਾਰਾ ਅਨੁਸਾਰ ਈਸ਼ਵਰ ਭਾਵੇਂ ਸਰਵ-ਵਿਆਪਕ ਹੈ, ਫਿਰ ਵੀ ਸਮੇਂ ਸਮੇਂ ਲੋੜ ਅਨੁਸਾਰ ਧਰਤੀ ਉਤੇ ਕਿਸੇ ਵਿਸ਼ੇਸ਼ ਰੂਪ ਵਿਚ ਆਪਣੀ ਯੋਗ-ਮਾਯਾ ਦੁਆਰਾ ਪੈਦਾ ਹੁੰਦਾ ਹੈ । ਇਸ ਤਰ੍ਹਾਂ ਪਰਮਾਤਮਾ ਦੀ ਵਿਸ਼ੇਸ਼ ਸ਼ਕਤੀ ਦਾ ਮਾਯਾ ਨਾਲ ਸੰਬੰਧਿਤ ਹੋਣਾ ਅਤੇ ਫਿਰ ਪ੍ਰਗਟ ਹੋਣਾ ਹੀ ਅਵਤਾਰ ਧਾਰਣ ਕਰਨ ਦੀ ਪ੍ਰਕ੍ਰਿਆ ਜਾਂ ਅਵਤਰਣ ਹੈ । ਇਸ ਵਿਚਾਰਧਾਰਾ 'ਤੇ ਆਧਾਰਿਤ ਸਿੱਧਾਂਤ ਨੂੰ 'ਅਵਤਾਰਵਾਦ' ਕਿਹਾ ਜਾਂਦਾ ਹੈ ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਅਵਤਾਰਾਂ ਸੰਬੰਧੀ ਉੱਲੇਖ ਵੈਦਿਕ ਸਾਹਿੱਤ ਵਿਚ ਮਿਲ ਜਾਂਦਾ ਹੈ, ਪਰ ਅਵਤਾਰਾਂ ਸੰਬੰਧੀ ਵਿਸਤਾਰ ਸਹਿਤ ਚਰਚਾ ਪੁਰਾਣ-ਸਾਹਿੱਤ ਵਿਚ ਹੋਈ ਹੈ । ਲਗਭਗ ਸਾਰੇ ਪੁਰਾਣਾਂ ਵਿਚ ਕੋਈ ਨਾ ਕੋਈ ਅਵਤਾਰ-ਪ੍ਰਸੰਗ ਮਿਲ ਜਾਂਦਾ ਹੈ । ਸ਼ੈਵ-ਮਤ ਦੀ ਭਾਵਨਾ ਵਾਲੇ ਪੁਰਾਣਾਂ ਵਿਚ ਭਗਵਾਨ ਸ਼ੰਕਰ ਦੇ ਅਨੇਕ ਅਵਤਾਰਾਂ ਦਾ ਬ੍ਰਿੱਤਾਂਤ ਦਿੱਤਾ ਹੋਇਆ ਹੈ । ਇਸੇ ਤਰ੍ਹਾਂ ਵੈਸ਼ਣਵ ਪੁਰਾਣਾਂ ਵਿਚ ਵਿਸ਼ਨੂੰ ਦੇ ਅਣਗਿਣਤ ਅਵਤਾਰ ਦਸੇ ਗਏ ਹਨ ਅਤੇ ਹੋਰਨਾਂ ਪੁਰਾਣਾਂ ਵਿਚ ਹੋਰ ਦੇਵਤਿਆਂ ਦੇ ਅਵਤਾਰਾਂ ਦੇ ਆਖਿਆਨਾਂ ਦਾ ਵਰਣਨ ਹੋਇਆ ਹੈ । ਭਵਿਸ਼ ਆਦਿ ਕਈ ਸੌਰ ਪੁਰਾਣ ਹਨ ਜਿਨ੍ਹਾਂ ਵਿਚ ਸੂਰਜ ਦੇਵਤਾ ਦੇ ਅਵਤਾਰ ਗਿਣਾਏ ਜਾਂਦੇ ਹਨ । ਮਾਰਕੰਡੇਯ ਆਦਿ ਸ਼ਾਕਤ ਪੁਰਾਣਾਂ ਵਿਚ ਦੇਵੀ ਦੇ ਅਵਤਾਰਾਂ ਦਾ ਵਰਣਨ ਹੈ । ਕਿਤੇ-ਕਿਤੇ ਗਣਪਤੀ ਦੇ ਸਗੁਣ ਜਾਂ ਅਵਤਾਰੀ ਰੂਪਾਂ ਦੀ ਕਲਪਨਾ ਮਿਲਦੀ ਹੈ । ਪਾਲਕ ਹੋਣ ਕਾਰਣ ਪੁਰਾਣਾਂ ਵਿਚ ਵਿਸ਼ਨੂੰ ਦੇ ਅਵਤਾਰਾਂ ਦਾ ਵਰਣਨ ਮੁਕਾਬਲਤਨ ਅਧਿਕ ਹੋਇਆ ਹੈ । ਵਿਸ਼ਨੂੰ ਦੇ ਦਸ ਅਵਤਾਰ ਬਹੁਤ ਪ੍ਰਸਿੱਧ ਹਨ – ਮਤ੍ਸ੍ਯ, ਕੂਰਮ, ਵਰਾਹ, ਨ੍ਰਿਸਿੰਹ, ਵਾਮਨ, ਪਰਸ਼ੁਰਾਮ, ਰਾਮ, ਕ੍ਰਿਸ਼ਣ, ਬੁੱਧ ਅਤੇ ਕਲਕੀ । ਇਨ੍ਹਾਂ ਵਿਚੋਂ ਪਹਿਲੇ ਪੰਜ ਕਾਲਪਨਿਕ

ਜਾਂ ਮਿਥਿਕ ਹਨ, ਅਗਲੇ ਚਾਰ ਦਾ ਆਧਾਰ ਇਤਿਹਾਸਿਕ ਹੈ ਅਤੇ ਦਸਵਾਂ ਕਲਕੀ ਅਵਤਾਰ ਕਲਿਯੁਗ ਦੇ ਅੰਤ ਵਿਚ ਪ੍ਰਗਟ ਹੋ ਕੇ ਹਿੰਦੂ ਧਰਮ ਦੀ ਪੁਨਰ-ਸਥਾਪਨਾ ਕਰੇਗਾ ਅਤੇ ਵਿਪੱਖੀਆਂ ਦਾ ਨਾਸ਼ ਕਰੇਗਾ। ਇਨ੍ਹਾਂ ਦਸਾਂ ਅਵਤਾਰਾਂ ਵਿਚੋਂ ਰਾਮ ਅਤੇ ਕ੍ਰਿਸ਼ਣ ਦਾ ਅਧਿਕ ਵਰਣਨ ਹੋਇਆ ਹੈ।

'ਭਾਗਵਤ ਪੁਰਾਣ' (ਸਕੰਧ 1/3) ਵਿਚ ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ 22 ਲਿਖੀ ਹੈ—ਸਨਕਾਦਿਕ, ਸੂਕਰ (ਵਰਾਹ), ਨਾਰਦ, ਨਰ-ਨਾਰਾਇਣ, ਕਪਿਲ, ਦੱਤਾਤ੍ਰੇਯ, ਸੁਯੱਗ, ਰਿਸ਼ਭਦੇਵ, ਪ੍ਰਿਥੂ, ਮਤ੍ਸ੍ਯ, ਕੱਛਪ, ਧਨਵੰਤਰੀ, ਮੋਹਿਨੀ, ਨਰਸਿੰਹ, ਵਾਮਨ, ਪਰਸ਼ੁਰਾਮ, ਵਿਆਸ, ਰਾਮ, ਬਲਰਾਮ, ਕ੍ਰਿਸ਼ਣ, ਬੁੱਧ, ਕਲਕੀ। ਪਰ ਇਸ ਪੁਰਾਣ (ਸਕੰਧ 2/7) ਵਿਚ ਇਕ ਥਾਂ ਇਹ ਗਿਣਤੀ ਵਧਾ ਕੇ 24 ਕਰ ਦਿੱਤੀ ਗਈ ਹੈ। ਉਥੇ ਨਾਰਦ ਅਤੇ ਮੋਹਿਨੀ ਦੋਹਾਂ ਦਾ ਉੱਲੇਖ ਨਹੀਂ ਹੋਇਆ ਅਤੇ ਬਲਰਾਮ ਅਤੇ ਕ੍ਰਿਸ਼ਣ ਨੂੰ ਇਕ ਹੀ ਮੰਨਿਆ ਗਿਆ ਹੈ। ਬਾਕੀ ਦੇ ਪੰਜ ਅਵਤਾਰ ਇਹ ਹਨ—ਮਨੁ, ਹੰਸ, ਹਯਗ੍ਰੀਵ, ਗਜ-ਤ੍ਰਾਸ ਨਿਵਾਰਕ, ਧ੍ਰੂ ਸਹਾਇਕ। ਸਪਸ਼ਟ ਹੈ ਕਿ ਪੁਰਾਣਾਂ ਵਿਚ ਵਿਸ਼ਣੂ ਦੇ ਅਵਤਾਰਾਂ ਦੀ ਕਲਪਨਾ ਸਮਾਨ ਰੂਪ ਵਿਚ ਨਹੀਂ ਹੋਈ, ਫਿਰ ਵੀ 24 ਗਿਣਤੀ ਆਮ ਪ੍ਰਚਲਿਤ ਹੈ। ਅਸਲ ਵਿਚ, ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ ਬੇਅੰਤ ਹੈ। 'ਭਾਗਵਤ ਪੁਰਾਣ' (ਸਕੰਧ 1/3) ਅਨੁਸਾਰ ਜਿਵੇਂ ਅਗਾਧ ਸਰੋਵਰ ਤੋਂ ਹਜ਼ਾਰਾਂ ਨਿੱਕੇ-ਨਿੱਕੇ ਨਾਲੇ ਨਿਕਲਦੇ ਹਨ, ਉਸੇ ਤਰ੍ਹਾਂ ਹੀ ਸਤਿਸਰੂਪ ਹਰਿ ਤੋਂ ਅਸੰਖ ਅਵਤਾਰਾਂ ਦਾ ਉਦਭਵ ਹੁੰਦਾ ਹੈ।

ਵਿਸ਼ਣੂ ਦੇ ਅਵਤਾਰਾਂ ਦਾ ਸਰੂਪ ਅਧਿਕਤਰ ਰੱਖਿਅਕ ਅਤੇ ਪਾਲਕ ਵਾਲਾ ਰਿਹਾ ਹੈ। ਆਮ ਤੌਰ ਤੇ ਵਿਸ਼ਣੂ ਤਦੋਂ ਅਵਤਾਰ ਲੈਂਦਾ ਹੈ, ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ। ਭਗਤਾਂ ਦੀ ਸਹਾਇਤਾ ਵਿਸ਼ਣੂ ਦੇ ਅਵਤਾਰਾਂ ਦਾ ਮੁੱਖ ਉੱਦੇਸ਼ ਹੈ। 'ਭਗਵਦ ਗੀਤਾ' (4/7-8) ਵਿਚ ਇਸੇ ਸਿੱਧਾਂਤ ਦੀ ਸਥਾਪਨਾ ਹੋਈ ਹੈ। 'ਦਸਮ-ਗ੍ਰੰਥ' ਵਿਚ ਵੀ ਲਿਖਿਆ ਹੈ —'ਜਬ ਜਬ ਹੋਤ ਅਰਿਸਟਿ ਅਪਾਰਾ।/ਤਬ ਤਬ ਦੇਹ ਧਰਤ ਅਵਤਾਰਾ।/ ਕਾਲ ਸਬਨ ਕੋ ਪੇਖ ਤਮਾਸਾ।/ ਅੰਤਹ ਕਾਲ ਕਰਤ ਹੈ ਨਾਸਾ।' ਇਸ ਗ੍ਰੰਥ ਵਿਚ ਵਰਣਿਤ ਚੌਬੀਸ ਅਵਤਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ—ਮੱਛ, ਕੱਛ, ਨਰ, ਨਾਰਾਇਣ, ਮਹਾਮੋਹਿਨੀ, ਬੈਰਾਹ, ਨਰਸਿੰਘ, ਬਾਵਨ, ਪਰਸਰਾਮ, ਬ੍ਰਹਮਾ, ਰੁਦ੍ਰ, ਜਲੰਧਰ, ਅਦਿੱਤੀ ਪੁੱਤਰ, ਮਧੁ-ਕੈਟਭ ਸੰਘਾਰਕ, ਅਰਹੰਤ ਦੇਵ, ਮਨੂ, ਧਨਵੰਤਰ, ਸੂਰਜ, ਚੰਦ੍ਰ, ਰਾਮ, ਕ੍ਰਿਸ਼ਨ, ਨਰ (ਅਰਜਨ), ਬਉਧ, ਨਿਹਕਲੰਕੀ। ਇਨ੍ਹਾਂ ਅਵਤਾਰਾਂ ਦਾ ਵਰਗੀਕਰਣ ਕਲਾ-ਸ਼ਕਤੀ ਅਨੁਸਾਰ ਪੂਰਣ-ਅਵਤਾਰ ਜਾਂ ਅੰਸ਼ਾਵਤਾਰ ਨਾਂਵਾਂ ਨਾਲ ਕੀਤਾ ਜਾਂਦਾ ਹੈ। 'ਦਸਮ-ਗ੍ਰੰਥ' ਵਿਚ 'ਉਪਾਵਤਾਰ' (ਵੇਖੋ) ਨਾਂ ਅਧੀਨ ਬ੍ਰਹਮਾ ਅਤੇ ਰੁਦ੍ਰ ਦੇ ਆਖਿਆਨ ਦਰਜ ਹਨ।

ਵਿਸ਼ਣੂ ਵਾਂਗ ਸ਼ਿਵ ਦੇ ਅਨੁਯਾਈਆਂ ਨੇ ਵੀ ਅਨੇਕ ਅਵਤਾਰਾਂ ਦੀ ਕਲਪਨਾ ਕੀਤੀ ਹੈ। ਇਨ੍ਹਾਂ ਦਾ ਉੱਲੇਖ ਸ਼ਿਵ, ਲਿੰਗ, ਵਾਯੂ ਆਦਿ ਪੁਰਾਣਾਂ ਵਿਚ ਮਿਲਦਾ ਹੈ। 'ਸ਼ਿਵ ਪੁਰਾਣ' (ਸ਼ਤਰੁਦ੍ਰ ਸੰਹਿਤਾ/ਅ. 17) ਵਿਚ ਵਿਸ਼ਣੂ ਵਾਂਗ ਸ਼ਿਵ ਦੇ ਵੀ ਦਸ ਅਵਤਾਰ ਮੰਨੇ ਗਏ ਹਨ। ਹਰ ਇਕ ਅਵਤਾਰ ਦੀ ਆਪਣੀ ਸ਼ਕਤੀ ਵੀ ਹੈ। ਇਨ੍ਹਾਂ ਵਿਚੋਂ

ਮਹਾਕਾਲ ਪ੍ਰਮੁਖ ਅਤੇ ਪਹਿਲਾ ਹੈ ਅਤੇ ਇਸ ਦੀ ਸ਼ਕਤੀ ਦਾ ਨਾਂ ਮਹਾਕਾਲੀ ਹੈ। ਸ਼ਿਵ ਅਧਿਕਤਰ ਭਿਆਨਕ ਅਤੇ ਉਗ੍ਰ ਹੈ। ਇਸ ਦੇ ਅਵਤਾਰ ਵਿਸ਼ਣੂ ਦੇ ਅਵਤਾਰਾਂ ਜਿਤਨੀ ਪ੍ਰਸਿੱਧੀ ਹਾਸਲ ਨਹੀਂ ਕਰ ਸਕੇ। ਇਸੇ ਤਰ੍ਹਾਂ ਗਣਪਤੀ, ਸੂਰਜ, ਬ੍ਰਹਮਾ ਅਤੇ ਸ਼ਕਤੀ ਦੀਆਂ ਅਵਤਾਰ-ਕਲਪਨਾਵਾਂ ਬਹੁਤੀ ਮਾਨਤਾ ਪ੍ਰਾਪਤ ਨਹੀਂ ਕਰ ਸਕੀਆਂ। ਮੱਧਕਾਲ ਤਕ ਬੁੱਧ ਅਤੇ ਜੈਨ-ਮਤ ਵਿਚ ਵੀ ਅਵਤਾਰਵਾਦੀ ਬਿਰਤੀ ਦਾ ਵਿਕਾਸ ਹੋ ਗਿਆ ਪ੍ਰਤੀਤ ਹੁੰਦਾ ਹੈ। ਅਸਲ ਵਿਚ, ਇਹ ਅਵਤਾਰਵਾਦੀ ਬਿਰਤੀ ਇਤਨੀ ਪ੍ਰਬਲ ਅਤੇ ਲੋਕ ਮਾਨਸਿਕਤਾ ਦੇ ਅਨੁਕੂਲ ਹੈ ਕਿ ਇਸ ਸਿੱਧਾਂਤ ਵਿਚ ਵਿਸ਼ਵਾਸ ਨਾ ਰੱਖਣ ਵਾਲੇ ਵੀ ਇਸ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕੇ।

ਨਿਰਗੁਣਵਾਦੀ ਧਰਮ ਸਾਧਕਾਂ ਨੇ ਅਵਤਾਰਾਂ ਨੂੰ ਉਸ ਕਿਸਮ ਦੀ ਮਾਨਤਾ ਨਹੀਂ ਦਿੱਤੀ ਜਿਹੋ ਜਿਹੀ ਸਗੁਣ ਉਪਾਸਕਾਂ ਨੇ ਦਿੱਤੀ ਹੈ, ਜਿਨ੍ਹਾਂ ਲਈ ਅਵਤਾਰ ਈਸ਼ਵਰ ਦੇ ਸਥੂਲ ਪ੍ਰਤੀਕ ਹਨ ਅਤੇ ਉਨ੍ਹਾਂ ਦੀ ਮੂਰਤੀ-ਪੂਜਾ ਆਵੱਸ਼ਕ ਹੈ। ਨਿਰਗੁਣਵਾਦੀ ਸਾਹਿੱਤ ਵਿਚ ਅਵਤਾਰਾਂ ਦੇ ਗੁਣ-ਮਹਾਤਮ ਦਾ ਉੱਲੇਖ ਤਾਂ ਹੋਇਆ ਹੈ, (ਜਿਵੇਂ 'ਹਰਿ ਜੁਗੁ ਜੁਗ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ।/ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ' ਅ. ਗ੍ਰੰ. 451)। ਪਰ ਉਨ੍ਹਾਂ ਨੂੰ ਪਰਮਾਤਮਾ ਦਾ ਭੇਦ ਪਾਣ ਦੇ ਅਸਮਰਥ ਹੀ ਦਸਿਆ ਗਿਆ ਹੈ। ਗੁਰਬਾਣੀ ਅਨੁਸਾਰ 'ਦਸ ਅਵਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ।/ ਤਿੰਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ' (ਅ. ਗ੍ਰੰ. 747)। ਸਪੱਸ਼ਟ ਹੈ ਕਿ ਗੁਰਬਾਣੀ ਵਿਚ ਅਵਤਾਰਵਾਦ ਦਾ ਖੰਡਨ ਅਤੇ ਮੂਰਤੀ ਪੂਜਾ ਦਾ ਨਿਖੇਧ ਹੋਇਆ ਹੈ।

ਅਵਦਾਨ : ਇਸ ਦਾ 'ਅਮਰਕੋਸ਼' ਅਨੁਸਾਰ ਅਰਥ ਹੈ —'ਪ੍ਰਾਚੀਨ ਚਰਿਤ, ਪੁਰਾਤਨ ਬ੍ਰਿੱਤਾਂਤ'। ਇਸ ਤਰ੍ਹਾਂ 'ਅਵਦਾਨ' ਤੋਂ ਤਾਤਪਰਜ ਹੈ ਉਹ ਪੁਰਾਤਨ ਕਥਾਵਾਂ ਜਿਨ੍ਹਾਂ ਦੁਆਰਾ ਕਿਸੇ ਇਤਿਹਾਸਿਕ ਵਿਅਕਤੀ ਦੇ ਗੁਣਾਂ ਅਤੇ ਚਰਿਤ੍ਰ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਮਿਲਦੀ ਹੈ ਜਾਂ ਕਿਸੇ ਸਥਾਨ ਜਾਂ ਘਟਨਾ ਦਾ ਬੋਧ ਹੁੰਦਾ ਹੈ ਜਿਸ ਨੂੰ ਲੋਕਾਂ ਵਿਚ ਪ੍ਰਤਿਸ਼ਠਾ ਪ੍ਰਾਪਤ ਹੋ ਚੁੱਕੀ ਹੋਵੇ।

ਸਾਧਾਰਣ ਬ੍ਰਿੱਤਾਂਤ ਨਾਲੋਂ ਅਵਦਾਨ ਦਾ ਨਿਖੇੜ ਇਸ ਗੱਲ ਵਿਚ ਹੈ ਕਿ ਇਸ ਵਿਚ ਇਤਿਹਾਸਕਿਤਾ ਉਤੇ ਮਿਥ ਦੀ ਚਾਸ਼ਣੀ ਹੌਲੀ-ਹੌਲੀ ਇਸ ਤਰ੍ਹਾਂ ਚੜ੍ਹਦੀ ਜਾਂਦੀ ਹੈ ਕਿ ਇਨ੍ਹਾਂ ਵਿਚ ਪਰੰਪਰਾ ਤੋਂ ਪ੍ਰਾਪਤ ਹੋਇਆ ਤੱਥ ਜਾਂ ਨਾਂ ਕੇਵਲ ਸੂਤਰ ਜਾਂ ਬੀਜ ਰੂਪ ਵਿਚ ਰਹਿ ਜਾਂਦਾ ਹੈ, ਬਾਕੀ ਸਾਰਾ ਬ੍ਰਿੱਤਾਂਤ ਲੋਕ-ਵਾਰਤਾ ਬਣੀ ਹੁੰਦੀ ਹੈ। ਪੀਰਾਂ-ਫਕੀਰਾਂ, ਵੀਰ ਅਤੇ ਪਰਾਕ੍ਰਮੀ ਯੋਧਿਆਂ, ਲੋਕ-ਨਾਇਕਾਂ, ਧਰਮਾਤਮਾ ਰਾਜਿਆਂ, ਅਦੁੱਤੀ ਪ੍ਰੇਮੀ-ਜੋੜਿਆਂ ਨਾਲ ਪ੍ਰਚਲਿਤ ਵਾਰਤਾਵਾਂ ਇਸੇ ਕਿਸਮ ਦੀਆਂ ਹੁੰਦੀਆਂ ਹਨ। ਇਨ੍ਹਾਂ ਨਾਲ ਕਥਾਨਕ ਰੂੜ੍ਹੀਆਂ ਅਤੇ ਲੋਕ-ਵਿਸ਼ਵਾਸ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਰਹਿੰਦੇ ਹਨ। ਦੇਵੀ-ਦੇਵਤਿਆਂ ਨਾਲ ਸੰਬੰਧਿਤ ਗਾਥਾਵਾਂ ਵੀ ਕਈ ਵਾਰ ਅਵਦਾਨਾਂ ਵਿਚ ਸ਼ਾਮਲ ਕਰ ਲਈਆਂ ਜਾਂਦੀਆਂ ਹਨ। ਇਹ ਅਵਦਾਨ ਲੋਕ-ਸਭਿਆਚਾਰ ਦਾ ਮਹੱਤਵਪੂਰਣ ਭਾਗ ਹਨ। ਅੰਗ੍ਰੇਜ਼ੀ ਵਿਚ ਅਵਦਾਨ ਲਈ ਲੈਜੰਡ (legend) ਸ਼ਬਦ ਵਰਤਿਆ ਜਾਂਦਾ ਹੈ।

ਪੰਜਾਬੀ ਵਿਚ 'ਦੰਦ-ਕਥਾ' ਸ਼ਬਦ ਵੀ ਇਸ ਦਾ ਸੂਚਕ ਮੰਨਿਆ ਜਾ ਸਕਦਾ ਹੈ।

ਮਹਾਤਮਾ ਬੁੱਧ ਨਾਲ ਸੰਬੰਧਿਤ ਸੰਸਕ੍ਰਿਤ ਭਾਸ਼ਾ ਵਿਚ ਜੋ ਚਰਿਤ-ਪ੍ਰਧਾਨ ਸਾਹਿੱਤ ਲਿਖਿਆ ਗਿਆ ਉਸ ਨੂੰ ਵਿਸ਼ੇਸ਼ ਰੂਪ ਵਿਚ 'ਅਵਦਾਨ' ਕਿਹਾ ਜਾਂਦਾ ਹੈ। ਇਸ ਪਰੰਪਰਾ ਦੀ ਸਭ ਤੋਂ ਮਹੱਤਵਪੂਰਣ ਰਚਨਾ 'ਅਵਦਾਨ-ਸ਼ਤਕ' ਹੈ ਜੋ ਦੂਜੀ ਸਦੀ ਵਿਚ ਲਿਖੀ ਗਈ ਪ੍ਰਤੀਤ ਹੁੰਦੀ ਹੈ। ਇਸ ਵਿਚ ਕੁਲ ਇਕ ਸੌ ਕਥਾਵਾਂ ਹਨ ਜਿਹੜੀਆਂ ਅਗੋਂ ਦਸ ਵਰਗਾਂ ਵਿਚ ਵੰਡੀਆਂ ਹੋਈਆਂ ਹਨ। ਇਨ੍ਹਾਂ ਚਰਿਤ-ਪ੍ਰਧਾਨ ਕਥਾਵਾਂ ਦੀ ਭਾਵਨਾ ਬੁੱਧ ਮਤ ਦੀ ਹੀਨਯਾਨੀ ਸ਼ਾਖਾ ਨਾਲ ਮੇਲ ਖਾਂਦੀ ਹੈ। ਇਨ੍ਹਾਂ ਕਥਾਵਾਂ ਦਾ ਮੂਲ ਉੱਦੇਸ਼ ਬੁੱਧ ਦੀ ਉਪਾਸਨਾ ਦਾ ਪ੍ਰਚਾਰ ਕਰਨਾ ਹੈ। ਮਹਾਤਮਾ ਬੁੱਧ ਦੀ ਉਪਾਸਨਾ ਕਰਨ ਨਾਲ ਵੱਖ-ਵੱਖ ਲੋਕਾਂ ਨੂੰ ਕਿਹੜੀ-ਕਿਹੜੀ ਪ੍ਰਾਪਤੀ ਹੋਈ ਅਤੇ ਉਨ੍ਹਾਂ ਦਾ ਸਰੂਪ ਕਿਵੇਂ ਅਲੌਕਿਕ ਬਣਿਆ, ਇਸ ਤਰ੍ਹਾਂ ਦੇ ਵਿਵਰਣ ਵਰਤਮਾਨ ਅਤੇ ਪੂਰਬਲੇ ਜਨਮਾਂ ਦੀਆਂ ਘਟਨਾਵਾਂ ਅਤੇ ਸਥਿਤੀਆਂ ਨਾਲ ਪੁਸ਼ਟ ਕੀਤੇ ਗਏ ਹਨ।

ਹੀਨਯਾਨੀ ਬਿਰਤੀ ਵਾਲੇ 'ਅਵਦਾਨ ਸ਼ਤਕ' ਦੇ ਸਮਾਨਾਂਤਰ ਮਹਾਯਾਨੀ ਸਿੱਧਾਂਤਾਂ 'ਤੇ ਆਧਾਰਿਤ 'ਦਿਵ੍ਯਾਵਦਾਨ' ਗ੍ਰੰਥ ਦੀ ਰਚਨਾ ਵੀ ਕੀਤੀ ਗਈ ਹੈ। ਇਸ ਦਾ ਚੌਂਤੀਵਾਂ ਪ੍ਰਕਰਣ 'ਮਹਾਯਾਨ ਸੂਤ੍ਰ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦਾ ਕਥਾਨਕ ਅਤੇ ਕਾਵਿ-ਸ਼ੈਲੀ 'ਅਵਦਾਨ ਸ਼ਤਕ' ਤੋਂ ਬਹੁਤ ਪ੍ਰਭਾਵਿਤ ਹੈ। ਇਸ ਦੀਆਂ ਅੱਧੀਆਂ ਕਥਾਵਾਂ 'ਵਿਨਯਪਿਟਕ' ਅਤੇ ਬਾਕੀ ਦੀਆਂ 'ਸੂਤ੍ਰਾਲੰਕਾਰ' ਤੋਂ ਲਈਆਂ ਗਈਆਂ ਹਨ। ਇਸ ਵਿਚਲੀਆਂ ਕੁਝ ਕਥਾਵਾਂ ਦਾ ਅਨੁਵਾਦ ਤੀਜੀ ਸਦੀ ਵਿਚ ਚੀਨੀ ਭਾਸ਼ਾ ਵਿਚ ਹੋਣ ਕਾਰਣ ਇਸ ਨੂੰ ਵੀ ਦੂਜੀ ਸਦੀ ਦੀ ਰਚਨਾ ਮੰਨਿਆ ਜਾਂਦਾ ਹੈ। ਇਸ ਗ੍ਰੰਥ ਵਿਚੋਂ ਮਹਾਰਾਜ ਅਸ਼ੋਕ ਦੇ ਚਰਿੱਤ੍ਰ ਨਾਲ ਸੰਬੰਧਿਤ ਲਗਭਗ 30 ਕਥਾਵਾਂ ਨੂੰ ਵੱਖਰਿਆਂ ਕਰ ਕੇ 'ਅਸ਼ੋਕਾਵਦਾਨ' ਨਾਂ ਦਾ ਸੰਕਲਨ ਤਿਆਰ ਕੀਤਾ ਗਿਆ। ਇਨ੍ਹਾਂ ਕਥਾਵਾਂ ਰਾਹੀਂ ਅਸ਼ੋਕ ਦੁਆਰਾ ਬੁੱਧ ਧਰਮ ਦੇ ਪ੍ਰਚਾਰ ਲਈ ਕੀਤੇ ਗਏ ਯਤਨਾਂ ਦਾ ਰੋਚਕ ਸ਼ੈਲੀ ਵਿਚ ਵਰਣਨ ਹੈ।

'ਅਵਦਾਨ-ਸ਼ਤਕ' ਦੀਆਂ ਕਥਾਵਾਂ ਉਤੇ ਆਧਾਰਿਤ ਅਨੇਕ ਪ੍ਰਕਾਰ ਦੀਆਂ ਰਚਨਾਵਾਂ ਪਰਵਰਤੀ ਕਾਲ ਵਿਚ ਸਾਹਮਣੇ ਆਈਆਂ ਹਨ। ਇਸ ਸਾਹਿੱਤ-ਪਰੰਪਰਾ ਦੀ ਸਭ ਤੋਂ ਆਖੀਰਲੀ ਮਹੱਤਵਪੂਰਣ ਰਚਨਾ ਹੈ 'ਅਵਦਾਨ-ਕਲਪ-ਲਤਾ'। ਇਸ ਨੂੰ ਕਵੀ ਕ੍ਸ਼ੇਮੇਂਦ੍ਰ ਨੇ ਗਿਆਰ੍ਹਵੀਂ ਸਦੀ ਵਿਚ ਰਚਿਆ ਸੀ ਅਤੇ ਇਸ ਨੂੰ ਉਸ ਦੇ ਪੁੱਤਰ ਸੋਮੇਂਦ੍ਰ ਨੇ ਅੰਤਿਮ ਰੂਪ ਵਿਚ ਪੂਰਾ ਕੀਤਾ ਸੀ।

ਇਥੇ 'ਅਵਦਾਨ' ਅਤੇ 'ਜਾਤਕ' ਵਿਚਲਾ ਅੰਤਰ ਵੀ ਸਪਸ਼ਟ ਕਰ ਦੇਣਾ ਉਚਿਤ ਹੋਵੇਗਾ। 'ਜਾਤਕ', ਅਸਲ ਵਿਚ, ਮਹਾਤਮਾ ਬੁੱਧ ਦੇ ਪੂਰਵ-ਜਨਮ ਦੀਆਂ ਕਥਾਵਾਂ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ, ਬੁੱਧ ਹੀ ਪ੍ਰਧਾਨ ਪਾਤਰ ਹੈ। ਪਰ 'ਅਵਦਾਨ' ਵਿਚ ਬੁੱਧ ਦੇ ਕਿਸੇ ਵਿਸ਼ੇਸ਼ ਉਪਾਸਕ ਦੀ ਆਦਰਸ਼ ਸ਼ਖ਼ਸੀਅਤ ਉਤੇ ਝਾਤ ਪਾ ਕੇ ਬੁੱਧ ਧਰਮ ਦੇ ਕਿਸੇ ਸਿੱਧਾਂਤ ਜਾਂ ਜੀਵਨ-ਜਾਚ ਦਾ ਵਿਸ਼ਲੇਸ਼ਣ ਕੀਤਾ ਹੁੰਦਾ ਹੈ। ਪੰਜਾਬੀ ਦਾ ਜਨਮ-ਸਾਖੀ ਸਾਹਿੱਤ ਜਾਤਕਾਂ ਦੇ ਨੇੜੇ ਹੈ ਅਤੇ ਭਗਤਾਂ ਦੀਆਂ ਸਾਖੀਆਂ ਅਵਦਾਨਾਂ ਨਾਲ ਮੇਲ

ਖਾਂਦੀਆਂ ਹਨ।

ਅਵਧੂ/ਅਵਧੂਤ : ਸੰਸਕ੍ਰਿਤ ਮੂਲ ਦੇ ਅਵਧੂਤ ਸ਼ਬਦ ਦਾ ਅਰਥ ਹੈ ਝਾੜਿਆ ਹੋਇਆ, ਹਿਲਾਇਆ ਹੋਇਆ। ਅਧਿਆਤਮਿਕ ਖੇਤਰ ਦਾ ਉਹ ਵਿਅਕਤੀ ਜਿਸ ਨੇ ਪਾਪਾਂ ਜਾਂ ਵਿਕਾਰਾਂ ਨੂੰ ਝਾੜ ਸੁਟਿਆ ਹੋਵੇ ਅਤੇ ਸਾਧੂ ਬਿਰਤੀ ਧਾਰਣ ਕਰਦਾ ਹੋਵੇ, 'ਅਵਧੂਤ' ਅਖਵਾਉਂਦਾ ਹੈ, ਭਾਵ ਸੰਨਿਆਸੀ।

ਕੁਝ ਵਿਦਵਾਨਾਂ ਨੇ 'ਅਵਧੂ' ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ—'ਵਧੂ ਜਾ ਕੇ ਨ ਹੋਇ ਸੋ ਅਵਧੂ ਕਹਾਵੈ।' ਕਹਿਣ ਤੋਂ ਭਾਵ ਜੋ ਵਧੂ-ਵਾਲਾ, ਅਰਥਾਤ ਗ੍ਰਿਹਸਥੀ ਨਾ ਹੋਵੇ। ਇਹ ਸ਼ਬਦ, ਅਸਲ ਵਿਚ, ਤਾਂਤ੍ਰਿਕਾਂ, ਸਿੱਧਾਂ, ਨਾਥਾਂ ਦੀ ਟਕਸਾਲ ਦਾ ਸਿੱਕਾ ਹੈ। ਆਮ ਤੌਰ ਤੇ ਸੰਸਾਰਿਕ ਦੁਅੰਦਾਂ ਤੋਂ ਉੱਚੇ ਪਹੁੰਚ ਹੋਏ ਯੋਗੀਆਂ ਲਈ ਇਸ ਸ਼ਬਦ ਦੀ ਵਰਤੋਂ ਹੁੰਦੀ ਹੈ।

'ਅਵਧੂਤ-ਉਪਨਿਸ਼ਦ' ਵਿਚ 'ਅਵਧੂਤ' ਸ਼ਬਦ ਦੇ ਵੱਖ ਵੱਖ ਅੱਖਰਾਂ ਨੂੰ ਲੈ ਕੇ ਵਿਆਖਿਆ ਕੀਤੀ ਗਈ ਹੈ। ਇਸ ਤੋਂ ਇਲਾਵਾ 'ਅਵਧੂਤ-ਗੀਤਾ', 'ਸਿੱਧ-ਸਿੱਧਾਂਤ-ਪੱਧਤੀ', 'ਗੋਰਕ੍ਸ਼-ਸਿੱਧਾਂਤ-ਸੰਗ੍ਰਹ' ਆਦਿ ਗ੍ਰੰਥਾਂ ਵਿਚ ਵੀ ਅਵਧੂਤ ਦੇ ਸਰੂਪ ਦੀ ਵਿਆਖਿਆ ਕੀਤੀ ਮਿਲਦੀ ਹੈ। 'ਮਹਾਨਿਰਵਾਣ ਤੰਤ੍ਰ' ਵਿਚ ਚਾਰ ਪ੍ਰਕਾਰ ਦੇ ਅਵਧੂਤ ਦਸੇ ਗਏ ਹਨ—(1) ਬ੍ਰਹਮਾਵਧੂਤ, ਜਿਸ ਦਾ ਕਿਸੇ ਵੀ ਵਰਣ ਜਾਂ ਆਸ਼੍ਰਮ ਨਾਲ ਸੰਬੰਧ ਨਾ ਹੋਵੇ। (2) ਸ਼ੈਵਾਵਧੂਤ, ਜੋ ਵਿਧੀ ਅਨੁਸਾਰ ਸੰਨਿਆਸ ਲੈ ਚੁੱਕਿਆ ਹੋਵੇ। (3) ਵੀਰਾਵਧੂਤ, ਜਿਸ ਦੇ ਸਿਰ ਉਤੇ ਜਟਾਵਾਂ, ਗਲੇ ਵਿਚ ਹੱਡੀਆਂ ਅਤੇ ਰੁਦ੍ਰਾਖ ਦੀ ਮਾਲਾ, ਲੰਗੋਟੀ ਬੰਨ੍ਹੇ ਹੋਏ ਸਰੀਰ ਉਤੇ ਭਸਮ, ਹੱਥ ਵਿਚ ਲਕੜ ਦਾ ਡੰਡਾ, ਕੁਠਾਰ ਜਾਂ ਡੰਮਰੂ ਅਤੇ ਕੱਛ ਵਿਚ ਹਿਰਨ ਦੀ ਖਲ੍ਹ ਸਮੇਟੀ ਹੋਵੇ। (4) ਕੁਲਾਵਧੂਤ, ਜੋ ਅਵਧੂਤੀ ਸਰੂਪ ਨੂੰ ਗ੍ਰਹਿਣ ਕਰਕੇ ਵੀ ਗ੍ਰਿਹਸਥ ਜੀਵਨ ਬਤੀਤ ਕਰਦਾ ਹੋਵੇ। ਕੁਝ ਤੰਤ੍ਰਾਂ ਵਿਚ ਤੀਜੇ ਅਤੇ ਚੌਥੇ ਦੀ ਥਾਂ 'ਭਗਤਾਵਧੂਤ' ਅਤੇ 'ਹੰਸਾਵਧੂਤ' ਨਾਂ ਲਿਖੇ ਹਨ। 'ਨਿਰਵਾਣ ਤੰਤ੍ਰ' (14ਵਾਂ ਪਟਲ) ਵਿਚ ਦਿੱਤੇ ਅਵਧੂਤ ਦੇ ਲੱਛਣ 'ਵੀਰਾਵਧੂਤ' ਦੇ ਲੱਛਣਾਂ ਨਾਲ ਮੇਲ ਖਾਂਦੇ ਹਨ।

ਅਵਧੂਤ ਦਾ ਮੂਲ ਸੰਬੰਧ ਸ਼ਿਵ ਨਾਲ ਹੈ। ਉਹੀ ਆਦਿ-ਅਵਧੂਤ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਸ਼ਬਦ ਦੀ ਛੇ ਵਾਰ ਵਰਤੋਂ ਹੋਈ ਹੈ ਜੋ ਮਹਾਦੇਵ ਨਾਲ ਹੀ ਸੰਬੰਧਿਤ ਹੈ—'ਮਹਾਦੇਉ ਅਉਧੂਤੁ ਹੈ ਕਵਲਾਸਣਿ ਆਸਣਿ ਰਸਕੇਲਾ' (26/17)।

ਵੈਸ਼ਣਵ ਭਗਤਾਂ ਦੀ ਰਾਮਾਨੰਦੀ ਪਰੰਪਰਾ ਦੇ ਕੁਝ ਸਾਧੂ ਵੀ ਅਵਧੂਤ ਅਖਵਾਉਂਦੇ ਹਨ। ਇਨ੍ਹਾਂ ਦੇ ਸਿਰ ਤੇ ਜਟਾਵਾਂ ਅਤੇ ਗਲੇ ਵਿਚ ਸਫ਼ਟਿਕ (ਬਿਲੌਰ) ਦੀ ਮਾਲਾ ਹੁੰਦੀ ਹੈ। ਸਰੀਰ ਉਤੇ ਗੋਦੜੀ ਅਤੇ ਹੱਥ ਵਿਚ ਨਾਰੀਅਲ ਦਾ ਖੱਪਰ ਹੁੰਦਾ ਹੈ। ਬੰਗਾਲ ਵਿਚ ਇਨ੍ਹਾਂ ਅਵਧੂਤਾਂ ਦੇ ਕਈ ਵੱਖ-ਵੱਖ ਆਖਾੜੇ ਹਨ ਜਿਨ੍ਹਾਂ ਵਿਚ ਸਾਰੀਆਂ ਜਾਤਾਂ ਦੇ ਲੋਕ ਸ਼ਾਮਲ ਹੁੰਦੇ ਹਨ। ਭਿਛਿਆ ਮੰਗਣ ਵੇਲੇ ਇਹ ਇਕ-ਤਾਰਾ ਵਜਾ ਕੇ ਗਾਉਂਦੇ ਹਨ ਅਤੇ 'ਬੀਰ ਅਵਧੂਤ' ਨਾ ਉਚਾਰਦੇ ਹਨ।

ਅਵਧੂਤਾਂ ਵਿਚੋਂ ਹੀ ਅਘੋਰ ਪੰਥ ਦਾ ਵਿਕਾਸ ਹੋਇਆ ਦਸਿਆ ਜਾਂਦਾ ਹੈ। ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼ ਵਿਚ ਇਨ੍ਹਾਂ ਦੇ ਮਠ/ਡੇਰੇ ਮਿਲਦੇ ਹਨ। ਇਹ ਲੋਕ ਮੁਰਦੇ ਦਾ ਮਾਸ ਅਤੇ ਹੋਰ ਹਰ ਪ੍ਰਕਾਰ ਦੀ ਭੱਖ-ਅਭੱਖ ਸਾਮਗ੍ਰੀ ਦਾ ਸੇਵਨ ਕਰਨੋਂ ਸੰਕੋਚ ਨਹੀਂ ਕਰਦੇ। ਮਨੁੱਖੀ ਖੱਪਰੀ ਵਿਚ ਸ਼ਰਾਬ ਪੀਂਦੇ ਹਨ। ਇਨ੍ਹਾਂ ਦੇ ਹੱਥ ਵਿਚ ਤ੍ਰਿਸੂਲ, ਗੱਲੇ ਵਿਚ ਸਫ਼ਟਿਕ ਦੀ ਮਾਲਾ, ਮੱਥੇ ਤੇ ਤ੍ਰਿਸੂਲ ਚਿੰਨ੍ਹ ਅਤੇ ਸਿਰ ਤੇ ਜਟਾਵਾਂ ਹੁੰਦੀਆਂ ਹਨ। ਇਨ੍ਹਾਂ ਦਾ ਸਰੂਪ ਕਾਫ਼ੀ ਡਰਾਉਣਾ ਹੁੰਦਾ ਹੈ।

ਨਾਥ ਪੰਥ ਵਿਚ ਅਵਧੂਤ ਦੀ ਸਥਿਤੀ ਬਹੁਤ ਉੱਚੀ ਮੰਨੀ ਗਈ ਹੈ। ਇਹ ਵਿਕਾਰਾਂ ਤੋਂ ਰਹਿਤ ਸਮਝਿਆ ਜਾਂਦਾ ਹੈ। ਇਹ ਕੈਵਲੵਯ ਦੀ ਪ੍ਰਾਪਤੀ ਲਈ ਆਤਮ-ਮਗਨ ਰਹਿੰਦਾ ਹੈ ਅਤੇ ਇਸ ਦਾ ਅਨੁਭਵ ਨਿਰਗੁਣ ਅਤੇ ਸਗੁਣ ਦੇ ਅਨੁਭਵ ਤੋਂ ਪਰ੍ਹੇ ਦਾ ਹੈ। ਨਾਥ-ਪੰਥੀ ਗੋਰਖਨਾਥ ਨੂੰ ਆਦਰਸ਼ ਅਵਧੂਤ ਮੰਨਦੇ ਹਨ। ਦੱਤਾਤ੍ਰੇਯ ਨੂੰ ਵੀ ਅਵਧੂਤ ਕਿਹਾ ਜਾਂਦਾ ਹੈ। 'ਅਵਧੂਤ-ਗੀਤਾ' ਅਨੁਸਾਰ ਦੱਤ ਸੰਪ੍ਰਦਾਇ ਵਿਚ ਅਵਧੂਤ ਮਤ ਨੂੰ ਸਰਵ ਸ੍ਰੇਸ਼ਠ ਚਿਤਰਿਆ ਗਿਆ ਹੈ। ਗੁਰੂ ਨਾਨਕ ਦੇਵ ਨੇ 'ਸਿੱਧ ਗੋਸਟਿ' ਵਿਚ ਸਿੱਧਾਂ ਨੂੰ 'ਅਉਧੂ' ਪਦ ਨਾਲ ਸੰਬੋਧਿਤ ਕੀਤਾ ਹੈ—'ਬਿਨ ਸਬਦੈ ਰਸ ਨ ਆਵੈ ਅਉਧੂ'।

ਅਵਧੂਤ ਵਾਂਗ ਸੰਨਿਆਸ ਧਾਰਣ ਕਰਨ ਵਾਲੀ ਇਸਤਰੀ ਨੂੰ 'ਅਵਧੂਤਨੀ' ਕਿਹਾ ਜਾਂਦਾ ਹੈ। ਇਨ੍ਹਾਂ ਦਾ ਕਿਸੇ ਪ੍ਰਕਾਰ ਦਾ ਕੋਈ ਸੰਬੰਧ ਅਵਧੂਤ ਨਾਲ ਨਹੀਂ ਹੁੰਦਾ, ਸਗੋਂ ਇਹ ਗੰਗਾ ਗਿਰੀ ਨਾਂ ਦੀ ਸੰਨਿਆਸਣ ਦੁਆਰਾ ਚਲਾਈ ਪਰੰਪਰਾ ਨਾਲ ਸੰਬੰਧਿਤ ਹਨ। ਇਹ ਗੁਰੂ-ਦੀਖਿਆ ਵੀ ਕਿਸੇ ਅਵਧੂਤਨੀ ਤੋਂ ਹੀ ਲੈਂਦੀਆਂ ਹਨ ਅਤੇ ਮਰਦਾਵੇਂ ਭੇਸ ਵਿਚ ਅਵਧੂਤੀ ਬਾਣਾ ਧਾਰਣ ਕਰਦੀਆਂ ਹਨ। ਸੰਨਿਆਸੀ ਜਾਂ ਅਵਧੂਤ ਇਨ੍ਹਾਂ ਨੂੰ ਆਪਣੇ ਬਰਾਬਰ ਦਾ ਦਰਜਾ ਨਹੀਂ ਦਿੰਦੇ।

ਅਵੰਤਿਕਾ : ਵੇਖੋ 'ਉਜੈਨ'।

ਅਵੰਤੀਪੁਰਾ/ਆਵੰਤੀਪੁਰ : ਕਸ਼ਮੀਰ ਦਾ ਇਕ ਪੁਰਾਤਨ ਨਗਰ ਜੋ ਸ੍ਰੀਨਗਰ ਤੋਂ ਜੰਮੂ ਜਾਣ ਵਾਲੀ ਸੜਕ ਉਤੇ ਲਗਭਗ 30 ਕਿ. ਮੀ. ਦੀ ਦੂਰੀ 'ਤੇ ਜਿਹਲਮ ਨਦੀ ਦੇ ਸੱਜੇ ਕੰਢੇ ਉਤੇ ਸਥਿਤ ਹੈ। ਇਹ ਨਗਰ ਉੱਤਪਲ ਵੰਸ਼ ਦੇ ਰਾਜਾ ਅਵੰਤੀ-ਵਰਮਨ (ਰਾਜ-ਕਾਲ ਸੰਨ 855-883 ਈ.) ਨੇ ਆਪਣੇ ਨਾਂ ਤੇ ਵਸਾਇਆ ਅਤੇ ਇਥੇ ਵਿਸ਼ਣੂ ਅਵੰਤੀ ਸੁਆਮੀ ਅਤੇ ਸ਼ਿਵ ਅਵੰਤੀਸ਼ਵਰ ਦੇ ਦੋ ਆਲੀਸ਼ਾਨ ਮੰਦਿਰ ਬਣਵਾਏ ਜੋ ਭਵਨ-ਉਸਾਰੀ-ਕਲਾ ਦੇ ਅਦੁੱਤੀ ਨਮੂਨੇ ਸਨ। ਪਰ ਕਸ਼ਮੀਰ ਉਤੇ ਮੁਸਲਮਾਨਾਂ ਦੇ ਕਬਜ਼ੇ ਤੋਂ ਬਾਦ ਦੂਜੇ ਬਾਦਸ਼ਾਹ ਸੁਲਤਾਨ ਸਿਕੰਦਰ ਨੇ ਸੰਨ 1389 ਈ. ਵਿਚ ਗੱਦੀ ਉਤੇ ਬੈਠਣ ਉਪਰੰਤ ਹਿੰਦੂਆਂ ਨੂੰ ਇਸਲਾਮ ਕਬੂਲ ਕਰਨ ਲਈ ਪੂਰੀ ਵਾਹ ਲਾ ਕੇ ਸਖ਼ਤੀ ਕੀਤੀ ਅਤੇ ਉਨ੍ਹਾਂ ਦੇ ਧਰਮ-ਸਥਾਨਾਂ/ਮੰਦਿਰਾਂ ਨੂੰ ਢਾਹ ਢੇਰੀ ਕਰਵਾਇਆ। ਉਸੇ ਕੱਟੜ-ਪੁਣੇ ਦੀ ਜ਼ੱਦ ਵਿਚ ਇਹ ਦੋਵੇਂ ਮੰਦਿਰ ਵੀ ਆ ਗਏ। ਫਲਸਰੂਪ ਹੁਣ ਇਨ੍ਹਾਂ ਮੰਦਿਰਾਂ ਦੇ ਖੰਡਰ ਅਵੰਤੀਪੁਰ ਦੇ ਨੇੜੇ ਖਿਲਰੇ ਪਏ ਹਨ।

ਸ਼ਿਵ ਅਵੰਤੀਸ਼ਵਰ ਦਾ ਮੰਦਿਰ ਜ਼ਿਆਦਾ ਵਿਸ਼ਾਲ ਅਤੇ ਉਕਰਾਈ ਦਾ ਅਜਾਇਬ-

ਘਰ ਸੀ। ਇਸ ਮੰਦਿਰ ਦੇ ਇਰਦ-ਗਿਰਦ ਪੱਥਰਾਂ ਦੀ ਬੜੀ ਮਜ਼ਬੂਤ ਦੀਵਾਰ ਬਣੀ ਹੋਈ ਹੈ। ਇਸ ਦੀਵਾਰ ਦੇ ਘੇਰੇ ਅੰਦਰ ਤਿੰਨ ਮੀਟਰ ਉੱਚੇ ਅਤੇ 23 ਮੀਟਰ ਲੰਬੇ ਵਰਗਾਕਾਰ ਚਬੂਤਰੇ ਉਤੇ ਮੁੱਖ ਮੰਦਿਰ ਬਣਿਆ ਹੋਇਆ ਸੀ ਜੋ ਹੁਣ ਕੇਵਲ ਖੰਡਰ ਰਹਿ ਗਿਆ ਹੈ। ਚਬੂਤਰੇ ਦੇ ਚੌਹਾਂ ਪਾਸੇ ਪੌੜੀਆਂ ਬਣੀਆਂ ਹੋਈਆਂ ਹਨ। ਵਿਸ਼ਣੂ ਅਵੰਤੀ-ਸੁਆਮੀ ਦਾ ਮੰਦਿਰ ਵੀ ਪੂਰੀ ਤਰ੍ਹਾਂ ਬਰਬਾਦ ਹੋ ਚੁੱਕਿਆ ਹੈ, ਬਸ ਇਕ ਦਰਵਾਜ਼ਾ ਅਤੇ ਕੁਝ ਥੰਮੀਆਂ ਹੀ ਬਚੀਆਂ ਹਨ। ਕਲਾ ਦੇ ਇਸ ਵਿਨਾਸ਼ ਨੂੰ ਵੇਖ ਕੇ ਭਾਈ ਵੀਰ ਸਿੰਘ ਨੇ ਲਿਖਿਆ ਹੈ—'ਅਵਾਂਤੀਪੁਰਾ ! ਕੀ ਰਹਿ ਗੁਯਾ ਬਾਕੀ,/ਦੋ ਮੰਦਰਾਂ ਦੇ ਢੇਰ ?/ਬੀਤ ਚੁਕੀ ਸਭ੍ਯਤਾ ਦੇ ਖੰਡਰ/ਦਸਦੇ ਸਮੇਂ ਦੇ ਫੇਰ।'

ਆਇਸ਼ਾ : ਹਜ਼ਰਤ ਮੁਹੰਮਦ ਸਾਹਿਬ ਦੀ ਤੀਜੀ ਪਤਨੀ ਜੋ ਪਹਿਲੇ ਖ਼ਲੀਫ਼ਾ ਅਬੂ ਬਕਰ ਦੀ ਪੁੱਤਰੀ ਸੀ। ਇਸ ਦਾ ਜਨਮ ਮੱਕੇ ਵਿਚ ਸੰਨ 613 ਈ. ਜਾਂ ਸੰਨ 614 ਈ. ਵਿਚ ਹੋਇਆ। ਮੁਹੰਮਦ ਸਾਹਿਬ ਦੀਆਂ ਨੌਂ ਪਤਨੀਆਂ ਵਿਚੋਂ ਕੇਵਲ ਇਹੀ ਵਿਆਹ ਵੇਲੇ ਕੰਵਾਰੀ ਸੀ। ਉਦੋਂ ਇਸ ਦੀ ਉਮਰ ਨੌਂ ਵਰ੍ਹੇ ਦਸੀ ਜਾਂਦੀ ਹੈ। ਜਦੋਂ ਵਿਆਹੀ ਤਾਂ ਆਪਣੇ ਖਿਡੌਣੇ ਵੀ ਨਾਲ ਲਿਆਈ ਸੀ। ਹਜ਼ਰਤ ਇਸ ਨੂੰ ਸਭ ਨਾਲੋਂ ਜ਼ਿਆਦਾ ਪਿਆਰ ਕਰਦੇ ਸਨ ਅਤੇ ਇਹ ਉਨ੍ਹਾਂ ਦੀਆਂ ਸਭ ਪਤਨੀਆਂ ਨਾਲੋਂ ਅਧਿਕ ਵਿਸ਼ਵਾਸ-ਪਾਤਰ ਸੀ। ਇਹ ਪੜ੍ਹੀ-ਲਿਖੀ, ਸੁਲਝੀ ਹੋਈ ਅਤੇ ਸੁੰਦਰ ਸਰੂਪ ਵਾਲੀ ਸੀ।

ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਰੱਬ ਨੇ ਆਇਸ਼ਾ ਨੂੰ ਖ਼ੁਦ 'ਸਿੱਦੀਕਾ' (ਬਹੁਤ ਸੱਚ ਬੋਲਣ ਵਾਲੀ) ਦੀ ਉਪਾਧੀ ਬਖ਼ਸ਼ੀ ਸੀ। ਇਸ ਲਈ ਮੁਸਲਮਾਨਾਂ ਵਿਚ ਇਸ ਨੂੰ ਧਰਮ-ਮਾਤਾ ਵਜੋਂ ਸਤਿਕਾਰਿਆ ਜਾਂਦਾ ਹੈ। ਇਹ ਅਜੇ 18 ਵਰ੍ਹਿਆਂ ਦੀ ਸੀ ਕਿ ਹਜ਼ਰਤ ਦਾ ਦੇਹਾਂਤ ਹੋ ਗਿਆ। ਜਦੋਂ ਸੰਨ 627 ਈ. ਵਿਚ ਹਜ਼ਰਤ ਨੇ ਬਨੁਉਲ ਮੁਸਤਲਕ ਉਤੇ ਹਮਲਾ ਕੀਤਾ, ਤਾਂ ਇਹ ਨਾਲ ਗਈ ਸੀ। ਰਸਤੇ ਵਿਚ ਸ਼ਰੀਰਿਕ ਹਾਜਤ ਲਈ ਊਠ ਦੇ ਕਚਾਵੇ ਤੋਂ ਉਤਰਨ ਵੇਲੇ ਇਸ ਦਾ ਹਾਰ ਕਿਤੇ ਡਿਗ ਗਿਆ। ਇਹ ਉਸ ਨੂੰ ਇਧਰ ਉਧਰ ਲਭ ਰਹੀ ਸੀ ਕਿ ਊਠਾਂ ਵਾਲੇ ਨੇ ਸਮਝਿਆ ਕਿ ਇਹ ਕਚਾਵੇ ਵਿਚ ਬੈਠ ਗਈ ਹੈ, ਕਾਫ਼ਲਾ ਅਗੇ ਤੁਰ ਗਿਆ। ਇਕੱਲੀ ਰਹਿ ਗਈ ਆਇਸ਼ਾ ਬਾਦ ਵਿਚ ਸਫ਼ਵਾਨ ਨਾਂ ਦੇ ਇਕ ਨੌਜਵਾਨ ਸੰਗ ਮਦੀਨੇ ਪਹੁੰਚੀ।

ਇਸ ਘਟਨਾ ਦੇ ਫਲਸਰੂਪ ਲੋਕਾਂ ਵਿਚ ਨਕਾਰਾਤਮਕ ਚਰਚਾ ਚਲ ਪਈ। ਇਥੋਂ ਤਕ ਕਿ ਹਜ਼ਰਤ ਅਲੀ ਨੇ ਮੁਹੰਮਦ ਸਾਹਿਬ ਨੂੰ ਸਲਾਹ ਦਿੱਤੀ ਕਿ ਆਇਸ਼ਾ ਨੂੰ ਛੱਡ ਦਿੱਤਾ ਜਾਏ। ਭਾਵੇਂ ਹਜ਼ਰਤ ਨੇ ਆਇਸ਼ਾ ਨੂੰ ਨਾ ਛਡਿਆ, ਪਰ ਹਜ਼ਰਤ ਅਲੀ ਦੀ ਸਲਾਹ ਨੇ ਆਇਸ਼ਾ ਦੇ ਮਨ ਵਿਚ ਉਸ ਪ੍ਰਤਿ ਘਿਰਣਾ ਭਰ ਦਿੱਤੀ। ਜਦੋਂ ਹਜ਼ਰਤ ਉਸਮਾਨ ਦੇ ਕਤਲ ਦਾ ਬਦਲਾ ਲੈਣ ਲਈ ਹਜ਼ਰਤ ਅਲੀ ਨੇ ਬਸਰੇ ਦੇ ਨੇੜੇ ਤਲਹਾ ਅਤੇ ਜ਼ੁਬੈਰ ਨਾਲ ਜੰਗ ਲੜੀ ਤਾਂ ਆਇਸ਼ਾ ਨੇ ਹਜ਼ਰਤ ਅਲੀ ਦੇ ਵਿਰੋਧੀਆਂ ਦਾ ਸਾਥ ਦਿੱਤਾ। ਅਲੀ ਦੀ ਜਿੱਤ ਹੋਈ। ਤਲਹਾ ਅਤੇ ਜ਼ੁਬੈਰ ਮਾਰੇ ਗਏ ਪਰ ਆਇਸ਼ਾ ਨੂੰ ਢੁੱਕਵੇਂ ਸਤਿਕਾਰ ਨਾਲ ਮਦੀਨੇ ਵਾਪਸ ਭਿਜਵਾ ਦਿੱਤਾ ਗਿਆ ਜਿਥੇ ਸੰਨ 678 ਈ. ਵਿਚ ਇਸ ਦੀ ਮੌਤ ਹੋਈ। ਇਸ ਨੂੰ ਅਨੇਕ ਹਦੀਸਾਂ ਜ਼ਬਾਨੀ ਯਾਦ ਸਨ। ਬਹੁਤ

ਜਾਣੀਆਂ ਤਾਂ ਇਸ ਨੇ ਖ਼ੁਦ ਪੈਗ਼ੰਬਰ ਦੇ ਮੂੰਹੋਂ ਸੁਣੀਆਂ ਸਨ। ਇਸ ਲਈ ਹਦੀਸਾਂ ਸੰਬੰਧੀ ਇਸ ਦੀ ਜਾਣਕਾਰੀ ਸਭ ਤੋਂ ਅਧਿਕ ਵਿਸ਼ਵਸਤ ਮੰਨੀ ਜਾਂਦੀ ਹੈ।

ਆਈ-ਪੰਥ : ਗੋਰਖਨਾਥ ਨੇ ਆਪਣੇ ਮਤ ਨੂੰ ਵਿਵਸਥਿਤ ਰੂਪ ਦੇਣ ਲਈ ਅਨੁਯਾਈਆਂ ਦੀ ਬਿਰਤੀ ਅਨੁਸਾਰ, 12 ਪੰਥਾਂ ਵਿਚ ਵੰਡ ਦਿੱਤਾ, ਜਿਵੇਂ ਸਤ੍ਯਨਾਥੀ, ਧਰਮਨਾਥੀ, ਰਾਮਪੰਥ, ਨਟੇਸ਼ਰੀ, ਕਨ੍ਹਣ, ਕਪਿਲਾਨੀ, ਵੈਰਾਗੀ, ਮਾਨ-ਨਾਥੀ, ਆਈ-ਪੰਥ, ਪਾਗਲ-ਪੰਥ, ਧਜਪੰਥ ਅਤੇ ਗੰਗਾਨਾਥੀ। ਇਨ੍ਹਾਂ 12 ਵਿਚੋਂ ਆਈ-ਪੰਥ ਵਿਸ਼ੇਸ਼ ਪ੍ਰਸਿੱਧ ਹੈ। ਆਈ ਜਾਂ ਆਯ ਤੋਂ ਭਾਵ ਹੈ ਦੁਰਗਾ ਅਥਵਾ ਦੇਵੀ। ਇਸ ਨਾਂ ਨਾਲ ਦੇਵੀ ਦਾ ਮੰਦਿਰ ਰਾਜਸਥਾਨ ਵਿਚ ਬੈਭਿਲਰਾ ਵਿਖੇ ਹੈ।

ਨਾਥਾਂ ਵਿਚੋਂ ਜੋ ਲੋਕ ਦੇਵੀ ਪ੍ਰਤਿ ਅਧਿਕ ਸ਼ਰਧਾ ਰਖਦੇ ਸਨ ਜਾਂ ਉਪਾਸਨਾ ਵਿਚ ਉਸ ਨੂੰ ਸਥਾਨ ਦਿੰਦੇ ਸਨ ਜਾਂ ਵਾਮਮਾਰਗ ਵਲ ਝੁਕਾ ਰਖਦੇ ਸਨ, ਉਨ੍ਹਾਂ ਨੂੰ 'ਆਈ-ਪੰਥ' ਵਿਚ ਸ਼ਾਮਲ ਕੀਤਾ ਗਿਆ। ਇਹ ਲੋਕ ਹੋਰਨਾਂ ਪੰਥਾਂ ਦੇ ਅਨੁਯਾਈਆਂ ਨਾਲੋਂ ਅਧਿਕ ਉਦਾਰ ਸਨ। ਗੁਰੂ ਨਾਨਕ ਦੇਵ ਨੇ 'ਜਪੁ ਜੀ' ਨਾਂ ਦੀ ਬਾਣੀ ਵਿਚ ਆਈ-ਪੰਥ ਦੇ ਅਨੁਯਾਈ ਦੀ ਭਾਵਾਤਮਕ ਵਿਆਖਿਆ ਕਰਦਿਆਂ ਦਸਿਆ ਹੈ ਕਿ ਸਾਰੀ (ਮਨੁੱਖਤਾ) ਪ੍ਰਤਿ ਮਿੱਤਰਤਾ ਦੀ ਭਾਵਨਾ ਦਾ ਵਿਕਾਸ ਕਰਨਾ ਹੀ ਵਾਸਤਵਿਕ 'ਆਈ-ਪੰਥੀ' ਹੁੰਦਾ ਹੈ—'ਆਈ ਪੰਥੀ ਸਗਲਿ ਜਮਾਤੀ ਮਨਿ ਜੀਤੈ ਜਗੁ ਜੀਤੁ' (ਅ. ਗ੍ਰੰ. 6)।

ਆਸਨ : ਅਸ਼ਟਾਂਗ—ਯੋਗ ਦਾ ਤੀਜਾ ਅੰਗ। ਵੇਖੋ 'ਅਸ਼ਟਾਂਗ-ਯੋਗ'।

ਆਸ਼੍ਰਮ : ਹਿੰਦੂ ਧਰਮ ਦਾ ਸਮੁੱਚਾ ਢਾਂਚਾ ਦੋ ਸੰਸਥਾਵਾਂ ਜਾਂ ਜੀਵਨ-ਵਿਧੀਆਂ ਉਪਰ ਟਿਕਿਆ ਹੈ। ਇਨ੍ਹਾਂ ਵਿਚੋਂ ਇਕ ਹੈ 'ਆਸ਼੍ਰਮ' ਅਤੇ ਦੂਜੀ ਹੈ 'ਵਰਣ' (ਵੇਖੋ)। 'ਆਸ਼੍ਰਮ' ਸੰਸਥਾ ਦਾ ਮੁੱਖ ਉੱਦੇਸ਼ ਮਨੁੱਖ ਦੀ ਸੰਸਕ੍ਰਿਤੀ ਜਾਂ ਜੀਵਨ ਨੂੰ ਸੁਚੱਜਾ ਅਤੇ ਵਿਵਸਥਿਤ ਰੂਪ ਪ੍ਰਦਾਨ ਕਰਨਾ ਹੈ। ਇਹ ਸਭ ਕੁਝ ਵਿਧੀ-ਪੂਰਵਕ ਵੱਖ-ਵੱਖ ਅਵਸਥਾਵਾਂ ਵਿਚ ਕੀਤਾ ਜਾਂਦਾ ਹੈ। ਮਨੁੱਖ ਦੇ ਸਮੁੱਚੇ ਜੀਵਨ ਨੂੰ ਸਥੂਲ ਰੂਪ ਵਿਚ ਚਾਰ ਵਿਕਾਸ-ਅਵਸਥਾਵਾਂ ਵਿਚ ਵੰਡਿਆ ਜਾ ਸਕਦਾ ਹੈ—(1) ਬਾਲ ਅਤੇ ਨੌਜਵਾਨ ਅਵਸਥਾ, (2) ਜਵਾਨ ਅਵਸਥਾ, (3) ਪ੍ਰੌੜ੍ਹ ਅਵਸਥਾ ਅਤੇ (4) ਬਿਰਧ ਅਵਸਥਾ। ਇਨ੍ਹਾਂ ਚਾਰ ਸਥੂਲ ਅਵਸਥਾਵਾਂ ਦੇ ਆਧਾਰ ਤੇ ਹੀ ਰਿਸ਼ੀਆਂ/ਮੁਨੀਆਂ ਨੇ ਚਾਰ ਆਸ਼੍ਰਮਾਂ ਦੀ ਕਲਪਨਾ ਕੀਤੀ ਪ੍ਰਤੀਤ ਹੁੰਦੀ ਹੈ ਜੋ ਕ੍ਰਮਵਾਰ ਇਸ ਪ੍ਰਕਾਰ ਹਨ—ਬ੍ਰਹਮਚਰਯ, ਗ੍ਰਿਹਸਥ, ਵਾਨਪ੍ਰਸਥ, ਸੰਨਿਆਸ। ਕੁਝ ਇਕ ਪੁਰਾਤਨ ਗ੍ਰੰਥਾਂ ਵਿਚ ਇਨ੍ਹਾਂ ਦੇ ਨਾਵਾਂ ਅਤੇ ਕ੍ਰਮ ਵਿਚ ਫਰਕ ਹੈ, ਪਰ ਸਰਵ ਪ੍ਰਵਾਨ ਉਪਰੋਕਤ ਚਾਰ ਆਸ਼੍ਰਮ ਹੀ ਹਨ ਅਤੇ ਇਸੇ ਕ੍ਰਮ ਵਿਚ ਇਹ ਵਰਣਿਤ ਕੀਤੇ ਜਾਂਦੇ ਹਨ। ਸਮੁੱਚੇ ਤੌਰ ਤੇ ਆਸ਼੍ਰਮ-ਵਿਵਸਥਾ ਉਨ੍ਹਾਂ ਚਾਰ ਅਵਸਥਾਵਾਂ ਦੀ ਸੂਚਕ ਹੈ ਜਿਨ੍ਹਾਂ ਵਿਚ ਮਨੁੱਖ ਸ਼੍ਰਮ (ਮਿਹਨਤ ਜਾਂ ਯਤਨ), ਸਾਧਨਾ ਅਤੇ ਤਪੱਸਿਆ ਕਰਦਾ ਹੈ ਅਤੇ ਇਕ ਅਵਸਥਾ ਦੀਆਂ ਪ੍ਰਾਪਤੀਆਂ ਨੂੰ ਮਾਣ ਕੇ ਅਗਲੀ ਅਵਸਥਾ ਲਈ ਕਦਮ ਵਧਾਉਂਦਾ ਹੈ।

ਮਨੁੱਖ ਜੀਵਨ ਦਾ ਉੱਦੇਸ਼ ਚਾਰ ਪਦਾਰਥਾਂ ਦੀ ਪ੍ਰਾਪਤੀ ਹੈ। ਇਹ 'ਚਾਰ ਪਦਾਰਥ'

ਹਨ—ਧਰਮ, ਅਰਥ, ਕਾਮ ਅਤੇ ਮੋਕਸ਼। ਇਸੇ ਕ੍ਰਮ ਵਿਚ ਆਸ਼੍ਰਮਾਂ ਦੀ ਵਿਵਸਥਾ ਕੀਤੀ ਗਈ ਹੈ। ਬ੍ਰਹਮਚਰਜ ਦਾ ਸੰਬੰਧ ਮੁੱਖ ਤੌਰ ਤੇ ਧਰਮ ਨਾਲ ਹੈ। ਇਥੇ ਧਰਮ ਤੋਂ ਭਾਵ ਹੈ ਜੀਵਨ ਨੂੰ ਨਿਯਮ ਅਤੇ ਸੰਜਮ ਨਾਲ ਜੀਉਣਾ। ਗ੍ਰਿਹਸਥ ਦਾ ਸੰਬੰਧ ਅਰਥ ਅਤੇ ਕਾਮ ਨਾਲ ਹੈ। ਵਾਨਪ੍ਰਸਥ ਦਾ ਸੰਬੰਧ ਸੰਸਾਰਿਕਤਾ ਤੋਂ ਉਪਰਾਮ ਹੋ ਕੇ ਜੀਵਨ ਨੂੰ ਮੋਕਸ਼ ਪ੍ਰਾਪਤੀ ਦੇ ਮਾਰਗ ਉਤੇ ਚਲਣ ਦੀ ਤਿਆਰੀ ਨਾਲ ਹੈ। ਸੰਨਿਆਸ ਦਾ ਸੰਬੰਧ ਮੋਕਸ਼ ਨਾਲ ਹੈ। ਸਪੱਸ਼ਟ ਹੈ ਕਿ ਆਸ਼੍ਰਮ ਅਤੇ ਪਦਾਰਥਾਂ ਦਾ ਪਰਸਪਰ ਸੰਬੰਧ ਹੈ, ਇਸ ਲਈ ਇਨ੍ਹਾਂ ਵਿਚ ਤਾਲਮੇਲ ਦੀ ਲੋੜ ਸਦਾ ਬਣੀ ਰਹਿੰਦੀ ਹੈ।

ਮਨੁੱਖ ਦੀ ਜੀਵਨ-ਅਵਧੀ ਨੂੰ ਸੌ ਸਾਲ ਦਾ ਮਿਥ ਕੇ ਮਨੂ ਨੇ ਉਸ ਨੂੰ 25, 25 ਵਰ੍ਹਿਆਂ ਦੇ ਚਾਰ ਹਿੱਸਿਆਂ ਵਿਚ ਵੰਡਿਆ ਹੈ ਅਤੇ ਜੀਵਨ-ਕ੍ਰਮ ਵਿਚ ਇਨ੍ਹਾਂ ਨੂੰ ਚਾਰ ਆਸ਼੍ਰਮਾਂ ਨਾਲ ਸੰਬੰਧਿਤ ਕੀਤਾ ਹੈ। ਇਨ੍ਹਾਂ ਦਾ ਪਾਲਣ ਜ਼ਰੂਰੀ ਹੈ ਕਿਉਂਕਿ ਅਜਿਹਾ ਨਾ ਕਰਨ ਨਾਲ ਸਮਾਜਿਕ ਜੀਵਨ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਕੁਕਰਮਾਂ ਦਾ ਵਿਸਤਾਰ ਹੁੰਦਾ ਹੈ। ਅਸਲ ਵਿਚ, ਆਸ਼੍ਰਮ-ਵਿਵਸਥਾ ਮਨੁੱਖ ਨੂੰ ਇਸ ਗੱਲ ਦਾ ਬੋਧ ਕਰਾਉਂਦੀ ਹੈ ਕਿ ਉਸ ਦੇ ਜੀਵਨ ਦਾ ਉੱਦੇਸ਼ ਕੀ ਹੈ, ਉਸ ਉੱਦੇਸ਼ ਦੀ ਪ੍ਰਾਪਤੀ ਲਈ ਉਸ ਨੂੰ ਕੀ-ਕੀ ਸਾਧਨ ਕਿਵੇਂ-ਕਿਵੇਂ ਵਰਤਣੇ ਚਾਹੀਦੇ ਹਨ। ਮੂਲ ਰੂਪ ਵਿਚ ਜੀਵਨ-ਅਵਧੀ ਦੀ ਕਰਤੱਵ-ਵੰਡ ਦੀ ਇਹ ਇਕ ਉੱਤਮ ਯੋਜਨਾ ਹੈ। ਇਹ ਕਹਿ ਸਕਣਾ ਸਰਲ ਨਹੀਂ ਕਿ ਇਸ ਯੋਜਨਾ ਨੂੰ ਵਿਵਹਾਰਿਕ ਤੌਰ ਤੇ ਕਿਤਨੀ ਸਫਲਤਾ ਮਿਲੀ ਹੈ, ਪਰ ਮਨੁੱਖ ਜੀਵਨ ਨੂੰ ਵਿਵਸਥਿਤ ਕਰਨ ਬਾਰੇ ਇਹ ਸ਼ਲਾਘਾਯੋਗ ਯੋਜਨਾ ਹੈ।

ਆਸ਼੍ਰਮ ਧਰਮ ਦੇ ਪਾਲਣ ਲਈ ਮਨੁੱਖ ਨੇ ਜਿਨ੍ਹਾਂ ਕਰਤੱਵਾਂ ਨੂੰ ਨਿਭਾਉਣਾ ਹੁੰਦਾ ਹੈ ਉਨ੍ਹਾਂ ਬਾਰੇ 'ਮਨੂ-ਸਮ੍ਰਿਤੀ' ਵਿਚ ਲਿਖਿਆ ਹੈ ਕਿ ਬ੍ਰਹਮਚਰਜ ਆਸ਼੍ਰਮ ਵਿਚ ਗੁਰੂ-ਕੁਲ ਵਿਚ ਨਿਵਾਸ ਕਰਦੇ ਹੋਏ ਵਿਦਿਆ ਦੀ ਪ੍ਰਾਪਤੀ ਅਤੇ ਧਰਮ ਦੀ ਪਾਲਣਾ ਦਾ ਉੱਦਮ ਕਰਨਾ ਚਾਹੀਦਾ ਹੈ। ਗ੍ਰਿਹਸਥ ਆਸ਼੍ਰਮ ਵਿਚ ਵਿਆਹ ਕਰਕੇ ਘਰ ਵਸਾਉਣਾ, ਸੰਤਾਨ ਪੈਦਾ ਕਰਕੇ ਪਿਤਰੀ-ਰਿਣ, ਯੱਗ ਕਰਕੇ ਦੇਵ-ਰਿਣ ਅਤੇ ਨਿੱਤ ਧਰਮ ਗ੍ਰੰਥਾਂ ਦਾ ਅਧਿਐਨ ਕਰਕੇ ਰਿਸ਼ੀ-ਰਿਣ ਚੁਕਾਉਣਾ ਚਾਹੀਦਾ ਹੈ। ਵਾਨਪ੍ਰਸਥ ਆਸ਼੍ਰਮ ਵਿਚ ਸੰਸਾਰਿਕ ਕਾਰਜਾਂ ਤੋਂ ਉਪਰਾਮ ਹੋ ਕੇ ਤਪ, ਯੱਗ, ਪੁੰਨ-ਦਾਨ ਕਰਕੇ ਬਨ ਵਿਚ ਜੀਵਨ ਬਿਤਾਉਣਾ ਚਾਹੀਦਾ ਹੈ। ਸੰਨਿਆਸ ਆਸ਼੍ਰਮ ਵਿਚ ਸੰਸਾਰ ਨਾਲੋਂ ਮੂੰਹ ਤੋੜ ਕੇ ਇਕ ਸਥਾਨ ਤੋਂ ਦੂਜੇ ਸਥਾਨ 'ਤੇ ਘੁੰਮਦੇ ਰਹਿ ਕੇ ਜੀਵਨ ਗੁਜ਼ਾਰਨਾ ਚਾਹੀਦਾ ਹੈ।

ਸੰਤ ਸਾਹਿੱਤ ਅਤੇ ਗੁਰਬਾਣੀ ਵਿਚ ਆਸ਼੍ਰਮ-ਵਿਵਸਥਾ ਨੂੰ ਮਾਨਤਾ ਪ੍ਰਦਾਨ ਨਹੀਂ ਕੀਤੀ ਗਈ, ਸਗੋਂ ਸੱਚੇ ਗੁਰੂ ਨੂੰ ਮਿਲਕੇ ਅਤੇ ਸਾਧ-ਸੰਗਤਿ ਵਿਚ ਜਾ ਕੇ ਰਾਮ ਨਾਮ ਦੀ ਆਰਾਧਨਾ ਵਿਚ ਲੀਨ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਰਾਮਦਾਸ ਨੇ ਕਿਹਾ ਹੈ—'ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧਸੰਗਤੀ ਗੁਰ ਸਤਿਗੁਰੂ ਗੁਰ ਸਾਧੇ।/ ਚਾਰਿ ਬਰਨ ਚਾਰਿ ਆਸ਼੍ਰਮ ਹੈ

ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੇ' (ਅ. ਗ੍ਰੰ. 1297)।

ਆਕਾਸ਼-ਗੰਗਾ : ਰਾਤ ਨੂੰ ਆਕਾਸ਼ ਦੇ ਮੱਧ ਵਿਚ ਦਿਖਣ ਵਾਲਾ ਤਾਰਿਆਂ ਦਾ ਉਹ ਝੁਰਮਟ ਜਿਸ ਦਾ ਸਰੂਪ-ਆਕਾਰ ਲੰਬੇ ਰੁਖ 'ਤੇ ਇਕ ਮਾਰਗ ਵਰਗਾ ਹੁੰਦਾ ਹੈ। ਹਨੇਰੀ ਰਾਤ ਨੂੰ ਇਹ ਜ਼ਿਆਦਾ ਉਘੜਦੀ ਹੈ। ਪੁਲਾੜ ਵਿਗਿਆਨੀਆਂ ਅਨੁਸਾਰ ਇਸ ਦੀ ਸ਼ਕਲ ਅੱਧ ਚੱਕਰ ਵਰਗੀ ਹੁੰਦੀ ਹੈ ਜੋ, ਅਸਲ ਵਿਚ, ਪੂਰੇ ਚੱਕਰ ਦਾ ਇਕ ਭਾਗ ਹੈ। ਚੱਕਰ ਦਾ ਬਾਕੀ ਹਿੱਸਾ ਦ੍ਰਿਸ਼ਟੀ-ਸੀਮਾ ਵਿਚ ਨਹੀਂ ਆਉਂਦਾ। ਇਸ ਵਿਚ ਲਗਭਗ ਵੀਹ ਅਰਬ ਤਾਰੇ ਅਤੇ ਕਈ ਗੈਸਾਂ ਸ਼ਾਮਲ ਹਨ। ਸਾਰੇ ਤਾਰੇ ਇਕ ਸੌ ਗੋਲਾਕਾਰ ਗੁੱਛਿਆਂ ਜਾਂ ਸਮੂਹਾਂ ਵਿਚ ਵਿਚਰਦੇ ਹਨ।

ਭਾਰਤੀ ਮਿਥਿਹਾਸ ਵਿਚ ਇਸ ਬਾਰੇ ਕਈ ਮਾਨਤਾਵਾਂ ਪ੍ਰਚਲਿਤ ਹਨ। ਇਕ ਮਾਨਤਾ ਅਨੁਸਾਰ ਧਰਤੀ ਉਤੇ ਉਤਰਨ ਤੋਂ ਪਹਿਲਾਂ ਗੰਗਾ ਇਸੇ ਮਾਰਗ ਤੇ ਵਗਦੀ ਸੀ। ਗੰਗਾ ਦੇ ਅੰਧ-ਵਿਸ਼ਵਾਸੀ ਭਗਤ ਰਾਤ ਨੂੰ ਸੌਣ ਤੋਂ ਪਹਿਲਾਂ ਇਸ ਦੇ ਦਰਸ਼ਨ ਕਰਦੇ ਹਨ ਕਿਉਂਕਿ ਇਸ ਨਾਲ ਗੰਗਾ ਮਈਆ ਬਹੁਤ ਪ੍ਰਸੰਨ ਹੁੰਦੀ ਹੈ। ਸ੍ਰੀ ਕ੍ਰਿਸ਼ਣ ਦੇ ਭਗਤਾਂ ਦਾ ਵਿਸ਼ਵਾਸ ਹੈ ਕਿ ਜਦੋਂ ਸ਼ਾਮੀ ਸ੍ਰੀ ਕ੍ਰਿਸ਼ਣ ਗਊਆਂ ਚਰਾ ਕੇ ਸਵਰਗ ਵਲ ਪਰਤਦੇ ਹਨ ਤਾਂ ਗਊਆਂ ਦੇ ਪੈਰਾਂ ਨਾਲ ਉੱਡੀ ਧੂੜ ਇਸ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਨੂੰ ਉਹ 'ਗੋਧੂਲੀ' ਕਹਿੰਦੇ ਹਨ। ਇਸ ਨੂੰ 'ਸਵਰਗ-ਮਾਰਗ' ਵੀ ਕਿਹਾ ਜਾਂਦਾ ਹੈ ਕਿਉਂਕਿ ਮਰਨ ਪਿਛੋਂ ਨੇਕ ਆਤਮਾਵਾਂ ਜਾਂ ਰੂਹਾਂ ਇਸੇ ਮਾਰਗ ਤੋਂ ਸਵਰਗ ਨੂੰ ਜਾਂਦੀਆਂ ਹਨ। ਕੁਝ ਲੋਕ ਇਸ ਨੂੰ 'ਛੜਿਆਂ ਦਾ ਰਾਹ' ਜਾਂ 'ਬ੍ਰਹਮਚਾਰੀ ਮਾਰਗ' ਵੀ ਕਹਿੰਦੇ ਹਨ ਕਿਉਂਕਿ ਜੀਵਨ ਭਰ ਬ੍ਰਹਮਚਰਯ ਦਾ ਪਾਲਣ ਕਰਨ ਵਾਲੇ ਬ੍ਰਹਮਚਾਰੀ (ਛੜੇ) ਇਸ ਮਾਰਗ ਉਤੇ ਆਪਣੀ ਕੀਰਤੀ ਕਰਕੇ ਤਾਰਿਆਂ ਦੇ ਰੂਪ ਵਿਚ ਚਮਕਦੇ ਹਨ। ਇਸ ਨੂੰ 'ਮੰਦਾਕਿਨੀ' ਵੀ ਕਿਹਾ ਜਾਂਦਾ ਹੈ।

ਫ਼ਾਰਸੀ ਵਿਚ ਇਸ ਨੂੰ 'ਕਹਿਕਸ਼ਾਂ' ਕਿਹਾ ਜਾਂਦਾ ਹੈ। ਸ਼ਿਵਕੁਮਾਰ ਬਟਾਲਵੀ ਨੇ ਇਸ ਵਲ ਸੰਕੇਤ ਕਰਦਿਆਂ ਕਿਹਾ ਹੈ—'ਆਂਦਰਾਂ ਵਿਚ ਤੇਰੇ ਮੇਰੇ/ਹੋ ਰਹੀ ਸੀ ਇਕ ਜਲੂਣ,/ਮਹਿਕ ਸਾਡੇ ਜਿਸਮ ਦੀ ਸੀ/ਕਹਿਕਸ਼ਾਂ ਵਿਚ ਰਲ ਰਹੀ।'

ਆਗਮ : 'ਆਗਮ' ਦਾ ਸ਼ਾਬਦਿਕ ਅਰਥ ਹੈ 'ਪਰੰਪਰਾ-ਗਤ ਸਿੱਧਾਂਤ ਜਾਂ ਵਿਧੀ।' ਆਮ ਤੌਰ ਤੇ ਇਹ ਸ਼ਬਦ ਤਾਂਤ੍ਰਿਕ ਪਰੰਪਰਾ ਦਾ ਵਾਚਕ ਹੈ। ਸਨਾਤਨ ਹਿੰਦੂ ਧਰਮ ਦੀ ਭਾਵਨਾ ਅਨੁਸਾਰ ਆਗਮਾਂ ਨੂੰ ਸ਼ਿਵ ਨੇ ਉਚਾਰਿਆ ਅਤੇ ਪਾਰਬਤੀ ਨੇ ਸੁਣਿਆ। 'ਮਹਾਨਿਰਵਾਣ ਤੰਤ੍ਰ' ਵਿਚ ਲਿਖਿਆ ਹੈ ਕਿ ਕਲਿਯੁਗ ਵਿਚ ਪ੍ਰਾਣੀ ਪਵਿੱਤਰ ਅਤੇ ਅਪਵਿੱਤਰ ਦੇ ਵਿਚਾਰਾਂ ਤੋਂ ਹੀਨ ਹੁੰਦੇ ਸਨ। ਉਨ੍ਹਾਂ ਦੇ ਕਲਿਆਣ ਲਈ ਮਹਾਦੇਵ ਨੇ ਆਗਮਾਂ ਦਾ ਉਪਦੇਸ਼ ਪਾਰਬਤੀ ਨੂੰ ਖ਼ੁਦ ਦਿੱਤਾ। ਇਸੇ ਲਈ ਕਲਿਯੁਗ ਵਿਚ ਆਗਮ ਦੀ ਪੂਜਾ ਵਿਸ਼ੇਸ਼ ਰੂਪ ਵਿਚ ਲਾਭਦਾਇਕ ਮੰਨੀ ਜਾਂਦੀ ਹੈ।

ਸ਼ਿਵ ਰਚਿਤ ਤੰਤ੍ਰ-ਸ਼ਾਸਤ੍ਰ ਨੂੰ ਮੁੱਖ ਤੌਰ ਤੇ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ— ਆਗਮ, ਯਾਮਲ ਅਤੇ ਮੁੱਖ ਤੰਤ੍ਰ। 'ਵਾਰਾਹੀ ਤੰਤ੍ਰ' ਅਨੁਸਾਰ ਜਿਸ ਵਿਚ ਸ੍ਰਿਸ਼ਟੀ,

ਪੂਜਾ, ਦੇਵ-ਪੂਜਾ, ਸਰਵ-ਕਾਰਜ-ਸਾਧਨ, ਪੁਰਸ਼ਚਰਣ (ਗੁਰੂ-ਮੰਤ੍ਰ ਦਾ ਸਿੱਧੀ ਪ੍ਰਾਪਤੀ ਲਈ ਕੀਤਾ ਜਾਪ), ਖਟ-ਕਰਮ ਅਤੇ ਚਾਰ ਤਰ੍ਹਾਂ ਦੇ ਧਿਆਨ-ਯੋਗ ਦਾ ਵਰਣਨ ਹੋਵੇ, ਉਹ 'ਆਗਮ' ਹੈ। ਆਗਮਾਂ ਦੀ ਗਿਣਤੀ 28 ਦਸੀ ਜਾਂਦੀ ਹੈ ਜੋ ਸ਼ੈਵਿਕ ਅਤੇ ਰੌਦ੍ਰਿਕ ਦੋ ਵਰਗਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਆਗਮਾਂ ਵਿਚ ਅਗੋਂ ਕਈ-ਕਈ ਉਪ-ਆਗਮ ਹਨ ਜਿਨ੍ਹਾਂ ਦੀ ਕੁਲ ਗਿਣਤੀ 198 ਹੈ।

ਆਗਮਾਂ ਦੀ ਰਚਨਾ ਦੀ ਲੋੜ ਉਤੇ ਪ੍ਰਕਾਸ਼ ਪਾਉਂਦਿਆਂ ਡਾ. ਰਾਜ ਬਲੀ ਪਾਂਡੇਯ ਨੇ ਦਸਿਆ ਹੈ ਕਿ ਵੇਦਾਂ ਦੀ ਕਠਿਨਾਈ ਅਤੇ ਮੰਤ੍ਰਾਂ ਦੇ ਬੰਨ੍ਹੇ ਹੋਏ ਸਰੂਪ ਕਾਰਣ ਮਹਾਭਾਰਤ-ਕਾਲ ਤੋਂ ਲੈ ਕੇ ਕਲਿਯੁਗ ਦੇ ਆਰੰਭ ਤਕ ਅਨੇਕਾਂ ਆਗਮਾਂ ਦੀ ਰਚਨਾ ਹੋਈ ਹੋਵੇਗੀ। ਆਗਮ ਅਤਿ ਪ੍ਰਾਚੀਨ ਅਤੇ ਅਤਿ ਨਵੀਨ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ।

ਆਗਮਾਂ ਤੋਂ ਹੀ ਸ਼ੈਵ, ਵੈਸ਼ਣਵ ਅਤੇ ਸ਼ਾਕਤ ਆਦਿ ਸੰਪ੍ਰਦਾਵਾਂ ਦੇ ਆਚਾਰ, ਵਿਚਾਰ, ਵਿਸਤਾਰ ਅਤੇ ਵਿਲੱਖਣਤਾ ਬਾਰੇ ਪਤਾ ਚਲਦਾ ਹੈ। ਆਗਮਾਂ ਦੇ ਪ੍ਰਚਲਨ ਨਾਲ ਸ਼ੈਵਾਂ ਵਿਚ ਸ਼ਾਕਤ ਵਿਚਾਰਾਂ ਦਾ ਉਦਭਵ ਹੋਇਆ ਅਤੇ ਉਸ ਪ੍ਰਭਾਵ ਕਾਰਣ ਮੰਦਿਰਾਂ ਅਤੇ ਮੂਰਤੀਆਂ ਦੀ ਉਸਾਰੀ ਅਤੇ ਧਾਰਮਿਕ ਅਨੁਸ਼ਠਾਨਾਂ ਬਾਰੇ ਨਿਯਮ ਬਣਾਏ ਜਾਣ ਲਗੇ। ਸ਼ਾਕਤ ਆਗਮਾਂ ਦੀ ਰਚਨਾ ਉਤੇ ਕੁਝ ਬਾਹਰਲੇ ਪ੍ਰਭਾਵ ਵੀ ਦਸੇ ਜਾਂਦੇ ਹਨ, ਜਿਵੇਂ ਕੌਲਾਚਾਰ ਉਤੇ ਤਿੱਬਤ ਜਾਂ ਚੀਨ ਦੇ ਪ੍ਰਭਾਵ ਦੀ ਸੰਭਾਵਨਾ ਹੈ। ਅੱਜ ਕਲ ਜਿਤਨੀਆਂ ਸ਼ਾਕਤ ਸੰਪ੍ਰਦਾਵਾਂ ਹਨ, ਉਹ ਲਗਭਗ ਆਗਮਾਂ ਉਤੇ ਆਧਾਰਿਤ ਹਨ ਕਿਉਂਕਿ ਪੁਰਾਣਾਂ ਵਿਚ ਕਿਤੇ-ਕਿਤੇ ਹੀ ਇਨ੍ਹਾਂ ਦਾ ਉੱਲੇਖ ਹੋਇਆ ਹੈ।

ਸ਼ੈਵ ਆਗਮਾਂ ਵਾਂਗ ਵੈਸ਼ਣਵ ਆਗਮ ਵੀ ਰਚੇ ਗਏ ਹਨ, ਜਿਵੇਂ ਪੰਚਰਾਤ੍ਰ ਅਤੇ ਵੈਖਾਨਸ। ਇਨ੍ਹਾਂ ਨੂੰ 'ਸੰਹਿਤਾ' ਨਾਂ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਵਿਚੋਂ 'ਨਾਰਦ-ਪੰਚ-ਰਾਤ੍ਰ' ਅਧਿਕ ਪ੍ਰਸਿੱਧ ਹੈ। ਬੁੱਧ ਧਰਮ ਦੇ ਅਨੁਯਾਈਆਂ ਨੇ ਬੋਧ-ਤੰਤ੍ਰਾਂ ਨੂੰ ਮਹਾਤਮਾ ਬੁੱਧ ਦੁਆਰਾ ਉਚਾਰਿਆ ਮੰਨਿਆ ਹੈ। ਇਹ ਵੀ ਸੰਸਕ੍ਰਿਤ ਵਿਚ ਲਿਖੇ ਹਨ। ਇਸੇ ਤਰ੍ਹਾਂ ਜੈਨ-ਮਤ ਵਾਲਿਆਂ ਨੇ ਵੀ ਆਪਣੇ ਆਗਮਾਂ ਦੀ ਰਚਨਾ ਕੀਤੀ ਹੈ।

ਸਾਰੇ ਮਤਾਂ ਵਾਲਿਆਂ ਨੇ ਆਪਣੇ ਆਗਮਾਂ ਨੂੰ ਅਤਿ ਗੁੱਝੇ ਤੱਤ੍ਰ ਮੰਨਿਆ ਹੈ। 'ਕੁਲਾਰਵਣ ਤੰਤ੍ਰ' ਵਿਚ ਲਿਖਿਆ ਹੈ ਕਿ ਧਨ, ਇਸਤਰੀ ਅਤੇ ਪ੍ਰਾਣ ਤਕ ਦੇ ਦੇਣੇ ਚਾਹੀਦੇ ਹਨ, ਪਰ ਇਹ ਗੁੱਝਾ ਸ਼ਾਸਤ੍ਰ ਕਿਸੇ ਅਦੀਕਸ਼ਿਤ ਵਿਅਕਤੀ ਸਾਹਮਣੇ ਪ੍ਰਗਟ ਨਹੀਂ ਕਰਨਾ ਚਾਹੀਦਾ।

'ਆਗਮ' ਦੇ ਨਾਲ 'ਨਿਗਮ' ਸ਼ਬਦ ਵੀ ਵਰਤਿਆ ਜਾਂਦਾ ਹੈ। 'ਨਿਗਮ' (ਵੇਖੋ) ਵੇਦਾਂ ਲਈ ਵਰਤਿਆ ਜਾਂਦਾ ਹੈ। ਨਿਗਮ ਅਤੇ ਆਗਮ ਇਨ੍ਹਾਂ ਦੋਹਾਂ ਸ਼ਬਦਾਂ ਦੀ ਇਕੱਠੀ ਵਰਤੋਂ ਨਾਲ ਹਿੰਦੂ ਧਰਮ ਦੇ ਸਾਰੇ ਧਰਮ ਗ੍ਰੰਥਾਂ ਅਤੇ ਸ਼ਾਸਤ੍ਰਾਂ ਵਲ ਸੰਕੇਤ ਹੋ ਜਾਂਦਾ ਹੈ। ਟੋਡੀ ਰਾਗ ਵਿਚ ਗੁਰੂ ਅਰਜਨ ਨੇ ਕਿਹਾ ਹੈ—'ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ' (ਗੁ.ਗ੍ਰੰ. 714)। ਆਗਮ ਸ਼ਬਦ ਕਈ ਵਾਰ ਸਮੁੱਚੇ ਸ਼ਾਸਤ੍ਰਾਂ ਲਈ ਵੀ ਵਰਤ ਲਿਆ ਜਾਂਦਾ ਹੈ, ਜਿਵੇਂ ਭਾਈ ਗੁਰਦਾਸ ਨੇ ਕਿਹਾ ਹੈ—

'ਨਾਰਦ ਮੁਨੀ ਅਖਾਇਦਾ ਆਗਮੁ ਜਾਣ ਨ ਧੀਰਜੁ ਆਣੈ' (12/11)।

ਆਗਰਾ : ਤਾਜ ਮਹੱਲ ਕਰਕੇ ਅਧਿਕ ਪ੍ਰਸਿੱਧ ਆਗਰਾ ਯਮੁਨਾ ਨਦੀ ਦੇ ਸੱਜੇ ਕੰਢੇ ਉਤੇ ਵਸਿਆ ਇਕ ਪੁਰਾਣਾ ਨਗਰ ਹੈ। ਇਸ ਦਾ ਨਾਂ ਆਗਰਾ ਕਿਉਂ ਪਿਆ, ਇਸ ਬਾਰੇ ਇਤਿਹਾਸ ਚੁਪ ਹੈ। ਅਨੁਮਾਨ ਹੈ ਕਿ ਯਮੁਨਾ ਨਦੀ ਦੇ ਉੱਚੇ ਕੰਢੇ (ਆਕਰ) 'ਤੇ ਵਸਿਆ ਹੋਣ ਕਾਰਣ, ਜਾਂ ਕਿਸੇ ਦੁਆਰਾ ਪਹਿਲਾਂ ਪਹਿਲ ਇਥੇ ਘਰ ਜਾਂ ਨਿਵਾਸ-ਸਥਾਨ (ਆਗਰ) ਬਣਾਉਣ ਕਰਕੇ ਇਸ ਦਾ ਨਾਂ 'ਆਗਰਾ' ਪ੍ਰਚਲਿਤ ਹੋ ਗਿਆ ਹਵੇ।

ਇਤਿਹਾਸ ਵਿਚ ਆਗਰੇ ਦਾ ਮਹੱਤਵ ਲੋਦੀ-ਕਾਲ ਤੋਂ ਸ਼ੁਰੂ ਹੁੰਦਾ ਹੈ। ਸਿਕੰਦਰ ਲੋਦੀ ਅਤੇ ਇਬ੍ਰਾਹੀਮ ਲੋਦੀ ਨੇ ਇਸ ਨੂੰ ਆਪਣੀ ਬਾਦਸ਼ਾਹੀ ਵੇਲੇ ਰਾਜਧਾਨੀ ਬਣਾਇਆ। ਸੰਨ 1526 ਈ. ਵਿਚ ਪਾਨੀਪਤ ਦੀ ਯੁੱਧ-ਭੂਮੀ ਵਿਚ ਲੋਦੀ ਹਾਰ ਗਏ ਅਤੇ ਬਾਬਰ ਦੀ ਜਿੱਤ ਹੋਈ। ਉਸ ਤੋਂ ਬਾਦ ਆਗਰਾ ਮੁਗ਼ਲਾਂ ਦੇ ਅਧੀਨ ਹੋ ਗਿਆ। ਬਾਬਰ ਦੇ ਪੋਤੇ ਅਕਬਰ ਨੇ ਇਸ ਨੂੰ ਆਪਣੀ ਸਥਾਈ ਰਾਜਧਾਨੀ ਬਣਾ ਕੇ ਇਸ ਦੇ ਵਿਕਾਸ ਵਲ ਧਿਆਨ ਦਿੱਤਾ ਅਤੇ ਇਸ ਦਾ ਨਾਂ ਅਕਬਰਾਬਾਦ ਰਖਿਆ। ਉਸ ਨੇ ਸਿਕੰਦਰ ਲੋਦੀ ਦੁਆਰਾ ਬਣਾਏ 'ਬਦਲ ਗੜ੍ਹ' ਨਾਂ ਦੇ ਕਿਲੇ ਵਾਲੀ ਥਾਂ ਤੇ ਲਾਲ ਪੱਥਰਾਂ ਦਾ ਇਕ ਨਵਾਂ ਕਿਲਾ ਬਣਵਾਇਆ। ਸ਼ਹਿਰ ਦੇ ਇਰਦ-ਗਿਰਦ ਪਰਕੋਟਾ ਉਸਰਵਾਇਆ ਜਿਸ ਵਿਚ 16 ਦਰਵਾਜ਼ੇ ਅਤੇ ਅਨੇਕ ਗੁੰਬਦ ਅਤੇ ਬੁਰਜ ਰਖਵਾਏ। ਜਹਾਂਗੀਰ ਅਤੇ ਸ਼ਾਹਜਹਾਨ ਨੇ ਵੀ ਆਗਰੇ ਨੂੰ ਹੀ ਆਪਣੀ ਹਕੂਮਤ ਵੇਲੇ ਰਾਜਧਾਨੀ ਬਣਾਈ ਰਖਿਆ। ਕਿਲੇ ਅੰਦਰਲੀਆਂ ਬਹੁਤ ਸਾਰੀਆਂ ਇਮਾਰਤਾਂ ਇਨ੍ਹਾਂ ਦੋਹਾਂ ਬਾਦਸ਼ਾਹਾਂ ਨੇ ਬਣਵਾਈਆਂ। ਸ਼ਾਹਜਹਾਨ ਨੇ ਆਪਣੀ ਬੇਗਮ ਅਰਜਮੰਦ ਬਾਨੂ, ਜਿਸ ਦਾ ਨਾਂ ਮਮਤਾਜ਼ ਮਹੱਲ ਵੀ ਸੀ, ਦੀ ਯਾਦ ਵਿਚ 'ਤਾਜ ਮਹੱਲ' ਬਣਵਾਇਆ ਜੋ ਸੰਸਾਰ ਦੇ ਮੁੱਖ ਅਜੂਬਿਆਂ ਵਿਚ ਗਿਣਿਆ ਜਾਂਦਾ ਹੈ।

ਔਰੰਗਜ਼ੇਬ ਨੇ ਆਗਰੇ ਦੀ ਥਾਂ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਨਾਲ ਆਗਰੇ ਦਾ ਗੌਰਵ ਘਟਣ ਲਗਾ। ਅਠਾਰ੍ਹਵੀਂ ਸਦੀ ਦੇ ਅੰਤ ਤਕ ਇਸ ਨਗਰ ਉਤੇ ਜਾਟਾਂ ਅਤੇ ਮਰਹਟਿਆਂ ਨੇ ਵੀ ਆਪਣਾ ਅਧਿਕਾਰ ਜਮਾਇਆ। 17 ਅਕਤੂਬਰ, 1803 ਈ. ਵਿਚ ਇਹ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਵਿਚ ਆ ਗਿਆ। ਸੰਨ 1835 ਈ. ਵਿਚ ਇਸ ਨੂੰ ਉੱਤਰ-ਪੱਛਮੀ ਖੇਤਰ ਦੀ ਰਾਜਧਾਨੀ ਬਣਾਇਆ ਗਿਆ, ਪਰ ਸੰਨ 1857 ਈ. ਦੇ ਗ਼ਦਰ ਤੋਂ ਬਾਦ ਸੰਨ 1861 ਈ. ਵਿਚ ਇਥੋਂ ਰਾਜਧਾਨੀ ਹਟਾ ਕੇ ਇਲਾਹਾਬਾਦ ਕਾਇਮ ਕੀਤੀ ਗਈ। ਸਿੱਟੇ ਵਜੋਂ ਦਿਨੋਂ-ਦਿਨ ਇਸ ਨਗਰ ਦਾ ਮਹੱਤਵ ਘਟਣ ਲਗ ਗਿਆ। ਮੁਗ਼ਲ ਕਾਲੀਨ ਅਨੇਕ ਇਮਾਰਤਾਂ ਤੋਂ ਇਲਾਵਾ, ਇਥੋਂ ਦਾ ਦਿਆਲ ਬਾਗ ਵਿਸ਼ੇਸ਼ ਉੱਲੇਖਯੋਗ ਹੈ।

ਸਿੱਖ ਇਤਿਹਾਸ ਅਨੁਸਾਰ ਇਥੇ ਗੁਰੂ ਹਰਿਗੋਬਿੰਦ, ਗੁਰੂ ਤੇਗ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਆਏ ਸਨ ਅਤੇ ਉਨ੍ਹਾਂ ਦੀ ਆਮਦ ਦੀ ਯਾਦ ਵਿਚ ਇਥੇ ਗੁਰਦੁਆਰੇ ਵੀ ਬਣੇ ਹੋਏ ਹਨ। ਇਥੇ ਕਦੇ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਵੀ ਰਿਹਾ ਹੈ। ਭਾਈ

ਗੁਰਦਾਸ ਸਿੱਖ ਧਰਮ ਦੇ ਪ੍ਰਚਾਰ ਲਈ ਇਥੇ ਕਾਫ਼ੀ ਸਮਾਂ ਠਹਿਰੇ ਸਨ । ਉਨ੍ਹਾਂ ਨੇ ਕਬਿੱਤ-ਸਵੈਯਿਆਂ ਦੀ ਰਚਨਾ ਅਧਿਕਤਰ ਇਥੇ ਹੀ ਕੀਤੀ ਸੀ । ਵਾਰਾਂ ਵਿਚ ਵੀ ਇਥੋਂ ਦੇ ਸਿਦਕੀ ਸਿੱਖਾਂ ਦਾ ਉੱਲੇਖ ਹੋਇਆ—'ਸੁੰਦਰ ਚਢਾ ਆਗਰੇ ਢਾਕੇ ਸੋਹਣਿ ਸੇਵ ਕਮਾਣੀ' (11/31) ।

ਆਜ਼ਾਦ ਹਿੰਦ ਫ਼ੌਜ : ਭਾਰਤ ਨੂੰ ਸੁਤੰਤਰ ਕਰਾਉਣ ਵਿਚ ਆਜ਼ਾਦ ਹਿੰਦ ਫ਼ੌਜ ਦਾ ਮਹੱਤਵਪੂਰਣ ਯੋਗਦਾਨ ਹੈ । ਇਸ ਦੀ ਸਥਾਪਨਾ 15 ਫ਼ਰਵਰੀ, 1942 ਈ. ਵਿਚ ਜਨਰਲ ਮੋਹਨ ਸਿੰਘ ਦੇ ਉੱਦਮ ਅਤੇ ਸਿਆਣਪ ਨਾਲ ਹੋਈ । ਇਸ ਵਿਚ ਉਨ੍ਹਾਂ ਭਾਰਤੀ ਸਿਪਾਹੀਆਂ ਨੇ ਹਿੱਸਾ ਲਿਆ ਜੋ ਦੂਜੇ ਵਿਸ਼ਵ ਯੁੱਧ ਵੇਲੇ ਅੰਗ੍ਰੇਜ਼ਾਂ ਵਲੋਂ ਜਾਪਾਨੀਆਂ ਅਗੇ ਆਤਮ-ਸਮਰਪਣ ਕੀਤੇ ਜਾਣ ਤੇ ਕੈਦੀ ਬਣਾਏ ਗਏ ਸਨ । ਉਦੋਂ ਹੀ 28 ਮਾਰਚ, 1942 ਈ. ਨੂੰ ਰਾਸ ਬਿਹਾਰੀ ਬੋਸ ਅਤੇ ਐਨ. ਰਾਘਵਨ ਦੇ ਉੱਦਮਾਂ ਨਾਲ ਟੋਕੀਓ ਵਿਚ 'ਇੰਡੀਅਨ ਇੰਡੀਪੈਂਡੈਂਸ ਲੀਗ' ਕਾਇਮ ਕੀਤੀ ਗਈ । 15 ਜੂਨ, 1942 ਈ. ਨੂੰ ਬੈਂਕਾਕ ਵਿਚ ਹੋਈ ਇਕ ਹੋਰ ਕਾਨਫ੍ਰੰਸ ਵਿਚ ਪਾਸ ਹੋਇਆ ਕਿ ਇੰਡੀਅਨ ਇੰਡੀਪੈਂਡੈਂਸ ਲੀਗ ਅਤੇ ਆਜ਼ਾਦ ਹਿੰਦ ਫ਼ੌਜ ਦੀ ਅਗਵਾਈ ਲਈ ਸੁਭਾਸ਼ ਚੰਦਰ ਬੋਸ ਨੂੰ ਜਾਪਾਨੀ ਅਧਿਕਾਰੀ ਬਰਲਿਨ ਤੋਂ ਟੋਕੀਓ ਲਿਆਉਣ । ਪਰ ਇਸ ਦੌਰਾਨ ਆਜ਼ਾਦ ਹਿੰਦ ਫ਼ੌਜ ਅਤੇ ਜਾਪਾਨੀ ਅਧਿਕਾਰੀਆਂ ਵਿਚ ਸੈਨਿਕ ਮਸਲਿਆਂ ਬਾਰੇ ਮਤ-ਭੇਦ ਪੈਦਾ ਹੋ ਜਾਣ ਕਾਰਣ ਬੋਸ ਨੂੰ ਟੋਕੀਓ ਨਾ ਲਿਆਉਂਦਾ ਗਿਆ । ਪਰ ਜਦੋਂ ਸ਼ਾਂਤ ਮਹਾਸਾਗਰ ਵਿਚ ਜਾਪਾਨੀਆਂ ਨੂੰ ਕੁਝ ਹਾਰਾਂ ਹੋਈਆਂ ਤਾਂ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਇਆਂ ਉਹ ਸੁਭਾਸ਼ ਚੰਦਰ ਨੂੰ 20 ਜੂਨ, 1943 ਈ. ਨੂੰ ਬਰਲਿਨ ਤੋਂ ਟੋਕੀਓ ਲੈ ਆਏ ।

15 ਜੁਲਾਈ, 1943 ਈ. ਨੂੰ ਬੋਸ ਸਿੰਗਾਪੁਰ ਪਹੁੰਚਿਆ ਅਤੇ ਡੇਢ ਲੱਖ ਦੇ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਦਿੱਲੀ ਵਲ ਚਲਣ ਲਈ ਹੱਲਾ-ਸ਼ੇਰੀ ਦਿੱਤੀ । 25 ਅਗਸਤ, 1943 ਈ. ਨੂੰ ਸੁਭਾਸ਼ ਚੰਦਰ ਆਜ਼ਾਦ ਹਿੰਦ ਫ਼ੌਜ ਦਾ ਸੈਨਾਪਤੀ ਬਣ ਕੇ ਰੰਗੂਨ ਪਹੁੰਚਿਆ ਅਤੇ ਅਸਥਾਈ ਸਰਕਾਰ ਕਾਇਮ ਕੀਤੀ । ਭਾਰਤੀ ਇਸਤਰੀਆਂ ਨੂੰ ਜੱਥੇਬੰਦ ਕਰਨ ਲਈ ਉਸ ਨੇ 'ਰਾਨੀ ਝਾਂਸੀ ਰਜਮੈਂਟ' ਤਿਆਰ ਕੀਤੀ । ਇਸ ਸਾਲ ਦੇ ਅੰਤ ਤਕ ਆਜ਼ਾਦ ਹਿੰਦ ਫ਼ੌਜ ਦੀ ਗਿਣਤੀ ਸੱਤਰ ਹਜ਼ਾਰ ਤੋਂ ਵੱਧ ਹੋ ਗਈ । ਬੋਸ ਦੀ ਸਿਆਣਪ ਨਾਲ ਆਜ਼ਾਦ ਹਿੰਦ ਫ਼ੌਜ ਅਤੇ ਜਾਪਾਨੀ ਅਧਿਕਾਰੀਆਂ ਵਿਚ ਨੇੜਤਾ ਵਧੀ । ਇਥੋਂ ਤਕ ਕਿ ਜਾਪਾਨ ਸਰਕਾਰ ਨੇ ਆਜ਼ਾਦ ਹਿੰਦ ਫ਼ੌਜ ਨੂੰ ਆਪਣੀਆਂ ਸੁਤੰਤਰ ਸਰਗਰਮੀਆਂ ਲਈ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂ ਦੇ ਦਿੱਤੇ ਅਤੇ ਦਸੰਬਰ, 1943 ਈ. ਵਿਚ ਬੋਸ ਪੋਰਟ ਬਲੇਅਰ ਪਹੁੰਚ ਗਿਆ ।

ਜਨਵਰੀ, 1944 ਈ. ਵਿਚ ਆਜ਼ਾਦ ਹਿੰਦ ਫ਼ੌਜ ਦਾ ਮੁੱਖ ਦਫ਼ਤਰ ਰੰਗੂਨ ਵਿਚ ਲਿਆਉਂਦਾ ਗਿਆ । ਫਿਰ ਬਰਮਾ ਦੇਸ਼ ਦੀ ਸੀਮਾ ਨੂੰ ਪਾਰ ਕਰਕੇ 18 ਮਾਰਚ, 1944 ਈ. ਨੂੰ ਇਸ ਫ਼ੌਜ ਨੇ ਭਾਰਤ ਦੀ ਧਰਤੀ ਉਤੇ ਪੈਰ ਰਖੇ । ਇਹ ਫ਼ੌਜ ਕੋਹੀਮਾ ਅਤੇ ਇੰਫਲ ਤਕ ਵਧ ਗਈ । ਪਰ ਅਮਰੀਕਾ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਉਤੇ ਬੰਬ-ਵਰਸ਼ਾ ਕਰਕੇ ਜਾਪਾਨ ਨੂੰ ਛੇ ਦਿਨਾਂ ਵਿਚ ਹਥਿਆਰ ਸੁਟਣ ਲਈ ਮਜਬੂਰ ਕਰ ਦਿੱਤਾ ।

ਇਸ ਨਾਲ ਆਜ਼ਾਦ ਹਿੰਦ ਫ਼ੌਜ ਅਗੇ ਵਧਣੋਂ ਰੁਕ ਗਈ। ਉਧਰ ਮਿੱਤਰ ਦੇਸ਼ਾਂ ਦੀਆਂ ਫ਼ੌਜਾਂ ਚੰਗੀ ਤਰ੍ਹਾਂ ਸੰਗਠਿਤ ਹੋ ਕੇ ਸਾਰੇ ਮਹਾਜ਼ਾਂ ਉਤੇ ਅਗੇ ਵੱਧਣ ਲਗੀਆਂ। ਅਗਸਤ, 1945 ਈ. ਵਿਚ ਇਹ ਫ਼ੌਜਾਂ ਬਰਮਾ ਵਿਚ ਫਿਰ ਤੋਂ ਦਾਖ਼ਲ ਹੋ ਗਈਆਂ ਅਤੇ ਮੁੜ ਰੰਗੂਨ ਉਤੇ ਕਬਜ਼ਾ ਕਰ ਲਿਆ। ਇਸ ਦੌਰਾਨ ਜਾਪਾਨੀ ਸੈਨਿਕਾਂ ਅਤੇ ਅਫ਼ਸਰਾਂ ਦੇ ਨਾਲ ਆਜ਼ਾਦ ਹਿੰਦ ਫ਼ੌਜ ਦੇ ਭਾਰਤੀ ਸਿਪਾਹੀ ਅਤੇ ਅਫ਼ਸਰ ਵੀ ਕੈਦੀ ਬਣਾ ਲਏ ਗਏ ਅਤੇ ਬਹੁਤਿਆਂ ਨੂੰ ਭਾਰਤ ਲਿਆ ਕੇ ਕੇਵਲ ਨੌਕਰੀਓਂ ਕਢ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਣ ਲਈ ਵਾਤਾਵਰਣ ਅਨੁਕੂਲ ਨਹੀਂ ਸੀ ਅਤੇ ਕਾਂਗ੍ਰਸ ਪਾਰਟੀ ਉਨ੍ਹਾਂ ਦੀ ਪਿਠ ਉਤੇ ਸੀ।

ਕੁਝ ਅਫ਼ਸਰਾਂ ਵਿਰੁੱਧ ਫ਼ੌਜੀ ਨਿਯਮਾਂ ਅਨੁਸਾਰ ਅਦਾਲਤੀ ਕਾਰਵਾਈ ਕੀਤੀ ਗਈ। ਅਜਿਹੀਆਂ ਕਾਰਵਾਈਆਂ ਵਿਚੋਂ ਇਕ ਅਫ਼ਸਰ-ਤ੍ਰਿਕੜੀ (ਕਪਤਾਨ ਸ਼ਾਹ ਨਵਾਜ਼, ਕਪਤਾਨ ਗੁਰਬਖ਼ਸ਼ ਸਿੰਘ ਢਿੱਲੋਂ ਅਤੇ ਕਪਤਾਨ ਪ੍ਰੇਮ ਕੁਮਾਰ ਸਹਿਗਲ) ਵਿਰੁੱਧ ਲਾਲ ਕਿਲੇ ਵਿਚ ਕੀਤੀ ਗਈ ਕਾਰਵਾਈ ਬਹੁਤ ਪ੍ਰਸਿੱਧ ਹੈ। ਇਹ ਮੁਕਦਮਾ ਲਗਭਗ ਇਕ ਸਾਲ ਤਕ ਚਲਿਆ ਅਤੇ ਇਸ ਨੂੰ ਪ੍ਰਸਿੱਧ ਵਕੀਲ ਭੁੱਲਾ ਭਾਈ ਡੇਸਾਈ ਨੇ ਲੜਿਆ, ਪਰ ਅਦਾਲਤ ਨੇ ਤਿੰਨਾਂ ਅਫ਼ਸਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਫਲਸਰੂਪ ਦੇਸ਼ ਭਰ ਵਿਚ ਤਕੜਾ ਰੋਸ ਮੰਨਾਇਆ ਗਿਆ। ਹਾਲਾਤ ਦੀ ਨਜ਼ਾਕਤ ਨੂੰ ਵੇਖਦੇ ਹੋਇਆਂ ਹਿੰਦੁਸਤਾਨ ਦੀ ਸੈਨਾ ਦੇ ਕਮਾਂਡਰ-ਇਨ-ਚੀਫ਼ ਨੇ ਤਿੰਨਾਂ ਨੂੰ ਬਰੀ ਕਰ ਦਿੱਤਾ।

15 ਅਗਸਤ, 1947 ਈ. ਵਿਚ ਪ੍ਰਾਪਤ ਹੋਈ ਆਜ਼ਾਦੀ ਤੋਂ ਬਾਦ ਭਾਰਤੀ ਸਰਕਾਰ ਨੇ ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਅਤੇ ਸੈਨਿਕਾਂ ਨੂੰ ਢੁੱਕਵੇਂ ਮੁਆਵਜ਼ੇ ਦਿੱਤੇ ਅਤੇ ਕਈਆਂ ਨੂੰ ਅਰਧ-ਸੈਨਿਕ ਦਲਾਂ ਜਾਂ ਪੁਲਿਸ ਵਿਚ ਨੌਕਰੀਆਂ ਵੀ ਦਿੱਤੀਆਂ। ਇਸ ਵਿਚ ਸੰਦੇਹ ਨਹੀਂ ਕਿ ਆਜ਼ਾਦ ਹਿੰਦ ਫ਼ੌਜ ਆਪਣੇ ਉੱਦੇਸ਼ ਵਿਚ ਕਾਮਯਾਬ ਨਹੀਂ ਹੋ ਸਕੀ, ਪਰ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਫ਼ੌਜ ਦੀ ਸਥਾਪਨਾ ਨਾਲ ਸੁਤੰਤਰਤਾ ਪ੍ਰਾਪਤੀ ਦੀ ਰਫ਼ਤਾਰ ਤੇਜ਼ ਹੋ ਗਈ ਕਿਉਂਕਿ ਅੰਗ੍ਰੇਜ਼ ਸਰਕਾਰ ਨੇ ਅਨੁਭਵ ਕਰ ਲਿਆ ਸੀ ਕਿ ਹੁਣ ਜ਼ਿਆਦਾ ਸਮੇਂ ਲਈ ਭਾਰਤ ਉਤੇ ਹਕੂਮਤ ਕਰਨਾ ਸੰਭਵ ਨਹੀਂ ਰਿਹਾ।

ਆਤਸ਼ਜ਼ਨ : ਵੇਖੋ 'ਕੁੱਕਨਸ'।

ਆਦਮ : ਇਸ ਦਾ ਸ਼ਾਬਦਿਕ ਅਰਥ ਹੈ ਜੋ ਮਿੱਟੀ ਤੋਂ ਪੈਦਾ ਹੋਇਆ ਹੈ। ਇਸ ਨੂੰ ਬਾਈਬਲ, ਕੁਰਾਨ ਆਦਿ ਸਾਮੀ ਧਰਮ ਗ੍ਰੰਥਾਂ ਵਿਚ ਪਹਿਲਾ ਮਨੁੱਖ ਮੰਨਿਆ ਗਿਆ ਹੈ। 'ਕੁਰਾਨ' ਵਿਚ ਇਸ ਨੂੰ ਮਾਨਵ ਜਾਤਿ ਦਾ ਜਨਮ-ਦਾਤਾ (ਅਬੂ-ਉਲ-ਬਸ਼ਰ) ਲਿਖਿਆ ਹੈ। ਇਕ ਵਾਰ ਅੱਲਾ ਨੇ ਜਬਰਾਈਲ, ਮੈਕਾਈਲ ਅਤੇ ਅਸਰਾਫ਼ੀਲ ਨਾਂ ਦੇ ਫ਼ਰਿਸ਼ਤਿਆਂ ਨੂੰ ਹੁਕਮ ਦਿੱਤਾ ਕਿ ਉਹ ਧਰਤੀ ਤੋਂ ਸੱਤ ਮੁੱਠਾਂ ਮਿੱਟੀ ਦੀਆਂ ਭਰ ਕੇ ਲਿਆਉਣ ਤਾਂ ਜੋ ਆਦਮ ਦੀ ਸਿਰਜਨਾ ਕੀਤੀ ਜਾਏ। ਧਰਤੀ ਨੇ ਮਿੱਟੀ ਦੇਣੋਂ ਨਾਂਹ ਕਰ ਦਿੱਤੀ। ਫਲਸਰੂਪ ਅੱਲਾ ਨੇ ਅਜ਼ਰਾਈਲ ਨਾਂ ਦੇ ਫ਼ਰਿਸ਼ਤੇ ਨੂੰ ਭੇਜਿਆ ਜੋ ਲੋੜੀਂਦੀ ਮਿੱਟੀ

ਜ਼ਬਰਦਸਤੀ ਲੈ ਆਇਆ। ਅੱਲਾ ਨੇ ਮੀਂਹ ਵਸਾ ਕੇ ਮਿੱਟੀ ਨੂੰ ਗਿਲਾ ਕੀਤਾ, ਫ਼ਰਿਸ਼ਤਿਆਂ ਨੇ ਰਲ ਕੇ ਮਿੱਟੀ ਨੂੰ ਗੁੰਨ੍ਹਿਆ ਅਤੇ ਅੱਲਾ ਨੇ ਆਪਣੇ ਮੁਬਾਰਕ ਹੱਥਾਂ ਨਾਲ ਇਕ ਬੁਤ ਦੀ ਸਿਰਜਨਾ ਕੀਤੀ ਜਿਸ ਨੂੰ 160 ਵਰ੍ਹੇ ਧੁਪ ਵਿਚ ਸੁਕਾਇਆ ਗਿਆ। ਸੁਕਣ 'ਤੇ ਉਸ ਵਿਚ ਨੱਕ ਰਾਹੀਂ ਪ੍ਰਾਣ ਫੂਕੇ ਗਏ ਅਤੇ ਉਹ ਜਾਨਦਾਰ ਹੋ ਗਿਆ। ਇਸ ਦਾ ਕਦ ਨੌਂ ਗਜ਼ ਲੰਮਾ ਸੀ ਅਤੇ ਚਮੜੀ ਬੜੀ ਕਠੋਰ ਸੀ। ਕਿਹਾ ਜਾਂਦਾ ਹੈ ਕਿ ਮਨੁੱਖ ਦੇ ਨਹੁੰ, ਅਸਲ ਵਿਚ, ਉਸੇ ਕਠੋਰ ਚਮੜੀ ਦਾ ਬਾਕੀ ਰਿਹਾ ਚਿੰਨ੍ਹ ਹੈ।

ਜਦੋਂ ਆਦਮ ਦੀ ਰਚਨਾ ਹੋ ਗਈ ਤਾਂ ਅੱਲਾ ਨੇ ਸਾਰਿਆਂ ਫ਼ਰਿਸ਼ਤਿਆਂ ਨੂੰ ਆਦਮ ਅਗੇ ਸਿਰ ਨਿਵਾਉਣ ਲਈ ਆਦੇਸ਼ ਦਿੱਤਾ। ਸਾਰਿਆਂ ਫ਼ਰਿਸ਼ਤਿਆਂ ਨੇ ਹੁਕਮ ਮੰਨਿਆ, ਪਰ ਇਬਲੀਸ ਨਾਂ ਵਾਲੇ ਫ਼ਰਿਸ਼ਤੇ ਨੇ ਅਜਿਹਾ ਕਰਨੋਂ ਸੰਕੋਚ ਕੀਤਾ। ਫਲਸਰੂਪ ਅੱਲਾ ਨੇ ਉਸ ਨੂੰ ਫ਼ਰਿਸ਼ਤਿਆਂ ਵਿਚੋਂ ਕੱਢ ਦਿੱਤਾ ਅਤੇ ਇਸ ਘਟਨਾ ਤੋਂ ਬਾਦ ਉਹ 'ਸ਼ੈਤਾਨ' ਅਖਵਾਇਆ।

'ਬਾਈਬਲ' ਅਨੁਸਾਰ ਆਦਮ ਦਾ ਮਨ ਲਗਾਉਣ ਲਈ ਸੁੱਤੇ ਹੋਏ ਦੀ ਪਸਲੀ ਤੋਂ ਇਕ ਇਸਤਰੀ ਪੈਦਾ ਕੀਤੀ ਜੋ ਕਾਲਾਂਤਰ ਵਿਚ 'ਹਵਾ' ਨਾਂ ਨਾਲ ਪ੍ਰਸਿੱਧ ਹੋਈ। ਇਨ੍ਹਾਂ ਨੂੰ ਅੱਲਾ ਨੇ 'ਅਦਨ' ਨਾਂ ਦੇ ਬਾਗ਼ ਵਿਚ ਸੁਖ-ਪੂਰਵਕ ਰਖਿਆ ਅਤੇ ਉਸ ਬਾਗ਼ ਦੇ ਫਲਾਂ ਵਿਚੋਂ ਇਕ ਖ਼ਾਸ ਬੂਟੇ (ਕਣ ਦੇ ਬੂਟੇ) ਦੇ ਫਲ ਖਾਣ ਤੋਂ ਵਰਜਿਆ। ਸ਼ੈਤਾਨ ਨੇ ਆਪਣੇ ਅਪਮਾਨ ਦਾ ਬਦਲਾ ਲੈਣ ਲਈ ਆਦਮ ਅਤੇ ਹਵਾ ਨੂੰ ਅਜਿਹੀ ਪੱਟੀ ਪੜ੍ਹਾਈ ਕਿ ਇਨ੍ਹਾਂ ਨੇ ਵਰਜਿਤ ਫਲ ਖਾ ਲਿਆ। ਇਸ ਅਰਪਾਧ ਕਾਰਣ ਇਨ੍ਹਾਂ ਨੂੰ ਅਦਨ ਬਾਗ਼ ਵਿਚੋਂ ਕੱਢ ਦਿੱਤਾ ਗਿਆ। ਮੁਸਲਮਾਨ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਨਿਸ਼ਕਾਸਨ ਦੀ ਇਸ ਘਟਨਾ ਵਲ ਸੰਕੇਤ ਮਿਲਦੇ ਹਨ, ਜਿਵੇਂ ਵਾਰਿਸ ਨੇ ਆਪਣੀ ਰਚਨਾ 'ਹੀਰ' ਵਿਚ ਲਿਖਿਆ ਹੈ—'ਆਦਮ ਛੱਡ ਬਹਿਸ਼ਤ ਦੇ ਬਾਗ਼ ਨੱਠਾ, ਭਲੇ ਵੇਲੜੇ ਕਣਕ ਨੂੰ ਖਾਇ ਗਇਆ।' ਅੱਲਾ ਵਲੋਂ ਇਨ੍ਹਾਂ ਨੂੰ ਮਰਣਸ਼ੀਲ ਹੋਣ ਅਤੇ ਮਿਹਨਤ ਕਰਕੇ ਜੀਵਨ ਬਤੀਤ ਕਰਨ ਦਾ ਸਰਾਪ ਮਿਲਿਆ।

'ਡਿਕਸ਼ਨਰੀ ਆਫ਼ ਇਸਲਾਮ' ਅਨੁਸਾਰ ਆਦਮ ਅਤੇ ਹਵਾ ਜਦੋਂ ਸਵਰਗ ਤੋਂ ਧਰਤੀ ਉਤੇ ਡਿਗੇ ਤਾਂ ਆਦਮ ਲੰਕਾ ਵਿਚ ਡਿਗਿਆ ਅਤੇ ਹਵਾ ਅਰਬ ਦੇਸ਼ ਦੇ ਜੱਦਾਹ ਨਗਰ ਨੇੜੇ ਡਿਗੀ। ਇਹ ਦੋਵੇਂ ਦੋ ਸੌ ਵਰ੍ਹੇ ਵਿਛੜੇ ਰਹੇ। ਜਬਰਾਈਲ ਨਾਂ ਦੇ ਫ਼ਰਿਸ਼ਤੇ ਨੇ ਲੰਕਾ ਤੋਂ ਆਦਮ ਨੂੰ ਲਿਆ ਕੇ ਮੱਕੇ ਦੇ ਨੇੜੇ ਆਪਸ ਵਿਚ ਮਿਲਾਇਆ। ਆਦਮ ਹਵਾ ਨੂੰ ਲੈ ਕੇ ਫਿਰ ਲੰਕਾ ਨੂੰ ਪਰਤਿਆ। ਉਥੇ ਪਹੁੰਚ ਕੇ ਇਨ੍ਹਾਂ ਨੇ ਗ੍ਰਿਹਸਥ ਜੀਵਨ ਬਤੀਤ ਕਰਕੇ ਸੰਤਾਨ ਦੀ ਉਤਪੱਤੀ ਕਰਨੀ ਸ਼ੁਰੂ ਕੀਤੀ। ਆਦਮ ਦੀ ਮੂਲ ਰੂਪ ਵਿਚ ਉਮਰ ਇਕ ਹਜ਼ਾਰ ਵਰ੍ਹੇ ਸੀ ਪਰ ਇਸ ਨੇ ਆਪਣੀ ਉਮਰ ਦੇ ਚਾਲੀ ਸਾਲ ਡੇਵਿਡ ਨੂੰ ਦੇ ਦਿੱਤੇ। ਇਸ ਤਰ੍ਹਾਂ ਇਹ 960 ਵਰ੍ਹੇ ਜੀਵਿਆ। ਪਰ 'ਬਾਈਬਲ' ਅਨੁਸਾਰ ਇਸ ਦੀ ਉਮਰ 930 ਸਾਲ ਸੀ।

ਲੰਕਾ ਵਿਚ ਜਿਥੇ ਆਦਮ ਡਿਗਿਆ ਸੀ ਉਸ ਪਹਾੜੀ ਉਤੇ ਹੁਣ ਪੈਰਾਂ ਦੇ ਦੋ ਵੱਡੇ ਚਿੰਨ੍ਹ ਹਨ ਜਿਨ੍ਹਾਂ ਦਾ ਸੰਬੰਧ ਆਦਮ ਦੇ ਪੈਰਾਂ ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਚਿੰਨ੍ਹਾਂ

ਦੀ ਪੂਜਾ ਮੁਸਲਮਾਨ, ਈਸਾਈ, ਹਿੰਦੂ ਅਤੇ ਬੋਧੀ ਬੜੀ ਸ਼ਰਧਾ ਨਾਲ ਕਰਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਇਹ ਕ੍ਰਮਵਾਰ ਹਜ਼ਰਤ ਆਦਮ, ਸੇਂਟ ਥਾਮਸ, ਸ਼ਿਵ ਅਤੇ ਬੁੱਧ ਦੇ ਪੈਰਾਂ ਦੇ ਚਿੰਨ੍ਹ ਹਨ। ਇਸ ਤਰ੍ਹਾਂ ਸਾਰੇ ਧਰਮਾਂ ਵਾਲਿਆਂ ਨੇ ਆਪਣੇ-ਆਪਣੇ ਢੰਗ ਨਾਲ ਆਦਮ ਅਤੇ ਹਵਾ ਦੀ ਆਰਾਧਨਾ ਸ਼ੁਰੂ ਕਰ ਦਿੱਤੀ ਅਤੇ ਇਨ੍ਹਾਂ ਵਿਚੋਂ ਆਪਣੇ ਇਸ਼ਟਦੇਵਾਂ ਦੀ ਸਰੂਪ-ਕਲਪਨਾ ਸ਼ੁਰੂ ਕੀਤੀ। ਉਸ ਪਹਾੜੀ ਕੋਲ ਬਣੀ ਪੁਲ ਨੂੰ ਆਦਮ ਦੁਆਰਾ ਸਿਰਜਿਆ ਮੰਨਿਆ ਜਾਂਦਾ ਹੈ, ਪਰ 'ਬਾਲਮੀਕੀ ਰਾਮਾਇਣ' ਵਿਚ ਉਸ ਦੀ ਸਿਰਜਨਾ ਦਾ ਸੰਬੰਧ ਭਗਵਾਨ ਰਾਮ ਨਾਲ ਜੋੜਿਆ ਗਿਆ ਹੈ। ਬੁੱਲ੍ਹੇ ਸ਼ਾਹ ਨੇ ਰੱਬ ਦੇ ਅਨੇਕ ਰੂਪਾਂ ਵਿਚ ਆਦਮ ਅਤੇ ਹਵਾ ਨੂੰ ਵੀ ਸ਼ਾਮਲ ਕੀਤਾ ਹੈ—'ਕਿਤੇ ਆਦਮ ਹਵਾ ਬਣ ਆਓਗੇ, ਕਦੀ ਮੈਥੋਂ ਵੀ ਭੁਲ ਜਾਈਦਾ।'

ਆਨੰਦਘਨ, ਸੁਆਮੀ : ਇਸ ਬਾਰੇ ਸੰਕੇਤ ਭਾਈ ਸੰਤੋਖ ਸਿੰਘ ਰਚਿਤ 'ਗਰਬ ਗੰਜਨੀ' ਨਾਂ ਦੇ ਟੀਕੇ ਵਿਚ ਮਿਲਦਾ ਹੈ—''ਇਕ ਟੀਕਾ ਸ੍ਰੀ ਜਪੁਜੀ ਕੋ ਅਨੰਦਘਨ ਨੇ ਕਰ੍ਯੋ ਹੈ। ਗੁਰੂ ਨਿਸਚੇ ਤੇ ਜੋ ਹੀਨ ਹੈ ਨਰ ਅਲਪ ਬੁੱਧੀ ਤਿਨ ਕੋ ਪ੍ਰਚਾ।...ਐਸੀ ਖਟੀ ਬਾਤੇ ਅਨੰਦਘਨ ਕੀ ਜਾਨ ਕਰ ਟੀਕਾ ਕਰ੍ਯੋ ਹੈ।'' ਸਪੱਸ਼ਟ ਹੈ ਕਿ 'ਗਰਬ ਗੰਜਨੀ' ਟੀਕੇ ਦੀ ਰਚਨਾ-ਪ੍ਰੇਰਣਾ ਭਾਈ ਸੰਤੋਖ ਸਿੰਘ ਨੂੰ ਆਨੰਦਘਨ ਦੀ ਭਾਵ-ਸਾਮਗ੍ਰੀ ਦੇ ਪ੍ਰਤਿਕਰਮ ਨੇ ਦਿੱਤੀ ਹੈ।

ਆਨੰਦਘਨ ਕੌਣ ਸੀ ? ਇਸ ਦਾ ਉੱਤਰ ਦੋ ਸਾਧਨਾਂ ਦੁਆਰਾ ਪ੍ਰਾਪਤ ਹੁੰਦਾ ਹੈ। ਇਕ ਉਸ ਦੇ ਰਚੇ ਟੀਕਿਆਂ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਅਤੇ ਦੂਜਾ ਕਵੀ ਸੁਖਬਾਸੀ ਰਾਇ ਦੇ ਲਿਖੇ 'ਗੁਰੂ ਨਾਨਕ ਬੰਸ ਪ੍ਰਕਾਸ਼' ਨਾਂ ਦੇ ਗ੍ਰੰਥ ਤੋਂ। ਇਸ ਆਧਾਰ ਤੇ ਇਹ ਗੁਰੂ ਨਾਨਕ ਦੇਵ ਦੇ ਵੰਸ਼ ਵਿਚ ਦਸਵੀਂ ਥਾਂ ਤੇ ਆਉਂਦਾ ਹੈ—ਗੁਰੂ ਨਾਨਕ, ਲਖਮੀਦਾਸ, ਧਰਮ ਚੰਦ, ਮਾਣਕ ਚੰਦ, ਦਾਤਾਰ ਚੰਦ, ਉਦੈ ਚੰਦ, ਸੁਜਾਨ ਰਾਇ, ਸਰਬ ਜੋਤਿ, ਦ੍ਰਿਬ ਜੋਤਿ, ਆਨੰਦਘਨ। ਇਹ ਰਾਮ ਦਿਆਲ ਦਾ ਸਿੱਖ ਅਤੇ ਚੰਗਾ ਪੜ੍ਹਿਆ ਲਿਖਿਆ ਅਤੇ ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਸਾਹਿੱਤ ਦਾ ਗੰਭੀਰ ਵਿਦਵਾਨ ਸੀ। ਚਾਲੀ ਸਾਲ ਕਾਸ਼ੀ ਵਿਚ ਰਹਿ ਕੇ ਇਸ ਨੇ ਸ਼ਾਸਤ੍ਰਾਂ ਦਾ ਅਧਿਐਨ ਕੀਤਾ ਅਤੇ ਉਦਾਸੀ ਮਤ ਦੇ ਪ੍ਰਚਾਰ ਦੇ ਪ੍ਰਕਰਣ ਵਿਚ ਗੁਰਮਤਿ ਦੀ ਵਿਆਖਿਆ ਕੀਤੀ। ਇਸ ਨੇ ਛੇ ਬਾਣੀਆਂ ਦੇ ਟੀਕੇ ਲਿਖੇ, ਜਿਵੇਂ ਜਪੁਜੀ (1852 ਬਿ.), ਆਰਤੀ (1853 ਬਿ.), ਓਅੰਕਾਰ (1854 ਬਿ.), ਆਸਾ ਦੀ ਵਾਰ (1856 ਬਿ.), ਸਿਧ ਗੋਸਟਿ (1857 ਬਿ.) ਅਤੇ ਅਨੰਦੁ (1859 ਬਿ.)।

ਜਪੁਜੀ ਦੇ ਟੀਕੇ ਵਿਚ ਪੰਜਵੀਂ ਪਉੜੀ ਦਾ ਅਰਥ ਕਰਦਿਆਂ ਆਨੰਦਘਨ ਨੇ ਦਾਵਾ ਕੀਤਾ ਹੈ—''ਤਾਂ ਤੇ ਅਰਥ ਦ੍ਵਾਰਾ ਤੋ ਜਪੁ ਜੀ ਏਤਾ ਹੀ ਸਿਧ ਹੋਤਾ ਹੈ ਅਰ ਹਮਾਰੀ ਕੁਲ ਪਰੰਪਰਾ ਦ੍ਵਾਰਾ ਭੀ ਜਪੁ ਜੀ ਇਸੀ ਕਾ ਨਾਮ ਹੈ।...ਦੇਹੁਰੇ ਜੀ ਮੇਂ ਸਰਬ ਸਾਹਿਬਜਾਦਿਓ ਸੇ ਪੂਛ ਦੇਖੋ ਜਪੁ ਜੀ ਇਸੀ ਕੋ ਕਹਿਤੇ ਹੈ।'' ਹੋਰ ਟੀਕਾਕਾਰਾਂ ਨੂੰ ਆਨੰਦਘਨ ਨੇ 'ਕੂਪ ਮੰਡੂਕ' (ਖੂਹ ਦੇ ਡੱਡੂ) ਕਿਹਾ ਹੈ ਅਤੇ ਉਨ੍ਹਾਂ ਨੂੰ ਸ਼ਬਦ ਦੇ ਅਰਥ ਸਮਝਣ ਦੀ ਸੂਝ ਤੋਂ ਸੂਨਾ ਮੰਨਿਆ ਹੈ—ਚਤੁਖਪਦਾ : 'ਅੜਬੰਗੀ ਤ ਢੇਰ ਦੀਸਤਿ

ਹੈ ਜਾ ਪੰਥ ਮੇਂ ।/ਕਰਹਿ ਏਰ ਅਰ ਫੇਰ ਸਬਦ ਅਰਥ ਬੂਝਹਿ ਨਹੀ ।/ਸਬਦ ਅਰਥ ਹੈ ਸਾਰ ਅਤਬੰਗੀ ਨਹੀਂ ਕਾਮ ਕੈ ।/ਤਾ ਤੇ ਕਹੌ ਵਿਚਾਰ ਜਾਲ ਗੁਰ ਵਚਨ ਲੇ ।'

ਉਪਰੋਕਤ ਹੰਕਾਰ-ਯੁਕਤ ਉਕਤੀਆਂ ਤੋਂ ਇਲਾਵਾ, ਆਨੰਦਘਨ ਨੇ ਉਦਾਸੀ ਸੰਪ੍ਰਦਾਇ ਦੀ ਪੰਚ-ਦੇਵ-ਉਪਾਸਨਾ ਦੀ ਭਾਵ-ਧਾਰਾ ਅਧੀਨ ਗੁਰੂ ਨਾਨਕ ਪੰਥ ਵਿਚ ਦੇਵੀ-ਪੂਜਾ ਨੂੰ ਪ੍ਰਮੁਖ ਸਥਾਨ ਦਿੱਤਾ ਹੈ । ਇਸ ਸੰਬੰਧ ਵਿਚ ਇਸ ਦੇ ਜਪੁਜੀ ਦੇ ਟੀਕੇ ਦੀ ਪੰਜਵੀਂ ਪਉੜੀ ਦੀ ਇਕ ਤੁਕ—'ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ'—ਦਾ ਕੀਤਾ ਅਰਥ ਵਿਚਾਰਨਯੋਗ ਹੈ ।

ਸਪੱਸ਼ਟ ਹੈ ਕਿ ਆਨੰਦਘਨ ਦੁਆਰਾ ਕੀਤੇ ਵਿਦਵੱਤਾ ਦੇ ਹੰਕਾਰ ਅਤੇ ਇਸ਼ਟ-ਬੁੱਧੀ ਦੇ ਵਿਖੰਡਨ ਦੇ ਪ੍ਰਤਿਕਰਮ ਵਜੋਂ ਹੀ 'ਗਰਬ ਗੰਜਨੀ' ਨਾਂ ਦੇ ਟੀਕੇ ਦੀ ਰਚਨਾ ਸੰਨ 1829 ਈ. ਵਿਚ ਹੋਈ ਸੀ ।

ਆਬਿਹਯਾਤ : ਵੇਖੋ 'ਅੰਮ੍ਰਿਤ-1', 'ਖ਼ਿਜ਼ਰ ਖ੍ਵਾਜਾ' ।

ਆਬਿ ਕੌਸਰ : ਵੇਖੋ 'ਕੌਸਰ' ।

ਆਰਤੀ : ਵਿਦਵਾਨਾਂ ਨੇ 'ਆਰਤੀ' ਸ਼ਬਦ ਦੀਆਂ ਦੋ ਵਿਉਤਪੱਤੀਆਂ ਦਸੀਆਂ ਹਨ । ਇਕ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਆਰਾਤ੍ਰਿਕ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ, ਅਰਥਾਤ ਉਹ ਜੋਤ ਜੋ ਰਾਤ ਤੋਂ ਬਿਨਾ ਵੀ ਜਗਾਈ ਜਾਏ । ਕਿਉਂਕਿ ਆਰਤੀ ਕਿਸੇ ਵੇਲੇ ਵੀ ਉਤਾਰੀ ਜਾ ਸਕਦੀ ਹੈ, ਇਸ ਲਈ ਉਸ ਵਿਚ ਬਾਲੀਆਂ ਜਾਣ ਵਾਲੀਆਂ ਜੋਤਾਂ ਦਾ ਮਨੋਰਥ ਰਾਤ ਦਾ ਹਨੇਰਾ ਦੂਰ ਕਰਨਾ ਨਹੀਂ, ਸਗੋਂ ਇਸ਼ਟ-ਦੇਵ ਦੀ ਆਰਾਧਨਾ ਹੈ । ਦੂਜੇ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਆਰ੍ਤ' ਸ਼ਬਦ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਦੁੱਖ ਪੂਰਣ ਜਾ ਆਜਜ਼ੀ ਦੇ ਸੁਰ ਵਿਚ ਇਸ਼ਟ-ਦੇਵ ਤੋਂ ਮੰਗਲ-ਕਾਮਨਾ ਕਰਨਾ । ਦੂਜਾ ਮਤ ਵਾਸਤਵਿਕਤਾ ਦੇ ਅਧਿਕ ਨੇੜੇ ਪ੍ਰਤੀਤ ਹੁੰਦਾ ਹੈ ।

ਪੁਰਾਤਨ-ਕਾਲ ਤੋਂ ਹਿੰਦੂ ਧਰਮ ਵਿਚ ਇਸ਼ਟ-ਦੇਵ ਅੱਗੇ ਥਾਲੀ ਵਿਚ ਦੀਵੇ ਬਾਲ ਕੇ ਉਸ ਨੂੰ ਘੁਮਾਉਂਦੇ ਹੋਇਆਂ ਆਰਤੀ ਉਤਾਰਨ ਦੀ ਪ੍ਰਥਾ ਹੈ ਜਿਸ ਵਿਚ ਸਮੇਂ-ਸਮੇਂ ਕੁਝ ਕੁ ਅਦਲਾ-ਬਦਲੀ ਵੀ ਹੁੰਦੀ ਰਹੀ ਹੈ । ਥਾਲੀ ਵਿਚ ਘਿਉ ਦੇ ਦੀਵੇ ਬਾਲ ਕੇ ਅਤੇ ਸੁਗੰਧਿਤ ਵਸਤੂਆਂ ਦੀ ਧੂਪ ਜਗਾ ਕੇ ਫੁਲ-ਪੱਤੀਆਂ ਦੀ ਬਰਖਾ ਰਾਹੀਂ ਇਸ਼ਟ-ਦੇਵ ਦੀ ਮੂਰਤੀ ਸਾਹਮਣੇ ਆਰਤੀ ਉਤਾਰੀ ਜਾਂਦੀ ਹੈ । ਥਾਲੀ ਵਿਚ ਰਖੇ ਦੀਵਿਆਂ ਦੀ ਗਿਣਤੀ ਨਿਸ਼ਚਿਤ ਨਹੀਂ । ਇਕ ਤੋਂ ਲੈ ਕੇ ਇਕ ਸੌ ਇਕ ਦੀਵੇ ਜਗਾਉਣ ਦੀ ਪਰੰਪਰਾ ਹੈ । ਥਾਲੀ ਮੂਰਤੀ ਅਗੇ ਸੱਜੇ ਤੋਂ ਖੱਬੇ ਵਲ ਘੁਮਾਈ ਜਾਂਦੀ ਹੈ । ਪਹਿਲਾਂ ਚਾਰ ਵਾਰ ਚਰਣਾਂ ਅੱਗੇ, ਦੋ ਵਾਰ ਨਾਭੀ 'ਤੇ, ਇਕ ਵਾਰ ਮੂੰਹ ਉਤੇ ਅਤੇ ਸੱਤ ਵਾਰ ਸਾਰੇ ਸ਼ਰੀਰ ਉਤੇ ਥਾਲੀ ਨੂੰ ਘੁਮਾਉਣਾ ਸ਼ਾਸਤ੍ਰੀ ਮਰਯਾਦਾ ਹੈ । ਆਰਤੀ ਉਤਾਰਨ ਵੇਲੇ ਵਾਦ-ਯੰਤ੍ਰਾਂ ਸਹਿਤ ਇਸ਼ਟ-ਦੇਵ ਦੀ ਉਸਤਤ ਦੇ ਗੀਤ ਜਾਂ ਸ਼ਬਦ ਗਾਉਣ ਦੀ ਵੀ ਪ੍ਰਥਾ ਹੈ । ਮੱਧ ਯੁਗ ਦੇ ਵੈਸ਼ਣਵ ਭਗਤਾਂ ਵਿਚ ਆਰਤੀ ਉਤਾਰਨ ਦਾ ਬਹੁਤ ਰਿਵਾਜ ਸੀ । ਨਿਰਗੁਣ ਉਪਾਸਕ ਭਗਤਾਂ ਨੇ ਇਸ ਦਿਖਾਵੇ ਦੇ ਆਚਾਰ ਨੂੰ ਵਿਅਰਥ ਸਮਝ ਕੇ ਸੱਚੇ ਅਰਥਾਂ ਵਿਚ ਸਹਿਜ ਸੁਭਾਵਿਕ ਆਰਤੀ ਕਰਨ ਉਤੇ ਬਲ ਦਿੱਤਾ ਹੈ ।

ਧੰਨੇ ਭਗਤ ਨੇ 'ਆਰਤੀ' ਸ਼ਬਦ ਦੀ ਵਰਤੋਂ ਸਾਧਾਰਣ ਇਸ਼ਟ-ਦੇਵ ਤਕ ਸੀਮਿਤ ਕਰਕੇ ਪਰਮਾਤਮਾ ਲਈ 'ਆਰਤਾ' ਸ਼ਬਦ ਦੀ ਵਰਤੋਂ ਕੀਤੀ ਹੈ ਜੋ ਧੰਨੇ ਦੇ ਅਸਾਧਾਰਣ ਇਸ਼ਟ-ਦੇਵ ਵਲ ਸੰਕੇਤ ਕਰਦੀ ਹੈ।

ਗੁਰੂ ਨਾਨਕ ਦੇਵ ਨੇ ਧਨਾਸਰੀ ਰਾਗ ('ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ...') ਵਿਚ ਮੰਦਿਰਾਂ ਵਿਚ ਉਤਾਰੀ ਜਾਣ ਵਾਲੀ 'ਆਰਤੀ' ਦੇ ਸਮਾਨਾਂਤਰ ਜਿਸ ਆਰਤੀ ਦੀ ਰਚਨਾ ਕੀਤੀ ਹੈ, ਉਸ ਦ ਰਚਨਾ-ਸਥਾਨ ਅਤੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਇਸ ਵਿਚ ਪਰਮਾਤਮਾ ਦੇ ਵਿਰਾਟ ਰੂਪ ਵਾਲੀ ਸਹਿਜ ਆਰਤੀ ਦਾ ਸਰੂਪ ਸਪੱਸ਼ਟ ਕੀਤਾ ਗਿਆ ਹੈ। ('ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ')। ਇਸ ਆਰਤੀ ਵਿਚ ਬ੍ਰਹਿਮੰਡ ਦੀ ਹਰ ਵਸਤੂ ਆਪਣੀ ਸ਼ਕਤੀ ਅਤੇ ਸਮਰਥਤਾ ਅਨੁਸਾਰ ਜੁਟੀ ਹੋਈ ਹੈ। ਇਸ ਤਰ੍ਹਾਂ ਜਿਗਿਆਸੂਆਂ ਨੂੰ ਬਣਾਵਟੀ ਸਰੂਪ ਵਾਲੀ ਆਰਤੀ ਨੂੰ ਛਡ ਕੇ ਸਦੀਵੀ ਆਰਤੀ ਵਿਚ ਲੀਨ ਹੋਣ ਲਈ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ। ਪਰ ਸਨਾਤਨੀ ਰੁਚੀਆਂ ਵਾਲੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਆਰਤੀ ਉਤਾਰਦੇ ਹੋਇਆਂ ਇਸ ਆਰਤੀ-ਪਾਠ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਰ ਆਰਤੀ-ਨੁਮਾ ਸ਼ਬਦਾਂ ਦਾ ਗਾਇਨ ਕਰਦੇ ਹਨ, ਜੋ ਮਨਮਤ ਸਮਝੀ ਜਾਂਦੀ ਹੈ।

ਆਰਯ-ਸਮਾਜ : ਸ਼ਾਬਦਿਕ ਦ੍ਰਿਸ਼ਟੀ ਤੋਂ 'ਆਰਯ' ਦਾ ਅਰਥ ਹੈ 'ਭਦ੍ਰ' ਅਤੇ 'ਸਮਾਜ' ਦਾ ਅਰਥ ਹੈ 'ਸਭਾ'। ਇਸ ਲਈ ਆਰਯ-ਸਮਾਜ ਦਾ ਅਰਥ ਹੋਇਆ 'ਭਦ੍ਰਜਨਾਂ ਦਾ ਸਮਾਜ' ਜਾਂ 'ਭਦ੍ਰ-ਸਭਾ'। ਪਰ ਵਿਵਹਾਰ ਵਿਚ ਇਹ ਹਿੰਦੂ ਧਰਮ ਦੀ ਇਕ ਪ੍ਰਗਤੀਸ਼ੀਲ ਆਧੁਨਿਕ ਪ੍ਰਚਾਰਕ ਸੰਸਥਾ ਹੈ ਜਿਸ ਦਾ ਮੂਲ-ਉੱਦੇਸ਼ ਪੌਰਾਣਿਕ ਧਰਮ ਨੂੰ ਤਿਆਗ ਕੇ ਵੈਦਿਕ ਧਰਮ ਦੀ ਸਥਾਪਨਾ ਕਰਨਾ ਹੈ। ਇਸ ਸੰਸਥਾ ਦੇ ਮੋਢੀ ਸੁਆਮੀ ਦਯਾਨੰਦ ਦਾ ਜਨਮ ਸੰਨ 1824 ਈ. (1881 ਬਿ.) ਵਿਚ ਗੁਜਰਾਤ ਦੇ ਟੰਕਾਰਾ ਪਿੰਡ ਦੇ ਇਕ ਬ੍ਰਾਹਮਣ ਅੰਬਾ ਸ਼ੰਕਰ ਦੇ ਘਰ ਹੋਇਆ। ਬਚਪਨ ਵਿਚ ਉਸ ਦਾ ਨਾਂ ਮੂਲ ਸ਼ੰਕਰ ਸੀ, ਪਰ ਇਕ ਸੰਨਿਆਸੀ ਪਰਮਾਨੰਦ ਸਰਸ੍ਵਤੀ ਦਾ ਸ਼ਿਸ਼ ਬਣ ਕੇ ਉਸ ਨੇ ਸੰਨਿਆਸ ਲੈ ਲਿਆ ਅਤੇ ਪਰਮ ਸੱਚ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਫਿਰ ਸੁਆਮੀ ਵਿਰਜਾਨੰਦ ਪਾਸ ਮਥੁਰਾ ਵਿਚ ਰਹਿ ਕੇ ਵਿਆਕਰਣ ਅਤੇ ਵੈਦਿਕ ਸ਼ਾਸਤ੍ਰਾਂ ਦਾ ਅਧਿਐਨ ਕੀਤਾ। ਆਪਣੇ ਗੁਰੂ ਦੇ ਆਦੇਸ਼ ਨਾਲ 10 ਅਪ੍ਰੈਲ, 1875 ਈ. (1932 ਬਿ.) ਵਿਚ ਬੰਬਈ ਵਿਚ ਆਰਯਸਮਾਜ ਦੀ ਸਥਾਪਨਾ ਕੀਤੀ।

ਸੁਆਮੀ ਦਯਾਨੰਦ ਦੀ ਧਾਰਣਾ ਸੀ ਕਿ ਮਨੁੱਖਤਾ ਦਾ ਕਲਿਆਣ ਕੇਵਲ ਵੈਦਿਕ ਧਰਮ ਦੇ ਪ੍ਰਚਾਰ ਵਿਚ ਹੈ। ਇਸ ਪ੍ਰਚਾਰ-ਉੱਦੇਸ਼ ਨਾਲ ਸੁਆਮੀ ਦਯਾਨੰਦ ਨੇ ਸਾਰੇ ਭਾਰਤ ਦਾ ਦੌਰਾ ਕੀਤਾ ਅਤੇ ਅਨੇਕ ਨਗਰਾਂ ਵਿਚ ਆਰਯ-ਸਮਾਜ ਦੇ ਕੇਂਦਰ ਸਥਾਪਿਤ ਕੀਤੇ। ਉਸ ਨੇ ਕੁਝ ਪੁਸਤਕਾਂ ਵੀ ਲਿਖੀਆਂ ਜਿਨ੍ਹਾਂ ਵਿਚੋਂ 'ਸਤ੍ਯਾਰਥ ਪ੍ਰਕਾਸ਼' ਪ੍ਰਮੁਖ ਹੈ। ਡਾ. ਰਾਜਬਲੀ ਪਾਂਡੇਯ ਅਨੁਸਾਰ ਉਸ ਦੇ ਜੀਵਨ ਨੂੰ ਅਸੀਂ ਪੌਰਾਣਿਕ ਹਿੰਦੁਤ੍ਵ ਦੇ ਮਾਰਗ ਉਤੇ ਚਲਦੇ ਹੋਏ ਹਿੰਦੁਤ੍ਵ ਦੀ ਨੀਂਹ, ਵੈਦਿਕ ਧਰਮ, ਤਕ ਪਹੁੰਚਦਾ ਵੇਖਦੇ ਹਾਂ। ਉਸ ਨੇ ਸ਼ੈਵਮਤ ਅਤੇ ਵੇਦਾਂਤ ਦਾ ਤਿਆਗ ਕੀਤਾ,

ਸਾਂਖ੍ਯ-ਯੋਗ ਨੂੰ ਅਪਣਾਇਆ ਜੋ ਉਸ ਦਾ ਦਾਰਸ਼ਨਿਕ ਉੱਦੇਸ਼ ਸੀ ਅਤੇ ਇਸੇ ਦਾਰਸ਼ਨਿਕ ਮਾਧਿਅਮ ਨਾਲ ਵੇਦ ਦੀ ਵੀ ਵਿਆਖਿਆ ਕੀਤੀ।

ਸਿਖਿਆ ਦੇ ਪ੍ਰਸਾਰ ਅਤੇ ਸਮਾਜ ਸੁਧਾਰ ਵਿਚ ਆਰਯ-ਸਮਾਜ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਪ੍ਰਚਾਰ ਹੁਣ ਕੇਵਲ ਭਾਰਤ ਤਕ ਹੀ ਸੀਮਿਤ ਨਹੀਂ, ਵਿਦੇਸ਼ਾਂ ਵਿਚ ਵੀ ਇਸ ਸੰਸਥਾ ਦੇ ਅਨੇਕ ਕੇਂਦਰ ਮੌਜੂਦ ਹਨ। ਉੱਤਰੀ ਭਾਰਤ ਵਿਚ ਇਸ ਸੰਸਥਾ ਵਲੋਂ ਅਨੇਕ ਸਕੂਲ, ਕਾਲਜ, ਗੁਰੂ-ਕੁਲ, ਸੰਸਕ੍ਰਿਤ ਪਾਠਸ਼ਾਲਾਵਾਂ, ਵਿਧਵਾ-ਆਸ਼੍ਰਮ ਅਤੇ ਯਤੀਮਖ਼ਾਨੇ ਕਾਇਮ ਕੀਤੇ ਗਏ ਹਨ।

ਇਥੇ ਇਕ ਗੱਲ ਵਿਚਾਰਨ ਯੋਗ ਹੈ ਕਿ ਸੁਆਮੀ ਦਯਾਨੰਦ ਦੀ ਮ੍ਰਿਤੂ (1883 ਈ.) ਤੋਂ ਬਾਦ ਉਸ ਦੇ ਅਨੁਯਾਈਆਂ ਵਿਚ ਕੁਝ ਸਿੱਧਾਂਤਿਕ ਨੁਕਤਿਆਂ ਉਤੇ ਮਤ-ਭੇਦ ਪੈਦਾ ਹੋਣਾ ਸ਼ੁਰੂ ਹੋ ਗਿਆ ਅਤੇ ਸਮਾਜ ਦੋ ਧੜਿਆਂ ਵਿਚ ਵੰਡਿਆ ਗਿਆ। ਇਸ ਵੰਡ ਦੇ ਦੋ ਕਾਰਣ ਹਨ, ਇਕ ਇਹ ਕਿ ਆਰਯ ਸਮਾਜੀ ਵਿਅਕਤੀ ਮਾਸ ਖਾਏ ਜਾਂ ਨਾ ਖਾਏ। ਦੂਜਾ ਕਾਰਣ ਇਹ ਕਿ ਉੱਚ ਸਿਖਿਆ ਸੰਬੰਧੀ ਪਰੰਪਰਾਗਤ ਵਿਧੀ ਅਪਣਾਈ ਜਾਏ ਜਾਂ ਆਧੁਨਿਕ। ਇਹ ਦੂਜਾ ਕਾਰਣ ਅਧਿਕ ਮਹੱਤਵਪੂਰਣ ਸੀ ਅਤੇ ਇਸ ਕਰਕੇ ਬਣੇ ਦੋ ਧੜਿਆਂ ਦੇ ਕ੍ਰਮਵਾਰ ਨਾਂ ਹਨ—ਮਹਾਤਮਾ ਪਾਰਟੀ ਅਤੇ ਕਾਲਿਜ ਪਾਰਟੀ। ਇਨ੍ਹਾਂ ਵਿਚੋਂ ਮਹਾਤਮਾ ਪਾਰਟੀ 'ਗੁਰੁਕੁਲ' ਸਥਾਪਿਤ ਕਰ ਕੇ ਪ੍ਰਾਚੀਨ ਸਿੱਧਾਂਤਾਂ ਅਤੇ ਆਦਰਸ਼ਾਂ 'ਤੇ ਵਿਸ਼ੇਸ਼ ਬਲ ਦਿੰਦੀ ਹੈ ਅਤੇ ਕਾਲਿਜ ਪਾਰਟੀ ਨਵੀਨ ਚੇਤਨਾ ਦੇ ਪ੍ਰਕਾਸ਼ ਵਿਚ ਕਾਲਿਜ ਸਥਾਪਿਤ ਕਰਕੇ ਵਿਦਿਆਰਥੀਆਂ ਦੇ ਯੁਗ ਨਾਲ ਕਦਮ ਮੇਚ ਕੇ ਚਲਣ ਦੇ ਹੱਕ ਵਿਚ ਹੈ। ਇਹ ਦੋਵੇਂ ਪ੍ਰਵ੍ਰਿੱਤੀਆਂ ਸਮਾਨਾਂਤਰ ਰੂਪ ਵਿਚ ਚਲ ਰਹੀਆਂ ਹਨ।

ਇਸ ਸੰਸਥਾ ਦੀਆਂ ਕੁਝ ਧਾਰਮਿਕ ਮਾਨਤਾਵਾਂ ਇਸ ਪ੍ਰਕਾਰ ਹਨ—ਵੇਦਾਂ ਦਾ ਮੰਤ੍ਰ-ਭਾਗ ਈਸ਼ਵਰ ਦਾ ਰਚਿਆ ਹੈ ਅਤੇ ਬ੍ਰਾਹਮਣ ਗ੍ਰੰਥ ਅਤੇ ਉਪਨਿਸ਼ਦਾਂ ਮਨੁੱਖ-ਰਚਿਤ ਹਨ। ਰਾਮ, ਕ੍ਰਿਸ਼ਣ ਆਦਿ ਈਸ਼ਵਰ ਦੇ ਅਵਤਾਰ ਨਾ ਹੋ ਕੇ ਕੇਵਲ ਮਹਾਪੁਰਸ਼ ਹਨ। ਮੂਰਤੀ ਪੂਜਾ ਅਵੈਦਿਕ ਅਤੇ ਪਾਪ ਹੈ। ਵਰਣ ਜਾਂ ਜਾਤੀਵਾਦ ਸਥਾਈ ਨਾ ਹੋ ਕੇ ਗੁਣ ਅਤੇ ਕਰਮ ਅਨੁਸਾਰ ਪਰਿਵਰਤਨ-ਸ਼ੀਲ ਹੈ। ਇਸਤਰੀ ਜਾਤਿ ਦੇ ਮਰਦ ਨਾਲ ਬਰਾਬਰ ਅਧਿਕਾਰ ਹਨ। ਸਿਧੀਆਂ ਹੋਈਆਂ, ਨੀਵੀਆਂ ਜ਼ਾਤਾਂ ਦਾ ਉੱਧਾਰ ਕਰਨਾ ਆਰਯ-ਸਮਾਜ ਦੀ ਨਿਰੰਤਰ ਕ੍ਰਿਆ ਹੈ।

ਆਰਯ-ਸਮਾਜ ਦੇ ਦਸ ਮੂਲ ਜਾਂ ਬੁਨਿਆਦੀ ਨਿਯਮ ਇਸ ਪ੍ਰਕਾਰ ਹਨ—(1) ਸਾਰੇ ਸਤਿ ਵਿਦਿਆ ਅਤੇ ਪਦਾਰਥ-ਵਿਦਿਆ ਦੁਆਰਾ ਜਾਣੇ ਜਾਂਦੇ ਹਨ ਅਤੇ ਇਨ੍ਹਾਂ ਸਭ ਦਾ ਮੂਲ ਪਰਮੇਸ਼੍ਵਰ ਹੈ। (2) ਈਸ਼ਵਰ ਸਚਿਦਾਨੰਦ ਰੂਪ, ਨਿਰਾਕਾਰ, ਸਰਵ-ਸ਼ਕਤੀਮਾਨ, ਨਿਆਂਕਾਰੀ, ਦਿਆਲੂ, ਅਜਨਮਾ, ਅਨੰਤ, ਨਿਰਵਿਕਾਰ, ਅਨਾਦਿ, ਅਨੁਪਮ, ਸਰਵ-ਆਧਾਰ, ਸਰਵ-ਈਸ਼ਵਰ, ਸਰਵ-ਵਿਆਪਕ, ਸਰਵ-ਅੰਤਰਯਾਮੀ, ਅਜਰ, ਅਮਰ, ਅਭੈ, ਨਿੱਤ, ਪਵਿੱਤਰ ਅਤੇ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਉਸੇ ਦੀ ਉਪਾਸਨਾ ਕਰਨਾ ਉਚਿਤ ਹੈ। (3) ਵੇਦ ਸਤਿ ਵਿਦਿਆਵਾਂ ਦੀ ਪੁਸਤਕ ਹੈ। ਵੇਦ ਦਾ

ਪੜ੍ਹਨਾ-ਪੜ੍ਹਾਉਣਾ, ਸੁਣਨਾ-ਸੁਣਾਉਣਾ ਸਾਰੇ ਆਰਯਾਂ ਦਾ ਪਰਮ ਧਰਮ ਹੈ। (4) ਸਤਿ ਨੂੰ ਗ੍ਰਹਿਣ ਕਰਨ ਅਤੇ ਅਸਤਿ ਨੂੰ ਛੱਡਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। (5) ਸਾਰੇ ਕੰਮ ਧਰਮ ਅਨੁਸਾਰ, ਅਰਥਾਤ ਸਤਿ ਅਤੇ ਅਸਤਿ ਦਾ ਵਿਚਾਰ ਕਰਕੇ ਕਰਨੇ ਚਾਹੀਦੇ ਹਨ। (6) ਸੰਸਾਰ ਦਾ ਉਪਕਾਰ ਕਰਨਾ, ਅਰਥਾਤ ਸਰੀਰਕ, ਆਤਮਿਕ ਅਤੇ ਸਮਾਜਿਕ ਉੱਨਤੀ ਕਰਨਾ ਆਰਯ-ਸਮਾਜ ਦਾ ਮੁੱਖ ਉੱਦੇਸ਼ ਹੈ। (7) ਸਭ ਨਾਲ ਪ੍ਰੇਮ-ਪੂਰਵਕ ਧਰਮ ਅਨੁਸਾਰ ਉਚਿਤ ਵਿਵਹਾਰ ਕਰਨਾ ਚਾਹੀਦਾ ਹੈ। (8) ਅਵਿਦਿਆ ਦਾ ਨਾਸ਼ ਅਤੇ ਵਿਦਿਆ ਦਾ ਵਾਧਾ ਕਰਨਾ ਚਾਹੀਦਾ ਹੈ। (9) ਹਰ ਇਕ ਨੂੰ ਆਪਣੀ ਹੀ ਉੱਨਤੀ ਨਾਲ ਸੰਤੁਸ਼ਟ ਨਹੀਂ ਰਹਿਣਾ ਚਾਹੀਦਾ ਸਗੋਂ ਸਭ ਦੀ ਉੱਨਤੀ ਵਿਚ ਆਪਣੀ ਉੱਨਤੀ ਸਮਝਣੀ ਚਾਹੀਦੀ ਹੈ। (10) ਸਾਰੇ ਮਨੁੱਖਾਂ ਨੂੰ ਸਮਾਜਿਕ ਸਰਵ-ਹਿਤਕਾਰੀ ਨਿਯਮ ਪਾਲਣ ਵਿਚ ਪਰਤੰਤਰ ਰਹਿਣਾ ਚਾਹੀਦਾ ਹੈ ਅਤੇ ਹਰ ਇਕ ਹਿਤਕਾਰੀ ਨਿਯਮ ਪਾਲਣ ਵਿਚ ਸੁਤੰਤਰ ਰਹਿਣਾ ਚਾਹੀਦਾ ਹੈ।

ਪੰਜਾਬ ਵਿਚ ਆਰਯ-ਸਮਾਜ ਦਾ ਖ਼ੂਬ ਵਿਕਾਸ ਹੋਇਆ। ਸੰਨ 1877 ਈ. ਵਿਚ ਹੋਏ ਦਿੱਲੀ-ਦਰਬਾਰ ਵੇਲੇ ਪੰਜਾਬ ਤੋਂ ਗਏ ਕੁਝ ਭਦ੍ਰ ਪੁਰਸ਼ਾਂ ਨੇ ਸੁਆਮੀ ਦਯਾਨੰਦ ਨੂੰ ਪੰਜਾਬ ਆਉਣ ਲਈ ਸਦਾ ਦਿੱਤਾ। ਪੰਜਾਬ ਆਉਣ ਤੇ ਉਸ ਨੂੰ ਕਾਫ਼ੀ ਚੰਗਾ ਹੁੰਗਾਰਾ ਮਿਲਿਆ। ਸੰਨ 1877 ਈ. ਵਿਚ ਲਾਹੌਰ ਵਿਚ ਆਰਯ ਸਮਾਜ ਦਾ ਕੇਂਦਰ ਕਾਇਮ ਹੋਇਆ। ਮੁੱਢਲੇ ਦੌਰ ਵਿਚ ਸਿੱਖ ਧਰਮ ਦੇ ਕਈ ਨੇਤਾ/ਪ੍ਰਚਾਰਕ ਵੀ ਬਹੁਤ ਪ੍ਰਭਾਵਿਤ ਹੋਏ, ਪਰ 'ਸਤ੍ਯਾਰਥ ਪ੍ਰਕਾਸ਼' ਵਿਚ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਪ੍ਰਤਿ ਕੁਝ ਅਸ਼ੋਭਨੀਕ ਕਥਨਾਂ ਕਰਕੇ ਸਿੱਖ ਨੇਤਾ ਨਿਰਾਸ਼ ਹੋ ਗਏ ਅਤੇ ਉਨ੍ਹਾਂ ਨੇ ਪਹਿਲਾਂ ਅੰਮ੍ਰਿਤਸਰ ਵਿਚ ਅਤੇ ਸੰਨ 1879 ਈ. ਵਿਚ ਲਾਹੌਰ ਵਿਚ ਸਿੰਘ ਸਭਾਵਾਂ ਦੀ ਸਥਾਪਨਾ ਕੀਤੀ ਜਿਨ੍ਹਾਂ ਦਾ ਮੂਲ ਉੱਦੇਸ਼ ਸਿੱਖ ਧਰਮ ਅਤੇ ਸਮਾਜ ਵਿਚ ਸੁਧਾਰ ਲਿਆਉਣਾ ਅਤੇ ਅਸਲੀ ਮਰਯਾਦਾ ਨੂੰ ਸਥਾਪਿਤ ਕਰਨਾ ਸੀ। ਇਨ੍ਹਾਂ ਸਭਾਵਾਂ ਦੀ ਪ੍ਰਚਾਰ-ਟੱਕਰ ਈਸਾਈ ਮਤ ਅਤੇ ਆਰਯ ਸਮਾਜ ਨਾਲ ਸਿੱਧੀ ਸੀ। ਸਿੱਟੇ ਵਜੋਂ ਅਨੇਕ ਪ੍ਰਕਾਰ ਦਾ ਸਾਹਿੱਤ ਰਚਿਆ ਗਿਆ।

ਆਵਾਗਵਣ/ਆਵਾਗੌਣ : ਇਸ ਦਾ ਸ਼ਾਬਦਿਕ ਅਰਥ ਹੈ ਆਵਾਜਾਈ, ਆਉਣਾ-ਜਾਣਾ। ਅਧਿਆਤਮਿਕ ਖੇਤਰ ਵਿਚ ਇਸ ਦਾ ਅਰਥ ਹੈ ਕਰਮਾਂ ਦੇ ਫਲ ਅਨੁਸਾਰ ਸੰਸਾਰ ਵਿਚ ਜਨਮ ਲੈਣਾ ਅਤੇ ਮਰਨਾ। ਇਸ ਮਾਨਤਾ ਦਾ ਮੂਲਾਧਾਰ ਕਰਮ ਹੈ। ਕਰਮ ਦਾ ਫਲ, ਹਿੰਦੂ ਮਤ ਅਨੁਸਾਰ, ਅਵੱਸ਼ ਭੋਗਣਾ ਪੈਂਦਾ ਹੈ। ਇਸ ਨੂੰ ਕਰਮ-ਬੰਧਨ ਕਿਹਾ ਜਾਂਦਾ ਹੈ। ਇਸ ਵਿਚੋਂ ਨਿਕਲਣਾ ਸਰਲ ਨਹੀਂ ਹੈ ਕਿਉਂਕਿ ਇਸ ਦਾ ਪ੍ਰਭਾਵ ਅਨਾਦਿ ਹੈ।

ਸ੍ਵੇਤਾਸ਼੍ਵਤਰ ਉਪਨਿਸ਼ਦ (5/7) ਵਿਚ ਦਸਿਆ ਗਿਆ ਹੈ ਕਿ ਜੀਵਾਤਮਾ ਗੁਣਾਂ ਨਾਲ ਬੰਨ੍ਹਿਆ ਹੋਇਆ ਫਲ-ਦਾਇਕ ਕਰਮ ਕਰਦਾ ਹੈ ਅਤੇ ਉਸ ਕੀਤੇ ਹੋਏ ਕਰਮ ਦਾ ਉਪਭੋਗ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਰੂਪਾਂ ਵਾਲੀਆਂ ਜੂਨਾਂ ਵਿਚ ਗਮਨ ਕਰਦਾ ਹੈ। ਇਕ ਕਰਮ ਤੋਂ ਦੂਜੇ ਕਰਮ ਦੀ ਸੰਗਲੀ ਅਟੁੱਟ ਹੈ। ਕਰਮ-ਫਲ ਨੂੰ ਭੋਗਣ ਲਈ

ਜੀਵਾਤਮਾ ਦਾ ਦੇਹ ਨਾਲ ਸੰਬੰਧਿਤ ਹੋਣਾ 'ਜਨਮ' ਹੈ ਅਤੇ ਇਕ ਨਿਸ਼ਚਿਤ ਸਮੇਂ 'ਤੇ ਪੰਜ ਭੌਤਿਕ ਦੇਹ ਜਾਂ ਸ਼ਰੀਰ ਦਾ ਨਸ਼ਟ ਹੋਣਾ 'ਮ੍ਰਿਤੂ' ਹੈ। ਜਨਮ-ਮਰਨ ਨੂੰ ਪ੍ਰਾਪਤ ਹੋਣ ਵਾਲੀਆਂ ਉੱਤਮ ਅਤੇ ਨੀਚ ਕੁਲ 84 ਲੱਖ ਜੂਨਾਂ ਹਨ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨ ਸਰਵ-ਸ੍ਰੇਸ਼ਠ ਹੈ। ਸ਼ੁਭ ਜਾਂ ਅਸ਼ੁਭ ਕਰਮਾਂ ਅਨੁਸਾਰ ਪ੍ਰਾਣੀ ਉੱਤਮ ਜਾਂ ਨੀਚ ਜੂਨ ਧਾਰਨ ਕਰਦਾ ਹੈ। ਇਹ ਇਕ ਸ਼ਰੀਰ ਨੂੰ ਛਡ ਕੇ ਦੂਜੇ ਸ਼ਰੀਰ ਵਿਚ ਪ੍ਰਵੇਸ਼ ਕਰਨ ਦੀ ਪ੍ਰਕ੍ਰਿਆ ਹੈ। ਇਸੇ ਨੂੰ 'ਆਵਾਗਵਣ' (transmigration) ਕਿਹਾ ਜਾਂਦਾ ਹੈ। ਇਸ ਸਿੱਧਾਂਤ ਦੇ ਉਲਟ ਵਿਗਿਆਨੀਆਂ ਨੇ ਏਵੋਲੀਊਸ਼ਨ (evolution) ਦਾ ਸਿੱਧਾਂਤ ਪੇਸ਼ ਕੀਤਾ ਹੈ। ਇਹ ਸਿੱਧਾਂਤ ਸ਼ਰੀਰ ਦੇ ਕੁਦਰਤੀ ਵਿਕਾਸ-ਕ੍ਰਮ ਤਕ ਸੀਮਿਤ ਹੈ। ਪਰ ਆਵਾਗਵਣ ਦੇ ਸਿੱਧਾਂਤ ਅਨੁਸਾਰ ਜੀਵਾਤਮਾ ਦੀ ਉੱਨਤੀ ਜਾਂ ਅਵਨਤੀ ਨਾਲ ਅਗਲੀ ਜੂਨ ਦੇ ਚੰਗੇ ਜਾਂ ਮਾੜੇ ਹੋਣ ਦਾ ਨਿਰਣਾ ਹੁੰਦਾ ਹੈ। ਈਸਾਈ ਮਤ, ਇਸਲਾਮ ਆਦਿ ਧਰਮਾਂ ਵਿਚ ਇਸ ਸਿੱਧਾਂਤ ਨੂੰ ਕੋਈ ਸਵੀਕ੍ਰਿਤੀ ਨਹੀਂ ਮਿਲੀ ਹੈ।

ਚੰਗੇ ਕਰਮਾਂ ਨੂੰ ਕਰਨ ਉਤੇ ਬਲ ਦੇਣ ਵਾਲੇ ਲਗਭਗ ਸਾਰੇ ਸੰਤਾਂ, ਭਗਤਾਂ ਨੇ ਆਵਾਗਵਣ ਦੇ ਸਿੱਧਾਂਤ ਨੂੰ ਸਵੀਕਾਰ ਕੀਤਾ ਹੈ। ਗੁਰੂ ਨਾਨਕ ਦੇਵ ਨੇ ਹਰਟ ਵਿਚਲੀਆਂ ਟਿੰਡਾਂ ਦੀ ਮਾਲਾ ਦੇ ਰੂਪਕ ਰਾਹੀਂ ਇਸ ਗੱਲ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ—'ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।/ ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ' (ਅ. ਗ੍ਰੰ. 1329)।

ਆਵਾਗਵਣ ਤੋਂ ਖਲਾਸੀ ਪ੍ਰਾਪਤ ਕਰਨ ਲਈ ਇਕੋ ਇਕ ਸਾਧਨ ਹੈ ਹਰਿ ਨਾਮ ਦੀ ਆਰਾਧਨਾ—'ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਇ।/ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਇ' (ਅ. ਗ੍ਰੰ. 966)।

ਐਰਾਪਤਿ : ਵੇਖੋ 'ਐਰਾਵਤ'।

ਐਰਾਵਤ : ਇਕ ਵਿਸ਼ੇਸ਼ ਹਾਥੀ ਜੋ ਦੇਵਤਿਆਂ ਅਤੇ ਦੈਂਤਾਂ ਦੁਆਰਾ ਛੀਰ ਸਮੁੰਦਰ ਰਿੜਕਣ ਵੇਲੇ ਨਿਕਲੇ ਚੌਦਾਂ ਰਤਨਾਂ ਵਿਚ ਸ਼ਾਮਲ ਸੀ। ਸਮੁੰਦਰ (ਇਰਾਵਤ) ਵਿਚੋਂ ਪ੍ਰਗਟ ਹੋਣ ਕਾਰਣ ਇਸ ਨੂੰ 'ਐਰਾਵਤ' ਕਿਹਾ ਜਾਣ ਲਗਿਆ। ਇਸ ਦਾ ਇਕ ਨਾਮਾਂਤਰ 'ਐਰਾਪਤਿ' ਵੀ ਹੈ। ਚੌਦਾਂ ਰਤਨਾਂ ਦੀ ਵੰਡ ਕਰਨ ਵੇਲੇ ਇਹ ਇੰਦਰ ਦੇ ਹਿੱਸੇ ਆਇਆ। ਭਾਈ ਗੁਰਦਾਸ ਅਨੁਸਾਰ—'ਕਾਮਧੇਨੁ ਤੇ ਅਪਛਰਾ ਐਰਾਪਤਿ ਇੰਦ੍ਰਾਸਣਿ ਜੀਤੇ।'

ਇੰਦਰ ਇਸ ਉਤੇ ਬੜੇ ਗਰਵ ਨਾਲ ਸਵਾਰੀ ਕਰਦਾ ਹੈ। ਇਸ ਹਾਥੀ ਦਾ ਰੰਗ ਚਿੱਟਾ ਜਾਂ ਬਦਲੀ ਵੰਨਾ ਹੈ ਅਤੇ ਇਸ ਦੇ ਚਾਰ ਦੰਦ ਹਨ। ਇਸ ਨੇ ਪੂਰਵ ਦਿਸ਼ਾ ਨੂੰ ਧਾਰਣ ਕੀਤਾ ਹੋਇਆ ਹੈ ਜਾਂ ਉਸ ਦਾ ਰੱਖਿਅਕ ਹੈ। ਇਸ ਨੂੰ ਹਾਥੀਆਂ ਦੀ ਨਸਲ ਦਾ ਆਦਿ-ਰੂਪ ਵੀ ਕਿਹਾ ਜਾਂਦਾ ਹੈ।

ਭਾਰਤੀ ਮਿਥ ਅਨੁਸਾਰ ਪਹਿਲਾਂ ਹਾਥੀਆਂ ਦੇ ਖੰਭ ਹੁੰਦੇ ਸਨ ਅਤੇ ਇਹ ਆਕਾਸ਼ ਵਿਚ ਉੱਡਦੇ ਰਹਿੰਦੇ ਸਨ। ਇਕ ਵਾਰ ਇਕ ਹਾਥੀ ਉੱਡਦਾ ਹੋਇਆ ਉਸ ਬੋਹੜ ਉਤੇ ਆ ਬੈਠਾ ਜਿਸ ਹੇਠਾਂ ਇਕ ਰਿਸ਼ੀ ਆਪਣੇ ਚਾਟੜਿਆਂ ਨੂੰ ਸਿਖਿਆ ਦੇ ਰਿਹਾ ਸੀ। ਹਾਥੀ

ਦੇ ਆਉਣ ਨਾਲ ਚਾਟੜਿਆਂ ਦਾ ਧਿਆਨ ਖਿੰਡ ਗਿਆ। ਰਿਸ਼ੀ ਨੇ ਗੁੱਸੇ ਵਿਚ ਆ ਕੇ ਹਾਥੀਆਂ ਦੇ ਖੰਭ ਝੜਨ ਦਾ ਸਰਾਪ ਦਿੱਤਾ। ਬਸ ਉਸ ਦਿਨ ਤੋਂ ਇਹ ਉਡਣੋਂ ਅਸਮਰਥ ਹੋ ਗਏ। ਅਸਲ ਵਿਚ, ਐਰਾਵਤ ਸਮੁੰਦਰ ਵਿਚੋਂ ਉਠੇ ਬਦਲਾਂ ਦਾ ਪ੍ਰਤੀਕ ਹੈ। ਇੰਦਰ ਬਦਲਾਂ ਦਾ ਸੁਆਮੀ ਹੈ। ਇਸ ਲਈ ਉਹ ਬਦਲਾਂ ਉਤੇ ਸਵਾਰੀ ਕਰਦਾ ਮੰਨਿਆ ਗਿਆ ਹੈ।

ਐਲੀਫ਼ੈਂਟਾ, ਗੁਫ਼ਾਵਾਂ : ਇਹ ਗੁਫ਼ਾਵਾਂ ਬੰਬਈ ਤੋਂ ਲਗਭਗ 10 ਕਿ. ਮੀ. ਦੂਰ ਸਮੁੰਦਰ ਵਿਚ ਸਥਿਤ ਐਲੀਫ਼ੈਂਟਾ ਨਾਂ ਦੇ ਦੀਪ ਵਿਚ ਇਕ ਪਹਾੜ ਵਿਚ ਬਣੀਆਂ ਹੋਈਆਂ ਹਨ। ਇਹ ਕਦ ਬਣਾਈਆਂ ਗਈਆਂ, ਇਸ ਬਾਰੇ ਕੋਈ ਠੋਸ ਪ੍ਰਮਾਣ ਉਪਲਬਧ ਨਹੀਂ ਹੈ, ਪਰ ਕਲਾ ਦੇ ਪਾਰਖੂਆਂ ਦਾ ਅਨੁਮਾਨ ਹੈ ਕਿ ਇਹ ਅੱਠਵੀਂ ਤੋਂ ਲੈ ਕੇ ਦਸਵੀਂ ਸਦੀ ਦੇ ਵਿਚ ਕਿਸੇ ਵੇਲੇ ਹੋਂਦ ਵਿਚ ਆਈਆਂ ਸਨ। ਕਹਿੰਦੇ ਹਨ ਕਿ ਇਸ ਸੰਬੰਧੀ ਬਣਾਈ ਗਈ ਵੇਰਵੇ ਵਾਲੀ ਇਕ ਪੱਟੀ ਹੁਣ ਨਸ਼ਟ ਹੋ ਗਈ ਹੈ। ਇਨ੍ਹਾਂ ਗੁਫ਼ਾਵਾਂ ਨੂੰ ਕਿਸ ਨੇ ਬਣਵਾਇਆ ਸੀ ਜਾਂ ਇਨ੍ਹਾਂ ਦੇ ਨਿਰਮਾਤਾ ਕੌਣ ਸਨ, ਇਸ ਬਾਰੇ ਵੀ ਕੋਈ ਤੱਥ ਉਪਲਬਧ ਨਹੀਂ ਹੈ। ਪ੍ਰਤੀਤ ਹੁੰਦਾ ਹੈ ਕਿ ਕਿਸੇ ਸ਼ਿਵ-ਭਗਤ ਰਾਜੇ ਦੇ ਉਤਸਾਹ ਅਤੇ ਪ੍ਰੇਰਣਾ ਨਾਲ ਇਹ ਬਣਾਈਆਂ ਗਈਆਂ ਸਨ। ਕੁਝ ਵਿਦਵਾਨ ਚਾਲੁਕੑਯ ਰਾਜਿਆਂ ਨਾਲ ਇਨ੍ਹਾਂ ਦਾ ਸੰਬੰਧ ਜੋੜਦੇ ਹਨ।

ਇਨ੍ਹਾਂ ਗੁਫ਼ਾਵਾਂ ਦੀ ਕੁਲ ਗਿਣਤੀ ਛੇ ਹੈ, ਜਿਨ੍ਹਾਂ ਵਿਚੋਂ ਚਾਰ ਅਜੇ ਮੌਜੂਦ ਹਨ। ਇਕ ਬੰਦ ਹੋ ਚੁਕੀ ਹੈ ਅਤੇ ਛੇਵੀਂ ਸ਼ਾਇਦ ਪੁਜਾਰੀਆਂ ਦੇ ਰਹਿਣ ਲਈ ਬਣਾਈ ਗਈ ਸੀ। ਇਨ੍ਹਾਂ ਚੌਹਾਂ ਵਿਚੋਂ ਸਭ ਤੋਂ ਵੱਡੀ ਗੁਫ਼ਾ ਵਿਸ਼ੇਸ਼ ਮਹੱਤਵ ਵਾਲੀ ਹੈ। ਪੱਥਰ ਦੇ ਥੰਮਾਂ ਦੇ ਸਹਾਰੇ ਖੜੀ ਇਸ ਦੀ ਡਿਉਢੀ 5½ ਮੀਟਰ ਉੱਚੀ ਅਤੇ 18 ਮੀ. ਚੌੜੀ ਹੈ। ਇਸ ਤੋਂ ਅਗੇ ਸ਼ਿਵ ਦਾ ਮੁੱਖ ਮੰਦਿਰ ਹੈ ਜਿਸ ਵਿਚ ਸ਼ਿਵ ਦੀਆਂ ਕਈ ਮੂਰਤੀਆਂ ਤੋਂ ਇਲਾਵਾ ਵੱਡੇ ਆਕਾਰ ਦੀ ਇਕ ਤ੍ਰਿਮੂਰਤੀ ਹੈ। ਇਸ ਮੂਰਤੀ ਦੀ ਲੰਬਾਈ ਲਗਭਗ 18 ਫੁਟ ਹੈ ਅਤੇ ਗੋਲਿਆਈ 24 ਫੁਟ ਹੈ। ਇਸ ਤ੍ਰਿਮੂਰਤੀ ਰਾਹੀਂ ਆਧਿਆਤਮਿਕ, ਆਧਿਦੈਵਿਕ ਅਤੇ ਆਧਿਭੌਤਿਕ ਤਿੰਨਾਂ ਰੂਪਾਂ ਦੇ ਸੁਮੇਲ ਦਾ ਬੜਾ ਸੁੰਦਰ ਪ੍ਰਦਰਸ਼ਨ ਹੋਇਆ ਹੈ। ਇਨ੍ਹਾਂ ਵਿਚੋਂ ਵਿਚਾਲੇ ਵਾਲੀ ਪਰਮ-ਸ਼ਿਵ ਦੀ ਹੈ, ਸੱਜੇ ਪਾਸੇ ਵਾਲੀ ਅਘੋਰ-ਭੈਰਵ ਦੀ ਅਤੇ ਖੱਬੇ ਪਾਸੇ ਵਾਲੀ ਉਮਾ ਦੀ। ਇਸ ਤਰ੍ਹਾਂ ਇਹ ਤ੍ਰਿਮੂਰਤੀ ਸ੍ਰਿਸ਼ਟੀ, ਸਥਿਤੀ ਅਤੇ ਪਰਲੋ ਦੀਆਂ ਤਿੰਨਾਂ ਸਥਿਤੀਆਂ ਦੀ ਪ੍ਰਤੀਕ ਹੈ। ਕੁਝ ਵਿਦਵਾਨਾਂ ਨੇ ਇਸ ਨੂੰ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਦੀ ਤ੍ਰਿਮੂਰਤੀ ਦਸਿਆ ਹੈ, ਪਰ ਇਹ ਸਥਾਪਨਾ ਸਹੀ ਨਹੀਂ ਹੈ।

ਸ਼ਿਵ ਮੰਦਿਰ ਦੇ ਵਿਚਕਾਰ ਇਕ ਵੱਡੇ ਆਕਾਰ ਦਾ ਸ਼ਿਵ-ਲਿੰਗ ਹੈ। ਇਹੀ ਪੂਜਾ ਦਾ ਮੁੱਖ ਧੁਰਾ ਹੈ। ਇਥੇ ਹੁਣ ਵੀ ਸ਼ਿਵਰਾਤ੍ਰੀ ਦੇ ਮੌਕੇ ਮੇਲਾ ਲਗਦਾ ਹੈ। ਇਸ ਤੋਂ ਇਲਾਵਾ ਸ਼ਿਵ ਨਾਲ ਸੰਬੰਧਿਤ ਤਾਂਡਵ ਨ੍ਰਿਤ ਵਾਲੀਆਂ ਮੂਰਤੀਆਂ ਵੀ ਹਨ। ਵੀਰ ਭਦ੍ਰ ਦੀ ਮੂਰਤੀ ਬਹੁਤ ਭਿਆਨਕ ਹੈ। ਹੋਰਨਾਂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਇਸ ਮੁੱਖ ਮੰਦਿਰ ਦੇ ਇਰਦ-ਗਿਰਦ ਅਤੇ ਵਿਚ ਮਿਲ ਜਾਂਦੀਆਂ ਹਨ। ਇਹ ਸਾਰੀਆਂ ਸ਼ਿਵ

ਤੋਂ ਅਸੀਸ ਲੈਣ ਦੇ ਅੰਦਾਜ਼ ਵਿਚ ਬਣੀਆਂ ਹੋਈਆਂ ਹਨ। ਸਮੁੱਚੇ ਤੌਰ ਤੇ ਇਥੇ ਸ਼ਿਵ ਦੀ ਪ੍ਰਭੁਤਾ ਸਥਾਪਿਤ ਕੀਤੀ ਗਈ ਹੈ।

ਬਾਕੀ ਦੀਆਂ ਤਿੰਨ ਗੁਫਾਵਾਂ ਵਿਚਲੀਆਂ ਮੂਰਤੀਆਂ ਨੂੰ ਸੋਲ੍ਹਵੀਂ ਸਦੀ ਵਿਚ ਪੁਰਤਗਾਲੀਆਂ ਨੇ ਇਤਨਾ ਅਧਿਕ ਤੋੜ-ਫੋੜ ਦਿੱਤਾ ਸੀ ਕਿ ਹੁਣ ਉਨ੍ਹਾਂ ਦੀ ਪਛਾਣ ਕਰ ਸਕਣਾ ਸਰਲ ਨਹੀਂ। ਪਰ ਅਧਿਕਤਰ ਇਨ੍ਹਾਂ ਮੂਰਤੀਆਂ ਦਾ ਸੰਬੰਧ ਸ਼ਿਵ, ਪਾਰਬਤੀ ਅਤੇ ਦੁਰਗਾ ਨਾਲ ਹੈ। ਕੁਲ ਮਿਲਾ ਕੇ ਇਹ ਗੁਫਾਵਾਂ ਸ਼ੈਵ-ਮਤ ਦੇ ਅਨੁਯਾਈਆਂ ਦੁਆਰਾ ਬਣਵਾਈਆਂ ਗਈਆਂ ਪੁਰਾਤਨ ਯਾਦਗਾਰਾਂ ਹਨ ਜਿਨ੍ਹਾਂ ਦੀ ਮੂਰਤੀ-ਕਲਾ ਸਲਾਹੁਣਯੋਗ ਹੈ।

ਔਂਸੀਆਂ : ਇਹ ਪੁਰਾਤਨ ਕਾਲ ਤੋਂ ਚਲੀ ਆ ਰਹੀ ਇਕ ਸ਼ਗਨ ਵਿਧੀ ਹੈ। 'ਔਂਸੀ' ਸ਼ਬਦ ਸੰਸਕ੍ਰਿਤ ਦੇ ਦੋ ਸ਼ਬਦਾਂ ਅਵਨਿ ਅਤੇ ਸੀਤਾ (ਧਰਤੀ ਅਤੇ ਲਕੀਰ) ਦੇ ਸੰਯੋਗ ਤੋਂ ਬਣਿਆ ਅਪਭ੍ਰੰਸ਼ ਰੂਪ ਹੈ। ਇਸ ਤਰ੍ਹਾਂ ਔਂਸੀ ਤੋਂ ਭਾਵ ਹੈ ਉਹ ਸ਼ਗਨ-ਵਿਧੀ ਜੋ ਧਰਤੀ ਉਤੇ ਲਕੀਰਾਂ ਪਾ ਕੇ ਕੀਤੀ ਜਾਏ। ਆਮ ਤੌਰ ਤੇ ਧਰਤੀ ਨੂੰ ਮਾਤਾ ਤੁਲ ਸਮਝ ਕੇ ਉਸ ਉਤੇ ਉਂਗਲ ਜਾਂ ਕਿਸੇ ਚੀਜ਼ ਨਾਲ ਲਕੀਰਾਂ ਖਿਚੀਆਂ ਜਾਂਦੀਆਂ ਹਨ ਅਤੇ ਉਸ ਵੇਲੇ ਇਕ ਟੱਪਾ ਵੀ ਉਚਾਰਿਆ ਜਾਂਦਾ ਹੈ—'ਸੱਚ ਪਾਵਾਂ ਸਚਿਆਰ ਪਾਵਾਂ/ਸੱਚੜੇ ਦਾ ਗਲ ਹਾਰ ਪਾਵਾਂ/ਧਰਤੀ ਮਾਤਾ ਮਿਹਰ ਕਰੇ/ਮੇਰੀ ਔਂਸੀ ਸੱਚੀ ਹੋਵੇ।' ਟੱਪੇ ਦੇ ਖ਼ਤਮ ਹੋਣ ਨਾਲ ਲਕੀਰਾਂ ਵਾਹੁਣੀਆਂ ਵੀ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਬਾਦ ਲਕੀਰਾਂ ਗਿਣੀਆਂ ਜਾਂਦੀਆਂ ਹਨ। ਜੇ ਉਨ੍ਹਾਂ ਦੀ ਗਿਣਤੀ ਜਿਸਤ (ਸਮ) ਹੋਵੇ ਤਾਂ ਸਮਝ ਲਿਆ ਜਾਂਦਾ ਹੈ ਕਿ ਮੁਰਾਦ ਪੂਰੀ ਹੋ ਜਾਏਗੀ ਅਤੇ ਜੇ ਗਿਣਤੀ ਤਾਕ (ਵਿਸ਼ਮ) ਹੋਵੇ ਤਾਂ ਮੁਰਾਦ ਪੂਰੀ ਹੋਣ ਵਿਚ ਵਿਘਨ ਪੈਂਦਾ ਪ੍ਰਤੀਤ ਹੁੰਦਾ ਹੈ। ਆਮ ਤੌਰ ਤੇ ਪਤੀ ਜਾਂ ਵੀਰ ਨੂੰ ਉਡੀਕਣ ਵਾਲੀਆਂ ਇਸਤਰੀਆਂ ਔਂਸੀਆਂ ਪਾ ਕੇ ਮੁਰਾਦ ਪੂਰੀ ਹੋਣ ਲਈ ਤਸੱਲੀ ਕਰਦੀਆਂ ਹਨ। ਔਂਸੀ ਪਾਣ ਵੇਲੇ ਧਰਤੀ ਨੂੰ ਥੋੜਾ ਸਾਫ਼ ਜਾਂ ਸਮਤਲ ਕਰ ਲਿਆ ਜਾਂਦਾ ਹੈ। ਕਿਸੇ ਯੋਗੀ ਦੀ ਧੂਣੀ ਦੀ ਸੁਆਹ ਉਤੇ ਪਾਈ ਔਂਸੀ ਨੂੰ ਅਧਿਕ ਵਿਸ਼ਵਸਤ ਸਮਝਿਆ ਜਾਂਦਾ ਹੈ। ਇਸ ਬਾਰੇ ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਸੰਕੇਤ ਕੀਤਾ ਹੈ—'ਕਦੇ ਮੰਗਲੀ ਸਟ ਕੇ ਸ਼ਗਨ ਵਾਚੇ ਕਦੇ ਸੁਆਹ ਤੇ ਔਂਸੀਆਂ ਪਾਈਆਂ ਨੀ।'

ਅੱਜ ਕਲ ਕਾਗ਼ਜ਼ ਉਤੇ ਪੈਂਸਲ ਨਾਲ ਲਕੀਰਾਂ ਵਾਹ ਕੇ ਵੀ ਔਂਸੀਆਂ ਪਾਣ ਦੀ ਰੀਤ ਚਲ ਪਈ ਹੈ। ਕਈ ਵਾਰ ਔਂਸੀਆਂ ਪਾਣ ਵੇਲੇ ਕਿਸੇ ਦੇਵੀ ਨੂੰ ਯਾਦ ਕੀਤਾ ਜਾਂਦਾ ਹੈ ਜੋ, ਅਸਲ ਵਿਚ, ਧਰਤੀ ਮਾਤਾ ਦਾ ਹੀ ਪ੍ਰਤਿ-ਰੂਪ ਹੁੰਦੀ ਹੈ। ਉਸ ਨੂੰ ਔਂਸੀ ਦੇਵੀ ਵੀ ਕਿਹਾ ਜਾਂਦਾ ਹੈ। ਭਾਈ ਗੁਰਦਾਸ ਨੇ ਗੁਰਮੁਖ ਲਈ ਇਸ ਪ੍ਰਕਾਰ ਦੇ ਸ਼ਗਨਾਂ ਨੂੰ ਵਿਅਰਥ ਦਸਿਆ ਹੈ—'ਕਾਮਣਿ ਟੂਣੇ ਅਉਸੀਆ ਕਣਸੋਈ ਪਸਾਰ ਪਸਾਰਾ।/... ਵਲਫਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।/ਗੁਰਮੁਖ ਸੁਖ ਫਲੁ ਪਾਰ ਉਤਾਰਾ' (5/8)।

ਔਰੰਗਜ਼ੇਬ : ਸ਼ਾਹਜਹਾਨ ਬਾਦਸ਼ਾਹ ਦੇ ਪੁੱਤਰ ਅਤੇ ਜਹਾਂਗੀਰ ਬਾਦਸ਼ਾਹ ਦੇ ਪੋਤਰੇ

ਔਰੰਗਜ਼ੇਬ ਦਾ ਪੂਰਾ ਨਾਂ ਅਬੁਲਜ਼ਫ਼ਰ ਮੁਹਿਉੱਦੀਨ ਮੁਹੰਮਦ ਔਰੰਗਜ਼ੇਬ ਸੀ। ਇਸ ਨੂੰ ਆਲਮਗੀਰ ਵੀ ਕਿਹਾ ਜਾਂਦਾ ਹੈ। ਇਸ ਦਾ ਜਨਮ ਅਰਜਮੰਦ ਬਾਨੂ ਦੀ ਕੁੱਖੋਂ 24 ਅਕਤੂਬਰ, 1618 ਈ. (ਇਕ ਮਤ ਅਨੁਸਾਰ 3 ਨਵੰਬਰ, 1618 ਈ.) ਨੂੰ ਮਹਾਰਾਸ਼ਟਰ ਵਿਚ ਉਜੈਨ ਦੇ ਨੇੜੇ ਦੋਹਦ ਨਗਰ ਵਿਚ ਹੋਇਆ।

ਸੰਨ 1622 ਈ. ਵਿਚ ਸ਼ਾਹਜਹਾਨ ਨੇ ਆਪਣੇ ਪਿਤਾ ਜਹਾਂਗੀਰ ਵਿਰੁੱਧ ਬਗ਼ਾਵਤ ਕਰ ਦਿੱਤੀ, ਪਰ ਕਾਮਯਾਬ ਨਾ ਹੋ ਸਕਿਆ। ਫਲਸਰੂਪ ਸੰਨ 1626 ਈ. ਵਿਚ ਸ਼ਾਹਜਹਾਨ ਨੂੰ ਆਪਣੇ ਦੋ ਪੁੱਤਰ, ਦਾਰਾ ਅਤੇ ਔਰੰਗਜ਼ੇਬ, ਜਹਾਂਗੀਰ ਕੋਲ ਲਾਹੌਰ ਵਿਚ ਬੰਧਕ ਵਜੋਂ ਰਖਣੇ ਪਏ। ਸੰਨ 1627 ਈ. ਵਿਚ ਜਹਾਂਗੀਰ ਦੇ ਮਰਨ ਉਪਰੰਤ ਸ਼ਾਹਜਹਾਨ ਬਾਦਸ਼ਾਹ ਬਣਿਆ। ਫਿਰ ਸੰਨ 1928 ਈ. ਵਿਚ ਔਰੰਗਜ਼ੇਬ ਨੂੰ ਆਗਰੇ ਬੁਲਾਇਆ ਗਿਆ। ਉਥੇ ਮੀਰ ਮੁਹੰਮਦ ਹਾਸ਼ਿਮ ਗੀਲਾਨੀ ਦੀ ਦੇਖ-ਰੇਖ ਵਿਚ ਔਰੰਗਜ਼ੇਬ ਦੀ ਸਿਖਿਆ ਸ਼ੁਰੂ ਹੋਈ। ਇਸ ਦੀ ਰੁਚੀ ਕੇਵਲ ਇਸਲਾਮਿਕ ਸਾਹਿੱਤ ਦੇ ਪੜ੍ਹਨ ਵਿਚ ਸੀ।

ਇਹ ਸੈਨਿਕ ਸਿਖਿਆ ਵਿਚ ਬਹੁਤ ਦਿਲਚਸਪੀ ਰਖਦਾ ਸੀ। ਪੰਦਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੀ ਇਸ ਨੇ ਮਸਤ ਹਾਥੀ ਨੂੰ ਨਿਰਭੈ ਹੋ ਕੇ ਕਾਬੂ ਕੀਤਾ। 16 ਵਰ੍ਹਿਆਂ ਦੀ ਆਯੂ ਵਿਚ ਇਹ 10 ਹਜ਼ਾਰੀ ਫ਼ੌਜ ਦਾ ਮਨਸਬਦਾਰ ਬਣਿਆ। ਸੰਨ 1636 ਈ. ਤੋਂ ਸੰਨ 1644 ਈ. ਤਕ ਇਹ ਦੱਖਣ ਦਾ ਸੂਬੇਦਾਰ ਰਿਹਾ, ਫਿਰ ਸੰਨ 1645 ਈ. ਵਿਚ ਗੁਜਰਾਤ ਦਾ ਸੂਬੇਦਾਰ ਬਣਿਆ। ਬਲਖ਼ ਅਤੇ ਬਦਖ਼ਸ਼ਾਂ ਉਤੇ ਕੀਤੀ ਗਈ ਸੈਨਿਕ ਕਾਰਵਾਈ ਵੇਲੇ ਇਸ ਨੇ ਆਪਣੀ ਸੈਨਿਕ ਯੋਗਤਾ ਦਾ ਪਰਿਚਯ ਦਿੱਤਾ। ਸੰਨ 1652 ਈ. ਵਿਚ ਇਸ ਨੂੰ ਫਿਰ ਦੱਖਣ ਦਾ ਸੂਬੇਦਾਰ ਬਣਾਇਆ ਗਿਆ ਅਤੇ ਬੜੀ ਯੋਗਤਾ ਨਾਲ ਉਸ ਇਲਾਕੇ ਦਾ ਵਿਕਾਸ ਕੀਤਾ।

ਸੰਨ 1658 ਈ. ਵਿਚ ਸ਼ਾਹਜਹਾਨ ਦੀ ਬੀਮਾਰੀ ਦੀ ਖ਼ਬਰ ਸੁਣ ਕੇ ਰਾਜ-ਗੱਦੀ ਉਤੇ ਅਧਿਕਾਰ ਜਮਾਉਣ ਲਈ ਇਹ ਦੱਖਣ ਤੋਂ ਆਗਰੇ ਵਲ ਵਧਿਆ ਅਤੇ ਆਪਣੇ ਵੱਡੇ ਭਰਾ ਦਾਰਾ ਨੂੰ ਹਰਾ ਕੇ ਅਤੇ ਸ਼ਾਹਜਹਾਨ ਨੂੰ ਬੰਦੀ ਬਣਾ ਕੇ ਰਾਜਗੱਦੀ ਉਤੇ ਕਬਜ਼ਾ ਕਰ ਲਿਆ। ਫਿਰ ਛੋਟੇ ਭਰਾ ਮੁਰਾਦ ਨੂੰ ਧੋਖੇ ਨਾਲ ਮਰਵਾ ਕੇ ਆਪਣੇ ਰਸਤੇ ਦੇ ਸਾਰੇ ਕੰਡੇ ਕੱਢ ਦਿੱਤੇ।

ਆਪਣੇ 50 ਵਰ੍ਹਿਆਂ ਦੇ ਰਾਜ-ਕਾਲ ਵਿਚ ਪਹਿਲਾਂ ਇਹ ਉੱਤਰ ਭਾਰਤ ਵਿਚ ਰਿਹਾ। ਅਨੇਕ ਤਬਦੀਲੀਆਂ ਅਤੇ ਸੁਧਾਰ ਕੀਤੇ ਅਤੇ ਰਾਜ ਦੀਆਂ ਸੀਮਾਵਾਂ ਨੂੰ ਵੀ ਵਿਸਤਾਰਿਆ। ਆਖ਼ੀਰਲੇ 25 ਵਰ੍ਹੇ ਇਹ ਦੱਖਣ ਭਾਰਤ ਵਿਚ ਮਰਹਟਿਆਂ ਨੂੰ ਦਬਾਉਂਦਾ ਰਿਹਾ ਅਤੇ ਉਥੇ ਹੀ ਅਹਿਮਦਨਗਰ ਵਿਖੇ 21 ਫ਼ਰਵਰੀ, 1707 ਈ. (ਇਕ ਹੋਰ ਮਤ ਅਨੁਸਾਰ 3 ਮਾਰਚ, 1707 ਈ.) ਨੂੰ ਇਸ ਦੀ ਮ੍ਰਿਤੂ ਹੋ ਗਈ।

ਇਹ ਕੱਟੜ ਸੁੰਨੀ ਮੁਸਲਮਾਨ ਸੀ। ਇਸ ਦਾ ਜੀਵਨ ਬਹੁਤ ਸਾਦਾ, ਸਰਲ ਅਤੇ ਧਰਮ-ਪਰਾਇਣ ਸੀ। ਮੁਸਲਮਾਨਾਂ ਵਿਚ ਫੈਲ ਚੁੱਕੇ ਵਿਕਾਰਾਂ ਨੂੰ ਦੂਰ ਕਰਕੇ ਸੁਦ੍ਰਿੜ੍ਹ ਇਸਲਾਮਿਕ ਰਾਜ ਦੀ ਸਥਾਪਨਾ ਕਰਨਾ ਇਸ ਦਾ ਜੀਵਨ-ਉੱਦੇਸ਼ ਸੀ। ਇਸ ਉੱਦੇਸ਼ ਦੀ ਪੂਰਤੀ ਲਈ ਇਸ ਨੇ ਹਿੰਦੂਆਂ 'ਤੇ ਅਤਿਆਚਾਰ ਕੀਤੇ, ਧਰਮ-ਪਰਿਵਰਤਨ ਲਈ ਵਿਵਸ਼

ਕੀਤਾ। ਇਸ ਦੀ ਨੀਤੀ ਬੜੀ ਸੰਕੀਰਣ ਅਤੇ ਇਕ-ਪੱਖੀ ਸੀ। ਆਪਣੀ ਹਿੰਦੂ ਜਨਤਾ ਪ੍ਰਤਿ ਇਸ ਦਾ ਰਵੈਯਾ ਜ਼ਾਲਮਾਨਾ ਸੀ। ਫਲਸਰੂਪ ਹਰ ਪਾਸੇ ਅਸੰਤੋਸ਼ ਪਸਰ ਗਿਆ। ਰਾਜਪੂਤਾਨੇ ਵਿਚ ਰਾਜਪੂਤਾਂ ਨੇ ਬਗ਼ਾਵਤ ਕੀਤੀ, ਦੱਖਣ ਵਿਚ ਭਾਵੇਂ ਸ਼ਿਵਾ ਜੀ ਮਾਰਿਆ ਗਿਆ, ਪਰ ਮਰਹਟਿਆਂ ਨੇ ਇਸ ਨੂੰ ਚੈਨ ਨਾਲ ਬੈਠਣ ਨਾ ਦਿੱਤਾ। ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਕਰਕੇ ਉੱਤਰ-ਪੱਛਮ ਵਿਚ ਗੁਰੂ ਗੋਬਿੰਦ ਸਿੰਘ ਨੇ ਮੁਗ਼ਲਾਂ ਵਿਰੁੱਧ ਸਸ਼ਸਤ੍ਰ ਕ੍ਰਾਂਤੀ ਮਚਾ ਦਿੱਤੀ ਅਤੇ 'ਜ਼ਫ਼ਰਨਾਮਾ' ਨਾਂ ਦਾ ਪੱਤਰ ਲਿਖ ਕੇ ਇਸ ਦੇ ਕਾਲੇ ਕਰਤੂਤਾਂ ਉਤੇ ਚਾਨਣਾ ਪਾਇਆ ਅਤੇ ਚੰਗਾ ਇਨਸਾਨ ਬਣਨ ਲਈ ਸੁਝਾ ਦਿੱਤੇ।

ਅੰਸ਼-ਅਵਤਾਰ : ਜਿਸ ਅਵਤਾਰ ਵਿਚ ਈਸ਼ਵਰੀ ਰੂਪ ਸੌ ਫ਼ੀਸਦੀ ਸਮਾਹਿਤ ਹੈ, ਉਸ ਨੂੰ 'ਪੂਰਣ ਅਵਤਾਰ' ਕਿਹਾ ਜਾਂਦਾ ਹੈ ਅਤੇ ਜਿਸ ਵਿਚ ਈਸ਼ਵਰ ਸ਼ਕਤੀ ਆਂਸ਼ਿਕ ਹੁੰਦੀ ਹੈ, ਉਸ ਨੂੰ 'ਅੰਸ਼-ਅਵਤਾਰ' (ਅੰਸ਼ਾਵਤਾਰ) ਮੰਨਿਆ ਜਾਂਦਾ ਹੈ।

ਪਰਮਾਤਮਾ ਸੋਲ੍ਹਾਂ ਕਲਾ ਸੰਪੰਨ ਮੰਨਿਆ ਗਿਆ ਹੈ। ਇਹ ਕਲਾ-ਸ਼ਕਤੀ ਸਾਰੇ ਸੰਸਾਰ ਵਿਚ ਵਿਆਪਤ ਹੈ। ਇਕ ਜੀਵ ਜਿਤਨੀ ਮਾਤ੍ਰਾ ਵਿਚ ਆਪਣੀ ਜੂਨ ਅਨੁਸਾਰ ਉੱਨਤ ਹੁੰਦਾ ਹੈ, ਉਤਨੀ ਹੀ ਮਾਤ੍ਰਾ ਵਿਚ ਪਰਮਾਤਮਾ ਦੀ ਕਲਾ ਜੀਵ ਰਾਹੀਂ ਵਿਕਸਿਤ ਹੁੰਦੀ ਹੈ। ਇਨ੍ਹਾਂ ਕਲਾਵਾਂ ਦੀ ਵੱਧ-ਘੱਟ ਮਾਤ੍ਰਾ ਅਨੁਰੂਪ ਹੀ ਜੀਵ ਉੱਤਮ ਜਾਂ ਅਧਮ ਬਣਦਾ ਹੈ। ਉਤਪੱਤੀ-ਕ੍ਰਮ ਅਨੁਸਾਰ ਪਹਿਲੀ ਜੂਨ ਉਤਭਿਜ ਹੈ ਜਿਸ ਦੁਆਰਾ ਪਰਮਾ-ਤਮਾ ਦੀ ਇਕ ਕਲਾ ਦਾ ਵਿਕਾਸ ਹੁੰਦਾ ਹੈ। ਸਵੇਤਜ ਜੂਨ ਰਾਹੀਂ ਦੋ ਕਲਾਵਾਂ, ਅੰਡਜ ਜੂਨ ਰਾਹੀਂ ਤਿੰਨ ਕਲਾਵਾਂ ਅਤੇ ਜੇਰਜ ਜੂਨ ਰਾਹੀਂ ਚਾਰ ਕਲਾਵਾਂ ਦਾ ਵਿਕਾਸ ਹੁੰਦਾ ਹੈ। ਮਨੁੱਖ ਜੂਨ ਰਾਹੀਂ ਪੰਜ ਕਲਾਵਾਂ ਦਾ ਵਿਕਾਸ ਹੁੰਦਾ ਹੈ। ਇਹ ਸਥਿਤੀ ਸਾਧਾਰਣ ਮਨੁੱਖ ਦੀ ਹੈ। ਜਿਨ੍ਹਾਂ ਮਨੁੱਖਾਂ ਵਿਚ ਪੰਜ ਤੋਂ ਵੱਧ ਅੱਠ ਕਲਾਵਾਂ ਦਾ ਵਿਕਾਸ ਹੁੰਦਾ ਹੈ ਉਹ ਅਸਾਧਾਰਣ ਮਨੁੱਖ ਹਨ। ਇਨ੍ਹਾਂ ਨੂੰ 'ਵਿਭੂਤੀ' ਸ਼੍ਰੇਣੀ ਵਿਚ ਗਿਣਿਆ ਜਾਂਦਾ ਹੈ। ਅੱਠ ਕਲਾਵਾਂ ਤਕ ਦਾ ਵਿਕਾਸ ਲੌਕਿਕ ਪੱਧਰ ਦਾ ਹੈ।

ਨੌਵੀਂ ਕਲਾ ਤੋਂ ਸੋਲ੍ਹਵੀਂ ਕਲਾ ਦਾ ਵਿਕਾਸ-ਕ੍ਰਮ ਅਲੌਕਿਕ ਕਿਸਮ ਦਾ ਹੈ। ਇਨ੍ਹਾਂ ਨੂੰ ਜੀਵ-ਵਰਗ ਤੋਂ ਹਟ ਕੇ ਅਵਤਾਰ-ਵਰਗ ਵਿਚ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚੋਂ ਨੌਵੀਂ-ਕਲਾ ਤੋਂ ਪੰਦਰ੍ਹਵੀਂ ਕਲਾ ਤਕ ਦਾ ਵਿਕਾਸ ਅੰਸ਼ਾਵਤਾਰ ਅਖਵਾਉਂਦਾ ਹੈ ਅਤੇ ਸੋਲ੍ਹਵਾਂ ਕਲਾ-ਕੇਂਦਰ ਪੂਰਣ-ਅਵਤਾਰ ਦਾ ਕੇਂਦਰ ਹੈ। ਵੱਖ-ਵੱਖ ਧਾਰਮਿਕ ਸੰਪ੍ਰਦਾਵਾਂ ਨੇ ਆਪਣੀ ਭਾਵਨਾ ਅਤੇ ਸ਼ਰਧਾ ਅਨੁਸਾਰ ਅਵਤਾਰਾਂ ਨੂੰ ਪੂਰਣ ਅਤੇ ਅੰਸ਼ ਅਵਤਾਰਾਂ ਦੀਆਂ ਸ਼੍ਰੇਣੀਆਂ ਵਿਚ ਰਖਿਆ ਹੈ। ਇਸ ਲਈ ਅੰਸ਼ ਅਤੇ ਪੂਰਣ ਅਵਤਾਰ ਲਈ ਕੋਈ ਨਿਰ-ਧਾਰਿਤ ਗੁਣ ਨਹੀਂ, ਇਥੇ ਕੇਵਲ ਧਾਰਮਿਕ ਭਾਵਨਾ ਦਾ ਹੀ ਸਰੋਕਾਰ ਹੈ।

ਅਵਤਾਰਾਂ ਵਾਂਗ ਅੰਸ਼ਾਵਤਾਰਾਂ ਨੂੰ ਵੀ ਨਿਰਗੁਣ ਸਾਧਕਾਂ ਦੀ ਬਾਣੀ ਵਿਚ ਕੋਈ ਮਹੱਤਵ ਨਹੀਂ ਦਿੱਤਾ ਗਿਆ। ਗੁਰਬਾਣੀ ਵਿਚ ਅੰਸ਼ਾਵਤਾਰਾਂ ਨੂੰ ਪਰਮਾਤਮਾ ਦਾ ਭੇਦ ਪਾ ਸਕਣ ਦੇ ਅਸਮਰਥ ਦਸਦੇ ਹੋਇਆਂ ਇਨ੍ਹਾਂ ਨੂੰ ਹਉਮੈ-ਗ੍ਰਸਤ ਮੰਨਿਆ ਗਿਆ ਹੈ— 'ਅੰਸਾ ਅਵਤਾਰ ਉਪਾਇਓਨੁ ਭਾਉ ਦੂਜਾ ਕੀਆ।।ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ

ਭਿੜੀਆ ।/ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨੀ ਨ ਲਹੀਆ' (ਅ ਗ੍ਰੰ. 516) ।

ਅੰਗਦ : 'ਰਾਮਾਇਣ' ਦਾ ਇਕ ਬਾਂਦਰ ਪਾਤਰ ਜੋ ਤਾਰਾ ਦੀ ਕੁੱਖ ਤੋਂ ਕਿਸ਼ਕਿੰਧਾ ਦੇ ਰਾਜਾ ਬਾਲੀ ਦੇ ਘਰ ਪੈਦਾ ਹੋਇਆ । ਇਹ ਸੁਗ੍ਰੀਵ ਦਾ ਭਤੀਜਾ ਸੀ ਅਤੇ ਇਸ ਦੀ ਕੁਲ-ਪਰੰਪਰਾ ਬ੍ਰਹਮਾ ਨਾਲ ਜੁੜਦੀ ਹੈ । ਇਹ ਸ੍ਰੀ ਰਾਮ ਦੇ ਸੈਨਾ-ਦਲ ਵਿਚ ਸ਼ਾਮਲ ਹੋ ਕੇ ਰਾਵਣ ਵਿਰੁੱਧ ਲੜਿਆ ਸੀ । ਇਸ ਨੂੰ ਰਾਮ ਨੇ ਦੂਤ ਬਣਾ ਕੇ ਰਾਵਣ ਦੀ ਸਭਾ ਵਿਚ ਭੇਜਿਆ ਕਿ ਜਾਂ ਤਾਂ ਰਾਵਣ ਸੀਤਾ ਮੋੜ ਦੇਵੇ ਜਾਂ ਫਿਰ ਲੰਕਾ ਦਾ ਵਿਨਾਸ਼ ਕਰਾਉਣ ਲਈ ਤਿਆਰ ਹੋ ਜਾਏ । ਆਪਣੇ ਸੰਵਾਦ ਦੌਰਾਨ ਇਸ ਨੇ ਰਾਵਣ ਨੂੰ ਕਾਫ਼ੀ ਖਿਝਾ ਦਿੱਤਾ ਅਤੇ ਉਸ ਨੇ ਇਸ ਨੂੰ ਪਕੜਣ ਦਾ ਆਦੇਸ਼ ਦਿੱਤਾ । ਅੰਗਦ ਨੇ ਸਭਾ ਵਿਚ ਆਪਣਾ ਪੈਰ ਗੱਡ ਕੇ ਰਾਵਣ ਦੇ ਯੋਧਿਆਂ ਨੂੰ ਵੰਗਾਰਿਆ ਪਰ ਕੋਈ ਵੀ ਉਸ ਦੇ ਪੈਰ ਨੂੰ ਉਖਾੜ ਨਾ ਸਕਿਆ । ਅੰਤ ਸਭ ਨੂੰ ਆਪਣੇ ਬਲ ਦਾ ਪ੍ਰਦਰਸ਼ਨ ਦਿਖਾ ਕੇ ਇਹ ਰਾਮ ਜੀ ਪਾਸ ਮੁੜ ਆਇਆ ।

ਅੰਗਦ ਦੇਵ, ਗੁਰੂ : ਸਿੱਖ ਧਰਮ ਦੇ ਦੂਜੇ ਗੁਰੂ ਜਿਨ੍ਹਾਂ ਦਾ ਜਨਮ 31 ਮਾਰਚ, 1504 ਈ. (ਐਤਵਾਰ, ਵੈਸਾਖ ਵਦੀ ੧, 1561 ਬਿ.) ਨੂੰ ਮੱਤੇ ਦੀ ਸਰਾਂ (ਹੁਣ — ਨਾਗੇ ਦੀ ਸਰਾਂ—ਜ਼ਿਲਾ ਫ਼ਰੀਦਕੋਟ) ਵਿਚ ਫੇਰੂਮਲ ਖਤ੍ਰੀ (ਤ੍ਰੇਹਣ) ਦੇ ਘਰ ਮਾਤਾ ਦਇਆ ਕੌਰ ਦੀ ਕੁੱਖੋਂ ਹੋਇਆ । ਆਪ ਦਾ ਉਦੋਂ ਨਾਂ 'ਲਹਿਣਾ' ਸੀ । ਆਪ ਦਾ ਪਿਦਰੀ ਕਿੱਤਾ ਵਣਜ-ਵਪਾਰ ਸੀ ਅਤੇ ਇਸ਼ਟ-ਭਾਵਨਾ ਵਜੋਂ ਦੇਵੀ ਦੇ ਉਪਾਸਕ ਸਨ । ਆਪ ਦਾ ਵਿਆਹ ਸੰਨ 1519 ਈ. (ਸੰ. 1576 ਬਿ.) ਵਿਚ ਸੰਘਰ ਪਿੰਡ (ਖਡੂਰ ਸਾਹਿਬ ਨੇੜੇ) ਦੇ ਦੇਵੀ ਚੰਦ ਖਤ੍ਰੀ ਦੀ ਸੁਪੁੱਤਰੀ ਖੀਵੀ ਨਾਲ ਹੋਇਆ ਜਿਸ ਤੋਂ ਦੋ ਪੁੱਤਰ (ਦਾਤੂ ਅਤੇ ਦਾਸੂ) ਅਤੇ ਦੋ ਪੁੱਤਰੀਆਂ (ਅਮਰੋ ਅਤੇ ਅਣੋਖੀ) ਪੈਦਾ ਹੋਈਆਂ । ਸੰਨ 1526 ਈ. ਵਿਚ ਪਿਤਾ ਦੀ ਮ੍ਰਿਤੂ ਉਪਰੰਤ ਪਰਿਵਾਰ ਦਾ ਸਾਰਾ ਭਾਰ ਆਪ ਉਤੇ ਆ ਪਿਆ ।

ਪੜੋਸ ਵਿਚ ਰਹਿੰਦੇ ਜੋਧਾ ਨਾਂ ਦੇ ਇਕ ਸਿੱਖ ਤੋਂ 'ਜਪੁਜੀ' ਅਤੇ 'ਆਸਾ ਦੀ ਵਾਰ' ਦਾ ਪਾਠ ਸੁਣ ਕੇ ਆਪ ਬਹੁਤ ਪ੍ਰਭਾਵਿਤ ਹੋਏ ਅਤੇ ਇਨ੍ਹਾਂ ਬਾਣੀਆਂ ਦੇ ਰਚੈਤਾ ਦੇ ਦਰਸ਼ਨ ਦੀ ਪ੍ਰਬਲ ਤਾਂਘ ਪੈਦਾ ਹੋਣ ਲਗ ਪਈ । ਸੰਨ 1532 ਈ. (ਸੰ. 1589 ਬਿ.) ਨੂੰ ਪਰਿਵਾਰ ਸਹਿਤ ਜਵਾਲਾਮੁਖੀ ਦੀ ਯਾਤ੍ਰਾ ਕਰਨ ਦੌਰਾਨ ਕਰਤਾਰਪੁਰ ਗੁਰੂ ਨਾਨਕ ਦੇਵ ਦੇ ਦਰਸ਼ਨ ਕਰਨ ਲਈ ਰੁਕੇ । ਬਹੁਤ ਪ੍ਰਭਾਵਿਤ ਹੋਣ ਤੇ ਆਪ ਨੇ ਦੇਵੀ-ਪੂਜਾ ਦੀ ਬਿਰਤੀ ਛਡ ਦਿੱਤੀ ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮਿਕ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਵਿਚ ਹੀ ਆਪਣੀ ਮੁਕਤੀ ਸਮਝੀ । ਘਰ ਪਰਤਣ 'ਤੇ ਪਰਿਵਾਰ ਅਤੇ ਬਰਾਦਰੀ ਵਲੋਂ ਬਹੁਤ ਵਿਰੋਧ ਹੋਇਆ । ਫਲਸਰੂਪ ਆਪ ਘਰ ਬਾਰ ਛੱਡ ਕੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਰਹਿਣ ਲਈ ਕਰਤਾਰਪੁਰ ਆ ਗਏ । ਉਥੇ ਆਪ ਨੇ ਬਹੁਤ ਤਪੱਸਿਆ ਕੀਤੀ ਅਤੇ ਗੁਰੂ ਨਾਨਕ ਦੇਵ ਵਲੋਂ ਲਈ ਗਈ ਕਰੜੀ ਪਰੀਖਿਆ ਵਿਚ ਵੀ ਸਫਲ ਹੋਏ । ਫਿਰ ਆਪ ਖਡੂਰ ਸਾਹਿਬ ਨੂੰ ਪਰਤ ਆਏ । ਉਥੇ ਲੋਕਾਂ ਵਲੋਂ ਆਪ ਦਾ ਬਹੁਤ ਸਤਿਕਾਰ ਹੋਇਆ । ਕਾਲਾਂਤਰ ਵਿਚ ਗੁਰੂ ਨਾਨਕ ਦੇਵ ਖਡੂਰ

ਸਾਹਿਬ ਆਏ ਅਤੇ ਆਪ ਨੂੰ ਆਪਣੇ ਅੰਗ ਤੋਂ ਉਤਪੰਨ ਦਸ ਕੇ 'ਅੰਗਦ' ਨਾਂ ਘੋਸ਼ਿਤ ਕੀਤਾ।

ਖਡੂਰ ਸਾਹਿਬ ਤੋਂ ਗੁਰੂ ਨਾਨਕ ਦੇਵ ਆਪ ਨੂੰ ਕਰਤਾਰਪੁਰ ਲੈ ਆਏ ਅਤੇ ਸੰਨ 1539 ਈ. (17 ਹਾੜ, 1596 ਬਿ.) ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਸਮਾਉਣ ਉਪਰੰਤ ਆਪ ਉਸੇ ਸਾਲ 22 ਅਸੂ, 1596 ਬਿ. ਨੂੰ ਗੁਰੂ-ਗੱਦੀ ਉਤੇ ਬੈਠੇ ਅਤੇ ਕਰਤਾਰਪੁਰ ਛੱਡ ਕੇ ਖਡੂਰ ਸਾਹਿਬ ਆ ਗਏ। ਉਥੇ ਹੀ ਗੁਰੂ ਨਾਨਕ ਦੇਵ ਦੇ ਭਗਤੀ ਅੰਦੋਲਨ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਣ ਲਗੇ। ਇਕ ਵਾਰ ਆਪ ਦੀ ਸਪੁੱਤਰੀ ਬੀਬੀ ਅਮਰੋ ਤੋਂ ਗੁਰਬਾਣੀ ਦਾ ਪਾਠ ਸੁਣ ਕੇ ਉਸ ਦੇ ਸਹੁਰੇ ਦੇ ਭਰਾ ਅਮਰਦਾਸ ਭੱਲਾ ਖਤ੍ਰੀ, ਜੋ ਵੈਸ਼ਣਵ ਭਗਤ ਸਨ, ਬਹੁਤ ਪ੍ਰਭਾਵਿਤ ਹੋਏ। ਬੀਬੀ ਅਮਰੋ ਦੇ ਸਹਿਯੋਗ ਨਾਲ ਉਹ ਗੁਰੂ ਅੰਗਦ ਦੇਵ ਦੇ ਸਿੱਖ ਬਣੇ ਅਤੇ ਆਪਣੀ ਅਦੁੱਤੀ ਸੇਵਾ-ਸਾਧਨਾ ਰਾਹੀਂ ਆਪ ਤੋਂ ਬਾਦ ਗੱਦੀ ਉਤੇ ਬੈਠੇ— 'ਨਾਨਕ ਕੁਲਿ ਨਿੰਮਲੁ ਅਵਤਰਿਓ ਅੰਗਦ ਲਹਣੇ ਸੰਗਿ ਹੁਅ।ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ।' (ਅ. ਗ੍ਰੰ. 1395)। ਗੁਰੂ ਅੰਗਦ ਦੇਵ 29 ਮਾਰਚ, 1552 ਈ. (ਚੇਤ ਸੁਦੀ 4, 1609 ਬਿ.) ਨੂੰ ਖਡੂਰ ਸਾਹਿਬ ਵਿਚ 12 ਸਾਲ, 9 ਮਹੀਨੇ ਅਤੇ 17 ਦਿਨ ਗੁਰਗੱਦੀ ਉਤੇ ਬਿਰਾਜ ਕੇ ਜੋਤੀ-ਜੋਤਿ ਸਮਾਏ। ਆਪ ਜੀ ਦੀ ਕੁਲ ਆਯੂ 47 ਸਾਲ, 11 ਮਹੀਨੇ ਅਤੇ 29 ਦਿਨ ਸੀ।

ਗੁਰੂ ਅੰਗਦ ਦੇਵ ਕੇਵਲ ਤਪਸਵੀ ਅਤੇ ਨਾਮ-ਸਾਧਕ ਹੀ ਨਹੀਂ ਸਨ, ਸਗੋਂ ਸਮਾਜਿਕ ਕੰਮਾਂ, ਦੁੱਖੀਆਂ-ਬੀਮਾਰਾਂ ਦੇ ਇਲਾਜ ਅਤੇ ਸੇਵਾ ਵਿਚ ਵੀ ਬਹੁਤ ਰੁਚੀ ਲੈਂਦੇ ਸਨ। ਆਪ ਨੇ ਸਿੱਖ ਧਰਮ ਅੰਦੋਲਨ ਨੂੰ ਵਿਵਸਥਿਤ ਰੂਪ ਦੇਣ ਲਈ ਤਿੰਨ ਵਿਸ਼ੇਸ਼ ਕੰਮ ਕੀਤੇ। ਇਕ, ਪੰਜਾਬ ਵਿਚ ਪ੍ਰਚਲਿਤ ਕਈ ਨਾਮੁਕੰਮਲ ਲਿਪੀਆਂ ਨੂੰ ਸੋਧ ਕੇ 'ਗੁਰਮੁਖੀ' ਲਿਪੀ ਦਾ ਸੰਪਾਦਨ ਕੀਤਾ ਅਤੇ ਇਸ ਲਿਪੀ ਵਿਚ ਧਰਮ ਗ੍ਰੰਥ ਲਿਖਣ ਦੀ ਪ੍ਰੇਰਣਾ ਦਿੱਤੀ। ਦੋ, ਗੁਰੂ ਨਾਨਕ ਦੇਵ ਜੀ ਦੇ ਉਪਕਾਰਾਂ ਨੂੰ ਸੰਭਾਲਣ ਲਈ ਸਾਖੀਆਂ ਲਿਖਣ ਲਈ ਉਤਸਾਹਿਤ ਕੀਤਾ। ਤਿੰਨ, ਲੰਗਰ ਦੀ ਪ੍ਰਥਾ ਚਲਾ ਕੇ ਆਪਣੇ ਅਨੁਯਾਈਆਂ ਵਿਚ ਆਪਸੀ ਪ੍ਰੇਮ ਪੈਦਾ ਕੀਤਾ ਅਤੇ ਉਚ-ਨੀਚ ਦੀ ਭਾਵਨਾ ਨੂੰ ਖ਼ਤਮ ਕੀਤਾ। ਆਪ ਨੇ ਕੁਝ ਬਾਣੀ ਦੀ ਰਚਨਾ ਵੀ ਕੀਤੀ ਜੋ ਕੁਲ 63 ਸ਼ਲੋਕਾਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ (ਸਿਰੀ ਰਾਗ ਵਾਰ ਮ. ੪-2, ਮਾਝ ਵਾਰ ਮ. ੧-12, ਆਸਾ ਵਾਰ ਮ. ੧-15, ਸੋਰਠ ਵਾਰ, ਮ. ੪-1, ਸੂਹੀ ਵਾਰ ਮ. ੩-11, ਰਾਮਕਲੀ ਵਾਰ ਮ. ੩-7, ਮਾਰੂ ਵਾਰ ਮ. ੩-1, ਸਾਰੰਗ ਵਾਰ ਮ. ੪-9, ਮਲਾਰ ਵਾਰ ਮ. ੧-5)।

ਅੰਗਰਾ/ਅੰਗਿਰਾ, ਰਿਸ਼ੀ : ਇਕ ਵੈਦਿਕ ਰਿਸ਼ੀ ਜਿਸ ਨੇ ਰਿਗਵੇਦ ਦੀਆਂ ਕਈ ਰਿਚਾਵਾਂ (ਮੰਤ੍ਰਾਂ) ਦੀ ਰਚਨਾ ਕੀਤੀ। ਇਸ ਨੂੰ ਸੱਤ ਮਹਾਂਰਿਸ਼ੀਆਂ ਵਿਚ ਗਿਣਿਆ ਗਿਆ ਹੈ। ਇਸ ਦਾ ਨਾਂ ਦਸ ਪ੍ਰਜਾਪਤੀਆਂ ਵਿਚ ਵੀ ਸ਼ਾਮਲ ਕੀਤਾ ਜਾਂਦਾ ਹੈ। 'ਮਹਾਭਾਰਤ' (ਵਨ-ਪਰਵ) ਵਿਚ ਲਿਖਿਆ ਹੈ ਕਿ ਅੰਗਿਰਾ ਦੀ ਤਪਸਿਆ ਕਾਰਣ ਉਸਦੇ ਵਧਦੇ ਹੋਏ ਤੇਜ ਨੂੰ ਵੇਖ ਕੇ ਅਗਨੀ ਦੇਵਤਾ ਚਿੰਤਿਤ ਹੋ ਗਿਆ। ਉਸ ਨੂੰ ਲਗਿਆ

ਕਿ ਬ੍ਰਹਮਾ ਨੇ ਅੰਗਿਰਾ ਦੇ ਰੂਪ ਵਿਚ ਇਕ ਹੋਰ ਅਗਨੀ ਦੇਵਤਾ ਦੀ ਰਚਨਾ ਕੀਤੀ ਹੈ, ਇਸ ਲਈ ਉਸ ਨੂੰ ਹੀ ਅਗਨੀ-ਪਦ ਸੌਂਪ ਦਿੱਤਾ ਜਾਏ। ਪਰ ਅੰਗਿਰਾ ਨੇ ਅਗਨੀ ਦੇਵਤੇ ਨੂੰ ਆਪਣੀ ਇੱਛਾ ਪ੍ਰਗਟ ਕੀਤੀ ਕਿ ਉਸ ਨੂੰ ਉਹ ਆਪਣਾ ਪਹਿਲਾ ਪੁੱਤਰ ਮੰਨਣ, ਬਸ ਇਹੀ ਉਸ ਦੀ ਕਾਮਨਾ ਹੈ। ਅਗਨੀ ਦੇਵਤਾ ਨੇ ਅੰਗਿਰਾ ਦੀ ਗੱਲ ਮੰਨ ਲਈ। ਬਾਦ ਵਿਚ ਅੰਗਿਰਾ ਦਾ ਵਿਆਹ ਸ੍ਰੁਭਾ ਨਾਲ ਹੋਇਆ ਜਿਸ ਤੋਂ ਸੱਤ ਪੁੱਤਰ ਅਤੇ ਅੱਠ ਕੰਨਿਆਵਾਂ ਪੈਦਾ ਹੋਈਆਂ। ਕੁਝ ਪੁਰਾਤਨ ਗ੍ਰੰਥਾਂ ਵਿਚ ਇਸ ਨੂੰ ਬ੍ਰਹਮਾ ਦੇ ਮੁਖ ਤੋਂ ਜਨਮਿਆ ਮੰਨਿਆ ਗਿਆ ਹੈ। ਕੁਝ ਇਸ ਨੂੰ ਉਰੂ ਅਤੇ ਆਗਨੇਈ ਦੀ ਸੰਤਾਨ ਦਸਦੇ ਹਨ।

ਅੰਗਿਰਾ ਨੂੰ ਦੇਵਤਿਆਂ ਦਾ ਪੁਰੋਹਿਤ ਅਤੇ ਆਹੂਤੀ ਦਾ ਦੇਵਤਾ ਵੀ ਮੰਨਿਆ ਜਾਂਦਾ ਹੈ। ਇਸ ਨੇ ਦਕਸ਼ ਪ੍ਰਜਾਪਤੀ ਦੀਆਂ ਤਿੰਨ ਧੀਆਂ—ਸਮ੍ਰਿਤੀ, ਸ੍ਵਧਾ ਅਤੇ ਸੁਧਾ—ਅਤੇ ਕਰਦਮ ਦੀ ਧੀ ਨਾਲ ਵੀ ਵਿਆਹ ਕੀਤਾ ਸੀ। ਵੈਦਿਕ ਰਿਸ਼ੀ ਹੋਣ ਕਾਰਣ ਇਸ ਦੀ ਪੁਰਾਤਨ ਭਾਰਤੀ ਧਰਮ-ਸਾਹਿਤ ਵਿਚ ਇਕ ਗੰਭੀਰ ਵਿਦਵਾਨ ਵਜੋਂ ਪ੍ਰਤਿਸ਼ਠਾ ਹੋਈ ਹੈ। ਜਦੋਂ ਭੱਟ ਕਵੀ ਗੁਰੂ-ਦਰਬਾਰ ਵਿਚ ਹਾਜ਼ਰ ਹੋਏ ਤਾਂ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਜਸ ਨੂੰ ਸਵੈਯਾਂ ਵਿਚ ਗਾਇਆ। ਕਲ੍ਹ ਭੱਟ ਨੇ ਗੁਰੂ ਨਾਨਕ ਦੇਵ ਦਾ ਜਸ ਗਾਉਣ ਵਾਲੇ ਪੁਰਾਤਨ ਮਹਾਨ ਵਿਅਕਤੀਆਂ ਦੀ ਸੂਚੀ ਵਿਚ ਅੰਗਿਰਾ ਰਿਸ਼ੀ ਨੂੰ ਵੀ ਗਿਣਿਆ—'ਦੁਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥ ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ' (ਅ. ਗ੍ਰੰ. 1390)।

ਅੰਜੀਲ : ਵੇਖ 'ਇੰਜੀਲ', 'ਬਾਈਬਲ'।

ਅੰਜੁਲੀ : ਇਸ ਦਾ ਸ਼ਾਬਦਿਕ ਅਰਥ ਹੈ ਬੁੱਕ। ਪਰ ਇਸ ਦਾ ਧਾਰਮਿਕ ਭਾਵ ਪਾਣੀ ਦੀ ਉਸ ਚੁਲੀ ਤੋਂ ਹੈ ਜੋ ਦੇਵੀ-ਦੇਵਤਿਆਂ ਨਿਮਿਤ ਅਰਪਿਤ ਕੀਤੀ ਜਾਂਦੀ ਹੈ। ਇਸ ਦਾ ਸੰਬੰਧ ਮ੍ਰਿਤ ਮਨੁੱਖ ਦੀ ਅੰਤਿਮ ਕ੍ਰਿਆ ਨਾਲ ਵੀ ਹੈ ਕਿਉਂਕਿ ਹਿੰਦੂ ਧਰਮ ਵਿਚ ਮੁਰਦੇ ਦੇ ਦਾਹ-ਸੰਸਕਾਰ ਤੋਂ ਬਾਦ ਪਾਣੀ ਵਿਚ ਤਿਲ ਮਿਲਾ ਕੇ ਚੁਲੀਆਂ ਦੇਣ ਦੀ ਰੀਤ ਹੈ। ਮਰੇ ਹੋਏ ਵਿਅਕਤੀ ਨੂੰ ਅਗਲੇ ਜਨਮ ਵਿਚ ਇਸ ਦਾ ਲਾਭ ਹੁੰਦਾ ਹੈ। ਇਸ ਨੂੰ 'ਤਿਲਾਂਜਲੀ' ਵੀ ਕਿਹਾ ਜਾਂਦਾ ਹੈ।

ਅੰਜੁਲੀ ਦੀ ਰੀਤ ਨੂੰ ਵਿਅਰਥ ਅਤੇ ਭਾਵ-ਹੀਨ ਦਸ ਕੇ ਗੁਰੂ ਅਰਜਨ ਦੇਵ ਨੇ ਮਾਰੂ ਰਾਗ ਵਿਚ ਚਾਰ ਅੰਜੁਲੀਆਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਦੋ ਮਾਰੂ ਰਾਗ ਦੇ ਪਦਿਆਂ ਨਾਲ ਅਤੇ ਦੋ ਅਸ਼ਟਪਦੀਆਂ ਨਾਲ ਸੰਕਲਿਤ ਹਨ। ਪਹਿਲੀਆਂ ਦੋ ਅੰਜੁਲੀਆਂ ਵਿਚ ਗੁਰੂ ਜੀ ਨੇ ਮਨੁੱਖ ਨੂੰ ਅੰਜੁਲੀ ਰੂਪ ਵਿਚ ਪਰਮਾਤਮਾ ਅਗੇ ਅਰਪਿਤ ਹੋਣ ਦਾ ਉਪਦੇਸ਼ ਦਿੱਤਾ ਹੈ ਅਤੇ ਦੂਜੀਆਂ ਦੋ ਅੰਜੁਲੀਆਂ ਵਿਚ ਮਾਇਕ ਪ੍ਰਪੰਚ ਤੋਂ ਟੁੱਟ ਕੇ ਮਹਾ-ਮਿਲਨ ਦੇ ਨਿਸ਼ਾਨੇ ਵਲ ਵੱਧਣ ਲਈ ਜਿਗਿਆਸੂ ਨੂੰ ਪ੍ਰੇਰਣਾ ਦਿੱਤੀ ਹੈ।

ਅੰਡਜ : ਵੇਖ 'ਖਾਣੀਆਂ'।

ਅੰਡੇਮਾਨ : ਇਹ, ਅਸਲ ਵਿਚ, ਨਿੱਕੇ ਵੱਡੇ 204 ਟਾਪੂਆਂ ਦਾ ਇਕ ਸਮੂਹ ਹੈ ਜੋ ਬੰਗਾਲ ਦੀ ਖਾੜੀ ਵਿਚ ਹੁਗਲੀ ਦੇ ਮੁਹਾਨੇ (ਡੇਲਟੇ) ਤੋਂ ਲਗਭਗ 940 ਕਿ. ਮੀ.

ਫੁਟ ਸਥਿਤ ਹੈ। ਇਸ ਦੀ ਲੰਬਾਈ ਲਗਭਗ 350 ਕਿ. ਮੀ. ਅਤੇ ਚੌੜਾਈ 51 ਕਿ. ਮੀ. ਹੈ। ਇਸ ਦੇ ਦੱਖਣ ਵਿਚ 120 ਕਿ. ਮੀ. ਦੀ ਵਿਥ ਉਤੇ ਨਿਕੋਬਾਰ ਦੀਪ ਹੈ। ਅੰਡੇਮਾਨ ਦਾ ਮੁੱਖ ਭਾਗ ਪੰਜ ਵੱਡੇ ਟਾਪੂਆਂ ਦੇ ਮੇਲ ਨਾਲ ਬਣਿਆ ਹੋਇਆ ਹੈ। ਇਸ ਦੇ ਪੂਰਵੀ ਭਾਗ ਵਿਚ ਪੋਰਟ ਬਲੀਅਰ ਨਾਂ ਦਾ ਨਗਰ ਹੈ ਜੋ ਇਸ ਦੀ ਇਕ ਵੱਡੀ ਬੰਦਰ-ਗਾਹ ਅਤੇ ਰਾਜਧਾਨੀ ਹੈ। ਇਸ ਦਾ ਅਧਿਕਾਂਸ਼ ਇਲਾਕਾ ਪਹਾੜੀ ਹੈ ਅਤੇ ਕੁਦਰਤੀ ਨਜ਼ਾਰੇ ਬੜੇ ਮਨਮੋਹਕ ਹਨ। ਮੌਸਮ ਸਾਰਾ ਸਾਲ ਲਗਭਗ ਸਮਾਨ ਰਹਿੰਦਾ ਹੈ। ਜੰਗਲ ਬਹੁਤ ਅਧਿਕ ਹਨ। ਇਥੋਂ ਦੇ ਆਦਿ ਵਾਸੀ ਅਸਭਿ ਹਨ। ਇਹ ਭਾਵੇਂ ਇਕੋ ਨਸਲ ਦੇ ਹਨ ਪਰ ਇਨ੍ਹਾਂ ਵਿਚ ਭਾਸ਼ਾ, ਰਹਿਤਲ ਅਤੇ ਆਦਤਾਂ ਕਰ ਕੇ ਕਈ ਉਪਜਾਤੀਆਂ ਹਨ। ਤੀਰ ਕਮਾਨ ਇਨ੍ਹਾਂ ਦਾ ਮੁੱਖ ਹਥਿਆਰ ਹੈ।

ਅੰਗ੍ਰੇਜ਼ਾਂ ਦੇ ਰਾਜ ਵੇਲੇ ਜਿਨ੍ਹਾਂ ਭਾਰਤੀ ਕੈਦੀਆਂ ਨੂੰ ਜੀਵਨ ਭਰ ਜਾਂ ਲੰਬੀ ਕੈਦ ਦੀ ਸਜ਼ਾ ਦਿੱਤੀ ਜਾਂਦੀ ਸੀ, ਉਨ੍ਹਾਂ ਨੂੰ ਇਕ ਪ੍ਰਕਾਰ ਦਾ ਦੇਸ਼-ਨਿਕਾਲਾ ਦੇ ਕੇ ਅੰਡੇਮਾਨ ਦੇ ਟਾਪੂ ਵਿਚ ਕੈਦ ਕੀਤਾ ਜਾਂਦਾ ਸੀ ਜਿਸ ਨੂੰ ਆਮ ਲੋਕ ਕਾਲਾਪਾਣੀ ਜਾਂ ਕਾਲੇ-ਪਾਣੀ ਦੀ ਸਜ਼ਾ ਕਹਿੰਦੇ ਸਨ। ਇਸ ਦਾ ਹਵਾਲਾ ਸ਼ਾਹ ਮੁਹੰਮਦ ਕ੍ਰਿਤ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਵਿਚ ਆਇਆ ਹੈ—'ਸ਼ਾਹ ਮੁਹੰਮਦਾ ਜਮਿਆ ਅਲੀ ਅਕਬਰ, ਅਾਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ।' ਇਸ ਟਾਪੂ ਦੇ ਇਰਦ ਗਿਰਦ ਦਾ ਪਾਣੀ ਕਾਲੀ ਭਾ ਮਾਰਨ ਕਰਕੇ ਇਸ ਨੂੰ 'ਕਾਲਾ-ਪਾਣੀ' ਕਿਹਾ ਜਾਂਦਾ ਹੈ। ਇਥੇ ਕੈਦੀਆਂ ਦੀ ਨਿਗਰਾਨੀ ਲਈ ਫ਼ੌਜ ਵੀ ਰਖੀ ਜਾਂਦੀ ਸੀ ਅਤੇ ਜੰਗਲਾਂ ਨੂੰ ਸਾਫ਼ ਕਰਕੇ ਕੈਦੀਆਂ ਨੂੰ ਵਸਾਉਣ ਦਾ ਯਤਨ ਵੀ ਕੀਤਾ ਜਾਂਦਾ ਸੀ। ਇਥੇ ਅਧਿਕਤਰ ਅੰਗ੍ਰੇਜ਼ ਅਫ਼ਸਰ ਹੁੰਦੇ ਸਨ।

ਸੰਨ 1942 ਈ. ਵਿਚ ਇਸ ਉਤੇ ਜਾਪਾਨੀਆਂ ਦਾ ਕਬਜ਼ਾ ਹੋ ਗਿਆ ਪਰ ਜਾਪਾਨ ਦੀ ਹਾਰ ਤੋਂ ਬਾਦ ਇਸ ਨੂੰ ਅੰਗ੍ਰੇਜ਼ਾਂ ਨੇ ਵਾਪਸ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਸੁਤੰਤਰਤਾ ਤੋਂ ਬਾਦ ਭਾਰਤ ਦੇਸ਼ ਦਾ ਅੰਗ ਬਣ ਗਿਆ। ਇਸ ਦੀ ਅਧਿਕ ਪ੍ਰਸਿੱਧੀ ਇਸ ਕਾਰਣ ਹੈ ਕਿ ਭਾਰਤੀ ਸੁਤੰਤਰਤਾ ਦੀ ਲੜਾਈ ਵਿਚ ਕੈਦ ਕੀਤੇ ਗਏ ਉੱਘੇ ਦੇਸ਼ ਭਗਤਾਂ ਨੂੰ ਆਮ ਤੌਰ ਤੇ ਇਥੋਂ ਦੀ ਜੇਲ ਵਿਚ ਰਖਿਆ ਜਾਂਦਾ ਸੀ। ਇਨ੍ਹਾਂ ਵਿਚੋਂ ਅਧਿ-ਕਾਂਸ਼ ਪੰਜਾਬੀ ਅਤੇ ਸਿੱਖ ਸਨ। ਦੀਵਾਨ ਸਿੰਘ ਕਾਲੇਪਾਣੀ ਇਥੇ ਅੰਗ੍ਰੇਜ਼ ਸਰਕਾਰ ਵਲੋਂ ਡਾਕਟਰ ਨਿਯੁਕਤ ਸੀ। ਉਸ ਦੀ ਕਵਿਤਾ ਵਿਚ ਇਸ ਖੇਤਰ ਦੀ ਕਿਸੇ ਨਾ ਕਿਸੇ ਰੂਪ ਵਿਚ ਛਾਪ ਮੌਜੂਦ ਹੈ।

ਅੰਨਪੂਰਣਾ, ਦੇਵੀ : ਇਸ ਦਾ ਅਰਥ ਹੈ ਜੋ ਅੰਨ ਜਾਂ ਖਾਣ-ਪੀਣ ਦੇ ਪਦਾਰਥਾਂ ਨਾਲ ਪੂਰਣ ਹੋਵੇ। ਇਹ ਦੁਰਗਾ ਦੇਵੀ ਦੇ ਕੋਮਲ ਰੂਪ ਦੀ ਸੂਚਕ ਹੈ। ਇਸ ਦਾ ਭੰਡਾਰ ਅਖੁਟ ਮੰਨਿਆ ਗਿਆ ਹੈ। ਅਸਲ ਵਿਚ, ਇਹ ਧਨ ਅਤੇ ਅੰਨ ਨਾਲ ਭਰਪੂਰ ਕਰ ਦੇਣ ਵਾਲੀ ਇਕ ਦਾਨ-ਸ਼ੀਲ ਦੇਵੀ ਹੈ। ਇਹੀ ਕਾਰਣ ਹੈ ਕਿ ਪੁਰਾਣ-ਸਾਹਿੱਤ ਵਿਚ ਇਸ ਦੀ ਉਪਾਸਨਾ ਦਾ ਵਿਸ਼ੇਸ਼ ਮਹਾਤਮ ਦਸਿਆ ਗਿਆ ਹੈ। ਕਾਸ਼ੀ ਵਿਚ ਇਸ ਦਾ ਪ੍ਰਸਿੱਧ ਮੰਦਿਰ ਹੈ ਜਿਥੇ ਚੇਤ ਸੁਦੀ ਅੱਠਵੀਂ ਨੂੰ ਮੇਲਾ ਲਗਦਾ ਹੈ। ਵਿਸ਼ਵਾਸ ਹੈ ਕਿ ਕਾਸ਼ੀ ਵਿਚ ਇਸ ਦੇਵੀ ਦੇ ਮੰਦਿਰ ਹੋਣ ਕਾਰਣ ਉਥੇ ਕੋਈ ਭੁਖਾ ਨਹੀਂ ਮਰਦਾ। ਕੁਝ

ਵਿਦਵਾਨਾਂ ਨੇ ਇਸ ਦੀ ਤੁਲਨਾ ਰੋਮਨ ਦੀ 'ਅੰਨਾ ਪੇਰੇੱਨਾ' (Anna Perenna) ਦੇਵੀ ਨਾਲ ਕੀਤੀ ਹੈ। ਇਨ੍ਹਾਂ ਦੋਹਾਂ ਦੀਆਂ ਸਮਰਥਤਾਵਾਂ ਹੀ ਇਕ-ਸਮਾਨ ਨਹੀਂ, ਨਾਵਾਂ ਵਿਚ ਹੀ ਸ੍ਵਰਗਤ ਸਮਾਨਤਾ ਹੈ।

ਪੰਜਾਬੀ ਲੋਕ ਜੀਵਨ ਵਿਚ ਇਕ ਕਥਾ ਪ੍ਰਚਲਿਤ ਹੈ ਕਿ ਇਕ ਵਾਰ ਸ਼ਿਵ ਭਿਖਿਆ ਮੰਗਣ ਨਾ ਜਾ ਸਕਿਆ। ਪਹਿਲੀ ਬਚੀ ਭਿਖਿਆ ਨਾਲ ਹੀ ਉਸ ਨੇ ਪਰਿਵਾਰ ਦਾ ਕੰਮ ਚਲਾਇਆ। ਪਰ ਆਪ ਅਤੇ ਪਾਰਬਤੀ ਭੁਖੇ ਹੀ ਰਹੇ। ਨਾਰਦ ਨੇ ਆ ਕੇ ਦੋਹਾਂ 'ਤੇ ਵਿਅੰਗ ਕੀਤਾ। ਪਾਰਬਤੀ ਸ਼ਿਵ ਨਾਲ ਇਤਨੀ ਵਿਗੜੀ ਕਿ ਅਗਲੇ ਦਿਨ ਜਦੋਂ ਸ਼ਿਵ ਭਿਖਿਆ ਮੰਗਣ ਗਿਆ ਤਾਂ ਪਾਰਬਤੀ ਪੇਕੇ ਤੁਰ ਗਈ। ਰਸਤੇ ਵਿਚ ਫਿਰ ਨਾਰਦ ਮਿਲਿਆ ਅਤੇ ਉਸ ਨੂੰ ਸਮਝਾਇਆ ਕਿ ਤੂੰ ਜਲਦੀ ਨਾਲ ਸ਼ਿਵ ਤੋਂ ਪਹਿਲਾਂ ਹੀ ਭਿਖਿਆ ਮੰਗ ਲਿਆ। ਉਸ ਇਵੇਂ ਕੀਤਾ। ਫਲਸਰੂਪ ਸ਼ਿਵ ਨੂੰ ਕਿਸੇ ਭਿਖਿਆ ਨਾ ਦਿੱਤੀ ਅਤੇ ਉਹ ਖ਼ਾਲੀ ਘਰ ਪਰਤਿਆ। ਅਗੋਂ ਪਾਰਬਤੀ ਨੇ ਉਸ ਨੂੰ ਕਾਫ਼ੀ ਖਾਣ-ਪੀਣ ਨੂੰ ਦਿੱਤਾ। ਉਸ ਨੇ ਪਾਰਬਤੀ ਨੂੰ ਖੁਸ਼ ਹੋ ਕੇ 'ਅੰਨ-ਪੂਰਣਾ' ਕਿਹਾ। ਉਦੋਂ ਤੋਂ ਹੀ ਇਹ ਨਾਂ ਪਾਰਬਤੀ ਨਾਲ ਪ੍ਰਸਿੱਧ ਹੋ ਗਿਆ। ਹਿੰਦੂ ਧਰਮ ਵਿਚ ਇਸ ਦੇਵੀ ਦੀ ਪੂਜਾ ਦਾ ਇਹ ਮਹਾਤਮ ਦਸਿਆ ਜਾਂਦਾ ਹੈ ਕਿ ਇਸ ਦੀ ਪੂਜਾ ਨਾਲ ਕੋਈ ਭੁਖਾ ਨਹੀਂ ਰਹਿੰਦਾ ਜਾਂ ਉਸ ਦੇ ਘਰ ਧਨ ਅਤੇ ਅੰਨ ਦੀ ਕਦੇ ਘਾਟ ਨਹੀਂ ਰਹਿੰਦੀ।

ਅੰਬਰੀਸ਼, ਰਾਜਾ : ਅਯੋਧਿਆ ਦਾ ਇਕ ਸੂਰਜਵੰਸ਼ੀ ਪ੍ਰਤਾਪੀ ਰਾਜਾ ਜੋ ਇਕਸ਼੍ਵਾਕੁ ਦੀ ਅਠਾਈਵੀਂ ਪੀੜ੍ਹੀ ਵਿਚ ਹੋਇਆ। ਮਹਾਭਾਰਤ, ਭਾਗਵਤ ਪੁਰਾਣ ਅਤੇ ਹਰਿਵੰਸ਼ ਪੁਰਾਣ ਅਨੁਸਾਰ ਇਹ ਨਾਭਾਗ ਦਾ ਪੁੱਤਰ ਸੀ ਪਰ 'ਬਾਲਮੀਕੀ ਰਾਮਾਇਣ' ਅਨੁਸਾਰ ਇਹ ਪ੍ਰਸ਼ੁਸ਼੍ਰਕ ਦਾ ਪੁੱਤਰ ਸੀ। ਰਾਮਾਇਣ ਪਰੰਪਰਾ ਅਨੁਸਾਰ ਜਦੋਂ ਅੰਬਰੀਸ਼ ਯੱਗ ਕਰ ਰਿਹਾ ਸੀ ਤਾਂ ਇੰਦਰ ਨੇ ਬਲੀ ਦਿੱਤੇ ਜਾਣ ਵਾਲਾ ਪਸ਼ੂ ਚੁਰਾ ਲਿਆ। ਪੁਰੋਹਿਤ ਦੇ ਦਸਣ ਤੇ ਕਿ ਨਸ਼ਟ ਹੋਏ ਯੱਗ ਦਾ ਪ੍ਰਾਸਚਿਤ ਮਨੁੱਖ ਦੀ ਬਲੀ ਰਾਹੀਂ ਹੀ ਹੋ ਸਕਦਾ ਹੈ, ਤਾਂ ਰਾਜੇ ਨੇ ਰਿਸ਼ੀ ਰਿਚੀਕ ਤੋਂ ਉਸ ਦੇ ਛੋਟੇ ਪੁੱਤਰ, ਸ਼ੁਨ : ਸ਼ੇਪ, ਨੂੰ ਖ਼ਰੀਦ ਲਿਆ ਪਰ ਵਿਸ਼ਵਾਮਿਤਰ ਨੇ ਜੁਗਤ ਨਾਲ ਬਾਲਕ ਨੂੰ ਬਚਾ ਲਿਆ।

ਪੁਰਾਣਾਂ ਵਿਚ ਇਸ ਨੂੰ ਵਿਸ਼ਣੂ ਦਾ ਭਗਤ ਦਸਿਆ ਗਿਆ ਹੈ। ਇਸੇ ਕਰਕੇ ਵਿਸ਼ਣੂ ਦੇ ਸੁਦਰਸ਼ਨ ਚੱਕਰ ਨੇ ਦੁਰਬਾਸਾ ਰਿਸ਼ੀ ਦਾ ਪਿਛਾ ਕੀਤਾ ਸੀ। 'ਭਾਗਵਤ ਪੁਰਾਣ' (9/4, 5) ਅਨੁਸਾਰ ਕਥਾ ਇਉਂ ਹੈ ਕਿ ਇਕ ਵਾਰ ਰਾਜੇ ਨੇ ਇਕਾਦਸ਼ੀ ਦਾ ਵਰਤ ਰਖਿਆ ਹੋਇਆ ਸੀ। ਵਰਤ ਦੇ ਸਮਾਪਤ ਹੋਣ ਵੇਲੇ ਦੁਰਬਾਸਾ ਰਿਸ਼ੀ ਉਥੇ ਆ ਗਿਆ। ਰਾਜੇ ਨੇ ਰਿਸ਼ੀ ਨੂੰ ਭੋਜਨ ਕਰਨ ਲਈ ਕਿਹਾ। ਰਿਸ਼ੀ ਇਸ਼ਨਾਨ ਕਰਕੇ ਆਉਣ ਉਪਰੰਤ ਭੋਜਨ ਕਰਨ ਲਈ ਮੰਨਿਆ। ਕਾਫ਼ੀ ਦੇਰ ਹੋਣ 'ਤੇ ਜਦੋਂ ਰਿਸ਼ੀ ਨਾ ਪਰਤਿਆ ਤਾਂ ਵਰਤ ਦਾ ਸਮਾਂ ਪੂਰਾ ਹੋ ਜਾਣ ਕਾਰਣ ਪੁਰੋਹਿਤਾਂ ਦੇ ਕਹਿਣ 'ਤੇ ਰਾਜੇ ਨੇ ਕੇਵਲ ਜਲ ਗ੍ਰਹਿਣ ਕਰ ਲਿਆ। ਇਸ਼ਨਾਨ ਕਰਨ ਉਪਰੰਤ ਜਦੋਂ ਰਿਸ਼ੀ ਪਰਤਿਆ ਤਾਂ ਉਸ ਨੇ ਅਤਿਥੀ ਦੀ ਮਰਯਾਦਾ ਨੂੰ ਤੋੜਨ ਕਰਕੇ ਰਾਜੇ ਨੂੰ ਮਾਰਨ ਲਈ ਆਪਣੀ ਜਟਾ ਦੀ ਇਕ ਲਿਟ ਪੁਟ ਕੇ ਉਸ ਤੋਂ ਤੇਜਸਵੀ ਪੁਰਸ਼ ਪੈਦਾ ਕੀਤਾ। ਜਦ ਉਹ ਪੁਰਸ਼

ਰਾਜੇ ਨੂੰ ਤਲਵਾਰ ਨਾਲ ਮਾਰਨ ਲਗਾ ਤਾਂ ਵਿਸ਼ਣੂ ਦੇ ਸੁਦਰਸ਼ਨ ਚੱਕਰ ਨੇ ਉਸ ਨੂੰ ਨਸ਼ਟ ਕਰ ਦਿੱਤਾ ਅਤੇ ਦੁਰਬਾਸਾ ਦੇ ਪਿਛੇ ਲਗ ਗਿਆ। ਦੁਰਬਾਸਾ ਸਹਾਇਤਾ ਲਈ ਬ੍ਰਹਮਾ, ਸ਼ਿਵ, ਵਿਸ਼ਣੂ ਆਦਿ ਦੇਵਤਿਆਂ ਪਾਸ ਗਿਆ। ਵਿਸ਼ਣੂ ਦੇ ਸੁਝਾਉ 'ਤੇ ਦੁਰਬਾਸਾ ਅੰਬਰੀਸ਼ ਰਾਜੇ ਦੀ ਸ਼ਰਨ ਵਿਚ ਆਇਆ ਅਤੇ ਰੱਖਿਆ ਲਈ ਪ੍ਰਾਰਥਨਾ ਕੀਤੀ। ਰਾਜੇ ਨੇ ਸੁਦਰਸ਼ਨ ਚੱਕਰ ਦੀ ਉਸਤਤ ਕਰਕੇ ਰਿਸ਼ੀ ਨੂੰ ਬਚਾਇਆ। ਅਧਿਆਤਮਿਕ ਕਾਵਿ ਵਿਚ ਪਰਮਾਤਮਾ ਨੂੰ ਭਗਤ ਰੱਖਿਅਕ ਸਿੱਧ ਕਰਨ ਲਈ ਇਸ ਕਥਾ-ਪ੍ਰਸੰਗ ਦਾ ਉੱਲੇਖ ਕੀਤਾ ਜਾਂਦਾ ਹੈ। ਜਿਵੇਂ ਮਾਰੂ ਰਾਗ ਵਿਚ ਨਾਮ ਦੇਵ ਦਾ ਕਥਨ ਹੈ –'ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ' (ਅ. ਗ੍ਰੰ. 1105)। ਭਾਈ ਗੁਰਦਾਸ ਅਨੁਸਾਰ—'ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ' (1/10)।

'ਲਿੰਗ ਪੁਰਾਣ' ਵਿਚ ਇਕ ਹੋਰ ਕਥਾ ਲਿਖੀ ਹੈ ਕਿ ਅੰਬਰੀਸ਼ ਦੀ ਸੁੰਦਰੀ ਨਾਂ ਦੀ ਪੁੱਤਰੀ, ਜੋ ਲੱਛਮੀ ਦਾ ਅਵਤਾਰ ਮੰਨੀ ਜਾਂਦੀ ਸੀ, ਨੂੰ ਵੇਖ ਕੇ ਪਰਬਤ ਅਤੇ ਨਾਰਦ ਰਿਸ਼ੀ ਮੋਹਿਤ ਹੋ ਗਏ। ਰਾਜੇ ਤੋਂ ਜਦੋਂ ਉਨ੍ਹਾਂ ਨੇ ਕੰਨਿਆ-ਦਾਨ ਮੰਗਿਆ ਤਾਂ ਉਸ ਨੇ ਕਿਹਾ ਕਿ ਜਿਸ ਨੂੰ ਸੁੰਦਰੀ ਪਸੰਦ ਕਰੇ, ਉਸੇ ਨੂੰ ਵਿਆਹ ਦਿਆਂਗਾ। ਪਰਸਪਰ ਸ਼ਾਰਬਾਜ਼ੀ ਕਰਕੇ ਦੋਹਾਂ ਨੇ ਇਕ ਦੂਜੇ ਲਈ ਬੰਦਰ ਦੀ ਸ਼ਕਲ ਵਾਲਾ ਬਣਾ ਦੇਣ ਦੀ ਵਿਸ਼ਣੂ ਅਗੇ ਪ੍ਰਾਰਥਨਾ ਕੀਤੀ। ਦੋਹਾਂ ਦੀ ਬੰਦਰ ਵਾਲੀ ਸ਼ਕਲ ਵੇਖ ਕੇ ਸੁੰਦਰੀ ਭੈਭੀਤ ਹੋ ਗਈ ਅਤੇ ਉਸ ਨੇ ਉਨ੍ਹਾਂ ਵਿਚੋਂ ਕਿਸੇ ਨੂੰ ਨਾ ਵਰ ਕੇ ਅੰਤ ਵਿਚ ਵਰਮਾਲਾ ਵਿਸ਼ਣੂ ਦੇ ਗਲੇ ਵਿਚ ਪਾ ਦਿੱਤੀ। ਰਿਸ਼ੀਆਂ ਨੇ ਕ੍ਰੋਧਵਾਨ ਹੋ ਕੇ ਅੰਬਰੀਸ਼ ਨੂੰ ਅੰਧਕਾਰ ਵਿਚ ਘਿਰੇ ਰਹਿਣ ਦਾ ਸਰਾਪ ਦਿੱਤਾ। ਵਿਸ਼ਣੂ ਨੇ ਸੁਦਰਸ਼ਨ ਚੱਕਰ ਨਾਲ ਅੰਧਕਾਰ ਨੂੰ ਖ਼ਤਮ ਕੀਤਾ। ਚੱਕਰ ਨੇ ਰਿਸ਼ੀਆਂ ਦਾ ਉਦੋਂ ਤਕ ਪਿਛਾ ਕੀਤਾ ਜਦ ਤਕ ਉਨ੍ਹਾਂ ਨੇ ਰਾਜਾ ਅੰਬਰੀਸ਼ ਤੋਂ ਖਿਮਾ ਨਾ ਮੰਗੀ।

'ਬਾਲਮੀਕੀ ਰਾਮਾਇਣ' (ਬਾਲ ਕਾਂਡ) ਅਤੇ 'ਲਿੰਗ ਪੁਰਾਣ' (2/5-6) ਅਨੁਸਾਰ ਅੰਬਰੀਸ਼ ਅਤੇ ਹਰਿਸ਼ਚੰਦਰ ਇਕੋ ਵਿਅਕਤੀ ਸਿੱਧ ਹੁੰਦੇ ਹਨ।

ਅੰਬਾ : 'ਮਹਾਭਾਰਤ' ਅਨੁਸਾਰ ਇਹ ਕਾਸ਼ੀ ਦੇ ਰਾਜੇ ਇੰਦ੍ਰਦ੍ਯੁਮਨ ਦੀ ਸਭ ਤੋਂ ਵੱਡੀ ਪੁੱਤਰੀ ਸੀ। ਇਹ ਰਾਜਾ ਸ਼ਾਲਵ ਨਾਲ ਵਿਆਹ ਕਰਨਾ ਚਾਹੁੰਦੀ ਸੀ। ਪਰ ਭੀਸ਼ਮ ਪਿਤਾਮਾ ਨੇ ਇਸ ਨੂੰ ਆਪਣੀਆਂ ਹੋਰ ਦੋਹਾਂ ਭੈਣਾਂ (ਅੰਬਿਕਾ ਅਤੇ ਅੰਬਾਲਿਕਾ) ਸਮੇਤ ਆਪਣੇ ਭਰਾ ਵਿਚਿਤ੍ਰਵੀਰਯ ਲਈ ਸੁਅੰਬਰ ਵਿਚੋਂ ਜਿੱਤ ਲਿਆਉਂਦਾ ਸੀ। ਜਦੋਂ ਭੀਸ਼ਮ ਨੂੰ ਅੰਬਾ ਦੀ ਇੱਛਾ ਦਾ ਪਤਾ ਲਗਾ ਤਾਂ ਉਸ ਨੇ ਅੰਬਾ ਨੂੰ ਰਾਜੇ ਪਾਸ ਭੇਜ ਦਿੱਤਾ ਪਰ ਸ਼ਾਲਵ ਨੇ ਇਸ ਨੂੰ ਗ੍ਰਹਿਣ ਨਾ ਕੀਤਾ। ਭੀਸ਼ਮ ਤੋਂ ਬਦਲਾ ਲੈਣ ਲਈ ਇਸ ਨੇ ਤਪੱਸਿਆ ਕਰਕੇ ਸ਼ਿਵ ਨੂੰ ਪ੍ਰਸੰਨ ਕੀਤਾ ਅਤੇ ਆਤਮ-ਦਾਹ ਕਰ ਲਿਆ। ਸ਼ਿਵ ਦੇ ਵਰਦਾਨ ਨਾਲ ਅਗਲੇ ਜਨਮ ਵਿਚ ਇਹ ਸ਼ਿਖੰਡੀ ਦੇ ਰੂਪ ਵਿਚ ਦ੍ਰੁਪਦ ਦੇ ਘਰ ਜੰਮੀ ਅਤੇ ਇਕ ਯਕਸ਼ ਦੀ ਕ੍ਰਿਪਾ ਕਰਕੇ ਮਰਦ ਦੇ ਰੂਪ ਵਿਚ ਬਦਲ ਗਈ। ਫਲਸਰੂਪ ਮਹਾਭਾਰਤ ਦੇ ਯੁੱਧ ਵਿਚ ਭੀਸ਼ਮ ਦੀ ਮ੍ਰਿਤੂ ਦਾ ਕਾਰਣ ਬਣੀ। ਜਦੋਂ ਭੀਸ਼ਮ ਅਰਜੁਨ

ਨਾਲ ਯੁੱਧ ਕਰਨ ਲਈ ਨਿਤਰਿਆ ਤਾਂ ਸ਼੍ਰੀ ਕ੍ਰਿਸ਼ਣ ਦੀ ਨੀਤਰੱਤਾ ਕਰਕੇ ਸ਼ਿਖੰਡੀ ਅਰਜੁਨ ਅਗੇ ਆ ਖੜ੍ਹਤੀ। ਭੀਸ਼ਮ ਨੇ ਉਸ ਨੂੰ ਇਸਤਰੀ ਸਮਝ ਕੇ ਵਾਰ ਨਾ ਕੀਤਾ। ਇਤਨੀ ਦੇਰ ਵਿਚ ਅਰਜੁਨ ਨੇ ਭੀਸ਼ਮ ਨੂੰ ਬਾਣਾਂ ਨਾਲ ਵਿੰਨ੍ਹ ਦਿੱਤਾ। ਆਖਿਰ ਵਿਚ ਸ਼ਿਖੰਡੀ ਨੇ ਤੀਰ ਚਲਾ ਕੇ ਭੀਸ਼ਮ ਨੂੰ ਰਣ-ਭੂਮੀ ਵਿਚ ਡਿਗਾ ਦਿੱਤਾ। ਇਸ ਤਰ੍ਹਾਂ ਇਸ ਨੇ ਭੀਸ਼ਮ ਤੋਂ ਬਦਲਾ ਲੈ ਲਿਆ। ਇਸ ਨੂੰ ਅਸ਼੍ਵੱਥਾਮਾ ਨੇ ਮਹਾਭਾਰਤ ਦੇ ਯੁੱਧ ਦੀ ਆਖੀਰਲੀ ਰਾਤ ਨੂੰ ਪਾਂਡਵਾਂ ਦੇ ਤੰਬੂਆਂ ਤੇ ਹਮਲਾ ਕਰਕੇ ਮਾਰ ਦਿੱਤਾ। ਪੰਜਾਬੀ ਰਾਮ-ਕਾਵਿ ਵਿਚ ਇਸ ਦਾ ਉੱਲੇਖ ਹੋਇਆ ਹੈ।

ਅੰਬਾਲਿਕਾ : ਪਾਂਡੂ ਦੀ ਮਾਤਾ ਅਤੇ ਅੰਬਿਕਾ ਦੀ ਭੈਣ। ਵੇਖੋ 'ਅੰਬਿਕਾ'।

ਅੰਬਿਕਾ : 'ਮਹਾਭਾਰਤ' ਅਨੁਸਾਰ ਕਾਸ਼ੀ ਦੇ ਰਾਜਾ ਇੰਦ੍ਰ ਦੁਯਮਨ ਦੀਆਂ ਤਿੰਨ ਪੁੱਤਰੀਆਂ ਸਨ —ਅੰਬਾ, ਅੰਬਿਕਾ ਅਤੇ ਅੰਬਾਲਿਕਾ। ਭੀਸ਼ਮ ਪਿਤਾਮਾ ਨੇ ਆਪਣੇ ਭਰਾ ਵਿਚਿਤ੍ਰਵੀਰਯ ਲਈ ਤਿੰਨਾਂ ਨੂੰ ਸੁਅੰਬਰ ਵਿਚੋਂ ਜਿੱਤ ਲਿਆਉਂਦਾ। ਸ਼ਾਲਵ ਨਾਲ ਪ੍ਰੇਮ ਹੋਣ ਕਾਰਣ ਅੰਬਾ (ਵੇਖੋ) ਨੇ ਵਿਆਹ ਨਾ ਕੀਤਾ ਅਤੇ ਆਪਣੇ ਤਪ ਦੇ ਬਲ ਨਾਲ ਭੀਸ਼ਮ ਤੋਂ ਬਦਲਾ ਲੈਣ ਲਈ ਦ੍ਰੁਪਦ ਦੇ ਘਰ ਸ਼ਿਖੰਡੀ ਦੇ ਰੂਪ ਵਿਚ ਪ੍ਰਗਟ ਹੋਈ।

ਅੰਬਿਕਾ ਨੇ ਵਿਚਿਤ੍ਰਵੀਰਯ ਨਾਲ ਵਿਆਹ ਕੀਤਾ ਪਰ ਕੋਈ ਸੰਤਾਨ ਨਾ ਹੋਈ। ਵਿਚਿਤ੍ਰਵੀਰਯ ਦੇ ਮਰਨ ਉਪਰੰਤ ਵਿਆਸ ਰਿਸ਼ੀ ਨੇ ਇਸ ਤੋਂ ਨਿਯੋਗ ਰੀਤੀ ਨਾਲ ਧ੍ਰਿਤਰਾਸ਼ਟਰ ਪੈਦਾ ਕੀਤਾ ਜੋ ਦੁਰਯੋਧਨ ਦਾ ਪਿਤਾ ਸੀ। ਅੰਬਾਲਿਕਾ ਦੀ ਵੀ ਕੋਈ ਸੰਤਾਨ ਨਹੀਂ ਸੀ। ਉਸ ਤੋਂ ਵੀ ਵਿਚਿਤ੍ਰਵੀਰਯ ਦੇ ਮਰਨ ਤੋਂ ਬਾਦ ਵਿਆਸ ਨੇ ਨਿਯੋਗ ਢੰਗ ਨਾਲ ਪਾਂਡੂ ਪੈਦਾ ਕੀਤਾ ਜਿਸ ਤੋਂ ਪਾਂਡਵਾਂ ਦਾ ਵਿਕਾਸ ਹੋਇਆ।

ਅੰਬ੍ਰੀਕ : ਵੇਖੋ 'ਅੰਬਰੀਸ਼, ਰਾਜਾ'।

ਅੰਭੀ, ਰਾਜਾ : ਅਟਕ ਅਤੇ ਜੇਹਲਮ ਨਦੀਆਂ ਦੇ ਵਿਚਲੇ ਇਲਾਕੇ ਦਾ ਰਾਜਾ ਜਿਸ ਦੀ ਰਾਜਧਾਨੀ ਟੈਕਸਲਾ (ਤਕਸ਼ਸ਼ਿਲਾ) ਸੀ। ਇਹ ਸਿਕੰਦਰ ਦਾ ਸਮਕਾਲੀ ਸੀ। ਜਦੋਂ ਸਿਕੰਦਰ ਨੇ ਸਿੰਧ (ਅਟਕ) ਨਦੀ ਪਾਰ ਕੀਤੀ, ਤਾਂ ਰਾਜਾ ਅੰਭੀ ਨੇ ਉਸ ਪ੍ਰਤਿ ਮਿੱਤਰਤਾ ਦਾ ਪ੍ਰਗਟਾਵਾ ਕਰਕੇ ਉਸ ਦਾ ਟੈਕਸਲਾ ਵਿਚ ਸਵਾਗਤ ਕੀਤਾ। ਅੰਭੀ ਨੇ ਬਹੁਤ ਸਾਰੀਆਂ ਕੀਮਤੀ ਵਸਤੂਆਂ, ਸੋਨਾ, ਚਾਂਦੀ, ਭੇਡਾਂ, ਬਲਦ ਤੋਹਫ਼ੇ ਵਜੋਂ ਭੇਂਟ ਕੀਤੇ। ਸਿਕੰਦਰ ਨੇ ਉਨ੍ਹਾਂ ਵਸਤੂਆਂ ਨਾਲ ਕਈ ਹੋਰ ਵਸਤੂਆਂ ਰਲਾ ਕੇ ਅੰਭੀ ਨੂੰ ਪਰਤਾਈਆਂ। ਦੋਹਾਂ ਦੀ ਮਿੱਤਰਤਾ ਦੇ ਫਲਸਰੂਪ ਅੰਭੀ ਨੂੰ ਆਪਣੇ ਇਲਾਕੇ ਦਾ ਅਧਿਕਾਰੀ ਬਣਿਆ ਰਹਿਣ ਦਿੱਤਾ ਗਿਆ। ਅੰਭੀ ਨੇ ਆਪਣੇ ਪੰਜਾਹ ਹਜ਼ਾਰ ਸੈਨਿਕ ਸਹਾਇਤਾ ਲਈ ਸਿਕੰਦਰ ਦੇ ਨਾਲ ਤੋਰੇ। ਸਿਰੀ ਰਾਮ 'ਅਰਸ਼' ਨੇ ਆਪਣੀ ਕਵਿਤਾ ਵਿਚ ਇਸ ਦਾ ਹਵਾਲਾ ਵਰਤਿਆ ਹੈ।

ਅੰਮ੍ਰਿਤ-1 (ਰਸ) : ਸੰਸਕ੍ਰਿਤ ਮੂਲ ਦੇ ਇਸ ਸ਼ਬਦ ਤੋਂ ਭਾਵ ਹੈ ਉਹ ਤਰਲ ਪਦਾਰਥ ਜਿਸ ਨੂੰ ਪਾਨ ਕਰਨ ਨਾਲ ਮ੍ਰਿਤੂ ਨਹੀਂ ਹੁੰਦੀ ਜਾਂ ਮ੍ਰਿਤੂ ਦਾ ਡਰ ਖ਼ਤਮ ਹੋ ਜਾਂਦਾ ਹੈ। ਇਸ ਸ਼ਬਦ ਦੀ ਵਰਤੋਂ ਭਾਵੇਂ 'ਰਿਗਵੇਦ' ਵਿਚ ਹੋਈ ਮਿਲ ਜਾਂਦੀ ਹੈ, ਪਰ ਇਸ ਦੀ ਪਰਿਭਾਸ਼ਿਕ ਸ਼ਬਦ ਵਜੋਂ ਵਰਤੋਂ 'ਮਹਾਭਾਰਤ' ਅਤੇ ਪੁਰਾਣ-ਕਾਲ ਤੋਂ ਸ਼ੁਰੂ ਹੁੰਦੀ ਹੈ।

'ਮਹਾਭਾਰਤ' ਵਿਚ ਅੰਮ੍ਰਿਤ ਦੀ ਉਤਪੱਤੀ ਦੇ ਸੰਬੰਧ ਵਿਚ ਲਿਖਿਆ ਹੈ ਕਿ ਜਦੋਂ ਪ੍ਰਿਥੂ ਰਾਜੇ ਤੋਂ ਡਰਦੀ ਧਰਤੀ ਨੇ ਗਊ ਦਾ ਰੂਪ ਧਾਰਣ ਕਰ ਲਿਆ ਤਾਂ ਦੇਵਤਿਆਂ ਨੇ ਇੰਦਰ ਨੂੰ ਵੱਛਾ ਬਣਾ ਕੇ ਉਸ ਗਊ ਦਾ ਅੰਮ੍ਰਿਤ ਤੁਲ ਦੁੱਧ ਸੋਨੇ ਦੇ ਪਾਤਰ ਵਿਚ ਚੋਇਆ। ਪਰ ਦੁਰਬਾਸਾ ਰਿਸ਼ੀ ਦੇ ਸਰਾਪ ਕਾਰਣ ਉਹ ਅੰਮ੍ਰਿਤ ਸਮੁੰਦਰ ਵਿਚ ਚਲਾ ਗਿਆ। ਕਾਲਾਂਤਰ ਵਿਚ ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਸਮੁੰਦਰ ਨੂੰ ਰਿੜਕਿਆ ਤਾਂ ਉਸ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚ ਇਕ 'ਅੰਮ੍ਰਿਤ' ਵੀ ਸੀ ਜਿਸ ਨੂੰ ਕਲਸ ਵਿਚ ਪਾਏ ਹੋਇਆਂ ਧਨਵੰਤਰੀ ਬਾਹਿਰ ਆਇਆ। ਦੈਂਤ ਉਸ ਤੋਂ ਅੰਮ੍ਰਿਤ ਦਾ ਕਲਸ ਖੋਹ ਕੇ ਭਜ ਪਏ। ਵਿਸ਼ਣੂ ਨੂੰ ਇਹ ਇਛਿਤ ਨਹੀਂ ਸੀ ਕਿਉਂਕਿ ਜੇ ਦੈਂਤਾਂ ਨੇ ਅੰਮ੍ਰਿਤ ਪਾਨ ਕਰ ਲਿਆ ਤਾਂ ਉਹ ਅਮਰ ਹੋ ਜਾਣਗੇ ਅਤੇ ਧਰਤੀ ਉਤੇ ਨੇਕੀ ਦਾ ਬੀਜ ਮਿਟ ਜਾਏਗਾ। ਫਲਸਰੂਪ, ਵਿਸ਼ਣੂ ਨੇ 'ਮੋਹਨੀ' ਇਸਤਰੀ ਦਾ ਰੂਪ ਧਾਰਣ ਕਰਕੇ ਦੈਂਤਾਂ ਨੂੰ ਮੋਹ ਲਿਆ ਅਤੇ ਉਨ੍ਹਾਂ ਤੋਂ ਅੰਮ੍ਰਿਤ ਦਾ ਕਲਸ ਲੈ ਕੇ ਦੇਵਤਿਆਂ ਨੂੰ ਦੇ ਦਿੱਤਾ। ਫਿਰ ਵੀ ਰਾਹੂ ਨਾਂ ਦੇ ਦੈਂਤ ਨੇ ਹੇਰਾ-ਫੇਰੀ ਨਾਲ ਅੰਮ੍ਰਿਤ ਪਾਨ ਕਰਕੇ ਰਾਹੂ-ਕੇਤੂ ਦੇ ਰੂਪ ਵਿਚ ਅਮਰ ਹੋ ਗਿਆ।

ਮੱਧਯੁਗ ਵਿਚ ਤਾਂਤ੍ਰਿਕਾਂ ਨੇ ਮਨੁੱਖ ਦੀ ਦੇਹ ਵਿਚ ਅੰਮ੍ਰਿਤ ਦੀ ਖੋਜ ਕੀਤੀ ਅਤੇ ਉਸ ਨੂੰ ਰਸ ਰੂਪ ਮੰਨਿਆ। ਸਿੱਧਾਂ ਨੇ ਇਸ ਨੂੰ 'ਮਹਾਰਸ' ਜਾਂ 'ਮਹਾਸੁਖ' ਕਿਹਾ। ਹਠ-ਸਾਧਨਾ ਦਾ ਮੂਲ ਉੱਦੇਸ਼ ਹੀ ਸਹਸ੍ਰਾਰ-ਚਕ੍ਰ ਦੇ ਹੇਠਾਂ ਸਥਿਤ ਚੰਦ੍ਰਮਾ ਤੋਂ ਝਰਦੇ ਅੰਮ੍ਰਿਤ (ਰਸ) ਨੂੰ ਪਾਨ ਕਰਕੇ ਅਮਰਤਾ ਪ੍ਰਾਪਤ ਕਰਨਾ ਹੈ। ਸੰਤ ਕਬੀਰ ਅਨੁਸਾਰ— 'ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ' (ਅ. ਗ੍ਰੰ. 969)। ਸੰਤਾਂ ਅਤੇ ਭਗਤਾਂ ਨੇ 'ਭਗਤੀ' ਅਤੇ 'ਨਾਮ' ਨੂੰ ਅੰਮ੍ਰਿਤ ਦਾ ਸਮਾਨਾਰਥਕ ਦਸਿਆ ਹੈ। ਗੁਰਬਾਣੀ ਵਿਚ ਥਾਂ-ਥਾਂ ਤੇ ਹਰਿਨਾਮ ਨੂੰ ਅੰਮ੍ਰਿਤ ਕਿਹਾ ਗਿਆ ਹੈ—'ਅੰਮ੍ਰਿਤੁ ਹਰਿ ਹਰਿ ਨਾਮਿ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ।/ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ' (ਅ. ਗ੍ਰੰ. 538)। ਇਸਲਾਮਿਕ ਸਾਹਿੱਤ ਵਿਚ ਅੰਮ੍ਰਿਤ ਦਾ ਨਾਮਾਂਤਰ 'ਆਬਿ-ਹਯਾਤ' (ਜ਼ਿੰਦਗੀ ਪ੍ਰਦਾਨ ਕਰਨ ਵਾਲਾ ਜਲ) ਹੈ ਜਿਸ ਨੂੰ ਖ਼੍ਵਾਜਾ ਖ਼ਿਜ਼ਰ ਨੇ ਬੜੇ ਯਤਨਾਂ ਨਾਲ ਲੱਭ ਕੇ ਪੀਤਾ ਸੀ। ਸੁਲਤਾਨ ਬਾਹੂ ਅਨੁਸਾਰ—'ਭਰ ਪਿਆਲਾ ਖ਼ਿਜ਼ਰੋਂ ਪੀਤਾ ਬਾਹੂ ਆਬਿ-ਹਯਾਤ ਵਾਲਾ ਹੂ।' ਯੂਨਾਨੀ ਰਵਾਇਤਾਂ ਵਿਚ ਅੰਮ੍ਰਿਤ ਵਰਗੀ ਇਕ 'ਅੰਬਰੋਸੀਆ' ਦਾ ਜ਼ਿਕਰ ਮਿਲਦਾ ਹੈ।

ਪੁਰਾਤਨ ਕਾਲ ਵਿਚ 'ਅੰਮ੍ਰਿਤ' ਸ਼ਬਦ ਦੀ ਵਰਤੋਂ 'ਸੋਮਰਸ' ਲਈ ਵੀ ਕੀਤੀ ਜਾਂਦੀ ਸੀ। ਹੁਣ ਲੋਕ-ਮੁਹਾਵਰੇ ਵਿਚ ਇਸ ਸ਼ਬਦ ਦੀ ਵਰਤੋਂ ਕਿਸੇ ਸ਼ੁੱਧ ਪਦਾਰਥ, ਜਲ, ਘਿਉ, ਦੁੱਧ ਆਦਿ ਲਈ ਵੀ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ 'ਅੰਮ੍ਰਿਤ' ਦਾ ਇਕ ਨਿਵੇਕਲਾ ਸਰੂਪ ਹੈ। (ਵੇਖੋ 'ਅੰਮ੍ਰਿਤ-2'।)

ਅੰਮ੍ਰਿਤ-2 (ਪਾਹੁਲ) : ਸਿੱਖ ਧਰਮ ਵਿਚ 'ਅੰਮ੍ਰਿਤ' ਸ਼ਬਦ ਦੀ ਵਰਤੋਂ ਇਕ ਵਿਸ਼ੇਸ਼ ਪਰਿਭਾਸ਼ਿਕ ਰੂਪ ਵਿਚ ਕੀਤੀ ਜਾਂਦੀ ਹੈ। ਇਸ ਤੋਂ ਭਾਵ ਹੈ ਉਹ ਨਿਰਮਲ

ਤਰਲ ਪਦਾਰਥ ਜੋ ਗੁਰੂ ਗੋਬਿੰਦ ਸਿੰਘ ਨੇ ਸੰਨ 1699 ਈ. ਵਿਚ ਵਿਸਾਖੀ ਵਾਲੇ ਦਿਨ ਆਨੰਦਪੁਰ ਵਿਚ ਕੇਸਗੜ੍ਹ ਵਾਲੇ ਸਥਾਨ ਤੇ ਤਿਆਰ ਕਰਕੇ ਸਿੱਖਾਂ ਨੂੰ ਛਕਾਇਆ ਅਤੇ ਉਨ੍ਹਾਂ ਨੂੰ 'ਖ਼ਾਲਸਾ' (ਵੇਖੋ) ਰੂਪ ਪ੍ਰਦਾਨ ਕੀਤਾ। ਇਸ ਘਟਨਾ ਤੋਂ ਪਹਿਲਾ ਸਿੱਖਾਂ ਨੂੰ ਗੁਰੂ ਸਾਹਿਬਾਨ ਵਲੋਂ ਪਾਹੁਲ ਦੇਣ ਦੀ ਰੀਤ ਸੀ। 'ਪੁਰਾਤਨ ਜਨਮਸਾਖੀ' (ਸਾਖੀ 47) ਵਿਚ ਸ਼ਿਵਨਾਭ ਨੂੰ ਸਿੱਖ ਬਣਾਉਣ ਲਈ ਗੁਰੂ ਨਾਨਕ ਦੇਵ ਦੇ ਹੁਕਮ ਨਾਲ ਸੈਦੋ ਘੇਹੋ ਨੇ ਪਾਹੁਲ ਦਿੱਤੀ—'ਪਰ ਜਾ ਅਖੀ ਖੋਲਨ ਤਾਂ ਗੁਰੂ ਬਾਬਾ ਨਾਹੀ। ਤਬ ਰਾਜਾ ਬਿਆਕੁਲ ਹੋਇ ਗਇਆ। ਉਦਿਆਨੁ ਪਕੜਿਆਸੁ। ਪੈਰਾਂ ਤੇ ਉਬਾਹਣਾ, ਸਿਰ ਤੇ ਨੰਗਾ ਗੁਰੂ ਗੁਰੂ ਕਰਦਾ ਫਿਰੈ। ਤਬ ਬਾਰਹ ਮਹੀਨਿਆਂ ਪਿਛੈ ਆਇ ਦਰਸਨੁ ਦਿਤੋਸੁ। ਚਰਨੀ ਲਾਇਓਸੁ। ਜਨਮ ਮਰਣੁ ਰਾਜੇ ਸਿਉਨਾਭਿ ਕਾ ਕਟਿਆ, ਸਿਖੁ ਹੋਆ। ਸੈਦੋ ਜਟੁ ਜਾਤਿ ਘੇਹੋ ਪਾਹੁਲਿ ਹੁਕਮ ਨਾਲਿ ਦਿੱਤੀ, ਸਾਰਾ ਸਿੰਘਲਾਦੀਪ ਸਿਖੁ ਹੋਆ, ਗੁਰੂ ਗੁਰੂ ਲਾਗਾ ਜਪਣਿ।'

'ਪਾਹੁਲ' ਦਾ ਅਰਥ ਮਹਾਨ-ਕੋਸ਼ਕਾਰ ਨੇ 'ਆਦਮੀ ਨੂੰ ਪਾਹ (ਪਾਣ) ਚੜ੍ਹਾਉਣ ਵਾਲਾ ਧਰਮ ਮੰਤ੍ਰ ਨਾਲ ਤਿਆਰ ਕੀਤਾ ਜਲ' ਦਸਿਆ ਹੈ ਪਰ ਪੈਰ-ਟਿੱਪਣੀ ਵਿਚ ਇਸ ਨੂੰ 'ਪਾਦਜਲ' ਤੋਂ ਵਿਉਤਪੰਨ ਮੰਨਿਆ ਹੈ। ਇਸ ਨੂੰ 'ਪਗਪਾਹੁਲ' ਵੀ ਕਿਹਾ ਜਾਂਦਾ ਹੈ। ਇਸ ਤੋਂ ਭਾਵ ਹੈ ਉਹ ਜਲ ਜਿਸ ਨਾਲ ਗੁਰੂ ਦੇ ਪੈਰ ਧੋਤੇ ਜਾਣ। ਇਸ ਨੂੰ ਪੁਰਾਤਨ ਭਾਰਤੀ ਸਾਹਿੱਤ ਵਿਚ 'ਚਰਣੋਦਕ' ਕਿਹਾ ਗਿਆ ਹੈ। ਭਾਈ ਗੁਰਦਾਸ ਨੇ ਇਸ ਨੂੰ 'ਚਰਣਾਮ੍ਰਿਤ' ਲਿਖਿਆ ਹੈ— 'ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ' (1/23)। ਇਸੇ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਤਿਆਰ ਕੀਤੇ ਅੰਮ੍ਰਿਤ ਨੂੰ ਵੀ ਪਾਹੁਲ ਲਿਖ ਦਿੱਤਾ ਜਾਂਦਾ ਰਿਹਾ ਹੈ—'ਪੀਓ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।/ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ' (ਵਾਰ—ਗੁਰਦਾਸ ਸਿੰਘ)।

'ਅੰਮ੍ਰਿਤ' ਪਾਨ ਕਰਨ ਨਾਲ ਸਿੱਖ ਅਮਰ ਹੋ ਜਾਂਦਾ ਹੈ ਕਿਉਂਕਿ ਇਸ ਵਿਚਲਾ ਜਲ ਨਿਰਮਲਤਾ ਦਾ ਪ੍ਰਤੀਕ ਹੈ, ਮਿਠਾਸ (ਪਤਾਸੇ) ਪਰਸਪਰ ਪ੍ਰੇਮ ਦੀ ਲਖਾਇਕ ਹੈ, ਬਾਣੀ ਦਾ ਪਾਠ ਅਧਿਆਤਮਿਕਤਾ ਦਾ ਸਿਰਜਕ ਹੈ ਅਤੇ ਖੰਡੇ ਦਾ ਮਪਰਸ਼ ਸ਼ਕਤੀ ਦਾ ਸੰਚਾਰਕ ਹੈ। ਇਸ ਤਰ੍ਹਾਂ ਅੰਮ੍ਰਿਤ ਨਿਰਮਲ ਭਾਵ-ਭੂਮੀ ਤੋਂ ਬਣੀ ਅਧਿਆਤਮਿਕਤਾ ਦੀ ਉਹ ਔਸ਼ਧੀ ਹੈ, ਜੋ ਨਿਰਬਲ ਨੂੰ ਬਲਵਾਨ ਬਣਾ ਕੇ ਪਰਸਪਰ ਪ੍ਰੇਮ-ਭਾਵ ਨੂੰ ਸਥਾਪਿਤ ਕਰਨ ਵਾਲੀ ਨਿਰੋਗਤਾ ਪ੍ਰਦਾਨ ਕਰਦੀ ਹੈ।

ਅੰਮ੍ਰਿਤ ਪਾਨ ਕਰਨ ਉਪਰੰਤ ਸਿੱਖ ਦੇ ਵਿਅਕਤਿਤਵ ਵਿਚ ਸਮੂਲ ਪਰਿਵਰਤਨ ਹੋ ਜਾਂਦਾ ਹੈ। ਉਹ ਸੰਸਾਰ ਵਿਚ ਵਿਚਰਦਾ ਹੋਇਆ ਸੰਸਾਰਿਕ ਪ੍ਰਪੰਚ ਤੋਂ ਮੁਕਤ ਇਕ ਅਜਿਹਾ ਸਮਦਰਸ਼ੀ ਬਣ ਜਾਂਦਾ ਹੈ, ਜਿਸ ਦੇ ਮਨ ਵਿਚੋਂ ਜਾਤ-ਪਾਤ, ਨਸਲ, ਦੇਸ਼, ਕੌਮ, ਰਾਸ਼ਟਰ ਦਾ ਭੇਦ-ਭਾਵ ਖ਼ਤਮ ਹੋ ਜਾਂਦਾ ਹੈ। ਉਸ ਲਈ ਸਾਰੀ ਸ੍ਰਿਸ਼ਟੀ ਇਕ ਵਿਸ਼ਾਲ ਕੁਟੰਬ ਵਾਂਗ ਹੈ। ਮਰਦਾ ਉਹ ਹੈ ਜਿਸ ਨੂੰ ਭੌਤਿਕ ਸ਼ਰੀਰ ਨਾਲ ਮੋਹ ਹੈ। ਭੌਤਿਕ ਸ਼ਰੀਰ ਨਾਲ ਮੋਹ ਟੁੱਟਣ 'ਤੇ ਮਨੁੱਖ ਦੇ ਨਾਮ-ਰੂਪਾਤਮਕ ਸੰਬੰਧ ਖ਼ਤਮ ਹੋ ਜਾਂਦੇ

ਹਨ। 'ਅੰਮ੍ਰਿਤ' ਮੋਹ ਨੂੰ ਤੋੜਨ ਵਾਲਾ ਇਕ ਦੈਵੀ ਤਰਲ ਪਦਾਰਥ ਹੈ। ਇਸ ਨਾਲ ਮੌਤ ਦਾ ਡਰ ਜਾਂ ਭਰਮ ਖ਼ਤਮ ਹੋ ਜਾਂਦਾ ਹੈ, ਆਤਮਾ ਮਾਇਕ ਪ੍ਰਭਾਵ ਤੋਂ ਖ਼ਲਾਸ ਹੋ ਜਾਂਦੀ ਹੈ। ਇਹੀ ਉਸ ਦਾ ਸ਼ੁੱਧ ਅਮਰ ਰੂਪ ਹੈ। ਇਸ ਤਰ੍ਹਾਂ ਸਿੱਖ ਦੀ ਮਾਨਸਿਕਤਾ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਪਾਨ ਕਰਨ ਦੀ ਰੀਤ ਤੋਰ ਕੇ ਨਿਰਭੈ ਖ਼ਾਲਸੇ ਦੀ ਸਿਰਜਨਾ ਕੀਤੀ ਜੋ ਧਾਰਮਿਕ ਇਤਿਹਾਸ ਦੀ ਇਕ ਮਹੱਤਵਪੂਰਣ ਘਟਨਾ ਹੈ।

ਅੰਮ੍ਰਿਤਸਰ-1 (ਯੌਗਿਕ ਪ੍ਰਤੀਕ) : ਇਸ ਤੋਂ ਭਾਵ ਹੈ ਅੰਮ੍ਰਿਤ ਦਾ ਸਰੋਵਰ। 'ਹਠ-ਯੋਗ' ਦੀ ਸਾਧਨਾ ਅਨੁਸਾਰ ਕੁੰਡਲਿਨੀ ਜਦੋਂ ਜਾਗ ਕੇ ਬ੍ਰਹਮਰੰਧ੍ਰ ਵਿਚ ਪਹੁੰਚਦੀ ਹੈ ਤਾਂ ਸਹਸ੍ਰਾਰ-ਚਕ੍ਰ ਹੇਠਾਂ ਸਥਿਤ ਚੰਦ੍ਰਮਾ ਤੋਂ ਅੰਮ੍ਰਿਤ ਝਰਦਾ ਹੈ। ਇਸ ਤਰ੍ਹਾਂ ਇਹ ਚੰਦ੍ਰਮਾ ਹੀ ਅੰਮ੍ਰਿਤ ਦਾ ਸਰੋਵਰ ਜਾਂ ਭੰਡਾਰ ਹੈ। ਤਾਂਤ੍ਰਿਕ ਸਾਧਨਾ ਵਿਚ ਵੀ ਕੁਝ ਇਸ ਤਰ੍ਹਾਂ ਦੀ ਮਾਨਤਾ ਪ੍ਰਚਲਿਤ ਹੈ। ਪਰ ਮੱਧ ਯੁਗ ਦੇ ਸੰਤਾਂ ਨੇ ਅੰਮ੍ਰਿਤ ਸੰਬੰਧੀ ਹਠਯੋਗ ਦੀ ਸਥਾਪਨਾ ਦੇ ਉਲਟ ਹਰਿ-ਭਗਤੀ ਜਾਂ ਹਰਿ-ਨਾਮ ਨੂੰ ਅੰਮ੍ਰਿਤ ਮੰਨਿਆ ਹੈ ਜਿਸ ਦੀ ਸਥਿਤੀ ਮਨੁੱਖ ਦੇ ਅੰਦਰ ਦਸੀ ਹੈ। ਮਨੁੱਖ ਦੀ ਅੰਤਰਾਤਮਾ ਹੀ ਵਾਸਤਵਿਕ ਅੰਮ੍ਰਿਤਸਰ ਹੈ। ਗੁਰੂ ਅਮਰਦਾਸ ਅਨੁਸਾਰ—'ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ' (ਸ. ਗ੍ਰੰ. 1046)। ਗੁਰਬਾਣੀ ਵਿਚ ਗੁਰੂ ਲਈ ਵੀ 'ਅੰਮ੍ਰਿਤਸਰ' ਦਾ ਪ੍ਰਤੀਕ ਵਰਤਿਆ ਗਿਆ ਹੈ—'ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ' (ਸ. ਗ੍ਰੰ. 493)। ਸਤਿਸੰਗਤਿ ਦੇ ਅਰਥਾਂ ਵਿਚ ਵੀ ਇਸ ਸ਼ਬਦ ਦੀ ਵਰਤੋਂ ਹੋਈ ਹੈ—'ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ' (ਸ. ਗ੍ਰੰ. 305)।

ਅੰਮ੍ਰਿਤਸਰ-2 (ਨਗਰ) : ਸਿੱਖ ਧਰਮ ਦਾ ਸ਼ਿਰੋਮਣੀ ਅਤੇ ਪਵਿੱਤਰ ਨਗਰ ਜੋ ਪੰਜਾਬ ਦੇ ਮਾਝਾ ਖੇਤਰ ਵਿਚ ਸਥਿਤ ਹੈ। ਇਸ ਦਾ ਸਿੱਖਾਂ ਲਈ ਉਤਨਾ ਹੀ ਮਹੱਤਵ ਹੈ ਜਿਤਨਾ ਮੁਸਲਮਾਨਾਂ ਲਈ ਮੱਕਾ, ਹਿੰਦੂਆਂ ਲਈ ਕਾਸ਼ੀ ਅਤੇ ਬੋਧੀਆਂ ਲਈ ਬੋਧ-ਗਯਾ ਮਹੱਤਵ ਰਖਦੇ ਹਨ। ਇਸ ਦੇ ਇਤਿਹਾਸਿਕ ਪਿਛੋਕੜ ਵਿਚ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਸੰਨ 1564 ਈ. (1621 ਬਿ.) ਵਿਚ ਗੁਰੂ ਅਮਰਦਾਸ ਦੀ ਆਗਿਆ ਨਾਲ ਗੁਰੂ ਰਾਮਦਾਸ ਨੇ ਤੁੰਗ, ਗੁਮਟਾਲਾ, ਅਤੇ ਸੁਲਤਾਨਵਿੰਡ ਨਾਂ ਦੇ ਪਿੰਡਾਂ ਕੋਲ ਇਕ ਤਾਲ ਪੁਟਵਾਇਆ ਜਿਸ ਨੂੰ ਗੁਰੂ ਅਰਜਨ ਦੇਵ ਨੇ ਬਾਦ ਵਿਚ ਸੰਨ 1588 ਈ. (1645 ਬਿ.) ਵਿਚ ਪੂਰਾ ਕਰਵਾ ਕੇ ਸੰਤੋਖਸਰ ਨਾਂ ਰਖਿਆ। ਦਸ ਸਾਲ ਬਾਦ ਸੰਨ 1574 ਈ. (1631 ਬਿ.) ਵਿਚ ਗੁਰੂ ਅਮਰਦਾਸ ਦੇ ਆਦੇਸ਼ ਦੀ ਪਾਲਨਾ ਕਰਦੇ ਹੋਇਆਂ ਗੁਰੂ ਰਾਮਦਾਸ ਨੇ ਉਪਰੋਕਤ ਤਾਲ (ਸੰਤੋਖਸਰ) ਦੇ ਆਲੇ-ਦੁਆਲੇ ਜ਼ਮੀਨ ਖ਼ਰੀਦ ਕੇ ਇਕ ਪਿੰਡ ਬੰਨ੍ਹਿਆ ਜਿਸ ਦਾ ਨਾਂ 'ਗੁਰੂ ਕਾ ਚਕ' ਰਖਿਆ। ਆਪਣੇ ਰਹਿਣ ਲਈ ਗੁਰੂ ਜੀ ਨੇ ਉਥੇ ਮਕਾਨ ਬਣਵਾਏ। ਤਿੰਨ ਸਾਲ ਬਾਦ ਸੰਨ 1577 ਈ. ਵਿਚ ਦੁਖਭੰਜਨੀ ਬੇਰੀ ਦੇ ਨੇੜੇ ਇਕ ਤਾਲ ਖੁਦਵਾਉਣਾ ਸ਼ੁਰੂ ਕੀਤਾ।

ਗੁਰੂ ਅਰਜਨ ਦੇਵ ਨੇ ਗੱਦੀ ਉਤੇ ਬੈਠਦਿਆਂ ਆਪਣੇ ਪਿਤਾ ਦੇ ਨਾਂ 'ਤੇ ਵਸੇ ਪਿੰਡ 'ਗੁਰੂ ਕਾ ਚਕ' ਨੂੰ ਇਕ ਨਗਰ ਦੇ ਰੂਪ ਵਿਚ ਵਿਕਸਿਤ ਕੀਤਾ ਅਤੇ ਦੂਰੋਂ ਦੂਰੋਂ ਵਪਾਰੀ ਅਤੇ ਕਿਰਤੀ ਲੋਕ ਬੁਲਵਾ ਕੇ ਉਥੇ ਵਸਾਏ। ਗੁਰੂ ਰਾਮਦਾਸ ਜੀ ਦੇ ਨਾਂ ਤੇ ਇਸ ਨਗਰ ਦਾ ਨਾਂ 'ਰਾਮਦਾਸਪੁਰ' ਰਖਿਆ। ਗੁਰੂ ਰਾਮਦਾਸ ਦੁਆਰਾ ਸ਼ੁਰੂ ਕੀਤੇ ਸਰੋਵਰ ਦੇ ਕੰਮ ਨੂੰ ਪੂਰਾ ਕੀਤਾ ਅਤੇ ਸੰਨ 1586 ਈ. (1643 ਬਿ.) ਵਿਚ ਉਸ ਨੂੰ ਪੱਕਾ ਕਰਾਕੇ ਉਸ ਦਾ ਨਾਂ 'ਅੰਮ੍ਰਿਤਸਰ' ਰਖਿਆ। ਇਸ ਸਰੋਵਰ ਦਾ ਇਕ ਨਾਮਾਂਤਰ 'ਰਾਮਦਾਸ ਸਰੋਵਰ' ਵੀ ਹੈ ਕਿਉਂਕਿ ਇਸ ਨੂੰ ਗੁਰੂ ਰਾਮਦਾਸ ਨੇ ਬਣਵਾਇਆ ਸੀ। ਗੁਰੂ ਅਰਜਨ ਦੇਵ ਨੇ ਇਸ ਗੱਲ ਵਲ ਸੰਕੇਤ ਕੀਤਾ ਹੈ—'ਸੰਤਹੁ ਰਾਮਦਾਸ ਸਰੋਵਰੁ ਨੀਕਾ।/ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ' (ਅ. ਗ੍ਰੰ. 623)।

ਕਾਲਾਂਤਰ ਵਿਚ 'ਰਾਮਦਾਸਪੁਰ' ਦੀ ਥਾਂ ਨਗਰ ਦਾ ਨਾਂ ਵੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ। ਸੰਨ 1588 ਈ. (1645 ਬਿ.) ਵਿਚ ਗੁਰੂ ਅਰਜਨ ਦੇਵ ਨੇ ਉਪਰੋਕਤ 'ਅੰਮ੍ਰਿਤਸਰ' ਨਾਂ ਦੇ ਸਰੋਵਰ ਵਿਚ ਹਰਿਮੰਦਿਰ ਸਾਹਿਬ ਦੀ ਨੀਂਹ ਰਖੀ। ਕੁਝ ਵਿਦਵਾਨਾਂ ਅਨੁਸਾਰ ਗੁਰੂ ਜੀ ਨੇ ਨੀਂਹ ਰਖਵਾਉਣ ਦਾ ਪਵਿੱਤਰ ਕਾਰਜ ਸਾਈਂ ਮੀਆਂ ਮੀਰ ਤੋਂ ਪੂਰਾ ਕਰਵਾਇਆ। ਸੰਨ 1604 ਈ. (1661 ਬਿ.) ਵਿਚ ਜਦੋਂ ਹਰਿਮੰਦਿਰ ਦੀ ਉਸਾਰੀ ਦਾ ਕੰਮ ਪੂਰਾ ਹੋ ਗਿਆ, ਤਾਂ ਇਸ ਵਿਚ (ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਹਰਿਮੰਦਿਰ ਸਾਹਿਬ ਵਿਚ (ਗੁਰੂ) ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਾਰਣ ਕਾਲਾਂਤਰ ਵਿਚ ਇਸ ਨੂੰ 'ਦਰਬਾਰ ਸਾਹਿਬ' ਵੀ ਕਿਹਾ ਜਾਣ ਲਗਾ। ਇਸ ਤਰ੍ਹਾਂ ਇਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਸ਼ਕਤ ਕਰਨ ਵਾਲਾ ਅਮੁਕ ਪ੍ਰੇਰਣਾ-ਸਰੋਤ ਹੈ।

ਮੁਗਲ ਸਰਕਾਰ ਵਲੋਂ ਸਿੱਖਾਂ ਨੂੰ ਨਸ਼ਟ ਕਰਨ ਦੇ ਜੋ ਉਪਰਾਲੇ ਹੋਏ, ਉਨ੍ਹਾਂ ਵਿਚ ਇਸ ਧਰਮ-ਧਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਯਤਨ ਵੀ ਸ਼ਾਮਲ ਹਨ। ਸੰਨ 1740 ਵਿਚ ਮੱਸੇ ਰੰਘੜ ਵਲੋਂ ਕੀਤੀ ਗਈ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਭਾਈ ਮਹਿਤਾਬ ਸਿੰਘ ਸੁਖਾ ਸਿੰਘ ਨੇ ਲਿਆ। ਸੰਨ 1761 (1818 ਬਿ.) ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਿਰ ਸਾਹਿਬ ਨੂੰ ਤੋਪਾਂ ਨਾਲ ਉੱਡਵਾ ਕੇ ਗਊਆਂ ਦੀਆਂ ਲਾਸ਼ਾਂ ਅਤੇ ਹੋਰ ਮਲਬੇ ਨਾਲ ਸਰੋਵਰ ਨੂੰ ਪੂਰਵਾ ਦਿੱਤਾ। ਤਿੰਨ ਸਾਲ ਬਾਦ ਸ. ਜੱਸਾ ਸਿੰਘ ਆਹਲੂਵਾਲੀਆ ਨੇ ਫਿਰ ਹਰਿਮੰਦਿਰ ਸਾਹਿਬ ਦੀ ਉਸਾਰੀ ਕਰਵਾਈ। ਸੰਨ 1781 ਈ. (1838 ਬਿ.) ਵਿਚ ਉਦਾਸੀ ਸੰਤ ਪ੍ਰੀਤਮਦਾਸ ਅਤੇ ਸੰਤੋਖ ਦਾਸ ਦੇ ਉੱਦਮ ਅਤੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਨਾਲ ਇਕ ਹਸਲੀ ਤਿਆਰ ਕੀਤੀ ਗਈ ਜਿਸ ਦੁਆਰਾ ਰਾਵੀ ਨਦੀ ਤੋਂ ਸਰੋਵਰ ਵਿਚ ਜਲ ਭਰਵਾਇਆ ਜਾਣ ਲਗਿਆ ਪਰ ਸੰਨ 1866 ਈ.(1923 ਬਿ.) ਤੋਂ ਬਾਦ ਹਸਲੀ ਨੂੰ ਨਹਿਰ ਬਾਰੀ ਦੁਆਬ ਨਾਲ ਜੋੜ ਦਿੱਤਾ ਗਿਆ ਹੈ। ਸੰਨ 1802 ਈ. (1859 ਬਿ.) ਵਿਚ

ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨਗਰ ਉਤੇ ਕਬਜ਼ਾ ਕਰਕੇ ਹਰਿਮੰਦਿਰ ਸਾਹਿਬ ਦੀ ਇਮਾਰਤ ਉਤੇ ਸੋਨੇ ਦਾ ਪੱਤਰਾ ਚੜ੍ਹਵਾਇਆ ਅਤੇ ਸੰਗਮਰਮਰ ਲਗਾਉਣ ਦੀ ਸੇਵਾ ਕਰਵਾਈ। ਉਸ ਤੋਂ ਬਾਦ ਸਹਿਜੇ-ਸਹਿਜੇ ਦਰਬਾਰ ਸਾਹਿਬ ਦੀ ਪਰਿਕ੍ਰਮਾ ਨੂੰ ਵਿਸ਼ਾਲ ਕੀਤਾ ਜਾਂਦਾ ਰਿਹਾ ਅਤੇ ਇਮਾਰਤਾਂ ਵਿਚ ਵਾਧਾ ਹੁੰਦਾ ਰਿਹਾ। ਸਿੱਖਾਂ ਦੀਆਂ ਸਾਰੀਆਂ ਜੱਥੇਬੰਦੀਆਂ, ਅੰਦੋਲਨ ਅਤੇ ਮੋਰਚੇ ਸਦਾ ਇਥੋਂ ਪ੍ਰੇਰਣਾ ਲੈਂਦੇ ਰਹੇ ਅਤੇ ਇਸ ਪਵਿੱਤਰ ਧਰਮ-ਧਾਮ ਦੀ ਮਰਯਾਦਾ ਨੂੰ ਕਾਇਮ ਰਖਣ ਲਈ ਅਦੁੱਤੀ ਕੁਰਬਾਨੀਆਂ ਦੇਣ ਦੇ ਸਾਕੇ ਕਰਦੇ ਰਹੇ।

ਸੰਨ 1984 ਈ. ਵਿਚ 6 ਜੂਨ ਨੂੰ ਬਲੂ ਸਟਾਰ ਓਪਰੇਸ਼ਨ ਵੇਲੇ, ਦਰਬਾਰ ਸਾਹਿਬ ਪਰਿਸਰ ਵਿਚਲੀਆਂ ਕਈ ਇਮਾਰਤਾਂ ਨੂੰ ਬਹੁਤ ਨੁਕਸਾਨ ਪਹੁੰਚਿਆ, ਕਈ ਕੀਮਤੀ ਅਤੇ ਦੁਰਲਭ ਵਸਤੂਆਂ ਨਸ਼ਟ ਹੋ ਗਈਆਂ ਅਤੇ ਸਿੱਖ ਰੈਫ੍ਰੈਂਸ ਲਾਇਬ੍ਰੇਰੀ ਸੜ ਗਈ। ਹੁਣ ਇਨ੍ਹਾਂ ਇਮਾਰਤਾਂ ਦੀ ਪੁਨਰ-ਉਸਾਰੀ ਹੋ ਰਹੀ ਹੈ।

ਅੰਮ੍ਰਿਤਸਰ ਨਗਰ ਵਿਚ ਕੁਝ ਹੋਰ ਸਰੋਵਰ ਵੀ ਹਨ ਜੋ ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਉੱਦਮਾਂ ਨਾਲ ਤਿਆਰ ਕੀਤੇ ਗਏ, ਜਿਵੇਂ ਸੰਤੋਖ-ਸਰ, ਕੌਲ-ਸਰ, ਬਿਬੇਕ-ਸਰ ਅਤੇ ਰਾਮ-ਸਰ। ਇਨ੍ਹਾਂ ਸਰੋਵਰਾਂ ਤੋਂ ਇਲਾਵਾ ਸਿੱਖ ਧਰਮ ਨਾਲ ਸੰਬੰਧਿਤ ਕੁਝ ਹੋਰ ਧਰਮ-ਧਾਮ ਇਸ ਪ੍ਰਕਾਰ ਹਨ—ਅਕਾਲ ਤਖ਼ਤ, ਬਾਬਾ ਅਟਲ ਰਾਇ ਦਾ ਦੇਹਰਾ, ਅਠਸਠਿ-ਤੀਰਥ (ਦੁਖ ਭੰਜਨੀ ਬੇਰੀ ਦੇ ਨੇੜੇ), ਸ਼ਹੀਦ ਗੰਜ ਬਾਬਾ ਦੀਪ ਸਿੰਘ, ਹਰਿ ਕੀ ਪਉੜੀ (ਹਰਿਮੰਦਿਰ ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ), ਥੜਾ ਸਾਹਿਬ ਆਦਿ। ਦਰਬਾਰ ਸਾਹਿਬ ਦੇ ਪਰਿਸਰ ਵਿਚ ਤਿੰਨ ਇਤਿਹਾਸਿਕ ਬੇਰੀਆਂ ਵੀ ਹਨ, ਜਿਵੇਂ ਲਾਚੀ ਬੇਰ, ਬੇਰ ਬਾਬਾ ਬੁੱਢਾ ਜੀ, ਦੁਖਭੰਜਨੀ ਬੇਰ। ਕੁਝ ਹੋਰ ਇਤਿਹਾਸਿਕ ਮਹੱਤਵ ਵਾਲੀਆਂ ਇਮਾਰਤਾਂ ਵੀ ਹਨ—ਲੋਹਗੜ੍ਹ ਕਿਲਾ, ਗੋਬਿੰਦਗੜ੍ਹ ਕਿਲਾ, ਸਾਰਾਗੜ੍ਹੀ ਮੈਮੋਰੀਅਲ, ਬੁਰਜ ਬਾਬਾ ਫੂਲਾ ਸਿੰਘ, ਖ਼ਾਲਸਾ ਕਾਲਜ, ਦੁਰਗਿਆਨਾ ਮੰਦਿਰ, ਜਲ੍ਹਿਆਂ ਵਾਲਾ ਬਾਗ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਆਦਿ।

ੲ

ਇਸਹਾਕ : ਵੇਖੋ 'ਇਬਰਾਹੀਮ'।

ਇਸਫੰਦਯਾਰ : ਵੇਖੋ 'ਅਸਫੰਦਯਾਰ'।

ਇਸਮਾਈਲ : ਵੇਖੋ 'ਇਬਰਾਹੀਮ'।

ਇਸਲਾਮ : ਮੁਸਲਮਾਨਾਂ ਦੇ ਧਰਮ ਨੂੰ 'ਇਸਲਾਮ' ਕਿਹਾ ਜਾਂਦਾ ਹੈ। 'ਇਸਲਾਮ' ਦਾ ਸ਼ਾਬਦਿਕ ਅਰਥ ਹੈ ਸਿਰ ਨਿਵਾਉਣਾ; ਭਾਵ ਖ਼ੁਦਾ ਦੀ ਰਜ਼ਾ ਮੰਨਣਾ, ਖ਼ੁਦਾਈ

ਆਗਿਆ ਦਾ ਪਾਲਨ ਕਰਨਾ। ਇਸ ਤਰ੍ਹਾਂ ਹਜ਼ਰਤ ਮੁਹੰਮਦ ਦੁਆਰਾ ਦਰਸਾਏ ਢੰਗ ਨਾਲ ਖ਼ੁਦਾਈ ਆਗਿਆ ਦਾ ਪਾਲਨ ਕਰਨ ਵਾਲਾ ਮਤ 'ਇਸਲਾਮ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਹਜ਼ਰਤ ਮੁਹੰਮਦ (ਵੇਖੋ) ਦਾ ਜਨਮ ਮੱਕੇ ਵਿਚ ਹੋਇਆ ਅਤੇ ਉਥੋਂ ਹੀ ਸੱਤਵੀਂ ਸਦੀ ਦੇ ਆਰੰਭ ਵਿਚ ਇਸ ਮਤ ਦਾ ਪ੍ਰਚਾਰ ਅਤੇ ਵਿਸਤਾਰ ਹੋਇਆ। ਇਸ ਲਈ ਇਸ ਮਤ ਦੀ ਮੂਲ-ਜਨਮ-ਭੂਮੀ ਅਰਬ ਦੇਸ਼ ਹੈ। ਇਸ ਤੋਂ ਪਹਿਲਾਂ ਅਰਬ ਵਿਚ ਕੋਈ ਵਿਵਸਥਿਤ ਧਾਰਮਿਕ ਪਰੰਪਰਾ ਨਹੀਂ ਸੀ। ਲੋਕੀਂ ਭਿੰਨ-ਭਿੰਨ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ। ਕਾਅਬੇ ਵਿਚ ਕਈ ਪ੍ਰਕਾਰ ਦੀਆਂ ਮੂਰਤੀਆਂ ਦੀ ਪੂਜਾ ਹੁੰਦੀ ਸੀ ਅਤੇ ਉਨ੍ਹਾਂ ਦੀ ਦੇਖ-ਭਾਲ ਦਾ ਕੰਮ ਕੁਰੈਸ਼ ਕਬੀਲੇ ਦੇ ਜ਼ਿੰਮੇ ਸੀ।

ਹਜ਼ਰਤ ਮੁਹੰਮਦ ਨੂੰ ਖ਼ੁਦਾ ਵੱਲੋਂ ਜੋ ਸੂਰਤਾਂ ਆਵੇਸ਼ਿਤ ਹੋਈਆਂ, ਉਨ੍ਹਾਂ ਦਾ ਸੰਕਲਨ 'ਕੁਰਾਨ' (ਵੇਖੋ) ਵਿਚ ਹੋਇਆ ਹੈ ਅਤੇ 'ਕੁਰਾਨ' ਹੀ ਇਸਲਾਮ ਦਾ ਮੂਲ-ਆਧਾਰ ਗ੍ਰੰਥ ਹੈ। 'ਹਦੀਸ' (ਵੇਖੋ) ਦੁਆਰਾ ਹਜ਼ਰਤ ਮੁਹੰਮਦ ਦੇ ਅਮਲਾਂ ਅਤੇ ਕਥਨਾਂ ਦਾ ਬੋਧ ਹੁੰਦਾ ਹੈ ਅਤੇ ਸਮੇਂ-ਸਮੇਂ ਪੈਦਾ ਹੋਣ ਵਾਲੀਆਂ ਸਮਸਿਆਵਾਂ ਦੇ ਸਮਾਧਾਨ ਦਾ ਸੰਕੇਤ ਮਿਲਦਾ ਹੈ। ਮੁੱਖ ਤੌਰ ਤੇ ਇਸਲਾਮ ਦੇ ਪੰਜ ਥੰਮ ਮੰਨੇ ਗਏ ਹਨ—ਕਲਮਾ, ਨਮਾਜ਼, ਰੋਜ਼ੇ, ਜ਼ੱਕਾਤ, ਹੱਜ (ਵੇਖੋ)। ਇਨ੍ਹਾਂ ਤੋਂ ਇਲਾਵਾ ਸ੍ਰਿਸ਼ਟੀ ਦਾ ਕਰਤਾ ਅੱਲ੍ਹਾ ਹੈ ਜੋ ਸੱਤਵੇਂ ਆਸਮਾਨ ਵਿਚ ਸਥਿਤ ਅਰਸ਼ ਵਿਚ ਸੁਸ਼ੋਭਿਤ ਹੈ। ਮਨੁੱਖ ਦਾ ਜਨਮ ਇਕੋ ਵਾਰ ਹੁੰਦਾ ਹੈ ਅਤੇ ਮਰਨ ਉਪਰੰਤ ਉਹ ਕਿਆਮਤ ਵਾਲੇ ਦਿਨ ਤਕ ਕਬਰ ਵਿਚ ਪਿਆ ਰਹਿੰਦਾ ਹੈ। ਕਿਆਮਤ ਵਾਲੇ ਦਿਨ ਮਨੁੱਖਾਂ ਦੀਆਂ ਰੂਹਾਂ ਕਬਰਾਂ ਵਿਚੋਂ ਉਠ ਕੇ ਕਰਮਾਂ ਅਨੁਸਾਰ ਫਲ ਭੋਗਣ ਗੀਆਂ। ਜੋ ਮਨੁੱਖ (ਮੌਮਿਨ) ਹਜ਼ਰਤ ਮੁਹੰਮਦ ਸਾਹਿਬ ਪ੍ਰਤਿ ਈਮਾਨ ਰਖਣਗੇ, ਉਨ੍ਹਾਂ ਦੀ ਉਹ ਖ਼ੁਦ ਰੱਖਿਆ ਕਰਕੇ ਬਹਿਸ਼ਤ ਵਿਚ ਭੇਜੇ ਜਾਣ ਦੇ ਅਧਿਕਾਰੀ ਬਣਾਉਣਗੇ। 'ਜਿਹਾਦ' ਵੀ ਇਸਲਾਮ ਦਾ ਇਕ ਜ਼ਰੂਰੀ ਤੱਤ੍ਵ ਹੈ। ਇਸ ਅਨੁਸਾਰ ਇਸਲਾਮ ਦੇ ਪ੍ਰਚਾਰ-ਪ੍ਰਸਾਰ ਲਈ ਕਾਫ਼ਿਰਾਂ ਨਾਲ ਲੜਨ ਨੂੰ ਧਰਮ-ਯੁੱਧ ਸਮਝਿਆ ਜਾਂਦਾ ਹੈ ਅਤੇ ਅਜਿਹੇ ਯੁੱਧ ਵਿਚ ਹਿੱਸਾ ਲੈਣ ਵਾਲਿਆਂ ਦਾ ਬਹੁਤ ਆਦਰ ਕੀਤਾ ਜਾਂਦਾ ਹੈ। ਇਸਲਾਮ ਵਿਚ ਫ਼ਰਿਸ਼ਤਿਆਂ ਦਾ ਮਹੱਤਵ ਵੀ ਸਵੀਕਾਰ ਕੀਤਾ ਗਿਆ ਹੈ।

ਇਸਲਾਮ ਦੇ 73 ਫ਼ਿਰਕੇ ਹਨ। ਹਜ਼ਰਤ ਮੁਹੰਮਦ ਨੇ ਖ਼ੁਦ ਕਿਹਾ ਸੀ ਕਿ ਮੇਰੀ ਉੱਮਤ (ਅਨੁਯਾਈ) 73 ਫ਼ਿਰਕਿਆਂ ਵਿਚ ਵੰਡੀ ਜਾਵੇ। ਇਨ੍ਹਾਂ 73 ਫ਼ਿਰਕਿਆਂ ਵਿਚੋਂ ਸਭ ਤੋਂ ਪ੍ਰਮੁਖ ਸੁੰਨੀ ਫ਼ਿਰਕਾ ਹੈ ਅਤੇ ਬਾਕੀ ਦੇ 72 ਫ਼ਿਰਕਿਆਂ ਨੂੰ ਅਗੋਂ ਕਈ ਵਰਗਾਂ ਵਿਚ ਵੰਡਿਆ ਗਿਆ ਹੈ। ਸੁੰਨੀ ਫ਼ਿਰਕੇ ਤੋਂ ਬਾਦ ਸ਼ੀਆ ਫ਼ਿਰਕਾ ਵਿਸ਼ੇਸ਼ ਉੱਲੇਖ-ਯੋਗ ਹੈ।

ਹੁਣ ਇਸਲਾਮ ਦੁਨੀਆ ਦਾ ਪ੍ਰਮੁਖ ਧਰਮ ਹੈ। ਇਸ ਧਰਮ ਵਿਚ ਵਿਸ਼ਵਾਸ ਰਖਣ ਵਾਲੇ ਹਰ ਦੇਸ਼ ਵਿਚ ਮਿਲ ਜਾਂਦੇ ਹਨ, ਪਰ ਏਸ਼ੀਆ ਅਤੇ ਯੋਰੁਪ ਅਤੇ ਅਫ਼ਰੀਕਾ ਵਿਚ ਇਨ੍ਹਾਂ ਦੀ ਗਿਣਤੀ ਬਹੁਤ ਅਧਿਕ ਹੈ। ਇਨ੍ਹਾਂ ਦੀ ਧਰਮ ਪ੍ਰਤਿ ਬਹੁਤ ਨਿਸ਼ਠਾ ਹੈ।

ਇਸਲਾਮੀ ਫ਼ਿਰਕੇ : ਵੇਖੋ 'ਇਸਲਾਮ'।

ਇਕ੍ਸ਼ਵਾਕੂ : ਤ੍ਰੇਤਾ ਯੁਗ ਵਿਚ ਹੋਇਆ ਅਯੋਧਿਆ ਦਾ ਪਹਿਲਾ ਸੂਰਜਵੰਸ਼ੀ ਰਾਜਾ ਜੋ ਸੂਰਜ ਦੇ ਪੁੱਤਰ ਵੈਵਸ੍ਵਤ ਮਨੂ ਦਾ ਲੜਕਾ ਸੀ। 'ਰਿਗਵੇਦ' ਵਿਚ ਇਸ ਦਾ ਇਕ ਵਾਰ ਨਾਂ ਆਇਆ ਹੈ ਜੋ ਵਿਅਕਤੀ ਅਤੇ ਜਾਤੀ ਦੋਹਾਂ ਦਾ ਸੂਚਕ ਮੰਨਿਆ ਜਾ ਸਕਦਾ ਹੈ। 'ਵਿਸ਼ਣੂ ਪੁਰਾਣ' ਵਿਚ ਇਸ ਦੇ ਜਨਮ ਬਾਰੇ ਲਿਖਿਆ ਹੈ ਕਿ ਇਸ ਦੇ ਪਿਤਾ ਨੂੰ ਛਿਕ ਆਈ ਅਤੇ ਉਸ ਤੋਂ ਇਹ ਪੈਦਾ ਹੋਇਆ। ਇਸ ਦੇ ਘਰ ਪੁੱਤਰ ਪੈਦਾ ਹੋਏ ਪਰ ਉਨ੍ਹਾਂ ਸਭ ਵਿਚੋਂ ਵਿਕੁਕ੍ਸ਼ੀ ਅਤੇ ਨਿਮੀ ਵਿਸ਼ੇਸ਼ ਪਰਾਕ੍ਰਮੀ ਅਤੇ ਤੇਜਸਵੀ ਸਨ।

ਵਿਕੁਕ੍ਸ਼ੀ ਤੋਂ ਰਘੁਕੁਲ ਦਾ ਵਿਕਾਸ ਹੋਇਆ। ਸ੍ਰੀ ਰਾਮ ਚੰਦਰ ਇਸੇ ਕੁਲ ਵਿਚ ਹੋਏ ਸਨ। ਨਿਮੀ ਨੇ ਮਿਥਿਲਾ ਦੀ ਨੀਂਹ ਰਖੀ ਅਤੇ ਜਨਕ-ਵੰਸ਼ ਦਾ ਵਿਕਾਸ ਕੀਤਾ। ਸੀਤਾ ਇਸੇ ਵੰਸ਼ ਵਿਚ ਹੋਈ ਸੀ। ਕੁਝ ਵਿਦਵਾਨਾਂ ਨੇ ਇਕ੍ਸ਼ਵਾਕੂ ਦੇ ਹਵਨ-ਕੁੰਡ ਦੀ ਸਥਿਤੀ ਅੰਮ੍ਰਿਤਸਰ ਨਗਰ ਵਿਚ ਮੰਨੀ ਹੈ।

ਇਕਬਾਲ : ਉਰਦੂ-ਫ਼ਾਰਸੀ ਦਾ ਇਕ ਸ੍ਰੇਸ਼ਠ ਕਵੀ ਜਿਸ ਦਾ ਪੂਰਾ ਨਾਂ ਮੁਹੰਮਦ ਇਕਬਾਲ ਸੀ ਅਤੇ ਅੰਗ੍ਰੇਜ਼ ਸਰਕਾਰ ਵਲੋਂ ਇਸ ਨੂੰ 'ਸਰ' ਦਾ ਖ਼ਿਤਾਬ ਮਿਲਿਆ ਹੋਇਆ ਸੀ। ਇਸ ਦੀ ਕੁਲ-ਪਰੰਪਰਾ ਕਸ਼ਮੀਰ ਦੇ ਬ੍ਰਾਹਮਣਾਂ ਨਾਲ ਜਾ ਜੁੜਦੀ ਹੈ ਜੋ ਕੁਝ ਪੀੜ੍ਹੀਆਂ ਪਹਿਲਾਂ ਸਿਆਲਕੋਟ ਵਿਚ ਆ ਵਸੇ ਸਨ ਅਤੇ ਇਸਲਾਮ ਵਿਚ ਪ੍ਰਵੇਸ਼ ਕਰਕੇ ਸੂੰਨੀ ਵਿਚਾਰਧਾਰਾ ਦਾ ਪ੍ਰਸਾਰ ਕਰਦੇ ਸਨ।

ਇਕਬਾਲ ਦਾ ਜਨਮ ਸੰਨ 1875 ਈ. ਵਿਚ ਹੋਇਆ। ਇਸ ਨੇ ਪਹਿਲਾਂ ਸਿਆਲਕੋਟ ਵਿਚ ਵਿਦਿਆ ਹਾਸਲ ਕੀਤੀ ਅਤੇ ਮੌਲਵੀ ਸੱਯਦ ਮੀਰ ਹਸਨ ਦੇ ਪ੍ਰਭਾਵ ਅਧੀਨ ਉਰਦੂ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ। ਇਸ ਨੇ ਦਿੱਲੀ ਦੇ ਪ੍ਰਸਿੱਧ ਉਰਦੂ ਸ਼ਾਇਰ ਨਵਾਬ ਮਿਰਜ਼ਾ 'ਦਾਗ਼' ਕੋਲੋਂ ਵੀ ਕਵਿਤਾ ਸੰਬੰਧੀ ਅਗਵਾਈ ਲਈ ਸੀ। ਉਚੇਰੀ ਪੜ੍ਹਾਈ ਲਈ ਇਹ ਲਾਹੌਰ ਆ ਗਿਆ। ਐਮ.ਏ. ਕਰਨ ਉਪਰੰਤ ਇਹ ਕੁਝ ਸਮਾਂ ਓਰੀਐਂਟਲ ਕਾਲਜ ਅਤੇ ਗੌਰਮਿੰਟ ਕਾਲਜ ਵਿਚ ਪੜ੍ਹਾਉਂਦਾ ਰਿਹਾ। ਪਰ ਸੰਨ 1905 ਈ. ਵਿਚ ਗੌਰਮਿੰਟ ਕਾਲਜ ਦੇ ਪ੍ਰੋਫੈਸਰ ਟਾਮਸ ਆਰਨਲਡ ਦੀ ਮੱਦਦ ਨਾਲ ਅਗੋਂ ਪੜ੍ਹਨ ਲਈ ਇੰਗਲੈਂਡ ਗਿਆ। ਉਥੋਂ ਡਾਕਟੋਰੇਟ ਦੀ ਡਿਗਰੀ ਹਾਸਲ ਕਰਨ ਦੇ ਨਾਲ ਨਾਲ ਇਸ ਨੇ ਬੈਰਿਸਟ੍ਰੀ ਦਾ ਇਮਤਿਹਾਨ ਵੀ ਪਾਸ ਕੀਤਾ। ਸੰਨ 1908 ਈ. ਵਿਚ ਵਾਪਸ ਵਤਨ ਪਰਤਣ ਤੇ ਇਸ ਨੇ ਗੌਰਮਿੰਟ ਕਾਲਜ ਲਾਹੌਰ ਵਿਚ ਨੌਕਰੀ ਕਰ ਲਈ। ਪਰ ਦੋ ਸਾਲਾਂ ਬਾਦ ਇਸ ਨੇ ਵਕਾਲਤ ਕਰਨੀ ਸ਼ੁਰੂ ਕੀਤੀ। ਸੰਨ 1922 ਈ. ਵਿਚ ਇਸ ਨੂੰ 'ਸਰ' ਦਾ ਖ਼ਿਤਾਬ ਮਿਲਿਆ ਅਤੇ ਹੋਰ ਕਈਆਂ ਸੰਸਥਾਵਾਂ ਵਲੋਂ ਕਿਸੇ ਨਾ ਕਿਸੇ ਰੂਪ ਵਿਚ ਸਨਮਾਨਿਤ ਕੀਤਾ ਗਿਆ।

ਸੰਨ 1930 ਈ. ਵਿਚ ਇਲਾਹਾਬਾਦ ਵਿਚ ਹੋਏ ਮੁਸਲਿਮ ਲੀਗ ਦੇ ਸੰਮੇਲਨ ਦੀ ਇਸ ਨੇ ਪ੍ਰਧਾਨਗੀ ਕੀਤੀ ਜਿਸ ਵਿਚ 'ਪਾਕਿਸਤਾਨ' ਦਾ ਪ੍ਰਸਤਾਵ ਰਖਿਆ ਗਿਆ ਸੀ। ਸ਼ੁਰੂ ਵਿਚ ਇਸ ਦੀ ਕਵਿਤਾ ਦੀ ਨੁਹਾਰ ਰਾਸ਼ਟਰਵਾਦੀ ਸੀ, ਪਰ ਬਾਦ ਵਿਚ ਇਸ ਨੂੰ ਮਹਿਸੂਸ ਹੋਇਆ ਕਿ ਮੁਸਲਮਾਨਾਂ ਦਾ ਭਵਿਸ਼ ਹਿੰਦੁਸਤਾਨ ਤੋਂ ਵੱਖ ਰਹਿਣ ਵਿਚ ਹੈ।

ਇਸ ਤਰ੍ਹਾਂ ਇਹ ਰਾਸ਼ਟਰਵਾਦੀ ਕਵੀ ਦੀ ਥਾਂ ਸੰਪ੍ਰਦਾਇਕ ਕਵੀ ਬਣ ਜਾਣ ਕਾਰਣ 'ਸ਼ਾਇਰੇ ਪਾਕਿਸਤਾਨ' ਅਖਵਾਉਣ ਲਗਾ। ਇਸ ਦਾ ਦੇਹਾਂਤ ਅਪ੍ਰੈਲ, 1938 ਈ. ਵਿਚ ਲਾਹੌਰ ਵਿਚ ਹੋਇਆ।

ਪਹਿਲਾਂ ਇਹ ਕੇਵਲ ਉਰਦੂ ਵਿਚ ਕਵਿਤਾ ਕਰਦਾ ਸੀ, ਪਰ ਇੰਗਲੈਂਡ ਵਿਚ ਰਹਿਣ ਦੌਰਾਨ ਇਸ ਨੇ ਫ਼ਾਰਸੀ ਵਿਚ ਵੀ ਕਵਿਤਾ ਕਰਨੀ ਸ਼ੁਰੂ ਕੀਤੀ ਤਾਂ ਜੋ ਆਪਣੇ ਵਿਚਾਰਾਂ ਦਾ ਪ੍ਰਚਾਰ ਸਾਰੇ ਇਸਲਾਮੀ ਦੇਸ਼ਾਂ ਤਕ ਕਰ ਸਕੇ। ਇਸ ਦੇ ਨੌਂ ਕਾਵਿ-ਸੰਗ੍ਰਹਿ ਛਪ ਚੁੱਕੇ ਹਨ, ਜਿਨ੍ਹਾਂ ਵਿਚ ਤਿੰਨ ਉਰਦੂ ਵਿਚ ਅਤੇ ਛੇ ਫ਼ਾਰਸੀ ਵਿਚ ਹਨ। ਇਸ ਦੀਆਂ ਅੰਗ੍ਰੇਜ਼ੀ ਵਿਚ ਵੀ ਲਿਖੀਆਂ ਦੋ-ਤਿੰਨ ਪੁਸਤਕਾਂ ਮਿਲਦੀਆਂ ਹਨ।

ਇਕਬਾਲ ਦੀ ਵਿਚਾਰਧਾਰਾ ਦਾ ਮੁੱਖ ਧੁਰਾ ਧਰਮ, ਦਰਸ਼ਨ, ਨੈਤਿਕਤਾ ਅਤੇ ਰਾਜਨੀਤੀ ਸੀ। ਇਸ ਨੇ ਮਨੁੱਖ ਦੀ ਖ਼ੁਦੀ ਨੂੰ ਵੰਗਾਰ ਕੇ ਆਤਮ-ਗੌਰਵ ਅਤੇ ਆਤਮਿਕ ਉੱਨਤੀ ਦੀਆਂ ਭਾਵਨਾਵਾਂ ਦਾ ਬੜੀ ਰੁਚੀ ਨਾਲ ਸੰਚਾਰ ਕੀਤਾ ਹੈ। ਬਾਵਾ ਬਲਵੰਤ ਨੇ ਆਪਣੀ ਕਵਿਤਾ 'ਜ਼ਿੰਦਗੀ ਹੀ ਜ਼ਿੰਦਗੀ' ਵਿਚ ਇਕਬਾਲ ਪ੍ਰਤਿਪਾਦਿਤ 'ਖ਼ੁਦੀ' ਵਲ ਸੰਕੇਤ ਕੀਤਾ ਹੈ—'ਉਮਰ ਤਕ ਇਕਬਾਲ ਨੇ ਗਾਈ ਹੈ ਜੋ/ਮੇਰੇ ਜੀਵਨ ਤੇ ਖੁਦੀ ਛਾਈ ਹੈ ਉਹ।'

ਇਕਾਦਸੀ/ਏਕਾਦਸੀ : ਇਸ ਦਾ ਸ਼ਾਬਦਿਕ ਅਰਥ ਹੈ 'ਯਾਰ੍ਹਵੀਂ'। ਮਹੀਨੇ ਦੇ ਹਰ ਇਕ ਪੱਖ ਦੀ ਯਾਰ੍ਹਵੀਂ ਥਿਤ ਨੂੰ 'ਇਕਾਦਸ਼ੀ' ਕਿਹਾ ਜਾਂਦਾ ਹੈ। ਇਕ ਮਹੀਨੇ ਵਿਚ ਦੋ ਵਾਰ ਆਉਣ ਕਾਰਣ ਇਕ ਸਾਲ ਵਿਚ ਕੁਲ 24 ਇਕਾਦਸ਼ੀਆਂ ਹੁੰਦੀਆਂ ਹਨ, ਬਾਰ੍ਹਾਂ ਕ੍ਰਿਸ਼ਣ ਪੱਖ ਦੀਆਂ ਅਤੇ ਬਾਰ੍ਹਾਂ ਸ਼ੁਕਲ ਪੱਖ ਦੀਆਂ। ਇਸ ਦਿਨ ਵਿਸ਼ੇਸ਼ ਰੂਪ ਵਿਚ ਬ੍ਰਤ ਰਖਿਆ ਜਾਂਦਾ ਹੈ ਅਤੇ ਪੂਜਾ-ਪਾਠ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਇਕ ਧਾਰਮਿਕ ਕਿਰਤ ਵਾਲਾ ਦਿਨ ਬਣ ਗਿਆ ਹੈ।

ਇਕਾਦਸ਼ੀ ਵਾਲੇ ਦਿਨ ਪੂਜਾ ਕਿਉਂ ਕੀਤੀ ਜਾਂਦੀ ਹੈ ? ਜਾਂ ਇਸ ਦਿਨ ਪੂਜਾ ਦੀ ਮਾਨਤਾ ਕਿਉਂ ਹੈ ? ਇਸ ਬਾਰੇ ਅਨੇਕ ਪੌਰਾਣਿਕ ਪ੍ਰਸੰਗ ਪ੍ਰਚਲਿਤ ਹਨ। ਇਨ੍ਹਾਂ ਵਿਚੋਂ ਮੁੱਖ ਹੈ 'ਪਦਮ ਪੁਰਾਣ' ਦੇ "ਉਤਰਕਾਂਡ" ਦਾ ਅਠੱਤੀਵਾਂ ਅਧਿਆਇ। ਉਥੇ ਲਿਖਿਆ ਹੈ ਕਿ ਮੁਰ ਦੈਂਤ ਨੂੰ ਮਾਰਨ ਲਈ ਦੇਵਤਿਆਂ ਦੀ ਸੈਨਾ ਸਹਿਤ ਵਿਸ਼ਣੂ ਨੇ ਮੁਰ ਦੀ ਰਾਜਧਾਨੀ ਚੰਦ੍ਰਾਵਤੀ ਉਤੇ ਹਮਲਾ ਕੀਤਾ। ਦੇਵਤੇ ਤਾਂ ਜਲਦੀ ਹੀ ਦੈਂਤ ਤੋਂ ਡਰ ਕੇ ਭਜ ਗਏ ਪਰ ਵਿਸ਼ਣੂ ਕਾਫ਼ੀ ਦਿਨ ਇਕੱਲਿਆਂ ਹੀ ਮੁਰ ਨਾਲ ਲੜਦਾ ਰਿਹਾ ਅਤੇ ਅੰਤ ਵਿਚ ਥੱਕ ਕੇ ਉਸ ਨੂੰ ਬਦਰਿਕਾਸ਼੍ਰਮ ਦੀ ਇਕ ਗੁਫ਼ਾ ਵਿਚ ਸ਼ਰਣ ਲੈਣੀ ਪਈ। ਜਦ ਉਸ ਨੂੰ ਮਾਰਨ ਲਈ ਮੁਰ ਦੈਂਤ ਗੁਫ਼ਾ ਦੇ ਦੁਆਰ 'ਤੇ ਜਾ ਪਹੁੰਚਿਆ ਤਾਂ ਉਥੇ ਇਕ ਸ਼ਸਤ੍ਰ-ਸੁੰਦਰੀ ਪਹਿਰਾ ਦੇ ਰਿਹਾ ਸੀ। ਉਸ ਦੀ ਹੁੰਕਾਰ ਨਾਲ ਮੁਰ ਮਰ ਗਿਆ। ਵਿਸ਼ਣੂ ਨੇ ਪ੍ਰਸੰਨ ਹੋ ਕੇ ਉਸ ਦਾ ਨਾਂ 'ਇਕਾਦਸ਼ੀ' ਰਖਿਆ ਅਤੇ ਵਰਦਾਨ ਦਿੱਤਾ ਕਿ ਉਸੇ ਦਿਨ ਵਰਤ ਰਖਣ ਵਾਲਿਆਂ ਨੂੰ ਭਗਤੀ ਅਤੇ ਮੁਕਤੀ ਪ੍ਰਾਪਤ ਹੋਵੇਗੀ।

ਪੂਜਾਰੀ ਪ੍ਰਵਿਰਤੀਆਂ ਵਾਲੇ ਲੋਕਾਂ ਨੇ ਏਕਾਦਸ਼ੀ ਦੇ ਮਹਾਤਮ ਬਾਰੇ ਵੀ ਚਰਚਾ ਕੀਤੀ ਹੈ। ਡਾ. ਤਰਲੋਚਨ ਸਿੰਘ ਬੇਦੀ ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਇਕ ਅਜਿਹੀ

ਵਾਰਤਕ ਰਚਨਾ 'ਏਕਾਦਸੀ ਮਹਾਤਮ' ਵਲ ਵਿਦਵਾਨਾਂ ਦਾ ਧਿਆਨ ਦਿਵਾਇਆ ਹੈ। ਮੱਧ ਯੁਗ ਦੇ ਸੰਤਾਂ ਨੇ ਇਸ ਪ੍ਰਕਾਰ ਦੇ ਵਹਿਮਾਂ ਭਰਮਾਂ ਤੋਂ ਲੋਕਾਂ ਨੂੰ ਸਚੇਤ ਕੀਤਾ ਅਤੇ ਇਕਾਦਸ਼ੀ ਦੇ ਅੰਤਰੀਵੀ ਅਰਥ ਜਾਂ ਇਸ ਦੇ ਭਾਵੀਕ੍ਰਿਤ ਰੂਪ ਨੂੰ ਪੇਸ਼ ਕੀਤਾ। ਗੁਰੂ ਅਰਜਨ ਦੇਵ ਨੇ ਗਉੜੀ ਰਾਗ ਦੀ 'ਥਿਤੀ' ਵਿਚ ਕਿਹਾ ਹੈ—'ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ।/ਇੰਦ੍ਰੀ ਬਸਿ ਕਰਿ ਸੁਣਹੁ ਹਰਿਨਾਮੁ।/ਮਨਿ ਸੰਤੋਖੁ ਸਰਬ ਜੀਅ ਦਇਆ।/ਇਨ ਬਿਧਿ ਬਰਤੁ ਸੰਪੂਰਨ ਭਇਆ' (ਆ. ਗ੍ਰੰ. 299)।

ਇੱਛਰਾਂ : ਪੂਰਨ ਭਗਤ ਦੀ ਮਾਤਾ ਅਤੇ ਸਿਆਲਕੋਟ ਦੇ ਰਾਜਾ ਸਲਵਾਨ ਦੀ ਵੱਡੀ ਰਾਣੀ ਜੋ ਕਵੀ ਕਾਦਰ ਯਾਰ ਅਨੁਸਾਰ ਉਦੇ-ਨਗਰ ਦੇ ਰਾਜੇ ਚੰਧਲ ਦੀ ਪੁੱਤਰੀ ਸੀ। ਇਹ ਕਾਲੇ ਜਾਦੂ ਦੀ ਮਾਹਿਰ ਸੀ ਅਤੇ ਇਸ ਨੇ ਵਿਆਹੁਣ ਆਏ ਕਈ ਰਾਜਿਆਂ ਨੂੰ ਮਾਰ ਦਿੱਤਾ। ਸਲਵਾਨ ਨੇ ਕੀੜਿਆਂ ਦੇ ਰਾਜੇ ਦੀ ਮੱਦਦ ਨਾਲ, ਮਿਹਰ ਕਰਕੇ ਇੱਛਰਾਂ ਨਾਲ ਵਿਆਹ ਕੀਤਾ ਅਤੇ ਉਸ ਦੇ ਕਾਲੇ ਜਾਦੂ ਦੇ ਪ੍ਰਭਾਵ ਨੂੰ ਖ਼ਤਮ ਕੀਤਾ। ਇਸ ਦੀ ਸੌਂਕਣ ਲੂਣਾ (ਵੇਖੋ) ਨੇ ਜਦੋਂ ਤ੍ਰੀਆ ਚਲਿਤ੍ਰ ਕਰਕੇ ਪੂਰਨ (ਵੇਖੋ) ਨੂੰ ਖੂਹ ਵਿਚ ਸੁਟਵਾ ਦਿੱਤਾ ਤਾਂ ਆਪਣੇ ਪੁੱਤਰ ਦੇ ਵਿਯੋਗ ਵਿਚ ਇਹ ਅੰਨ੍ਹੀ ਹੋ ਗਈ। ਸਾਰਾ ਦਿਨ ਉਹ ਗੁੰਮ-ਸੁਮ ਮਹੱਲ ਵਿਚ ਪਈ ਰਹਿੰਦੀ। ਸੱਚਮੁਚ ਉਸ ਦੀ ਹਾਲਤ ਬੜੀ ਤਰਸਯੋਗ ਸੀ। ਜਸਬੀਰ ਸਿੰਘ ਆਹਲੂਵਾਲੀਆਂ ਨੇ ਲਿਖਿਆ ਹੈ—'ਤੇ ਸੁੰਨੇ ਘਰ ਦੀ ਖਾਮੋਸ਼ੀ/ਜਿਉਂ ਬੇਹਿੱਸ ਬੈਠੀ ਇੱਛਰਾਂ।'

ਜਦੋਂ ਬਾਰ੍ਹਾਂ ਵਰ੍ਹਿਆਂ ਬਾਦ ਪੂਰਨ ਯੋਗੀ ਦੇ ਰੂਪ ਵਿਚ ਸਿਆਲਕੋਟ ਪਰਤਿਆ ਤਾਂ ਉਸ ਦੀ ਆਮਦ ਨਾਲ ਸੁਕਾ ਬਾਗ਼ ਹਰਾ ਭਰਾ ਹੋ ਗਿਆ। ਯੋਗੀ ਦੀ ਸ਼ਕਤੀ ਬਾਰੇ ਸੁਣ ਕੇ ਇੱਛਰਾਂ ਉਸ ਦੇ ਦਰਸ਼ਨਾਂ ਲਈ ਬਾਗ਼ ਵਿਚ ਆਈ। ਪੂਰਨ ਨੇ ਬੇਹਾਲ ਹੋਈ ਮਾਤਾ ਨੂੰ ਪਛਾਣ ਲਿਆ ਅਤੇ ਆਪਣੀ ਦੈਵੀ ਸ਼ਕਤੀ ਨਾਲ ਉਸ ਦੀਆਂ ਅੱਖਾਂ ਦੀ ਜੋਤ ਠੀਕ ਕਰ ਦਿੱਤੀ। ਪੁੱਤਰ ਨੂੰ ਮਿਲ ਕੇ ਉਹ ਬਹੁਤ ਪ੍ਰਸੰਨ ਹੋਈ।

ਇੱਛਾਬਲ : ਕਸ਼ਮੀਰ ਵਿਚ ਸ੍ਰੀਨਗਰ ਤੋਂ 65 ਕਿ. ਮੀ. ਦੱਖਣ ਦਿਸ਼ਾ ਵਿਚ ਸਥਿਤ ਇਕ ਚਸ਼ਮਾ ਜੋ ਅਨੰਤਨਾਗ ਤੋਂ ਕੇਵਲ 10 ਕਿ. ਮੀ. ਦੀ ਦੂਰੀ ਉਤੇ ਹੈ। ਇਸ ਚਸ਼ਮੇ ਦੇ ਕੁਦਰਤੀ ਨਜ਼ਾਰੇ ਕਰਕੇ ਸੱਤਵੀਂ ਸਦੀ ਦੇ ਸ਼ੁਰੂ ਵਿਚ ਅਕਛਾ (ਅਕ੍ਸ਼ ਜਾਂ ਅਕ੍ਸ਼ਪਾਲ) ਨਾਂ ਦੇ ਰਾਜੇ ਨੇ ਇਥੇ ਸੈਰ ਸਪਾਟੇ ਲਈ ਇਕ ਠਿਕਾਣਾ ਬਣਵਾਇਆ ਜੋ ਅਕਛਾਬਲ ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਕਾਲਾਂਤਰ ਵਿਚ ਅਕਛਾਬਲ ਤੋਂ ਇੱਛਾਬਲ ਪ੍ਰਚਲਿਤ ਹੋ ਗਿਆ। ਇਹ ਚਸ਼ਮਾ 467 ਫੁੱਟ ਲੰਬਾ ਅਤੇ 45 ਫੁੱਟ ਚੌੜਾ ਹੈ। ਇਥੇ ਸੋਸਾਵਰ ਨਾਂ ਦੀ ਪਹਾੜੀ ਅਗੇ ਨੂੰ ਵਧੀ ਹੋਈ ਹੈ ਜਿਸ ਵਿਚੋਂ ਅਨੇਕ ਥਾਵਾਂ ਤੋਂ ਪਾਣੀ ਜ਼ੋਰ ਨਾਲ ਝਰਦਾ ਹੈ। ਪਾਣੀ ਦੀ ਝਰਨਾਟ ਅਤੇ ਡਿਗਣ ਦੀ ਆਵਾਜ਼ ਬਹੁਤ ਸੁੰਦਰ ਵਾਤਾਵਰਣ ਦੀ ਸਿਰਜਨਾ ਕਰਦੀ ਹੈ।

ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦੀ ਪੁੱਤਰੀ ਜਹਾਂਆਰਾ ਨੂੰ ਇਸ ਚਸ਼ਮੇ ਦਾ ਨਜ਼ਾਰਾ ਬਹੁਤ ਪਸੰਦ ਆਇਆ। ਇਥੇ ਉਸ ਨੇ ਸੰਨ 1640 ਈ. ਵਿਚ ਇਕ ਬਾਗ਼ (142×137 ਮੀਟਰ) ਲਗਵਾਇਆ ਜਿਸ ਵਿਚ ਇਕ ਸੁੰਦਰ ਬਾਰਾਂਦਰੀ ਬਣਵਾਈ।

ਇਸ ਵਿਚ ਬਣਿਆ ਫਵਾਰਾ ਵੀ ਬਹੁਤ ਸੁੰਦਰ ਅਤੇ ਦਿਲਕਸ਼ ਹੈ। ਪਰ 'ਕਸ਼ਮੀਰੀ ਵਿਸ਼ਵਕੋਸ਼' ਅਨੁਸਾਰ ਇਹ ਬਾਗ਼ ਸੰਨ 1620 ਈ. ਵਿਚ ਨੂਰਜਹਾਂ ਨੇ ਬਣਵਾਇਆ ਸੀ। ਇਥੋਂ ਦੀਆਂ ਪੁਰਾਣੀਆਂ ਇਮਾਰਤਾਂ ਅਧਿਕਤਰ ਡਿਗ ਗਈਆਂ ਹਨ। ਮਹਾਰਾਜਾ ਰਣਬੀਰ ਸਿੰਘ ਨੇ ਕੁਝ ਪੁਰਾਤਨ ਇਮਾਰਤਾਂ ਨੂੰ ਨਵੇਂ ਸਿਰਿਓਂ ਬਣਾਉਣ ਦਾ ਯਤਨ ਕੀਤਾ, ਪਰ ਉਨ੍ਹਾਂ ਵਿਚ ਪਹਿਲਾਂ ਵਾਲਾ ਵੈਭਵ ਪੈਦਾ ਨਾ ਹੋ ਸਕਿਆ।

ਸੈਰ-ਸਪਾਟੇ ਲਈ ਇਥੇ ਬਹੁਤ ਲੋਕ ਆਉਂਦੇ ਹਨ। ਭਾਈ ਵੀਰ ਸਿੰਘ ਨੇ ਇਸ ਚਸ਼ਮੇ ਨੂੰ ਦੇਖਣ ਉਪਰੰਤ ਆਪਣੇ ਪ੍ਰਭਾਵ ਨੂੰ ਇਕ ਰੁਬਾਈ ਵਿਚ ਇਸ ਤਰ੍ਹਾਂ ਚਿੱਤਰਿਆ ਹੈ—'ਇਛਾਬਲ ਜਦ ਨਾਦ ਤਿਰਾ ਆ/ਪਹਿਲਾਂ ਕੰਨੀਂ ਪੈਂਦਾ,/ਭਰ ਸਰੂਰ ਸਿਰ ਵਿਚ ਜਾਂਦਾ/ਝੂਮ ਇਲਾਹੀ ਲੈਂਦਾ,/ਹੀਰੇ ਵਰਗੀ ਚਮਕ ਨੀਰ ਦੀ/ਅੱਖਾਂ ਨੂੰ ਮਸਤਾਂਦੀ,/ ਬੇਖੁਦੀਆਂ ਦਾ ਝੂਟਾ ਆਵੇ/ਚੜ੍ਹਯਾ ਹੁਲਾਰਾ ਰਹਿੰਦਾ।'

ਇਜ਼ਤ-ਬੇਗ : ਮਹੀਂਵਾਲ ਦਾ ਮੂਲ ਨਾਂ। ਵੇਖੋ 'ਸੋਹਣੀ ਮਹੀਂਵਾਲ'।

ਇਜ਼ਰਾਈਲ : ਵੇਖੋ 'ਅਜ਼ਰਾਈਲ'।

ਇੰਜੀਲ : ਈਸਾਈ-ਮਤ ਦੀ ਧਰਮ ਪੁਸਤਕ। ਵੇਖੋ 'ਬਾਈਬਲ'।

ਇੰਦਰ : ਹਿੰਦੂ ਧਰਮ ਦਾ ਇਕ ਪ੍ਰਮੁਖ ਦੇਵਤਾ ਜਿਸ ਦਾ ਉੱਲੇਖ 'ਰਿਗਵੇਦ' ਵਿਚ ਮਿਲਦਾ ਹੈ। 'ਰਿਗਵੇਦ' ਦੇ 250 ਸੂਕਤਾਂ ਵਿਚ ਇਸ ਦੀ ਸੁਤੰਤਰ ਉਸਤਤ ਹੋਈ ਹੈ ਅਤੇ ਲਗਭਗ 50 ਸੂਕਤ ਅਜਿਹੇ ਵੀ ਹਨ ਜਿਨ੍ਹਾਂ ਵਿਚ ਹੋਰਨਾਂ ਦੇਵਤਿਆਂ, ਜਿਵੇਂ ਵਿਸ਼ਨੂ, ਮਰੁਤ, ਅਗਨੀ ਆਦਿ ਨਾਲ ਇਸ ਦੀ ਇਕੱਠੀ ਉਸਤਤ ਹੋਈ ਹੈ। ਇਸ ਤਰ੍ਹਾਂ 'ਰਿਗਵੇਦ' ਦਾ ਲਗਭਗ ਚੌਥਾ ਹਿੱਸਾ ਇੰਦਰ ਦੀ ਉਸਤਤ ਨੂੰ ਅਰਪਿਤ ਹੈ। ਇਸ ਨੂੰ ਆਕਾਸ਼ ਅਤੇ ਧਰਤੀ ਦਾ ਸੰਸਥਾਪਕ ਅਤੇ ਸੂਰਜ ਤੇ ਉਸ਼ਾ ਦਾ ਉਤਪਾਦਕ ਮੰਨਿਆ ਗਿਆ ਹੈ। ਇਸ ਨੂੰ ਵਾਯੂਮੰਡਲ, ਆਕਾਸ਼ ਅਤੇ ਰੁੱਤਾਂ ਦਾ ਦੇਵਤਾ ਵੀ ਕਿਹਾ ਗਿਆ ਹੈ, ਖ਼ਾਸ ਤੌਰ ਤੇ ਵਰਖਾ ਦਾ ਦੇਵਤਾ ਜਿਸ ਨੇ ਆਪਣੇ ਵਜ੍ਰ ਨਾਲ ਸੋਕੇ ਦੇ ਦੈਂਤ 'ਅਹੀ' ਅਥਵਾ 'ਵ੍ਰਿਤ੍ਰ' ਦਾ ਨਾਸ਼ ਕਰਕੇ ਧਰਤੀ ਉਤੇ ਮੀਂਹ ਵਸਾਇਆ ਸੀ।

ਇਸ ਦੇ ਸਰੂਪ ਸੰਬੰਧੀ ਲਿਖਿਆ ਹੈ ਕਿ ਇਸ ਦਾ ਰੰਗ ਲਾਲ ਜਾਂ ਸੁਨਹਿਰੀ ਹੈ। ਇਸ ਦੇ ਹੱਥ, ਬਾਹਾਂ, ਪੇਟ ਅਤੇ ਸਿਰ ਬਹੁਤ ਵੱਡੇ ਹਨ। ਸੋਮ-ਰਸ ਦਾ ਬਹੁਤ ਸ਼ੌਕੀਨ ਹੈ। ਇਹ ਆਪਣੇ ਸੱਜੇ ਹੱਥ ਵਿਚ ਵਜ੍ਰ ਨੂੰ ਧਾਰਣ ਕਰਦਾ ਹੈ ਅਤੇ ਪੇਟ ਨੂੰ ਪੂਰੀ ਤਰ੍ਹਾਂ ਸੋਮ-ਰਸ ਨਾਲ ਭਰਕੇ ਮਦ-ਮਸਤ ਅਵਸਥਾ ਵਿਚ ਯੁੱਧ ਲਈ ਰਥ ਉਤੇ ਸਵਾਰ ਹੋ ਕੇ ਰਣ-ਖੇਤਰ ਨੂੰ ਪ੍ਰਸਥਾਨ ਕਰਦਾ ਹੈ। ਇਸ ਦੇ ਸੁਨਹਿਰੀ ਰਥ ਨੂੰ ਆਮ ਤੌਰ ਤੇ ਲਾਖੇ ਰੰਗ ਦੇ ਦੋ ਘੋੜੇ ਖਿਚਦੇ ਹਨ, ਪਰ ਵਿਸ਼ੇਸ਼ ਅਵਸਰਾਂ ਤੇ ਇਨ੍ਹਾਂ ਦੀ ਗਿਣਤੀ ਇਕ ਹਜ਼ਾਰ ਤਕ ਦਸੀ ਗਈ ਹੈ। ਵੈਰੀਆਂ ਨੂੰ ਫਸਾਉਣ ਜਾਂ ਕਾਬੂ ਕਰਨ ਲਈ ਇਸ ਪਾਸ ਇਕ ਜਾਲ ਅਤੇ ਕੁੰਡੀ ਵੀ ਹੈ। ਜਾਲ ਸੰਬੰਧੀ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਵਿਸਤਾਰ ਅਪੱਛਰਾਵਾਂ ਰਾਹੀਂ ਹੁੰਦਾ ਹੈ। ਇਸ ਲਈ ਇਸ ਦਾ ਨਾਂ 'ਇੰਦ੍ਰ-ਜਾਲ' ਪੈ ਗਿਆ ਹੈ।

ਇਸ ਦੇ ਅਨੇਕ ਰੂਪ ਹਨ। ਇਹ ਆਪਣੀ ਇੱਛਾ ਅਨੁਸਾਰ ਕੋਈ ਵੀ ਰੂਪ ਧਾਰਣ

ਕਰ ਸਕਦਾ ਹੈ। ਇਹ ਆਪਣੇ ਧਨੁਸ਼ ਨਾਲ ਤੀਰ ਚਲਾਉਣ ਵਿਚ ਵੀ ਬਹੁਤ ਮਾਹਿਰ ਹੈ। ਇਸ ਦੇ ਧਨੁਸ਼ ਨੂੰ 'ਇੰਦ੍ਰ-ਧਨੁਸ਼' (ਵੇਖੋ) ਕਿਹਾ ਜਾਂਦਾ ਹੈ। ਇਸ ਦੀ ਪਤਨੀ ਦਾ ਨਾਂ ਇੰਦ੍ਰਾਣੀ (ਵੇਖੋ) ਜਾਂ ਸ਼ਚੀ ਹੈ ਜਿਸ ਤੋਂ ਜਯੰਤ ਨਾਂ ਦੇ ਪੁੱਤਰ ਦਾ ਜਨਮ ਹੋਇਆ ਸੀ। ਅਰਜੁਨ ਅਤੇ ਬਾਲੀ ਨੂੰ ਵੀ ਇੰਦਰ ਦੇ ਔਰਸ ਪੁੱਤਰ ਮੰਨਿਆ ਜਾਂਦਾ ਹੈ। ਇਸ ਦੇ ਹਾਥੀ ਦਾ ਨਾਂ ਐਰਾਵਤ, ਘੋੜੇ ਦਾ ਨਾਂ 'ਉੱਚੈਸ਼੍ਰਵਾ' ਅਤੇ ਰਥਵਾਨ ਦਾ ਨਾਂ 'ਮਾਤਲੀ' ਹੈ। ਐਰਾਵਤ, ਉੱਚੈਸ਼੍ਰਵਾ ਅਤੇ ਪਾਰਾਜਤ ਬ੍ਰਿਛ ਸਮੁੰਦਰ ਰਿੜਕਣ ਵੇਲੇ ਨਿਕਲੇ ਰਤਨਾਂ ਵਿਚੋਂ ਇੰਦਰ ਦੇ ਹਿੱਸੇ ਆਏ ਸਨ।

ਇੰਦਰ ਕਦ ਪੈਦਾ ਹੋਇਆ ਅਤੇ ਕਿਸ ਦੀ ਕੁੱਖੋਂ ਜੰਮਿਆ ? ਇਸ ਬਾਰੇ ਕੋਈ ਸਪੱਸ਼ਟ ਮਤ ਉਪਲਬਧ ਨਹੀਂ ਹੈ। 'ਰਿਗਵੇਦ' ਵਿਚ ਇਸ ਨੂੰ ਆਪਣੇ ਪਿਤਾ ਦੇ ਦੋਵੇਂ ਪੈਰ ਫੜ ਕੇ ਹਤਿਆ ਕਰਨ ਵਾਲਾ ਵੀ ਦਸਿਆ ਗਿਆ ਹੈ। 'ਅਥਰਵ-ਵੇਦ' ਵਿਚ ਇਸ ਦੀ ਮਾਤਾ ਦਾ ਨਾਂ 'ਏਕਾਸ਼ਟਕਾ' ਲਿਖਿਆ ਹੈ ਜਿਸ ਦੀ ਅਸਾਧਾਰਣ ਤਪੱਸਿਆ ਦੇ ਫਲਸਰੂਪ ਇੰਦਰ ਦਾ ਜਨਮ ਹੋਇਆ। 'ਸ਼ਤਪਥ ਬ੍ਰਾਹਮਣ' ਵਿਚ ਇਸ ਦੀ ਉਤਪੱਤੀ ਪ੍ਰਜਾਪਤੀ ਤੋਂ ਹੋਈ ਲਿਖੀ ਹੈ। ਪੁਰਾਣ-ਸਾਹਿੱਤ ਵਿਚ ਇਹ ਅਦਿਤੀ ਦੀ ਕੁੱਖੋਂ ਕਸ਼ਯਪ ਦੇ ਘਰ ਪੈਦਾ ਹੋਇਆ ਸੀ ਅਤੇ ਵਾਮਨ ਦਾ ਛੋਟਾ ਭਰਾ ਸੀ। ਇਸ ਤਰ੍ਹਾਂ ਇੰਦਰ ਅਜਨਮਾ ਨਹੀਂ। ਇਸ ਦਾ ਜਨਮ ਕਿਸੇ ਦੇਵਤੇ ਦੁਆਰਾ ਇਕ ਅਪੱਛਰਾ ਦੀ ਕੁੱਖੋਂ ਹੋਇਆ ਮੰਨਿਆ ਜਾਂਦਾ ਹੈ।

ਦੇਵਤਿਆਂ ਦਾ ਰਾਜਾ ਹੋਣ ਕਾਰਣ ਇਸ ਦਾ ਸਦਾ ਦੈਂਤਾਂ ਜਾਂ ਅਸੁਰਾਂ ਨਾਲ ਵੈਰ ਰਿਹਾ ਹੈ। ਫਲਸਰੂਪ ਇਸ ਨੇ ਅਨੇਕ ਦੈਂਤਾਂ ਨੂੰ ਜਾਨੋਂ ਮਾਰਿਆ। ਵ੍ਰਿਤ੍ਰਾਸੁਰ ਨੂੰ ਮਾਰਨ ਲਈ ਇਸ ਨੇ ਦਧੀਚ ਰਿਸ਼ੀ ਦੀਆਂ ਹੱਡੀਆਂ ਪ੍ਰਾਪਤ ਕਰਕੇ ਉਨ੍ਹਾਂ ਤੋਂ ਆਪਣੇ ਸ਼ਸਤ੍ਰ ਵਜ੍ਰ ਦਾ ਨਿਰਮਾਣ ਕੀਤਾ ਅਤੇ ਵ੍ਰਿਤ੍ਰ ਨੂੰ ਮਾਰ ਕੇ ਉਸ ਦੇ ਘੇਰੇ ਤੋਂ ਬਦਲਾਂ ਨੂੰ ਮੁਕਤ ਕਰਾਇਆ, ਤਦੇ ਬਾਰਸ਼ ਹੋ ਸਕੀ। ਇਸ ਨੇ ਭਾਰਤ ਦੇ ਆਦਿ-ਵਾਸੀਆਂ (ਦਸਯੂਆਂ) ਦੇ ਆਗੂ ਸ਼ੰਬਰ ਨੂੰ ਮਾਰ ਕੇ ਦਸਯੂਆਂ/ਦਾਸਾਂ ਉਤੇ ਜਿੱਤ ਪ੍ਰਾਪਤ ਕੀਤੀ। ਯੁੱਧਾਂ ਵੇਲੇ ਮਰੁਤਾਂ ਦੀ ਸੈਨਾ ਇਸ ਦੀ ਸਹਾਇਤਾ ਕਰਦੀ ਹੈ ਅਤੇ ਮਿਤ੍ਰ ਤੇ ਵਿਸ਼ਣੂ ਇਸ ਦਾ ਸਾਥ ਦਿੰਦੇ ਹਨ।

ਸ਼ਕਤੀ ਸੰਪੰਨ ਅਤੇ ਵਜ੍ਰਧਾਰੀ ਹੋਣ ਦੇ ਬਾਵਜੂਦ ਇੰਦਰ ਅਜਿੱਤ ਨਹੀਂ ਕਿਹਾ ਜਾ ਸਕਦਾ। 'ਬਾਲਮੀਕੀ ਰਾਮਾਇਣ' ਅਨੁਸਾਰ 'ਮੇਘਨਾਦ' ਨੇ ਇਸ ਨੂੰ ਯੁੱਧ-ਭੂਮੀ ਵਿਚੋਂ ਬੰਦੀ ਬਣਾ ਕੇ ਲੰਕਾ ਲਿਆਉਂਦਾ ਸੀ। ਪੁਰਾਣ-ਸਾਹਿੱਤ ਅਨੁਸਾਰ ਬਾਲੀ ਨੇ ਯੱਗਾਂ ਦੁਆਰਾ ਸ਼ਕਤੀ ਹਾਸਲ ਕਰਕੇ ਇੰਦਰ ਨੂੰ ਹਰਾ ਕੇ ਅਮਰਾਵਤੀ ਤੋਂ ਕੱਢ ਦਿੱਤਾ ਸੀ। ਮਹਿਖਾਸੁਰ ਅਤੇ ਸ਼ੁੰਭ-ਨਿਸ਼ੁੰਭ ਨੇ ਇਸ ਨੂੰ ਯੁੱਧਾਂ ਵਿਚ ਜਿੱਤ ਕੇ ਇੰਦਰਪੁਰੀ ਤੋਂ ਭਜਾ ਦਿੱਤਾ ਸੀ, ਪਰ ਬਾਦ ਵਿਚ ਦੁਰਗਾ ਦੇਵੀ ਦੀ ਮੱਦਦ ਨਾਲ ਹੀ ਇਹ ਇੰਦਰਪੁਰੀ ਨੂੰ ਪ੍ਰਾਪਤ ਕਰ ਸਕਿਆ।

ਵੈਦਿਕ ਸਾਹਿੱਤ ਤੋਂ ਬਾਦ ਇਸ ਦਾ ਮਹੱਤਵ ਘਟਣ ਲਗਾ ਅਤੇ ਵੈਦਿਕ ਕਾਲ ਦੇ ਤਿੰਨ ਦੇਵਤਿਆਂ—ਅਗਨੀ, ਸੂਰਜ ਅਤੇ ਵਾਯੂ (ਇੰਦਰ)—ਦਾ ਸਥਾਨ ਵਿਸ਼ਣ, ਬ੍ਰਹਮਾ

ਅਤੇ ਸ਼ਿਵ ਨੇ ਲੈ ਲਿਆ। ਇਥੋਂ ਤਕ ਕਿ ਗਣੇਸ਼ ਦਾ ਸਥਾਨ ਵੀ ਇਸ ਤੋਂ ਉੱਚਾ ਬਣ ਗਿਆ ਕਿਉਂਕਿ ਉਹ ਪਾਰਬਤੀ ਦਾ ਪੁੱਤਰ ਸੀ। ਇਸ ਤਰ੍ਹਾਂ ਉੱਤਰ-ਵੈਦਿਕ-ਕਾਲ ਅਤੇ ਇਤਿਹਾਸ-ਪੁਰਾਣ-ਕਾਲ ਵਿਚ ਇੰਦਰ ਦੂਜੀ ਸ਼੍ਰੇਣੀ ਦੇ ਦੇਵਤਾ ਦੀ ਹੈਸੀਅਤ ਵਾਲਾ ਰਹਿ ਗਿਆ। ਪਰ ਇਸ ਨੂੰ ਬਾਕੀ ਦੇ ਸਾਰੇ ਦੇਵਤਿਆਂ ਵਿਚ ਸਰਦਾਰੀ ਮਿਲੀ ਰਹੀ ਹੈ। ਇਸ ਦਾ ਸਵਰਗ ਉਤੇ ਰਾਜ ਸਮਝਿਆ ਜਾਂਦਾ ਹੈ ਜਿਸ ਦੀ ਰਾਜਧਾਨੀ ਅਮਰਾਵਤੀ, ਇੰਦ੍ਰਾਵਤੀ ਜਾਂ ਇੰਦ੍ਰਪੁਰੀ ਹੈ ਜਿਸ ਦੀ ਸ਼ਾਨ-ਸ਼ੌਕਤ ਅਦੁੱਤੀ ਹੈ। ਉਥੇ ਨੰਦਨ ਨਾਂ ਦਾ ਇਕ ਸੁੰਦਰ ਬਾਗ਼ ਵੀ ਹੈ ਜਿਸ ਵਿਚ ਪਾਰਜਾਤ ਬ੍ਰਿਛ (ਵੇਖੋ) ਲਗਾ ਹੋਇਆ ਸੀ। ਇੰਦਰ ਦੇ ਸਿੰਘਾਸਨ ਨੂੰ 'ਇੰਦ੍ਰਾਸਣ' ਕਿਹਾ ਜਾਂਦਾ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਅਨੇਕ ਰਿਸ਼ੀ ਅਤੇ ਰਾਜੇ ਲਾਲਾਇਤ ਰਹੇ ਹਨ। ਇਸ ਦੀ ਰਾਜ-ਸਭਾ ਦਾ ਨਾਂ ਸੁਧਰਮਾ ਹੈ ਅਤੇ ਹਜ਼ਾਰਾਂ ਮੰਤ੍ਰੀਆਂ ਦਾ ਉਸ ਵਿਚ ਆਯੋਜਨ ਹੈ।

ਵੈਦਿਕ ਸਾਹਿੱਤ ਵਿਚ ਭਾਵੇਂ ਇਸ ਦੀ ਵਿਲਾਸਤਾ ਬਾਰੇ ਕੋਈ ਉੱਲੇਖ ਨਹੀਂ ਪਰ ਇਤਿਹਾਸ-ਪੁਰਾਣ-ਕਾਲ ਵਿਚ ਇਸ ਦੀ ਕਾਮੁਕਤਾ ਸੰਬੰਧੀ ਕਈ ਆਖਿਆਨ ਮਿਲਦੇ ਹਨ। ਗੌਤਮ ਰਿਸ਼ੀ ਦੀ ਪਤਨੀ ਅਹਲਿਆ (ਵੇਖੋ) ਦਾ ਸੱਤ ਭੰਗ ਕਰਨ ਕਰਕੇ ਇਸ ਨੂੰ ਗੌਤਮ ਰਿਸ਼ੀ ਨੇ ਸਰਾਪ ਵੀ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਘਟਨਾ ਵਲ ਸੰਕੇਤ ਕੀਤਾ ਹੈ—'ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ। /ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ' (ਅ. ਗ੍ਰੰ. 1343-44)।

ਸ੍ਰੀ ਕ੍ਰਿਸ਼ਣ ਨਾਲ ਇਸ ਦੀ ਵਿਰੋਧਤਾ ਰਹੀ ਹੈ। ਬ੍ਰਜ ਵਿਚ ਇੰਦਰ-ਪੂਜਾ ਦੀ ਪਰੰਪਰਾ ਨੂੰ ਕ੍ਰਿਸ਼ਣ ਨੇ ਬੰਦ ਕਰਵਾ ਦਿੱਤਾ। ਇੰਦਰ ਨੇ ਬਦਲਾ ਲੈਣ ਲਈ ਬ੍ਰਜ-ਭੂਮੀ ਵਿਚ ਘੋਰ ਬਰਖਾ ਅਤੇ ਤੂਫ਼ਾਨ ਲਿਆ ਕੇ ਗਵਾਲਿਆਂ ਨੂੰ ਗਊਆਂ ਸਮੇਤ ਰੁੜ੍ਹਾਉਣ ਦੀ ਵਿਵਸਥਾ ਕੀਤੀ, ਪਰ ਸ੍ਰੀ ਕ੍ਰਿਸ਼ਣ ਨੇ ਗੋਵਰਧਨ ਪਰਬਤ ਨੂੰ ਸੱਤ ਦਿਨ ਤਕ ਆਪਣੀ ਉਂਗਲ 'ਤੇ ਧਾਰਣ ਕਰਕੇ ਬ੍ਰਜ-ਵਾਸੀਆਂ ਨੂੰ ਬਚਾਇਆ। ਇੰਦਰ ਨੂੰ ਕ੍ਰਿਸ਼ਣ ਦੀ ਈਨ ਮੰਨਣੀ ਪਈ। ਇਕ ਵਾਰ ਸ੍ਰੀ ਕ੍ਰਿਸ਼ਣ ਅਮਰਾਵਤੀ ਜਾਂ ਸਵਰਗ ਵਿਚ ਗਏ ਅਤੇ ਪਾਰਜਾਤ ਬ੍ਰਿਛ ਦੀ ਇੰਦਰ ਤੋਂ ਮੰਗ ਕੀਤੀ। ਇੰਦਰ ਦੇ ਨਾਂਹ ਕਰਨ ਤੇ ਬਹੁਤ ਯੁੱਧ ਹੋਇਆ ਅਤੇ ਕ੍ਰਿਸ਼ਣ ਉਸ ਤੋਂ ਬ੍ਰਿਛ ਖੋਹ ਕੇ ਲੈ ਆਏ। ਇੰਦਰ ਦੇ ਕਈ ਨਾਮਾਂਤਰ ਮਿਲਦੇ ਹਨ, ਜਿਵੇਂ ਮਹੇਂਦ੍ਰ, ਸ਼ੁਕ੍ਰ, ਮਘਵਾ, ਵਾਸਵ, ਵਜ੍ਰੀ ਜਾਂ ਵਜ੍ਰ-ਪਾਣੀ, ਆਦਿ।

ਇੰਦਰ-ਧਨੁਸ਼ : ਉਹ ਸੱਤਰੰਗੀ ਪੀਂਘ ਜੋ ਅਕਸਰ ਮੀਂਹ ਪੈਣ ਮਗਰੋਂ ਆਕਾਸ਼ ਉਤੇ ਸਵੇਰੇ ਵੇਲੇ ਪੱਛਮ ਦਿਸ਼ਾ ਵਿਚ ਅਤੇ ਸ਼ਾਮ ਵੇਲੇ ਪੂਰਵ ਦਿਸ਼ਾ ਵਿਚ ਦਿਖਾਈ ਦਿੰਦੀ ਹੈ। ਅਸਲ ਵਿਚ, ਬਦਲਾਂ ਵਿਚਲੀਆਂ ਪਾਣੀ ਦੀਆਂ ਨਿੱਕੀਆਂ ਨਿੱਕੀਆਂ ਕਣੀਆਂ ਉਤੇ ਜਦੋਂ ਸੂਰਜ ਦੀਆਂ ਕਿਰਣਾਂ ਪੈਂਦੀਆਂ ਹਨ ਤਾਂ ਉਸ ਪ੍ਰਕਾਰਜ ਵੇਲੇ ਸੱਤ ਰੰਗਾਂ ਦਾ ਜੋ ਝਾਵਲਾ ਪੈਂਦਾ ਹੈ, ਉਹੀ ਸੱਤਰੰਗੀ ਪੀਂਘ ਹੈ। ਇਸ ਵਿਚਲੇ ਸੱਤ ਰੰਗ ਇਸ ਪ੍ਰਕਾਰ ਹਨ—ਜਾਮਨੀ, ਬੈਂਗਣੀ, ਭੂਰਾ, ਹਰਾ, ਸਲੇਟੀ, ਪੀਲਾ, ਨਾਰੰਗੀ, ਲਾਲ। ਇਸ ਨੂੰ ਬੁੱਢੀ ਮਾਈ ਦੀ ਪੀਂਘ ਵੀ ਕਹਿੰਦੇ ਹਨ। 'ਬਾਹਰੋਂ ਸਰਾਪੇ ਅੰਦਰੋਂ ਗਵਾਚੇ' ਕਾਵਿ-

ਸੰਗ੍ਰਹਿ ਵਿਚ ਕਵੀ ਨੇ ਲਾਲਸਾ ਪ੍ਰਗਟ ਕੀਤੀ ਹੈ ਕਿ—'ਐਤਕੀਂ ਜੇ ਜੀਂਦੇ ਰਹੇ/ਸਤਰੰਗੀ ਪੀਂਘ ਨੂੰ/ਝੂਟਾਂਗੇ, ਝੂਟਾਵਾਂਗੇ।'

ਇਸ ਧਨੁਸ਼ ਬਾਰੇ ਕਈ ਮਾਨਤਾਵਾਂ ਪ੍ਰਚਲਿਤ ਹਨ। ਸਰਪ ਦੀ ਉਪਾਸਨਾ ਕਰਨ ਵਾਲੇ ਇਸ ਨੂੰ ਸ਼ੇਸ਼ਨਾਗ ਦਾ ਫੁੰਕਾਰਾ ਮੰਨਦੇ ਹਨ। ਜਦੋਂ ਖ਼ੂਬ ਮੀਂਹ ਪੈ ਚੁਕਦਾ ਹੈ ਤਾਂ ਧਰਤੀ ਨੂੰ ਆਪਣੇ ਫਣਾਂ ਉਤੇ ਧਾਰਣ ਕਰਨ ਵਾਲਾ ਸ਼ੇਸ਼ਨਾਗ ਪਾਤਾਲ ਲੋਕ ਵਿਚ ਫੁੰਕਾਰੇ ਮਾਰਦਾ ਹੈ ਜੋ ਇਸ ਪੀਂਘ ਦੇ ਰੂਪ ਵਿਚ ਵਟ ਜਾਂਦੇ ਹਨ। ਇੰਦਰ ਦੇਵਤਾ ਨਾਲ ਇਸ ਦਾ ਸੰਬੰਧ ਜੋੜਨ ਵਾਲੇ ਮੰਨਦੇ ਹਨ ਕਿ ਇੰਦਰ ਆਕਾਸ਼ ਦਾ ਦੇਵਤਾ ਹੈ। ਉਹ ਜਦੋਂ ਯੁੱਧ ਕਰਦਾ ਹੈ ਤਾਂ ਆਪਣੀ ਹੋਂਦ ਨੂੰ ਮਹਿਸੂਸ ਕਰਾਉਣ ਲਈ ਆਪਣੀ ਇਸ ਧਨੁਸ਼ ਨੂੰ ਆਕਾਸ਼ ਵਿਚ ਟੰਗ ਦਿੰਦਾ ਹੈ। ਬਾਈਬਲ ਅਨੁਸਾਰ ਹਜ਼ਰਤ ਨੂਹ ਨੂੰ ਪਰਲੋ ਤੋਂ ਸੁਰੱਖਿਅਤ ਕਰਕੇ ਰੱਬ ਨੇ ਮਨੁੱਖ ਜਾਤੀ ਨਾਲ ਪ੍ਰਣ ਕੀਤਾ ਕਿ ਫਿਰ ਕਦੇ ਪਰਲੋ ਨਹੀਂ ਲਿਆਈ ਜਾਵੇਗੀ। ਇਸ ਪ੍ਰਣ ਦੇ ਪ੍ਰਤੀਕ ਵਜੋਂ ਆਪਣੀ ਕਮਾਨ ਧਰਤੀ ਅਤੇ ਆਕਾਸ਼ ਦੇ ਵਿਚਾਲੇ ਲਟਕਾ ਦਿੱਤੀ ਹੈ। ਇਸਲਾਮ ਵਿਚ ਇਸ ਨੂੰ 'ਕੌਸੇ-ਕਜ਼ਾ' ਅਤੇ 'ਬੀਬੀ ਪਾਕਦਾਮਨ ਦੀ ਪੀਂਘ' ਕਹਿੰਦੇ ਹਨ।

ਇੰਦ੍ਰਾਸਣ : ਉਹ ਆਸਣ ਜਿਸ ਉਤੇ ਇੰਦਰ ਬਹਿੰਦਾ ਹੈ, ਅਰਥਾਤ ਇੰਦਰ ਦੀ ਗੱਦੀ। ਇਸ ਗੱਦੀ ਨੂੰ ਪ੍ਰਾਪਤ ਕਰਨ ਵਾਲੇ ਚਾਹਵਾਨ ਲਈ ਇਹ ਸ਼ਰਤ ਹੈ ਕਿ ਉਹ ਸੌ ਯੱਗ (ਕਿਤੇ ਕਿਤੇ ਅਸ਼੍ਵਮੇਧ ਯੱਗ ਲਿਖੇ ਹਨ) ਪੂਰੇ ਕਰੇ। ਇੰਦ੍ਰਾਸਣ ਪ੍ਰਾਪਤ ਕਰਨ ਲਈ ਜਦੋਂ ਵੀ ਕੋਈ ਰਿਸ਼ੀ ਜਾਂ ਮੁਨੀ ਕਠੋਰ ਤਪੱਸਿਆ ਸ਼ੁਰੂ ਕਰਦਾ ਹੈ ਤਾਂ ਇੰਦ੍ਰਾਸਣ ਡੋਲਣ ਲਗ ਜਾਂਦਾ ਹੈ। ਤਦ ਇੰਦਰ ਉਸ ਰਿਸ਼ੀ ਜਾਂ ਮੁਨੀ ਦੀ ਤਪੱਸਿਆ ਭੰਗ ਕਰਨ ਲਈ ਕੋਈ ਅਪੱਛਰਾ ਭੇਜਦਾ ਹੈ ਜੋ ਰਿਸ਼ੀ ਦੀ ਤਪੱਸਿਆ ਨੂੰ ਭੰਗ ਕਰਕੇ ਇੰਦਰ ਲਈ ਪੈਦਾ ਹੋਏ ਖ਼ਤਰੇ ਨੂੰ ਖ਼ਤਮ ਕਰ ਦਿੰਦੀ ਹੈ।

ਇਹ ਧਾਰਣਾ ਵੀ ਪ੍ਰਚਲਿਤ ਹੈ ਕਿ ਇੰਦਰ ਇਕ ਨਹੀਂ, ਅਨੇਕ ਹਨ। ਇਕ ਇੰਦਰ ਦਾ ਰਾਜ ਬ੍ਰਹਮਾ ਦੇ ਇਕ ਸੌ ਵਰਿਆਂ ਜਿੰਨੀ ਅਵਧੀ ਤਕ ਚਲਦਾ ਹੈ। ਇਸ ਤਰ੍ਹਾਂ ਬ੍ਰਹਮਾ ਦੀ ਇਕ ਸ਼ਤਾਬਦੀ ਬਾਦ ਇੰਦਰ ਬਦਲਦਾ ਹੈ। ਇੰਦਰ, ਅਸਲ ਵਿਚ, ਦੇਵਤਿਆਂ ਦੇ ਰਾਜੇ ਦੀ ਉਪਾਧੀ ਹੈ। ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਦੇ ਦਰਬਾਰ ਵਿਚ ਕਿਤਨੇ ਹੀ ਇੰਦ੍ਰਾਸਨ ਉਤੇ ਬੈਠੇ ਇੰਦ੍ਰ ਉਸਤਤ ਕਰ ਰਹੇ ਹਨ— 'ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ' (ਜਪੁਜੀ)।

ਇੰਦ੍ਰ-ਸਭਾ : ਵੇਖੋ 'ਇੰਦਰ'।

ਇੰਦ੍ਰ-ਜਾਲ : ਵੇਖੋ 'ਇੰਦਰ'।

ਇੰਦ੍ਰਜੀਤ : ਮੇਘਨਾਦ ਦਾ ਇਕ ਨਾਮਾਂਤਰ। ਵੇਖੋ 'ਮੇਘਨਾਦ'।

ਇੰਦ੍ਰ-ਪੁਰੀ : ਇੰਦਰ ਦੀ ਨਗਰੀ ਅਮਰਾਵਤੀ। ਵੇਖੋ 'ਇੰਦਰ'।

ਇੰਦ੍ਰਾਣੀ : ਇੰਦਰ ਦੀ ਪਤਨੀ ਜਿਸ ਦਾ ਬ੍ਰਿੱਤਾਂਤ 'ਰਿਗਵੇਦ' ਵਿਚ ਮਿਲਦਾ ਹੈ। ਇਸ ਨੂੰ ਸਾਰੀਆਂ ਇਸਤ੍ਰੀਆਂ ਨਾਲੋਂ ਇਸ ਕਰਕੇ ਭਾਗਵਾਨ ਸਮਝਿਆ ਜਾਂਦਾ ਹੈ ਕਿਉਂਕਿ ਇਸ ਦਾ ਪਤੀ ਇੰਦਰ ਬੁਢੇਪੇ ਕਾਰਣ ਕਦੇ ਵੀ ਨਹੀਂ ਮਰੇਗਾ।

ਪੁਰਾਣ-ਸਾਹਿੱਤ ਵਿਚ ਇਸ ਨੂੰ ਪੁਲੋਮਨ ਦੈਂਤ ਦੀ ਧੀ ਮੰਨਿਆ ਗਿਆ ਹੈ। ਇੰਦਰ ਨੇ ਜਦੋਂ ਵਿਆਹ ਕਰਨ ਵਾਸਤੇ ਬਹੁਤ ਸਾਰੀਆਂ ਦੇਵੀਆਂ ਨੂੰ ਚੋਣ ਕਰਨ ਲਈ ਇਕੱਠਾ ਕਰਕੇ ਵੇਖਿਆ ਤਾਂ ਪੁਲੋਮਨ ਦੀ ਧੀ ਦੀਆਂ ਚੰਚਲ ਅਦਾਵਾਂ ਉਤੇ ਮੋਹਿਤ ਹੋ ਗਿਆ ਅਤੇ ਉਸ ਨੂੰ ਆਪਣੀ ਪਤਨੀ ਬਣਾਉਣ ਲਈ ਚੁਣ ਲਿਆ। ਪਰ ਪੁਲੋਮਨ ਦੇ ਗੁੱਸੇ ਤੋਂ ਡਰਦਿਆਂ ਪਹਿਲਾਂ ਉਸ ਨੂੰ ਮਾਰ ਦਿੱਤਾ ਅਤੇ ਫਿਰ ਇੰਦ੍ਰਾਣੀ ਨਾਲ ਵਿਆਹ ਕੀਤਾ। ਪੁਲੋਮਨ ਦੀ ਪੁੱਤਰੀ ਹੋਣ ਕਾਰਣ ਇਸ ਦਾ ਇਕ ਨਾਂ 'ਪੌਲਮੀ' ਵੀ ਪ੍ਰਸਿੱਧ ਹੋਇਆ। ਇਸ ਨੂੰ 'ਸ਼ਚੀ' ਅਤੇ 'ਐਂਦ੍ਰੀ' ਵੀ ਕਿਹਾ ਜਾਂਦਾ ਹੈ। ਇਸ ਨੇ ਜਯੰਤ ਨਾਂ ਦੇ ਬੇਟੇ ਨੂੰ ਜਨਮ ਦਿੱਤਾ।

'ਰਿਗਵੇਦ' ਵਿਚ ਇੰਦ੍ਰਾਣੀ ਨੂੰ ਬਹੁਤ ਅਧਿਕ ਮਾਨਤਾ ਪ੍ਰਾਪਤ ਸੀ, ਪਰ ਬਾਦ ਵਿਚ ਅਤੇ ਖ਼ਾਸ ਕਰ ਪੁਰਾਣ-ਯੁਗ ਵਿਚ ਇਸ ਦਾ ਮਹੱਤਵ ਘੱਟ ਗਿਆ ਅਤੇ ਲੱਛਮੀ, ਪਾਰਬਤੀ ਤੇ ਸਰਸਵਤੀ ਪ੍ਰਮੁਖ ਦੇਵੀਆਂ ਵਜੋਂ ਪ੍ਰਸਿੱਧ ਹੋਈਆਂ। 'ਮਹਾਭਾਰਤ' ਵਿਚ ਇਸ ਉਤੇ ਰਾਜਾ ਨਹੁਸ਼ ਦੇ ਮੋਹਿਤ ਹੋਣ ਦਾ ਪ੍ਰਸੰਗ ਵੀ ਆਉਂਦਾ ਹੈ।

ਇੰਦ੍ਰਾਵਤੀ : ਇੰਦਰ ਦੀ ਨਗਰੀ ਅਮਰਾਵਤੀ। ਵੇਖੋ 'ਇੰਦਰ'।

ਇਬਰਾਹੀਮ, ਹਜ਼ਰਤ : ਇਕ ਪੈਗ਼ੰਬਰ ਜਿਸ ਦਾ ਜਨਮ ਹਜ਼ਰਤ ਨੂਹ ਦੀ ਯਾਰ੍ਹਵੀਂ ਪੀੜ੍ਹੀ ਵਿਚ ਆਜ਼ਰ ਦੇ ਘਰ ਹੋਇਆ। ਉਸ ਦੇ ਸਮੇਂ ਬਾਰੇ ਨਿਸ਼ਚਿਤ ਤੌਰ ਤੇ ਕੁਛ ਨਹੀਂ ਕਿਹਾ ਜਾ ਸਕਦਾ, ਪਰ ਅਨੁਮਾਨ ਦੇ ਆਧਾਰ ਤੇ ਉਸ ਨੂੰ ਲਗਭਗ 1800 ਸਾਲ ਈ. ਪੂ. ਵਿਚ ਹੋਇਆ ਦਸਿਆ ਜਾਂਦਾ ਹੈ। ਬਾਈਬਲ ਅਤੇ ਕੁਰਾਨ ਵਿਚ ਉਸ ਦੇ ਜੀਵਨ ਬਾਰੇ ਅਨੇਕ ਮਿਥਿਕ ਪ੍ਰਸੰਗ ਦਰਜ ਹਨ। ਬਾਬਲ ਦੇ ਬਾਦਸ਼ਾਹ ਨਮਰੂਦ ਨੂੰ ਜਦੋਂ ਜੋਤਿਸ਼ੀਆਂ ਨੇ ਦਸਿਆ ਕਿ ਉਸ ਦੇ ਰਾਜ ਵਿਚ ਬੁਤ ਤੋੜਨ ਵਾਲਾ ਅਤੇ ਉਸ ਦੇ ਰਾਜ ਨੂੰ ਖ਼ਤਮ ਕਰਨ ਵਾਲਾ ਇਬਰਾਹੀਮ ਨਾਂ ਦਾ ਇਕ ਪੈਗ਼ੰਬਰ ਪੈਦਾ ਹੋਏਗਾ, ਤਾਂ ਨਮਰੂਦ ਨੇ ਉਦੋਂ ਪੈਦਾ ਹੋਏ ਸਾਰਿਆਂ ਬੱਚਿਆਂ ਨੂੰ ਮਰਵਾ ਦਿੱਤਾ। ਪਰ ਕਿਸੇ ਅਲੌਕਿਕ ਸ਼ਕਤੀ ਨੇ ਇਬਰਾਹੀਮ ਦੀ ਰੱਖਿਆ ਕੀਤੀ। ਜਦ ਉਹ ਵੱਡਾ ਹੋਇਆ, ਤਾਂ ਪਤਾ ਲਗਣ ਤੇ ਨਮਰੂਦ ਨੇ ਉਸ ਨੂੰ ਬਹੁਤ ਕਸ਼ਟ ਦਿੱਤੇ ਪਰ ਇਬਰਾਹੀਮ ਅਡੋਲ ਰਿਹਾ। ਉਸ ਦੀ ਅਗੰਮੀ ਸ਼ਕਤੀ ਨੂੰ ਵੇਖ ਕੇ ਲੋਕਾਂ ਨੇ ਉਸ ਨੂੰ ਪੈਗ਼ੰਬਰ ਮੰਨਣਾ ਸ਼ੁਰੂ ਕਰ ਦਿੱਤਾ। ਉਸ ਦਾ ਇਕ ਨਾਂ 'ਖ਼ਲੀਲੁੱਲਾ (ਅੱਲ੍ਹਾ ਦਾ ਮਿੱਤਰ) ਵੀ ਪ੍ਰਚਲਿਤ ਹੋਇਆ। 'ਸੈਫ਼ੁਲ ਮਲੂਕ' ਵਿਚ ਮੀਆਂ ਮੁਹੰਮਦ ਬਖ਼ਸ਼ ਨੇ ਇਸ ਤੱਥ ਦਾ ਉੱਲੇਖ ਕੀਤਾ ਹੈ—'ਇਬਰਾਹੀਮ ਖ਼ਲੀਲ ਚਿਖਾ ਤੇ, ਅੱਗ ਕੋਹਾਂ ਵਿਚ ਘਤੀ।/ਰਖਣ ਵਾਲਾ ਰਾਖਾ ਹੋਇਆ, ਸੇਕ ਨਾ ਲੱਗਾ ਰੱਤੀ।'

ਇਬਰਾਹੀਮ ਨੇ ਦੋ ਵਿਆਹ ਕੀਤੇ ਸਨ। ਪਹਿਲੀ ਪਤਨੀ 'ਸਾਰਾਹ' ਤੋਂ ਕੋਈ ਔਲਾਦ ਨਾ ਹੋਣ ਕਾਰਣ ਉਸ ਨੇ 'ਹਾਜਿਰਾ' ਨਾਂ ਦੀ ਗੋਲੀ ਨਾਲ ਵਿਆਹ ਕੀਤਾ ਜਿਸ ਤੋਂ 'ਇਸਮਾਈਲ' ਦਾ ਜਨਮ ਹੋਇਆ। ਕਾਲਾਂਤਰ ਵਿਚ 'ਸਾਰਾਹ' ਨੇ ਵੀ ਇਕ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਂ 'ਇਸਹਾਕ' ਰਖਿਆ ਗਿਆ। ਇਸਹਾਕ ਤੋਂ ਇਸਰਾਈਲ ਵੰਸ਼ ਚਲਿਆ ਜਿਸ ਤੋਂ ਯਹੂਦੀ ਅਤੇ ਈਸਾਈ ਪੈਦਾ ਹੋਏ। ਇਸਮਾਈਲ

ਤੋਂ ਕੁਰੈਸ਼ੀ ਵੰਸ਼ ਚਲਿਆ ਜਿਸ ਵਿਚ ਹਜ਼ਰਤ ਮੁਹੰਮਦ ਪੈਦਾ ਹੋਏ।

ਇਸਲਾਮੀ ਮਿਥ ਅਨੁਸਾਰ ਅੱਲ੍ਹਾ ਨੇ ਇਬਰਾਹੀਮ ਤੋਂ ਆਪਣੇ ਪੁੱਤਰ ਦੀ ਕੁਰਬਾਨੀ ਮੰਗੀ। ਇਬਰਾਹੀਮ ਇਹ ਕਰਮ ਕਰਨ ਲਈ ਤਿਆਰ ਹੋ ਗਿਆ। ਉਸ ਨੂੰ ਆਜ਼ਮਾਇਸ਼ ਵਿਚ ਪੂਰਾ ਹੁੰਦਿਆ ਵੇਖਕੇ ਜਬਰਾਈਲ ਨਾਂ ਦੇ ਫ਼ਰਿਸ਼ਤੇ ਨੇ ਗ਼ੈਬ ਤੋਂ ਇਸਮਾਈਲ ਦੀ ਥਾਂ ਤੇ ਦੁੰਬਾ ਲਿਆ ਖੜਾ ਕੀਤਾ ਅਤੇ ਇਸ ਤਰ੍ਹਾਂ ਦੁੰਬੇ ਦੀ ਬਲੀ ਦਿੱਤੀ ਗਈ।

ਇਬਰਾਹੀਮ ਨੇ ਬੁੱਤ-ਪੂਜਾ ਦਾ ਵਿਰੋਧ ਕੀਤਾ ਅਤੇ ਇਕ ਅੱਲ੍ਹਾ ਪ੍ਰਤਿ ਸ਼ਰਧਾ ਰਖਣ ਉਤੇ ਜ਼ੋਰ ਦਿੱਤਾ। ਉਸ ਨੇ ਬੁੱਤਾਂ ਨੂੰ ਕੁਹਾੜੇ ਨਾਲ ਤੋੜ ਕੇ ਘਰੋਂ ਬਾਹਰ ਸੁਟ ਦਿੱਤਾ। ਇਬਰਾਹੀਮ ਅਤਿ ਦਰਜੇ ਦਾ ਹਲੀਮ ਅਤੇ ਨਿਮਰਤਾਵਾਨ ਪੁਰਸ਼ ਸੀ। ਬੜੀ ਲੰਮੀ ਉਮਰ ਭੋਗਣ ਉਪਰੰਤ ਉਸ ਦਾ ਦੇਹਾਂਤ 175ਵੇਂ ਵਰ੍ਹੇ ਹੋਇਆ। ਉਸ ਦੀ ਕਬਰ ਫਿਲਸਤੀਨ ਦੇਸ਼ ਅੰਦਰ ਹਰੂੰ ਵਿਚ ਹੈ। ਉਸ ਨੇ ਕਾਅਬਾ ਦੀ ਸਥਾਪਨਾ ਕੀਤੀ ਅਤੇ ਉਥੋਂ ਹੀ ਆਪਣੇ ਪੁੱਤਰ ਇਸਮਾਈਲ ਦੇ ਸਹਿਯੋਗ ਨਾਲ ਵਿਸ਼ਵ-ਵਿਆਪੀ ਧਰਮ-ਅੰਦੋਲਨ ਚਲਾਇਆ ਅਤੇ ਹੱਜ ਕਰਨ ਦੀ ਰੀਤ ਤੋਰੀ। ਸੁੰਨਤ (ਖ਼ਤਨਾ) ਕਰਨ ਦੀ ਰੀਤ ਵੀ ਹਜ਼ਰਤ ਇਬਰਾਹੀਮ ਤੋਂ ਚਲੀ ਦਸੀ ਜਾਂਦੀ ਹੈ। ਯਹੂਦੀ ਅਤੇ ਮੁਸਲਮਾਨ ਇਸ ਰਸਮ ਦੀ ਪਾਲਨਾ ਰੱਬੀ ਹੁਕਮ ਵਜੋਂ ਮੰਨਦੇ ਹਨ ਜੋ ਅੱਲ੍ਹਾ ਵਲੋਂ ਇਬਰਾਹੀਮ ਨੂੰ ਦਿੱਤਾ ਗਿਆ ਸੀ। ਪੁਰਾਤਨ ਕਾਲ ਵਿਚ ਈਸਾਈ ਮਤ ਵਾਲੇ ਵੀ ਸੁੰਨਤ ਕਰਵਾਉਂਦੇ ਸਨ, ਪਰ ਹੁਣ ਉਨ੍ਹਾਂ ਵਿਚ ਇਹ ਰਸਮ ਪ੍ਰਚਲਿਤ ਨਹੀਂ ਹੈ।

ਇਬਲੀਸ : ਸ਼ੈਤਾਨ ਦਾ ਇਕ ਨਾਮਾਂਤਰ। ਵੇਖੋ 'ਸ਼ੈਤਾਨ'।

ਇਮਾਮ : ਅਰਬੀ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਨੇਤਾ ਜਾਂ ਆਗੂ। ਸੁੰਨੀ ਮੁਸਲਮਾਨਾਂ ਦੀਆਂ ਧਾਰਮਿਕ ਪਰੰਪਰਾਵਾਂ ਅਨੁਸਾਰ ਮਸਜਿਦ ਵਿਚ ਪੜ੍ਹੀ ਜਾਣ ਵਾਲੀ ਨਮਾਜ਼ ਦੀ ਅਗਵਾਈ ਕਰਨ ਵਾਲੇ, ਖ਼ੁਤਬਾ ਪੜ੍ਹਨ ਵਾਲੇ, ਨਿਆਇ-ਸ਼ਾਸਤ੍ਰੀ, ਜਾਂ ਧਰਮ ਆਚਾਰਯ ਆਦਿ ਨੂੰ ਇਮਾਮ ਦਾ ਨਾਂ ਦਿੱਤਾ ਜਾਂਦਾ ਹੈ। ਸੁੰਨੀਆਂ ਨੇ ਕੇਵਲ ਚਾਰ ਇਮਾਮਾਂ ਨੂੰ ਮਾਨਤਾ ਦਿੱਤੀ ਹੈ, ਜਿਵੇਂ—ਅਬੂ ਹਨੀਫ਼ਾ, ਮੁਹੰਮਦ ਇਬਨ ਇਦਰੀਸ ਸ਼ਾਫ਼ਈ, ਅਬੂ ਅਬਦੁੱਲਾ ਮਾਲਿਕ ਅਤੇ ਅਹਿਮਦ ਇਬਨ ਹੰਬਲ। ਇਨ੍ਹਾਂ ਦੁਆਰਾ ਚਲਾਏ ਫ਼ਿਰਕੇ (ਮਜ਼੍ਹਬ) ਇਸ ਪ੍ਰਕਾਰ ਹਨ—ਹਨਫ਼ੀ, ਸ਼ਾਫ਼ਈ, ਮਾਲਿਕੀ ਅਤੇ ਹੰਬਲੀ। ਇਨ੍ਹਾਂ ਚਾਰ ਮਜ਼੍ਹਬਾਂ ਵਲ ਭਾਈ ਗੁਰਦਾਸ ਨੇ ਸੰਕੇਤ ਕੀਤਾ ਹੈ—' ਚਾਰਿ ਵਰਣਿ ਚਾਰਿ ਮਜਹਬਾ ਜਗਿ ਵਿਚਿ ਹਿੰਦੂ ਮੁਸਲਮਾਣੇ' (1/21)।

ਸ਼ੀਆ ਮੁਸਲਮਾਨ ਇਮਾਮ ਸ਼ਬਦ ਦੀ ਵਰਤੋਂ ਬਾਰ੍ਹਾਂ ਦੈਵੀ ਸ਼ਖ਼ਸੀਅਤਾਂ ਲਈ ਕਰਦੇ ਹਨ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—(1) ਹਜ਼ਰਤ ਅਲੀ, (2) ਹਸਨ, (3) ਹੁਸੈਨ, (4) ਅਲੀ ਜ਼ੈਨੁਲ ਆਬਦੀਨ, (5) ਮੁਹੰਮਦ ਬਾਕਰ, (6) ਜਾਫ਼ਰ ਸਦਿਕ, (7) ਮੂਸਾ ਕਾਜ਼ਿਮ, (8) ਅਲੀ ਰਜ਼ਾ, (9) ਮੁਹੰਮਦ ਤਕੀ, (10) ਅਲੀ ਨਕੀ, (11) ਹਸਨ ਅਸਕਰੀ, ਅਤੇ (12) ਮੁਹੰਮਦ ਅਲ ਮੁਤਜ਼ਰ (ਇਮਾਮ ਮਹਿਦੀ)। ਇਨ੍ਹਾਂ ਵਿਚੋਂ ਬਾਰ੍ਹਵਾਂ ਇਮਾਮ ਬਚਪਨ ਵਿਚ ਹੀ ਇਕ ਗੁਫ਼ਾ ਵਿਚ ਸਮਾ ਗਿਆ। ਸ਼ੀਆ ਅਤੇ ਸੁੰਨੀ ਦੋਹਾਂ ਦਾ ਵਿਸ਼ਵਾਸ ਹੈ ਕਿ ਇਮਾਮ ਮਹਿਦੀ ਫਿਰ ਪ੍ਰਗਟ ਹੋਵੇਗਾ।

ਇਹ ਮਦੀਨੇ ਵਿਚ ਜਨਮ ਲਏਗਾ ਅਤੇ ਫਿਰ ਮੱਕੇ ਚਲਾ ਜਾਏਗਾ। ਉਥੋਂ ਦੇ ਲੋਕ ਇਸ ਨੂੰ ਇਮਾਮ ਵਜੋਂ ਮਾਨਤਾ ਦੇਣਗੇ, ਪਰ ਸੀਰੀਆ, ਇਰਾਕ ਆਦਿ ਇਲਾਕਿਆਂ ਦੀਆਂ ਫ਼ੌਜਾਂ ਇਸ ਨਾਲ ਯੁੱਧ ਕਰਕੇ ਅੰਤ ਵਿਚ ਹਾਰਨ ਗੀਆਂ। ਤਦ ਉਪਰੰਤ ਇਮਾਮ ਮਹਿਦੀ ਸੱਤ ਸਾਲ ਮੱਕੇ ਉਤੇ ਰਾਜ ਕਰੇਗਾ।

ਸ਼ੀਆ ਲੋਕਾਂ ਦੀ ਧਾਰਣਾ ਹੈ ਕਿ ਹਜ਼ਰਤ ਮੁਹੰਮਦ ਦੇ ਸਹੀ ਵਾਰਿਸ ਇਹ ਇਮਾਮ ਹੀ ਸਨ ਪਰ ਇਨ੍ਹਾਂ ਦਾ ਹੱਕ ਮਾਰਿਆ ਗਿਆ। ਪਵਿੱਤਰ ਜੀਵਨ ਬਤੀਤ ਕਰਨ ਵਾਲੇ ਇਨ੍ਹਾਂ ਇਮਾਮਾਂ ਨੂੰ ਧਾਰਮਿਕ ਅਗਵਾਈ ਦੇਣ ਦਾ ਪੂਰਾ ਅਧਿਕਾਰ ਹੈ। ਛੇਵੇਂ ਇਮਾਮ, ਜਾਫ਼ਰ ਸਾਦਿਕ, ਨੇ ਆਪਣੇ ਪੁੱਤਰ ਇਸਮਾਈਲ ਨੂੰ ਉੱਤਰਾਧਿਕਾਰ ਤੋਂ ਵਾਂਝਿਆ ਕਰ ਦਿੱਤਾ ਅਤੇ ਉਸ ਦੀ ਥਾਂ, ਮੂਸਾ ਕਾਜ਼ਿਮ, ਸੱਤਵਾ ਇਮਾਮ ਬਣਿਆ। ਪਰ ਇਸਮਾਈਲੀ ਫ਼ਿਰਕੇ ਵਾਲੇ ਛੇਵੇਂ ਇਮਾਮ ਵਲੋਂ ਇਸ ਕਿਸਮ ਦਾ ਫੈਸਲਾ ਕਰਨਾ ਰੱਬੀ ਮਰਯਾਦਾ ਵਿਚ ਗ਼ੈਰ-ਜ਼ਰੂਰੀ ਦਖ਼ਲ-ਅੰਦਾਜ਼ੀ ਸਮਝਦੇ ਹਨ। ਉਨ੍ਹਾਂ ਅਨੁਸਾਰ ਇਮਾਮ ਇਕ ਦੈਵੀ-ਸ਼ਕਤੀ ਜਾਂ ਰੱਬੀ ਵਿਅਕਤਿਤਵ ਵਾਲਾ ਵਿਅਕਤੀ ਹੁੰਦਾ ਹੈ। ਉਹ ਕੁਰਾਨ ਵਿਚ ਪ੍ਰਗਟਾਏ ਅਧਿਆਤਮਿਕ ਸਿੱਧਾਂਤਾਂ ਨੂੰ ਖ਼ਤਮ ਤਾਂ ਨਹੀਂ ਕਰ ਸਕਦਾ ਪਰ ਲੋੜ ਅਨੁਸਾਰ ਤਬਦੀਲੀ ਕਰ ਸਕਦਾ ਹੈ। ਉਨ੍ਹਾਂ ਅਨੁਸਾਰ ਤਬਦੀਲੀ ਕੁਦਰਤੀ ਨਿਯਮ ਹੈ। ਇਮਾਮ ਦੈਵੀ ਸ਼ਕਤੀ ਸੰਪੰਨ ਹੋਣ ਕਾਰਣ ਅਜਿਹੀ ਤਬਦੀਲੀ ਕਰਨ ਦਾ ਉਚਿਤ ਅਧਿਕਾਰੀ ਹੈ। ਇਸ ਤਰ੍ਹਾਂ ਇਸਮਾਈਲੀਆਂ ਲਈ ਇਮਾਮ ਪੈਗੰਬਰ ਵਰਗੇ ਮਹੱਤਵ ਦਾ ਅਧਿਕਾਰੀ ਹੈ। ਇਸਮਾਈਲੀ ਲੋਕ ਕੇਵਲ ਪਹਿਲੇ ਛਿਆਂ ਇਮਾਮਾਂ ਨੂੰ ਮੰਨਦੇ ਹਨ। ਸੱਤਵਾਂ ਇਮਾਮ ਮਹਿਦੀ ਅਜੇ ਪ੍ਰਗਟ ਹੋਣਾ ਹੈ। ਮੁੱਖ ਸ਼ੀਆ-ਵਿਚਾਰਧਾਰਾ ਦਾ ਉਲੰਘਨ ਕਰਨ ਕਰਕੇ ਕੱਟੜਪੰਥੀ ਮੁਸਲਮਾਨਾਂ ਨੇ ਮੱਧ ਯੁਗ ਵਿਚ ਇਸਮਾਈਲੀਆਂ ਦਾ ਬਹੁਤ ਵਿਨਾਸ਼ ਵੀ ਕੀਤਾ ਹੈ।

ਪੰਜਾਬੀ ਦੇ ਇਸਲਾਮੀ ਪਿਛੋਕੜ ਵਾਲੇ ਸਾਹਿੱਤ ਵਿਚ 'ਇਮਾਮ' ਦੇ ਸੰਕੇਤ ਮਿਲਦੇ ਹਨ। ਮੀਆਂ ਮੁਹੰਮਦ ਬਖ਼ਸ਼ ਨੇ 'ਸੈਫ਼ੁਲ ਮਲੂਕ' ਵਿਚ ਹਜ਼ਰਤ ਅਲੀ ਦੇ ਦੋ ਪੁੱਤਰਾਂ ਇਮਾਮ ਹਸਨ ਅਤੇ ਇਮਾਮ ਹੁਸੈਨ ਦਾ ਹਵਾਲ ਦਿੰਦਿਆਂ ਕਿਹਾ ਹੈ—'ਦੋਏ ਇਮਾਮ ਦਿਤੇ ਰਾਹ ਮੌਲਾ, ਫੇਰ ਸਬਰ ਕਰ ਟਿਕਿਆ।' 'ਅਕਾਲ ਉਸਤਤ' ਵਿਚ ਗੁਰੂ ਗੋਬਿੰਦ ਸਿੰਘ ਦਾ ਸਰਵ-ਸਾਂਝੀਵਾਲਤਾ ਬਾਰੇ ਕਥਨ ਹੈ— 'ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸਾਫ਼ੀ ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।'

ਇਲਮਿ-ਲਦੁੱਨੀ : ਇਸ ਦਾ ਅਰਥ ਹੈ 'ਇਲਾਹੀ-ਗਿਆਨ'। ਇਸ ਨੂੰ ਬ੍ਰਹਮ ਗਿਆਨ ਜਾਂ ਅਧਿਆਤਮਿਕ ਗਿਆਨ ਵੀ ਕਿਹਾ ਜਾ ਸਕਦਾ ਹੈ। ਇਹ ਗਿਆਨ ਪੁਸਤਕਾਂ ਪੜ੍ਹਨ ਨਾਲ ਪ੍ਰਾਪਤ ਨਹੀਂ ਹੁੰਦਾ, ਇਸ ਲਈ ਇਹ ਦੁਨਿਆਵੀ ਗਿਆਨ ਤੋਂ ਭਿੰਨ ਹੈ। ਇਸ ਦੀ ਪ੍ਰਾਪਤੀ ਆਪਣੇ ਯਤਨਾਂ ਨਾਲ ਨਹੀਂ, ਰੱਬ ਦੀ ਮਿਹਰ, ਕ੍ਰਿਪਾ ਜਾਂ ਬਖ਼ਸ਼ਿਸ਼ ਨਾਲ ਹੁੰਦੀ ਹੈ। ਇਸ ਦਾ ਆਧਾਰ ਰਹੱਸ-ਅਨੁਭੂਤੀ ਹੈ। ਹੋਰ ਗਿਆਨ ਵਿਸਰ ਸਕਦੇ ਹਨ, ਪਰ ਇਸ ਗਿਆਨ ਦੇ ਪ੍ਰਾਪਤ ਹੋ ਜਾਣ ਤੋਂ ਬਾਦ ਫਿਰ ਕਿਸੇ ਹੋਰ ਗਿਆਨ ਦੀ ਲੋੜ ਹੀ ਨਹੀਂ ਰਹਿੰਦੀ। ਵਾਸਤਵਿਕਤਾ ਦੀ ਪਛਾਣ ਹੀ ਇਸ

ਗਿਆਨ ਦਾ ਮੂਲ-ਆਧਾਰ ਹੈ। ਸੂਫ਼ੀ ਸਾਧਕ ਆਪਣੇ ਆਪ ਨੂੰ ਇਸੇ ਗਿਆਨ ਦੀ ਪ੍ਰਾਪਤੀ ਲਈ ਤਿਆਰ ਕਰਦੇ ਹਨ। ਬੁਲ੍ਹੇ ਸ਼ਾਹ ਨੇ ਕਿਹਾ ਹੈ — 'ਬੁਲ੍ਹਾ ਨ ਰਾਫ਼ਜ਼ੀ ਨਾ ਹੈ ਸੁੰਨੀ,/ਆਲਿਮ ਫ਼ਾਜ਼ਿਲ ਨਾ ਆਲਿਮ ਜੈਨੀ। ਇਕੋ ਪੜ੍ਹਿਆ ਇਲਮ ਲਦੁੱਨੀ,/ ਵਾਹਦ ਅਲਿਫ਼, ਮੀਮ ਦਰਕਾਰ।'

ਸੂਫ਼ੀ ਫ਼ਕੀਰਾਂ ਦੇ ਸੰਸਮਰਣਾਂ ਵਿਚ ਇਸ ਗਿਆਨ ਦੀ ਦਾਤ ਸੰਬੰਧੀ ਕਈ ਪ੍ਰਸੰਗ ਉਪਲਬਧ ਹਨ। ਮਿਸਾਲ ਵਜੋਂ ਸ਼ਹਾਬੁੱਦੀਨ ਸੁਹਰਵਰਦੀ ਸਦਾ ਪੁਸਤਕਾਂ ਦੇ ਅਧਿਐਨ ਵਿਚ ਰੁਝਿਆ ਰਹਿੰਦਾ ਸੀ। ਉਸ ਨੂੰ ਕਈ ਕਿਤਾਬਾਂ ਮੌਖਿਕ ਤੌਰ ਤੇ ਯਾਦ ਸਨ। ਉਸ ਨੂੰ ਉਸ ਦਾ ਚਾਚਾ ਅਜਿਹਾ ਕਰਨੋਂ ਰੋਕਦਾ ਸੀ ਅਤੇ ਰੱਬੀ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਦਾ ਸੀ। ਇਕ ਦਿਨ ਉਸ ਨੂੰ ਅਬਦੁਲ ਕਾਦਿਰ ਜੀਲਾਨੀ ਪਾਸ ਲੈ ਗਿਆ। ਚਾਚੇ ਨੇ ਭਤੀਜੇ ਦੀ ਕਿਤਾਬਾਂ ਪੜ੍ਹਨ ਦੀ ਰੁਚੀ ਦਸੀ। ਜੀਲਾਨੀ ਨੇ ਉਸ ਤੋਂ ਪੜ੍ਹੀਆਂ ਅਤੇ ਯਾਦ ਕੀਤੀਆਂ ਹੋਈਆਂ ਪੁਸਤਕਾਂ ਦੇ ਨਾਂ ਪੁਛੇ। ਉਸ ਨੇ ਸਾਰੀਆਂ ਦੇ ਨਾਂ ਦਸੇ। ਜੀਲਾਨੀ ਨੇ ਉਸ ਦੀ ਛਾਤੀ ਤੇ ਆਪਣਾ ਹੱਥ ਫੇਰਿਆ ਜਿਸ ਨਾਲ ਉਸ ਦਾ ਕਿਤਾਬੀ ਗਿਆਨ ਨਸ਼ਟ ਹੋ ਗਿਆ ਅਤੇ ਉਸ ਦੇ ਮਨ ਵਿਚ ਇਲਮਿ-ਲਦੁੱਨੀ ਦਾ ਪਸਾਰ ਹੋ ਗਿਆ। ਇਸ ਤਰ੍ਹਾਂ ਰਹੱਸਵਾਦੀ ਅਨੁਭਵ ਹੀ ਅਸਲ ਵਿਚ ਇਲਮਿ-ਲਦੁੱਨੀ ਹੈ।

ਇੜਾ : ਇਕ ਨਾੜੀ। ਵੇਖੋ 'ਹਠਯੋਗ'।

ਈਸਟ ਇੰਡੀਆ ਕੰਪਨੀ : ਸੰਨ 1498 ਈ. ਵਿਚ ਵਾਸਕੋ-ਦਾ-ਗਾਮਾ ਨੇ 'ਕੇਪ ਆਫ਼ ਗੁਡ ਹੋਪ' ਰਾਹੀਂ ਹਿੰਦੁਸਤਾਨ ਤਕ ਪਹੁੰਚਣ ਦਾ ਮਾਰਗ ਲਭ ਲਿਆ। ਇਸ ਨਾਲ ਪੁਰਤਗਾਲ, ਹਾਲੈਂਡ, ਇੰਗਲੈਂਡ ਅਤੇ ਫ਼ਰਾਂਸ ਨੇ ਆਪਣੇ ਵਪਾਰ ਨੂੰ ਭਾਰਤ ਅਤੇ ਪੂਰਵੀ ਦੀਪਾਂ ਵਲ ਵਧਾਉਣ ਦੇ ਉੱਦਮ ਸ਼ੁਰੂ ਕਰ ਦਿੱਤੇ। ਇਹ ਕੰਮ ਵਪਾਰਕ ਕੰਪਨੀਆਂ ਰਾਹੀਂ ਕੀਤੇ ਜਾਂਦੇ ਸਨ। ਇਹ ਕੰਪਨੀਆਂ ਆਪਣੇ ਵਪਾਰਕ ਹਿਤਾਂ ਲਈ ਆਪਸ ਵਿਚ ਸੰਘਰਸ਼ ਕਰਦੀਆਂ ਰਹਿੰਦੀਆਂ। ਇਨ੍ਹਾਂ ਕੰਪਨੀਆਂ ਵਿਚੋਂ ਇੰਗਲੈਂਡ ਦੀ ਕੰਪਨੀ ਦਾ ਨਾਂ ਸੀ 'ਈਸਟ ਇੰਡੀਆ ਕੰਪਨੀ'। ਇਸ ਦੀ ਸਥਾਪਨਾ ਮਹਾਰਾਣੀ ਐਲਿਜ਼ਬਥ ਦੇ ਆਗਿਆ-ਪੱਤਰ ਨਾਲ 31 ਦਸੰਬਰ, 1600 ਈ. ਵਿਚ ਹੋਈ। ਸੰਨ 1610 ਈ. ਵਿਚ ਕਪਤਾਨ ਹਿੱਪਨ ਨੇ ਹਿੰਦੁਸਤਾਨ ਵਿਚ ਆਪਣਾ ਪਹਿਲਾ ਠਿਕਾਣਾ ਬਣਾਇਆ। ਸੰਨ 1613 ਈ. ਵਿਚ ਜਹਾਂਗੀਰ ਬਾਦਸ਼ਾਹ ਦੀ ਆਗਿਆ ਨਾਲ ਇਕ ਕਾਰਖ਼ਾਨਾ ਖੁਲ੍ਹਿਆ। ਫਿਰ ਸ਼ਾਹਜਹਾਨ ਬਾਦਸ਼ਾਹ ਤੋਂ ਸੰਨ 1634 ਈ. ਵਿਚ ਆਗਿਆ ਲੈ ਕੇ ਬੰਗਾਲ ਵਿਚ ਦੋ ਕਾਰਖ਼ਾਨੇ ਲਗਾਏ। ਇਸ ਤਰ੍ਹਾਂ ਹੌਲੀ ਹੌਲੀ ਇਸ ਕੰਪਨੀ ਨੇ ਇਕ ਪਾਸੇ ਹੋਰਨਾਂ ਯੋਰੁਪੀ ਕੰਪਨੀਆਂ ਨੂੰ ਖ਼ਤਮ ਕੀਤਾ ਅਤੇ ਦੂਜੇ ਪਾਸੇ ਸਮੁੰਦਰ ਦੇ ਕੰਢੇ ਵਸਦੇ ਵੱਡੇ ਵੱਡੇ ਸ਼ਹਿਰਾਂ ਅਤੇ ਬੰਦਰਗਾਹਾਂ ਵਿਚ ਆਪਣੇ ਵਪਾਰਕ ਕੇਂਦਰ ਅਤੇ ਕਾਰਖ਼ਾਨੇ ਚਾਲੂ ਕੀਤੇ। ਸਮੁੰਦਰ ਦੇ ਕੰਢੇ ਉਤੇ ਹੀ ਟਿਕਣ ਦਾ ਸਪੱਸ਼ਟ ਮਨੋਰਥ ਸੀ ਕਿ ਸੰਕਟ ਕਾਲ ਵੇਲੇ ਸਮੁੰਦਰੀ ਬੇੜਿਆਂ ਦੀ ਮੱਦਦ ਨਾਲ ਸੁਰੱਖਿਅਤ ਹੋਇਆ ਜਾ ਸਕੇ। ਸਮਾਂ ਬੀਤਣ ਨਾਲ ਇਸ ਕੰਪਨੀ ਵਿਚ ਮੁਲਕ-ਗੀਰੀ ਦੀ ਇੱਛਾ ਪੈਦਾ ਹੋਣ ਲਗ ਗਈ। ਫ਼ੌਜੀ ਤਾਕਤ ਵੀ ਵਧਾਈ ਜਾਣ ਲਗੀ। ਸੰਨ 1757 ਈ.

ਰਕ ਕਲਾਇਵ ਨੇ ਬੰਗਾਲ ਵਿਚ ਸਿਰਾਜੁੱਦੌਲਾ ਨੂੰ ਜਿੱਤ ਕੇ ਆਪਣੇ ਪੈਰ ਪੱਕੇ ਕਰ ਲਏ। ਕੰਪਨੀ ਨੂੰ ਆਪਣੇ ਅਧਿਕਾਰ ਅਧੀਨ ਰਖਣ ਲਈ ਇੰਗਲੈਂਡ ਦੀ ਸਰਕਾਰ ਨੇ ਸੰਨ 1784 ਈ. ਵਿਚ ਇਕ ਬੋਰਡ ਬਣਾਇਆ ਜਿਸ ਦਾ ਉੱਦੇਸ਼ ਕੰਪਨੀ ਦੀ ਰਾਜਸੀ ਗਤਿਵਿਧੀ ਉਤੇ ਅੱਖ ਰਖਣਾ ਸੀ। ਸੰਨ 1857 ਈ. ਦੇ ਗ਼ਦਰ ਕਾਰਣ ਕੰਪਨੀ ਦਾ ਪ੍ਰਬੰਧਕੀ ਢਾਂਚਾ ਹਿਲ ਗਿਆ। ਸੰਨ 1858 ਈ. ਵਿਚ ਇਕ ਐਕਟ ਦੁਆਰਾ ਹਿੰਦੁਸਤਾਨ ਦਾ ਰਾਜ ਮਹਾਰਾਣੀ ਵਿਕਟੋਰੀਆ ਅਧੀਨ ਕਰ ਦਿੱਤਾ ਗਿਆ। ਸੰਨ 1877 ਈ. ਵਿਚ ਹਿੰਦੁਸਤਾਨ ਪੂਰੀ ਤਰ੍ਹਾਂ ਇੰਗਲੈਂਡ ਦੇ ਅਧੀਨ ਹੋ ਗਿਆ। ਗਵਰਨਰ ਜਨਰਲ ਦੀ ਥਾਂ ਵਾਇਸਰਾਇ ਨੇ ਲੈ ਲਈ। ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਵੇਲੇ ਅਜੇ ਹਿੰਦੁਸਤਾਨ ਦਾ ਰਾਜ ਕੰਪਨੀ ਦੇ ਅਧਿਕਾਰੀਆਂ ਪਾਸ ਸੀ। ਇਸ ਲਈ ਲੜਾਈ ਦੇ ਆਰੰਭ ਬਾਰੇ ਸ਼ਾਹ ਮੁਹੰਮਦ ਨੇ ਕੰਪਨੀ ਦੇ ਸਾਹਿਬਾਂ ਵਲ ਸੰਕੇਤ ਕੀਤਾ ਹੈ—'ਲੰਡਨ ਕੰਪਨੀ ਸਾਹਿਬ ਕਿਤਾਬ ਡਿਠੀ, ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।'

ਈਸਾਈ : ਹਜ਼ਰਤ ਈਸਾ ਦਾ ਅਨੁਯਾਈ। ਵੇਖੋ 'ਈਸਾ ਮਸੀਹ'।

ਈਸਾਈ-ਮਤ : ਹਜ਼ਰਤ ਈਸਾ ਦੁਆਰਾ ਪ੍ਰਤਿਪਾਦਿਤ ਵਿਚਾਰਧਾਰਾ 'ਤੇ ਆਧਾਰਿਤ ਧਰਮ-ਸਿੱਧਾਂਤ। ਵੇਖੋ 'ਈਸਾ ਮਸੀਹ'।

ਈਸਾ ਮਸੀਹ : 'ਈਸਾ' ਸ਼ਬਦ ਦਾ ਅਰਥ ਹੈ—ਮੁਕਤੀਦਾਤਾ' ਅਤੇ 'ਮਸੀਹ' ਦਾ ਅਰਥ ਹੈ ਛੋਹ ਨਾਲ ਰੋਗ ਖ਼ਤਮ ਕਰਨ ਵਾਲਾ। ਇਸ ਤਰ੍ਹਾਂ ਈਸਾ ਮਸੀਹ ਦੁਖੀਆਂ ਦਾ ਦੁਖ ਦੂਰ ਕਰਕੇ ਉਨ੍ਹਾਂ ਨੂੰ ਮੁਕਤੀ ਦਿਵਾਉਣ ਵਾਲਾ ਮਹਾਪੁਰਸ਼ ਹੈ।

'ਬਾਈਬਲ' ਅਨੁਸਾਰ ਈਸਾ ਦੀ ਮਾਤਾ ਮਰੀਅਮ ਗਲੇਲੀਆ ਸੂਬੇ ਦੇ ਨਾਜ਼ਰਥ ਪਿੰਡ ਦੀ ਰਹਿਣ ਵਾਲੀ ਸੀ। ਮਰੀਅਮ ਦੀ ਮੰਗਣੀ ਦਾਊਦ ਦੇ ਰਾਜਵੰਸ਼ ਵਿਚੋਂ ਯੂਸਫ਼ ਨਾਂ ਦੇ ਤਰਖਾਣ ਨਾਲ ਹੋਈ। ਈਸ਼ਵਰੀ ਕ੍ਰਿਪਾ ਨਾਲ ਮਰੀਅਮ ਦੇ ਕੰਵਾਰੇਪਨ ਵਿਚ ਹੀ ਈਸਾ ਗਰਭ ਵਿਚ ਸਥਿਤ ਹੋ ਗਿਆ। ਯੂਸਫ਼ ਨੇ ਈਸ਼ਵਰੀ ਸੰਕੇਤ ਪ੍ਰਾਪਤ ਕਰਕੇ ਮਰੀਅਮ ਨਾਲ ਵਿਆਹ ਕਰ ਲਿਆ ਅਤੇ ਦੋਵੇਂ ਗਲੇਲੀਆ ਛੱਡ ਕੇ ਯਹੂਦੀਆ ਸੂਬੇ ਦੇ ਬੈਤਲਹਮ ਨਗਰ ਵਿਚ ਜਾ ਵਸੇ। ਉਥੋਂ, ਈਸਾ ਦੇ ਜਨਮ ਤੋਂ ਬਾਦ, ਉਹ ਮਿਸਰ ਚਲੇ ਗਏ। ਕੁਝ ਵਰ੍ਹਿਆਂ ਬਾਦ ਉਹ ਨਾਜ਼ਰਥ ਪਰਤ ਆਏ। ਲਗਭਗ 30 ਵਰ੍ਹੇ ਈਸਾ ਨੇ ਆਪਣਾ ਪਿਤਾ ਪੁਰਖੀ ਤਰਖਾਣਾ ਕੰਮ ਹੀ ਕੀਤਾ।

ਯਹੂਦੀ ਧਰਮ-ਗ੍ਰੰਥਾਂ ਵਿਚ ਲਿਖਿਆ ਹੋਇਆ ਸੀ ਕਿ ਨਵਾਂ ਯੁਗ ਸ਼ੁਰੂ ਹੋਣ ਵਾਲਾ ਹੈ ਅਤੇ ਉਸ ਨਵੇਂ ਯੁਗ ਦਾ ਸੰਦੇਸ਼ ਲਿਆਉਣ ਵਾਲਾ ਕੋਈ ਪੈਗ਼ੰਬਰ ਹੋਏਗਾ। ਈਸਾ ਦੇ ਮਨ ਵਿਚ ਇਹ ਇਲਾਹੀ ਸੰਕੇਤ ਹੋਇਆ ਕਿ ਨਵਾਂ ਸੰਦੇਸ਼ ਲਿਆਉਣ ਵਾਲਾ ਉਹ ਖ਼ੁਦ ਹੈ। ਬਸ ਅਚਾਨਕ ਇਨ੍ਹਾਂ ਨੇ ਯੋਹਨ (ਜਾਂ ਜੌਨ) ਤੋਂ ਬਪਤਿਸਮਾ (ਪਾਹੁਲ) ਗ੍ਰਹਿਣ ਕਰਕੇ ਧਰਮ-ਪ੍ਰਚਾਰ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਆਪਣਾ ਉਪਦੇਸ਼ ਲੋਕ ਭਾਸ਼ਾ ਵਿਚ ਬੜੇ ਸਰਲ ਢੰਗ ਨਾਲ ਦਿੱਤਾ। ਇਹ ਭਾਵੇਂ ਯਹੂਦੀਆਂ ਦੀ ਧਰਮ-ਪੁਸਤਕ ਨੂੰ ਮੰਨਦੇ ਸਨ, ਪਰ ਨਾਲ ਨਾਲ ਨਵੇਂ ਨਿਯਮਾਂ ਦੀ ਸਥਾਪਨਾ ਵੀ ਕਰਦੇ ਸਨ। ਇਨ੍ਹਾਂ ਦਾ ਉੱਦੇਸ਼ ਯਹੂਦੀਆਂ ਦੀ ਧਰਮ-ਪੁਸਤਕ ਨੂੰ ਰੱਦ ਕਰਨਾ ਨਹੀਂ ਸੀ, ਸਗੋਂ ਮੂਸਾ ਆਦਿ

ਨੱਬੀਆਂ ਦੀ ਸਿਖਿਆ ਨੂੰ ਪੂਰਾ ਕਰਨਾ ਸੀ।

ਈਸਾ ਦਾ ਮੁੱਖ ਵਿਚਾਰ ਇਹ ਸੀ ਕਿ ਹਰ ਇਕ ਮਨੁੱਖ ਲਈ ਇਹ ਜ਼ਰੂਰੀ ਹੈ ਕਿ ਉਹ ਪਰਮਾਤਮਾ ਨੂੰ ਦਿਆਲੂ ਸਮਝ ਕੇ ਉਸ ਨੂੰ ਪਿਆਰ ਕਰੇ ਅਤੇ ਉਸ ਵਿਚ ਭਰੋਸਾ ਰਖੇ ਅਤੇ ਸਾਰੇ ਮਨੁੱਖਾਂ ਨਾਲ ਵੈਰ-ਭਾਵ ਛਡ ਕੇ ਉਨ੍ਹਾਂ ਦੇ ਕਲਿਆਣ ਦੀ ਕਾਮਨਾ ਕਰੇ। ਇਸ ਪ੍ਰਕਾਰ ਦੀ ਬਿਰਤੀ ਨੂੰ ਵਿਕਸਿਤ ਕੀਤੇ ਬਿਨਾ ਕੋਈ ਮਨੁੱਖ ਪਰਮਾਤਮਾ ਦਾ ਸਹੀ ਅਰਥਾਂ ਵਿਚ ਭਗਤ ਨਹੀਂ ਅਖਵਾ ਸਕਦਾ। ਆਮ ਜਨਤਾ ਇਨ੍ਹਾਂ ਦੇ ਪ੍ਰਗਟਾਏ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਈ। ਈਸਾ ਨੇ ਆਪਣੇ ਆਪ ਨੂੰ ਈਸ਼ਵਰ ਦਾ ਪੁੱਤਰ ਘੋਸ਼ਿਤ ਕਰਕੇ ਲੋਕਾਂ ਨੂੰ ਦਸਿਆ ਕਿ ਉਹ ਯਹੂਦੀਆਂ ਦੀ ਧਰਮ ਪੁਸਤਕ ਵਿਚ ਵਰਣਿਤ ਅਤੇ ਭਵਿਸ਼ ਵਿਚ ਹੋਣ ਵਾਲਾ ਨੱਬੀ ਅਤੇ ਸਵਰਗੀ ਰਾਜ ਕਾਇਮ ਕਰਨ ਲਈ ਧਰਤੀ ਤੇ ਉਤਰਿਆ ਮਸੀਹ ਹੈ। ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਾ ਹੋਣ ਕਾਰਣ ਪਰੰਪਰਾਵਾਦੀ ਯਹੂਦੀਆਂ ਨੇ ਇਨ੍ਹਾਂ ਦਾ ਵਿਰੋਧ ਕੀਤਾ। ਯੋਰੂਸ਼ਲਮ ਦਾ ਧਾਰਮਿਕ ਮੁਖੀਆ ਅਥਵਾ ਬਾਦਸ਼ਾਹ ਤਾਂ ਈਸਾ ਦੀ ਜਾਨ ਲੈਣ ਲਈ ਉਤਾਰੂ ਹੋ ਗਿਆ। ਅੰਤ ਵਿਚ ਇਨ੍ਹਾਂ ਨੂੰ ਅਦਾਲਤੀ ਮਹਾਸਭਾ ਨੇ 33 ਈ. ਨੂੰ ਸਲੀਬ (ਕ੍ਰਸ) ਉਤੇ ਮਰਨ ਦਾ ਆਦੇਸ਼ ਦਿੱਤਾ। ਮਰਨ ਉਪਰੰਤ ਉਨ੍ਹਾਂ ਨੂੰ ਯੋਰੂਸ਼ਲਮ ਵਿਚ ਹੀ ਦਫ਼ਨਾਇਆ ਗਿਆ। ਜਸਵੰਤ ਸਿੰਘ ਨੇਕੀ ਨੇ ਇਸ ਘਟਨਾ ਵਲ ਇਸ਼ਾਰਾ ਕੀਤਾ ਹੈ—'ਮੁਖੜੇ ਤੋਂ ਹੱਕ ਦੇ ਨਕਾਬ ਕੋਈ ਲਹਿ ਗਿਆ,/ ਸਮੇਂ ਦੀ ਸਲੀਬ ਉੱਤੇ ਸੱਚ ਕੋਈ ਕਹਿ ਗਿਆ।' ਇਨ੍ਹਾਂ ਦੀ ਮੌਤ ਤੋਂ ਬਾਦ ਕੁਝ ਸਮੇਂ ਲਈ ਅਨੁਯਾਈਆਂ (ਈਸਾਈਆਂ) ਵਿਚ ਬਹੁਤ ਡਰ ਪਸਰ ਗਿਆ। ਈਸਾ ਨੇ ਆਪਣੀ ਮ੍ਰਿਤੂ ਤੋਂ ਪਹਿਲਾਂ ਬਾਰ੍ਹਾਂ ਸ਼ਿਸ਼ਾਂ ਨੂੰ ਚੁਣ ਕੇ ਉਨ੍ਹਾਂ ਨੂੰ ਵਿਸ਼ੇਸ਼ ਸਿਖਿਆ ਦਿੱਤੀ ਅਤੇ ਅਧਿਕਾਰ ਪ੍ਰਦਾਨ ਕੀਤੇ।

ਹਜ਼ਰਤ ਈਸਾ ਇਕ ਸਰਲ, ਸਾਦੇ ਸੁਭਾ ਵਾਲੇ ਰੱਬ ਦੇ ਨੇਕ ਬੰਦੇ ਸਨ। 33 ਵਰ੍ਹਿਆਂ ਦੀ ਅਲਪ ਆਯੂ ਵਿਚ ਹੀ ਇਨ੍ਹਾਂ ਨੇ ਇਤਨੀ ਗੰਭੀਰਤਾ ਨਾਲ ਆਪਣੀ ਗੱਲ ਲੋਕਾਂ ਤਕ ਪਹੁੰਚਾਈ ਕਿ ਹਰ ਪਾਸੇ ਲੋਕਾਂ ਨੇ ਇਨ੍ਹਾਂ ਦੇ ਸੰਦੇਸ਼ ਨੂੰ ਸਵੀਕਾਰ ਕਰਨ ਵਿਚ ਗੌਰਵ ਅਨੁਭਵ ਕੀਤਾ। ਭਾਵੇਂ ਈਸਾ ਮਸੀਹ ਦੇ ਜੀਵਨ-ਕਾਲ ਵਿਚ ਹੀ ਇਨ੍ਹਾਂ ਨੂੰ ਦੈਵੀ-ਸ਼ਕਤੀ ਵਾਲਾ ਸਮਝਿਆ ਜਾਣ ਲਗਿਆ, ਪਰ ਉਨ੍ਹਾਂ ਦੀ ਮ੍ਰਿਤੂ ਤੋਂ ਬਾਦ ਲੋਕਾਂ ਦੇ ਮਨ ਵਿਚ ਇਹ ਵਿਸ਼ਵਾਸ ਹੋਰ ਵੀ ਅਧਿਕ ਵਿਕਸਿਤ ਹੋ ਗਿਆ। ਲੋਕਾਂ ਨੇ ਈਸਾ ਨੂੰ ਮੁਕਤੀ-ਦਾਤਾ ਸਮਝਣਾ ਸ਼ੁਰੂ ਕੀਤਾ ਅਤੇ ਉਨ੍ਹਾ ਦੀ ਵਿਚਾਰਧਾਰਾ ਨੂੰ ਦੂਰ ਦੂਰ ਤਕ ਲੋਕਾਂ ਵਿਚ ਪ੍ਰਚਲਿਤ ਕਰਨਾ ਆਪਣਾ ਫ਼ਰਜ਼ ਸਮਝਿਆ। ਕਿਉਂਕਿ ਇਹ ਧਾਰਣਾ ਬਣ ਗਈ ਸੀ ਕਿ ਈਸਾ ਨੇ ਆਪਣੇ ਪ੍ਰਾਣ ਦੇ ਕੇ ਸਾਰੇ ਅਨੁਯਾਈਆਂ ਦੇ ਪਾਪਾਂ ਨੂੰ ਧੋ ਦਿੱਤਾ ਹੈ। ਈਸਾ ਦੀ ਵਿਚਾਰਧਾਰਾ ਹੀ ਈਸਾਈ ਮਤ ਦੇ ਮੂਲ ਸਿੱਧਾਂਤ ਹਨ।

ਈਸਾਈ ਮਤ ਵਿਚ ਚੂੰਕਿ ਯਹੂਦੀਆਂ ਦੇ ਧਰਮ ਗ੍ਰੰਥ ਨੂੰ 'ਬਾਈਬਲ' ਦੇ ਪਹਿਲੇ ਅੱਧ ਵਿਚ ਪੂਰੀ ਮਾਨਤਾ ਦਿੱਤੀ ਗਈ ਹੈ, ਇਸ ਲਈ ਕਈ ਵਿਦਵਾਨਾਂ ਨੇ ਈਸਾਈ ਮਤ ਨੂੰ ਯਹੂਦੀ ਮਤ ਦਾ ਹੀ ਵਿਕਸਿਤ ਰੂਪ ਦਸਿਆ ਹੈ। ਪਰ ਅਸਲੋਂ ਇਹ ਸੁਤੰਤਰ ਧਰਮ ਹੈ। ਈਸਾ ਦੀ ਦੈਵੀ ਸ਼ਕਤੀ ਵਿਚ ਵਿਸ਼ਵਾਸ ਹੀ ਇਸ ਧਰਮ ਦਾ ਮੂਲ ਆਧਾਰ ਹੈ।

ਪੰਜਾਬੀ ਸਾਹਿੱਤ ਵਿਚ ਈਸਾ ਬਾਰੇ ਹਵਾਲੇ ਮਿਲਦੇ ਹਨ। ਨਮੂਨੇ ਵਜੋਂ 'ਅਹਸਨੁਲ ਕਸਸ' ਵਿਚ ਗ਼ੁਲਾਮ ਰਸੂਲ ਨੇ ਲਿਖਿਆ ਹੈ—'ਖ਼ਤੋ ਕਿਤਾਬਤ ਦੇ ਦਸ ਹਿੱਸੇ ਨੌਂ ਈਸਾ ਨੂੰ ਆਏ।' ਇਸੇ ਤਰ੍ਹਾਂ ਮੀਆਂ ਮੁਹੰਮਦ ਬਖ਼ਸ਼ ਨੇ ਆਪਣੀ ਰਚਨਾ 'ਸੈਫ਼ੁਲ ਮਲੂਕ' ਵਿਚ ਹਜ਼ਰਤ ਮੁਹੰਮਦ ਨੂੰ ਇਨ੍ਹਾਂ ਤੋਂ ਸ੍ਰੇਸ਼ਠ ਦਸਿਆ ਹੈ—'ਈਸਾ ਖ਼ਾਕ ਉਨ੍ਹਾਂ ਦੇ ਦਰ ਦੀ ਘਿਣ ਤਸੱਮੁਮ ਕਰਦਾ।'

ਈਦ : ਮੁਸਲਮਾਨਾਂ ਦੇ ਵਾਰਸ਼ਿਕ ਉਤਸਵਾਂ ਜਾਂ ਤਿਓਹਾਰਾਂ ਨੂੰ ਸਾਧਾਰਣ ਤੌਰ ਤੇ 'ਈਦ' ਕਿਹਾ ਜਾਂਦਾ ਹੈ। ਇਨ੍ਹਾਂ ਉਤਸਵਾਂ ਵਿਚੋਂ ਦੋ ਦਾ ਪ੍ਰਮੁਖ ਮਹੱਤਵ ਹੈ—ਈਦੁਲ-ਫ਼ਿਤਰ ਅਤੇ ਈਦੁਲ-ਅਜ਼ਹਾ।

'ਈਦੁਲ-ਫ਼ਿਤਰ' ਰੋਜ਼ਿਆਂ ਦੇ ਖ਼ਤਮ ਹੋਣ 'ਤੇ ਨਵੇਂ ਚੰਨ ਨੂੰ ਵੇਖ ਕੇ ਮੰਨਾਈ ਜਾਂਦੀ ਹੈ। ਉਸ ਦਿਨ ਮੁਸਲਮਾਨ ਲੋਕ ਸਵੇਰੇ ਉਠ ਕੇ ਇਸ਼ਨਾਨ ਕਰਦੇ ਹਨ ਅਤੇ ਸਾਫ਼ ਸੁੱਥਰੇ ਜਾਂ ਨਵੇਂ ਬਸਤ੍ਰ ਧਾਰਣ ਕਰਕੇ ਈਦਗਾਹ ਵਿਚ ਦੋ ਰਕਤਾਂ ਦੀ ਨਮਾਜ਼ ਪੜ੍ਹਦੇ ਹਨ, ਇਮਾਮ ਤੋਂ ਖ਼ੁਤਬਾ ਸੁਣਦੇ ਹਨ ਅਤੇ ਦੁੱਧ ਵਿਚ ਉਬਾਲੀਆਂ ਸੇਂਵੀਆਂ ਅਤੇ ਹੋਰ ਸੁਆਦੀ ਮਿਠੇ ਪਕਵਾਨ ਤਿਆਰ ਕਰਕੇ ਲੋਕਾਂ ਵਿਚ ਵੰਡਦੇ ਹਨ। ਈਦ ਤੋਂ ਦੋ ਦਿਨ ਪਹਿਲਾਂ ਖਾਧ ਪਦਾਰਥ (ਫ਼ਿਤਰਾ) ਗ਼ਰੀਬਾਂ ਜਾਂ ਮੁਥਾਜਾਂ ਵਿਚ ਵੰਡੇ ਜਾਂਦੇ ਹਨ। ਜਿਸ ਕਿਸੇ ਮੁਸਲਮਾਨ ਨੇ ਪਹਿਲਾਂ ਜ਼ਕਾਤ ਨਾ ਦਿੱਤੀ ਹੋਵੇ, ਉਹ ਵੀ ਈਦ ਤੋਂ ਪਹਿਲਾ ਜ਼ਕਾਤ ਦੇ ਦਿੰਦਾ ਹੈ। ਇਹ ਉਨ੍ਹਾਂ ਲਈ ਲਾਜ਼ਮੀ ਹੈ।

'ਈਦੁਲ-ਅਜ਼ਹਾ' ਹਿਜਰੀ ਸੰਨ ਦੇ ਜ਼ੁਅਲ ਹਿੱਜਾਹ ਮਹੀਨੇ ਦੀ ਦਸਵੀਂ ਤਿਥੀ ਨੂੰ ਮੰਨਾਈ ਜਾਂਦੀ ਹੈ। ਇਹ ਈਦੁਲ-ਫ਼ਿਤਰ ਤੋਂ ਦੋ ਮਹੀਨੇ ਨੌਂ ਦਿਨ ਬਾਦ ਆਉਂਦੀ ਹੈ। ਇਸ ਈਦ ਦਾ ਸੰਬੰਧ ਹਜ਼ਰਤ ਇਬਰਾਹੀਮ ਵਲੋਂ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦੀ ਘਟਨਾ ਨਾਲ ਹੈ। ਉਸ ਦਿਨ ਨੂੰ ਖ਼ੁਦਾ ਦੀ ਮਿਹਰ ਪ੍ਰਾਪਤ ਕਰਨ ਲਈ ਜੀਉਂਦੇ ਪਸ਼ੂ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਇਸ ਕੁਰਬਾਨੀ ਦਾ ਵਿਧਾਨ ਅਸਲੋਂ ਹੱਜ ਨਾਲ ਸੰਬੰਧਿਤ ਹੈ, ਪਰ ਜੋ ਮੁਸਲਮਾਨ ਹੱਜ ਉਤੇ ਨਹੀਂ ਜਾ ਸਕਦੇ, ਉਹ ਆਪਣੇ ਟਿਕਾਣਿਆਂ ਤੇ ਹੀ ਪਸ਼ੂ ਦੀ ਬਲੀ ਦੇ ਸਕਦੇ ਹਨ। ਇਸ ਈਦ ਨੂੰ 'ਬਕਰੀਦ' ਵੀ ਕਿਹਾ ਜਾਂਦਾ ਹੈ ਕਿਉਂਕਿ ਸ਼ੁਰੂ ਵਿਚ ਇਸ ਦਿਨ ਗਊ (ਅਰਬੀ ਭਾਸ਼ਾ ਵਿਚ 'ਬਕਰਹ') ਦੀ ਕੁਰਬਾਨੀ ਦਿੱਤੀ ਜਾਂਦੀ ਸੀ। ਕੁਰਬਾਨ ਕੀਤੇ ਪਸ਼ੂ ਦਾ ਇਕ ਹਿੱਸਾ ਰਿਸ਼ਤੇਦਾਰਾਂ ਨੂੰ, ਇਕ ਹਿੱਸਾ ਗ਼ਰੀਬਾਂ ਨੂੰ ਅਤੇ ਇਕ ਹਿੱਸਾ ਆਪਣੇ ਵਰਤਣ ਲਈ ਰਖਿਆ ਜਾਂਦਾ ਹੈ। ਇਸ ਦਿਨ ਸਵੇਰੇ ਅੱਠ ਨੌਂ ਵਜੇ ਦੇ ਨੇੜੇ ਤੇੜੇ ਸਿਦਕਵਾਨ ਲੋਕ ਬਿਨਾ ਭੋਜਨ ਕੀਤੇ ਈਦਗਾਹ ਵਿਚ ਇਕੱਠੇ ਹੋ ਕੇ ਨਮਾਜ਼ ਪੜ੍ਹਦੇ ਹਨ। ਇਸ ਨੂੰ ਈਦੁਲ-ਫ਼ਿਤਰ ਦੇ ਮੁਕਾਬਲੇ ਅਧਿਕ ਮਹੱਤਵਪੂਰਣ ਮੰਨੇ ਜਾਣ ਕਾਰਣ 'ਈਦੁਲ-ਕਬੀਰ' ਵੀ ਕਿਹਾ ਜਾਂਦਾ ਹੈ। ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਇਨ੍ਹਾਂ ਈਦਾਂ ਵਲ ਸੰਕੇਤ ਕੀਤਾ ਹੈ—'ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ' (ਅ. ਗ੍ਰੰ. 1293)।

ਉਪਰੋਕਤ ਦੋਹਾਂ ਈਦਾਂ ਨੂੰ ਸੁੰਨੀ ਮੁਸਲਮਾਨਾਂ ਤੋਂ ਇਲਾਵਾ ਕੁਝ ਉਦਾਰ ਸ਼ੀਆ-

ਮੁਸਲਮਾਨ ਵੀ ਮਨਾਉਂਦੇ ਹਨ, ਪਰ ਸ਼ੀਆ-ਮੁਸਲਮਾਨਾਂ ਨੇ ਤਿੰਨ ਹੋਰ ਈਦਾਂ ਦੀ ਪਰੰਪਰਾ ਵੀ ਤੋਰੀ ਹੋਈ ਹੈ ਜਿਨ੍ਹਾਂ ਵਿਚੋਂ ਦੋ, ਈਦੇ-ਗ਼ਦੀਰ ਅਤੇ ਈਦੇ-ਨੌਰੋਜ਼, ਦਾ ਸੰਬੰਧ ਹਜ਼ਰਤ ਅਲੀ ਦੀਆਂ ਜੀਵਨ-ਘਟਨਾਵਾਂ ਨਾਲ ਹੈ ਅਤੇ ਇਕ—ਈਦੇ-ਬਾਬਾ-ਸ਼ੁਜਹਾ—ਦਾ ਸੰਬੰਧ ਇਕ ਕਾਫ਼ਰ ਹੱਥੋਂ ਹਜ਼ਰਤ ਉਮਰ ਦੀ ਸ਼ਹਾਦਤ ਦੀ ਘਟਨਾ ਨਾਲ ਹੈ।

ਇਨ੍ਹਾਂ ਤੋਂ ਇਲਾਵਾ ਇਕ ਹੋਰ ਈਦ ਮਨਾਉਣ ਦੀ ਵੀ ਪਰੰਪਰਾ ਹੈ ਜੋ ਰਬੀਉਲ-ਅਵਲ ਦੀ ਬਾਰ੍ਹਵੀਂ ਤਿਥੀ ਨੂੰ ਪੈਂਦੀ ਹੈ। ਇਸ ਨੂੰ ਈਦੇ-ਮੀਲਾਦੁਲ-ਨੱਬੀ ਕਿਹਾ ਜਾਂਦਾ ਹੈ। ਇਸ ਦਾ ਸੰਬੰਧ ਹਜ਼ਰਤ ਮੁਹੰਮਦ ਦੇ ਜਨਮ ਦਿਨ ਨਾਲ ਹੈ। ਭਾਰਤ ਵਿਚ ਇਸ ਈਦ ਨੂੰ ਮਨਾਉਣ ਵਿਚ ਅਧਿਕ ਰੁਚੀ ਵੇਖੀ ਜਾਂਦੀ ਹੈ।

ਈਦੁਲ-ਅਜ਼ਹਾ/ਈਦੁਲ ਜ਼ੁਆ : ਵੇਖੋ 'ਈਦ'।

ਈਦੁਲ-ਕਬੀਰ : ਵੇਖੋ 'ਈਦ'।

ਈਦੁਲ-ਫ਼ਿਤਰ : ਵੇਖੋ 'ਈਦ'।

ਈਦੇ-ਮੀਲਾਦੁਲ-ਨੱਬੀ : ਵੇਖੋ 'ਈਦ'।

ਸ

ਸੱਸੀ ਪੁੰਨੂੰ : ਇਕ ਪ੍ਰਸਿੱਧ ਪ੍ਰੀਤ-ਗਾਥਾ ਜਿਸ ਦਾ ਨਾਇਕ ਪੁੰਨੂੰ ਅਤੇ ਨਾਇਕਾ ਸੱਸੀ ਹੈ। ਇਸ ਗਾਥਾ ਨੂੰ ਪੰਜਾਬੀ ਵਿਚ ਸਭ ਤੋਂ ਪਹਿਲਾਂ ਹਾਫ਼ਿਜ਼ ਬਰਖ਼ੁਰਦਾਰ ਨੇ ਕਾਵਿ-ਬੱਧ ਕੀਤਾ ਅਤੇ ਹਾਸ਼ਮ ਨੇ ਇਸ ਨੂੰ ਲੋਕ-ਪ੍ਰਿਯਤਾ ਦੀ ਸਿਖਰ ਉਤੇ ਪਹੁੰਚਾਇਆ। ਵੱਖ-ਵੱਖ ਕਵੀਆਂ ਦੁਆਰਾ ਵਰਣਿਤ ਇਸ ਗਾਥਾ ਦਾ ਸਾਰਾਂਸ਼ ਕੁਝ ਇਸ ਪ੍ਰਕਾਰ ਹੈ :

ਭੰਭੌਰ ਨਗਰ ਦੇ ਬਾਦਸ਼ਾਹ ਆਦਮ ਜਾਮ ਦੀ ਕੋਈ ਸੰਤਾਨ ਨਹੀਂ ਸੀ। ਬੜੀਆਂ ਮੰਨਤਾਂ ਤੋਂ ਬਾਦ ਉਸ ਦੇ ਘਰ ਇਕ ਸੁੰਦਰ ਪੁੱਤਰੀ ਨੇ ਜਨਮ ਲਿਆ। ਨਜੂਮੀਆਂ ਦੇ ਦਸਣ ਤੇ ਕਿ ਜਵਾਨ ਹੋਣ ਤੇ ਇਹ ਬੱਚੀ ਕੁਲ ਨੂੰ ਦਾਗ਼ ਲਗਾਏਗੀ ਅਤੇ ਥਲਾਂ ਵਿਚ ਰੁਲ ਰੁਲ ਕੇ ਮਰੇਗੀ, ਆਦਮ ਜਾਮ ਨੇ ਉਸ ਨੂੰ ਵਜ਼ੀਰਾਂ ਦੀ ਸਲਾਹ ਨਾਲ ਇਕ ਸੁੰਦਰ ਸੰਦੂਕ ਵਿਚ ਪਾ ਕੇ ਦਰਿਆ ਵਿਚ ਰੋੜ੍ਹ ਦਿੱਤਾ। ਉਸ ਸੰਦੂਕ ਵਿਚ ਕਾਫ਼ੀ ਧਨ ਵੀ ਰਖ ਦਿੱਤਾ ਤਾਂ ਜੋ ਬੱਚੀ ਦੀ ਪਾਲਣਾ ਕਰਨ ਵਾਲੇ ਨੂੰ ਕੋਈ ਔਕੜ ਨਾ ਆਵੇ। ਉਸ ਸੰਦੂਕ ਨੂੰ ਅੱਤਾ ਨਾਂ ਦੇ ਇਕ ਨਿਰਸੰਤਾਨ ਧੋਬੀ ਨੇ ਦਰਿਆਓਂ ਕੱਢ ਲਿਆ ਅਤੇ ਸੁੰਦਰ ਬੱਚੀ ਨੂੰ ਪ੍ਰਾਪਤ ਕਰਕੇ ਅਤਿਅੰਤ ਪ੍ਰਸੰਨ ਹੋਇਆ।

ਧੋਬੀ ਦੰਪਤੀ ਨੇ ਬੱਚੀ ਦੀ ਬਹੁਤ ਚੰਗੇ ਢੰਗ ਨਾਲ ਪਾਲਣਾ ਕੀਤੀ। ਜਵਾਨ ਹੋਣ ਤੇ ਉਸ ਦੀ ਸੁੰਦਰਤਾ ਦੀਆਂ ਧੁੰਮਾਂ ਦੂਰ-ਦੂਰ ਤਕ ਪੈ ਗਈਆਂ। ਨਗਰ ਦੇ ਬਾਦਸ਼ਾਹ ਨੇ ਉਸ ਨੂੰ ਆਪਣੀ ਮਲਕਾ ਬਣਾਉਣ ਦਾ ਯਤਨ ਕੀਤਾ, ਪਰ ਉਸ ਦੇ ਗਲ ਵਿਚ ਪਏ ਤਾਵੀਜ਼ ਨੂੰ ਪਛਾਣਨ ਉਪਰੰਤ ਬਾਦਸ਼ਾਹ (ਪਿਤਾ) ਨੇ ਉਸ ਨੂੰ ਮਹੱਲ ਵਿਚ ਲਿਆਉਣ

ਲਈ ਕੋਸ਼ਿਸ਼ ਕੀਤੀ, ਪਰ ਸੱਸੀ ਨਾ ਮੰਨੀ। ਇਕ ਦਿਨ ਸੱਸੀ ਨੇ ਕਿਸੇ ਚਿੱਤਰਕਾਰ ਦੀਆਂ ਬਣੀਆਂ ਤਸਵੀਰਾਂ ਨੂੰ ਵੇਖਿਆ ਤਾਂ ਜਿਸ ਤਸਵੀਰ ਉਤੇ ਉਸ ਦਾ ਮਨ ਟਿਕ ਗਿਆ, ਉਹ ਕੇਚਮ ਸ਼ਹਿਰ ਦੇ ਬਲੋਚ ਸ਼ਹਿਜ਼ਾਦੇ ਪੁੰਨੂੰ ਦੀ ਸੀ । ਸੱਸੀ ਉਸ ਉਤੇ ਇਸ ਹਦ ਤਕ ਮੋਹਿਤ ਹੋ ਗਈ ਕਿ ਉਸ ਨੂੰ ਪ੍ਰਾਪਤ ਕਰਨ ਲਈ ਪੱਤਣ ਉਤੇ ਚੌਕੀ ਬਿਠਾ ਦਿੱਤੀ ਅਤੇ ਉਥੋਂ ਲੰਘਣ ਵਾਲੇ ਬਲੋਚ ਸੌਦਾਗਰਾਂ ਦੇ ਕਾਫ਼ਲੇ ਨੂੰ ਕੈਦ ਕਰ ਲਿਆ। ਉਨ੍ਹਾਂ ਨੂੰ ਛੱਡਣ ਦੀ ਇਹ ਸ਼ਰਤ ਸੀ ਕਿ ਉਹ ਪੁੰਨੂੰ ਨੂੰ ਉਥੇ ਲਿਆਉਣ।

ਆਖ਼ਰ ਪੁੰਨੂੰ ਨੂੰ ਉਥੇ ਲਿਆਂਦਾ ਗਿਆ। ਦੋਵੇਂ ਇਕ ਦੂਜੇ ਉਤੇ ਮੋਹਿਤ ਹੋ ਗਏ। ਪੁੰਨੂੰ ਨੇ ਵਾਪਸ ਆਪਣੇ ਦੇਸ਼ ਜਾਣ ਦੀ ਗੱਲ ਮਨੋਂ ਭੁਲਾ ਦਿੱਤੀ। ਪੁੰਨੂੰ ਦੇ ਨਾ ਪਰਤਣ ਤੇ ਉਸ ਦੇ ਭਰਾ ਧੋਖੇ ਨਾਲ ਉਸ ਨੂੰ ਸੁੱਤੀ ਪਈ ਸੱਸੀ ਤੋਂ ਵਿਛੋੜ ਕੇ ਲੈ ਗਏ। ਸੱਸੀ ਦੀ ਜਦੋਂ ਅੱਖ ਖੁਲ੍ਹੀ ਤਾਂ ਆਪਣੇ ਆਪ ਨੂੰ ਕੱਲਿਆਂ ਵੇਖ ਕੇ ਬਹੁਤ ਤੜਪੀ। ਪਾਲਕ ਮਾਤਾ-ਪਿਤਾ ਦੇ ਸਮਝਾਉਣ ਦੇ ਬਾਵਜੂਦ ਪੁੰਨੂੰ ਨੂੰ ਲੱਭਣ ਲਈ ਉਹ ਕੇਚਮ ਦੇ ਰਾਹ ਤੇ ਤੁਰ ਪਈ। ਗਰਮੀ ਦੀ ਰੁਤੇ ਮਾਰੂਥਲ ਦੀ ਤਪਦੀ ਰੇਤ ਵਿਚ ਉਸ ਨੇ ਪ੍ਰਾਣ ਤਿਆਗ ਦਿੱਤੇ। ਜਦੋਂ ਇਸ ਘਟਨਾ ਦਾ ਪਤਾ ਪੁੰਨੂੰ ਨੂੰ ਲਗਿਆ ਤਾ ਪ੍ਰੇਮ ਦੇ ਜੋਸ਼ ਵਿਚ ਸਭ ਬੰਧਨਾਂ ਨੂੰ ਤੋੜਦਾ ਹੋਇਆ ਉਹ ਸੱਸੀ ਦੀ ਕਬਰ 'ਤੇ ਪੁਜਾ ਅਤੇ ਉਥੇ ਆਪਣੇ ਪ੍ਰਾਣਾਂ ਨੂੰ ਨਿਛਾਵਰ ਕਰ ਦਿੱਤਾ।

'ਦਸਮ-ਗ੍ਰੰਥ' ਦੇ ''ਚਰਿਤ੍ਰੋਪਾਖਿਆਨ'' ਦੇ 108 ਚਰਿਤ੍ਰ-ਪ੍ਰਸੰਗ ਵਿਚ ਇਸ ਪ੍ਰੀਤ-ਗਾਥਾ ਨੂੰ ਪੌਰਾਣਿਕ ਰੰਗ ਦਿੰਦਿਆਂ ਲਿਖਿਆ ਗਿਆ ਹੈ ਕਿ ਸੱਸੀ ਦਾ ਜਨਮ ਕਪਿਲ ਮੁਨੀ ਅਤੇ ਰੰਭਾ ਅਪੱਛਰਾ ਦੇ ਸੰਜੋਗ ਨਾਲ ਹੋਇਆ ਸੀ । ਇਸ ਨੂੰ ਸਿੰਧ ਨਦੀ ਵਿਚ ਰੋੜ੍ਹ ਦਿੱਤਾ ਗਿਆ ਜਿਸ ਨੂੰ ਸਿੰਧ ਪ੍ਰਦੇਸ਼ ਦੇ ਰਾਜੇ ਬ੍ਰਹਮ ਦੱਤ ਨੇ ਦਰਿਆ ਵਿਚੋਂ ਕੱਢਵਾ ਕੇ ਪਾਲਿਆ ਅਤੇ ਇਸ ਦਾ ਨਾਂ 'ਸਸਿਯਾ' (ਜੀਤਿ ਲਈ ਸਸਿ ਕੀ ਕਲਾ, ਯਾਤੇ ਸਸਿਯਾ ਨਾਮ') ਰਖਿਆ। ਜਵਾਨ ਹੋਣ ਤੇ ਰਾਜੇ ਨੇ ਉਸ ਦਾ ਵਿਆਹ ਪੁੰਨੂੰ ਨਾਲ ਕਰ ਦਿੱਤਾ। ਜਦੋਂ ਪੁੰਨੂੰ ਸੱਸੀ ਨੂੰ ਲੈ ਕੇ ਆਪਣੇ ਦੇਸ਼ ਪਹੁੰਚਿਆ ਤਾਂ ਉਸ ਦੀ ਪਹਿਲੀ ਪਤਨੀ ਨੇ ਸੌਂਕਣ ਸਾੜੇ ਕਰਕੇ, ਉਨ੍ਹਾਂ ਦੋਹਾਂ ਦੀ ਆਪਸ ਵਿਚ ਨਾ ਬਣ ਸਕੇ, ਇਸ ਮਨੋਰਥ ਦੀ ਪੂਰਤੀ ਲਈ ਬਹੁਤ ਟੂਣੇ ਅਤੇ ਜੰਤ੍ਰ ਮੰਤ੍ਰ ਕੀਤੇ। ਅੰਤ ਹਾਰ ਕੇ ਉਸ ਨੇ ਪੁੰਨੂੰ ਨੂੰ ਮਰਵਾ ਦਿੱਤਾ। ਸੱਸੀ ਨੇ ਵੀ ਪੁੰਨੂੰ ਦੀ ਕਬਰ ਤੇ ਪ੍ਰਾਣ ਤਿਆਗ ਦਿੱਤੇ।

ਪ੍ਰੇਮ ਦੀ ਇਸ ਅਮਰ ਗਾਥਾ ਵਲ ਪੰਜਾਬੀ ਕਾਵਿ ਵਿਚ ਅਨੇਕ ਸੰਕੇਤ ਮਿਲਦੇ ਹਨ। ਭਾਈ ਗੁਰਦਾਸ ਨੇ ਪੀਰ ਅਤੇ ਮੁਰੀਦ ਦੇ ਪਰਸਪਰ ਪ੍ਰੇਮ-ਸੰਬੰਧ ਲਈ ਇਸ ਗਾਥਾ ਦਾ ਹਵਾਲਾ ਇਸ ਤਰ੍ਹਾਂ ਦਿੱਤਾ ਹੈ—'ਸੱਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ' (27/1)। ਬੁੱਲੇਸ਼ਾਹ ਨੇ ਇਸ ਪ੍ਰੀਤ-ਕਥਾ ਨੂੰ ਅਧਿਆਤਮਿਕ ਸੰਦਰਭ ਪ੍ਰਦਾਨ ਕੀਤਾ ਹੈ—'ਸੱਸੀ ਦਾ ਦਿਲ ਲੁਟਣ ਖ਼ਾਤਰ, ਹੋਤ ਪੁਨੂੰ ਬਣ ਆਇਆ ਏ'।

ਸਹਸਬਾਹੁ/ਸਹਸ੍ਰਬਾਹੁ : ਇਕ ਹਜ਼ਾਰ ਬਾਹਵਾਂ ਵਾਲਾ ਇਕ ਚੰਦ੍ਰਵੰਸ਼ੀ ਰਾਜਾ ਜੋ ਕ੍ਰਿਤਵੀਰਜ ਦਾ ਪੁੱਤਰ ਸੀ ਅਤੇ ਜਿਸ ਨੂੰ ਪਿਤਾ ਦੇ ਨਾਂ ਤੇ 'ਕਾਰਤਵੀਰਜ' ਕਿਹਾ ਜਾਂਦਾ ਸੀ, ਪਰ ਉਂਜ ਇਸ ਦਾ ਮੂਲ ਨਾਂ ਅਰਜੁਨ ਸੀ। ਇਸ ਨੇ ਦੱਤਾਤ੍ਰੇਯ ਦੀ ਬਹੁਤ

ਉਪਾਸਨਾ ਕੀਤੀ ਜਿਸ ਦੇ ਫਲਸਰੂਪ ਇਸ ਨੂੰ ਇਕ ਹਜ਼ਾਰ ਬਾਹਵਾਂ ਦੀ ਪ੍ਰਾਪਤੀ ਹੋਈ ਜਿਸ ਕਰਕੇ ਇਸ ਨੂੰ 'ਸਹਸ੍ਰਬਾਹੁ' ਕਿਹਾ ਜਾਣ ਲਗਿਆ। ਦੱਤਾਤ੍ਰੇਯ ਨੇ ਇਸ ਨੂੰ ਇਕ ਰਥ ਵੀ ਦਿੱਤਾ ਜਿਸ ਉਤੇ ਚੜ੍ਹ ਕੇ ਇਹ ਆਪਣੀ ਇੱਛਾ ਅਨੁਸਾਰ, ਜਿਥੇ ਚਾਹੇ ਉਥੇ ਗਮਨ ਕਰ ਸਕਦਾ ਸੀ। ਇਸ ਨੇ 85 ਹਜ਼ਾਰ ਵਰ੍ਹੇ ਰਾਜ ਕੀਤਾ; ਮਹਿਸ਼ਮਤੀ ਨਗਰੀ ਇਸ ਦੀ ਰਾਜਧਾਨੀ ਸੀ।

'ਬਾਲਮੀਕੀ ਰਾਮਾਇਣ' ਵਿਚ ਇਸ ਨੂੰ ਬਹੁਤ ਤੇਜਸਵੀ ਰਾਜਾ ਮੰਨਿਆ ਗਿਆ ਹੈ। ਇਸ ਦਾ ਰਾਵਣ ਨਾਲ ਵੀ ਯੁੱਧ ਹੋਇਆ ਸੀ ਜਿਸ ਵਿਚ ਇਸ ਨੇ ਰਾਵਣ ਨੂੰ ਹਰਾ ਕੇ ਅਤੇ ਬੰਦੀ ਬਣਾ ਕੇ ਆਪਣੀ ਨਗਰੀ ਵਿਚ ਲਿਆਉਂਦਾ ਸੀ। ਰਾਵਣ ਨੂੰ ਉਸ ਦੇ ਦਾਦੇ ਪੁਲਸਤ੍ਯ ਨੇ ਸਵਰਗ ਤੋਂ ਆ ਕੇ ਛੁੜਵਾਇਆ।

ਪੁਰਾਣ-ਸਾਹਿੱਤ ਅਨੁਸਾਰ ਇਹ ਅਤੇ ਰਿਸ਼ੀ ਜਮਦਗਨੀ ਦੋਵੇਂ ਸਾਂਢੂ ਸਨ। ਇਕ ਵਾਰ ਇਹ ਜਮਦਗਨੀ ਦੇ ਘਰ ਗਿਆ। ਉਥੇ ਰਿਸ਼ੀ ਨੇ ਕਾਮਧੇਨੁ ਗਊ ਦੀ ਸਹਾਇਤਾ ਨਾਲ ਇਸ ਦੀ ਬਹੁਤ ਸੇਵਾ ਕੀਤੀ। ਸਹਸ੍ਰਬਾਹੁ ਨੇ ਰਿਸ਼ੀ ਤੋਂ ਕਾਮਧੇਨੁ ਦੀ ਮੰਗ ਕੀਤੀ, ਪਰ ਉਸ ਨੇ ਨਾਂਹ ਕਰ ਦਿੱਤੀ। ਫਿਰ ਇਸ ਨੇ ਗਊ ਦੀ ਪ੍ਰਾਪਤੀ ਲਈ ਰਿਸ਼ੀ ਦੇ ਆਸ਼੍ਰਮ ਉਤੇ ਹਮਲਾ ਕੀਤਾ ਅਤੇ ਰਿਸ਼ੀ ਨੂੰ ਮਾਰ ਦਿੱਤਾ। ਜਦ ਇਸ ਗੱਲ ਦਾ ਪਤਾ ਪਰਸ਼ੁਰਾਮ ਨੂੰ ਆਪਣੀ ਵਿਧਵਾ ਮਾਤਾ 'ਰੇਣੁਕਾ' ਤੋਂ ਲਗਾ ਤਾਂ ਉਸ ਨੇ ਸਹਸ੍ਰਬਾਹੁ ਉਤੇ ਹਮਲਾ ਕਰਕੇ ਮਾਰ ਦਿੱਤਾ ਅਤੇ ਪ੍ਰਤਿਗਿਆ ਕੀਤੀ ਕਿ ਉਹ ਛਤ੍ਰੀਆਂ ਦਾ ਧਰਤੀ ਤੋਂ ਸਫਾਇਆ ਕਰ ਦੇਏਗਾ।

ਪਰਸ਼ੁਰਾਮ ਦੁਆਰਾ ਇਸ ਦੇ ਮਾਰੇ ਜਾਣ ਬਾਰੇ ਇਹ ਗੱਲ ਵੀ ਪ੍ਰਚਲਿਤ ਹੈ ਕਿ ਇਸ ਦੇ ਦੁਖਾਏ ਦੇਵਤੇ ਵਿਸ਼ਣੂ ਪਾਸ ਆਪਣੀ ਰੱਖਿਆ ਲਈ ਗਏ। ਵਿਸ਼ਣੂ ਨੇ ਦੇਵਤਿਆਂ ਦੀ ਰੱਖਿਆ ਲਈ ਪਰਸ਼ੁਰਾਮ ਦੇ ਰੂਪ ਵਿਚ ਅਵਤਾਰ ਧਾਰਣ ਕੀਤਾ ਅਤੇ ਸਹਸ੍ਰਬਾਹੁ ਨੂੰ ਮਾਰ ਕੇ ਦੇਵਤਿਆਂ ਦਾ ਕਲਿਆਣ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਇਸ ਪ੍ਰਕਾਰ ਦੇ ਹੰਕਾਰੀਆਂ ਦਾ ਸੰਘਾਰ ਪਰਮਾਤਮਾ ਆਪ ਹੀ ਕਰਦਾ ਹੈ—'ਸਹਸਬਾਹੁ ਮਧੁ ਕੀਟ ਮਹਖਾਸਾ।/ਹਰਣਾਖਸੁ ਲੇ ਨਖਹੁ ਬਿਧਾਸਾ।/ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ' (ਅ. ਗ੍ਰੰ. 224)।

ਸਹਿਜ-ਯੋਗ : ਸਹਿਜ ਸੁਭਾਵਿਕ ਢੰਗ ਨਾਲ ਕੀਤਾ ਜਾਣ ਵਾਲਾ ਯੋਗ 'ਸਹਿਜ-ਯੋਗ' ਅਖਵਾਉਂਦਾ ਹੈ। ਵਿਉਤਪੱਤੀ ਦੀ ਦ੍ਰਿਸ਼ਟੀ ਤੋਂ ਜੋ ਜਨਮ ਵੇਲੇ ਨਾਲ ਪੈਦਾ ਹੋਵੇ ਅਤੇ ਸੁਭਾਵਿਕ ਰੂਪ ਵਿਚ ਰਹੇ ਉਹ 'ਸਹਿਜ-ਯੋਗ' ਹੈ। ('ਸਹ ਜਾਯਤੇ ਇਤਿ ਸਹਜ :')। ਇਹ ਯੋਗ ਵਰਣਨ ਤੋਂ ਪਰੇ ਹੈ। ਇਸ ਨੂੰ ਆਪਣੇ ਆਪ ਅਨੁਭਵ ਕੀਤਾ ਜਾਂਦਾ ਹੈ। ਅਭਿਆਸ ਕਰਦਿਆਂ ਕਰਦਿਆਂ ਯੋਗੀ ਉਸ ਅਵਸਥਾ ਨੂੰ ਪਹੁੰਚ ਜਾਂਦਾ ਹੈ ਜਿਥੇ ਯੋਗ ਦੇ ਬਾਹਰਲੇ ਸਾਧਨ ਛੁਟ ਜਾਂਦੇ ਹਨ ਅਤੇ ਉਹ ਸਹਿਜ ਅਵਸਥਾ ਵਿਚ ਪਹੁੰਚ ਜਾਂਦਾ ਹੈ। 'ਹਠਯੋਗ ਪ੍ਰਦੀਪਿਕਾ' (4/9) ਵਿਚ ਇਸ ਨੂੰ ਗੁਰੂ ਦੀ ਮਿਹਰ ਜਾਂ ਦਯਾ ਤੋਂ ਬਿਨਾ ਦੁਲੱਭ ਮੰਨਿਆ ਗਿਆ ਹੈ।

ਮੱਧ-ਯੁਗ ਦੇ ਸੰਤਾਂ/ਮਹਾਪੁਰਸ਼ਾਂ ਦੀਆਂ ਬਾਣੀਆਂ ਵਿਚ ਸਹਿਜ-ਯੋਗ ਦੀ ਸਥਾਪਨਾ

ਵਿਸ਼ੇਸ਼ ਰੂਪ ਵਿਚ ਹੋਈ ਹੈ। ਉਨ੍ਹਾਂ ਵਿਚ ਸਾਰ ਗ੍ਰਹਿਣ ਕਰਨ ਪ੍ਰਤਿ ਰੁਚੀ ਅਧਿਕ ਸੀ। ਉਹ ਉਸ ਸਾਧਨਾ ਦੇ ਵਿਰੋਧੀ ਸਨ ਜਿਸ ਵਿਚ ਵਿਅਰਥ ਦੇ ਕਰਮ-ਕਾਂਡ ਜਾਂ ਉਚੇਚੇ ਸਾਧਨ ਅਪਣਾਏ ਗਏ ਹੋਣ। ਸੰਤਾਂ ਨੇ ਸਦਾ ਮੱਧ-ਮਾਰਗ ਨੂੰ ਅਪਣਾਇਆ ਹੈ। ਮੱਧ-ਮਾਰਗ ਵਿਚ ਕਿਸੇ ਉਚੇਚ ਦੀ ਲੋੜ ਨਹੀਂ ਸਮਝੀ ਜਾਂਦੀ। ਸਹਿਜ-ਸਾਧਨਾ ਮੱਧ-ਮਾਰਗੀ ਸਾਧਨਾ ਹੈ। ਇਸ ਦਾ ਆਧਾਰ ਮਨ ਦੀ ਸਥਿਰਤਾ ਹੈ। ਧਰਮ ਦੇ ਖੇਤਰ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਅਤਿਵਾਦ ਜਾਂ ਰੂੜ੍ਹ ਪਰੰਪਰਾਵਾਂ ਨੂੰ ਅਪਣਾਉਣ ਨਾਲ ਧਰਮ ਦਾ ਵਾਸਤਵਿਕ ਰੂਪ ਲੁਕ ਜਾਂਦਾ ਹੈ।

ਗੁਰੂ ਨਾਨਕ ਦੇਵ ਨੇ ਯੋਗ ਦੇ ਪਰੰਪਰਾਗਤ ਸਰੂਪ ਦੇ ਮੁਕਾਬਲੇ ਆਪਣੇ ਸਹਿਜ-ਯੋਗ ਦੀ ਸਥਾਪਨਾ ਕਰਦਿਆਂ ਭਰਥਰੀ ਯੋਗੀ ਨੂੰ ਸੰਬੋਧਿਤ ਕੀਤਾ ਹੈ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਮੇਰੀ ਮੁੰਦ੍ਰਾ ਹੈ ਅਤੇ ਖਿਮਾ ਨਾਲ ਮੈਂ ਖਿੰਥਾ ਦਾ ਕੰਮ ਸਾਰਦਾ ਹਾਂ। ਆਤਮ-ਸਰੂਪ ਰੂਪੀ ਨਗਰੀ ਵਿਚ ਆਸਣ ਲਗਾ ਕੇ ਬੈਠਦਾ ਹਾਂ ਅਤੇ ਸਾਰੀਆਂ ਕਲਪਨਾਵਾਂ ਅਤੇ ਮਾਨਸਿਕ ਬਖੇੜਿਆਂ ਨੂੰ ਮੈਂ ਤਿਆਗਦਾ ਹਾਂ। ਸ਼ਬਦ ਹੀ ਮੇਰੇ ਲਈ ਸਿੰਙੀ ਦੀ ਸਦੀਵੀ ਧੁਨੀ ਹੈ। ਵਿਚਾਰ ਮੇਰੇ ਲਈ ਖੱਪਰ ਹੈ, ਵਿਵੇਕ-ਯੁਕਤ ਬੁੱਧੀ ਮੇਰਾ ਡੰਡਾ ਅਤੇ ਪਰਮਾਤਮਾ ਨੂੰ ਸਰਬਤ੍ਰ ਮੰਨਣਾ ਮੇਰੀ ਬਿਭੂਤ ਹੈ। ਹਰਿ ਦਾ ਕੀਰਤਨ ਕਰਨਾ ਮੇਰੀ ਰਹਿਰਾਸ ਹੈ। ਪਰਮਾਤਮਾ ਦੀ ਸਰਬਤ੍ਰ ਅਨੇਕਾਂ ਰੂਪਾਂ ਅਤੇ ਰੰਗਾਂ ਵਿਚ ਵਿਆਪਤ ਜੋਤਿ ਮੇਰੇ ਲਈ 'ਅਧਾਰੀ' ਹੈ। ਪਰਮਾਤਮਾ ਜੋ ਕੁਝ ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨਣਾ ਹੀ ਮੇਰਾ ਸਹਿਜ-ਯੋਗ ਹੈ, ਇਸ ਦੀ ਸਿੱਧੀ ਦੁਆਰਾ ਮੈਂ ਅਲੌਕਿਕ ਸਿੱਧੀ ਪ੍ਰਾਪਤ ਕਰਦਾ ਹਾਂ—'ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ'...(ਆ. ਗ੍ਰੰ. 359)।

ਗੁਰੂ ਨਾਨਕ ਦੇਵ ਦੀ ਸਹਿਜ-ਯੋਗ ਸੰਬੰਧੀ ਉਪਰੋਕਤ ਭਾਵਨਾ, ਅਸਲ ਵਿਚ, ਪਰੰਪਰਿਕ ਯੋਗ ਦਾ ਸਹਿਜੀਕ੍ਰਿਤ ਰੂਪ ਹੈ। ਭੱਟਾਂ ਨੇ ਆਪਣੇ ਸਵੈਯਾਂ ਵਿਚ ਗੁਰੂ ਨਾਨਕ ਦੀ ਸਾਧਨਾ ਨੂੰ 'ਸਹਿਜ-ਯੋਗ' ਦਾ ਨਾਂ ਦਿੱਤਾ ਹੈ—'ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ' (ਆ. ਗ੍ਰੰ. 1390)। ਇਸੇ ਪ੍ਰਸੰਗ ਵਿਚ ਇਸ ਦਾ ਇਕ ਨਾਮਾਂਤਰ 'ਰਾਜ-ਜੋਗ' ਵੀ ਦਸਿਆ ਗਿਆ ਹੈ—'ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ'। ਸਪੱਸ਼ਟ ਹੈ ਕਿ ਸਹੀ ਢੰਗ ਨਾਲ ਕੀਤੀ ਧਰਮ ਸਾਧਨਾ ਹੀ ਸਹਿਜ-ਯੋਗ ਦੀ ਭੂਮਿਕਾ ਨਿਭਾਉਂਦੀ ਹੈ।

ਸਹਿਤੀ-ਮੁਰਾਦ : ਹੀਰ-ਰਾਂਝੇ ਦੇ ਪ੍ਰੇਮ ਆਖਿਆਨ ਦੀ ਕੁੱਖ ਵਿਚੋਂ ਜੰਮੀ ਇਕ ਪ੍ਰੀਤ-ਕਥਾ ਜਿਸ ਦਾ ਕੋਈ ਸਮਾਜਿਕ ਜਾਂ ਲੌਕਿਕ ਆਧਾਰ ਨਹੀਂ, ਬਸ ਕਵੀ-ਕਲਪਨਾ ਨੇ ਹੀ ਇਸ ਨੂੰ ਹੋਂਦ ਦੇ ਦਿੱਤੀ ਹੈ। ਦਮੋਦਰ ਦੇ ਕਿੱਸੇ ਅਨੁਸਾਰ ਸਹਿਤੀ ਹੀਰ ਦੀ ਨਨਾਣ ਹੈ ਅਤੇ ਹੀਰ ਨੂੰ ਰਾਂਝੇ ਨਾਲ ਇਸ਼ਕ ਪਾਲਣ ਵਿਚ ਸਹਾਇਤਾ ਕਰਦੀ ਹੈ ਕਿਉਂਕਿ ਉਹ ਆਪ ਰਾਮੂ ਬਾਹਮਣ ਦੇ ਇਸ਼ਕ ਵਿਚ ਰਤੀ ਹੋਈ ਹੈ। ਇਸ ਕਰਕੇ ਉਸ ਨੂੰ ਇਸ਼ਕ ਦੀ ਅਹਿਮੀਅਤ ਦਾ ਅਹਿਸਾਸ ਹੈ।

ਦਮੋਦਰ ਤੋਂ ਬਾਦ ਅਹਿਮਦ ਗੁਜਰ ਦੀ 'ਹੀਰ' ਵਿਚ ਰਾਮੂ ਬਾਹਮਣ ਦੀ ਭੂਮਿਕਾ

'ਮੁਰਾਦ' ਨਿਭਾਉਂਦਾ ਹੈ। ਵਾਰਿਸ ਸ਼ਾਹ ਨੇ ਆਪਣੀ 'ਹੀਰ' ਵਿਚ ਰੰਗਪੁਰ ਤੋਂ ਹੀਰ-ਰਾਂਝੇ ਦੇ ਨਾਲ ਸਹਿਤੀ ਅਤੇ ਮੁਰਾਦ ਨੂੰ ਵੀ ਨਸਾਇਆ ਹੈ। ਪਰ ਸਹਿਤੀ-ਮੁਰਾਦ ਦੇ ਪਿਛੇ ਲਗੀ ਖੇੜਿਆਂ ਦੀ ਵਾਹਰ, ਬਲੋਚਾਂ ਤੋਂ ਭਾਂਜ ਖਾ ਕੇ, ਉਨ੍ਹਾਂ ਦਾ ਪਿਛਾ ਕਰਨਾ ਛੱਡ ਦਿੰਦੀ ਹੈ। ਬਸ ਇਸ ਪ੍ਰੀਤ-ਕਥਾ ਦਾ ਇਤਨਾ ਹੀ ਕਥਾਨਕ ਹੈ। ਨਿਰਾਧਾਰ ਹੋਣ ਕਾਰਣ ਇਸ ਦਾ ਲੋਕ-ਹਿਰਦੇ ਵਿਚ ਸਥਾਨ ਨਹੀਂ ਬਣ ਸਕਿਆ।

ਸ਼ਹੀਦ : ਇਹ ਅਰਬੀ ਦਾ ਸ਼ਬਦ ਹੈ ਅਤੇ 'ਕੁਰਾਨ' ਵਿਚ ਇਸ ਦੀ ਵਰਤੋਂ 'ਗਵਾਹ' ਜਾਂ 'ਸਾਕ੍ਸ਼ੀ' ਦੇ ਅਰਥਾਂ ਵਿਚ ਹੋਈ ਹੈ। ਪਰ ਕਾਲਾਂਤਰ ਵਿਚ ਇਸ ਸ਼ਬਦ ਦਾ ਅਰਥ-ਵਿਸਤਾਰ ਹੋ ਗਿਆ ਅਤੇ ਇਸ ਨੂੰ ਕੁਰਬਾਨੀ ਜਾਂ ਬਲੀਦਾਨ ਦੇ ਅਰਥਾਂ ਵਿਚ ਵਰਤਿਆ ਜਾਣ ਲਗਾ। ਹਦੀਸਾਂ ਵਿਚ 'ਸ਼ਹੀਦ' ਉਸ ਵਿਅਕਤੀ ਨੂੰ ਕਿਹਾ ਜਾਣ ਲਗਾ ਜੋ ਇਸ-ਲਾਮ ਧਰਮ ਦੇ ਪਸਾਰ ਲਈ ਕਾਫ਼ਰਾਂ ਦੇ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਅਜਿਹੇ ਵਿਅਕਤੀ ਲਈ ਬਹਿਸ਼ਤ ਦੇ ਦੁਆਰ ਖੁਲ੍ਹ ਜਾਂਦੇ ਹਨ। ਉਸ ਦੇ ਕਰਮਾਂ ਦਾ ਹਿਸਾਬ-ਕਿਤਾਬ ਖ਼ਤਮ ਹੋ ਜਾਂਦਾ ਹੈ, ਸਾਰੇ ਗੁਨਾਹ ਬਖ਼ਸ਼ੇ ਜਾਂਦੇ ਹਨ। ਮਰਨ ਉਪਰੰਤ ਅਜਿਹੇ ਵਿਅਕਤੀਆਂ ਨੂੰ ਕਬਰ ਵਿਚ ਦੱਬਣ ਤੋਂ ਪਹਿਲਾਂ ਨੁਹਾਇਆ ਨਹੀਂ ਜਾਂਦਾ ਕਿਉਂਕਿ ਉਹ ਤਾਂ ਸ਼ਹੀਦ ਹੋਣ ਕਾਰਣ ਪਹਿਲਾਂ ਹੀ ਪਵਿੱਤਰ ਹੋ ਚੁਕੇ ਮੰਨ ਲਏ ਜਾਂਦੇ ਹਨ।

ਇਸਲਾਮ ਵਿਚ ਸ਼ਹੀਦਾਂ ਦੇ ਕਈ ਭੇਦ-ਉਪਭੇਦ ਹਨ ਪਰ ਸਭ ਤੋਂ ਸ੍ਰੇਸ਼ਠ ਸ਼ਹੀਦ ਉਸ ਨੂੰ ਸਮਝਿਆ ਜਾਂਦਾ ਹੈ ਜੋ ਰੱਬ ਦੀ ਰਜ਼ਾ ਵਿਚ ਸੱਚਾਈ ਦੇ ਰਸਤੇ ਉਤੇ ਚਲਦੇ ਹੋਇਆਂ ਆਪਣੀ ਜਾਨ ਕੁਰਬਾਨ ਕਰ ਦੇਵੇ। ਸ਼ਹੀਦ ਆਮ ਤੌਰ ਤੇ ਅਮਰ ਸਮਝੇ ਜਾਂਦੇ ਹਨ। ਇਮਾਮ ਹਸਨ ਅਤੇ ਹੁਸੈਨ ਨੂੰ ਇਸਲਾਮ ਵਿਚ ਮਹਾਨ ਸ਼ਹੀਦ ਦੀ ਪਦਵੀ ਪ੍ਰਾਪਤ ਹੈ। ਹੋਰ ਵੀ ਅਨੇਕ ਮੁਸਲਮਾਨ ਸ਼ਹੀਦਾਂ ਦੀ ਸੂਚੀ ਵਿਚ ਗਿਣੇ ਜਾਂਦੇ ਹਨ। ਈਸਾ ਨੂੰ ਵੀ ਮਹਾਨ ਸ਼ਹੀਦ ਮੰਨਿਆ ਜਾਂਦਾ ਹੈ।

'ਸ਼ਹੀਦ' ਜਾਂ 'ਸ਼ਹਾਦਤ' ਦਾ ਦ੍ਰਿਸ਼ਟੀਕੋਣ ਸਾਮੀ ਸੰਸਕ੍ਰਿਤੀ ਤੋਂ ਭਾਰਤ ਵਿਚ ਆਇਆ। ਭਾਰਤ ਵਿਚ ਪਹਿਲਾਂ ਅਜਿਹੀ ਭਾਵਨਾ ਦਾ ਅਭਾਵ ਸੀ। ਪੰਜਾਬ ਅਤੇ ਭਾਰਤ ਵਿਚ ਅਨੇਕ ਮੁਸਲਮਾਨ ਫ਼ਕੀਰਾਂ, ਸੂਫ਼ੀ ਦਰਵੇਸ਼ਾਂ ਦੀ ਸ਼ਹਾਦਤ ਦੀਆਂ ਕਈ ਘਟਨਾਵਾਂ ਹੋਈਆਂ ਹਨ। 'ਸ਼ਹਾਦਤ' ਦਾ ਵਿਚਾਰ ਸਿੱਖ ਸਮਾਜ ਵਿਚ ਵੱਖਰੇ ਜਿਹੇ ਢੰਗ ਨਾਲ ਵਿਕਸਿਤ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਦੇ ਖ਼ੂਨ ਵਿਚ ਸ਼ਹਾਦਤ ਦਾ ਤੱਤ੍ਵ ਸ਼ਾਮਲ ਕਰ ਦਿੱਤਾ ਅਤੇ ਗੁਰੂ ਤੇਗ ਬਹਾਦਰ ਜੀ ਨੇ ਇਸ ਭਾਵਨਾ ਨੂੰ ਆਪਣੀ ਸ਼ਹਾਦਤ ਨਾਲ ਪੁਸ਼ਟ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਤਾਂ ਇਤਿਹਾਸ ਦੇ ਪਤਰਿਆਂ ਉਤੇ ਆਪਣੀ ਰੱਤ ਦਾ ਕੁੰਗੂ ਪਾ ਦਿੱਤਾ। ਮੁਸਲਮਾਨ ਹੁਕਮਰਾਨਾਂ ਨੇ ਹਜ਼ਾਰਾਂ ਦੀ ਗਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ। ਵੱਡੇ-ਵੱਡੇ ਅਤੇ ਮੁੱਖੀ ਸਿੱਖਾਂ ਦੀ ਸ਼ਹਾਦਤ ਵਾਲੀ ਥਾਂ ਤੇ ਅਨੇਕ ਧਰਮ-ਧਾਮ ਹੁਣ ਬਣੇ ਹੋਏ ਹਨ। ਗੁਰੂ ਅਰਜਨ ਦੇਵ ਦਾ ਸ਼ਹੀਦੀ ਸਥਾਨ ਗੁਰਦੁਆਰਾ ਡੇਰਾ ਸਾਹਿਬ (ਲਾਹੌਰ) ਦੇ ਨਾਂ ਨਾਲ ਪ੍ਰਸਿੱਧ ਹੈ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵਾਲੇ ਸਥਾਨ ਉਤੇ

ਹੁਣ ਗੁਰਦੁਆਰਾ ਸੀਸ ਗੰਜ (ਦਿੱਲੀ) ਕਾਇਮ ਹੈ। ਦਸਮ ਗੁਰੂ ਦੇ ਵੱਡੇ ਦੋ ਸਾਹਿਬ-ਜ਼ਾਦਿਆਂ ਦਾ ਸ਼ਹੀਦੀ ਸਥਾਨ ਚਮਕੌਰ ਸਾਹਿਬ ਵਿਚ ਅਤੇ ਛੋਟੇ ਦੋ ਸਾਹਿਬਜ਼ਾਦਿਆਂ ਦਾ ਸਮਾਰਕ ਸਰਹਿੰਦ ਵਿਚ ਹੈ।

ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਸ਼ਹਾਦਤ ਪਾਉਣ ਵਾਲੇ ਸਿਰਲੱਥ ਜਵਾਨਾਂ ਵਿਚ 80 ਪ੍ਰਤਿਸ਼ਤ ਸਿੱਖ ਸਨ। ਸ਼ਹੀਦ ਭਗਤ ਸਿੰਘ ਦੀ ਮਿਸਾਲ ਸਰਵ-ਸ੍ਰੇਸ਼ਠ ਹੈ। ਇਸ ਤਰ੍ਹਾਂ ਸ਼ਹੀਦ, ਸ਼ਹੀਦੀ, ਸ਼ਹਾਦਤ ਸ਼ਬਦ ਸਿੱਖ ਸਭਿਆਚਾਰ ਦੇ ਅੰਗ ਬਣ ਗਏ ਹਨ।

ਸ਼ਹੀਦ-ਗੰਜ : ਉਂਜ ਤਾਂ ਇਹ ਸ਼ਬਦ ਹਰ ਉਸ ਸਥਾਨ ਲਈ ਵਰਤ ਲਿਆ ਜਾਂਦਾ ਹੈ ਜਿਥੇ ਕੋਈ ਵੀ ਸ਼ਹੀਦ ਦਬਿਆ ਜਾਂ ਸਸਕਾਰਿਆ ਗਿਆ ਹੋਵੇ। ਪਰ ਉਂਜ ਇਹ ਸ਼ਬਦ ਸਿੱਖ ਸ਼ਹੀਦਾਂ ਦੇ ਸਮਾਰਕਾਂ ਨਾਲ ਵਿਸ਼ੇਸ਼ ਰੂਪ ਵਿਚ ਜੁੜ ਗਿਆ ਹੈ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਕਈ ਧਰਮ-ਧਾਮ ਸ਼ਹੀਦ-ਗੰਜ ਦੇ ਨਾਂ ਨਾਲ ਪ੍ਰਸਿੱਧ ਹਨ। ਪਰ ਇਹ ਸ਼ਬਦ ਉਸ ਗੁਰਦੁਆਰੇ ਅਥਵਾ ਧਰਮ-ਧਾਮ ਲਈ ਅਧਿਕ ਪ੍ਰਚਲਿਤ ਹੋ ਗਿਆ ਹੈ ਜੋ ਲਾਹੌਰ ਰੇਲਵੇ ਸਟੇਸ਼ਨ ਦੇ ਨੇੜੇ ਲੰਡਾ ਬਾਜ਼ਾਰ ਵਿਚ ਹੈ ਅਤੇ ਜਿਥੇ ਮੀਰ ਮੰਨੂ ਦੇ ਸਮੇਂ ਹਜ਼ਾਰਾਂ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ/ਭੁਜੰਗਣਾਂ ਨੂੰ ਖੂਹ ਵਿਚ ਸੁਟ ਕੇ, ਕੋਠਿਆਂ ਵਿਚ ਬੰਦ ਕਰਕੇ ਅਤੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਬਾਦ ਵਿਚ ਉਨ੍ਹਾਂ ਦੇ ਪਿੰਜਰਾਂ ਅਤੇ ਹੱਡੀਆਂ ਨਾਲ ਦੀਵਾਰਾਂ ਉਸਾਰੀਆਂ ਗਈਆਂ। ਉਥੋਂ ਖ਼ੁਦਾਈ ਕਰਨ ਤੇ ਹੁਣ ਵੀ ਸਿੱਖਾਂ ਦੇ ਲੋਹੇ ਦੇ ਬਰਤਨ, ਕੜੇ ਅਤੇ ਸ਼ਸਤ੍ਰ ਮਿਲ ਜਾਂਦੇ ਹਨ। ਸਿੱਖ ਜਗਤ ਵਿਚ ਸ਼ਹੀਦਾਂ ਲਈ ਅਪਾਰ ਆਦਰ ਹੈ। ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਅਰਦਾਸ ਵਿਚ ਸਦਾ ਯਾਦ ਕੀਤਾ ਜਾਂਦਾ ਹੈ।

ਸ਼ਕਟਾਸੁਰ : ਇਕ ਦੈਂਤ ਜਿਸ ਨੂੰ ਸ੍ਰੀ ਕ੍ਰਿਸ਼ਣ ਨੇ ਮਾਰਿਆ ਸੀ। ਵੇਖੋ 'ਕ੍ਰਿਸ਼ਣ, ਅਵਤਾਰ'।

ਸ਼ਕਤੀ, ਦੇਵੀ : ਸ਼ਾਕਤ-ਮਤ ਵਿਚ 'ਸ਼ਕਤੀ' ਨੂੰ ਇਸ਼ਟ ਰੂਪ ਵਿਚ ਮੰਨਿਆ ਜਾਂਦਾ ਹੈ। ਸ਼ਕਤੀ ਦੀ ਕਲਪਨਾ ਅਤੇ ਉਪਾਸਨਾ ਬਹੁਤ ਪੁਰਾਣੀ ਹੈ ਪਰ ਤੰਤ੍ਰ-ਸ਼ਾਸਤ੍ਰਾਂ ਅਤੇ ਪੁਰਾਣਾਂ ਵਿਚ ਇਸ ਉਪਾਸਨਾ-ਪੱਧਤੀ ਨੇ ਇਕ ਵਿਸ਼ੇਸ਼ ਸੰਪ੍ਰਦਾਇਕ ਰੂਪ ਧਾਰਣ ਕੀਤਾ ਹੈ। ਸ਼ਾਕਤ-ਪੁਰਾਣਾਂ ਵਿਚ ਦੇਵੀ ਨੂੰ ਬ੍ਰਹਮ ਤੁਲ ਅਤੇ ਇਕ-ਮਾਤ੍ਰ ਸੱਤਾ ਦਸਿਆ ਗਿਆ ਹੈ। 'ਮਾਰਕੰਡੇਯ ਪੁਰਾਣ' ਵਿਚ ਬ੍ਰਹਮਾ ਨੇ ਸ਼ਕਤੀ ਦੀ ਉਸਤਤ ਕਰਦਿਆਂ ਹੋਇਆਂ ਸਾਰੀਆਂ ਸਮਰਥਤਾਵਾਂ ਦਾ ਆਰੋਪਣ ਇਸ ਉਤੇ ਕੀਤਾ ਹੈ। 'ਦੇਵੀ ਭਾਗਵਤ ਪੁਰਾਣ' ਵਿਚ ਲਿਖਿਆ ਹੈ ਕਿ ਨਾਰਦ ਦੁਆਰਾ ਪੁੱਛਣ ਤੇ ਕਿ ਸਾਰੇ ਦੇਵਤੇ ਕਿਸ ਦੀ ਪੂਜਾ ਵਿਚ ਲੀਨ ਰਹਿੰਦੇ ਹਨ, ਸ਼ਿਵ ਨੇ ਦਸਿਆ ਕਿ ਅਸੀਂ ਸਭ ਉਸ ਦੀ ਉਪਾਸਨਾ ਵਿਚ ਮਗਨ ਰਹਿੰਦੇ ਹਾਂ ਜੋ ਸਭ ਨੂੰ ਸਿਰਜਦੀ, ਪਾਲਦੀ ਅਤੇ ਸੰਘਾਰਦੀ ਹੈ। ਉਹ ਅਜਨਮਾ ਅਤੇ ਨਿਰਾਕਾਰ ਹੈ। ਉਸ ਦਾ ਕੋਈ ਨਿਸ਼ਚਿਤ ਰੂਪ ਨਹੀਂ ਹੈ, ਬਸ ਦੇਵਤਿਆਂ ਦੇ ਕਲਿਆਣ ਲਈ ਜਾਂ ਉਨ੍ਹਾਂ ਦਾ ਸੰਕਟ ਖ਼ਤਮ ਕਰਨ ਲਈ ਕਦੇ-ਕਦੇ ਪਾਰਬਤੀ, ਸ਼ਾਰਦਾ ਆਦਿ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਇਹੀ ਸਭ ਦੇ ਮਨੋਰਥ ਪੂਰੇ ਕਰਦੀ ਹੈ।

ਸ਼ਿਵ ਕ੍ਰਿਆਹੀਨ ਹੈ ਅਤੇ ਸ਼ਕਤੀ ਕ੍ਰਿਆਸ਼ੀਲ। ਸ਼ਕਤੀ ਤੋਂ ਬਿਨਾ ਸ਼ਿਵ ਦਾ ਕੋਈ

ਅਰਥ ਨਹੀਂ । ਸ਼ਕਤੀ ਹੀ ਸੰਸਾਰ ਨੂੰ ਚਲਾਉਂਦੀ, ਪਾਲਦੀ ਅਤੇ ਸੰਘਾਰਦੀ ਹੈ । ਇਹੀ ਸ਼ਿਵ ਦੇ ਕਾਰਜ-ਰਾਸ ਕਰਦੀ ਹੈ । ਇਸ ਤਰ੍ਹਾਂ ਇਸ ਦਾ ਮਹੱਤਵ ਸ਼ਿਵ ਤੋਂ ਵੀ ਅਧਿਕ ਹੈ । ਇਹੀ ਮੂਲ ਸ਼ਕਤੀ ਹੈ ਅਤੇ ਸਾਰਾ ਜਗਤ ਇਸੇ ਦਾ ਪ੍ਰਗਟ ਰੂਪ ਹੈ । ਜਦ ਤਕ ਸ਼ਕਤੀ ਕ੍ਰਿਆਸ਼ੀਲ ਹੋ ਕੇ ਸ਼ਿਵ ਪਾਸ ਨਹੀਂ ਜਾਂਦੀ ਤਦ ਤਕ ਕੋਈ ਵਿਕਾਸ ਨਹੀਂ ਹੋ ਸਕਦਾ । ਇਸ ਲਈ ਸ਼ਕਤੀ ਬ੍ਰਹਮ (ਸ਼ਿਵ) ਦਾ ਕ੍ਰਿਆਸ਼ੀਲ ਭਾਗ ਹੈ । ਇਸ ਦੀ ਪੂਜਾ ਮਾਤਾ-ਤੁਲ ਹੁੰਦੀ ਹੈ । ਸ਼ਿਵ-ਸ਼ਕਤੀ ਦੀ ਪਰੰਪਰਾ ਵਿਚ ਮੁੱਖ ਦੇਵਤਿਆਂ ਜਾਂ ਅਵਤਾਰੀ ਸਰੂਪਾਂ ਨਾਲ ਸ਼ਕਤੀਆਂ ਦੀ ਵੀ ਕਲਪਨਾ ਹੋਣ ਲਗ ਗਈ, ਜਿਸ ਦਾ ਆਪਣਾ ਇਕ ਇਤਿਹਾਸ ਹੈ । ਪੁਰਸ਼-ਪ੍ਰਕ੍ਰਿਤੀ ਸਿੱਧਾਂਤ ਵਿਚ ਸ਼ਕਤੀ ਹੀ ਪ੍ਰਕ੍ਰਿਤੀ ਦੀ ਭੂਮਿਕਾ ਨਿਭਾ-ਉਂਦੀ ਪ੍ਰਤੀਤ ਹੁੰਦੀ ਹੈ । ਸ਼ੰਕਰ ਮਤ ਵਿਚ ਮਾਯਾ ਇਸੇ ਸ਼ਕਤੀ ਦੀ ਬੋਧਕ ਹੈ ।

ਸ਼ਕਤੀ ਦੇ ਮੁੱਖ ਤੌਰ ਤੇ ਦੋ ਰੂਪ ਹਨ—ਇਕ ਸੌਮ੍ਯ (ਕੋਮਲ) ਅਤੇ ਦੂਜਾ ਭਿਆਨਕ । ਸੌਮ੍ਯ ਰੂਪ ਵਿਚ ਇਹ ਉਮਾ, ਗੌਰੀ, ਪਾਰਬਤੀ, ਸ਼ਾਰਦਾ, ਭਵਾਨੀ, ਜਗਮਾਤਾ ਆਦਿ ਨਾਵਾਂ ਨਾਲ ਪੂਜੀ ਜਾਂਦੀ ਹੈ । ਭਿਆਨਕ ਰੂਪ ਵਿਚ ਪੂਜਣ ਵੇਲੇ ਇਸ ਨੂੰ ਦੁਰਗਾ, ਕਾਲੀ, ਚੰਡੀ, ਭੈਰਵੀ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ । ਸ਼ਾਕਤ-ਮਤ ਵਿਚ ਭਿਆਨਕ ਰੂਪ ਦੀ ਉਪਾਸਨਾ ਹੀ ਪ੍ਰਚਲਿਤ ਹੈ ਕਿਉਂਕਿ ਇਸ ਨੂੰ ਸੌਮ੍ਯ ਰੂਪ ਵਿਚ ਤਾਂ ਕੇਵਲ ਸਮਾਰਤ-ਮਤ ਵਾਲੇ ਹੀ ਪੂਜਦੇ ਹਨ । ਭਿਆਨਕ ਰੂਪ ਵਿਚ ਇਸ ਨੂੰ ਪਸ਼ੂਆਂ/ਮਨੁੱਖਾਂ ਦੀਆਂ ਬਲੀਆਂ ਚੜ੍ਹਾਈਆਂ ਜਾਂਦੀਆਂ ਹਨ । ਇਸ ਦੀਆਂ ਦਸ ਭੁਜਾਵਾਂ ਵਿਚ ਅਕਸਰ ਸ਼ਸਤ੍ਰ ਫੜੇ ਹੁੰਦੇ ਹਨ । ਦੁਰਗਾ ਰੂਪ ਵਿਚ ਇਹ ਸ਼ੇਰ ਦੀ ਸਵਾਰੀ ਕਰਦੀ ਹੈ ਅਤੇ ਸੁੰਦਰ ਪੀਲੇ ਰੰਗ ਵਾਲੀ ਹੈ । ਕਾਲੀ ਰੂਪ ਵਿਚ ਇਸ ਦਾ ਰੰਗ ਕਾਲਾ, ਸ਼ਕਲ ਭਿਆਨਕ ਹੈ, ਗੱਲੇ ਵਿਚ ਸੱਪਾਂ ਅਤੇ ਮਨੁੱਖਾਂ ਦੀਆਂ ਖੋਪਰੀਆਂ ਦੀ ਮਾਲਾ ਹੁੰਦੀ ਹੈ । ਚੰਡੀ ਰੂਪ ਵਿਚ ਇਹ ਮਹਿਖਾਸੁਰ ਦਾ ਬੱਧ ਕਰਦੀ ਹੈ । ਇਸੇ ਤਰ੍ਹਾਂ ਇਸ ਦੇ ਹੋਰ ਰੂਪ ਵੀ ਬਹੁਤ ਭਿਆਨਕ ਅਤੇ ਡਰਾਵਣੇ ਹਨ ।

ਸ਼ਾਕਤ-ਸਾਧਨਾ ਵਿਚ ਸ਼ਕਤੀ ਦਾ ਸ਼ਿਵ ਨਾਲ ਮੇਲ ਕਰਾਇਆ ਜਾਂਦਾ ਹੈ । ਸ਼ਰੀਰ ਵਿਚ ਮੂਲਾਧਾਰ ਸਥਿਤ ਕੁੰਡਲਿਨੀ ਇਸ ਦਾ ਪ੍ਰਤੀਕ ਹੈ ਜਿਸ ਨੂੰ ਸਾਧਕ ਯੋਗ-ਸਾਧਨਾ ਰਾਹੀਂ ਜਗਾ ਕੇ ਸ੍ਵਾਧਿਸ਼ਠਾਨ ਆਦਿ ਚੱਕ੍ਰਾਂ ਵਿਚੋਂ ਗੁਜ਼ਾਰਦਾ ਹੋਇਆ ਸਹਸ੍ਰਾਰ ਸਥਿਤ ਸ਼ਿਵ ਨਾਲ ਮੇਲ ਕਰਾਉਂਦਾ ਹੈ । ਇਸ ਨੂੰ ਮਹਾ-ਮਿਲਨ ਦੀ ਅਵਸਥਾ ਜਾਂ ਅਦ੍ਵੈਤਾਵਸਥਾ ਕਿਹਾ ਜਾਂਦਾ ਹੈ ।

ਮੱਧ-ਯੁਗ ਦੇ ਸੰਤਾਂ ਨੇ ਸ਼ਕਤੀ ਦੀ ਉਪਾਸਨਾ ਨੂੰ ਕੋਈ ਮਹੱਤਵ ਨਹੀਂ ਦਿੱਤਾ । ਗੁਰੂ ਅਮਰਦਾਸ ਨੇ ਤਾਂ ਸ਼ਿਵ ਅਤੇ ਸ਼ਕਤੀ ਨੂੰ ਪਰਮ-ਸੱਤਾ ਨਾ ਮੰਨ ਕੇ ਪਰਮਾਤਮਾ ਦੇ ਹੁਕਮ ਅਧੀਨ ਕਾਰਜ-ਲੀਨ ਦਸਿਆ ਹੈ—'ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ' (ਆ. ਗ੍ਰੰ. 920) । ਗੁਰੂ ਅਰਜਨ ਦੇਵ ਜੀ ਨੇ ਤਾਂ ਕੇਵਲ ਕਰਤਾ ਪੁਰਖ ਨੂੰ ਹੀ ਉਪਾਸਨਾਯੋਗ ਮੰਨਿਆ ਹੈ —'ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ' (ਆ. ਗ੍ਰੰ. 1138) ।

ਸ਼ਕੁੰਤਲਾ : ਰਾਜਾ ਦੁਸ਼ਯੰਤ ਦੀ ਪਤਨੀ ਅਤੇ ਭਰਤ ਦੀ ਮਾਤਾ ਜੋ ਵਿਸ਼ਵਾਮਿਤਰ

ਮੁਨੀ ਦੁਆਰਾ ਮੇਨਕਾ ਦੀ ਕੁੱਖੋਂ ਪੈਦਾ ਹੋਈ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਇਕ ਵਾਰ ਵਿਸ਼ਵਾਮਿਤਰ ਘੋਰ ਤਪੱਸਿਆ ਕਰ ਰਿਹਾ ਸੀ। ਇੰਦਰ ਨੂੰ ਡਰ ਹੋ ਗਿਆ ਕਿ ਕਿਤੇ ਵਿਸ਼ਵਾਮਿਤਰ ਇੰਦਰਾਸਨ ਪ੍ਰਾਪਤ ਕਰਨ ਦੀ ਲਾਲਸਾ ਨਾ ਰਖਦਾ ਹੋਵੇ। ਉਸ ਨੇ ਮੁਨੀ ਦਾ ਤਪ ਭੰਗ ਕਰਨ ਲਈ ਮੇਨਕਾ ਨਾਂ ਦੀ ਅਪੱਛਰਾ ਨੂੰ ਭੇਜਿਆ। ਉਸ ਨੇ ਉਂਜ ਹੀ ਕੀਤਾ। ਕਾਲਾਂਤਰ ਵਿਚ ਉਸ ਨੇ ਇਕ ਕੰਨਿਆ ਨੂੰ ਜਨਮ ਦਿੱਤਾ ਅਤੇ ਬੱਚੀ ਨੂੰ ਮਾਲਿਨੀ ਨਦੀ ਦੇ ਕੰਢੇ ਛੱਡ ਕੇ ਆਪ ਸਵਰਗ ਲੋਕ ਚਲੀ ਗਈ। ਉਦੋਂ ਕੁਝ ਸਮੇਂ ਲਈ ਕੰਨਿਆ ਦੀ ਦੇਖ-ਭਾਲ ਸ਼ਕੁੰਤ (ਪੰਛੀਆਂ) ਨੇ ਕੀਤੀ, ਇਸ ਲਈ ਇਸ ਦਾ ਨਾਂ 'ਸ਼ਕੁੰਤਲਾ' ਪ੍ਰਸਿੱਧ ਹੋਇਆ। ਪੰਛੀਆਂ ਦੀ ਨਿਗਰਾਨੀ ਵਿਚ ਪਈ ਕੰਨਿਆ ਨੂੰ ਕਣਵ ਰਿਸ਼ੀ ਨੇ ਵੇਖਿਆ। ਉਹ ਇਸ ਨੂੰ ਆਪਣੇ ਆਸ਼੍ਰਮ ਵਿਚ ਲੈ ਆਇਆ ਅਤੇ ਇਸ ਦੀ ਪਾਲਣਾ ਕੀਤੀ।

ਸ਼ਕੁੰਤਲਾ ਦੇ ਜਵਾਨ ਹੋਣ ਤੇ ਇਕ ਵਾਰ ਰਾਜਾ ਦੁਸ਼ਯੰਤ ਸ਼ਿਕਾਰ ਖੇਡਦਿਆਂ ਖੇਡਦਿਆਂ ਕਣਵ ਰਿਸ਼ੀ ਦੇ ਆਸ਼੍ਰਮ ਵਿਚ ਜਾ ਪਹੁੰਚਿਆ ਅਤੇ ਸ਼ਕੁੰਤਲਾ ਨੂੰ ਵੇਖ ਕੇ ਮੋਹਿਤ ਹੋ ਗਿਆ। ਰਿਸ਼ੀ ਆਸ਼੍ਰਮ ਵਿਚ ਨਹੀਂ ਸੀ। ਦੁਸ਼ਯੰਤ ਨੇ ਸ਼ਕੁੰਤਲਾ ਨਾਲ ਗੰਧਰਵ ਵਿਆਹ ਕੀਤਾ ਅਤੇ ਪਛਾਣ-ਚਿੰਨ੍ਹ ਵਜੋਂ ਇਕ ਮੁੰਦਰੀ ਦੇ ਕੇ ਜਲਦੀ ਹੀ ਮਹੱਲ ਵਿਚ ਬੁਲਾ ਲੈਣ ਦਾ ਵਿਸ਼ਵਾਸ ਦੇ ਕੇ ਚਲਾ ਗਿਆ। ਰਿਸ਼ੀ ਦੇ ਆਉਣ ਤੇ ਸ਼ਕੁੰਤਲਾ ਨੇ ਸਾਰੀ ਗੱਲ ਦਸ ਦਿੱਤੀ। ਕਾਲਾਂਤਰ ਵਿਚ ਸ਼ਕੁੰਤਲਾ ਨੇ ਇਕ ਬਾਲਕ ਨੂੰ ਜਨਮ ਦਿੱਤਾ ਜਿਸ ਦਾ ਨਾਂ ਸਰਵ-ਦਮਨ ਰਖਿਆ ਗਿਆ। ਉਸ ਨੂੰ ਇੰਦਰ ਨੇ ਚਕ੍ਰਵਰਤੀ ਰਾਜਾ ਹੋਣ ਦਾ ਵਰ ਦਿੱਤਾ। ਬਾਰ੍ਹਾਂ ਵਰ੍ਹਿਆਂ ਦੀ ਉਮਰ ਤਕ ਉਹ ਆਸ਼੍ਰਮ ਵਿਚ ਰਹਿ ਕੇ ਵੇਦ ਵਿਦਿਆ ਪ੍ਰਾਪਤ ਕਰਦਾ ਰਿਹਾ। ਇਸ ਤੋਂ ਬਾਦ ਰਿਸ਼ੀ ਨੇ ਸ਼ਕੁੰਤਲਾ ਸਹਿਤ ਉਸ ਨੂੰ ਦੁਸ਼ਯੰਤ ਪਾਸ ਭੇਜਿਆ। ਪਹਿਲਾਂ ਤਾਂ ਦੁਸ਼ਯੰਤ ਨੇ ਸ਼ਕੁੰਤਲਾ ਨੂੰ ਪਛਾਣਨੋਂ ਨਾਂਹ ਕਰ ਦਿੱਤੀ ਕਿਉਂਕਿ ਇਸ ਕੋਲੋਂ ਪਛਾਣ-ਚਿੰਨ੍ਹ, ਮੁੰਦਰੀ, ਇਸ਼ਨਾਨ ਕਰਦਿਆਂ ਡਿਗ ਗਈ ਸੀ। ਪਰ ਬਾਦ ਵਿਚ ਆਕਾਸ਼-ਵਾਣੀ ਹੋਣ ਤੇ ਦੁਸ਼ਯੰਤ ਨੇ ਸਵੀਕਾਰ ਕਰ ਲਿਆ। ਉਥੇ ਸਭ ਨੇ ਰਲ ਕੇ ਸਰਵ-ਦਮਨ ਦਾ ਨਾਂ 'ਭਰਤ' ਰਖਿਆ ਜੋ ਇਤਿਹਾਸ ਵਿਚ ਇਕ ਪ੍ਰਤਾਪੀ ਰਾਜੇ ਵਜੋਂ ਪ੍ਰਸਿੱਧ ਹੋਇਆ ਅਤੇ ਜਿਸ ਦੇ ਨਾਂ ਤੇ ਹੀ ਹਿੰਦੁਸਤਾਨ ਦਾ ਨਾਂ ਭਾਰਤ-ਵਰਸ਼ ਪ੍ਰਚਲਿਤ ਹੋਇਆ।

'ਮਹਾਭਾਰਤ' ਵਿਚ ਇਕ ਥਾਂ (ਆਦਿ-ਪਰਵ/95-32) ਇਹ ਵੀ ਲਿਖਿਆ ਹੈ ਕਿ ਦੁਸ਼ਯੰਤ ਨੂੰ ਹੋਈ ਆਕਾਸ਼ਵਾਣੀ ਵਿਚ ਉਸ ਬਾਲਕ ਦੇ ਭਰਣ-ਪੋਸ਼ਣ ਲਈ ਕਿਹਾ ਗਿਆ ਸੀ, ਇਸ ਲਈ ਬਾਲਕ 'ਭਰਤ' ਨਾਂ ਨਾਲ ਪ੍ਰਸਿੱਧ ਹੋਇਆ। ਸ਼ਕੁੰਤਲਾ ਨਾਲ ਸੰਬੰਧਿਤ ਆਖਿਆਨ ਨੂੰ ਸੰਸਕ੍ਰਿਤ ਦੇ ਮਹਾਕਵੀ ਕਾਲੀਦਾਸ ਨੇ ਆਪਣੇ ਨਾਟਕ ਦੇ ਕਥਾਨਕ ਦਾ ਆਧਾਰ ਬਣਾਇਆ ਅਤੇ ਕਈਆਂ ਥਾਵਾਂ ਤੇ ਕਥਾ-ਗਤ ਕੁਝ ਨਵੀਆਂ ਕਲਪਨਾਵਾਂ ਵੀ ਕੀਤੀਆਂ।

ਜ. ਵੰਤ ਸਿੰਘ ਨੇਕੀ ਨੇ ਸ਼ਕੁੰਤਲਾ ਦੀ, ਦੁਸ਼ਯੰਤ ਵਲੋਂ ਦਿੱਤੀ ਮੁੰਦਰੀ ਵਲ ਸੰਕੇਤ ਕਰਦੇ ਹੋਇਆਂ ਲਿਖਿਆ ਹੈ - 'ਮੇਰੇ ਦਿਲ ਵਿਚ ਦਰਦ ਦੀ ਇਕ ਗਵੇਲੀ ਜਾਗਦੀ ਹੈ,/ ਤੇ ਕੋਈ ਵਿਸਰੀ ਹੋਈ ਯਾਦ/ਇਉਂ ਪਰਤ ਆਉਂਦੀ ਹੈ—/ਜਿਵੇਂ ਕਿਸੇ ਸ਼ਕੁੰਤਲਾ ਨੂੰ

ਮੁੰਦ੍ਰਿਕਾ ਲਭ ਪਈ ਹੋਵੇ ।'

ਸ਼ਕੁਨੀ : 'ਮਹਾਭਾਰਤ' ਦਾ ਇਕ ਖ਼ਲ ਪਾਤਰ ਜੋ ਗਾਂਧਾਰ ਦੇ ਰਾਜੇ ਸੁਬਲ ਦਾ ਪੁੱਤਰ ਸੀ। ਇਸ ਲਈ ਇਸ ਨੂੰ 'ਸੌਬਲ' ਵੀ ਕਿਹਾ ਜਾਂਦਾ ਹੈ। ਇਹ ਧ੍ਰਿਤਰਾਸ਼ਟਰ ਦੀ ਪਤਨੀ ਗਾਂਧਾਰੀ ਦਾ ਭਰਾ ਅਤੇ ਕੌਰਵਾਂ ਦਾ ਮਾਮਾ ਸੀ। ਇਹ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਪਾਂਡਵਾਂ ਦਾ ਕੰਡਾ ਕਢ ਕੇ ਆਪਣੇ ਭਣੇਵੇਂ ਦੁਰਯੋਧਨ ਲਈ ਰਾਜ-ਗੱਦੀ ਦੀ ਪ੍ਰਾਪਤੀ ਸੌਖੀ ਕਰ ਦੇਏ। ਇਸ ਲਈ ਸਮੇਂ-ਸਮੇਂ ਇਹ ਕੋਈ ਨਾ ਕੋਈ ਫ਼ਿਤਨਾ ਖੜਾ ਕਰੀ ਰਖਦਾ ਸੀ। ਇਹ ਜੂਆ ਖੇਡਣ ਵਿਚ ਬਹੁਤ ਮਾਹਿਰ ਸੀ, ਇਸ ਲਈ ਇਸ ਨੇ ਦੁਰਯੋਧਨ ਨੂੰ ਸਲਾਹ ਦਿੱਤੀ ਕਿ ਪਾਂਡਵਾਂ ਨੂੰ ਯੁੱਧ ਵਿਚ ਪਰਾਜਿਤ ਕਰਨ ਦੀ ਥਾਂ ਦ੍ਯੂਤ-ਕ੍ਰੀੜਾ (ਜੂਆ) ਵਿਚ ਹਰਾਇਆ ਜਾਏ।

ਯੁਧਿਸ਼ਠਿਰ ਚੂੰਕਿ ਜੂਏ ਵਿਚ ਬਹੁਤ ਰੁਚੀ ਰਖਦਾ ਸੀ, ਇਸ ਲਈ ਉਹ ਜੂਆ ਖੇਡਣਾ ਮੰਨ ਗਿਆ। ਭਰੀ ਸਭਾ ਵਿਚ ਜੂਆ ਖੇਡਿਆ ਗਿਆ। ਯੁਧਿਸ਼ਠਿਰ ਸਭ ਕੁਝ ਹਾਰ ਗਿਆ। ਇਥੋਂ ਤਕ ਕਿ ਦ੍ਰੋਪਦੀ ਵੀ ਜੂਏ ਦੇ ਦਾਅ 'ਤੇ ਲਗਾ ਕੇ ਹਾਰ ਦਿੱਤੀ। ਦ੍ਰੋਪਦੀ ਦਾ ਭਰੀ ਸਭਾ ਵਿਚ 'ਚੀਰ ਹਰਨ' ਦਾ ਘਿਨੌਣਾ ਕਾਰਜ ਕੀਤਾ ਗਿਆ। ਇਹੀ ਘਟਨਾ ਮਹਾਭਾਰਤ ਦੀ ਲੜਾਈ ਦਾ ਮੁੱਢ ਬੰਨ੍ਹਦੀ ਹੈ ਕਿਉਂਕਿ ਉਦੋਂ ਹੀ ਬਦਲਾ ਲੈਣ ਲਈ ਭੀਮ ਅਤੇ ਅਰਜੁਨ ਨੇ ਪ੍ਰਤਿਗਿਆ ਕੀਤੀ ਸੀ। ਅੰਤ ਵਿਚ ਲੜਾਈ ਦੌਰਾਨ ਸ਼ਕੁਨੀ ਪਾਂਡੂ ਪੁੱਤਰ ਸਹਿਦੇਵ ਦੇ ਹੱਥੋਂ ਮਾਰਿਆ ਗਿਆ। ਜੇ ਸ਼ਕੁਨੀ ਜੂਆ ਖੇਡਣ ਦੀ ਯੋਜਨਾ ਨਾ ਬਣਾਉਂਦਾ ਤਾਂ ਅੱਜ ਭਾਰਤ ਦਾ ਇਤਿਹਾਸ ਹੋਰ ਹੀ ਹੋਣਾ ਸੀ।

ਸਖੀ-ਸਰਵਰ : ਇਕ ਮੁਸਲਮਾਨ ਪੀਰ ਜਿਸ ਦੀ ਦਰਗਾਹ ਡੇਰਾ ਗ਼ਾਜ਼ੀਖ਼ਾਨ ਜ਼ਿਲੇ ਦੇ ਨਿਗਾਹਾ ਪਿੰਡ ਵਿਚ ਬਣੀ ਹੋਈ ਹੈ। ਇਸ ਦਾ ਅਸਲ ਨਾਂ ਸੱਯਦ ਅਹਿਮਦ ਸੀ। ਇਸ ਦੇ ਪਿਤਾ ਦਾ ਨਾਂ ਜ਼ੈਨੁਲ ਆਬਦੀਨ ਅਤੇ ਮਾਤਾ ਦਾ ਨਾਂ ਆਇਸ਼ਾ ਸੀ। ਇਸ ਦਾ ਪਿਤਾ 1220 ਈ. ਵਿਚ ਬਗ਼ਦਾਦ ਤੋਂ ਭਾਰਤ ਆਇਆ ਅਤੇ ਮੁਲਤਾਨ ਦੇ ਨੇੜੇ ਸਿਆਲਕੋਟ ਨਾਂ ਦੇ ਪਿੰਡ ਵਿਚ ਨਿਵਾਸ ਕੀਤਾ। ਇਸ ਦੇ ਚਾਰ ਭਰਾ ਸਨ ਜਿਨ੍ਹਾਂ ਵਿਚੋਂ ਇਕ ਸਕਾ ਸੀ ਅਤੇ ਤਿੰਨ ਮਤਰੇਏ। ਬਚਪਨ ਤੋਂ ਹੀ ਇਸ ਦੀ ਰੁਚੀ ਅਧਿਆਤਮਿਕਤਾ ਵਲ ਸੀ। 'ਕੁਰਾਨ' ਇਸ ਨੂੰ ਜ਼ਬਾਨੀ ਯਾਦ ਸੀ। ਜ਼ਮੀਨ ਦੀ ਵੰਡ ਵੇਲੇ ਬਰਾਦਰੀ ਵਾਲੇ ਇਸ ਤੋਂ ਨਾਰਾਜ਼ ਹੋ ਗਏ ਅਤੇ ਇਸ ਨੂੰ ਅਨੇਕ ਢੰਗਾਂ ਨਾਲ ਪਰੇਸ਼ਾਨ ਕਰਨ ਲਗੇ। ਇਹ ਵੀ ਕਈਆਂ ਥਾਵਾਂ ਉਤੇ ਫਿਰਦਾ ਤੁਰਦਾ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦਾ ਰਿਹਾ ਅਤੇ ਕਰਾਮਾਤਾਂ ਨਾਲ ਲੋਕਾਂ ਦੇ ਮਨਾਂ ਵਿਚ ਸ਼ਰਧਾ ਦਾ ਪਾਤਰ ਬਣਦਾ ਰਿਹਾ। ਕੁਝ ਸਮੇਂ ਲਈ ਇਹ ਬਗ਼ਦਾਦ ਵੀ ਗਿਆ ਜਿਥੇ ਇਸ ਨੇ ਅਬਦੁਲ ਕਾਦਰ ਜੀਲਾਨੀ, ਸ਼ੇਖ਼ ਸ਼ਹਾਬੁੱਦੀਨ ਸੁਹਰਵਰਦੀ ਅਤੇ ਖ਼੍ਵਾਜਾ ਮੌਦੂਦ ਚਿਸ਼ਤੀ ਤੋਂ ਅਧਿਆਤਮਿਕ ਗਿਆਨ ਪ੍ਰਾਪਤ ਕੀਤਾ।

ਬਗ਼ਦਾਦ ਤੋਂ ਪਰਤਣ ਉਪਰੰਤ ਸਖੀ-ਸਰਵਰ ਕੁਝ ਸਮਾਂ ਗੁਜਰਾਂਵਾਲਾ ਜ਼ਿਲੇ ਦੇ ਧੌਂਕਲ ਪਿੰਡ ਵਿਚ ਰਿਹਾ ਅਤੇ ਫਿਰ ਮੁਲਤਾਨ ਚਲਿਆ ਗਿਆ। ਉਥੇ ਉਥੋਂ ਦੇ ਸੂਬੇਦਾਰ ਦੀ ਪੁੱਤਰੀ 'ਬਾਈ' ਨਾਲ ਵਿਆਹ ਕੀਤਾ ਅਤੇ ਦੂਜਾ ਵਿਆਹ ਸੱਯਦ ਅਬਦੁਰ

ਰਜ਼ਾਕ ਦੀ ਲੜਕੀ ਨਾਲ ਕੀਤਾ। ਇਸ ਨੂੰ ਜੋ ਕੁਝ ਵੀ ਭੇਂਟ ਵਿਚ ਮਿਲਦਾ, ਲੋੜਵੰਦਾਂ ਵਿਚ ਵੰਡ ਦਿੰਦਾ ਅਤੇ ਸੰਕਟ ਵਿਚ ਫਸੇ ਲੋਕਾਂ ਦੀ ਮੱਦਦ ਕਰਦਾ। ਇਸੇ ਲਈ ਇਸ ਦਾ ਨਾਂ 'ਸਖੀ-ਸਰਵਰ' ਪ੍ਰਸਿੱਧ ਹੋਇਆ। ਇਸ ਦੇ ਜੀਵਨ-ਕਾਲ ਵਿਚ ਹੀ ਇਸ ਨਾਲ ਅਨੇਕ ਕਰਾਮਾਤਾਂ ਜੁੜ ਗਈਆਂ ਸਨ ਜਿਸ ਦੇ ਫਲਸਰੂਪ ਇਸ ਦੇ ਅਨੁਯਾਈਆਂ ਦੀ ਗਿਣਤੀ ਬਹੁਤ ਵਧ ਗਈ। ਇਸ ਪ੍ਰਤਿ ਸ਼ਰਧਾ ਰਖਣ ਵਾਲਿਆਂ ਵਿਚ ਹਿੰਦੂ ਮੁਸਲਮਾਨ ਦੋਵੇਂ ਸਨ। ਇਸ ਨੂੰ ਲੋਕਾਂ ਦੇ ਦਿਲਾਂ ਉਤੇ ਰਾਜ ਕਰਨ ਕਰਕੇ 'ਸੁਲਤਾਨ' ਵੀ ਕਹਿੰਦੇ ਸਨ ਅਤੇ ਇਸ ਦੇ ਅਨੁਯਾਈ ਸੁਲਤਾਨੀਏ ਜਾਂ ਸਰਵਰੀਏ ਅਖਵਾਉਂਦੇ ਸਨ। ਜਿਨ੍ਹਾਂ ਪਿੰਡਾਂ ਜਾਂ ਖੇਤਰਾਂ ਵਿਚ ਸੁਲਤਾਨੀਏ ਅਧਿਕ ਰਹਿੰਦੇ ਹਨ, ਉਨ੍ਹਾਂ ਨੇ ਆਪਣੇ ਪੂਜਾ-ਸਥਾਨ ਬਣਾਏ ਹੁੰਦੇ ਹਨ। ਇਨ੍ਹਾਂ ਸਥਾਨਾਂ ਨੂੰ ਪੀਰਖ਼ਾਨੇ ਕਿਹਾ ਜਾਂਦਾ ਹੈ। ਇਨ੍ਹਾਂ ਪੀਰਖ਼ਾਨਿਆਂ ਦੇ ਪੁਜਾਰੀ ਭਰਾਈ/ਭਿਰਾਈ ਅਖਵਾਉਂਦੇ ਹਨ ਜੋ ਅਕੀਦੇ ਵਜੋਂ ਮੁਸਲਮਾਨ ਹੁੰਦੇ ਹਨ। ਹਰ ਵੀਰਵਾਰ ਨੂੰ ਪੀਰਖ਼ਾਨਿਆਂ ਵਿਚ ਉਚੇਚੀ ਪੂਜਾ ਹੁੰਦੀ ਹੈ। ਸ਼ਰਧਾਲੂ ਆਪਣੀਆਂ ਸੁਖਣਾਂ ਅਨੁਸਾਰ ਨਿੱਕੇ ਵੱਡੇ ਰੋਟ ਪਕਾ ਕੇ ਪੀਰ ਨੂੰ ਭੇਂਟ ਕਰਦੇ ਹਨ। ਇਹ ਰੋਟ ਸਵਾ ਸੇਰ ਤੋਂ ਲੈ ਕੇ ਸਵਾ ਮਣ ਜਾਂ ਢਾਈ ਮਣ ਤਕ ਦੇ ਬਣਵਾਏ ਜਾਂਦੇ ਹਨ। ਭੇਂਟ ਕੀਤੇ ਜਾਣ ਤੋਂ ਬਾਦ ਭਰਾਈ ਰੋਟ ਦਾ ਕੁਝ ਹਿੱਸਾ ਆਪ ਰਖ ਕੇ ਬਾਕੀ ਸੁਲਤਾਨੀਆਂ ਵਿਚ ਵੰਡ ਦਿੰਦਾ ਹੈ। ਸੁਲਤਾਨੀਏ ਸ਼ਰਧਾ ਵਜੋਂ ਗੀਤ ਗਾਉਂਦੇ ਹਨ—'ਵਾਹ ਵਾਹ ਕਿ ਬਖਸ਼ਿਸ਼ ਸਰਵਰ ਦੀ।/ਜਿਨ੍ਹਾਂ ਭਾਈਆਂ ਉਤੇ ਸਰਵਰ ਤੁਠਿਆ,/ਉਨ੍ਹਾਂ ਦੀਆਂ ਮੁਰਾਦਾਂ ਪੁਗੀਆਂ।'

ਸੁਲਤਾਨੀਏ ਪੀਰ ਦੀਆਂ ਚੌਕੀਆਂ ਵੀ ਭਰਦੇ ਹਨ ਅਤੇ ਪੀਰ ਨੂੰ ਲਖਦਾਤਾ, ਲਾਲਾਂ ਵਾਲਾ, ਨਿਗਾਹੀਆ ਅਤੇ ਧੌਂਕਲੀਆ ਵੀ ਕਹਿੰਦੇ ਹਨ। ਇਸ ਦੇ ਅਨੁਯਾਈਆਂ ਦੀ ਅਧਿਕ ਗਿਣਤੀ ਪੱਛਮੀ ਪੰਜਾਬ ਵਿਚ ਹੈ। ਹਿੰਦੂ ਅਨੁਯਾਈਆਂ ਨੇ ਇਸ ਉਤੇ ਹਿੰਦੂ ਸੰਸਕ੍ਰਿਤੀ ਦਾ ਰੰਗ ਚੜ੍ਹਾ ਕੇ ਬੀਰ-ਭੈਰੋ ਦੁਆਰਾ ਇਸ ਦੀਆਂ ਕਰਾਮਾਤਾਂ ਨੂੰ ਸੰਪੰਨ ਹੋਣ ਦਾ ਸੰਕਲਪ ਜੋੜਿਆ ਹੈ।

ਸਗਰ, ਰਾਜਾ : ਇਕ ਪ੍ਰਸਿੱਧ ਸੂਰਜਵੰਸ਼ੀ ਰਾਜਾ ਜਿਸ ਦਾ ਜਨਮ ਇਕ੍ਸ਼ਵਾਕੂ ਵੰਸ਼ ਵਿਚ ਹੋਇਆ ਸੀ। ਇਹ ਅਯੋਧਿਆ ਦਾ ਰਾਜਾ ਸੀ ਅਤੇ ਦਸ਼ਰਥ ਇਸੇ ਦੀ ਵੰਸ਼ ਵਿਚੋਂ ਸੀ। 'ਮਹਾਭਾਰਤ' (ਵਨ-ਪਰਵ) ਅਨੁਸਾਰ ਇਸ ਦੀਆਂ ਦੋ ਰਾਣੀਆਂ ਸਨ—ਵੈਦਰਭੀ ਅਤੇ ਸ਼ੈਵ੍ਯਾ ('ਬਾਲਮੀਕੀ ਰਾਮਾਇਣ' ਅਨੁਸਾਰ ਇਨ੍ਹਾਂ ਦੇ ਨਾਂ ਕੇਸ਼ਿਨੀ ਅਤੇ ਸੁਮਤਿ ਹਨ)। ਜਦੋਂ ਬਹੁਤ ਸਮੇਂ ਤਕ ਇਨ੍ਹਾਂ ਤੋਂ ਕੋਈ ਸੰਤਾਨ ਉਤਪੰਨ ਨਾ ਹੋਈ ਤਾਂ ਰਾਜਾ ਸਗਰ ਦੋਹਾਂ ਰਾਣੀਆਂ ਸਹਿਤ ਕੈਲਾਸ਼ ਪਰਬਤ ਉਤੇ ਜਾ ਕੇ ਪੁੱਤਰ-ਪ੍ਰਾਪਤੀ ਲਈ ਤਪੱਸਿਆ ਕਰਨ ਲਗਿਆ। ਇਨ੍ਹਾਂ ਦੀ ਤਪੱਸਿਆ 'ਤੇ ਪ੍ਰਸੰਨ ਹੋ ਕੇ ਸ਼ਿਵ ਨੇ ਵਰ ਦਿੱਤਾ ਕਿ ਇਕ ਰਾਣੀ ਦੇ ਸਠ ਹਜ਼ਾਰ ਅਭਿਮਾਨੀ ਸੂਰਵੀਰ ਪੁੱਤਰ ਪੈਦਾ ਹੋਣਗੇ ਅਤੇ ਦੂਜੀ ਦੀ ਕੁੱਖੋਂ ਇਕ ਵੰਸ਼ਧਰ ਪਰਾਕ੍ਰਮੀ ਪੁੱਤਰ ਜਨਮ ਲਏਗਾ। ਸਮਾਂ ਬੀਤਣ ਨਾਲ ਵੈਦਰਭੀ ਨੇ ਇਕ ਤੂੰਬੇ ਨੂੰ ਜਨਮ ਦਿੱਤਾ ਜਿਸ ਦੇ ਸਠ ਹਜ਼ਾਰ ਬੀਜਾਂ ਤੋਂ ਸਠ ਹਜ਼ਾਰ ਪੁੱਤਰ ਪੈਦਾ ਹੋਏ। ਇਹ ਬਾਲਕ ਬਹੁਤ ਕਠੋਰ ਅਤੇ ਨਿਰਦਈ ਸਨ ਅਤੇ ਆਪਣੀ ਇੱਛਾ ਨਾਲ ਆਕਾਸ਼

ਵਿਚ ਵੀ ਵਿਚਰ ਸਕਦੇ ਸਨ। ਦੂਜੀ ਰਾਣੀ ਸ਼ੈਵ੍ਯਾ ਨੇ 'ਅਸਮੰਜਸ' ਨਾਂ ਦੇ ਪੁੱਤਰ ਨੂੰ ਜਨਮ ਦਿੱਤਾ ਜੋ ਬਹੁਤ ਹੀ ਖ਼ੂਨਖ਼ਾਰ ਸੀ। ਫਲਸਰੂਪ ਰਾਜੇ ਨੇ ਉਸ ਨੂੰ ਤਿਆਗ ਦਿੱਤਾ। ਅਸਮੰਜਸ ਦੇ ਘਰ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਅੰਸ਼ੁਮਾਨ ਸੀ।

ਰਾਜਾ ਸਗਰ ਨੇ ਅਸ਼੍ਵਮੇਧ ਯੱਗ ਕਰਨ ਦੀ ਵਿਵਸਥਾ ਕੀਤੀ। ਇਸ ਦੇ ਸਠ ਹਜ਼ਾਰ ਪੁੱਤਰ ਘੋੜੇ ਦੀ ਰੱਖਿਆ ਲਈ ਨਾਲ ਨਾਲ ਤੁਰ ਰਹੇ ਸਨ, ਪਰ ਅਚਾਨਕ ਘੋੜਾ ਗ਼ਾਇਬ ਹੋ ਗਿਆ। ਲਭਦਿਆਂ ਲਭਦਿਆਂ ਰਾਜਕੁਮਾਰਾਂ ਨੂੰ ਧਰਤੀ ਵਿਚ ਇਕ ਥਾਂ ਦਰਾਰ ਦਿਸੀ। ਉਥੋਂ ਦੀ ਪੁਟਾਈ ਕਰਕੇ ਉਹ ਪਾਤਾਲ ਲੋਕ ਪਹੁੰਚੇ ਜਿਥੇ ਤਪੱਸਿਆ ਵਿਚ ਮਗਨ ਸਮਾਧੀ ਲਗਾਈ ਬੈਠੇ ਕਪਿਲ ਮੁਨੀ ਕੋਲ ਵਿਚਰਦਾ ਯੱਗ ਦਾ ਘੋੜਾ ਵੇਖਿਆ। ਮੁਨੀ ਨੂੰ ਘੋੜੇ ਦਾ ਚੋਰ ਸਮਝ ਕੇ ਰਾਜਕੁਮਾਰਾਂ ਨੇ ਉਸ ਦਾ ਅਨਾਦਰ ਕੀਤਾ। ਮੁਨੀ ਨੇ ਆਪਣੀ ਦ੍ਰਿਸ਼ਟੀ ਦੇ ਤੇਜ ਨਾਲ ਉਨ੍ਹਾਂ ਨੂੰ ਉਥੇ ਹੀ ਭਸਮ ਕਰ ਦਿੱਤਾ। ਜਦੋਂ ਨਾਰਦ ਮੁਨੀ ਰਾਹੀਂ ਸਗਰ ਨੂੰ ਪੁੱਤਰਾਂ ਦੇ ਵਿਨਾਸ਼ ਦਾ ਪਤਾ ਲਗਾ ਤਾਂ ਉਸ ਨੇ ਬਹੁਤ ਦੁੱਖੀ ਹੋ ਕੇ ਆਪਣੇ ਪੋਤਰੇ ਅੰਸ਼ੁਮਾਨ ਨੂੰ ਯੱਗ ਦਾ ਘੋੜਾ ਲਿਆਉਣ ਲਈ ਉਥੇ ਭੇਜਿਆ। ਮੁਨੀ ਨੂੰ ਪ੍ਰਸੰਨ ਕਰਕੇ ਅੰਸ਼ੁਮਾਨ ਨੇ ਦੋ ਵਰ ਪ੍ਰਾਪਤ ਕੀਤੇ – ਇਕ ਰਾਹੀਂ ਘੋੜੇ ਦੀ ਪ੍ਰਾਪਤੀ ਅਤੇ ਦੂਜੇ ਰਾਹੀਂ ਭਸਮ ਹੋਏ ਪਿਤਰਾਂ ਦਾ ਕਲਿਆਣ। ਘੋੜਾ ਉਸ ਨੂੰ ਉਦੋਂ ਹੀ ਮਿਲ ਗਿਆ ਅਤੇ ਪਿਤਰਾਂ ਨੂੰ ਪਵਿੱਤਰ ਕਰਨ ਲਈ ਮੁਨੀ ਨੇ ਕਿਹਾ ਕਿ ਅੰਸ਼ੁਮਾਨ ਦਾ ਪੋਤਰਾ ਭਗੀਰਥ ਸ਼ਿਵ ਨੂੰ ਪ੍ਰਸੰਨ ਕਰਕੇ ਪਿਤਰਾਂ ਦੇ ਕਲਿਆਣ ਲਈ ਗੰਗਾ ਨੂੰ ਧਰਤੀ ਉਤੇ ਲਿਆਏਗਾ। ਯੱਗ ਦਾ ਘੋੜਾ ਲਿਆਉਣ ਤੇ ਸਗਰ ਨੇ ਅਸ਼੍ਵਮੇਧ ਯੱਗ ਪੂਰਾ ਕੀਤਾ।

ਅੰਸ਼ੁਮਾਨ ਦੇ ਘਰ ਦਲੀਪ ਅਤੇ ਦਲੀਪ ਦੇ ਘਰ ਭਗੀਰਥ ਪੈਦਾ ਹੋਇਆ। ਉਸ ਨੇ ਸ਼ਿਵ ਨੂੰ ਪ੍ਰਸੰਨ ਕਰਕੇ ਗੰਗਾ ਨੂੰ ਧਰਤੀ ਉਤੇ ਲਿਆਉਣ ਦਾ ਉੱਦਮ ਕੀਤਾ ਅਤੇ ਗੰਗਾ ਦੇ ਪਵਿੱਤਰ ਜਲ ਨਾਲ ਸਗਰ ਦੇ ਸੱਠ ਹਜ਼ਾਰ ਪੁੱਤਰਾਂ ਦਾ ਕਲਿਆਣ ਕਰਕੇ ਸਵਰਗ ਵਿਚ ਪਹੁੰਚਾਇਆ।

ਸਚਖੰਡ, ਹਜ਼ੂਰ ਸਾਹਿਬ : ਵੇਖੋ 'ਹਜ਼ੂਰ ਸਾਹਿਬ'।

ਸੱਚਾ-ਸੌਦਾ : ਇਸ ਦਾ ਸ਼ਾਬਦਿਕ ਅਰਥ ਹੈ ਸੱਚ ਉਤੇ ਆਧਾਰਿਤ ਵਪਾਰ—'ਸਚੁ ਸਉਦਾ ਵਾਪਾਰ' (ਮ. ੧)। ਪਰ ਉਂਜ ਇਹ ਉਕਤੀ ਗੁਰੂ ਨਾਨਕ ਦੇਵ ਦੇ ਇਕ ਉਪਕਾਰ ਲਈ ਰੂੜ੍ਹ ਹੋ ਚੁੱਕੀ ਹੈ। ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਬਾਬੇ ਕਾਲੂ ਨੇ ਗੁਰੂ ਨਾਨਕ ਦੇਵ ਨੂੰ ਸੰਸਾਰਿਕਤਾ ਵਿਚ ਲੀਨ ਕਰਨ ਲਈ ਜੋ ਯਤਨ ਕੀਤੇ, ਉਨ੍ਹਾਂ ਵਿਚੋਂ ਇਕ ਸੌਦਾਗਰੀ ਕਰਨ ਦਾ ਵੀ ਸੀ। ਇਕ ਵਾਰ ਵਪਾਰ ਕਰਨ ਲਈ ਬਾਬ ਕਾਲੂ ਨੇ ਗੁਰੂ ਜੀ ਨੂੰ 20 ਰੁਪਏ ਦਿੱਤੇ ਅਤੇ ਬਾਲੇ ਨੂੰ ਨਾਲ ਤੋਰਦਿਆਂ ਕਿਹਾ ਕਿ ਖਰਾ ਸੌਦਾ ਕਰਕੇ ਆਉਣਾ।

ਅਜੇ ਤਲਵੰਡੀ ਤੋਂ ਬਾਰ੍ਹਾਂ ਕੋਹ ਹੀ ਗਏ ਸਨ ਕਿ ਨੰਗੇ-ਧੜੰਗੇ ਭੁੱਖੇ ਸਾਧਾਂ ਦੀ ਇਕ ਮੰਡਲੀ ਮਿਲੀ, ਜਿਨ੍ਹਾਂ ਦਾ ਮੁੱਖੀ ਸੰਤਰੇਣ ਸੀ। ਗੁਰੂ ਜੀ ਨੇ ਉਨ੍ਹਾਂ ਦੀ ਹਾਲਤ ਵੇਖ ਕੇ ਬਾਲੇ ਨਾਲ ਸਲਾਹ ਕੀਤੀ ਕਿ ਉਨ੍ਹਾਂ ਨੂੰ, ਵੀਹ ਰੁਪਏ ਦੀ ਰਕਮ ਖ਼ਰਚ ਕੇ, ਭੋਜਨ

ਕਰਾਉਣ ਤੋਂ ਵੱਧ ਹੋਰ ਕਿਹੜਾ ਖਰਾ ਜਾਂ ਸੱਚਾ ਸੌਦਾ ਹੋ ਸਕਦਾ ਹੈ। ਫਲਸਰੂਪ 20 ਰੁਪਇਆਂ ਦਾ ਘਿਉ ਅਤੇ ਹੋਰ ਖਾਧ ਸਾਮਗ੍ਰੀ ਮੰਗਵਾ ਕੇ ਸਾਧਾਂ ਨੂੰ ਭੋਜਨ ਕਰਾਇਆ। ਜਦੋਂ ਘਰ ਪਰਤੇ ਤਾਂ ਬਾਬਾ ਕਾਲੂ ਬਹੁਤ ਨਾਰਾਜ਼ ਹੋਇਆ। ਗੁੱਸੇ ਵਿਚ ਗੁਰੂ ਨਾਨਕ ਦੇਵ ਜੀ ਨੂੰ ਦੋ ਤਿੰਨ ਚਪੇੜਾਂ ਮਾਰੀਆਂ। ਜਦੋਂ ਇਸ ਗੱਲ ਦਾ ਰਾਇ ਬੁਲਾਰ ਨੂੰ ਪਤਾ ਲਗਾ ਤਾਂ ਉਸ ਨੇ ਬਾਬੇ ਕਾਲੂ ਨੂੰ ਅਜਿਹਾ ਕਰਨ ਤੋਂ ਵਰਜਿਆ ਅਤੇ 20 ਰੁਪਏ ਦੀ ਰਕਮ ਆਪਣੇ ਕੋਲੋਂ ਭਰ ਦਿੱਤੀ। ਰਾਇ ਨੇ ਬਾਬੇ ਕਾਲੂ ਨੂੰ ਸਮਝਾਇਆ ਕਿ ਬਾਲਕ ਨਾਨਕ ਆਪ ਪਰਮੇਸ਼ਰ ਰੂਪ ਹੈ। ਇਹ ਘਟਨਾ-ਸਥਾਨ ਚੂਹੜਕਾਣੇ ਦੇ ਨੇੜੇ ਹੈ। ਇਥੇ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

ਸ਼ਚੀ : ਇੰਦਰ ਦੀ ਪਤਨੀ, ਇੰਦ੍ਰਾਣੀ। ਵੇਖੋ 'ਇੰਦਰ', 'ਇੰਦ੍ਰਾਣੀ'।

ਸੱਜਣ ਠੱਗ : ਗੁਰੂ ਨਾਨਕ-ਕਾਲ ਵਿਚ ਹੋਇਆ ਇਕ ਵਿਅਕਤੀ ਜੋ ਤੁਲੰਬਾ ਨਗਰ ਦਾ ਨਿਵਾਸੀ ਸੀ। ਇਸ ਨੇ ਮੁਸਾਫ਼ਰਾਂ ਦੇ ਰਹਿਣ ਲਈ ਇਕ ਸਰਾਂ ਬਣਾਈ ਹੋਈ ਸੀ ਜਿਥੇ ਪਹਿਲਾਂ ਮੁਸਾਫ਼ਰਾਂ ਨੂੰ ਮਾਣ ਸਤਿਕਾਰ ਨਾਲ ਠਹਿਰਾਉਂਦਾ ਅਤੇ ਰਾਤ ਵੇਲੇ ਉਨ੍ਹਾਂ ਪਾਸੋਂ ਧਨ-ਮਾਲ ਖੋਹ ਕੇ ਮਾਰ ਦਿੰਦਾ। ਇਸ ਦੀ ਕਥਨੀ ਤੇ ਕਰਨੀ ਵਿਚ ਬਹੁਤ ਅੰਤਰ ਸੀ।

ਇਕ ਵਾਰ ਗੁਰੂ ਨਾਨਕ ਦੇਵ ਆਪਣੀ ਉਦਾਸੀ ਦੌਰਾਨ ਉਸ ਪਾਸ ਜਾ ਠਹਿਰੇ। ਸੱਜਣ ਨੇ ਗੁਰੂ ਜੀ ਉਤੇ ਵੀ ਆਪਣੀ ਠੱਗੀ ਦੀ ਵਰਤੋਂ ਕੀਤੀ, ਪਰ ਸਫਲ ਨਾ ਹੋ ਸਕਿਆ, ਸਗੋਂ ਆਪ ਠਗਿਆ ਗਿਆ। 'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਦੇਵ ਨੇ ਉਥੇ ਆਪਣੀ ਪਹਿਲੀ ਧਰਮਸਾਲ ਸਥਾਪਿਤ ਕੀਤੀ। ਤੁਲੰਬਾ ਮੁਲਤਾਨ ਤੋਂ ਲਗਭਗ 110 ਕਿ. ਮੀ. ਦੀ ਦੂਰੀ ਤੇ ਵਸਿਆ ਹੋਇਆ ਇਕ ਪੁਰਾਤਨ ਨਗਰ ਸੀ। ਕਹਿੰਦੇ ਹਨ ਇਸ ਨੂੰ ਸਿਆਲਕੋਟ ਦੇ ਪ੍ਰਸਿੱਧ ਰਾਜੇ ਸਲਵਾਨ ਦੇ ਖ਼ਾਨਦਾਨ ਵਿਚੋਂ ਰਾਜਾ ਤੁਲ ਨੇ ਵਸਾਇਆ ਸੀ। ਉਸ ਦਾ ਬਣਾਇਆ ਕਿਲਾ 'ਤੁਲ-ਉਭਾ' ਨਾਂ ਨਾਲ ਪ੍ਰਸਿੱਧ ਹੋਇਆ ਅਤੇ ਉਸ ਕਿਲੇ ਦੇ ਨਾਂ ਤੇ ਹੀ ਨਗਰ ਦਾ ਨਾਂ ਪ੍ਰਚਲਿਤ ਹੋਇਆ। ਕਾਲਾਂਤਰ ਵਿਚ ਉਹੀ ਨਾਂ ਵਿਗੜ ਕੇ ਤੁਲੰਬਾ/ਤੁਲੰਭਾ ਬਣ ਗਿਆ। ਪਹਿਲਾਂ ਇਹ ਦਰਿਆ ਦੇ ਵਹਿਣ ਨੇ ਉਜਾੜਿਆ ਅਤੇ ਮੁਹੰਮਦ ਖ਼ਾਨ ਲੰਗਾਹ ਨੇ ਇਸ ਨੂੰ ਫਿਰ ਤੋਂ ਆਬਾਦ ਕੀਤਾ। ਅਹਿਮਦ ਸ਼ਾਹ ਅਬਦਾਲੀ ਨੇ ਵੀ ਇਸ ਨਗਰ ਉਤੇ ਹਮਲਾ ਕਰਕੇ ਖ਼ੂਬ ਲੁਟਿਆ। ਹੁਣ ਇਹ ਨਗਰ 'ਮਖ਼ਦੂਮਪੁਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਨਗਰ ਦੇ ਇਰਦ ਗਿਰਦ ਮਿਲਦੇ ਖੰਡਰ ਅਤੇ ਥੇਹ ਇਸ ਦੇ ਪੁਰਾਤਨ ਇਤਿਹਾਸ ਦੀ ਗਵਾਹੀ ਭਰਦੇ ਹਨ। ਇਥੇ ਗੁਰੂ ਨਾਨਕ ਦੇਵ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

ਸੱਤ ਆਸਮਾਨ : 'ਅਸਮਾਨ' ਦੋ ਸ਼ਬਦਾਂ ਦੇ ਸੰਯੋਗ ਨਾਲ ਬਣਿਆ ਹੈ—ਆਸ-ਮਾਨ। ਪਹਿਲੇ ਦਾ ਅਰਥ ਹੈ 'ਚੱਕੀ' ਅਤੇ ਦੂਜੇ ਦਾ ਅਰਥ ਹੈ 'ਵਾਂਗ'। ਅਰਥਾਤ ਜੋ ਚੱਕੀ ਵਾਂਗ ਘੁੰਮਦਾ ਰਹਿੰਦਾ ਹੈ।

ਇਸਲਾਮ ਵਿਚ ਆਸਮਾਨਾਂ ਦੀ ਗਿਣਤੀ ਸੱਤ ਮੰਨੀ ਗਈ ਹੈ। ਇਹ ਆਸਮਾਨ

ਇਕ ਦੂਜੇ ਦੇ ਉਪਰ ਸਿਲਸਿਲੇਵਾਰ ਟਿਕੇ ਹੋਏ ਹਨ। ਪ੍ਰਿਥਵੀ ਤੋਂ ਉਪਰਲਾ, ਪਹਿਲਾ ਆਸਮਾਨ ਹੀਰਿਆਂ-ਪੰਨਿਆਂ ਦਾ ਬਣਿਆ ਹੋਇਆ ਹੈ। ਦੂਜਾ ਆਸਮਾਨ ਚਾਂਦੀ ਦਾ ਹੈ; ਤੀਜਾ ਚਿੱਟੇ ਮੋਤੀਆਂ ਦਾ ਹੈ; ਚੌਥਾ ਲਾਲਾਂ ਦਾ ਹੈ : ਪੰਜਵਾਂ ਲਾਲ ਰੰਗ ਦੇ ਸੋਨੇ ਦਾ ਹੈ; ਛੇਵਾਂ ਪੀਲੇ ਰੰਗ ਦੇ ਸੋਨੇ ਦਾ ਹੈ ਅਤੇ ਸੱਤਵਾਂ ਨੂਰੋ-ਨੂਰ ਹੈ ਜਿਸ ਨੂੰ ਬਹਿਸ਼ਤ/ ਜੰਨਤ ਕਿਹਾ ਜਾਂਦਾ ਹੈ। ਇਨ੍ਹਾਂ ਦੇ ਵਿਵਰਣ ਅਤੇ ਮਾਨਤਾਵਾਂ ਬਾਰੇ ਕਿਤੇ-ਕਿਤੇ ਫ਼ਰਕ ਵੀ ਮਿਲਦਾ ਹੈ। ਵਣਜਾਰਾ ਬੇਦੀ ਨੇ ਸੱਤ ਤੱਲਾਂ ਦਾ ਜ਼ਿਕਰ ਵੀ ਕੀਤਾ ਹੈ, ਜਿਵੇਂ ਦਾਰ-ਅਲ-ਜਲਾਲ, ਦਾਰ-ਅਲ-ਸਲਾਮ, ਜੰਨਤ-ਅਲ-ਮਾਵਾ, ਜੰਨਤ-ਅਲ-ਖੁਲਦ, ਜੰਨਤ-ਏ-ਨਾਈਮ, ਜੰਨਤ-ਅਲ-ਫਿਰਦੌਸ ਅਤੇ ਜੰਨਤੇ-ਅਦਨ। ਜੰਨਤੇ-ਅਦਨ ਵਿਚ 'ਅਰਸ਼-ਅਲ-ਰਹਮਾਨ' ਨਾਂ ਦੇ ਤਖ਼ਤ ਉਤੇ ਖ਼ੁਦਾ/ਅੱਲ੍ਹਾ ਬੈਠਾ ਹੋਇਆ ਹੈ।

ਸੂਫ਼ੀ ਲੋਕ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਸਮਝਦੇ ਹੋਏ ਨਿਰੀ ਅਰਸ਼ ਉਤੇ ਜਾਂ ਕਾਅਬੇ ਵਿਚ ਉਸ ਦੀ ਸਥਿਤੀ ਤੋਂ ਇਨਕਾਰ ਕਰਦੇ ਹਨ—'ਨੂਨ ਨਾ ਰੱਬ ਅਰਸ਼ ਮੁਅੱਲਾ ਉਤੇ, ਨਾ ਰੱਬ ਖਾਨੇ ਕਾਅਬੇ ਹੂ' (ਬਾਹੂ)।

ਸੱਤ-ਸਮੁੰਦਰ : ਵੇਖੋ 'ਸਪਤ-ਸਾਗਰ'।

ਸੱਤ-ਦੀਪ : ਵੇਖੋ 'ਸਪਤ-ਦੀਪ'।

ਸੱਤ-ਰਿਖੀ : ਵੇਖੋ 'ਸਪਤ-ਰਿਸ਼ੀ'।

ਸ਼ਤਰੂਘਨ : ਇਹ ਦਸ਼ਰਥ ਦਾ ਸੁਮਿਤ੍ਰਾ ਦੀ ਕੁੱਖੋਂ ਪੈਦਾ ਹੋਇਆ ਲੱਛਮਣ ਦਾ ਜੁੜਵਾਂ ਭਰਾ ਸੀ। ਇਸ ਨੂੰ 'ਰਿਪੁਦਮਨ' ਵੀ ਕਿਹਾ ਜਾਂਦਾ ਹੈ। ਇਹ ਬਹੁਤ ਗੰਭੀਰ ਅਤੇ ਉਦਾਰ ਸੁਭਾ ਵਾਲਾ ਕੁਸ਼ਲ ਯੋਧਾ ਸੀ। ਲੱਛਮਣ ਨੇ ਸ੍ਰੀ ਰਾਮ ਦਾ ਸਾਥ ਨਿਭਾਇਆ ਅਤੇ ਇਸ ਨੇ ਭਰਤ ਦਾ। ਰਾਮ ਚੰਦਰ ਦੀ ਗ਼ੈਰਹਾਜ਼ਰੀ ਵਿਚ ਇਸ ਨੇ ਭਰਤ ਨੂੰ ਰਾਜਸੀ ਕਾਰਜਾਂ ਵਿਚ ਹਰ ਪ੍ਰਕਾਰ ਦੀ ਸਹਾਇਤਾ ਦਿੱਤੀ। ਇਸ ਦਾ ਵਿਆਹ ਜਨਕ ਦੀ ਭਤੀਜੀ ਅਤੇ ਕੁਸ਼ਧ੍ਵਜ ਦੀ ਪੁੱਤਰੀ ਸ਼੍ਰੁਤਕੀਰਤੀ ਨਾਲ ਹੋਇਆ। ਇਸ ਦੇ ਦੋ ਪੁੱਤਰ ਸਨ—ਸੁਬਾਹੂ ਅਤੇ ਬਹੁਸ਼੍ਰੁਤ। ਇਸ ਨੇ ਰਾਵਣ ਦੇ ਭਣੇਵੇਂ ਲਵਣਾਸੁਰ ਤੋਂ ਮਥੁਰਾ ਦਾ ਰਾਜ ਖੋਹ ਕੇ ਆਪਣੇ ਅਧੀਨ ਕਰ ਲਿਆ।

ਪੁਰਾਣ-ਸਾਹਿੱਤ ਵਿਚ ਇਸ ਨੂੰ ਵਿਸ਼ਣੂ ਦੇ ਅੱਠਵੇਂ ਅੰਸ਼ ਦਾ ਅਵਤਾਰ ਮੰਨਿਆ ਗਿਆ ਹੈ। ਕਿਤੇ-ਕਿਤੇ ਇਸ ਨੂੰ 'ਸ਼ੰਖ' ਦਾ ਅਵਤਾਰ ਵੀ ਮੰਨਿਆ ਗਿਆ ਹੈ।

ਸਤਿਆਵਤੀ/ਸਤ੍ਯਵਤੀ : ਵਿਆਸ ਦੀ ਮਾਤਾ। ਵੇਖੋ 'ਪਰਾਸ਼ਰ', 'ਵਿਆਸ'।

ਸਤਿਆਵਾਨ/ਸਤ੍ਯਵਾਨ : ਵੇਖੋ 'ਸਾਵਿਤ੍ਰੀ-ਸਤ੍ਯਵਾਨ'।

ਸਤਿਭਾਮਾ : ਸ੍ਰੀ ਕ੍ਰਿਸ਼ਣ ਦੀਆਂ ਅੱਠ ਪਟਰਾਣੀਆਂ ਵਿਚੋਂ ਦੂਜੀ। 'ਭਾਗਵਤ ਪੁਰਾਣ' (10/56) ਅਨੁਸਾਰ ਇਹ ਸਤ੍ਰਾਜਿਤ ਦੀ ਪੁੱਤਰੀ ਸੀ। ਸਤ੍ਰਾਜਿਤ ਸੂਰਜ ਦੇਵਤਾ ਦਾ ਭਗਤ ਸੀ। ਉਸ ਦੀ ਭਗਤੀ 'ਤੇ ਪ੍ਰਸੰਨ ਹੋ ਕੇ ਸੂਰਜ ਨੇ ਉਸ ਨੂੰ ਸ੍ਯਮੰਤਕ ਮਣੀ ਪ੍ਰਦਾਨ ਕੀਤੀ। ਇਹ ਮਣੀ ਹਰ ਰੋਜ਼ ਅੱਠ ਭਾਰ ਸੋਨੇ ਦੇ ਦਿੰਦੀ ਸੀ। ਸ੍ਰੀ ਕ੍ਰਿਸ਼ਣ ਨੇ ਸਤ੍ਰਾਜਿਤ ਨੂੰ ਸੁਝਾ ਦਿੱਤਾ ਕਿ ਉਹ ਇਹ ਮਣੀ ਰਾਜਾ ਉਗ੍ਰਸੈਨ ਨੂੰ ਦੇ ਦੇਵੇ, ਪਰ ਉਹ ਨਾ ਮੰਨਿਆ।

ਇਕ ਦਿਨ ਉਸ ਦਾ ਭਰਾ ਪ੍ਰਸੇਨ ਉਸ ਮਣੀ ਨੂੰ ਧਾਰਣ ਕਰਕੇ ਸ਼ਿਕਾਰ ਨੂੰ ਚਲਾ ਗਿਆ। ਜਦੋਂ ਦੇਰ ਤਕ ਨਾ ਪਰਤਿਆ ਤਾਂ ਕੰਨੋ ਕੰਨੀ ਗੱਲ ਚਲ ਪਈ ਕਿ ਕ੍ਰਿਸ਼ਣ ਨੇ ਉਸ ਨੂੰ ਮਾਰ ਕੇ ਮਣੀ ਹਥਿਆ ਲਈ ਹੈ। ਕ੍ਰਿਸ਼ਣ ਨੂੰ ਇਹ ਗੱਲ ਚੁਭ ਗਈ। ਉਹ ਪ੍ਰਸੇਨ ਨੂੰ ਲੱਭਣ ਲਈ ਜੰਗਲ ਵਿਚ ਚਲੇ ਗਏ। ਇਕ ਥਾਂ ਪ੍ਰਸੇਨ ਅਤੇ ਉਸ ਦੇ ਘੋੜੇ ਨੂੰ ਮਰਿਆ ਵੇਖਿਆ। ਉਥੇ ਨੇੜੇ ਹੀ ਸ਼ੇਰ ਦੇ ਪੈਰਾਂ ਦੇ ਚਿੰਨ੍ਹ ਵੀ ਸਨ। ਉਹ ਸ਼ੇਰ ਦੀ ਪੈੜ ਫੜ ਕੇ ਉਥੇ ਪਹੁੰਚੇ ਜਿਥੇ ਸ਼ੇਰ ਮਰਿਆ ਪਿਆ ਸੀ। ਉਥੇ ਰਿਛ ਦੇ ਪੈਰਾਂ ਦੇ ਨਿਸ਼ਾਨ ਵੇਖ ਕੇ ਉਸ ਦੀ ਪੈੜ ਪਕੜ ਕੇ ਇਕ ਹਨੇਰੀ ਗੁਫ਼ਾ ਵਿਚ ਪਹੁੰਚੇ ਜੋ ਰਿਛਾਂ ਦੇ ਰਾਜੇ ਜਾਂਬਵਾਨ ਦਾ ਨਿਵਾਸ ਸੀ। ਕ੍ਰਿਸ਼ਣ ਇਕੱਲੇ ਅੰਦਰ ਵੜ ਗਏ। ਉਥੇ ਵੇਖਿਆ ਕਿ ਇਕ ਬਾਲਕ ਸ੍ਯਮੰਤਕ ਮਣੀ ਨਾਲ ਖੇਡ ਰਿਹਾ ਸੀ। ਕ੍ਰਿਸ਼ਣ ਨੂੰ ਆਇਆ ਵੇਖ ਕੇ ਜਾਂਬਵਾਨ ਨੇ ਉਨ੍ਹਾਂ ਨਾਲ ਹਾਥਾਪਾਈ ਸ਼ੁਰੂ ਕਰ ਦਿੱਤੀ, ਪਰ ਫਿਰ ਕ੍ਰਿਸ਼ਣ ਨੂੰ ਪਛਾਣ ਕੇ ਮਣੀ ਦੇ ਦਿੱਤੀ ਅਤੇ ਆਪਣੀ ਕੰਨਿਆ ਜਾਂਬਵਤੀ ਦਾ ਵਿਆਹ ਵੀ ਸ੍ਰੀ ਕ੍ਰਿਸ਼ਣ ਨਾਲ ਕਰ ਦਿੱਤਾ।

ਵਾਪਸ ਆ ਕੇ ਉਗ੍ਰਸੈਨ ਦੀ ਸਭਾ ਵਿਚ ਕ੍ਰਿਸ਼ਣ ਨੇ ਸਾਰੀ ਘਟਨਾ ਸੁਣਾਈ ਅਤੇ ਮਣੀ ਸਤ੍ਰਾਜਿਤ ਨੂੰ ਮੋੜ ਦਿੱਤੀ। ਸਤ੍ਰਾਜਿਤ ਬਹੁਤ ਸ਼ਰਮਿੰਦਾ ਹੋਇਆ। ਉਸ ਨੇ ਆਪਣੀ ਪੁੱਤਰੀ ਸਤਿਭਾਮਾ (ਸਤ੍ਯਭਾਮਾ) ਦਾ ਵਿਆਹ ਸ੍ਰੀ ਕ੍ਰਿਸ਼ਣ ਨਾਲ ਕਰ ਦਿੱਤਾ। ਸਤ੍ਰਾਜਿਤ ਨੇ ਮਣੀ ਵੀ ਦੇਣੀ ਚਾਹੀ, ਪਰ ਕ੍ਰਿਸ਼ਣ ਨੇ ਇਹ ਕਹਿ ਕੇ ਮੋੜ ਦਿੱਤੀ ਕਿ ਇਸ ਨੂੰ ਉਹ ਆਪਣੇ ਪਾਸ ਰਖੇ; ਹਾਂ ਇਸ ਤੋਂ ਨਿੱਤ ਪ੍ਰਾਪਤ ਹੋਣ ਵਾਲਾ ਸੋਨਾ ਉਗ੍ਰਸੈਨ ਨੂੰ ਦੇ ਦਿਆ ਕਰੇ।

ਸ੍ਰੀ ਕ੍ਰਿਸ਼ਣ ਸਤਿਭਾਮਾ ਦੇ ਗੁਣਾਂ ਕਰਕੇ ਇਸ ਨੂੰ ਬਹੁਤ ਪਿਆਰ ਕਰਦੇ ਸਨ। ਜਦੋਂ ਉਹ ਨਰਕਾਸੁਰ ਦਾ ਸੰਘਾਰ ਕਰਨ ਲਈ ਗਏ ਤਾਂ ਸਤਿਭਾਮਾ ਨਾਲ ਸੀ। ਇਕ ਵਾਰ ਨਾਰਦ ਨੇ ਦੇਵ ਲੋਕ ਤੋਂ ਪਾਰਜਾਤ (ਵੇਖੋ) ਬ੍ਰਿਛ ਦਾ ਇਕ ਫੁਲ ਲਿਆ ਕੇ ਸ੍ਰੀ ਕ੍ਰਿਸ਼ਣ ਨੂੰ ਦਿੱਤਾ। ਕ੍ਰਿਸ਼ਣ ਨੇ ਉਹ ਫੁਲ ਰੁਕਮਣੀ ਨੂੰ ਦੇ ਦਿੱਤਾ। ਇਸ ਤੋਂ ਸਤਿਭਾਮਾ ਬਹੁਤ ਦੁੱਖੀ ਹੋਈ। ਉਸ ਨੂੰ ਖੁਸ਼ ਕਰਨ ਲਈ ਸ੍ਰੀ ਕ੍ਰਿਸ਼ਣ ਦੇਵ ਲੋਕ ਜਾਣ ਵੇਲੇ ਉਸ ਨੂੰ ਵੀ ਗਰੁੜ ਉਤੇ ਬਿਠਾ ਕੇ ਨਾਲ ਲੈ ਗਏ। ਉਥੇ ਇੰਦਰ ਨੂੰ ਪਛਾੜ ਕੇ ਸ੍ਰੀ ਕ੍ਰਿਸ਼ਣ ਪਾਰਜਾਤ ਬ੍ਰਿਛ ਪੁਟ ਲਿਆਏ ਅਤੇ ਸਤਿਭਾਮਾ ਦੇ ਬਾਗ ਵਿਚ ਲਗਾ ਦਿੱਤਾ। ਗੁਰੂ ਨਾਨਕ ਦੇਵ ਨੇ ਇਸ ਘਟਨਾ ਵਲ ਸੰਕੇਤ ਕੀਤਾ ਹੈ—'ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ' (ਅ. ਗ੍ਰੰ. 470)।

ਸਤਿਭਾਮਾ ਦਾ ਮਹੱਲ ਚਿੱਟੇ ਰੰਗ ਦਾ ਸੀ ਜਿਥੇ ਗਰਮੀਆਂ ਵਿਚ ਵੀ ਠੰਡ ਰਹਿੰਦੀ ਸੀ। ਇਹ ਜੀਵਨ ਭਰ ਜਵਾਨ ਹੀ ਰਹੀ ਦਸੀ ਜਾਂਦੀ ਹੈ। ਜਸਬੀਰ ਸਿੰਘ ਆਹਲੂ-ਵਾਲੀਆ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਆਓ ਸਤਿਭਾਮਾ ਦਾ ਵੇਹੜਾ ਢੂੰਡੀਏ/ਇਕ ਨਵੀਂ ਇਮਾਰਤ ਖੜੀ ਕਰੀਏ।'

ਸਤਿਯੁਗ : ਭਾਰਤੀ ਮਿਥਿਹਾਸ ਅਨੁਸਾਰ ਚਾਰ ਯੁਗਾਂ ਵਿਚ ਪਹਿਲਾ ਅਤੇ ਪ੍ਰਮੁਖ ਯੁਗ, ਜਿਸ ਵਿਚ ਧਰਮ ਆਪਣੀਆਂ ਪੂਰੀਆਂ ਸ਼ਕਤੀਆਂ ਨਾਲ ਦ੍ਰਿੜ੍ਹ ਰਹਿੰਦਾ ਸੀ। ਇਸ ਵਿਚ

ਮਨੁੱਖਾਂ ਨੂੰ ਕਿਸੇ ਕਿਸਮ ਦੀ ਘਾਲਣਾ ਘਾਲਣੀ ਨਹੀਂ ਪੈਂਦੀ ਕਿਉਂਕਿ ਹਰ ਇਕ ਵਸਤੂ ਦੀ ਪ੍ਰਾਪਤੀ ਇੱਛਾ ਅਨੁਸਾਰ ਹੀ ਹੋ ਜਾਂਦੀ ਸੀ। ਮਨੁੱਖਾਂ ਵਿਚ ਕਿਸੇ ਪ੍ਰਕਾਰ ਦੇ ਮਾਨਸਿਕ ਵਿਕਾਰ ਨਹੀਂ ਹੁੰਦੇ। ਸਤਿਯੁਗ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੋ ਜਿਹੇ ਕਰਤੱਵਾਂ ਦੀ ਪਾਲਣਾ ਕਰਦੇ ਸਨ ਅਤੇ ਸਾਰੇ ਇਕੋ ਦੇਵਤੇ ਦੀ, ਸਮਾਨ ਢੰਗ ਨਾਲ, ਪੂਜਾ ਕਰਦੇ ਸਨ।

ਇਸ ਦੀ ਮਿਆਦ 17,28,000 ਵਰ੍ਹੇ ਮੰਨੀ ਜਾਂਦੀ ਹੈ। ਸੰਤਾਂ, ਭਗਤਾਂ ਨੇ ਇਸ ਨੂੰ ਸ੍ਰੇਸ਼ਠ ਯੁਗ ਮੰਨ ਕੇ ਇਸ ਦੀ ਪ੍ਰਸ਼ੰਸਾ ਕੀਤੀ ਹੈ। ਇਸ ਯੁਗ ਵਿਚ ਮਨੁੱਖ ਦੀ ਉਮਰ ਚਾਰ ਸੌ ਵਰ੍ਹੇ ਹੁੰਦੀ ਸੀ।

ਗੁਰੂ ਨਾਨਕ ਦੇਵ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਘੁਪ ਹਨੇਰੇ ਤੋਂ ਬਾਦ ਜਦ ਆਪਣੇ ਸਗੁਣ ਰੂਪ ਵਿਚ ਪਰਮਾਤਮਾ ਨੇ ਯੁਗਾਂ ਦਾ ਨਿਰਮਾਣ ਕੀਤਾ, ਤਦ ਸਭ ਤੋਂ ਪਹਿਲਾਂ ਸਤਿਯੁਗ ਦਾ ਆਰੰਭ ਹੋਇਆ। ਇਸ ਯੁਗ ਵਿਚ ਮਨੁੱਖਾਂ ਦੇ ਸ਼ਰੀਰ ਵਿਚ ਸਤਿ ਅਤੇ ਸੰਤੋਖ ਦੀ ਪ੍ਰਮੁਖਤਾ ਸੀ। ਲੋਕੀਂ ਗਹਿਰ-ਗੰਭੀਰ ਸਨ ਅਤੇ ਉਨ੍ਹਾਂ ਦਾ ਵਿਵਹਾਰ ਸੱਚ ਉਤੇ ਆਧਾਰਿਤ ਸੀ। ਉਦੋਂ ਸਤਿਗੁਰੂ ਵੀ ਸੰਤੋਸ਼ੀ ਅਤੇ ਸਾਰੇ ਗੁਣਾਂ ਦਾ ਪੁੰਜ ਹੁੰਦਾ ਸੀ। ਜੋ ਵਿਅਕਤੀ ਅਜਿਹੇ ਗੁਰੂ ਦੀ ਸਿਖਿਆ ਮੰਨਦਾ ਸੀ, ਉਹ ਅਧਿਆਤਮਿਕ ਸੰਘਰਸ਼ ਦਾ ਸੂਰਵੀਰ ਸਮਝਿਆ ਜਾਂਦਾ ਸੀ। ਸਤਿਯੁਗੀ ਲੋਕ ਸੱਚੀ ਦਰਗਾਹ ਵਿਚ ਸੱਚੇ ਪਰਮਾਤਮਾ ਦਾ ਨਿਵਾਸ ਮੰਨ ਕੇ ਉਸ ਦੇ ਹੁਕਮ ਅਤੇ ਇੱਛਾ ਦੀ ਪਾਲਣਾ ਕਰਦੇ ਸਨ। ਇਸ ਯੁਗ ਵਿਚ ਸਾਰੇ ਸਤਿਵਾਦੀ ਸਨ—'ਸਤਜੁਗਿ ਸਤੁ ਸੰਤੋਖੁ ਸਰੀਰਾ।/ਸਤਿ ਸਤਿ ਵਰਤੈ ਗਹਿਰ ਗੰਭੀਰਾ।/ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ।3।... ਸਤਜੁਗਿ ਸਾਚੁ ਕਹੈ ਸਭੁ ਕੋਈ।/ਸਚਿ ਵਰਤੈ ਸਾਚਾ ਸੋਈ।/ਮਨਿਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ।5। (ਅ. ਗ੍ਰੰ. 1023)।

ਸਤੀ, ਦੇਵੀ : ਸ਼ਿਵ ਦੀ ਪਤਨੀ ਅਤੇ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਜਿਸ ਨੇ ਪਿਤਾ ਦੁਆਰਾ ਕੀਤੇ ਜਾ ਰਹੇ ਯੱਗ ਵਿਚ ਛਾਲ ਮਾਰ ਕੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। 'ਸ਼ਿਵ ਪੁਰਾਣ' (ਪੂਰਵਾਰਧ) ਅਨੁਸਾਰ ਦਕ੍ਸ਼ ਪ੍ਰਜਾਪਤੀ ਨੇ ਵੀਰਨੀ ਨਾਲ ਵਿਆਹ ਕਰਕੇ ਆਦਿ-ਸ਼ਕਤੀ ਭਵਾਨੀ ਦੀ ਤਪੱਸਿਆ ਕੀਤੀ ਅਤੇ ਉਸੇ ਤੋਂ ਵਰ ਪ੍ਰਾਪਤ ਕੀਤਾ ਕਿ ਉਹ ਉਸ ਦੇ ਘਰ ਜਨਮ ਲਵੇ। ਕਾਲਾਂਤਰ ਵਿਚ ਦਕ੍ਸ਼ ਪ੍ਰਜਾਪਤੀ ਦੇ ਘਰ ਜੋ ਸੱਠ ਲੜਕੀਆਂ ਪੈਦਾ ਹੋਈਆਂ, ਉਨ੍ਹਾਂ ਵਿਚੋਂ ਇਕ ਸਤੀ ਸੀ।

ਸਤੀ ਨੇ ਸ਼ਿਵ ਦੀ ਉਪਾਸਨਾ ਕਰਕੇ ਉਸ ਦੀ ਪਤਨੀ ਹੋਣ ਦਾ ਵਰ ਪ੍ਰਾਪਤ ਕੀਤਾ, ਪਰ ਦਕ੍ਸ਼ ਪ੍ਰਜਾਪਤੀ ਨੂੰ ਸਤੀ ਦਾ ਸ਼ਿਵ ਨਾਲ ਵਿਆਹ ਕਰਨਾ ਪਸੰਦ ਨਹੀਂ ਸੀ। ਜਦੋਂ ਸਤੀ ਲਈ ਸਵੰਬਰ ਕੀਤਾ ਗਿਆ ਤਾਂ ਸ਼ਿਵ ਨੂੰ ਸੱਦਾ ਨਾ ਭੇਜਿਆ ਗਿਆ। ਸਤੀ ਨੇ ਸ਼ਿਵ ਨੂੰ ਉਥੇ ਨਾ ਵੇਖ ਕੇ ਜੈ-ਮਾਲਾ ਆਕਾਸ਼ ਵਲ ਸੁਟ ਦਿੱਤੀ ਜੋ ਸ਼ਿਵ ਨੇ ਪ੍ਰਤੱਖ ਹੋ ਕੇ ਬੋਚ ਲਈ। ਨਾਪਸੰਦਗੀ ਦੇ ਬਾਵਜੂਦ, ਸਤੀ ਦੀਆਂ ਭਾਵਨਾਵਾਂ ਨੂੰ ਮੁਖ ਰਖਦੇ ਹੋਏ ਦਕ੍ਸ਼ ਪ੍ਰਜਾਪਤੀ ਨੇ ਸਤੀ ਦਾ ਵਿਆਹ ਸ਼ਿਵ ਨਾਲ ਕਰ ਦਿੱਤਾ, ਪਰ ਅੰਦਰੋਂ ਅੰਦਰੀ ਉਹ ਸ਼ਿਵ ਪ੍ਰਤਿ ਕੀਨੇ ਦੀ ਭਾਵਨਾ ਰਖਦਾ ਰਿਹਾ। ਇਕ ਵਾਰ ਉਸ ਨੇ ਇਕ

ਵੱਡਾ ਯੱਗ ਕੀਤਾ ਪਰ ਸ਼ਿਵ ਅਤੇ ਸਤੀ ਨੂੰ ਨਾ ਬੁਲਾਇਆ। ਯੱਗ ਬਲੀ ਲੈ ਕੇ ਆਕਾਸ਼ ਵਿਚ ਜਾਂਦੇ ਦੇਵਤਿਆਂ ਤੋਂ ਜਦੋਂ ਸਤੀ ਨੂੰ ਪਿਤਾ ਦੇ ਘਰ ਯੱਗ ਹੋਣ ਦੀ ਸੂਚਨਾ ਮਿਲੀ ਤਾਂ ਉਹ ਦਕ੍ਸ਼ ਦੇ ਘਰ ਆਈ ਅਤੇ ਪਿਤਾ ਤੋਂ ਯੱਗ ਵਿਚ ਸ਼ਾਮਲ ਹੋਣ ਲਈ ਨਾ ਬੁਲਾਏ ਜਾਣ ਦਾ ਕਾਰਣ ਪੁਛਿਆ। ਆਪਣੇ ਪਿਤਾ ਦੇ ਮੂੰਹੋਂ ਸ਼ਿਵ ਬਾਰੇ ਅਨਾਦਰ ਸੂਚਕ ਸ਼ਬਦ ਸੁਣ ਕੇ ਰੋਹ ਵਿਚ ਆਈ ਸਤੀ ਨੇ ਯੱਗ ਦੇ ਹਵਨ-ਕੁੰਡ ਵਿਚ ਛਾਲ ਮਾਰ ਦਿੱਤੀ। ਸ਼ਿਵ ਨੂੰ ਪਤਾ ਲਗਣ ਤੇ ਉਹ ਆਪਣੇ ਗਣਾਂ ਸਹਿਤ ਉਥੇ ਪਹੁੰਚਿਆ ਅਤੇ ਯੱਗ ਭੰਗ ਕਰ ਦਿੱਤਾ। ਸ਼ਿਵ ਨੇ ਵੀਰਭੱਦ੍ਰ ਨੂੰ ਪੈਦਾ ਕੀਤਾ ਜਿਸ ਨੇ ਦਕ੍ਸ਼ ਦਾ ਸਿਰ ਵੱਢ ਦਿੱਤਾ। ਸ਼ਿਵ ਨੇ ਸਤੀ ਦੇ ਅੱਧੇ ਸੜੇ ਸ਼ਰੀਰ ਨੂੰ ਮੋਢੇ ਉਤੇ ਚੁਕ ਕੇ ਵਿਸ਼ਵ ਦੀ ਪਰਿਕ੍ਰਮਾ ਸ਼ੁਰੂ ਕਰ ਦਿੱਤੀ।

ਸ਼ਿਵ ਦੀ ਕਰੋਪੀ ਤੋਂ ਸੰਸਾਰ ਨੂੰ ਬਚਾਉਣ ਲਈ ਵਿਸ਼ਣੂ ਨੇ ਸੁਦਰਸ਼ਨ ਚਕ੍ਰ ਨਾਲ ਸਤੀ ਦੇ ਸ਼ਰੀਰ ਦੇ 51 ਟੁਕੜੇ ਕਰ ਦਿੱਤੇ। ਜਿਥੇ-ਜਿਥੇ ਸਤੀ ਦੇ ਸ਼ਰੀਰ ਦੇ ਟੁਕੜੇ ਡਿਗੇ, ਉਥੇ-ਉਥੇ ਦੇਵੀ ਦੇ ਪਵਿੱਤਰ ਤੀਰਥ ਜਾਂ ਦੇਵੀ-ਪੀਠ ਬਣ ਗਏ ਜਿਨ੍ਹਾਂ ਵਿਚੋਂ ਕੁਝ ਕੁ ਪੰਜਾਬ ਵਿਚ ਵੀ ਹਨ, ਜਿਵੇਂ ਨੈਣਾਂ ਦੇਵੀ, ਜਲੰਧਰ ਆਦਿ। ਸ਼ਾਂਤ ਹੋਣ 'ਤੇ ਸ਼ਿਵ ਨੂੰ ਦਕ੍ਸ਼ ਦੇ ਮਾਰੇ ਜਾਣ ਦਾ ਬਹੁਤ ਅਫ਼ਸੋਸ ਹੋਇਆ। ਉਸ ਨੇ ਦਕ੍ਸ਼ ਦੇ ਸਿਰ ਨੂੰ ਧੜ ਨਾਲ ਜੋੜਨ ਦਾ ਉੱਦਮ ਕਰਨਾ ਚਾਹਿਆ, ਪਰ ਸਿਰ ਤਾਂ ਅਗਨ-ਕੁੰਡ ਵਿਚ ਭਸਮ ਹੋ ਚੁੱਕਿਆ ਸੀ। ਸ਼ਿਵ ਨੇ ਇਕ ਬਕਰੇ ਦਾ ਸਿਰ ਧੜ ਨਾਲ ਲਗਾ ਕੇ ਪ੍ਰਜਾਪਤੀ ਨੂੰ ਜੀਉਂਦਾ ਕਰ ਦਿੱਤਾ। ਪੁਰਾਣ-ਸਾਹਿੱਤ ਵਿਚ ਇਹ ਵੀ ਆਖਿਆਨ ਦਿੱਤਾ ਹੈ ਕਿ ਸਤੀ ਨੇ ਮਰਨ ਉਪਰੰਤ ਸ਼ੈਲੇਂਦ੍ਰ (ਹਿਮਾਲਯ) ਦੇ ਘਰ ਮੇਨਾ ਦੀ ਕੁੱਖੋਂ ਜਨਮ ਲਿਆ। ਇਸ ਦਾ ਪਹਿਲਾ ਨਾਂ ਅਪਰਣਾ ਸੀ। ਬਾਦ ਵਿਚ ਉਮਾ ਅਤੇ ਪਾਰਬਤੀ ਨਾਂ ਵੀ ਪ੍ਰਸਿੱਧ ਹੋਏ।

ਸ਼ਦਾਦ/ਸ਼ਿਦਾਦ : ਖ਼ੁਦਾਈ ਦਾ ਦਾਵਾ ਕਰਨ ਵਾਲਾ ਅਰਬ ਦੇਸ਼ ਦਾ ਇਕ ਜ਼ਾਲਮ ਬਾਦਸ਼ਾਹ ਜਿਸ ਦਾ ਜਨਮ ਦੱਖਣੀ ਅਰਬ ਦੇ 'ਆਦ' ਕਬੀਲੇ ਵਿਚ ਹੋਇਆ ਸੀ। ਇਸ ਨੇ ਹੰਕਾਰ ਵਿਚ ਆ ਕੇ ਰੱਬੀ ਬਹਿਸ਼ਤ ਦੇ ਮੁਕਾਬਲੇ ਤੇ ਬਾਗ਼ਾਂ ਕੋਹਾਂ ਵਿਚ ਪਸਰੀ ਇਕ ਦੁਨੀਆਵੀ ਬਹਿਸ਼ਤ ਤਿਆਰ ਕਰਵਾਈ ਸੀ, ਪਰ ਮਾੜੀ ਕਿਸਮਤ ਕਰਕੇ ਉਸ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਮਰ ਗਿਆ। ਸ਼ਾਹ ਮੁਹੰਮਦ ਨੇ ਆਪਣੇ ਲਿਖੇ ਜੰਗਨਾਮੇ ਵਿਚ ਇਸ ਵਲ ਸੰਕੇਤ ਕੀਤਾ ਹੈ—'ਸ਼ਦਾਦ ਨਮਰੂਦ ਫਿਰਊਨ ਜੇਹੇ, ਦਾਵਾ ਬੰਨ੍ਹ ਖ਼ੁਦਾਇ ਕਹਾਇ ਗਏ।'

ਸਧਨਾ, ਭਗਤ : ਮੱਧ-ਕਾਲ ਦੇ ਭਗਤਾਂ ਵਿਚ ਅਕਸਰ ਸਧਨਾ ਦੇ ਨਾਂ ਦਾ ਉੱਲੇਖ ਹੁੰਦਾ ਹੈ, ਜਿਵੇਂ 'ਮਾਰੂ ਰਾਗ (ਅ. ਗ੍ਰੰ. 1106) ਵਿਚ ਰਵਿਦਾਸ ਨੇ ਲਿਖਿਆ ਹੈ— 'ਨਾਮ ਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।' ਇਸ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ (ਪੰਨਾ 858) ਦੇ ਬਿਲਾਬਲ ਰਾਗ ਵਿਚ ਦਰਜ ਹੈ ਜਿਸ ਦੀ ਸਿਰਜਨ-ਪ੍ਰੇਰਣਾ ਦਾ ਸੰਕੇਤ ਵਿਚੋਂ ਹੀ ਮਿਲਦਾ ਹੈ। ਇਸ ਵਿਚ ਇਕ ਸੱਚੇ ਸਾਧਕ ਦੀ ਨਿਮਰਤਾ ਅਤੇ ਆਤਮ-ਸਮਰਪਣ ਦੀ ਸੁੰਦਰ ਅਭਿਵਿਅਕਤੀ ਹੋਈ ਹੈ—'ਮੈਂ ਨਾਹੀ ਕਛੁ ਹਉ ਨਹੀਂ

ਕਿਛੁ ਆਹਿ ਨ ਮੋਰਾ । ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ।'

ਇਹ ਸਧਨਾ ਕੌਣ ਸੀ ? ਕਿਥੇ ਜਨਮਿਆ ? ਕਦੋਂ ਹੋਇਆ ? ਇਨ੍ਹਾਂ ਪ੍ਰਸ਼ਨਾਂ ਦੇ ਤਸਲੀਬਖ਼ਸ਼ ਉੱਤਰ ਇਤਿਹਾਸ ਤੋਂ ਉਪਲਬਧ ਨਹੀਂ ਹਨ । ਰਵਾਇਤ ਅਨੁਸਾਰ ਇਹ ਸਿੰਧ ਪ੍ਰਾਂਤ ਦੇ ਸਿਹਵਾਂ ਪਿੰਡ ਦਾ ਵਸਨੀਕ ਸੀ । ਇਸ ਦੇ ਜੀਵਨ ਦਾ ਪਹਿਲਾ ਦੌਰ ਪਿਤਾ-ਪੁਰਖੀ ਕਸਾਈ ਕਿੱਤਾ ਕਰਨ ਵਿਚ ਬੀਤਿਆ । ਬਾਦ ਵਿਚ ਇਸ ਨੇ ਸਭ ਕੁਝ ਤਿਆਗ ਦਿੱਤਾ ਅਤੇ ਭਗਤੀ ਵਿਚ ਲੀਨ ਹੋ ਗਿਆ । ਇਸ ਦੇ ਨਾਂ ਨਾਲ ਕਈ ਕਰਾਮਾਤੀ ਕਹਾਣੀਆਂ ਵੀ ਪ੍ਰਚਲਿਤ ਹਨ ਜੋ ਇਸ ਨੂੰ ਪੂਰੀ ਕਰਨੀ ਵਾਲਾ ਸਾਧ ਦਸਦੀਆਂ ਹਨ । ਇਕ ਵਾਰ ਅਲੌਰਾ ਦੀ ਗੁਫਾ ਦੇ ਨੇੜੇ ਭਗਤੀ ਕਰਦਿਆਂ ਇਸ ਦੀ ਭੇਂਟ ਨਾਮ ਦੇਵ ਅਤੇ ਗਿਆਨ ਦੇਵ ਨਾਲ ਵੀ ਹੋਈ । ਇਹ ਉਨ੍ਹਾਂ ਦੋਹਾਂ ਨਾਲ ਤੀਰਥ-ਯਾਤ੍ਰਾ 'ਤੇ ਵੀ ਗਿਆ । ਇਸ ਆਧਾਰ ਤੇ ਇਸ ਨੂੰ ਨਾਮ ਦੇਵ ਦਾ ਸਮਕਾਲੀ ਜਾਂ ਨਿਕਟ ਪੂਰਵ-ਵਰਤੀ ਮੰਨਿਆ ਜਾਂਦਾ ਹੈ । ਇਸ ਦੇ ਨਾਂ ਨਾਲ ਸੰਬੰਧਿਤ ਛੇ ਪਦ 'ਸੰਤਗਾਥਾ' ਵਿਚ ਵੀ ਮਿਲਦੇ ਹਨ, ਪਰ ਉਨ੍ਹਾਂ ਦੀ ਭਾਵ-ਸਮਾਨਤਾ ਇਸ ਦੇ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦ ਨਾਲ ਨਹੀਂ ਹੈ । ਸੰਭਵ ਹੈ ਇਹ ਕੋਈ ਹੋਰ ਸਧਨਾ ਹੋਵੇ ।

ਸਨਕ : ਵੇਖੋ 'ਸਨਕਾਦਿਕ' ।

ਸਨਕਾਦਿਕ : ਬ੍ਰਹਮਾ ਦੇ ਚਾਰ ਪੁੱਤਰਾਂ —ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਨੂੰ ਸੰਖੇਪ ਵਿਚ 'ਸਨਕਾਦਿਕ' (ਸਨਕ-ਆਦਿਕ) ਕਿਹਾ ਜਾਂਦਾ ਹੈ । ਬ੍ਰਹਮਾ ਦੇ ਮਸਤਕ ਵਿਚੋਂ ਪੈਦਾ ਹੋਣ ਕਾਰਣ ਇਨ੍ਹਾਂ ਨੂੰ ਬ੍ਰਹਮਾ ਦੇ ਮਾਨਸ ਜਾਂ ਮਾਨਸਿਕ ਪੁੱਤਰ ਕਿਹਾ ਜਾਂਦਾ ਹੈ । ਬ੍ਰਹਮਾ (ਵਿਧਾਤਾ) ਦੇ ਪੁੱਤਰ ਹੋਣ ਕਾਰਣ ਇਨ੍ਹਾਂ ਨੂੰ 'ਵੈਧਾਤ੍ਰ' ਵੀ ਕਿਹਾ ਜਾਂਦਾ ਹੈ । ਇਨ੍ਹਾਂ ਦੇ ਨਾਂ ਤੇ ਬ੍ਰਹਮਾ ਨੂੰ 'ਸਨਕੇਸ਼' ਕਹਿਣ ਦੇ ਉੱਲੇਖ ਵੀ ਮਿਲਦੇ ਹਨ । ਇਨ੍ਹਾਂ ਨਾਲ ਕਈਆਂ ਪ੍ਰਸੰਗਾਂ ਵਿਚ ਰਿਭੁ ਦਾ ਨਾਂ ਵੀ ਜੋੜਿਆ ਜਾਂਦਾ ਹੈ ਅਤੇ ਕਿਤੇ-ਕਿਤੇ ਇਨ੍ਹਾਂ ਦੀ ਗਿਣਤੀ ਸੱਤ ਵੀ ਕੀਤੀ ਗਈ ਹੈ । ਪਰ ਸਰਵ ਪ੍ਰਚਲਿਤ ਇਹ ਚਾਰ ਹੀ ਹਨ ।

ਬ੍ਰਹਮਾ ਨੇ ਇਨ੍ਹਾਂ ਨੂੰ ਪ੍ਰਜਾਪਤੀ ਬਣਾਉਣ ਦੇ ਮਨੋਰਥ ਨਾਲ ਪੈਦਾ ਕੀਤਾ ਸੀ, ਪਰ ਇਨ੍ਹਾਂ ਨੇ ਈਸ਼ਵਰੀ ਭਗਤੀ ਵਿਚ ਲੀਨ ਰਹਿਣ ਨੂੰ ਤਰਜੀਹ ਦਿੱਤੀ । ਫਲਸਰੂਪ ਬ੍ਰਹਮਾ ਨੂੰ ਪ੍ਰਜਾਪਤੀ ਬਣਾਉਣ ਲਈ ਹੋਰ ਪੁੱਤਰ ਪੈਦਾ ਕਰਨ ਦੀ ਲੋੜ ਪਈ । ਇਹ ਚਾਰੇ ਬ੍ਰਹਮਚਾਰੀ ਹੀ ਰਹੇ ਅਤੇ ਇਨ੍ਹਾਂ ਉਤੇ ਕਾਲ ਜਾਂ ਮਾਇਆ ਦਾ ਕਿਸੇ ਪ੍ਰਕਾਰ ਦਾ ਕੋਈ ਪ੍ਰਭਾਵ ਨਾ ਪਿਆ । ਇਨ੍ਹਾਂ ਨੂੰ ਵਿਸ਼ਣੂ ਤੋਂ ਸਦਾ ਜਵਾਨ ਰਹਿਣ ਦਾ ਵਰ ਪ੍ਰਾਪਤ ਹੋਇਆ ਦਸਿਆ ਜਾਂਦਾ ਹੈ । ਇਨ੍ਹਾਂ ਵਿਚੋਂ ਸਨਤ ਕੁਮਾਰ ਦਾ ਨਾਂ ਅਧਿਕ ਪ੍ਰਸਿੱਧ ਹੋਇਆ । 'ਛਾਂਦੋਗ੍ਯ ਉਪਨਿਸ਼ਦ' ਅਨੁਸਾਰ ਇਸ ਨੇ ਨਾਰਦ ਦਾ ਅਗਿਆਨ ਦੂਰ ਕਰਕੇ ਆਤਮ-ਵੇਤਾ ਬਣਾਇਆ ।

'ਮਹਾਭਾਰਤ' (ਸ਼ਾਂਤੀ-ਪਰਵ) ਵਿਚ ਲਿਖਿਆ ਹੈ ਕਿ ਇਕ ਵਾਰ ਕੁਝ ਮੁਨੀਆਂ ਵਿਚ ਇਸ ਵਿਸ਼ੇ ਨੂੰ ਲੈ ਕੇ ਵਿਵਾਦ ਚਲ ਪਿਆ ਕਿ ਜਗਤ ਦੀ ਸੱਤਾ ਸੁਤੰਤਰ ਹੈ ਜਾਂ ਈਸ਼ਵਰ

ਸਹਿਤ ਹੈ। ਉਨ੍ਹਾਂ ਦੇ ਇਸ ਵਿਵਾਦ ਨੂੰ ਸੁਲਝਾਉਣ ਵਿਚ ਵਸਿਸ਼ਠ ਅਤੇ ਨਾਰਦ ਵੀ ਅਸਮਰਥ ਰਹੇ। ਤਦੋਂ ਉਨ੍ਹਾਂ ਨੂੰ ਕਿਸੇ ਗ਼ੈਬੀ ਸ਼ਕਤੀ ਨੇ ਸਨਤ ਕੁਮਾਰ ਪਾਸ ਭੇਜਿਆ। ਸਨਤ ਕੁਮਾਰ ਨੇ ਸਾਰਿਆਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਈਸ਼ਵਰ, ਜੀਵ, ਜਗਤ ਦੇ ਵਾਸਤਵਿਕ ਸਰੂਪ ਤੋਂ ਜਾਣਕਾਰ ਕਰਦਿਆਂ ਹਰ ਪ੍ਰਕਾਰ ਦੀਆਂ ਸ਼ੰਕਾਵਾਂ ਦਾ ਸਮਾਧਾਨ ਕੀਤਾ।

ਪੁਰਾਣ-ਸਾਹਿੱਤ ਅਨੁਸਾਰ ਇਹ ਚਾਰੇ ਭਰਾ ਸੰਸਾਰ ਦੀ ਸੈਰ ਲਈ ਨਿਕਲੇ। ਫਿਰ ਪ੍ਰਭੂ ਦੇ ਦਰਸ਼ਨਾਂ ਲਈ ਪਰਲੋਕ ਗਏ। ਪਰ ਉਥੇ ਖੜੇ ਜੈ ਅਤੇ ਬਿਜੈ ਨਾਂ ਦੇ ਦੁਆਰਪਾਲਾਂ ਨੇ ਇਨ੍ਹਾਂ ਨੂੰ ਅੰਦਰ ਵੜਨ ਨਾ ਦਿੱਤਾ। ਦੋਵੇਂ ਦੁਆਰਪਾਲ ਸੱਕੇ ਭਰਾ ਸਨ। ਉਨ੍ਹਾਂ ਦੇ ਇਸ ਵਿਵਹਾਰ ਤੋਂ ਸਨਕ ਨੇ ਨਾਰਾਜ਼ ਹੋ ਕੇ ਸਰਾਪ ਦੇ ਦਿੱਤਾ ਅਤੇ ਉਹ ਦੋਵੇਂ ਹਰਨਾਖਸ (ਹਿਰਣੵਕ੍ਸ਼ਿਪ) ਅਤੇ ਹਰਣਾਖ (ਹਿਰਣੵਾਕ੍ਸ਼) ਬਣੇ। ਦੂਜੇ ਜਨਮ ਵਿਚ ਉਹ ਕੁੰਭਕਰਣ ਅਤੇ ਰਾਵਣ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਤੀਜੇ ਜਨਮ ਵਿਚ ਉਨ੍ਹਾਂ ਨੇ ਸ਼ਿਸ਼ੁਪਾਲ ਅਤੇ ਦੰਤਵਕ੍ਰ ਦਾ ਰੂਪ ਧਾਰਣ ਕੀਤਾ। ਉਨ੍ਹਾਂ ਨੂੰ ਤਿੰਨਾਂ ਜਨਮਾਂ ਵਿਚ ਸਹੀ ਮਾਰਗ ਉਤੇ ਪਾਉਣ ਲਈ ਸਨਕ ਨੂੰ ਵੀ ਤਿੰਨ ਜਨਮ ਧਾਰਣ ਕਰਨੇ ਪਏ, ਜਿਵੇਂ ਪਹਿਲੇ ਵਿਚ ਪ੍ਰਹਿਲਾਦ, ਦੂਜੇ ਵਿਚ ਹਨੂਮਾਨ ਅਤੇ ਤੀਜੇ ਵਿਚ ਅਕ੍ਰੂਰ। ਇਨ੍ਹਾਂ ਤਿੰਨਾਂ ਜਨਮਾਂ ਵਿਚ ਪ੍ਰਭੂ ਸਨਕ ਦੇ ਅੰਗ-ਸੰਗ ਰਹੇ। ਗੁਰਬਾਣੀ ਵਿਚ "ਇਨ੍ਹਾਂ ਚੌਹਾਂ ਭਰਾਵਾਂ ਵਲ ਸੰਕੇਤ ਹੋਇਆ ਹੈ—'ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ ਤਿਨ੍ਹ ਕਉ ਮਹਲੁ ਦੁਲਭਾਵਉ।' (ਅ. ਗ੍ਰੰ. 401)।

ਸਨਤ-ਕੁਮਾਰ : ਵੇਖੋ 'ਸਨਕਾਦਿਕ'।

ਸਨਾਤਨ : ਵੇਖੋ 'ਸਨਕਾਦਿਕ'।

ਸ਼ਨੀ, ਗ੍ਰਹ : ਨੌਂ ਗ੍ਰਹਿਆਂ ਅਥਵਾ ਨਛੱਤ੍ਰਾਂ ਵਿਚੋਂ ਸੱਤਵਾਂ ਜਿਸ ਨੂੰ 'ਛਨਿੱਚਰ' (ਸ਼ਨੈਸ਼੍ਚਰ—ਭਾਵ ਹੌਲੀ-ਹੌਲੀ ਚਲਣ ਵਾਲਾ) ਵੀ ਕਿਹਾ ਜਾਂਦਾ ਹੈ। ਇਸ ਬਾਰੇ ਧਾਰਣਾ ਹੈ ਕਿ ਇਸ ਦਾ ਰੰਗ ਕਾਲਾ ਹੈ ਅਤੇ ਇਸ ਦੇ ਬਸਤ੍ਰ ਵੀ ਕਾਲੇ ਰੰਗ ਦੇ ਹਨ। ਇਹ ਬਹੁਤ ਚਮਕੀਲਾ ਹੈ। ਇਕ ਰਵਾਇਤ ਅਨੁਸਾਰ ਇਹ ਸੂਰਜ ਦਾ ਪੁੱਤਰ ਹੈ ਜੋ ਛਾਯਾ ਦੀ ਕੁੱਖੋਂ ਪੈਦਾ ਹੋਇਆ ਸੀ। ਇਸ ਲਈ ਇਸ ਦਾ ਇਕ ਨਾਮਾਂਤਰ 'ਸ਼ੌਰ' ਪ੍ਰਚਲਿਤ ਹੋਇਆ। ਦੂਜੀ ਰਵਾਇਤ ਅਨੁਸਾਰ ਇਸ ਨੂੰ ਬਲਰਾਮ ਅਤੇ ਰੇਵਤੀ ਦਾ ਪੁੱਤਰ ਮੰਨਿਆ ਜਾਂਦਾ ਹੈ। ਇਸ ਨੂੰ ਦੇਵਤਿਆਂ ਵਿਚ ਵੀ ਗਿਣਿਆ ਜਾਂਦਾ ਹੈ।

ਇਸ ਨੂੰ ਅਸ਼ੁਭ ਗ੍ਰਹ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਪ੍ਰਭਾਵ ਬਹੁਤ ਭੈੜਾ ਹੈ। ਇਹੀ ਕਾਰਣ ਹੈ ਕਿ ਇਸ ਨੂੰ ਕ੍ਰੂਰਲੋਚਨ ਜਾਂ ਕ੍ਰੂਰਦ੍ਰਿਸ਼ (ਭੈੜੀ ਦ੍ਰਿਸ਼ਟੀ ਵਾਲਾ) ਵੀ ਕਿਹਾ ਜਾਂਦਾ ਹੈ। 'ਸ਼ਿਵ-ਪੁਰਾਣ' (ਪੂਰਵਾਰਧ/4) ਵਿਚ ਲਿਖਿਆ ਹੈ ਗਿਰਜਾ (ਪਾਰਬਤੀ) ਦੇ ਬਾਲਕ (ਗਣੇਸ਼) ਨੂੰ ਵੇਖਣ ਲਈ ਸਾਰੇ ਦੇਵਤੇ ਪਹੁੰਚੇ। ਉਨ੍ਹਾਂ ਵਿਚ ਸ਼ਾਮਲ ਸ਼ਨੀ ਬਾਲਕ ਨੂੰ ਪੂਰੀਆਂ ਅੱਖਾਂ ਖੋਲ੍ਹ ਕੇ ਨਹੀਂ ਵੇਖ ਰਿਹਾ ਸੀ। ਜਦੋਂ ਗਿਰਜਾ ਨੇ ਇਸ ਦਾ ਕਾਰਣ ਪੁਛਿਆ ਤਾਂ ਇਸ ਨੇ ਦਸਿਆ—"ਪੂਰਵਕਾਲ ਵਿਚ ਮੈਂ ਸ਼ਿਵ ਦੀ ਆਰਾਧਨਾ ਵਿਚ ਮਗਨ ਸਾਂ। ਕਾਮ-ਪੀੜਿਤ ਮੇਰੀ ਪਤਨੀ ਨੇ ਮੈਨੂੰ ਵਾਰ-ਵਾਰ ਬੁਲਾਇਆ,

ਪਰ ਮੈਂ ਆਰਾਧਨਾ ਵਿਚ ਜੁੜਿਆ ਰਿਹਾ। ਖਿਝ ਕੇ ਮੇਰੀ ਪਤਨੀ ਨੇ ਮੈਨੂੰ ਸਰਾਪ ਦਿੱਤਾ ਕਿ ਮੈਂ ਜਿਸ ਨੂੰ ਵੀ ਅੱਖ ਖੋਲ੍ਹ ਕੇ ਵੇਖਾਂਗਾ ਉਹ ਨਸ਼ਟ ਹੋ ਜਾਏਗਾ।" ਗਿਰਜਾ ਨੇ ਕਿਹਾ—"ਕੁਝ ਨਹੀਂ ਹੁੰਦਾ, ਤੂੰ ਬਾਲਕ ਵਲ ਵੇਖ।" ਸ਼ਨੀ ਨੇ ਅੱਖਾਂ ਖੋਲ੍ਹ ਕੇ ਬਾਲਕ ਵਲ ਤਕਿਆ ਤਾਂ ਉਸ ਦਾ ਸਿਰ ਗ਼ਾਇਬ ਹੋ ਗਿਆ। ਗਿਰਜਾ ਬੇਹੋਸ਼ ਹੋ ਗਈ। ਦੇਵਤਿਆਂ ਦੀ ਪ੍ਰੇਰਣਾ ਤੇ ਵਿਸ਼ਣੂ ਨੇ ਇਕ ਹਾਥੀ ਦਾ ਸਿਰ ਕਟ ਕੇ ਬਾਲਕ ਦੀ ਗਰਦਨ 'ਤੇ ਲਗਾ ਦਿੱਤਾ ਅਤੇ ਸ਼ਿਵ ਨੇ ਉਸ ਵਿਚ ਪ੍ਰਾਣ ਫੂਕ ਦਿੱਤੇ।

ਸਨੰਦਨ : ਵੇਖੋ 'ਸਨਕਾਦਿਕ'।

ਸਪਤ-ਸਾਗਰ : ਪੁਰਾਣ-ਸਾਹਿੱਤ ਵਿਚ ਕਲਪਿਤ ਸੱਤ ਸਮੁੰਦਰ ਜਿਨ੍ਹਾਂ ਵਿਚ ਇਕ ਦੁੱਧ ਦਾ, ਦੂਜਾ ਦਹੀ ਦਾ, ਤੀਜਾ ਘਿਉ ਦਾ, ਚੌਥਾ ਗੰਨੇ ਦੇ ਰਸ ਦਾ, ਪੰਜਵਾਂ ਸ਼ਹਿਦ ਦਾ, ਛੇਵਾਂ ਮਿੱਠੇ ਪਾਣੀ ਦਾ ਅਤੇ ਸੱਤਵਾਂ ਖਾਰੇ ਪਾਣੀ ਦਾ ਹੈ। ਇਨ੍ਹਾਂ ਸੱਤਾਂ ਸਮੁੰਦਰਾਂ ਨੇ ਇਕ-ਇਕ ਦੀਪ ਨੂੰ ਘੇਰਿਆ ਹੋਇਆ ਹੈ। 'ਭਾਗਵਤ ਪੁਰਾਣ' ਵਿਚ ਇਨ੍ਹਾਂ ਦੀਪਾਂ ਦੇ ਨਾਂ ਇਸ ਤਰ੍ਹਾਂ ਲਿਖੇ ਹਨ—ਜੰਬੂ, ਪਲਕ੍ਸ਼, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਅਤੇ ਪੁਸ਼ਕਰ। ਗੁਰਬਾਣੀ ਵਿਚ ਉੱਲੇਖ ਹੈ—'ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸਅਸਟ ਪੁਰਾਣਾ' (ਅ. ਗ੍ਰੰ. 84)।

ਬੁਲ੍ਹੇ ਸ਼ਾਹ ਨੇ ਸੱਤ ਸਮੁੰਦਰਾਂ ਦਾ ਸਾਮੰਜਸ ਸੂਫ਼ੀ ਸਾਧਨਾ ਦੀਆਂ ਸੱਤ ਮੰਜ਼ਲਾਂ (ਅਬੂਦੀਅਤ, ਇਸ਼ਕ, ਜ਼ੁਹਦ, ਮਾਰਫ਼ਤ, ਵਜਦ, ਹਕੀਕਤ ਅਤੇ ਵਸਲ) ਨਾਲ ਕੀਤਾ ਹੈ—'ਸੱਤ ਸਮੁੰਦਰ ਦਿਲ ਦੇ ਅੰਦਰ, ਦਿਲ ਸੇ ਲਹਿਰ ਉਠਾਵਾਂਗੀ।'

ਸਪਤ-ਸਿੰਧੂ : ਸੰਸਕ੍ਰਿਤ ਦੇ ਸ਼ਬਦ 'ਸਿੰਧੂ' ਦਾ ਅੱਜ-ਕਲ ਪ੍ਰਚਲਿਤ ਅਰਥ ਸਮੁੰਦਰ ਹੈ, ਪਰ ਵੈਦਿਕ ਸਾਹਿੱਤ ਵਿਚ ਇਸ ਸ਼ਬਦ ਤੋਂ ਭਾਵ ਉਹ ਵੱਡੀ ਨਦੀ ਹੈ ਜਿਸ ਨਾਲ ਹੋਰ ਨਿੱਕੀਆਂ ਨਿੱਕੀਆਂ ਨਦੀਆਂ ਆ ਕੇ ਮਿਲਦੀਆਂ ਹਨ। ਪੁਰਾਤਨ ਕਾਲ ਵਿਚ ਪੰਜਾਬ ਦੀ ਧਰਤੀ ਨੂੰ ਸਪਤ-ਸਿੰਧੂ ਕਿਹਾ ਜਾਂਦਾ ਸੀ ਕਿਉਂਕਿ ਇਹ ਖੇਤਰ ਸੱਤ ਨਦੀਆਂ—ਅਟਕ, ਜੇਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਅਤੇ ਸਰਸਵਤੀ (ਘੱਘਰ)—ਵਿਚਾਲੇ ਸਥਿਤ ਹੈ। ਹੁਣ ਸਰਸਵਤੀ ਦੇ ਲੁਪਤ ਹੋਣ ਕਾਰਣ ਜਮਨਾ ਨੂੰ ਸੱਤਵੀਂ ਨਦੀ ਗਿਣ ਲਿਆ ਜਾਂਦਾ ਹੈ।

ਕੁਝ ਵਿਦਵਾਨਾਂ ਦੀ ਸਥਾਪਨਾ ਹੈ ਕਿ ਭਾਰਤ ਦਾ ਉੱਤਰ ਖੰਡ ਹੀ ਸਪਤ-ਸਿੰਧੂ ਸੀ ਕਿਉਂਕਿ ਇਥੇ ਹੀ ਗੰਗਾ ਅਤੇ ਉਸ ਦੀਆਂ ਸਹਾਇਕ ਛੇ ਨਦੀਆਂ ਵਗਦੀਆਂ ਹਨ ਜੋ ਸ਼ਿਵ ਦੀਆਂ ਵੱਖਰੀਆਂ ਵੱਖਰੀਆਂ ਜਟਾਵਾਂ ਵਿਚੋਂ-ਨਿਕਲੀਆਂ ਸਨ। 'ਮਹਾਭਾਰਤ' ਵਿਚ ਇਨ੍ਹਾਂ ਸੱਤ ਨਦੀਆਂ ਦੇ ਨਾਂ ਇਸ ਤਰ੍ਹਾਂ ਦਿੱਤੇ ਹਨ—ਵਸੁੌਕਸਾਰਾ, ਨਲਿਨੀ, ਪਾਵਨੀ, ਗੰਗਾ, ਸੀਤਾ, ਜੰਬੂਨਦ ਅਤੇ ਸਿੰਧੂ (ਅਟਕ)।

ਪੁਰਾਣਾਂ ਵਿਚ ਸਿੰਧੂ ਦਾ ਅਰਥ ਸਮੁੰਦਰ ਕਰਦੇ ਹੋਇਆਂ ਸੱਤ ਸਮੁੰਦਰਾਂ ਦੀ ਕਲਪਨਾ ਕੀਤੀ ਗਈ ਹੈ ਜਿਨ੍ਹਾਂ ਨੇ ਸਾਰੀ ਧਰਤੀ ਨੂੰ ਆਪਣੇ ਵਿਚ ਘੇਰਿਆ ਹੋਇਆ ਹੈ। ਇਹ ਸਮੁੰਦਰ ਲੂਣ, ਦੁੱਧ, ਦਹੀ, ਗੰਨੇ ਦੇ ਰਸ, ਸ਼ਰਾਬ, ਸ਼ਹਿਦ ਅਤੇ ਘਿਉ ਦੇ ਬਣੇ ਹੋਏ ਹਨ। 'ਸ' ਅੱਖਰ ਦੀ ਧੁਨੀ ਫ਼ਾਰਸੀ ਵਿਚ 'ਹ' ਦੀ ਧੁਨੀ ਵਿਚ ਬਦਲ ਜਾਣ ਕਰਕੇ

'ਸਪਤ-ਸਿੰਧੁ' ਨੂੰ ਹਫ਼ਤ ਹਿੰਦੂ/ਹਪਤ ਹੇਂਦੂ ਬੋਲਿਆ ਅਤੇ ਲਿਖਿਆ ਜਾਂਦਾ ਹੈ। ਇਸ ਪ੍ਰਵ੍ਰਿੱਤੀ ਅਧੀਨ 'ਸਿੰਧੁ' ਤੋਂ ਭਾਰਤੀਆਂ ਲਈ ਹਿੰਦੂ ਸ਼ਬਦ ਪ੍ਰਚਲਿਤ ਹੋਇਆ ਪ੍ਰਤੀਤ ਹੁੰਦਾ ਹੈ।

ਸਪਤ-ਸ੍ਰਿੰਗ : ਇਹ ਸੰਯੁਕਤ ਸ਼ਬਦ ਪੰਜਾਬੀ ਸਾਹਿੱਤ ਵਿਚ 'ਬਚਿਤ੍ਰ ਨਾਟਕ' ਦੀ ਰਚਨਾ ਦੇ ਨਾਲ ਦਾਖ਼ਲ ਹੋਇਆ ਹੈ। ਪਿਛਲੇ ਜਨਮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਥੇ ਭਗਤੀ ਕੀਤੀ ਸੀ, ਇਸ ਬਾਰੇ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ –'ਅਬ ਮੈ ਅਪਨੀ ਕਥਾ ਬਖਾਨੋ।/ਤਪ ਸਾਧਤ ਜਿਹਿ ਬਿਧਿ ਮੁਹਿ ਆਨੋ।/ਹੇਮਕੁੰਟ ਪਰਬਤ ਹੈ ਜਹਾਂ।/ ਸਪਤ ਸ੍ਰਿੰਗ ਸੋਭਿਤ ਹੈ ਤਹਾਂ।/ਸਪਤਸ੍ਰਿੰਗ ਤਿਹ ਨਾਮੁ ਕਹਾਵਾ।/ਪੰਡੁ ਰਾਜ ਜਹ ਜੋਗੁ ਕਮਾਵਾ' (ਛੇਵਾਂ ਅਧਿ.)।

'ਸ੍ਰਿੰਗ' ਤੋਂ ਭਾਵ ਹੈ ਚੋਟੀ। ਸਪਤ-ਸ੍ਰਿੰਗ ਹਿਮਾਲਯ ਪਰਬਤਮਾਲਾ ਵਿਚਲੀ ਉਹ ਸਥਿਤੀ ਹੈ ਜਿਥੇ ਸੱਤ ਪਹਾੜੀ ਚੋਟੀਆਂ ਇਕੱਠੀਆਂ ਹਨ। ਇਹ ਚੋਟੀਆਂ ਬਦਰੀ ਨਾਰਾਇਣ ਦੇ ਨੇੜੇ ਹਨ। ਉਂਜ ਤਾਂ ਬੰਬਈ ਦੇ ਨਾਸਿਕ ਜ਼ਿਲ੍ਹੇ ਵਿਚ ਚਾਂਦੋਰ ਪਰਬਤ-ਧਾਰਾ ਉਤੇ ਸਥਿਤ ਮਹਿਖਾਸੁਰ-ਮਰਦਨੀ (ਦੁਰਗਾ) ਦੇ ਮੰਦਿਰ ਵਾਲੇ ਖੇਤਰ ਨੂੰ ਵੀ 'ਸਪਤ-ਸ੍ਰਿੰਗ' ਨਾਂ ਦੇ ਦਿੱਤਾ ਜਾਂਦਾ ਹੈ, ਪਰ ਉਸ ਦਾ ਪੰਜਾਬੀ ਸਾਹਿੱਤ ਵਿਚ ਵਰਤੇ ਗਏ ਇਸ ਸ਼ਬਦ ਨਾਲ ਕੋਈ ਸੰਬੰਧ ਨਹੀਂ।

ਆਧੁਨਿਕ ਸਿੱਖ ਚਿੰਤਕਾਂ ਨੇ ਸਪਤ-ਸ੍ਰਿੰਗ ਨੂੰ ਮਨੁੱਖ ਦੇਹ ਦੇ ਅੰਤਰ-ਵਰਤੀ ਮੰਨਦੇ ਹੋਇਆਂ ਪੰਜ ਗਿਆਨ ਇੰਦ੍ਰੀਆਂ ਅਤੇ ਚਿੱਤ ਤੇ ਆਤਮਾ ਨੂੰ ਸੱਤ ਚੋਟੀਆਂ ਦਾ ਸੂਚਕ ਮੰਨਿਆ ਹੈ। ਇੰਦ੍ਰੀਆਂ ਅਤੇ ਚਿੱਤ ਦੇ ਟਿਕਾਉ ਨਾਲ ਸਹਿਜ ਸਥਿਤੀ ਪੈਦਾ ਹੁੰਦੀ ਹੈ। ਉਦੋਂ ਕੀਤੀ ਭਗਤੀ ਸੁਰਤਿ ਨੂੰ ਪ੍ਰਭੂ ਨਾਲ ਜੋੜ ਦਿੰਦੀ ਹੈ। ਸਾਧਕ ਲਈ ਇਹ ਦੁਰਲਭ ਸਥਿਤੀ ਹੈ।

ਸਪਤ-ਦੀਪ : 'ਭਾਗਵਤ ਪੁਰਾਣ' ਵਿਚ ਸੱਤ ਦੀਪਾਂ ਦਾ ਉੱਲੇਖ ਹੋਇਆ ਹੈ। ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਜੰਬੂ, ਪਲਕ੍ਸ਼, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਅਤੇ ਪੁਸ਼ਕਰ। ਇਨ੍ਹਾਂ ਨੂੰ ਸਪਤ ਸਾਗਰਾਂ (ਸੱਤ ਸਮੁੰਦਰਾਂ) ਨੇ ਘੇਰਿਆ ਹੋਇਆ ਹੈ।

ਇਹ ਸੱਤ ਦੀਪ ਕਿਵੇਂ ਬਣੇ ? ਇਸ ਬਾਰੇ ਇਕ ਪੌਰਾਣਿਕ ਆਖਿਆਨ ਵਿਚ ਲਿਖਿਆ ਹੈ ਕਿ ਇਕ ਵਾਰ ਰਾਜਾ ਪ੍ਰਿਯਵ੍ਰਤ ਨੇ ਰਾਤ ਨੂੰ ਦਿਨ ਵਿਚ ਬਦਲਣ ਲਈ ਆਪਣੇ ਦੈਵੀ ਰਥ ਉਤੇ ਸਵਾਰ ਹੋ ਕੇ ਸੂਰਜ ਦਾ ਪਿਛਾ ਕੀਤਾ। ਪਿਛਾ ਕਰਨ ਦੌਰਾਨ ਉਸ ਨੇ ਪ੍ਰਿਥਵੀ ਦੇ ਦੁਆਲੇ ਸੱਤ ਗੇੜੇ ਕੱਟੇ, ਪਰ ਸੂਰਜ ਨੂੰ ਰੋਕਣ ਵਿਚ ਸਫਲ ਨਾ ਹੋ ਸਕਿਆ। ਫਿਰ ਬ੍ਰਹਮਾ ਦੇ ਸੁਝਾਉ ਤੇ ਉਹ ਰੁਕ ਗਿਆ। ਉਸ ਰਥ ਦੇ ਪਹੀਇਆਂ ਦੇ ਘੇਰੇ ਵਿਚ ਆਈ ਧਰਤੀ ਸੱਤ ਦੀਪਾਂ ਦੇ ਰੂਪ ਵਿਚ ਬਦਲ ਗਈ। ਗੁਰਬਾਣੀ ਵਿਚ ਇਨ੍ਹਾਂ ਦੀਪਾਂ ਦਾ ਉੱਲੇਖ ਹੋਇਆ ਹੈ—'ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ' (ਆ. ਗ੍ਰੰ. 84)।

ਸਪਤ-ਪੁਰੀ : ਵੇਖੋ 'ਪੁਰੀਆਂ'।

ਸਪਤ-ਰਿਸ਼ੀ : ਹਿੰਦੂ ਧਰਮ-ਗ੍ਰੰਥਾਂ ਵਿਚ ਅਨੇਕ ਰਿਸ਼ੀਆਂ ਦਾ ਉੱਲੇਖ ਮਿਲਦਾ ਹੈ

ਪਰ ਇਨ੍ਹਾਂ ਵਿਚੋਂ ਸੱਤ ਨੂੰ ਸਰਵ ਪ੍ਰਥਮ ਅਥਵਾ ਸ੍ਰੇਸ਼ਠ ਵਿਚਾਰਿਆ ਜਾਂਦਾ ਹੈ। ਇਨ੍ਹਾਂ ਬਾਰੇ ਧਾਰਣਾ ਪ੍ਰਚਲਿਤ ਹੈ ਕਿ ਸੰਸਾਰ ਦੀ ਯਾਤ੍ਰਾ ਖ਼ਤਮ ਕਰਨ ਤੋਂ ਬਾਦ ਇਨ੍ਹਾਂ ਦੇ ਮਹਾਨ ਗੁਣਾਂ ਅਤੇ ਉੱਤਮ ਕਰਮਾਂ ਕਰਕੇ, ਇਨ੍ਹਾਂ ਨੂੰ ਆਕਾਸ਼ ਵਿਚ ਸਦਾ ਪ੍ਰਕਾਸ਼ਮਾਨ ਰਹਿਣ ਦੀ ਸਥਿਤੀ ਪ੍ਰਾਪਤ ਹੋਈ। ਧ੍ਰੂਹ ਤਾਰੇ ਦੇ ਸਮੀਪ ਮੰਜੀ ਦੀ ਸ਼ਕਲ ਵਿਚ ਵਿਚਰਣ ਕਰਨ ਵਾਲੇ ਸੱਤ ਤਾਰਿਆਂ ਦੇ ਸਮੂਹ ਦਾ ਸੰਬੰਧ ਇਨ੍ਹਾਂ ਸੱਤ ਰਿਸ਼ੀਆਂ ਨਾਲ ਜੋੜਿਆ ਜਾਂਦਾ ਹੈ।

ਪੁਰਾਤਨ ਗ੍ਰੰਥਾਂ ਵਿਚ ਇਨ੍ਹਾਂ ਸੱਤ ਰਿਸ਼ੀਆਂ ਦੇ ਨਾਂ ਇਕ-ਸਮਾਨ ਲਿਖੇ ਹੋਏ ਨਹੀਂ ਮਿਲਦੇ। 'ਮਹਾਭਾਰਤ' ਵਿਚ ਇਨ੍ਹਾਂ ਦੇ ਨਾਂ ਹਨ—ਮਰੀਚਿ, ਅਤ੍ਰਿ, ਪੁਲਹ, ਪੁਲਸਤ੍ਯ, ਕ੍ਰਤੁ, ਅੰਗਿਰਾ ਅਤੇ ਵਸਿਸ਼ਠ। ਪਰ 'ਸ਼ਤਪਥ ਬ੍ਰਾਹਮਣ' ਅਤੇ 'ਭਾਗਵਤ ਪੁਰਾਣ' ਵਿਚ ਇਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ—ਕਸ਼੍ਯਪ, ਅਤ੍ਰਿ, ਵਸਿਸ਼ਠ, ਵਿਸ਼੍ਵਾਮਿਤ੍ਰ, ਗੌਤਮ, ਜਮਦਗਨੀ ਅਤੇ ਭਰਦਵਾਜ। ਇਨ੍ਹਾਂ ਸੰਬੰਧੀ ਅਨੇਕ ਆਖਿਆਨ ਇਤਿਹਾਸ ਅਤੇ ਪੁਰਾਣ ਸਾਹਿੱਤ ਵਿਚ ਮਿਲਦੇ ਹਨ।

ਇਹ ਸਾਰੇ ਰਿਸ਼ੀ ਗ੍ਰਿਹਸਥੀ ਸਨ ਅਤੇ ਇਨ੍ਹਾਂ ਦੀਆਂ ਪਤਨੀਆਂ ਦੇ ਨਾਂ ਕ੍ਰਮਵਾਰ ਇਸ ਪ੍ਰਕਾਰ ਹਨ—ਅਦਿਤੀ, ਅਨਸੂਯਾ, ਅਰੁਧੰਤੀ, ਮੇਨਕਾ, ਅਹਿਲਿਆ, ਰੇਣੁਕਾ ਅਤੇ ਘ੍ਰਿਤਾਚੀ। ਇਨ੍ਹਾਂ ਸੱਤ ਰਿਸ਼ੀ-ਪਤਨੀਆਂ ਵਿਚੋਂ ਅਰੁਧੰਤੀ ਬਾਰੇ ਰਵਾਇਤ ਪ੍ਰਚਲਿਤ ਹੈ ਕਿ ਆਪਣੇ ਸ੍ਰੇਸ਼ਠ ਕਰਮਾਂ ਕਰਕੇ ਇਸ ਨੂੰ ਵੀ ਆਪਣੇ ਪਤੀ ਦੇ ਨੇੜੇ ਆਕਾਸ਼ ਵਿਚ ਤਾਰਾ ਬਣਨ ਦਾ ਗੌਰਵ ਪ੍ਰਾਪਤ ਹੋਇਆ ਹੈ। ਵਿਆਹ-ਸੰਸਕਾਰ ਵੇਲੇ ਹਿੰਦੂ ਮਤ ਵਾਲੇ ਵੇਦੀ ਉਤੇ ਬੈਠੀ ਕੰਨਿਆ ਨੂੰ ਅਰੁਧੰਤੀ ਤਾਰੇ ਦੇ ਦਰਸ਼ਨ ਕਰਾਉਣਾ ਸ਼ੁਭ ਕਰਮ ਸਮਝਦੇ ਹਨ।

ਸ਼ਬ-ਕ਼ਦਰ : ਉਹ ਰਾਤ ਜਿਸ ਵਿਚ ਹਜ਼ਰਤ ਮੁਹੰਮਦ ਨੂੰ 'ਕੁਰਾਨ' ਨਾਜ਼ਿਲ ਹੋਣਾ ਸ਼ੁਰੂ ਹੋਇਆ। ਅਰਥਾਤ ਉਸ ਰਾਤ ਤੋਂ 'ਕੁਰਾਨ' ਦੀਆਂ ਆਇਤਾਂ ਆਵੇਸ਼ਿਤ ਹੋਣ ਲਗੀਆਂ। ਇਹ ਰਾਤ 'ਰਮਜ਼ਾਨ' ਮਹੀਨੇ ਦੀ ਸਤਾਈਵੀਂ ਰਾਤ ਹੈ। ਇਸ ਨੂੰ 'ਲੈਲਤੁਲ ਕ਼ਦਰ' ਅਤੇ 'ਲੈਲਤੁਲ ਮੁਬਾਰਕ' ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਮੁਸਲਮਾਨਾਂ ਅਨੁਸਾਰ ਬਹੁਤ ਪਵਿੱਤਰ ਹੈ। ਇਸ ਨੂੰ ਬਰਕਤ ਵਾਲੀ ਰਾਤ ਸਮਝ ਕੇ ਇਹ ਧਾਰਣਾ ਬਣ ਗਈ ਹੈ ਕਿ ਇਸ ਰਾਤ ਨੂੰ ਕੀਤੀ ਗਈ ਇਬਾਦਤ (ਭਗਤੀ) ਦਾ ਮਹਾਤਮ ਹੋਰਾਂ ਹਜ਼ਾਰ ਰਾਤਾਂ ਦੀ ਇਬਾਦਤ ਤੋਂ ਵਧੇਰੇ ਹੈ। ਪਰ ਸੂਫ਼ੀ ਫ਼ਕੀਰ ਪ੍ਰੀਤਮ ਦੇ ਸੰਜੋਗ-ਸੁਖ ਵਾਲੀ ਰਾਤ ਨੂੰ ਇਸ ਦੇ ਮੁਕਾਬਲੇ ਅਨੋਖਾ ਜਾਂ ਅਦਭੁਤ ਸਮਝਦੇ ਹਨ। ਅਲੀ ਹੈਦਰ ਨੇ ਕਿਹਾ ਹੈ—'ਸ਼ਬ ਕ਼ਦਰ ਦੀ ਰਾਤ ਭੀ ਬਹੂੰ ਚੰਗੀ,/ਪਰ ਵਸਲ ਦੀ ਰਾਤ ਅਨੋਖੜੀ ਦੇ।'

ਸ਼ਬਦ : ਭਾਸ਼ਾਈ ਦ੍ਰਿਸ਼ਟੀ ਤੋਂ 'ਸ਼ਬਦ' ਦਾ ਅਰਥ ਹੈ ਧੁਨੀ ਜਾਂ ਆਵਾਜ਼। ਇਹ ਆਵਾਜ਼ ਵਸਤੂ ਸੂਚਕ ਵੀ ਹੋ ਸਕਦੀ ਹੈ ਅਤੇ ਨਾਦ-ਸੂਚਕ ਵੀ। ਪਰ ਇਹ ਸ਼ਬਦ ਦਾ ਦੁਨਿਆਵੀ ਰੂਪ ਹੈ। ਮੱਧ-ਯੁਗ ਦੇ ਸੰਤਾਂ ਨੇ ਇਸ ਨੂੰ ਵਿਸ਼ੇਸ਼ ਪਰਿਭਾਸ਼ਿਕ ਰੂਪ ਵਿਚ ਵਰਤ ਕੇ ਇਸ ਦਾ ਸੰਬੰਧ ਅਧਿਆਤਮਿਕ ਜਗਤ ਨਾਲ ਜੋੜਿਆ ਹੈ। ਇਸ ਨੂੰ ਸ਼ਬਦ

ਦਾ ਅਧਿਆਤਮੀ ਰੂਪ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਨੇ ਜਪੁਜੀ ਦੀ ਆਖ਼ੀਰਲੀ ਪਉੜੀ ਵਿਚ ਅਜਿਹੇ ਸ਼ਬਦ ਨੂੰ ਘੜਨ ਵਾਲੀ ਟਕਸਾਲ ਦਾ ਸਰੂਪ ਸਪੱਸ਼ਟ ਕੀਤਾ ਹੈ। ਇਹ, ਅਸਲ ਵਿਚ, ਸੱਚੀ ਅਤੇ ਰੂਹਾਨੀ ਟਕਸਾਲ ਹੈ।

ਜਿਵੇਂ ਦੁਨਿਆਵੀ ਸ਼ਬਦ ਕਿਸੇ ਵਸਤੂ ਜਾਂ ਨਾਦ ਦਾ ਸੂਚਕ ਹੈ, ਤਿਵੇਂ ਅਧਿਆਤਮੀ ਸ਼ਬਦ ਪਰਮਾਤਮਾ ਦਾ ਸੂਚਕ ਹੈ। ਜਿਸ ਤਰ੍ਹਾਂ ਕਿਸੇ ਵਸਤੂ ਅਤੇ ਉਸ ਦੇ ਨਾਂ ਵਿਚ ਕੋਈ ਫ਼ਰਕ ਨਹੀਂ, ਉਸੇ ਤਰ੍ਹਾਂ ਪਰਮਾਤਮਾ ਅਤੇ ਉਸ ਦੇ ਸ਼ਬਦ ਵਿਚ ਵੀ ਕੋਈ ਫ਼ਰਕ ਨਹੀਂ ਹੈ, ਦੋਵੇਂ ਇਕ ਹੀ ਹਨ। ਇਹੀ ਕਾਰਣ ਹੈ ਕਿ ਬਹੁਤ ਸਾਰੇ ਧਰਮਾਂ ਵਿਚ ਸ਼ਬਦ ਤੋਂ ਹੀ ਸੰਸਾਰ ਦੀ ਉਤਪੱਤੀ ਮੰਨੀ ਗਈ ਹੈ। ਭਾਰਤੀ ਦਰਸ਼ਨ ਵਿਚ ਇਸ ਨੂੰ ਪਰਮਾਤਮਾ ਨਾਲ ਅਭੇਦ ਮੰਨਿਆ ਗਿਆ ਹੈ। 'ਯੋਗ-ਸੂਤ੍ਰ' ਵਿਚ 'ਤਸ੍ਯ ਵਾਚਕ: ਪ੍ਰਣਵ:' ਕਹਿ ਕੇ ਸ਼ਬਦ-ਬ੍ਰਹਮ ਦੀ ਮਾਨਤਾ ਸਥਾਪਿਤ ਕੀਤੀ ਗਈ ਹੈ।

ਗੁਰਬਾਣੀ ਵਿਚ ਸ਼ਬਦ ਨੂੰ ਸਾਰੇ ਸੰਸਾਰ ਨੂੰ ਪੈਦਾ ਕਰਨ ਵਾਲਾ ਅਤੇ ਸਮੁੱਚਾ ਸੰਚਾਲਕ ਮੰਨਿਆ ਗਿਆ ਹੈ। ਰਾਮਕਲੀ ਰਾਗ ਵਿਚ 'ਓਅੰਕਾਰ' ਅਤੇ 'ਸਿਧ ਗੋਸਟਿ' ਨਾਂ ਦੀਆਂ ਬਾਣੀਆਂ ਵਿਚ ਪਰਮਾਤਮਾ ਅਤੇ ਸ਼ਬਦ ਦੀ ਅਭੇਦਤਾ ਦਰਸਾਈ ਗਈ ਹੈ। ਇਸ ਨੂੰ ਨਾਮ ਅਤੇ ਹੁਕਮ ਵੀ ਕਿਹਾ ਜਾ ਸਕਦਾ ਹੈ। 'ਸਿਧ ਗੋਸਟਿ' ਵਿਚ ਗੁਰੂ ਨਾਨਕ ਦੇਵ ਤੋਂ ਸਿੱਧਾਂ ਨੇ ਪੁਛਿਆ ਕਿ ਉਸ ਸ਼ਬਦ ਦਾ ਨਿਵਾਸ ਕਿਥੇ ਹੈ, ਜਿਸ ਰਾਹੀਂ ਇਸ ਸੰਸਾਰ ਨੂੰ ਤਰਿਆ ਜਾ ਸਕਦਾ ਹੈ—'ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲ ਸੰਸਾਰੋ'। ਉੱਤਰ ਵਿਚ ਗੁਰੂ ਜੀ ਨੇ ਦਸਿਆ ਕਿ ਉਹ ਸ਼ਬਦ ਸਰਵ-ਵਿਆਪਕ ਅਤੇ ਅਲੱਖ ਹੈ। ਉਹ ਅਫੁਰ ਬ੍ਰਹਮ ਵਿਚ ਨਿਵਾਸ ਕਰਦਾ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਉਹ ਮਨੁੱਖ ਦੇ ਹਿਰਦੇ ਵਿਚ ਵਸ ਜਾਂਦਾ ਹੈ। ਫਿਰ ਉਸ ਦੇ ਭਰਮ ਅਤੇ ਦੋਸ਼ ਮਿਟ ਜਾਂਦੇ ਹਨ, ਤਨ ਮਨ ਨਿਰਮਲ ਹੋ ਜਾਂਦਾ ਹੈ, ਮਾਯਾ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ। ਸਮਦਰਸੀ ਬਿਰਤੀ ਦਾ ਵਿਕਾਸ ਹੋ ਜਾਂਦਾ ਹੈ।

ਨਾਦ ਰੂਪ ਹੋਣ ਕਰਕੇ 'ਸ਼ਬਦ' ਨੂੰ 'ਅਨਾਹਤ ਨਾਦ' ਵੀ ਕਿਹਾ ਜਾਂਦਾ ਹੈ। ਦੁਨਿਆਵੀ ਨਾਦ ਕਿਸੇ ਰਗੜ ਜਾਂ ਸੱਟ ਤੋਂ ਪੈਦਾ ਹੁੰਦਾ ਹੈ, ਪਰ ਅਧਿਆਤਮੀ ਨਾਦ ਬਿਨਾ ਕਿਸੇ ਚੋਟ ਦੇ ਆਪਣੇ ਆਪ ਪੈਦਾ ਹੁੰਦਾ ਹੈ। ਇਹ ਨਾਦ ਅਫੁਰ ਬ੍ਰਹਮ ਦੀ ਇੱਛਾ ਹੀ ਹੈ ਜੋ ਸਾਰੇ ਸੰਸਾਰ ਵਿਚ ਪਸਰ ਜਾਂਦੀ ਹੈ। ਇਹੀ ਕਾਰਣ ਹੈ ਕਿ ਇਸ ਨੂੰ ਅਨਾਹਤ ਨਾਦ/ਅਨਹਦ ਨਾਦ (ਬਿਨਾ ਚੋਟ ਲਗਣ ਦੇ ਪੈਦਾ ਹੋਣ ਵਾਲਾ) ਕਿਹਾ ਗਿਆ ਹੈ। ਇਸ ਨੂੰ ਕੋਈ ਅਭਿਆਸੀ ਧਰਮ ਸਾਧਕ ਹੀ ਸੁਣ ਸਕਦਾ ਹੈ। ਭਾਈ ਵੀਰ ਸਿੰਘ ਅਨੁਸਾਰ ਇਹ ਪਰਮ ਟਿਕਾਉ ਦੀ ਅਵਸਥਾ ਦਾ ਅਨੁਭਵ ਹੈ, ਇਸ ਲਈ ਕੰਨਾਂ ਨਾਲ ਸੁਣਨ ਦਾ ਵਿਸ਼ਾ ਨਹੀਂ। ਡਾ. ਬਲਬੀਰ ਸਿੰਘ ਦੀ ਸਥਾਪਨਾ ਹੈ ਕਿ ਅਨਹਦ ਨਾਦ ਦਾ ਅਨੁਭਵ ਉਸ ਵੇਲੇ ਖੁਲ੍ਹਦਾ ਹੈ ਜਿਸ ਵੇਲੇ ਕੁਦਰਤ ਵਿਚ ਵਸ ਰਹੇ ਸ਼ਬਦ ਦੀ ਗੂੰਜ ਮਨੁੱਖ ਦੇ ਹਿਰਦੇ ਦੀਆਂ ਮਹਿਰਾਬਾਂ ਵਿਚ ਗੂੰਜ ਉਠਦੀ ਹੈ।

ਗੁਰੂ ਨਾਨਕ ਦੇਵ ਨੇ ਅਨਹਦ ਸ਼ਬਦ ਰਾਹੀਂ ਹੀ ਪਰਮਾਤਮਾ ਨਾਲ ਮੇਲ ਸੰਭਵ ਦਸਿਆ ਹੈ। ਇਸ ਤੋਂ ਬਿਨਾ ਸਾਰਾ ਸੰਸਾਰ ਭਰਮਾਂ ਵਿਚ ਗ੍ਰਸਿਆ ਹੋਇਆ ਆਵਾਗਵਣ

ਦੇ ਚੱਕਰ ਕਟਦਾ ਹੈ—'ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ।' ਗੁਰੂ ਨਾਨਕ ਦੇਵ ਨੇ ਸ਼ਬਦ ਨੂੰ ਗੁਰੂ ਅਤੇ ਪੀਰ ਤੁਲ ਮੰਨ ਕੇ ਇਸ ਦਾ ਸਰੂਪ ਗਹਿਰ-ਗੰਭੀਰ ਦਸਿਆ ਹੈ। ਇਸ ਤੋਂ ਬਿਨਾ ਸੰਸਾਰ ਸੁੱਧ ਬੁੱਧ ਖੋਹ ਬਹਿੰਦਾ ਹੈ—'ਸਬਦੁ ਗੁਰੂ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ।'

ਗੁਰਬਾਣੀ ਵਿਚ ਪਰਮਾਤਮਾ ਅਤੇ ਗੁਰੂ ਵਿਚ ਅਭੇਦਤਾ ('ਗੁਰ ਮਹਿ ਆਪੁ ਰਖਿਆ ਕਰਤਾਰੇ') ਮੰਨਣ ਕਰਕੇ ਸ਼ਬਦ ਅਤੇ ਗੁਰੂ-ਸ਼ਬਦ ਵਿਚ ਵੀ ਕੋਈ ਅੰਤਰ ਨਹੀਂ ਕੀਤਾ ਗਿਆ। ਇਸ ਲਈ ਗੁਰਬਾਣੀ ਦੀ ਅਹਿਮੀਅਤ ਸ਼ਬਦ ਜਿੰਨੀ ਹੀ ਹੈ। ਗੁਰਬਾਣੀ ਅਨੁਸਾਰ ਇਸ ਸ਼ਬਦ ਦੀ ਆਰਾਧਨਾ ਉਹ ਜਿਗਿਆਸੂ ਕਰ ਸਕਦਾ ਹੈ ਜੋ ਮਿਹਨਤ ਕਰਕੇ ਕਮਾਈ ਕਰਦਾ ਹੈ ਅਤੇ ਹੋਰਾਂ ਨਾਲ ਵੰਡ ਕੇ ਖਾਂਦਾ ਹੈ। ਸ਼ਬਦ ਦੀ ਆਰਾਧਨਾ ਹੀ ਸ੍ਰੇਸ਼ਠ ਧਰਮ ਹੈ, ਇਹੀ ਅਤਿ ਉੱਤਮ ਕਰਮ ਹੈ—'ਸਰਬ ਧਰਮ ਮਹਿ ਸ੍ਰੇਸਟ ਧਰਮੁ।ਹਰਿ ਕੋ ਨਾਮੁ ਜਪਿ ਨਿਰਮਲੁ ਕਰਮੁ' ('ਸੁਖਮਨੀ')।

ਸਪੱਸ਼ਟ ਹੈ ਕਿ 'ਸ਼ਬਦ' ਬ੍ਰਹਮ ਦਾ ਵਾਚਕ ਹੈ। ਇਸ ਦਾ ਬਿੰਬ ਗੁਰੂ-ਸ਼ਬਦ ਵਿਚ ਵੀ ਮੌਜੂਦ ਹੈ। ਗੁਰਬਾਣੀ ਸ਼ਬਦ ਰੂਪ ਹੀ ਹੈ। ਇਹ ਅਨੁਭਵ ਦੀ ਵਸਤੂ ਹੈ, ਤਰਕ ਦੀ ਨਹੀਂ।

ਸ਼ਬਦ-ਸੁਰਤਿ-ਯੋਗ : ਵੇਖੋ 'ਨਾਮ, ਸਾਧਨਾ'।

ਸ਼ਬਰਾਤ : ਇਕ ਮੁਸਲਮਾਨੀ ਤਿਉਹਾਰ ਜੋ ਹਿਜਰੀ ਸੰਨ ਦੇ ਸ਼ਅਬਾਨ ਮਹੀਨੇ ਦੀ ਪੰਦਰ੍ਹਵੀਂ ਰਾਤ ਨੂੰ ਪੈਂਦਾ ਹੈ। ਇਹ ਸ਼ਬਦ ਸ਼ਬ (ਰਾਤ) ਅਤੇ ਬਰਾਤ (ਵਹੀ, ਚਿੱਠੀ ਆਦਿ) ਦਾ ਸਰਲੀਕ੍ਰਿਤ ਰੂਪ ਹੈ। ਇਸ ਰਾਤ ਨੂੰ ਆਕਾਸ਼ ਤੋਂ ਫ਼ਰਿਸ਼ਤੇ ਧਰਤੀ ਉਤੇ ਆਉਂਦੇ ਹਨ ਅਤੇ ਲੋਕਾਂ ਉਤੇ ਰੱਬੀ ਰਹਿਮਤਾਂ ਨਾਜ਼ਿਲ ਕਰਦੇ ਹਨ। ਇਸ ਰਾਤ ਨੂੰ ਬੀਤੇ ਸਾਲ ਦੇ ਕਰਮਾਂ ਦਾ ਹਿਸਾਬ-ਕਿਤਾਬ ਚੁਕਾਇਆ ਜਾਂਦਾ ਹੈ ਅਤੇ ਅਗਲੇ ਸਾਲ ਦੀਆਂ ਤਕਦੀਰਾਂ ਲਿਖੀਆਂ ਜਾਂਦੀਆਂ ਹਨ। ਇਸ ਲਈ ਹਜ਼ਰਤ ਮੁਹੰਮਦ ਸਾਹਿਬ ਦਾ ਆਦੇਸ਼ ਹੈ ਕਿ ਇਸ ਰਾਤ ਨੂੰ ਜਗਰਾਤਾ ਕਰ ਕੇ ਮੁਸਲਮਾਨ ਲੋਕ ਇਬਾਦਤ ਕਰਨ ਅਤੇ 'ਕੁਰਾਨ' ਦੇ ਪੰਜਾਹ ਰੁਕੂਅ ਪੜ੍ਹਨ। ਇਸ ਰਾਤ ਨੂੰ ਦਾਨ ਕਰਨ ਦਾ ਵੀ ਬਹੁਤ ਮਹੱਤਵ ਹੈ।

ਇਸ ਰਾਤ ਨੂੰ ਮੁਸਲਮਾਨ ਲੋਕ ਆਪਣੀਆਂ ਰਿਸ਼ਤੇਦਾਰੀਆਂ ਵਿਚ ਹੋਈਆਂ ਨਾਰਾਜ਼ਗੀਆਂ ਖ਼ਤਮ ਕਰਕੇ ਇਕ ਦੂਜੇ ਦੇ ਘਰ ਜਾਂਦੇ ਹਨ ਅਤੇ ਸਨੇਹੀਆਂ ਨਾਲ ਬੈਠ ਕੇ ਕਈ ਪ੍ਰਕਾਰ ਦੇ ਪਕਵਾਨ ਖਾਂਦੇ ਹਨ; ਰੌਸ਼ਨੀ ਅਤੇ ਆਤਿਸ਼ਬਾਜ਼ੀ ਦੀ ਵਿਵਸਥਾ ਵੀ ਕੀਤੀ ਜਾਂਦੀ ਹੈ। ਅਲੀ ਹੈਦਰ ਨੇ ਪ੍ਰੀਤਮ ਨਾਲ ਪਰਮ-ਸੰਯੋਗੀ ਰਾਤ ਨੂੰ ਸ਼ਬਰਾਤ ਤੋਂ ਸ੍ਰੇਸ਼ਠ ਮੰਨਦਿਆਂ ਲਿਖਿਆ ਹੈ—'ਰਾਤ ਵਿਸਾਲ ਦੀ ਅਫ਼ਜ਼ਲ ਮੈਨੂੰ, ਕ੍ਰਦਰ ਅਤੇ ਸ਼ਬਰਾਤ ਕੋਨੋ।'

ਇਸ ਬਾਰੇ ਇਹ ਵੀ ਧਾਰਣਾ ਪ੍ਰਚਲਿਤ ਹੈ ਕਿ ਇਸ ਰਾਤ ਨੂੰ ਹਜ਼ਰਤ ਮੁਹੰਮਦ ਦੇ ਇਕ ਸਨੇਹੀ 'ਉਵੈਸ ਕਰਨੀ' ਦੀ ਮ੍ਰਿਤੂ ਹੋਈ ਸੀ। ਇਸ ਨੇ ਹਜ਼ਰਤ ਸਾਹਿਬ ਦੇ ਦੰਦਾਂ ਦੇ ਟੁੱਟਣ ਤੇ ਆਪਣੇ ਦੰਦ ਤੋੜ ਦਿੱਤੇ ਸਨ। ਇਸ ਲਈ ਇਸ ਰਾਤ ਨੂੰ ਬਿਨਾ ਚਿੱਥੇ

ਜਾਣ ਵਾਲਾ ਭੋਜਨ (ਹਲਵਾ) ਤਿਆਰ ਕਰਨ ਦਾ ਰਵਾਜ ਹੈ। ਇਹ ਹਲਵਾ ਫ਼ਕੀਰਾਂ, ਦਰਵੇਸ਼ਾਂ ਅਤੇ ਮਿੱਤਰਾਂ-ਰਿਸ਼ਤੇਦਾਰਾਂ ਵਿਚ ਵੰਡ ਕੇ ਖਾਇਆ ਜਾਂਦਾ ਹੈ।

ਸ਼ਬਰੀ : ਵੇਖੋ 'ਭੀਲਣੀ'।

ਸ਼ਬੇ-ਸ਼ਹਾਦਤ : ਇਮਾਮ ਹੁਸੈਨ ਦੀ ਸ਼ਹੀਦੀ ਵਾਲੀ ਰਾਤ। ਵੇਖੋ 'ਹੁਸੈਨ, ਇਮਾਮ', 'ਮੁਹੱਰਮ'।

ਸ਼ਮਸ, ਤਬਰੇਜ਼ : ਸ਼ਮਸ ਨਾਂ ਦੇ ਦੋ ਸੂਫ਼ੀ ਫ਼ਕੀਰ ਹੋਏ ਹਨ। ਇਹ ਦੋਵੇਂ ਲਗਭਗ ਸਮਕਾਲੀ ਸਨ ਅਤੇ ਦੋਹਾਂ ਦਾ ਅੰਤ ਇਕੋ ਤਰ੍ਹਾਂ ਦਾ ਹੋਇਆ ਮੰਨਿਆ ਜਾਂਦਾ ਹੈ। ਇਸ ਲਈ ਇਨ੍ਹਾਂ ਦੇ ਜੀਵਨ-ਬ੍ਰਿੱਤਾਂਤ ਆਪਸ ਵਿਚ ਰਲਗੱਡ ਹੋ ਗਏ ਹਨ।

ਇਕ ਸ਼ਮਸ ਦਾ ਪੂਰਾ ਨਾਂ ਮਖ਼ਦੂਮਸ਼ਾਹ ਸ਼ਮਸੁੱਦੀਨ ਸੀ ਜਿਸ ਦਾ ਜਨਮ ਖ਼ੁਰਾਸਾਨ ਦੇ ਇਕ ਨਗਰ ਸਬਜ਼ਵਾਰ ਵਿਚ ਸੰਨ 1165 ਈ. ਵਿਚ ਹੋਇਆ। ਇਹ ਇਮਾਮ ਜਾਫ਼ਰ ਦੇ ਵੰਸ਼ ਵਿਚੋਂ ਵੇਦਾਂਤੀ ਵਿਚਾਰਾਂ ਵਾਲਾ ਸੂਫ਼ੀ ਸਾਧਕ ਸੀ। ਇਸ ਦੇ ਜੀਵਨ-ਕਾਲ ਵਿਚ ਹੀ ਇਸ ਦੇ ਨਾਂ ਨਾਲ ਬਹੁਤ ਸਾਰੀਆਂ ਕਰਾਮਾਤਾਂ ਅਤੇ ਚਮਤਕਾਰ ਪ੍ਰਸਿੱਧ ਹੋ ਗਏ ਸਨ। ਆਪਣੇ ਮਤ ਦਾ ਪ੍ਰਚਾਰ ਕਰਦਿਆਂ ਇਹ ਹਿੰਦੁਸਤਾਨ ਵਿਚ ਵੀ ਆਇਆ। ਉਦੋਂ ਮੁਲਤਾਨ ਪੀਰਾਂ ਫ਼ਕੀਰਾਂ ਦੇ ਨਿਵਾਸ ਲਈ ਬਹੁਤ ਪ੍ਰਸਿੱਧ ਸੀ। ਇਸੇ ਲਈ ਇਸ ਨੇ ਮੁਲਤਾਨ ਵਿਚ ਠਹਿਰਣ ਦਾ ਮਨ ਬਣਾਇਆ। ਉਥੇ ਰਹਿ ਕੇ ਇਸ ਨੇ ਆਪਣੇ ਮਤ ਦਾ ਡੱਟ ਕੇ ਪ੍ਰਚਾਰ ਕੀਤਾ ਅਤੇ ਅਨਲਹਕ ਦਾ ਨਾਹਰਾ ਲਾਇਆ। ਇਹ ਗੱਲ ਕੱਟੜਪੰਥੀ ਮੁਸਲਮਾਨਾਂ ਨੂੰ ਪਸੰਦ ਨਾ ਆਈ। ਉਨ੍ਹਾਂ ਦੀ ਸ਼ਿਕਾਇਤ ਤੇ ਉਸ ਵਕਤ ਦੇ ਹਾਕਮ ਨੇ ਇਸ ਨੂੰ ਖਲੜੀ ਉਤਾਰ ਕੇ ਕਤਲ ਕਰਨ ਦੀ ਸਜ਼ਾ ਦਿੱਤੀ। ਕਤਲ ਕਰਨ ਦੀ ਘਟਨਾ ਸੰਨ 1276 ਈ. ਵਿਚ ਹੋਈ ਦਸੀ ਜਾਂਦੀ ਹੈ। ਇਸ ਘਟਨਾ ਵਲ ਬੁਲ੍ਹੇ ਸ਼ਾਹ ਨੇ ਸੰਕੇਤ ਕੀਤਾ ਹੈ—'ਸ਼ਾਹ ਸ਼ਮਸ ਦੀ ਖਲ ਲੁਹਾਇਓ, ਮਨਸੂਰ ਨੂੰ ਚਾ ਸੂਲੀ ਦਵਾਇਓ।' ਸੰਨ 1330 ਈ. ਵਿਚ ਸ਼ਮਸ ਦੇ ਪੋਤਰੇ ਨੇ ਮੁਤਲਾਨ ਵਿਚ ਇਸ ਦਾ ਮਕਬਰਾ ਬਣਾਇਆ। ਸ਼ਮਸ ਫ਼ਾਰਸੀ ਦਾ ਚੰਗਾ ਵਿਦਵਾਨ ਸੀ ਅਤੇ ਇਸ ਨੇ ਫ਼ਾਰਸੀ ਵਿਚ ਕਾਵਿ-ਰਚਨਾ ਵੀ ਕੀਤੀ ਜੋ ਹੁਣ 'ਕੁਲਆਤਿ ਸ਼ਮਸ ਤਬਰੇਜ਼' ਨਾਂ ਅਧੀਨ ਛਪੀ ਹੋਈ ਹੈ। ਇਸ ਦੇ ਅਨੁਯਾਈ ਸ਼ਮਸੀ ਅਖਵਾਉਂਦੇ ਹਨ ਜਿਨ੍ਹਾਂ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਸ਼ਾਮਲ ਹਨ।

ਦੂਜੇ ਸ਼ਮਸ ਦਾ ਪੂਰਾ ਨਾਂ ਸ਼ਮਸੁੱਦੀਨ ਮੁਹੰਮਦ ਸੀ ਜਿਸ ਦਾ ਜਨਮ ਪਹਿਲੇ ਸ਼ਮਸ ਨਾਲੋਂ 43 ਵਰ੍ਹੇ ਬਾਦ ਵਿਚ ਹੋਇਆ। ਇਹ ਵੀ ਵੇਦਾਂਤੀ ਸੂਫ਼ੀ ਸੀ। ਸ਼ੱਰਾ ਦੀਆਂ ਪਾਬੰਦੀਆਂ ਨੂੰ ਨਾ ਮੰਨਣ ਕਾਰਣ ਅਤੇ ਇਸਲਾਮ ਤੋਂ ਵਿਰੁੱਧ ਕੁਝ ਹੋਰ ਸਿੱਧਾਂਤਾਂ ਦਾ ਪ੍ਰਚਾਰ ਕਰਨ ਕਰਕੇ ਮੁਲਤਾਨ ਦੇ ਉਸ ਵਕਤ ਦੇ ਹਾਕਮ ਨੇ ਇਸ ਨੂੰ ਖਲ੍ਹ ਉਤਰਵਾ ਕੇ ਖੂਹ ਵਿਚ ਲਟਕਵਾ ਦਿੱਤਾ। ਬੁਲ੍ਹੇ ਸ਼ਾਹ ਨੇ ਇਸ ਘਟਨਾ ਵਲ ਵੀ ਸੰਕੇਤ ਕੀਤਾ ਹੈ—'ਕੁਮ ਬਾਇਜ਼ਨੀ ਸ਼ਮਸ ਬੋਲੇ, ਉਲਟਾ ਕਰ ਲਟਕਾਇਓ ਈ।'

ਇਨ੍ਹਾਂ ਦੇ ਨਾਂ ਨਾਲ 'ਤਬਰੇਜ਼' ਕਿਉਂ ਜੋੜਿਆ ਜਾਂਦਾ ਹੈ? ਇਸ ਬਾਰੇ ਭਾਈ ਕਾਨ੍ਹ ਸਿੰਘ ਦਾ ਮਤ ਹੈ ਕਿ ਇਨ੍ਹਾਂ ਵਿਚੋਂ ਇਕ ਤਬਰੇਜ਼ ਦਾ ਨਿਵਾਸੀ ਜਾਂ ਜੰਮਪਲ ਸੀ।

ਦੂਜੇ ਮਤ ਅਨੁਸਾਰ ਤਬਰੇਜ਼ ਤੋਂ ਭਾਵ ਹੈ ਤਪਸ਼ ਵਾਲਾ। ਰਵਾਇਤ ਅਨੁਸਾਰ ਇਸ ਨੂੰ ਇਕ ਵਾਰ ਮੱਛੀ ਅਥਵਾ ਕਿਸੇ ਪਸ਼ੂ ਦਾ ਮਾਸ ਪਕਾਉਣ ਲਈ ਕਿਸੇ ਤੋਂ ਅੱਗ ਨਾ ਮਿਲੀ। ਇਸ ਨੇ ਸੂਰਜ ਨੂੰ ਹੁਕਮ ਦਿੱਤਾ ਤਾਂ ਉਸ ਨੇ ਹੇਠਾਂ ਉੱਤਰ ਕੇ ਮਾਸ ਭੁੰਨ ਦਿੱਤਾ। ਉਸ ਦਿਨ ਤੋਂ ਸੂਰਜ ਮੁਲਤਾਨ ਵਿਚ ਅਧਿਕ ਗਰਮੀ ਕਰਦਾ ਆ ਰਿਹਾ ਹੈ।

ਸਮਾਧਿ/ਸਮਾਧੀ : ਅਸ਼ਟਾਂਗ-ਯੋਗ ਦਾ ਅੱਠਵਾਂ ਅੰਗ। ਵੇਖੋ 'ਅਸ਼ਟਾਂਗ-ਯੋਗ'।

ਸਮੁੰਦਰ ਦਾ ਖਾਰਾ-ਪਨ : ਅਗਸਤ ਮੁਨੀ ਦੁਆਰਾ ਸਮੁੰਦਰ ਨੂੰ ਡੀਕ ਕੇ ਫਿਰ ਪੇਸ਼ਾਬ ਰਾਹੀਂ ਖਾਰਜ ਕਰਨ ਕਰਕੇ ਉਸ ਦਾ ਖਾਰਾ ਹੋ ਜਾਣਾ। ਵੇਖੋ 'ਅਗਸਤ, ਮੁਨੀ'।

ਸਮੁੰਦਰ-ਮੰਥਨ : ਅੰਮ੍ਰਿਤ ਦੀ ਪ੍ਰਾਪਤੀ ਲਈ ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨ ਕੱਢਣਾ। ਵੇਖੋ 'ਚੌਦਾਂ-ਰਤਨ'।

ਸਰਸਵਤੀ/ਸਰਸੁਤੀ : ਇਕ ਪੁਰਾਤਨ ਪਵਿੱਤਰ ਨਦੀ, ਜਿਸ ਪ੍ਰਤਿ ਸ਼ਰਧਾ ਦੀ ਭਾਵਨਾ ਦਾ ਦੈਵੀਕਰਣ ਦੇਵੀ ਦੇ ਰੂਪ ਵਿਚ ਹੋਇਆ ਹੈ। 'ਰਿਗਵੇਦ' ਵਿਚ ਇਸ ਦੇ ਪਹਾੜਾਂ ਤੋਂ ਨਿਕਲ ਕੇ ਸਮੁੰਦਰ ਤਕ ਵਹਿਣ ਦਾ ਵਰਣਨ ਮਿਲਦਾ ਹੈ। ਇਸ ਦੇ ਨਾਂ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਸੰਸਕ੍ਰਿਤ ਦੇ 'ਸਾਰਸ੍ਵਤ' ਸ਼ਬਦ ਤੋਂ ਬਣਿਆ ਹੈ ਅਤੇ ਜਿਸ ਦਾ ਅਰਥ ਹੈ ਬਹੁਤੀਆਂ ਝੀਲਾਂ ਵਾਲੀ ਜਾਂ ਜਲ ਨਾਲ ਤਰ ਜ਼ਮੀਨ। ਦੂਜੇ ਮਤ ਅਨੁਸਾਰ ਆਰਯ ਲੋਕਾਂ ਨੇ ਸੀਸਤਾਨ ਸਥਿਤ ਆਪਣੀ ਨਦੀ 'ਹਰਗਾਇਤੀ' ਦੀ ਸਮ੍ਰਿਤੀ ਵਿਚ ਇਸ ਨਦੀ ਨੂੰ 'ਹਰਗਾਇਤੀ' ਕਹਿਣਾ ਸ਼ੁਰੂ ਕਰ ਦਿੱਤਾ ਜੋ ਕਾਲਾਂਤਰ ਵਿਚ ਵਿਗੜ ਕੇ ਸਰਸਵਤੀ ਬਣ ਗਿਆ। ਆਦਿ ਆਰਯਾਂ ਦੇ ਦੇਸ਼ ਬ੍ਰਹਮਵਰਤ ਦੀ ਇਹ ਪੂਰਵੀ ਹਦ ਮਿਥਦੀ ਸੀ ਅਤੇ ਪਵਿੱਤਰ ਸਮਝੀ ਜਾਂਦੀ ਸੀ।

ਹੁਣ ਇਹ ਨਦੀ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਖੇਤਰ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਅਧਬਦਰੀ ਦੇ ਸਥਾਨ 'ਤੇ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦੀ ਹੈ, ਫਿਰ ਕਈਆਂ ਥਾਵਾਂ ਦਾ ਚੱਕਰ ਲਗਾਉਂਦੀ ਹੋਈ ਗੁਪਤ-ਪ੍ਰਗਟ ਹੁੰਦੀ ਹੋਈ 175 ਕਿ. ਮੀ. ਦੀ ਯਾਤ੍ਰਾ ਪੂਰੀ ਕਰਕੇ ਪਟਿਆਲਾ ਜ਼ਿਲੇ ਵਿਚ ਘੱਗਰ (ਦ੍ਰਿਸ਼ਦਵਤੀ) ਨਾਂ ਦੇ ਦਰਿਆ ਵਿਚ ਜਾ ਸਮਾਉਂਦੀ ਹੈ। ਪਹੇਏ ਵਿਚ ਸਰਸਵਤੀ ਨਾਂ ਦਾ ਇਕ ਤੀਰਥ ਵੀ ਹੈ ਜਿਥੇ ਚੇਤਰ ਦੀ ਚੌਦਸ (ਹਨੇਰਾ ਪੱਖ) ਨੂੰ ਮੇਲਾ ਲਗਦਾ ਹੈ। ਮਹਾਭਾਰਤ-ਕਾਲ ਤੋਂ ਇਥੇ ਹਿੰਦੂ ਲੋਕ ਆਪਣੇ ਪਿਤਰਾਂ ਨਿਮਿਤ ਪਿੰਡ-ਦਾਨ ਕਰਦੇ ਆ ਰਹੇ ਹਨ। ਇਥੇ ਇਸ਼ਨਾਨ ਕਰਨ ਨਾਲ ਜਨਮ-ਜਨਮਾਂਤਰਾਂ ਦੇ ਪਾਪ ਧੁਲ ਜਾਣ ਦੀ ਆਸ ਵੀ ਕੀਤੀ ਜਾਂਦੀ ਹੈ। ਚੂੰਕਿ ਇਸ ਨਦੀ ਨਾਲ ਜ਼ਮੀਨ ਉਪਜਾਊ ਬਣਦੀ ਸੀ ਅਤੇ ਕਈ ਪ੍ਰਕਾਰ ਦੇ ਅੰਨ ਪੈਦਾ ਹੋਣ ਕਾਰਣ ਲੋਕ ਖ਼ੁਸ਼ਹਾਲ ਹੁੰਦੇ ਸਨ, ਇਸ ਲਈ ਇਸ ਨੂੰ ਨਿਰਮਲ ਅਤੇ ਉਪਯੋਗੀ ਮੰਨਿਆ ਜਾਣ ਲਗਾ।

ਪੁਰਾਣ-ਸਾਹਿੱਤ ਵਿਚ ਇਸ ਨਦੀ ਬਾਰੇ ਕਈ ਆਖਿਆਨਾਂ ਦੀ ਸਿਰਜਨਾ ਹੋਈ ਹੈ। ਇਕ ਆਖਿਆਨ ਅਨੁਸਾਰ ਇਹ ਬ੍ਰਹਮਾ ਦੀ ਪੁੱਤਰੀ ਸੀ ਜਿਸ ਨੂੰ ਲੋਕ-ਕਲਿਆਣ ਲਈ ਬ੍ਰਹਮਾ ਨੇ ਨਦੀ ਦਾ ਰੂਪ ਦੇ ਦਿੱਤਾ। ਸਮੁੰਦਰ ਤਕ ਵਹਿਣ ਵਾਲੀ ਇਹ ਨਦੀ

ਰਸਤੇ ਵਿਚ ਹੀ ਕਿਉਂ ਸੁਕ ਗਈ, ਇਸ ਦਾ ਸਮਾਧਾਨ ਕਰਦਿਆਂ 'ਮਹਾਭਾਰਤ' ਵਿਚ ਲਿਖਿਆ ਹੈ ਕਿ ਉਤਥ੍ਯ ਰਿਸ਼ੀ ਦੇ ਸਰਾਪ ਕਾਰਣ ਇਹ ਸੁਕ ਗਈ। ਪੁਰਾਣਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਥਾਨੇਸ਼੍ਵਰ ਤੋਂ ਅਗੇ ਗੰਗਾ ਦੇ ਨੇੜੇ ਰੇਤਲੇ ਥਲ ਵਿਚ ਗਵਾਚ ਕੇ ਧਰਤੀ ਦੇ ਹੇਠੋਂ ਗੁਪਤ ਰੂਪ ਵਿਚ ਚਲਦੀ ਹੋਈ ਗੰਗਾ ਅਤੇ ਯਮੁਨਾ ਨਾਲ ਪ੍ਰਯਾਗ ਦੇ ਤ੍ਰਿਵੇਣੀ-ਸੰਗਮ ਉਤੇ ਜਾ ਮਿਲਦੀ ਹੈ।

ਸ਼ੁਰੂ ਵਿਚ ਆਰਯ ਲੋਕ ਇਸ ਦੀ ਉਪਯੋਗਤਾ ਨੂੰ ਸਾਹਮਣੇ ਰਖਦੇ ਹੋਏ ਇਸ ਪ੍ਰਤਿ ਅਪਾਰ ਸ਼ਰਧਾ ਰਖਦੇ ਸਨ। ਬਾਦ ਵਿਚ ਉਹ ਮਹੱਤਵ ਗੰਗਾ ਨਦੀ ਨੂੰ ਪ੍ਰਾਪਤ ਹੋ ਗਿਆ, ਪਰ ਇਸ ਪ੍ਰਤਿ ਵੀ ਆਦਰ ਸਤਿਕਾਰ ਬਣਿਆ ਚਲਾ ਆ ਰਿਹਾ ਹੈ। ਗੁਰੂ ਰਾਮ ਦਾਸ ਜੀ ਦੀ ਸਥਾਪਨਾ ਹੈ ਕਿ ਸਰਸਵਤੀ ਆਦਿ ਨਦੀਆਂ ਭਾਵੇਂ ਬਹੁਤ ਪਵਿੱਤਰ ਮੰਨੀਆਂ ਜਾਂਦੀਆਂ ਹਨ, ਪਰ ਇਹ ਵੀ ਸਾਧੂ ਦੀ ਚਰਣ-ਧੂੜ ਲਈ ਤਰਸਦੀਆਂ ਹਨ— 'ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ।/ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ' (ਅ. ਗ੍ਰੰ. 1263)।

ਇਸ ਨਦੀ ਨੂੰ ਪਵਿੱਤਰ ਮੰਨੇ ਜਾਣ ਕਾਰਣ ਸ਼ਰਧਾਲੂਆਂ ਨੇ ਇਸ ਉਤੇ ਦੈਵੀ ਸ਼ਕਤੀਆਂ ਦਾ ਆਰੋਪਣ ਸ਼ੁਰੂ ਕਰ ਦਿੱਤਾ। ਸਹਿਜੇ ਸਹਿਜੇ ਦੇਵੀਕਰਣ ਦੀ ਬਿਰਤੀ ਨੇ ਸਰਸਵਤੀ ਨੂੰ ਦੇਵੀ ਦਾ ਰੂਪ ਦੇ ਦਿੱਤਾ। ਅਤੇ, ਫਿਰ ਦੇਵੀ ਦੇ ਸਰੂਪ ਅਤੇ ਆਕਾਰ-ਪ੍ਰਕਾਰ ਦੀ ਵੀ ਕਲਪਨਾ ਕੀਤੀ ਜਾਣ ਲਗੀ। ਇਸ ਦਾ ਰੰਗ ਚਿੱਟਾ, ਅੰਗ ਸਜੀਲੇ, ਮੱਥੇ ਉਤੇ ਚੰਦ੍ਰਮਾ, ਹੱਥ ਵਿਚ ਵੀਣਾ ਅਤੇ ਕਮਲ ਫੁਲ ਵਿਚ ਬਿਰਾਜਮਾਨ ਹੈ। ਇਹ ਬੜੀ ਤੀਖਣ ਬੁੱਧੀ ਵਾਲੀ, ਪ੍ਰਤਿਭਾਸ਼ਾਲੀ ਅਤੇ ਗਿਆਨ ਨਾਲ ਪਰਿ-ਪੂਰਣ ਹੈ। ਪੁਰਾਣੇ ਸਮੇਂ ਵਿਚ ਲੇਖਕ, ਕਲਾਕਾਰ ਆਦਿ ਇਸ ਦੀ ਬੰਦਨਾ ਨਾਲ ਆਪਣੀ ਕ੍ਰਿਤੀ ਦਾ ਆਰੰਭ ਕਰਦੇ ਸਨ।

ਕਾਲਾਂਤਰ ਵਿਚ ਇਸ ਦੇ ਜਨਮ ਬਾਰੇ ਵੀ ਕਲਪਨਾਵਾਂ ਹੋਣ ਲਗੀਆਂ। ਇਕ ਕਥਾ ਅਨੁਸਾਰ ਬ੍ਰਹਮਾ ਨੇ ਇਸ ਨੂੰ ਖ਼ੁਦ ਰਚ ਕੇ ਇਸ ਨਾਲ ਵਿਆਹ ਕਰ ਲਿਆ। ਦੂਜੀ ਕਥਾ ਅਨੁਸਾਰ ਇਕ ਵਾਰ ਬੈਕੁੰਠ ਵਿਚ ਬੈਠੇ ਤ੍ਰਿਦੇਵਾਂ ਤੋਂ ਇਕ ਪ੍ਰਕਾਸ਼ ਪੈਦਾ ਹੋਇਆ ਜਿਸ ਨੇ ਦੁਰਗਾ, ਸਰਸਵਤੀ ਅਤੇ ਲਕਸ਼ਮੀ ਤਿੰਨ ਦੇਵੀਆਂ ਦਾ ਰੂਪ ਧਾਰਣ ਕੀਤਾ। ਉਨ੍ਹਾਂ ਵਿਚੋਂ ਦੁਰਗਾ ਨੂੰ ਸ਼ਿਵ ਨੇ, ਸਰਸਵਤੀ ਨੂੰ ਬ੍ਰਹਮਾ ਨੇ ਅਤੇ ਲਕਸ਼ਮੀ ਨੂੰ ਵਿਸ਼ਣੂ ਨੇ ਅਪਣਾ ਲਿਆ।

ਬੰਗਾਲ ਦੇ ਵੈਸ਼ਣਵਾਂ ਦੀ ਧਾਰਣਾ ਹੈ ਕਿ ਸ਼ੁਰੂ ਵਿਚ ਗੰਗਾ, ਲਕਸ਼ਮੀ ਅਤੇ ਸਰਸਵਤੀ ਤਿੰਨੇਂ ਵਿਸ਼ਣੂ ਦੀਆਂ ਪਤਨੀਆਂ ਸਨ, ਪਰ ਆਪਸ ਵਿਚ ਸਦਾ ਲੜਦੀਆਂ ਝਗੜਦੀਆਂ ਰਹਿੰਦੀਆਂ ਸਨ। ਸਰਸਵਤੀ ਅਧਿਕ ਸੂਝਵਾਨ ਅਤੇ ਬੋਲ ਬੁਲਾਰੇ ਵਿਚ ਬਹੁਤ ਤੇਜ਼ ਸੀ। ਵਿਸ਼ਣੂ ਨੇ ਤੰਗ ਆ ਕੇ ਸਰਸਵਤੀ ਬ੍ਰਹਮਾ ਨੂੰ ਦੇ ਦਿੱਤੀ, ਗੰਗਾ ਸ਼ਿਵ ਦੇ ਹਵਾਲੇ ਕਰ ਦਿੱਤੀ ਅਤੇ ਆਪ ਲਕਸ਼ਮੀ ਨਾਲ ਹੀ ਸੰਤੁਸ਼ਟ ਹੋ ਗਿਆ।

'ਮਹਾਭਾਰਤ' ਵਿਚ ਲਿਖਿਆ ਹੈ ਕਿ ਬ੍ਰਹਮਾ ਤੋਂ ਇਕ ਸ਼ਬਦ ਪੈਦਾ ਹੋਇਆ ਜਿਸ ਦਾ ਸਾਰੇ ਬ੍ਰਹਿਮੰਡ ਵਿਚ ਪਸਾਰ ਹੋ ਗਿਆ। ਤਦਉਪਰੰਤ ਬੈਕੁੰਠ ਵਿਚੋਂ ਸਰਸਵਤੀ

ਦੀ ਉਤਪੱਤੀ ਹੋਈ। ਇਸ ਧਾਰਨਾ ਦੇ ਵਿਕਸਿਤ ਹੋ ਜਾਣ ਨਾਲ ਇਸ ਨੂੰ ਵਾਣੀ ਜਾਂ ਵਿਦਿਆ ਦੀ ਦੇਵੀ ਮੰਨਿਆ ਜਾਣ ਲਗਿਆ। ਇਸ ਤੋਂ ਹੀ ਸੰਸਕ੍ਰਿਤ ਭਾਸ਼ਾ, ਦੇਵਨਾਗਰੀ ਲਿਪੀ, ਰਾਗ, ਕਲਾ ਅਤੇ ਕਾਵਿ ਦਾ ਵਿਸਤਾਰ ਹੋਇਆ। ਇਸ ਲਈ ਇਸ ਦੇ ਕਈ ਨਾਂ ਪ੍ਰਚਲਿਤ ਹੋ ਗਏ ਜਿਵੇਂ ਸ਼ਾਰਦਾ, ਵਾਗੀਸ਼੍ਵਰੀ, ਬ੍ਰਾਹਮੀ, ਭਾਰਤੀ, ਪ੍ਰਤਕਾਰੀ ਆਦਿ।

ਗੁਰੂ ਨਾਨਕ ਦੇਵ ਦੀ ਸਥਾਪਨਾ ਹੈ ਕਿ ਨਾਰਦ, ਸ਼ਾਰਦਾ ਆਦਿ ਦੇਵੀ ਦੇਵਤੇ, ਰਿਸ਼ੀ ਮੁਨੀ, ਤਿੰਨਾਂ ਲੋਕਾਂ ਵਿਚ ਰਹਿਣ ਵਾਲੀਆਂ ਸਾਰੀਆਂ ਪ੍ਰਤਿਸ਼ਠਿਤ ਸ਼ਕਤੀਆਂ ਪਰਮਾਤਮਾ ਦੀਆਂ ਪੈਦਾ ਕੀਤੀਆਂ ਹੋਈਆਂ ਤੇ ਉਸੇ ਦੀਆਂ ਦਾਸ ਹਨ—'ਨਾਰਦ ਸਾਰਦ ਸੇਵਕ ਤੇਰੇ।/ਤ੍ਰਿਭਵਣਿ ਸੇਵਕ ਵਡਹੁ ਵਡੇਰੇ।/ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੋ ਕਾਰਣੁ ਕੀਨਾ ਹੇ' (ਅ. ਗ੍ਰੰ. 1028)।

ਸਰਹਿੰਦ : ਪੰਜਾਬ ਦਾ ਇਕ ਪ੍ਰਸਿੱਧ ਪੁਰਾਤਨ ਨਗਰ ਜੋ ਇਤਿਹਾਸਿਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹੈ। ਇਸ ਦਾ ਸਰਹਿੰਦ ਨਾਂ ਕਿਉਂ ਪਿਆ, ਇਸ ਬਾਰੇ ਤਿੰਨ ਮਤ ਪ੍ਰਚਲਿਤ ਹਨ। ਇਕ ਮਤ ਇਹ ਹੈ ਕਿ ਸ਼੍ਰੀ ਕ੍ਰਿਸ਼ਣ ਦੀ ਪੀੜ੍ਹੀ ਦੇ 166ਵੇਂ ਪੁਰਸ਼, ਸਾਹਿਰ ਰਾਓ, ਜੋ 531 ਬਿ. ਵਿਚ ਲਾਹੌਰ ਵਿਚ ਰਾਜ ਕਰਦਾ ਸੀ, ਨੇ ਵਸਾਇਆ ਅਤੇ ਇਸ ਦਾ ਨਾਂ ਸਾਹਿਰ-ਅੰਤ ਰਖਿਆ ਕਿਉਂਕਿ ਇਥੇ ਉਸ ਦੇ ਰਾਜ ਦੀ ਸੀਮਾ ਦਾ ਅੰਤ ਹੁੰਦਾ ਸੀ। 'ਸਾਹਿਰਅੰਤ' ਹੀ ਸਮੇਂ ਦੇ ਬੀਤਣ ਨਾਲ 'ਸਰਹਿੰਦ' ਪ੍ਰਚਲਿਤ ਹੋ ਗਿਆ।

ਦੂਜਾ ਮਤ ਇਹ ਹੈ ਕਿ ਫ਼ਿਰੋਜ਼ਸ਼ਾਹ ਤੁਗ਼ਲਕ ਨੇ ਸੱਯਦ ਜਲਾਲੁੱਦੀਨ ਬੁਖ਼ਾਰੀ ਅਤੇ ਆਪਣ ਪੀਰ ਰਫ਼ੀ-ਉਦ-ਦੀਨ ਦੀ ਪ੍ਰੇਰਨਾ ਕਰਕੇ ਇਹ ਨਗਰ ਵਸਾਇਆ ਅਤੇ ਇਸ ਦਾ ਨਾਂ ਸਿਹਰਿੰਦ—'ਸਿਹ' (ਸ਼ੇਰ) ਅਤੇ 'ਰਿੰਦ' (ਜੰਗਲ)—ਰਖਿਆ ਕਿਉਂਕਿ ਉਦੋਂ ਇਥੇ ਸ਼ੇਰ ਕਾਫ਼ੀ ਗਿਣਤੀ ਵਿਚ ਮਿਲਦੇ ਸਨ। 'ਸਿਹਰਿੰਦ' ਹੀ ਵਿਗੜਦਿਆਂ ਵਿਗੜਦਿਆਂ 'ਸਰਹਿੰਦ' ਪ੍ਰਚਲਿਤ ਹੋ ਗਿਆ। ਫ਼ਿਰੋਜ਼ਸ਼ਾਹ ਤੁਗ਼ਲਕ ਨੇ ਸਤਲੁਜ ਨਦੀ ਤੋਂ ਇਸ ਨਗਰ ਤਕ ਇਕ ਨਹਿਰ ਵੀ ਖੁਦਵਾਈ ਜੋ ਹੁਣ ਇਸ ਨਗਰ ਦੇ ਨੇੜੇ ਵਗਦੀ ਚੋ ਦੇ ਰੂਪ ਵਿਚ ਖ਼ਤਮ ਹੋ ਗਈ ਹੈ। ਫ਼ਿਰੋਜ਼ਸ਼ਾਹ ਨੇ ਇਸ ਨੂੰ ਸਮਾਣੇ ਦੀ ਹਕੂਮਤ ਤੋਂ ਵੱਖ ਕਰਕੇ ਸੁਤੰਤਰ ਪਰਗਣਾ ਬਣਾਇਆ ਅਤੇ ਇਥੇ ਵਪਾਰਕ ਕੇਂਦਰ ਕਾਇਮ ਕੀਤਾ।

ਤੀਜੇ ਮਤ ਅਨੁਸਾਰ 'ਸਰਹਿੰਦ' ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਤੋਂ ਭਾਵ ਹੈ ਹਿੰਦ ਦਾ ਸਿਰਮੌਰ ਨਗਰ। ਇਤਿਹਾਸਿਕ ਅਤੇ ਵਪਾਰਕ ਦ੍ਰਿਸ਼ਟੀ ਤੋਂ ਮੁਗ਼ਲ ਕਾਲ ਵੇਲੇ ਇਹ ਇਕ ਮਹੱਤਵਪੂਰਣ ਨਗਰ ਸੀ।

ਸੰਨ 1710 ਈ. ਵਿਚ ਬਾਬਾ ਬੰਦਾ ਬਹਾਦਰ ਨੇ ਗੁਰੂ-ਪੁੱਤਰਾਂ ਦੇ ਕਤਲ ਦਾ ਬਦਲਾ ਲੈਣ ਲਈ ਇਸ ਨਗਰ ਉਤੇ ਹਮਲਾ ਕੀਤਾ ਅਤੇ ਇਥੋਂ ਦੇ ਹੁਕਮਰਾਨ ਨਵਾਬ ਵਜ਼ੀਰ ਖ਼ਾਂ ਨੂੰ ਮਾਰਿਆ। ਕਿਲੇ ਅੰਦਰ ਜਿਸ ਥਾਂ 'ਤੇ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ, ਉਸ ਦੀ ਨਿਸ਼ਾਨਦੇਹੀ ਕੀਤੀ ਅਤੇ ਕਿਲੇ ਦਾ ਨਾਂ ਫਤਹਿਗੜ੍ਹ ਰਖਿਆ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਇਸ ਨਗਰ ਦਾ ਨਾਂ ਸਰਹਿੰਦ ਤੋਂ ਬਦਲ ਕੇ ਫਤਹਿਗੜ੍ਹ ਰਖ ਦਿੱਤਾ। ਹੁਣ ਇਸ ਨੂੰ ਸੰਨ 1992 ਈ.

ਦੀ ਵਿਸਾਖੀ ਵਾਲੇ ਦਿਨ ਜ਼ਿਲੇ ਦਾ ਸਦਰ ਮੁਕਾਮ ਬਣਾ ਦਿੱਤਾ ਗਿਆ ਹੈ। ਇਸ ਨਗਰ ਵਿਚ ਅੱਠ ਸਿੱਖ-ਧਰਮ-ਧਾਮਾਂ ਤੋਂ ਇਲਾਵਾ ਇਤਿਹਾਸਿਕ ਮਹੱਤਵ ਵਾਲੀਆਂ ਹੋਰ ਥਾਵਾਂ ਹਨ—ਆਮ ਖ਼ਾਸ ਬਾਗ਼, ਜਹਾਜ਼ੀ ਹਵੇਲੀ, ਰੌਜ਼ਾ ਸ਼ਰੀਫ਼, ਖ਼ਾਨਕਾਹ ਮੀਆਂ ਬੰਦਗੀ ਸਾਹਿਬ, ਡੇਰਾ ਬਾਬਾ ਦਿਆਲਪੁਰੀ, ਡੇਰਾ ਬਾਬਾ ਵਿਦਿਆਗਿਰ, ਆਦਿ।

ਸਿੱਖ ਸਾਹਿੱਤ ਵਿਚ ਇਸ ਨਗਰ ਦੇ ਹਵਾਲੇ ਮਿਲਦੇ ਹਨ। ਕਵੀ ਮੋਹਨ ਸਿੰਘ ਨੇ 'ਸਿੱਖੀ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਉਹ ਕਿਹੜਾ ਬੂਟਾ ਏ ?/ਹਰ ਥਾਂ ਜੋ ਪਲਦਾ ਏ—/...ਸਰਹੰਦ ਦੀਆਂ ਨੀਂਹਾਂ ਵਿਚ,/ਜਿਥੇ ਵੀ ਲਾ ਦਈਏ,/ਉਥੇ ਹੀ ਪਲਦਾ ਏ'।

ਸਰਮਦ : ਇਕ ਸੂਫ਼ੀ ਫ਼ਕੀਰ ਜਿਸ ਨੂੰ ਦਿੱਲੀ ਦੀ ਜਾਮਾ ਮਸਜਿਦ ਕੋਲ ਕਤਲ ਕੀਤਾ ਗਿਆ ਸੀ। ਇਸ ਦੇ ਜੀਵਨ-ਬ੍ਰਿੱਤਾਂਤ ਬਾਰੇ ਸਾਮਗ੍ਰੀ ਉਪਲਬਧ ਨਹੀਂ ਹੈ। ਕੁਲ ਮਿਲਾ ਕੇ ਇਤਨਾ ਪਤਾ ਲਗਦਾ ਹੈ ਕਿ ਇਹ ਈਰਾਨ ਦੇਸ਼ ਦੇ ਕਾਸ਼ਾਨ ਨਾਂ ਦੇ ਨਗਰ ਵਿਚ ਇਕ ਯਹੂਦੀ ਪਰਿਵਾਰ ਵਿਚ ਪੈਦਾ ਹੋਇਆ (ਕੁਝ ਈਸਾਈ ਪਰਿਵਾਰ ਵਿਚ ਜੰਮਿਆ ਮੰਨਦੇ ਹਨ)। ਇਹ ਇਕ ਵਪਾਰੀ ਸੀ। ਆਪਣੇ ਵਪਾਰ ਦੇ ਸਿਲਸਿਲੇ ਵਿਚ ਪਹਿਲਾਂ ਸੂਬਾ ਸਿੰਧ ਵਿਚ ਆਇਆ ਅਤੇ ਥੱਟਾ (ਠੱਠਾ) ਨਾਂ ਦੇ ਸਥਾਨ ਉਤੇ ਰਹਿਣ ਲਗਾ। ਉਥੇ ਰਹਿੰਦਿਆਂ ਅਭੈ ਚੰਦ ਨਾਂ ਦੇ ਇਕ ਹਿੰਦੂ ਮੁੰਡੇ ਦੇ ਇਸ਼ਕ ਵਿਚ ਆਪਣੀ ਸੁੱਧ ਬੁੱਧ ਖੋਹ ਬੈਠਾ ਅਤੇ ਵਪਾਰ ਵਿਚ ਰੁਚੀ ਵੀ ਜਾਂਦੀ ਰਹੀ।

ਥੱਟੇ ਤੋਂ ਇਹ ਦਿੱਲੀ ਆ ਗਿਆ ਅਤੇ ਕੁਝ ਸਮੇਂ ਲਈ ਇਸ ਨੇ ਹੀਰੇ ਮੋਤੀਆਂ ਦਾ ਵਪਾਰ ਕੀਤਾ। ਪਰ ਬਾਦ ਵਿਚ ਇਸ ਨੇ 'ਹਰੇ ਭਰੇ ਸਾਹਿਬ' ਨਾਂ ਦੇ ਫ਼ਕੀਰ ਤੋਂ ਪ੍ਰਭਾਵਿਤ ਹੋ ਕੇ ਇਸਲਾਮ ਕਬੂਲ ਕੀਤਾ ਅਤੇ ਆਪਣਾ ਨਾਂ ਮੁਹੰਮਦ ਸੱਯਦ ਰਖਿਆ। ਵੇਦਾਂਤੀ ਰੁਚੀਆਂ ਵਿਕਸਿਤ ਹੋ ਜਾਣ ਕਾਰਣ ਇਹ ਸੂਫ਼ੀ ਬਣ ਗਿਆ। ਇਸ ਨੇ ਫ਼ਾਰਸੀ ਵਿਚ ਕੁਝ ਰੁਬਾਈਆਂ ਵੀ ਲਿਖੀਆਂ ਜੋ ਦਿੱਲੀ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ ਉੱਚੀ ਗਾ ਕੇ ਪੜ੍ਹਦਾ ਹੁੰਦਾ ਸੀ ਅਤੇ ਹਾਲ ਦੀ ਅਵਸਥਾ ਵਿਚ ਕਪੜੇ ਫਾੜ ਕੇ ਨੰਗਾ ਫਿਰਦਾ ਰਹਿੰਦਾ ਸੀ। ਇਸ ਦੀਆਂ ਰੁਬਾਈਆਂ ਵਿਚ ਕਿਤੇ-ਕਿਤੇ ਇਸਲਾਮ ਧਰਮ ਦੇ ਵਿਰੋਧੀ ਵਿਚਾਰ ਵੀ ਮਿਲਦੇ ਹਨ।

ਜਦੋਂ ਸਰਮਦ ਹਿੰਦੁਸਤਾਨ ਵਿਚ ਆਇਆ ਉਦੋਂ ਇਥੇ ਸ਼ਾਹਜਹਾਨ ਦਾ ਰਾਜ ਸੀ। ਸ਼ਾਹਜਹਾਨ ਦਾ ਵੱਡਾ ਲੜਕਾ ਦਾਰਾ ਸ਼ਿਕੋਹ ਸਰਮਦ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਸੂਫ਼ੀ ਰੰਗ ਵਿਚ ਰੰਗਿਆ ਗਿਆ। ਉਹ ਅਕਸਰ ਇਸ ਫ਼ਕੀਰ ਦੀ ਸੰਗਤ ਮਾਣਿਆ ਕਰਦਾ ਸੀ। ਦਾਰਾ ਇਤਨਾ ਸਾਧੂ ਸੁਭਾ ਹੋ ਗਿਆ ਕਿ ਉਹ ਔਰੰਗਜ਼ੇਬ ਦੇ ਰਾਜ-ਗੱਦੀ ਹਥਿਆਉਣ ਦੇ ਕਪਟੀ ਇਰਾਦਿਆਂ ਤੋਂ ਬੇਖ਼ਬਰ ਹੋ ਗਿਆ। ਫਲਸਰੂਪ ਗੱਦੀ-ਨਸ਼ੀਨੀ ਲਈ ਹੋਈ ਜੰਗ ਵਿਚ ਦਾਰਾ ਔਰੰਗਜ਼ੇਬ ਤੋਂ ਹਾਰ ਗਿਆ।

ਔਰੰਗਜ਼ੇਬ ਨੇ ਦਾਰਾ ਦੇ ਸੰਪਰਕ ਵਿਚ ਆਉਣ ਵਾਲਿਆਂ ਤੋਂ ਕਿੜ ਕੱਢਣੀ ਚਾਹੀ। ਉਸ ਨੇ ਹੋਰਨਾਂ ਸੂਫ਼ੀਆਂ ਨਾਲ ਸਰਮਦ ਨੂੰ ਵੀ ਪਕੜ ਲਿਆ। ਇਸ ਨੂੰ ਕਪੜੇ ਪਵਾ ਕੇ ਜੁੰਮੇ ਵਾਲੇ ਦਿਨ ਜਾਮਾ ਮਸਜਿਦ ਵਿਚ ਨਮਾਜ਼ ਪੜ੍ਹਨ ਲਈ ਕਿਹਾ ਗਿਆ, ਪਰ

ਇਸ ਨੇ ਨਮਾਜ਼ ਵਿਚ ਸ਼ਾਮਲ ਹੋਣ ਦੀ ਥਾਂ ਮੁੱਲਾ ਦੀ ਬਿਰਤੀ ਉੱਤੇ ਹੀ ਇਕਾਗਰ ਨਾ ਹੋਣ ਦਾ ਦੋਸ਼ ਲਾਇਆ। ਪੂਰਾ ਕਲਮਾ ਪੜ੍ਹਨ ਦੀ ਥਾਂ ਤੇ ਇਸ ਨੇ ਕੇਵਲ 'ਲਾ-ਇੱਲਾ' ਤਕ ਹੀ ਪੜ੍ਹਿਆ। ਔਰੰਗਜ਼ੇਬ ਨੇ ਬਹੁਤ ਸਾਰੇ ਮੁਸਲਮਾਨ ਆਲਮਾਂ ਦੀ ਅਦਾਲਤੀ ਸਭਾ ਬੁਲਾਈ। ਉਸ ਸਭਾ ਵਿਚ ਸਰਮਦ ਨੂੰ ਪੂਰਾ ਕਲਮਾ ਪੜ੍ਹਨ ਲਈ ਕਿਹਾ ਗਿਆ। ਪਰ ਉਹ 'ਲਾ-ਇੱਲਾ' ਤੋਂ ਅਗੇ ਨਾ ਵਧਿਆ ਅਤੇ ਨਾ ਹੀ ਅਜਿਹਾ ਕਰਨ ਲਈ ਤੌਬਾ ਕੀਤੀ। ਆਖਿਰ ਅਦਾਲਤ ਨੇ ਇਸ ਨੂੰ ਮੌਤ ਦੀ ਸਜ਼ਾ ਦਿੱਤੀ। ਦੂਜੇ ਦਿਨ ਉਸ ਨੂੰ ਜਾਮਾ ਮਸਜਿਦ ਦੀਆਂ ਪੌੜੀਆਂ ਕੋਲ ਕਤਲ ਕਰ ਦਿੱਤਾ ਗਿਆ। ਉਦੋਂ ਰਵਾਇਤ ਅਨੁਸਾਰ ਕੁਝ ਅਲੌਕਿਕ ਘਟਨਾਵਾਂ ਵੀ ਹੋਈਆਂ। ਇਹ ਸਾਕਾ ਸੰਨ 1661 ਈ. (ਕੁਝ ਵਿਦਵਾਨਾਂ ਅਨੁਸਾਰ ਸੰਨ 1662 ਈ.) ਵਿਚ ਹੋਇਆ। ਬਾਦ ਵਿਚ ਸ਼ਰਧਾਲੂ ਲੋਕਾਂ ਕਤਲ ਵਾਲੀ ਥਾਂ ਤੇ ਸਰਮਦ ਦੀ ਕਬਰ ਬਣਵਾ ਦਿੱਤੀ। ਇਸ ਦੀ ਕਬਰ ਉੱਤੇ ਲਾਲ ਰੰਗ ਕੀਤਾ ਹੋਇਆ ਹੈ ਜੋ ਇਸ ਦੇ ਸ਼ਹੀਦ ਹੋਣ ਦਾ ਸੰਕੇਤ ਕਰਦਾ ਹੈ। ਅਸਲ ਵਿਚ, ਇਸ ਦੀ ਪ੍ਰਸਿੱਧੀ ਦਾ ਮੂਲ ਕਾਰਣ ਇਸ ਦੀ ਸ਼ਹਾਦਤ ਹੈ। ਬੁੱਲ੍ਹੇ ਸ਼ਾਹ ਨੇ ਇਸ ਘਟਨਾ ਵਲ ਸੰਕੇਤ ਕੀਤਾ ਹੈ—'ਸ਼ਾਹ ਸਰਮਦ ਦਾ ਗਲਾ ਕਟਾਇਓ, ਸ਼ਮਸ ਤੋਂ ਜਾਂ ਸੁਖਨ ਅਲਾਇਓ'।

ਸ਼ਰਮਿਸ਼ਠਾ : ਦੈਂਤ-ਰਾਜ ਵ੍ਰਿਸ਼ਪਰਵਾ ਦੀ ਪੁੱਤਰੀ ਅਤੇ ਰਾਜਾ ਯਯਾਤੀ ਦੀ ਪਤਨੀ। ਵੇਖੋ 'ਯਯਾਤੀ'।

ਸਰਵਣ ਕੁਮਾਰ : ਇਕ ਮੁਨੀ ਜਿਸ ਦਾ ਅਸਲ ਨਾਂ ਸਿੰਧੂ ਸੀ ਅਤੇ ਅੰਧਕ ਮੁਨੀ ਦਾ ਪੁੱਤਰ ਸੀ। 'ਬਾਲਮੀਕੀ ਰਾਮਾਇਣ' ਅਨੁਸਾਰ ਇਸ ਦਾ ਪਿਤਾ ਵੈਸ਼ ਅਤੇ ਮਾਤਾ ਸ਼ੂਦ੍ਰ ਸੀ ਅਤੇ ਦੋਵੇਂ ਅੰਨ੍ਹੇ ਸਨ। ਇਸ ਨੇ ਉਨ੍ਹਾਂ ਦੀ ਸੇਵਾ ਕਰਨਾ ਆਪਣਾ ਜੀਵਨ-ਮਨੋਰਥ ਬਣਾਇਆ।

ਇਕ ਵਾਰ ਆਪਣੇ ਮਾਤਾ-ਪਿਤਾ ਨੂੰ ਬਹਿੰਗੀ ਵਿਚ ਬਿਠਾ ਕੇ ਇਹ ਤੀਰਥ ਯਾਤ੍ਰਾ ਨੂੰ ਨਿਕਲਿਆ। ਸਰਯੂ ਨਦੀ ਦੇ ਨੇੜੇ ਪਹੁੰਚ ਕੇ ਆਪਣੇ ਮਾਤਾ-ਪਿਤਾ ਦੀ ਪਿਆਸ ਬੁਝਾਉਣ ਲਈ ਸੰਧਿਆ ਵੇਲੇ ਇਕ ਬ੍ਰਿਛ ਹੇਠਾਂ ਬਹਿੰਗੀ ਟਿਕਾ ਕੇ ਆਪ ਪਾਣੀ ਲੈਣ ਲਈ ਨਦੀ ਵਲ ਗਿਆ। ਜਦੋਂ ਪਾਣੀ ਦਾ ਲੋਟਾ ਭਰਨ ਲਗਿਆ ਤਾਂ ਪਾਣੀ ਭਰਨ ਨਾਲ ਲੋਟੇ ਵਿਚੋਂ ਆਵਾਜ਼ ਨਿਕਲੀ। ਨੇੜੇ ਕਿਤੇ ਰਾਜਾ ਦਸ਼ਰਥ ਸ਼ਿਕਾਰ ਲਈ ਘਾਤ ਲਗਾਈ ਬੈਠਾ ਸੀ। ਉਸ ਨੇ ਸ਼ਬਦ-ਬੇਧੀ ਬਾਣ ਚਲਾਇਆ ਜੋ ਸਰਵਣ ਦੀ ਛਾਤੀ ਵਿਚ ਲਗਿਆ। ਦਸ਼ਰਥ ਜਦੋਂ ਸ਼ਿਕਾਰ ਦੀ ਪ੍ਰਾਪਤੀ ਲਈ ਉਥੇ ਪਹੁੰਚਿਆ ਤਾਂ ਉਥੇ ਸਰਵਣ ਨੂੰ ਤੜਪਦਿਆਂ ਵੇਖਿਆ। ਸਰਵਣ ਨੇ ਰਾਜੇ ਨੂੰ ਆਪਣਾ ਪਰਿਚੈ ਦਿੱਤਾ ਅਤੇ ਆਪਣੇ ਮਾਤਾ-ਪਿਤਾ ਦਾ ਠਿਕਾਣਾ ਦਸ ਕੇ ਪ੍ਰਾਣ ਤਿਆਗ ਦਿੱਤੇ। ਰਾਜੇ ਨੇ ਅੰਧਕ ਮੁਨੀ ਕੋਲ ਪਹੁੰਚ ਕੇ ਦੁਰਘਟਨਾ ਬਾਰੇ ਜਾਣਕਾਰੀ ਦਿੰਦਿਆਂ ਪਸਚਾਤਾਪ ਕੀਤਾ। ਪਰ ਦੁੱਖ ਨਾਲ ਵਿਆਕੁਲ ਅੰਧਕ ਨੇ ਰਾਜੇ ਨੂੰ ਸਰਾਪ ਦਿੱਤਾ ਕਿ ਉਹ ਵੀ ਉਨ੍ਹਾਂ ਵਾਂਗ ਪੁੱਤਰ-ਵਿਯੋਗ ਵਿਚ ਤੜਪ ਤੜਪ ਕੇ ਮਰੇਗਾ। ਇਸ ਉਪਰੰਤ ਦੋਵੇਂ ਮਰ ਗਏ। ਕਾਲਾਂਤਰ ਵਿਚ ਸ੍ਰੀ ਰਾਮ ਦੇ ਬਨਬਾਸ ਜਾਣ ਵੇਲੇ ਦਸ਼ਰਥ ਵੀ ਪੁੱਤਰ-ਵਿਯੋਗ ਵਿਚ

ਤੜਫਦਾ ਹੋਇਆ ਸੰਸਾਰ ਤੋਂ ਰੁਖਸਤ ਹੋਇਆ ।

ਮਾਲਵੇ ਦੇ ਕਵੀਸ਼ਰਾਂ ਨੇ ਸਰਵਣ ਕੁਮਾਰ ਬਾਰੇ ਕਈ ਪ੍ਰਸੰਗ ਲਿਖੇ ਹਨ । ਮਹਾਕਵੀ ਸੰਤੋਖ ਸਿੰਘ ਨੇ ਭਾਈ ਭਾਨੇ ਦੇ ਪੁੱਤਰ ਦਾ ਯਸ਼ ਸਰਵਣ ਕੁਮਾਰ ਵਰਗਾ ਦਸਿਆ ਹੈ—'ਤਿਸ ਕੇ ਪੁਤ੍ਰ ਨਾਮ ਕਹਿੰ ਸ੍ਰਵਣ ।/ਸ੍ਰਵਣ ਸੁਨ੍ਯੋ ਜਸ ਜਿਹ ਸਮ ਸ੍ਰਵਣ' (ਗੁਰ ਪ੍ਰਤਾਪ ਸੂਰਜ) । ਲੋਕ-ਗੀਤਾਂ ਵਿਚ ਵੀ ਇਸ ਦਾ ਉੱਲੇਖ ਹੋਇਆ ਹੈ—'ਸਰਵਣ ਬੀਰ ਬਿਨਾ ਮੇਰੀ ਗਠੜੀ ਬਣਾਂ ਵਿਚ ਰੁਲਦੀ ।' ਇਥੇ ਗਠੜੀ ਦੇਹ ਦਾ ਪ੍ਰਤੀਕ ਹੈ । ਅਸਲ ਵਿਚ, ਸਰਵਣ ਕੁਮਾਰ ਪੰਜਾਬੀ ਸਭਿਆਚਾਰ ਵਿਚ ਮਾਤਾ-ਪਿਤਾ ਦੀ ਸੇਵਾ ਕਰਨ ਵਾਲੇ ਇਕ ਆਦਰਸ਼ ਪੁੱਤਰ ਵਜੋਂ ਪ੍ਰਤਿਸ਼ਠਿਤ ਹੈ । ਭਾਈ ਗੁਰਦਾਸ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਲਖ ਉਪਕਾਰ ਵਿਸਾਰਿ ਕੈ ਪੁਤ ਕੁਪੁਤਿ ਚਕੀ ਉਠਿ ਝੇਰੀ ।/ ਹੋਵੇ ਸਰਵਣ ਵਿਰਲਾ ਕੋਈ' (37/11) ।

ਸਰਾਧ/ਸ਼੍ਰਾਧ : ਇਹ ਹਿੰਦੂਆਂ ਇਕ ਦੀ ਧਰਮ ਆਧਾਰਿਤ ਸਮਾਜਿਕ ਪ੍ਰਥਾ ਹੈ । ਸ਼ਰਧਾ ਪੂਰਵਕ ਸ਼ਾਸਤ੍ਰੀ ਵਿਧੀ ਨਾਲ ਪਿਤਰਾਂ ਦੀ ਤ੍ਰਿਪਤੀ ਲਈ ਕੀਤਾ ਗਿਆ ਧਾਰਮਿਕ ਕ੍ਰਿਤ ਹੀ 'ਸਰਾਧ' ਹੈ । ਪੁਰਾਤਨ ਗ੍ਰੰਥਾਂ ਵਿਚ ਇਸ ਦੇ ਕਈ ਭੇਦ ਮੰਨੇ ਗਏ ਹਨ । ਮਨੂ ਅਨੁਸਾਰ ਇਹ ਪੰਜ ਪ੍ਰਕਾਰ ਦੇ ਹਨ—ਨਿੱਤ, ਨੈਮਿਤਿਕ, ਕਾਮ੍ਯ, ਪਾਰਵਣ ਅਤੇ ਵ੍ਰਿੱਧੀ । ਵਿਸ਼ਵਾਮਿਤਰ ਨੇ 'ਨਿੱਤ ਸ਼੍ਰਾਧ' ਦੇ ਕਈ ਹੋਰ ਰੂਪ ਦਸ ਕੇ ਇਨ੍ਹਾਂ ਦੀ ਗਿਣਤੀ ਬਾਰ੍ਹਾਂ ਕੀਤੀ ਹੈ ।

ਭਾਈ ਕਾਨ੍ਹ ਸਿੰਘ ਨੇ ਸਰਾਧ ਦੇ ਚਾਰ ਭੇਦ ਦਸੇ ਹਨ—ਨਿੱਤ, ਪਾਰਵਣ, ਕ੍ਸ਼ਯਾਹ ਅਤੇ ਮਹਾਲਯ । 'ਨਿੱਤ ਸ਼੍ਰਾਧ' ਤੋਂ ਭਾਵ ਹੈ ਨਿੱਤ ਦੇਵਤਾ ਪਿਤਰਾਂ ਨੂੰ ਜਲ ਆਦਿ ਦੇਣਾ । 'ਪਾਰਵਣ ਸ਼੍ਰਾਧ' ਉਹ ਹੈ ਜੋ ਅਮਾਵਸ ਆਦਿ ਪਰਵਾਂ ਉਤੇ ਕੀਤਾ ਜਾਂਦਾ ਹੈ । ਮੋਏ ਹੋਏ ਪਿਤਰਾਂ ਦੇ ਦੇਹਾਂਤ ਵਾਲੇ ਦਿਨਾਂ ਨੂੰ ਕੀਤਾ ਜਾਣ ਵਾਲਾ ਸ਼੍ਰਾਧ 'ਕ੍ਸ਼ਯਾਹ' ਅਖਵਾਉਂਦਾ ਹੈ ਅਤੇ, 'ਮਹਾਲਯ ਸ਼੍ਰਾਧ' ਉਹ ਹੈ ਜੋ ਅਸੂ ਮਹੀਨੇ ਦੇ ਪਹਿਲੇ ਪੱਖ ਵਿਚ ਕੀਤਾ ਜਾਂਦਾ ਹੈ ।

ਸਰਾਧ ਕੇਵਲ ਤਿੰਨ ਪੀੜ੍ਹੀਆਂ ਤਕ ਸੀਮਿਤ ਰਖਿਆ ਜਾਂਦਾ ਹੈ—ਪਿਤਾ, ਦਾਦਾ ਅਤੇ ਪੜਦਾਦਾ । ਨਾਨਕੇ ਪੱਖ ਦੇ ਤਿੰਨ ਬਜ਼ੁਰਗਾਂ—ਨਾਨੇ, ਪੜਨਾਨੇ ਅਤੇ ਲਕੜਨਾਨੇ—ਦਾ ਸ਼ਰਾਧ ਕਰਨ ਦੀ ਵੀ ਕਿਤੇ-ਕਿਤੇ ਪਰੰਪਰਾ ਹੈ । ਸਰਾਧ ਕੇਵਲ ਮਰਦ ਬਜ਼ੁਰਗਾਂ ਦਾ ਹੀ ਕੀਤਾ ਜਾਂਦਾ ਹੈ । ਮ੍ਰਿਤ ਇਸਤਰੀਆਂ ਬਾਰੇ ਸਰਾਧ ਕਰਨ ਦੀ ਪ੍ਰਥਾ ਨਹੀਂ ਹੈ ।

ਆਮ ਤੌਰ ਤੇ ਸਰਾਧ ਤੋਂ ਭਾਵ ਅਸੂ ਦੇ ਮਹੀਨੇ ਵਿਚ ਪਿਤਰਾਂ ਦੇ ਨਿਮਿਤ ਦਿੱਤੇ ਗਏ ਦਾਨ, ਭੋਜਨ ਆਦਿ ਲਿਆ ਜਾਂਦਾ ਹੈ ਜਿਸ ਪਿਛੇ ਮਨੋਰਥ ਇਹ ਰਹਿੰਦਾ ਹੈ ਕਿ ਇਸ ਪ੍ਰਕਾਰ ਦਿੱਤੇ ਗਏ ਪਦਾਰਥ ਪਿਤਰਾਂ ਨੂੰ ਸਵਰਗ ਵਿਚ ਪ੍ਰਾਪਤ ਹੋ ਜਾਂਦੇ ਹਨ । ਮੂਲ ਰੂਪ ਵਿਚ ਦਾਨ ਆਦਿ ਆਪਣੀ ਔਕਾਤ ਅਨੁਸਾਰ ਪਿੱਤਰ-ਸ਼ਰਧਾ ਅਤੇ ਮਾਨਸਿਕ ਸ਼ੁੱਧੀ ਲਈ ਕੀਤਾ ਜਾਂਦਾ ਸੀ ਪਰ ਪੌਰਾਣਿਕ ਯੁਗ ਵਿਚ ਪੁਰੋਹਿਤਾਂ, ਪੰਡਿਆਂ ਆਦਿ ਨੇ ਆਪਣੇ ਆਰਥਿਕ ਹਿਤ ਲਈ ਸਰਾਧ ਨਾਲ ਕਈ ਪ੍ਰਕਾਰ ਦੇ ਮਹਾਤਮ ਕਲਪਿਤ ਕਰਕੇ ਧਰਮ ਤੋਂ ਡਰਨ ਵਾਲੇ ਵਿਅਕਤੀਆਂ ਦੀ ਸ਼ਰਧਾ ਦਾ ਅਨੁਚਿਤ ਲਾਭ ਉਠਾਇਆ ਹੈ ।

ਗੁਰੂ ਨਾਨਕ ਦੇਵ ਇਸ ਪ੍ਰਕਾਰ ਦੇ ਕਰਮ ਜਾਂ ਪ੍ਰਥਾ ਦੇ ਵਿਰੋਧੀ ਸਨ। ਉਨ੍ਹਾਂ ਦੀ ਧਾਰਣਾ ਸੀ ਕਿ ਅਗਲੇ ਜੀਵਨ (ਪਰਲੋਕ) ਵਿਚ ਉਹੀ ਕੁਝ ਪ੍ਰਾਪਤ ਹੁੰਦਾ ਹੈ ਜੋ ਸ਼ਰੀਰਿਕ ਘਾਲਣਾ ਨਾਲ ਇਸ ਸੰਸਾਰ ਵਿਚ ਅਰਜਿਤ ਕੀਤਾ ਜਾਂਦਾ ਹੈ। ਜੇ ਚੋਰੀ ਕਰ ਕੇ ਜਾਂ ਕਿਸੇ ਹੋਰ ਘਟੀਆ ਢੰਗ ਨਾਲ ਕਮਾਇਆ ਹੋਇਆ ਧਨ ਪਿੱਤਰਾਂ ਨਿਮਿਤ ਦਾਨ ਦੇ ਦਿੱਤਾ ਗਿਆ ਤਾਂ ਪਰਮਾਤਮਾ ਦੀ ਹਜ਼ੂਰੀ ਵਿਚ, ਵਾਸਤਵਿਕਤਾ ਦਾ ਗਿਆਨ ਹੋ ਜਾਣ ਤੇ, ਵਿਅਰਥ ਵਿਚ ਨਿਰਦੋਸ਼ ਪਿੱਤਰਾਂ ਨੂੰ ਚੋਰ ਘੋਸ਼ਿਤ ਕੀਤਾ ਜਾਵੇਗਾ ਅਤੇ ਪੁਰੋਹਿਤਾਂ ਰੂਪੀ ਦਲਾਲਾਂ ਦੇ ਹੱਥ, ਇਸ ਅਪਰਾਧ ਕਾਰਣ, ਕੱਟੇ ਜਾਣਗੇ—'ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ।/ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ।/ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ।/ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ' (ਅ. ਗ੍ਰੰ. 472)। ਸੰਤ ਕਬੀਰ ਨੇ ਵੀ ਇਸ ਪ੍ਰਥਾ ਉਪਰ ਕਟਾਖ ਕਰਦਿਆਂ ਕਿਹਾ ਹੈ ਕਿ ਜੀਊਂਦਿਆਂ ਤਾਂ ਬਜ਼ੁਰਗਾਂ (ਪਿੱਤਰਾਂ) ਦਾ ਕੋਈ ਸਤਿਕਾਰ ਜਾਂ ਸੇਵਾ ਨਹੀਂ ਕਰਦਾ, ਫਿਰ ਮਰਿਆਂ ਹੋਇਆਂ ਦਾ ਸਰਾਧ ਕਰਨ ਦਾ ਕੀ ਪ੍ਰਯੋਜਨ ਹੈ—'ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ।/ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ' (ਅ. ਗ੍ਰੰ. 332)।

ਸ਼ਰੀਅਤ : ਸੂਫ਼ੀ ਚਤੁਰੰਗ ਮਾਰਗ ਦਾ ਪਹਿਲਾ ਪੜਾ। ਵੇਖ 'ਸੂਫ਼ੀਮਤ'।

ਸਰੂਪ-ਨਖਾ : ਇਸ ਸ਼ਬਦ ਦਾ ਸ਼ੁੱਧ ਰੂਪ ਹੈ—'ਸੂਰਪਨਖਾ', ਜਿਸ ਦਾ ਭਾਵ ਹੈ ਛੱਜ ਜਿਨੇ ਵੱਡੇ ਨਹੁੰਆਂ ਵਾਲੀ। ਇਹ ਵਿਸ਼੍ਰਵਾ ਦੀ ਪੁੱਤਰੀ ਅਤੇ ਰਾਵਣ ਦੀ ਭੈਣ ਸੀ ਅਤੇ ਇਸ ਦਾ ਵਿਆਹ, ਦਾਨਵਾਂ ਦੇ ਰਾਜੇ, ਕਾਲਕਾ ਦੇ ਪੁੱਤਰ ਵਿਦ੍ਯੁਜਿਹ੍ਵਾ ਨਾਲ ਹੋਇਆ ਸੀ। 'ਬਾਲਮੀਕੀ ਰਾਮਾਇਣ' (ਅਰਣ੍ਯ ਅਤੇ ਉਤਰ ਕਾਂਡ) ਅਨੁਸਾਰ ਰਾਵਣ ਨੇ ਦਿਗਵਿਜਈ ਹੋਣ ਦੀ ਇੱਛਾ ਨਾਲ ਕਈ ਯੁੱਧ ਕੀਤੇ। ਅਨੇਕ ਰਾਜਿਆਂ ਨੂੰ ਮਾਰਿਆ ਅਤੇ ਰਸਤੇ ਵਿਚ ਰੋੜਾ ਬਣਨ ਵਾਲੇ ਦੈਂਤਾਂ ਨੂੰ ਵੀ ਖ਼ਤਮ ਕੀਤਾ। ਉਨ੍ਹਾਂ ਮਾਰੇ ਗਏ ਦੈਂਤਾਂ ਵਿਚ ਸਰੂਪਨਖਾ ਦਾ ਪਤੀ ਵੀ ਸ਼ਾਮਲ ਸੀ। ਪਤੀ ਦੀ ਮ੍ਰਿਤੂ ਕਾਰਣ ਦੁੱਖੀ ਸਰੂਪਨਖਾ ਨੂੰ ਰਾਵਣ ਨੇ ਦਿਲਾਸਾ ਦੇ ਕੇ ਆਪਣੇ ਭਰਾ ਖਰ ਕੋਲ ਦੰਡਕ ਬਨ ਵਿਚ ਭੇਜ ਦਿੱਤਾ। ਉਥੇ ਬਨਬਾਸ ਦੌਰਾਨ ਵਿਚਰਦੇ ਰਾਮ ਨੂੰ ਵੇਖ ਕੇ ਇਹ ਮੋਹਿਤ ਹੋ ਗਈ ਅਤੇ ਵਿਆਹ ਦਾ ਪ੍ਰਸਤਾਵ ਰਖਿਆ। ਰਾਮ ਨੇ ਇਸ ਨੂੰ ਲੱਛਮਣ ਪਾਸ ਭੇਜ ਦਿੱਤਾ। ਲੱਛਮਣ ਨੇ ਵੀ ਵਿਆਹ ਦਾ ਪ੍ਰਸਤਾਵ ਠੁਕਰਾ ਦਿੱਤਾ।

ਇਹ ਫਿਰ ਰਾਮ ਪਾਸ ਆਈ। ਰਾਮ ਨੇ ਆਪਣੇ ਵਿਵਾਹਿਤ ਹੋਣ ਦੀ ਗੱਲ ਫਿਰ ਸਪੱਸ਼ਟ ਕੀਤੀ। ਆਪਣੇ ਮਨੋਰਥ ਦੀ ਪੂਰਤੀ ਵਿਚ ਰੋੜਾ ਬਣੀ ਸੀਤਾ ਨੂੰ ਖ਼ਤਮ ਕਰਨ ਲਈ ਇਹ ਉਸ ਉਤੇ ਝਪਟੀ। ਲੱਛਮਣ ਨੇ ਸਰੂਪਨਖਾ ਦੇ ਇਸ ਹਮਲੇ ਕਾਰਣ ਉਸ ਦੇ ਕੰਨ ਅਤੇ ਨਕ ਵਢ ਕੇ ਕਰੂਪ ਕਰ ਦਿੱਤਾ। ਇਹ ਗੁੱਸੇ ਵਿਚ ਆਪਣੇ ਭਰਾ ਖਰ ਕੋਲ ਆਈ ਅਤੇ ਰਾਮ ਕੋਲੋਂ ਬਦਲਾ ਲੈਣ ਲਈ ਉਕਸਾਇਆ। ਖਰ ਨੇ ਆਪਣੇ ਭਰਾ ਦੂਸ਼ਣ ਸਹਿਤ ਚੌਦਾਂ ਹਜ਼ਾਰ ਫ਼ੌਜ ਲੈ ਕੇ ਰਾਮ-ਲੱਛਮਣ ਉਤੇ ਚੜ੍ਹਾਈ ਕਰ ਦਿੱਤੀ। ਯੁੱਧ ਵਿਚ ਦੈਂਤ ਹਾਰ ਗਏ ਅਤੇ ਖਰ, ਦੂਸ਼ਣ ਅਤੇ ਤ੍ਰਿਸ਼ਿਰਾ ਸਹਿਤ ਸਭ ਮਾਰੇ ਗਏ।

ਫਿਰ ਇਹ ਰਾਵਣ ਪਾਸ ਗਈ ਅਤੇ ਸੀਤਾ ਦੀ ਸੁੰਦਰਤਾ ਦੀ ਤਾਰੀਫ਼ ਕਰਕੇ ਉਸ ਨੂੰ ਉਧਾਲ ਲਿਆਉਣ ਲਈ ਉਤਸਾਹਿਤ ਕੀਤਾ। ਰਾਵਣ ਸੀਤਾ ਨੂੰ ਜ਼ਬਰਦਸਤੀ ਚੁੱਕ ਲਿਆਇਆ। ਫਲਸਰੂਪ, ਰਾਮ-ਰਾਵਣ ਯੁੱਧ ਹੋਇਆ। ਨਜ਼ਾਬਤ ਨੇ ਆਪਣੀ ਵਾਰ ਵਿਚ ਇਸ ਘਟਨਾ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਜਿਉਂ ਲੱਛਮਣ ਦਾ ਛਲ ਕਰਨ, ਭੈਣ ਘਲੀ ਸੀ ਰਾਵਣ।/ਤਿਉਂ ਤੂੰ ਵੀ ਚਲੀਏ ਸੂਪਨਖਾ ਵਾਂਗ ਨਕ ਵਢਾਵਣ।'

ਸਲਵਾਨ : ਵੇਖੋ 'ਸਾਲਿਵਾਹਨ/ਸਾਲਿਵਾਨ'।

ਸਲੇਟੀ : ਸਿਆਲਾਂ ਦੀ ਬੇਟੀ, ਹੀਰ। ਵੇਖੋ 'ਹੀਰ-ਰਾਂਝਾ'।

ਸਵਰਗ : ਮਨੁੱਖ ਨੂੰ ਚੰਗੇ ਕਰਮਾਂ ਵਲ ਪ੍ਰੇਰਿਤ ਕਰਨ ਅਤੇ ਮਾੜੇ ਕਰਮਾਂ ਤੋਂ ਹਟਾਉਣ ਲਈ 'ਸਵਰਗ' ਅਤੇ 'ਨਰਕ' ਦੀ ਪ੍ਰਾਪਤੀ ਦੀ ਕਲਪਨਾ ਕੀਤੀ ਗਈ ਹੈ। ਇਸ ਦਾ ਮੂਲ ਆਧਾਰ 'ਕਰਮਵਾਦ' ਹੈ। ਚੂੰਕਿ ਸਾਰੇ ਧਰਮਾਂ ਦੇ ਮੂਲ ਵਿਚ ਚੰਗੇ ਕਰਮਾਂ ਉਤੇ ਬਲ ਦਿੱਤਾ ਗਿਆ ਹੈ ਅਤੇ ਮਾੜੇ ਕਰਮਾਂ ਨੂੰ ਨਿਖੇਧਿਆ ਗਿਆ ਹੈ, ਇਸ ਲਈ ਸਵਰਗ ਅਤੇ ਨਰਕ ਦਾ ਸੰਕਲਪ ਲਗਭਗ ਸਾਰੇ ਧਰਮਾਂ ਵਿਚ ਮਿਲ ਜਾਂਦਾ ਹੈ।

ਹਿੰਦੂ ਧਰਮ ਵਿਚ ਸਵਰਗ ਦਾ ਵਿਵੇਚਨ ਬੜੀ ਬਾਰੀਕੀ ਨਾਲ ਹੋਇਆ ਹੈ। ਉਪ-ਨਿਸ਼ਦਾਂ ਅਨੁਸਾਰ ਜਿਨ੍ਹਾਂ ਲੋਕਾਂ ਨੂੰ ਪੂਰਣ-ਗਿਆਨ ਜਾਂ ਬ੍ਰਹਮ-ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਹ ਬ੍ਰਹਮ-ਲੋਕ ਵਿਚ ਜਾਂਦੇ ਹਨ। ਜਿਨ੍ਹਾਂ ਪ੍ਰਾਣੀਆਂ ਦਾ ਗਿਆਨ ਅਪੂਰਣ ਹੁੰਦਾ ਹੈ, ਉਹ ਸਵਰਗ ਵਿਚ ਜਾਂਦੇ ਹਨ ਅਤੇ ਆਪਣੇ ਸ਼ੁਭ ਕਰਮਾਂ ਅਨੁਸਾਰ ਫਲ ਭੋਗ ਕੇ ਫਿਰ ਸੰਸਾਰ ਵਿਚ ਜਨਮ ਲੈਂਦੇ ਹਨ। ਪਰ ਜੋ ਲੋਕ ਅਗਿਆਨੀ ਹਨ, ਉਹ ਨਰਕਾਂ ਵਿਚ ਦੁੱਖ ਭੋਗਦੇ ਹਨ ਜਾਂ ਫਿਰ-ਫਿਰ ਜਨਮ ਧਾਰਣ ਕਰਦੇ ਹਨ।

ਸਵਰਗ ਅਤੇ ਨਰਕ ਦਾ ਸੰਕਲਪ ਪੁਰਾਣਾਂ ਵਿਚ ਅਧਿਕ ਵਿਕਸਿਤ ਹੋਇਆ ਹੈ। 'ਪਦਮ ਪੁਰਾਣ' (ਸਵਰਗ-ਖੰਡ) ਵਿਚ ਸਵਰਗ ਦਾ ਵਰਣਨ ਕਰਦਿਆਂ ਲਿਖਿਆ ਗਿਆ ਹੈ ਕਿ ਇਸ ਵਿਚ ਬਹੁਤ ਸੁੰਦਰ ਬਾਗ਼ ਅਤੇ ਉਪਵਨ ਹਨ। ਹਰ ਪਾਸੇ ਫੁੱਲਾਂ ਨਾਲ ਲਦੇ ਬ੍ਰਿਛ ਲਹਿਰਾ ਰਹੇ ਹਨ। ਬੈਠਣ ਲਈ ਚਾਂਦੀ ਦੇ ਆਸਣ ਅਤੇ ਸੌਣ ਲਈ ਸੁਨਹਿਰੀ ਪਲੰਘ ਹਨ। ਰਹਿਣ ਲਈ ਸੁੰਦਰ ਮਹੱਲ ਹਨ, ਸੇਵਾ ਲਈ ਮਨਮੋਹਨੀਆਂ ਅਪੱਛਰਾਵਾਂ ਹਨ। ਮਨੋਰੰਜਨ ਲਈ ਗੰਧਰਵਾਂ ਦੀ ਵਿਵਸਥਾ ਹੈ। ਅਸਲੋਂ ਸਵਰਗ ਵਿਚ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਉਪਲਬਧ ਹਨ। ਇਸ ਵਿਚ ਕਿਸੇ ਕਿਸਮ ਦੀ ਕੋਈ ਬੀਮਾਰੀ ਜਾਂ ਦੁੱਖ-ਸੰਤਾਪ ਨਹੀਂ। ਸ਼ੁਭ ਕਰਮਾਂ ਕਰਕੇ ਹੀ ਵਿਅਕਤੀ ਇਥੇ ਪਹੁੰਚ ਸਕਦਾ ਹੈ।

ਇਸ ਦੀ ਸਥਿਤੀ ਬਾਰੇ ਵੀ ਕਈ ਪ੍ਰਕਾਰ ਦੇ ਵਿਵਰਣ ਮਿਲਦੇ ਹਨ। ਇਕ ਮਤ ਅਨੁਸਾਰ ਇਹ ਧਰਤੀ ਤੋਂ ਉਪਰ, ਸੂਰਜ ਲੋਕ ਤੋਂ ਪਰ੍ਹੇ, ਸੂਰਜ ਅਤੇ ਧ੍ਰੂ ਲੋਕ ਦੇ ਵਿਚਕਾਰ ਸਥਿਤ ਹੈ। ਦੂਜੇ ਮਤ ਅਨੁਸਾਰ ਇਹ ਇਲਾਵ੍ਰਿਤ ਦੀਪ (ਜੰਬੂ ਦੀਪ ਦੇ ਨੌਂ ਭਾਗਾਂ ਵਿਚੋਂ ਇਕ) ਵਿਚ ਸੁਮੇਰ ਪਰਬਤ ਦੇ ਉੱਤਰ ਵਲ ਹੈ। ਸਾਧਾਰਣ ਰੂਪ ਵਿਚ ਇੰਦਰ ਨੂੰ ਸਵਰਗ ਦਾ ਸੁਆਮੀ ਮੰਨਿਆ ਜਾਂਦਾ ਹੈ। ਇੰਦਰ-ਪਦ ਵਿਅਕਤੀ ਸੂਚਕ ਨਹੀਂ, ਉਪਾਧੀ ਦਾ ਲਖਾਇਕ ਹੈ। ਹਰ ਸੌ ਦੇਵੀ ਵਰ੍ਹਿਆਂ ਬਾਦ ਇੰਦਰ ਦੀ ਬਦਲੀ ਹੁੰਦੀ ਹੈ। ਇਸ ਪਦ ਨੂੰ ਪ੍ਰਾਪਤ ਕਰਨ ਲਈ ਕਈ ਰਿਸ਼ੀਆਂ, ਮੁਨੀਆਂ, ਰਾਜਿਆਂ, ਦੈਂਤਾਂ

ਨੇ ਵੀ ਯੱਗ ਅਤੇ ਤਪੱਸਿਆ ਕੀਤੀ ਹੈ।

ਪੁਰਾਣ-ਸਾਹਿੱਤ ਵਿਚ ਸੰਪ੍ਰਦਾਇਕ ਵਿਚਾਰਧਾਰਾ ਦੇ ਵਿਕਸਿਤ ਹੋ ਜਾਣ ਤੋਂ ਬਾਦ ਹਰ ਪ੍ਰਮੁਖ ਦੇਵਤੇ ਦੇ ਅਨੁਯਾਈਆਂ ਨੇ ਆਪਣੇ-ਆਪਣੇ ਦੇਵਤੇ ਦੇ ਸਵਰਗ ਵਿਚ ਜਾਣ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਸਵਰਗਾਂ ਦੇ ਵੀ ਕਈ ਸਰੂਪ ਅਤੇ ਭੇਦ ਪ੍ਰਚਲਿਤ ਹੋ ਗਏ ਹਨ। ਮੁੱਖ ਤੌਰ ਤੇ, 'ਪਦਮ-ਪੁਰਾਣ' ਵਿਚ ਪੰਜ ਸਵਰਗ ਦਸੇ ਗਏ ਹਨ। ਜਿਵੇਂ ਇੰਦਰ-ਪੁਰੀ, ਬੈਕੁੰਠ-ਪੁਰੀ, ਕੈਲਾਸ਼-ਪੁਰੀ, ਅਲਕਾ-ਪੁਰੀ ਅਤੇ ਬ੍ਰਹਮ-ਲੋਕ (ਬ੍ਰਹਮ-ਪੁਰੀ)। 'ਨਰਸਿੰਘ ਪੁਰਾਣ' ਵਿਚ ਸੁਮੇਰ ਪਰਬਤ ਦੀਆਂ ਤਿੰਨ ਚੋਟੀਆਂ ਨੂੰ ਹੀ ਸਵਰਗ ਮੰਨਿਆ ਗਿਆ ਹੈ।

ਤਿੰਨ ਲੋਕਾਂ ਦੀ ਕਲਪਨਾ ਅਨੁਸਾਰ 'ਸਵਰਗ ਲੋਕ' ਆਕਾਸ਼ ਵਿਚ ਹੈ, 'ਪਾਤਾਲ ਲੋਕ' ਧਰਤੀ ਦੇ ਹੇਠਾਂ ਹੈ ਅਤੇ 'ਮਾਤ ਲੋਕ' ਧਰਤੀ ਉਪਰ ਹੈ। ਪੁਰਾਣਾਂ ਅਨੁਸਾਰ ਸਵਰਗ ਦੀ ਸਥਾਨਗਤ ਹੋਂਦ ਹੈ। ਮੱਧਕਾਲ ਦੇ ਸੰਤਾਂ ਨੇ ਆਪਣੀਆਂ ਬਾਣੀਆਂ ਵਿਚ ਭਾਵੇਂ ਸਵਰਗ ਦੀ ਹੋਂਦ ਨੂੰ ਮੰਨਿਆ ਹੈ, ਪਰ ਇਹ ਸਥਾਨਗਤ ਨਹੀਂ; ਭਾਵਨਾ-ਗਤ ਹੈ, ਜਿਵੇਂ 'ਸੋਦਰ' ਦੀ ਪਉੜੀ ਵਿਚ ਗੁਰੂ ਨਾਨਕ ਦੇਵ ਨੇ ਸਪੱਸ਼ਟ ਕੀਤਾ ਹੈ। ਸੰਤ ਰਵਿਦਾਸ ਨੇ ਇਸ ਨੂੰ 'ਬੇਗਮਪੁਰਾ' ਨਾਂ ਦਿੱਤਾ ਹੈ। ਸੰਤ ਕਬੀਰ ਨੇ ਇਸ ਨੂੰ 'ਬੈਕੁੰਠ' ਕਿਹਾ ਹੈ। ਗੁਰੂ ਅਰਜਨ ਦੇਵ ਨੇ ਸਵਰਗ ਅਤੇ ਨਰਕ ਨੂੰ ਮਾਯਾਵੀ ਕੁਚੱਕਰ ਨਾਲ ਸੰਬੰਧਿਤ ਕੀਤਾ ਹੈ—'ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ।/ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ' (ਅ. ਗ੍ਰੰ. 761)।

ਸਵਰਗ-ਮਾਰਗ : ਵੇਖੋ 'ਆਕਾਸ਼-ਗੰਗਾ'।

ਸਵਾਂਤਿ-ਬੂੰਦ : ਇਕ ਵਿਸ਼ੇਸ਼ ਬੂੰਦ, ਜਿਸ ਦਾ ਸੰਬੰਧ 'ਸ੍ਵਾਤਿ ਯੋਗ' ਨਾਲ ਹੋਣ ਕਾਰਣ ਸ੍ਵਾਂਤਿ (ਸਵਾਂਤਿ) ਬੂੰਦ ਕਿਹਾ ਜਾਂਦਾ ਹੈ। ਜੋਤਿਸ਼ ਸ਼ਾਸਤ੍ਰ ਅਨੁਸਾਰ ਹਾੜ ਦੇ ਚਾਨਣੇ ਪੱਖ ਦੀਆਂ ਸਾਰੀਆਂ ਥਿਤਾਂ ਨੂੰ ਅਤੇ ਮਾਘ ਮਹੀਨੇ ਦੇ ਹਨੇਰੇ ਪੱਖ ਦੀ ਸੱਤਵੀਂ ਨੂੰ ਚੰਦ੍ਰਮਾ ਜਦੋਂ ਸ੍ਵਾਤਿ ਨਛੱਤ੍ਰ ਤੇ ਆਉਂਦਾ ਹੈ ਤਾਂ ਸ੍ਵਾਂਤਿ-ਯੋਗ ਹੁੰਦਾ ਹੈ। ਇਸ ਯੋਗ ਵੇਲੇ ਜੋ ਵਰਸ਼ਾ ਹੁੰਦੀ ਹੈ, ਉਸ ਦੀਆਂ ਬੂੰਦਾਂ ਨੂੰ ਬਹੁਤ ਪਵਿੱਤਰ ਅਤੇ ਕਲਿਆਣਕਾਰੀ ਸਮਝਿਆ ਜਾਂਦਾ ਹੈ। ਅਸ਼੍ਵਿਨੀ ਤੋਂ ਪੰਦਰ੍ਹਵਾਂ ਨਛੱਤ੍ਰ 'ਸ੍ਵਾਤਿ ਨਛੱਤ੍ਰ' ਵਜੋਂ ਜਾਣਿਆ ਜਾਂਦਾ ਹੈ। ਇਸ ਨੂੰ ਸ਼ੁਭ ਸਮਝਦੇ ਹੋਇਆਂ ਇਸ ਵਿਚ ਪੈਦਾ ਹੋਏ ਬਾਲਕ ਨੂੰ ਚੰਗੀ ਕਿਸਮਤ ਵਾਲਾ ਵਿਚਾਰਿਆ ਜਾਂਦਾ ਹੈ।

ਪੁਰਾਣ-ਸਾਹਿੱਤ ਵਿਚ ਜ਼ਿਕਰ ਆਉਂਦਾ ਹੈ ਕਿ ਕੇਵਲ ਸਵਾਂਤਿ ਬੂੰਦ ਨੂੰ ਪੀ ਕੇ ਹੀ ਚਾਤ੍ਰਿਕ ਆਪਣੀ ਪਿਆਸ ਬੁਝਾਉਂਦਾ ਹੈ, ਹੋਰ ਬੂੰਦਾਂ ਨਾਲ ਉਸ ਦੀ ਪਿਆਸ ਨਹੀਂ ਬੁਝਦੀ। ਇਕ ਲੋਕ-ਮਾਨਤਾ ਇਹ ਵੀ ਹੈ ਕਿ ਜੇ ਇਹ ਬੂੰਦ ਕੇਲੇ ਵਿਚ ਪਏ ਤਾਂ ਕਪੂਰ, ਸਿੱਪੀ ਵਿਚ ਪਏ ਤਾਂ ਮੋਤੀ ਅਤੇ ਬਾਂਸ ਵਿਚ ਪਏ ਤਾ ਬੰਸਲੋਚਨ ਬਣ ਜਾਂਦੀ ਹੈ। ਭਾਈ ਗੁਰਦਾਸ ਨੇ ਬਾਂਸ ਦੀ ਥਾਂ ਤੇ ਸੱਪ ਦਾ ਮੂੰਹ ਮੰਨਿਆ ਹੈ ਕਿ ਜੇ ਇਹ ਬੂੰਦ ਸੱਪ ਦੇ ਮੂੰਹ ਵਿਚ ਪੈ ਜਾਵੇ ਤਾਂ ਜ਼ਹਿਰ ਬਣ ਜਾਂਦੀ ਹੈ—'ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈਂ।/...ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ।/ਮੋਤੀ ਹਵੈ ਸਿਪੁ

ਮੁਹਿ ਬਹੁ ਮੋਲੁ ਮੁਲਾਈ ।/ਬਿਸੀਅਰ ਦੇ ਮੁਹਿ ਕਾਲਕੂਟ ਚਿਤਵੈ ਬੁਰਿਆਈ' (2/5)।

ਸਵੇਤਜ/ਸੇਤਜ : ਵੇਖੋ 'ਚਾਰ-ਖਾਣੀਆਂ'।

ਸਾਅਦੀ, ਸ਼ੇਖ : ਫ਼ਾਰਸੀ ਦਾ ਇਕ ਸੁਪ੍ਰਸਿੱਧ ਸਾਹਿੱਤਕਾਰ ਜਿਸ ਦਾ ਜਨਮ ਸੰਨ 1185 ਈ. ਵਿਚ ਸ਼ੀਰਾਜ਼ ਵਿਚ ਹੋਇਆ। ਮੁੱਢਲੀ ਸਿਖਿਆ ਸ਼ੀਰਾਜ਼ ਵਿਚ ਪ੍ਰਾਪਤ ਕਰਨ ਉਪਰੰਤ, ਉਚੇਰੀ ਸਿਖਿਆ ਦੀ ਪ੍ਰਾਪਤੀ ਲਈ ਇਹ ਬਗ਼ਦਾਦ ਗਿਆ। ਪੜ੍ਹਾਈ ਦੌਰਾਨ ਇਸ ਨੇ ਬਹੁਤ ਸਾਰੇ ਇਸਲਾਮੀ ਦੇਸ਼ਾਂ ਦੀ ਯਾਤ੍ਰਾ ਕੀਤੀ, ਜਿਵੇਂ ਅਰਬ, ਸੀਰੀਆ, ਤੁਰਕੀ, ਮਿਸਰ, ਮੱਧ-ਏਸ਼ੀਆ ਆਦਿ। ਇਸ ਨੇ ਸੋਮਨਾਥ ਮੰਦਿਰ ਦੇਖਣ ਦੀ ਗੱਲ ਵੀ ਕੀਤੀ ਹੈ। ਜਦੋਂ ਇਹ ਸੀਰੀਆ ਦੀ ਯਾਤ੍ਰਾ ਤੇ ਸੀ, ਤਾਂ ਉਥੇ ਚਲ ਰਹੇ ਧਰਮ-ਯੁੱਧ ਦੇ ਕਾਰਕੁਨਾਂ ਨੇ ਇਸ ਨੂੰ ਬੰਦੀ ਬਣਾ ਲਿਆ। ਕਿਸੇ ਪੁਰਾਣੇ ਮਿੱਤਰ ਨੇ ਦਸ ਦੀਨਾਰ (ਸੋਨੇ ਦੇ ਸਿੱਕੇ) ਭਰ ਕੇ ਇਸ ਨੂੰ ਮੁਕਤ ਕਰਾਇਆ ਅਤੇ ਆਪਣੀ ਪੁੱਤਰੀ ਦਾ ਇਸ ਨਾਲ ਵਿਆਹ ਕਰਕੇ ਇਕ ਸੌ ਦੀਨਾਰ ਤੋਹਫ਼ੇ ਵਜੋਂ ਦਿੱਤੇ।

ਆਪਣੀਆਂ ਲੰਬੀਆਂ ਯਾਤ੍ਰਾਵਾਂ ਤੋਂ ਸ਼ੀਰਾਜ਼ ਪਰਤ ਕੇ ਇਸ ਨੇ ਯਾਤ੍ਰਾ ਦੇ ਅਨੁਭਵਾਂ ਅਤੇ ਆਪਣੇ ਗੰਭੀਰ ਗਿਆਨ ਨੂੰ ਸਮੇਟਣ ਲਈ 'ਬੋਸਤਾਂ' ਅਤੇ 'ਗੁਲਿਸਤਾਂ' ਨਾਂ ਦੀਆਂ ਦੋ ਪੁਸਤਕਾਂ ਦੀ ਰਚਨਾ ਕੀਤੀ। ਇਨ੍ਹਾਂ ਦੀ ਰਚਨਾ ਕ੍ਰਮਵਾਰ ਸੰਨ 1257 ਈ. ਅਤੇ ਸੰਨ 1258 ਈ. ਵਿਚ ਹੋਈ ਸੀ। ਇਹ ਦੋਵੇਂ ਪੁਸਤਕਾਂ ਆਪਣੇ ਯੁਗ ਦੇ ਸੱਚ, ਗਿਆਨ ਅਤੇ ਸਭਿਆਚਾਰ ਨੂੰ ਸਮੋਣ ਵਾਲੀਆਂ ਜਗਤ ਪ੍ਰਸਿੱਧ ਪੁਸਤਕਾਂ ਹਨ। ਇਨ੍ਹਾਂ ਦੇ ਕਈਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕੇ ਹਨ। ਇਨ੍ਹਾਂ ਦੀ ਨਕਲ 'ਤੇ ਹੋਰ ਵੀ ਕੁਝ ਸਾਹਿੱਤਕਾਰਾਂ ਨੇ ਪੁਸਤਕਾਂ ਤਿਆਰ ਕਰਨ ਦਾ ਯਤਨ ਕੀਤਾ, ਪਰ ਕਾਵਿ-ਗੁਣਾਂ ਦੀ ਉਸ ਉੱਚਾਈ ਤਕ ਨਾ ਪਹੁੰਚ ਸਕੇ ਜਿਥੇ ਸਾਅਦੀ ਸਹਿਜ ਹੀ ਪਹੁੰਚ ਗਿਆ ਸੀ।

ਸਾਅਦੀ ਇਕ ਸ੍ਰੇਸ਼ਠ ਕਵੀ ਹੀ ਨਹੀਂ ਸੀ, ਸਗੋਂ ਅਨੂਠੀ ਸ਼ੈਲੀ ਵਾਲਾ ਵਾਰਤਕ-ਕਾਰ ਵੀ ਸੀ। ਇਸ ਦੀਆਂ ਬ੍ਰਿੱਤਾਂਤਿਕ ਰਚਨਾਵਾਂ ਵਿਚਲੀ ਰੋਚਕਤਾ ਫ਼ਾਰਸੀ ਦੇ ਹੋਰ ਵਾਰਤਕ-ਕਾਰਾਂ ਵਿਚ ਬਹੁਤ ਘੱਟ ਮਿਲਦੀ ਹੈ। ਇਸ ਦਾ ਦੇਹਾਂਤ ਸੰਨ 1292 ਈ. ਵਿਚ ਹੋਇਆ। ਇਸ ਬਾਰੇ ਵਾਰਿਸਸ਼ਾਹ ਨੇ 'ਹੀਰ' ਵਿਚ ਸੰਕੇਤ ਕਰਦਿਆਂ ਲਿਖਿਆ ਹੈ—'ਤਲੀ ਹੇਠ ਅੰਗਿਆਰ ਇਕਾ ਸਹਿਤੀ, ਉਤੋਂ ਬਹੁਤ ਪਿਆਰ ਜਤਾਉਂਦੀ ਹੈ।/ਸ਼ੇਖ ਸਾਅਦੀ ਦੇ ਫ਼ਲਕ ਨੂੰ ਖ਼ਬਰ ਨਾਹੀ, ਜੀਕੂੰ ਹੋਇ ਕੇ ਫੰਧ ਚਲਾਉਂਦੀ ਹੈ।'

ਸ਼ਾਹ ਹੁਸੈਨ, ਸਾਈਂ : ਪੰਜਾਬ ਦਾ ਇਕ ਪ੍ਰਸਿੱਧ ਸੂਫ਼ੀ ਕਵੀ ਜਿਸ ਦਾ ਜਨਮ ਸੰਨ 1539 ਈ. (945 ਹਿ.) ਵਿਚ ਸ਼ੇਖ ਉਸਮਾਨ ਢੱਡੇ ਦੇ ਘਰ ਲਾਹੌਰ ਵਿਚ ਹੋਇਆ। ਇਸ ਦਾ ਪਿਦਰੀ ਕਿੱਤਾ ਜੁਲਾਹੇ ਦਾ ਸੀ। ਬਾਲ-ਕਾਲ ਵਿਚ ਇਸ ਨੂੰ ਮਸਜਿਦ ਵਿਚ ਪੜ੍ਹਨੇ ਪਾਇਆ ਗਿਆ ਜਿਥੇ ਮੌਲਵੀ ਅਬੂ ਬਕਰ ਨੇ ਇਸ ਨੂੰ ਕੁਰਾਨ ਪੜ੍ਹਾਇਆ। ਕਹਿੰਦੇ ਹਨ ਕਿ ਇਸ ਨੇ ਦਸ ਸਾਲ ਦੀ ਉਮਰ ਵਿਚ 'ਕੁਰਾਨ' ਨੂੰ ਜ਼ਬਾਨੀ ਯਾਦ ਕਰ ਲਿਆ। ਇਸ ਤੋਂ ਬਾਦ ਇਹ ਸ਼ੇਖ ਬਹਿਲੋਲ ਦਰਿਆਈ ਦਾ ਮੁਰੀਦ ਬਣਿਆ ਅਤੇ ਸੂਫ਼ੀ ਮਤ ਦੇ ਸਿੱਧਾਂਤਾਂ ਦਾ ਅਧਿਐਨ ਕੀਤਾ। ਲਗਭਗ ਬਾਰ੍ਹਾਂ ਸਾਲ ਸ਼ਰੀਅਤ ਦੀ ਪਾਬੰਦੀ

ਵਾਲਾ ਜੀਵਨ ਬਤੀਤ ਕਰਨ ਤੋਂ ਬਾਦ ਪੀਰ ਸਾਦੂਲਾ ਦੀ ਸੰਗਤ ਨਾਲ ਇਸ ਨੇ ਸ਼ਰੀਅਤ ਦੇ ਰੂੜ੍ਹ ਰੂਪ ਨੂੰ ਮੰਨਣ ਤੋਂ ਖੁਲ੍ਹ ਲੈ ਲਈ ਅਤੇ ਲਾਲ ਬਸਤ੍ਰ ਧਾਰਣ ਕਰ ਕੇ ਖੁਲ੍ਹੇ ਆਮ ਨਸ਼ਿਆਂ ਦਾ ਸੇਵਨ ਸ਼ੁਰੂ ਕਰ ਦਿੱਤਾ। ਕਾਦਰੀ ਫ਼ਿਰਕੇ ਨਾਲ ਸੰਬੰਧਿਤ ਹੁੰਦੇ ਹੋਇਆਂ ਵੀ ਇਸ ਨੇ ਮਲਾਮਤੀ ਬਣਨਾ ਅਧਿਕ ਉਚਿਤ ਸਮਝਿਆ। ਕੱਟੜਪੰਥੀ ਮੁਸਲਮਾਨਾਂ ਨੇ ਇਸ ਨੂੰ ਪਸੰਦ ਨਾ ਕੀਤਾ, ਪਰ ਇਸ ਨੇ ਕਿਸੇ ਦੀ ਕੋਈ ਪਰਵਾਹ ਨਾ ਕੀਤੀ।

ਇਕ ਰਵਾਇਤ ਅਨੁਸਾਰ ਇਹ ਮਾਧੋ ਲਾਲ ਨਾਂ ਦੇ ਇਕ ਲੜਕੇ ਨਾਲ ਦੀਵਾਨਗੀ ਦੀ ਹਦ ਤਕ ਇਸ਼ਕ ਕਰਦਾ ਸੀ। ਇਸ ਲਈ ਇਸ ਦਾ ਨਾਂ 'ਮਾਧੋ ਲਾਲ ਹੁਸੈਨ' ਪ੍ਰਚਲਿਤ ਹੋਇਆ। ਇਸ ਦੀਆਂ ਕਈ ਕਾਫ਼ੀਆਂ ਮਾਧੋ ਲਾਲ ਨੂੰ ਸੰਬੋਧਨ ਕੀਤੀਆਂ ਹੋਈਆਂ ਵੀ ਹਨ।

ਕਹਿੰਦੇ ਹਨ ਕਿ ਆਪਣਾ ਕਲਾਮ ਲੈ ਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਾਉਣ ਲਈ ਗੁਰੂ ਅਰਜਨ ਦੇਵ ਪਾਸ ਅੰਮ੍ਰਿਤਸਰ ਗਿਆ, ਪਰ ਇਸ ਦੀਆਂ ਕਾਫ਼ੀਆਂ ਗੁਰਮਤਿ ਦੀ ਕਸੌਟੀ ਉਤੇ ਪੂਰੀਆਂ ਨਾ ਉਤਰਨ ਕਾਰਣ ਉਨ੍ਹਾਂ ਨੂੰ ਸ਼ਾਮਲ ਨਾ ਕੀਤਾ ਗਿਆ।

ਸ਼ਾਹ ਹੁਸੈਨ ਦੇ ਨਾਂ ਨਾਲ ਸੰਬੰਧਿਤ 117 ਤੋਂ ਲੈ ਕੇ 163 ਤਕ ਕਾਫ਼ੀਆਂ ਮਿਲਦੀਆਂ ਹਨ। ਇਹ ਸਾਰੀਆਂ ਕਾਫ਼ੀਆਂ ਵੱਖ-ਵੱਖ ਰਾਗਾਂ ਦੇ ਅਧੀਨ ਛਪੀਆਂ ਹਨ। ਰਾਗ ਅਧਿਕਤਰ ਲੋਕਿਕ ਹਨ। ਕਵੀ ਦੀ ਵਿਯੋਗੀ ਆਤਮਾ ਦਾ ਬੜਾ ਪ੍ਰਭਾਵਸ਼ਾਲੀ ਅਤੇ ਦਿਲ ਟੁੰਬਣ ਵਾਲਾ ਚਿੱਤ੍ਰਣ ਇਨ੍ਹਾਂ ਕਾਫ਼ੀਆਂ ਵਿਚ ਮਿਲਦਾ ਹੈ। ਇਸ਼ਕ ਦੀ ਤੀਬਰ ਭਾਵਨਾ, ਪ੍ਰੀਤਮ ਨੂੰ ਮਿਲ ਕੇ ਅਧਿਆਤਮਿਕ ਸੰਯੋਗ ਪ੍ਰਾਪਤ ਕਰਨ ਦੀ ਇੱਛਾ, ਧਾਰਮਿਕ ਪਾਖੰਡਾਂ ਅਤੇ ਕਰਮਕਾਂਡਾਂ ਪ੍ਰਤਿ ਬਗਾਵਤ ਆਦਿ ਪੱਖਾਂ ਦਾ ਚਿੱਤ੍ਰਣ ਕਰਨਾ ਸ਼ਾਹ ਹੁਸੈਨ ਦੇ ਕਾਵਿ ਦਾ ਮੁੱਖ ਲੱਛਣ ਹੈ। ਕਵੀ ਸ਼ਾਹ ਹੁਸੈਨ ਨੇ ਠੇਠ ਪੰਜਾਬੀ ਵਿਚ ਲੋਚ, ਮਿਠਾਸ ਅਤੇ ਰਸ ਦੇ ਨਾਲ ਨਾਲ ਸੋਜ਼ ਅਤੇ ਆਜਜ਼ੀ ਦਾ ਜੋ ਸੁਆਦ ਭਰਿਆ ਹੈ, ਉਹ ਹੋਰੋਂ ਮਿਲਣਾ ਸਰਲ ਨਹੀਂ ਹੈ। ਪਹਿਲੀ ਵਾਰ ਪੰਜਾਬੀ ਕਵਿਤਾ ਵਿਚ ਅਲੰਕਾਰਾਂ ਅਤੇ ਪ੍ਰਤੀਕਾਂ ਦੇ ਰੂਪ ਵਿਚ ਚਰਖੇ, ਪਟਾਰੀ, ਪੱਛੀ, ਪੂਣੀ, ਤੰਦ, ਖੱਡੀ, ਚੋਗਾਨ ਦਾ ਚਿੱਤ੍ਰਣ ਇਨ੍ਹਾਂ ਕਾਫ਼ੀਆਂ ਵਿਚ ਮਿਲਦਾ ਹੈ। ਡਾ. ਦੀਵਾਨਾ ਨੇ 'ਮਸਤੀ' ਕਾਵਿ-ਸੰਗ੍ਰਹਿ ਵਿਚ ਇਸ ਵਲ ਇਸ਼ਾਰਾ ਕੀਤਾ ਹੈ—'ਬਣਿਆ ਸ਼ਾਹ ਹੁਸੈਨ ਵਾਂਗਰਾਂ ਮੈਂ ਵੀ ਆਪ ਮਲਾਮਤੀਆ।'

ਸ਼ਾਹਜਹਾਂ, ਬਾਦਸ਼ਾਹ : ਹਿੰਦੁਸਤਾਨ ਦਾ ਪੰਜਵਾਂ ਮੁਗ਼ਲ ਬਾਦਸ਼ਾਹ ਜਿਸ ਦਾ ਜਨਮ ਜਹਾਂਗੀਰ ਦੇ ਘਰ ਰਾਜਾ ਉਦਯ ਸਿੰਘ ਜੋਧਪੁਰੀ ਦੀ ਪੁੱਤਰੀ ਬਾਲਮਤੀ (ਜੋਧਬਾਈ) ਦੀ ਕੁੱਖੋਂ 5 ਜਨਵਰੀ, 1592 ਈ. ਵਿਚ ਹੋਇਆ। ਇਸ ਦਾ ਪਾਲਣ ਪੋਸ਼ਣ ਆਪਣੇ ਦਾਦਾ ਅਕਬਰ ਬਾਦਸ਼ਾਹ ਦੀ ਨਿਗਰਾਨੀ ਵਿਚ ਹੋਇਆ। ਇਸ ਦਾ ਮੁੱਢਲਾ ਨਾਂ 'ਮਿਰਜ਼ਾ ਖ਼ੁੱਰਮ' ਸੀ ਅਤੇ ਪੂਰਾ ਨਾਂ 'ਅਬੂਅਲ ਮੁੱਜ਼ਫ਼ਰ ਸ਼ਹਾਬੁੱਦੀਨ ਸ਼ਾਹਜਹਾਂ' ਸੀ। ਅਬੁਲ ਫ਼ੈਜ਼ੀ ਨੂੰ ਇਸ ਦਾ ਉਸਤਾਦ ਨਿਯੁਕਤ ਕੀਤਾ ਗਿਆ। ਇਸ ਦਾ ਪਹਿਲਾ ਵਿਆਹ ਸੰਨ 1610 ਈ. ਵਿਚ ਮਿਰਜ਼ਾ ਮੁਜ਼ੱਫ਼ਰ ਹੁਸੈਨ ਸਫ਼ਵੀ ਦੀ ਲੜਕੀ ਨਾਲ ਹੋਇਆ। ਫਿਰ

ਮਾਰਚ, 1612 ਈ. ਵਿਚ ਇਸ ਦਾ ਦੂਜਾ ਵਿਆਹ ਨੂਰਜਹਾਂ ਦੇ ਭਰਾ ਆਸਫ਼ ਖ਼ਾਂ ਦੀ ਪੁੱਤਰੀ ਅਰਜੁਮੰਦ ਬਾਨੂ ਨਾਲ ਹੋਇਆ, ਭਾਵੇਂ ਮੰਗਣੀ ਸੰਨ 1607 ਈ. ਵਿਚ ਹੋ ਚੁੱਕੀ ਸੀ। ਇਸ ਵਿਆਹ ਸੰਬੰਧ ਨਾਲ ਖ਼ੁੱਰਮ ਦੀ ਕਿਸਮਤ ਚਮਕੀ। ਇਹੀ ਬੇਗਮ ਬਾਦ ਵਿਚ ਮੁਮਤਾਜ਼ ਮਹਲ ਦੇ ਨਾਂ ਨਾਲ ਜਾਣੀ ਗਈ ਅਤੇ ਜਿਸ ਦੀ ਯਾਦ ਵਿਚ ਸ਼ਾਹਜਹਾਂ ਨੇ 'ਤਾਜ ਮਹਲ' ਦੀ ਉਸਾਰੀ ਕਰਕੇ ਆਪਣੇ ਪਿਆਰ ਨੂੰ ਸਥਾਈ ਰੂਪ ਦੇਣ ਦਾ ਉੱਦਮ ਕੀਤਾ। ਸੰਨ 1617 ਈ. ਵਿਚ ਜਦੋਂ ਸ਼ਹਿਜ਼ਾਦਾ ਖ਼ੁੱਰਮ ਮਲਿਕ ਅੰਬਰ ਦੀ ਵੱਧਦੀ ਹੋਈ ਤਾਕਤ ਨੂੰ ਰੋਕਣ ਲਈ ਦੱਖਣ ਗਿਆ, ਤਾਂ ਇਸ ਨੇ ਅਬਦੁਰ ਰਹੀਮ ਖ਼ਾਨਖ਼ਾਨਾ ਦੀ ਪੋਤਰੀ ਨਾਲ ਵਿਆਹ ਕਰਕੇ ਆਪਣੀ ਰਾਜਨੈਤਿਕ ਸਥਿਤੀ ਹੋਰ ਸੁਧਾਰੀ।

ਇਸ ਦੀ ਯੋਗਤਾ ਨੂੰ ਪਰਖਣ ਲਈ ਜਹਾਂਗੀਰ ਨੇ ਇਸ ਨੂੰ ਮੇਵਾੜ ਵਿਚ ਮਹਾਰਾਣਾ ਅਮਰ ਸਿੰਘ ਨਾਲ ਲੋਹਾ ਲੈਣ ਲਈ ਭੇਜਿਆ। ਸ਼ਹਿਜ਼ਾਦਾ ਖ਼ੁੱਰਮ ਉਸ ਨੂੰ ਵਿਵਸ਼ ਕਰਕੇ ਅਧੀਨ ਕਰਨ ਵਿਚ ਕਾਮਯਾਬ ਹੋਇਆ। ਫਿਰ ਇਸ ਨੇ ਦੱਖਣ ਵਿਚ ਮਲਿਕ ਅੰਬਰ ਦੀ ਅਗਵਾਈ ਵਿਚ ਇਕੱਠੇ ਹੋਏ ਹਾਕਮਾਂ ਦੇ ਸੰਗਠਨ ਨੂੰ ਖੇਰੂੰ-ਖੇਰੂੰ ਕੀਤਾ। ਇਸ ਕਾਮਯਾਬੀ 'ਤੇ ਪ੍ਰਸੰਨ ਹੋ ਕੇ ਜਹਾਂਗੀਰ ਨੇ ਖ਼ੁੱਰਮ ਨੂੰ 'ਸ਼ਾਹਜਹਾਂ' ਦੀ ਉਪਾਧੀ ਬਖ਼ਸ਼ੀ। ਇਸ ਨੇ ਕਾਂਗੜੇ ਦੇ ਕਿਲੇ ਨੂੰ ਵੀ ਅਧੀਨ ਕੀਤਾ। ਕੰਧਾਰ ਦੇ ਕਿਲੇ ਨੂੰ ਵੀ ਫ਼ਾਰਸ ਦੇ ਬਾਦਸ਼ਾਹ ਦੇ ਕਬਜ਼ੇ ਤੋਂ ਮੁਕਤ ਕਰਵਾਇਆ। ਮਲਿਕਾ ਨੂਰਜਹਾਂ ਨਾਲ ਇਸ ਦੇ ਸੰਬੰਧਾਂ ਵਿਚ ਕਿਸੇ ਸਮੇਂ ਭਾਵੇਂ ਕੁਝ ਤ੍ਰੇੜ ਵੀ ਆ ਗਈ ਸੀ, ਪਰ ਸੰਨ 1627 ਈ. ਵਿਚ ਜਹਾਂਗੀਰ ਦੀ ਮ੍ਰਿਤੂ ਤੋਂ ਬਾਦ ਮੁਮਤਾਜ਼ ਮਹਲ ਦੇ ਪਿਤਾ ਆਸਫ਼ ਖ਼ਾਂ ਦੀ ਸਹਾਇਤਾ ਨਾਲ ਇਹ ਰਾਜ-ਗੱਦੀ ਉਤੇ ਬੈਠਾ।

ਇਸ ਦੇ ਰਾਜ-ਕਾਲ ਵਿਚ ਰਾਜਨੈਤਿਕ ਸਥਿਤੀ ਅਧਿਕਤਰ ਸ਼ਾਂਤੀਪੂਰਣ ਰਹੀ, ਸਿਵਾਏ ਦੋ ਤਿੰਨ ਬਗ਼ਾਵਤਾਂ ਦੇ ਜਿਨ੍ਹਾਂ ਨੂੰ ਦਬਾ ਦਿੱਤਾ ਗਿਆ। ਇਸ ਨੇ ਆਪਣੇ ਪਿਤਰੀ ਇਲਾਕੇ ਬਲਖ ਅਤੇ ਬਦਖ਼ਸ਼ਾਂ ਨੂੰ ਵੀ ਆਪਣੇ ਅਧੀਨ ਕਰਨਾ ਚਾਹਿਆ, ਪਰ ਕਾਮਯਾਬੀ ਨਾ ਮਿਲ ਸਕੀ। 6 ਸਤੰਬਰ, 1657 ਈ. ਵਿਚ ਇਸ ਦੇ ਬੀਮਾਰ ਪੈਣ ਨਾਲ ਰਾਜ-ਗੱਦੀ ਪ੍ਰਾਪਤ ਕਰਨ ਲਈ ਇਸ ਦੇ ਲੜਕਿਆਂ ਵਿਚ ਸੰਘਰਸ਼ ਸ਼ੁਰੂ ਹੋ ਗਿਆ। ਔਰੰਗਜ਼ੇਬ ਨੇ ਆਪਣੇ ਰਸਤੇ ਵਿਚੋਂ ਆਪਣੇ ਤਿੰਨਾਂ ਭਰਾਵਾਂ—ਦਾਰਾ ਸ਼ਿਕੋਹ, ਸ਼ੁਜਾ ਅਤੇ ਮੁਰਾਦ ਨੂੰ ਹਟਾ ਕੇ ਅਤੇ ਸ਼ਾਹਜਹਾਂ ਨੂੰ ਆਗਰੇ ਕਿਲੇ ਵਿਚ ਕੈਦ ਕਰਕੇ ਖ਼ੁਦ ਰਾਜ-ਗੱਦੀ ਉਤੇ ਬੈਠ ਗਿਆ। ਸ਼ਾਹਜਹਾਂ ਦੀ ਦੇਖ-ਭਾਲ ਉਸ ਦੀ ਲੜਕੀ ਜਹਾਨਾਰਾ ਅਤੇ ਕਨੌਜ ਦੇ ਸੱਯਦ ਮੁੱਲਾ ਮੁਹੰਮਦ ਨੇ ਕੀਤੀ। ਸੱਤ ਵਰ੍ਹੇ ਪੁੱਤਰ ਦੀ ਕੈਦ ਵਿਚ ਦੁੱਖ ਸਹਿ ਕੇ ਅਤੇ ਆਪਣੀ ਪਿਆਰੀ ਬੇਗਮ ਮੁਮਤਾਜ਼ ਦੇ ਮਕਬਰੇ ਨੂੰ ਸਦਾ ਵੇਖਦੇ ਹੋਇਆਂ ਸ਼ਾਹਜਹਾਂ ਨੇ 23 ਜਨਵਰੀ, 1666 ਈ. ਵਿਚ ਪ੍ਰਾਣ ਤਿਆਗ ਦਿੱਤੇ। ਇਸ ਨੂੰ ਬੇਗਮ ਦੀ ਕਬਰ ਦੇ ਨਾਲ ਹੀ 'ਤਾਜ ਮਹਲ' ਵਿਚ ਦਫ਼ਨਾ ਦਿੱਤਾ ਗਿਆ।

ਸ਼ਾਹਜਹਾਂ ਦਾ ਰਾਜ-ਕਾਲ ਸੁਖ-ਸ਼ਾਂਤੀ ਵਾਲਾ ਸੀ। ਇਹ ਖ਼ੁਦ ਕਲਾ ਦੀ ਕਦਰ ਕਰਨ ਵਾਲਾ ਅਤੇ ਸੌਂਦਰਯ ਦਾ ਪਾਰਖੂ ਸੀ। ਆਪਣੀ ਬੇਗਮ ਲਈ ਤਾਜ ਵਰਗਾ

ਮਕਬਰਾ ਬਣਵਾ ਕੇ ਇਸ ਨੇ ਸੰਸਾਰ ਵਿਚ ਇਕ ਅਜੂਬਾ ਕਾਇਮ ਕੀਤਾ ਸੀ। ਆਗਰੇ ਦੇ ਕਿਲੇ ਅੰਦਰ ਬਣੀ ਮੋਤੀ ਮਸਜਿਦ, ਦਿੱਲੀ ਦਾ ਲਾਲ ਕਿਲਾ ਅਤੇ ਉਸ ਦੇ ਅੰਦਰ ਬਣੀਆਂ ਗੌਰਵਸ਼ਾਲੀ ਇਮਾਰਤਾਂ, ਦਿੱਲੀ ਦੀ ਜਾਮਾ ਮਸਜਿਦ ਸ਼ਾਹਜਹਾਂ ਦੀ ਇਮਾਰਤਾਂ ਬਣਵਾਉਣ ਪ੍ਰਤਿ ਰੁਚੀ ਦਾ ਸਪੱਸ਼ਟ ਪ੍ਰਮਾਣ ਹਨ। ਸੱਚ ਤਾਂ ਇਹ ਹੈ ਕਿ ਸ਼ਾਹਜਹਾਂ ਭਵਨ-ਨਿਰਮਾਣ ਕਲਾ ਦੀਆਂ ਇਨ੍ਹਾਂ ਮਹਾਨ ਕ੍ਰਿਤੀਆਂ ਕਰਕੇ ਹੀ ਜੀਉਂਦਾ ਹੈ। ਬਾਵਾ ਬਲਵੰਤ ਨੇ ਆਪਣੀ ਕਵਿਤਾ 'ਲਾਲ ਕਿਲਾ' ਵਿਚ ਇਸ ਸਚਾਈ ਨੂੰ ਸਵੀਕਾਰ ਕਰਦਿਆਂ ਲਿਖਿਆ ਹੈ—''ਕਾਰੀਗਰਾਂ ਦੇ ਹੁਨਰ ਤੋਂ ਪੱਥਰਾਂ 'ਚ ਜਾਨ ਹੈ,/ਜਿੰਦਾ ਇਨ੍ਹਾਂ ਦੇ ਹੁਨਰ ਤੋਂ ਹੀ 'ਸ਼ਾਹਜਹਾਨ' ਹੈ।''

ਸ਼ਾਹ-ਭੀਖ : ਵੇਖੋ 'ਭੀਖਨ-ਸ਼ਾਹ'।

ਸ਼ਾਹ-ਮਦਾਰ : ਵੇਖੋ 'ਮਦਾਰ-ਸ਼ਾਹ'।

ਸ਼ਾਹ ਮੁਹੰਮਦ : 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦੇ ਲੇਖਕ ਸ਼ਾਹ ਮੁਹੰਮਦ ਦਾ ਜਨਮ ਕਦ ਅਤੇ ਕਿਥੇ ਹੋਇਆ, ਇਸ ਬਾਰੇ ਵਿਸ਼ਵਸਤ ਜਾਣਕਾਰੀ ਦਾ ਅਭਾਵ ਹੈ। ਅਨੁਮਾਨ ਦੇ ਆਧਾਰ ਤੇ ਇਸ ਦਾ ਜਨਮ ਸੰਨ 1780 ਈ. ਤੋਂ 1782 ਈ. ਦੇ ਵਿਚਾਲੇ ਮੰਨਿਆ ਜਾਂਦਾ ਹੈ। ਇਸ ਦਾ ਜਨਮ ਕਿਥੇ ਹੋਇਆ, ਦਾ ਸਮਾਧਾਨ ਕਰਨ ਲਈ ਵਿਦਵਾਨਾਂ ਨੇ ਇਕ ਅੰਦਰਲੀ ਗਵਾਹੀ ('ਇਕ ਰੋਜ਼ ਵਡਾਲੇ ਦੇ ਵਿਚ ਬੈਠੇ, ਚਲੀ ਆਣ ਫਿਰੰਗੀ ਦੀ ਬਾਤ ਆਦੀ') ਦੇ ਆਧਾਰ ਤੇ ਕਵੀ ਨੂੰ 'ਵਡਾਲੇ' ਦਾ ਜੰਮਪਲ ਦਸਿਆ ਹੈ। ਪਰ 'ਵਡਾਲੇ' ਦੇ 'ਵਟਾਲਾ' ਅਤੇ 'ਬਟਾਲਾ' ਪਾਠਾਂਤਰਾਂ ਨੇ ਕੁਝ ਵਿਵਾਦ ਪੈਦਾ ਕੀਤਾ ਹੈ। ਇਸ ਲਈ ਕੁਝ ਵਿਦਵਾਨ ਇਸ ਕਸਬੇ ਨੂੰ ਗੁਰਦਾਸਪੁਰ ਦੇ ਬਟਾਲਾ ਨਾਲ ਸੰਬੰਧਿਤ ਕਰਦੇ ਹਨ ਅਤੇ ਕੁਝ ਵਿਦਵਾਨ 'ਵਡਾਲਾ ਵੀਰਮ' ਨੂੰ ਸ਼ਾਹ ਮੁਹੰਮਦ ਦਾ ਜਨਮ-ਸਥਾਨ ਦਸਦੇ ਹਨ, ਜੋ ਅੰਮ੍ਰਿਤਸਰ ਤਹਿਸੀਲ ਵਿਚ ਹੈ।

ਇਹ ਕਵੀ ਕੁਰੈਸ਼ੀ ਖ਼ਾਨਦਾਨ ਵਿਚੋਂ ਸੀ ਜਿਸ ਦੇ ਵੱਡੇ ਵਡੇਰਿਆਂ ਨੂੰ ਮੁਗ਼ਲ ਰਾਜ ਵੇਲੇ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪ੍ਰਤਿਸ਼ਠਿਤ ਔਹਦੇ ਮਿਲੇ ਹੋਏ ਸਨ। ਇਸ ਦੇ ਦੋ ਪੁੱਤਰ ਸਨ—ਮੁਹੰਮਦ ਬਖ਼ਸ਼ ਅਤੇ ਹਾਸ਼ਮ ਸ਼ਾਹ ਮੁਖ਼ਲਸ। ਇਸ ਕਵੀ ਦੇ ਨਾਂ ਨਾਲ ਜੰਗਨਾਮੇ ਤੋਂ ਇਲਾਵਾ 'ਕਿੱਸਾ ਸੱਸੀ ਪੁੰਨੂੰ' ਨਾਂ ਦੀ ਇਕ ਹੋਰ ਰਚਨਾ ਵੀ ਸੰਬੰਧਿਤ ਕੀਤੀ ਜਾਂਦੀ ਹੈ। ਇਸ ਨੇ ਜੰਗਨਾਮੇ ਦੀ ਰਚਨਾ 1845-46 ਦੀਆਂ ਲੜਾਈਆਂ ਤੋਂ ਬਾਦ, ਪਰ ਸੰਨ 1846 ਈ. ਦੇ ਸਾਲ ਦੇ ਅੰਤ ਹੋਣ ਤੋਂ ਪਹਿਲਾਂ ਕੀਤੀ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਵਿਚ ਸਿੰਘਾਂ ਅਤੇ ਫ਼ਿਰੰਗੀਆਂ ਵਿਚਾਲੇ ਕੇਵਲ ਸੰਨ 1846 ਈ. ਤਕ ਹੋਏ ਯੁੱਧਾਂ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ।

ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਅੰਗ੍ਰੇਜ਼ਾਂ ਨਾਲ ਹੋਈ ਸਿੱਖਾਂ ਦੀ ਲੜਾਈ ਦਾ ਬੜੀ ਆਤਮੀਅਤਾ ਨਾਲ ਵਰਣਨ ਕੀਤਾ ਹੈ ਅਤੇ ਦੇਸ਼ ਧਰੋਹੀਆਂ ਰਾਹੀਂ ਪੰਜਾਬ ਦੀ ਬਾਦਸ਼ਾਹੀ ਦੀ ਮਾਂਗ ਵਿਚ ਰਤ ਦਾ ਕੁੰਗੂ ਪਾਉਣ ਵਾਲੇ ਹਿਰਦੇ-ਵੇਧਕ ਸਾਕੇ ਨੂੰ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਚਿੱਤਰਿਆ ਹੈ। ਇਸ ਵਿਚ ਪੰਜਾਬ ਦੇ ਆਪਣੇ ਧਰਮ ਨਿਰਪੇਖ ਰਾਜ ਦੇ ਖੁਸਣ ਦੀ ਪੀੜ ਨੂੰ ਜਨ-ਸਾਧਾਰਣ ਨਾਲ ਸਾਂਝਾ ਕੀਤਾ

ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਪੰਜਾਬ ਵਿਚ ਵਾਪਰੇ ਦੁਖਾਂਤ ਦੌਰਾਨ, ਜੋ ਸਿੱਖ ਫ਼ੌਜ ਨੇ ਆਪਣੀ ਸੂਰਵੀਰਤਾ ਦਾ ਪਰਿਚੈ ਦਿੱਤਾ, ਉਸ ਨੂੰ ਚਿੱਤਰਦਿਆਂ, ਉਨ੍ਹਾਂ ਦੀਆਂ ਅਨੁਸ਼ਾਸਨਿਕ ਕੰਮਚੋਰੀਆਂ ਅਤੇ ਆਪ-ਹੁਦਰੀਆਂ ਨੂੰ ਵੀ ਨੰਗਾ ਕੀਤਾ, ਜਿਨ੍ਹਾਂ ਦੇ ਫਲਸਰੂਪ ਸਿੱਖ-ਰਾਜ ਦਾ ਸਿਖਰਲਾ ਕਲਸ ਧਰਤੀ 'ਤੇ ਡਿਗ ਕੇ ਮਿੱਟੀ ਵਿਚ ਰੁਲ ਗਿਆ ਸੀ।

ਸਿੱਖ ਰਾਜ ਪ੍ਰਤਿ ਕਵੀ ਦੀ ਨਿਸ਼ਠਾ ਧਰਮ-ਨਿਰਪੇਖ ਭਾਵਨਾ ਨਾਲ ਪਰਿਪੂਰਣ ਸੀ। ਇਸੇ ਲਈ ਇਸ ਨੇ ਸਿੱਖਾਂ ਦੀ ਬਹਾਦਰੀ ਦੇ ਸੋਹਲੇ ਗਾਏ ਹਨ—'ਅਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।/...ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।' ਇਸ ਜੰਗਨਾਮੇ ਦੀ ਮੂਲ-ਭਾਵਨਾ ਵਿਚਲੇ ਦੇਸ਼-ਭਗਤੀ ਦੇ ਸਵਰ ਕਾਰਣ ਜਨ-ਸਾਧਾਰਣ ਵਿਚ ਸ਼ਾਹ ਮੁਹੰਮਦ ਨੇ ਰਾਸ਼ਟਰੀ ਕਵੀ ਦਾ ਗੌਰਵ ਪ੍ਰਾਪਤ ਕੀਤਾ ਹੈ। ਇਸ ਨੂੰ ਪੰਜਾਬੀਅਤ ਦਾ ਪ੍ਰਵਕਤਾ ਕਿਹਾ ਜਾਂਦਾ ਹੈ। ਕਵੀ ਹਰਿੰਦਰ ਮਹਿਬੂਬ ਨੇ ਇਸ ਤੱਥ ਵਲ ਸੰਕੇਤ ਕਰਦਿਆਂ ਸ਼ਾਹ ਮੁਹੰਮਦ ਨੂੰ ਪੰਜਾਬ ਦਾ ਵਿਸ਼ੇਸ਼ ਗੀਤਕਾਰ ਦਸਿਆ ਹੈ—'ਫੇਰ ਨ ਸ਼ਾਹ ਮੁਹੰਮਦ ਨੇ ਆਵਣਾ/ਗੀਤ ਨ ਸ਼ਹੁ ਦਰਿਆਵਾਂ ਦਾ ਗਾਵਣਾ।'

ਸ਼ਾਹਾਂ ਦੀ ਢੇਰੀ : ਤਕ੍ਸ਼ਸ਼ਿਲਾ ਦਾ ਇਲਾਕਾਈ ਨਾਮਾਂਤਰ। ਵੇਖੋ 'ਤਕ੍ਸ਼ਸ਼ਿਲਾ'।

ਸਾਹਿਬਜ਼ਾਦੇ : 'ਸਾਹਿਬਜ਼ਾਦਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਸਾਧਾਰਣ ਅਰਥ ਹੈ ਬਾਦਸ਼ਾਹ ਦਾ ਪੁੱਤਰ, ਰਾਜਕੁਮਾਰ। ਪਰ ਸਿੱਖ ਭਾਵਨਾ ਅਤੇ ਸਾਹਿੱਤ ਵਿਚ ਗੁਰੂ-ਪੁੱਤਰਾਂ ਨੂੰ ਵੀ 'ਸਾਹਿਬਜ਼ਾਦਾ' ਕਿਹਾ ਜਾਂਦਾ ਹੈ। ਉਂਜ ਇਹ ਸ਼ਬਦ ਗੁਰੂ ਗੋਬਿੰਦ ਸਿੰਘ ਦੇ ਸਪੁੱਤਰਾਂ—ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ—ਲਈ ਰੂੜ੍ਹ ਹੋ ਚੁਕਿਆ ਹੈ।

ਬਾਬਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸੁਪੁੱਤਰ ਸਨ ਜੋ ਮਾਤਾ ਸੁੰਦਰੀ ਦੀ ਕੁੱਖੋਂ ਸੰਨ 1686 ਈ. (23 ਮਾਘ, 1743) ਵਿਚ ਪੈਦਾ ਹੋਏ। ਇਨ੍ਹਾਂ ਦਾ ਪਾਲਣ ਪੋਸਣ ਮਾਮਾ ਕ੍ਰਿਪਾਲ ਦੀ ਦੇਖ-ਰੇਖ ਵਿਚ ਹੋਇਆ। ਸ਼ਸਤ੍ਰ ਵਿਦਿਆ ਅਤੇ ਰਣ-ਨੀਤੀ ਭਾਈ ਜੀਵਨ ਸਿੰਘ ਅਤੇ ਭਾਈ ਮਹਾਂ ਸਿੰਘ ਤੋਂ ਹਾਸਲ ਕੀਤੀ। ਇਨ੍ਹਾਂ ਨੇ ਇਕ ਹਿੰਦੂ ਇਸਤਰੀ ਨੂੰ ਜਾਬਰ ਖ਼ਾਨ ਪਠਾਣ ਤੋਂ ਮੁਕਤ ਕਰਾਇਆ। ਪਹਾੜੀ ਰਾਜਿਆਂ ਨਾਲ ਲੜੇ ਯੁੱਧਾਂ ਵਿਚ ਇਹ ਆਪਣੇ ਗੁਰੂ-ਪਿਤਾ ਦੇ ਅੰਗ-ਸੰਗ ਰਹੇ। ਇਨ੍ਹਾਂ ਨੇ ਚਮਕੌਰ ਵਿਚ ਅਣਗਿਣਤ ਵੈਰੀਆਂ ਨਾਲ ਯੁੱਧ ਕਰਕੇ ਸੰਨ 1704 ਈ. (8 ਪੋਹ, 1761 ਬਿ.) ਵਿਚ ਵੀਰਗਤੀ ਪ੍ਰਾਪਤ ਕੀਤੀ। ਉਦੋਂ ਇਨ੍ਹਾਂ ਦੀ ਆਯੂ ਲਗਭਗ ਅਠਾਰ੍ਹਾਂ ਵਰ੍ਹਿਆਂ ਦੀ ਸੀ।

ਬਾਬਾ ਜੁਝਾਰ ਸਿੰਘ ਗੁਰੂ ਗੋਬਿੰਦ ਸਿੰਘ ਦੇ ਦੂਜੇ ਸੁਪੁੱਤਰ ਸਨ ਜੋ ਸੰਨ 1690 ਈ. (1747 ਬਿ.) ਵਿਚ ਮਾਤਾ ਜੀਤੋ ਦੀ ਕੁੱਖੋਂ ਪੈਦਾ ਹੋਏ। ਇਨ੍ਹਾਂ ਨੇ ਵੀ ਵੱਡੇ ਭਰਾ ਵਾਂਗ ਯੁੱਧ ਵਿਦਿਆ ਅਤੇ ਰਣ-ਨੀਤੀ ਭਾਈ ਜੀਵਨ ਸਿੰਘ ਅਤੇ ਭਾਈ ਮਹਾਂ ਸਿੰਘ ਤੋਂ ਪ੍ਰਾਪਤ ਕੀਤੀ। ਚਮਕੌਰ ਦੀ ਜੰਗ ਵਿਚ ਆਪਣੇ ਵੱਡੇ ਭਰਾ ਬਾਬਾ ਅਜੀਤ ਸਿੰਘ

ਸਹਿਤ ਵੈਰੀਆਂ ਨਾਲ ਜੂਝਦੇ ਹੋਇਆਂ ਸੰਨ 1704 ਈ. (8 ਪੋਹ, 1761 ਬਿ.) ਵਿਚ ਸ਼ਹਾਦਤ ਪ੍ਰਾਪਤ ਕੀਤੀ। ਉਦੋਂ ਇਨ੍ਹਾਂ ਦੀ ਉਮਰ ਲਗਭਗ ਚੌਦ੍ਹਾਂ ਵਰ੍ਹਿਆਂ ਦੀ ਸੀ।

ਬਾਬਾ ਜ਼ੋਰਾਵਰ ਸਿੰਘ ਗੁਰੂ ਗੋਬਿੰਦ ਸਿੰਘ ਦੇ ਤੀਜੇ ਸੁਪੁੱਤਰ ਸਨ ਜੋ ਸੰਨ 1696 ਈ. (ਮਘਰ ਸੁਦੀ 3, 1753 ਬੀ.) ਵਿਚ ਮਾਤਾ ਜੀਤੋ ਦੀ ਕੁੱਖੋਂ ਪੈਦਾ ਹੋਏ। ਵੱਡੇ ਸਾਹਿਬਜ਼ਾਦਿਆਂ ਵਾਂਗ ਇਨ੍ਹਾਂ ਨੂੰ ਵੀ ਬਚਪਨ ਤੋਂ ਸੈਨਿਕ ਸਿਖਿਆ ਦਿੱਤੀ ਗਈ। ਆਨੰਦਪੁਰ ਸਾਹਿਬ ਦਾ ਕਿਲਾ ਛਡਣ ਉਪਰੰਤ ਸਰਸਾ ਨਦੀ ਵਿਚ ਆਏ ਹੜ੍ਹ ਕਾਰਣ ਇਹ ਗੁਰੂ ਸਾਹਿਬ ਤੋਂ ਨਿਖੜ ਕੇ ਆਪਣੀ ਦਾਦੀ (ਮਾਤਾ ਗੁਜਰੀ) ਅਤੇ ਛੋਟੇ ਭਰਾ ਬਾਬਾ ਫਤਹਿ ਸਿੰਘ ਸਹਿਤ ਗੰਗੂ ਨਾਂ ਦੇ ਬ੍ਰਾਹਮਣ ਰਸੋਈਏ ਨਾਲ ਉਸ ਦੇ ਪਿੰਡ ਖੇੜੀ ਪਹੁੰਚੇ। ਰਸੋਈਏ ਨੇ ਇਨ੍ਹਾਂ ਤੋਂ ਧਨ ਲੁਟ ਕੇ ਪਕੜਵਾ ਦਿੱਤਾ। ਸੂਬਾ ਸਰਹਿੰਦ ਦੇ ਹੁਕਮ ਨਾਲ ਇਨ੍ਹਾਂ ਨੂੰ ਸੰਨ 1704 ਈ. (13 ਪੋਹ, 1761 ਬਿ.) ਵਿਚ ਦੀਵਾਰ ਅੰਦਰ ਜੀਉਂਦਿਆਂ ਚਿਣ ਕੇ ਸ਼ਹੀਦ ਕੀਤਾ ਗਿਆ। ਉਦੋਂ ਇਨ੍ਹਾਂ ਦੀ ਉਮਰ ਲਗਭਗ ਸੱਤ ਸਾਲ ਸੀ।

ਬਾਬਾ ਫਤਹਿ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸੁਪੁੱਤਰ ਸਨ ਜਿਨ੍ਹਾਂ ਦਾ ਜਨਮ ਸੰਨ 1698 ਈ. (ਫਗਣ ਸੁਦੀ 7, 1755 ਬੀ.) ਵਿਚ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ। ਇਨ੍ਹਾਂ ਨੂੰ ਵੀ ਵੱਡੇ ਸਾਹਿਬਜ਼ਾਦਿਆਂ ਵਾਂਗ ਸ਼ੁਰੂ ਤੋਂ ਹੀ ਸੈਨਿਕ ਸਿਖਲਾਈ ਦੇ ਨਾਲ ਨਾਲ ਚਰਿਤ੍ਰ-ਨਿਰਮਾਣ ਦੀ ਗੁੜਤੀ ਵੀ ਦਿੱਤੀ ਗਈ। ਇਹ ਵੀ ਬਾਬਾ ਜ਼ੋਰਾਵਰ ਸਿੰਘ ਵਾਂਗ ਆਨੰਦਪੁਰ ਦਾ ਕਿਲਾ ਛਡਣ ਵੇਲੇ ਗੁਰੂ ਜੀ ਤੋਂ ਵਿਛੜ ਗਏ ਅਤੇ ਸੰਨ 1704 ਈ. (13 ਪੋਹ, 1761 ਬਿ.) ਵਿਚ ਸਰਹਿੰਦ ਵਿਚ ਦੀਵਾਰ ਅੰਦਰ ਚਿਣ ਕੇ ਸ਼ਹੀਦ ਕੀਤੇ ਗਏ ਜਿਥੇ ਹੁਣ ਗੁਰਦੁਆਰਾ ਫਤਹਿਗੜ੍ਹ ਸਾਹਿਬ ਹੈ। ਉਦੋਂ ਇਨ੍ਹਾਂ ਦੀ ਉਮਰ ਲਗਭਗ ਪੰਜ ਸਾਲ ਸੀ।

ਸਿੱਖ ਇਤਿਹਾਸ ਵਿਚ ਇਨ੍ਹਾਂ ਸਾਹਿਬਜ਼ਾਦਿਆਂ ਦਾ ਉੱਲੇਖ ਬੜੇ ਸਤਿਕਾਰ ਅਤੇ ਗੌਰਵ ਨਾਲ ਹੁੰਦਾ ਹੈ। ਜਸਬੀਰ ਸਿੰਘ ਆਹਲੂਵਾਲੀਆ ਨੇ ਇਨ੍ਹਾਂ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਨੀਹਾਂ ਵਿਚ ਚਿਨਣ ਲਈ ਆਓ ਸਾਹਿਬਜ਼ਾਦੇ ਢੂੰਡੀਏ'।

ਸਾਹਿਬਾਂ : ਮਿਰਜ਼ੇ ਦੀ ਪ੍ਰੇਮਿਕਾ। ਵੇਖੋ 'ਮਿਰਜ਼ਾ-ਸਾਹਿਬਾਂ'।

ਸਾਕਤ : ਸ਼ਕਤੀ ਦਾ ਉਪਾਸਕ। ਵੇਖੋ 'ਸ਼ਕਤੀ', 'ਸ਼ਾਕ੍ਤ-ਮਤ'।

ਸ਼ਾਕ੍ਤ-ਮਤ : ਸ਼ਕਤੀ ਦੇ ਉਪਾਸਕ ਨੂੰ 'ਸ਼ਾਕ੍ਤ' (ਸਾਕਤ) ਕਿਹਾ ਜਾਂਦਾ ਹੈ। ਸਾਕਤਾਂ ਦੁਆਰਾ ਅਪਣਾਏ ਗਏ ਨਿਯਮ ਜਾਂ ਸਿੱਧਾਂਤ ਹੀ 'ਸ਼ਾਕ੍ਤ-ਮਤ' ਦਾ ਮੂਲ-ਆਧਾਰ ਹੈ। ਇਹ ਮਤ ਵੀ ਸ਼ੈਵ-ਮਤ ਅਨੁਸਾਰ ਨਿਗਮ (ਵੇਦ) ਦੁਆਰਾ ਸਮਰਥਿਤ ਹੈ। ਪਰ ਵੈਦਿਕ ਕਰਮ-ਕਾਂਡਾਂ ਦੇ ਮੁਕਾਬਲੇ ਸ਼ਾਕਤਾਂ ਨੇ ਆਪਣੀ ਉਪਾਸਨਾ ਨੂੰ ਸ੍ਰੇਸ਼ਠ ਮੰਨਿਆ ਹੈ। ਜਦੋਂ ਆਗਮਾਂ (ਤੰਤ੍ਰ-ਸ਼ਾਸਤ੍ਰਾਂ) ਵਿਚ ਆਚਾਰ-ਪੱਧਤੀ ਦਾ ਅਧਿਕ ਵਿਕਾਸ ਹੋਇਆ ਤਾਂ ਸ਼ਾਕ੍ਤ-ਮਤ ਦੋ ਉਪ-ਸੰਪ੍ਰਦਾਵਾਂ ਵਿਚ ਵੰਡਿਆ ਗਿਆ। ਪਹਿਲੇ ਉਪ-ਸੰਪ੍ਰਦਾਇ ਦਾ ਨਾਂ ਦਕ੍ਸ਼ਣਾਚਾਰ (ਸੱਜਾ ਪੱਖ) ਸੀ ਜੋ ਸਦਾਚਾਰ ਵਿਚ ਜ਼ਿਆਦਾ

ਵਿਸ਼ਵਾਸ ਰਖਦਾ ਸੀ ਅਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਦ੍ਵੈਤਵਾਦ ਦੇ ਅਧਿਕ ਨੇੜੇ ਸੀ। ਇਸ ਸੰਪ੍ਰਦਾਇ ਦਾ ਸਾਧਕ ਆਪਣੇ ਆਪ ਨੂੰ ਸ਼ਿਵ ਮੰਨ ਕੇ ਸ਼ਕਤੀ (ਸ਼ਿਵਾ) ਦੀ ਪੂਜਾ ਕਰਦਾ ਹੈ। ਸ਼ਿਵ-ਸ਼ਕਤੀ ਦਾ ਮੇਲ ਯੋਗ ਰਾਹੀਂ ਸੰਭਵ ਹੋਣ ਕਰਕੇ ਸ਼ਕਤੀ-ਉਪਾਸਨਾ ਵਿਚ ਯੋਗ ਦਾ ਪ੍ਰਧਾਨ ਸਥਾਨ ਹੈ। ਇਸ ਉਪ-ਸੰਪ੍ਰਦਾਇ ਨੂੰ 'ਸਮਯਾਚਾਰ' ਵੀ ਕਿਹਾ ਜਾਂਦਾ ਹੈ। ਯੌਗਿਕ ਸਾਧਨਾ ਵਿਚ 'ਸਮਯ' ਦਾ ਵਿਸ਼ੇਸ਼ ਅਰਥ ਹੈ। ਇਸ ਤੋਂ ਭਾਵ ਹੈ ਸ਼ਿਵ ਅਤੇ ਸ਼ਕਤੀ ਦਾ ਮਿਸ਼੍ਰਣ ਜਾਂ ਸਮਰਸਤਾ। ਇਸ ਪ੍ਰਕਾਰਜ ਵਿਚ ਮੂਲਾਧਾਰ ਤੋਂ ਸੁੱਤੀ ਹੋਈ ਕੁੰਡਲਿਨੀ ਨੂੰ ਜਗਾ ਕੇ ਸ੍ਵਾਧਿਸ਼ਠਾਨ ਆਦਿ ਚਕ੍ਰਾਂ ਵਿਚੋਂ ਗੁਜ਼ਾਰਦੇ ਹੋਇਆਂ ਸਹਸ੍ਰਾਰ ਚਕ੍ਰ ਵਿਚ ਸਥਿਤ ਸਦਾਸ਼ਿਵ ਨਾਲ ਉਸ ਦਾ ਏਕਾਕਾਰ ਕਰਾ ਦੇਣਾ ਹੀ ਸਾਧਕ ਦਾ ਪਰਮ ਮਨੋਰਥ ਹੈ।

ਦੂਜੇ ਉਪ-ਸੰਪ੍ਰਦਾਇ ਦਾ ਨਾਂ ਹੈ 'ਵਾਮਾਚਾਰ' (ਖੱਬਾ ਪੱਖ)। ਇਸ ਦਾ ਨਿਸ਼ਾਨਾ ਵੀ ਭਾਵੇਂ ਦਕ੍ਸ਼ਣਾਚਾਰ ਵਾਲਾ ਹੀ ਹੈ ਪਰ ਉਪਾਸਨਾ ਵਿਧੀ ਵਿਚ ਫ਼ਰਕ ਹੈ। ਇਸ ਨੂੰ ਕੌਲ-ਮਤ ਵੀ ਕਹਿੰਦੇ ਹਨ। ਇਸ ਮਤ ਅਨੁਸਾਰ 'ਕੁਲ' ਸ਼ਕਤੀ ਦਾ ਵਾਚਕ ਹੈ ਅਤੇ 'ਅਕੁਲ' ਸ਼ਿਵ ਦਾ। ਜੋ ਸਾਧਕ ਅਕੁਲ ਅਤੇ ਕੁਲ (ਸ਼ਿਵ-ਸ਼ਕਤੀ) ਦਾ ਏਕਾਕਾਰ ਕਰਾਉਣ ਵਿਚ ਸਮਰਥ ਹੈ, ਉਸ ਨੂੰ 'ਕੌਲ' ਕਿਹਾ ਜਾਂਦਾ ਹੈ। 'ਕੌਲ' (ਸਾਧਕ) ਦਾ ਆਚਾਰ ਕੌਲਾਚਾਰ ਜਾਂ ਵਾਮਾਚਾਰ ਅਖਵਾਉਂਦਾ ਹੈ। ਇਸ ਆਚਾਰ ਵਿਚ ਪੰਜ ਮਕਾਰਾਂ ਦਾ ਵਿਸ਼ੇਸ਼ ਰੂਪ ਵਿਚ ਸੇਵਨ ਹੁੰਦਾ ਹੈ। ਇਨ੍ਹਾਂ ਪੰਜ ਮਕਾਰਾਂ ਦੇ ਨਾਂ ਹਨ—ਮਦਿਰਾ (ਸ਼ਰਾਬ), ਮਾਸ, ਮਤ੍ਸ੍ਯ (ਮੱਛੀ), ਮੁਦ੍ਰਾ (ਭੁੰਨੇ ਹੋਏ ਚਣੇ, ਚਿੜਵੇ ਆਦਿ) ਅਤੇ ਮੈਥੁਨ (ਸੰਭੋਗ)।

ਇਨ੍ਹਾਂ ਪੰਜ ਮਕਾਰਾਂ ਦੇ ਨਾਂ, ਅਸਲ ਵਿਚ, ਪ੍ਰਤੀਕਾਤਮਕ ਹਨ। ਮੂਲ-ਭਾਵਨਾ ਅਨੁਸਾਰ ਮਦਿਰਾ ਤੋਂ ਭਾਵ ਸ਼ਰਾਬ ਨਹੀਂ, ਸਗੋਂ ਸਹਸ੍ਰਦਲ ਕਮਲ ਤੋਂ ਟਪਕਣ ਵਾਲਾ ਅੰਮ੍ਰਿਤ ਹੈ। ਗਿਆਨ ਰੂਪੀ ਖੜਗ ਨਾਲ ਵਾਸਨਾ ਰੂਪੀ ਪਸ਼ੂ ਨੂੰ ਮਾਰਨਾ ਅਤੇ ਮਨ ਨੂੰ ਸ਼ਿਵ ਵਿਚ ਲਗਾਉਣਾ ਹੀ ਮਾਸ ਦਾ ਸੇਵਨ ਕਰਨਾ ਹੈ। ਸ਼ਰੀਰ ਵਿਚ ਸਥਿਤ ਇੜਾ ਅਤੇ ਪਿੰਗਲਾ ਨਾੜੀਆਂ ਵਿਚ ਚਲਣ ਵਾਲਾ ਸੁਆਸ ਵਾਸਤਵ ਵਿਚ ਮਤ੍ਸ੍ਯ ਹੈ। ਜੋ ਸਾਧਕ ਪ੍ਰਾਣਾਯਾਮ ਦੀ ਪ੍ਰਕ੍ਰਿਆ ਨਾਲ ਸੁਆਸ ਨੂੰ ਰੋਕ ਕੇ ਸੁਖਮਨਾ ਨਾੜੀ ਵਿਚ ਪਹੁੰਚਾਉਂਦਾ ਹੈ, ਉਹੀ ਮਤ੍ਸ੍ਯ ਦਾ ਸੇਵਨ ਕਰਦਾ ਹੈ। ਕੁਸੰਗ ਨੂੰ ਤਿਆਗਣਾ ਅਤੇ ਸਤਿਸੰਗ ਕਰਨਾ ਹੀ ਮੁਦ੍ਰਾ ਹੈ। ਸਹਸ੍ਰਦਲ ਚਕ੍ਰ ਵਿਚ ਸਥਿਤ ਸ਼ਿਵ ਨਾਲ ਕੁੰਡਲਿਨੀ (ਸ਼ਕਤੀ) ਦਾ ਮੇਲ ਜਾਂ ਸੰਯੋਗ ਹੀ ਮੈਥੁਨ ਹੈ। ਸਪੱਸ਼ਟ ਹੈ ਕਿ ਇਹ ਪੰਜ ਮਕਾਰ ਅਧਿਆਤਮਿਕ ਪ੍ਰਕ੍ਰਿਆ ਨਾਲ ਸੰਬੰਧਿਤ ਹਨ। ਪਰ ਨੀਵੀਂ ਸੋਚ ਵਾਲੇ ਪਰਵਰਤੀ ਸਾਧਕਾਂ ਨੇ ਪੰਜ ਮਕਾਰਾਂ ਦੇ ਭੌਤਿਕ ਅਰਥ ਲੈ ਕੇ ਇਨ੍ਹਾਂ ਦੀ ਖੁਲ੍ਹ ਕੇ ਵਰਤੋਂ ਕੀਤੀ। ਫਲਸਰੂਪ ਵਾਮਾਚਾਰ ਬਹੁਤ ਬਦਨਾਮ ਹੋ ਗਿਆ। ਇਹੀ ਕਾਰਣ ਹੈ ਕਿ ਸ਼ਾਕਤ ਨੂੰ ਮੱਧ ਯੁਗ ਦੇ ਸੰਤ-ਸਾਧਕਾਂ ਨੇ ਨੀਚ ਤਕ ਕਹਿਣੋਂ ਸੰਕੋਚ ਨਹੀਂ ਕੀਤਾ, ਕਿਉਂਕਿ ਇਨ੍ਹਾਂ ਨੇ ਆਪਣੀ ਸਾਧਨਾ-ਪੱਧਤੀ ਰਾਹੀਂ ਜਨ-ਜੀਵਨ ਨੂੰ ਭ੍ਰਸ਼ਟ ਕਰ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ—'ਸਾਕਤ ਕੂੜ ਕਪਟ ਮਹਿ ਟੇਕਾ।/ ਅਹਿਨਿਸਿ

ਨਿੰਦਾ ਕਰਹਿ ਅਨੇਕਾ' (ਅ. ਗ੍ਰੰ. 1030)। ਸੰਤ ਕਬੀਰ ਨੇ ਤਾਂ ਇਥੋਂ ਤਕ ਕਿਹਾ ਹੈ--'ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ। ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨ' (ਅ. ਗ੍ਰੰ. 1365)।

ਵਾਮਾਚਾਰ ਦੇ ਉਦਭਵ ਸੰਬੰਧੀ ਕਈ ਮਤ ਪ੍ਰਚਲਿਤ ਹਨ। ਕੁਝ ਇਸ ਨੂੰ ਆਦਿ ਕਾਲੀਨ ਮਾਤ-ਸ਼ਕਤੀ ਦੀ ਪੂਜਾ ਨਾਲ ਸੰਬੰਧਿਤ ਕਰਦੇ ਹਨ ਅਤੇ ਕੁਝ ਇਸ ਨੂੰ ਬੁੱਧ ਧਰਮ ਦੀ ਮਹਾਯਾਨ ਸੰਪ੍ਰਦਾਇ ਰਾਹੀਂ ਤਿੱਬਤ ਅਤੇ ਚੀਨ ਦੇ ਪਏ ਪ੍ਰਭਾਵ ਨਾਲ ਜੋੜਦੇ ਹਨ।

ਸ਼ਾਕਤਾਂ ਵਿਚ ਪੰਜ ਵੇਦਾਂ ਦੀ ਕਲਪਨਾ ਕੀਤੀ ਗਈ ਹੈ ਜਿਨ੍ਹਾਂ ਦਾ ਸੰਬੰਧ ਦਿਸ਼ਾਵਾਂ ਨਾਲ ਹੈ। ਇਨ੍ਹਾਂ ਤੋਂ ਇਲਾਵਾ ਮਹੇਸ਼ਵਰ, ਸ਼ਿਵਯੋਗੀ ਆਦਿ ਪੰਜ ਯੋਗੀ ਵੀ ਮੰਨੇ ਗਏ ਹਨ। ਇਨ੍ਹਾਂ ਦੇ ਪੰਜ ਪੀਠ ਵੀ ਹਨ ਜਿਵੇਂ ਉਤਕਲ (ਉੜੀਸਾ) ਵਿਚ ਉਡਿਯਾਨ, ਪੰਜਾਬ ਵਿਚ ਜਾਲੰਧਰ, ਮਹਾਰਾਸ਼ਟ੍ਰ ਵਿਚ ਪੂਰਣ, ਸ੍ਰੀਸ਼ੈਲ ਵਿਚ ਮਤੰਗ ਅਤੇ ਕਾਮਰੂਪ ਵਿਚ ਕਾਮਾਖਿਆ। ਕਾਲਾਂਤਰ ਵਿਚ ਇਨ੍ਹਾਂ ਪੀਠਾਂ ਦੀ ਗਿਣਤੀ 51 ਤਕ ਵਧਾ ਦਿੱਤੀ ਗਈ। ਸਾਰੇ ਭਾਰਤ ਵਿਚ ਇਨ੍ਹਾਂ ਦਾ ਜਾਲ ਵਿਛ ਗਿਆ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕ ਇਸ ਮਤ ਵਿਚ ਦੀਖਿਅਤ ਹੋਣ ਲਗੇ, ਖ਼ਾਸ ਕਰਕੇ ਹੇਠਲੇ ਦਰਜੇ ਦੇ ਲੋਕ ਜਿਨ੍ਹਾਂ ਨੂੰ ਸਮਾਜ ਵਿਚ ਅਪਮਾਨਿਤ ਸਥਾਨ ਪ੍ਰਾਪਤ ਸੀ। ਇਸ ਮਤ ਵਲ ਇਨ੍ਹਾਂ ਲੋਕਾਂ ਦੀ ਖਿਚ ਦਾ ਮੂਲ ਕਾਰਣ ਇਹ ਸੀ ਕਿ ਭੈਰਵੀ ਚਕ੍ਰ-ਪੂਜਾ ਵੇਲੇ ਹਰ ਇਕ ਸ਼ਾਕ੍ਤ ਸਾਧਕ, ਚਾਹੇ ਉਹ ਕਿਸੇ ਵੀ ਜਾਤਿ ਦਾ ਕਿਉਂ ਨਾ ਹੋਵੇ, ਬ੍ਰਾਹਮਣ ਮੰਨਿਆ ਜਾਂਦਾ ਸੀ। ਇਸ ਮਤ ਨਾਲ ਸੰਬੰਧਿਤ ਬਹੁਤ ਸਾਰਾ ਸਾਹਿੱਤ ਉਪਲਬਧ ਹੈ ਅਤੇ ਅਨੇਕ ਥਾਵਾਂ ਤੇ ਇਸ ਮਤ ਦੇ ਪੂਜਾ-ਧਾਮਾਂ ਦੀਆਂ ਨਿਸ਼ਾਨੀਆਂ ਮਿਲ ਜਾਂਦੀਆਂ ਹਨ।

ਸਾਂਖ੍ਯ ਦਰਸ਼ਨ : ਇਸ ਦਰਸ਼ਨ ਦੀ ਸਥਾਪਨਾ ਦਾ ਸੰਬੰਧ ਕਪਿਲ (ਵੇਖੋ) ਮੁਨੀ ਨਾਲ ਸਥਾਪਿਤ ਕੀਤਾ ਜਾਂਦਾ ਹੈ। ਕਪਿਲ ਦਾ ਰਚਿਆ ਮੂਲ ਗ੍ਰੰਥ ਹੁਣ ਉਪਲਬਧ ਨਹੀਂ ਹੈ। ਇਸ ਦਰਸ਼ਨ ਬਾਰੇ ਜੋ ਪੁਸਤਕਾਂ ਹੁਣ ਮਿਲਦੀਆਂ ਹਨ, ਉਨ੍ਹਾਂ ਵਿਚ ਸਭ ਨਾਲੋਂ ਅਧਿਕ ਪ੍ਰਾਚੀਨ ਅਤੇ ਪ੍ਰਮਾਣਿਕ 'ਸਾਂਖ੍ਯਕਾਰਿਕਾ' ਹੈ ਜਿਸ ਦੀ ਰਚਨਾ ਈਸ਼ਵਰ ਕ੍ਰਿਸ਼ਣ ਨੇ ਸੰਨ 200 ਈ. ਦੇ ਨੇੜੇ-ਤੇੜੇ ਕੀਤੀ ਸੀ। ਰਚੈਤਾ ਨੇ ਇਸ ਕਾਰਿਕਾ ਵਿਚ ਕਿਹਾ ਹੈ ਕਿ ਪਹਿਲਾਂ ਇਹ ਤੱਤ੍ਵ-ਗਿਆਨ ਮਹਾਰਿਸ਼ੀ ਕਪਿਲ ਨੂੰ ਪ੍ਰਾਪਤ ਹੋਇਆ, ਫਿਰ ਉਨ੍ਹਾਂ ਨੇ ਇਹ ਗਿਆਨ ਆਪਣੇ ਚੇਲੇ ਆਸੁਰੀ ਨੂੰ ਦਿੱਤਾ, ਫਿਰ ਆਸੁਰੀ ਤੋਂ ਪੰਚ-ਸ਼ਿਖਾ ਨੂੰ ਪ੍ਰਾਪਤ ਹੋਇਆ ਅਤੇ ਇਸ ਤਰ੍ਹਾਂ ਸ਼ਿਸ਼-ਪਰੰਪਰਾ ਤੋਂ ਹੁੰਦਾ ਹੋਇਆ ਇਹ ਗਿਆਨ ਈਸ਼ਵਰ ਕ੍ਰਿਸ਼ਣ ਤਕ ਪਹੁੰਚਿਆ, ਜਿਸ ਨੇ ਇਸ ਨੂੰ 'ਸਾਂਖ੍ਯਕਾਰਿਕਾ' ਦੇ ਰੂਪ ਵਿਚ ਪੇਸ਼ ਕੀਤਾ।

ਇਸ ਦਰਸ਼ਨ ਦਾ ਨਾਂ 'ਸਾਂਖ੍ਯ' ਕਿਉਂ ਪਿਆ, ਇਸ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਚੂੰਕਿ ਇਸ ਵਿਚ ਸਭ ਤੋਂ ਪਹਿਲਾਂ ਤੱਤ੍ਵਾਂ ਦੀ ਗਿਣਤੀ (ਸੰਖ੍ਯਾ/ ਸੰਖਿਆ) ਦਸੀ ਗਈ ਹੈ, ਜਿਨ੍ਹਾਂ ਦਾ ਗਿਆਨ ਮੋਕਸ਼ ਵਲ ਲੈ ਜਾਂਦਾ ਹੈ। ਇਸ ਵਾਸਤੇ

ਸੰਖਿਆ (ਸੰਖ੍ਯਾ) ਦੇ ਆਧਾਰ ਤੇ ਇਸ ਦਾ ਨਾਂ 'ਸਾਂਖ੍ਯ' ਪ੍ਰਚਲਿਤ ਹੋਇਆ। ਦੂਜੇ ਮਤ ਅਨੁਸਾਰ ਸੰਖ੍ਯਾ ਦਾ ਅਰਥ ਹੈ ਵਿਵੇਕ-ਗਿਆਨ। ਪੁਰਸ਼ ਪ੍ਰਕ੍ਰਿਤੀ ਤੋਂ ਵੱਖ ਅਤੇ ਸੁਤੰਤਰ ਹੈ—ਜਦ ਇਹ ਵਿਵੇਕ-ਗਿਆਨ ਦੁਆਰਾ ਜਾਣ ਲਿਆ ਜਾਂਦਾ ਹੈ, ਤਦ ਮੁਕਤੀ ਸੰਭਵ ਹੁੰਦੀ ਹੈ। ਇਸ ਲਈ ਸਾਧਨ ਵਜੋਂ ਵਿਵੇਕ-ਗਿਆਨ ਦੀ ਪ੍ਰਧਾਨਤਾ ਹੋਣ ਕਾਰਣ ਇਸ ਦਰਸ਼ਨ ਦਾ ਨਾਂ 'ਸਾਂਖ੍ਯ' ਪਿਆ ਹੈ।

'ਸਾਂਖ੍ਯ ਦਰਸ਼ਨ' ਅਨੁਸਾਰ ਜਿਸ ਦੀ ਸੱਤਾ ਹੈ, ਉਹੀ ਤੱਤ੍ਵ ਹੈ। ਇਸ ਆਧਾਰ 'ਤੇ ਤੱਤ੍ਵਾਂ ਦੀ ਗਿਣਤੀ ਪੰਝੀ ਹੈ ਅਤੇ ਇਨ੍ਹਾਂ ਨੂੰ ਅਗੋ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—'ਪ੍ਰਕ੍ਰਿਤੀ' (ਜੋ ਤੱਤ੍ਵ ਸਭ ਦਾ ਕਾਰਣ ਹੋ ਸਕਦਾ ਹੈ, ਪਰ ਆਪ ਕਿਸੇ ਦਾ ਕਾਰਜ ਨਹੀਂ ਹੁੰਦਾ); 'ਵਿਕ੍ਰਿਤੀ' (ਜੋ ਤੱਤ੍ਵ ਕੇਵਲ ਕਾਰਜ ਹੁੰਦੇ ਹਨ, ਅਰਥਾਤ ਕਿਸੇ ਤੋਂ ਉਤਪੰਨ ਹੁੰਦੇ ਹਨ, ਪਰ ਆਪ ਕਿਸੇ ਨੂੰ ਉਤਪੰਨ ਨਹੀਂ ਕਰਦੇ ਜਿਵੇਂ ਪੰਜ ਮਹਾਭੂਤ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਮਨ); 'ਪ੍ਰਕ੍ਰਿਤੀ-ਵਿਕ੍ਰਿਤੀ' (ਜੋ ਤੱਤ੍ਵ ਕਾਰਜ ਅਤੇ ਕਾਰਣ ਦੋਵੇਂ ਹੀ ਹੁੰਦੇ ਹਨ, ਜਿਵੇਂ ਮਹੱਤ, ਅਹੰਕਾਰ, ਪੰਜ ਤਨ ਮਾਤ੍ਰਾਵਾਂ) ਅਤੇ 'ਨਾ ਪ੍ਰਕ੍ਰਿਤੀ ਨਾ ਵਿਕ੍ਰਿਤੀ' (ਜੋ ਤੱਤ੍ਵ ਕਾਰਜ ਅਤੇ ਕਾਰਣ ਦੋਹਾਂ ਤੱਤ੍ਵਾਂ ਤੋਂ ਸਖਣਾ ਹੋਵੇ, ਜਿਵੇਂ ਪੁਰਸ਼)। ਪਰ ਮੂਲ ਰੂਪ ਵਿਚ ਦੋ ਤੱਤ੍ਵ-ਪੁਰਸ਼ ਅਤੇ ਪ੍ਰਕ੍ਰਿਤੀ—ਹੀ ਨਿੱਤ ਅਤੇ ਪ੍ਰਧਾਨ ਹਨ, ਇਸ ਲਈ ਸਾਂਖ੍ਯ ਦਰਸ਼ਨ ਦ੍ਵੈਤਵਾਦੀ ਹੈ। ਪੁਰਸ਼ ਨਿੱਤ ਅਤੇ ਬੁੱਧ-ਮੁਕਤ ਸੁਭਾ ਵਾਲਾ ਹੈ, ਉਹ ਸ੍ਵੈ-ਪ੍ਰਕਾਸ਼ ਅਤੇ ਸਚੇਤਨ ਸੱਤਾ ਹੈ। ਪਰ ਪ੍ਰਕ੍ਰਿਤੀ ਜੜ ਜਾਂ ਅਚੇਤਨ ਹੈ। ਪੁਰਸ਼ ਨਿਰਗੁਣ ਅਤੇ ਨਿਸ਼ਕ੍ਰਿਯ ਹੈ, ਪ੍ਰਕ੍ਰਿਤੀ ਤ੍ਰੈਗੁਣਾਤਮਿਕਾ ਹੈ। ਇਨ੍ਹਾਂ ਦੋਹਾਂ ਦੇ ਸੰਯੋਗ ਨਾਲ ਪ੍ਰਕ੍ਰਿਤੀ ਦਾ ਕ੍ਰਮਵਾਰ ਪਰਿਣਾਮ ਇਹ ਜਗਤ ਹੈ। ਉਪ-ਰੋਕਤ ਸੰਯੋਗ ਦੇ ਫਲਸਰੂਪ ਪ੍ਰਕ੍ਰਿਤੀ ਤੋਂ ਸਾਰੇ ਅਪ੍ਰਧਾਨ ਤੱਤ੍ਵ ਕਾਰਣ-ਕਾਰਜ ਪਰੰਪਰਾ ਵਿਚ ਇਕ ਦੂਜੇ ਤੋਂ ਕ੍ਰਮਵਾਰ ਪੈਦਾ ਹੁੰਦੇ ਹਨ। ਯਥਾ ਪੁਰਸ਼-ਪ੍ਰਕ੍ਰਿਤੀ ਤੋਂ ਬੁੱਧੀ ਜਾਂ ਮਹੱਤ, ਮਹੱਤ ਤੋਂ ਅਹੰਕਾਰ, ਅਹੰਕਾਰ ਤੋਂ ਦਸ ਇੰਦਰੀਆਂ, ਮਨ ਅਤੇ ਪੰਜ ਤਨ-ਮਾਤ੍ਰਾਵਾਂ, ਪੰਜ ਤਨ-ਮਾਤ੍ਰਾਵਾਂ ਤੋਂ ਪੰਜ ਮਹਾਭੂਤ (ਜਲ, ਅਗਨੀ, ਵਾਯੂ, ਧਰਤੀ, ਅਤੇ ਆਕਾਸ਼)। ਫਿਰ ਪ੍ਰਲਯ ਕਾਲ ਵਿਚ ਉਹ ਆਪਣੇ ਆਪਣੇ ਕਾਰਣਾਂ ਵਿਚ ਲੀਨ ਹੋ ਕੇ ਅੰਤ ਵਿਚ ਪ੍ਰਕ੍ਰਿਤੀ ਵਿਚ ਸਮਾ ਜਾਂਦੇ ਹਨ। ਪ੍ਰਕ੍ਰਿਤੀ ਦੇ ਤ੍ਰੈਗੁਣਾਤਮਕ ਹੋਣ ਕਰਕੇ ਉਸ ਤੋਂ ਉਤਪੰਨ ਹੋਣ ਵਾਲੇ ਇਹ ਤੱਤ੍ਵ ਵੀ ਤ੍ਰੈਗੁਣਾਤਮਕ ਹਨ।

ਇਸ ਦਰਸ਼ਨ ਅਨੁਸਾਰ ਜਗਤ ਦੇ ਹਰ ਇਕ ਦ੍ਰਵ੍ਯ ਦੇ ਤਿੰਨ ਉਪਾਦਾਨ ਹਨ—ਸਤੋ, ਰਜੋ ਅਤੇ ਤਮੋ। ਹਰ ਇਕ ਦ੍ਰਵ੍ਯ ਇਨ੍ਹਾਂ ਤਿੰਨਾਂ ਗੁਣਾਂ ਨਾਲ ਹੋਂਦ ਵਿਚ ਆਉਂਦਾ ਹੈ। ਇਸ ਲਈ ਇਹ ਜਗਤ ਦੇ ਮੂਲ ਉਪਾਦਾਨ ਹਨ। ਇਹ ਤਿੰਨੋਂ ਨਿੱਤ ਗੁਣ ਅਤੇ ਮੌਲਿਕ ਹਨ। ਇਨ੍ਹਾਂ ਦੀ ਨਾ ਉਤਪੱਤੀ ਹੁੰਦੀ ਹੈ ਅਤੇ ਨਾ ਹੀ ਵਿਨਾਸ਼। ਇਹ ਜੜ ਅਤੇ ਅਚੇਤਨ ਹਨ। ਇਹ ਤਿੰਨੋਂ ਪਰਸਪਰ ਨਿਰਭਰ ਹਨ, ਪਰ ਇਨ੍ਹਾਂ ਵਿਚੋਂ ਹਰ ਕੋਈ ਆਪਣੀ ਪ੍ਰਧਾਨਤਾ ਸਥਾਪਿਤ ਕਰਨ ਦਾ ਯਤਨ ਵੀ ਕਰਦਾ ਹੈ। ਇਨ੍ਹਾਂ ਗੁਣਾਂ ਦੀ ਸਮਾਨ ਅਵਸਥਾ ਹੀ ਪ੍ਰਕ੍ਰਿਤੀ ਹੈ। ਪ੍ਰਕ੍ਰਿਤੀ ਅਤਿ ਸੂਖਮ ਹੈ, ਉਸ ਨੂੰ ਅਸੀਂ ਵੇਖ ਨਹੀਂ ਸਕਦੇ, ਪਰ ਉਸ ਦੇ ਕਾਰਜ ਰਾਹੀਂ ਉਸ ਦੀ ਸੱਤਾ ਦਾ ਅਹਿਸਾਸ ਹੋ ਸਕਦਾ ਹੈ। ਪ੍ਰਕ੍ਰਿਤੀ ਜਗਤ

ਦਾ ਉਪਾਦਾਨ ਕਾਰਣ ਹੈ। ਜਿਵੇਂ ਤਿਲਾਂ ਵਿਚ ਤੇਲ ਪਹਿਲਾਂ ਗੁਪਤ ਅਵਸਥਾ ਵਿਚ ਹੁੰਦਾ ਹੈ, ਉਸ ਤਰ੍ਹਾਂ ਜਗਤ ਵੀ ਪਹਿਲਾਂ ਪ੍ਰਕ੍ਰਿਤੀ ਵਿਚ ਗੁਪਤ ਅਵਸਥਾ ਵਿਚ ਰਹਿੰਦਾ ਹੈ। ਪੁਰਸ਼ ਦੇ ਭੋਗ ਅਤੇ ਬੰਧਨ ਲਈ ਪ੍ਰਕ੍ਰਿਤੀ ਇਕ ਵਿਚਿਤ੍ਰ ਜਗਤ-ਜਾਲ ਦਾ ਕ੍ਰਮਵਾਰ ਵਿਸਤਾਰ ਕਰਦੀ ਹੈ। ਫਿਰ ਪੁਰਸ਼ ਦੇ ਮੁਕਤ ਹੋਣ ਤੇ ਪ੍ਰਕ੍ਰਿਤੀ ਇਸ ਨੂੰ ਕ੍ਰਮਵਾਰ ਆਪਣੇ ਸਰੂਪ ਵਿਚ ਖਿਚ ਲੈਂਦੀ ਹੈ।

ਸਾਂਖ੍ਯ ਦਰਸ਼ਨ ਵਿਚ ਸਤਕਾਰਯਵਾਦ ਨੂੰ ਸਮਰਥਨ ਪ੍ਰਾਪਤ ਹੈ। ਸਤਕਾਰਯਵਾਦ ਤੋਂ ਭਾਵ ਹੈ ਕਾਰਜ ਪਹਿਲਾਂ ਕਾਰਣ ਰੂਪ ਵਿਚ ਮੌਜੂਦ ਰਹਿੰਦਾ ਹੈ, ਜਿਵੇਂ ਤਿਲਾਂ ਵਿਚ ਤੇਲ। ਇਸ ਤਰ੍ਹਾਂ ਕਾਰਣ ਦੀ ਸ਼ਕਤੀ ਦਾ ਵਿਕਾਸ ਹੀ ਕਾਰਜ ਹੈ। ਇਸੇ ਆਧਾਰ ਤੇ ਸਾਂਖ੍ਯ-ਵਾਦੀਆਂ ਨੇ ਪਰਿਣਾਮਵਾਦ ਦੀ ਸਥਾਪਨਾ ਕੀਤੀ ਹੈ। ਜਗਤ, ਅਸਲ ਵਿਚ, ਪ੍ਰਕ੍ਰਿਤੀ ਦਾ ਹੀ ਪਰਿਣਾਮ ਹੈ। ਪ੍ਰਕ੍ਰਿਤੀ ਹੀ ਜਗਤ ਦਾ ਨਿਮਿਤ ਅਤੇ ਉਪਾਦਾਨ ਕਾਰਣ ਹੈ।

ਇਸ ਦਰਸ਼ਨ ਵਿਚ ਪੁਰਸ਼ ਤੋਂ ਭਾਵ ਆਤਮਾ ਹੈ। ਇਹ ਸਦਾ ਪ੍ਰਕਾਸ਼ ਰੂਪ, ਸ੍ਵੈਪ੍ਰਕਾਸ਼ ਅਤੇ ਚੇਤਨ੍ਯ ਹੈ। ਇਹ ਦੇਹ ਨਹੀਂ ਹੈ। ਇਹ ਨਿਸ਼ਕਰਮਾ ਅਤੇ ਨਿਰਗੁਣ ਹੈ। ਇਹ ਨਿੱਤ, ਸ਼ੁੱਧ, ਬੁੱਧ, ਮੁਕਤ ਅਤੇ ਸਰਵ-ਵਿਆਪੀ ਹੈ। ਇਸ ਦਾ ਕੋਈ ਪਰਿਣਾਮ, ਵਿਕਾਰ ਜਾਂ ਪਰਿਵਰਤਨ ਨਹੀਂ ਹੈ। ਜਦੋਂ ਪੁਰਸ਼ ਪ੍ਰਕ੍ਰਿਤੀ ਵਿਚ ਪ੍ਰਤਿਬਿੰਬਿਤ ਹੁੰਦਾ ਹੈ ਤਦ ਉਹ ਅਵਿਦਿਆ (ਅਗਿਆਨ) ਵਸ ਆਪਣੇ ਆਪ ਨੂੰ ਕਰਤਾ ਅਤੇ ਭੋਕਤਾ ਸਮਝਦਾ ਹੈ। ਪੁਰਸ਼ ਇਕ ਨਹੀਂ, ਅਨੇਕ ਹਨ। ਇਸ ਲਈ ਸਭ ਦੇ ਮਨ ਅਤੇ ਬੁੱਧੀ ਇਕ ਨਹੀਂ ਅਤੇ ਕਰਮ ਚੇਸ਼ਟਾ ਵੀ ਇਕ ਨਹੀਂ ਹੈ।

ਸਾਂਖ੍ਯ ਵਾਲੇ ਯਥਾਰਥ ਗਿਆਨ ਨੂੰ 'ਪ੍ਰਮਾ' ਦਾ ਨਾਂ ਦਿੰਦੇ ਹਨ। ਇਸ ਦੇ ਤਿੰਨ ਪੱਖ ਹਨ—ਪ੍ਰਮਾਤਾ (ਜਾਣਨ ਵਾਲਾ), ਪ੍ਰਮਾਣ (ਜਾਣਨ ਦਾ ਸਾਧਨ) ਅਤੇ ਪ੍ਰਮੇਯ (ਜੋ ਜਾਣਿਆ ਜਾਂਦਾ ਹੈ)। ਪ੍ਰਮਾਤਾ ਪ੍ਰਮਾਣ ਦੀ ਸਹਾਇਤਾ ਨਾਲ ਪ੍ਰਮੇਯ (ਵਿਸ਼ੇ) ਦਾ ਯਥਾਰਥ ਗਿਆਨ ਪ੍ਰਾਪਤ ਕਰਦਾ ਹੈ। ਵਿਸ਼ੇ ਦੀ ਯਥਾਰਥ ਧਾਰਣਾ ਗਿਆਨ ਹੈ। ਗਿਆਤ ਵਿਸ਼ੇ ਦਾ ਚਿੰਤਨ 'ਸਮ੍ਰਿਤੀ' ਹੈ। ਗਿਆਨ ਆਪਣੇ ਆਪ ਵਿਚ ਪ੍ਰਮਾਣ ਹੈ। ਯਥਾਰਥ ਗਿਆਨ ਪ੍ਰਾਪਤ ਕਰਨ ਦਾ ਸਾਧਨ ਪ੍ਰਮਾਣ ਹੈ। ਇਸ ਦੇ ਤਿੰਨ ਪ੍ਰਕਾਰ ਹਨ—ਪ੍ਰਤੱਖ, ਅਨੁਮਾਨ ਅਤੇ ਸ਼ਬਦ ਜਾਂ ਆਪ੍ਤ ਬਚਨ।

ਮਨੁੱਖ ਤਿੰਨ ਤਾਪਾਂ (ਅਧਿਆਤਮਿਕ, ਅਧਿਭੌਤਿਕ ਅਤੇ ਅਧਿਦੈਵਿਕ) ਤੋਂ ਦੁੱਖੀ ਰਹਿੰਦਾ ਹੈ। ਇਨ੍ਹਾਂ ਦੁੱਖਾਂ ਤੋਂ ਨਿਵ੍ਰਿੱਤੀ ਦੀ ਅਵਸਥਾ ਹੀ ਮੁਕਤੀ ਹੈ ਜਿਸ ਦਾ ਸਾਧਨ ਵਿਵੇਕ-ਗਿਆਨ ਹੈ, ਅਰਥਾਤ ਅਸੀਂ ਨਿੱਤ, ਬੁੱਧ, ਸ਼ੁੱਧ ਅਤੇ ਮੁਕਤ ਹਾਂ, ਅਸੀਂ ਕਰਤਾ ਅਤੇ ਭੋਕਤਾ ਨਹੀਂ ਹਾਂ, ਕੁਝ ਵੀ ਸਾਡਾ ਨਹੀਂ ਹੈ, ਸਾਡੀ ਕੋਈ ਕ੍ਰਿਆ ਨਹੀਂ ਹੈ; ਪ੍ਰਕ੍ਰਿਤੀ ਸਭ ਕ੍ਰਿਆ ਅਤੇ ਭੋਗ ਦਾ ਕਾਰਣ ਹੈ। ਇਸ ਤਰ੍ਹਾਂ ਆਤਮਾ ਦੇ ਪ੍ਰਕਾਸ਼ ਨੂੰ ਮੁਕਤੀ ਕਿਹਾ ਜਾ ਸਕਦਾ ਹੈ। ਇਹੀ ਆਨੰਦ ਦੀ ਅਵਸਥਾ ਹੈ। ਜੀਵ ਇਸ ਜੀਵਨ ਵਿਚ ਮੁਕਤੀ ਪ੍ਰਾਪਤ ਕਰ ਸਕਦਾ ਹੈ, ਪਰ ਜਦ ਤਕ ਉਸ ਦੇ ਪੁਰਬਲੇ ਜਨਮਾਂ ਦੇ ਕ੍ਰਿਤ-ਕਰਮਾਂ ਦਾ ਫਲ-ਭੋਗ ਸਮਾਪਤ ਨਹੀਂ ਹੁੰਦਾ, ਤਦ ਤਕ ਉਸ ਨੂੰ ਜੀਵਨ-ਮੁਕਤ ਅਵਸਥਾ ਵਿਚ ਰਹਿਣਾ

ਪੈਂਦਾ ਹੈ। ਫਲ-ਭੋਗ ਦੀ ਸਮਾਪਤੀ ਤੋਂ ਬਾਦ ਪੂਰਣ ਮੁਕਤੀ ਜਾਂ ਚਿਰ-ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਲਈ ਇਹ ਮਤ ਜਨਮਾਂਤਰਵਾਦ ਵਿਚ ਯਕੀਨ ਰਖਦਾ ਹੈ।

ਇਸ ਦਰਸ਼ਨ ਵਾਲੇ ਈਸ਼ਵਰ ਵਿਚ ਯਕੀਨ ਨਹੀਂ ਰਖਦੇ ਕਿਉਂਕਿ ਈਸ਼ਵਰ ਨੂੰ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ। ਫਲਸਰੂਪ ਜਗਤ ਦਾ ਕਰਤਾ ਈਸ਼ਵਰ ਨਹੀਂ ਹੋ ਸਕਦਾ, ਸਗੋਂ ਜਗਤ ਦੀ ਉਤਪੱਤੀ ਲਈ ਈਸ਼ਵਰ ਦੀ ਸੱਤਾ ਦੀ ਲੋੜ ਹੀ ਨਹੀਂ ਹੈ। ਇਸ ਲਈ ਭਗਤੀ ਪ੍ਰਧਾਨ ਧਰਮ ਦੀ ਇਸ ਮਤ ਵਿਚ ਕੋਈ ਮਾਨਤਾ ਨਹੀਂ।

ਭਾਈ ਗੁਰਦਾਸ ਨੇ ਇਸ ਦਰਸ਼ਨ ਦਾ ਹਵਾਲਾ ਦਿੰਦਿਆਂ ਪਹਿਲੀ ਵਾਰ ਵਿਚ ਲਿਖਿਆ ਹੈ—'ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।'

ਸਾਝੀ/ਸਾਂਝੀ : ਇਕ ਤਿਉਹਾਰ ਜਿਸ ਦਾ ਸੰਬੰਧ ਨੌਰਾਤਿਆਂ/ਨੁਰਾਤਿਆਂ ਨਾਲ ਹੈ। ਨੌਰਾਤੇ ਤੋਂ ਭਾਵ ਹੈ ਨੌ-ਰਾਤਾਂ। ਹਿੰਦੂ ਧਰਮ ਅਨੁਸਾਰ ਨੌਰਾਤੇ ਸਾਲ ਵਿਚ ਦੋ ਵਾਰ ਆਉਂਦੇ ਹਨ। ਇਕ ਵਾਰ ਚੇਤਰ ਸੁਦੀ ਇਕ ਤੋਂ ਨੌਂ ਤਕ ਅਤੇ ਦੂਜੀ ਵਾਰ ਅਸੂ ਸੁਦੀ ਇਕ ਤੋਂ ਨੌਂ ਤਕ। ਇਨ੍ਹਾਂ ਦੋਹਾਂ ਦਾ ਸੰਬੰਧ ਦੇਵੀ-ਪੂਜਾ ਨਾਲ ਹੈ। ਚੇਤਰ ਦੇ ਨੌਰਾਤਿਆਂ ਵਿਚ ਦੇਵੀ ਭਗਤ ਆਪਣੇ ਘਰਾਂ ਵਿਚ 'ਦੁਰਗਾ-ਸਪਤਸ਼ਤੀ' ਦਾ ਪਾਠ ਕਰਵਾਉਂਦੇ ਹਨ ਅਤੇ ਰਾਮ-ਭਗਤ 'ਤੁਲਸੀ ਰਾਮਾਇਣ' ('ਰਾਮ-ਚਰਿਤ-ਮਾਨਸ') ਦਾ ਪਾਠ ਰਖਦੇ ਹਨ। ਅਸੂ ਦੇ ਨੌਰਾਤਿਆਂ ਵਿਚ ਜ਼ਿਆਦਾ ਰੌਣਕ ਅਤੇ ਉਤਸਾਹ ਨਾਲ ਦੇਵੀ-ਪੂਜਾ (ਸਾਝੀ ਦੇ ਰੂਪ ਵਿਚ) ਹੁੰਦੀ ਹੈ। ਬੰਗਾਲ ਵਿਚ ਦੇਵੀ-ਪੂਜਾ ਦਾ ਇਹ ਮਹੱਤਵਪੂਰਣ ਪਰਵ ਹੈ।

ਪਹਿਲੇ ਨੌਰਾਤੇ ਨੂੰ ਛੋਟੀ ਉਮਰ ਦੀਆਂ ਕੁੜੀਆਂ ਘਰਾਂ ਵਿਚ ਕਿਸੇ ਬਰਤਨ ਵਿਚ ਜੌਂ ਬੀਜਦੀਆਂ ਸਨ। ਇਸ ਨੂੰ ਮਾਤਾ ਗੌਰਜਾ ਦਾ ਬਾਗ਼ ਕਿਹਾ ਜਾਂਦਾ ਹੈ। ਨੌਵੇਂ ਦਿਨ ਜਦੋਂ ਇਹ ਜੌਂ ਚੰਗੀ ਤਰ੍ਹਾਂ ਜੰਮੇ ਹੁੰਦੇ ਹਨ, ਕੁੜੀਆਂ ਸਵੇਰੇ ਉਠ ਕੇ ਆਪਣੇ ਭਰਾਵਾਂ, ਤਾਇਆਂ, ਚਾਚਿਆਂ ਦੇ ਸਿਰਾਂ ਉਤੇ ਟੰਗ ਦਿੰਦੀਆਂ ਹਨ। ਬਦਲੇ ਵਿਚ ਉਨ੍ਹਾਂ ਕੁੜੀਆਂ ਨੂੰ ਕੁਝ ਧਨ (ਆਮ ਤੌਰ ਤੇ ਇਕ ਰੁਪੈਆ) ਜੌਂ ਟੁੰਗਾਈ ਵਜੋਂ ਦਿੱਤਾ ਜਾਂਦਾ ਹੈ। ਇਨ੍ਹਾਂ ਨੌਰਾਤਿਆਂ ਦੇ ਆਰੰਭ ਨਾਲ ਰਾਮ-ਲੀਲਾ ਦਾ ਮੰਚਨ ਵੀ ਸ਼ੁਰੂ ਹੋ ਜਾਂਦਾ ਹੈ ਅਤੇ ਦਸਵੀਂ ਵਾਲੇ ਦਿਨ ਕਾਗ਼ਜ਼ ਦੇ ਬਣੇ ਰਾਵਣ ਨੂੰ ਫੂਕਿਆ ਜਾਂਦਾ ਹੈ। ਇਹ ਸ਼੍ਰੀ ਰਾਮ ਦੀ ਜਿੱਤ ਪ੍ਰਾਪਤ ਕਰਨ ਦਾ ਪ੍ਰਤੀਕ-ਪਰਵ ਹੈ। ਇਸ ਨੂੰ 'ਵਿਜਯਾਦਸ਼ਮੀ' ਵੀ ਕਿਹਾ ਜਾਂਦਾ ਹੈ।

ਇਨ੍ਹਾਂ ਨੌਰਾਤਿਆਂ ਵਿਚ ਹੀ ਸਾਝੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪਹਿਲੇ ਨੌਰਾਤੇ ਤੋਂ ਪਹਿਲੀ ਸ਼ਾਮ ਨੂੰ ਕੰਧ ਉਤੇ ਗੋਹਾ ਮਿਟੀ ਥਪ ਕੇ ਜਾਂ ਘੁਮਿਆਰ ਪਾਸੋਂ ਸਾਂਝੀ ਦੇ ਮੂੰਹ, ਹੱਥ, ਪੈਰ ਖ਼ਰੀਦ ਕੇ ਅਤੇ ਕਾਗ਼ਜ਼ ਦੇ ਬਸਤ੍ਰਾਂ ਨਾਲ ਸਜਾ ਕੇ ਸਾਂਝੀ ਮਾਈ ਦੀ ਇਕ ਮੂਰਤੀ ਬਣਾ ਲਈ ਜਾਂਦੀ ਹੈ। ਪਹਿਲੇ ਨੌਰਾਤੇ ਤੋਂ ਕੁਆਰੀਆਂ ਕੁੜੀਆਂ ਜਾਂ ਬਾਲੜੀਆਂ ਸਾਂਝੀ ਮਾਈ ਦੀ ਮੂਰਤੀ ਦੀ ਪੂਜਾ ਹਰ ਸ਼ਾਮ ਨੂੰ ਇਕੱਠੀਆਂ ਹੋ ਕੇ ਕਰਦੀਆਂ ਹਨ। ਉਦੋਂ ਤੋਂ ਲੈ ਕੇ ਅੰਤ ਦਿਨ ਤਕ ਸਾਂਝੀ ਮਾਈ ਦੀ ਆਰਤੀ ਉਤਾਰੀ ਜਾਂਦੀ ਹੈ। ਆਰਤੀ ਦੇ ਬੋਲ ਕੁਝ ਇਸ ਤਰ੍ਹਾਂ ਹੁੰਦੇ ਹਨ—ਜਾਗ ਸਾਂਝੀ ਜਾਗ/ਤੇਰੇ ਮੱਥੇ

ਲੱਗੇ ਭਾਗ/ਤੇਰੀ ਪੱਟੀਆਂ ਸੁਹਾਗ/ਕਲ੍ਹ ਨੂੰ ਫੇਰ ਆਮਾਂਗੇ/ਜਾਗੇਗੀ ਜਗਾਮਾਂਗੇ/ਅਪਨਾ ਬੀਰ ਜਗਾਮਾਂਗੇ।

ਅੱਠਵੇਂ ਨੌਰਾਤੇ (ਦੁਰਗਾ ਅਸ਼ਟਮੀ ਵਾਲੇ ਦਿਨ) ਸਾਂਝੀ ਨੂੰ ਕੜਾਹ ਦਾ ਪ੍ਰਸਾਦ ਚੜ੍ਹਾਇਆ ਜਾਂਦਾ ਹੈ। ਨੌਵੇਂ ਨੌਰਾਤੇ ਨੂੰ ਦਿਨ ਚੜ੍ਹਦਿਆਂ ਹੀ ਸਾਂਝੀ ਨੂੰ ਵਿਦਾ ਕਰਨ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ। ਵਿਦਾਇਗੀ ਵੇਲੇ ਭੋਗ ਨਹੀਂ ਲਗਵਾਇਆ ਜਾਂਦਾ, ਪਰ ਆਰਤੀ ਉਤਾਰੀ ਜਾਂਦੀ ਹੈ। ਉਸ ਦਿਨ ਸਾਂਝੀ ਨੇ ਆਪਣੇ ਪੇਕੇ ਘਰ ਵੀਰਾਂ, ਭਰਜਾਈਆਂ ਕੋਲ ਜਾਣਾ ਹੁੰਦਾ ਹੈ, ਪਰ ਜੇ ਨੌਵੀਂ ਨੂੰ ਵੀਰਵਾਰ ਹੋਵੇ ਤਾਂ ਅਗਲੇ ਦਿਨ ਦਸਵੀਂ ਨੂੰ ਵਿਦਾ ਕੀਤਾ ਜਾਂਦਾ ਹੈ। ਵਿਦਾਇਗੀ ਵੇਲੇ ਸਾਂਝੀ ਦੀ ਮੂਰਤੀ ਦੀ ਸਾਰੀ ਸਾਮਗ੍ਰੀ, ਬਚਿਆ ਹੋਇਆ ਪ੍ਰਸਾਦ ਅਤੇ ਜੌਂਆਂ ਦੇ ਪੌਦਿਆਂ ਨੂੰ ਨਦੀ, ਨਹਿਰ ਆਦਿ ਦੇ ਜਲ ਵਿਚ ਪਾ ਦਿੱਤਾ ਜਾਂਦਾ ਹੈ। ਉਸ ਦਿਨ ਕੁਆਰੀਆਂ ਕੁੜੀਆਂ ਜਾਂ ਬੱਚੀਆਂ ਨੂੰ ਭੋਜਨ ਕਰਾਇਆ ਜਾਂਦਾ ਹੈ। ਇਸ ਪੂਜਾ ਪਿਛੇ ਬੱਚੀਆਂ ਦੀਆਂ ਮਨੋਕਾਮਨਾਵਾਂ ਪੂਰੇ ਹੋਣ ਦੀ ਕਲਪਨਾ ਵਿਦਮਾਨ ਰਹਿੰਦੀ ਹੈ।

ਸ਼ਾਂਤਨੂ : ਇਕ ਚੰਦ੍ਰਵੰਸ਼ੀ ਰਾਜਾ ਜੋ ਰਾਜਾ ਪ੍ਰਤੀਪ ਦਾ ਪੁੱਤਰ ਸੀ। ਇਸ ਦੇ ਦੋ ਹੋਰ ਭਰਾ ਸਨ; ਦੇਵਾਪਿ ਵੱਡਾ ਸੀ ਅਤੇ ਬਾਲ੍ਹੀਕ ਛੋਟਾ। 'ਮਹਾਭਾਰਤ' ਅਨੁਸਾਰ ਸ਼ਾਂਤਨੂ ਦੇ ਹੱਥਾਂ ਵਿਚ ਅਜਿਹੀ ਦੈਵੀ ਸ਼ਕਤੀ ਸੀ ਕਿ ਇਹ ਜਿਸ ਬਿਰਧ ਵਿਅਕਤੀ ਨੂੰ ਜਦੋਂ ਛੋਂਹਦਾ ਤਾਂ ਉਹ ਭਰ-ਜਵਾਨ ਹੋ ਜਾਂਦਾ। ਪ੍ਰਤੀਪ ਤੋਂ ਬਾਦ ਇਹ ਰਾਜ-ਗੱਦੀ ਉਤੇ ਬੈਠਾ। ਇਸ ਦੇ ਰਾਜ ਵਿਚ ਬਾਰ੍ਹਾਂ ਸਾਲ ਵਰਸ਼ਾ ਨਾ ਹੋਈ। ਕਿਸੇ ਬ੍ਰਾਹਮਣ ਨੇ ਇਸ ਨੂੰ ਦਸਿਆ ਕਿ ਵਰਸ਼ਾ ਨਾ ਹੋਣ ਦਾ ਕਾਰਣ ਵੱਡੇ ਭਰਾ ਦੇ ਹੁੰਦਿਆਂ ਇਸ ਦਾ ਰਾਜ-ਗੱਦੀ ਉੱਤੇ ਬੈਠਣਾ ਹੈ। ਵੱਡੇ ਭਰਾ ਦੇ ਹਕ ਵਿਚ ਆਪਣਾ ਰਾਜ ਛੱਡਣ ਲਈ ਇਹ ਦੇਵਾਪਿ ਕੋਲ ਗਿਆ ਪਰ ਉਸ ਨੇ ਵੇਦ-ਵਿਰੋਧੀ ਤਰਕ ਦੇ ਕੇ ਰਾਜ ਲੈਣੋਂ ਨਾਂਹ ਕਰ ਦਿੱਤੀ। ਪਰ ਵੇਦ-ਵਿਰੋਧੀ ਤਰਕ ਦੇਣ ਕਾਰਣ ਉਹ ਪਤਿਤ ਹੋ ਗਿਆ। ਉਸ ਦੇ ਪਤਿਤ ਹੋਣ ਕਾਰਣ ਉਸ ਦਾ ਰਾਜਾ ਹੋਣ ਦਾ ਅਧਿਕਾਰ ਖ਼ਤਮ ਹੋ ਗਿਆ। ਰਾਜਾ ਸ਼ਾਂਤਨੂ ਪਰਤ ਆਇਆ। ਰਾਜ ਵਿਚ ਵਰਸ਼ਾ ਹੋਣ ਲਗੀ ਅਤੇ ਹਰ ਪਾਸੇ ਖ਼ੁਸ਼ਹਾਲੀ ਪਸਰ ਗਈ।

ਸ਼ਾਂਤਨੂ ਦੀ ਪਤਨੀ ਦਾ ਨਾਂ ਗੰਗਾ ਸੀ ਜਿਸ ਨੇ ਭੀਸ਼ਮ (ਪਿਤਾਮਾ) ਨੂੰ ਜਨਮ ਦਿੱਤਾ। ਬਿਰਧ ਅਵਸਥਾ ਵਿਚ ਇਸ ਨੇ ਸਤ੍ਯਵਤੀ (ਮਤ੍ਸ੍ਯੋਦਰੀ) ਨਾਲ ਵਿਆਹ ਕੀਤਾ ਜਿਸ ਨੇ ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ ਨਾਂ ਦੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਇਹ ਦੋਵੇਂ ਬਿਨਾ ਕਿਸੇ ਸੰਤਾਨ ਨੂੰ ਪੈਦਾ ਕੀਤੇ ਮਰ ਗਏ। ਗੰਗਾ ਨੇ ਵਿਚਿਤ੍ਰਵੀਰਯ ਦੀਆਂ ਵਿਧਵਾਵਾਂ—ਅੰਬਿਕਾ ਅਤੇ ਅੰਬਾਲਿਕਾ—ਤੋਂ ਵਿਆਸ ਰਿਸ਼ੀ ਦੁਆਰਾ ਨਿਯੋਗ ਵਿਧੀ ਨਾਲ ਧ੍ਰਿਤਰਾਸ਼ਟਰ ਅਤੇ ਪਾਂਡੂ ਨਾਂ ਦੇ ਦੋ ਪੁੱਤਰ ਪੈਦਾ ਕਰਵਾਏ। ਇਨ੍ਹਾਂ ਤੋਂ ਹੀ ਕੌਰਵਾਂ ਅਤੇ ਪਾਂਡਵਾਂ ਦਾ ਵਿਕਾਸ ਹੋਇਆ।

ਸ਼ਾਮ ਸਿੰਘ, ਅਟਾਰੀਵਾਲਾ : ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਇਕ ਬਹਾਦਰ ਜਰਨੈਲ ਜਿਸ ਦੇ ਖ਼ਾਨਦਾਨ ਦਾ ਪਿਛੋਕੜ ਜੈਸਲਮੇਰ ਦੇ ਭੱਟੀ ਰਾਜਪੂਤਾਂ

ਨਾਲ ਜਾ ਜੁੜਦਾ ਹੈ। ਇਸ ਦੀ ਜਨਮ-ਤਿਥੀ ਬਾਰੇ ਭਾਵੇਂ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਪਰ ਅਨੁਮਾਨ ਦੇ ਆਧਾਰ ਤੇ ਇਸ ਦਾ ਜਨਮ ਅਠਾਰ੍ਹਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਸ. ਨਿਹਾਲ ਸਿੰਘ ਦੇ ਘਰ ਅਟਾਰੀ ਪਿੰਡ (ਜ਼ਿਲਾ ਅੰਮ੍ਰਿਤਸਰ) ਵਿਚ ਹੋਇਆ। ਸ. ਨਿਹਾਲ ਸਿੰਘ ਦਾ ਮਹਾਰਾਜਾ ਰਣਜੀਤ ਸਿੰਘ ਨਾਲ ਬੜਾ ਨਿੱਘਾ ਸੰਬੰਧ ਸੀ। ਇਥੋਂ ਤਕ ਕੇ ਮਹਾਰਾਜਾ ਸਾਹਿਬ ਦੀ ਬੀਮਾਰੀ ਨੂੰ ਆਪਣੇ ਉਤੇ ਆਰੋਪਿਤ ਕਰਕੇ ਉਸ ਨੇ ਆਪਾ ਨਿੱਛਾਵਰ ਕੀਤਾ ਸੀ। ਸ਼ਾਮ ਸਿੰਘ ਨੇ ਸੰਨ 1803 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸੈਨਿਕ ਨੌਕਰੀ ਵਿਚ ਪ੍ਰਵੇਸ਼ ਕੀਤਾ ਅਤੇ ਸੰਨ 1818 ਈ. ਵਿਚ ਮੁਲਤਾਨ ਦੀ ਅੰਤਿਮ ਲੜਾਈ ਵੇਲੇ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਸੰਨ 1819 ਈ. ਵਿਚ ਇਹ ਕਸ਼ਮੀਰ ਉਤੇ ਕੀਤੀ ਫ਼ੌਜਕਸ਼ੀ ਵਿਚ ਸ਼ਾਮਲ ਹੋਇਆ। ਸੰਨ 1831 ਈ. ਵਿਚ ਰੋਪੜ ਵਿਚ ਹੋਈ ਮਹਾਰਾਜਾ ਸਾਹਿਬ ਅਤੇ ਲਾਰਡ ਵਿਲੀਅਮ ਬੈਂਟਿੰਕ ਦੀ ਮੁਲਾਕਾਤ ਵੇਲੇ ਇਸ ਨੇ ਸ਼ਲਾਘਾਯੋਗ ਕੰਮ ਕੀਤਾ। ਸਰਹੱਦੀ ਇਲਾਕੇ ਵਿਚ ਪਠਾਣਾਂ ਨਾਲ ਹੋਈਆਂ ਲਗਭਗ ਸਾਰੀਆਂ ਲੜਾਈਆਂ ਵਿਚ ਇਹ ਸ਼ਾਮਲ ਹੋਇਆ। ਸੰਨ 1837 ਈ. ਵਿਚ ਇਸ ਨੇ ਆਪਣੀ ਲੜਕੀ ਨਾਨਕੀ ਦਾ ਵਿਆਹ ਮਹਾਰਾਜਾ ਸਾਹਿਬ ਦੇ ਪੋਤੇ ਕੰਵਰ ਨੌਨਿਹਾਲ ਸਿੰਘ ਨਾਲ 15 ਲੱਖ ਰੁਪਏ ਖ਼ਰਚ ਕੇ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਦ ਲਾਹੌਰ ਦਰਬਾਰ ਦੀਆਂ ਸਾਜ਼ਿਸ਼ਾਂ ਤੋਂ ਨਿਰਾਸ਼ ਹੋ ਕੇ ਇਹ ਅਧਿਕਤਰ ਸਮਾਂ ਆਪਣੇ ਪਿੰਡ ਅਟਾਰੀ ਹੀ ਰਹਿੰਦਾ ਰਿਹਾ। ਸੰਨ 1840 ਈ. ਵਿਚ ਜਦੋਂ ਪਾਇੰਦਾ ਖ਼ਾਂ ਨੇ ਹਜ਼ਾਰੇ ਵਿਚ ਸਿਰ ਚੁਕਿਆ, ਤਾਂ ਇਸ ਨੂੰ ਕੁਚਲਣ ਦੀ ਜ਼ਿੰਮੇਵਾਰੀ ਸ. ਸ਼ਾਮ ਸਿੰਘ ਨੇ ਹੀ ਨਿਭਾਈ। ਲਾਹੌਰ ਦਰਬਾਰ ਦੀਆਂ ਗ਼ਲਤ ਨੀਤੀਆਂ ਅਤੇ ਖ਼ਾਨਾਜੰਗੀ ਕਾਰਣ ਪਹਿਲਾਂ ਇਹ ਅੰਗ੍ਰੇਜ਼ਾਂ ਅਤੇ ਸਿੱਖਾਂ ਵਿਚ ਹੋਈ ਲੜਾਈ ਵਿਚ ਸ਼ਾਮਲ ਹੋਣੋਂ ਸੰਕੋਚ ਕਰਦਾ ਰਿਹਾ, ਪਰ ਬਾਦ ਵਿਚ ਰਾਣੀ ਜਿੰਦਾਂ ਦੇ ਅਨੁਰੋਧ ਕਰਨ ਤੇ ਇਸ ਨੇ ਯੁੱਧ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਅਤੇ ਆਪਣੇ ਦੇਸ਼ ਉੱਤੇ ਨਿੱਛਾਵਰ ਹੋਣ ਲਈ ਸਭਰਾਉਂ ਦੇ ਮੈਦਾਨ ਵਿਚ ਨਿਤਰਿਆ। ਉਸ ਵਕਤ ਵੀ ਸਿੱਖ ਫ਼ੌਜ ਦੇ ਜਰਨੈਲ ਤੇਜਾ ਸਿੰਘ ਨੇ ਲੜਾਈ ਦੀ ਪਹਿਲੀ ਰਾਤ ਨੂੰ ਸ਼ਾਮ ਸਿੰਘ ਨੂੰ ਸਲਾਹ ਦਿੱਤੀ ਕਿ ਸਵੇਰੇ ਪਹਿਲਾ ਗੋਲਾ ਚਲਣ ਤੇ ਹੀ ਮੈਦਾਨ ਵਿਚੋਂ ਭਜ ਕੇ ਜਾਨ ਬਚਾ ਲਈ ਜਾਏ, ਕਿਉਂਕਿ ਸਿੱਖ ਫ਼ੌਜ ਦੀ ਹਾਰ ਨਿਸਚਿਤ ਹੈ। ਇਸ ਤੇ ਸ. ਸ਼ਾਮ ਸਿੰਘ ਨੂੰ ਬਹੁਤ ਰੋਹ ਚੜ੍ਹਿਆ ਅਤੇ ਉਸ ਨੂੰ ਫਟਕਾਰਦੇ ਹੋਇਆਂ ਆਪਣਾ ਮੂੰਹ ਮੋੜ ਲਿਆ।

ਸਵੇਰੇ ਉਠ ਕੇ ਇਸ ਨੇ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸ ਕੀਤੀ ਅਤੇ ਮਰਨ-ਮਾਰਨ ਦੀ ਪ੍ਰਤਿਗਿਆ ਕਰਕੇ ਯੁੱਧ-ਭੂਮੀ ਨੂੰ ਪ੍ਰਸਥਾਨ ਕੀਤਾ। ਪਹਿਲਾ ਗੋਲਾ ਚਲਣ ਨਾਲ ਹੀ ਗ਼ਦਾਰ ਤੇਜਾ ਸਿੰਘ ਮੈਦਾਨ ਛਡ ਕੇ ਭਜ ਗਿਆ ਅਤੇ ਜਾਂਦੇ ਹੋਇਆਂ ਸਤਲੁਜ ਦਰਿਆ ਉਤੇ ਬਣੇ ਕਿਸ਼ਤੀਆਂ ਦੇ ਪੁਲ ਨੂੰ ਵੀ ਤੋੜ ਗਿਆ। ਗ਼ਦਾਰੀਆਂ ਦੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਦੇ ਬਾਵਜੂਦ ਸ. ਸ਼ਾਮ ਸਿੰਘ ਆਪਣੀ ਸੈਨਿਕ ਟੁਕੜੀ

ਨਾਲ ਅੰਗ੍ਰੇਜ਼ ਫ਼ੌਜ ਉੱਤੇ ਟੁੱਟ ਪਿਆ । ਸ਼ਾਹ ਮੁਹੰਮਦ ਅਨੁਸਾਰ—'ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤ੍ਰੀ ਜੋੜ ਵਿਛੌੜ ਸੁੱਟੇ ।' ਲਹੂ ਡੋਲਵੀਂ ਲੜਾਈ ਵਿਚ ਸ. ਸ਼ਾਮ ਸਿੰਘ ਨੇ 10 ਫ਼ਰਵਰੀ, 1846 ਈ. ਨੂੰ ਵੀਰ-ਗਤੀ ਪ੍ਰਾਪਤ ਕੀਤੀ । ਬਾਦ ਵਿਚ ਇਸ ਦੀ ਲਾਸ਼ ਨੂੰ ਅਟਾਰੀ ਲਿਆ ਕੇ ਸਸਕਾਰ ਕੀਤਾ ਗਿਆ । ਆਪਣੀ ਬਹਾਦਰੀ, ਦੇਸ਼-ਭਗਤੀ ਅਤੇ ਸਿਦਕ ਕਰਕੇ ਸ. ਸ਼ਾਮ ਸਿੰਘ ਪੰਜਾਬ ਦੇ ਇਤਿਹਾਸ ਵਿਚ ਇਕ ਵੀਰ ਨਾਇਕ ਦੇ ਰੂਪ ਵਿਚ ਪ੍ਰਸਿੱਧ ਹੋਇਆ । ਕਵੀ ਹਰਿੰਦਰ ਮਹਿਬੂਬ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਸ਼ਾਮ ਸਿੰਘ ਜਾਂ ਵੇਖਿਆ, ਵਿਚ ਸਭਰਾਵਾਂ ਬਾਜ਼;/ਮੈਂ ਉਸੇ ਹੀ ਸਿਦਕ ਦਾ, ਘਾਇਲ ਨਿਥਾਵਾਂ ਰਾਜ਼ ।'

ਸਾਮ-ਵੇਦ : ਵੇਖੋ 'ਵੇਦ' ।

ਸ਼ਾਰਦਾ : ਵੇਖੋ 'ਸਰਸਵਤੀ/ਸਰਸੁਤੀ' ।

ਸਾਰਾਗੜ੍ਹੀ : ਸਿੱਖ ਸੈਨਿਕਾਂ ਦੀ ਸੂਰਵੀਰਤਾ ਨਾਲ ਸੰਬੰਧਿਤ ਇਕ ਪਿੰਡ ਜੋ ਪਾਕਿਸਤਾਨ ਦੇ ਉੱਤਰ-ਪੱਛਮੀ ਪ੍ਰਾਂਤ ਦੇ ਕੁਹਾਟ ਜ਼ਿਲੇ ਦੀ ਸਰਹਦ ਉੱਤੇ ਵਸਿਆ ਹੈ । ਇਥੇ ਇਕ ਛੋਟੀ ਜਿਹੀ ਗੜ੍ਹੀ ਵੀ ਬਣੀ ਹੋਈ ਹੈ । ਜਿਥੇ ਅੰਗ੍ਰੇਜ਼ ਸਰਕਾਰ ਦੇ ਫ਼ੌਜੀ ਜਵਾਨ ਵਜ਼ੀਰ ਕਬੀਲੇ ਦੇ ਕਬਾਇਲੀਆਂ ਉੱਤੇ ਨਜ਼ਰ ਰੱਖਣ ਲਈ ਨਿਯੁਕਤ ਸਨ । ਇਹ ਗੜ੍ਹੀ ਲੌਕਹਾਰਟ ਕਿਲ੍ਹੇ ਤੋਂ ਲਗਭਗ ਢਾਈ ਕਿ. ਮੀ. ਦੀ ਵਿਥ 'ਤੇ ਹੈ । 12 ਸਤੰਬਰ, 1897 ਈ. ਨੂੰ ਦਸ ਹਜ਼ਾਰ ਕਬਾਇਲੀਆਂ ਨੇ ਇਸ ਸੀਮਾਵਰਤੀ ਚੌਕੀ ਨੂੰ ਘੇਰ ਲਿਆ । ਸਾਰਾਗੜ੍ਹੀ ਚੌਕੀ 36 ਸਿੱਖ ਰੈਜਮੈਂਟ ਦੇ ਹਵਲਦਾਰ ਈਸ਼ਰ ਸਿੰਘ ਦੀ ਕਮਾਨ ਵਿਚ ਸੀ । ਉਥੇ ਈਸ਼ਰ ਸਿੰਘ ਤੋਂ ਛੁਟ ਇਕ ਨਾਇਕ ਅਤੇ ਇਕ ਲੈਂਸ ਨਾਇਕ ਸਹਿਤ 18 ਹੋਰ ਸਿੱਖ ਸੈਨਿਕ ਨਿਯੁਕਤ ਸਨ ।

ਸਿੱਖ ਫ਼ੌਜੀ ਬੜੀ ਬਹਾਦਰੀ ਅਤੇ ਮਜ਼ਬੂਤ ਇਰਾਦੇ ਨਾਲ ਲੜੇ । ਬਹੁਤ ਥੋੜ੍ਹੀ ਗਿਣਤੀ ਦੇ ਬਾਵਜੂਦ ਉਨ੍ਹਾਂ ਦੇ ਇਰਾਦੇ ਬਹੁਤ ਬੁਲੰਦ ਸਨ । ਅਸਲ ਵਿਚ, ਉਹ ਆਪਣੇ ਦ੍ਰਿੜ੍ਹ ਇਰਾਦੇ ਦੇ ਸਿਰ ਤੇ ਹੀ ਯੁੱਧ ਕਰ ਰਹੇ ਸਨ । ਸੱਤ ਘੰਟਿਆਂ ਤਕ ਲਗਾਤਾਰ ਯੁੱਧ ਹੁੰਦਾ ਰਿਹਾ । ਗੋਲੀ-ਸਿੱਕਾ ਖ਼ਤਮ ਹੋਣ ਤੇ ਹੱਥੋ-ਹੱਥ ਲੜਾਈ ਵੀ ਹੋਈ । ਇਕ ਇਕ ਕਰਕੇ 21 ਸਿੱਖ ਸੈਨਿਕਾਂ ਨੇ 600 ਤੋਂ ਵੱਧ ਵੈਰੀਆਂ ਨੂੰ ਮਾਰ ਕੇ ਵੀਰ-ਗਤੀ ਪ੍ਰਾਪਤ ਕੀਤੀ ਅਤੇ ਆਪਣੀ ਬਹਾਦਰੀ ਨਾਲ ਚੌਕੀ ਨੂੰ ਬਚਾਈ ਰਖਿਆ । ਉਨ੍ਹਾਂ ਦੀ ਬਹਾਦਰੀ ਉਸ ਵਕਤ ਦੀ ਭਖਦੀ ਮਿਸਾਲ ਬਣ ਗਈ । ਬਾਦ ਵਿਚ ਉਨ੍ਹਾਂ ਸੂਰਵੀਰਾਂ ਦੀ ਯਾਦ ਵਿਚ ਕਿਲਾ ਲੌਕਹਾਰਟ, ਅੰਮ੍ਰਿਤਸਰ ਅਤੇ ਫ਼ੀਰੋਜ਼ਪੁਰ ਵਿਚ ਸਮਾਰਕ ਬਣਾਏ ਗਏ । ਫ਼ੌਜੀ ਸਨਮਾਨਾਂ ਤੋਂ ਇਲਾਵਾ ਸ਼ਹੀਦ ਸਿਪਾਹੀਆਂ ਦੇ ਆਸ਼੍ਰਿਤਾਂ ਨੂੰ ਪੈਨਸ਼ਨ, 500 ਰੁਪਏ ਨਕਦ ਇਨਾਮ ਅਤੇ ਦੋ-ਦੋ ਮੁਰੱਬੇ ਜ਼ਮੀਨ ਦਿੱਤੀ ਗਈ । ਇਸ ਸਾਕੇ ਤੋਂ ਪ੍ਰਭਾਵਿਤ ਹੋ ਕੇ ਕਵੀ ਮੇਹਰ ਸਿੰਘ, ਚੂੜ੍ਹ ਸਿੰਘ ਆਦਿ ਨੇ ਛੋਟੇ ਛੋਟੇ ਪ੍ਰਸੰਗ ਲਿਖ ਕੇ ਸੂਰਵੀਰਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ ।

ਸਾਰੰਗ, ਰਾਣੀ : ਵੇਖੋ 'ਹੋਡੀ, ਰਾਜਾ' ।

ਸਾਲਗ੍ਰਾਮ/ਸ਼ਾਲਿਗ੍ਰਾਮ : ਨੇਪਾਲ ਦੀ ਗੰਡਕੀ ਜਾਂ ਨਾਰਾਇਣੀ ਨਦੀ ਤੋਂ ਪ੍ਰਾਪਤ ਹੋਣ

ਵਾਲੇ ਕਾਲੇ ਰੰਗ ਦਾ ਗੋਲਾਕਾਰ ਅਮੋਲਿਆ ਪੱਥਰ ਜਿਸ ਉੱਤੇ ਵਜ੍ਰ-ਕੀਟ ਦੁਆਰਾ ਚਕ੍ਰ ਬਣਾਇਆ ਹੋਇਆ ਹੁੰਦਾ ਹੈ। ਇਸ ਨੂੰ ਵਿਸ਼ਣੂ ਦੀ ਮੂਰਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦਾ ਨਾਂ ਸਾਲਗ੍ਰਾਮ ਇਸ ਵਾਸਤੇ ਪਿਆ ਕਿਉਂਕਿ ਜਿਸ ਪਿੰਡ ਨੇੜਿਉਂ ਇਹ ਪੱਥਰ ਨਿਕਲਦਾ ਹੈ, ਉਸ ਪਿੰਡ ਦਾ ਨਾਂ ਸ਼ਾਲ (ਸਾਲ) ਦੇ ਬ੍ਰਿਛਾਂ ਦੀ ਅਧਿਕਤਾ ਕਰਕੇ ਸਾਲਗ੍ਰਾਮ ਪ੍ਰਸਿੱਧ ਹੋਇਆ।

ਇਸ ਪੱਥਰ ਸੰਬੰਧੀ ਪੁਰਾਣ-ਸਾਹਿੱਤ ਵਿਚ ਕਈ ਆਖਿਆਨ ਮਿਲਦੇ ਹਨ ਅਤੇ ਇਸ ਦਾ ਸੰਬੰਧ ਵ੍ਰਿੰਦਾ ਦੇ ਸਰਾਪ ਨਾਲ ਜੋੜਿਆ ਜਾਂਦਾ ਹੈ। 'ਦੇਵੀ ਭਾਗਵਤ ਪੁਰਾਣ' ਅਨੁਸਾਰ ਸ਼ੰਖਚੂੜ ਨਾਂ ਦੇ ਦੈਂਤ ਨੂੰ ਵਰ ਪ੍ਰਾਪਤ ਸੀ ਕਿ ਜਦ ਤਕ ਉਸ ਦੀ ਪਤਨੀ ਪਤਿਬ੍ਰਤਾ ਧਰਮ ਵਿਚ ਕਾਇਮ ਹੈ, ਤਦ ਤਕ ਸ਼ੰਖਚੂੜ ਨੂੰ ਕੋਈ ਜਿੱਤ ਨਹੀਂ ਸਕਦਾ। ਸ਼ੰਖਚੂੜ ਨੇ ਉਸ ਵਰ ਦੇ ਬਲ ਉੱਤੇ ਸਾਰੇ ਦੇਵਤੇ ਜਿੱਤ ਲਏ। ਮਜਬੂਰ ਹੋ ਕੇ ਦੇਵਤੇ ਆਪਣੀ ਰੱਖਿਆ ਲਈ ਵਿਸ਼ਣੂ ਕੋਲ ਗਏ। ਵਿਸ਼ਣੂ ਨੇ ਦੇਵਤਿਆਂ ਦੀ ਸਹਾਇਤਾ ਲਈ ਸ਼ੰਖਚੂੜ ਦਾ ਰੂਪ ਧਾਰਣ ਕਰਕੇ ਉਸ ਦੀ ਪਤਨੀ ਵ੍ਰਿੰਦਾ ਨਾਲ ਸੰਯੋਗ ਕੀਤਾ। ਜਦੋਂ ਵ੍ਰਿੰਦਾ ਨੂੰ ਇਸ ਧੋਖੇ ਦਾ ਪਤਾ ਲਗਾ ਤਾਂ ਉਸ ਨੇ ਵਿਸ਼ਣੂ ਨੂੰ ਪੱਥਰ ਹੋ ਜਾਣ ਦਾ ਸਰਾਪ ਦਿੱਤਾ। ਬਦਲੇ ਵਿਚ ਵਿਸ਼ਣੂ ਨੇ ਵ੍ਰਿੰਦਾ ਦੇ ਸ਼ਰੀਰ ਨੂੰ ਗੰਡਕੀ ਨਦੀ ਅਤੇ ਕੇਸ਼ਾਂ ਨੂੰ ਤੁਲਸੀ ਦਾ ਬੂਟਾ ਬਣਾ ਦਿੱਤਾ। ਸਾਲਗ੍ਰਾਮ ਗੰਡਕੀ ਨਦੀ ਵਿਚੋਂ ਹੀ ਮਿਲਦਾ ਹੈ। ਸ਼ਰਧਾਲੂ ਲੋਕ ਸਾਲਗ੍ਰਾਮ ਨੂੰ ਤੁਲਸੀ ਦੇ ਪਤਿਆਂ ਉੱਤੇ ਰਖਦੇ ਹਨ ਅਤੇ ਇਸ਼ਨਾਨ ਕਰਾ ਕੇ ਜਲ ਨੂੰ ਅੰਮ੍ਰਿਤ ਵਜੋਂ ਪੀਂਦੇ ਹਨ ਕਿਉਂਕਿ ਮਾਨਤਾ ਅਨੁਸਾਰ ਉਸ ਜਲ ਦੇ ਸੇਵਨ ਨਾਲ ਪਾਪ ਧੁਲ ਜਾਂਦੇ ਹਨ। ਪਰ ਗੁਰੂ ਨਾਨਕ ਦੇਵ ਜੀ ਦੀ ਧਾਰਣਾ ਹੈ ਕਿ ਸਾਲਗ੍ਰਾਮ ਦੀ ਮੂਰਤੀ-ਪੂਜਾ ਦੀ ਥਾਂ ਸ਼ੁਭ ਕਰਨੀ ਰਾਹੀਂ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ—'ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ' (ਅ. ਗ੍ਰੰ. 1171)।

ਸਾਲਿਬਾਹਨ/ਸਾਲਿਵਾਹਨ : ਭਾਰਤ ਦਾ ਇਕ ਪਰਾਕ੍ਰਮੀ ਰਾਜਾ, ਜਿਸ ਬਾਰੇ ਇਤਿਹਾਸਿਕ ਆਧਾਰ ਬਹੁਤ ਕਮਜ਼ੋਰ ਹੈ। ਆਮ ਮਾਨਤਾ ਅਨੁਸਾਰ ਨਦੀ ਵਿਚ ਨਹਾ ਰਹੀ ਸੁਮਿਤ੍ਰਾ ਨਾਲ ਬਾਸਕ ਨਾਗ ਨੇ ਆਲਿੰਗਨ ਕੀਤਾ ਜਿਸ ਦੇ ਫਲਸਰੂਪ ਸਾਲਿਬਾਹਨ ਦਾ ਜਨਮ ਹੋਇਆ।

ਮਹਾਨ ਕੋਸ਼ਕਾਰ ਅਨੁਸਾਰ ਇਹ ਦੱਖਣੀ ਭਾਰਤ ਦਾ ਇਕ ਪ੍ਰਤਾਪੀ ਰਾਜਾ ਸੀ। ਇਸ ਦੀ ਰਾਜਧਾਨੀ ਗੋਦਾਵਰੀ ਨਦੀ ਦੇ ਕੰਢੇ ਉੱਤੇ 'ਪ੍ਰਤਿਸ਼ਠਾਨ' ਨਾਂ ਨਾਲ ਪ੍ਰਸਿੱਧ ਸੀ। ਪੁਰਾਤਨ ਗ੍ਰੰਥਾਂ ਵਿਚ ਇਸ ਦਾ ਨਾਂ 'ਬ੍ਰਹਮਪੁਰੀ' ਵੀ ਲਿਖਿਆ ਹੈ। ਇਸ ਦੇ ਰਾਜਾ ਦਾ ਬਿਕ੍ਰਮਾਦਿਤ੍ਯ ਨਾਲ ਸਦਾ ਵੈਰ ਰਿਹਾ ਹੈ। ਇਸ ਦੇ ਸੋਲ੍ਹਾਂ ਪੁੱਤਰ ਮੰਨੇ ਜਾਂਦੇ ਹਨ—'ਬਲੰਦ, ਰਸਾਲੂ, ਪੂਰਨ, ਸੁੰਦਰ, ਲੇਖ, ਆਦਿ। ਕਰਨਲ ਟਾਡ ਨੇ ਰਾਜਸਥਾਨ ਦੇ ਇਤਿਹਾਸ ਵਿਚ ਇਸ ਦੇ ਤੇਰ੍ਹਾਂ ਪੁੱਤਰ ਮੰਨੇ ਹਨ, ਜਿਵੇਂ—ਬਲੰਦ, ਰਸਾਲੂ, ਧਰਮ ਅੰਗਦ, ਵਾਚਾ, ਰੂਪਾ, ਸੁੰਦਰ, ਲੇਖ, ਜਸਕਰਨ, ਨੇਮਾ, ਮਾਉਤ, ਦੀਪਕ, ਗੰਗਿਓ ਅਤੇ ਜਗਿਓ।

ਇਹ ਵੀ ਰਵਾਇਤ ਹੈ ਕਿ ਇਸ ਨੇ 'ਸ਼ਕ' (ਸਾਕਾ) ਸੰਮਤ ਦਾ ਆਰੰਭ ਕੀਤਾ ਜੋ ਸੰਨ 78 ਈ. ਦੀ ਘਟਨਾ ਹੈ। ਇਹ ਸੰਮਤ ਕਿਉਂ ਸ਼ੁਰੂ ਕੀਤਾ ਗਿਆ, ਇਸ ਬਾਰੇ ਦੋ ਗੱਲਾਂ ਪ੍ਰਚੱਲਿਤ ਹਨ। ਇਕ ਅਨੁਸਾਰ ਇਸ ਨੇ ਇੰਡੋ-ਸਿਥੀਅਨ ਕਬੀਲਿਆਂ ਦੀ ਪੇਸ਼ਕਦਮੀ ਰੋਕਣ ਲਈ ਮੁਲਤਾਨ ਦੇ ਨੇੜੇ ਕਰੋਰ (ਕਾਰੂਰ) ਦੇ ਮੁਕਾਮ 'ਤੇ ਉਨ੍ਹਾਂ ਨਾਲ ਕਠੋਰ ਯੁੱਧ ਕਰਕੇ ਜਿੱਤ ਪ੍ਰਾਪਤ ਕੀਤੀ। ਉਸ ਖ਼ੁਸ਼ੀ ਵਿਚ ਇਸ ਨੇ ਆਪਣਾ ਸੰਮਤ ਸ਼ੁਰੂ ਕੀਤਾ। ਦੂਜੀ ਅਨੁਸਾਰ ਉਜੈਨ ਦੇ ਰਾਜੇ ਬਿਕ੍ਰਮਾਦਿਤ੍ਯ ਨੇ ਪੰਜਾਬ ਵਿਚ ਆ ਕੇ ਸਿਆਲਕੋਟ ਦੇ ਰਾਜੇ ਸਾਲਿਬਾਹਨ ਉਤੇ ਹਮਲਾ ਕੀਤਾ। ਸਾਲਿਬਾਹਨ ਦੀ ਜਿੱਤ ਹੋਈ। ਇਸ ਜਿੱਤ ਦੀ ਖ਼ੁਸ਼ੀ ਵਿਚ ਇਸ ਨੇ ਆਪਣਾ ਨਵਾਂ ਸੰਮਤ ਚਲਾਇਆ। ਪਰ ਇਨ੍ਹਾਂ ਸਾਰੀਆਂ ਘਟਨਾਵਾਂ ਅਤੇ ਸਮੇਂ ਨੂੰ ਮੱਧ-ਯੁਗ ਵਿਚ ਬਣੇ ਸਾਲਿਬਾਹਨ ਦੇ ਬਿੰਬ ਨਾਲ ਮੇਚਣਾ ਸਰਲ ਨਹੀਂ ਹੈ।

ਮੱਧ-ਯੁਗ ਵਿਚ ਹੋਏ ਪੂਰਨ ਭਗਤ (ਵੇਖੋ) ਨੂੰ ਸਾਲਿਬਾਹਨ ਦਾ ਪੁੱਤਰ ਮੰਨਿਆ ਜਾਂਦਾ ਹੈ। ਪੂਰਨ ਗੋਰਖਨਾਥ ਦਾ ਸਮਕਾਲੀ ਸੀ ਅਤੇ ਉਸ ਤੋਂ ਹੀ ਇਸ ਨੇ ਯੋਗ-ਮਤ ਵਿਚ ਦੀਖਿਆ ਪ੍ਰਾਪਤ ਕੀਤੀ ਸੀ। ਯੋਗ-ਮਤ ਦੇ ਵਿਕਾਸ ਵੇਲੇ ਇਸ ਦੀ ਹੋਰਨਾਂ ਮਤਾਂ ਉਤੇ ਪ੍ਰਭੁਤਾ ਸਥਾਪਿਤ ਕਰਨ ਲਈ ਅਨੇਕ ਰਾਜਿਆਂ ਨੂੰ ਯੋਗ-ਮਤ ਤੋਂ ਪ੍ਰਭਾਵਿਤ ਦਸਿਆ ਜਾਣ ਲਗਾ। ਜਾਂ ਜੋ ਇਸ ਮਤ ਦੇ ਪ੍ਰਭਾਵ ਖੇਤਰ ਵਿਚ ਨਾ ਆਏ, ਉਨ੍ਹਾਂ ਵਿਚ ਚਾਰਿਤ੍ਰਿਕ ਦੋਸ਼ ਲਭਣੇ ਸ਼ੁਰੂ ਹੋ ਗਏ। ਉਸੇ ਕਾਲ ਵਿਚ ਪੂਰਨ ਭਗਤ ਨੂੰ ਸਾਲਿਬਾਹਨ ਦਾ ਪੁੱਤਰ ਦਸ ਕੇ ਅਤੇ ਲੂਣਾ ਦੇ ਚਰਿਤ ਦੀ ਕਲਪਨਾ ਕਰਕੇ ਯੋਗੀ ਪੂਰਨ ਦੇ ਵੈਰਾਗੀ ਅਤੇ ਨਿਰਮੋਹੀ ਸਰੂਪ ਨੂੰ ਸਪੱਸ਼ਟ ਕੀਤਾ ਗਿਆ ਹੈ। ਸਮੁੱਚੇ ਤੌਰ ਤੇ, ਪੰਜਾਬ ਵਿਚ ਸਾਲਿਬਾਹਨ ਨੂੰ ਸਿਆਲਕੋਟ ਦਾ ਰਾਜਾ, ਪੂਰਨ ਭਗਤ ਦਾ ਪਿਤਾ, ਇੱਛਰਾਂ ਦਾ ਪਤੀ ਅਤੇ ਲੂਣਾ ਉਤੇ ਮੋਹਿਤ ਵਿਲਾਸੀ ਸਮ੍ਰਾਟ ਦਸਿਆ ਜਾਂਦਾ ਹੈ।

ਸਾਵਿਤ੍ਰੀ, ਦੇਵੀ : ਵੇਖੋ 'ਗਾਇਤ੍ਰੀ'।

ਸਾਵਿਤ੍ਰੀ-ਸਤ੍ਯਵਾਨ : ਭਾਰਤੀ ਮਿਥਿਹਾਸ ਅਨੁਸਾਰ ਪਤਿਬ੍ਰਤ ਧਰਮ ਦੀ ਪ੍ਰਤੀਕ ਸਾਵਿਤ੍ਰੀ ਮਦ੍ਰ ਦੇਸ਼ ਦੇ ਰਾਜਾ ਅਸ਼੍ਵਪਤਿ ਦੀ ਪੁੱਤਰੀ ਅਤੇ ਰਾਜਾ ਸਤ੍ਯਵਾਨ (ਸਤਿਆਵਾਨ) ਦੀ ਪਤਨੀ ਸੀ। 'ਮਹਾਭਾਰਤ'(ਵਨ-ਪਰਵ) ਅਨੁਸਾਰ ਰਾਜਾ ਅਸ਼੍ਵਪਤਿ ਨੇ ਸੰਤਾਨ ਪ੍ਰਾਪਤੀ ਲਈ ਅਠਾਰ੍ਹਾਂ ਵਰ੍ਹਿਆਂ ਤਕ ਗਾਯਤ੍ਰੀ ਮੰਤ੍ਰ ਨਾਲ ਇਕ ਲੱਖ ਆਹੂਤੀਆਂ ਦਿੱਤੀਆਂ। ਫਲਸਰੂਪ ਉਸ ਦੇ ਘਰ ਇਕ ਤੇਜਸਵੀ ਕੰਨਿਆ ਪੈਦਾ ਹੋਈ ਜਿਸ ਦਾ ਨਾਂ 'ਸਾਵਿਤ੍ਰੀ' ਰਖਿਆ। ਜਵਾਨ ਹੋਣ ਤੇ ਵੀ ਕਿਸੇ ਨੇ ਉਸ ਨੂੰ ਵਰਨ ਦੀ ਯਾਚਨਾ ਨਾ ਕੀਤੀ। ਰਾਜੇ ਨੇ ਉਸ ਨੂੰ ਮੰਤ੍ਰੀਆਂ ਨਾਲ ਵਰ ਖੋਜਣ ਲਈ ਭੇਜਿਆ। ਪਰਤਣ ਤੇ ਉਸ ਨੇ ਦਸਿਆ ਕਿ ਸ਼ਾਲ੍ਵ ਦੇਸ਼ ਵਿਚ ਦ੍ਯੁਮਤਸੇਨ ਨਾਂ ਦੇ ਰਾਜੇ ਦੇ ਅੰਨ੍ਹਾ ਹੋ ਜਾਣ 'ਤੇ ਉਸ ਦੇ ਵੈਰੀਆਂ ਨੇ ਉਸ ਦਾ ਰਾਜ ਅਤੇ ਸੰਪਤੀ ਹਥਿਆ ਲਈ ਹੈ ਅਤੇ ਨਿਰਾਸ਼ ਰਾਜਾ ਬਨ ਨੂੰ ਚਲਾ ਗਿਆ ਹੈ। ਉਸ ਰਾਜੇ ਦੇ ਪੁੱਤਰ ਸਤ੍ਯਵਾਨ ਨੂੰ ਉਹ ਪਤੀ ਰੂਪ ਵਿਚ ਆਪਣੇ ਮਨ-ਮੰਦਿਰ ਵਿਚ ਵਸਾ ਚੁੱਕੀ ਹੈ।। ਉਸ ਵੇਲੇ ਰਾਜਾ ਅਸ਼੍ਵਪਤਿ ਕੋਲ ਬੈਠੇ ਨਾਰਦ ਨੇ ਦਸਿਆ ਕਿ ਸਭ ਗੁਣਾਂ ਦੇ ਸੁਆਮੀ ਹੋਣ ਦੇ ਬਾਵਜੂਦ ਸਤ੍ਯਵਾਨ ਇਕ

ਸਾਲ ਤੋਂ ਅਧਿਕ ਨਹੀਂ ਜੀਵੇਗਾ। ਪਰ ਸਾਵਿਤ੍ਰੀ ਨੇ ਉਸ ਨਾਲ ਹੀ ਵਿਆਹ ਕੀਤਾ। ਸਾਲ ਭਰ ਉਸ ਨੇ ਸੱਸ-ਸਹੁਰੇ ਅਤੇ ਬ੍ਰਾਹਮਣਾਂ ਦੀ ਖ਼ੂਬ ਸੇਵਾ ਕੀਤੀ। ਅੰਤਿਮ ਦਿਨ ਸਤ੍ਯਵਾਨ ਨਾਲ ਜੰਗਲ ਵਿਚ ਯੱਗ ਲਈ ਲਕੜਾਂ ਕੱਟਣ ਗਈ। ਉਥੇ ਸਤ੍ਯਵਾਨ ਬੇਹੋਸ਼ ਹੋ ਕੇ ਡਿਗ ਪਿਆ। ਯਮ-ਰਾਜ ਨੇ ਆ ਕੇ ਤੁਰਤ ਉਸ ਦੇ ਪ੍ਰਾਣ ਕੱਢੇ ਅਤੇ ਦੱਖਣ ਦਿਸ਼ਾ ਵਲ ਤੁਰ ਪਿਆ। ਸਾਵਿਤ੍ਰੀ ਨੇ ਵੀ ਯਮ-ਰਾਜ ਦਾ ਪਿਛਾ ਕੀਤਾ। ਯਮਰਾਜ ਨੇ ਵਾਰ-ਵਾਰ ਪਰਤਣ ਲਈ ਕਿਹਾ ਪਰ ਸਾਵਿਤ੍ਰੀ ਨਾ ਮੰਨੀ। ਉਸ ਦੇ ਪਤਿਬ੍ਰਤ ਧਰਮ ਨੂੰ ਵੇਖ ਕੇ ਯਮ-ਰਾਜ ਨੇ ਪਤਿ ਦੇ ਪ੍ਰਾਣ ਤੋਂ ਭਿੰਨ ਕੋਈ ਚਾਰ ਵਰ ਮੰਗਣ ਲਈ ਕਿਹਾ। ਸਾਵਿਤ੍ਰੀ ਨੇ ਪਹਿਲੇ ਵਰ ਰਾਹੀਂ ਸਹੁਰੇ ਦੀਆਂ ਅੱਖਾਂ, ਦੂਜੇ ਵਰ ਰਾਹੀਂ ਸਹੁਰੇ ਦਾ ਖੁਸਿਆ ਹੋਇਆ ਰਾਜ ਅਤੇ ਧਰਮ ਵਿਚ ਅਟਲਤਾ, ਤੀਜੇ ਵਰ ਰਾਹੀਂ ਇਕ ਸੌ ਭਰਾ ਅਤੇ ਚੌਥੇ ਵਰ ਰਾਹੀਂ ਇਕ ਸੌ ਪੁੱਤਰ ਮੰਗੇ। ਯਮ-ਰਾਜ ਨੇ ਚਾਰ ਵਰ ਦੇ ਦਿੱਤੇ, ਪਰ ਇਨ੍ਹਾਂ ਵਰਾਂ ਦੀ ਪੂਰਤੀ ਲਈ ਸਤ੍ਯਵਾਨ ਨੂੰ ਜੀਵਿਤ ਕਰਨਾ ਪਿਆ। ਸਹੁਰੇ ਨੂੰ ਅੱਖਾਂ ਮਿਲ ਗਈਆਂ ਅਤੇ ਖੁਸਿਆ ਹੋਇਆ ਰਾਜ ਵੀ ਪ੍ਰਾਪਤ ਹੋ ਗਿਆ। ਕਾਲਾਂਤਰ ਵਿਚ ਸਾਵਿਤ੍ਰੀ ਨੂੰ ਸੌ ਭਰਾ ਅਤੇ ਸੌ ਪੁੱਤਰਾਂ ਦੀ ਪ੍ਰਾਪਤੀ ਹੋਈ। ਇਸ ਆਖਿਆਨ ਵਿਚ ਕਿਤੇ-ਕਿਤੇ ਕੁਝ-ਕੁਝ ਬਦਲੀ ਵੀ ਮਿਲਦੀ ਹੈ।

ਪੰਜਾਬੀ ਸਭਿਆਚਾਰ ਵਿਚ ਸਾਵਿਤ੍ਰੀ ਦੀ ਉਚੇਚੀ ਮਹਿਮਾ ਗਾਈ ਗਈ ਹੈ ਕਿਉਂਕਿ ਇਹ ਇਕ ਨੇਕ, ਪਤਿਬ੍ਰਤਾ-ਧਰਮ ਵਿਚ ਪਰਿਪੂਰਣ ਅਤੇ ਦੈਵੀ ਪ੍ਰਤਿਭਾ ਵਾਲੀ ਇਸਤਰੀ ਦਾ ਬਿੰਬ ਪੇਸ਼ ਕਰਦੀ ਹੈ। ਇਸ ਦੇ ਆਖਿਆਨ ਨਾਲ ਕਿਸੇ ਹੋਰ ਆਖਿਆਨ ਦੀ ਕਥਾਨਕ ਰੂੜ੍ਹੀ ਜੋੜ ਕੇ ਇਤਨਾ ਪਰਿਵਰਤਨ ਵੀ ਕਰ ਲਿਆ ਗਿਆ ਹੈ ਕਿ ਜਿਸ ਦਿਨ ਸਤ੍ਯਵਾਨ ਦੀ ਮ੍ਰਿਤੂ ਹੋਣੀ ਸੀ, ਉਸ ਦਿਨ ਆਪਣੀ ਦੈਵੀ ਸ਼ਕਤੀ ਨਾਲ ਸਾਵਿਤ੍ਰੀ ਨੇ ਸੂਰਜ ਦੀ ਗਤੀ ਰੋਕ ਦਿੱਤੀ। ਹਰ ਪਾਸੇ ਹਨੇਰਾ ਪਸਰ ਗਿਆ। ਕਈ ਮਹੀਨਿਆਂ ਤਕ ਹਨੇਰਾ ਰਹਿਣ 'ਤੇ ਦੇਵਤਿਆਂ ਨੇ ਧਰਤੀ ਦੀ ਰੱਖਿਆ ਲਈ ਸਤ੍ਯਵਾਨ ਨੂੰ ਪ੍ਰਾਣ-ਦਾਨ ਦਿੱਤਾ, ਤਦ ਜਾ ਕੇ ਸੂਰਜ ਨਿਕਲਿਆ। ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਸੰਦਰਭ ਵਲ ਸੰਕੇਤ ਕੀਤਾ ਹੈ—'ਵਿਆਹ ਨਹੀਂ ਹੈ ਸੱਤਵਾਨ-ਸਾਵਿਤਰੀ ਦਾ ਇਹ ਕੇਵਲ।'

ਸ਼ਿਸ਼ੁਪਾਲ : ਇਹ ਚੇਦੀ ਦੇ ਰਾਜਾ ਦਮਘੋਸ਼ ਦੇ ਘਰ ਵਸੁਦੇਵ ਦੀ ਭੈਣ ਸ਼੍ਰੁਤਦੇਵਾ ਦੀ ਕੁੱਖੋਂ ਪੈਦਾ ਹੋਇਆ। ਇਸ ਤਰ੍ਹਾਂ ਇਹ ਸ੍ਰੀ ਕ੍ਰਿਸ਼ਣ ਦੀ ਭੂਆ ਦਾ ਪੁੱਤਰ ਸੀ। 'ਮਹਾਭਾਰਤ' (ਸਭਾ-ਪਰਵ) ਅਨੁਸਾਰ ਜਦੋਂ ਇਹ ਜੰਮਿਆ ਤਾਂ ਇਸ ਦੀਆਂ ਤਿੰਨ ਅੱਖਾਂ ਅਤੇ ਚਾਰ ਬਾਹਵਾਂ ਸਨ ਅਤੇ ਖੋਤੇ ਦੇ ਹੀਂਗਣ ਵਾਂਗ ਰੋਂਦਾ ਸੀ। ਮਾਤਾ ਪਿਤਾ ਨੇ ਇਸ ਵਿਚਿਤ੍ਰ ਬਾਲਕ ਦਾ ਤਿਆਗ ਕਰਨਾ ਚਾਹਿਆ, ਪਰ ਉਦੋਂ ਹੀ ਆਕਾਸ਼-ਵਾਣੀ ਹੋਈ ਕਿ ਇਹ ਬਹੁਤ ਤੇਜਸਵੀ ਬਾਲਕ ਬਣੇਗਾ ਅਤੇ ਕਿਸੇ ਵਿਸ਼ੇਸ਼ ਪੁਰਸ਼ ਦੇ ਗੋਦ ਲਏ ਜਾਣ ਤੇ ਇਸ ਦੇ ਵਾਧੂ ਅੰਗ ਝੜ ਜਾਣਗੇ, ਪਰ ਇਸ ਦੀ ਮ੍ਰਿਤੂ ਵੀ ਉਸ ਗੋਦ ਲੈਣ ਵਾਲੇ ਵਿਅਕਤੀ ਦੇ ਹੱਥੋਂ ਹੀ ਹੋਏਗੀ। ਕਾਲਾਂਤਰ ਵਿਚ ਸ੍ਰੀ ਕ੍ਰਿਸ਼ਣ ਦੁਆਰਾ ਗੋਦ ਲਏ ਜਾਣ ਤੇ ਇਸ ਦੇ ਵਾਧੂ ਅੰਗ ਝੜ ਗਏ। ਗੋਦ ਲਏ ਜਾਣ ਕਾਰਣ

ਹੀ ਇਸ ਦਾ ਨਾਂ 'ਸ਼ਿਸ਼ੁਪਾਲ' ਪਿਆ।

ਸ਼੍ਰੁਤਦੇਵਾ ਨੇ ਆਪਣੇ ਭਤੀਜੇ ਸ੍ਰੀ ਕ੍ਰਿਸ਼ਣ ਤੋਂ ਆਪਣੇ ਪੁੱਤਰ ਲਈ ਪ੍ਰਾਣਾਂ ਦੀ ਭਿਖ ਮੰਗੀ । ਕ੍ਰਿਸ਼ਣ ਨੇ ਬੜੀ ਉਦਾਰਤਾ ਨਾਲ ਕਿਹਾ ਕਿ ਉਹ ਇਸ ਦੇ ਸੌ ਅਪਰਾਧ ਮਾਫ਼ ਕਰ ਦੇਵੇਗਾ, ਪਰ ਜੇ ਫਿਰ ਇਕ ਵੀ ਅਪਰਾਧ ਹੋਇਆ, ਤਾਂ ਇਹ ਪ੍ਰਾਣ ਖੋਹ ਬੈਠੇਗਾ। ਸ਼ਿਸ਼ੁਪਾਲ ਨੇ ਸਮੇਂ ਸਮੇਂ ਇਕ ਸੌ ਅਪਰਾਧ ਕੀਤੇ ਜਿਨ੍ਹਾਂ ਨੂੰ ਕ੍ਰਿਸ਼ਣ ਨੇ ਮਾਫ਼ ਕਰ ਦਿੱਤਾ। ਪਰ ਜਦੋਂ ਯੁਧਿਸ਼ਠਿਰ ਨੇ ਇੰਦਰਪ੍ਰਸਥ ਵਿਚ ਰਾਜਸੂਯ ਯੱਗ ਵਿਚ ਭਾਗ ਲੈਣ ਲਈ ਸਾਰਿਆਂ ਰਾਜਿਆਂ ਨੂੰ ਬੁਲਾਵਾ ਭੇਜ ਕੇ ਇਕੱਠਾ ਕੀਤਾ, ਤਾਂ ਕ੍ਰਿਸ਼ਣ ਨੂੰ ਸਭ ਤੋਂ ਪਹਿਲਾਂ ਅਰਘ ਦਿੱਤਾ। ਇਸ ਤੇ ਸ਼ਿਸ਼ੁਪਾਲ ਨੇ ਇਤਰਾਜ਼ ਕੀਤਾ ਕਿ ਕ੍ਰਿਸ਼ਣ ਕਿਸੇ ਥਾਂ ਦਾ ਰਾਜਾ ਨਾ ਹੋਣ ਕਾਰਣ ਸਭ ਤੋਂ ਪਹਿਲਾਂ ਅਰਘ ਲੈਣ ਦਾ ਅਧਿਕਾਰੀ ਨਹੀਂ। ਅਪਮਾਨ ਦੀ ਇਸ ਗੱਲ ਨੂੰ ਸਾਹਮਣੇ ਰਖ ਕੇ ਸ੍ਰੀ ਕ੍ਰਿਸ਼ਣ ਨੇ ਘੋਸ਼ਣਾ ਕੀਤੀ ਕਿ ਸ਼ਿਸ਼ੁਪਾਲ ਦੇ ਇਸ ਤੋਂ ਪਹਿਲਾਂ ਸੌ ਅਪਰਾਧ ਮਾਫ਼ ਕੀਤੇ ਜਾ ਚੁਕੇ ਹਨ, ਹੁਣ ਇਹ ਅਪਰਾਧ ਮਾਫ਼ ਨਹੀਂ ਕੀਤਾ ਜਾ ਸਕਦਾ। ਫਲਸਰੂਪ ਉਨ੍ਹਾਂ ਨੇ ਸੁਦਰਸ਼ਨ ਚਕ੍ਰ ਨਾਲ ਸ਼ਿਸ਼ੁਪਾਲ ਦਾ ਸਿਰ ਕਟ ਦਿੱਤਾ। ਉਸ ਦੀ ਆਤਮਾ ਸ੍ਰੀ ਕ੍ਰਿਸ਼ਣ ਵਿਚ ਹੀ ਲੀਨ ਹੋ ਗਈ।

'ਵਿਸ਼ਣੁ ਪੁਰਾਣ' (ਅੰਸ਼ 4) ਅਨੁਸਾਰ ਸ਼ਿਸ਼ੁਪਾਲ ਪਹਿਲੇ ਜਨਮ ਵਿਚ ਹਿਰਣ੍ਯਕਸ਼ਿਪੁ ਅਤੇ ਰਾਵਣ ਦੇ ਰੂਪ ਵਿਚ ਜਨਮ ਧਾਰਣ ਕਰਕੇ ਕ੍ਰਮਵਾਰ ਭਗਵਾਨ ਨਰਸਿੰਘ ਅਤੇ ਭਗਵਾਨ ਰਾਮ ਹੱਥੋਂ ਮਾਰਿਆ ਗਿਆ। ਕਿਉਂਕਿ ਇਹ ਉਨ੍ਹਾਂ ਦੇ ਸਰੂਪ ਨੂੰ ਪਛਾਣ ਨਹੀਂ ਸਕਿਆ ਸੀ, ਇਸ ਲਈ ਇਸ ਦੀ ਗਤੀ ਨਾ ਹੋ ਸਕੀ ਅਤੇ ਇਸ ਨੂੰ ਤੀਜੀ ਵਾਰ ਜਨਮ ਲੈਣਾ ਪਿਆ। ਪੁਰਾਣ-ਸਾਹਿੱਤ ਵਿਚ ਇਹ ਵੀ ਬ੍ਰਿੱਤਾਂਤ ਮਿਲਦਾ ਹੈ ਕਿ ਸਨਕਾਦਿਕਾਂ ਦੁਆਰਾ ਸਰਾਪੇ ਜਾਣ ਤੇ ਜੈ-ਵਿਜੈ ਹੀ ਜਨਮਾਂਤਰ ਵਿਚ ਭਗਵਾਨ ਹੱਥੋਂ ਮਾਰੇ ਜਾਂਦੇ ਰਹੇ। 'ਕ੍ਰਿਸ਼ਨਾਵਤਾਰ' ਵਿਚ ਇਸ ਦਾ ਉੱਲੇਖ ਆਉਂਦਾ ਹੈ—'ਹੈ ਸਿਸੁਪਾਲ ਚੰਦੇਰੀ ਮੈ ਬੀਰ।'

ਸਿਕੰਦਰ : ਇਹ ਮਕਦੂਨੀਆ ਦੇ ਬਾਦਸ਼ਾਹ ਫ਼ਿਲਿਪ ਦੂਜੇ ਦੇ ਘਰ ਪੈਲਾ (Pella) ਨਗਰ ਵਿਚ ਸੰਨ 356 ਈ. ਪੂ. ਵਿਚ ਪੈਦਾ ਹੋਇਆ। ਇਸ ਨੂੰ ਪ੍ਰਸਿੱਧ ਦਰਸ਼ਨ-ਵੇਤਾ ਅਰਸਤੂ ਦੀ ਸ਼ਗਿਰਦੀ ਨਸੀਬ ਹੋਈ। ਸੰਨ 336 ਈ. ਪੂ. ਫ਼ਿਲਿਪ ਦੀ ਮ੍ਰਿਤੂ ਉਪਰੰਤ ਇਸ ਨੇ ਆਪਣੇ ਮਤਰੇਏ ਅਤੇ ਚਚੇਰੇ ਭਰਾਵਾਂ ਨਾਲ ਸੰਘਰਸ਼ ਕਰਕੇ ਰਾਜ-ਗੱਦੀ ਪ੍ਰਾਪਤ ਕੀਤੀ। ਬਾਦਸ਼ਾਹ ਬਣਨ ਤੋਂ ਤੁਰਤ ਬਾਦ ਇਸ ਨੇ ਈਰਾਨ ਦੇ ਕਿਆਨੀ ਬਾਦਸ਼ਾਹ ਦੀ ਤਾਕਤ ਨੂੰ ਖ਼ਤਮ ਕਰਨ ਦਾ ਦ੍ਰਿੜ੍ਹ ਸੰਕਲਪ ਬਣਾਇਆ ਅਤੇ ਇਸ ਤੋਂ ਬਾਦ ਪੂਰੇ ਸੰਸਾਰ ਨੂੰ ਜਿੱਤਣ ਬਾਰੇ ਸੋਚਿਆ। ਇਸ ਉੱਦੇਸ਼ ਨਾਲ ਇਹ ਮਕਦੂਨੀਆ ਤੋਂ ਤੁਰ ਪਿਆ। ਰਸਤੇ ਵਿਚ ਜੋ ਅੜਿਆ, ਉਸ ਨੂੰ ਨਸ਼ਟ ਕਰਕੇ ਈਰਾਨ ਦੇ ਬਾਦਸ਼ਾਹ ਦਾਰਾ ਉਤੇ ਜਾ ਚੜ੍ਹਿਆ। ਉਸ ਨੂੰ ਜਿੱਤ ਕੇ ਫਿਰ ਇਸ ਨੇ ਸੀਰੀਆ ਅਤੇ ਫ਼ਨੀਸ਼ੀਆ ਨੂੰ ਅਧੀਨ ਕੀਤਾ। ਫਿਰ ਮਿਸਰ ਵਲ ਵਧਿਆ ਅਤੇ ਉਥੇ ਆਪਣੇ ਨਾਂ ਉਤੇ 'ਸਿਕੰਦਰੀਆ' ਨਗਰ ਵਸਾਇਆ। ਤਦ-ਉਪਰੰਤ ਇਸ ਨੇ ਈਰਾਨ ਦਾ ਬਾਕੀ ਰਹਿੰਦਾ ਇਲਾਕਿਆ ਜਿੱਤਿਆ।

ਸਿਕੰਦਰ ਨੇ ਸੰਨ 327 ਈ. ਪੂ. ਵਿਚ ਹਿੰਦੁਸਤਾਨ ਵਲ ਰੁਖ ਕੀਤਾ। ਅਟਕ ਅਤੇ ਜਿਹਲਮ ਦੇ ਵਿਚਕਾਰਲੇ ਇਲਾਕੇ ਦੇ ਰਾਜਾ ਅੰਭੀ ਨੇ ਸਿਕੰਦਰ ਦੀ ਈਨ ਮੰਨ ਲਈ ਅਤੇ ਆਪਣੀ ਰਾਜਧਾਨੀ ਟੈਕਸਲਾ ਵਿਚ ਸਿਕੰਦਰ ਨੂੰ ਬਹੁਤ ਸਾਰਾ ਧਨ ਭੇਂਟ ਕੀਤਾ। ਸਿਕੰਦਰ ਨੇ ਫਿਰ ਜਿਹਲਮ ਅਤੇ ਚਨਾਬ ਦਰਿਆਵਾਂ ਦੇ ਵਿਚਲੇ ਇਲਾਕੇ ਦੇ ਰਾਜਾ ਪੋਰਸ ਨਾਲ ਜਿਹਲਮ ਦੇ ਕੰਢੇ 'ਕਰੀ' ਦੇ ਸਥਾਨ ਤੇ ਘੋਰ ਯੁੱਧ ਕੀਤਾ। ਪੋਰਸ ਹਾਰ ਗਿਆ। ਸਿਕੰਦਰ ਪੋਰਸ ਦੇ ਇਲਾਕੇ ਨੂੰ ਜਿੱਤ ਕੇ ਅਗੇ ਵਧਿਆ ਅਤੇ ਸਾਂਗਲਾ ਦੇ ਕਥੇਈਆਂ ਨਾਲ ਟਾਕਰਾ ਹੋਇਆ। ਸਿਕੰਦਰ ਦੀ ਥਕੀ ਹੋਈ ਫ਼ੌਜ ਨੇ ਬਿਆਸ ਨਦੀ ਤੋਂ ਅਗੇ ਵੱਧਣੋਂ ਨਾਂਹ ਕਰ ਦਿੱਤੀ। ਮਜਬੂਰ ਹੋ ਕੇ 326 ਈ. ਪੂ. ਵਿਚ ਸਿਕੰਦਰ ਨੇ ਆਪਣੇ ਦੇਸ਼ ਵਲ ਪਰਤਣਾ ਸ਼ੁਰੂ ਕੀਤਾ। ਜਦੋਂ ਵਾਪਸ ਦੇਸ਼ ਪਹੁੰਚਿਆ ਤਾਂ ਲੰਬੀ ਗੈਰ-ਹਾਜ਼ਰੀ ਕਰਕੇ ਉਥੋਂ ਦੀ ਪ੍ਰਸ਼ਾਸਨਿਕ ਵਿਵਸਥਾ ਵਿਗੜ ਚੁੱਕੀ ਸੀ, ਉਸ ਨੂੰ ਸਿਕੰਦਰ ਨੇ ਠੀਕ ਕੀਤਾ। ਫਿਰ ਮੂਸਾ ਨਗਰ ਤੋਂ ਬਾਬਲ ਨੂੰ ਗਿਆ। ਉਥੇ ਜਾ ਕੇ 323 ਈ. ਪੂ. ਵਿਚ ਇਸ ਦੀ ਮ੍ਰਿਤੂ ਹੋ ਗਈ। ਆਪਣੀ ਬਹਾਦਰੀ, ਫ਼ੌਜੀ ਸ਼ਕਤੀ ਅਤੇ ਦ੍ਰਿੜ੍ਹਤਾ ਕਰਕੇ ਇਹ ਇਤਿਹਾਸ ਪ੍ਰਸਿੱਧ ਹੈ। ਪਰ ਅਜਿਹੇ ਬਹਾਦਰ ਵੀ ਮੌਤ ਤੋਂ ਨਹੀਂ ਬਚ ਸਕੇ। ਬੁਲ੍ਹੇ ਸ਼ਾਹ ਨੇ ਕਿਹਾ ਹੈ—'ਕਿਥੇ ਹੈ ਸੁਲਤਾਨ ਸਿਕੰਦਰ, ਮੌਤ ਨਾ ਛੱਡੇ ਪੀਰ ਪੈਗੰਬਰ।'

ਸਿਕੰਦਰ ਬਿਰਾਹਿਮ ਕੀ ਧੁਨੀ : ਗੁਰੂ ਅਰਜਨ ਦੇਵ ਨੇ 'ਗੁਜਰੀ ਦੀ ਵਾਰ ਮ. ੩' ਨੂੰ ਸਿਕੰਦਰ ਅਤੇ ਬਿਰਾਹਿਮ (ਇਬਰਾਹੀਮ) ਬਾਰੇ ਲਿਖੀ ਗਈ ਵਾਰ ਦੀ ਧੁਨੀ ਉਤੇ ਗਾਉਣ ਦਾ ਆਦੇਸ਼ ਦਿੱਤਾ ਹੈ। ਲੋਕ-ਵਾਰਤਾ ਅਨੁਸਾਰ ਸਿਕੰਦਰ ਅਤੇ ਇਬਰਾਹੀਮ ਦੋਵੇਂ ਇਕੋ ਭਾਈਚਾਰੇ ਦੇ ਜਾਗੀਰਦਾਰ ਸਨ ਅਤੇ ਨਿੱਕੀਆਂ ਨਿੱਕੀਆਂ ਇਲਾਕਾਈ ਟੁਕੜੀਆਂ ਉਤੇ ਹਕੂਮਤ ਕਰਦੇ ਸਨ। ਸਿਕੰਦਰ ਸਾਤਵਿਕ ਰੁਚੀਆਂ ਵਾਲਾ ਸੱਜਣ ਪੁਰਸ਼ ਸੀ ਅਤੇ ਇਬਰਾਹੀਮ ਲੰਪਟ ਰੁਚੀਆਂ ਵਾਲਾ ਵਿਲਾਸੀ ਵਿਅਕਤੀ ਸੀ। ਇਕ ਵਾਰ ਉਸ ਨੇ ਇਕ ਬ੍ਰਾਹਮਣ ਦੀ ਸਜ-ਵਿਆਹੀ ਇਸਤਰੀ ਨੂੰ ਆਪਣੇ ਭੋਗ-ਵਿਲਾਸ ਦਾ ਸਾਧਨ ਬਣਾਉਣ ਦਾ ਯਤਨ ਕੀਤਾ। ਬ੍ਰਾਹਮਣ ਨੇ ਆਪਣੀ ਪਤਨੀ ਦੀ ਖ਼ਲਾਸੀ ਲਈ ਸਿਕੰਦਰ ਦੀ ਸ਼ਰਣ ਲਈ। ਉਸ ਨੇ ਇਬਰਾਹੀਮ ਉਤੇ ਹਮਲਾ ਕੀਤਾ। ਲੜਾਈ ਵਿਚ ਇਬਰਾਹੀਮ ਹਾਰ ਗਿਆ ਅਤੇ ਉਸ ਨੂੰ ਬੰਦੀ ਬਣਾ ਲਿਆ ਗਿਆ। ਬ੍ਰਾਹਮਣ ਨੂੰ ਉਸ ਦੀ ਪਤਨੀ ਦੇ ਦਿੱਤੀ ਗਈ। ਕਾਮ-ਮਦ ਉਤਰਨ 'ਤੇ ਇਬਰਾਹੀਮ ਨੇ ਸਿਕੰਦਰ ਤੋਂ ਮਾਫ਼ੀ ਮੰਗੀ ਅਤੇ ਅਗੇ ਤੋਂ ਚੰਗੇ ਆਚਰਣ ਦਾ ਵਿਸ਼ਵਾਸ ਦਿਵਾਇਆ। ਸਿਕੰਦਰ ਨੇ ਉਸ ਨੂੰ ਮੁਕਤ ਕਰ ਦਿੱਤਾ।

ਸਿਕੰਦਰ ਦੀ ਕੀਰਤੀ ਨੂੰ ਢਾਡੀਆਂ ਨੇ ਇਕ ਵਾਰ ਦੇ ਰੂਪ ਵਿਚ ਗਾਇਆ। ਉਸ ਵਾਰ ਦੀ ਤਰਜ਼ ਇਤਨੀ ਮਕਬੂਲ ਚੜ੍ਹੀ ਕਿ ਗੁਰੂ ਅਰਜਨ ਦੇਵ ਨੇ ਉਸ ਧੁਨੀ ਤੇ 'ਗੁਜਰੀ ਦੀ ਵਾਰ ਮ. ੩' ਨੂੰ ਗਾਉਣ ਦਾ ਆਦੇਸ਼ ਦਿੱਤਾ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ—'ਪਾਪੀ ਖਾਨ ਬਿਰਾਮ ਪਰ ਚੜ੍ਹਿਆ ਸੋਕੰਦਰ,/ਭਿੜ ਦੁਹਾਂ ਦਾ ਮੱਚਿਆ ਬਡ ਰਣ ਦੇ ਅੰਦਰ,/ਫੜਿਆ ਖਾਨ ਬਿਰਾਮ ਨੂੰ ਕਰ ਬਡ ਆਡੰਬਰ,/ਬੱਧਾ ਸੰਗਲ ਪਾਇ ਕੈ ਜਣੁ ਕੀਲ

ਬੰਦਰ,/ਅਪਨਾ ਹੁਕਮ ਮਨਾਇਕੈ ਛੱਡਿਆ ਜਗ ਅੰਦਰ।'

ਸ਼ਿਖੰਡੀ : ਵੇਖੋ 'ਅੰਬਾ'।

ਸਿੰਗਲਾਦੀਪ : ਭਾਰਤ ਦੇ ਦੱਖਣ ਵਿਚ ਸਥਿਤ ਇਕ ਟਾਪੂ ਜਿਸ ਨੂੰ ਅੱਜਕਲ ਲੰਕਾ (ਵੇਖੋ) ਕਿਹਾ ਜਾਂਦਾ ਹੈ। ਇਥੇ ਗੁਰੂ ਨਾਨਕ ਦੇਵ ਵੀ ਗਏ ਸਨ। ਇਥੋਂ ਦੀਆਂ ਇਸਤਰੀਆਂ ਦੀ ਸ਼ੋਭਾ ਬਾਰੇ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ। ਕਵੀ ਮਲਿਕ ਮੁਹੰਮਦ ਜਾਯਸੀ ਨੇ ਲੋਕ-ਵਾਰਤਾ ਦੇ ਆਧਾਰ ਤੇ ਆਪਣੇ ਰਚੇ 'ਪਦਮਾਵਤ' ਨਾਂ ਦੇ ਪ੍ਰੇਮ-ਆਖਿਆਨ ਵਿਚ ਮੇਵਾੜ ਦੇ ਰਾਜਾ ਰਤਨ ਸਿੰਘ ਦੀ ਅਤਿ ਸੁੰਦਰ ਇਸਤਰੀ ਪਦ੍ਮਿਨੀ ਨੂੰ ਸਿੰਹਲਦੀਪ ਦੇ ਰਾਜਾ ਗੰਧਰਵ ਸੈਨ ਦੀ ਪੁੱਤਰੀ ਮੰਨਿਆ ਹੈ। ਕੁਝ ਵਿਦਵਾਨ ਸਿੰਹਲਦੀਪ ਦੇ ਸਥਾਨ ਅਤੇ ਸਥਿਤੀ ਬਾਰੇ ਸੰਦੇਹ ਪ੍ਰਗਟ ਕਰਦੇ ਹਨ। ਭਾਈ ਗੁਰਦਾਸ ਨੇ ਗੁਰਮੁਖ ਦੇ ਚਰਿਤ੍ਰ ਦਾ ਵਰਣਨ ਕਰਦਿਆਂ ਉਸ ਨੂੰ ਸਿੰਗਲਾਦੀਪ ਦੀ ਸੁਸਜਿਤ ਪਦ੍ਮਿਨੀ ਤੋਂ ਵੀ ਅਪਭਾਵਿਤ ਮੰਨਿਆ ਹੈ—'ਸਿੰਗਲਦੀਪਹੁ ਪਦਮਣੀ ਬਹੁ ਰੂਪਿ ਸੀਗਾਰੀ' (38/2)।

ਸਿੰਘ-ਸਭਾ : ਸਿੱਖ-ਧਰਮ ਦੀ ਇਕ ਸੁਧਾਰਕ ਲਹਿਰ ਜਿਸ ਦੇ ਪ੍ਰਚਲਨ ਪਿਛੇ ਈਸਾਈ ਮਿਸ਼ਨਰੀਆਂ ਦੀ ਗਤਿਵਿਧੀ ਦਾ ਵਿਰੋਧ ਮੰਨਿਆ ਜਾਂਦਾ ਹੈ। ਇਨ੍ਹਾਂ ਮਿਸ਼ਨਰੀਆਂ ਦੇ ਪ੍ਰਚਾਰ ਨੇ ਸਾਰੇ ਧਰਮਾਂ ਵਾਲਿਆਂ ਨੂੰ ਆਪਣੇ ਆਪਣੇ ਧਰਮ ਦੀ ਹੋਂਦ ਅਤੇ ਸਰੂਪ ਨੂੰ ਕਾਇਮ ਰਖਣ ਲਈ ਸਚੇਤ ਕਰ ਦਿੱਤਾ। ਇਸ ਸਥਿਤੀ ਤੋਂ ਉਭਰਨ ਲਈ 28 ਜੁਲਾਈ, 1873 ਈ. ਈ. ਨੂੰ ਸ. ਠਾਕਰ ਸਿੰਘ ਸੰਧਾਂਵਾਲੀਏ ਨੇ ਅੰਮ੍ਰਿਤਸਰ ਵਿਚ ਮਜੀਠੀਆਂ ਦੇ ਬੁੰਗੇ ਸਿੱਖ ਕੌਮ ਦੀਆਂ ਸਾਰੀਆਂ ਸੰਪ੍ਰਦਾਵਾਂ, ਧਰਮ-ਧਾਮਾਂ ਦੇ ਪ੍ਰਤਿਨਿਧੀਆਂ, ਗਿਆਨੀਆਂ, ਵਿਦਵਾਨਾਂ ਦਾ ਇਕ ਇੱਕਠ ਕੀਤਾ ਅਤੇ ਕੌਮ ਦੀ ਅਧੋਗਤੀ ਨੂੰ ਸਪੱਸ਼ਟ ਕਰਕੇ 'ਸਿੰਘ-ਸਭਾ' ਦੀ ਸਥਾਪਨਾ ਕੀਤੀ। ਇਸ ਦੇ ਪ੍ਰਮੁਖ ਆਗੂ ਸਨ—ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਫ਼ਰੀਦਕੋਟ, ਭਾਈ ਹਰਸ਼ਾ ਸਿੰਘ ਧੂਪੀਆ, ਗਿਆਨੀ ਗਿਆਨੀ ਸਿੰਘ, ਗਿਆਨੀ ਹਜ਼ਾਰਾ ਸਿੰਘ ਆਦਿ। ਇਸ ਸਭਾ ਦੇ ਕੁਝ ਕੁ ਮਨੋਰਥ ਇਸ ਪ੍ਰਕਾਰ ਹਨ :

(1) ਸਿੱਖ ਧਰਮ ਨੂੰ ਆਪਣੇ ਅਸਲੀ ਰੂਪ ਵਿਚ ਮੁੜ ਪ੍ਰਗਟ ਕਰਨਾ;

(2) ਧਾਰਮਿਕ ਅਤੇ ਇਤਿਹਾਸਿਕ ਪੁਸਤਕਾਂ ਸੰਪਾਦਨ ਕਰਕੇ ਪ੍ਰਕਾਸ਼ਿਤ ਕਰਨੀਆਂ;

(3) ਪੰਜਾਬੀ ਬੋਲੀ ਦੇ ਮਾਧਿਅਮ ਰਾਹੀਂ, ਵਰਤਮਾਨ ਵਿਦਿਆ ਦਾ ਪ੍ਰਚਾਰ ਕਰਨਾ ਅਤੇ ਅਖ਼ਬਾਰਾਂ ਰਸਾਲੇ ਜਾਰੀ ਕਰਨਾ;

(4) ਕੁਰਾਹੇ ਜਾਂਦਿਆਂ ਨੂੰ ਮੁੜ ਧਰਮ ਵਿਚ ਸ਼ਾਮਲ ਕਰਨਾ;

(5) ਸਿੱਖਾਂ ਦੇ ਵਿਦਿਅਕ ਪ੍ਰੋਗਰਾਮਾਂ ਵਿਚ ਉੱਚੀਆਂ ਪਦਵੀਆਂ ਉਤੇ ਸਥਾਪਿਤ ਅੰਗ੍ਰੇਜ਼ਾਂ ਦੀ ਦਿਲਚਸਪੀ ਅਤੇ ਸਹਾਇਤਾ ਪ੍ਰਾਪਤ ਕਰਨੀ।

ਇਨ੍ਹਾਂ ਮਨੋਰਥਾਂ ਵਿਚੋਂ ਦੂਜੇ ਅਤੇ ਤੀਜੇ ਦਾ ਸਿੱਧਾ ਸੰਬੰਧ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਵਿਕਾਸ ਨਾਲ ਸੀ। ਸੰਸਥਾ ਪੱਧਰ 'ਤੇ ਇਸ ਪ੍ਰਕਾਰ ਦੀ ਸੋਚਣੀ ਪਹਿਲੀ ਵਾਰ

ਪੰਜਾਬੀ ਦੇ ਹਿਤੈਸ਼ੀਆਂ ਦੇ ਮਨ ਵਿਚ ਪੈਦਾ ਹੋਈ ਅਤੇ ਪਹਿਲੀ ਵਾਰ ਪੰਜਾਬੀ ਦੇ ਵਿਕਾਸ ਲਈ ਇਕ ਵਿਵਸਥਿਤ ਯੋਜਨਾ ਅਧੀਨ ਕੰਮ ਕਰਨਾ ਸ਼ੁਰੂ ਕੀਤਾ ਗਿਆ।

ਇਸ ਸਿੰਘ-ਸਭਾ ਦੀ ਸਥਾਪਤੀ ਤੋਂ ਬਾਦ ਪ੍ਰੋ. ਗੁਰਮੁਖ ਸਿੰਘ ਦੀ ਅਗਵਾਈ ਅਧੀਨ 2 ਨਵੰਬਰ, 1879 ਈ. ਵਿਚ ਲਾਹੌਰ ਸਿੰਘ-ਸਭਾ ਦੀ ਸਥਾਪਨਾ ਹੋਈ। ਇਸ ਤੋਂ ਦੋ ਵਰ੍ਹੇ ਪਹਿਲਾਂ ਪ੍ਰੋਫੈਸਰ ਗੁਰਮੁਖ ਸਿੰਘ ਨੇ ਆਪਣੇ ਉੱਦਮ ਨਾਲ ਓਰੀਐਂਟਲ ਕਾਲਜ, ਲਾਹੌਰ ਵਿਚ ਹੋਰਨਾਂ ਕਲਾਸੀਕਲ ਭਾਸ਼ਾਵਾਂ ਦੇ ਨਾਲ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਵੀ ਕਰਵਾ ਦਿੱਤਾ ਸੀ। ਸੰਨ 1883 ਈ. ਵਿਚ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਦੋਹਾਂ ਸਿੰਘ-ਸਭਾਵਾਂ ਨੂੰ ਇਕੱਠਿਆਂ ਕਰਕੇ 'ਖ਼ਾਲਸਾ-ਦੀਵਾਨ ਅੰਮ੍ਰਿਤਸਰ' ਦੀ ਸਥਾਪਨਾ ਹੋਈ ਪਰ ਕੁਝ ਕੁ ਸਿੱਧਾਂਤਿਕ ਮਤ-ਵਿਰੋਧ ਕਾਰਣ ਪ੍ਰੋ. ਗੁਰਮੁਖ ਸਿੰਘ ਨੇ 11 ਅਪ੍ਰੈਲ, 1886 ਈ. ਨੂੰ 'ਖ਼ਾਲਸਾ-ਦੀਵਾਨ ਲਾਹੌਰ' ਦੀ ਸਥਾਪਨਾ ਕੀਤੀ। ਇਨ੍ਹਾਂ ਦੋਹਾਂ ਦੀਵਾਨਾਂ ਨੇ ਸਿੰਘ-ਸਭਾ ਦੇ ਮੂਲ ਮਨੋਰਥਾਂ ਵਿਚ ਸਫਲਤਾ ਪ੍ਰਾਪਤ ਕਰਨ ਲਈ ਬੜੀ ਲਗਨ ਨਾਲ ਕੰਮ ਕੀਤਾ। ਪਰ ਇਨ੍ਹਾਂ ਦਾ ਆਪਸੀ ਵਿਰੋਧ ਵੀ ਚਲਦਾ ਰਿਹਾ। ਲਾਹੌਰ ਵਾਲੇ ਖ਼ਾਲਸਾ ਦੀਵਾਨ ਪਾਸ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਰਗੇ ਮਹਾਨ ਸੂਝਵਾਨ ਲੇਖਕ ਮੌਜੂਦ ਸਨ। ਪਰ ਇਸ ਧੜੇ ਦੇ ਮੁੱਖ ਆਗੂਆਂ ਦੇ ਮਰਨ ਨਾਲ ਇਹ ਦੀਵਾਨ ਖ਼ਤਮ ਹੋ ਗਿਆ ਅਤੇ 10 ਨਵੰਬਰ, 1901 ਈ. ਨੂੰ ਚੀਫ਼-ਖ਼ਾਲਸਾ-ਦੀਵਾਨ ਬਣਾ ਕੇ ਸਭ ਨੂੰ ਇਕੱਠਿਆਂ ਕਰ ਦਿੱਤਾ ਗਿਆ।

ਸਿੰਘ-ਸਭਾ-ਲਹਿਰ ਦੇ ਚਲਣ ਤੋਂ ਪਹਿਲਾਂ ਤਕ ਪੰਜਾਬੀ ਨੂੰ ਪੇਂਡੂ ਲੋਕਾਂ ਦੀ ਭਾਸ਼ਾ ਸਮਝਿਆ ਜਾਂਦਾ ਸੀ ਅਤੇ ਇਸ ਵਿਚ ਕਿਸੇ ਸਾਹਿੱਤਿਕ ਸੋਹਜ ਨੂੰ ਪੇਸ਼ ਕਰਨ ਦੀ ਸਮਰਥਤਾ ਨਹੀਂ ਸਮਝੀ ਜਾਂਦੀ ਸੀ। ਪਰ ਸਿੰਘ-ਸਭਾ ਦੇ ਪ੍ਰਚਾਰ ਅੰਦੋਲਨ ਨਾਲ ਪੰਜਾਬੀ ਦਾ ਮਹੱਤਵ ਸਵੀਕਾਰ ਕੀਤਾ ਜਾਣ ਲਗਿਆ। ਇਸ ਨੂੰ ਹੋਰਨਾਂ ਆਧੁਨਿਕ ਭਾਰਤੀ ਭਾਸ਼ਾਵਾਂ ਨਾਲ ਕਦਮ ਮਿਲਾ ਕੇ ਚਲਣ ਲਈ ਤਿਆਰ ਕੀਤਾ ਗਿਆ। ਇਸ ਲਹਿਰ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੋ ਕੇ ਜੋ ਸਾਹਿੱਤ ਰਚਨਾ ਹੋਈ, ਉਸ ਵਿਚ ਪ੍ਰਚਾਰ ਦਾ ਸਵਰ ਅਧਿਕ ਸੀ। ਧਰਮ-ਪ੍ਰਚਾਰ ਲਈ ਕਈ ਟ੍ਰੈਕਟ ਸੋਸਾਇਟੀਆਂ ਸਥਾਪਿਤ ਹੋਈਆਂ। ਪੰਜਾਬੀ ਵਿਚ ਲਿਖਣ ਅਤੇ ਪੜ੍ਹਨ ਦੀ ਰੁਚੀ ਪੈਦਾ ਹੋਈ। ਵਾਰਤਕ ਰਾਹੀਂ ਵਿਚਾਰ ਪ੍ਰਗਟਾਉਣ ਦੀ ਪਿਰਤ ਪਈ ਅਤੇ ਪੰਜਾਬੀ ਪੱਤਰਕਾਰਿਤਾ ਦਾ ਵਿਕਾਸ ਹੋਣ ਲਗਾ। ਇਸ ਤਰ੍ਹਾਂ ਵੀਹਵੀਂ ਸਦੀ ਵਿਚ ਹੋਏ ਪੰਜਾਬੀ ਦੇ ਵਿਕਾਸ ਦੀ ਆਧਾਰ-ਭੂਮੀ ਤਿਆਰ ਹੋ ਗਈ।

ਸਿੰਧ, ਨਦੀ : ਵੇਖੋ 'ਅਟਕ, ਨਦੀ'।

ਸਿੱਧ-ਯੋਗੀ : ਅਲੌਕਿਕ ਸਿੱਧੀਆਂ ਵਿਚ ਪ੍ਰਬੀਨ ਅਤੇ ਅਤਿਮਾਨਵੀ ਸ਼ਕਤੀਆਂ ਨਾਲ ਯੁਕਤ ਲੋਕ 'ਸਿੱਧ' ਅਖਵਾਉਂਦੇ ਹਨ। ਆਮ ਜਨ-ਜੀਵਨ ਵਿਚ ਸਿੱਧਾਂ ਦੀ ਬਹੁਤ ਮਾਨਤਾ ਰਹੀ ਹੈ। ਸਿੱਧਾਂ ਦਾ ਸੰਬੰਧ ਬੁੱਧ ਧਰਮ ਨਾਲ ਜੋੜਿਆ ਜਾਂਦਾ ਹੈ। ਬੁੱਧ ਨੂੰ 483 ਈ. ਪੂ. ਨਿਰਵਾਣ ਪ੍ਰਾਪਤ ਹੋਇਆ। ਉਸ ਤੋਂ ਬਾਦ ਇਸ ਮਤ ਦਾ ਦੇਸ਼-ਵਿਦੇਸ਼ ਵਿਚ ਖ਼ੂਬ ਪ੍ਰਚਾਰ ਅਤੇ ਪ੍ਰਸਾਰ ਹੋਇਆ। ਇਸ ਮਤ ਦਾ ਉਦਭਵ, ਅਸਲ ਵਿਚ,

ਵੈਦਿਕ ਕਰਮ-ਕਾਂਡ ਦੀ ਪੇਚੀਦਗੀ ਅਤੇ ਹਿੰਸਾ ਦੀ ਪ੍ਰਤਿਕ੍ਰਿਆ ਦੇ ਰੂਪ ਵਿਚ ਹੋਇਆ।

ਈਸਵੀ ਸੰਨ ਦੀ ਪਹਿਲੀ ਸਦੀ ਵਿਚ ਬੁੱਧ ਮਤ ਮਹਾਯਾਨ ਅਤੇ ਹੀਨਯਾਨ ਦੋ ਸ਼ਾਖਾਵਾਂ ਵਿਚ ਵੰਡਿਆ ਗਿਆ। ਮਹਾਯਾਨ ਸ਼ਾਖਾ ਵਾਲਿਆਂ ਵਲੋਂ ਵਿਅੰਗਾਤਮਕ ਢੰਗ ਨਾਲ ਛੋਟੀ ਸ਼ਾਖਾ ਵਾਲਿਆਂ ਲਈ 'ਹੀਨਯਾਨ' ਸ਼ਬਦ ਦੀ ਵਰਤੋਂ ਕੀਤੀ ਗਈ। ਇਨ੍ਹਾਂ ਵਿਚੋਂ ਮਹਾਯਾਨ ਵਾਲੇ ਉਦਾਰਤਾ ਪੂਰਵਕ ਹਰ ਵਰਗ ਵਾਲਿਆਂ ਨੂੰ ਨਿਰਵਾਣ ਪ੍ਰਾਪਤ ਕਰਨ ਦਾ ਅਧਿਕਾਰੀ ਸਮਝਦੇ ਸਨ ਜਦ ਕਿ ਹੀਨਯਾਨ ਵਾਲੇ ਕੇਵਲ ਸੰਨਿਆਸੀਆਂ ਅਤੇ ਵਿਰਕਤਾਂ ਨੂੰ ਹੀ ਨਿਰਵਾਣ ਦਾ ਅਧਿਕਾਰੀ ਦਸਦੇ ਸਨ। ਬੁੱਧ ਮਤ ਭਾਵੇਂ ਕੁਝ ਸਦੀਆਂ ਤਾਂ ਖ਼ੂਬ ਪ੍ਰਵਾਨ ਚੜ੍ਹਿਆ, ਪਰ ਗੁਪਤ ਰਾਜਿਆਂ ਦੇ ਸਮੇਂ ਇਸ ਦੀ ਵਿਕਾਸ-ਗਤੀ ਰੁਕ ਗਈ ਅਤੇ ਕੁਮਾਰਿਲ ਭੱਟ ਅਤੇ ਸ਼ੰਕਰਾਚਾਰਯ ਨੇ ਆਪਣੇ ਪ੍ਰਚਾਰ ਅਤੇ ਤਰਕ ਨਾਲ ਬੁੱਧ ਧਰਮ ਦੀਆਂ ਨੀਹਾਂ ਝੰਝੋੜ ਦਿੱਤੀਆਂ ਅਤੇ ਇਸ ਨੂੰ ਭਾਰਤ ਤੋਂ ਬਾਹਰ ਤਿੱਬਤ, ਨੇਪਾਲ ਅਤੇ ਹੋਰ ਪੂਰਵੀ ਦੇਸ਼ਾਂ ਵਿਚ ਸ਼ਰਨ ਲੈਣੀ ਪਈ।

ਭਾਰਤ ਵਿਚ ਆਪਣੀ ਹੋਂਦ ਨੂੰ ਕਾਇਮ ਰਖਣ ਲਈ ਇਸ ਧਰਮ ਨੇ ਸ਼ੈਵ ਧਰਮ ਦੀ ਟੇਕ ਲਈ ਅਤੇ ਜਨਤਾ ਨੂੰ ਜੰਤ੍ਰਾਂ-ਮੰਤ੍ਰਾਂ ਦੇ ਚੱਕਰ ਵਿਚ ਉਲਝਾਇਆ ਅਤੇ ਬੁੱਧ ਦੀ ਮੂਰਤੀ-ਪੂਜਾ ਦਾ ਵਿਸਤਾਰ ਕੀਤਾ। ਨਿਵ੍ਰਿੱਤੀ ਮਾਰਗ ਦੀ ਥਾਂ ਤੇ ਪ੍ਰਵ੍ਰਿੱਤੀ ਮਾਰਗ ਵਲ ਝੁਕਾ ਵਧਿਆ। ਮੰਤ੍ਰ-ਜਾਪ ਵਲ ਅਧਿਕ ਰੁਚੀ ਹੋਣ ਕਾਰਣ ਮਹਾਯਾਨ ਵਿਚੋਂ 'ਮੰਤ੍ਰਯਾਨ' ਦਾ ਵਿਕਾਸ ਹੋਇਆ। ਅਗੋਂ ਇਸ ਦੀਆਂ ਦੋ ਸ਼ਾਖਾਵਾਂ ਬਣ ਗਈਆਂ— 'ਵਜ੍ਰਯਾਨ' ਅਤੇ 'ਸਹਿਜਯਾਨ'। ਇਨ੍ਹਾਂ ਵਿਚੋਂ 'ਵਜ੍ਰਯਾਨ' ਤੋਂ ਵਾਮ-ਮਾਰਗੀ ਬਿਰਤੀ ਦਾ ਵਿਕਾਸ ਹੋਇਆ। ਜਿਨ੍ਹਾਂ ਲੋਕਾਂ ਨੇ ਮੰਤ੍ਰਾਂ ਦੁਆਰਾ ਸਿੱਧੀ ਪ੍ਰਾਪਤ ਕਰਨ ਦੀ ਕਲਪਨਾ ਕੀਤੀ, ਉਹੀ 'ਸਿੱਧ' ਅਖਵਾਏ। ਸ਼ੰਕਰਾਚਾਰਯ ਦੇ ਕਠੋਰ ਵਿਰੋਧ ਕਾਰਣ ਉੱਤਰ ਭਾਰਤ ਵਿਚ ਬੁੱਧ ਧਰਮ ਦਾ ਪ੍ਰਚਾਰ ਲਗਭਗ ਬੰਦ ਹੋ ਜਾਣ ਕਾਰਣ ਇਸ ਦੇ ਪ੍ਰਚਾਰਕਾਂ ਨੇ ਦੱਖਣ ਵਿਚ ਸ਼ਰਣ ਲਈ। ਸ੍ਰੀ ਪਰਬਤ ਇਨ੍ਹਾਂ ਦਾ ਪ੍ਰਧਾਨ ਪ੍ਰਚਾਰ-ਕੇਂਦਰ ਸੀ। ਇਸ ਪਿਛੋਂ ਬੰਗਾਲ ਅਤੇ ਬਿਹਾਰ ਵਿਚ ਵੀ ਪਾਲ ਵੰਸ਼ ਦੇ ਰਾਜਿਆਂ ਦੀ ਸਰਪ੍ਰਸਤੀ ਕਰਕੇ ਸਿੱਧਾਂ ਦਾ ਪ੍ਰਚਾਰ ਫੈਲਿਆ।

ਸਿੱਧ ਲੋਕ ਅਧਿਕਤਰ ਅਨਪੜ੍ਹ ਅਤੇ ਪਛੜੀਆਂ ਹੋਈਆਂ ਜਾਤਾਂ ਨਾਲ ਸੰਬੰਧ ਰਖਦੇ ਸਨ। ਇਸ ਲਈ ਇਹ ਬ੍ਰਾਹਮਣਾਂ ਦੁਆਰਾ ਪ੍ਰਤਿਪਾਦਿਤ ਆਚਾਰ-ਵਿਚਾਰ ਦੀ ਪਾਲਣਾ ਨਹੀਂ ਕਰਦੇ ਸਨ। ਨੀਤੀ ਅਤੇ ਉਚਿਤਤਾ ਦਾ ਵਿਚਾਰ ਇਨ੍ਹਾਂ ਦੀ ਸਾਧਨਾ ਵਿਚ ਨਹੀਂ ਸੀ। ਇਨ੍ਹਾਂ ਵਿਚੋਂ ਬਹੁਤੇ ਸੁਰਾਪਾਨ ਕਰਨ ਵਾਲੇ ਅਤੇ ਪਰ-ਇਸਤਰੀ-ਗਾਮੀ ਸਨ। ਇਹ ਮਾਸ ਦਾ ਸੇਵਨ ਵੀ ਕਰਦੇ ਸਨ। ਇਨ੍ਹਾਂ ਦੀ ਸਾਧਨਾ ਵਿਚ ਯੋਗਦਾਨ ਦੇਣ ਵਾਲੀਆਂ ਸਾਧਿਕਾਵਾਂ, ਜਿਵੇਂ ਕਾਪਾਲੀ, ਡੌਂਬੀ, ਰਜਕੀ, ਭਿਲਨੀ ਆਦਿ, ਹੇਠਲੀਆਂ ਜਾਤਾਂ ਵਿਚੋਂ ਹੁੰਦੀਆਂ ਸਨ ਕਿਉਂਕਿ ਉਥੋਂ ਹੀ ਇਨ੍ਹਾਂ ਦੀ ਪ੍ਰਾਪਤੀ ਸੰਭਵ ਹੋ ਸਕਦੀ ਸੀ। ਇਨ੍ਹਾਂ ਵਿਚੋਂ ਕਿਸੇ ਇਕ ਨੂੰ ਮਾਧਿਅਮ ਬਣਾ ਕੇ ਅਤੇ ਉਸ ਦੇ ਸਹਿਯੋਗ

ਨਾਲ ਵਾਮ-ਮਾਰਗੀ ਉਪਚਾਰ ਕਰਕੇ ਯਕ੍ਸ਼ਿਣੀ, ਡਾਕਿਨੀ, ਕਰਣ ਪਿਸ਼ਾਚਿਨੀ ਆਦਿ ਨੂੰ ਸਿੱਧ ਕਰਦੇ ਸਨ।

ਸਿੱਧਾਂ ਦੀ ਸਾਂਧ੍ਯ ਜਾਂ ਸੰਧਾ ਭਾਸ਼ਾ ਦੀ ਪੇਚੀਦਾ ਸ਼ਬਦਾਵਲੀ ਦੀ ਅਨੇਕ ਢੰਗਾਂ ਨਾਲ ਵਿਆਖਿਆ ਕੀਤੀ ਜਾਂਦੀ ਹੈ, ਪਰ ਇਨ੍ਹਾਂ ਵਿਚ ਕਿਸੇ ਕਿਸਮ ਦਾ ਕੋਈ ਦਾਰਸ਼ਨਿਕ ਤੱਥ ਨਹੀਂ ਹੁੰਦਾ, ਬਸ ਚਕਾਚੌਂਧ ਅਤੇ ਆਕਰਸ਼ਿਤ ਕਰਨ ਦੀ ਇਕ ਵਿਧੀ ਰਹਿੰਦੀ ਹੈ। ਇਨ੍ਹਾਂ ਨੇ ਧਰਮ ਅਤੇ ਅਧਿਆਤਮ ਦੀ ਓਟ ਵਿਚ ਮੈਥੁਨ ਦਾ ਖੁਲ੍ਹ ਕੇ ਪ੍ਰਚਾਰ ਕੀਤਾ। ਬਸ ਇਹੀ ਇਨ੍ਹਾਂ ਦੇ ਜੀਵਨ ਦਾ ਮਨੋਰਥ ਸੀ। ਇਨ੍ਹਾਂ ਨੇ ਕਮਲ ਨੂੰ ਯੋਨੀ ਅਤੇ ਕੁਲਿਸ਼ (ਵਜ੍ਰ) ਨੂੰ ਲਿੰਗ ਦਾ ਪ੍ਰਤੀਕ ਮੰਨਿਆ ਹੈ। ਇਹ ਅਜਰ ਅਤੇ ਅਮਰ ਮੰਨੇ ਜਾਂਦੇ ਸਨ।

ਸਿੱਧ-ਪਰੰਪਰਾ ਦਾ ਵਿਕਾਸ-ਕਾਲ 797 ਈ. ਤੋਂ 1257 ਈ. ਤਕ ਮੰਨਿਆ ਜਾਂਦਾ ਹੈ। ਸਿੱਧਾਂ ਦੀ ਸਾਧਾਰਣ ਤੌਰ ਤੇ 84 ਗਿਣਤੀ ਕੀਤੀ ਜਾਂਦੀ ਹੈ। ਪਰ ਪੁਰਾਤਨ ਗ੍ਰੰਥਾਂ ਵਿਚ ਇਸ ਸੰਬੰਧ ਵਿਚ ਜੋ ਸੂਚੀਆਂ ਮਿਲਦੀਆਂ ਹਨ, ਉਨ੍ਹਾਂ ਵਿਚ ਨਾਵਾਂ ਅਤੇ ਕ੍ਰਮ ਦੀ ਸਮਾਨਤਾ ਨਹੀਂ ਹੈ। ਇਨ੍ਹਾਂ ਵਿਚ ਕੁਝ ਹਠ-ਯੋਗ ਦੇ ਅਭਿਆਸੀ ਸਾਧਕਾਂ ਦੇ ਨਾਂ ਵੀ ਗਿਣ ਲਏ ਜਾਂਦੇ ਹਨ। ਅਸਲ ਵਿਚ, ਇਹ ਗਿਣਤੀ ਇਤਿਹਾਸ ਜਾਂ ਤੱਥ ਆਧਾਰਿਤ ਨਹੀਂ ਹੈ। ਹਾਂ, ਇਸ ਤੋਂ ਤਾਂਤ੍ਰਿਕ ਅਰਥਾਂ ਦਾ ਬੋਧ ਅਵੱਸ਼ ਹੁੰਦਾ ਹੈ ਕਿਉਂਕਿ ਬਾਰ੍ਹਾਂ ਰਾਸ਼ੀਆਂ ਅਤੇ ਸੱਤ ਨਛੱਤ੍ਰਾਂ ਦਾ ਗੁਣਨਫਲ ਚੌਰਾਸੀ ਹੁੰਦਾ ਹੈ। ਸਿੱਧ-ਸਾਹਿੱਤ ਤੇ ਡੂੰਘੀ ਖੋਜ ਕਰਨ ਵਾਲੇ ਪੰਡਿਤ ਰਾਹੁਲ ਸਾਂਕ੍ਰਿਤ੍ਯਾਯਨ ਨੇ ਦਸਿਆ ਹੈ ਕਿ ਹਰ ਸਿੱਧ ਦੇ ਨਾਂ ਨਾਲ ਆਖੀਰ ਤੇ 'ਪਾ' ਪਦ ਜੁੜਿਆ ਹੁੰਦਾ ਹੈ।

ਸਿੱਧਾਂ ਦੀ ਗਿਣਤੀ ਕਿੰਨੀ ਵੀ ਰਹੀ ਹੋਵੇ, ਪਰ ਇਹ ਸਾਰੇ ਸਿੱਧ ਇਕੋ ਸਮੇਂ ਨਹੀਂ ਹੋਏ ਸਨ। ਸਗੋਂ ਇਨ੍ਹਾਂ ਦੀ ਪਰੰਪਰਾ ਕਈ ਸਦੀਆਂ ਤਕ ਚਲਦੀ ਰਹੀ ਹੈ। ਇਨ੍ਹਾਂ ਵਿਚੋਂ ਆਦਿ-ਸਿੱਧ ਕੌਣ ਸੀ, ਇਸ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਲੁਈਪਾ (ਲੁਹਿਪਾ) ਆਦਿ-ਸਿੱਧ ਸੀ, ਜਦ ਕਿ ਦੂਜੇ ਮਤ ਵਾਲੇ ਸਰਹਪਾ ਨੂੰ ਆਦਿ-ਸਿੱਧ ਹੋਣ ਦਾ ਗੌਰਵ ਪ੍ਰਦਾਨ ਕਰਦੇ ਹਨ। ਇਨ੍ਹਾਂ ਸਾਰਿਆਂ ਸਿੱਧਾਂ ਦਾ ਮੁੱਖ ਪ੍ਰਚਾਰ-ਕੇਂਦਰ ਅਤੇ ਨਿਵਾਸ-ਖੇਤਰ ਪੂਰਵੀ ਭਾਰਤ ਸੀ, ਪਰ ਉਂਜ ਇਨ੍ਹਾਂ ਦੇ ਸਾਧਨਾ-ਕੇਂਦਰ ਸਾਰੇ ਦੇਸ਼ ਵਿਚ ਵਿਆਪਤ ਸਨ ਜਿਨ੍ਹਾਂ ਨੂੰ ਸਿੱਧ-ਪੀਠ ਦਾ ਨਾਂ ਦਿੱਤਾ ਜਾਂਦਾ ਹੈ। ਕੁਝ ਕੁ ਪ੍ਰਸਿੱਧ ਸਿੱਧਾਂ ਦੇ ਨਾਂ ਇਸ ਪ੍ਰਕਾਰ ਹਨ—ਲੂਹਿਪਾ (ਲੋਹਾਰੀ ਪਾ), ਸਰਹਪਾ, ਗੋਰਖਪਾ, ਚੋਰੰਗੀਪਾ, ਰਾਹੁਲਪਾ, ਚਰਪਟੀਪਾ, ਕਪਲਪਾ, ਅਨੰਗਪਾ, ਕੰਕਣਪਾ, ਕਾਣ੍ਹਪਾ, ਡੋਂਬੀਪਾ, ਤੰਤ੍ਰੀਪਾ, ਭਦ੍ਰਪਾ, ਸ਼ਬਰਪਾ, ਸ਼ਾਂਤਿਪਾ, ਤਿਲੋਪਾ, ਜਾਲੰਧਰਪਾ, ਮੀਨਪਾ ਆਦਿ।

ਮੱਧ-ਯੁਗ ਦੇ ਸਾਹਿੱਤ ਵਿਚ ਸਿੱਧਾਂ ਦਾ ਉੱਲੇਖ ਆਮ ਮਿਲ ਜਾਂਦਾ ਹੈ, ਪਰ ਇਨ੍ਹਾਂ ਦਾ ਚਿਤ੍ਰਣ ਜਾਂ ਉੱਲੇਖ ਆਦਰ ਪੂਰਵਕ ਨਹੀਂ ਹੋਇਆ ਕਿਉਂਕਿ ਇਨ੍ਹਾਂ ਦੇ ਆਚਾਰ ਅਤੇ ਕਰਮ ਸੰਤਾਂ ਦੀ ਨੈਤਿਕਤਾ ਦੇ ਅਨੁਕੂਲ ਨਹੀਂ ਸਨ। ਇਨ੍ਹਾਂ ਪਾਸ ਕਿਤਨੀਆਂ ਹੀ ਸ਼ਕਤੀਆਂ ਕਿਉਂ ਨਾ ਹੋ ਜਾਣ, ਪਰ ਸਤਿਗੁਰ ਤੋਂ ਬਿਨਾ ਇਨ੍ਹਾਂ ਨੂੰ ਹਰਿ ਨਾਮ ਦੀ

ਪ੍ਰਾਪਤੀ ਨਹੀਂ ਹੋ ਸਕਦੀ—'ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ।/ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ' (ਅ. ਗ੍ਰੰ. 650)। ਚੌਰਾਸੀ ਸਿੱਧਾਂ ਦਾ ਉੱਲੇਖ ਕਰਦਿਆਂ ਸੰਤ ਕਬੀਰ ਜੀ ਨੇ ਕਿਹਾ ਹੈ—'ਤੁਰੇ ਉਸਟ ਮਾਇਆ ਮਹਿ ਭੇਲਾ ।/ਸਿਧ ਚਉਰਾਸੀਹ ਮਾਇਆ ਮਹਿ ਖੇਲਾ' (ਅ. ਗ੍ਰੰ. 1160)।

ਸਿੱਧੀਆਂ : 'ਸਿੱਧੀ' ਤੋਂ ਭਾਵ ਹੈ ਸਾਧਨਾ ਦੁਆਰਾ ਪ੍ਰਾਪਤ ਕੀਤੀਆਂ ਅਲੌਕਿਕ ਸ਼ਕਤੀਆਂ। ਅਜਿਹੀਆਂ ਸਿੱਧੀਆਂ ਦੇ ਸੁਆਮੀ ਨੂੰ 'ਸਿੱਧ' ਕਿਹਾ ਜਾਂਦਾ ਹੈ। ਯੋਗ ਅਤੇ ਤੰਤ੍ਰ ਮਤ ਨਾਲ ਸੰਬੰਧਿਤ ਜਾਂ ਪ੍ਰਭਾਵਿਤ ਧਰਮ-ਸਾਧਨਾਵਾਂ ਵਿਚ ਇਨ੍ਹਾਂ ਦਾ ਉੱਲੇਖ ਮਿਲਦਾ ਹੈ। ਪੁਰਾਤਨ ਗ੍ਰੰਥਾਂ ਵਿਚ ਸਿੱਧੀਆਂ ਦੀ ਪ੍ਰਕਾਰ-ਵੰਡ ਵੀ ਹੋਈ ਹੈ, ਪਰ ਇਨ੍ਹਾਂ ਨੂੰ ਹਾਸਲ ਕਰਨ ਦੇ ਵੱਖ-ਵੱਖ ਸਾਧਨ ਅਤੇ ਵਿਧੀਆਂ ਹਨ। ਇਨ੍ਹਾਂ ਸਿੱਧੀਆਂ ਦੀ ਗਿਣਤੀ ਵਿਚ ਵੀ ਮਤ-ਭੇਦ ਹੈ, ਪਰ ਮੁੱਖ ਤੌਰ ਤੇ ਦੋ ਗਿਣਤੀਆਂ ਦਾ ਅਧਿਕ ਉੱਲੇਖ ਮਿਲਦਾ ਹੈ—ਅਸ਼ਟ ਸਿੱਧੀਆਂ ਅਤੇ ਅਠਾਰਹ ਸਿੱਧੀਆਂ।

'ਪਾਤੰਜਲ ਯੋਗ ਪ੍ਰਦੀਪ' (ਪੰਨਾ 514) ਅਨੁਸਾਰ ਸਾਧਕ ਯੋਗ ਦੇ ਅਭਿਆਸ ਨਾਲ ਜੋ ਅਲੌਕਿਕ ਜਾਂ ਜਾਦੂਈ ਸ਼ਕਤੀਆਂ ਪ੍ਰਾਪਤ ਕਰਦਾ ਹੈ, ਉਨ੍ਹਾਂ ਦੀ ਗਿਣਤੀ ਅੱਠ ਹੈ—(1) ਅਣਿਮਾ (ਅਣੂ ਵਾਂਗ ਲਘੂ ਜਾਂ ਅਦ੍ਰਿਸ਼ ਹੋ ਸਕਣਾ), (2) ਲਘਿਮਾ (ਹਲਕਾ ਬਣ ਕੇ ਉੱਡ ਸਕਣਾ), (3) ਮਹਿਮਾ (ਪਰਬਤ ਵਾਂਗ ਭਾਰਾ ਹੋ ਸਕਣਾ), (4) ਪ੍ਰਾਪਤੀ (ਕਿਤੋਂ ਵੀ ਕੋਈ ਵਸਤੂ ਪ੍ਰਾਪਤ ਕਰ ਸਕਣਾ), (5) ਪ੍ਰਾਕਾਮ੍ਯ (ਇੱਛਾ ਸ਼ਕਤੀ ਨੂੰ ਕਿਸੇ ਪ੍ਰਕਾਰ ਦੀ ਰੋਕ ਤੋਂ ਮੁਕਤ ਕਰ ਸਕਣਾ), (6) ਵਸ਼ਿਤ੍ਵ (ਸਾਰੇ ਪ੍ਰਾਣੀਆਂ ਨੂੰ ਵਸ ਵਿਚ ਕਰ ਸਕਣਾ), (7) ਈਸ਼ਿਤ੍ਵ (ਸਾਰੇ ਪਦਾਰਥਾਂ ਉਤੇ ਅਧਿਕਾਰ ਜਮਾ ਸਕਣਾ), (8) ਕਾਮ ਵਸ਼ਾਯਿਤਾ (ਸਾਧਕ ਦੇ ਹਰ ਪ੍ਰਕਾਰ ਦੇ ਸੰਕਲਪਾਂ ਦਾ ਪੂਰਾ ਹੋ ਸਕਣਾ)। ਇਨ੍ਹਾਂ ਦਾ ਅਧਿਕ ਮਹੱਤਵ ਹਠ-ਯੋਗ ਵਿਚ ਮੰਨਿਆ ਗਿਆ ਹੈ।

ਪੁਰਾਣ-ਸਾਹਿੱਤ ਵਿਚ ਦਸ ਹੋਰ ਸਿੱਧੀਆਂ ਦਾ ਵਿਵਰਣ ਵੀ ਮਿਲਦਾ ਹੈ, ਜਿਵੇਂ (1) ਅਨੂਰਮਿ (ਭੁੱਖ ਤ੍ਰੇਹ ਦਾ ਨਾ ਲਗਣਾ), (2) ਦੂਰ-ਸ਼੍ਰਵਣ (ਦੂਰੋਂ ਸਾਰੀ ਗੱਲ ਸੁਣ ਸਕਣੀ), (3) ਦੂਰ-ਦਰਸ਼ਨ (ਦੂਰ ਤੋਂ ਹੀ ਕੋਈ ਵਸਤੂ ਜਾਂ ਦ੍ਰਿਸ਼ ਵੇਖ ਸਕਣਾ), (4) ਮਨੋਵੇਗ (ਮਨ ਦੀ ਚਾਲ ਵਾਂਗ ਜਲਦੀ ਜਾ ਸਕਣਾ), (5) ਕਾਮ-ਰੂਪ (ਮਨ ਚਾਹਿਆ ਰੂਪ ਧਾਰਣ ਕਰ ਸਕਣਾ), (6) ਪਰਕਾਯ-ਪ੍ਰਵੇਸ਼ (ਕਿਸੇ ਹੋਰ ਦੀ ਦੇਹ ਵਿਚ ਪ੍ਰਵੇਸ਼ ਕਰ ਸਕਣਾ), (7) ਸ੍ਵਛੰਦ-ਮ੍ਰਿਤ੍ਯੂ (ਆਪਣੀ ਇੱਛਾ ਅਨੁਸਾਰ ਮਰ ਸਕਣਾ), (8) ਸੁਰ-ਕ੍ਰੀੜਾ (ਦੇਵਤਿਆਂ ਨਾਲ ਮਿਲ ਕੇ ਮੌਜ ਮੇਲਾ ਕਰ ਸਕਣਾ), (9) ਸੰਕਲਪ-ਸਿੱਧੀ (ਚਿਤਵਣ ਅਨੁਸਾਰ ਸਭ ਕੁਝ ਪੂਰਾ ਕਰ ਸਕਣਾ), (10) ਅਪ੍ਰਤਿਹਤ-ਗਤਿ (ਹਰ ਥਾਂ ਬੇਰੋਕ ਜਾ ਸਕਣਾ)।

ਇਨ੍ਹਾਂ ਦਸ ਅਤੇ ਪਿਛੇ ਦਸੀਆਂ ਗਈਆਂ ਅੱਠ ਸਿੱਧੀਆਂ ਨੂੰ ਮਿਲਾ ਕੇ ਅਠਾਰ੍ਹਾਂ ਸਿੱਧੀਆਂ ਬਣ ਜਾਂਦੀਆਂ ਹਨ। ਬੋਧੀ ਤੰਤ੍ਰਾਂ ਵਿਚ ਅੱਠ ਮਹਾ ਸਿੱਧੀਆਂ ਦਾ ਵੀ ਉੱਲੇਖ ਮਿਲਦਾ ਹੈ—ਖੜਗ, ਅੰਜਨ, ਪਾਦਲੇਪ, ਅੰਤਰਧਾਨ, ਰਸ-ਰਸਾਯਣ, ਖੇਚਰ, ਭੂਚਰ ਅਤੇ ਪਾਤਾਲ।

'ਯੋਗ-ਸੂਤ੍ਰ' (3/37) ਵਿਚ ਸਿੱਧੀਆਂ ਨੂੰ ਯੋਗੀ ਦੀ ਸਾਧਨਾ ਵਿਚ ਵਿਘਨ ਮੰਨਿਆ ਗਿਆ ਹੈ। ਇਨ੍ਹਾਂ ਦੇ ਚੱਕਰ ਵਿਚ ਪੈਣ ਵਾਲਾ ਯੋਗੀ ਆਪਣੇ ਵਾਸਤਵਿਕ ਮਾਰਗ ਤੋਂ ਖੁੰਜ ਜਾਂਦਾ ਹੈ ਅਤੇ ਸਮਾਧੀ ਦੀ ਅਵਸਥਾ ਤੋਂ ਵਾਂਝਿਆ ਰਹਿ ਜਾਂਦਾ ਹੈ। ਇਸ ਲਈ ਯੋਗੀ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਸਿੱਧੀਆਂ ਦੇ ਗੇੜ ਵਿਚ ਨਾ ਪੈ ਕੇ ਆਪਣੇ ਅੰਤਿਮ ਉੱਦੇਸ਼ (ਕੈਵਲ੍ਯ ਜਾਂ ਆਤਮ-ਦਰਸ਼ਨ) ਵਲ ਵਧੇ।

ਇਹ ਠੀਕ ਹੈ ਕਿ ਇਨ੍ਹਾਂ ਸਿੱਧੀਆਂ ਨੂੰ ਯੋਗ ਵਿਚ ਸਮਾਧੀ ਜਾਂ ਕੈਵਲ੍ਯ ਪ੍ਰਾਪਤੀ ਤੋਂ ਨੀਵਾਂ ਦਸਿਆ ਜਾਂਦਾ ਹੈ, ਪਰ ਇਨ੍ਹਾਂ ਨਾਲ ਭਾਵੇਂ ਉੱਚਤਮ ਲਕਸ਼ ਪ੍ਰਾਪਤ ਨਾ ਵੀ ਹੋਵੇ, ਤਾਂ ਵੀ ਹੇਠਲੀਆਂ ਸਥਿਤੀਆਂ ਦਾ ਵੀ ਆਪਣਾ ਮਹੱਤਵ ਹੈ। ਹਰ ਇਕ ਦਾ ਆਪਣਾ ਆਪਣਾ ਫਲ ਹੈ। ਜਦੋਂ ਮਨੁੱਖ ਇਨ੍ਹਾਂ ਨੂੰ ਪ੍ਰਾਪਤ ਕਰ ਕੇ ਇਨ੍ਹਾਂ ਨੂੰ ਹੀ ਪੂਰਣਤਾ ਦਾ ਰੂਪ ਸਮਝਣ ਲਗ ਜਾਂਦਾ ਹੈ ਤਾਂ ਉਦੋਂ ਇਹ ਚਰਮ-ਲਕਸ਼ ਵਿਚ ਵਿਘਨ ਬਣਦੀਆਂ ਹਨ। ਅਸਲ ਵਿਚ, ਇਹ ਤਾਂ ਸਾਧਨਾ-ਮਾਰਗ ਦੇ ਫਲ ਹਨ। ਇਨ੍ਹਾਂ ਨੂੰ ਹਾਸਲ ਕਰਕੇ ਯੋਗੀ ਆਪਣੀ ਘਾਲਣਾ ਨੂੰ ਸਫਲ ਸਮਝਣ ਲਗ ਜਾਂਦਾ ਹੈ, ਪਰ ਇਹ ਭਰਮ ਹੈ। ਇਨ੍ਹਾਂ ਸਿੱਧੀਆਂ ਪ੍ਰਤਿ ਬੇਪਰਵਾਹ ਹੋਣਾ ਜ਼ਰੂਰੀ ਹੈ।

ਮੱਧ-ਯੁਗ ਦੇ ਸੰਤ-ਸਾਹਿੱਤ ਵਿਚ ਇਨ੍ਹਾਂ ਸਿੱਧੀਆਂ ਦੀ ਪ੍ਰਾਪਤੀ ਦਾ ਨਿਖੇਧ ਕਰਕੇ ਸਹਿਜ-ਸਾਧਨਾ ਉਤੇ ਬਲ ਦਿੱਤਾ ਗਿਆ ਹੈ। ਗੁਰੂ ਅਮਰਦਾਸ ਦੀ ਸਥਾਪਨਾ ਹੈ ਕਿ ਹਰਿ ਦੀ ਆਰਾਧਨਾ ਨਾਲ ਨੌਂ ਨਿਧੀਆਂ ਅਤੇ ਅਠਾਰ੍ਹਾਂ ਸਿੱਧੀਆਂ ਸਾਧਕ ਦੇ ਪਿਛੇ ਲਗੀਆਂ ਫਿਰਦੀਆਂ ਹਨ—'ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ' (ਅ. ਗ੍ਰੰ. 649)। ਗੁਰੂ ਅਰਜਨ ਦੇਵ ਦਾ ਮਤ ਹੈ ਪਰਮਾਤਮਾ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਨਾਮ ਹੀ ਅੱਠ ਸਿੱਧੀਆਂ ਅਤੇ ਨੌਂ ਨਿਧੀਆਂ ਵਰਗਾ ਹੈ—'ਅਸਟ ਸਿਧਿ ਨਵ ਨਿਧਿ ਏਹ ।/ਕਰਮਿ ਪ੍ਰਾਪਤ ਜਿਸੁ ਨਾਮੁ ਦੇਹ' (ਅ. ਗ੍ਰੰ. 1184)।

ਸਿਮਰਨ : ਵੇਖੋ 'ਨਾਮ, ਸਾਧਨਾ'।

ਸਿਰਕਪ, ਰਾਜਾ : ਰਾਜਾ ਰਸਾਲੂ ਦਾ ਸਹੁਰਾ ਅਤੇ ਰਾਣੀ ਕੋਕਿਲਾਂ ਦਾ ਪਿਤਾ। ਵੇਖੋ 'ਰਸਾਲੂ, ਰਾਜਾ'।

ਸਿਰੀਚੰਦ, ਬਾਬਾ : ਗੁਰੂ ਨਾਨਕ ਦੇਵ ਦੇ ਵੱਡੇ ਸਾਹਿਬਜ਼ਾਦੇ ਜਿਨ੍ਹਾਂ ਦਾ ਜਨਮ ਸੰਨ 1494 ਈ. (ਭਾਦੋਂ ਸੁਦੀ 9, ਸੰਮਤ 1551 ਬਿ.) ਵਿਚ ਮਾਤਾ ਸੁਲੱਖਣੀ ਦੀ ਕੁੱਖੋਂ ਸੁਲਤਾਨਪੁਰ ਲੋਧੀ ਵਿਚ ਹੋਇਆ। ਇਨ੍ਹਾਂ ਦਾ ਬਚਪਨ ਆਪਣੀ ਭੂਆ ਬੇਬੇ ਨਾਨਕੀ ਦੀ ਦੇਖ-ਰੇਖ ਵਿਚ ਬੀਤਿਆ। ਅਸਲ ਵਿਚ, ਬੇਬੇ ਨਾਨਕੀ ਨੇ ਆਪਣੀ ਸੰਤਾਨ ਨਾ ਹੋਣ ਕਾਰਣ ਇਨ੍ਹਾਂ ਨੂੰ ਹੀ ਪੁੱਤਰ ਤੁਲ ਪਾਲਿਆ। ਇਨ੍ਹਾਂ ਨੇ ਵਿਆਹ ਨਾ ਕਰ ਕੇ ਵੈਰਾਗੀ ਜੀਵਨ ਬਤੀਤ ਕੀਤਾ। ਭਾਈ ਗੁਰਦਾਸ ਨੇ ਲਿਖਿਆ ਹੈ—'ਬਾਲ ਜਤੀ ਹੈ ਸਿਰੀ ਚੰਦੁ ਬਾਬਾਣਾ ਦੇਹੁਰਾ ਬਣਾਇਆ' (26/33)। ਗੁਰੂ ਨਾਨਕ ਦੇਵ ਦੀ ਚੌਥੀ ਉਦਾਸੀ ਵੇਲੇ ਪਿਛੋਂ ਉਨ੍ਹਾਂ ਦੇ ਮਾਤਾ-ਪਿਤਾ, ਭੈਣ ਨਾਨਕੀ ਅਤੇ ਬਣੋਈਆ ਜੈ ਰਾਮ ਗੁਜ਼ਰ ਗਏ ਸਨ ਅਤੇ ਸਿਰੀਚੰਦ ਵੀ ਸੁਲਤਾਨਪੁਰ ਤੋਂ ਆਪਣੇ ਨਾਨਕੇ ਪਿੰਡ ਪੱਖੋਕੇ-

ਕੰਧਾਰ ਚਲੇ ਗਏ ਸਨ ।

ਚੌਥੀ ਉਦਾਸੀ ਤੋਂ ਪਰਤਣ ਤੇ ਗੁਰੂ ਨਾਨਕ ਦੇਵ ਨੇ ਕਰਤਾਰਪੁਰ ਵਿਚ ਆਪਣਾ ਸਥਾਈ ਨਿਵਾਸ ਕੀਤਾ । 17 ਵਰ੍ਹਿਆਂ ਉਪਰੰਤ ਸੰਨ 1539 ਈ. ਵਿਚ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਦ, ਕੁਝ ਸਮਾਂ ਤਾਂ ਇਹ ਕਰਤਾਰਪੁਰ ਹੀ ਰਹੇ, ਪਰ ਸਭ ਕੁਝ ਆਪਣੇ ਛੋਟੇ ਭਰਾ ਲਖਮੀ ਦਾਸ ਦੇ ਹਵਾਲੇ ਕਰ ਕੇ ਆਪ ਪਠਾਨਕੋਟ ਦੇ ਨੇੜੇ ਬਾਰਠ ਪਿੰਡ ਵਿਚ ਰਹਿਣ ਲਗ ਗਏ । ਉਥੇ ਇਨ੍ਹਾਂ ਦੇ ਨਾਲ ਬਚਪਨ ਦਾ ਸਾਥੀ ਭਾਈ ਕਮਲੀਆ ਵੀ ਰਹਿਣ ਲਗਾ । ਉਥੇ ਰਹਿ ਕੇ ਇਨ੍ਹਾਂ ਨੇ ਉਦਾਸੀ ਭੇਖ ਨੂੰ ਵਿਕਸਿਤ ਕੀਤਾ । ਉਥੇ ਹੀ ਇਨ੍ਹਾਂ ਨੂੰ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਮਿਲਣ ਆਏ ।

ਧਰਮ-ਪ੍ਰਚਾਰ ਲਈ ਆਪ ਅੰਮ੍ਰਿਤਸਰ, ਸ੍ਰੀਨਗਰ, ਪੱਠੋਹਾਰ, ਕਾਬਲ, ਕੰਧਾਰ, ਸਿੰਧ ਨਾਲ ਲਗਦੀਆਂ ਪਹਾੜੀ ਰਿਆਸਤਾਂ ਵਿਚ ਗਏ । ਉਨ੍ਹਾਂ ਦੀ ਇਹ ਪ੍ਰਚਾਰ-ਯਾਤ੍ਰਾ ਬਿਰਧ ਅਵਸਥਾ ਤਕ ਚਲਦੀ ਰਹੀ । ਸੰਨ 1624 ਈ. ਵਿਚ ਆਪ ਜੀ ਨੂੰ ਮਿਲਣ ਲਈ ਗੁਰੂ ਹਰਿਗੋਬਿੰਦ ਆਏ ਅਤੇ ਆਪ ਦੇ ਪ੍ਰਚਾਰ ਨੂੰ ਜਾਰੀ ਰਖਣ ਲਈ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਨੂੰ ਪੇਸ਼ ਕੀਤਾ । ਲਗਭਗ 150 ਸਾਲ ਦੀ ਲੰਬੀ ਉਮਰ ਬਤੀਤ ਕਰਨ ਤੋਂ ਬਾਦ ਸੰਨ 1643 ਈ. (ਸੰਮਤ 1700 ਬਿ.) ਵਿਚ ਚੰਬੇ ਦੇ ਸਥਾਨ ਤੇ ਆਪ ਦਾ ਦੇਹਾਂਤ ਹੋਇਆ ।

ਬਾਬਾ ਗੁਰਦਿੱਤਾ ਨੇ ਉਦਾਸੀ ਸੰਪ੍ਰਦਾਇ (ਵੇਖੋ) ਦਾ ਪ੍ਰਚਾਰ ਜਾਰੀ ਰਖਿਆ ਅਤੇ ਧਰਮ-ਪ੍ਰਚਾਰ ਲਈ ਚਾਰ ਕੇਂਦਰ (ਧੂਣੇ) ਸਥਾਪਿਤ ਕੀਤੇ ਜਿਨ੍ਹਾਂ ਵਿਚੋਂ ਦੇਹਰਾਦੂਨ ਵਿਚ ਬਾਲੂ ਹਸਨਾ, ਨਾਨਕ-ਮਤਾ ਵਿਚ ਅਲਮਸਤ, ਹੈਦਰਾਬਾਦ (ਦੱਖਣ) ਵਿਚ ਗੋਬਿੰਦਾ ਅਤੇ ਬਹਾਦਰਗੜ੍ਹ (ਜ਼ਿਲਾ ਹੁਸ਼ਿਆਰਪੁਰ) ਵਿਚ ਫੂਲ ਨੂੰ ਮੁਖੀਆਂ ਵਜੋਂ ਸਥਾਪਿਤ ਕੀਤਾ । ਉਦਾਸੀ-ਸੰਪ੍ਰਦਾਇ ਦੀ ਇਸ਼ਟ-ਭਾਵਨਾ ਬਾਬਾ ਗੁਰਦਿੱਤਾ ਤਕ ਤਾਂ ਗੁਰੂ-ਘਰ ਦੇ ਬਹੁਤ ਨੇੜੇ ਹੋ ਕੇ ਚਲੀ ਸਿਵਾਏ ਗ੍ਰਿਹਸਥ ਤਿਆਗਣ ਦੇ, ਪਰ ਬਾਦ ਵਿਚ ਬ੍ਰਾਹਮਣਵਾਦ ਦੇ ਪ੍ਰਭਾਵ ਕਾਰਣ ਉਸ ਵਿਚ ਪੰਚ-ਦੇਵ-ਉਪਾਸਨਾ ਦੀ ਬਿਰਤੀ ਦੇ ਵਿਕਸਿਤ ਹੋ ਜਾਣ ਤੋਂ ਉਦਾਸੀ ਲੋਕ ਸਿੱਖ-ਧਰਮ ਨਾਲੋਂ ਦੂਰ ਹੋ ਗਏ ।

ਸ਼ਿਵ : ਹਿੰਦੂ ਧਰਮ ਦੇ ਤ੍ਰਿਦੇਵਾਂ (ਬ੍ਰਹਮਾ, ਵਿਸ਼ਣੂ ਅਤੇ ਸ਼ਿਵ) ਵਿਚੋਂ ਇਕ ਦੇਵ ਜੋ ਸ੍ਰਿਸ਼ਟੀ ਦਾ ਸੰਘਾਰ ਕਰਦਾ ਹੈ । ਤ੍ਰਿਮੂਰਤੀ ਵਿਚ ਇਸ ਦੀ ਅੰਤਿਮ ਸਥਿਤੀ ਹੈ । ਵੇਦਾਂ ਵਿਚ ਸ਼ਿਵ ਦਾ ਬਿੰਬ ਰੁਦ੍ਰ (ਵੇਖੋ) ਰੂਪ ਵਿਚ ਵਰਣਿਤ ਹੈ । ਬ੍ਰਾਹਮਣਾਂ ਅਤੇ ਉਪਨਿਸ਼ਦਾਂ ਵਿਚ ਰੁਦ੍ਰ ਦੇ ਅਨੇਕ ਨਾਵਾਂ ਵਿਚ 'ਸ਼ਿਵ' ਨਾਂ ਵੀ ਆਇਆ ਹੈ ।

ਸ਼ਿਵ ਦੇ ਸਰੂਪ ਦਾ ਅਧਿਕ ਵਿਕਾਸ ਪੁਰਾਣ-ਸਾਹਿੱਤ ਵਿਚ ਹੋਇਆ ਹੈ । ਪੁਰਾਣਾਂ ਵਿਚ ਸੰਪ੍ਰਦਾਇਕ ਰੁਚੀ ਅਧੀਨ ਪੁਜਾਰੀਆਂ ਨੇ ਆਪਣੇ-ਆਪਣੇ ਆਸ਼ੇ ਅਤੇ ਸ਼ਰਧਾ ਅਨੁਸਾਰ ਇਸ਼ਟ-ਦੇਵਾਂ ਸੰਬੰਧੀ ਆਖਿਆਨਾਂ ਦੀ ਸਿਰਜਨਾ ਕੀਤੀ । ਹਰ ਇਕ ਨੇ ਆਪਣੇ ਇਸ਼ਟਦੇਵ ਨੂੰ ਸਰਵ-ਸ਼ਕਤੀ-ਸੰਪੰਨ ਪਰਮ-ਤੱਤ ਸਿੱਧ ਕੀਤਾ । ਫਲਸਰੂਪ ਸ਼ਿਵ ਸੰਘਾਰ ਦੇ ਨਾਲ ਨਾਲ ਸੰਸਾਰ ਦੀ ਉਤਪੱਤੀ ਅਤੇ ਪਾਲਣਾ ਕਰਨ ਵਾਲਾ ਵੀ

ਬਣ ਗਿਆ । ਇਸੇ ਕਰਕੇ ਇਸ ਨੂੰ 'ਮਹਾਦੇਵ' ਅਤੇ 'ਮਹੇਸ਼' ਵੀ ਕਹਿੰਦੇ ਹਨ ।

ਸ਼ਿਵ ਦੀ ਪੂਜਾ ਕਦ ਤੋਂ ਸ਼ੁਰੂ ਹੋਈ, ਇਸ ਬਾਰੇ ਕੋਈ ਆਧਾਰ-ਭੂਤ ਤੱਥ ਤਾਂ ਭਾਵੇਂ ਉਪਲਬਧ ਨਹੀਂ, ਪਰ ਇਤਨਾ ਸਪੱਸ਼ਟ ਹੈ ਕਿ ਇਸ ਦੀ ਪੂਜਾ ਦਾ ਸੰਕਲਪ ਈਸਵੀ ਸੰਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਬਣਨਾ ਸ਼ੁਰੂ ਹੋ ਗਿਆ ਸੀ । ਪੁਰਾਣਾਂ ਤਕ ਸ਼ਿਵ ਯੋਗੀਰਾਜ ਬਣ ਗਿਆ । ਇਸ ਦਾ ਨਿਵਾਸ-ਸਥਾਨ ਕੈਲਾਸ਼ ਪਰਬਤ ਹੈ । ਸ਼ੇਰ ਦੀ ਖਲ ਇਸ ਦੀ ਪੁਸ਼ਾਕ ਅਤੇ ਆਸਣ ਹੈ । ਸਿਰ ਉਤੇ ਜਟਾਵਾਂ ਹਨ ਜਿਨ੍ਹਾਂ ਵਿਚੋਂ ਗੰਗਾ ਨਿਕਲਦੀ ਹੈ । ਉਨ੍ਹਾਂ ਜਟਾਵਾਂ ਵਿਚ ਦੂਜ ਦਾ ਚੰਦ੍ਰਮਾ ਜੜਿਆ ਹੋਇਆ ਹੈ । ਮਸਤਕ ਵਿਚ ਤੀਜਾ ਨੇਤਰ ਹੈ, ਜਿਸ ਦੇ ਖੁਲ੍ਹਣ ਨਾਲ ਜਗਤ ਵਿਚ ਪ੍ਰਲਯ ਦੀ ਸਥਿਤੀ ਪੈਦਾ ਹੋ ਜਾਂਦੀ ਹੈ । ਇਸ ਨੇਤਰ ਨਾਲ ਕਾਮਦੇਵ ਨੂੰ ਭਸਮ ਕੀਤਾ ਗਿਆ ਸੀ । ਸ਼ਿਵ ਦਾ ਗੱਲਾ ਨੀਲਾ ਹੈ, ਕਿਉਂਕਿ ਸਮੁੰਦਰ ਦੇ ਰਿੜਕਣ ਵੇਲੇ ਜੋ ਵਿਸ਼ (ਕਾਲ-ਕੂਟ) ਨਿਕਲਿਆ ਉਸ ਨੂੰ ਪਾਨ ਕਰਕੇ ਸ਼ਿਵ ਨੇ ਜਗਤ ਨੂੰ ਉਸ ਦੇ ਵਿਨਾਸ਼ਕਾਰੀ ਪ੍ਰਭਾਵ ਤੋਂ ਬਚਾ ਲਿਆ । ਉਸ ਵਿਸ਼ ਨੂੰ ਆਪਣੇ ਗੱਲੇ ਵਿਚ ਹੀ ਰੋਕ ਲੈਣ ਕਾਰਣ ਸ਼ਿਵ ਦਾ ਗੱਲਾ ਨੀਲਾ ਹੋ ਗਿਆ, ਇਸ ਕਰਕੇ ਸ਼ਿਵ ਨੂੰ 'ਨੀਲ-ਕੰਠ' ਵੀ ਕਿਹਾ ਜਾਂਦਾ ਹੈ ।

ਇਸ ਦੇ ਗੱਲੇ ਅਤੇ ਬਾਹਵਾਂ ਨਾਲ ਸੱਪ ਲਿਪਟੇ ਹੋਏ ਹਨ । ਸ਼ਰੀਰ ਉਤੇ ਭਸਮ ਅਤੇ ਹੱਥ ਵਿਚ ਤ੍ਰਿਸ਼ੂਲ ਧਾਰਣ ਕਰਨ ਵਾਲੇ ਸ਼ਿਵ ਦਾ ਵਾਹਨ ਨੰਦੀ (ਬਲਦ) ਹੈ । ਇਸ ਦੇ ਖੱਬੇ ਪਾਸੇ ਸਦਾ ਪਾਰਬਤੀ ਸਥਿਤ ਰਹਿੰਦੀ ਹੈ । ਇਹ ਆਪਣੇ ਗਣਾਂ ਨਾਲ ਹਮੇਸ਼ਾਂ ਘਿਰਿਆ ਰਹਿੰਦਾ ਹੈ । ਇਸ ਦੇ ਧਨੁਸ਼ ਦਾ ਨਾਂ ਪਿਨਾਕ ਹੈ । ਇਸ ਦੇ ਦੋ ਪੁੱਤਰ ਹਨ—ਗਣੇਸ਼ ਅਤੇ ਕਾਰਤਿਕੇਯ । ਸ਼ਿਵ ਦੀ ਵੇਸ਼-ਭੂਸ਼ਾ ਅਤੇ ਧਾਰਣ ਕੀਤੀਆਂ ਹੋਰ ਵਸਤੂਆਂ ਦੀ ਵਿਦਵਾਨਾਂ ਨੇ ਆਪਣੇ-ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ ਅਤੇ ਹਰ ਇਕ ਦੇ ਅੰਤਰੀਵੀ ਅਰਥ ਸਪੱਸ਼ਟ ਕੀਤੇ ਹਨ ।

ਸ਼ਿਵ ਦੀ ਨਟਰਾਜ ਰੂਪ ਵਿਚ ਵੀ ਕਲਪਨਾ ਕੀਤੀ ਗਈ ਹੈ । ਨਟਰਾਜ ਸ਼ਿਵ ਦੀਆਂ ਚਾਰ ਬਾਹਵਾਂ ਹਨ । ਇਸ ਦੇ ਇਕ ਹੱਥ ਵਿਚ ਡਮਰੂ, ਦੂਜੇ ਵਿਚ ਅਗਨੀ, ਤੀਜਾ ਨਿਰਭੈ ਭਾਵ ਦੀ ਮੁਦ੍ਰਾ ਵਿਚ ਅਤੇ ਚੌਥਾ ਸੰਕੇਤ ਕਰਨ ਦੀ ਅਵਸਥਾ ਵਿਚ ਹੁੰਦਾ ਹੈ । ਇਹ ਸੰਕੇਤ ਉਸ ਮਨੁੱਖੀ ਸ਼ਰੀਰ ਵਲ ਹੈ ਜਿਸ ਉਤੇ ਸ਼ਿਵ ਖੜੋਤਾ ਹੋਇਆ ਹੁੰਦਾ ਹੈ । ਇਹ ਇੰਦ੍ਰੀਆਂ ਨੂੰ ਜਿੱਤਣ ਦਾ ਸੰਕੇਤ ਹੈ । ਸ਼ਿਵ ਨੂੰ ਨਾਟਕ ਅਤੇ ਸੰਗੀਤ ਦਾ ਸੁਆਮੀ ਵੀ ਮੰਨਿਆ ਗਿਆ ਹੈ । ਇਸ ਦਾ ਨਸ਼ੇ ਦੀ ਮਸਤੀ ਵਿਚ ਕੀਤਾ ਤਾਂਡਵ ਨਾਚ ਬਹੁਤ ਪ੍ਰਸਿੱਧ ਹੈ । ਇਸ ਤੋਂ ਇਲਾਵਾ ਸ਼ਿਵ ਦੇ ਭਿਆਨਕ ਰੂਪ ਦੀ ਵੀ ਕਲਪਨਾ ਕੀਤੀ ਗਈ ਹੈ ਜੋ ਵਿਨਾਸ਼ਕਾਰੀ ਬਿਰਤੀ ਦਾ ਲਖਾਇਕ ਹੈ । ਇਸ ਰੂਪ ਵਿਚ ਇਹ ਸ਼ਮਸ਼ਾਨ, ਯੁੱਧ-ਭੂਮੀ ਆਦਿ ਸਥਾਨਾਂ ਵਿਚ ਨਿਵਾਸ ਕਰਦਾ ਹੈ । ਇਸ ਦੇ ਗੱਲ ਵਿਚ ਨਰ-ਮੁੰਡ ਮਾਲਾ ਹੁੰਦੀ ਹੈ । ਭੂਤਾਂ-ਪ੍ਰੇਤਾਂ ਨਾਲ ਇਸ ਦਾ ਘਿਰਿਆ ਰੂਪ ਮਹਾ ਪ੍ਰਲਯ ਲਿਆਉਣ ਵਾਲਾ ਹੈ । ਇਸ ਰੂਪ ਕਰਕੇ ਇਸ ਨੂੰ ਭੂਤੇਸ਼੍ਵਰ ਕਹਿੰਦੇ ਹਨ ।

ਸੰਪ੍ਰਦਾਇਕ ਬਿਰਤੀ ਵਾਲੇ ਸ਼ੈਵ ਪੁਰਾਣਾਂ ਵਿਚ ਵਿਸ਼ਣੂ ਦੀ ਅਵਤਾਰ-ਪਰੰਪਰਾ ਦੇ ਸਮਾਨਾਂਤਰ ਸ਼ਿਵ ਦੇ ਕਈ ਅਵਤਾਰਾਂ ਦੀ ਵੀ ਕਲਪਨਾ ਕੀਤੀ ਗਈ ਹੈ ਜਿਨ੍ਹਾਂ ਵਿਚੋਂ

ਮਹਾਕਾਲ ਪ੍ਰਮੁਖ ਹੈ ਅਤੇ ਕਾਲੀ ਜਾਂ ਮਹਾਕਾਲੀ ਇਸ ਦੀ ਸ਼ਕਤੀ ਹੈ। ਸ਼ਿਵ ਦੀ ਪੂਜਾ 'ਸ਼ਿਵਲਿੰਗ' (ਵੇਖੋ) ਰੂਪ ਵਿਚ ਕੀਤੀ ਜਾਂਦੀ ਹੈ, ਜੋ ਪੁਨਰ-ਸਿਰਜਨਾ ਦਾ ਸੰਮਾ ਹੈ। ਸ਼ਿਵ ਦੀ ਪਤਨੀ ਪਾਰਬਤੀ ਹੀ 'ਸ਼ਕਤੀ' ਹੈ। ਸ਼ਕਤੀ ਤੋਂ ਬਿਨਾ ਸ਼ਿਵ ਅਪੂਰਣ ਹੈ। ਇਸ ਲਈ ਇਸ ਦਾ ਇਕ ਰੂਪ 'ਅਰਧਨਾਰੀਸ਼੍ਵਰ' ਵੀ ਹੈ। ਇਸ ਦਾ ਵਿਸ਼ਣੂ ਨਾਲ ਸੰਬੰਧ ਜੋੜਨ ਲਈ 'ਹਰੀ-ਹਰ' ਦੀ ਜੋੜੀ ਵਜੋਂ ਕਲਪਨਾ ਵੀ ਕੀਤੀ ਗਈ ਹੈ। ਸ਼ਾਕ੍ਤ-ਮਤ ਵਾਲੇ ਸ਼ਿਵ ਦੀ ਪਤਨੀ ਸ਼ਕਤੀ (ਵੇਖੋ) ਦੀ ਉਪਾਸਨਾ ਕਰਦੇ ਹਨ ਅਤੇ ਉਸ ਨੂੰ ਹੀ ਸਰਵ ਸ੍ਰੇਸ਼ਠ ਅਤੇ ਸਰਵ-ਸਮਰਥਾਵਾਨ ਮੰਨਦੇ ਹਨ।

ਪੰਜਾਬੀ ਸਭਿਆਚਾਰ ਵਿਚ ਸ਼ਿਵ ਦੇ ਸਾਰੇ ਰੂਪਾਂ ਨੂੰ ਬਹੁਤ ਪਹਿਲਾਂ ਤੋਂ ਹੀ ਪ੍ਰਵਾਨਗੀ ਮਿਲੀ ਹੋਈ ਹੈ। ਇਹ ਵੀ ਮਤ ਪ੍ਰਚਲਿਤ ਹੈ ਕਿ ਸ਼ਿਵ ਦੇ ਰੂਪ-ਆਕਾਰ ਤੋਂ ਇਹ ਅਣ-ਆਰਯ ਦੇਵਤਾ ਪ੍ਰਤੀਤ ਹੁੰਦਾ ਹੈ। ਪਰ ਇਸ ਦੀ ਅਧਿਕ ਮਾਨਤਾ ਨੇ ਪਰਵਰਤੀ ਆਰਯਾਂ ਨੂੰ ਮਜਬੂਰ ਕੀਤਾ ਕਿ ਇਸ ਨੂੰ ਤ੍ਰਿਮੂਰਤੀ ਵਿਚ ਸ਼ਾਮਲ ਕੀਤਾ ਜਾਏ।

ਸ਼ਿਵ ਦੀ ਇਕ ਚਾਰਿਤ੍ਰਿਕ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਜੋ ਉਪਾਸਨਾ ਕਰਦਾ ਹੈ, ਉਸ ਨੂੰ ਪ੍ਰਸੰਨ ਹੋ ਕੇ ਵਰਦਾਨ ਦਿੰਦਾ ਹੈ ਜਿਸ ਕਰਕੇ ਉਪਾਸਕ ਬਹੁਤ ਸ਼ਕਤੀਵਰ ਹੋ ਜਾਂਦਾ ਹੈ, ਫਿਰ ਉਸ ਨੂੰ ਜਿੱਤਣਾ ਜਾਂ ਅਧੀਨ ਕਰਨਾ ਸਰਲ ਨਹੀਂ ਹੁੰਦਾ। ਇਸ ਦੀ ਅਜਿਹੀ ਉਦਾਰਤਾ ਕਰਕੇ ਇਸ ਨੂੰ 'ਭੋਲੇ ਨਾਥ' ਕਿਹਾ ਜਾਂਦਾ ਹੈ। ਇਸ ਦੇ ਹੋਰ ਵੀ ਅਨੇਕਾਂ ਨਾਂ ਪ੍ਰਸਿੱਧ ਹਨ, ਜਿਵੇਂ ਸ਼ੰਭੂ, ਸ਼ੰਕਰ, ਵਿਸ਼੍ਵੇਸ਼੍ਵਰ, ਤ੍ਰਿਲੋਚਨ, ਪਸ਼ੂਪਤਿ, ਆਦਿ। ਪੁਰਾਣਾਂ ਵਿਚ ਸ਼ਿਵ ਦੇ ਨਾਂਵਾਂ ਦੀ ਗਿਣਤੀ ਇਕ ਹਜ਼ਾਰ ਤੋਂ ਅਧਿਕ ਹੈ।

ਮੱਧ-ਯੁਗ ਦੇ ਸੰਤਾਂ ਨੇ ਸ਼ਿਵ ਦੀ ਉਪਾਸਨਾ ਦਾ ਖੰਡਨ ਕਰਦੇ ਹੋਇਆਂ ਇਸ ਨੂੰ ਬ੍ਰਹਮ ਅਧੀਨ ਇਕ ਸਾਧਾਰਣ ਸਥਾਨ ਦਿੱਤਾ ਹੈ, ਜਿਵੇਂ ਕਬੀਰ ਜੀ ਨੇ ਕਿਹਾ ਹੈ— 'ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ' (ਅ. ਗ੍ਰੰ. 339)। ਪਾਂਡੇ ਨੂੰ ਸੰਬੋਧਨ ਕਰਦਿਆਂ ਭਗਤ ਨਾਮ ਦੇਵ ਨੇ ਕਿਹਾ ਹੈ—'ਪਾਂਡੇ ਤੁਮਰਾ ਮਹਾਦੇਉ ਧਉਲ ਬਲਦ ਚੜਿਆ ਆਵਤੁ ਦੇਖਿਆ ਥਾ' (ਅ. ਗ੍ਰੰ. 875)। ਅਸਲ ਵਿਚ, ਗੁਰੂ ਰਾਮਦਾਸ ਅਨੁਸਾਰ ਸ਼ੰਕਰ ਅਤੇ 33 ਕਰੋੜ ਦੇਵਤੇ ਵੀ ਬ੍ਰਹਮ ਦਾ ਅੰਤ ਨਹੀਂ ਪਾ ਸਕਦੇ—'ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮਾ' (ਅ. ਗ੍ਰੰ. 719)।

ਸ਼ਿਵਪੁਰੀ : ਸ਼ਿਵ ਦਾ ਨਿਵਾਸ-ਸਥਾਨ। ਵੇਖੋ 'ਸ਼ਿਵ'।

ਸ਼ਿਵਰਾਤ੍ਰੀ : ਇਹ ਹਿੰਦੂ ਮਤ ਦੇ ਸ਼ਿਵ-ਭਗਤਾਂ ਦਾ ਇਕ ਪਵਿੱਤਰ ਤਿਉਹਾਰ ਹੈ ਜੋ ਫੱਗਣ ਵਦੀ ਚੌਦਾਂ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਪੌਰਾਣਿਕ ਆਖਿਆਨਾਂ ਅਨੁਸਾਰ ਇਸ ਦਿਨ ਸ਼ਿਵ ਅਤੇ ਪਾਰਬਤੀ ਦਾ ਵਿਆਹ ਹੋਇਆ ਸੀ। ਸ਼ਰਧਾਲੂਆਂ ਵਲੋਂ ਇਸ ਦਿਨ ਮਹਾਸ਼ਿਵਰਾਤ੍ਰੀ ਦਾ ਵਰਤ ਰਖਿਆ ਜਾਂਦਾ ਹੈ। ਸਵੇਰ ਵੇਲੇ ਹੀ ਸ਼ਿਵ-ਭਗਤ ਮਰਦ ਅਤੇ ਇਸਤਰੀਆਂ ਸ਼ਿਵਾਲਿਆਂ ਵਿਚ ਪਹੁੰਚ ਕੇ ਬਿਲ ਪੱਤਰੀ, ਬੇਰ ਅਤੇ ਦੀਵੇ ਲੈ ਕੇ ਪੂਜਾ ਸ਼ੁਰੂ ਕਰ ਦਿੰਦੇ ਹਨ ਅਤੇ ਸ਼ਿਵਲਿੰਗ ਨੂੰ ਕੱਚੀ ਲੱਸੀ ਨਾਲ

ਇਸ਼ਨਾਨ ਕਰਾਉਂਦੇ ਹਨ। ਉਸ ਦਿਨ ਕੇਵਲ ਫਲਾਹਾਰ ਹੀ ਕੀਤਾ ਜਾਂਦਾ ਹੈ। ਅਗਲੇ ਦਿਨ ਸ਼ਿਵ-ਪਾਰਬਤੀ ਦੇ ਵਿਆਹ ਦੀ ਖ਼ੁਸ਼ੀ ਵਿਚ ਭੰਡਾਰੇ ਹੁੰਦੇ ਹਨ ਜਿਨ੍ਹਾਂ ਵਿਚ ਆਮ ਤੌਰ ਤੇ ਪੂਰੀਆਂ, ਛੋਲੇ, ਕੜਾਹ ਆਦਿ ਅਮੀਰ ਗ਼ਰੀਬ ਸਭ ਵਿਚ ਵਰਤਾਇਆ ਜਾਂਦਾ ਹੈ। ਜਲਦੀ ਹੀ ਮੁਰਾਦਾਂ ਪੂਰੀਆਂ ਕਰਨ ਵਾਲਾ ਦੇਵਤਾ ਹੋਣ ਕਾਰਣ ਸ਼ਿਵ ਸਰਵਪ੍ਰਿਯ ਹੈ।

ਅੱਜ ਕਲ ਪੰਜਾਬ ਵਿਚ ਸ਼ਿਵਰਾਤ੍ਰੀ ਤੋਂ ਇਕ ਦਿਨ ਪਹਿਲਾਂ ਨਗਰਾਂ ਵਿਚ ਸ਼ੋਭਾ-ਯਾਤ੍ਰਾ ਕੱਢੀ ਜਾਂਦੀ ਹੈ। ਉਸ ਦਿਨ ਸ਼ਿਵਾਲਿਆਂ ਤੋਂ ਬਾਹਰ ਨਿੱਕੇ ਵੱਡੇ ਮੇਲੇ ਵੀ ਲਗਦੇ ਹਨ। ਗੁਰੂ ਨਾਨਕ ਦੇਵ ਅਚਲ ਵਟਾਲੇ ਵਿਚ ਸ਼ਿਵਰਾਤ੍ਰੀ ਦੇ ਮੇਲੇ 'ਤੇ ਹੀ ਜੋਗੀਆਂ ਨਾਲ ਗੋਸ਼ਟਿ ਕਰਨ ਲਈ ਗਏ ਸਨ। ਭਾਈ ਗੁਰਦਾਸ ਅਨੁਸਾਰ—'ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ' (1/39)।

ਆਰਯ ਸਮਾਜੀ ਭਾਵਨਾ ਵਾਲੇ ਹਿੰਦੂ ਲੋਕ ਆਪਣੇ ਮੰਦਿਰਾਂ ਵਿਚ ਸ਼ਿਵਰਾਤ੍ਰੀ ਨੂੰ 'ਰਿਸ਼ੀ-ਬੋਧ-ਉਤਸਵ' ਵਜੋਂ ਮਨਾਉਂਦੇ ਹਨ, ਕਿਉਂਕਿ ਸ਼ਿਵ ਭਗਤਾਂ ਦੇ ਖ਼ਾਨਦਾਨ ਵਿਚ ਪੈਦਾ ਹੋਏ ਸੁਆਮੀ ਦਯਾਨੰਦ ਨੂੰ ਸ਼ਿਵਰਾਤ੍ਰੀ ਵਾਲੇ ਦਿਨ ਹੀ ਇਹ ਅਹਿਸਾਸ ਹੋਇਆ ਸੀ ਕਿ ਮੂਰਤੀ-ਪੂਜਾ ਦੀ ਥਾਂ ਤੇ ਵੈਦਿਕ ਧਰਮ ਦੀ ਸਥਾਪਨਾ ਵਿਚ ਹੀ ਹਿੰਦੂ ਧਰਮ ਦਾ ਕਲਿਆਣ ਹੈ। ਇਸ ਪ੍ਰਤਿਕ੍ਰਿਆ ਦਾ ਕਾਰਣ ਸ਼ਿਵਲਿੰਗ ਉਤੋਂ ਚੂਹੇ ਦੁਆਰਾ ਨਿਸੰਗ ਰੂਪ ਵਿਚ ਮਿਠਿਆਈ ਦੇ ਚੁੱਕੇ ਜਾਣ ਨਾਲ ਜੋੜਿਆ ਜਾਂਦਾ ਹੈ।

ਸ਼ਿਵ-ਲਿੰਗ : ਸ਼ਿਵ ਦੀ ਜਨਨ-ਇੰਦ੍ਰੀ ਦੀ ਸ਼ਕਲ ਦਾ ਪੱਥਰ ਜਿਸ ਨੂੰ ਸ਼ਿਵ ਦਾ ਪ੍ਰਤੀਕ ਸਮਝ ਕੇ ਪੂਜਾ ਕੀਤੀ ਜਾਂਦੀ ਹੈ। 'ਸ਼ਿਵ ਪੁਰਾਣ' (ਪੂਰਵਾਰਧ) ਅਨੁਸਾਰ ਸਤੀ ਦੀ ਮ੍ਰਿਤੂ ਤੋਂ ਬਾਦ ਉਸ ਦੇ ਵਿਯੋਗ ਵਿਚ ਸ਼ਿਵ ਨੰਗ-ਧੜੰਗ ਫਿਰਨ ਲਗਿਆ। ਬਨ ਵਿਚ ਉਸ ਨੂੰ ਨੰਗੇ ਘੁਮਦਿਆਂ ਵੇਖ ਕੇ ਮੁਨੀਆਂ ਦੀਆਂ ਪਤਨੀਆਂ ਉਸ ਨਾਲ ਲਿਪਟ ਗਈਆਂ। ਫਲਸਰੂਪ ਮੁਨੀ ਲੋਕ ਬਹੁਤ ਨਾਰਾਜ਼ ਹੋਏ। ਉਨ੍ਹਾਂ ਨੇ ਸ਼ਿਵ ਨੂੰ ਸਰਾਪ ਦਿੱਤਾ ਜਿਸ ਦੇ ਫਲਸਰੂਪ ਉਸ ਦਾ ਲਿੰਗ ਧਰਤੀ ਉਤੇ ਡਿਗ ਪਿਆ ਅਤੇ ਪਾਤਾਲ ਜਾ ਪਹੁੰਚਿਆ। ਸ਼ਿਵ ਕ੍ਰੋਧ ਵਿਚ ਆ ਕੇ ਕਈ ਤਰ੍ਹਾਂ ਦੀਆਂ ਭਿਆਨਕ ਲੀਲਾਵਾਂ ਕਰਨ ਲਗੇ। ਪ੍ਰਿਥਵੀ ਉਤੇ ਪਰਲੋ ਦੀ ਹਾਲਤ ਪੈਦਾ ਹੋ ਗਈ। ਤਦ ਦੇਵਤਿਆਂ ਨੇ ਮਿਲ ਕੇ ਸ਼ਿਵ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਲਿੰਗ ਨੂੰ ਧਾਰਣ ਕਰਨ। ਉਹ ਸਭ ਲਿੰਗ ਦੀ ਪੂਜਾ ਕਰਨ ਦਾ ਆਦੇਸ਼ ਦੇ ਕੇ ਅਲੋਪ ਹੋ ਗਏ। ਸ਼ਿਵ ਨੇ ਲਿੰਗ ਧਾਰਣ ਕਰ ਲਿਆ ਅਤੇ ਉਸ ਥਾਂ ਤੇ ਲਿੰਗ ਦੀ ਮੂਰਤੀ ਬਣਾ ਕੇ ਰਖ ਦਿੱਤੀ। ਤਦਉਪਰੰਤ ਸ਼ਿਵਲਿੰਗ-ਪੂਜਾ ਦੀ ਪ੍ਰਥਾ ਚਲ ਪਈ। ਉਦੋਂ ਤੋਂ ਹੀ ਸ਼ਿਵ-ਲਿੰਗ-ਪੂਜਾ ਅਤੇ ਸ਼ਿਵ-ਪੂਜਾ ਦਾ ਮਹਾਤਮ ਇਕ-ਸਮਾਨ ਹੋ ਗਿਆ।

ਸ਼ਿਵਲਿੰਗ-ਪੂਜਾ ਦਾ ਉੱਲੇਖ ਵੈਦਿਕ ਸਾਹਿੱਤ ਵਿਚ ਨਹੀਂ ਹੋਇਆ, ਪਰ 'ਮਹਾਭਾਰਤ' ਵਿਚ ਮਿਲਦਾ ਹੈ। ਸ਼ਿਵ ਦੇ ਬਾਰ੍ਹਾਂ ਲਿੰਗ, ਜਿਨ੍ਹਾਂ ਨੂੰ 'ਜੋਤਿਰਲਿੰਗ' ਵੀ ਕਿਹਾ ਜਾਂਦਾ ਹੈ, ਅਧਿਕ ਪ੍ਰਸਿੱਧ ਹਨ, ਜਿਵੇਂ— ਸੋਮਨਾਥ, ਮੱਲਿਕਾਰਜੁਨ, ਮਹਾਕਾਲ, ਓਅੰਕਾਰ, ਵੈਦ੍ਯਨਾਥ, ਭੀਮਸ਼ੰਕਰ, ਰਾਮੇਸ਼੍ਵਰ, ਨਾਗੇਸ਼੍ਵਰ, ਵਿਸ਼੍ਵੇਸ਼੍ਵਰ, ਤ੍ਰਯੰਬਕ,

ਕੇਦਾਰਨਾਥ, ਘ੍ਰਿਸ਼ਣੇਸ਼੍ਵਰ ।

ਸ਼ਿਵਾ-ਜੀ : ਦੱਖਣ ਭਾਰਤ ਦਾ ਇਕ ਮਰਹੱਟਾ ਸਮ੍ਰਾਟ ਜਿਸ ਦਾ ਜਨਮ ਸ਼ਾਹ-ਜੀ ਭੋਂਸਲਾ ਦੇ ਘਰ ਜੀਜਾਬਾਈ ਦੀ ਕੁੱਖੋਂ ਸੰਨ 1627 ਈ. ਨੂੰ ਸ਼ਿਵਨੇਰ ਦੇ ਕਿਲੇ ਵਿਚ ਹੋਇਆ। ਪਿਤਾ ਦੇ ਦੇਵੀ-ਭਗਤ ਹੋਣ ਕਾਰਣ ਇਸ ਦਾ ਨਾਂ ਸ਼ਿਵਾ-ਜੀ ਰਖਿਆ ਗਿਆ। ਆਪਣੇ ਗੁਰੂ ਸਮਰਥ ਰਾਮਦਾਸ ਦੀ ਪ੍ਰੇਰਣਾ ਨਾਲ ਇਸ ਨੇ ਹਿੰਦੂਤ੍ਵ ਦੀ ਸਥਾਪਨਾ ਲਈ ਪ੍ਰਤਿਗਿਆ ਕੀਤੀ। ਸੰਨ 1646 ਈ. ਵਿਚ ਇਸ ਨੇ ਸ਼ਾਹਜਹਾਂ ਬਾਦਸ਼ਾਹ ਤੋਂ ਆਪਣੇ ਪਿਤਾ ਨੂੰ ਛੁੜਵਾਉਣ ਲਈ ਬਾਦਸ਼ਾਹ ਦੀ ਸੇਵਾ ਵਿਚ ਰਹਿਣਾ ਸਵੀਕਾਰ ਕੀਤਾ। ਪਰ ਇਹ ਆਪਣੇ ਪਰਮ-ਉੱਦੇਸ਼ ਲਈ ਬਹੁਤ ਸਾਵਧਾਨ ਰਿਹਾ।

ਸੰਨ 1656 ਈ. ਵਿਚ ਜਾਵਲੀ ਅਤੇ ਨੇੜੇ ਲਗਦੇ ਕੁਝ ਕਿਲੇ ਜਿੱਤ ਕੇ ਇਸ ਨੇ ਬੀਜਾਪੁਰ ਰਿਆਸਤ ਲਈ ਖ਼ਤਰਾ ਪੈਦਾ ਕਰ ਦਿੱਤਾ। ਫਲਸਰੂਪ, ਰਿਆਸਤ ਵਲੋਂ ਇਸ ਦੇ ਵਿਰੁੱਧ ਅਫ਼ਜ਼ਲ ਖ਼ਾਂ ਨੇ ਫ਼ੌਜ-ਕਸ਼ੀ ਕੀਤੀ ਜਿਸ ਨੂੰ ਸ਼ਿਵਾ-ਜੀ ਨੇ ਬੜੀ ਹੁਸ਼ਿਆਰੀ ਨਾਲ ਮਾਰ ਦਿੱਤਾ। ਇਸ ਤਰ੍ਹਾਂ ਇਸ ਦੀ ਪ੍ਰਭੁਤਾ ਦੱਖਣ ਭਾਰਤ ਵਿਚ ਪਸਰ ਗਈ ਅਤੇ ਸ਼ਿਰੋਮਣੀ ਮਰਹੱਟੇ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ।

ਇਸ ਦੀ ਸੈਨਿਕ ਗਤੀ ਵਿਧੀ ਤੋਂ ਘਬਰਾ ਕੇ ਔਰੰਗਜ਼ੇਬ ਨੇ ਸੰਨ 1663 ਈ. ਵਿਚ ਆਪਣੇ ਸੈਨਾ-ਨਾਇਕ ਸ਼ਾਇਸਤਾ ਖ਼ਾਂ ਨੂੰ ਫ਼ੌਜੀ ਕਾਰਵਾਈ ਕਰਨ ਲਈ ਭੇਜਿਆ, ਪਰ ਉਹ ਹਾਰ ਖਾ ਕੇ ਪਰਤ ਗਿਆ। ਫਿਰ ਰਾਜਾ ਜੈ ਸਿੰਘ ਨੂੰ ਬਹੁਤ ਵੱਡੀ ਸੈਨਾ ਦੇ ਕੇ ਭੇਜਿਆ ਗਿਆ। ਉਸ ਨੇ ਸਮਝਾ ਬੁਝਾ ਕੇ ਸ਼ਿਵਾ-ਜੀ ਨੂੰ ਔਰੰਗਜ਼ੇਬ ਨਾਲ ਸੰਧੀ ਕਰਨ ਲਈ ਤਿਆਰ ਕਰ ਲਿਆ। ਪਰ ਦਿੱਲੀ ਦਰਬਾਰ ਵਿਚ ਪਹੁੰਚਣ ਤੇ ਇਸ ਨੂੰ ਕੈਦ ਕਰ ਲਿਆ ਗਿਆ। ਕੁਝ ਸਮੇਂ ਬਾਦ ਮਿਠਾਈ ਦੇ ਟੋਕਰੇ ਵਿਚ ਲੁਕ ਕੇ ਇਹ ਕੈਦਖ਼ਾਨੇ ਤੋਂ ਖਿਸਕ ਲਿਆ ਅਤੇ ਆਪਣੇ ਇਲਾਕੇ ਵਿਚ ਪਹੁੰਚ ਗਿਆ। ਇਸ ਨੇ ਫਿਰ ਤੋਂ ਸੈਨਿਕ ਸੰਗਠਨ ਸ਼ੁਰੂ ਕਰ ਦਿੱਤਾ।

ਹੌਲੀ-ਹੌਲੀ ਇਸ ਨੇ ਆਪਣੇ ਕਿਲਿਆਂ ਉਤੇ ਫਿਰ ਅਧਿਕਾਰ ਜਮਾ ਲਿਆ ਅਤੇ ਸੰਨ 1674 ਈ. ਵਿਚ ਰਾਮਗੜ੍ਹ ਵਿਚ ਇਕ ਵੱਡਾ ਦਰਬਾਰ ਲਗਾ ਕੇ ਛੱਤਰ-ਪਤੀ ਹੋਣ ਦੀ ਘੋਸ਼ਣਾ ਕੀਤੀ। ਇਸ ਨੇ ਰਾਜ ਦੀ ਆਰਥਿਕ, ਸਮਾਜਿਕ, ਧਾਰਮਿਕ ਅਤੇ ਪ੍ਰਸ਼ਾਸਨਿਕ ਸਥਿਤੀ ਸੁਧਾਰਨ ਲਈ ਕਈ ਨਵੇਂ ਕਾਨੂੰਨ ਪਾਸ ਕੀਤੇ ਅਤੇ ਪ੍ਰਬੰਧਕੀ ਢਾਂਚੇ ਵਿਚ ਤਬਦੀਲੀ ਲਿਆਉਂਦੀ। ਹਿੰਦੂ-ਧਰਮ ਵਿਚ ਦ੍ਰਿੜ੍ਹ ਹੁੰਦਾ ਹੋਇਆ ਵੀ ਇਹ ਬਹੁਤ ਉਦਾਰ ਰੁਚੀਆਂ ਵਾਲਾ ਧਰਮ-ਨਿਰਪੇਖ ਸ਼ਾਸਕ ਸੀ। ਇਸ ਕਰਕੇ ਇਹ ਆਪਣੇ ਵਿਰੋਧੀਆਂ ਦੁਆਰਾ ਵੀ ਸਲਾਹਿਆ ਜਾਂਦਾ ਸੀ। ਇਸ ਦਾ ਦੇਹਾਂਤ 5 ਅਪ੍ਰੈਲ, 1680 ਈ. ਵਿਚ ਹੋਇਆ। ਇਸ ਨੇ ਆਪਣੀ ਸਿਆਣਪ ਨਾਲ ਦੱਖਣ ਵਿਚ ਹਿੰਦੂ ਧਰਮ ਨੂੰ ਮਜ਼ਬੂਤ ਕੀਤਾ ਅਤੇ ਮਰਹੱਟਿਆਂ ਦੇ ਮਨ ਵਿਚੋਂ ਮੁਗ਼ਲ ਹਕੂਮਤ ਦਾ ਭੈ ਦੂਰ ਕੀਤਾ। ਇਸ ਦੁਆਰਾ ਪੈਦਾ ਕੀਤੀ ਰਾਸ਼ਟਰੀ ਚੇਤਨਾ ਦਾ ਅਹਿਸਾਸ ਇਸ ਤੋਂ ਬਾਦ ਵਿਕਸਿਤ ਨਾ ਹੋ ਸਕਿਆ ਕਿਉਂਕਿ ਇਸ ਦੀ ਸੰਤਾਨ ਵਿਚ ਕੋਈ ਯੋਗ ਅਤੇ ਦੂਰ-ਦਰਸ਼ੀ ਪੁਰਸ਼ ਪੈਦਾ ਨਾ ਹੋਇਆ।

ਸ਼ਿਵਾ-ਜੀ ਨੂੰ ਰਾਸ਼ਟਰੀ-ਭਾਵਨਾ, ਆਤਮ-ਗੌਰਵ ਅਤੇ ਸੁਤੰਤਰ-ਪ੍ਰਿਯਤਾ ਕਰ ਕੇ ਸਦਾ ਯਾਦ ਕੀਤਾ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਸੰਕੇਤ ਕਰਦਿਆਂ ਲਿਖਿਆ ਹੈ––'ਸ਼ਿਵਾ ਅਤੇ ਪਰਤਾਪ ਤੇਰੇ ਨੇ/ਲਿਖੇ ਸ਼ਹੀਦੀ ਸਾਕੇ।'

ਸੀਜ਼ਰ, ਜੂਲੀਅਸ : ਇਕ ਵਿਸ਼ਵ-ਪ੍ਰਸਿੱਧ ਯੁੱਧਵੀਰ ਜਿਸ ਦਾ ਜਨਮ ਰੋਮ ਦੇ ਇਕ ਸਾਮੰਤ ਪਰਿਵਾਰ 'ਜੂਲੱਸ' ਵਿਚ 100 ਈ. ਪੂ. ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਗੇਈਅਸ ਸੀਜ਼ਰ ਅਤੇ ਮਾਤਾ ਦਾ ਔਰਲੀਆ ਸੀ। ਸੰਨ 84 ਈ. ਪੂ. ਵਿਚ ਇਸ ਨੇ ਸ਼ਾਹੀ ਖ਼ਾਨਦਾਨ ਨਾਲ ਸੰਬੰਧ ਵਧਾਉਣ ਲਈ ਕਾਰਨੇਲੀਆ ਨਾਲ ਵਿਆਹ ਕੀਤਾ, ਪਰ ਉਸ ਵਕਤ ਦੇ ਰੋਮ ਦੇ ਅਧਿਨਾਇਕ 'ਸੁੱਲਾ' ਦੇ ਡਰ ਦੇ ਮਾਰੇ ਇਸ ਨੂੰ ਰੋਮ ਛਡਣਾ ਪਿਆ। 78 ਈ. ਪੂ. ਵਿਚ ਸੁੱਲਾ ਦੇ ਦੇਹਾਂਤ ਤੋਂ ਬਾਦ ਇਹ ਰੋਮ ਪਰਤ ਆਇਆ। ਸੰਨ 74 ਈ. ਪੂ. ਵਿਚ ਇਸ ਨੇ ਮਿਥਰੇਡੇਸ ਬਾਦਸ਼ਾਹ ਦੇ ਵਿਰੁੱਧ ਸੈਨਿਕ ਸੰਗਠਨ ਕੀਤਾ। ਇਸ ਨੇ ਆਪਣੀ ਨਿਜੀ ਸੰਪੱਤੀ ਵਿਚੋਂ ਲੋਕ-ਭਲਾਈ ਦੇ ਕਾਰਜਾਂ ਉਤੇ ਧਨ ਖ਼ਰਚ ਕੇ ਆਮ ਜਨਤਾ ਵਿਚ ਆਪਣੀ ਪਕੜ ਮਜ਼ਬੂਤ ਕੀਤੀ। ਇਸ ਨੇ ਕਈ ਸਰਕਾਰੀ ਔਹਦਿਆਂ ਤੇ ਵੀ ਕੰਮ ਕੀਤਾ ਅਤੇ ਸੰਨ 61 ਈ. ਪੂ. ਵਿਚ ਇਹ ਫ਼ਾਰਦਰ ਸਪੇਨ ਦਾ ਗਵਰਨਰ ਬਣਾਇਆ ਗਿਆ।

ਲਗਭਗ 59 ਈ. ਪੂ. ਵਿਚ ਕਾਂਸਲ ਚੁਣੇ ਜਾਣ ਤੇ ਇਸ ਨੇ ਆਪਣੇ ਇਰਾਦਿਆਂ ਅਨੁਸਾਰ ਪ੍ਰਬੰਧਕੀ ਵਿਵਸਥਾ ਸੁਧਾਰਨ ਲਈ ਕਾਰਵਾਈ ਕਰਨੀ ਸ਼ੁਰੂ ਕੀਤੀ। ਟ੍ਰਾਂਸ-ਐਲਪਾਈਨ ਗੌਲ ਦਾ ਗਵਰਨਰ ਬਣ ਕੇ ਇਸ ਨੇ ਉਥੇ ਬੜੀ ਮਜ਼ਬੂਤ ਪ੍ਰਸ਼ਾਸਕੀ ਵਿਵਸਥਾ ਕਾਇਮ ਕੀਤੀ ਅਤੇ ਰੋਮ ਹਕੂਮਤ ਦੀ ਹੱਦ ਫ਼ਰਾਂਸ, ਜਰਮਨੀ ਅਤੇ ਬੈਲਜੀਅਮ ਤਕ ਵਧਾ ਦਿੱਤੀ। ਇਸ ਨੇ 54 ਈ. ਪੂ. ਵਿਚ ਇੰਗਲੈਂਡ ਉਤੇ ਵੀ ਹਮਲਾ ਕੀਤਾ, ਪਰ ਪੂਰੀ ਤਰ੍ਹਾਂ ਸਫਲ ਨਾ ਹੋ ਸਕਿਆ। ਕੁਝ ਸਾਲਾਂ ਬਾਦ ਇਸ ਦਾ ਸਪੇਨ ਦੇ ਗਵਰਨਰ ਪਾਂਪੇ ਨਾਲ ਸੱਤਾ ਹਥਿਆਉਣ ਲਈ ਸੰਘਰਸ਼ ਚਲ ਪਿਆ। ਇਸ ਖ਼ਾਨਾਜੰਗੀ ਵਿਚ ਪਾਂਪੇ ਮਾਰਿਆ ਗਿਆ। 45 ਈ. ਪੂ. ਵਿਚ ਇਸ ਨੇ ਰੋਮ ਉਤੇ ਆਪਣਾ ਅਧਿਕਾਰ ਜਮਾ ਕੇ ਇਰਦ-ਗਿਰਦ ਦੇ ਇਲਾਕਿਆਂ ਨੂੰ ਅਧੀਨ ਕਰਨਾ ਸ਼ੁਰੂ ਕੀਤਾ। ਇਸ ਦੇ ਸਾਹਮਣੇ ਜੋ ਵੀ ਅੜਿਆ, ਉਸ ਨੂੰ ਕੁਚਲ ਦਿੱਤਾ।

ਸੀਜ਼ਰ ਨੂੰ ਸ਼ਕਤੀ ਦਾ ਇਤਨਾ ਨਸ਼ਾ ਚੜ੍ਹ ਗਿਆ ਕਿ ਇਸ ਨੇ ਆਪਣੇ ਦੋਸਤਾਂ ਦੀ ਪਰਵਾਹ ਕਰਨੀ ਵੀ ਛਡ ਦਿੱਤੀ ਅਤੇ ਆਪਣੇ ਆਪ ਨੂੰ ਦੇਵਤਾ ਘੋਸ਼ਿਤ ਕਰਨੋਂ ਵੀ ਸੰਕੋਚ ਨਾ ਕੀਤਾ। ਇਸ ਕਰਕੇ ਲੋਕਾਂ ਵਿਚ ਅਸੰਤੋਸ਼ ਪਸਰ ਗਿਆ। ਫਲਸਰੂਪ ਇਸ ਨੂੰ 44 ਈ. ਪੂ. ਵਿਚ ਸੈਨੇਟ ਵਿਚ ਕਤਲ ਕਰ ਦਿੱਤਾ ਗਿਆ।

ਵਿਸ਼ਵ-ਇਤਿਹਾਸ ਵਿਚ ਇਹ ਇਕ ਤਾਨਾਸ਼ਾਹ ਵਜੋਂ ਪ੍ਰਸਿੱਧ ਹੈ। ਇਸ ਨੇ ਆਪਣੀ ਮਨਮਰਜ਼ੀ ਨਾਲ ਜਿਸ ਨੂੰ ਚਾਹਿਆ, ਉਸ ਨੂੰ ਉਜਾੜਿਆ ਜਾਂ ਵਸਾਇਆ। ਪਰ ਕਾਲ ਦੇ ਚੱਕਰ ਵਿਚੋਂ ਵੱਡੇ-ਵੱਡੇ ਬਹਾਦਰਾਂ ਦੇ ਨਾ ਬਚ ਸਕਣ ਦੇ ਸੱਚ ਬਾਰੇ ਇਸ ਦੇ ਨਾਂ ਦਾ ਹਵਾਲਾ ਦਿੱਤਾ ਜਾਂਦਾ ਹੈ। ਜਸਵੰਤ ਸਿੰਘ ਨੇਕੀ ਨੇ ਲਿਖਿਆ ਹੈ—'ਲਦ ਗਏ ਸਿਕੰਦਰ, ਖ਼ਤਮ ਹੋ ਗਏ ਸੀਜ਼ਰ,/ਪਰ ਤ੍ਰਿਸ਼ਨਾ ਨੇ ਖਾਧੇ ਨਾ ਮੋੜੇ'।

ਸੀਤਲਾ, ਦੇਵੀ : ਵੇਖੋ 'ਜਰਗ ਦਾ ਮੇਲਾ'।

ਸੀਤਾ : ਰਾਜਾ ਜਨਕ ਦੀ ਪਾਲਿਤ ਪੁੱਤਰੀ ਅਤੇ ਸ੍ਰੀ ਰਾਮ ਚੰਦਰ ਦੀ ਸੁਪਤਨੀ ਜੋ ਪਿਛਲੇ ਜਨਮ ਵਿਚ ਵੇਦਵਤੀ ਸੀ। 'ਬਾਲਮੀਕੀ ਰਾਮਾਇਣ' (ਉੱਤਰ-ਕਾਂਡ) ਅਨੁਸਾਰ ਬ੍ਰਿਹਸਪਤੀ ਦੇ ਪੁੱਤਰ ਕੁਸ਼ਧ੍ਵਜ ਦੀ ਪੁੱਤਰੀ ਦਾ ਨਾਂ ਵੇਦਵਤੀ ਸੀ। ਕੁਸ਼ਧ੍ਵਜ ਦੀ ਇੱਛਾ ਸੀ ਕਿ ਉਹ ਆਪਣੀ ਪੁੱਤਰੀ ਦਾ ਵਿਆਹ ਵਿਸ਼ਣੂ ਨਾਲ ਕਰੇਗਾ। ਜਦੋਂ ਵੇਦਵਤੀ ਨੂੰ ਪ੍ਰਾਪਤ ਕਰਨ ਵਿਚ ਦੇਵਤੇ, ਗੰਧਰਵ, ਦੈਂਤ ਸਭ ਨਿਰਾਸ਼ ਹੋ ਗਏ ਤਾਂ ਸ਼ੁੰਭ ਦੈਂਤ ਨੇ ਸੁੱਤੇ ਪਏ ਕੁਸ਼ਧ੍ਵਜ ਨੂੰ ਮਾਰ ਦਿੱਤਾ। ਵੇਦਵਤੀ ਵਿਸ਼ਣੂ ਨੂੰ ਪਤੀ ਰੂਪ ਵਿਚ ਪ੍ਰਾਪਤ ਕਰਨ ਲਈ ਬਨ ਵਿਚ ਤਪੱਸਿਆ ਕਰਨ ਲਗੀ। ਉਸ ਦੌਰਾਨ ਰਾਵਣ ਨੇ ਉਸ ਨੂੰ ਵੇਖਿਆ ਅਤੇ ਵਿਆਹ ਦਾ ਪ੍ਰਸਤਾਵ ਰਖਿਆ। ਵੇਦਵਤੀ ਦੇ ਨਾਂਹ ਕਰਨ ਤੇ ਰਾਵਣ ਨੇ ਉਸ ਨਾਲ ਜ਼ਬਰਦਸਤੀ ਕਰਨੀ ਚਾਹੀ। ਪਰ ਵੇਦਵਤੀ ਨੇ ਆਪਣੇ ਆਪ ਨੂੰ ਸਾੜ ਕੇ ਭਸਮ ਕਰ ਦਿੱਤਾ। ਉਹੀ ਵੇਦਵਤੀ ਸੀਤਾ ਦੇ ਰੂਪ ਵਿਚ ਪ੍ਰਗਟ ਹੋਈ ਅਤੇ ਵਿਸ਼ਣੂ ਰੂਪ ਸ੍ਰੀ ਰਾਮ ਨਾਲ ਵਿਆਹੀ ਗਈ।

ਇਕ ਵਾਰ ਰਾਜਾ ਜਨਕ ਦੇ ਰਾਜ ਵਿਚ ਕਾਲ ਪਿਆ। ਉਸ ਨੇ ਖ਼ੁਦ ਹਲ ਵਾਹਿਆ। ਉਦੋਂ ਪ੍ਰਿਥਵੀ ਵਿਚੋਂ ਸੀਤਾ ਪ੍ਰਗਟ ਹੋਈ ਜੋ ਇਕ ਸਿਆੜ ਵਿਚ ਪਈ ਸੀ (ਇਸ ਕਰਕੇ ਇਸ ਦਾ ਨਾਂ ਸੀਤਾ ਰਖਿਆ ਗਿਆ)। ਰਾਜੇ ਨੇ ਇਸ ਨੂੰ ਚੁੱਕ ਲਿਆ। ਆਕਾਸ਼ਬਾਣੀ ਨੂੰ ਸੁਣ ਕੇ ਰਾਜੇ ਨੇ ਇਸ ਨੂੰ ਆਪਣੀ ਧੀ ਸਮਝ ਕੇ ਪਾਲਿਆ ਕਿਉਂਕਿ ਇਸ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਜਦੋਂ ਸੀਤਾ ਜਵਾਨ ਹੋਈ ਤਾਂ ਉਸ ਦਾ ਵਿਆਹ ਕਰਨ ਲਈ ਰਾਜਾ ਜਨਕ ਨੇ ਸਵੰਬਰ ਰਚਿਆ ਅਤੇ ਸ਼ਿਵ ਧਨੁਸ਼ ਨੂੰ ਤੋੜਨ ਦੀ ਸ਼ਰਤ ਰਖੀ। ਰਾਜਾ ਦਸ਼ਰਥ ਦੇ ਸੁਪੁੱਤਰ ਸ੍ਰੀ ਰਾਮ ਚੰਦਰ ਨੇ, ਜੋ ਉਸ ਸਵੰਬਰ ਵਿਚ ਸ਼ਾਮਲ ਸਨ, ਧਨੁਸ਼ ਤੋੜ ਕੇ ਸੀਤਾ ਨੂੰ ਵਰ ਲਿਆ। ਉਸ ਸਮੇਂ ਵਿਸ਼ਵਾਮਿਤਰ ਵੀ ਸ੍ਰੀ ਰਾਮ ਦੇ ਨਾਲ ਸੀ। ਉਸ ਅਵਸਰ ਤੇ ਰਾਜਾ ਜਨਕ ਦੇ ਖ਼ਾਨਦਾਨ ਦੀਆਂ ਤਿੰਨ ਹੋਰ ਕੰਨਿਆਵਾਂ ਉਰਮਿਲਾ, ਮਾਂਡਵੀ ਅਤੇ ਸ਼ੁਤਕੀਰਤੀ ਦਾ ਵਿਆਹ ਵੀ ਕ੍ਰਮਾਨੁਸਾਰ ਲੱਛਮਣ, ਭਰਤ ਅਤੇ ਸ਼ਤ੍ਰੂਘਨ ਨਾਲ ਕੀਤਾ ਗਿਆ।

ਕਾਲਾਂਤਰ ਵਿਚ ਕੈਕਈ ਨੇ ਵਰ ਮੰਗ ਕੇ ਰਾਮ ਨੂੰ ਚੌਦ੍ਹਾਂ ਵਰ੍ਹਿਆਂ ਦੇ ਬਨਵਾਸ ਤੇ ਭਿਜਵਾਇਆ। ਸੀਤਾ ਅਤੇ ਲੱਛਮਣ ਵੀ ਰਾਮ ਨਾਲ ਬਨਵਾਸ ਗਏ। ਬਨਵਾਸ ਦੇ ਆਖ਼ੀਰਲੇ ਸਾਲ ਰਾਵਣ ਸੀਤਾ ਨੂੰ ਛਲ ਨਾਲ ਉਧਾਲ ਕੇ ਲੈ ਗਿਆ। ਫਲਸਰੂਪ ਰਾਮ-ਰਾਵਣ ਯੁੱਧ ਹੋਇਆ। ਰਾਵਣ ਮਾਰਿਆ ਗਿਆ। ਤਦਉਪਰੰਤ ਸੀਤਾ ਨੇ ਆਪਣੀ ਪਵਿੱਤਰਤਾ ਸਿੱਧ ਕਰਨ ਲਈ ਅਗਨੀ ਪਰੀਖਿਆ ਦਿੱਤੀ। ਤਿੰਨੋਂ ਆਪਣੇ ਬਾਂਦਰ ਸਾਥੀਆਂ ਸਹਿਤ ਅਯੋਧਿਆ ਪਰਤੇ।

ਲੋਕ-ਅਪਵਾਦ ਕਾਰਣ ਰਾਮ ਨੇ ਸੀਤਾ ਨੂੰ ਆਪਣੇ ਘਰ ਵਸਾਉਣੋਂ ਨਾਂਹ ਕਰ ਦਿੱਤੀ। ਗਰਭਵਤੀ ਸੀਤਾ ਨੂੰ ਲੱਛਮਣ ਬਨ ਵਿਚ ਛੱਡ ਆਇਆ, ਜਿਥੋਂ ਬਾਲਮੀਕ ਰਿਸ਼ੀ ਇਸ ਨੂੰ ਆਪਣੇ ਆਸ਼੍ਰਮ ਵਿਚ ਲੈ ਗਿਆ। ਉਥੇ ਹੀ ਸੀਤਾ ਨੇ ਦੋ ਪੁੱਤਰਾਂ (ਲਵ ਅਤੇ ਕੁਸ਼) ਨੂੰ ਜਨਮ ਦਿੱਤਾ। ਇਨ੍ਹਾਂ ਬਾਲਕਾਂ ਦਾ ਪਾਲਣ-ਪੋਸ਼ਣ ਉਥੇ ਹੀ

ਹੋਇਆ। ਬਾਲਮੀਕ ਨੇ ਇਨ੍ਹਾਂ ਨੂੰ ਰਾਮਾਇਣ ਕੰਠ ਕਰਵਾਈ। ਜਦੋਂ ਰਾਮ ਨੇ ਅਸ਼੍ਵਮੇਧ ਯੱਗ ਕੀਤਾ ਤਾਂ ਉਥੇ ਇਹ ਰਾਮਾਇਣ ਸੁਣਾਉਣ ਲਈ ਗਏ। ਇਸੇ ਦੌਰਾਨ ਰਾਮ ਨੇ ਇਨ੍ਹਾਂ ਨੂੰ ਪਛਾਣ ਲਿਆ। ਸੀਤਾ ਨੂੰ ਰਾਜ-ਸਭਾ ਵਿਚ ਬੁਲਾਇਆ ਗਿਆ। ਸੀਤਾ ਦੀ ਪਵਿੱਤਰਤਾ ਦੀ ਵਸਿਸ਼ਠ ਨੇ ਸਾਖੀ ਭਰੀ। ਰਾਮ ਸੀਤਾ ਨੂੰ ਦੁਬਾਰਾ ਅਪਣਾਉਣਾ ਚਾਹੁੰਦੇ ਸਨ, ਪਰ ਸੀਤਾ ਮਨੋਂ ਟੁੱਟ ਚੁਕੀ ਸੀ। ਇਸ ਦੀ ਪ੍ਰਾਰਥਨਾ ਤੇ ਧਰਤੀ ਫੱਟ ਗਈ ਅਤੇ ਸੀਤਾ ਉਸ ਵਿਚ ਸਮਾ ਗਈ। ਸੀਤਾ ਦੇ ਇਸ ਪਵਿੱਤਰ ਸਾਕੇ ਕਾਰਣ ਇਸ ਦੀ ਗਿਣਤੀ ਹਿੰਦੂ ਮਤ ਦੀਆਂ ਪਵਿੱਤਰ ਨਾਰੀਆਂ ਵਿਚ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਨੇ ਰਾਵਣ ਦੁਆਰਾ ਸੀਤਾ-ਹਰਣ ਦੀ ਘਟਨਾ ਵਲ ਸੰਕੇਤ ਕਰਦਿਆਂ ਲਿਖਿਆ ਹੈ —'ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ /ਨਾਨਕ ਕਰਤਾ ਕਰਣਹਾਰੁ ਵੇਖੈ ਥਾਪਿ ਉਥਾਪਿ' (ਆ. ਗ੍ਰੰ. 1412)।

ਸ਼ੀਰੀਂ-ਫ਼ਰਹਾਦ : ਫ਼ਾਰਸੀ ਸਾਹਿੱਤ ਵਿਚ ਵਰਣਿਤ ਇਕ ਰੋਮਾਂਸ ਜਿਸ ਦਾ ਬ੍ਰਿੱਤਾਂਤ ਸਭ ਤੋਂ ਪਹਿਲਾਂ ਫ਼ਿਰਦੌਸੀ ਨੇ ਸੰਨ 1010 ਈ. ਵਿਚ ਲਿਖੇ ਆਪਣੇ ਸ਼ਾਹਨਾਮੇ ਵਿਚ ਕਲਮਬੰਦ ਕੀਤਾ ਹੈ। ਉਸ ਨੇ ਇਸ ਆਖਿਆਨ ਦਾ ਨਾਇਕ ਖੁਸਰੋ ਪਰਵੇਜ਼ ਨੂੰ ਬਣਾਇਆ, ਜੋ ਈਰਾਨ ਦੇ ਸਾਸਾਨੀ ਖ਼ਾਨਦਾਨ ਦਾ ਇਕ ਬਾਦਸ਼ਾਹ ਸੀ। ਉਸ ਨੇ ਫ਼ਰਹਾਦ ਦਾ ਉੱਲੇਖ ਨਹੀਂ ਕੀਤਾ ਅਤੇ ਆਖਿਆਨ ਦੀ ਨੁਹਾਰ ਪ੍ਰੇਮ ਲਈ ਆਤਮ-ਉਤਸਰਗ ਦੀ ਥਾਂ ਸੌਂਕਣ ਸਾੜੇ ਵਾਲੀ ਰਖੀ ਹੈ। ਇਸ ਤੋਂ ਬਾਦ ਕਵੀ ਨਜ਼ਾਮੀ ਗੰਜਵੀ ਨੇ ਸੰਨ 1171 ਈ. ਵਿਚ ਇਸ ਰੋਮਾਂਸ ਨੂੰ 'ਖ਼ੁਸਰੋ-ਵ-ਸ਼ੀਰੀ' ਨਾਂ ਅਧੀਨ ਲਿਖ ਕੇ ਫ਼ਰਹਾਦ ਦਾ ਉੱਲੇਖ ਕੀਤਾ ਹੈ। ਫ਼ਾਰਸੀ ਤੋਂ ਪੰਜਾਬੀ ਸਭਿਆਚਾਰ ਵੱਲ ਯਾਤ੍ਰਾ ਕਰਦਿਆਂ ਇਸ ਦੇ ਕਥਾਨਕ ਵਿਚ ਕਈ ਪਰਿਵਰਤਨ ਹੋਏ; ਪੰਜਾਬੀ ਕਿੱਸਿਆਂ ਦੀਆਂ ਕਈਆਂ ਰੂੜ੍ਹੀਆਂ ਨੂੰ ਅਪਣਾਇਆ ਗਿਆ ਅਤੇ ਇਸ ਤਰ੍ਹਾਂ ਇਕ ਵਿਦੇਸ਼ੀ ਰੋਮਾਂਸ ਦਾ ਮੁਹਾਂਦਰਾ ਬਦਲ ਕੇ ਪੰਜਾਬੀ-ਨੁਮਾ ਹੋ ਗਿਆ।

ਪੰਜਾਬੀ ਸਾਹਿੱਤ ਵਿਚ ਇਸ ਰੋਮਾਂਸ ਦਾ ਪ੍ਰਵੇਸ਼ 'ਪਰਚੀ ਭਾਈ ਅੱਡਣ ਜੀ ਕੀ' ਰਾਹੀਂ ਹੁੰਦਾ ਹੈ ਜਿਸ ਵਿਚ ਭਾਈ ਸਹਿਜ ਰਾਮ (1673-1763 ਈ.) ਨੇ ਭਾਈ ਅੱਡਣ ਸ਼ਾਹ ਤੋਂ ਕਰਵਾਏ ਪ੍ਰਵਚਨ ਵਿਚ ਪਰਮਾਤਮਾ ਨਾਲ ਕੀਤੀ ਜਾਣ ਵਾਲੀ ਪ੍ਰੀਤ ਦਾ ਸਰੂਪ ਸਪੱਸ਼ਟ ਕਰਦਿਆਂ ਸ਼ੀਰੀਂ-ਫ਼ਰਹਾਦ ਦੇ ਪ੍ਰੇਮ ਦਾ ਉਮਮਾਨ ਵਰਤਿਆ ਹੈ। ਇਸ ਤੋਂ ਬਾਦ ਇਸ ਰੋਮਾਂਸ ਦੀ ਕਥਾ ਬਿਆਨ ਕੀਤੀ ਹੈ ਜਿਸ ਵਿਚ ਅਧਿਆਤਮਿਕ ਬਿਰਤੀ ਅਧੀਨ ਕੁਝ ਬਦਲੀ ਕੀਤੀ ਗਈ ਹੈ। ਕਿੱਸਾ ਰੂਪ ਵਿਚ ਇਸ ਦਾ ਵਰਣਨ ਪਹਿਲੀ ਵਾਰ ਕਵੀ ਹਾਸ਼ਮ ਨੇ 'ਸ਼ੀਰੀਂ ਫ਼ਰਹਾਦ ਕੀ ਬਾਰਤਾ' ਵਿਚ ਕੀਤਾ ਹੈ। ਪਰ ਉਸ ਨੇ ਫ਼ਿਰਦੌਸੀ ਅਤੇ ਨਜ਼ਾਮੀ ਗੰਜਵੀ ਦੇ ਕਥਾਨਕ ਤੋਂ ਹਟ ਕੇ ਗੱਲ ਕੀਤੀ ਹੈ। ਇਸ ਸੰਬੰਧੀ ਪਰਵਰਤੀ ਕਵੀਆਂ ਨੇ ਆਲੋਚਨਾ ਵੀ ਕੀਤੀ ਹੈ। ਹਾਸ਼ਮ ਦੇ ਕਿੱਸੇ ਦਾ ਸਾਰਾਂਸ਼ ਇਸ ਪ੍ਰਕਾਰ ਹੈ :

ਸ਼ੀਰੀਂ ਸ਼ਾਮ ਦੇਸ਼ ਦੇ ਇਸਤੰਬੋਲ ਨਗਰ ਵਿਚ ਅਜ਼ੀਜ਼ ਨਾਂ ਦੇ ਬਾਦਸ਼ਾਹ ਦੇ ਘਰ ਪੈਦਾ ਹੋਈ। ਫ਼ਰਹਾਦ ਆਪਣੇ ਪਿਤਾ ਦੇ ਨਾਲ ਅਜ਼ੀਜ਼ ਦੇ ਮਹੱਲ ਵਿਚ ਚਿੱਤਰਕਾਰੀ

ਦਾ ਕੰਮ ਕਰਦਾ ਸੀ। ਇਕ ਵਾਰ ਉਸ ਦੀ ਨਜ਼ਰ ਸ਼ੀਰੀਂ ਉਤੇ ਪੈ ਗਈ, ਬਸ ਉਸ ਦੇ ਪ੍ਰੇਮ ਵਿਚ ਗ਼ਰਕ ਹੋ ਗਿਆ। ਪਿਤਾ ਨੇ ਉਸ ਨੂੰ ਉਦਾਸ ਵੇਖ ਕੇ ਇਲਾਜ ਕਰਾਉਣ ਦਾ ਯਤਨ ਕੀਤਾ, ਪਰ ਕਾਮਯਾਬ ਨਾ ਹੋਇਆ। ਪਿਉ ਦੇ ਮਰਨ ਪਿਛੋਂ ਫ਼ਰਹਾਦ ਸ਼ੀਰੀਂ ਦੇ ਵਿਯੋਗ ਵਿਚ ਦੀਵਾਨਿਆਂ ਵਾਂਗ ਨਗਰ ਦੀਆਂ ਗਲੀਆਂ ਵਿਚ ਫਿਰਨ ਲਗਾ। ਸ਼ੀਰੀਂ ਨੂੰ ਜਦੋਂ ਫ਼ਰਹਾਦ ਦੇ ਪ੍ਰੇਮ ਕਰਨ ਦੀ ਗੱਲ ਦਾ ਪਤਾ ਲਗਾ ਤਾਂ ਉਹ ਵੀ ਵਿਆਕੁਲ ਹੋਣ ਲਗੀ। ਅਜ਼ੀਜ਼ ਨੇ ਫ਼ਰਹਾਦ ਨੂੰ ਗੱਲੋਂ ਲਾਹੁਣ ਲਈ ਕਈ ਉਪਾ ਕੀਤੇ, ਧਮਕੀਆਂ ਦਿੱਤੀਆਂ, ਪਰ ਸਭ ਵਿਅਰਥ। ਆਖਿਰ ਉਸ ਨੇ ਵਜ਼ੀਰਾਂ ਦੀ ਸਲਾਹ ਨਾਲ ਪਹਾੜ ਕਟ ਕੇ ਨਦੀ ਦਾ ਪਾਣੀ ਸ਼ੀਰੀਂ ਦੇ ਬਾਗ਼ ਤਕ ਲਿਆਉਣ ਲਈ ਨਹਿਰ ਪੁਟਣ ਦਾ ਕੰਮ ਫ਼ਰਹਾਦ ਨੂੰ ਸੌਂਪਿਆ। ਫ਼ਰਹਾਦ ਨੇ ਗ਼ੈਬੀ ਸ਼ਕਤੀ ਦੀ ਮੱਦਦ ਨਾਲ ਨਹਿਰ ਪੁਟ ਲਈ। ਅਜ਼ੀਜ਼ ਦੁਬਿਧਾ ਵਿਚ ਫਸ ਗਿਆ। ਉਸ ਨੇ ਫ਼ਰਹਾਦ ਨੂੰ ਇਕ ਫਫੇਕੁਟਣ ਰਾਹੀਂ ਸ਼ੀਰੀਂ ਦੇ ਅਚਾਨਕ ਮਰ ਜਾਣ ਦੀ ਖ਼ਬਰ ਪਹੁੰਚਾਈ। ਫ਼ਰਹਾਦ ਦੁਖਦਾਇਕ ਖ਼ਬਰ ਸੁਣ ਕੇ ਵਿਯੋਗ ਦੀ ਪੀੜ ਨਾ ਸਹਾਰ ਸਕਿਆ ਅਤੇ ਆਪਣੇ ਸਿਰ ਵਿਚ ਤੇਸਾ ਮਾਰ ਕੇ ਮਰ ਗਿਆ। ਸ਼ੀਰੀਂ ਨੂੰ ਜਦ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਮਹੱਲ ਤੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿੱਤੇ। ਸ਼ੀਰੀਂ ਦਾ ਸ਼ਰੀਰ ਕਫ਼ਨ ਵਿਚੋਂ ਨਿਕਲ ਕੇ ਫ਼ਰਹਾਦ ਦੀ ਕਬਰ ਵਿਚ ਪਹੁੰਚ ਗਿਆ।

ਸਪੱਸ਼ਟ ਹੈ ਕਿ ਹਾਸ਼ਮ ਨੇ ਪੰਜਾਬੀ ਕਥਾਨਕ ਰੂੜ੍ਹੀਆਂ ਨੂੰ ਵਰਤ ਕੇ ਕਿੱਸੇ ਦੀ ਨੁਹਾਰ ਕਾਫ਼ੀ ਬਦਲ ਦਿੱਤੀ। 'ਦੁੱਧ ਦੀ ਨਦੀ' ਵੀ 'ਪਾਣੀ ਦੀ ਨਹਿਰ' ਵਿਚ ਬਦਲ ਗਈ। ਉਂਜ ਪਰਵਰਤੀ ਕਵੀਆਂ ਨੇ ਅਧਿਕਤਰ 'ਦੁੱਧ ਦੀ ਨਦੀ' ਲਿਖੀ ਹੈ। ਕਵੀ ਮਨੀ ਰਾਮ ਨੇ ਫ਼ਰਹਾਦ ਦੀ ਇੱਛਾ-ਪੂਰਤੀ ਦੀ ਗੱਲ ਕਰਦਿਆਂ ਲਿਖਿਆ ਹੈ—'ਮਨੀ ਰਾਮ ਫ਼ਰਿਹਾਦ ਫ਼ਕੀਰ ਸੰਦੀ, ਪੂਰੀ ਦਿਲ ਦੀ ਕਦੋਂ ਮੁਰਾਦ ਹੋਊ।' ਵਾਰਿਸ ਸ਼ਾਹ ਨੇ ਆਪਣੀ 'ਹੀਰ' ਵਿਚ ਇਸ ਰੋਮਾਂਸ ਵਲ ਸੰਕੇਤ ਕੀਤਾ ਹੈ—'ਸ਼ੀਰੀਂ ਮਾਰਿਆ ਜਿਵੇਂ ਫ਼ਰਿਹਾਦ ਮੀਆਂ।'

ਪੋਠੋਹਾਰ ਵਿਚ ਇਸ ਰੋਮਾਂਸ ਦਾ ਇਸ ਹੱਦ ਤਕ ਪੰਜਾਬੀਕਰਣ ਕਰ ਦਿੱਤਾ ਗਿਆ ਕਿ ਫ਼ਰਹਾਦ ਦੁਆਰਾ ਪਹਾੜ ਨੂੰ ਚੀਰ ਕੇ ਜੋ ਨਦੀ ਲਿਆਉਂਦੀ ਗਈ, ਉਹ 'ਸੁਆਂ' (ਵੇਖੋ) ਸੀ ਅਤੇ ਸ਼ੀਰੀਂ ਜੇਹਲਮ ਜ਼ਿਲੇ ਦੀ ਚਕਵਾਲ ਤਹਿਸੀਲ ਦੇ ਨੀਲਾ ਪਿੰਡ ਦੇ ਰਾਜਾ ਨੀਲ ਦੀ ਧੀ ਸੀ। ਜਦੋਂ ਫ਼ਰਹਾਦ ਦੀ ਲਾਸ਼ ਅਤੇ ਨਦੀ ਨੀਲੇ ਪਿੰਡ ਕੋਲ ਆ ਕੇ ਰੁਕੇ ਤਾਂ ਸ਼ੀਰੀਂ ਨੇ ਫ਼ਰਹਾਦ ਦੀ ਲਾਸ਼ ਪਛਾਣ ਕੇ ਮਹੱਲ ਉਤੋਂ ਛਾਲ ਮਾਰ ਦਿੱਤੀ ਅਤੇ ਸਥਾਈ ਤੌਰ ਤੇ ਮਹਾ-ਸੰਯੋਗ ਦੀ ਅਵਸਥਾ ਵਿਚ ਪਹੁੰਚ ਗਈ।

ਸੁਅਰਗ : ਵੇਖੋ 'ਸਵਰਗ'।

ਸੁਆਂ/ਸੁਹਾਂ : ਇਕ ਬਰਸਾਤੀ ਨਦੀ ਜੋ ਕੋਹ-ਮਰੀ ਦੇ ਹੇਠੋਂ ਮੁਸਿਆੜੀ ਪਿੰਡ ਕੋਲੋਂ ਨਿਕਲ ਕੇ ਵਲ ਵਲਾਵੇਂ ਖਾਂਦੀ ਅਤੇ ਸੌ ਦੇ ਕਰੀਬ ਨਿੱਕੇ ਨਿੱਕੇ ਕਸਾਂ-ਕਸੀਆਂ ਨੂੰ ਨਾਲ ਲੈਂਦੀ ਲਗਭਗ 210 ਕਿ. ਮੀ. ਦੀ ਯਾਤ੍ਰਾ ਕਰਦੀ ਹੋਈ ਮੱਖੜ ਪਿੰਡ ਕੋਲ ਸਿੰਧ ਨਦੀ ਵਿਚ ਮਿਲ ਜਾਂਦੀ ਹੈ। ਚੋਹਰਾਹ ਪਿੰਡ ਤਕ ਇਹ ਰਮਣੀਕ ਪਹਾੜੀਆਂ ਵਿਚ ਵਗਦੀ ਹੈ

ਅਤੇ ਇਸ ਪਿਛੋਂ ਇਹ ਮੈਦਾਨੀ ਖੇਤਰ ਵਿਚ ਦਾਖ਼ਲ ਹੁੰਦੀ ਹੈ। ਇਸ ਦੀ ਕੁਦਰਤੀ ਸੁੰਦਰਤਾ ਅਤੇ ਰਮਣੀਕਤਾ ਕਰਕੇ ਇਸ ਨੂੰ ਸੋਹਣਾ ਜਾਂ ਸੁਹਾਵਣਾ ਦਰਿਆ ਮੰਨਿਆ ਜਾਣ ਲਗ ਪਿਆ। ਉਸ ਤੋਂ ਇਸ ਦਾ ਵਰਤਮਾਨ ਨਾਂ ਸੁਆਂ/ਸੁਹਾਂ ਲੋਕਾਂ ਵਿਚ ਪ੍ਰਸਿੱਧ ਹੋਇਆ।

ਇਸ ਨੂੰ ਬੜੀ ਬੇਇਤਬਾਰੀ ਅਤੇ ਛਲੇਡੀ ਨਦੀ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਵਗਣ ਵਾਲੇ ਪਾਣੀ ਦੇ ਅਚਾਨਕ ਵਧਣ ਘਟਣ ਦੀ ਇਕ ਅਜਿਹੀ ਵਿਸ਼ੇਸ਼ਤਾ ਹੈ ਕਿ ਜਿਸ ਕਰਕੇ ਕਈ ਵਾਰ ਇਸ ਨੂੰ ਪਾਰ ਕਰਨ ਵਾਲੇ ਵਿਅਕਤੀ ਜਾਂ ਕੰਢੇ ਉਤੇ ਬੈਠ ਕੇ ਕਪੜੇ ਧੋਣ ਵਾਲੀਆਂ ਪਿੰਡਾਂ ਦੀਆਂ ਇਸਤਰੀਆਂ ਰੁੜ੍ਹ ਜਾਂਦੀਆਂ ਹਨ। ਇਸ ਵਿਚ ਉਂਜ ਤਾਂ ਲਗਭਗ ਸਾਰਾ ਸਾਲ ਕੁਝ ਨਿਰਮਲ ਜਲ ਵੱਧ ਘੱਟ ਵਗਦਾ ਰਹਿੰਦਾ ਹੈ, ਪਰ ਬਰਸਾਤਾਂ ਵਿਚ ਪਾਣੀ ਦੀ ਮਿਕਦਾਰ ਬਹੁਤ ਵੱਧ ਜਾਂਦੀ ਹੈ ਅਤੇ ਉਸ ਦਾ ਰੰਗ ਵੀ ਗਦਲਾ ਹੋ ਜਾਂਦਾ ਹੈ।

ਇਹ ਦਰਿਆ ਅਧਿਕਤਰ ਪੋਠੋਹਾਰ ਖੇਤਰ ਵਿਚ ਵਗਦਾ ਹੈ। ਬਹੁਤੇ ਪਿੰਡ ਇਸ ਦੇ ਕੰਢੇ ਵਸੇ ਹੋਏ ਹਨ ਕਿਉਂਕਿ ਇਸ ਤੋਂ ਘਰਾਂ ਵਿਚ ਵਰਤੇ ਜਾਣ ਵਾਲੇ ਪਾਣੀ ਦੀ ਲੋੜ ਪੂਰੀ ਹੁੰਦੀ ਹੈ। ਇਸ ਦੇ ਕੰਢੇ ਉਤੇ ਵਸਦੇ ਲੋਕਾਂ ਦੀਆਂ ਅਨੇਕ ਰੁਮਾਂਟਿਕ ਘਟਨਾਵਾਂ ਇਸ ਨਾਲ ਜੁੜੀਆਂ ਹੋਈਆਂ ਹਨ। ਇਹ ਵੀ ਦਸਿਆ ਜਾਂਦਾ ਹੈ ਕਿ ਸ਼ੀਰੀਂ-ਫ਼ਰਹਾਦ ਦੀ ਪ੍ਰੀਤ-ਕਹਾਣੀ ਵੀ ਇਸ ਦਰਿਆ ਨਾਲ ਸੰਬੰਧਿਤ ਹੈ। ਸ਼ੀਰੀਂ ਦੇ ਕਹੇ ਤੇ ਫ਼ਰਹਾਦ ਨੇ ਮੁਗਿਆੜੀ ਪਿੰਡ ਕੋਲੋਂ ਮਰੀ ਪਹਾੜ ਚੀਰ ਕੇ ਜਦੋਂ ਦਰਿਆ ਸੁਆਂ ਕੱਢ ਲਿਆਉਂਦਾ, ਤਾਂ ਸ਼ੀਰੀਂ ਦੇ ਪਿਤਾ ਨੀਲ ਨੇ ਇਕ ਚਾਲਾਕ ਇਸਤਰੀ ਦੁਆਰਾ ਉਸ ਨੂੰ ਸੂਚਿਤ ਕੀਤਾ ਕਿ ਸ਼ੀਰੀਂ ਦੀ ਤਾਂ ਮ੍ਰਿਤੂ ਹੋ ਗਈ ਹੈ। ਇਹ ਦੁਖਦਾਇਕ ਖ਼ਬਰ ਸੁਣ ਕੇ ਫ਼ਰਹਾਦ ਨੇ ਆਪਣੇ ਸਿਰ ਵਿਚ ਤੇਸਾ ਮਾਰਿਆ। ਉਸ ਦਾ ਲਹੂ ਸੁਆਂ ਦੇ ਜਲ ਵਿਚ ਰਲ ਗਿਆ ਅਤੇ ਲਾਸ਼ ਵੀ ਉਸ ਵਿਚ ਰੁੜ੍ਹਨ ਲਗੀ। ਚਕਵਾਲ ਤਹਿਸੀਲ ਦੇ ਨੀਲਾ ਪਿੰਡ ਕੋਲ ਰਾਜਾ ਨੀਲ ਦੇ ਮਹੱਲ ਪਾਸ ਆ ਕੇ ਦਰਿਆ ਰੁਕ ਗਿਆ। ਮਹੱਲ ਵਿਚੋਂ ਜਦ ਸ਼ੀਰੀਂ ਨੇ ਵੇਖ ਕੇ ਫ਼ਰਹਾਦ ਦੀ ਲਾਸ਼ ਪਛਾਣੀ ਤਾਂ ਉਸ ਨੇ ਵੀ ਛਾਲ ਮਾਰ ਕੇ ਆਪਣੇ ਆਪ ਨੂੰ ਦਰਿਆ ਦੇ ਸਪੁਰਦ ਕਰ ਦਿੱਤਾ। ਉਥੇ ਹੀ ਦੋਹਾਂ ਨੂੰ ਦਫ਼ਨਾ ਦਿੱਤਾ ਗਿਆ। ਉਨ੍ਹਾਂ ਦੀਆਂ ਕਬਰਾਂ ਹੁਣ ਵੀ ਨੀਲਾ ਪਿੰਡ ਨੇੜੇ ਮੌਜੂਦ ਦਸੀਆਂ ਜਾਂਦੀਆਂ ਹਨ।

ਪੋਠੋਹਾਰ ਦੇ ਅਧਿਕਾਂਸ਼ ਪੰਜਾਬੀ ਲੇਖਕ ਇਸ ਦਰਿਆ ਦੇ ਕੰਢੇ ਵਸਣ ਵਾਲੇ ਹਨ। ਉਨ੍ਹਾਂ ਦੇ ਸਾਹਿੱਤ ਵਿਚ ਇਸ ਦਰਿਆ ਦੀ ਰਮਣੀਕਤਾ ਵਲ ਹੋਏ ਅਨੇਕ ਸੰਕੇਤ ਮਿਲ ਜਾਂਦੇ ਹਨ। ਪ੍ਰੋ. ਮੋਹਨ ਸਿੰਘ ਦੀ ਪਹਿਲੀ ਪਤਨੀ ਬਸੰਤ ਦੇ ਪੇਕੇ ਸੁਆਂ ਦੇ ਕੰਢੇ 'ਤੇ ਵਸਦੇ ਸਨ। ਬਸੰਤ ਦੀ ਮ੍ਰਿਤੂ ਤੋਂ ਬਾਦ ਸੁਆਂ ਦੇ ਕੰਢੇ ਬੈਠ ਕੇ ਬੀਤੇ ਸਮੇਂ ਦੀਆਂ ਯਾਦਾਂ ਵਿਚ ਗੁੰਮਿਆਂ ਕਵੀ ਲਿਖਦਾ ਹੈ — 'ਬੈਠ ਸੁਹਾਂ ਦੀ ਉਚੀ ਕੰਧੀ,/ਹੱਸ ਨ ਰਹਿੰਦੀ ਦੁਨੀਆਂ ਸੰਦੀ,/ਜਿਉਂ ਜਿਉਂ ਰੁਮਕੇ ਹਵਾ, ਪੁਰੇ ਦੀ,/ਤਿਉਂ ਤਿਉਂ ਆਵਣ ਪਿਆਰੀ/ਯਾਦਾਂ ਤੇਰੀਆਂ।'

ਸੁਹਰਾਬ : ਰੁਸਤਮ ਪਹਿਲਵਾਨ ਦਾ ਪੁੱਤਰ। ਵੇਖੋ 'ਰੁਸਤਮ'।

ਸੁਕਦੇਵ, ਰਿਸ਼ੀ : ਭਾਰਤੀ ਮਿਥਿਹਾਸ ਦਾ ਇਕ ਪ੍ਰਸਿੱਧ ਰਿਸ਼ੀ ਜੋ ਵਿਆਸ ਦਾ ਪੁੱਤਰ

ਸੀ। ਵਿਆਸ ਨੇ ਪੁੱਤਰ-ਪ੍ਰਾਪਤੀ ਦੀ ਇੱਛਾ ਨਾਲ ਬਹੁਤ ਕਠੋਰ ਤਪੱਸਿਆ ਕੀਤੀ। ਸ਼ਿਵ ਨੇ ਪ੍ਰਸੰਨ ਹੋ ਕੇ ਇਕ ਤੇਜਸਵੀ ਪੁੱਤਰ ਪ੍ਰਾਪਤ ਹੋਣ ਦਾ ਵਰਦਾਨ ਦਿੱਤਾ। 'ਮਹਾਭਾਰਤ' ਅਤੇ 'ਦੇਵੀ ਭਾਗਵਤ ਪੁਰਾਣ' ਅਨੁਸਾਰ ਇਕ ਦਿਨ ਅੱਗ ਕੱਢਣ ਲਈ ਵਿਆਸ ਮੁਨੀ ਅਰਣੀ ਲਕੜੀ ਦੇ ਦੋ ਟੁਕੜਿਆਂ ਨੂੰ ਰਗੜ ਰਿਹਾ ਸੀ। ਉਦੋਂ ਉਥੇ ਘ੍ਰਿਤਾਚੀ ਨਾਂ ਦੀ ਅਪੱਛਰਾ ਆ ਗਈ। ਉਸ ਨੂੰ ਵੇਖ ਕੇ ਵਿਆਸ ਦੇ ਮਨ ਵਿਚ ਕਾਮ ਉਜਾਗਰ ਹੋ ਗਿਆ। ਅਪੱਛਰਾ ਸ਼ੁਕੀ (ਤੋਤੀ) ਦਾ ਰੂਪ ਧਾਰਣ ਕਰਕੇ ਉਥੋਂ ਖਿਸਕ ਗਈ, ਪਰ ਵਿਆਸ ਵਿਚਾਰ-ਮਗਨ ਅਵਸਥਾ ਵਿਚ ਅਰਣੀ ਰਗੜਦਾ ਰਿਹਾ। ਕਾਮ-ਪੀੜਿਤ ਹੋਣ ਕਾਰਣ ਉਸ ਦਾ ਵੀਰਜ ਅਰਣੀ ਉਤੇ ਡਿਗ ਪਿਆ। ਇਸ ਤਰ੍ਹਾਂ ਅਰਣੀ ਦੇ ਨਾਲ ਵੀਰਜ ਦੀ ਵੀ ਰਗੜਾਈ ਹੁੰਦੀ ਰਹੀ। ਅਰਣੀ ਦੇ ਗਰਭ ਵਿਚੋਂ ਸ਼ੁਕ ਪ੍ਰਗਟ ਹੋਇਆ। ਵਿਆਸ ਨੇ ਇਸ ਦਾ ਜਾਤ-ਕਰਮ ਕੀਤਾ ਅਤੇ ਸ਼ੁਕੀ ਉਤੇ ਮੋਹਿਤ ਹੋਣ ਕਾਰਣ ਇਸ ਦਾ ਨਾਂ 'ਸ਼ੁਕ' ਰਖਿਆ।

ਵੱਡਾ ਹੋਣ ਤੇ ਸ਼ੁਕਦੇਵ ਨੂੰ ਵਿਆਸ ਨੇ ਕਾਫ਼ੀ ਵਿਦਿਆ ਅਧਿਐਨ ਕਰਾਇਆ। ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਇਸ ਨੂੰ ਰਾਜਾ ਜਨਕ ਪਾਸ ਭੇਜਿਆ। ਉਥੇ ਜਾਣ ਤੇ ਇਸ ਨੇ ਵੇਖਿਆ ਕਿ ਜਨਕ ਆਪਣੀ ਇਕ ਟੰਗ ਸੁੰਦਰ ਇਸਤਰੀਆਂ ਤੋਂ ਘੁਟਵਾ ਰਿਹਾ ਹੈ ਅਤੇ ਦੂਜੀ ਨੂੰ ਅੱਗ ਵਿਚ ਰਖਿਆ ਹੋਇਆ ਹੈ। ਇਹ ਦੋਵੇਂ ਕਰਮ ਸੁਖ-ਦੁਖ ਨੂੰ ਸਮਾਨ ਸਮਝਣ ਦਾ ਸੰਕੇਤ ਕਰਦੇ ਸਨ। ਸ਼ੁਕਦੇਵ ਨੇ ਰਾਜੇ ਨੂੰ ਗੁਰੂ ਧਾਰਣ ਕਰਨ ਦੀ ਇੱਛਾ ਪ੍ਰਗਟ ਕੀਤੀ। ਪਰੀਖਿਆ ਲੈਣ ਲਈ ਜਨਕ ਨੇ ਇਸ ਨੂੰ ਸੱਤ ਦਿਨ ਬਾਹਰ ਖੜਾ ਰਖਿਆ। ਘੱਗ ਦੀਆਂ ਜੂਠਾਂ ਇਸ ਦੇ ਸਿਰ ਉਤੇ ਸੁਟੀਆਂ ਜਾਂਦੀਆਂ ਰਹੀਆਂ, ਪਰ ਇਹ ਸਭ ਕੁਝ ਸਹਿਜ ਅਵਸਥਾ ਵਿਚ ਸਹਿੰਦਾ ਰਿਹਾ। ਜਨਕ ਨੇ ਪ੍ਰਸੰਨ ਹੋ ਕੇ ਇਸ ਨੂੰ ਸਾਰਾ 'ਭਾਗਵਤ ਪੁਰਾਣ' ਪੜ੍ਹਾਇਆ। ਇਸ ਘਟਨਾ ਦਾ ਉੱਲੇਖ ਕਰਦਿਆਂ ਗੁਰੂ ਰਾਮਦਾਸ ਜੀ ਨੇ ਕਿਹਾ ਹੈ—'ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀ ਲਗਿ ਧਿਆਵੈਗੋ।/ ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ' (ਅ. ਗ੍ਰੰ. 1309)।

'ਭਾਗਵਤ ਪੁਰਾਣ' ਵਿਚ ਇਸ ਦੇ ਜਨਮ ਬਾਰੇ ਲਿਖਿਆ ਹੈ ਕਿ ਇਕ ਵਾਰ ਪਾਰਬਤੀ ਨੂੰ ਸ਼ਿਵ ਅਮਰ-ਕਥਾ ਸੁਣਾ ਰਿਹਾ ਸੀ। ਕਥਾ ਸੁਣਦਿਆਂ ਸੁਣਦਿਆਂ ਪਾਰਵਤੀ ਸੌਂ ਗਈ। ਉਸ ਦੀ ਥਾਂ ਤੇ ਇਕ ਤੋਤੇ ਦੇ ਅੰਡੇ ਵਿਚੋਂ ਨਿਕਲਿਆ ਬੱਚਾ ਹੁੰਗਾਰਾ ਭਰਦਾ ਰਿਹਾ। ਸ਼ਿਵ ਨੂੰ ਇਸ ਗੱਲ ਦਾ ਪਤਾ ਲਗਣ ਤੇ ਡਰ ਦੇ ਮਾਰੇ ਤੋਤੇ ਦਾ ਬੱਚਾ ਉਥੋਂ ਭਜ ਕੇ ਵਿਆਸ ਦੀ ਪਤਨੀ ਦੇ ਗਰਭ ਵਿਚ ਦਾਖ਼ਲ ਹੋ ਗਿਆ ਅਤੇ ਕਾਲਾਂਤਰ ਵਿਚ ਸ਼ੁਕ ਦੇ ਰੂਪ ਵਿਚ ਪ੍ਰਗਟ ਹੋਇਆ। ਇਹ ਬਹੁਤ ਸੂਝਵਾਨ ਅਤੇ ਬ੍ਰਹਮ ਗਿਆਨੀ ਸੀ ਅਤੇ ਬਸਤ੍ਰ-ਹੀਨ ਅਵਸਥਾ ਵਿਚ ਰਹਿੰਦਾ ਸੀ।

ਇਕ ਹੋਰ ਪੌਰਾਣਿਕ ਆਖਿਆਨ ਅਨੁਸਾਰ ਇਕ ਵਾਰ ਜੰਗਲ ਵਿਚ ਸ਼ਿਕਾਰ ਖੇਡਦੇ ਰਾਜਾ ਪਰੀਕ੍ਸ਼ਿਤ ਨੂੰ ਪਿਆਸ ਲਗੀ ਤਾਂ ਉਹ ਸ਼ਮੀਕ ਮੁਨੀ ਦੇ ਆਸ਼੍ਰਮ ਵਿਚ ਪਾਣੀ ਪੀਣ ਲਈ ਗਿਆ। ਸਮਾਧੀ ਵਿਚ ਜੁੜੇ ਮੁਨੀ ਨੇ ਰਾਜੇ ਵਲ ਧਿਆਨ ਨਾ ਦਿੱਤਾ। ਗੁੱਸੇ

ਵਿਚ ਉਸ ਦੇ ਗੱਲ ਵਿਚ ਇਕ ਮਰਿਆ ਹੋਇਆ ਸੱਪ ਪਾ ਕੇ ਰਾਜਾ ਉਥੋਂ ਚਲਦਾ ਬਣਿਆ। ਜਦੋਂ ਉਸ ਦਾ ਪੁੱਤਰ ਸ਼੍ਰਿੰਗੀ ਆਇਆ ਤਾਂ ਉਸ ਨੇ ਸਾਰੀ ਗੱਲ ਜਾਣ ਕੇ ਰਾਜੇ ਨੂੰ ਸਰਾਪ ਦਿੱਤਾ ਕਿ ਉਸ ਦੀ ਮ੍ਰਿਤੂ ਸੱਤਵੇਂ ਦਿਨ ਸੱਪ ਲੜਨ ਨਾਲ ਹੋਵੇਗੀ। ਰਾਜਾ ਬਹੁਤ ਡਰਿਆ, ਬੱਚਣ ਲਈ ਅਨੇਕ ਉਪਾ ਕਰਨ ਲਗਾ। ਉਥੇ ਸੁਕਦੇਵ ਮੁਨੀ ਨੇ ਪਹੁੰਚ ਕੇ ਰਾਜੇ ਦੇ ਕਲਿਆਣ ਲਈ ਸੱਤ ਦਿਨ ਭਾਗਵਤ ਦੀ ਕਥਾ ਸੁਣਾਈ। ਸੱਤਵੇਂ ਦਿਨ ਰਾਜੇ ਦੀ ਮ੍ਰਿਤੂ ਹੋ ਗਈ। ਕਲ੍ਹ ਭੱਟ ਨੇ ਗੁਰੂ ਨਾਨਕ ਦੇਵ ਦਾ ਯਸ਼ਗਾਨ ਕਰਨ ਵਾਲਿਆਂ ਵਿਚ ਸੁਕਦੇਵ ਦਾ ਨਾਂ ਵੀ ਗਿਣਿਆ ਹੈ—'ਸੁਖਦੇਉ ਪਰੀਖ੍ਯਤੁ ਸੁਣ ਰਵੈ ਗੌਤਮ ਰਿਖਿ ਜਸੁ ਗਾਇਓ' (ਅ. ਗ੍ਰੰ. 1390)।

ਸੁਕਰਾਤ : ਯੂਨਾਨ ਦੇ ਪ੍ਰਸਿੱਧ ਤਰਕ-ਸ਼ਾਸਤ੍ਰੀ ਸੁਕਰਾਤ (Socrates) ਦਾ ਜਨਮ 470 ਈ. ਪੂ. ਦੇ ਨੇੜੇ-ਤੇੜੇ ਏਥੇਂਸ (Athens) ਵਿਚ ਸੌਫਰੋਨਿਸਕਸ ਦੇ ਘਰ ਫਿਨਾਰੇਟੀ ਦੀ ਕੁੱਖੋਂ ਹੋਇਆ। ਕਿੱਤੇ ਵਜੋਂ ਇਸ ਦਾ ਪਿਤਾ ਇਕ ਬੁੱਤਘਾੜਾ ਅਤੇ ਮਾਤਾ ਦਾਈ ਸੀ। ਇਸ ਨੇ ਆਪਣਾ ਮੁੱਢਲਾ ਜੀਵਨ ਇਕ ਸੈਨਿਕ ਵਜੋਂ ਸ਼ੁਰੂ ਕੀਤਾ। ਪਰ ਇਹ ਉਸ ਵਕਤ ਯੂਨਾਨ ਵਿਚ ਪਸਰੇ ਧਾਰਮਿਕ ਪਾਖੰਡਾਂ, ਸਮਾਜਿਕ ਕੁਰੀਤੀਆਂ ਅਤੇ ਰਾਜਨੈਤਿਕ ਕੁਚਕਰਾਂ ਤੋਂ ਬਹੁਤ ਅਸੰਤੁਸ਼ਟ ਹੋ ਗਿਆ। ਫਲਸਰੂਪ ਇਸ ਨੇ ਆਪਣੇ ਨਵੇਂ ਵਿਚਾਰ ਲੋਕਾਂ ਸਾਹਮਣੇ ਰਖਣੇ ਸ਼ੁਰੂ ਕੀਤੇ। ਇਹ ਸ਼ਹਿਰਾਂ ਦੀਆਂ ਗੱਲੀਆਂ ਅਤੇ ਬਾਜ਼ਾਰਾਂ ਵਿਚ ਮਨ-ਮਰਜ਼ੀ ਨਾਲ ਫਿਰਦਾ ਰਹਿੰਦਾ ਅਤੇ ਸਾਧਾਰਣ ਜਨਤਾ ਵਿਚ ਵਿਚਰ ਕੇ ਉਨ੍ਹਾਂ ਦੀਆਂ ਪੁੱਛਾਂ ਦਾ ਬੜੀ ਸਿਆਣਪ ਅਤੇ ਦਲੀਲ ਨਾਲ ਜਵਾਬ ਦਿੰਦਾ ਅਤੇ ਆਪਣਾ ਦ੍ਰਿਸ਼ਟੀਕੋਣ ਉਨ੍ਹਾਂ ਸਾਹਮਣੇ ਰਖਦਾ।

ਕਿਹਾ ਜਾਂਦਾ ਹੈ ਕਿ ਇਸ ਦੇ ਤਰਕ ਦੇ ਸਾਹਮਣੇ ਵੱਡੇ-ਵੱਡੇ ਵਿਦਵਾਨ ਟਿਕ ਨਹੀਂ ਸਕਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਵਕਤ ਦੇ ਪਰੰਪਰਾਗਤ ਅਤੇ ਰੂੜ੍ਹੀਵਾਦੀ ਵਿਦਵਾਨ ਇਸ ਦੇ ਵਿਰੁੱਧ ਹੋ ਗਏ। ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਆਧਾਰ ਤੇ ਤਦਵਕਤੀ ਸਰਕਾਰ ਨੇ ਸੁਕਰਾਤ ਉਤੇ ਸਨਾਤਨੀ ਧਰਮ ਦਾ ਵਿਰੋਧੀ ਅਤੇ ਨਵੀਂ ਵਿਚਾਰਧਾਰਾ ਦਾ ਸੰਚਾਲਕ ਹੋਣ ਕਾਰਣ ਨੌਜਵਾਨਾਂ ਨੂੰ ਗੁਮਰਾਹ ਕਰਨ ਵਾਲਾ, ਆਦਿ ਦੋਸ਼ ਲਗਾ ਕੇ ਇਸ ਨੂੰ ਜ਼ਹਿਰ ਦਾ ਪਿਆਲਾ ਪੀਣ ਲਈ ਮਜਬੂਰ ਕੀਤਾ। ਮ੍ਰਿਤੂ ਦਾ ਭੈ ਉਸ ਨੂੰ ਆਪਣੀਆਂ ਦਾਰਸ਼ਨਿਕ ਸਥਾਪਨਾਵਾਂ ਤੋਂ ਵਿਚਲਿਤ ਨਾ ਕਰ ਸਕਿਆ। ਇਸ ਤਰ੍ਹਾਂ 70 ਵਰ੍ਹੇ ਜੀਵਨ ਭੋਗ ਕੇ ਇਸ ਚਿੰਤਕ ਦਾ 399 ਈ. ਪੂ. ਵਿਚ ਦੇਹਾਂਤ ਹੋ ਗਿਆ। ਇਸ ਦੇ ਮਤ-ਅਨੁਯਾਈਆਂ ਜਾਂ ਪੈਰੋਕਾਰਾਂ ਵਿਚੋਂ ਅਫ਼ਲਾਤੂਨ ਦਾ ਨਾਂ ਜਗਤ ਪ੍ਰਸਿੱਧ ਹੈ।

ਸੁਕਰਾਤ ਦੀ ਵਿਚਾਰਧਾਰਾ ਦਾ ਕੋਈ ਸੰਕਲਨ ਜਾਂ ਗ੍ਰੰਥ ਨਹੀਂ ਮਿਲਦਾ। ਹਾਂ ਅਫ਼ਲਾਤੂਨ ਦੇ ਰਚੇ ਸੰਵਾਦਾਂ ਅਤੇ ਜ਼ੈਨੋਫ਼ਨ ਦੇ ਰਚੇ ਯਾਦਗਾਰੀ ਤੱਥਾਂ (memorab.lia) ਵਿਚੋਂ ਇਸ ਦੀ ਵਿਚਾਰਧਾਰਾ ਦਾ ਗਿਆਨ ਹੁੰਦਾ ਹੈ। ਸਾਤਵਿਕ ਰੁਚੀਆਂ ਵਾਲੇ ਇਸ ਵਿਦਵਾਨ ਨੇ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਸੁਆਮੀ, ਸਰਵ-ਵਿਆਪਕ ਅਤੇ ਸਰਵ-ਸ਼ਕਤੀਵਾਨ ਮੰਨਿਆ ਹੈ। ਆਤਮਾ ਅਮਰ ਹੈ, ਇਹ ਕਦੇ ਨਹੀਂ ਮਰਦੀ, ਇਸ

ਲਈ ਮ੍ਰਿਤੂ ਤੋਂ ਭੈ-ਭੀਤ ਹੋਣਾ ਅਨੁਚਿਤ ਹੈ। ਮਿਥ ਸਿਰਜਨਾ ਕਵੀਆਂ ਦੀ ਕਲਪਨਾ ਦਾ ਵਿਲਾਸ ਹੈ। ਮਨੁੱਖ ਦੇ ਸੱਚੇ ਪਥ-ਪ੍ਰਦਰਸ਼ਕ ਦੇਵਤੇ ਹਨ। ਰਾਜਨੀਤੀ ਵਿਚ ਇਸ ਨੇ ਜਨਤਾ ਦੇ ਹਿੱਤ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਉਹੀ ਰਾਜਨੀਤੀ ਲੋਕ-ਕਲਿਆਣ ਲਈ ਉਪਯੋਗੀ ਸਿੱਧ ਹੋ ਸਕਦੀ ਹੈ ਜਿਸ ਦਾ ਆਧਾਰ ਸਭ ਦਾ ਭਲਾ ਕਰਨਾ ਹੋਵੇ। ਇਸ ਤਰ੍ਹਾਂ ਸੁਕਰਾਤ ਪਰੰਪਰਾ ਤੋਂ ਹਟ ਕੇ ਇਕ ਮੌਲਿਕ ਚਿੰਤਕ ਤੋਂ ਇਲਾਵਾ ਗੈਬੀ ਗੱਲਾਂ ਨੂੰ ਜਾਣਨ ਵਾਲਾ ਰਹੱਸਵਾਦੀ ਸਾਧਕ ਸੀ। ਕਵੀ ਹਰਿੰਦਰ ਮਹਿਬੂਬ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਫਿਰਨ ਜਾਸੂਸ ਵਾਂਗ ਹਰ ਪਾਸੇ/ਵਿਸ ਘੋਲ ਸੁਕਰਾਤ ਦੇ ਕਾਸੇ।'

ਸ਼ੁਕ੍ਰਾਚਾਰਯ : ਇਹ ਅਸੁਰਾਂ/ਦੈਂਤਾਂ ਦਾ ਪੁਰੋਹਿਤ ਜਾਂ ਗੁਰੂ ਹੋਣ ਨਾਤੇ ਬਹੁਤ ਪ੍ਰਸਿੱਧ ਹੈ। ਬਲੀ ਰਾਜੇ ਦਾ ਵੀ ਇਹ ਗੁਰੂ ਸੀ ਅਤੇ ਉਸ ਦੇ ਰਾਜ-ਦਰਬਾਰ ਵਿਚ ਇਸ ਦਾ ਬੜਾ ਆਦਰ ਮਾਣ ਸੀ। ਇਹ ਭ੍ਰਿਗੂ ਰਿਸ਼ੀ ਦੇ ਘਰ ਹਿਰਣ੍ਯਕਸ਼ਿਪੁ ਦੀ ਪੁੱਤਰੀ ਦਿਵ੍ਯਾ ਦੀ ਕੁੱਖੋਂ ਪੈਦਾ ਹੋਇਆ। ਇਸ ਦਾ ਪਹਿਲਾ ਨਾਂ ਸ਼ੁਕ੍ਰ ਉਸ਼ਨਸ ਸੀ। ਇਸ ਦੀ ਪਤਨੀ ਦਾ ਨਾਂ ਸ਼ਤਪਰਣਾ ਜਾਂ ਸੁਸ਼ਮਾ ਸੀ। ਇਸ ਦੀ ਪੁੱਤਰੀ ਦੇਵਯਾਨੀ ਦਾ ਵਿਆਹ ਪ੍ਰਸਿੱਧ ਚੰਦ੍ਰਵੰਸ਼ੀ ਰਾਜਾ ਯਯਾਤੀ ਨਾਲ ਹੋਇਆ ਸੀ। ਭ੍ਰਿਗੂ ਦਾ ਪੁੱਤਰ ਹੋਣ ਕਾਰਣ ਇਸ ਨੂੰ 'ਭਾਰਗਵ' ਵੀ ਕਿਹਾ ਜਾਂਦਾ ਹੈ।

ਪੁਰਾਣ-ਸਾਹਿੱਤ ਵਿਚ ਇਸ ਸੰਬੰਧੀ ਕਈ ਉਪਾਖਿਆਨ ਮਿਲਦੇ ਹਨ। ਇਕ ਪ੍ਰਸੰਗ ਅਨੁਸਾਰ ਪਹਿਲਾਂ ਇਹ ਅੰਗਿਰਸ ਰਿਸ਼ੀ ਦਾ ਸ਼ਿਸ਼ ਬਣਿਆ ਪਰੰਤੂ ਰਿਸ਼ੀ ਦਾ ਆਪਣੇ ਪੁੱਤਰ ਵਲ ਵਿਸ਼ੇਸ਼ ਉਲਾਰ ਸੀ। ਫਲਸਰੂਪ, 'ਸ਼ਿਵ ਪੁਰਾਣ' (11/14) ਅਨੁਸਾਰ ਇਸ ਨੇ ਸ਼ੰਕਰ/ਮਹਾਦੇਵ ਦੀ ਆਰਾਧਨਾ ਕਰਕੇ ਮ੍ਰਿਤ-ਸੰਜੀਵਨੀ-ਵਿਦਿਆ (ਮ੍ਰਿਤ੍ਯੁੰਜਯ ਮੰਤ੍ਰ) ਪ੍ਰਾਪਤ ਕੀਤੀ। ਇਸ ਦੇ ਬਲ ਕਰਕੇ ਦੇਵਤਿਆਂ ਅਤੇ ਅਸੁਰਾਂ ਦੀਆਂ ਲੜਾਈਆਂ ਵਿਚ ਅਸੁਰ ਅਨੇਕ ਵਾਰ ਜਿੱਤੇ। ਦੈਂਤਾਂ/ਅਸੁਰਾਂ ਦਾ ਗੁਰੂ ਹੋਣ ਨਾਤੇ ਇਸ ਨੂੰ 'ਅਸੁਰਾਚਾਰਯ' ਵੀ ਕਿਹਾ ਜਾਂਦਾ ਹੈ।

'ਹਰਿਵੰਸ਼ ਪੁਰਾਣ' ਅਤੇ 'ਦੇਵੀ ਭਾਗਵਤ ਪੁਰਾਣ' ਅਨੁਸਾਰ ਇਸ ਨੇ ਦੇਵਤਿਆਂ ਤੋਂ ਦੈਂਤਾਂ (ਅਸੁਰਾਂ) ਦੀ ਰੱਖਿਆ ਲਈ ਸ਼ਿਵ ਪਾਸ ਬੇਨਤੀ ਕੀਤੀ। ਸ਼ਿਵ ਨੇ ਵਰ-ਪ੍ਰਾਪਤੀ ਲਈ ਸ਼ੁਕ੍ਰ ਨੂੰ ਬਹੁਤ ਔਖੀ ਤਪੱਸਿਆ ਦਸੀ। ਸ਼ੁਕ੍ਰ ਨੇ ਸ਼ਿਵ ਦੇ ਕਹੇ ਤੇ ਪੁਠਿਆਂ ਲਟਕ ਕੇ ਇਕ ਹਜ਼ਾਰ ਸਾਲ ਤਕ ਤੂੜੀ ਦਾ ਧੂਆਂ ਪਾਨ ਕੀਤਾ। ਉਧਰ ਮੌਕਾ ਤਾੜ ਕੇ ਦੇਵਤਿਆਂ ਨੇ ਦੈਂਤਾਂ ਉਤੇ ਹਮਲਾ ਕਰ ਦਿੱਤਾ। ਵਿਸ਼ਣੂ ਨੇ ਸ਼ੁਕ੍ਰ ਦੀ ਮਾਂ ਮਾਰ ਦਿੱਤੀ ਜਿਸ ਨੂੰ ਬਾਦ ਵਿਚ ਸ਼ੁਕ੍ਰ ਨੇ ਜਿਵਾ ਲਿਆ। ਪਰ ਦੇਵਤੇ ਫਿਰ ਵੀ ਡਰਦੇ ਸਨ ਕਿ ਜੇ ਸ਼ੁਕ੍ਰ ਦੀ ਤਪੱਸਿਆ ਪੂਰੀ ਹੋ ਗਈ ਤਾਂ ਉਨ੍ਹਾਂ ਨੂੰ ਬਹੁਤ ਦੁਖ ਦੇਵੇਗਾ। ਸੋਚ ਵਿਚਾਰ ਕੇ ਇੰਦਰ ਨੇ ਆਪਣੀ ਪੁੱਤਰੀ ਜਯੰਤੀ ਨੂੰ ਸ਼ੁਕ੍ਰ ਦੀ ਤਪੱਸਿਆ ਭੰਗ ਕਰਨ ਲਈ ਭੇਜਿਆ। ਪਰ ਹਠੀ ਸ਼ੁਕ੍ਰ ਨੇ ਵਿਚਲਿਤ ਹੋਏ ਬਿਨਾ ਤਪੱਸਿਆ ਪੂਰੀ ਕਰ ਲਈ। ਫਿਰ ਜਯੰਤੀ ਨਾਲ ਵਿਆਹ ਵੀ ਕੀਤਾ।

ਇਕ ਹੋਰ ਉਪਾਖਿਆਨ ਅਨੁਸਾਰ ਜਦੋਂ ਵਿਸ਼ਣੂ ਨੇ ਵਾਮਨ ਅਵਤਾਰ ਦੇ ਰੂਪ ਵਿਚ

ਬਲੀ ਰਾਜੇ ਕੋਲੋਂ ਤਿੰਨ ਕਦਮ ਧਰਤੀ ਮੰਗੀ, ਤਾਂ ਸ਼ੁਕ੍ਰਾਚਾਰਯ ਵਾਮਨ ਦੇ ਵਾਸਤਵਿਕ ਸਰੂਪ ਨੂੰ ਸਮਝ ਗਿਆ। ਇਸ ਨੇ ਬਲੀ ਨੂੰ ਤਿੰਨ ਕਦਮ ਧਰਤੀ ਸੰਕਲਪ ਕਰਨੋਂ ਰੋਕਿਆ। ਬਲੀ ਦੇ ਨਾ ਰੁਕਣ 'ਤੇ ਇਹ ਉਥੋਂ ਰੁਸ ਕੇ ਚਲਾ ਗਿਆ। 'ਦਸਮਗ੍ਰੰਥ' ਵਿਚਲੇ ਵਾਮਨ-ਅਵਤਾਰ ਪ੍ਰਸੰਗ ਵਿਚ ਇਹ ਸੰਕਲਪ ਕਰਨ ਲਈ ਲਿਆਉਂਦੇ ਜਲ ਦੇ ਕਮੰਡਲ ਦੀ ਟੋਟਨੀ ਵਿਚ ਬੈਠ ਗਿਆ। ਪਾਣੀ ਨਾ ਨਿਕਲਣ ਕਾਰਣ ਵਾਮਨ ਨੇ ਬਲੀ ਨੂੰ ਟੋਟਨੀ ਵਿਚ ਤੀਲਾ ਮਾਰਨ ਲਈ ਕਿਹਾ। ਤੀਲਾ ਮਾਰਨ ਨਾਲ ਸ਼ੁਕ੍ਰਾਚਾਰਯ ਦੀ ਇਕ ਅੱਖ ਫੁਟ ਗਈ। ਰਾਜੇ ਨੇ ਉਸ ਵਿਚੋਂ ਨਿਕਲੇ ਪਾਣੀ ਨਾਲ ਹੀ ਧਰਤੀ ਸੰਕਲਪ ਕਰ ਦਿੱਤੀ।

ਇਸ ਨੇ 'ਬਾਰਹ੍ਸਪਤ੍ਯ ਸ਼ਾਸਤ੍ਰ' ਨਾਂ ਦੇ ਇਕ ਗ੍ਰੰਥ ਦੀ ਰਚਨਾ ਕੀਤੀ ਜਿਸ ਵਿਚ ਇਕ ਹਜ਼ਾਰ ਅਧਿਆਇ ਹਨ। ਇਹ ਰਾਜ-ਸ਼ਾਸਤ੍ਰ ਦਾ ਉੱਘਾ ਵਿਦਵਾਨ ਸੀ। ਇਸ ਦਾ ਅਧਿਕ ਵਿਸ਼ਵਾਸ ਦੰਡਨੀਤੀ ਵਿਚ ਸੀ। ਇਸ ਨੂੰ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਦੇ ਬਰਾਬਰ ਸੂਝਵਾਨ ਸਮਝਿਆ ਜਾਂਦਾ ਹੈ।

ਪੰਜਾਬੀ ਸਾਹਿੱਤ ਵਿਚ ਇਸ ਨੂੰ ਨੀਤੀ-ਵੇਤਾ ਦੇ ਰੂਪ ਵਿਚ ਚਿੱਤਰਿਆ ਗਿਆ ਹੈ। ਭਗਤ ਨਾਮਦੇਵ ਨੇ ਮਲਾਰ ਰਾਗ ਵਿਚ ਇਸ ਨੂੰ ਰੱਬ ਦੇ ਦੁਆਰ ਦਾ ਸ਼ਿਰੋਮਣੀ ਕੋਤਵਾਲ ਲਿਖਿਆ ਹੈ—'ਜਾਂਚੈ ਘਰਿ ਲਛਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ।' ਭਾਈ ਗੁਰਦਾਸ ਨੇ ਇਸ ਨੂੰ ਬਲੀ ਰਾਜੇ ਦਾ ਪੁਰੋਹਿਤ ਦਸਿਆ ਹੈ—'ਅਛਲੁ ਛਲਨਿ ਤਪੁ ਆਇਆ ਸੁਕ੍ਰ ਪੁਰੋਹਿਤੁ ਕਹਿ ਸਮਝਾਵੈ' (10/3)।

ਸੁਖਦੇਓ : ਵੇਖੋ 'ਸ਼ੁਕਦੇਵ'।

ਸੁਖਦੇਵ : ਭਗਤ ਸਿੰਘ ਦਾ ਇਕ ਕ੍ਰਾਂਤੀਕਾਰੀ ਸਾਥੀ। ਵੇਖੋ 'ਭਗਤ ਸਿੰਘ, ਸ਼ਹੀਦ'।

ਸੁਖਮਨੀ, ਬਾਣੀ : ਗੁਰੂ ਗ੍ਰੰਥ ਸਾਹਿਬ ਦੇ ਗਉੜੀ ਰਾਗ ਵਿਚ ਸੰਕਲਿਤ ਇਸ ਬਾਣੀ ਵਿਚ ਗੁਰੂ ਅਰਜਨ ਦੇਵ ਨੇ ਨਾਮ-ਸਿਮਰਨ ਦੇ ਪ੍ਰਕਾਰਜ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੀਆਂ ਅਵਸਥਾਵਾਂ ਦਾ ਬੜੀ ਸੁੰਦਰ ਰੀਤੀ ਨਾਲ ਚਿਤ੍ਰਣ ਕੀਤਾ ਹੈ। ਇਸ ਬਾਣੀ ਦੀ ਰਚਨਾ ਕਦ ਹੋਈ, ਇਸ ਬਾਰੇ ਕੋਈ ਪੱਕਾ ਪ੍ਰਮਾਣ ਉਪਲਬਧ ਨਹੀਂ ਹੈ। ਆਮ ਧਾਰਣਾ ਹੈ ਕਿ ਇਹ ਗੁਰੂ ਜੀ ਦੀ ਪ੍ਰੌੜ੍ਹ ਅਵਸਥਾ ਦੀ ਰਚਨਾ ਹੈ ਅਤੇ ਚੂੰਕਿ ਇਹ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ, ਇਸ ਲਈ ਇਸ ਦੀ ਰਚਨਾ ਸੰਨ 1604 ਈ. ਤੋਂ ਕੁਝ ਪਹਿਲਾਂ ਹੋ ਚੁਕੀ ਹੋਵੇਗੀ। ਰਵਾਇਤ ਅਨੁਸਾਰ ਇਸ ਦੀ ਰਚਨਾ ਰਾਮਸਰ ਦੇ ਕੰਢੇ ਅੰਮ੍ਰਿਤਸਰ ਨਗਰ ਵਿਚ ਹੋਈ ਸੀ।

ਇਹ ਬਾਣੀ ਚੌਪਈ ਦੇ ਤੋਲ ਤੇ ਲਿਖੀ ਗਈ ਹੈ। ਇਸ ਵਿਚ ਕੁਲ ਚੌਵੀ ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਦਸ-ਦਸ ਤੁਕਾਂ ਦੀਆਂ ਅੱਠ-ਅੱਠ ਪਦੀਆਂ ਅਥਵਾ ਪਉੜੀਆਂ ਹਨ। ਇਸ ਤਰ੍ਹਾਂ ਅਸ਼ਟਪਦੀਆਂ ਦੀ ਕੁਲ ਤੁਕ-ਸੰਖਿਆ 1920 ਹੈ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਤੋਂ ਬਾਦ ਦੋ ਤੁਕਾਂ ਦਾ 'ਰਹਾਉ' ਹੈ—

'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ।/ਭਗਤ ਜਨਾ ਕੈ ਮਨਿ ਬਿਸ੍ਰਾਮ ।' ਇਨ੍ਹਾਂ ਦੋਹਾਂ ਦੇ ਸ਼ਾਮਲ ਕਰਨ ਨਾਲ ਤੁਕਾਂ ਦੀ ਗਿਣਤੀ 1922 ਹੋ ਜਾਂਦੀ ਹੈ ।

ਇਹ ਬਾਣੀ ਸ਼ਲੋਕ-ਚੌਪਈ-ਬੰਧ ਵਿਚ ਲਿਖੀ ਹੋਈ ਹੈ। ਇਸ ਲਈ ਕੜਵਕ ਸ਼ੈਲੀ ਅਧੀਨ ਹਰ ਅਸ਼ਟਪਦੀ ਤੋਂ ਪਹਿਲਾਂ ਇਕ-ਇਕ ਸ਼ਲੋਕ ਦਰਜ ਹੈ। ਅਧਿਕਾਂਸ਼ ਸ਼ਲੋਕ ਦੋਹਿਰਾ-ਸੋਰਠਾ ਤੋਲ ਦੇ ਹਨ, ਪਰ ਅੱਠਵੀਂ ਅਸ਼ਟਪਦੀ ਨਾਲ ਦਰਜ ਸ਼ਲੋਕ ਤਿੰਨ ਤੁਕਾਂ ਦਾ ਹੈ ਅਤੇ ਸੱਤਵੀਂ ਤੇ ਨੌਵੀਂ ਅਸ਼ਟਪਦੀਆਂ ਨਾਲ ਆਏ ਸ਼ਲੋਕ ਚੌਤੁਕੇ ਹਨ ਪਰ ਤੋਲ ਚੌਪਈ ਦੇ ਨੇੜੇ ਹੈ। ਸਤਾਰ੍ਹਵੀਂ ਅਸ਼ਟਪਦੀ ਨਾਲ ਆਇਆ ਸ਼ਲੋਕ ਜਪੁਜੀ ਦੇ ਆਰੰਭ ਵਾਲਾ ਹੈ, ਜਿਸ ਦਾ ਤੋਲ ਆਪਣੀ ਕਿਸਮ ਦਾ ਨਿਆਰਾ ਹੈ ।

ਸ਼ਲੋਕਾਂ ਦਾ ਵਿਸ਼ਾ ਸੂਤਰ-ਰੂਪ ਵਿਚ ਬੰਨ੍ਹਿਆ ਗਿਆ ਹੈ ਪਰ ਅਸ਼ਟਪਦੀ ਵਿਚ ਉਸ ਦੀ ਵਿਆਖਿਆ ਹੈ । ਇਹ ਵਿਆਖਿਆ ਉਕਤੀ-ਜੁਗਤੀ ਨਾਲ ਵਿਸ਼ੇ ਨੂੰ ਸਪੱਸ਼ਟ ਅਤੇ ਪੁਸ਼ਟ ਕਰਦੀ ਹੈ। ਇਨ੍ਹਾਂ ਅਸ਼ਟਪਦੀਆਂ ਵਿਚ ਗੱਲ ਨੂੰ ਵਾਰ-ਵਾਰ ਕਹਿ ਕੇ ਉਸ ਵਿਚਲੇ ਭਾਵ ਨੂੰ ਜਿਗਿਆਸੂ ਦੇ ਮਨ ਵਿਚ ਸਥਾਪਿਤ ਕੀਤਾ ਗਿਆ ਹੈ । ਇਸ ਬਾਣੀ ਵਿਚ ਗੁਰੂ ਜੀ ਨੇ ਅਧਿਆਤਮਿਕ ਸਾਧਨਾ, ਨਾਮ-ਸਿਮਰਨ, ਸਿਮਰਨ ਦੇ ਪ੍ਰਭਾਵ ਕਰਕੇ ਨਿਖਰੀਆਂ ਸ਼ਖ਼ਸੀਅਤਾਂ, ਨਾਮ-ਵਿਹੂਣੇ ਵਿਅਕਤੀਆਂ ਦੇ ਦੁੱਖਾਂ ਦਾ ਲੜੀਵਾਰ ਵੇਰਵਾ ਦੇ ਕੇ ਜਿਗਿਆਸੂ ਦੇ ਮਨ ਨੂੰ ਸੰਸਾਰਿਕਤਾ ਵਲੋਂ ਹਟਾ ਕੇ ਅਧਿਆਤਮਿਕਤਾ ਵਲ ਮੋੜਿਆ ਗਿਆ ਹੈ। ਸਪੱਸ਼ਟ ਹੈ ਕਿ ਜਿਗਿਆਸੂ ਦੀ ਮਾਨਸਿਕਤਾ ਨੂੰ ਹਰਿ-ਭਗਤੀ ਵਲ ਝੁਕਾਇਆ ਗਿਆ ਹੈ। ਇਹ ਸਾਰੇ ਪ੍ਰਕਾਰਜ ਨੂੰ 'ਮਾਨਸਿਕਤਾ ਦਾ ਸ਼ੁੱਧੀਕਰਣ' ਕਿਹਾ ਜਾ ਸਕਦਾ ਹੈ। ਇਸ ਬਾਣੀ ਦੀ ਭਾਸ਼ਾ ਭਾਵ-ਅਨੁਕੂਲ ਹੈ ਅਤੇ ਸਾਧਾਰਣ ਵਿਅਕਤੀ ਨੂੰ ਸਮਝ ਆ ਜਾਣ ਵਾਲੀ ਹੈ। ਸਰਲ ਬ੍ਰਜ ਭਾਸ਼ਾ ਨੂੰ ਪੰਜਾਬੀ ਭਾਸ਼ਾ ਦੇ ਮੁਹਾਂਦਰੇ ਵਿਚ ਢਾਲ ਕੇ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ।

'ਸੁਖਮਨੀ' ਸ਼ਬਦ ਦੀ ਵਿਆਖਿਆ ਵਿਦਵਾਨਾਂ ਨੇ ਕਈ ਢੰਗਾਂ ਨਾਲ ਕੀਤੀ ਹੈ। ਕਿਸੇ ਨੇ ਇਸ ਨੂੰ ਮਨ ਨੂੰ ਸੁਖ ਦੇਣ ਵਾਲੀ ਬਾਣੀ ਮੰਨਿਆ ਹੈ, ਕਿਸੇ ਨੇ ਇਸ ਨੂੰ ਸੁਖਾਂ ਦੀ ਮਣੀ ਕਿਹਾ ਹੈ ਅਤੇ ਕਿਸੇ ਨੇ ਇਸ ਦਾ ਸੰਬੰਧ ਸੁਖਮਨਾ ਨਾੜੀ ਨਾਲ ਜੋੜਿਆ ਹੈ। ਪਰ 'ਰਹਾਉ' ਦੀਆਂ ਤੁਕਾਂ ਵਿਚ ਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਗਤਾਂ ਦੇ ਮਨ ਵਿਚ ਬਿਸ੍ਰਾਮ ਕਰਨ ਵਾਲੀ ਵਸਤੂ ਮਨ ਤੋਂ ਵੱਖਰੀ ਅਤੇ ਮਨ ਨੂੰ ਸ਼ਾਂਤੀ ਦੇਣ ਵਾਲੀ ਮਣੀ ਹੈ। 'ਮਣੀ' ਕੀਮਤੀ ਪੱਥਰ ਨੂੰ ਕਹਿੰਦੇ ਹਨ। ਸਮੁੰਦਰ ਰਿੜਕਣ ਵੇਲੇ ਨਿਕਲੀ ਕੌਸਤੁਭ-ਮਣੀ ਨੂੰ ਵਿਸ਼ਣੂ ਦੁਆਰਾ ਆਪਣੀ ਛਾਤੀ ਉਤੇ ਧਾਰਣ ਕਰਨ ਦਾ ਵਰਣਨ ਪੁਰਾਣਾਂ ਵਿਚ ਹੋਇਆ ਹੈ। ਇਸ ਤਰ੍ਹਾਂ ਦੀਆਂ ਕਈ ਹੋਰ ਮਣੀਆਂ ਦਾ ਉੱਲੇਖ ਵੀ ਪੁਰਾਣ-ਸਾਹਿੱਤ ਵਿਚ ਹੋਇਆ ਮਿਲਦਾ ਹੈ। ਜੋਤਿਸ਼-ਸ਼ਾਸਤ੍ਰ ਤੋਂ ਸਰੀਰ ਅਤੇ ਮਨ ਉਤੇ ਮਣੀ ਦੇ ਪ੍ਰਭਾਵ ਦੀ ਪੁਸ਼ਟੀ ਹੁੰਦੀ ਹੈ। ਨਾਗ-ਮਣੀ ਦਾ ਬ੍ਰਿੱਤਾਂਤ ਲੋਕ-ਧਾਰਾ ਵਿਚ ਆਮ ਮਿਲਦਾ ਹੈ। ਗੁਰਬਾਣੀ ਲੋਕ-ਮਾਨਸ ਨਾਲ ਜੁੜ ਕੇ ਚਲੀ ਹੈ। ਫਲਸਰੂਪ ਗੁਰੂ ਅਰਜਨ ਦੇਵ ਨੇ ਮਨ ਨੂੰ ਸੁਖ ਦੇਣ ਲਈ ਨਾਮ ਰੂਪੀ ਮਣੀ ਨੂੰ ਧਾਰਣ ਕਰਨ ਲਈ ਜਿਗਿਆਸੂ ਨੂੰ ਇਸ ਬਾਣੀ ਰਾਹੀਂ ਉਪਦੇਸ਼ ਦਿੱਤਾ ਹੈ। ਇਸ ਬਾਣੀ ਵਿਚ

ਨਾਮ ਦੇ ਸਰੂਪ, ਸਿਮਰਨ ਦੇ ਮਹੱਤਵ ਅਤੇ ਸਿਮਰਨ ਨਾਲ ਹੋਣ ਵਾਲੀਆਂ ਅਧਿਆਤਮਿਕ ਪ੍ਰਾਪਤੀਆਂ ਦਾ ਵਿਵਰਣ ਦੇ ਕੇ ਗੁਰੂ ਜੀ ਨੇ ਜਿਗਿਆਸੂਆਂ ਨੂੰ ਸੰਸਾਰਿਕ ਪ੍ਰਪੰਚ ਦੁਆਰਾ ਪੈਂਦਾ ਹੋਏ ਤਣਾਵਾਂ ਤੋਂ ਬਚਾਇਆ ਹੈ ਅਤੇ ਉਸ ਨਾਲੋਂ ਸ੍ਰੇਸ਼ਠ ਮਾਰਗ ਉਤੇ ਅਗੇ ਤੋਰਿਆ ਹੈ। ਇਸ ਬਾਣੀ ਨੂੰ ਧਾਰਮਿਕ ਰੁਚੀਆਂ ਵਾਲੇ ਲੋਕ ਬੜੀ ਰੁਚੀ ਨਾਲ ਪੜ੍ਹਦੇ ਹਨ ਅਤੇ ਇਸ ਦੇ ਪਾਠਨ-ਪਠਨ ਲਈ ਕਈ ਸੋਸਾਇਟੀਆਂ ਵੀ ਬਣਾਈਆਂ ਗਈਆਂ ਹਨ। ਡਾ. ਦੀਵਾਨਾ ਨੇ ਇਸ ਬਾਣੀ ਵਲ 'ਮਸਤੀ' ਕਾਵਿ-ਸੰਗ੍ਰਹਿ ਵਿਚ ਸੰਕੇਤ ਕੀਤਾ ਹੈ—'ਸਾਨੂੰ ਰੰਗਣ ਚੜ੍ਹੀ ਸੁਖਮਨੀ ਵਾਲੀ ਅਸੀਂ ਹੋ ਰਹੇ ਕੂਕਰ ਦਰ ਦੇ।'

ਸੁਗ੍ਰੀਵ : ਇਹ ਕਿਸ਼ਕਿੰਧਾ ਦੇ ਰਿਕ੍ਸ਼ਰਾਜ ਦਾ ਪੁੱਤਰ ਅਤੇ ਬਾਲੀ ਦਾ ਛੋਟਾ ਭਰਾ ਸੀ। ਪੁਰਾਣ-ਸਾਹਿੱਤ ਅਨੁਸਾਰ ਇਹ ਸੂਰਜ ਦਾ ਪੁੱਤਰ ਸੀ। ਇਸ ਲਈ ਇਸ ਦਾ ਇਕ ਨਾਮਾਂਤਰ 'ਰਵਿ-ਨੰਦਨ' ਵੀ ਹੈ। ਇਸ ਦੀ ਚਾਰਿਤ੍ਰਿਕ ਵਿਸ਼ੇਸ਼ਤਾ ਇਹ ਸੀ ਕਿ ਇਹ ਆਪਣੀ ਇੱਛਾ ਅਨੁਸਾਰ ਆਪਣਾ ਸਰੂਪ ਬਦਲ ਲੈਂਦਾ ਸੀ।

ਇਸ ਦਾ ਆਪਣੇ ਵੱਡੇ ਭਰਾ ਬਾਲੀ ਨਾਲ ਬਹੁਤ ਵੈਰ ਸੀ। ਵੈਰ ਦਾ ਮੂਲ ਕਾਰਣ ਇਹ ਸੀ ਕਿ ਇਕ ਵਾਰ ਮਾਯਾਵੀ ਨਾਂ ਦੇ ਰਾਖਸ਼ ਨੂੰ ਮਾਰਨ ਲਈ ਬਾਲੀ ਉਸ ਦੇ ਪਿੱਛੇ ਭਜਿਆ। ਸੁਗ੍ਰੀਵ ਵੀ ਆਪਣੇ ਭਰਾ ਦੀ ਮੱਦਦ ਲਈ ਪਿੱਛੇ ਪਿੱਛੇ ਦੌੜਦਾ ਗਿਆ। ਮਾਯਾਵੀ ਇਕ ਗੁਫਾ ਵਿਚ ਵੜ ਗਿਆ। ਬਾਲੀ ਵੀ ਸੁਗ੍ਰੀਵ ਨੂੰ ਇਕ ਪੱਖਵਾੜੇ ਤਕ ਉਡੀਕਣ ਲਈ ਕਹਿ ਕੇ ਗੁਫਾ ਵਿਚ ਵੜ ਗਿਆ। ਇਕ ਸਾਲ ਬੀਤਣ ਤੇ ਵੀ ਜਦੋਂ ਬਾਲੀ ਨਾ ਪਰਤਿਆ ਅਤੇ ਗੁਫਾ ਵਿਚੋਂ ਲਹੂ ਦੀ ਧਾਰ ਵਗਦੀ ਨਜ਼ਰ ਆਈ ਤਾਂ ਸੁਗ੍ਰੀਵ ਇਹ ਸਮਝ ਕੇ ਕਿ ਬਾਲੀ ਮਾਰਿਆ ਗਿਆ ਹੈ, ਆਪਣੀ ਰਾਜਧਾਨੀ ਕਿਸ਼ਕਿੰਧਾ ਪਰਤ ਆਇਆ ਅਤੇ ਇਸ ਨੂੰ ਰਾਜਾ ਬਣਾ ਦਿੱਤਾ ਗਿਆ। ਉਧਰ ਮਾਯਾਵੀ ਨੂੰ ਮਾਰ ਕੇ ਜਦ ਬਾਲੀ ਰਾਜਧਾਨੀ ਪਰਤਿਆ ਤਾਂ ਸੁਗ੍ਰੀਵ ਨੂੰ ਗੱਦੀ ਉਤੇ ਬੈਠਾ ਵੇਖ ਕੇ ਬਹੁਤ ਭੜਕਿਆ। ਉਸ ਨੇ ਸੁਗ੍ਰੀਵ ਦੀ ਪਤਨੀ ਖੋਹ ਕੇ ਉਸ ਨੂੰ ਘਰੋਂ ਕੱਢ ਦਿੱਤਾ। ਉਹ ਉਥੋਂ ਭਜ ਕੇ ਆਪਣੇ ਮੰਤ੍ਰੀਆਂ ਸਹਿਤ ਪੰਪਾਸਰ ਨੇੜੇ ਰਿਸ਼ਯਮੂਕ ਪਰਬਤ ਉਤੇ ਰਹਿਣ ਲਗਾ ਕਿਉਂਕਿ ਮਤੰਗ ਰਿਸ਼ੀ ਦੇ ਸਰਾਪ ਕਾਰਣ ਬਾਲੀ ਉਥੇ ਨਹੀਂ ਜਾ ਸਕਦਾ ਸੀ।

ਇਕ ਦਿਨ ਸੀਤਾ ਨੂੰ ਲਭਦਿਆਂ ਰਾਮ ਅਤੇ ਲੱਛਮਣ ਉਥੇ ਜਾ ਨਿਕਲੇ। ਸੁਗ੍ਰੀਵ ਉਨ੍ਹਾਂ ਨੂੰ ਬਾਲੀ ਵਲੋਂ ਭੇਜਿਆ ਸਮਝ ਕੇ ਕੁਝ ਡਰਿਆ। ਇਸ ਨੇ ਹਨੂਮਾਨ ਨੂੰ ਉਨ੍ਹਾਂ ਕੋਲ ਸੰਧੀ ਲਈ ਭੇਜਿਆ। ਇਸ ਸ਼ਰਤ ਤੇ ਸੰਧੀ ਹੋ ਗਈ ਕਿ ਰਾਮ ਚੰਦਰ ਬਾਲੀ ਨੂੰ ਮਾਰਨਗੇ ਅਤੇ ਸੁਗ੍ਰੀਵ ਸੀਤਾ ਨੂੰ ਲੱਭਣ ਵਿਚ ਪੂਰਾ ਸਹਿਯੋਗ ਦੇਵੇਗਾ। ਰਾਮ ਨੇ ਬਾਲੀ ਨੂੰ ਮਾਰ ਕੇ ਸੁਗ੍ਰੀਵ ਨੂੰ ਕਿਸ਼ਕਿੰਧਾ ਦਾ ਰਾਜ ਦਿਵਾਇਆ ਅਤੇ ਪਤਨੀ ਵੀ ਪ੍ਰਾਪਤ ਕਰਵਾ ਦਿੱਤੀ। ਸੁਗ੍ਰੀਵ ਨੇ ਆਪਣੀ ਸੈਨਾ ਸਹਿਤ ਪੂਰੀ ਵਾਹ ਲਾ ਕੇ ਸੀਤਾ ਨੂੰ ਲਭਿਆ। ਰਾਵਣ ਨਾਲ ਹੋਏ ਯੁੱਧ ਵਿਚ ਇਸ ਨੇ ਬੜੀ ਉਦਾਰਤਾ ਨਾਲ ਸਹਾਇਤਾ ਦਿੱਤੀ। ਰਾਮ ਦੀ ਜਿੱਤ ਤੋਂ ਬਾਦ ਇਹ ਰਾਮ ਨਾਲ ਅਯੁਧਿਆ ਗਿਆ ਅਤੇ ਅਸ਼੍ਵਮੇਧ ਯੱਗ ਵਿਚ ਭਾਗ ਲੈਣ ਉਪਰੰਤ ਕਿਸ਼ਕਿੰਧਾ ਪਰਤ ਆਇਆ। ਸ਼ਿਵ ਕੁਮਾਰ ਬਟਾਲਵੀ

ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਕੋਈ ਸੁਗਰੀਵ ਨਹੀਂ ਮੇਰਾ ਮਹਿਰਮ/ ਨਾ ਕੋਈ ਪਵਨ-ਪੁੱਤ ਮੇਰਾ ਬੇਲੀ/ਨਾ ਕੋਈ ਨਖ਼ਾ ਹੀ ਕਾਮ ਦੀ ਖਾਤਿਰ ਆਈ ਮੇਰੀ ਬਣ ਸਹੇਲੀ।'

ਸੁਥਰੇਸ਼ਾਹ : ਪੰਜਾਬ ਦਾ ਇਕ ਸਾਧਕ ਜੋ ਸੰਸਾਰਿਕ ਗ਼ਮੀ ਖ਼ੁਸ਼ੀ ਤੋਂ ਨਿਰਲਿਪਤ ਮੌਜ ਮਸਤੀ ਨਾਲ ਵਿਚਰਦਾ ਸੀ। ਪੰਜਾਬੀ ਵਿਚ ਇਸ ਦੇ ਸੁਭਾ ਨਾਲ ਸੰਬੰਧਿਤ ਇਕ ਅਖਾਣ ਪ੍ਰਚਲਿਤ ਹੈ—'ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।' ਇਸ ਬਾਰੇ ਅਨੇਕ ਦੰਦ-ਕਥਾਵਾਂ ਪ੍ਰਚਲਿਤ ਹਨ। ਮਹਾਨ ਕੋਸ਼ਕਾਰ ਨੇ ਇਸ ਦਾ ਜਨਮ-ਸਥਾਨ ਬਹਾਮਪੁਰ ਦਸਿਆ ਹੈ ਜੋ ਬਾਰਾਮੂਲੇ (ਕਸ਼ਮੀਰ) ਦੇ ਨੇੜੇ ਹੈ। ਇਸ ਦੇ ਪਿਤਾ ਦਾ ਨਾਂ ਨੰਦਾ ਅਤੇ ਜਾਤਿ ਖਤਰੀ ਸੀ। ਇਸ ਦਾ ਜਨਮ ਸੰਨ 1615 ਈ. (1672 ਬਿ.) ਵਿਚ ਹੋਇਆ। ਜਨਮ ਵੇਲੇ ਇਸ ਦਾ ਸਰੂਪ ਅਤੇ ਆਕਾਰ ਆਮ ਮਨੁੱਖਾਂ ਵਰਗੇ ਨਾ ਹੋਣ ਕਾਰਣ ਇਸ ਨੂੰ ਮਾੜੇ ਲੱਛਣਾ ਵਾਲਾ ਸਮਝਿਆ ਗਿਆ। ਜੋਤਿਸ਼ੀਆਂ ਦੇ ਕਹੇ ਤੇ ਨੰਦੇ ਨੇ ਇਸ ਨੂੰ ਬਾਹਰ ਸੁਟਵਾ ਦਿੱਤਾ।

ਕਸ਼ਮੀਰ ਤੋਂ ਪਰਤਦੇ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰ ਇਸ ਉਤੇ ਪਈ। ਗੁਰੂ ਸਾਹਿਬ ਨੇ ਇਸ ਨੂੰ ਚੁਕਵਾ ਕੇ ਆਪਣੀ ਦੇਖ-ਰੇਖ ਵਿਚ ਪਾਲਿਆ। ਜਦੋਂ ਇਸ ਨੂੰ ਚੁਕਿਆ ਗਿਆ ਤਾਂ ਬਹੁਤ ਗੰਦਾ ਸੀ, ਪਰ ਗੁਰੂ ਜੀ ਦੀ ਮਿਹਰ ਨਾਲ ਇਹ 'ਕੁਥਰਾ' ਤੋਂ 'ਸੁਥਰਾ' ਬਣ ਗਿਆ। ਗੁਰੂ-ਦਰਬਾਰ ਵਿਚ ਆਪਣੀਆਂ ਸਾਦੀਆਂ ਪਰ ਵਿਅੰਗਾ-ਤਮਕ ਗੱਲਾਂ ਕਰਕੇ ਇਹ ਬਹੁਤ ਹਰਮਨ ਪਿਆਰਾ ਰਿਹਾ ਸੀ। ਗੁਰੂ ਹਰਿ ਰਾਇ ਦੀ ਸੇਵਾ ਵਿਚ ਰਹਿਣ ਦਾ ਵੀ ਇਸ ਨੂੰ ਗੌਰਵ ਮਿਲਿਆ ਸੀ।

ਇਸ ਨੇ ਬੜੀ ਸਿਧ-ਪੱਧਰੀ ਭਾਸ਼ਾ ਵਿਚ ਕੁਝ ਕਾਵਿ-ਬਚਨ ਵੀ ਰਚੇ ਹਨ ਜਿਨ੍ਹਾਂ ਵਿਚੋਂ ਹਾਸ-ਰਸ ਦੀ ਨਿੰਮੀ-ਨਿੰਮੀ ਸੁਗੰਧ ਮਿਲਦੀ ਹੈ। ਕਹਿੰਦੇ ਹਨ ਦਿੱਲੀ ਦਰਬਾਰ ਤਕ ਇਸ ਦੀ ਮਾਨਤਾ ਸੀ। ਇਸ ਨੂੰ ਇਕ ਪੈਸਾ ਪ੍ਰਤਿ ਹੱਟੀ ਉਗਰਾਹਣ ਦਾ ਅਧਿਕਾਰ ਸੀ। ਇਸ ਦੇ ਅਨੁਯਾਈਆਂ ਨੂੰ ਸੁਥਰੇਸ਼ਾਹੀ ਸਾਧ ਅਤੇ ਸਮਾਜ ਨੂੰ ਸੁਥਰੇਸ਼ਾਹੀ ਸੰਪ੍ਰਦਾਇ ਕਿਹਾ ਜਾਂਦਾ ਹੈ। ਪਹਿਲਾਂ ਇਹ ਸਿੱਖ ਧਰਮ ਵਿਚ ਵਿਸ਼ਵਾਸ ਰਖਦੇ ਸਨ, ਪਰ ਹੁਣ ਦੂਰ ਹਟ ਗਏ ਹਨ। ਇਨ੍ਹਾਂ ਦੀ ਸੰਪ੍ਰਦਾਇ ਵਿਚ ਹਿੰਦੂ-ਮੁਸਲਮਾਨ ਦੋਵੇਂ ਸ਼ਾਮਲ ਹਨ। ਹਿੰਦੂ ਦੋ ਡੰਡੇ ਵਜਾ ਕੇ ਭਿਖਿਆ ਮੰਗਦੇ ਹਨ ਅਤੇ ਮੁਸਲਮਾਨ ਇਕ ਡੰਡੇ ਨਾਲ ਬਾਂਹ ਵਿਚ ਪਾਏ ਹੋਏ ਕੜਿਆ ਨੂੰ ਵਜਾਉਂਦੇ ਹੋਏ ਉਗਰਾਹੀ ਕਰਦੇ ਹਨ। ਕਈ ਵਾਰ ਉਗਰਾਹੀ ਨਾ ਦੇਣ ਵਾਲਿਆਂ ਵਿਰੁੱਧ ਭੇੜਾ ਵਿਖਾਵਾ ਵੀ ਕਰਦੇ ਹਨ। ਪੰਜਾਬੀ ਦੇ ਹਾਸਰਸੀ ਕਵੀ ਸ. ਸ. ਚਰਨ ਸਿੰਘ ਸ਼ਹੀਦ ਨੇ ਸੁਥਰੇ ਦੇ ਅਨੁਕਰਣ ਤੇ ਆਪਣੀ ਕਵੀ-ਛਾਪ 'ਸੁਥਰਾ' ਰਖੀ ਸੀ।

ਸੁਥਰੇਸ਼ਾਹੀ ਸੰਪ੍ਰਦਾਇ : ਵੇਖੋ 'ਸੁਥਰੇਸ਼ਾਹ'।

ਸੁੰਦ-ਉਪਸੁੰਦ : ਦੋ ਰਾਖ਼ਸ਼ ਭਰਾ ਜਿਨ੍ਹਾਂ ਵਿਚੋਂ ਸੁੰਦ ਵੱਡਾ ਅਤੇ ਉਪਸੁੰਦ ਛੋਟਾ ਸੀ। ਇਨ੍ਹਾਂ ਦੀ ਕੁਲ-ਪਰੰਪਰਾ ਦਾ ਸੰਬੰਧ ਹਿਰਣ੍ਯਕਸ਼ਿਪੁ ਨਾਲ ਜਾ ਜੁੜਦਾ ਹੈ। ਇਨ੍ਹਾਂ ਦੇ ਪਿਤਾ ਦਾ ਨਾਂ ਨਿਕੁੰਭ ਜਾਂ ਨਿਸੁੰਦ ਸੀ। 'ਮਹਾਭਾਰਤ' (ਆਦਿ-ਪਰਵ) ਅਨੁਸਾਰ

ਬ੍ਰਹਮਾ ਨੇ ਇਨ੍ਹਾਂ ਦੋਹਾਂ ਭਰਾਵਾਂ ਦੀ ਤਪੱਸਿਆ ਤੋਂ ਪਸੀਜ ਕੇ ਵਰ ਦਿੱਤਾ ਸੀ ਕਿ ਇਨ੍ਹਾਂ ਦੀ ਕੋਈ ਹੋਰ ਵਿਅਕਤੀ ਹਤਿਆ ਨਹੀਂ ਕਰ ਸਕੇਗਾ, ਸਿਵਾਇ ਇਸ ਦੇ ਕਿ ਇਹ ਆਪਸ ਵਿਚ ਲੜ ਕੇ ਇਕ ਦੂਜੇ ਨੂੰ ਨਾ ਮਾਰ ਦੇਣ। ਇਹ ਦੋਵੇਂ ਥਾਨੇਸਰ ਵਿਚ ਰਾਜ ਕਰਦੇ ਸਨ ਅਤੇ ਦੋਹਾਂ ਦੀ ਆਪਸ ਵਿਚ ਖ਼ੂਬ ਬਣਦੀ ਸੀ।

ਜਦੋਂ ਇਹ ਦੋਵੇਂ ਭਰਾ ਬਹੁਤ ਬਲਸ਼ਾਲੀ ਹੋ ਗਏ ਤਾਂ ਦੇਵਤਿਆਂ ਨੂੰ ਬਹੁਤ ਪਰੇਸ਼ਾਨ ਕਰਨ ਲਗੇ। ਨਿਰਾਸ਼ ਦੇਵਤੇ ਬ੍ਰਹਮਾ ਪਾਸ ਸਹਾਇਤਾ ਲਈ ਗਏ। ਬ੍ਰਹਮਾ ਨੇ ਵਿਸ਼ਵਕਰਮਾ ਦੁਆਰਾ ਇਕ ਅਤਿਅੰਤ ਸੁੰਦਰੀ ਦੀ ਰਚਨਾ ਕਰਵਾਈ। ਉਸ ਸੁੰਦਰੀ ਦਾ ਨਾ 'ਤਿਲੋਤਮਾ' ਰਖਿਆ ਗਿਆ ਕਿਉਂਕਿ ਉਸ ਦੀ ਸਿਰਜਨਾ ਵਿਚ ਹਰ ਸੁੰਦਰ ਵਸਤੂ ਤੋਂ ਤਿਲ-ਤਿਲ ਸੁੰਦਰਤਾ ਲਈ ਗਈ ਸੀ। ਜਦੋਂ ਉਸ ਅਪੱਛਰਾ ਨੂੰ ਇਨ੍ਹਾਂ ਰਾਖਸ਼ ਭਰਾਵਾਂ ਪਾਸ ਵਿੰਧਿਆਚਲ ਭੇਜਿਆ ਗਿਆ ਤਾਂ ਇਹ ਦੋਵੇਂ ਉਸ ਉਤੇ ਮੋਹਿਤ ਹੋ ਗਏ। ਦੋਹਾਂ ਨੇ ਉਸ ਨੂੰ ਪ੍ਰਾਪਤ ਕਰਨ ਦਾ ਆਪਣਾ-ਆਪਣਾ ਹੱਕ ਦਰਸਾਉਣਾ ਸ਼ੁਰੂ ਕੀਤਾ। ਇਸ ਕਲੇਸ਼ ਤੋਂ ਪੈਦਾ ਹੋਏ ਦਵੰਦ ਯੁੱਧ ਵਿਚ ਦੋਵੇਂ ਇਕ ਦੂਜੇ ਦੇ ਹੱਥੋਂ ਮਾਰੇ ਗਏ।

ਬ੍ਰਹਮਾ ਨੇ ਤਿਲੋਤਮਾ ਉਤੇ ਪ੍ਰਸੰਨ ਹੋ ਕੇ ਉਸ ਨੂੰ ਵਰਦਾਨ ਦਿੱਤਾ ਕਿ ਉਹ ਸਾਰੇ ਲੋਕਾਂ ਵਿਚ ਵਿਚਰ ਸਕੇਗੀ ਅਤੇ ਉਸ ਦੀ ਅਨੂਪਮ ਸੁੰਦਰਤਾ ਕਿਸੇ ਤੋਂ ਝਲੀ ਨਹੀਂ ਜਾ ਸਕੇਗੀ।

ਸੁੰਦ-ਉਪਸੁੰਦ-ਤਿਲੋਤਮਾ ਸੰਬੰਧੀ ਇਕ ਚਰਿਤ੍ਰ-ਕਥਾ 'ਦਸਮ-ਗ੍ਰੰਥ' ਦੇ ''ਚਰਿਤ੍ਰੋਪਾਖਿਆਨ'' (116) ਵਿਚ ਵੀ ਦਰਜ ਹੈ।

ਸੁਦਰਸ਼ਨ ਚੱਕਰ : ਇਕ ਚੱਕਰ ਜੋ ਦਿਸਣ ਵਿਚ ਬਹੁਤ ਸੁੰਦਰ ਹੈ। ਇਹ ਵਿਸ਼ਣੂ ਦਾ ਅਚੂਕ ਦੈਵੀ ਸ਼ਸਤ੍ਰ ਹੈ ਜੋ ਵੈਰੀ ਦਾ ਸਿਰ ਕਟ ਕੇ ਮੁੜ ਵਿਸ਼ਣੂ ਪਾਸ ਵਾਪਸ ਆ ਜਾਂਦਾ ਹੈ। 'ਵਿਸ਼ਣੂ ਪੁਰਾਣ' ਅਨੁਸਾਰ ਵਿਸ਼ਵਕਰਮਾ ਨੇ ਸੂਰਜ ਨੂੰ ਖ਼ਰਾਦ ਉਤੇ ਚੜ੍ਹਾ ਕੇ ਉਸ ਦੇ ਬੁਰਾਦੇ ਤੋਂ ਇਹ ਚੱਕਰ ਤਿਆਰ ਕੀਤਾ ਸੀ।

'ਸ਼ਿਵ ਪੁਰਾਣ' (ਪੂਰਵਾਰਧ) ਵਿਚ ਲਿਖਿਆ ਹੈ ਕਿ ਦੈਂਤਾਂ ਦੀ ਉਦੰਡਤਾ ਤੋਂ ਤੰਗ ਆ ਕੇ ਵਿਸ਼ਣੂ ਸ਼ਿਵ ਪਾਸ ਗਿਆ। ਘੋਰ ਤਪੱਸਿਆ ਕਰਕੇ ਉਸ ਨੇ ਸ਼ਿਵ ਨੂੰ ਪ੍ਰਸੰਨ ਕੀਤਾ। ਸ਼ਿਵ ਨੇ ਵਿਸ਼ਣੂ ਦੀ ਪਰੀਖਿਆ ਲੈਣ ਲਈ ਉਸ ਵਲੋਂ ਚੜ੍ਹਾਏ ਇਕ ਹਜ਼ਾਰ ਕਮਲ-ਫੁੱਲਾਂ ਵਿਚੋਂ ਇਕ ਫੁੱਲ ਚੁਕ ਲਿਆ। ਵਿਸ਼ਣੂ ਨੇ ਤੁਰਤ ਉਸ ਫੁਲ ਦੀ ਥਾਂ ਆਪਣਾ ਕਮਲ ਵਰਗਾ ਨੇਤਰ ਸ਼ਾਮਲ ਕਰਕੇ ਇਕ ਹਜ਼ਾਰ ਦੀ ਗਿਣਤੀ ਪੂਰੀ ਕਰ ਦਿੱਤੀ। ਇਸ ਭੇਂਟ 'ਤੇ ਖ਼ੁਸ਼ ਹੋ ਕੇ ਸ਼ਿਵ ਨੇ ਵਿਸ਼ਣੂ ਨੂੰ ਸੁਦਰਸ਼ਨ ਚੱਕਰ ਪ੍ਰਦਾਨ ਕੀਤਾ ਅਤੇ ਕਿਹਾ ਕਿ ਬਿਪਤਾ ਵੇਲੇ ਉਹ ਇਸ ਦੀ ਵਰਤੋਂ ਕਰੇ। ਬ੍ਰਾਹਮਣ ਤੋਂ ਬਿਨਾ ਇਹ ਹਰ ਇਕ ਨੂੰ ਮਾਰਨ ਦੇ ਸਮਰਥ ਹੈ।

'ਮਹਾਭਾਰਤ' ਅਨੁਸਾਰ ਅਗਨੀ ਦੇਵਤਾ ਨੇ ਖਾਂਡਵ ਬਨ ਨੂੰ ਸਾੜ ਕੇ ਜਦੋਂ ਇੰਦਰ ਉਤੇ ਜਿੱਤ ਪ੍ਰਾਪਤ ਕੀਤੀ ਤਾਂ ਇਹ ਚੱਕਰ ਸ੍ਰੀ ਕ੍ਰਿਸ਼ਣ ਨੂੰ ਭੇਂਟ ਕੀਤਾ। ਸ੍ਰੀ ਕ੍ਰਿਸ਼ਣ ਨੇ ਇਸ ਚੱਕਰ ਨਾਲ ਕਈ ਰਾਜਿਆਂ ਅਤੇ ਅਸੁਰਾਂ ਨੂੰ ਮਾਰ ਕੇ ਧਰਤੀ ਉਤੇ ਨੇਕੀ ਅਤੇ ਬਦੀ ਵਿਚ ਸੰਤੁਲਨ ਕਾਇਮ ਕੀਤਾ। ਦੁਰਬਾਸਾ ਰਿਸ਼ੀ ਦੇ ਸਰਾਪ ਤੋਂ ਅੰਬਰੀਕ ਰਾਜੇ

ਦੀ ਰੱਖਿਆ ਕਰਨ ਲਈ ਇਸ ਚੱਕਰ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਭਾਈ ਗੁਰਦਾਸ ਅਨੁਸਾਰ—'ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ।/ਬਾਮਣੁ ਭੈਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ' (10/4)।

ਸੁੰਦਰਾਂ, ਰਾਣੀ : ਪੂਰਨ ਭਗਤ ਦੇ ਵੈਰਾਗੀ ਅਤੇ ਨਿਰਮੋਹੀ ਸਰੂਪ ਨੂੰ ਦਰਸਾਉਣ ਲਈ ਇਕ ਲੋਕ-ਵਾਰਤਾ ਪ੍ਰਚਲਿਤ ਹੈ ਕਿ ਜਦੋਂ ਗੋਰਖਨਾਥ ਤੋਂ ਦੀਖਿਆ ਲੈ ਕੇ ਪੂਰਨ ਭਗਤ ਭਿਖਿਆ ਮੰਗਣ ਲਈ ਟਿੱਲੇ ਤੋਂ ਤੁਰਿਆ ਤਾਂ ਸਭ ਤੋਂ ਪਹਿਲਾਂ ਰਾਣੀ ਸੁੰਦਰਾਂ ਦੇ ਮਹੱਲ ਅਗੇ ਜਾ ਖੜੋਤਾ। ਰਾਣੀ ਦੀਆਂ ਨੌਕਰਾਣੀਆਂ ਨੇ ਭਿਖਿਆ ਦੇਣੀ ਚਾਹੀ, ਪਰ ਪੂਰਨ ਨੇ ਲੈਣੋਂ ਇਨਕਾਰ ਕਰ ਦਿੱਤਾ। ਫਿਰ ਰਾਣੀ ਖ਼ੁਦ ਆਈ ਅਤੇ ਪੂਰਨ ਦੇ ਮੁਖੜੇ ਦੇ ਜਲਾਲ ਨੂੰ ਵੇਖ ਕੇ ਆਪਣੀ ਸੁੱਧ-ਬੁੱਧ ਖੋਹ ਬੈਠੀ। ਜਦੋਂ ਜ਼ਰਾ ਸੰਭਲੀ ਤਾਂ ਪੂਰਨ ਨੂੰ ਹੀਰਿਆਂ-ਮੋਤੀਆਂ ਦਾ ਥਾਲ ਭਰ ਕੇ ਦਿੱਤਾ। ਜਦੋਂ ਪੂਰਨ ਟਿੱਲੇ 'ਤੇ ਪਰਤਿਆ ਅਤੇ ਮੋਤੀਆਂ ਦੀ ਭਿਖਿਆ ਗੁਰੂ ਅਗੇ ਰਖੀ ਤਾਂ ਗੋਰਖਨਾਥ ਨੇ ਇਹ ਭਿਖਿਆ ਪਰਤਾ ਦਿੱਤੀ ਅਤੇ ਇਸ ਦੀ ਥਾਂ ਤੇ ਪਕਿਆ ਹੋਇਆ ਭੋਜਨ ਲਿਆਉਣ ਲਈ ਕਿਹਾ। ਫਲਸਰੂਪ ਪੂਰਨ ਨੇ ਰਾਣੀ ਨੂੰ ਹੀਰੇ-ਮੋਤੀ ਪਰਤਾ ਦਿੱਤੇ। ਰਾਣੀ ਦੁਆਰਾ ਤਿਆਰ ਭੋਜਨ ਖਾ ਕੇ ਗੋਰਖਨਾਥ ਨੇ ਰਾਣੀ ਦੀ ਇੱਛਾ ਅਨੁਸਾਰ ਉਸ ਨੂੰ ਪੂਰਨ ਹੀ ਬਖ਼ਸ਼ ਦਿੱਤਾ। ਪਰ ਪੂਰਨ ਮਹੱਲ ਦੀ ਕੈਦ ਵਿਚ ਨਾ ਟਿਕ ਸਕਿਆ। ਮੌਕਾ ਪ੍ਰਾਪਤ ਕਰਦਿਆਂ ਹੀ ਉਹ ਉਥੋਂ ਨਿਕਲ ਗਿਆ। ਰਾਣੀ ਸੁੰਦਰਾਂ ਨੂੰ ਜਦ ਪਤਾ ਲਗਾ ਤਾਂ ਉਸ ਨੇ ਮਹੱਲ ਉਤੋਂ ਛਾਲ ਮਾਰ ਕੇ ਪ੍ਰੇਮ ਦੇ ਹਵਨ-ਕੁੰਡ ਵਿਚ ਆਪਣੀ ਆਹੂਤੀ ਦੇ ਦਿੱਤੀ। ਸੱਚੇ ਅਤੇ ਸੁੱਚੇ ਪ੍ਰੇਮ ਦੀ ਇਹ ਇਕ ਪ੍ਰਤੀਕ-ਵਾਰਤਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਬਣੀ ਨੂਰਜਹਾਂ, ਅਨਾਰਕਲੀ, ਸੁੰਦਰਾਂ, ਸਾਹਿਬਾਂ, ਕੋਕਿਲਾ, ਹੀਰ ਕਾਹਨੂੰ।'

ਸੁਦਾਮਾ : ਇਕ ਨਿਰਧਨ ਬ੍ਰਾਹਮਣ ਜੋ ਸ੍ਰੀ ਕ੍ਰਿਸ਼ਣ ਅਤੇ ਬਲਰਾਮ ਨਾਲ ਸੰਦੀਪਨੀ ਗੁਰੂ ਪਾਸ ਪੜ੍ਹਦਾ ਸੀ। ਜਦੋਂ ਸ੍ਰੀ ਕ੍ਰਿਸ਼ਣ ਦਵਾਰਿਕਾ ਦੀ ਰਾਜ-ਗੱਦੀ ਉਤੇ ਬੈਠੇ ਅਤੇ ਉਨ੍ਹਾਂ ਦਾ ਜਸ ਹਰ ਪਾਸੇ ਪਸਰ ਗਿਆ ਤਾਂ ਸੁਦਾਮੇ ਦੀ ਪਤਨੀ ਨੇ ਗ਼ਰੀਬੀ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਆਪਣੇ ਪਤੀ ਨੂੰ ਸ੍ਰੀ ਕ੍ਰਿਸ਼ਣ ਪਾਸ ਜਾਣ ਲਈ ਪ੍ਰੇਰਿਤ ਕੀਤਾ। ਭੇਂਟ ਕਰਨ ਲਈ ਕੁਝ ਭੁੰਨੇ ਹੋਏ ਚਾਵਲ (ਚਿੜਵੇ) ਲੈ ਕੇ ਸੁਦਾਮਾ ਚਲ ਪਿਆ। ਅਗੋਂ ਸ੍ਰੀ ਕ੍ਰਿਸ਼ਣ ਦੇ ਰਾਜ-ਮਹੱਲ ਨੂੰ ਦੇਖ ਕੇ ਹੈਰਾਨ ਹੋਇਆ, ਪਰ ਸ੍ਰੀ ਕ੍ਰਿਸ਼ਣ ਰਾਜ-ਸਿੰਘਾਸਨ ਛਡ ਕੇ ਸੁਦਾਮੇ ਨੂੰ ਲੈਣ ਖ਼ੁਦ ਬਾਹਰ ਆਏ ਅਤੇ ਬੜੇ ਆਦਰ ਨਾਲ ਬਿਠਾਇਆ। ਸੁਦਾਮਾ ਚਾਵਲਾਂ ਦੀ ਭੇਂਟ ਦੇਣ ਤੋਂ ਭਾਵੇਂ ਸੰਕੋਚ ਕਰ ਰਿਹਾ ਸੀ, ਪਰ ਸ੍ਰੀ ਕ੍ਰਿਸ਼ਣ ਨੇ ਸੁਦਾਮੇ ਤੋਂ ਚਾਵਲਾਂ ਦੀ ਪੋਟਲੀ ਖੋਹ ਲਈ ਅਤੇ ਬੜੇ ਆਨੰਦ ਨਾਲ ਖਾਣ ਲਗੇ। ਕੁਝ ਦਿਨ ਸੁਦਾਮਾ ਉਥੇ ਰਿਹਾ, ਖ਼ੂਬ ਸੇਵਾ ਹੋਈ। ਜਦੋਂ ਪਰਤਣ ਲਗਿਆਂ ਤਾਂ ਸ੍ਰੀ ਕ੍ਰਿਸ਼ਣ ਨੇ ਇਸ ਨੂੰ ਕੁਝ ਨਾ ਦਿੱਤਾ। ਚਿੰਤਾ ਵਿਚ ਡੁਬਿਆ ਜਦ ਘਰ ਪਹੁੰਚਿਆ ਤਾਂ ਆਪਣੀ ਕੁਟੀਆ ਸੁੰਦਰ ਮਹੱਲ ਵਿਚ ਬਦਲੀ ਵੇਖੀ ਜਿਸ ਵਿਚ ਇਸ ਦੀ ਪਤਨੀ ਚੌਰਾਂ ਨਾਲ ਲੱਦੀ ਬੈਠੀ ਸੀ। ਉਦੋਂ ਇਸ ਨੂੰ ਸ੍ਰੀ ਕ੍ਰਿਸ਼ਣ ਦੀ

ਮਹਾਨਤਾ ਅਤੇ ਸੱਚੀ ਮਿੱਤਰਤਾ ਦਾ ਅਹਿਸਾਸ ਹੋਇਆ। ਉਸ ਦਿਨ ਤੋਂ ਇਹ ਪਤਨੀ ਸਹਿਤ ਸ੍ਰੀ ਕ੍ਰਿਸ਼ਣ ਦਾ ਭਗਤ ਬਣ ਗਿਆ। ਗੁਰੂ ਅਰਜਨ ਦੇਵ ਨੇ ਇਸ ਦਾ ਹਵਾਲਾ ਦਿੰਦਿਆਂ ਮਨੁੱਖ ਨੂੰ ਹਰਿ ਭਗਤੀ ਵਲ ਰੁਚਿਤ ਕੀਤਾ ਹੈ—'ਬਿਪੁ ਸੁਦਾਮੇ ਦਾਲਦੁ ਭੰਜ।/ਰੇ ਮਨ ਤੂ ਭੀ ਭਜੁ ਗੋਬਿੰਦ' (ਅ. ਗ੍ਰੰ. 1192)। ਅੱਜ ਦੇ ਪ੍ਰਸੰਗ ਵਿਚ ਸੁਦਾਮੇ ਦੀ ਸਥਿਤੀ ਚਿੱਤਰਦਿਆਂ ਜਸਬੀਰ ਸਿੰਘ ਆਹਲੂਵਾਲੀਆ ਨੇ ਲਿਖਿਆ ਹੈ—'ਬ੍ਰਹਮ-ਗਿਆਨੀ/ਉਦਘਾਟਨੀ ਸਮਾਰੋਹ 'ਚ ਰੁਝਿਆ ਹੈ/ਬਾਹਰ ਸੁਦਾਮਾ/ਫਲੈਟ ਅਲਾਟ ਕਰਾਉਣ ਦੀ ਅਰਜ਼ੀ ਲਈ ਖੜਾ ਹੈ।'

ਸੁੰਨਤ : ਅਰਬੀ ਭਾਸ਼ਾ ਦੇ ਸ਼ਬਦ 'ਸੁੰਨਤ' ਦਾ ਅਰਥ ਹੈ ਮਰਯਾਦਾ। ਇਸਲਾਮ ਵਿਚ ਸੁੰਨਤ ਉਨ੍ਹਾਂ ਸਾਰੀਆਂ ਸਿਖਿਆਵਾਂ ਜਾਂ ਉਪਦੇਸ਼ਾਂ ਦੀ ਪਾਲਣਾ ਦਾ ਸੂਚਕ ਸ਼ਬਦ ਹੈ ਜਿਹੜੇ ਹਜ਼ਰਤ ਮੁਹੰਮਦ ਨੇ ਆਪਣੇ ਅਨੁਯਾਈਆਂ ਨੂੰ ਦਿੱਤੇ ਸਨ। ਇਸ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਵਲੋਂ ਚਲਾਈ ਆਚਰਣ-ਵਿਧੀ ਹੀ ਸੁੰਨਤ ਹੈ। ਪਰ ਅੱਜ ਕਲ ਇਸ ਸ਼ਬਦ ਦੀ ਵਰਤੋਂ 'ਖ਼ਤਨਾ' ਲਈ ਰੂੜ੍ਹ ਹੋ ਚੁਕੀ ਹੈ। 'ਖ਼ਤਨਾ' ਵੀ ਇਸਲਾਮਿਕ ਮਰਯਾਦਾ ਵਿਚ ਸ਼ਾਮਲ ਹੈ। ਹਜ਼ਰਤ ਮੁਹੰਮਦ ਤੋਂ ਪਹਿਲਾਂ ਸਾਮੀ ਦੇਸ਼ਾਂ ਵਿਚ ਖ਼ਤਨਾ ਦੀ ਪ੍ਰਥਾ ਮੌਜੂਦ ਸੀ।

ਇਸ ਪ੍ਰਥਾ ਅਨੁਸਾਰ ਲਿੰਗ ਦੇ ਅਗਲੇ ਹਿੱਸੇ ਦੀ ਤੁੱਚਾ (ਖਲੜੀ) ਦਾ ਮਾਸ ਕਟ ਦਿੱਤਾ ਜਾਂਦਾ ਹੈ। ਇਸ ਪ੍ਰਥਾ ਦਾ ਜ਼ਿਕਰ 'ਕੁਰਾਨ' ਵਿਚ ਨਹੀਂ ਹੋਇਆ, ਪਰ ਇਸ ਦੇ ਪ੍ਰਚਲਨ ਦਾ ਆਰੰਭ ਹਜ਼ਰਤ ਇਬਰਾਹੀਮ ਦੇ ਸਮੇਂ ਵਿਚ ਮੰਨਿਆ ਜਾਂਦਾ ਹੈ। 'ਸਹੀਹ ਬੁਖ਼ਾਰੀ' ਦੀ ਇਕ ਹਦੀਸ ਦੇ ਆਧਾਰ ਤੇ ਹਜ਼ਰਤ ਇਬਰਾਹੀਮ ਦਾ ਅੱਠ ਵਰ੍ਹਿਆਂ ਦੀ ਉਮਰ ਵਿਚ ਖ਼ਤਨਾ ਹੋਇਆ ਸੀ। ਇਸ ਹਦੀਸ ਤੋਂ ਪਤਾ ਚਲਦਾ ਹੈ ਕਿ ਹਜ਼ਰਤ ਮੁਹੰਮਦ ਨੇ ਮੁਸਲਮਾਨਾਂ ਨੂੰ ਖ਼ਤਨਾ ਕਰਾਉਣ ਦਾ ਆਦੇਸ਼ ਦਿੱਤਾ ਸੀ। ਇਸ ਲਈ ਇਸ ਨੂੰ 'ਸੁੰਨਤ' ਕਿਹਾ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਖ਼ਤਨਾ ਕਰਵਾਇਆ ਸੀ ਜਾਂ ਨਹੀਂ, ਇਸ ਬਾਰੇ ਇਸਲਾਮਿਕ ਸਾਹਿੱਤ ਤੋਂ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਪਰ ਭਾਈ ਕਾਨ੍ਹ ਸਿੰਘ ਨੇ ਅਜਿਹਾ ਹੋਣਾ ਮੰਨਿਆ ਹੈ।

ਬੱਚੇ ਦੇ ਜਨਮ ਤੋਂ ਇਕ ਹਫ਼ਤੇ ਦੇ ਅੰਦਰ ਅੰਦਰ ਖ਼ਤਨਾ ਕਰਾਉਣਾ ਉੱਤਮ ਸਮਝਿਆ ਜਾਂਦਾ ਹੈ। ਪਰ ਉਂਜ 7 ਸਾਲ ਤੋਂ 12 ਸਾਲ ਦੀ ਉਮਰ ਤਕ ਮੁਸਲਮਾਨ ਲੋਕ ਖ਼ਤਨਾ ਜ਼ਰੂਰ ਕਰਵਾ ਲੈਂਦੇ ਹਨ। ਇਸ ਤੋਂ ਵੱਡੀ ਉਮਰ ਵਿਚ ਜੋ ਲੋਕ ਮੁਸਲਮਾਨ ਬਣਦੇ ਹਨ, ਉਨ੍ਹਾਂ ਦੀ ਉਮਰ ਨੂੰ ਸਾਹਮਣੇ ਰਖਦਿਆਂ ਛੋਟ ਵੀ ਦਿੱਤੀ ਜਾ ਸਕਦੀ ਹੈ, ਪਰ ਖ਼ਤਨਾ ਕਰਾਉਣਾ ਹੀ ਉੱਤਮ ਗੱਲ ਹੈ। ਅਕਬਰ ਬਾਦਸ਼ਾਹ ਖ਼ਤਨੇ ਦੀ ਪ੍ਰਥਾ ਨੂੰ ਲਾਜ਼ਮੀ ਨਹੀਂ ਸਮਝਦਾ ਸੀ। ਉਂਜ ਉਸ ਦੇ ਖ਼ਤਨੇ ਦੀ ਰਸਮ ਦਾ ਮੁਗ਼ਲ ਇਤਿਹਾਸ ਵਿਚ ਵਿਸ਼ੇਸ਼ ਵਰਣਨ ਹੈ।

ਮੱਧ-ਯੁਗ ਦੇ ਸੰਤਾਂ ਨੇ ਸੁੰਨਤ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ। ਸੰਤ ਕਬੀਰ ਨੇ ਇਸ ਪ੍ਰਥਾ ਤੇ ਵਿਅੰਗ ਕਸਦਿਆਂ ਲਿਖਿਆ ਹੈ—'ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ।/ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ'

(ਅ. ਗ੍ਰੰ. 477)। ਗੁਰੂ ਨਾਨਕ ਦੇਵ ਨੇ ਇਸ ਪ੍ਰਥਾ ਦਾ ਭਾਵੀਕਰਣ 'ਸ਼ਰਮ' ਵਿਚ ਕੀਤਾ ਹੈ—'ਸਰਮ ਸੁੰਨਤਿ ਸੀਲੁ ਰੋਜਾ, ਹੋਹੁ ਮੁਸਲਮਾਣੁ' (ਅ. ਗ੍ਰੰ. 140)।

ਸੁਬਾਹੂ : ਇਕ ਦੈਂਤ ਜੋ ਸੁੰਦ ਅਤੇ ਤਾੜਕਾ ਦਾ ਪੁੱਤਰ ਅਤੇ ਮਾਰੀਚ ਦਾ ਭਰਾ ਸੀ। ਇਹ ਆਮ ਤੌਰ ਤੇ ਆਪਣੇ ਭਰਾ ਨਾਲ ਮਿਲ ਕੇ ਰਿਸ਼ੀਆਂ ਦੇ ਯੱਗ ਵਿਚ ਵਿਘਨ ਪਾਉਂਦਾ ਸੀ। ਇਕ ਵਾਰ ਵਿਸ਼ਵਾਮਿਤਰ ਦੇ ਯੱਗ ਵਿਚ ਵਿਘਨ ਪਾਣ ਲਈ ਇਨ੍ਹਾਂ ਦੋਹਾਂ ਨੇ ਯੱਗ ਵੇਦੀ ਉਤੇ ਲਹੂ ਅਤੇ ਮਾਸ ਦੀ ਵਰਸ਼ਾ ਕੀਤੀ। ਵਿਸ਼ਵਾਮਿਤਰ ਰਾਜਾ ਦਸ਼ਰਥ ਪਾਸੋਂ ਯੱਗ-ਰੱਖਿਆ ਲਈ ਰਾਮ ਅਤੇ ਲੱਛਮਣ ਨੂੰ ਮੰਗ ਲਿਆਇਆ। ਯੱਗ ਦੇ ਪੰਜ ਦਿਨ ਬੀਤਣ ਤੋਂ ਬਾਦ ਇਨ੍ਹਾਂ ਦੈਂਤਾਂ ਨੇ ਲਹੂ-ਮਾਸ ਦੀ ਵਰਸ਼ਾ ਸ਼ੁਰੂ ਕੀਤੀ। ਰਾਮ-ਲੱਛਮਣ ਨੇ ਯੁੱਧ ਛੇੜ ਦਿੱਤਾ ਅਤੇ ਬਹੁਤ ਸਾਰੇ ਦੈਂਤ ਮਾਰ ਦਿੱਤੇ। ਰਾਮ ਨੇ ਮਾਨਵਾਸਤ੍ਰ ਨਾਲ ਮਾਰੀਚ ਨੂੰ ਇਕ ਸੌ ਕੋਹ ਦੂਰ ਸਮੁੰਦਰ ਵਲ ਸੁਟ ਦਿੱਤਾ ਅਤੇ ਲੱਛਮਣ ਨੇ ਅਗਨੀ ਅਸਤ੍ਰ ਨਾਲ ਸੁਬਾਹੂ ਨੂੰ ਘਾਇਲ ਕਰ ਦਿੱਤਾ ਜੋ ਬਾਦ ਵਿਚ ਮਰ ਗਿਆ। ਇਨ੍ਹਾਂ ਦੇ ਮਾਰੇ ਜਾਣ ਦੀ ਘਟਨਾ ਬਾਰੇ ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਸੰਕੇਤ ਕੀਤਾ ਹੈ—'ਖਰ ਕ੍ਰੋਪ ਸੁਬਾਹੂ ਮਾਰੀਚ ਮਾਰਿਓ।'

ਸੁਭਾਸ਼ ਚੰਦਰ ਬੋਸ : ਭਾਰਤੀ ਸੁਤੰਤਰਤਾ ਸੰਗ੍ਰਾਮ ਦੀ ਇਸ ਮਹਾਨ ਹਸਤੀ ਦਾ ਜਨਮ 23 ਜਨਵਰੀ, 1897 ਈ. ਨੂੰ ਜਾਨਕੀ ਨਾਥ ਬੋਸ ਦੇ ਘਰ ਪ੍ਰਭਾਵਤੀ ਦੇਵੀ ਦੀ ਕੁੱਖੋਂ ਕਟਕ ਵਿਚ ਹੋਇਆ। ਇਸ ਦੇ ਪਿਤਾ ਉਥੋਂ ਦੇ ਮੰਨੇ ਹੋਏ ਵਕੀਲ ਸਨ। ਸ਼ੁਰੂ ਤੋਂ ਹੀ ਸੁਭਾਸ਼ ਬਾਬੂ ਬਹੁਤ ਜ਼ਹੀਨ ਅਤੇ ਚੁਸਤ ਸੀ। ਕਾਲਜ ਦੀ ਪੜ੍ਹਾਈ ਖ਼ਤਮ ਕਰਨ ਉਪਰੰਤ ਇਹ ਸੰਨ 1920 ਈ. ਵਿਚ ਲੰਦਨ ਗਿਆ ਅਤੇ ਉਥੋਂ ਆਈ. ਸੀ. ਐਸ. ਦੀ ਪਰੀਖਿਆ ਪਾਸ ਕੀਤੀ। ਪਰ ਦੇਸ਼ ਵਿਚ ਚਲੇ ਨਾਮਿਲਵਰਤਨ-ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਪ੍ਰਸਿਕਸ਼ਣ ਦੌਰਾਨ ਤਿਆਗ ਪੱਤਰ ਦੇ ਕੇ ਭਾਰਤ ਪਰਤ ਆਇਆ। ਉਦੋਂ ਇਸ ਦੀ ਉਮਰ 24 ਵਰ੍ਹਿਆਂ ਦੀ ਸੀ। ਸਿਧਾ ਮਹਾਤਮਾ ਗਾਂਧੀ ਕੋਲ ਗਿਆ। ਉਸ ਨੇ ਇਸ ਦੀ ਦੇਸ਼-ਭਗਤੀ ਦੀ ਰੁਚੀ ਨੂੰ ਵੇਖ ਕੇ ਬੰਗਾਲ ਦੇ ਪ੍ਰਸਿੱਧ ਦੇਸ਼ ਭਗਤ ਦੇਸ਼ਬੰਧੂ ਚਿਤਰੰਜਨਦਾਸ ਕੋਲ ਭੇਜਿਆ। ਦੇਸ਼ਬੰਧੂ ਨੂੰ ਆਪਣਾ ਰਾਜਨੈਤਿਕ ਗੁਰੂ ਮੰਨ ਕੇ ਸੰਨ 1921 ਈ. ਵਿਚ ਪ੍ਰਿੰਸ-ਆਫ਼-ਵੇਲਜ਼ ਦੀ ਆਮਦ ਦਾ ਬਾਈਕਾਟ ਕਰਨ ਵਿਚ ਇਸ ਨੇ ਉਤਸਾਹ-ਪੂਰਵਕ ਹਿੱਸਾ ਲਿਆ।

ਇਸ ਦੀਆਂ ਰਾਜਨੈਤਿਕ ਗਤਿਵਿਧੀਆਂ ਨੂੰ ਧਿਆਨ ਵਿਚ ਰਖਦਿਆਂ ਅੰਗ੍ਰੇਜ਼ ਸਰਕਾਰ ਨੇ ਇਸ ਨੂੰ ਮਾਂਡਲੇ ਜੇਲ ਵਿਚ ਬੰਦ ਕਰ ਦਿੱਤਾ। ਉਥੋਂ ਸਿਹਤ ਦੀ ਖ਼ਰਾਬੀ ਕਾਰਣ ਇਸ ਨੂੰ ਰਿਹਾ ਕੀਤਾ ਗਿਆ। ਰਿਹਾਈ ਤੋਂ ਬਾਦ ਇਸ ਨੇ ਯੁਵਕ-ਸੰਗਠਨ ਅਤੇ ਟ੍ਰੇਡ ਯੂਨੀਅਨ ਅੰਦੋਲਨ ਵਿਚ ਆਪਣਾ ਅਧਿਕ ਸਮਾਂ ਲਗਾਇਆ। ਸੰਨ 1928 ਈ. ਵਿਚ ਇਸ ਨੇ ਜਵਾਹਰ ਲਾਲ ਨਹਿਰੂ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ 'ਡੋਮੀਨੀਅਨ ਸਟੇਟਸ' ਦੀ ਮਾਨਤਾ ਦਾ ਵਿਰੋਧ ਕੀਤਾ। ਫਲਸਰੂਪ ਸੰਨ 1929 ਈ. ਵਿਚ ਰਾਵੀ ਦਰਿਆ ਦੇ ਕੰਢੇ ਹੋਏ ਕਾਂਗ੍ਰਸ ਦੇ ਅਧਿਵੇਸ਼ਨ ਵਿਚ ਪੰਡਿਤ ਨਹਿਰੂ ਨੇ ਪੂਰਣ-ਸੁਰਾਜ ਦਾ ਐਲਾਨ ਕੀਤਾ।

ਸੰਨ 1930 ਈ. ਵਿਚ ਮਹਾਤਮਾ ਗਾਂਧੀ ਦੁਆਰਾ ਸ਼ੁਰੂ ਕੀਤੇ ਸਤਿਆਗ੍ਰਹਿ ਕਰਕੇ ਸੁਭਾਸ਼ ਚੰਦਰ ਨੂੰ ਜੇਲ ਵਿਚ ਬੰਦ ਕਰ ਦਿੱਤਾ ਗਿਆ। ਸਿਹਤ ਦੇ ਵਿਗੜ ਜਾਣ ਕਾਰਣ ਇਸ ਨੂੰ ਯੋਰੂਪ ਜਾਣ ਦੀ ਆਗਿਆ ਮਿਲ ਗਈ। ਉਥੇ ਜਾ ਕੇ ਇਸ ਨੇ ਕਾਂਗ੍ਰਸ ਦੇ ਉੱਦੇਸ਼ਾਂ ਅਤੇ ਆਜ਼ਾਦੀ ਦੀ ਪ੍ਰਾਪਤੀ ਲਈ ਅੰਤਰ-ਰਾਸ਼ਟਰੀ ਸੰਵਾਦ ਸ਼ੁਰੂ ਕੀਤਾ। ਇਸ ਨਾਲ ਭਾਰਤ ਦੀ ਸਥਿਤੀ ਪ੍ਰਤਿ ਕੌਮਾਂਤਰੀ ਹਮਦਰਦੀ ਪੈਦਾ ਹੋਈ। ਕਾਂਗ੍ਰਸ ਦੇ ਲਖਨਊ ਅਧਿਵੇਸ਼ਨ ਵਿਚ ਭਾਗ ਲੈਣ ਲਈ ਇਹ ਸੰਨ 1936 ਈ. ਵਿਚ ਭਾਰਤ ਪਰਤਿਆ, ਪਰ ਸਰਕਾਰ ਨੇ ਤੁਰਤ ਪਕੜ ਕੇ ਜੇਲ ਵਿਚ ਬੰਦ ਕਰ ਦਿੱਤਾ। ਸੰਨ 1937 ਈ. ਵਿਚ ਜਦੋਂ ਚੋਣਾਂ ਹੋਈਆਂ ਅਤੇ 11 ਰਾਜਾਂ ਵਿਚੋਂ 7 ਵਿਚ ਕਾਂਗ੍ਰਸ ਦੇ ਮੰਤ੍ਰੀਮੰਡਲ ਬਣੇ ਤਾਂ ਇਸ ਨੂੰ ਰਿਹਾ ਕੀਤਾ ਗਿਆ। ਸੰਨ 1938 ਈ. ਵਿਚ ਕਾਂਗ੍ਰਸ ਦੇ ਹਰਿਪੁਰਾ ਅਧਿਵੇਸ਼ਨ ਵਿਚ ਇਸ ਨੂੰ ਸਰਵ-ਸੰਮਿਤੀ ਨਾਲ ਕਾਂਗ੍ਰਸ ਦਾ ਪ੍ਰਧਾਨ ਚੁਣਿਆ ਗਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਇਸ ਨੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਪੇਸ਼ ਕੀਤਾ ਅਤੇ ਦੇਸ਼ ਦੇ ਵਿਕਾਸ ਲਈ ਯੋਜਨਾ-ਸਮਿਤੀ ਦੀ ਸਥਾਪਨਾ ਉਤੇ ਬਲ ਦਿੱਤਾ।

ਸੰਨ 1939 ਈ. ਵਿਚ ਤ੍ਰਿਪੁਰੀ ਵਿਚ ਹੋਏ ਕਾਂਗ੍ਰਸ ਦੇ ਅਧਿਵੇਸ਼ਨ ਵਿਚ ਇਸ ਨੇ ਡਾ. ਪਟਾਭਿ ਸੀਤਾਰਾਮਈਆ ਦੇ ਮੁਕਾਬਲੇ ਤੇ ਪ੍ਰਧਾਨ ਪਦ ਲਈ ਚੋਣ ਲੜੀ ਅਤੇ ਜਿੱਤ ਪ੍ਰਾਪਤ ਕੀਤੀ। ਪਰ ਮਹਾਤਮਾ ਗਾਂਧੀ ਨੂੰ ਇਹ ਗੱਲ ਪਸੰਦ ਨਾ ਆਈ ਅਤੇ ਉਸ ਨੇ ਅੰਦਰੋਂ ਅੰਦਰ ਵਿਰੋਧ ਕੀਤਾ। ਇਸ ਅਸਹਿਯੋਗ ਤੋਂ ਖਿਝ ਕੇ ਅਪ੍ਰੈਲ, 1939 ਈ. ਵਿਚ ਸੁਭਾਸ਼ ਨੇ ਕਾਂਗ੍ਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਕਾਂਗ੍ਰਸ, ਸਮਾਜਵਾਦੀ ਪਾਰਟੀ, ਕਮਿਊਨਿਸਟ ਪਾਰਟੀ, ਟ੍ਰੇਡ ਯੂਨੀਅਨਾਂ, ਫ਼ਾਰਵਰਡ ਬਲਾਕ ਆਦਿ ਨੂੰ ਮਿਲਾ ਕੇ ਵਾਮਪੰਥੀ ਏਕਤਾ ਸਮਿਤੀ ਦੀ ਸਥਾਪਨਾ ਕੀਤੀ। ਇਸ ਸਮਿਤੀ ਦੇ ਬੰਬਈ ਵਿਚ ਹੋਏ ਪਹਿਲੇ ਸਰਵ-ਭਾਰਤੀ ਸੰਮੇਲਨ ਵਿਚ ਪੂਰਣ-ਆਜ਼ਾਦੀ ਅਤੇ ਆਜ਼ਾਦੀ ਤੋਂ ਬਾਦ ਸਮਾਜਵਾਦੀ ਰਾਜ ਦੀ ਸਥਾਪਨਾ ਦੀ ਘੋਸ਼ਣਾ ਕੀਤੀ। ਅਪ੍ਰੈਲ, 1940 ਈ. ਵਿਚ ਫ਼ਾਰਵਰਡ ਬਲਾਕ ਵਲੋਂ ਚਲਾਏ ਗਏ ਸਤਿਆਗ੍ਰਹਿ ਦੀ ਕਾਮਯਾਬੀ ਤੋਂ ਉਤਸਾਹਿਤ ਹੋ ਕੇ ਆਪਣੇ ਨਾਗਪੁਰ ਵਿਚ ਕੀਤੇ ਅਧਿਵੇਸ਼ਨ ਵਿਚ ਫ਼ਾਰਵਰਡ ਬਲਾਕ ਨੂੰ ਇਕ ਸੁਤੰਤਰ ਪਾਰਟੀ ਦੇ ਰੂਪ ਵਿਚ ਘੋਸ਼ਿਤ ਕੀਤਾ। ਇਨ੍ਹਾਂ ਕਾਰਵਾਈਆਂ ਦੇ ਫਲਸਰੂਪ ਬੰਗਾਲ ਸਰਕਾਰ ਨੇ ਜੁਲਾਈ, 1940 ਈ. ਵਿਚ ਇਸ ਨੂੰ ਆਪਣੇ ਘਰ ਵਿਚ ਨਜ਼ਰਬੰਦ ਕਰ ਦਿੱਤਾ।

ਜਨਵਰੀ, 1941 ਈ. ਵਿਚ ਇਹ ਉਥੋਂ ਖਿਸਕ ਕੇ ਪਿਸ਼ਾਵਰ, ਕਾਬਲ, ਮਾਸਕੋ ਹੁੰਦੇ ਹੋਇਆਂ ਬਰਲਿਨ ਪਹੁੰਚਿਆ ਅਤੇ ਭਾਰਤ ਦੀ ਸੁਤੰਤਰਤਾ ਲਈ ਹਿਟਲਰ ਨਾਲ ਸੰਵਾਦ ਰਚਾਇਆ। ਜਨਵਰੀ, 1942 ਈ. ਵਿਚ ਜਰਮਨੀ ਵਲੋਂ ਬੰਦੀ ਬਣਾਏ ਭਾਰਤੀ ਸੈਨਿਕਾਂ ਦਾ ਇਕ ਦਲ ਸੰਗਠਿਤ ਕੀਤਾ ਅਤੇ ਬਰਲਿਨ ਰੇਡੀਓ ਤੋਂ ਆਪਣੇ ਪ੍ਰੋਗ੍ਰਾਮ ਪਰਸਾਰਿਤ ਕੀਤੇ। ਇਧਰ ਜਾਪਾਨ ਵਲੋਂ ਕੈਦੀ ਬਣਾਏ ਭਾਰਤੀ ਸੈਨਿਕਾਂ ਨੂੰ ਸੰਗਠਿਤ ਕਰਕੇ ਜਨਰਲ ਮੋਹਨ ਸਿੰਘ ਆਦਿ ਅਫ਼ਸਰਾਂ ਨੇ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ। ਰਾਸ ਬਿਹਾਰੀ ਬੋਸ ਅਤੇ ਐਨ. ਰਾਘਵਨ ਆਦਿ

ਹਿੰਦੁਸਤਾਨੀ ਲੀਡਰਾਂ ਦੀ ਕੋਸ਼ਿਸ਼ ਨਾਲ 'ਇੰਡੀਅਨ ਇੰਡੀਪੈਂਡੈਂਸ ਲੀਗ' ਦੀ ਸਥਾਪਨਾ ਹੋਈ। ਇਨ੍ਹਾਂ ਸਭ ਵਿਚ ਤਾਲ-ਮੇਲ ਕਾਇਮ ਕਰਨ ਅਤੇ ਜਾਪਾਨ ਦੀ ਸਰਕਾਰ ਦੀ ਸਦਭਾਵਨਾ ਹਾਸਲ ਕਰਨ ਲਈ ਬਰਲਿਨ ਤੋਂ ਸੁਭਾਸ਼ ਚੰਦਰ ਨੂੰ 20 ਜੂਨ, 1943 ਈ. ਨੂੰ ਟੋਕੀਓ ਲਿਆਉਂਦਾ ਗਿਆ। 2 ਜੁਲਾਈ, 1943 ਈ. ਨੂੰ ਇਹ ਸਿੰਗਾਪੁਰ ਪਹੁੰਚਿਆ ਅਤੇ 15 ਜੁਲਾਈ ਨੂੰ ਇਸ ਨੇ ਆਜ਼ਾਦ ਹਿੰਦ ਫ਼ੌਜ ਦਾ ਨਿਰੀਖਣ ਕੀਤਾ ਅਤੇ ਡੇਢ ਲੱਖ ਦੇ ਜਨ-ਸਮੂਹ ਨੂੰ ਸੰਬੋਧਨ ਕਰਦਿਆਂ 'ਦਿਲੀ ਵਲ ਚਲੋ' ਦਾ ਨਾਅਰਾ ਮਾਰਿਆ।

25 ਅਗਸਤ, 1943 ਈ. ਨੂੰ ਇਹ ਆਜ਼ਾਦ ਹਿੰਦ ਫ਼ੌਜ ਦਾ ਸੈਨਾਪਤੀ ਬਣਿਆ। ਭਾਰਤੀ ਇਸਤ੍ਰੀਆਂ ਨੂੰ ਜੱਥੇਬੰਦ ਕਰਨ ਲਈ ਇਸ ਨੇ 'ਰਾਨੀ ਝਾਂਸੀ ਰਜਮੈਂਟ' ਦੀ ਸਥਾਪਨਾ ਕੀਤੀ। ਇਸ ਨੇ ਆਪਣੀ ਸਿਆਣਪ ਨਾਲ ਜਾਪਾਨੀ ਅਫ਼ਸਰਾਂ ਦੀ ਸੁਹਿਰਦਤਾ ਜਿੱਤ ਲਈ ਅਤੇ ਆਪਣੀ ਫ਼ੌਜ ਦੀ ਸੁਤੰਤਰ ਗਤਿਵਿਧੀ ਲਈ ਜਾਪਾਨ ਤੋਂ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂ ਹਾਸਲ ਕੀਤੇ। ਜਨਵਰੀ, 1944 ਈ. ਵਿਚ ਆਜ਼ਾਦ ਹਿੰਦ ਫ਼ੌਜ ਦਾ ਮੁੱਖ ਦਫ਼ਤਰ ਰੰਗੂਨ ਵਿਚ ਲਿਆਉਂਦਾ ਗਿਆ ਅਤੇ ਬਰਮਾ ਦੇਸ਼ ਤੋਂ ਹੋ ਕੇ ਹਿੰਦੁਸਤਾਨ ਦੀਆਂ ਮਰਹੱਦਾਂ ਉਤੇ ਅਗੇ ਵੱਧਣਾ ਸ਼ੁਰੂ ਕੀਤਾ ਗਿਆ। 18 ਮਾਰਚ, 1944 ਈ. ਨੂੰ ਆਜ਼ਾਦ ਹਿੰਦ ਫ਼ੌਜ ਦੇ ਜਵਾਨਾਂ ਨੇ ਭਾਰਤੀ ਧਰਤੀ ਉਤੇ ਪੈਰ ਰਖੇ। ਹੌਲੀ ਹੌਲੀ ਇਹ ੋਜੀ ਇੰਫਲ ਅਤੇ ਕੋਹੀਮਾ ਤਕ ਪਹੁੰਚ ਗਏ। ਪਰ ਅਮਰੀਕਾ ਵਲੋਂ ਜਾਪਾਨ ਦੇ ਦੋ ਨਗਰਾਂ—ਹੀਰੋਸ਼ੀਮਾ ਅਤੇ ਨਾਗਾਸਾਕੀ ਉਤੇ ਕੀਤੀ ਗਈ ਬੰਬਾਰੀ ਕਾਰਣ ਜਾਪਾਨ ਵਲੋਂ ਹਥਿਆਰ ਸੁਟ ਦੇਣ ਨਾਲ ਯੁੱਧ-ਸਥਿਤੀ ਬਦਲ ਗਈ ਅਤੇ ਆਜ਼ਾਦ ਹਿੰਦ ਫ਼ੌਜ ਨੂੰ ਪਿਛੇ ਹਟਣਾ ਪਿਆ। ਅੰਤ ਵਿਚ ਜਾਪਾਨ ਦੀ ਹਾਰ ਨਾਲ ਆਜ਼ਾਦ ਹਿੰਦ ਫ਼ੌਜ ਵੀ ਹਾਰ ਗਈ। ਉਸ ਦੇ ਅਫ਼ਸਰ ਅਤੇ ਸੈਨਿਕ ਕੈਦ ਕਰ ਲਏ ਗਏ। ਇਸ ਸੰਕਟ ਤੋਂ ਬਚ ਨਿਕਲਣ ਲਈ ਸੁਭਾਸ਼ ਚੰਦਰ ਬੋਸ ਸਾਇਗਾਨ ਤੋਂ ਟੋਕੀਓ ਨੂੰ ਜਾਂਦੇ ਹਵਾਈ ਜਹਾਜ਼ ਵਿਚ ਬੈਠਾ ਜੋ 18 ਅਗਸਤ, 1945 ਈ. ਨੂੰ ਤੈਵਾਨ (ਫਾਰਮੋਸਾ) ਦੇ ਤਾਇਪੇਹ ਨਾਂ ਦੇ ਸਥਾਨ ਤੇ ਦੁਰਘਟਨਾ ਗ੍ਰਸਤ ਹੋਇਆ। ਇਸ ਦੁਰਘਟਨਾ ਵਿਚ ਸੁਭਾਸ਼ ਚੰਦਰ ਬੋਸ ਦਾ ਦੇਹਾਂਤ ਹੋ ਗਿਆ।

ਇਹ ਕਾਹਲੇ ਸੁਭਾ ਦਾ ਬੜਾ ਦੂਰਦਰਸ਼ੀ ਨੇਤਾ ਸੀ। ਇਸ ਦੇ ਉੱਦਮ ਨਾਲ ਵਿਦੇਸ਼ਾਂ ਵਿਚ ਰਹਿ ਕੇ ਦੇਸ਼ ਦੀ ਆਜ਼ਾਦੀ ਲਈ ਜੋ ਕਾਰਵਾਈ ਕੀਤੀ ਗਈ, ਉਸ ਨਾਲ ਆਜ਼ਾਦੀ ਦੀ ਪ੍ਰਾਪਤੀ ਸਰਲ ਅਤੇ ਸ਼ੀਘਰ ਹੋ ਗਈ। ਇਹ ਆਮ ਤੌਰ ਤੇ 'ਨੇਤਾ ਜੀ' ਦੇ ਨਾਂ ਨਾਲ ਭਾਰਤੀ ਜਨਤਾ ਵਿਚ ਸਨਮਾਨਿਤ ਸੀ।

ਸੁੰਭ-ਨਿਸੁੰਭ : ਸੁੰਭ ਅਤੇ ਨਿਸੁੰਭ ਦੋਵੇਂ ਦੈਂਤ ਸਕੇ ਭਰਾ ਸਨ। ਸੁੰਭ ਵੱਡਾ ਸੀ ਅਤੇ ਨਿਸੁੰਭ ਛੋਟਾ। ਇਹ ਕਸ਼੍ਯਪ ਦੁਆਰਾ ਦਨੁ ਦੀ ਕੁੱਖ ਤੋਂ ਪੈਦਾ ਹੋਏ ਸਨ। 'ਮਾਰਕੰਡੇਯ ਪੁਰਾਣ' ਅਨੁਸਾਰ ਇਨ੍ਹਾਂ ਨੇ 5000 ਸਾਲ ਸ਼ਿਵ ਦੀ ਬਹੁਤ ਤਪੱਸਿਆ ਕੀਤੀ। ਜਦੋਂ ਇਤਨਾ ਕੁਝ ਕਰਨ ਤੇ ਵੀ ਸ਼ਿਵ ਨੇ ਮਿਹਰ ਨਾ ਕੀਤੀ ਤਾਂ ਅੱਠ ਸੌ

ਵਰ੍ਹੇ ਹੋਰ ਤਪੱਸਿਆ ਕੀਤੀ। ਫਲਸਰੂਪ ਇਨ੍ਹਾਂ ਦੀ ਤਾਕਤ ਬਹੁਤ ਵੱਧ ਗਈ ਅਤੇ ਇੰਦਰ ਦਾ ਸਿੰਘਾਸਨ ਡੋਲਣ ਲਗਾ। ਇੰਦਰ ਨੇ ਆਪਣੇ ਬਚਾਉ ਲਈ ਰੰਭਾ ਅਤੇ ਤਿਲੋਤਮਾ ਸਹਿਤ ਕਾਮਦੇਵ ਨੂੰ ਭੇਜਿਆ। ਉਸ ਨੇ ਅਪੱਛਰਾਵਾਂ ਦੀ ਮੱਦਦ ਨਾਲ ਇਨ੍ਹਾਂ ਦਾ ਤਪ ਭੰਗ ਕਰ ਦਿੱਤਾ। ਇਹ ਦੋਵੇਂ ਉਨ੍ਹਾਂ ਨਾਲ ਪੰਜ ਹਜ਼ਾਰ ਵਰ੍ਹੇ ਵਿਸ਼ੇ-ਭੋਗਾਂ ਵਿਚ ਲੀਨ ਰਹੇ।

ਜਦੋਂ ਮਨ ਭੋਗ-ਵਿਲਾਸ ਤੋਂ ਉਕਤਾ ਗਿਆ ਤਾਂ ਫਿਰ ਸ਼ਿਵ ਦੀ ਉਪਾਸਨਾ ਵਿਚ ਜੁੱਟ ਗਏ। ਇਕ ਹਜ਼ਾਰ ਵਰ੍ਹੇ ਦੀ ਤਪੱਸਿਆ ਤੋਂ ਬਾਦ ਸ਼ਿਵ ਤੋਂ ਇਹ ਵਰ ਪ੍ਰਾਪਤ ਕਰਨ ਵਿਚ ਸਫਲ ਹੋਏ ਕਿ ਇਹ ਦੇਵਤਿਆਂ ਤੋਂ ਬਲ ਅਤੇ ਐਸ਼ਵਰਜ ਵਿਚ ਵੱਧ ਹੋਣ। ਵਰ ਪ੍ਰਾਪਤ ਕਰਦਿਆਂ ਹੀ ਇਨ੍ਹਾਂ ਨੇ ਇੰਦਰਪੁਰੀ ਉਤੇ ਕਬਜ਼ਾ ਕਰਕੇ ਉਥੋਂ ਇੰਦਰ ਨੂੰ ਭਜਾ ਦਿੱਤਾ। ਨਿਰਾਸ਼ ਦੇਵਤੇ ਪਹਿਲਾਂ ਤ੍ਰੈਦੇਵਾਂ ਕੋਲ ਗਏ ਪਰ ਉਨ੍ਹਾਂ ਨੇ ਦੇਵਤਿਆਂ ਦੀ ਮੱਦਦ ਕਰਨੋਂ ਆਪਣੀ ਅਸਮਰਥਾ ਦਸੀ। ਫਿਰ ਦੇਵੀ ਦੁਰਗਾ ਪਾਸ ਗਏ ਜਿਸ ਨੇ ਦੇਵਤਿਆਂ ਦੀ ਪੂਰੀ ਸਹਾਇਤਾ ਕੀਤੀ। ਦੈਂਤਾਂ ਨਾਲ ਯੁੱਧ ਕਰਕੇ ਪਹਿਲਾਂ ਧੂਮ੍ਰਲੋਚਨ ਨੂੰ ਮਾਰਿਆ, ਫਿਰ ਚੰਡ-ਮੁੰਡ ਅਤੇ ਰਕਤਬੀਜ ਨੂੰ ਖ਼ਤਮ ਕੀਤਾ। ਆਖ਼ੀਰ ਵਿਚ ਸੁੰਭ-ਨਿਸੁੰਭ ਨੂੰ ਮਾਰ ਕੇ ਇੰਦਰ ਨੂੰ ਉਸ ਦਾ ਰਾਜ ਬਹਾਲ ਕੀਤਾ। 'ਚੰਡੀ ਦੀ ਵਾਰ' ਅਨੁਸਾਰ—ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ। / ਇੰਦ੍ਰ ਸੱਦ ਬੁਲਾਇਆ ਰਾਜ ਅਭਿਖੇਖ ਨੋ।'

ਸੁਭਦ੍ਰਾ : ਇਹ 'ਮਹਾਭਾਰਤ' ਦੇ ਅਦੁੱਤੀ ਯੋਧਾ ਅਭਿਮਨ੍ਯੁ ਦੀ ਮਾਤਾ ਅਤੇ ਅਰਜੁਨ ਦੀ ਪਤਨੀ ਸੀ। ਇਸ ਦਾ ਜਨਮ ਵਸੁਦੇਵ ਦੇ ਘਰ ਹੋਇਆ। ਇਹ ਸ੍ਰੀ ਕ੍ਰਿਸ਼ਣ ਅਤੇ ਬਲਰਾਮ ਦੀ ਭੈਣ ਸੀ। ਬਲਰਾਮ ਦੀ ਇੱਛਾ ਸੀ ਕਿ ਇਸ ਦਾ ਵਿਆਹ ਦੁਰਯੋਧਨ ਨਾਲ ਕੀਤਾ ਜਾਏ, ਪਰ ਕ੍ਰਿਸ਼ਣ ਦਾ ਮਨ ਸੀ ਕਿ ਇਸ ਨੂੰ ਅਰਜੁਨ ਨਾਲ ਵਿਆਹ ਕਰਨਾ ਚਾਹੀਦਾ ਹੈ। ਜਦੋਂ ਪਰਿਵਾਰਿਕ ਪੱਧਰ ਤੇ ਇਕ ਗੱਲ ਨਜਿਠੀ ਨਾ ਜਾ ਸਕੀ ਤਾਂ ਸ੍ਰੀ ਕ੍ਰਿਸ਼ਣ ਦੀ ਰਜ਼ਾਮੰਦੀ ਨਾਲ ਅਰਜੁਨ ਇਸ ਨੂੰ ਦਵਾਰਿਕਾ ਤੋਂ ਭਜਾ ਲਿਆਇਆ।

ਕ੍ਰਿਸ਼ਣ-ਭਗਤਾਂ ਵਿਚ ਇਸ ਦਾ ਆਦਰ ਕ੍ਰਿਸ਼ਣ ਅਤੇ ਬਲਰਾਮ ਤੁਲ ਕੀਤਾ ਜਾਂਦਾ ਹੈ। ਜਗਨਨਾਥ ਪੁਰੀ ਵਿਚ ਸ੍ਰੀ ਕ੍ਰਿਸ਼ਣ ਦੇ ਜਗਨਨਾਥ ਰੂਪ ਨਾਲ ਬਲਰਾਮ ਅਤੇ ਸੁਭਦ੍ਰਾ ਦੀਆਂ ਮੂਰਤੀਆਂ ਦੀ ਵੀ ਸਥਾਪਨਾ ਹੋਈ ਹੈ। ਇਨ੍ਹਾਂ ਨੂੰ ਵੀ ਰਥ-ਯਾਤ੍ਰਾ ਵਿਚ ਸ਼ਾਮਲ ਕੀਤਾ ਜਾਂਦਾ ਹੈ।

ਸੁਮਿਤ੍ਰਾ : ਇਹ ਸੂਰਜਵੰਸ਼ੀ ਰਾਜਾ ਦਸ਼ਰਥ ਦੀ ਵਿਚਕਾਰਲੀ ਪਤਨੀ ਸੀ। ਜਦੋਂ ਪੁੱਤ੍ਰੇਸ਼ਟੀ ਯੱਗ ਤੋਂ ਪ੍ਰਗਟ ਹੋਏ ਤੇਜਸਵੀ ਪੁਰਸ਼ ਨੇ ਚਰੁ (ਯੱਗ ਸਾਮਗ੍ਰੀ) ਦਾ ਪਾਤਰ ਦਸ਼ਰਥ ਨੂੰ ਦਿੱਤਾ ਤਾਂ ਉਸ ਨੇ ਅੱਧਾ ਚਰੁ ਕੌਸ਼ਲਿਆ ਅਤੇ ਅੱਧਾ ਕੈਕਈ ਨੂੰ ਦੇ ਦਿੱਤਾ। ਇਨ੍ਹਾਂ ਦੋਹਾਂ ਰਾਣੀਆਂ ਨੇ ਆਪਣੇ-ਆਪਣੇ ਹਿੱਸੇ ਵਿਚੋਂ ਅੱਧਾ-ਅੱਧਾ ਹਿੱਸਾ ਸੁਮਿਤ੍ਰਾ ਨੂੰ ਦੇ ਦਿੱਤਾ। ਫਲਸਰੂਪ ਸੁਮਿਤ੍ਰਾ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ—ਲੱਛਮਣ ਅਤੇ

ਸਤ੍ਰਘਨ। ਲੱਛਮਣ ਬਨਬਾਸ ਦੌਰਾਨ ਸ੍ਰੀ ਰਾਮ ਦੇ ਅੰਗ-ਸੰਗ ਰਿਹਾ ਅਤੇ ਸ਼ਤ੍ਰੂਘਨ ਨੇ ਭਰਤ ਦੀ ਆਗਿਆ ਵਿਚ ਰਹਿ ਕੇ ਰਾਜ-ਪ੍ਰਬੰਧ ਵਿਚ ਉਸ ਦੀ ਸਹਾਇਤਾ ਕੀਤੀ। ਸੁਮਿਤ੍ਰਾ ਤੋਂ ਪੈਦਾ ਹੋਣ ਕਾਰਣ ਲੱਛਮਣ ਨੂੰ 'ਸੌਮਿਤ੍ਰ' ਜਾਂ 'ਸੁਮਿਤ੍ਰਾਨੰਦਨ' ਵੀ ਕਹਿੰਦੇ ਹਨ।

ਸੁਮੇਰੁ : ਪੁਰਾਣ-ਸਾਹਿੱਤ ਵਿਚ ਵਰਣਿਤ ਇਕ ਪਹਾੜ ਜੋ ਸੋਨੇ ਦਾ ਬਣਿਆ ਹੋਇਆ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਵਿਚ ਹੀਰੇ ਪੰਨੇ ਵੀ ਮਿਲਦੇ ਹਨ। ਭਾਗਵਤ ਅਤੇ ਵਿਸ਼ਣੂ ਪੁਰਾਣਾਂ ਵਿਚ ਇਸ ਬਾਰੇ ਵਿਸਤਾਰ ਸਹਿਤ ਲਿਖਿਆ ਮਿਲਦਾ ਹੈ। ਇਸ ਦੀ ਉੱਚਾਈ 84000 ਯੋਜਨ ਦਸੀ ਗਈ ਹੈ ਅਤੇ ਇਹ ਵੀ ਲਿਖਿਆ ਹੈ ਕਿ ਇਹ 16 ਹਜ਼ਾਰ ਯੋਜਨ ਧਰਤੀ ਵਿਚ ਗਡਿਆ ਹੋਇਆ ਹੈ।

ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਮਿਲ ਕੇ ਸਮੁੰਦਰ ਰਿੜਕਣ ਦੀ ਯੋਜਨਾ ਬਣਾਈ ਤਾਂ ਇਸ ਪਰਬਤ ਨੂੰ ਮਧਾਣਾ ਬਣਾਇਆ ਗਿਆ। ਇਸ ਨੂੰ 'ਪੰਚ-ਪਰਬਤ' ਵੀ ਕਹਿੰਦੇ ਹਨ ਕਿਉਂਕਿ ਇਸ ਉਪਰ ਪੰਜ ਪਰਬਤ-ਚੋਟੀਆਂ ਹਨ। ਇਨ੍ਹਾਂ ਵਿਚ ਰੁਦ੍ਰਹਿਮਾਲਯ ਚੋਟੀ ਤੋਂ ਗੰਗਾ ਨਿਕਲੀ ਦਸੀ ਜਾਂਦੀ ਹੈ। ਇਸ ਦਾ ਉਪਰਲਾ ਮੈਦਾਨ 32000 ਯੋਜਨਾਂ ਵਿਚ ਪਸਰਿਆ ਹੋਇਆ ਹੈ। ਅੱਜ-ਕਲ ਇਸ ਦੀ ਸਥਿਤੀ ਤਿੱਬਤ ਅਤੇ ਪਾਮੀਰ ਪਹਾੜ ਦੇ ਵਿਚਾਲੇ ਮੰਨੀ ਜਾਂਦੀ ਹੈ। ਇਸ ਦੇ ਦੱਖਣ ਵਲ ਭਾਰਤ ਹੈ।

ਯੋਗੀ ਲੋਕ ਦਸਮ-ਦੁਆਰ ਨੂੰ ਸੁਮੇਰੁ ਦਾ ਪ੍ਰਤੀਕ ਮੰਨਦੇ ਹਨ। ਗੁਰੂ ਅਰਜਨ ਦੇਵ ਨੇ ਅਨੇਕ ਸੁਮੇਰਾਂ ਦੀ ਹੋਂਦ ਮੰਨੀ ਹੈ—'ਅਨਿਕ ਬਰਨ ਅਨਿਕ ਕਨਿਕ ਸੁਮੇਰ' (ਆ. ਗ੍ਰੰ. 1236)।

ਸੁਰ : ਇਹ 'ਅਸੁਰ' (ਵੇਖੋ) ਦਾ ਵਿਪਰੀਤ ਅਰਥਕ ਸ਼ਬਦ ਹੈ ਅਤੇ ਆਮ ਤੌਰ ਤੇ 'ਦੇਵਤਾ' ਲਈ ਵਰਤਿਆ ਜਾਂਦਾ ਹੈ। ਇਸ ਦਾ ਉੱਲੇਖ ਵੈਦਿਕ ਸਾਹਿੱਤ ਵਿਚ ਨਹੀਂ ਮਿਲਦਾ। ਡਾ. ਸੰਪੂਰਣਾਨੰਦ ਅਨੁਸਾਰ ਇੰਜ ਲਗਦਾ ਹੈ ਕਿ ਵੈਦਿਕ ਕਾਲ ਤੋਂ ਬਾਦ 'ਅਸੁਰ' ਸ਼ਬਦ ਦੀ ਵਿਉਤਪੱਤੀ ਭੁਲ ਕੇ ਲੋਕਾਂ ਨੇ ਅਜਿਹਾ ਸੋਚਿਆ ਹੋਵੇਗਾ ਕਿ 'ਅ' ਅਤੇ 'ਸੁਰ' ਮਿਲਣ ਨਾਲ ਇਹ ਸ਼ਬਦ ਬਣਿਆ ਹੈ। ਅਜਿਹੀ ਅਵਸਥਾ ਵਿਚ ਇਸ ਦਾ ਅਰਥ ਹੋਵੇਗਾ ਜੋ 'ਸੁਰ ਨਹੀਂ'। ਜੋ ਸੁਰ ਨਹੀਂ ਉਹ ਅਸੁਰ ਹੋਇਆ। ਅਸੁਰਾਂ ਦੇ ਵਿਰੋਧੀ ਦੇਵ (ਦੇਵਤਾ) ਸਨ ਹੀ, ਇਸ ਲਈ 'ਸੁਰ' ਸਹਿਜੇ ਹੀ 'ਦੇਵ' (ਵੇਖੋ) ਦਾ ਪ੍ਰਯਾਯਵਾਚੀ ਬਣ ਗਿਆ। ਇਸ ਲਈ ਵਿਉਤਪੱਤੀ ਵੀ ਲਭ ਲਈ ਗਈ, ਜੋ ਚੰਗੀ ਤਰ੍ਹਾਂ ਮਨੋਰਥ ਸਿੱਧ ਕਰ ਦਿੰਦੀ ਹੈ। ਇਸ ਤਰ੍ਹਾਂ ਹੁਣ ਇਹ ਸ਼ਬਦ ਸੈਂਕੜੇ ਵਰ੍ਹਿਆਂ ਤੋਂ ਦੇਵਤਿਆਂ ਲਈ ਪ੍ਰਚਲਿਤ ਹੈ।

ਪੰਜਾਬੀ ਕਾਵਿ ਵਿਚ ਵੀ ਇਸ ਦੀ ਵਰਤੋਂ 'ਦੇਵਤਾ' ਦੇ ਅਰਥ ਵਿਚ ਹੋਈ ਹੈ। ਗੁਰੂ ਨਾਨਕ ਦੇਵ ਨੇ ਸੰਕੇਤ ਕਰਦਿਆਂ ਲਿਖਿਆ ਹੈ—'ਦੇਖਿ ਅਚਰਜੁ ਰਹੇ ਬਿਸਮਾਦਿ।/ਘਟਿ ਘਟਿ ਸੁਰ ਨਰ ਸਹਜ ਸਮਾਧਿ' (ਆ. ਗ੍ਰੰ. 416)।

ਸੁਰਸਰੀ : ਗੰਗਾ ਨਦੀ ਦਾ ਇਕ ਨਾਮਾਂਤਰ। ਵੇਖੋ 'ਗੰਗਾ'।

ਸੁਰਸਾ : ਇਕ ਰਾਖਸ਼ੀ, ਜੋ ਆਪਣੀ ਦੈਵੀ ਸ਼ਕਤੀ ਨਾਲ ਪਰਛਾਵੇਂ ਰਾਹੀਂ ਮੂਲ

ਵਸਤੂ ਅਥਵਾ ਵਿਅਕਤੀ ਨੂੰ ਆਪਣੇ ਮੂੰਹ ਵਿਚ ਖਿਚ ਲੈਂਦੀ ਸੀ। ਇਹ ਦਕਸ਼ ਪ੍ਰਜਾਪਤੀ ਦੀ ਪੁੱਤਰੀ ਅਤੇ ਕਸ਼ਯਪ ਦੀ ਪਤਨੀ ਸੀ। ਇਸ ਤੋਂ ਨਾਗਾਂ ਦੀ ਉਤਪੱਤੀ ਹੋਈ ਸੀ। ਇਹ ਰਾਵਣ ਦੇ ਭਾਈਚਾਰੇ ਵਿਚੋਂ ਸੀ।

'ਬਾਲਮੀਕੀ ਰਾਮਾਇਣ' (ਸੁੰਦਰ-ਕਾਂਡ) ਅਨੁਸਾਰ ਜਦੋਂ ਸੀਤਾ ਦੀ ਖੋਜ ਵਿਚ ਹਨੂੰਮਾਨ ਸਮੁੰਦਰ ਪਾਰ ਕਰ ਰਿਹਾ ਸੀ ਤਾਂ ਸੁਰਸਾ ਨੇ ਉਸ ਨੂੰ ਰੋਕ ਕੇ ਨਿਗਲਣਾ ਚਾਹਿਆ। ਪਰ ਹਨੂੰਮਾਨ ਨੇ ਆਪਣੇ ਸ਼ਰੀਰ ਨੂੰ ਪਰਬਤ ਜਿਤਨਾ ਵੱਡਾ ਬਣਾ ਲਿਆ। ਉਧਰ ਸੁਰਸਾ ਨੇ ਉਸ ਤੋਂ ਸੌ ਗੁਣਾਂ ਅਧਿਕ ਵੱਡਾ ਮੂੰਹ ਬਣਾਇਆ। ਜਦੋਂ ਉਸ ਤੋਂ ਬੱਚਣ ਦਾ ਕੋਈ ਚਾਰਾ ਹਨੂੰਮਾਨ ਨੇ ਨਾ ਵੇਖਿਆ, ਤਾਂ ਅੰਗੂਠੇ ਜਿਤਨਾ ਛੋਟਾ ਆਕਾਰ ਕਰਕੇ ਸੁਰਸਾ ਦੇ ਮੂੰਹ ਵਿਚ ਦਾਖਲ ਹੋ ਗਿਆ ਅਤੇ ਫਿਰ ਮਨ ਦੀ ਚਾਲ ਜਿਤਨੀ ਤੀਬਰ ਗਤਿ ਨਾਲ ਉਸ ਦੇ ਕੰਨ ਵਿਚੋਂ ਨਿਕਲ ਕੇ ਆਕਾਸ਼ ਵਲ ਉੱਡ ਗਿਆ। ਉਧਰ ਸੁਰਸਾ ਦਾ ਸ਼ਰੀਰ ਫੱਟ ਕੇ ਟੋਟੇ-ਟੋਟੇ ਹੋ ਗਿਆ। ਇਸ ਨੂੰ ਪੰਜਾਬੀ ਰਾਮ-ਕਾਵਿ ਵਿਚ ਵਿਘਨਕਾਰੀ ਸ਼ਕਤੀ ਵਜੋਂ ਚਿੱਤਰਿਆ ਜਾਂਦਾ ਹੈ।

ਸੁਰਭੀ : ਵੇਖੋ 'ਕਾਮਧੇਨੁ'।

ਸੁਲਹੀ ਖ਼ਾਨ : ਇਕ ਪਠਾਣ ਜੋ ਜਹਾਂਗੀਰ ਬਾਦਸ਼ਾਹ ਦੇ ਰਾਜ-ਕਾਲ ਵੇਲੇ ਲਾਹੌਰ ਵਿਚ ਅਹਿਲਕਾਰ ਸੀ। ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀਚੰਦ ਗੁਰੂ-ਗੱਦੀ ਨਾ ਮਿਲਣ ਕਾਰਣ ਗੁਰੂ ਸਾਹਿਬ ਨਾਲ ਨਾਰਾਜ਼ ਸੀ ਅਤੇ ਉਨ੍ਹਾਂ ਨੂੰ ਹਾਨੀ ਪਹੁੰਚਾਣ ਲਈ ਸਦਾ ਗੋਂਦਾਂ ਗੁੰਦਦਾ ਰਹਿੰਦਾ ਸੀ। ਉਸ ਨੇ ਲਾਹੌਰ ਦੇ ਕਈ ਮੁਗ਼ਲ ਅਧਿਕਾਰੀਆਂ ਨੂੰ ਵੀ ਨਾਲ ਗੰਢ ਲਿਆ ਸੀ। ਉਨ੍ਹਾਂ ਅਧਿਕਾਰੀਆਂ ਵਿਚ ਸੁਲਹੀ ਖ਼ਾਨ ਵੀ ਸ਼ਾਮਲ ਸੀ। ਇਕ ਵਾਰ ਉਹ ਪ੍ਰਿਥੀਚੰਦ ਕੋਲ, ਉਸ ਦੇ ਨਵੇਂ ਵਸਾਏ ਪਿੰਡ 'ਕੋਠਾ ਗੁਰੂ ਕਾ' (ਜ਼ਿਲਾ ਬਠਿੰਡਾ), ਵਿਚ ਕਿਸੇ ਮੰਦੀ ਮਨਸੂਬਾਬੰਦੀ ਲਈ ਗਿਆ। ਪਰ ਪਿੰਡ ਦੇ ਨੇੜੇ ਹੀ ਇਕ ਇੱਟਾਂ ਦਾ ਆਵਾ ਭੱਖ ਰਿਹਾ ਸੀ। ਕਿਸੇ ਕਾਰਣ ਘੋੜਾ ਤ੍ਰਬਕਿਆ ਅਤੇ ਸੁਲਹੀ ਖ਼ਾਨ ਉਸ ਆਵੇ ਵਿਚ ਧੱਸ ਕੇ ਭਸਮ ਹੋ ਗਿਆ। ਇਸ ਘਟਨਾ ਵਲ ਗੁਰੂ ਜੀ ਨੇ ਸੰਕੇਤ ਕੀਤਾ ਹੈ—'ਸੁਲਹੀ ਤੇ ਨਾਰਾਇਣ ਰਾਖੁ।/ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ' (ਅ. ਗ੍ਰੰ. 825)।

'ਨਾਪਾਕ' ਸ਼ਬਦ ਇਸ ਲਈ ਵਰਤਿਆ ਗਿਆ ਹੈ ਕਿ ਮੁਸਲਮਾਨ ਲੋਕ ਮੁਰਦਾ ਦੱਬਦੇ ਹਨ, ਸਾੜਦੇ ਨਹੀਂ। ਜੋ ਮੁਸਲਮਾਨ ਸੜ ਕੇ ਮਰੇ, ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ।

ਸੁਲਤਾਨਪੁਰ ਲੋਧੀ : ਪੰਜਾਬ ਪ੍ਰਾਂਤ ਦੇ ਕਪੂਰਥਲਾ ਜ਼ਿਲੇ ਵਿਚ ਇਕ ਪੁਰਾਤਨ ਨਗਰ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਇਹ ਨਗਰ ਕਪੂਰਥਲੇ ਤੋਂ 25 ਕਿ. ਮੀ. ਦੱਖਣ ਦਿਸ਼ਾ ਵਿਚ ਵੇਈਂ ਨਦੀ ਦੇ ਕੰਢੇ ਵਸਿਆ ਹੈ। ਇਕ ਰਵਾਇਤ ਅਨੁਸਾਰ ਇਸ ਨੂੰ ਯਾਰ੍ਹਵੀਂ ਸਦੀ ਵਿਚ ਮਹਿਮੂਦ ਗ਼ਜ਼ਨਵੀ ਦੇ ਇਕ ਸੈਨਾ-ਨਾਇਕ ਸੁਲਤਾਨ ਖ਼ਾਨ ਨੇ ਵਸਾਇਆ ਸੀ। ਦੂਜੀ ਰਵਾਇਤ ਅਨੁਸਾਰ ਇਸ ਨਗਰ ਦੀ ਬੁਨਿਆਦ ਸੰਨ 1332 ਈ. ਵਿਚ ਪੰਜਾਬ ਦੇ ਸੂਬੇਦਾਰ ਵਲੀ ਮੁਹੰਮਦ ਖ਼ਾਨ ਦੇ ਪੁੱਤਰ

ਸੁਲਤਾਨ ਖ਼ਾਨ ਨੇ ਰਖੀ ਸੀ। ਤੀਜੀ ਰਵਾਇਤ ਅਨੁਸਾਰ ਇਬਰਾਹੀਮ ਲੋਧੀ (ਲੋਦੀ) ਦੇ ਰਾਜ-ਕਾਲ ਵੇਲੇ ਲਾਹੌਰ ਦੇ ਸੂਬੇਦਾਰ ਦੌਲਤ ਖ਼ਾਨ ਲੋਧੀ (ਲੋਦੀ) ਨੇ ਇਸ ਦਾ ਨਿਰਮਾਣ ਕਰਵਾਇਆ ਸੀ।

ਇਸ ਨਗਰ ਬਾਰੇ ਮਿਲਦੇ ਇਤਿਹਾਸਿਕ ਹਵਾਲਿਆਂ ਤੋਂ ਸਿੱਧ ਹੁੰਦਾ ਹੈ ਕਿ ਇਹ ਪੁਰਾਤਨ ਥੇਹ ਤੇ ਉਸਰਿਆ ਨਗਰ ਹੈ। ਬੁੱਧ-ਮਤ ਦੀਆਂ ਸਾਹਿੱਤਿਕ ਪਰੰਪਰਾਵਾਂ ਤੋਂ ਪਤਾ ਚਲਦਾ ਹੈ ਕਿ ਈਸਾ ਪੂਰਵ ਚੌਥੀ ਸਦੀ ਵਿਚ ਇਥੇ ਤਮਸਾ-ਵਨ ਵਿਚ ਬੁੱਧ ਧਰਮ ਦਾ ਇਕ ਵੱਡਾ ਕੇਂਦਰ ਸੀ। ਪਾਣਿਨੀ ਦੀ 'ਅਸ਼ਟਾਧਿਆਈ' ਅਤੇ ਪੁਰਾਣ-ਸਾਹਿੱਤ ਅਨੁਸਾਰ ਇਹ ਖੇਤਰ ਤਰੀਗਰਤਾ ਦਾ ਇਕ ਗੁਣਰਾਜ ਸੀ। ਯੁਆਂਗ-ਚੁਆਂਗ ਨਾਂ ਦੇ ਚੀਨੀ ਯਾਤ੍ਰੀ ਨੇ ਲਿਖਿਆ ਹੈ ਕਿ ਸਮ੍ਰਾਟ ਅਸ਼ੋਕ ਨੇ ਆਪਣੇ ਰਾਜ-ਕਾਲ (269 ਤੋਂ 232 ਈ. ਪੂ.) ਵੇਲੇ ਇਥੇ ਇਕ ਬੋਧੀ ਸਤੂਪ ਦੀ ਉਸਾਰੀ ਕਰਵਾਈ ਜੋ ਲਗਭਗ ਦੋ ਸੌ ਫੁਟ ਉੱਚਾ ਸੀ। ਸੱਤਵੀਂ ਸਦੀ ਤਕ ਇਹ ਬੁੱਧ-ਧਰਮ ਦਾ ਇਕ ਮਹੱਤਵਪੂਰਣ ਕੇਂਦਰ ਰਿਹਾ। ਇਸ ਤੋਂ ਬਾਦ ਵੀ ਰਾਜਨੈਤਿਕ ਤੌਰ ਤੇ ਇਸ ਨਗਰ ਦਾ ਮਹੱਤਵ ਕਿਸੇ ਨਾ ਕਿਸੇ ਰੂਪ ਵਿਚ ਬਣਿਆ ਰਿਹਾ।

ਯਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮਹਿਮੂਦ ਗਜ਼ਨਵੀ ਨੇ ਧਾਰਮਿਕ ਅੰਧਤਾ ਕਾਰਣ ਇਸ ਨਗਰ ਨੂੰ ਲੁਟ ਕੇ ਅੱਗ ਲਗਵਾ ਦਿੱਤੀ ਜਿਸ ਦਾ ਪ੍ਰਮਾਣ ਇਸ ਦੇ ਥੇਹ ਹੇਠੋਂ ਨਿਕਲਦੀ ਕਾਲੀ ਮਿੱਟੀ ਅਤੇ ਭੰਨੀਆਂ ਟੁੱਟੀਆਂ ਚੀਜ਼ਾਂ ਤੋਂ ਇਲਾਵਾ ਪੁਰਾਤਨ ਸਿੱਕਿਆਂ ਤੋਂ ਸਹਿਜ ਹੀ ਮਿਲ ਜਾਂਦਾ ਹੈ। ਪੁਰਾਤਨ ਨਗਰ ਦੇ ਥੇਹ ਤੇ ਹੀ ਮੁਸਲਮਾਨ ਹਾਕਮਾਂ ਨੇ ਇਸ ਦੀ ਭੂਗੋਲਿਕ ਸਥਿਤੀ ਨੂੰ ਵੇਖਦੇ ਹੋਇਆਂ ਇਸ ਦੇ ਪੁਨਰ-ਨਿਰਮਾਣ ਵਲ ਧਿਆਨ ਦਿੱਤਾ। ਇਸ ਕੰਮ ਵਿਚ ਪਹਿਲ ਤਾਂ ਭਾਵੇਂ ਮਹਿਮੂਦ ਗ਼ਜ਼ਨਵੀ ਦੇ ਸੈਨਾ-ਨਾਇਕ ਸੁਲਤਾਨ ਖ਼ਾਨ ਨੇ ਕੀਤੀ, ਪਰ ਇਸ ਦਾ ਇਤਿਹਾਸਿਕ ਅਤੇ ਰਾਜਨੈਤਿਕ ਮਹੱਤਵ ਤੇਰ੍ਹਵੀਂ ਸਦੀ ਦੇ ਉੱਤਰਾਰਧ ਵਿਚ ਗਿਆਸੁੱਦੀਨ ਬਲਬਨ ਦੇ ਰਾਜਕਾਲ ਵੇਲੇ ਵਧਿਆ। ਲਾਹੌਰ ਦੇ ਸੂਬੇਦਾਰ ਦੌਲਤ ਖ਼ਾਨ ਲੋਧੀ ਨੇ ਇਸ ਨਗਰ ਦਾ ਪੁਨਰ-ਉੱਧਾਰ ਕੀਤਾ ਅਤੇ ਇਸ ਨੂੰ ਰਾਜਨੈਤਿਕ ਅਤੇ ਵਪਾਰਕ ਦ੍ਰਿਸ਼ਟੀ ਤੋਂ ਵਿਸ਼ੇਸ਼ ਤੌਰ ਤੇ ਮਹੱਤਵ ਪ੍ਰਦਾਨ ਕੀਤਾ। ਇਸ ਤਰ੍ਹਾਂ ਇਸ ਨਗਰ ਦੇ ਇਤਿਹਾਸ ਦੀ ਪੈੜ ਈਸਾ ਪੂਰਵ ਪੰਜਵੀਂ ਸਦੀ ਤਕ ਜਾਂਦੀ ਹੈ।

ਸਿੱਖ-ਇਤਿਹਾਸ ਵਿਚ ਇਸ ਨਗਰ ਦਾ ਵਿਸ਼ੇਸ਼ ਅਤੇ ਉੱਲੇਖਯੋਗ ਸਥਾਨ ਹੈ। ਇਥੇ ਗੁਰੂ ਨਾਨਕ ਦੇਵ ਦਾ ਬਹਿਨੋਈ ਜੈ ਰਾਮ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਵਿਚ ਨੌਕਰੀ ਕਰਦਾ ਸੀ। ਇਥੇ ਹੀ ਭਾਈਆ ਜੈਰਾਮ ਅਤੇ ਬੇਬੇ ਨਾਨਕੀ ਦੀ ਪ੍ਰੇਰਣਾ ਨਾਲ ਗੁਰੂ ਨਾਨਕ ਦੇਵ ਨੇ ਮੋਦੀਖ਼ਾਨੇ ਵਿਚ ਨੌਕਰੀ ਦਾ ਕੰਮ ਸ਼ੁਰੂ ਕੀਤਾ। ਇਥੇ ਗੁਰੂ ਸਾਹਿਬ ਲਗਭਗ ਚੌਦਾਂ ਵਰ੍ਹੇ ਰਹੇ। ਜਨਮਸਾਖੀ-ਸਾਹਿੱਤ ਅਨੁਸਾਰ ਇਥੇ ਹੀ ਵੇਈਂ ਨਦੀ ਵਿਚ ਪ੍ਰਵੇਸ਼ ਕਰ ਕੇ ਗੁਰੂ ਸਾਹਿਬ ਨਿਰੰਕਾਰ ਦੇ ਦਰਬਾਰ ਵਿਚ ਗਏ ਸਨ ਅਤੇ ਨਦੀਓਂ ਨਿਕਲ ਕੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਕਹਿ ਕੇ ਆਪਣੇ ਧਰਮ ਨਿਰਪੇਖ ਸਹਿਜ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਦੇ ਪ੍ਰਚਾਰ ਲਈ ਉਦਾਸੀਆਂ ਲਈ ਪ੍ਰਸਥਾਨ ਕੀਤਾ।

ਇਸ ਨਗਰ ਕੋਲ ਵੇਈਂ ਨਦੀ ਉਤੇ ਸ਼ੇਰਸ਼ਾਹ ਸੂਰੀ ਨੇ ਪੁਲ ਬਣਵਾਇਆ ਸੀ। ਉਦੋਂ ਹੀ ਮੁਸਾਫਰਾਂ ਦੇ ਠਹਿਰਨ ਲਈ ਇਕ ਵੱਡੀ ਸਰਾਂ ਵੀ ਬਣਵਾਈ ਗਈ। ਇਸ ਤੋਂ ਬਾਦ ਜਹਾਂਗੀਰ ਬਾਦਸ਼ਾਹ ਨੇ ਪੁਰਾਣੀ ਸਰਾਂ ਵਾਲੀ ਥਾਂ ਤੇ ਇਕ ਨਵੀਂ ਸਰਾਂ ਬਣਵਾਈ। ਔਰੰਗਜ਼ੇਬ ਨੇ ਵੀ ਇਕ ਪੁਲ ਬਣਵਾਇਆ ਜਿਸ ਦਾ ਕੁਝ ਹਿੱਸਾ ਹੁਣ ਵੀ ਮੌਜੂਦ ਹੈ। ਗੁਰੂ ਅਰਜਨ ਦੇਵ ਨੇ ਵੀ ਇਥੇ ਕੁਝ ਸਮਾਂ ਠਹਿਰ ਕੇ ਗੁਰਧਾਮਾਂ ਦੀ ਉਸਾਰੀ ਕਰਵਾਈ। ਨਾਦਰਸ਼ਾਹ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਵੇਲੇ ਇਸ ਨਗਰ ਦੀ ਬਹੁਤ ਲੁਟ-ਖਸੁਟ ਅਤੇ ਤਬਾਹੀ ਹੋਈ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਇਸ ਉਤੇ ਸ. ਜੱਸਾ ਸਿੰਘ ਆਹਲੂਵਾਲੀਆ ਦਾ ਕਬਜ਼ਾ ਹੋ ਗਿਆ। ਉਦੋਂ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਬਾਦ ਰਿਆਸਤਾਂ ਦੀ ਹੋਂਦ ਖ਼ਤਮ ਹੋਣ ਤਕ ਇਹ ਨਗਰ ਆਹਲੂਵਾਲੀਆ ਵੰਸ਼ ਦੇ ਅਧਿਕਾਰ ਵਿਚ ਹੀ ਰਿਹਾ।

ਸਿੱਖ-ਇਤਿਹਾਸ ਨਾਲ ਸੰਬੰਧਿਤ ਇਥੇ ਕਈ ਧਰਮ-ਸਥਾਨ ਹਨ ਜਿਵੇਂ ਸੰਤਘਾਟ, ਹੱਟ ਸਾਹਿਬ, ਕੋਠੜੀ ਸਾਹਿਬ, ਗੁਰੂ ਕਾ ਬਾਗ਼, ਬੇਰ ਸਾਹਿਬ, ਗੁਰਦੁਆਰਾ ਸ੍ਰੀ ਅੰਤਰ-ਯਾਮਤਾ, ਧਰਮਸ਼ਾਲਾ ਗੁਰੂ ਅਰਜਨ ਦੇਵ ਜੀ ਆਦਿ। ਸਿੱਖ-ਇਤਿਹਾਸ ਵਿਚ ਇਸ ਦੇ ਅਨੇਕ ਹਵਾਲੇ ਮਿਲਦੇ ਹਨ।

ਸੁਲਤਾਨੀਏ : ਸਖੀ-ਸਰਵਰ ਦੇ ਉਪਾਸਕ। ਵੇਖੋ 'ਸਖੀ-ਸਰਵਰ'।

ਸੁਲੇਮਾਨ : ਇਕ ਪੈਗ਼ੰਬਰ ਜੋ ਦਾਊਦ (Dauid) ਦੇ ਘਰ ਬਤਸਬਾ (Bathsheba) ਦੀ ਕੁੱਖੋਂ 1033 ਈ. ਪੂ. ਪੈਦਾ ਹੋਇਆ। ਇਸ ਦਾ ਵਿਆਹ ਮਿਸਰ ਦੇ ਫ਼ਿਰਊਨ (Pharaon) ਦੀ ਪੁੱਤਰੀ ਨਾਲ ਹੋਇਆ। ਇਸ ਤੋਂ ਇਲਾਵਾ ਇਸ ਦੇ ਹਰਮ ਵਿਚ 700 ਬੇਗਮਾਂ ਅਤੇ 300 ਗੋਲੀਆਂ ਸਨ। ਇਸ ਨੇ ਤਾਇਰ ਦੇ ਬਾਦਸ਼ਾਹ 'ਹਿਰਮ' ਨਾਲ ਸੰਬੰਧ ਸਥਾਪਿਤ ਕਰਕੇ ਆਪਣੀ ਸ਼ਕਤੀ ਕਾਫ਼ੀ ਵਧਾ ਲਈ। ਬਾਈਬਲ' ਅਨੁਸਾਰ ਇਸ ਨੇ ਯੋਰੋਸ਼ਲਮ (Jerusalem) ਵਿਚ 40 ਵਰ੍ਹੇ ਰਾਜ ਕੀਤਾ ਅਤੇ ਹੋਰ ਅਨੇਕ ਇਮਾਰਤਾਂ, ਮਹੱਲ, ਕਿਲੇ, ਹਮਾਮ ਅਤੇ ਤਾਲਾਬ ਬਣਾਉਣ ਤੋਂ ਇਲਾਵਾ ਯਹੂਦੀਆਂ ਅਤੇ ਈਸਾਈਆਂ ਦਾ ਧਰਮ-ਮੰਦਿਰ ਵੀ ਬਣਾਇਆ। ਇਸ ਨੇ ਵਪਾਰ ਨੂੰ ਵੀ ਕਾਫ਼ੀ ਉਤਸਾਹ ਨਾਲ ਵਿਕਸਿਤ ਕੀਤਾ। ਇਹ ਯਾਵੇ (Yahway) ਦਾ ਉਪਾਸਕ ਹੋਣ ਦੇ ਬਾਵਜੂਦ ਧਰਮ ਦੇ ਪੱਖੋਂ ਬਹੁਤ ਉਦਾਰਵਾਦੀ ਸੀ। ਇਸ ਨੂੰ ਇਸਰਾਈਲ ਵੰਸ਼ ਦਾ ਵੱਡਾ ਵਡੇਰਾ ਮੰਨਿਆ ਜਾਂਦਾ ਹੈ। ਇਸ ਦੇ ਪੁੱਤਰ ਰਹਬਯਾਮ ਨੇ ਵੀ ਯੋਰੋਸ਼ਲਮ ਵਿਚ ਰਾਜ ਕੀਤਾ।

'ਕੁਰਾਨ' ਵਿਚ ਇਸ ਨੂੰ ਪੈਗ਼ੰਬਰ ਦਸਿਆ ਗਿਆ ਹੈ ਜੋ ਬਹੁਤ ਹੀ ਨਿਆਂਇਸ਼ੀਲ ਸੀ। ਇਸ ਦੇ ਵਸ ਵਿਚ ਜਿੰਨ-ਭੂਤ, ਹਵਾ, ਦਿਓ ਆਦਿ ਸਨ ਅਤੇ ਇਹ ਪੰਛੀਆਂ ਅਤੇ ਪਸ਼ੂਆਂ ਦੀਆਂ ਬੋਲੀਆਂ ਵੀ ਜਾਣਦਾ ਸੀ। ਇਸ ਕੋਲ ਇਕ ਜਾਦੂ ਦੀ ਅੰਗੂਠੀ ਸੀ ਜਿਸ ਦੀ ਮੱਦਦ ਨਾਲ ਇਸ ਨੇ ਸ਼ਿਬਾ ਦੀ ਮਲਕਾ ਬਲਕੀਸ਼ ਦਾ ਤਖ਼ਤ ਚੁਕਵਾ ਲਿਆਉਂਦਾ। ਇਹ ਇਕ ਧਰਮੀ ਪੁਰਸ਼ ਹੋਣ ਤੋਂ ਇਲਾਵਾ ਸੁਲਝਿਆ ਹੋਇਆ ਵਿਦਵਾਨ ਸੀ। ਇਹ ਵੀ ਪ੍ਰਚਲਿਤ ਹੈ ਕਿ ਪ੍ਰਸਿੱਧ ਦਾਰਸ਼ਨਿਕ ਫ਼ੀਸਾਗੋਰਸ ਨੇ ਇਸ

ਦੀ ਸ਼ਾਗਿਰਦੀ ਤੋਂ ਗਿਆਨ ਪ੍ਰਾਪਤ ਕੀਤਾ ਸੀ। ਇਸਲਾਮੀ ਇਤਿਹਾਸ ਵਿਚ ਇਸ ਨੂੰ ਚਾਰ ਮਹਾਨ ਬਾਦਸ਼ਾਹਾਂ—ਨਮਰੂਦ, ਨੌਸ਼ਰ, ਸੁਲੇਮਾਨ ਅਤੇ ਸਿਕੰਦਰ - ਵਿਚੋਂ ਸ੍ਰੇਸ਼ਠ ਮੰਨਿਆ ਗਿਆ ਹੈ। 'ਕੁਰਾਨ' ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਇਹ ਘੋੜੇ ਦੇਖਣ ਵਿਚ ਇਤਨਾ ਮਗਨ ਸੀ ਕਿ ਇਸ ਨੂੰ ਪ੍ਰਾਰਥਨਾ ਕਰਨੀ ਭੁਲ ਗਈ। ਫਲਸਰੂਪ ਇਹ ਬਹੁਤ ਖਿਝਿਆ ਅਤੇ ਘੋੜਿਆਂ ਦੀ ਬਲੀ ਦਿੱਤੀ। ਇਸ ਅਣਗਹਿਲੀ ਕਰਕੇ ਇਸ ਨੂੰ ਸਜ਼ਾ ਮਿਲੀ ਅਤੇ ਇਸ ਦਾ ਰਾਜ ਇਸ ਨਾਲ ਮਿਲਦੀ ਜੁਲਦੀ ਸ਼ਕਲ ਵਾਲੇ ਨੇ ਸੰਭਾਲ ਲਿਆ ਅਤੇ ਇਸ ਨੂੰ ਗਲੀਆਂ ਦੇ ਕੱਖਾਂ ਵਾਂਗ ਰੁਲਣਾ ਪਿਆ। ਇਸ ਬਾਰੇ ਬੁਲ੍ਹੇ ਸ਼ਾਹ ਨੇ ਸੰਕੇਤ ਕੀਤਾ ਹੈ—'ਭਠ ਸੁਲੇਮਾਨ ਤੋਂ ਝੁਕਾਇਓ, ਇਬਰਾਹੀਮ ਚਿਖਾ ਵਿਚ ਪਾਇਓ।' ਪਰ ਤੌਬਾ ਕਰਨ ਤੇ ਇਸ ਨੂੰ ਫਿਰ ਪਹਿਲਾਂ ਵਾਲੀ ਸਥਿਤੀ ਪ੍ਰਾਪਤ ਹੋ ਗਈ। ਇਸ ਨੇ ਬਹੁਤ ਦੌਲਤ ਇਕੱਠੀ ਕੀਤੀ। ਇਸ ਦਾ ਸਿੰਘਾਸਨ ਸੋਨੇ ਦਾ ਸੀ।

ਇਸ ਨੂੰ ਜਾਦੂ ਟੂਣਿਆਂ ਦੀਆਂ ਪੁਸਤਕਾਂ ਦਾ ਲੇਖਕ ਵੀ ਮੰਨਿਆ ਜਾਂਦਾ ਹੈ। ਆਰਾਮੀ ਅਤੇ ਅਰਬੀ ਲਿਪੀਆਂ ਵੀ ਇਸ ਦੀਆਂ ਬਣਾਈਆਂ ਦਸੀਆਂ ਜਾਂਦੀਆਂ ਹਨ। ਸੁਲੇਮਾਨ ਦੇ ਅਨੇਕ ਚਮਤਕਾਰਾਂ ਦਾ ਵੀ ਜ਼ਿਕਰ ਮਿਲਦਾ ਹੈ। ਇਕ ਵਾਰ ਇਸ ਨੇ ਆਪਣੀ ਫ਼ੌਜ ਤੋਂ ਮਿਧੀਆਂ ਜਾਣ ਵਾਲੀਆ ਕੀੜੀਆਂ ਦੀ ਰੱਖਿਆ ਕੀਤੀ। ਇਸ ਦਾ ਦੇਹਾਂਤ 975 ਈ. ਪੂ. ਯਰੋਸ਼ਲਮ ਵਿਚ ਹੋਇਆ। ਉਥੇ ਹੀ ਇਸ ਦੀ ਕਬਰ ਹੈ। ਕਹਿੰਦੇ ਹਨ ਜਦੋਂ ਇਸ ਦਾ ਅੰਤਿਮ ਸਮਾਂ ਨੇੜੇ ਆਇਆ ਤਾਂ ਇਹ ਇਕ ਸੋਟੇ ਦੀ ਟੇਕ ਲੈ ਕੇ ਖੜਾ ਸੀ। ਉਹ ਸੋਟਾ ਅੰਦਰੋਂ ਸਿਉਂਕ ਦਾ ਖਾਇਆ ਹੋਇਆ ਸੀ। ਸੁਲੇਮਾਨ ਦਾ ਭਾਰ ਪੈਣ ਨਾਲ ਉਹ ਟੁੱਟ ਗਿਆ ਅਤੇ ਸੁਲੇਮਾਨ ਨੇ ਡਿਗ ਕੇ ਪ੍ਰਾਣ ਤਿਆਗ ਦਿੱਤੇ।

ਸੁਲੋਚਨਾ : ਇਸ ਸ਼ਬਦ ਦਾ ਸਾਧਾਰਣ ਅਰਥ ਹੈ ਸੁੰਦਰ ਅੱਖਾਂ ਵਾਲੀ, ਪਰ ਇਹ ਰਾਵਣ ਦੇ ਪੁੱਤਰ ਮੇਘਨਾਦ ਦੀ ਪਤਨੀ ਲਈ ਰੂੜ੍ਹ ਹੋ ਚੁਕਿਆ ਹੈ। ਇਹ ਨਾਗਾਂ ਦੇ ਰਾਜੇ ਵਾਸੁਕੀ ਦੀ ਪੁੱਤਰੀ ਸੀ। ਮੇਘਨਾਦ ਨੇ ਅਜਿੱਤ ਹੋਣ ਦਾ ਵਰ ਪ੍ਰਾਪਤ ਕਰਨ ਉਪਰੰਤ ਕਈ ਦੇਸ਼ਾਂ ਅਤੇ ਰਾਜਿਆਂ ਉਤੇ ਹਮਲੇ ਕੀਤੇ। ਇਕ ਵਾਰ ਉਸ ਨੇ ਪਾਤਾਲ ਲੋਕ ਦੇ ਰਾਜੇ ਵਾਸੁਕੀ ਉਤੇ ਚੜ੍ਹਾਈ ਕੀਤੀ ਅਤੇ ਉਸ ਨੂੰ ਬੰਦੀ ਬਣਾ ਕੇ ਆਪਣੇ ਕੋਲ ਲੰਕਾ ਲੈ ਗਿਆ। ਉਸ ਨੂੰ ਇਸ ਸ਼ਰਤ ਤੇ ਛਡਿਆ ਗਿਆ ਕਿ ਉਹ ਆਪਣੀ ਪੁੱਤਰੀ ਸੁਲੋਚਨਾ ਦਾ ਵਿਆਹ ਮੇਘਨਾਦ ਨਾਲ ਕਰੇ।

'ਬਾਲਮੀਕੀ ਰਾਮਾਇਣ' ਅਨੁਸਾਰ ਯੁੱਧ-ਭੂਮੀ ਵਿਚ ਲੱਛਮਣ ਦੁਆਰਾ ਮੇਘਨਾਦ ਦੇ ਮਾਰੇ ਜਾਣ ਉਪਰੰਤ ਉਸ ਦੀ ਇਕ ਬਾਂਹ ਸ਼ਰੀਰ ਨਾਲੋਂ ਵੱਖ ਹੋ ਕੇ ਸੁਲੋਚਨਾ ਦੇ ਮਹੱਲ ਵਿਚ ਜਾ ਡਿਗੀ। ਉਸ ਨੂੰ ਪਛਾਣ ਕੇ ਸੁਲੋਚਨਾ ਆਪਣੇ ਪਤੀ ਦਾ ਮਿਰਤਕ ਸ਼ਰੀਰ ਲੈਣ ਲਈ ਸ੍ਰੀ ਰਾਮ ਕੋਲ ਯੁੱਧ-ਭੂਮੀ ਵਿਚ ਆਈ ਅਤੇ ਆਪਣੇ ਪਤੀਬ੍ਰਤ ਧਰਮ ਦਾ ਸਬੂਤ ਦੇ ਕੇ ਪਤੀ ਦੇ ਸ਼ਰੀਰ ਸਹਿਤ ਲੰਕਾ ਪਰਤੀ। ਉਥੇ ਆਪਣੇ ਪਤੀ ਨਾਲ ਹੀ ਸਤੀ ਹੋ ਗਈ। ਇਸ ਦੀ ਗਿਣਤੀ ਪਤੀਬ੍ਰਤਾ ਨਾਰੀਆਂ ਵਿਚ ਬੜੇ ਆਦਰ

ਨਾਲ ਕੀਤੀ ਜਾਂਦੀ ਹੈ। ਮਾਲਵੇ ਦੇ ਕਈ ਕਵੀਸ਼ਰਾਂ ਨੇ ਇਸ ਪ੍ਰਸੰਗ ਨੂੰ ਕਾਵਿ-ਬੱਧ ਕੀਤਾ ਹੈ।

ਸੂਤਕ : ਇਹ ਹਿੰਦੂਆਂ ਦੀ ਇਕ ਸਮਾਜਿਕ ਪ੍ਰਥਾ ਹੈ। ਇਸ ਦਾ ਮੂਲ ਅਰਥ ਹੈ ਜਨਮ ਵੇਲੇ ਪੈਦਾ ਹੋਣ ਵਾਲੀ ਅਸ਼ੁੱਚਤਾ। ਚੂੰਕਿ ਜਨਮ ਦਾ ਸੰਬੰਧ ਬੱਚੇ ਨਾਲ ਹੈ, ਇਸ ਲਈ ਬਾਲਕ ਦੇ ਪੈਦਾ ਹੋਣ 'ਤੇ ਜੋ ਅਸ਼ੁੱਚਤਾ ਕਲਪਿਤ ਕੀਤੀ ਜਾਂਦੀ ਹੈ, ਉਸ ਨੂੰ 'ਸੂਤਕ' ਨਾਂ ਦਿੱਤਾ ਜਾਂਦਾ ਹੈ। ਆਮ ਤੌਰ ਤੇ ਇਹ ਦਸ ਦਿਨਾਂ ਤਕ ਚਲਦਾ ਹੈ। ਪਰ ਸ਼ਾਸਤ੍ਰਾਂ ਦੇ ਆਧਾਰ 'ਤੇ ਦਸਿਆ ਜਾਂਦਾ ਹੈ ਕਿ ਇਹ ਅਸ਼ੁੱਚਤਾ ਬ੍ਰਾਹਮਣ ਦੇ ਘਰ 11 ਦਿਨ, ਛਤ੍ਰੀ ਦੇ ਘਰ 13 ਦਿਨ, ਵੈਸ਼ ਲਈ 17 ਦਿਨ ਅਤੇ ਸ਼ੂਦਰ ਲਈ 30 ਦਿਨ ਰਹਿੰਦੀ ਹੈ।

ਕਾਲਾਂਤਰ ਵਿਚ ਘਰ ਵਿਚ ਕਿਸੇ ਦੀ ਮ੍ਰਿਤੂ ਹੋਣ 'ਤੇ ਪੈਦਾ ਹੋਣ ਵਾਲੀ ਅਸ਼ੁੱਚਤਾ ਨੂੰ ਵੀ 'ਸੂਤਕ' ਨਾਂ ਦਿੱਤਾ ਜਾਣ ਲਗਿਆ ਅਤੇ ਇਸ ਦੀ ਮਿਆਦ ਵੀ 10 ਦਿਨ ਪ੍ਰਚਲਿਤ ਹੋਈ। 10 ਦਿਨ ਬਾਦ ਮ੍ਰਿਤ ਵਿਅਕਤੀ ਦੇ ਸਾਰੇ ਪਰਿਵਾਰ ਵਾਲੇ ਰਲ ਕੇ ਬਸਤ੍ਰ ਆਦਿ ਧੋਣ ਜਾਂਦੇ ਹਨ ਜਿਸ ਨੂੰ 'ਦਹਾ' ਦੀ ਰਸਮ ਕਹਿੰਦੇ ਹਨ। ਪਰ ਗੰਭੀਰਤਾ ਨਾਲ ਵਿਚਾਰ ਕਰੀਏ ਤਾਂ ਇਹ ਇਕ ਸਮਾਜਿਕ ਭਰਮ ਹੈ। ਚੇਤਨਾ ਦੇ ਪ੍ਰਕਾਸ਼ ਨਾਲ ਇਸ ਪ੍ਰਤਿ ਵਿਸ਼ਵਾਸ ਘਟਦਾ ਜਾ ਰਿਹਾ ਹੈ। ਗੁਰੂ ਨਾਨਕ ਦੇਵ ਨੇ ਸੂਤਕ ਦੀ ਨਿੱਸਾਰਤਾ 'ਆਸਾ ਦੀ ਵਾਰ' ਵਿਚ ਬੜੇ ਤਰਕ ਪੂਰਣ ਢੰਗ ਨਾਲ ਸਮਝਾਈ ਹੈ— 'ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ। / ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ' (ਆ. ਗ੍ਰੰ. 472)।

ਸੂਦਰ/ਸ਼ੂਦ੍ਰ : ਵੇਖੋ 'ਵਰਣ'।

ਸੂਫ਼ੀ-ਚਤੁਰੰਗ-ਮਾਰਗ : ਵੇਖੋ 'ਸੂਫ਼ੀਮਤ'।

ਸੂਫ਼ੀਮਤ : ਇਸਲਾਮਿਕ ਰਹੱਸਵਾਦ ਨੂੰ 'ਸੂਫ਼ੀਮਤ' ਅਥਵਾ 'ਤਸਵੁੱਫ਼' ਕਿਹਾ ਜਾਂਦਾ ਹੈ। ਵਿਦਵਾਨਾਂ ਨੇ 'ਸੂਫ਼ੀ' ਸ਼ਬਦ ਦੀ ਵਿਉਤਪੱਤੀ ਬਾਰੇ ਬੜੇ ਵਿਸਤਾਰ ਨਾਲ ਵਿਚਾਰ ਕੀਤਾ ਹੈ। ਕਿਸੇ ਨੇ ਇਸ ਨੂੰ 'ਸਫ਼ਾ' (ਆਤਮਿਕ ਪਾਕੀਜ਼ਗੀ) ਸ਼ਬਦ ਤੋਂ ਬਣਿਆ ਮੰਨਿਆ ਹੈ, ਤਾਂ ਕਿਸੇ ਨੇ 'ਅਹਿਲੇ ਸੁੱਫ਼ਾ' (ਹਜ਼ਰਤ ਮੁਹੰਮਦ ਦੀ ਡਿਉੜੀ ਜਾਂ ਬਰਾਮਦਿਆਂ ਵਿਚ ਬੈਠਣ ਵਾਲੇ ਨਿਆਸਰੇ ਲੋਕ) ਤੋਂ, ਕਿਸੇ ਨੇ 'ਸੱਫ਼ੇ ਅਵੱਲ' (ਪਹਿਲੀ ਕਤਾਰ ਵਿਚ ਨਮਾਜ਼ ਪੜ੍ਹਨ ਵਾਲੇ) ਅਤੇ ਕਿਸੇ ਨੇ ਯੂਨਾਨੀ ਸ਼ਬਦ 'ਸੂਫ਼ੀਆ' ਅਥਵਾ 'ਥਿਉਸੂਫ਼ੀਆ' ਸ਼ਬਦ ਤੋਂ ਨਿਕਲਿਆ ਦਸਿਆ ਹੈ। ਪਰ ਹੁਣ ਲਗਭਗ ਇਹ ਸਥਾਪਨਾ ਹੋ ਚੁੱਕੀ ਹੈ ਕਿ ਇਹ ਸ਼ਬਦ 'ਸੂਫ਼' (ਉਨ) ਤੋਂ ਬਣਿਆ ਹੈ। ਕਿਉਂਕਿ ਅੱਠਵੀਂ, ਨੌਵੀਂ ਸਦੀਆਂ ਦੇ ਸੂਫ਼ੀ ਦਰਵੇਸ਼ ਉਨ ਦੇ ਕਪੜੇ ਪਾਉਂਦੇ ਸਨ ਅਤੇ ਉਨ੍ਹਾਂ ਨੂੰ 'ਪਸ਼ਮੀਨਾਪੋਸ਼' (ਉਨ ਦੇ ਬਸਤ੍ਰ ਪਾਉਣ ਵਾਲਾ) ਕਿਹਾ ਜਾਂਦਾ ਸੀ। ਉਂਜ ਵੀ ਪਾਕੀਜ਼ਾ ਲੋਕ ਉਨ ਦੇ ਬਸਤ੍ਰ ਧਾਰਣ ਕਰਦੇ ਹਨ, ਕਿਉਂਕਿ ਇਨ੍ਹਾਂ ਨੂੰ ਪਵਿੱਤਰਤਾ ਅਤੇ ਸਾਦਗੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ।

ਪਾਕੀਜ਼ਗੀ ਨਾਲ ਸੰਨਿਆਸੀ ਜੀਵਨ ਬਿਤਾਉਣ ਵਾਲੇ ਇਸਲਾਮਿਕ ਰਹੱਸਵਾਦੀਆਂ

ਲਈ 'ਸੂਫ਼ੀ' ਸ਼ਬਦ ਦੀ ਪਹਿਲੀ ਵਰਤੋਂ, ਜਾਮੀ ਦੇ ਕਥਨ ਅਨੁਸਾਰ, ਅਬੂ ਹਾਸ਼ਿਮ ਲਈ 777 ਈ. ਦੇ ਨੇੜੇ-ਤੇੜੇ ਹੋਈ ਸੀ। ਇਸ ਦੇ ਕੂਫ਼ਾ ਦਾ ਨਿਵਾਸੀ ਹੋਣ ਕਾਰਣ ਕਈ ਵਾਰ ਇਹ ਵੀ ਖ਼ਿਆਲ ਕਰ ਲਿਆ ਜਾਂਦਾ ਹੈ ਕਿ ਸੂਫ਼ੀਮਤ ਦਾ ਆਰੰਭ ਕੂਫ਼ਾ ਤੋਂ ਹੋਇਆ ਸੀ। ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਸ਼ਬਦ ਨੂੰ ਪਹਿਲੀ ਵਾਰ ਹਸਨ ਬਸਰੀ (ਦੇਹਾਂਤ 728 ਈ.) ਲਈ ਪ੍ਰਯੋਗ ਵਿਚ ਲਿਆਉਂਦਾ ਗਿਆ ਸੀ। ਈਰਾਨ ਦਾ ਬਸਰਾ ਨਗਰ ਵੀ ਸੂਫ਼ੀ ਰਹੱਸਵਾਦ ਦੇ ਮੁੱਢਲੇ ਕੇਂਦਰਾਂ ਵਿਚੋਂ ਇਕ ਸੀ। ਹੌਲੀ-ਹੌਲੀ ਇਹ ਰਹੱਸਵਾਦੀ ਬਿਰਤੀ ਇਰਾਕ, ਈਰਾਨ, ਖ਼ੁਰਾਸਾਨ, ਸ਼ਾਮ ਅਤੇ ਮਿਸਰ ਦੇਸ਼ਾਂ ਤਕ ਪਸਰ ਗਈ। ਪਹਿਲੇ ਦੌਰ ਦੇ ਪ੍ਰਸਿੱਧ ਸੂਫ਼ੀਆਂ ਦੇ ਨਾਂ ਇਸ ਪ੍ਰਕਾਰ ਹਨ—ਹਸਨ ਬਸਰੀ, ਰਾਬਿਆ, ਅਲਫ਼ੁਜ਼ੈਲ ਬਿਨ ਅੱਯਾਜ਼, ਇਮਾਮ ਜਾਫ਼ਿਰ ਸਾਦਿਕ, ਸ਼ਕੀਕ ਬਲਖ਼ੀ, ਅਬਦੁੱਲਾ ਇਬਨ ਮੁਬਾਰਕ ਆਦਿ। ਇਨ੍ਹਾਂ ਦਰਵੇਸ਼ਾਂ ਦਾ ਮੋਹ ਸੰਸਾਰ ਨਾਲੋਂ ਟੁਟਿਆ ਹੋਇਆ ਸੀ। ਸਬਰ, ਸੰਤੋਖ, ਪਰਹੇਜ਼ਗਾਰੀ ਆਦਿ ਇਨ੍ਹਾਂ ਨੇ ਆਪਣੇ ਜੀਵਨ ਵਿਚ ਢਾਲ ਲਏ ਸਨ। ਇਹ ਫ਼ਕੀਰ ਪਾਪ, ਗੁਨਾਹ ਤੇ ਰੱਬੀ ਕਹਿਰ ਤੋਂ ਡਰ ਕੇ ਮਨ ਨੂੰ ਮਾਰਦੇ ਸਨ। ਜਿਉਂ ਜਿਉਂ ਇਨ੍ਹਾਂ ਰਹੱਸਵਾਦੀਆਂ ਦੇ ਸੇਵਕਾਂ ਅਤੇ ਮੁਰੀਦਾਂ ਦਾ ਵਿਸਤਾਰ ਹੁੰਦਾ ਗਿਆ, ਤਿਉਂ ਤਿਉਂ ਅਨੁਭਵੀ ਸਾਧਕ ਅਤੇ ਵਿਦਵਾਨ ਇਸ ਲਹਿਰ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਲਗ ਗਏ। ਹਕੀਮ ਸਨਾਈ, ਅੱਤਾਰ ਅਤੇ ਮੌਲਾਨਾ ਰੂਮੀ ਨੇ ਇਸ ਦੇ ਕੁਝ ਸਿੱਧਾਂਤਾਂ ਨੂੰ ਵਿਚਾਰਿਆ ਅਤੇ ਸਥਿਰ ਕੀਤਾ।

ਸਾਰੇ ਵਿਦਵਾਨ ਸੂਫ਼ੀ ਸਾਧਕ ਨੂੰ ਇਸ਼ਕ ਦੇ ਮਾਰਗ ਦਾ ਯਾਤ੍ਰੀ ਦਸਦੇ ਹਨ। ਸੂਫ਼ੀ ਸਾਧਕ ਦੀ ਰੱਬ ਲਈ ਖਿਚ ਜਦੋਂ ਕ੍ਰਿਆਸ਼ੀਲ ਹੁੰਦੀ ਹੈ, ਤਾਂ ਉਹ ਇਸ਼ਕ ਦਾ ਸਰੂਪ ਧਾਰਣ ਕਰਦੀ ਹੈ। ਇਹ ਪ੍ਰੇਮ ਦਾ ਪਰਪਕ ਅਤੇ ਪ੍ਰੌੜ੍ਹ ਰੂਪ ਹੈ। ਇਹ ਇਸ਼ਕ ਕੇਵਲ ਰੱਬ ਨਾਲ ਕੀਤਾ ਜਾਂਦਾ ਹੈ, ਕਿਉਂਕਿ ਉਹੀ ਇਸ਼ਕ ਕਰਨ ਯੋਗ ਹੈ। ਪਰ ਸ੍ਰਿਸ਼ਟੀ ਵੀ ਰੱਬ ਦੀ ਪੈਦਾ ਕੀਤੀ ਹੋਈ ਹੈ, ਉਸ ਦਾ ਜਲਵਾ ਹਰ ਇਕ ਵਸਤੂ ਵਿਚ ਵਿਆਪਤ ਹੈ। ਇਸ ਲਈ ਮਨੁੱਖ ਮਨੁੱਖ ਨਾਲ, ਪ੍ਰਕ੍ਰਿਤੀ ਨਾਲ, ਸ੍ਰਿਸ਼ਟੀ ਦੇ ਹਰ ਇਕ ਅੰਸ਼ ਨਾਲ ਇਸ਼ਕ ਕਰ ਸਕਦਾ ਹੈ। ਪਰ ਇਹ ਸਭ ਕੁਝ ਰੱਬ ਵਰਗਾ ਸਦੀਵੀ ਨਹੀਂ, ਪਰਿਵਰਤਨਸ਼ੀਲ ਹੈ, ਵਿਕਾਰੀ ਹੈ। ਇਸ ਲਈ ਰੱਬ ਨਾਲ ਕੀਤਾ ਇਸ਼ਕ ਅਤੇ ਉਸ ਦੁਆਰਾ ਸਿਰਜੀ ਵਸਤੂ ਨਾਲ ਕੀਤਾ ਇਸ਼ਕ, ਇਕ-ਸਮਾਨ ਨਹੀਂ। ਸੂਫ਼ੀ ਰੱਬ ਨਾਲ ਕੀਤੇ ਇਸ਼ਕ ਨੂੰ ਇਸ਼ਕੇ-ਹਕੀਕੀ ਮੰਨਦੇ ਹਨ ਅਤੇ ਰੱਬ ਤੋਂ ਭਿੰਨ ਵਸਤੂ ਨੂੰ ਕੀਤਾ ਇਸ਼ਕ, ਇਸ਼ਕੇ-ਹਕੀਕੀ ਤੋਂ ਉਲਟ ਇਸ਼ਕੇ-ਮਜਾਜ਼ੀ ਹੈ। ਇਨ੍ਹਾਂ ਦੋਹਾਂ ਇਸ਼ਕਾਂ ਦਾ ਮੂਲ ਇਕ ਹੈ, ਪਰ ਪਰਿਣਾਮ ਭਿੰਨ-ਭਿੰਨ ਹਨ।

ਮੋਮਿਨ ਦਾ ਅਧਿਆਤਮਿਕ ਸਫ਼ਰ ਕੇਵਲ ਸ਼ਰੀਅਤ ਤਕ ਹੈ। ਪਰ ਸੂਫ਼ੀ ਸਾਧਕ (ਸਾਲਿਕ) ਦੀ ਯਾਤ੍ਰਾ ਦਾ ਇਹ ਕੇਵਲ ਪਹਿਲਾ ਪੜਾ ਹੈ। ਇਸ ਤੋਂ ਬਾਦ ਵੱਖ-ਵੱਖ ਢੰਗਾਂ ਨਾਲ ਅਗਲੇ ਪੜਾਵਾਂ, ਮੰਜ਼ਿਲਾਂ ਆਦਿ ਦੀ ਕਲਪਨਾ ਕੀਤੀ ਗਈ ਹੈ। ਅੱਤਾਰ ਨੇ ਸੱਤ ਵਾਦੀਆਂ ਦਾ ਵਿਚਾਰ ਪੇਸ਼ ਕੀਤਾ ਹੈ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—ਤਲਬ (ਤਲਾਸ਼), ਇਸ਼ਕ, ਮਾਰਫ਼ਤ (ਅੰਦਰਲੀ ਸੋਝੀ), ਮਹਵੀਅਤ (ਵਿਸਤਗਨਾ), ਵਹਿਦਤ (ਤੌਹੀਦ), ਹੈਰਤ ਅਤੇ ਫ਼ਨਾ।

ਕੁਝ ਵਿਦਵਾਨ ਸਥੂਲ ਰੂਪ ਵਿਚ ਸੂਫ਼ੀ ਯਾਤ੍ਰਾ ਨੂੰ ਚਾਰ ਹਿੱਸਿਆਂ ਵਿਚ ਵੰਡਦੇ ਹਨ—ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ। ਇਨ੍ਹਾਂ ਨੂੰ 'ਚਤੁਰਾਂਗ ਮਾਰਗ' ਵੀ ਕਿਹਾ ਜਾਂਦਾ ਹੈ। ਬੁਲ੍ਹੇਸ਼ਾਹ ਨੇ ਕਿਹਾ ਹੈ—'ਸ਼ਰੀਅਤ ਸਾਡੀ ਮਾਈ ਹੈ।/ਤਰੀਕਤ ਸਾਡੀ ਦਾਈ ਹੈ।/ਅਗੋਂ ਹਕ ਹਕੀਕਤ ਆਈ ਹੈ।/ਤੇ ਮਾਰਫ਼ਤੋਂ ਕੁਝ ਪਾਇਆ ਹੈ।'

ਸੂਫ਼ੀ ਮਾਰਗ ਉਤੇ ਪੜਾਵਾਂ ਜਾਂ ਮੁਕਾਮਾਂ ਦਾ ਜ਼ਿਕਰ ਕਰਦਿਆਂ ਕਈ ਚਿੰਤਕਾਂ ਨੇ ਵੱਖ-ਵੱਖ ਢੰਗ ਦੀਆਂ ਸਥਾਪਨਾਵਾਂ ਕੀਤੀਆਂ ਹਨ, ਜਿਵੇਂ ਕਾਸਿਮ ਗ਼ਨੀ ਦੇ ਦਸੇ ਸੱਤ ਮੁਕਾਮ ਇਸ ਪ੍ਰਕਾਰ ਹਨ—ਤੌਬਾ, ਵਰਅ (ਪਰਹੇਜ਼ਗਾਰੀ), ਜ਼ੁਹਦ, ਫ਼ਕਰ, ਸਬਰ, ਤਵਕੁਲ ਅਤੇ ਰਜ਼ਾ। ਸੂਫ਼ੀ ਦੀ ਆਤਮਾ ਪਰਮਾਤਮਾ ਤੋਂ ਵਿਛੜ ਕੇ ਇਸ ਸੰਸਾਰ ਵਿਚ ਆਉਂਦੀ ਹੈ। ਪਰ ਉਸ ਦੀ ਖਿਚ ਸਦਾ ਆਪਣੇ ਅਸਲੇ ਵਲ ਹੁੰਦੀ ਹੈ। ਜਦ ਤਕ ਆਪਣੇ ਮੂਲ ਤੱਤ ਨਾਲ ਇਕਮਿਕ ਨਹੀਂ ਹੁੰਦੀ, ਤਦ ਤਕ ਵਿਯੋਗ ਦੀ ਸਥਿਤੀ ਬਣੀ ਰਹਿੰਦੀ ਹੈ। ਪਰਮ ਤੱਤ੍ਹ ਨੂੰ ਮਿਲਣ ਲਈ ਜਦੋਂ ਜੀਵਾਤਮਾ ਯਾਤ੍ਰਾ ਸ਼ੁਰੂ ਕਰਦੀ ਹੈ ਤਾਂ ਆਤਮਿਕ ਸ਼ੁੱਧੀ ਤੋਂ ਬਿਨਾ ਸਫਲਤਾ ਸੰਭਵ ਨਹੀਂ ਹੁੰਦੀ। ਇਹ ਮੁਕਾਮ, ਅਸਲ ਵਿਚ, ਆਤਮ-ਸ਼ੁੱਧੀ ਦੇ ਵੱਖ-ਵੱਖ ਪੱਧਰਾਂ ਤੇ ਕੀਤੇ ਪ੍ਰਕਾਰਜ ਹਨ।

ਸੂਫ਼ੀਮਤ ਦੇ ਵਿਕਾਸ ਦੇ ਨਾਲ, ਪ੍ਰਮੁਖ ਸੂਫ਼ੀਆਂ ਦੇ ਕੁਝ ਸਿਲਸਿਲੇ ਵੀ ਕਾਇਮ ਹੋ ਗਏ, ਜਿਵੇਂ ਸੁਹਰ-ਵਰਦੀ, ਚਿਸ਼ਤੀ, ਕਾਦਰੀ, ਨਕਸ਼ਬੰਦੀ, ਆਦਿ। ਭਾਰਤ ਅਤੇ ਪੰਜਾਬ ਵਿਚ ਸੂਫ਼ੀਆਂ ਦੀ ਆਮਦ ਮਹਿਮੂਦ ਗ਼ਜ਼ਨਵੀ ਦੇ ਹਮਲਿਆਂ ਦੌਰਾਨ ਸ਼ੁਰੂ ਹੋਈ। ਪਹਿਲਾ ਮਹੱਤਵਪੂਰਣ ਸੂਫ਼ੀ ਦਾਤਾ ਗੰਜ ਬਖ਼ਸ਼ ਹੁਜਵੀਰੀ ਸੀ, ਜੋ 1040 ਈ. ਵਿਚ ਲਾਹੌਰ ਵਿਚ ਆਇਆ ਅਤੇ ਉਥੇ ਸੂਫ਼ੀਮਤ ਦਾ ਕੇਂਦਰ ਸਥਾਪਿਤ ਕੀਤਾ। ਇਸ ਨੇ ਤਸਵੁੱਫ਼ ਦੀ ਪ੍ਰਸਿੱਧ ਪੁਸਤਕ 'ਕਸ਼ਫੁਲ ਮਹਿਜੂਬ' ਦੀ ਰਚਨਾ ਲਾਹੌਰ ਵਿਚ ਕੀਤੀ। ਇਸ ਤੋਂ ਬਾਦ ਸੁਲਤਾਨ ਸਖੀ ਸਰਵਰ ਅਤੇ ਖ਼੍ਵਾਜਾ ਮੁਅਈਨੁੱਦੀਨ ਚਿਸ਼ਤੀ ਦੇ ਨਾਂ ਵਿਸ਼ੇਸ਼ ਉੱਲੇਖਯੋਗ ਹਨ।

ਪੰਜਾਬੀ ਭਾਸ਼ਾ ਰਾਹੀਂ ਸੂਫ਼ੀਮਤ ਦਾ ਪ੍ਰਚਾਰ ਕਰਨ ਵਾਲੇ ਬਾਬਾ ਫ਼ਰੀਦ ਸ਼ਕਰਗੰਜ ਹਨ ਜਿਨ੍ਹਾਂ ਨੇ ਪਾਕਪਟਨ ਵਿਚ ਆਪਣਾ ਕੇਂਦਰ ਸਥਾਪਿਤ ਕੀਤਾ। ਉਨ੍ਹਾਂ ਤੋਂ ਬਾਦ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ, ਅਲੀ ਹੈਦਰ, ਗੁਲਾਮ ਫ਼ਰੀਦ ਆਦਿ ਪ੍ਰਮੁਖ ਸੂਫ਼ੀ ਹੋਏ ਹਨ ਜਿਨ੍ਹਾਂ ਨੇ ਆਪਣੇ ਕਲਾਮ ਰਾਹੀਂ ਪੰਜਾਬੀ ਭਾਸ਼ਾ ਵਿਚ ਸੂਫ਼ੀ ਰਹੱਸਵਾਦੀ ਕਵਿਤਾ ਦੀ ਇਕ ਅਮੀਰ ਧਾਰਾ ਦਾ ਵਿਕਾਸ ਕੀਤਾ। ਇਸ ਧਾਰਾ ਦਾ ਵਿਕਾਸ ਆਦਿ-ਕਾਲ ਤੋਂ ਆਧੁਨਿਕ ਕਾਲ ਤਕ ਨਿਰੰਤਰ ਹੁੰਦਾ ਰਿਹਾ ਹੈ। ਹੁਣ ਧਾਰਮਿਕ, ਸਮਾਜਿਕ ਅਤੇ ਰਾਜਨੈਤਿਕ ਪਰਿਸਥਿਤੀਆਂ ਦੇ ਬਦਲਣ ਨਾਲ ਇਹ ਕਾਵਿ-ਧਾਰਾ ਖੜੋਤ ਦਾ ਸ਼ਿਕਾਰ ਹੋ ਗਈ ਹੈ। ਨੈਤਿਕਤਾ ਅਥਵਾ ਸਦਾਚਾਰ ਇਸ ਕਾਵਿ-ਧਾਰਾ ਦਾ ਪ੍ਰਬਲ ਤੱਤ੍ਹ ਹੈ। ਇਸ ਨਾਲ ਮਨੁੱਖੀ ਕੀਮਤਾਂ ਦੀ ਗੌਰਵਤਾ ਵਧੀ ਹੈ।

ਸੂਫ਼ੀ ਮੰਜ਼ਲਾਂ : ਸੂਫ਼ੀਆਂ ਦੇ ਅਧਿਆਤਮੀ ਮਾਰਗ ਉਤੇ ਆਉਣ ਵਾਲੇ ਪੜਾ। ਵੇਖੋ 'ਸੂਫ਼ੀਮਤ'।

ਸੂਰਜ : ਵਿਗਿਆਨਿਕ ਦ੍ਰਿਸ਼ਟੀ ਤੋਂ ਸੂਰਜ ਮਘਦੀਆਂ ਗੈਸਾਂ ਦਾ ਇਕ ਬਹੁਤ ਵੱਡਾ

ਗੋਲਾ ਹੈ। ਇਸ ਵਿਚ ਪ੍ਰਕਾਸ਼, ਗਰਮੀ, ਸ਼ਕਤੀ ਆਦਿ ਪੂਰੀ ਸ਼ਿੱਦਤ ਨਾਲ ਸਮੋਂਦੀਆਂ ਹੋਈਆਂ ਹਨ। ਸੂਰਜ-ਮੰਡਲ (ਪਰਿਵਾਰ) ਦੇ ਸਿਤਾਰਿਆਂ ਵਿਚ ਇਸ ਦੀ ਪ੍ਰਧਾਨਤਾ ਹੈ। ਇਹ ਆਕਾਸ਼ ਵਿਚ ਭਾਵੇਂ ਸਭ ਨਾਲੋਂ ਵੱਡਾ ਅਤੇ ਚਮਕੀਲਾ ਦਿਸਦਾ ਹੈ, ਪਰ ਇਸ ਤੋਂ ਵੀ ਵੱਡੇ ਕਈ ਹੋਰ ਸਿਤਾਰੇ ਹਨ। ਇਸ ਦਾ ਸਭ ਨਾਲੋਂ ਵੱਡੇ ਹੋਣ ਦਾ ਅਹਿਸਾਸ ਇਸ ਲਈ ਹੁੰਦਾ ਹੈ ਕਿ ਇਹ ਬਾਕੀਆਂ ਨਾਲੋਂ ਧਰਤੀ ਦੇ ਅਧਿਕ ਨੇੜੇ ਹੈ। ਇਹ ਧਰਤੀ ਨਾਲੋਂ ਔਸਤਨ 14 ਕਰੋੜ ਕਿ. ਮੀ. ਦੂਰ ਹੈ ਅਤੇ ਇਸ ਦਾ ਘੇਰਾ ਧਰਤੀ ਤੋਂ 109 ਗੁਣਾਂ ਵੱਡਾ ਹੈ। ਸੂਰਜ-ਮੰਡਲ ਦੇ ਤਾਰੇ ਗੁਰੂਤਵੀ ਖਿਚ ਕਾਰਣ ਸੂਰਜ ਦੇ ਇਰਦ-ਗਿਰਦ ਪਰਿਕ੍ਰਮਾ ਕਰਦੇ ਹਨ; ਧਰਤੀ ਵੀ ਇਸ ਦੇ ਦੁਆਲੇ ਘੁੰਮਦੀ ਹੈ। ਇਸ ਨਾਲ ਹੀ ਧਰਤੀ ਉਤੇ ਜੀਵਨ ਦਾ ਸੰਚਾਰ ਅਤੇ ਵਿਕਾਸ ਸੰਭਵ ਹੁੰਦਾ ਹੈ। 'ਆਸਾ ਦੀ ਵਾਰ' ਅਨੁਸਾਰ ਕੀ ਸੂਰਜ ਅਤੇ ਕੀ ਚੰਦ੍ਰਮਾ ਸਭ ਪਰਮਾਤਮਾ ਦੇ ਅਨੁਸ਼ਾਸਨ ਵਿਚ ਆਪਣੇ ਕਾਰਜਾਂ ਵਿਚ ਲੀਨ ਹਨ—'ਭੈ ਵਿਚਿ ਸੂਰਜੁ ਭੈ ਵਿਚ ਚੰਦੁ।' ਜਪੁਜੀ ਅਨੁਸਾਰ ਇਸ ਦੀ ਗਿਣਤੀ ਇਕ ਨਹੀਂ ਅਨੇਕ ਹੈ—'ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।'

ਆਦਿ ਮਨੁੱਖ ਕੁਦਰਤ ਦੀ ਗੋਦ ਵਿਚ ਰਹਿਣ ਕਾਰਣ ਸਾਰੀਆਂ ਪ੍ਰਾਕ੍ਰਿਤਿਕ ਵਸਤੂਆਂ/ਸ਼ਕਤੀਆਂ ਦੇ ਪ੍ਰਭਾਵ ਤੋਂ ਜਾਣੂ ਸੀ। ਜਿਨ੍ਹਾਂ ਸ਼ਕਤੀਆਂ ਤੋਂ ਉਸ ਨੂੰ ਲਾਭ ਹੁੰਦਾ ਸੀ, ਉਨ੍ਹਾਂ ਦੀ ਧੰਨਵਾਦ ਵਜੋਂ ਉਸਤਤ ਕਰਦਾ ਸੀ ਅਤੇ ਜਿਨ੍ਹਾਂ ਤੋਂ ਨੁਕਸਾਨ ਹੁੰਦਾ ਸੀ, ਉਨ੍ਹਾਂ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਪੂਜਾ ਕਰਦਾ ਸੀ। ਇਹੀ ਪ੍ਰਵ੍ਰਿੱਤੀ ਕਾਲਾਂਤਰ ਵਿਚ ਦੇਵ-ਉਪਾਸਨਾ ਵਿਚ ਵਿਕਸਿਤ ਹੁੰਦੀ ਰਹੀ। 'ਰਿਗਵੇਦ' ਵਿਚ ਜਿਨ੍ਹਾਂ ਤਿੰਨ ਦੇਵਤਿਆਂ (ਸੂਰਜ, ਅਗਨੀ ਅਤੇ ਇੰਦਰ) ਦੀ ਮਹਿਮਾ ਗਾਈ ਗਈ ਹੈ, ਉਨ੍ਹਾਂ ਵਿਚ ਸੂਰਜ ਪ੍ਰਮੁਖ ਹੈ। 'ਰਿਗਵੇਦ' ਦੇ 12 ਸੂਕਤਾਂ ਵਿਚ ਇਸ ਦੀ ਉਸਤਤ ਕੀਤੀ ਗਈ ਹੈ। ਇਹ ਅਦਿਤੀ ਦੇ ਬਾਰ੍ਹਾਂ ਪੁੱਤਰਾਂ ਵਿਚੋਂ ਇਕ ਹੈ। ਇਸ ਦਾ ਦੇਵਤ੍ਵ ਦੁਪਹਿਰ ਵੇਲੇ ਆਪਣੇ ਸਿਖਰ 'ਤੇ ਹੁੰਦਾ ਹੈ। ਇਸ ਨੂੰ ਵਿਰਾਟ ਪੁਰਸ਼ ਦਾ ਨੇਤਰ ਵੀ ਕਿਹਾ ਜਾਂਦਾ ਹੈ ਜੋ ਮਨੁੱਖਾਂ ਦੇ ਚੰਗੇ ਅਤੇ ਮਾੜੇ ਕਰਮਾਂ ਨੂੰ ਵੇਖਦਾ ਹੈ। ਇਹ ਅੰਧਕਾਰ ਰੂਪੀ ਰਾਖਸ਼ ਦਾ ਨਾਸ਼ ਕਰਦਾ ਹੈ। ਇਸ ਨੂੰ ਕਿਤੇ ਉਸ਼ਾ ਦਾ ਪੁੱਤਰ ਅਤੇ ਕਿਤੇ ਪਤੀ ਮੰਨਿਆ ਗਿਆ ਹੈ।

'ਮਾਰਕੰਡੇਯ ਪੁਰਾਣ' ਵਿਚ ਇਸ ਦੇ ਵਿਆਹ ਸੰਬੰਧੀ ਬ੍ਰਿੱਤਾਂਤ ਮਿਲਦਾ ਹੈ। ਵਿਸ਼ਵਕਰਮਾ ਨੇ ਆਪਣੀ ਪੁੱਤਰੀ ਸੰਗਿਆ (ਨਾਮਾਂਤਰ ਸੰਜਨਾ) ਦਾ ਵਿਆਹ ਸੂਰਜ ਵਿਵਸ੍ਵਾਨ) ਨਾਲ ਕਰ ਦਿੱਤਾ, ਪਰ ਉਹ ਸੂਰਜ ਦਾ ਤੇਜ ਨਾ ਸਹਾਰ ਸਕੀ ਅਤੇ ਆਪਣੀ ਛਾਇਆ ਨੂੰ ਛਡ ਕੇ ਪੇਕੇ ਘਰ ਪਰਤ ਗਈ। ਧੀ ਦੇ ਸੰਕਟ ਨੂੰ ਖ਼ਤਮ ਕਰਨ ਲਈ ਵਿਸ਼ਵਕਰਮਾ ਨੇ ਸੂਰਜ ਨੂੰ ਖ਼ਰਾਦ ਉਤੇ ਚੜ੍ਹਾ ਕੇ ਉਸ ਦਾ ਤੇਜ ਘੱਟ ਕੀਤਾ।

ਸੂਰਜ ਦੀਆਂ ਚਾਰ ਪਤਨੀਆਂ ਸਨ—ਸੰਗਿਆ, ਰਾਗ੍ਯੀ, ਪ੍ਰਭਾ ਅਤੇ ਛਾਇਆ। ਸੰਗਿਆ ਤੋਂ ਮੁਨੀ ਅਥਵਾ ਮਨੁ ਦਾ ਜਨਮ ਹੋਇਆ। ਰਾਗ੍ਯੀ ਤੋਂ ਯਮ, ਯਮੁਨਾ ਅਤੇ ਰੇਵੰਤ ਪੈਦਾ ਹੋਏ। ਪ੍ਰਭਾ ਤੋਂ ਪ੍ਰਭਾਤ ਉਤਪੰਨ ਹੋਈ ਅਤੇ ਛਾਇਆ ਨੇ ਸਾਵਰਣਿ,

ਸ਼ਨਿ ਅਤੇ ਤਪਤੀ ਨੂੰ ਜਨਮ ਦਿੱਤਾ।

'ਵਿਸ਼ਣੂ ਪੁਰਾਣ' ਅਨੁਸਾਰ ਸੂਰਜ ਨਾਲ ਵਿਆਹੀ ਵਿਸ਼ਵਕਰਮਾ ਦੀ ਪੁੱਤਰੀ ਦਾ ਨਾਂ ਸੰਜਨਾ ਸੀ ਜਿਸ ਦੀ ਕੁੱਖੋਂ ਦੋ ਪੁੱਤਰ (ਮਨੂ ਵੈਵਸ੍ਵਤ ਤੇ ਯਮ) ਅਤੇ ਇਕ ਕੰਨਿਆ (ਯਮੀ) ਪੈਦਾ ਹੋਈ। ਯਮ ਨੂੰ ਪਰਲੋਕ ਦਾ ਰਾਜ-ਅਧਿਕਾਰ ਮਿਲਿਆ, ਯਮੀ ਜਮਨਾ ਨਦੀ ਦੇ ਰੂਪ ਵਿਚ ਪ੍ਰਗਟ ਹੋਈ ਅਤੇ ਮਨੂ ਵੈਵਸ੍ਵਤ ਤੋਂ ਸੂਰਜਵੰਸ਼ ਚਲਿਆ। ਇਕ ਹੋਰ ਆਖਿਆਨ ਅਨੁਸਾਰ ਸੰਜਨਾ (ਕਿਤੇ ਕਿਤੇ ਕੋਈ ਅਪੱਛਰਾ) ਸੂਰਜ ਦਾ ਤੇਜ ਨਾ ਸਹਾਰ ਸਕੀ। ਉਸ ਨੇ ਛਾਇਆ ਨਾਂ ਦੀ ਦਾਸੀ ਨੂੰ ਆਪਣਾ ਰੂਪ ਪ੍ਰਦਾਨ ਕਰਕੇ ਖ਼ੁਦ ਜੰਗਲ ਵਿਚ ਘੋੜੀ ਦੇ ਰੂਪ ਵਿਚ ਤਪੱਸਿਆ ਕਰਨ ਲਗੀ। ਜਦੋਂ ਸੂਰਜ ਨੂੰ ਪਤਾ ਲਗਾ ਤਾਂ ਉਹ ਘੋੜੇ ਦੇ ਰੂਪ ਵਿਚ ਘੋੜੀ ਬਣੀ ਸੰਜਨਾ ਕੋਲ ਪਹੁੰਚਿਆ ਅਤੇ ਉਸ ਨਾਲ ਸੰਜੋਗ ਕਰਕੇ ਅਸ਼੍ਵਿਨੀ ਕੁਮਾਰ ਪੈਦਾ ਕੀਤੇ।

ਸੂਰਜ ਦੀਆਂ ਕਈ ਹੋਰ ਜਾਇਜ਼/ਨਜਾਇਜ਼ ਪਤਨੀਆਂ ਦਾ ਜ਼ਿਕਰ ਵੀ ਮਿਲਦਾ ਹੈ। 'ਮਹਾਭਾਰਤ' ਅਨੁਸਾਰ ਕੁੰਤੀ ਦਾ ਪੁੱਤਰ ਕਰਣ ਸੂਰਜ ਨਾਲ ਕੀਤੇ ਸਹਿਵਾਸ ਤੋਂ ਪੈਦਾ ਹੋਇਆ ਸੀ। 'ਰਾਮਾਇਣ' ਦਾ ਮੁੱਖ ਬਾਂਦਰ ਪਾਤਰ ਸੁਗ੍ਰੀਵ ਵੀ ਸੂਰਜ ਦਾ ਪੁੱਤਰ ਦਸਿਆ ਜਾਂਦਾ ਹੈ।

ਸੂਰਜ ਦਾ ਤੇਜ ਘਟਾਉਣ ਲਈ ਵਿਸ਼ਵਕਰਮਾ ਦੁਆਰਾ ਖ਼ਰਾਦੇ ਜਾਣ ਤੇ ਜੋ ਬੁਰਾਦਾ ਡਿਗਿਆ, ਉਸ ਤੋਂ ਵਿਸ਼ਵਕਰਮਾ ਨੇ ਵਿਸ਼ਣੂ ਦਾ ਸੁਦਰਸ਼ਨ ਚੱਕਰ, ਸ਼ਿਵ ਦਾ ਤ੍ਰਿਸੂਲ, ਕਾਰਤਿਕੇਯ ਦਾ ਨੇਜ਼ਾ ਅਤੇ ਕਈ ਹੋਰ ਦੇਵਤਿਆਂ ਦੇ ਹਥਿਆਰ ਬਣਾਏ ਜੋ ਪ੍ਰਚੰਡ ਸ਼ਕਤੀ ਵਾਲੇ ਸਨ। ਪੁਰਾਣ-ਸਾਹਿੱਤ ਵਿਚ ਸੂਰਜ ਬਾਰੇ ਹੋਰ ਵੀ ਕਈ ਆਖਿਆਨ ਲਿਖੇ ਮਿਲਦੇ ਹਨ।

ਕੁਲ ਮਿਲਾ ਕੇ ਸੂਰਜ ਇਕ ਮਧਰੇ ਕਦ ਦਾ ਦੇਵਤਾ ਹੈ ਜਿਸ ਦਾ ਸ਼ਰੀਰ ਤਾਂਬੇ ਵਾਂਗ ਭਖਦਾ ਹੈ ਅਤੇ ਅੱਖਾਂ ਅੱਗ ਦੇ ਗੋਲਿਆਂ ਵਾਂਗ ਚਮਕਦੀਆਂ ਹਨ। ਇਹ ਕਿਰਨਾਂ ਨਾਲ ਘਿਰੇ ਸੱਤ ਲਾਲ ਘੋੜਿਆਂ ਵਾਲੇ ਰਥ ਉਤੇ ਸਵਾਰ ਹੋ ਕੇ ਆਕਾਸ਼ ਮੰਡਲ ਦੀ ਸੈਰ ਕਰਦਾ ਹੈ। ਅਰੁਣ ਇਸ ਦਾ ਰਥਵਾਨ ਹੈ। ਇਹ ਵਿਵਸ੍ਵਤੀ ਜਾਂ ਭਾਸਵਤੀ ਨਗਰ ਵਿਚ ਰਹਿੰਦਾ ਹੈ। ਵੈਵਸ੍ਵਤ, ਯਮ, ਯਮੀ, ਅਸ਼੍ਵਿਨੀ ਕੁਮਾਰ, ਰੇਵੰਤ, ਕਰਣ, ਸੁਗ੍ਰੀਵ ਆਦਿ ਇਸ ਦੀ ਸੰਤਾਨ ਹਨ। ਇਸ ਦੇ ਪੁੱਤਰ ਮਨੂ ਵੈਵਸ੍ਵਤ ਅਤੇ ਫਿਰ ਉਸ ਦੇ ਪੁੱਤਰ ਇਕਸ਼ਵਾਕੂ ਤੋਂ ਸੂਰਜ ਵੰਸ਼ ਦਾ ਵਿਕਾਸ ਹੋਇਆ ਜਿਸ ਵਿਚ ਕਾਲਾਂਤਰ ਵਿਚ ਸ੍ਰੀ ਰਾਮ ਚੰਦਰ ਦਾ ਜਨਮ ਹੋਇਆ। ਸੂਰਜ ਦੇਵਤਾ ਦੇ ਰੂਪ ਵਿਚ ਪੂਜੇ ਜਾਣ ਕਾਰਣ ਅਨੇਕ ਸਥਾਨਾਂ ਅਤੇ ਖੇਤਰਾਂ ਵਿਚ ਇਸ ਦੇ ਮੰਦਿਰ ਮਿਲਦੇ ਹਨ, ਖ਼ਾਸ ਤੌਰ ਤੇ ਮੁਲਤਾਨ ਵਿਚ। ਕਸ਼ਮੀਰ ਅਤੇ ਉੜੀਸਾ ਪ੍ਰਦੇਸ਼ਾਂ ਵਿਚ ਵੀ ਇਸ ਦੀ ਬਹੁਤ ਉਪਾਸਨਾ ਹੁੰਦੀ ਸੀ। ਇਸ ਦੇ ਕਈ ਨਾਮਾਂਤਰ ਪ੍ਰਚਲਿਤ ਹਨ, ਜਿਵੇਂ ਵਿਵਸ੍ਵਤ, ਤੇਜਭਾਨੂ, ਭਾਸਕਰ, ਦਿਨਕਰ, ਮਾਰਤੰਡ ਆਦਿ।

ਸੂਰਜ-ਵੰਸ਼ : ਸੂਰਜ ਦੇਵਤਾ ਨਾਲ ਸੰਬੰਧਿਤ ਵੰਸ਼ ਨੂੰ 'ਸੂਰਜ-ਵੰਸ਼' ਕਿਹਾ ਜਾਂਦਾ ਹੈ। ਇਸ ਛਤ੍ਰੀ-ਵੰਸ਼ ਦਾ ਆਰੰਭ ਸੂਰਜ ਦੇ ਪੋਤਰੇ ਇਕਸ਼ਵਾਕੂ ਤੋਂ ਹੋਇਆ। ਸ੍ਰੀ ਰਾਮ

ਚੰਦਰ ਇਸ ਵੰਸ਼-ਪਰੰਪਰਾ ਵਿਚੋਂ ਸਨ। ਇਸ ਵੰਸ਼ ਵਿਚ ਹੋਰ ਵੀ ਬੜੇ ਨਾਮੀ ਰਾਜੇ ਹੋਏ ਸਨ। ਇਕ੍ਸ਼ਵਾਕੁ ਦੇ ਦੋ ਪੁੱਤਰਾਂ ਤੋਂ ਇਸ ਵੰਸ਼ ਦੀਆਂ ਦੋ ਸ਼ਾਖਾਵਾਂ ਵਿਕਸਿਤ ਹੋਈਆਂ। ਅਯੋਧਿਆ ਵਾਲੀ ਸ਼ਾਖਾ ਦਾ ਵਿਕਾਸ ਵਿਕੁਕਸ਼ੀ ਤੋਂ ਹੋਇਆ ਸੀ ਅਤੇ ਮਿਥਿਲਾ ਦੀ ਸ਼ਾਖਾ ਦਾ ਬਾਨੀ ਨਿਮੀ ਸੀ। ਭਾਰਤ ਦੀਆਂ ਅਧਿਕਾਂਸ਼ ਛਤ੍ਰੀ ਜਾਤੀਆਂ ਇਸੇ ਵੰਸ਼ ਨਾਲ ਸੰਬੰਧਿਤ ਹਨ। ਭਾਈ ਗੁਰਦਾਸ ਨੇ ਇਸ ਵੰਸ਼ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਕੇਤੜਿਆਂ ਅਵਤਾਰ ਹੋਇ ਚਕ੍ਰਵਰਤਿ ਰਾਜੇ ਦਰਗਾਹੀ।/ਸੂਰਜਵੰਸ਼ੀ ਆਖਿਆਨਿ ਸੋਮਵੰਸ ਸੂਰਵੀਰ ਸਿਪਾਹੀ' (8/10)।

'ਦਸਮ-ਗ੍ਰੰਥ' (ਬਚਿਤ੍ਰ-ਨਾਟਕ, ਅਧਿ. 2) ਵਿਚ ਸੋਢੀ ਅਤੇ ਬੇਦੀ ਛਤ੍ਰੀਆਂ ਦਾ ਸੰਬੰਧ ਸ੍ਰੀ ਰਾਮ ਚੰਦਰ ਦੇ ਪੁੱਤਰਾਂ—ਲਵ ਅਤੇ ਕੁਸ਼—ਨਾਲ ਜੋੜਿਆ ਗਿਆ ਹੈ ਜਿਨ੍ਹਾਂ ਨੇ ਕ੍ਰਮਵਾਰ ਲਾਹੌਰ ਅਤੇ ਕਸੂਰ ਨਾਂ ਦੇ ਨਗਰ ਵਸਾਏ ਸਨ। ਇਸ ਵੰਸ਼ ਦੀਆਂ ਪੁਰਾਣ-ਸਾਹਿੱਤ ਵਿਚ ਅਨੇਕ ਸੂਚੀਆਂ ਦਿੱਤੀਆਂ ਮਿਲਦੀਆਂ ਹਨ, ਪਰ ਇਨ੍ਹਾਂ ਵਿਚ ਨਾਵਾਂ ਅਤੇ ਕ੍ਰਮ ਦੀ ਸਮਾਨਤਾ ਨਹੀਂ ਹੈ।

ਸੂਰਪਣਖਾ : ਵੇਖੋ 'ਸਰੂਪਨਖਾ'।

ਸ਼ੇਸ਼-ਨਾਗ : ਇਹ ਕਸ਼੍ਯਪ ਦੇ ਘਰ ਕਦਰੂ ਦੀ ਕੁੱਖੋਂ ਪੈਦਾ ਹੋਇਆ ਸੀ। ਇਸ ਨੂੰ ਨਾਗ-ਰਾਜ ਵੀ ਕਹਿੰਦੇ ਹਨ। ਪੁਰਾਣ-ਸਾਹਿੱਤ ਅਨੁਸਾਰ ਇਸ ਦੇ ਇਕ ਹਜ਼ਾਰ ਫਣ ਹਨ, ਜਿਨ੍ਹਾਂ ਉਤੇ ਵਿਸ਼ਣੂ ਬਿਸਰਾਮ ਕਰਦਾ ਹੈ। ਇਸ ਤੋਂ ਇਲਾਵਾ ਇਹ ਆਪਣੇ ਫਣਾਂ ਨੂੰ ਵਿਸ਼ਣੂ ਦੇ ਸਿਰ ਉਪਰ ਪਸਾਰ ਕੇ ਛੱਤਰ ਦੀ ਲੋੜ ਪੂਰੀ ਕਰਦਾ ਹੈ। ਇਸ ਦਾ ਰੰਗ ਬੈਂਗਣੀ, ਗੱਲੇ ਵਿਚ ਚਿੱਟੇ ਰੰਗ ਦੀ ਮਾਲਾ, ਇਕ ਹੱਥ ਵਿਚ ਹਲ ਅਤੇ ਦੂਜੇ ਹੱਥ ਵਿਚ ਮੂਸਲ ਧਾਰਣ ਕੀਤਾ ਹੋਇਆ ਹੈ। ਇਸ ਨੇ ਆਪਣੇ ਫਣਾਂ ਉਤੇ ਧਰਤੀ ਨੂੰ ਸਹਾਰਿਆ ਹੋਇਆ ਹੈ। ਪ੍ਰਚਲਿਤ ਲੋਕ-ਧਾਰਣਾ ਅਨੁਸਾਰ ਜਦੋਂ ਕਦੀ ਵੀ ਇਹ ਆਪਣੇ ਫਣਾਂ ਉਤੇ ਧਰਤੀ ਦਾ ਬੋਝ ਸੰਤੁਲਿਤ ਕਰਦਾ ਹੈ ਜਾਂ ਬਦਲਦਾ ਹੈ ਜਾਂ ਉਬਾਸੀ ਲੈਂਦਾ ਹੈ ਤਾਂ ਭੁਚਾਲ ਆਉਂਦਾ ਹੈ। ਹਰ ਕਲਪ ਦੇ ਪੂਰੇ ਹੋਣ ਤੇ ਇਹ ਆਪਣੇ ਮੂੰਹ ਵਿਚੋਂ ਜ਼ਹਿਰਲੀ ਅੱਗ ਉਗਲਦਾ ਹੈ ਜਿਸ ਦੇ ਪ੍ਰਭਾਵ ਕਰਕੇ ਸਾਰਾ ਸੰਸਾਰ ਭਸਮ ਹੋ ਜਾਂਦਾ ਹੈ। ਬਾਕੀ (ਸ਼ੇਸ਼) ਕੇਵਲ ਇਹੀ ਰਹਿ ਜਾਂਦਾ ਹੈ। ਇਸ ਲਈ ਇਸ ਦਾ ਨਾਂ 'ਸ਼ੇਸ਼' ਰਖਿਆ ਗਿਆ ਹੈ। ਧਰਤੀ ਤੋਂ ਇਲਾਵਾ ਇਸ ਨੇ ਸੱਤ ਪਾਤਾਲਾਂ ਦਾ ਭਾਰ ਵੀ ਆਪਣੇ ਫਣਾਂ ਉਤੇ ਚੁਕਿਆ ਹੋਇਆ ਹੈ।

'ਬਾਲਮੀਕੀ ਰਾਮਾਇਣ' (ਕਿਸ਼ਕਿੰਧਾ ਕਾਂਡ) ਅਨੁਸਾਰ ਇਹ ਸਵਰਣ ਪਰਬਤ ਉਤੇ ਰਹਿੰਦਾ ਹੈ ਅਤੇ ਸਾਰੇ ਦੇਵੀ ਦੇਵਤਿਆਂ ਦਾ ਪੂਜਨੀਕ ਹੈ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਆਪਣੀ ਮਾਂ ਕਦਰੂ ਅਤੇ ਮਤਰੇਈ ਮਾਂ ਵਿਨਤਾ ਦੇ ਨਿੱਤ ਦੇ ਕਲੇਸ਼ ਤੋਂ ਤੰਗ ਆ ਕੇ ਇਸ ਨੇ ਸੰਸਾਰਿਕਤਾ ਤੋਂ ਵੈਰਾਗ ਲੈ ਕੇ ਗੰਧਮਾਦਨ ਪਰਬਤ ਉਤੇ ਤਪੱਸਿਆ ਕਰਨੀ ਸ਼ੁਰੂ ਕੀਤੀ। ਬ੍ਰਹਮਾ ਨੇ ਪ੍ਰਸੰਨ ਹੋ ਕੇ ਇਸ ਨੂੰ ਵਰ ਦਿੱਤਾ ਕਿ ਇਸ ਦੀ ਬੁੱਧੀ ਸਦਾ ਧਰਮ ਵਿਚ ਲਗੀ ਰਹੇਗੀ। ਇਸ ਤੋਂ ਇਲਾਵਾ ਇਸ ਉਤੇ ਧਰਤੀ ਧਾਰਣ ਕਰਨ ਦੀ ਵੀ ਜ਼ਿਮੇਵਾਰੀ ਪਾਈ। ਇਸ ਦੇ ਪ੍ਰਿਥਵੀ ਹੇਠ ਚਲੇ ਜਾਣ 'ਤੇ ਸੱਪਾਂ

ਨੇ ਇਸ ਦੇ ਛੋਟੇ ਭਰਾ ਵਾਸੁਕੀ ਨੂੰ ਰਾਜ-ਤਿਲਕ ਦੇ ਦਿੱਤਾ। ਕਈ ਪੁਰਾਣ ਆਖਿਆਨਾਂ ਵਿਚ ਇਸ ਨੂੰ ਅਤੇ ਵਾਸੁਕੀ ਨੂੰ ਇਕੋ ਨਾਗ ਦੇ ਨਾਮਾਂਤਰ ਮੰਨਿਆ ਹੈ, ਪਰ ਅਸਲ ਵਿਚ ਇਹ ਦੋਵੇਂ ਭਿੰਨ-ਭਿੰਨ ਹਨ। ਵਾਸੁਕੀ ਨੂੰ ਸਮੁੰਦਰ ਰਿੜਕਣ ਵੇਲੇ ਨੇਤ੍ਰਾ ਬਣਾਇਆ ਗਿਆ ਸੀ। ਪੁਰਾਣਾਂ ਵਿਚ ਲੱਛਮਣ ਅਤੇ ਬਲਰਾਮ ਨੂੰ ਸ਼ੇਸ਼ ਦਾ ਅਵਤਾਰ ਮੰਨਿਆ ਜਾਂਦਾ ਹੈ। ਇਕ ਹੋਰ ਰਵਾਇਤ ਅਨੁਸਾਰ ਸਾਲਿਬਾਹਨ ਸ਼ੇਸ਼ ਨਾਗ ਦੀ ਸੰਤਾਨ ਵਿਚੋਂ ਸੀ। ਕਵੀ ਕਲ੍ਯ ਭੱਟ ਨੇ ਆਪਣੇ ਸਵੈਯਾਂ ਵਿਚ ਲਿਖਿਆ ਹੈ ਕਿ ਸ਼ੇਸ਼ ਨਾਗ ਆਪਣੀਆਂ ਸਾਰੀਆਂ ਜੀਭਾਂ ਨਾਲ ਰੁਚੀ-ਪੂਰਵਕ ਗੁਰੂ ਨਾਨਕ ਦੇਵ ਦੇ ਗੁਣਾ ਦਾ ਗਾਇਨ ਕਰਦਾ ਹੈ—'ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ॥ ਧੁਨਾ' (ਅ. ਗ੍ਰੰ. 1360)।

ਸ਼ੇਖ-ਚਿੱਲੀ : ਹਵਾਈ ਕਿੱਲੇ ਉਸਾਰਨ ਵਾਲੇ ਵਿਅਕਤੀ ਲਈ ਇਹ ਸੰਯੁਕਤ ਸ਼ਬਦ ਵਰਤਿਆ ਜਾਂਦਾ ਹੈ। ਪਰ ਉਂਜ ਇਹ ਸ਼ਬਦ ਇਕ ਫ਼ਰਜ਼ੀ ਮੂਰਖ ਲਈ ਰੂੜ੍ਹ ਹੋ ਗਿਆ ਹੈ। ਕਈ ਵਾਰ ਜਾਗੀਰਦਾਰਾਂ ਜਾਂ ਰਾਜਿਆਂ/ਬਾਦਸ਼ਾਹਾਂ ਦੇ ਮਨੋਰੰਜਨ ਲਈ ਜੋ ਮਸਖ਼ਰੇ ਰਖੇ ਜਾਂਦੇ ਸਨ, ਉਨ੍ਹਾਂ ਨੂੰ ਵੀ ਸ਼ੇਖ-ਚਿਲੀ ਕਿਹਾ ਜਾਂਦਾ ਸੀ। ਸ਼ੇਖ-ਚਿੱਲੀ ਦੇ ਨਾਂ ਨਾਲ ਸੰਬੰਧਿਤ ਅਨੇਕ ਆਖਿਆਨ ਜਾਂ ਵਾਰਤਾਵਾਂ ਪ੍ਰਚਲਿਤ ਹਨ।

ਪੰਜਾਬ ਦੇ ਮੱਧ-ਕਾਲੀਨ ਮੁਸਲਮਾਨਾਂ ਵਿਚ ਚਾਲੀ ਦਿਨ ਭੁੱਖੇ ਰਹਿ ਕੇ ਚਲੀਆ ਕਟਣ ਵਾਲੇ ਫ਼ਕੀਰਾਂ ਨੂੰ ਵੀ 'ਸ਼ੇਖ-ਚਿੱਲੀ' ਕਿਹਾ ਜਾਂਦਾ ਸੀ। ਸੂਫ਼ੀ ਦਰਵੇਸ਼ ਸੁਲਤਾਨ ਬਾਹੂ ਅਜਿਹੇ ਚਿਲਿਆਂ ਵਿਚ ਵਿਸ਼ਵਾਸ ਨਹੀਂ ਰਖਦਾ ਸੀ—'ਨੂਨ, ਨਾ ਮੈਂ ਜੋਗੀ, ਨਾ ਮੈਂ ਜੰਗਮ, ਨਾ ਮੈਂ ਚਿੱਲਾ ਕਮਾਇਆ ਹੂ।' ਪੱਛਮੀ ਪੰਜਾਬ ਦੇ ਅੱਟਕ ਜ਼ਿਲੇ ਵਿਚ ਇਕ ਅਜਿਹਾ ਸਾਧਕ ਹੋਇਆ ਦਸਿਆ ਜਾਂਦਾ ਹੈ। ਰਾਜਪੁਰਾ ਚੰਡੀਗੜ੍ਹ ਸੜਕ ਉਤੇ ਬਨੂੜ ਕਸਬੇ ਵਿਚ ਹੋਏ ਅਬਦੁਲ ਕਾਦਿਰ ਫ਼ਕੀਰ ਨੂੰ ਵੀ 'ਸ਼ੇਖ-ਚਿੱਲੀ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਇਕ ਬੜਾ ਤੇਜਸਵੀ ਫ਼ਕੀਰ ਸੀ ਅਤੇ ਬੜੇ ਹਸਾਉਣੇ ਢੰਗ ਨਾਲ ਆਪਣੇ ਉਪਦੇਸ਼ ਦਿੰਦਾ ਸੀ। ਇਸ ਨਾਲ ਸੰਬੰਧਿਤ ਕਈ ਕਥਾਵਾਂ ਅਨੁਯਾਈਆਂ ਵਿਚ ਪ੍ਰਸਿੱਧ ਹਨ। ਇਸ ਦਾ ਦੇਹਾਂਤ ਸੰਨ 1721 ਈ. ਵਿਚ ਹੋਇਆ ਸੀ।

'ਪੰਜਾਬ ਦੀ ਸੈਰ' ਨਾਂ ਦੀ ਪੁਸਤਕ ਵਿਚ ਲਿਖਿਆ ਹੈ ਕਿ ਅਬਦੁਲ ਕਰੀਮ ਨਾਂ ਦਾ ਇਕ ਵਿਅਕਤੀ, ਜੋ ਅਕਬਰ ਬਾਦਸ਼ਾਹ ਦਾ ਵਜ਼ੀਰ ਸੀ, ਵੈਰਾਗੀ ਹੋ ਕੇ ਥਾਨੇਸਰ ਵਿਚ ਚਿਲੇ ਕੱਟਣ ਲਗਾ। ਉਹੀ ਕਾਲਾਂਤਰ ਵਿਚ ਲੋਕਾਂ ਵਿਚ 'ਸ਼ੇਖ-ਚਿਲੀ' ਵਜੋਂ ਪ੍ਰਸਿੱਧ ਹੋਇਆ। ਇਹ ਆਪਣੇ ਅਨੁਯਾਈਆਂ ਨੂੰ ਨੈਤਿਕਤਾ ਪ੍ਰਧਾਨ ਕਥਾਵਾਂ ਜਾਂ ਬਚਨਾਂ ਰਾਹੀਂ ਉਪਦੇਸ਼ ਦਿੰਦਾ ਸੀ। ਇਸ ਦਾ ਕਹਿਣ-ਢੰਗ ਬੜਾ ਹਸੌਣਾ ਸੀ। ਬਾਦ ਵਿਚ ਉਨ੍ਹਾਂ ਹਸੌਣੀਆਂ ਕਥਾਵਾਂ ਦੀਆਂ ਕਥਾਨਕ ਰੂੜ੍ਹੀਆਂ ਇਸ ਦੇ ਆਪਣੇ ਨਾਂ ਨਾਲ ਜੁੜਦੀਆਂ ਗਈਆਂ। ਫਲਸਰੂਪ ਇਕ ਸਾਧਕ ਵਿਅਕਤੀ ਦੇ ਸਰੂਪ ਦਾ ਚਰਿਤ੍ਰਗਤ ਪਰਿਵਰਤਨ ਹੋ ਗਿਆ ਅਤੇ ਇਹ ਇਕ ਮਸਖ਼ਰਾ, ਸਥੂਲ ਬੁੱਧੀ ਅਤੇ ਹਵਾਈ ਕਿਲੇ ਉਸਾਰਨ ਵਾਲਾ ਬਣ ਕੇ ਰਹਿ ਗਿਆ। ਇਸ ਪਰਿਵਰਤਨ ਕਾਰਣ ਇਕ ਇਤਿਹਾਸਿਕ

ਵਿਅਕਤੀ ਕਾਲਪਨਿਕ ਵਿਅਕਤੀ ਪ੍ਰਤੀਤ ਹੋਣ ਲੱਗਾ। ਕਵੀ ਕੇਦਾਰ ਨਾਥ 'ਬਾਗੀ' ਨੇ ਇਸ ਦਾ ਹਵਾਲਾ ਦਿੰਦਿਆਂ 'ਅਨੋਖਾ ਪਹਿਰੇਦਾਰ' ਕਵਿਤਾ ਵਿਚ ਲਿਖਿਆ ਹੈ - 'ਫਿਰ ਉਠ ਤੁਰਿਆ ਬਣ ਠਣ ਕੇ।/ਸ਼ੇਖ ਚਿਲੀ ਦਾ ਸਾਨੀ ਬਣਕੇ।'

ਸੇਵਾ-ਪੰਥ : ਸਿੱਖ ਧਰਮ ਦਾ ਇਕ ਅਜਿਹਾ ਆਤਮ-ਉਤਸਰਗੀ ਦਲ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਵੰਡ ਛਕਣ ਦੇ ਵਿਸ਼ਵਾਸ ਅਧੀਨ ਸ਼ਰੀਰਿਕ ਸੇਵਾ ਰਾਹੀਂ ਜੀਵਨ-ਮਨੋਰਥ ਪੂਰਾ ਕਰਦਾ ਹੈ। ਇਹ ਕੋਈ ਵਿਸ਼ੇਸ਼ ਵਿਧੀ-ਵਤ ਆਯੋਜਿਤ ਪੰਥ ਨਹੀਂ, ਸਗੋਂ ਸੇਵਾ ਵਿਚ ਅਧਿਕ ਰੁਚੀ ਰਖਣ ਵਾਲੇ ਸਾਧਕਾਂ ਦਾ ਸਮਾਜ ਹੈ ਜਿਸ ਦਾ ਆਰੰਭ, ਸਿੱਖ ਰਵਾਇਤ ਅਨੁਸਾਰ, ਭਾਈ ਕਨ੍ਹੀਆ/ਘਨ੍ਹੀਆ ਨੇ ਕੀਤਾ। ਭਾਈ ਕਨ੍ਹੀਆ ਗੁਰੂ ਤੇਗ ਬਹਾਦਰ ਦਾ ਸਿੱਖ ਅਤੇ ਸੇਵਕ ਸੀ ਅਤੇ ਬਾਦ ਵਿਚ ਗੁਰੂ ਗੋਬਿੰਦ ਸਿੰਘ ਦੇ ਆਨੰਦਪੁਰ ਵਿਚ ਹੋਏ ਯੁੱਧ ਦੌਰਾਨ ਸਿੱਖਾਂ ਅਤੇ ਵੈਰੀਆਂ ਦੇ ਦਲਾਂ ਦੇ ਘਾਇਲਾਂ ਨੂੰ ਸਮ-ਭਾਵ ਨਾਲ ਪਾਣੀ ਪਿਲਾਉਂਦਾ ਸੀ। ਉਸੇ ਦੇ ਸੇਵਕ ਸੇਵਾ-ਭਾਵਨਾ ਨਾਲ ਗਦ੍ਗਦ ਇਸ ਸਾਧਨਾ-ਪੱਧਤੀ ਨੂੰ ਅਗੇ ਚਲਾਉਂਦੇ ਰਹੇ। ਇਨ੍ਹਾਂ ਵਿਚੋਂ ਭਾਈ ਸੇਵਾ ਰਾਮ ਅਤੇ ਭਾਈ ਅੱਡਣਸ਼ਾਹ ਵਰਗੇ ਪ੍ਰਤਾਪੀ ਸਾਧਕਾਂ ਦਾ ਨਾਂ ਵਿਸ਼ੇਸ਼ ਉੱਲੇਖਯੋਗ ਹੈ ਜਿਨ੍ਹਾਂ ਨੇ ਸੇਵਾ-ਪੰਥ ਦੇ ਮਹੱਤਵ ਅਤੇ ਸਰੂਪ ਨੂੰ ਸਿਖਰ ਉਤੇ ਪਹੁੰਚਾਇਆ।

ਭਾਈ ਸੇਵਾ ਰਾਮ ਦਾ ਡੇਰਾ ਨੂਰਪੁਰ ਥਲ ਜ਼ਿਲਾ ਸ਼ਾਹਪੁਰ (ਸਰਗੋਧਾ) ਵਿਚ ਸੀ। ਇਕ ਵਾਰ ਪ੍ਰਚਾਰ ਕਰਦਿਆਂ ਉਹ ਜ਼ਿਲਾ ਝੰਗ ਦੇ ਸ਼ਾਹ ਜੀਵਣੇ ਕਸਬੇ ਦੇ ਨੇੜੇ ਲਊ ਪਿੰਡ ਵਿਚ ਪਹੁੰਚਿਆ ਤਾਂ ਨੌਜਵਾਨ ਅੱਡਣਸ਼ਾਹ ਦੀ ਸੇਵਾ ਅਤੇ ਸਾਧਨਾ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਗੱਦੀ ਦੇ ਦਿੱਤੀ। ਭਾਈ ਅੱਡਣਸ਼ਾਹ ਨੇ ਬੜੀ ਮਿਹਨਤ ਅਤੇ ਸਾਧਨਾ ਨਾਲ ਸੇਵਾ-ਪੰਥ ਦਾ ਵਿਸਤਾਰ ਕੀਤਾ ਜਿਸ ਕਰਕੇ ਇਸ ਪੰਥ ਦਾ ਇਕ ਨਾਮਾਂਤਰ 'ਅੱਡਣਸ਼ਾਹੀ ਮਤ' ਵੀ ਪ੍ਰਚਲਿਤ ਹੋ ਗਿਆ। ਭਾਈ ਅੱਡਣਸ਼ਾਹ ਨਾਲ ਸੰਬੰਧ ਰੱਖਣ ਵਾਲਿਆਂ ਨੂੰ 'ਅੱਡਣਸ਼ਾਹੀਏ' ਵੀ ਕਿਹਾ ਜਾਣ ਲਗਿਆ।

ਭਾਈ ਅੱਡਣਸ਼ਾਹ ਇਕ ਚੰਗਾ ਵਿਆਖਿਆਕਾਰ ਅਤੇ ਕੀਰਤਨ ਕਰਨ ਵਾਲਾ ਸੀ। ਉਸ ਨੇ ਲਾਹੌਰ (ਸ਼ਾਹਦਰਾ) ਵਿਚ ਇਕ ਬਹੁਤ ਵੱਡੀ ਧਰਮਸ਼ਾਲਾ ਬਣਾਈ ਹੋਈ ਸੀ ਜਿਸ ਵਿਚ ਦੋ ਸੌ ਦੇ ਨੇੜੇ ਤੇੜੇ ਸਾਧਕ ਲੋਕ ਸਦਾ ਟਿਕੇ ਰਹਿੰਦੇ ਸਨ। ਉਸ ਦਾ ਜੰਮੂ ਵਿਚ ਵੀ ਇਕ ਵੱਡਾ ਡੇਰਾ ਸੀ। ਉਸ ਦੇ ਡੇਰਿਆਂ ਤੇ ਅਕਸਰ ਧਰਮ-ਗ੍ਰੰਥਾਂ ਦੀ ਵਿਆਖਿਆ ਹੁੰਦੀ ਰਹਿੰਦੀ ਸੀ ਅਤੇ ਸੰਸਕ੍ਰਿਤ ਅਤੇ ਫ਼ਾਰਸੀ ਦੇ ਗ੍ਰੰਥਾਂ ਦਾ ਅਨੁਵਾਦ ਵੀ ਕੀਤਾ ਜਾਂਦਾ ਹੈ। ਫ਼ਾਰਸੀ ਦੀ ਪ੍ਰਸਿੱਧ ਰਚਨਾ 'ਕੀਮਿਯਾਏ ਸਆਦਤ' ਦਾ ਖੁਲ੍ਹਾ ਅਨੁਵਾਦ 'ਪਾਰਸ ਭਾਗ' ਦੇ ਰੂਪ ਵਿਚ ਕੀਤਾ ਗਿਆ। ਸੰਸਕ੍ਰਿਤ ਦੀ ਰਚਨਾ 'ਯੋਗ ਵਾਸ਼ਿਸ਼ਠ' ਅਤੇ 'ਮਸਨਵੀ ਮੌਲਾਨਾ ਰੂਮ' ਦੇ ਉਲੱਥੇ ਵੀ ਕੀਤੇ ਗਏ ਸਨ। ਭਾਈ ਅੱਡਣਸ਼ਾਹ ਦਾ ਦੇਹਾਂਤ ਸੰਨ 1757 ਈ. ਵਿਚ ਜੰਮੂ ਵਿਚ ਹੋਇਆ।

ਸੇਵਾ-ਪੰਥੀ ਸਾਧਕ ਨਾਮ-ਅਭਿਆਸ ਨੂੰ ਜੀਵਨ ਦਾ ਆਧਾਰ ਬਣਾ ਕੇ ਕਥਾ-ਕੀਰਤਨ ਵਿਚ ਵਿਸ਼ੇਸ਼ ਰੁਚੀ ਰਖਦੇ ਹਨ। ਸ਼ੁਰੂ ਵਿਚ ਇਹ ਸਹਿਜਧਾਰੀ ਸਨ, ਪਰ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਦੇ ਪ੍ਰਭਾਵ ਅਧੀਨ ਸਹਿਜੇ-ਸਹਿਜੇ ਇਹ ਸਿੰਘ

ਸਜਦੇ ਗਏ। ਹੁਣ ਇਹ ਅੰਮ੍ਰਿਤਧਾਰੀ, ਕੇਸਧਾਰੀ ਅਤੇ ਸਹਿਜਧਾਰੀ ਤਿੰਨਾਂ ਰੂਪਾਂ ਵਿਚ ਮਿਲਦੇ ਹਨ। ਇਸ ਸੰਪ੍ਰਦਾਇ ਦੇ ਡੇਰਾਦਾਰ ਆਪਣੇ ਆਪ ਨੂੰ ਗੁਰੂ ਨਹੀਂ ਮੰਨਦੇ, ਆਮ ਤੌਰ ਤੇ 'ਭਾਈ' ਪਦਵੀ ਨਾਲ ਸਨਮਾਨੇ ਜਾਂਦੇ ਹਨ। ਪ੍ਰਮੁਖ ਡੇਰਿਆਂ 'ਤੇ ਸਿੱਖੀ ਸੇਵਕੀ ਚਲਦੀ ਹੈ। ਸੁਪਾਤਰ ਸਾਧਕ ਨੂੰ ਹੀ ਗੱਦੀ ਦਾ ਭਾਰ ਸੌਂਪਿਆ ਜਾਂਦਾ ਹੈ। ਗੱਦੀ ਤਿਆਗਣ ਵਾਲਾ ਡੇਰਾਦਾਰ ਨਵੇਂ ਡੇਰਾਦਾਰ ਅਗੇ ਇਕ ਝਾੜੂ ਅਤੇ ਇਕ ਛੰਨਾ ਰਖ ਕੇ ਮੱਥਾ ਟੇਕਦਾ ਹੋਇਆ ਆਪਣਾ ਅਧਿਕਾਰ ਉਸ ਨੂੰ ਪ੍ਰਦਾਨ ਕਰ ਦਿੰਦਾ ਹੈ। ਸ਼ੁਰੂ ਵਿਚ ਇਸ ਸੰਪ੍ਰਦਾਇ ਦਾ ਆਪਣਾ ਕੋਈ ਨਵੇਕਲਾ ਭੇਖ ਨਹੀਂ ਸੀ। ਪਰ ਕਾਲਾਂਤਰ ਵਿਚ ਸਰਕਾਰੀ ਬੇਗਾਰ ਤੋਂ ਬਚਣ ਲਈ ਭਾਈ ਅੱਡਣਸ਼ਾਹ ਨੇ ਆਪਣੇ ਸੇਵਕਾਂ ਨੂੰ ਚਿੱਟੀ ਟੋਪੀ ਪਾਣ ਦਾ ਆਦੇਸ਼ ਦਿੱਤਾ ਅਤੇ ਕੇਸਾਧਾਰੀਆਂ ਨੇ ਚਿੱਟੀ ਪਗੜੀ ਬੰਨ੍ਹਣੀ ਸ਼ੁਰੂ ਕੀਤੀ।

ਦੇਸ਼ ਦੀ ਵੰਡ ਤੋਂ ਪਹਿਲਾਂ ਸੇਵਾ-ਪੰਥ ਦਾ ਪ੍ਰਚਾਰ ਅਤੇ ਪ੍ਰਸਾਰ ਖੇਤਰ ਪੱਛਮੀ ਪੰਜਾਬ ਹੀ ਰਿਹਾ, ਖ਼ਾਸ ਤੌਰ ਤੇ ਝੰਗ, ਸ਼ਾਹਪੁਰ, ਡੇਰਾ ਇਸਮਾਈਲ ਖ਼ਾਨ ਆਦਿ। ਪੰਜਾਬ ਦੇ ਬਟਵਾਰੇ ਪਿਛੋਂ ਪੱਛਮੀ ਪੰਜਾਬ ਦੇ ਡੇਰੇ ਪੂਰਵੀ ਪੰਜਾਬ ਵਿਚ ਪਟਿਆਲਾ, ਯਮਨਾਨਗਰ, ਕੈਥਲ, ਗੋਨਿਆਣਾ-ਮੰਡੀ, ਰੋਹਤਕ, ਹਰਿਦੁਆਰ, ਅੰਮ੍ਰਿਤਸਰ, ਹੁਸ਼ਿਆਰ-ਪੁਰ ਆਦਿ ਨਗਰਾਂ ਵਿਚ ਸਥਾਪਿਤ ਹੋ ਗਏ।

ਸਿੱਧਾਂਤਿਕ ਦ੍ਰਿਸ਼ਟੀ ਤੋਂ ਸੇਵਾ-ਪੰਥੀ ਸਿੱਖ ਮਤ ਦੇ ਅਨੁਯਾਈ ਹਨ, ਪਰ ਸਮੇਂ ਦੇ ਬੀਤਣ ਨਾਲ ਉਨ੍ਹਾਂ ਵਿਚ ਕੁਝ ਪੱਖਾਂ ਪ੍ਰਤਿ ਵਿਸ਼ੇਸ਼ ਉਲਾਰ ਵੀ ਵੇਖਿਆ ਜਾਂਦਾ ਹੈ, ਖ਼ਾਸ ਤੌਰ ਤੇ ਸੇਵਾ ਦੀ ਭਾਵਨਾ ਦਾ। ਇਹ ਸਦਾਚਾਰ ਨੂੰ ਸਭ ਤੋਂ ਉੱਚਾ ਸਮਝਦੇ ਹਨ। ਇਹ ਲੋਕ ਬੁੱਧੀ ਦੀ ਥਾਂ ਆਤਮਿਕ ਅਨੁਭਵ, ਸ਼ੰਕੇ ਦੀ ਥਾਂ ਵਿਸ਼ਵਾਸ, ਸਿੱਧਾਂਤ ਦੀ ਥਾਂ ਸ਼ੁਭ ਕਰਮ ਨੂੰ ਉੱਤਮ ਮੰਨਦੇ ਹਨ। ਸੇਵਾ ਕਰਨ ਵੇਲੇ ਇਹ ਰੰਗ, ਲਿੰਗ, ਜਾਤ, ਧਰਮ, ਜੂਨ ਦਾ ਕੋਈ ਵਿਤਕਰਾ ਨਹੀਂ ਰਖਦੇ। ਸੇਵਾ ਬਿਰਤੀ ਕਰਕੇ ਇਹ ਪੰਥ ਇਕ ਪ੍ਰਕਾਰ ਦਾ ਲੋਕ-ਸੇਵਾ-ਦਲ ਹੈ। ਇਹ ਸੇਵਾ ਨਿਸ਼ਕਾਮ ਹੁੰਦੀ ਹੈ ਜੋ ਗੁਪਤ ਜਾਂ ਪ੍ਰਗਟ ਕਿਸੇ ਵੀ ਰੂਪ ਵਿਚ ਕੀਤੀ ਜਾ ਸਕਦੀ ਹੈ। ਸੇਵਾ ਦੇ ਫਲਸਰੂਪ, ਅਹਿੰਸਾ, ਦਿਆਲਤਾ, ਹਮਦਰਦੀ, ਖਿਮਾ ਆਦਿ ਗੁਣਾਂ ਦਾ ਆਪਣੇ ਆਪ ਵਿਕਾਸ ਹੋਣ ਲਗਦਾ ਹੈ।

ਸੇਵਾ-ਪੰਥ ਦਾ ਦੂਜਾ ਮਹੱਤਵਪੂਰਣ ਨਿਯਮ ਹੈ ਦਸਾਂ ਨਹੁੰਆਂ ਦੀ ਕਿਰਤ ਕਰਨਾ। ਇਸ ਪੰਥ ਦੇ ਵੱਡੇ ਤੋਂ ਵੱਡਾ ਸੰਤ ਵੀ ਮੁੰਜ ਵਟ ਕੇ, ਭਾਰ ਚੁੱਕ ਕੇ ਜਾਂ ਹੋਰ ਗੁਜ਼ਾਰੇ ਜਿੰਨੀ ਕਿਰਤ ਕਰਕੇ ਆਪਣਾ ਜੀਵਨ ਨਿਰਵਾਹ ਕਰਦਾ ਹੈ। ਭਿਖਿਆ-ਵ੍ਰਿੱਤੀ ਇਸ ਪੰਥ ਵਿਚ ਵਰਜਿਤ ਹੈ। ਸੇਵਾ-ਪੰਥੀ ਕੋਈ ਵੀ ਕਿੱਤਾ ਅਪਣਾ ਸਕਦਾ ਹੈ, ਪਰ ਉਸ ਨੂੰ ਪੂਰੀ ਈਮਾਨਦਾਰੀ ਨਾਲ ਨਿਭਾਉਣਾ ਪੈਂਦਾ ਹੈ। ਆਲਸ ਕਰਨਾ ਸੇਵਾ-ਪੰਥ ਵਿਚ ਬਹੁਤ ਮਾੜਾ ਸਮਝਿਆ ਜਾਂਦਾ ਹੈ। ਕਿਰਤ ਫਲ ਨੂੰ ਸੰਭਾਲਣ ਜਾਂ ਬਚਾ ਕੇ ਰੱਖਣ ਜਾਂ ਜਾਇਦਾਦ ਬਣਾਉਣ ਦੀ ਸੇਵਾ-ਪੰਥ ਵਿਚ ਮਨਾਹੀ ਹੈ, ਉਧਾਰ ਲੈਣਾ ਵੀ ਵਰਜਿਤ ਹੈ।

ਸੇਵਾ-ਪੰਥ ਦਾ ਤੀਜਾ ਮਹੱਤਵਪੂਰਨ ਨਿਯਮ ਗ੍ਰਿਹਸਥ ਦਾ ਤਿਆਗ ਹੈ ਕਿਉਂਕਿ ਸੇਵਾ-ਸਾਧਨਾ ਵਿਚ ਉਹੀ ਸਹੀ ਰੂਪ ਵਿਚ ਮਗਨ ਹੋ ਸਕਦਾ ਹੈ ਜਿਸ ਨੂੰ ਕਿਸੇ ਪ੍ਰਕਾਰ ਦੀ ਖਿਚ ਜਾਂ ਭਾਕ ਨਾ ਹੋਵੇ। ਗ੍ਰਿਹਸਥੀ ਵਿਅਕਤੀ ਸਦਾ ਆਪਣੇ ਪਰਿਵਾਰ ਦੀ ਵਿਵਸਥਾ ਸੰਬੰਧੀ ਚਿੰਤਾ-ਗ੍ਰਸਤ ਰਹਿੰਦਾ ਹੈ, ਇਸ ਲਈ ਲੋਕ-ਕਲਿਆਣ ਦੇ ਮਾਰਗ ਉਤੇ ਸੰਤੁਲਿਤ ਅਤੇ ਸਥਿਰ ਮਨ ਨਾਲ ਅਗੇ ਨਹੀਂ ਵੱਧ ਸਕਦਾ। ਆਪਣਾ ਸਭ ਕੁਝ ਲੋਕਾਂ ਵਿਚ ਉਹੀ ਲੁਟਾ ਸਕਦਾ ਹੈ ਜਿਸ ਦਾ ਆਪਣਾ ਕੋਈ ਨਾ ਹੋਵੇ। ਸੇਵਾ-ਪੰਥੀਆਂ ਦੀ ਰਹਿਣੀ-ਬਹਿਣੀ ਸਾਦਾ ਅਤੇ ਸੰਜਮ ਭਰੀ ਹੋਣ ਕਾਰਣ, ਇਨ੍ਹਾਂ ਵਿਚ ਤਾਮਸਿਕ ਰੁਚੀਆਂ ਦਾ ਘੱਟ ਹੀ ਵਿਕਾਸ ਹੁੰਦਾ ਹੈ। ਇਨ੍ਹਾਂ ਦੇ ਡੇਰਿਆਂ ਵਿਚ ਗੁਰਮੁਖੀ ਰਾਹੀਂ ਸਿਖਿਆ ਦਿੱਤੇ ਜਾਣ ਦੀ ਵਿਵਸਥਾ ਸ਼ੁਰੂ ਤੋਂ ਹੈ। ਇਨ੍ਹਾਂ ਦੇ ਡੇਰਿਆਂ ਵਿਚ ਧਰਮ ਨਾਲ ਸੰਬੰਧਿਤ ਕਈ ਪ੍ਰਕਾਰ ਦੀਆਂ ਸਾਹਿੱਤਿਕ ਰਚਨਾਵਾਂ ਵੀ ਤਿਆਰ ਹੋਈਆਂ ਸਨ ਕੁਝ ਮਹਾ ਪੁਰਸ਼ਾਂ ਦੇ ਜੀਵਨ ਬ੍ਰਿੱਤਾਂਤ ਵੀ ਲਿਖੇ ਗਏ ਸਨ।

ਕੁਲ ਮਿਲਾ ਕੇ ਇਹ ਸਵੱਛ ਭਾਵਨਾਵਾਂ ਵਾਲੇ ਸਾਤਵਿਕ ਸਾਧਕਾਂ ਦਾ ਸਮਾਜ ਹੈ।

ਸੈਣ, ਭਗਤ : ਮੱਧ-ਯੁਗ ਦਾ ਇਕ ਭਗਤ ਜੋ ਨਾਈ ਦਾ ਕੰਮ ਕਰਦਾ ਸੀ। ਇਸ ਦੇ ਜੀਵਨ ਸੰਬੰਧੀ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਬਿਦਰ ਦੇ ਰਾਜੇ ਦਾ ਨੌਕਰ ਸੀ ਅਤੇ ਗਿਆਨੇਸ਼ਵਰ ਦਾ ਚੇਲਾ ਸੀ। ਭਗਵਾਨ ਵਿਠਲ ਨਾਥ ਦੀ ਉਸਤਤ ਵਿਚ ਮਰਾਠੀ ਵਿਚ ਲਿਖੇ ਇਸ ਦੇ ਅਨੇਕ ਅਭੰਗ ਉਪਲਬਧ ਹਨ ਜਿਨ੍ਹਾਂ ਦੀ ਭਾਵਨਾ ਵਾਰਕਰੀ ਸੰਪ੍ਰਦਾਇ ਨਾਲ ਮੇਲ ਖਾਂਦੀ ਹੈ। ਰਵਾਇਤ ਅਨੁਸਾਰ ਇਕ ਦਿਨ ਭਗਤੀ ਵਿਚ ਮਗਨ ਹੋਣ ਕਾਰਣ ਇਹ ਰਾਜੇ ਦੀ ਸੇਵਾ ਵਿਚ ਵਕਤ ਸਿਰ ਨਾ ਪਹੁੰਚ ਸਕਿਆ, ਇਸ ਲਈ ਰਾਜੇ ਦੇ ਬੰਦੇ ਇਸ ਨੂੰ ਲੈਣ ਆ ਗਏ। ਇਹ ਅਚਾਨਕ ਮਹੱਲ ਵਿਚ ਪਹੁੰਚਿਆ ਅਤੇ ਰਾਜੇ ਦੇ ਹੱਥ ਵਿਚ ਦਰਪਣ ਦੇ ਕੇ ਹਜਾਮਤ ਕਰਨ ਲਗਾ। ਉਦੋਂ ਹੀ ਰਾਜੇ ਨੂੰ ਸ਼ੀਸ਼ੇ ਵਿਚ ਭਗਵਾਨ ਦੀ ਚਤੁਰਭੁਜੀ ਸ਼ਕਲ ਦਿਖਾਈ ਦਿੱਤੀ। ਫਿਰ ਮਾਲਿਸ਼ ਕਰਨ ਸਮੇਂ ਰਾਜੇ ਨੂੰ ਤੇਲ ਦੀ ਕਟੋਰੀ ਵਿਚ ਵੀ ਉਹੀ ਬਿੰਬ ਦਿਸਿਆ। ਰਾਜੇ ਨੂੰ ਗਿਆਨ ਹੋ ਗਿਆ ਕਿ ਸੈਣ ਮਹਾਨ ਆਤਮਾ ਹੈ। ਇਸ ਲਈ ਰਾਜੇ ਨੇ ਸੰਸਾਰਿਕ ਵੈਭਵ ਪ੍ਰਤਿ ਮੋਹ ਤਿਆਗ ਕੇ ਭਗਤੀ ਦਾ ਮਾਰਗ ਫੜ ਲਿਆ।

ਦੂਜੇ ਮਤ ਅਨੁਸਾਰ ਇਹ ਸੁਆਮੀ ਰਾਮਾਨੰਦ ਦਾ ਸ਼ਿਸ਼ ਸੀ ਅਤੇ ਬਾਂਧਵਗੜ੍ਹ ਦੇ ਰਾਜੇ ਰਾਜਾਰਾਮ ਦੀ ਸੇਵਾ ਵਿਚ ਨਿਯੁਕਤ ਸੀ। ਇਕ ਵਾਰ ਭਗਤੀ ਵਿਚ ਅਧਿਕ ਮਗਨ ਹੋਣ ਕਾਰਣ ਇਹ ਰਾਜੇ ਦੀ ਸੇਵਾ ਵਿਚ ਸਮੇਂ ਸਿਰ ਨਾ ਪਹੁੰਚ ਸਕਿਆ। ਭਗਵਾਨ ਨੇ ਸੈਣ ਦਾ ਰੂਪ ਧਾਰ ਕੇ ਰਾਜੇ ਦੀ ਹਜਾਮਤ ਕੀਤੀ। ਜਦੋਂ ਦੂਜੇ ਦਿਨ ਸੈਣ ਨੇ ਰਾਜੇ ਤੋਂ ਬੀਤੇ ਦਿਨ ਦੀ ਗ਼ੈਰਹਾਜ਼ਰੀ ਲਈ ਖਿਮਾ ਮੰਗੀ ਤਾਂ ਰਾਜਾ ਸਾਰਾ ਭੇਦ ਸਮਝ ਗਿਆ ਅਤੇ ਉਸ ਨੇ ਸੈਣ ਦੀ ਸੇਵਕੀ ਕਰਨੀ ਸ਼ੁਰੂ ਕਰ ਦਿੱਤੀ। ਇਸ ਮਤ ਨੂੰ ਮੰਨ ਲੈਣ ਨਾਲ ਮਰਾਠੀ ਅਭੰਗਾਂ ਦੇ ਕਰਤ੍ਰਿਤਵ ਦਾ ਸੰਬੰਧ ਸੈਣ ਨਾਲ ਨਹੀਂ ਜੋੜਿਆ ਜਾ ਸਕਦਾ। ਇਸ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਧਨਾਸਰੀ ਰਾਗ ਵਿਚ ਦਰਜ ਹੈ। ਇਸ ਦੇ ਸਮੇਂ ਅਤੇ ਜਨਮ-ਸਥਾਨ ਬਾਰੇ ਕੋਈ ਠੋਸ ਸਬੂਤ ਨਹੀਂ

ਮਿਲਦਾ । ਹਾਂ, ਭਗਤ ਰਵਿਦਾਸ ਦੀ ਬਾਣੀ ਵਿਚ ਇਸ ਦੇ ਨਾਂ ਦੇ ਉੱਲੇਖ ਹੋਣ ਕਾਰਣ ਇਸ ਨੂੰ ਰਵਿਦਾਸ ਦਾ ਪੂਰਵ-ਵਰਤੀ ਮੰਨਣਾ ਪਵੇਗਾ—'ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ । / ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ । (ਅ. ਗ੍ਰੰ. 1106)।

ਪੰਜਾਬ ਦੀ ਇਕ ਰਵਾਇਤ ਅਨੁਸਾਰ ਉੱਤਰੀ ਭਾਰਤ ਦੀ ਯਾਤ੍ਰਾ ਕਰਦਿਆਂ ਇਹ ਬਹੁਤ ਸਮਾ ਪ੍ਰਤਾਬਪੁਰ (ਫਿਲੌਰ ਨੇੜੇ) ਵਿਚ ਰਿਹਾ ਸੀ । ਉਥੇ ਹੁਣ 'ਦੇਹੁਰਾ ਬਾਬਾ ਸੈਣ ਭਗਤ' ਬਣਿਆ ਹੋਇਆ ਹੈ ਜਿਥੇ ਹਰ ਸਾਲ ਨਵੰਬਰ ਦੇ ਮਹੀਨੇ ਵਿਚ ਕਾਫ਼ੀ ਇਕੱਠ ਹੁੰਦਾ ਹੈ ।

ਸ਼ੈਤਾਨ : ਇਸਲਾਮਿਕ ਪਰੰਪਰਾ ਅਨੁਸਾਰ ਇਹ ਇਕ ਬਦਨਾਮ ਫ਼ਰਿਸ਼ਤਾ ਹੈ ਜੋ ਮਨੁੱਖ ਨੂੰ ਰੱਬ ਵਲ ਜਾਣੋਂ ਰੋਕਦਾ ਹੈ ਅਤੇ ਬਦੀ ਵਲ ਪ੍ਰੇਰਦਾ ਹੈ । 'ਕੁਰਾਨ' ਅਨੁਸਾਰ ਫ਼ਰਿਸ਼ਤੇ ਨੂਰ ਤੋਂ ਪੈਦਾ ਹੋਣ ਕਾਰਣ 'ਨੂਰੀ' ਹਨ, ਸ਼ੈਤਾਨ ਨਾਰ (ਅੱਗ) ਤੋਂ ਪੈਦਾ ਹੋਣ ਕਾਰਣ 'ਨਾਰੀ' ਹੈ ਅਤੇ ਮਨੁੱਖ ਖ਼ਾਕ (ਮਿੱਟੀ) ਤੋਂ ਉਤਪੰਨ ਹੋਣ ਕਰਕੇ 'ਖ਼ਾਕੀ' ਹੈ । ਇਸ ਦੇ ਹੋਰ ਨਾਮਾਂਤਰ ਹਨ—ਅਜ਼ਾਜ਼ੀਲ ਅਤੇ ਇਬਲੀਸ ।

ਇਹ ਪਹਿਲਾਂ ਚੰਗਾ ਫ਼ਰਿਸ਼ਤਾ ਸਮਝਿਆ ਜਾਂਦਾ ਸੀ, ਪਰ ਜਦੋਂ ਰੱਬ ਨੇ ਆਦਮ (ਵੇਖੋ) ਦੀ ਸਿਰਜਨਾ ਕੀਤੀ ਤਾਂ ਉਸ ਅਗੇ ਸਾਰੇ ਫ਼ਰਿਸ਼ਤਿਆਂ ਨੂੰ ਸਿਜਦਾ ਕਰਨ ਦਾ ਆਦੇਸ਼ ਦਿੱਤਾ । ਇਬਲੀਸ ਤੋਂ ਬਿਨਾ ਬਾਕੀ ਸਭ ਨੇ ਰੱਬ ਦੇ ਆਦੇਸ਼ ਦੀ ਪਾਲਣਾ ਕੀਤੀ । ਰੱਬ ਵਲੋਂ ਇਸ ਗੁਸਤਾਖ਼ੀ ਦਾ ਕਾਰਣ ਪੁਛੇ ਜਾਣ 'ਤੇ ਇਬਲੀਸ ਨੇ ਦਸਿਆ ਕਿ ਅੱਗ ਤੋਂ ਪੈਦਾ ਹੋਣ ਕਾਰਣ ਉਹ ਖ਼ਾਕ ਤੋਂ ਪੈਦਾ ਹੋਣ ਵਾਲੇ ਆਦਮ ਤੋਂ ਸ੍ਰੇਸ਼ਠ ਹੈ, ਇਸ ਲਈ ਸਿਜਦਾ ਨਹੀਂ ਕੀਤਾ । ਰੱਬ ਨੇ ਇਬਲੀਸ ਨੂੰ ਧਿੱਕਾਰ ਪਾਈ ਅਤੇ ਬਹਿਸ਼ਤ ਵਿਚੋਂ ਬਾਹਰ ਕੱਢ ਦਿੱਤਾ । ਇਬਲੀਸ ਨੇ ਗੁੱਸੇ ਵਿਚ ਆ ਕੇ ਕਿਹਾ ਕਿ 'ਰਬਾ, ਤੂੰ ਮੇਰੇ ਨਾਲ ਅਜਿਹਾ ਭੈੜਾ ਸਲੂਕ ਕੀਤਾ ਹੈ, ਮੈਂ ਵੀ ਆਦਮ ਨੂੰ ਗੁਮਰਾਹ ਕਰਕੇ ਤੇਰੇ ਵਲ ਨਹੀਂ ਆਉਣ ਦਿਆਂਗਾ ਅਤੇ ਇਹ ਤੇਰਾ ਕਦੇ ਵੀ ਸ਼ੁਕਰਗੁਜ਼ਾਰ ਨਹੀਂ ਹੋਵੇਗਾ ।'

ਸ਼ੈਤਾਨ ਨੇ ਆਪਣੇ ਮਨ ਵਿਚ ਸ਼ੁਰੂ ਤੋਂ ਹੀ ਆਦਮ ਪ੍ਰਤਿ ਨਫ਼ਰਤ ਦੀ ਭਾਵਨਾ ਭਰ ਲਈ । ਉਸ ਨੇ ਸੱਪ ਅਤੇ ਮੋਰ ਦੀ ਸਹਾਇਤਾ ਨਾਲ ਬਹਿਸ਼ਤ ਵਿਚ ਪ੍ਰਵੇਸ਼ ਕਰਕੇ ਆਦਮ ਅਤੇ ਹਵਾ ਨੂੰ ਵਰਜਿਤ ਫਲ ਖਾਣ ਲਈ ਪ੍ਰੇਰਿਆ । ਉਨ੍ਹਾਂ ਦੁਆਰਾ ਵਰਜਿਤ ਫਲ ਖਾ ਲਏ ਜਾਣ 'ਤੇ ਰੱਬ ਨੇ ਬਹਿਸ਼ਤੋਂ ਬਾਹਰ ਸੁਟ ਦਿੱਤਾ । ਪਰ ਇਸ ਨਾਲ ਸ਼ੈਤਾਨ ਸੰਤੁਸ਼ਟ ਨਾ ਹੋਇਆ ਅਤੇ ਆਦਮ ਦੀ ਸੰਤਾਨ ਨੂੰ ਸਦਾ ਕੁਮਾਰਗ ਉਤੇ ਪਾਉਣਾ ਉਸ ਨੇ ਆਪਣਾ ਕਰਤੱਵ ਬਣਾ ਲਿਆ । ਸ਼ੈਤਾਨ ਦੇ ਵਾਰ ਜਾਂ ਪ੍ਰਭਾਵ ਤੋਂ ਕੋਈ ਵੀ ਬਚਿਆ ਨਹੀਂ ਰਹਿ ਸਕਦਾ । ਉਸ ਦੇ ਵਾਰ ਤੋਂ ਬਚਣ ਲਈ, ਇਸਲਾਮ ਦੇ ਧਰਮ-ਸਾਧਕਾਂ ਅਨੁਸਾਰ, ਰੱਬ ਨੇ ਮਨੁੱਖ ਨੂੰ ਇਕ ਮੰਤ੍ਰ (ਲਾਹੌਲ ਵਲਾ ਕੁਵੱਤ ਇੱਲਾ ਬਿੱਲਾ) ਬਖ਼ਸ਼ਿਆ ਜਿਸ ਦੇ ਪੜ੍ਹਨ ਨਾਲ ਮਨੁੱਖ ਸ਼ੈਤਾਨ ਦੇ ਪ੍ਰਭਾਵ ਤੋਂ ਬਚ ਸਕਦਾ ਹੈ । ਆਪਣੇ ਭੈੜੇ ਕਿਰਦਾਰ ਕਰਕੇ ਇਸ ਨੂੰ ਬੜੀ ਨੀਚ ਬਿਰਤੀ ਵਾਲਾ ਸਮਝਿਆ

ਜਾਂਦਾ ਹੈ।

ਪੰਜਾਬੀ ਕਾਵਿ ਵਿਚ ਸ਼ੈਤਾਨ ਅਤੇ ਇਬਲੀਸ ਦਾ ਉੱਲੇਖ ਹੋਇਆ ਹੈ, ਜਿਵੇਂ ਸ਼ੇਖ਼ ਫ਼ਰੀਦ ਜੀ ਨੇ ਕਿਹਾ ਹੈ ਕਿ ਸ਼ੈਤਾਨ ਦੇ ਵਿਗਾੜੇ ਹੋਏ ਮਨੁੱਖਾਂ ਲਈ ਆਪਣਾ ਮਨ ਬਦਲਣਾ ਸਰਲ ਨਹੀਂ ਹੈ—'ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।' ਮੀਆਂ ਮੁਹੰਮਦ ਬਖ਼ਸ਼ ਨੇ 'ਸੈਫ਼ੁਲ ਮਲੂਕ' ਵਿਚ ਪਵਿੱਤਰ ਨੀਅਤ ਵਾਲਿਆਂ ਨੂੰ ਇਬਲੀਸ ਦੇ ਪ੍ਰਭਾਵ ਤੋਂ ਮੁਕਤ ਮੰਨਿਆ ਹੈ—'ਬਾਤਿਨ ਪਾਕ ਹੋਵੇ ਜਿਸ ਨੀਯਤ ਅੰਦਰ ਵਿਚ ਸਫ਼ਾਈ।/ ਵੈਰੀ ਦੇਵ ਇਬਲੀਸ ਲਈ ਪੇਸ਼ ਨਾ ਜਾਂਦੀ ਕਾਈ।' ਵਾਰਿਸ ਸ਼ਾਹ ਨੇ 'ਹੀਰ' ਵਿਚ ਅਜ਼ਾਜ਼ੀਲ ਦਾ ਹਵਾਲਾ ਵੀ ਦਿੱਤਾ ਹੈ— 'ਅਜ਼ਾਜ਼ੀਲ ਬੇ ਉਮਰ ਅੱਯਾਰ ਆਇਆ, ਹੀਰ ਚਲ ਕੇ ਸੱਸ ਤੇ ਆਉਂਦੀ ਹੈ।'

ਗੁਰੂ ਨਾਨਕ ਦੇਵ ਨੇ ਬਾਬਰ ਦੇ ਹਮਲੇ ਤੋਂ ਪੈਦਾ ਹੋਈ ਸਥਿਤੀ ਦਾ ਚਿੱਤ੍ਰਣ ਕਰਦਿਆਂ ਇਸਤਰੀਆਂ ਨਾਲ ਹੋ ਰਹੇ ਬਲਾਤਕਾਰ ਨੂੰ ਸ਼ੈਤਾਨ ਦੀ ਕਾਰਵਾਈ ਦਸਿਆ ਹੈ—'ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।' ਪੰਜਾਬੀ ਲੋਕ-ਜੀਵਨ ਵਿਚ ਇਸ ਨਾਲ ਸੰਬੰਧਿਤ ਅਨੇਕ ਮੁਹਾਵਰੇ ਅਤੇ ਅਖਾਣ ਵੀ ਪ੍ਰਚਲਿਤ ਹਨ। ਭਾਰਤੀ ਧਰਮਾਂ ਵਿਚ ਸ਼ੈਤਾਨ ਨਾਲ ਕੁਝ ਕੁਝ ਮੇਲ ਖਾਂਦੀ ਭਾਵਨਾ 'ਮਾਇਆ' ਦੇ ਸਰੂਪ ਰਾਹੀਂ ਪ੍ਰਗਟ ਕੀਤੀ ਗਈ ਹੈ।

ਸੈਫੁਲ-ਮਲੂਕ : ਵੇਖੋ 'ਬਦੀਅਲ-ਜਮਾਲ'।

ਸੋਹਣੀ-ਮਹੀਂਵਾਲ : ਪੰਜਾਬ ਦੀ ਇਕ ਪ੍ਰੀਤ-ਜੋੜੀ ਜਿਸ ਦੇ ਰੋਮਾਂਸ ਬਾਰੇ ਕਈ ਕਿੱਸੇ ਲਿਖੇ ਗਏ ਹਨ। ਇਨ੍ਹਾਂ ਦੇ ਪ੍ਰੇਮ ਦੀ ਘਟਨਾ ਕਦ ਵਾਪਰੀ, ਇਸ ਬਾਰੇ ਇਤਿਹਾਸ ਤੋਂ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਗਣੇਸ਼ ਦਾਸ ਵਡੇਹਰਾ ਨੇ ਆਪਣੀ ਪੁਸਤਕ 'ਚਾਰ ਬਾਗ਼-ਏ-ਪੰਜਾਬ' ਵਿਚ ਲਿਖਿਆ ਹੈ ਕਿ ਇਹ ਘਟਨਾ ਗੁਜਰਾਤ ਵਿਖੇ ਸੰਨ 1732 ਈ. (1145 ਹਿ.) ਵਿਚ ਵਾਪਰੀ; ਉਦੋਂ ਦੇਸ਼ ਉੱਤੇ ਮੁਹੰਮਦ ਸ਼ਾਹ ਦੀ ਹਕੂਮਤ ਸੀ। ਪਰ ਇਹ ਤੱਥ ਨਿਰਾਧਾਰ ਹੈ ਕਿਉਂਕਿ ਸ਼ਾਹ ਹੁਸੈਨ (1600 ਈ. ਤੋਂ ਪਹਿਲਾਂ) ਨੇ ਆਪਣੀ ਇਕ ਕਾਫ਼ੀ ਵਿਚ 'ਮਹੀਂਵਾਲ' ਵਲ ਸੰਕੇਤ ਕੀਤਾ ਹੈ—'ਜੰਗਲ ਜੰਗਲ ਫਿਰਾਂ ਢੂੰਡੇਂਦੀ/ਕਦੀ ਨਾ ਆਇਆ ਮਹੀਂਵਾਲ/ਨੀ ਮੈਂ ਕੇਨੂੰ ਆਖਾਂ'। ਇਸ ਤੋਂ ਬਾਦ ਭਾਈ ਗੁਰਦਾਸ (1551-1637 ਈ.) ਨੇ ਇਸ ਰੋਮਾਂਸ ਦਾ ਹਵਾਲਾ ਦਿੱਤਾ ਹੈ—'ਮੇਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ' (27/1)। ਸਪੱਸ਼ਟ ਹੈ ਕਿ ਇਹ ਰੋਮਾਂਸ ਸੋਲ੍ਹਵੀਂ ਸਦੀ ਵਿਚ ਵਾਪਰਿਆ ਪ੍ਰਤੀਤ ਹੁੰਦਾ ਹੈ।

ਪੰਜਾਬੀ ਵਿਚ ਸਭ ਤੋਂ ਪਹਿਲਾਂ ਇਹ ਕਿੱਸਾ ਕਵੀ ਹਾਸ਼ਮ ਨੇ ਲਿਖਿਆ ਜਿਸ ਦਾ ਸਾਰਾਂਸ਼ ਇਸ ਪ੍ਰਕਾਰ ਹੈ—ਸ਼ਾਹਜਹਾਂ ਬਾਦਸ਼ਾਹ ਦੇ ਵੇਲੇ ਪੰਜਾਬ ਦੇ ਗੁਜਰਾਤ ਨਗਰ ਵਿਚ ਤੁੱਲਾ ਨਾਂ ਦਾ ਇਕ ਪ੍ਰਬੀਨ ਘੁਮਾਰ ਰਹਿੰਦਾ ਸੀ ਜਿਸ ਦੇ ਬਰਤਨ ਦੂਰ-ਦੂਰ ਤਕ ਪ੍ਰਸਿੱਧ ਸਨ। ਤੁੱਲੇ ਨੂੰ ਸਿਕਦਿਆਂ ਸਿਕਦਿਆਂ ਬੁੱਢੀ ਉਮਰੇ ਸੰਤਾਨ ਵਜੋਂ ਇਕ ਲੜਕੀ ਪ੍ਰਾਪਤ ਹੋਈ ਜਿਸ ਦਾ ਨਾਂ ਉਸ ਨੇ 'ਸੋਹਣੀ' ਰਖਿਆ। ਉਹ ਨਾਂ ਦੀ ਹੀ ਸੋਹਣੀ ਨਹੀਂ ਸੀ, ਸਗੋਂ ਰੱਬ ਨੇ ਉਸ ਨੂੰ ਅਨੁਪਮ ਸੁੰਦਰਤਾ ਬਖ਼ਸ਼ੀ ਸੀ ਅਤੇ ਉਸ

ਦੇ ਹੁਸਨ ਦੀਆ ਚੌਗਿਰਦੇ ਧੁੰਮਾਂ ਪੈ ਗਈਆਂ ਸਨ।

ਉਧਰ ਬਲਖ਼-ਬੁਖ਼ਾਰੇ ਦਾ ਇਕ ਸੌਦਾਗਰ, ਮਿਰਜ਼ਾ ਇੱਜ਼ਤ ਬੇਗ਼, ਦਿੱਲੀ ਜਾਂਦਿਆਂ ਰਸਤੇ ਵਿਚ ਗੁਜਰਾਤ ਰੁਕਿਆ। ਉਸ ਨੇ ਤੁੱਲੇ ਦੇ ਬਣੇ ਹੋਏ ਪਿਆਲੇ ਨੂੰ ਦੇਖ ਕੇ ਉਸ ਦੀ ਕਾਰੀਗਰੀ ਦੀ ਪ੍ਰਸ਼ੰਸਾ ਕਰਨ ਲਈ ਉਸ ਦੇ ਘਰ ਗਿਆ। ਉਥੇ ਸੋਹਣੀ ਨੂੰ ਵੇਖ ਕੇ ਉਹ ਸੁੱਧ-ਬੁੱਧ ਭੁਲ ਗਿਆ, ਖਾਣਾ ਪੀਣਾ ਛਡ ਦਿੱਤਾ। ਮਨ ਦੇ ਚੈਨ ਲਈ ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਪ੍ਰੇਮਿਕਾ ਦੇ ਦੀਦਾਰ ਕਰਨ ਦੇ ਬਹਾਨੇ ਉਹ ਨਿੱਤ ਤੁੱਲੇ ਕੋਲੋਂ ਬਰਤਨ ਖ਼ਰੀਦਦਾ ਅਤੇ ਸੱਸਤੇ ਭਾਅ ਵੇਚ ਛਡਦਾ। ਇਹ ਠਰਕ ਪਾਗਲਪਨ ਦੀ ਹੱਦ ਤਕ ਪਹੁੰਚ ਗਈ। ਨਾਲ ਆਏ ਸਾਥੀ ਨਿਰਾਸ਼ ਹੋ ਕੇ ਸਾਥ ਛੱਡ ਗਏ। ਪੈਸੇ ਮੁਕ ਜਾਣ ਨਾਲ ਬਰਤਨ ਖ਼ਰੀਦਣ ਦੀ ਸਮਰਥਾ ਵੀ ਖ਼ਤਮ ਹੋ ਗਈ। ਦਿਨ ਕਟਣ ਲਈ ਉਸ ਨੇ ਮੱਝਾਂ ਚਾਰਨੀਆਂ ਸ਼ੁਰੂ ਕੀਤੀਆਂ ਅਤੇ ਇੱਜ਼ਤ ਬੇਗ਼ ਤੋਂ ਮਹੀਂਵਾਲ ਬਣਿਆ, ਬਸ ਇਕੋ ਇੱਛਾ ਨਾਲ ਕਿ ਜਿਵੇਂ ਕਿਵੇਂ ਯਾਰ ਦੀ ਸੂਰਤ ਦਿਸਦੀ ਰਹੇ।

ਹੌਲੀ-ਹੌਲੀ ਸੋਹਣੀ ਨੂੰ ਉਸ ਦੇ ਪ੍ਰੇਮ ਦਾ ਅਹਿਸਾਸ ਹੋ ਗਿਆ ਅਤੇ ਉਹ ਚੋਰੀ ਛਿਪੇ ਮਿਲਣ ਲਗ ਪਏ। ਪਰ ਇਹ ਗੱਲ ਨਸ਼ਰ ਹੋ ਗਈ। ਆਖਿਰ ਮਹੀਂਵਾਲ ਨੇ ਦਰਿਆ ਤੋਂ ਪਾਰ ਝੁਗੀ ਬਣਾ ਕੇ ਰਹਿਣਾ ਸ਼ੁਰੂ ਕੀਤਾ। ਉਧਰ ਅੱਤੇ ਨੇ ਬਦਨਾਮੀ ਤੋਂ ਡਰਦਿਆਂ ਸੋਹਣੀ ਦਾ ਵਿਆਹ ਗੁਜਰਾਤ ਨਿਵਾਸੀ ਕਿਸੇ ਵਿਅਕਤੀ ਨਾਲ ਕਰ ਦਿੱਤਾ। ਮਹੀਂਵਾਲ ਉਸ ਨੂੰ ਨਿੱਤ ਮਿਲਣ ਆਉਂਦਾ ਅਤੇ ਮੱਛੀ ਦਾ ਮਾਸ ਭੁੰਨ ਕੇ ਖਵਾਉਂਦਾ। ਪਰ ਇਕ ਦਿਨ ਦਰਿਆ ਵਿਚ ਹੜ੍ਹ ਆਉਣ ਕਾਰਣ ਮੱਛੀ ਨਾ ਮਿਲੀ। ਯਾਰ ਨੂੰ ਭੇਟ ਕਰਨ ਲਈ ਉਸ ਨੇ ਆਪਣੇ ਪੱਟ ਦੇ ਮਾਸ ਨੂੰ ਭੁੰਨ ਕੇ ਕਬਾਬ ਤਿਆਰ ਕੀਤਾ। ਸੋਹਣੀ ਕਬਾਬ ਦੇ ਸੁਆਦ ਤੋਂ ਸ਼ੰਕਿਤ ਹੋਈ। ਅਸਲੀਅਤ ਪਤਾ ਲੱਗਣ ਤੇ ਉਸ ਨੇ ਮਹੀਵਾਲ ਨੂੰ ਇਸ਼ਕ ਵਿਚ ਪੁਗਿਆ ਦਸਿਆ ਅਤੇ ਅਗੋਂ ਤੋਂ ਆਪ ਘੜੇ ਰਾਹੀਂ ਦਰਿਆ ਪਾਰ ਕਰਕੇ ਉਸ ਨੂੰ ਮਿਲਣ ਲਈ ਰਾਤ ਨੂੰ ਜਾਣ ਲਗੀ।

ਇਕ ਦ੍ਵੇਸ਼ੀ ਸੰਬੰਧੀ ਨੇ ਪੱਕੇ ਘੜੇ ਦੀ ਥਾਂ ਕੱਚਾ ਘੜਾ ਰਖ ਦਿੱਤਾ। ਸੋਹਣੀ ਨਿੱਤ ਵਾਂਗ ਦਰਿਆ ਵਿਚ ਠਿਲ ਪਈ, ਪਰ ਜਲਦੀ ਹੀ ਘੜੇ ਦੇ ਕੱਚਾ ਹੋਣ ਦਾ ਅਹਿਸਾਸ ਹੋਇਆ। ਡੁਬਦੀ ਦੀਆਂ ਚੀਖ਼ਾਂ ਮਹੀਂਵਾਲ ਨੇ ਸੁਣੀਆਂ। ਉਸ ਨੇ ਵੀ ਦਰਿਆ ਵਿਚ ਛਾਲ ਮਾਰ ਦਿੱਤੀ। ਦੋਵੇਂ ਇਕਮਿਕ ਹੋ ਕੇ ਸੰਸਾਰ ਵਿਚ ਆਪਣੀ ਯਾਦ ਛਡ ਗਏ।

ਹਾਸ਼ਮ ਤੋਂ ਬਾਦ ਹੋਏ ਕਈ ਕਵੀਆਂ ਨੇ ਇਸ ਰੁਮਾਂਸ ਵਿਚ ਆਪਣੀ ਕਲਪਨਾ-ਸ਼ਕਤੀ ਅਨੁਸਾਰ ਕਈ ਵਾਧੇ ਘਾਟੇ ਕੀਤੇ ਹਨ, ਪਰ ਮੂਲ ਆਖਿਆਨ ਹਾਸ਼ਮ ਦੇ ਨੇੜੇ-ਤੇੜੇ ਹੀ ਰਖਿਆ ਹੈ। ਵਣਜਾਰਾ ਬੇਦੀ ਨੇ ਇਸ ਰੁਮਾਂਸ ਨੂੰ ਯੂਨਾਨ ਦੇ ਹੀਰੋ-ਲੇਂਡਰ ਰੁਮਾਂਸ ਦੇ ਕਥਾਨਕ ਦਾ ਪੰਜਾਬੀਕਰਣ ਮੰਨਿਆ ਹੈ। ਇਸ ਵਿਚਲੀਆਂ ਕਈ ਕਥਾਨਕ ਰੂੜ੍ਹੀਆਂ ਪੰਜਾਬ ਦੀਆਂ ਹੋਰ ਪ੍ਰੀਤ-ਕਥਾਵਾਂ ਨਾਲ ਕਾਫ਼ੀ ਨੇੜ ਰਖਦੀਆਂ ਹਨ। ਮੁਕਬਲ ਨੇ ਆਪਣੀ ਰਚਨਾ 'ਹੀਰ' ਵਿਚ ਇਸ ਰੁਮਾਂਸ ਵਲ ਸੰਕੇਤ ਕੀਤਾ ਹੈ—'ਕੋਈ ਸੋਹਣੀ ਤੇ ਮਹੀਂਵਾਲ ਵਾਲਾ ਨਾਲ ਸ਼ੌਕ ਦੇ ਰਾਗ ਸੁਣਾਓ ਖਾਂ ਜੀ।'

ਸੋਹਿਲਾ : ਵੇਖੋ 'ਕੀਰਤਨ ਸੋਹਿਲਾ'।

ਸੋਣਿਤਬੀਜ : ਵੇਖੋ 'ਸ੍ਰਣਵਤਬੀਜ'।

ਸੋਦਰ : ਵੇਖੋ 'ਰਹਿਰਾਸ'।

ਸੋਮ : ਵੇਖੋ 'ਚੰਦ੍ਰਮਾ'।

ਸੋਮਨਾਥ, ਮੰਦਿਰ : ਭਾਰਤ ਦਾ ਇਕ ਪ੍ਰਸਿੱਧ ਮੰਦਿਰ ਜਿਸ ਵਿਚ ਸ਼ਿਵ ਦੇ 12 ਜੋਤਿਰਲਿੰਗਾਂ ਵਿਚੋਂ ਇਕ ਦੀ ਸਥਾਪਨਾ ਹੋਈ ਹੋਈ ਹੈ। ਇਹ ਮੰਦਿਰ ਗੁਜਰਾਤ ਪ੍ਰਾਂਤ ਦੀ ਪੁਰਾਣੀ ਰਿਆਸਤ ਜੂਨਾਗੜ ਦੇ ਇਕ ਨਗਰ, ਜਿਸ ਦਾ ਨਾਂ ਵੀ ਸੋਮਨਾਥ ਹੈ, ਵਿਚ ਸਥਿਤ ਹੈ। ਇਹ ਮੰਦਿਰ ਭਾਰਤੀ ਕਲਾ, ਵਿਦਿਆ ਅਤੇ ਸੰਪੱਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਇਸ ਮੰਦਿਰ ਦੀ ਸਥਾਪਨਾ ਕਦ ਹੋਈ, ਇਸ ਬਾਰੇ ਕੋਈ ਪ੍ਰਮਾਣਿਕ ਤੱਥ ਉਪਲਬਧ ਨਹੀਂ ਹੈ। ਅਨੁਮਾਨ ਹੈ ਕਿ ਇਹ ਮੰਦਿਰ ਈਸਵੀ ਸੰਨ ਦੀ ਪਹਿਲੀ ਸਦੀ ਵਿਚ ਬਣਵਾਇਆ ਗਿਆ। ਬਾਦ ਵਿਚ ਇਹ ਇਕ ਮਹੱਤਵਪੂਰਣ ਵਿਦਿਆ-ਕੇਂਦਰ ਦੇ ਰੂਪ ਵਿਚ ਪ੍ਰਸਿੱਧ ਹੋਇਆ। ਇਸ ਨੂੰ ਦੂਜੀ ਵਾਰ ਵਲਭੀ-ਕਾਲ (480-767 ਈ.) ਵਿਚ ਉਸਾਰਿਆ ਗਿਆ। ਇਸ ਤੋਂ ਬਾਦ ਨੌਵੀਂ ਸਦੀ ਵਿਚ ਇਸ ਦਾ ਪੁਨਰ-ਨਿਰਮਾਣ ਕੀਤਾ ਗਿਆ ਅਤੇ ਦਸਵੀਂ ਸਦੀ ਵਿਚ ਇਸ ਦੇ ਇਰਦ-ਗਿਰਦ ਕਿੱਲੇ ਵਰਗੀ ਪ੍ਰਾਚੀਰ ਉਸਾਰੀ ਗਈ। ਉਦੋਂ ਇਸ ਮੰਦਿਰ ਵਿਚ ਰਤਨਾਂ ਨਾਲ ਜੜੇ 56 ਥਮਲੇ ਸਨ ਅਤੇ ਛੱਤ ਨਾਲ ਲਟਕਦੇ ਘੰਟੇ ਨਾਲ ਬੰਨ੍ਹੀ ਜੰਜੀਰ 200 ਮਣ ਸੋਨੇ ਦੀ ਬਣੀ ਹੋਈ ਸੀ। ਇਸ ਵਿਚ ਰਤਨਾਂ ਅਤੇ ਹੀਰਿਆਂ ਨਾਲ ਜੜ੍ਹੀ ਪੰਜ ਗਜ਼ ਉੱਚੀ ਸ਼ਿਵ-ਲਿੰਗ ਦੀ ਮੂਰਤੀ ਸੀ ਅਤੇ ਉਸ ਦੀ ਪੂਜਾ ਲਈ ਇਕ ਹਜ਼ਾਰ ਪੁਜਾਰੀ ਸੇਵਾ ਕਰਦੇ ਸਨ ਅਤੇ 500 ਨਰਤਕੀਆਂ ਦੁਆਰਾਂ ਉਤੇ ਨਚਦੀਆਂ ਸਨ। ਇਸ ਨਾਲ ਦਸ ਹਜ਼ਾਰ ਪਿੰਡਾਂ ਦੀ ਜਾਗੀਰ ਲਗੀ ਹੋਈ ਸੀ।

ਇਸ ਮੰਦਿਰ ਉਤੇ ਮਹਿਮੂਦ ਗ਼ਜ਼ਨਵੀ ਨੇ ਸੰਨ 1024 ਈ. ਵਿਚ ਹਮਲਾ ਕਰਕੇ ਬਹੁਤ ਬਰਬਾਦੀ ਕੀਤੀ। ਸ਼ਿਵਲਿੰਗ ਦੇ ਚਾਰ ਟੁਕੜੇ ਕਰਕੇ ਇਕ ਮੱਕੇ ਅਤੇ ਇਕ ਮਦੀਨੇ ਵਿਚ ਭੇਜੇ ਤਾਂ ਜੋ ਉਥੋਂ ਦੀਆਂ ਮਸਜਿਦਾਂ ਦੀਆਂ ਪੌੜੀਆਂ ਵਿਚ ਜੜੇ ਜਾਣ। ਦੋ ਟੁਕੜੇ ਗ਼ਜ਼ਨੀ ਭੇਜੇ ਜਿਨ੍ਹਾਂ ਵਿਚੋਂ ਇਕ ਮਸਜਿਦ ਦੀਆਂ ਪੌੜੀਆਂ ਵਿਚ ਅਤੇ ਇਕ ਕਚਹਿਰੀ ਦੀਆਂ ਪੌੜੀਆਂ ਵਿਚ ਜੜਿਆ ਗਿਆ। ਤਦਉਪਰੰਤ ਕਈ ਵਾਰ ਇਹ ਮੰਦਿਰ ਉਸਾਰਿਆ ਗਿਆ ਅਤੇ ਕਈ ਵਾਰ ਇਸ ਨੂੰ ਡਿਗਵਾ ਕੇ ਮਸਜਿਦ ਬਣਵਾਈ ਗਈ। ਪੰਜਵੀਂ ਵਾਰ ਇਸ ਦੀ ਉਸਾਰੀ 1783 ਈ. ਵਿਚ ਇੰਦੌਰ ਦੀ ਰਾਣੀ ਅਹਿਲਿਆ ਬਾਈ ਨੇ ਕਰਵਾਈ ਅਤੇ ਛੇਵੀਂ ਵਾਰ ਇਸ ਨੂੰ ਦੇਸ਼ ਦੀ ਆਜ਼ਾਦੀ ਤੋਂ ਬਾਦ ਸਰਦਾਰ ਪਟੇਲ ਦੇ ਉੱਦਮ ਨਾਲ ਬਣਵਾਇਆ ਗਿਆ। ਸ਼ਿਵ ਕੁਮਾਰ ਬਟਾਲਵੀ ਨੇ ਸੋਮਨਾਥ ਮੰਦਿਰ ਦਾ ਹਵਾਲਾ ਇਸ ਤਰ੍ਹਾਂ ਦਿੱਤਾ ਹੈ—'ਅਜੇ ਅੰਜੀਲ ਵੇਦ ਤੇ—/ਕੁਰਾਨ ਦੀ ਪਛਾਣ ਨਹੀਂ।/ਗੌਰੀਆਂ ਨੂੰ ਸੋਮ ਦੀ, ਅਜੇ ਕੋਈ ਪਛਾਣ ਨਹੀਂ।'

ਸੋਮ-ਰਸ : ਇਕ ਨਸ਼ੀਲਾ ਪਦਾਰਥ ਜੋ 'ਸੋਮ' (ਨਾਮਾਂਤਰ 'ਅੰਧਸ੍') ਵੇਲ ਨੂੰ ਸੋਹਲੇ

ਜਾਂ ਪੱਥਰ ਨਾਲ ਕੁੱਟਣ ਉਪਰੰਤ ਨਿਚੋੜ ਕੇ, ਫਿਰ ਉਬਾਲ ਕੇ ਅਤੇ ਊਨੀ ਕਪੜੇ ਵਿਚੋਂ ਪੁਣ ਕੇ ਦੇਵਤਿਆਂ ਨੂੰ ਭੇਂਟ ਕੀਤਾ ਜਾਂਦਾ ਹੈ। ਪੀਲੇ ਰੰਗ ਦੇ ਇਸ ਰਸ ਵਿਚੋਂ ਭਿਨੀ-ਭਿਨੀ ਵਾਸਨਾ ਆਉਂਦੀ ਹੈ ਅਤੇ ਦੇਵਤੇ ਤੇ ਪੁਰੋਹਿਤ ਸਭ ਇਸ ਨੂੰ ਪਸੰਦ ਕਰਦੇ ਹਨ। ਇਸ ਨੂੰ ਤਿਆਰ ਕਰਨ ਦੀ ਵਿਧੀ ਅਤੇ ਬਣਾਉਣ ਦੇ ਸਾਮਾਨ ਨੂੰ ਵੀ ਪਵਿੱਤਰ ਸਮਝਿਆ ਜਾਂਦਾ ਹੈ।

ਰਿਗਵੇਦ (ਨੌਂਵਾਂ ਮੰਡਲ) ਦੇ 120 ਸੂਕਤਾਂ ਵਿਚ ਇਸ ਦਾ ਗੁਣਗਾਨ ਕੀਤਾ ਗਿਆ ਹੈ। ਉਥੋਂ ਇਸ ਦੇ ਦੋ ਅਰਥ ਸਾਹਮਣੇ ਆਉਂਦੇ ਹਨ। ਇਕ, ਸੋਮ ਵੇਲ ਤੋਂ ਨਿਕਲਿਆ ਰਸ। ਇਹ ਚੂੰਕਿ ਪੀਤਾ ਜਾਂਦਾ ਹੈ, ਇਸ ਲਈ ਇਸ ਨੂੰ 'ਪਿਤੁ' ਵੀ ਕਿਹਾ ਜਾਂਦਾ ਹੈ। ਦੂਜਾ, ਚੰਦ੍ਰਮਾ ਜੋ ਇਸ ਰਸ ਦਾ ਦੈਵੀਕਰਣ ਹੈ।

ਰਸ ਵਜੋਂ ਇਸ ਬਾਰੇ 'ਰਿਗਵੇਦ' ਵਿਚ ਲਿਖਿਆ ਹੈ ਕਿ ਇਹ ਦੇਵਤਿਆਂ ਅਤੇ ਮਨੁੱਖਾਂ ਨੂੰ ਸ਼ਕਤੀ ਅਤੇ ਪ੍ਰੇਰਣਾ ਦਿੰਦਾ ਹੈ। ਦੇਵਤੇ ਇਸ ਨੂੰ ਪੀ ਕੇ ਪ੍ਰਸੰਨ ਹੁੰਦੇ ਹਨ। ਇੰਦਰ ਇਸ ਨੂੰ ਪੀਣ ਉਪਰੰਤ ਹੀ ਆਪਣਾ ਪਰਾਕ੍ਰਮ ਵਿਖਾਉਂਦਾ ਹੈ। ਇਹ ਮਨੁੱਖੀ ਸ਼ਰੀਰ ਦੀ ਰੱਖਿਆ ਕਰਦਾ ਹੈ, ਦੁਰਘਟਨਾ ਤੋਂ ਬਚਾਉਂਦਾ ਹੈ, ਰੋਗ ਅਤੇ ਬਿਪਤਾ ਨੂੰ ਭਜਾਂਦਾ ਹੈ, ਉਮਰ ਵਧਾਉਂਦਾ ਹੈ, ਆਨੰਦ ਅਤੇ ਆਰਾਮ ਦਿੰਦਾ ਹੈ, ਉਤੇਜਿਤ ਕਰਦਾ ਹੈ, ਚੰਗੇ ਵਿਚਾਰ ਪੈਦਾ ਕਰਦਾ ਹੈ, ਅਮਰਤਾ ਪ੍ਰਦਾਨ ਕਰਦਾ ਹੈ, ਇਹ ਪਿਤਰਾਂ ਨਾਲ ਮਿਲਾਉਂਦਾ ਹੈ ਅਤੇ ਉਨ੍ਹਾਂ ਨੂੰ ਅਮਰ ਬਣਾਉਂਦਾ ਹੈ। ਇਸ ਲਈ ਇਸ ਨੂੰ 'ਅੰਮ੍ਰਿਤ' ਵੀ ਕਿਹਾ ਜਾਂਦਾ ਹੈ।

ਇਸ ਦੀ ਉਤਪੱਤੀ ਸੰਬੰਧੀ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਸਵਰਗ ਤੋਂ ਧਰਤੀ ਉਤੇ ਆਇਆ। ਦੂਜੇ ਮਤ ਅਨੁਸਾਰ ਇਸ ਦੀ ਉਤਪੱਤੀ ਮੂਜਵੰਤ ਪਰਬਤ (ਗਾਂਧਾਰ ਪ੍ਰਦੇਸ਼) ਉਤੇ ਹੋਈ ਸੀ। ਪੁਰਾਣਾਂ ਵਿਚ ਇਸ ਨੂੰ ਜੜ੍ਹੀ ਬੂਟੀਆਂ ਅਤੇ ਔਸ਼ਧੀਆਂ ਦਾ ਰਾਜਾ ਮੰਨਿਆ ਗਿਆ ਹੈ।

ਕਾਲਾਂਤਰ ਵਿਚ ਸੋਮਰਸ ਦਾ ਦੈਵੀਕਰਣ ਹੋਣ ਕਾਰਣ ਇਸ ਦੀ ਕਲਪਨਾ ਚੰਦ੍ਰਮਾ ਦੇ ਰੂਪ ਵਿਚ ਕੀਤੀ ਜਾਣ ਲਗੀ। ਇਨ੍ਹਾਂ ਦੋਹਾਂ ਦੀ ਅਭੇਦਤਾ ਦੀ ਵਿਆਖਿਆ ਕਰਦਿਆਂ 'ਕੌਸ਼ਿਤਕਿ ਬ੍ਰਾਹਮਣ' ਵਿਚ ਦਸਿਆ ਗਿਆ ਹੈ ਕਿ ਦ੍ਰਿਸ਼ ਚੰਦ੍ਰਮਾ ਹੀ ਸੋਮ ਹੈ। ਸੋਮ-ਲਤਾ ਜਦੋਂ ਲਿਆਈ ਜਾਂਦੀ ਹੈ ਤਾਂ ਚੰਦ੍ਰਮਾ ਉਸ ਵਿਚ ਪ੍ਰਵੇਸ਼ ਕਰਦਾ ਹੈ।

ਪੁਰਾਣ-ਸਾਹਿੱਤ ਵਿਚ ਸੋਮ ਦਾ ਦੈਵੀ ਰੂਪ ਨਾਲ ਕਈ ਕਥਾਵਾਂ ਜਾਂ ਆਖਿਆਨ ਜੁੜਦੇ ਗਏ। 'ਵਾਰਾਹ ਪੁਰਾਣ' ਅਨੁਸਾਰ ਇਹ ਅਤ੍ਰਿ ਰਿਸ਼ੀ ਦਾ ਪੁੱਤਰ ਸੀ ਅਤੇ ਮੇਰੂ ਪਰਬਤ ਦੇ ਉੱਤਰ ਵਿਚ ਸਥਿਤ ਵਿਭਾਵਰੀ ਨਗਰੀ ਵਿਚ ਰਹਿੰਦਾ ਸੀ। ਦਕ੍ਸ਼ ਦੀਆਂ 27 ਪੁੱਤਰੀਆਂ ਇਸ ਦੀਆਂ ਪਤਨੀਆਂ ਬਣੀਆਂ। ਸੋਮ ਉਨ੍ਹਾਂ ਵਿਚੋਂ ਰੋਹਿਣੀ ਨੂੰ ਸਭ ਨਾਲੋਂ ਜ਼ਿਆਦਾ ਪ੍ਰੇਮ ਕਰਦਾ ਸੀ। ਬਾਕੀ ਪਤਨੀਆਂ ਨੇ ਖਿਝ ਕੇ ਆਪਣੇ ਪਿਉ ਅਗੇ ਸੋਮ ਦੇ ਅਸਮ-ਵਿਵਹਾਰ ਦੀ ਸ਼ਿਕਾਇਤ ਕੀਤੀ। ਦਕ੍ਸ਼ ਨੇ ਸਭ ਨਾਲ ਸਮ-ਵਿਵਹਾਰ ਕਰਨ ਲਈ ਸੋਮ ਨੂੰ ਸਮਝਾਇਆ। ਸੋਮ ਦੇ ਨਾ ਮੰਨਣ 'ਤੇ ਦਕ੍ਸ਼ ਨੇ ਨਸ਼ਟ ਹੋ ਜਾਣ

ਦਾ ਸਰਾਪ ਦਿੱਤਾ । ਇਸ ਸਰਾਪ ਨੇ ਸੋਮ ਦੀਆਂ ਪਤਨੀਆਂ ਨੂੰ ਘਬਰਾ ਦਿੱਤਾ । ਉਨ੍ਹਾਂ ਨੇ ਰਲ ਕੇ ਦਕ੍ਸ਼ ਨੂੰ ਮਾਫ਼ ਕਰਨ ਲਈ ਬੇਨਤੀ ਕੀਤੀ । ਦਕ੍ਸ਼ ਸਰਾਪ ਤਾਂ ਨਾ ਮੋੜ ਸਕਿਆ, ਪਰ ਸੋਮ ਦੇ ਹੌਲੀ-ਹੌਲੀ ਛੀਣ ਹੋਣ ਦਾ ਵਿਸ਼ਵਾਸ ਦਿਵਾਇਆ । ਇਹੀ ਕਾਰਣ ਹੈ ਕਿ ਸੋਮ (ਚੰਦ੍ਰਮਾ) ਹੌਲੀ-ਹੌਲੀ ਵਧਦਾ ਘਟਦਾ ਹੈ । ਸੋਮ ਤਿੰਨ ਪਹੀਇਆਂ ਵਾਲੇ ਰਥ ਉਤੇ ਸਵਾਰੀ ਕਰਦਾ ਹੈ ਜਿਸ ਅੱਗੇ ਚੰਬੇਲੀ ਰੰਗੇ ਦਸ ਘੋੜੇ ਜੁੱਤੇ ਹਨ ਜਿਨ੍ਹਾਂ ਵਿਚੋਂ ਪੰਜ ਸੱਜੇ ਪਾਸੇ ਅਤੇ ਪੰਜ ਖੱਬੇ ਪਾਸੇ ਚਲਦੇ ਹਨ ।

ਪੁਰਾਣਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਇਕ ਵਾਰ ਸੋਮ ਨੇ ਰਾਜਸੂਯ ਯੱਗ ਕੀਤਾ ਅਤੇ ਆਪਣੀ ਸ਼ਕਤੀ ਦੇ ਅਭਿਮਾਨ ਵਸ ਇਸ ਨੇ ਦੇਵ-ਗੁਰੂ ਬ੍ਰਿਹਸਪਤੀ ਦੀ ਪਤਨੀ ਤਾਰਾ ਨੂੰ ਆਪਣੀ ਹਵਸ–ਪੂਰਤੀ ਲਈ ਚੁੱਕ ਲਿਆ । ਬ੍ਰਿਹਸਪਤੀ, ਬ੍ਰਹਮਾ ਆਦਿ ਨੇ ਬਹੁਤ ਯਤਨ ਕੀਤਾ, ਪਰ ਇਸ ਨੇ ਤਾਰਾ ਨੂੰ ਨਾ ਪਰਤਾਇਆ । ਇਸ ਗੱਲ 'ਤੇ ਲੜਾਈ ਹੋ ਗਈ । ਬ੍ਰਿਹਸਪਤੀ ਨਾਲ ਵੈਰ ਹੋਣ ਕਾਰਣ ਸ਼ੁਕ੍ਰ ਅਤੇ ਉਸ ਦੇ ਅਨੇਕ ਦੈਂਤ ਸੇਵਕ ਸੋਮ ਵਲੋਂ ਹੋ ਕੇ ਲੜਨ ਲਗੇ । ਦੇਵਤਿਆਂ ਦਾ ਧੜਾ ਜਦੋਂ ਕਮਜ਼ੋਰ ਹੋਣ ਲਗਾ ਤਾਂ ਸ਼ਿਵ ਨੇ ਤ੍ਰਿਸ਼ੂਲ ਮਾਰ ਕੇ ਸੋਮ ਦੇ ਦੋ ਟੁਕੜੇ ਕਰ ਦਿੱਤੇ । ਉਦੋਂ ਤੋਂ ਇਸ ਦਾ ਇਕ ਨਾਂ 'ਭਗਨਾਤਮਾ' ਵੀ ਪ੍ਰਸਿੱਧ ਹੋਇਆ । ਆਖਿਰ ਬ੍ਰਹਮਾ ਨੇ ਦੋਹਾਂ ਪਾਸਿਆਂ ਨੂੰ ਸਮਝਾ ਕੇ ਸੁਲਹ ਕਰਾਈ ਅਤੇ ਤਾਰਾ ਬ੍ਰਹਸਪਤੀ ਨੂੰ ਪਰਤਾ ਦਿੱਤੀ ਗਈ । ਸੋਮ ਨਾਲ ਤਾਰਾ ਦੇ ਹੋਏ ਸੰਯੋਗ ਤੋਂ ਕਾਲਾਂਤਰ ਵਿਚ ਜੋ ਪੁੱਤਰ ਪੈਦਾ ਹੋਇਆ, ਉਹ ਬੁੱਧ ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਉਸ ਤੋਂ ਚੰਦ੍ਰ-ਵੰਸ਼ ਦਾ ਵਿਕਾਸ ਹੋਇਆ ।

ਆਰਯ ਲੋਕਾਂ ਦਾ ਪਿਛੋਕੜ ਚੂੰਕਿ ਈਰਾਨ ਨਾਲ ਜਾ ਜੁੜਦਾ ਹੈ, ਇਸ ਲਈ ਈਰਾਨੀ ਧਰਮ ਗ੍ਰੰਥ 'ਅਵੇਸਤਾ' ਵਿਚ 'ਸੋਮ' ਦਾ ਜ਼ਿਕਰ ਹੈ । ਪਰ 'ਹ' ਅਤੇ 'ਸ' ਦੇ ਪਰਸਪਰ ਪਰਿਵਰਤਨ ਕਾਰਣ ਉਥੇ ਇਸ ਦਾ ਉੱਚਾਰਣ 'ਹਓਮ' ਹੈ । ਉਥੇ ਇਸ ਨੂੰ ਔਸ਼ਧੀਆਂ ਦਾ ਰਾਜਾ ਅਤੇ ਅਮਰਤਾ ਪ੍ਰਦਾਨ ਕਰਨ ਵਾਲਾ ਲਿਖਿਆ ਗਿਆ ਹੈ । ਇਸ ਦਾ ਮੁੱਢਲਾ ਘਰ ਸਵਰਗ ਦਸਦੇ ਹੋਇਆਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਸਵਰਗ ਤੋਂ ਧਰਤੀ ਉਤੇ ਆਇਆ ਹੈ । ਉਥੇ ਆਕਾਸ਼ੀ ਸੋਮ (ਚੰਦ੍ਰਮਾ) ਅਤੇ ਧਰਤੀ ਵਾਲੇ ਸੋਮ (ਰਸ) ਦਾ ਅੰਤਰ ਸਵਰਗੀ ਅਤੇ ਪਾਰਥਿਵ ਵਾਲਾ ਮੰਨਿਆ ਗਿਆ ਹੈ ।

ਨਾਥ-ਯੋਗੀਆਂ ਨੇ ਹਠ–ਸਾਧਨਾ ਵਿਚ ਖੱਬੇ ਸੁਰ ਨੂੰ ਚੰਦ੍ਰਮਾ ਕਿਹਾ ਹੈ ਅਤੇ 'ਸੋਮ' ਨੂੰ ਉਸੇ ਦਾ ਨਾਮਾਂਤਰ ਮੰਨਿਆ ਹੈ । ਗੁਰਬਾਣੀ ਵਿਚ ਸੋਮ ਦੀ ਵਰਤੋਂ ਇਸੇ ਪਰਿਭਾਸ਼ਿਕ ਰੂਪ ਵਿਚ ਕੀਤੀ ਗਈ ਹੈ —'ਸੂਰ ਸਰੁ ਸੋਸਿਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ' (ਆ. ਗ੍ਰੰ. 991) ।

ਸੋਮਵੰਸ਼ : ਵੇਖੋ 'ਚੰਦ੍ਰਵੰਸ਼' ।

ਸੋਰਠ-ਬੀਜਾ : ਇਕ ਪ੍ਰਸਿੱਧ ਪ੍ਰੀਤ-ਗਾਥਾ ਜਿਸ ਦਾ ਸੰਬੰਧ ਰਾਜਸਥਾਨ ਜਾਂ ਗੁਜਰਾਤ ਦੀ ਇਕ ਇਤਿਹਾਸਿਕ ਘਟਨਾ ਨਾਲ ਹੈ । ਇਸ ਗਾਥਾ ਦਾ ਨਾਇਕ ਬੀਜਾ ਹੈ ਅਤੇ ਨਾਇਕਾ ਸੋਰਠ । ਪੰਜਾਬੀ ਕਾਵਿ ਵਿਚ ਇਸ ਪ੍ਰੇਮ-ਪ੍ਰਸੰਗ ਦੀ ਵਰਤੋਂ ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਪੀਰ-ਮੁਰੀਦ ਦੇ ਪ੍ਰੇਮ ਸੰਬੰਧ ਦਾ ਉਪਮਾਨ ਵਜੋਂ ਕੀਤੀ ਪ੍ਰਤੀਤ ਹੁੰਦੀ

ਹੈ—'ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ' (27/1)।

ਪੰਜਾਬੀ ਵਿਚ ਇਸ ਪ੍ਰੇਮ-ਗਾਥਾ ਦੇ ਆਧਾਰ ਤੇ ਭੱਟ ਕਵੀ ਚੰਦਰ ਭਾਨ ਨੇ ਸਤਾਰ੍ਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪਹਿਲਾ ਕਿੱਸਾ ਲਿਖਿਆ ਅਤੇ ਬਾਦ ਵਿਚ ਸਮਸ਼ੇਰ ਸਿੰਘ ਅਸ਼ੋਕ ਅਤੇ ਤਰਨ ਸਿੰਘ ਵਹਿਮੀ ਨੇ ਵੀ ਉੱਦਮ ਕੀਤਾ। ਪੰਜਾਬ ਵਿਚ ਇਹ ਕਥਾ ਚਾਰਣਾਂ ਜਾਂ ਲੋਕ-ਗਾਇਕਾਂ ਰਾਹੀਂ ਪਹੁੰਚੀ। ਇਸ ਗਾਥਾ ਦਾ ਮੂਲਾਧਾਰ ਰਾਇ ਖੰਘਾਰ (ਖੰਗਾਰ) ਦਾ ਇਤਿਹਾਸਿਕ ਪ੍ਰਸੰਗ ਹੈ ਜੋ ਬਾਰ੍ਹਵੀਂ ਸਦੀ ਵਿਚ ਗਿਰਨਾਰ ਦਾ ਰਾਜਾ ਸੀ। ਚੰਦ੍ਰਭਾਨ ਦੀ ਰਚਨਾ ਦੇ ਆਧਾਰ ਤੇ ਇਸ ਗਾਥਾ ਦਾ ਸਾਰਾਂਸ਼ ਰੂਪ ਇਸ ਪ੍ਰਕਾਰ ਹੈ :

ਗਿਰਨਾਰ ਦੇ ਰਾਇ ਖੰਘਾਰ ਨਾਲ ਵਿਆਹੀ ਗਈ ਅਤਿਅੰਤ ਸੁੰਦਰ ਸੋਰਠ ਦਾ ਜਨਮ ਭਾਵੇਂ ਰਾਇ ਕਛੂ ਦੇ ਸ਼ਾਹੀ ਖ਼ਾਨਦਾਨ ਵਿਚ ਹੋਇਆ, ਪਰ ਉਸ ਦੀ ਪਾਲਣਾ ਦੈਵ-ਵਸ ਘੁਮਿਆਰ ਦੇ ਘਰ ਹੋਈ। ਇਕ ਵਾਰ ਦਸਹਿਰੇ ਦੇ ਤਿਉਹਾਰ ਵਾਲੇ ਦਿਨ ਸੋਰਠ ਬਹੁਤ ਸਜੀ। ਰਾਇ ਖੰਘਾਰ ਦਾ ਭਣੇਵਾਂ ਬੀਜਾ ਉਸ ਨੂੰ ਵੇਖ ਕੇ ਸੁੱਧ-ਬੁੱਧ ਖੋਹ ਬੈਠਾ। ਸੋਰਠ ਨੇ ਬੀਜੇ ਨੂੰ ਇਸ ਸ਼ਰੀਰਿਕ ਪਿਆਰ ਤੋਂ ਬਹੁਤ ਵਰਜਿਆ, ਪਰ ਉਹ ਨਾ ਟਲਿਆ। ਉਸ ਨੇ ਵਾਸਨਾ-ਜਨਕ ਪਿਆਰ ਦੀ ਥਾਂ ਸੁੱਚਾ ਪਿਆਰ ਕਰਨ ਦਾ ਦਾਵਾ ਭਰਿਆ। ਇਕ ਵਾਰ ਉਹ ਦੋਵੇਂ ਇਕੋ ਪਲੰਘ ਉਤੇ ਸੁਤੇ ਹੋਏ ਸਨ ਪਰ ਆਪਸ ਵਿਚ ਉਨ੍ਹਾਂ ਨੇ ਲਕੜੀ ਦੀ ਵਿਥ ਰਖੀ ਹੋਈ ਸੀ। ਅਜਿਹੀ ਹਾਲਤ ਵਿਚ ਸੁੱਤਿਆਂ ਨੂੰ ਰਾਜੇ ਨੇ ਵੇਖ ਲਿਆ। ਪਹਿਲਾਂ ਤਾਂ ਰਾਜੇ ਨੇ ਉਨ੍ਹਾਂ ਦੋਹਾਂ ਨੂੰ ਮਾਰਨ ਦਾ ਮਨ ਬਣਾਇਆ, ਪਰ ਫਿਰ ਦੋਹਾਂ ਨੂੰ ਨਿਰਦੋਸ਼ ਸਮਝਦੇ ਹੋਇਆਂ ਉਨ੍ਹਾਂ ਉਪਰ ਸ਼ਾਹੀ ਚਾਦਰ ਪਾ ਕੇ ਚਲਾ ਗਿਆ। ਸਵੇਰੇ ਉਠ ਕੇ ਜਦੋਂ ਸੋਰਠ ਨੇ ਆਪਣੇ ਉਪਰ ਰਾਜੇ ਦੀ ਚਾਦਰ ਵੇਖੀ, ਤਾਂ ਬਹੁਤ ਭੈਭੀਤ ਹੋਈ। ਬੀਜੇ ਨੇ ਹਿੰਮਤ ਬੰਨ੍ਹਵਾਈ। ਰਾਜੇ ਨੇ ਦੋਹਾਂ ਨੂੰ ਵੱਖ ਵੱਖ ਬੁਲਾ ਕੇ ਇਕੋ ਪਲੰਘ ਉਤੇ ਇਕੱਠੇ ਸੌਣ ਦੀ ਗੱਲ ਪੁਛੀ। ਦੋਹਾਂ ਨੇ ਆਪਣੇ ਧਰਮ-ਕਰਮ ਵਿਚ ਪੱਕੇ ਰਹਿਣ ਦੀ ਗੱਲ ਦਸੀ। ਰਾਇ ਖੰਘਾਰ ਨੇ ਉਨ੍ਹਾਂ ਦੀ ਪਵਿੱਤਰਤਾ ਨੂੰ ਵੇਖ ਕੇ ਬਖ਼ਸ਼ ਦਿੱਤਾ। ਬੀਜਾ ਨਿਰਾਸ ਹੋ ਕੇ ਪਰਦੇਸ ਚਲਾ ਗਿਆ। ਉਥੇ ਉਸ ਦਾ ਸੰਪਰਕ ਰਾਇ ਖੰਘਾਰ ਦੇ ਵੈਰੀਆਂ ਨਾਲ ਹੋਇਆ। ਬੀਜੇ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਚਾਰਣ ਰਾਹੀਂ ਰਾਜੇ ਤੋਂ ਸੀਸ-ਭੇਂਟ ਮੰਗਣ। ਰਾਜਾ ਚੂੰਕਿ ਮਹਾ ਦਾਨੀ ਹੈ, ਇਸ ਲਈ ਸੀਸ ਦੇਣੋਂ ਸੰਕੋਚ ਨਹੀਂ ਕਰੇਗਾ।

ਇਕ ਚਾਰਣ ਗਿਰਨਾਰ ਭੇਜਿਆ ਗਿਆ। ਪ੍ਰਭਾਤ ਵੇਲੇ ਉਸ ਨੇ ਕਿਲੇ ਦਾ ਦਰਵਾਜ਼ਾ ਖੜਕਾਇਆ ਅਤੇ ਦਾਨ ਦੀ ਯਾਚਨਾ ਕੀਤੀ। ਦੁਆਰਪਾਲ ਦੇ ਦਸਣ ਤੇ ਰਾਜਾ ਜਾਗਿਆ ਅਤੇ ਉਸ ਨੇ ਸੋਰਠ ਨੂੰ ਦਾਨ ਦੇਣ ਲਈ ਕਿਹਾ। ਪਰ ਚਾਰਣ ਨੇ ਰਾਜੇ ਤੋਂ ਹੀ ਦਾਨ ਲੈਣ ਦੀ ਗੱਲ ਕਹੀ। ਰਾਜੇ ਦੇ ਆਉਣ ਤੇ ਚਾਰਣ ਨੇ ਸੀਸ ਦਾ ਦਾਨ ਮੰਗਿਆ। ਦੁਬਿਧਾ ਅਤੇ ਹੈਰਾਨੀ ਵਿਚ ਪਏ ਰਾਜੇ ਨੇ ਆਪਣੇ ਆਪ ਨੂੰ ਚਾਰਣ ਦੇ ਹਵਾਲੇ ਕਰਦਿਆਂ ਬੇਨਤੀ ਕੀਤੀ ਕਿ ਉਹ ਸੀਸ ਦੀ ਥਾਂ ਉਸ ਨੂੰ ਲੈ ਜਾਏ ਅਤੇ ਕਿਸੇ ਅਗੇ ਵੇਚ ਦੇਵੇ। ਪਰ ਚਾਰਣ ਨਾ ਮੰਨਿਆ। ਰਾਣੀ ਵਲੋਂ ਪੇਸ਼ ਕੀਤੀ ਦੌਲਤ ਨੂੰ ਵੀ

ਚਾਰਣ ਨੇ ਠੁਕਰਾ ਦਿੱਤਾ। ਅੰਤ ਵਿਚ ਰਾਜੇ ਨੇ ਇਸ਼ਨਾਨ ਕਰਕੇ ਨਵੇਂ ਬਸਤ੍ਰ ਪਾਏ ਅਤੇ ਆਪਣੇ ਸਿਰ ਨੂੰ ਤਲਵਾਰ ਨਾਲ ਕਟ ਕੇ ਚਾਰਣ ਨੂੰ ਅਰਪਿਤ ਕਰ ਦਿੱਤਾ। ਸੋਰਠ ਨੇ ਚਾਰਣ ਨੂੰ ਕੋਹੜੀ ਹੋ ਜਾਣ ਦਾ ਸਰਾਪ ਦਿੱਤਾ। ਇਸ ਮਹਾ-ਦਾਨ ਦੀ ਗੱਲ ਸਾਰੇ ਇਲਾਕੇ ਵਿਚ ਧੁੰਮ ਗਈ। ਵੈਰੀ ਵੀ ਠਠੰਬਰ ਗਏ। ਉਨ੍ਹਾਂ ਨੇ ਗਿਰਨਾਰ ਪਹੁੰਚ ਕੇ ਬੜੇ ਆਦਰ ਨਾਲ ਰਾਜੇ ਦਾ ਸੀਸ ਸੋਰਠ ਦੇ ਹਵਾਲੇ ਕੀਤਾ ਅਤੇ ਰਾਣੀ ਨੂੰ ਨਿਸ਼ਕੰਟਕ ਰਾਜ ਕਰਨ ਦਾ ਯਕੀਨ ਦਿਵਾਇਆ। ਪਰ ਸੋਰਠ ਨੇ ਚੰਦਨ ਦੀ ਚਿਤਾ ਬਣਵਾਈ ਅਤੇ ਆਪਣੀ ਗੋਦ ਵਿਚ ਰਾਜੇ ਦੇ ਸੀਸ ਨੂੰ ਰਖ ਕੇ ਸਤੀ ਹੋ ਗਈ।

ਸੋਲ੍ਹਾਂ ਸ਼ਿੰਗਾਰ : ਸ਼ਰੀਰ ਨੂੰ ਸਜਾਉਣ ਲਈ ਸੋਲ੍ਹਾਂ ਸ਼ਿੰਗਾਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਇਹ ਸ਼ਿੰਗਾਰ ਆਮ ਤੌਰ ਤੇ ਇਸਤਰੀਆਂ ਜਾਂ ਨਾਇਕਾਵਾਂ ਨਾਲ ਸੰਬੰਧਿਤ ਕੀਤੇ ਜਾਂਦੇ ਹਨ। ਇਹ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਹਨ।

ਪਹਿਲੀ ਕਿਸਮ ਦੇ ਸ਼ਿੰਗਾਰ ਕੁਦਰਤੀ ਹਨ, ਜਿਵੇਂ—'ਤ੍ਰੈ ਕਾਲੇ ਦੋ ਉਜਲੇ, ਪਤਲੇ ਪੰਜ ਪ੍ਰਕਾਰ।/ਚਾਰ ਪੁਸ਼ਟ ਦੋ ਕਠਨ ਹੈ, ਇਹ ਸੋਲਾਂ ਸ਼ਿੰਗਾਰ'। ਇਨ੍ਹਾਂ ਵਿਚੋਂ 'ਤ੍ਰੈ ਕਾਲੇ' ਤੋਂ ਭਾਵ ਹੈ ਸਿਰ ਦੇ ਵਾਲ, ਅੱਖਾਂ ਦੀਆਂ ਡੋਰੀਆਂ ਅਤੇ ਥਣਾਂ ਦੀਆਂ ਨੋਕਾਂ। 'ਦੋ ਉਜਲੇ' ਤੋਂ ਭਾਵ ਹੈ ਨਹੁੰ ਅਤੇ ਦੰਦ। 'ਪੰਜ ਪਤਲੇ' ਦਾ ਮਤਲਬ ਹੈ ਹੋਂਠ, ਨੱਕ, ਗਰਦਨ, ਲੱਕ ਅਤੇ ਉਂਗਲੀਆਂ। 'ਚਾਰ ਪੁਸ਼ਟ' ਦਾ ਤਾਤਪਰਜ ਹੈ ਦੋ ਬਾਹਵਾਂ ਦੇ ਡੌਲੇ ਅਤੇ ਦੋ ਪੱਟ। 'ਦੋ ਕਠਨ' ਦੋ ਥਣਾਂ ਦੀ ਸਥਿਤੀ ਵਲ ਸੰਕੇਤ ਕਰਦੇ ਹਨ।

ਉਪਰੋਕਤ ਅਠਾਰ੍ਹਾਂ ਕੁਦਰਤੀ ਸ਼ਿੰਗਾਰਾਂ ਦੀ ਸਥਿਤੀ ਅਧਿਆਤਮਿਕ ਸਾਧਕ ਲਈ ਭਿੰਨ ਢੰਗ ਨਾਲ ਮੰਨੀ ਗਈ ਹੈ। 'ਤ੍ਰੈ ਕਾਲੇ' ਤੋਂ ਭਾਵ ਹੈ ਤਿੰਨਾਂ ਕਾਲਾਂ (ਰਾਤ, ਦਿਨ ਅਤੇ ਸੰਧਿਆ) ਵਿਚ ਪਰਮਾਤਮਾ ਦਾ ਭਜਨ ਕਰਨਾ; ਜਾਂ ਤਿੰਨ ਗੁਣਾਂ (ਰਜੋ, ਸਤੋ ਅਤੇ ਤਮੋ) ਦੇ ਪ੍ਰਭਾਵ ਨੂੰ ਖ਼ਤਮ ਕਰਨਾ। 'ਦੋ ਉਜਲੇ' ਤੋਂ ਸੰਕੇਤ ਹੈ ਕਿ ਲੋਕ ਪਰਲੋਕ ਵਿਚ ਆਪਣਾ ਉਜਲਾ ਯਸ਼ ਕਰਵਾਉਣਾ ਜਾਂ ਮਨ ਅਤੇ ਬੁੱਧੀ ਨੂੰ ਉਜਲਾ ਕਰਨਾ। 'ਪੰਜ ਪਤਲੇ' ਦਾ ਤਾਤਪਰਜ ਹੈ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਛੀਣ ਕਰਨਾ ਅਰਥਾਤ ਉਨ੍ਹਾਂ ਉਤੇ ਕਾਬੂ ਪਾਉਣਾ। 'ਚਾਰ ਪੁਸ਼ਟ' ਤੋਂ ਭਾਵ ਹੈ ਵੈਰਾਗ, ਵਿਵੇਕ, ਮੋਖ-ਇੱਛਾ ਅਤੇ ਛੇ ਧਾਰਮਿਕ ਗੁਣ ਜਾਂ ਵਿਭੂਤੀਆਂ। 'ਦੋ ਕਠਨ' ਦਾ ਮਤਲਬ ਹੈ ਜੀਵ ਅਤੇ ਪਰਮਾਤਮਾ ਵਿਚ ਏਕਤਾ ਸਥਾਪਿਤ ਕਰਨ ਲਈ ਤਪੱਸਿਆ ਯੁਕਤ ਸਾਧਨ ਕਰਨੇ।

ਦੂਜੀ ਕਿਸਮ ਦੇ ਸ਼ਿੰਗਾਰਾਂ ਨਾਲ ਸ਼ਰੀਰ ਨੂੰ ਸੁੰਦਰ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ, ਜਿਵੇਂ (1) ਸ਼ਰੀਰ ਉਤੇ ਵਟਣਾ ਆਦਿ ਮਲਣਾ, (2) ਸਵੱਛ ਜਲ ਵਿਚ ਇਸ਼ਨਾਨ ਕਰਨਾ, (3) ਸੁੰਦਰ ਬਸਤ੍ਰ ਪਾਉਣਾ, (4) ਮਾਂਗ ਵਿਚ ਸੰਧੂਰ ਭਰਨਾ, (5) ਵਾਲਾਂ ਨੂੰ ਸੰਵਾਰਨਾ, (6) ਮੱਥੇ ਉਤੇ ਬਿੰਦੀ ਲਾਉਣਾ, (7) ਮੂੰਹ ਉਤੇ ਤਿਲ ਦਾ ਨਿਸ਼ਾਨ ਬਣਾਉਣਾ, (8) ਗਹਿਣੇ ਪਾਉਣਾ, (9) ਮਹਿੰਦੀ ਲਾਉਣਾ, (10) ਦੰਦਾਂ ਉਤੇ ਮਿੱਸੀ ਮਲਣਾ, (11) ਸੁਰਮਾ ਪਾਉਣਾ, (12) ਸ਼ਰੀਰ ਉਤੇ ਸੁਗੰਧਿਤ ਪਦਾਰਥ ਲਗਾਉਣਾ, (13) ਪਾਨ ਖਾਣਾ, (14) ਗਲ ਵਿਚ ਹਾਰ ਪਾਉਣਾ, (15) ਮਹਾਵਰ

ਲਗਾਉਣਾ, (16) ਕੇਸਾਂ ਵਿਚ ਫੁਲ ਟੁੰਗਣਾ।

ਪਤੀ ਨੂੰ ਰਿਝਾਉਣ ਜਾਂ ਆਪਣੇ ਵਲ ਆਕਰਸ਼ਿਤ ਕਰਨ ਲਈ ਇਸਤਰੀਆਂ ਜਾਂ ਨਾਇਕਾਵਾਂ ਇਸ ਪ੍ਰਕਾਰ ਦੇ ਬਣਾਵਟੀ ਸ਼ਿੰਗਾਰ ਕਰਦੀਆਂ ਹਨ। ਇਹ ਸ਼ਿੰਗਾਰ ਤਦ ਹੀ ਕੁਝ ਅਰਥ ਰਖਦੇ ਹਨ ਜੇ ਪਤੀ ਪਾਸ ਹੋਵੇ। ਗੁਰੂ ਅਰਜਨ ਦੇਵ ਨੇ ਇਨ੍ਹਾਂ ਸ਼ਿੰਗਾਰਾਂ ਵਲ ਸੰਕੇਤ ਕੀਤਾ ਹੈ—'ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ।/ ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ' (ਅ. ਗ੍ਰੰ. 1361)।

ਸੋਲ੍ਹਾਂ ਕਲਾ : 'ਕਲਾ ਤੋਂ ਭਾਵ ਹੈ ਅੰਸ਼ ਜਾਂ ਭਾਗ। 'ਸੋਲ੍ਹਾਂ ਕਲਾ ਸੰਪੂਰਨ' ਉਕਤੀ ਉਸ ਲਈ ਵਰਤੀ ਜਾਂਦੀ ਹੈ ਜੋ ਹਰ ਪੱਖੋਂ ਸੰਪੂਰਣ ਹੋਵੇ। ਚੰਦ੍ਰਮਾ ਦੀਆਂ ਵੀ ਸੋਲ੍ਹਾਂ ਕਲਾਵਾਂ ਕਲਪਿਤ ਕੀਤੀਆਂ ਗਈਆਂ ਹਨ, ਜੋ ਚਾਨਣੇ ਪੱਖ ਦੇ ਪੰਦਰ੍ਹਾਂ ਦਿਨਾਂ ਵਿਚ ਇਕ ਇਕ ਕਰਕੇ ਵਧਦੀਆਂ ਹਨ ਅਤੇ ਪੂਰਣਮਾਸ਼ੀ ਵਾਲੇ ਦਿਨ ਚੰਦ੍ਰਮਾ ਨੂੰ ਸੋਲ੍ਹਾਂ ਕਲਾ ਸੰਪੂਰਣ ਮੰਨਿਆ ਜਾਂਦਾ ਹੈ।

'ਬ੍ਰਹਮਵੈਵਰਤ ਪੁਰਾਣ' ਵਿਚ ਈਸ਼ਵਰ ਦੇ ਅਵਤਾਰਾਂ ਲਈ ਜਿਨ੍ਹਾਂ ਸੋਲ੍ਹਾਂ ਗੁਣਾਂ ਦੀ ਕਲਪਨਾ ਕੀਤੀ ਗਈ ਹੈ, ਉਨ੍ਹਾਂ ਦੀ ਗਿਣਤੀ ਇਸ ਪ੍ਰਕਾਰ ਹੈ—'ਗਿਆਨ, ਧਿਆਨ, ਸ਼ੁਭ ਕਰਮ, ਹਠ, ਸੰਜਮ, ਧਰਮ, ਦਾਨ, ਵਿਦਿਆ, ਭਜਨ, ਪ੍ਰੇਮ, ਜਤ, ਅਧਿਆਤਮ-ਭਾਵਨਾ, ਸਤਿ, ਦਇਆ, ਨੇਮ ਅਤੇ ਚਤੁਰਤਾ। ਜਿਨ੍ਹਾਂ ਅਵਤਾਰਾਂ ਵਿਚ ਸੋਲ੍ਹਾਂ ਤੋਂ ਘਟ ਕਲਾਵਾਂ ਹੋਣਗੀਆਂ, ਉਨ੍ਹਾਂ ਨੂੰ ਅੰਸ਼-ਅਵਤਾਰ ਅਤੇ ਜਿਨ੍ਹਾਂ ਵਿਚ ਸਾਰੀਆਂ ਕਲਾਵਾਂ ਹੋਣਗੀਆਂ, ਉਨ੍ਹਾਂ ਨੂੰ ਸੰਪੂਰਣ-ਅਵਤਾਰ ਮੰਨਿਆ ਜਾਂਦਾ ਹੈ। ਮਾਰੂ ਰਾਗ ਦੇ ਸੋਲਹਿਆਂ ਵਿਚ ਗੁਰੂ ਅਰਜਨ ਦੇਵ ਨੇ ਸੰਕੇਤ ਕੀਤਾ ਹੈ—'ਸੋਲਹ ਕਲਾ ਸੰਪੂਰਨ ਫਲਿਆ।/ਅਨਤ ਕਲਾ ਹੋਇ ਠਾਕੁਰੁ ਚੜਿਆ।' (ਅ. ਗ੍ਰੰ. 1081)।

ਸ਼ੰਕਰ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਸ਼ੰਕਰਾਚਾਰਯ : ਅਦ੍ਵੈਤ ਮਤ ਦੇ ਸੁਪ੍ਰਸਿੱਧ ਸੰਸਥਾਪਕ ਸ਼ੰਕਰਾਚਾਰਯ ਦਾ ਜਨਮ ਸੰਨ 788 ਈ. ਵਿਚ ਕੇਰਲ ਪ੍ਰਦੇਸ਼ ਦੇ ਕਾਲਪੀ ਨਗਰ ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਸ਼ਿਵਗੁਰੂ ਸੀ ਜਿਸ ਨੇ ਆਪਣੀ ਪਤਨੀ ਸੁਭਦ੍ਰਾ ਸਹਿਤ ਸ਼ਿਵ ਦੀ ਉਪਾਸਨਾ ਕਰਕੇ ਜੋ ਪੁੱਤਰ ਪ੍ਰਾਪਤ ਕੀਤਾ, ਉਸ ਦਾ ਨਾਂ ਸ਼ੰਕਰ ਰਖਿਆ। ਅਜੇ ਇਹ ਤਿੰਨ ਵਰ੍ਹਿਆਂ ਦਾ ਹੀ ਸੀ ਕਿ ਪਿਤਾ ਦੀ ਮ੍ਰਿਤੂ ਹੋ ਗਈ, ਪਰੰਤੂ ਅਦੁੱਤੀ ਪ੍ਰਤਿਭਾ ਵਾਲਾ ਹੋਣ ਕਾਰਣ ਇਸ ਨੇ ਛੇ ਵਰ੍ਹਿਆਂ ਤਕ ਹਰ ਪ੍ਰਕਾਰ ਦੇ ਦਰਸ਼ਨਾਂ ਅਤੇ ਧਰਮ-ਗ੍ਰੰਥਾਂ ਦਾ ਅਧਿਐਨ ਕਰਕੇ ਵਿਸਤ੍ਰਿਤ ਗਿਆਨ ਪ੍ਰਾਪਤ ਕਰ ਲਿਆ। ਇਸ ਤੋਂ ਬਾਦ ਇਸ ਨੇ ਸੰਨਿਆਸ ਲੈਣ ਦਾ ਮਨ ਬਣਾਇਆ, ਪਰ ਮਾਤਾ ਦੇ ਵਿਰੋਧ ਕਰਕੇ ਇਹ ਅਜਿਹਾ ਨਾ ਕਰ ਸਕਿਆ।

ਇਕ ਵਾਰ ਜਦੋਂ ਇਹ ਆਪਣੇ ਕਿਸੇ ਰਿਸ਼ਤੇਦਾਰ ਦੇ ਘਰੋਂ ਆਪਣੀ ਮਾਤਾ ਨਾਲ ਮੁੜ ਰਿਹਾ ਸੀ, ਤਾਂ ਰਸਤੇ ਵਿਚ ਪੈਂਦੀ ਨਦੀ ਦੇ ਡੂੰਘੇ ਪਾਣੀ ਵਿਚ ਵੜ ਕੇ ਇਸ ਨੇ ਮਾਤਾ ਨੂੰ ਡੁਬ ਮਰਨ ਦਾ ਡਰਾਵਾ ਦਿੱਤਾ ਤਾਂ ਉਹ ਇਸ ਨੂੰ ਸੰਨਿਆਸ ਗ੍ਰਹਿਣ ਕਰਨ ਦੀ ਆਗਿਆ ਦੇਣ ਲਈ ਤਿਆਰ ਹੋ ਗਈ। ਨਦੀ ਪਾਰ ਕਰਕੇ ਇਸ ਨੇ ਗੋਵਿੰਦ ਸੁਆਮੀ

ਤੋਂ ਸੰਨਿਆਸ ਗ੍ਰਹਿਣ ਕੀਤਾ। ਪਹਿਲਾਂ ਕੁਝ ਸਮਾਂ ਕਾਸ਼ੀ ਵਿਚ ਰਿਹਾ ਅਤੇ ਫਿਰ ਸਾਰੇ ਦੇਸ਼ ਦੀ ਯਾਤ੍ਰਾ ਕਰਕੇ ਇਸ ਨੇ ਬੁੱਧ ਮਤ ਦੀਆਂ ਮਾਨਤਾਵਾਂ ਨੂੰ ਨਿਰਾਧਾਰ ਦਸਿਆ ਅਤੇ ਨਾਲ ਨਾਲ ਵੈਦਿਕ ਧਰਮ ਦੀ ਪੁਨਰ-ਸੰਸਥਾਪਨਾ ਉਤੇ ਬਲ ਦਿੱਤਾ। ਫਲਸਰੂਪ ਭਾਰਤ ਵਿਚੋਂ ਬੁੱਧ ਮਤ ਨੂੰ ਉਖਾੜ ਕੇ ਉਸ ਦੀ ਥਾਂ ਵੈਦਿਕ ਧਰਮ ਦੀ ਮਰਯਾਦਾ ਦੀ ਸਥਾਪਨਾ ਕੀਤੀ। ਇਸ ਨੇ ਬ੍ਰਹਮਸੂਤ੍ਰ ਅਤੇ ਉਪਨਿਸ਼ਦਾਂ ਦੇ ਟੀਕੇ ਕਰਕੇ ਬੜੀ ਗੰਭੀਰਤਾ ਨਾਲ ਵਿਆਖਿਆ ਕੀਤੀ। ਇਹ ਵਿਆਖਿਆ ਅੱਜ ਵੀ ਆਪਣਾ ਵਿਸ਼ੇਸ਼ ਮਹੱਤਵ ਰਖਦੀ ਹੈ। ਇਸ ਵਿਆਖਿਆ ਨਾਲ ਪਰਵਰਤੀ ਆਚਾਰਯ, ਜਿਵੇਂ ਰਾਮਾਨੁਜ, ਮਧ੍ਵ, ਆਦਿ ਸਹਿਮਤ ਨਾ ਹੋਏ ਅਤੇ ਉਨ੍ਹਾਂ ਨੇ ਆਪਣੇ ਆਪਣੇ ਢੰਗ ਨਾਲ ਸ਼ੰਕਰ ਦੇ ਵਿਚਾਰਾਂ ਦੀ ਆਲੋਚਨਾ ਕੀਤੀ। ਪਰ ਸ਼ੰਕਰ ਦੀਆਂ ਸਥਾਪਨਾਵਾਂ ਨੂੰ ਇਕਦਮ ਨਕਾਰ ਸਕਣਾ ਸੰਭਵ ਨਾ ਹੋ ਸਕਿਆ। ਇਸ ਲਈ ਅਨੇਕ ਵਿਦਵਾਨ ਸ਼ੰਕਰਾਚਾਰਯ ਨੂੰ ਸ਼ਿਵ ਦਾ ਅਵਤਾਰ ਮੰਨਦੇ ਹਨ। ਇਸ ਦਾ ਦੇਹਾਂਤ ਕੇਵਲ 32 ਸਾਲ ਦੀ ਉਮਰ ਵਿਚ ਸੰਨ 820 ਈ. ਨੂੰ ਕੇਦਾਰਨਾਥ ਦੇ ਨੇੜੇ ਹੋਇਆ।

ਸ਼ੰਕਰਾਚਾਰਯ ਨੇ ਭਾਰਤ ਵਿਚ ਧਰਮ-ਪ੍ਰਚਾਰ ਲਈ ਚਾਰ ਮਠਾਂ—ਬਦਰਿਕਾਸ਼੍ਰਮ, ਕਰਵੀਰ ਪੀਠ, ਦਵਾਰਿਕਾ ਪੀਠ ਅਤੇ ਸ਼ਾਰਦਾ ਪੀਠ ਦੀ ਸਥਾਪਨਾ ਕੀਤੀ ਜਿਨ੍ਹਾਂ ਦੀ ਮਾਨਤਾ ਹੁਣ ਤਕ ਕਾਇਮ ਹੈ। ਇਨ੍ਹਾਂ ਮਠਾਂ ਦੇ ਗੱਦੀ-ਨਸ਼ੀਨ ਵੀ ਸ਼ੰਕਰਾਚਾਰਯ ਅਖਵਾਉਂਦੇ ਹਨ। ਇਨ੍ਹਾਂ ਚੌਹਾਂ ਦੀ ਹਿੰਦੂ-ਧਰਮ ਵਿਚ ਬਹੁਤ ਮਾਨਤਾ ਹੈ। ਡਾ. ਦੀਵਾਨਾ ਨੇ ਸ਼ੰਕਰਾਚਾਰਯ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਜਦ ਸ਼ੰਕਰਾਚਾਰਜ ਨੇ ਸਿਖਰ ਪੁੱਜ ਕੇ ਡਿਠਾ/ਉਫ਼ ਏਹ ਤਮਾਸ਼ਾ ਨਹੀਂ ਸਚ, ਹੈ ਕੋਈ ਸੁਫ਼ਨਾ।'

ਸ਼ੰਖਚੂੜ-ਤੁਲਸੀ : ਵੇਖੋ 'ਤੁਲਸੀ-ਸਾਲਗ੍ਰਾਮ'।

ਸੰਗਮ : ਵੇਖੋ 'ਤ੍ਰਿਬੇਣੀ-ਸੰਗਮ'।

ਸੰਗਿ-ਅਸਵਦ : ਇਕ ਕਾਲੇ ਰੰਗ ਦਾ ਪੱਥਰ ਜੋ ਕਾਅਬਾ (ਵੇਖੋ) ਦੇ ਦੱਖਣ-ਪੂਰਵ ਵਾਲੇ ਕੋਨੇ ਵਿਚ ਧਰਤੀ ਤੋਂ ਪੰਜ ਫੁਟ ਉੱਚਾਈ ਤੇ ਦੀਵਾਰ ਵਿਚ ਜੜ੍ਹਿਆ ਹੋਇਆ ਹੈ। ਮੱਕੇ ਦੀ ਹੱਜ ਕਰਨ ਲਈ ਗਏ ਯਾਤ੍ਰੀ ਇਸ ਨੂੰ ਚੁੰਮਦੇ ਹਨ। ਇਸ ਦਾ ਆਕਾਰ ਅਨੁਮਾਨਿਕ ਤੌਰ ਤੇ ਛੇ ਗੱਤ ਇੰਚ ਹੈ। ਮੁਸਲਮਾਨਾਂ ਵਿਚ ਪ੍ਰਸਿੱਧ ਹੈ ਕਿ ਜਦੋਂ ਇਹ ਪੱਥਰ ਜੰਨਤ ਵਿਚੋਂ ਡਿਗਿਆ ਸੀ ਤਾਂ ਇਸ ਦਾ ਰੰਗ ਸਫ਼ੈਦ ਸੀ, ਪਰ ਆਦਮ ਦੀ ਸੰਤਾਨ ਦੇ ਛੋਹਣ ਨਾਲ ਇਸ ਦਾ ਰੰਗ ਹੌਲੀ ਹੌਲੀ ਕਾਲਾ ਪੈ ਗਿਆ ਹੈ। ਇਕ ਮਾਨਤਾ ਅਨੁਸਾਰ ਕਿਆਮਤ ਵਾਲੇ ਦਿਨ ਇਸ ਪੱਥਰ ਨੂੰ ਦੋ ਅੱਖਾਂ ਅਤੇ ਜ਼ਬਾਨ ਲਗ ਜਾਵੇਗੀ। ਇਸ ਦਾ ਪ੍ਰਯੋਜਨ ਇਹ ਹੈ ਕਿ ਜਦੋਂ ਰੱਬ ਜੀਵਾਂ ਦਾ ਇਨਸਾਫ਼ ਕਰੇਗਾ ਤਾਂ ਇਹ ਪੱਥਰ 'ਅੱਖਾਂ' ਨਾਲ ਵੇਖ ਕੇ ਦਸੇਗਾ ਕਿ ਕਿਸ-ਕਿਸ ਨੇ ਉਸ ਨੂੰ ਚੁੰਮਿਆ ਸੀ (ਬੋਸਾ ਦਿੱਤਾ ਸੀ) ਅਤੇ 'ਜ਼ਬਾਨ' ਨਾਲ ਚੁੰਮਣ ਵਾਲਿਆਂ ਦੇ ਹੱਕ ਵਿਚ ਗਵਾਹੀ ਦੇਵੇਗਾ। ਅਲੀ ਹੈਦਰ ਨੇ ਇਸ ਪੱਥਰ ਨੂੰ ਬੋਸਾ ਦੇਣ ਸੰਬੰਧੀ ਸੰਕੇਤ ਕੀਤਾ ਹੈ—'ਖ਼ਾਲ ਸਿਆਹ ਹਜਰ ਅਸਵਦ ਹੈਦਰ, ਬੋਸੇ ਦੇ ਦੇ ਆਨੀਆਂ ਮੈਂ।'

ਸੰਜੀਵਨੀ ਬੂਟੀ : ਆਯੁਰਵੇਦ ਅਨੁਸਾਰ ਇਕ ਦੈਵੀ ਬੂਟੀ ਜਿਸ ਦੇ ਰਸ ਦੇ ਸੇਵਨ

ਨਾਲ ਮੁਰਦਾ ਫਿਰ ਜ਼ਿੰਦਾ ਹੋ ਜਾਂਦਾ ਹੈ। ਇਸ ਲਈ ਇਸ ਨੂੰ 'ਮ੍ਰਿਤ-ਸੰਜੀਵਨੀ' ਵੀ ਕਿਹਾ ਜਾਂਦਾ ਹੈ। ਰਿਸ਼ਭ ਅਤੇ ਕੈਲਾਸ਼ ਪਰਬਤਾਂ ਦੇ ਵਿਚਾਲੇ ਸਥਿਤ 'ਸਰਵੌਸ਼ਧੀ' ਨਾਂ ਦੀ ਪਹਾੜੀ ਉਤੇ ਚਾਰ ਪ੍ਰਕਾਰ ਦੀਆਂ ਦੈਵੀ ਬੂਟੀਆਂ ਉਗਦੀਆਂ ਹਨ - ਮ੍ਰਿਤ-ਸੰਜੀਵਨੀ, ਵਿਸ਼ਲਯਕਰਣੀ, ਸੁਵਰਣ ਕਰਣੀ ਅਤੇ ਸੰਧਾਨੀ। ਅਜਿਹੀਆਂ ਬੂਟੀਆਂ ਨੂੰ ਸਮਝਣ ਅਤੇ ਪ੍ਰਯੋਗ ਵਿਚ ਲਿਆਉਣ ਵਾਲਿਆਂ ਵਿਚ ਸ਼ੁਕ੍ਰਾਚਾਰਯ ਸਰਵ ਪ੍ਰਮੁਖ ਹਨ।

'ਬਾਲਮੀਕੀ ਰਾਮਾਇਣ' ਅਨੁਸਾਰ ਇਹ ਬੂਟੀ ਛੀਰ-ਸਾਗਰ ਕੋਲ ਦ੍ਰੋਣ ਨਾਂ ਦੇ ਪਰਬਤ ਉਤੇ ਮਿਲਦੀ ਹੈ। ਜਦੋਂ ਰਾਵਣ ਨਾਲ ਯੁੱਧ ਕਰਦਿਆਂ ਮੇਘਨਾਦ ਦੇ ਬ੍ਰਹਮ-ਪਾਸ ਵਿਚ ਫਸ ਕੇ ਸ੍ਰੀ ਰਾਮ ਅਤੇ ਲੱਛਮਣ ਬੇਸੁਧ ਹੋ ਗਏ ਤਾਂ ਜਾਂਬਵਾਨ ਨੇ ਉਪਾ ਵਜੋਂ ਸੰਜੀਵਨੀ ਬੂਟੀ ਲਿਆਉਣ ਲਈ ਕਿਹਾ। ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਹਨੂਮਾਨ ਨੂੰ ਭੇਜਿਆ ਗਿਆ ਪਰ ਉਹ ਉਥੇ ਪਹੁੰਚ ਕੇ ਬੂਟੀ ਦੀ ਪਛਾਣ ਨਾ ਕਰ ਸਕਿਆ ਅਤੇ ਉਥੋਂ ਇਕ ਪਹਾੜ ਦੀ ਟੁਕੜੀ ਹੀ ਚੁੱਕ ਲਿਆਇਆ। ਇਸ ਬੂਟੀ ਦੀ ਵਰਤੋਂ ਨਾਲ ਰਾਮ ਅਤੇ ਲੱਛਮਣ ਫਿਰ ਤੋਂ ਠੀਕ ਹੋ ਗਏ।

ਸੰਜੋਗਤਾ/ਸੰਯੋਗਿਤਾ : ਵੇਖੋ 'ਪ੍ਰਿਥਵੀ ਰਾਜ ਚੌਹਾਨ'।

ਸੰਡਾ-ਮਰਕਾ : ਸ਼ੰਡ ਅਤੇ ਅਮਰਕ ਦੋਵੇਂ, ਦੈਂਤਾਂ ਦੇ ਪੁਰੋਹਿਤ ਸ਼ੁਕ੍ਰਾਚਾਰਯ ਦੇ ਪੁੱਤਰ ਸਨ। ਹਿਰਣ੍ਯਕਸ਼ਿਪ ਨੇ ਇਨ੍ਹਾਂ ਦੋਹਾਂ ਨੂੰ ਪ੍ਰਹਿਲਾਦ ਨੂੰ ਪੜ੍ਹਾਉਣ ਲਈ ਨਿਯੁਕਤ ਕੀਤਾ ਅਤੇ ਸਪੱਸ਼ਟ ਆਦੇਸ਼ ਦਿੱਤੇ ਕਿ ਪ੍ਰਹਿਲਾਦ ਨੂੰ ਹਰਿ-ਭਗਤੀ ਤੋਂ ਹਟਾ ਕੇ ਉਸ ਦੀ ਆਪਣੀ ਭਗਤੀ ਵਲ ਲਗਾਇਆ ਜਾਏ ਕਿਉਂਕਿ ਉਸ ਨੇ ਤ੍ਰਿਲੋਕੀ ਦਾ ਰਾਜ ਪ੍ਰਾਪਤ ਕਰ ਲਿਆ ਸੀ। ਇਨ੍ਹਾਂ ਦੋਹਾਂ ਭਰਾਵਾਂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਪ੍ਰਹਿਲਾਦ ਹਰਿ-ਭਗਤੀ ਤੋਂ ਟਲ ਜਾਏ, ਪਰ ਉਹ ਦ੍ਰਿੜ੍ਹ-ਸੰਕਲਪ ਸੀ। ਸਗੋਂ ਉਸ ਨੇ ਆਪਣੇ ਹੋਰ ਸਹਿਪਾਠੀਆਂ ਨੂੰ ਵੀ ਹਰਿ-ਭਗਤੀ ਵਿਚ ਲੀਨ ਹੋਣ ਲਈ ਪ੍ਰੇਰਿਆ। ਇਨ੍ਹਾਂ ਦੋਹਾਂ ਭਰਾਵਾਂ ਨੇ ਦੈਂਤ-ਰਾਜ ਨੂੰ ਸਾਰੀ ਸਥਿਤੀ ਦਸੀ ਕਿ ਉਹ ਤਾਂ ਆਪਣੇ ਸਾਥੀਆਂ ਨੂੰ ਵੀ ਵਿਗਾੜ ਰਿਹਾ ਹੈ। ਤਦਉਪਰੰਤ ਦੈਂਤ ਨੇ ਪ੍ਰਹਿਲਾਦ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ। ਇਸ ਤੱਥ ਵਲ ਗੁਰੂ ਅਮਰਦਾਸ ਨੇ ਸੰਕੇਤ ਕੀਤਾ ਹੈ—'ਸੰਡਾ ਮਰਕਾ ਸਭਿ ਜਾਇ ਪੁਕਾਰੇ ॥ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ' (ਆ ਗ੍ਰੰ. 1233)।

ਸੰਨਿਆਸ : ਵੇਖੋ 'ਆਸ਼੍ਰਮ'।

ਸੰਪਾਤੀ : ਗਿੱਧ ਦੀ ਸ਼ਕਲ ਦਾ ਇਕ ਪੰਛੀ ਜੋ ਜਟਾਯੂ (ਵੇਖੋ) ਦਾ ਵੱਡਾ ਭਰਾ ਸੀ। ਪੁਰਾਤਨ ਸਾਹਿੱਤ ਵਿਚ ਇਸ ਨੂੰ ਗਰੁੜ ਦਾ ਪੁੱਤਰ ਮੰਨਿਆ ਗਿਆ ਹੈ ਅਤੇ ਕਿਤੇ-ਕਿਤੇ ਅਰੁਣ ਨੂੰ ਇਨ੍ਹਾਂ ਦਾ ਪਿਤਾ ਦਸਿਆ ਗਿਆ ਹੈ। 'ਬਾਲਮੀਕੀ ਰਾਮਾਇਣ' (ਕਿਸ਼ਕਿੰਧਾ ਕਾਂਡ) ਅਨੁਸਾਰ ਵ੍ਰਿੱਤਾਸੁਰ ਨੂੰ ਮਾਰਨ ਉਪਰੰਤ ਦੋਵੇਂ ਭਰਾ ਇਤਨੇ ਹੰਕਾਰੇ ਗਏ ਕਿ ਇਨ੍ਹਾਂ ਨੇ ਆਕਾਸ਼ ਵਿਚ ਉੱਡ ਕੇ ਸੂਰਜ ਦਾ ਵਿੰਧਿਆਚਲ ਤਕ ਪਿਛਾ ਕਰਨਾ ਚਾਹਿਆ। ਸੂਰਜ ਦੀ ਤਪਸ਼ ਨਾਲ ਜਟਾਯੂ ਦੇ ਖੰਭ ਸੜਨ ਲਗੇ। ਸੰਪਾਤੀ ਨੇ ਜਟਾਯੂ ਨੂੰ ਆਪਣੇ ਖੰਭਾਂ ਹੇਠ ਕਰ ਲਿਆ। ਅਜਿਹਾ ਕਰਨ ਨਾਲ ਜਟਾਯੂ ਤਾਂ ਬਚ ਗਿਆ, ਪਰ ਸੰਪਾਤੀ

ਦੇ ਖੰਭ ਸੜ ਗਏ ਅਤੇ ਉਹ ਉੱਡਣੋਂ ਅਸਮਰਥ ਹੋ ਜਾਣ ਕਾਰਨ ਵਿੰਧਿਆਚਲ ਉਤੇ ਜਾ ਡਿਗਿਆ। ਖੰਭ ਸੜ ਜਾਣ ਕਾਰਣ ਇਹ ਉਥੇ ਹੀ ਬੈਠਾ ਰਹਿੰਦਾ ਅਤੇ ਇਸ ਦਾ ਪੁੱਤਰ ਸੁਪਾਰਸ਼ਵ ਹੀ ਇਸ ਲਈ ਭੋਜਨ ਲਿਆਉਂਦਾ।

ਇਕ ਦਿਨ ਸੁਪਾਰਸ਼ਵ ਨੇ ਆ ਕੇ ਦਸਿਆ ਕਿ ਕੋਈ ਰਾਖਸ਼ ਇਕ ਸੁੰਦਰ ਇਸਤਰੀ ਨੂੰ ਉਠਾ ਕੇ ਭਜੀ ਜਾ ਰਿਹਾ ਸੀ ਜੋ 'ਹਾ ਰਾਮ, ਹਾ ਲੱਛਮਣ' ਕਹਿੰਦੀ ਹੋਈ ਵਿਰਲਾਪ ਕਰ ਰਹੀ ਸੀ। ਇਸੇ ਦੌਰਾਨ ਅੰਗਦ ਅਤੇ ਹਨੂਮਾਨ ਆਪਣੀ ਬਾਂਦਰ ਸੈਨਾ ਸਹਿਤ ਸੀਤਾ ਨੂੰ ਲਭਦਿਆਂ ਸੰਪਾਤੀ ਕੋਲ ਪਹੁੰਚੇ। ਉਨ੍ਹਾਂ ਤੋਂ ਆਪਣੇ ਭਰਾ ਜਟਾਯੂ ਦੇ ਮਾਰੇ ਜਾਣ ਦਾ ਸਮਾਚਾਰ ਸੁਣ ਕੇ ਸੰਪਾਤੀ ਬਹੁਤ ਦੁੱਖੀ ਹੋਇਆ। ਇਸ ਨੇ ਉਨ੍ਹਾਂ ਨੂੰ ਰਾਵਣ ਦੁਆਰਾ ਸੀਤਾ ਦੇ ਅਪਹਰਣ ਦੀ ਗੱਲ ਦਸੀ ਅਤੇ ਲੰਕਾ ਵਿਚ ਪਹੁੰਚਣ ਦਾ ਰਾਹ ਵੀ ਦਸਿਆ। ਅਜਿਹੀ ਸੂਚਨਾ ਦੇਣ ਕਾਰਣ ਇਸ ਦੇ ਖੰਭ ਫਿਰ ਜੰਮ ਪਏ ਅਤੇ ਬਿਲਕੁਲ ਠੀਕ ਹੋ ਕੇ ਉੱਡਣ ਦੇ ਸਮਰਥ ਹੋ ਗਿਆ। ਪੰਜਾਬੀ ਰਾਮ-ਕਾਵਿ ਵਿਚ ਇਸ ਦੇ ਉੱਲੇਖ ਮਿਲਦੇ ਹਨ।

ਸ਼ੰਭੂ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਸ਼ੰਮਨ : ਮੂਸਨ ਦਾ ਪਿਤਾ। ਵੇਖੋ 'ਮੂਸਨ'।

ਸ਼ੰਮੀ, ਦੇਵੀ : ਵੇਖੋ 'ਢੋਲਾ-ਸੰਮੀ'।

ਸ਼ੰਮੀ,ਨਾਚ : ਵੇਖੋ 'ਢੋਲਾ-ਸੰਮੀ'

ਸ਼ੰਮੀ, ਨਾਇਕਾ : ਵੇਖੋ 'ਢੋਲਾ-ਸੰਮੀ'।

ਸੂਣਵਤ-ਬੀਜ : ਇਹ ਸੰਸਕ੍ਰਿਤ ਦੇ 'ਸ਼ੋਣਿਤ-ਬੀਜ' ਜਾਂ 'ਸ਼ੋਣਿਤ-ਬਿੰਦੂ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ। 'ਸ਼ੋਣਿਤ' ਦਾ ਅਰਥ ਹੈ ਲਹੂ। ਇਸ ਤਰ੍ਹਾਂ 'ਸ਼ੋਣਿਤਬੀਜ' ਤੋਂ ਭਾਵ ਹੈ ਲਹੂ ਹੀ ਜਿਸ ਦੀ ਉਤਪੱਤੀ ਦਾ ਬੀਜ ਹੈ। ਇਹ ਸ਼ਬਦ 'ਦੇਵੀ ਭਾਗਵਤ ਪੁਰਾਣ' ਅਤੇ 'ਮਾਰਕੰਡੇਯ ਪੁਰਾਣ' ਵਿਚ ਇਕ ਅਜਿਹੇ ਦੈਂਤ/ਰਾਖਸ਼ ਦੇ ਨਾਂ ਵਜੋਂ ਵਰਤਿਆ ਮਿਲਦਾ ਹੈ ਜੋ ਆਪਣੇ ਹੀ ਲਹੂ ਦੀਆਂ ਬੂੰਦਾਂ ਤੋਂ ਹੋਰ ਆਪਣੇ ਵਰਗੇ ਸਸ਼ਕਤ ਰਾਖਸ਼ਾਂ ਨੂੰ ਜਨਮ ਦਿੰਦਾ ਹੈ। ਇਸ ਲਈ ਇਸ ਦਾ ਨਾਮਾਂਤਰ 'ਰਕਤ-ਬੀਜ' ਵੀ ਹੈ।

ਪੌਰਾਣਿਕ ਉਪਾਖਿਆਨਾਂ ਅਨੁਸਾਰ ਦੇਵੀ-ਦੈਂਤ ਯੁੱਧ ਵੇਲੇ ਦੈਂਤ-ਰਾਜਾ ਸ਼ੁੰਭ ਨੇ ਪਹਿਲਾਂ ਚੰਡ-ਮੁੰਡ ਨਾਂ ਦੇ ਦੋ ਦੈਂਤ ਭਰਾ ਭੇਜੇ। ਉਨ੍ਹਾਂ ਦੇ ਮਰਨ ਉਪਰੰਤ ਦੈਂਤਾਂ ਵਲੋਂ ਰਕਤ-ਬੀਜ ਨਾਂ ਦਾ ਅਤਿ ਬਲਵਾਨ ਦੈਂਤ ਯੁੱਧ-ਭੂਮੀ ਵਿਚ ਨਿਤਰਿਆ। ਦੇਵੀ ਦੁਆਰਾ ਉਸ ਦੇ ਘਾਇਲ ਹੋਣ ਤੇ ਉਸ ਦੇ ਲਹੂ ਦੀਆਂ ਬੂੰਦਾਂ ਵਿਚੋਂ ਉਸੇ ਵਰਗੇ ਸ਼ਕਤੀਵਾਨ ਹੋਰ ਦੈਂਤ ਪੈਦਾ ਹੋਣ ਲਗ ਗਏ। ਉਨ੍ਹਾਂ ਦੇ ਨਾ ਮੁਕਣ ਤੇ ਚੰਡੀ ਨੇ ਕਾਲੀ ਦੇਵੀ ਨੂੰ ਕਿਹਾ ਕਿ ਉਹ ਰਕਤਬੀਜ ਦੇ ਸ਼ਰੀਰ ਵਿਚੋਂ ਨਿਕਲਿਆ ਲਹੂ ਪਾਨ ਕਰਦੀ ਜਾਏ ਅਤੇ ਜੇ ਉਸ ਦੇ ਮੂੰਹ ਵਿਚ ਕੋਈ ਹੋਰ ਦੈਂਤ ਪੈਦਾ ਹੋਏ ਤਾਂ ਉਸ ਨੂੰ ਵੀ ਖਾਂਦੀ ਜਾਏ। ਫਲਸਰੂਪ ਰਕਤਬੀਜ ਤੋਂ ਹੋਰ ਰਕਤਬੀਜ ਪੈਦਾ ਨਾ ਹੋ ਸਕੇ। ਰਕਤਬੀਜ ਦੇ ਸ਼ਰੀਰ ਵਿਚੋਂ ਜਦ ਬਹੁਤ ਲਹੂ ਵਹਿ ਗਿਆ ਤਾਂ ਉਹ ਕਮਜ਼ੋਰ ਹੋ ਕੇ ਡਿਗ ਪਿਆ ਅਤੇ ਮਾਰਿਆ ਗਿਆ।

'ਚੰਡੀ ਦੀ ਵਾਰ' ਵਿਚ ਇਸ ਦੈਂਤ ਦੇ ਯੁੱਧ ਦਾ ਵਰਣਨ ਹੈ। ਰਾਮਨਾਥ ਸ਼ੁਕਲਾ ਨੇ ਆਪਣੀ ਪੁਸਤਕ 'ਅਮਾਨਤ' ਦੀ ''ਵਿਰਸਾ'' ਨਾਂ ਦੀ ਕਵਿਤਾ ਵਿਚ ਖਾੜਕੂ ਜੁਝਾਰੂਆਂ ਦੇ ਸਰੂਪ ਅਤੇ ਸਥਿਤੀ ਨੂੰ ਸਪੱਸ਼ਟ ਕਰਦਿਆਂ ਇਸ ਸੰਦਰਭ ਦੀ ਵਰਤੋਂ ਕੀਤੀ ਹੈ—'ਇਹ ਸ੍ਰੋਣਵਤਬੀਜ, ਨਹੀਂ ਹਨ ਕਮਲਿਓ/ਪਰ ਇਨ੍ਹਾਂ ਦੀ ਇਕ ਰਕਤਬੂੰਦ ਨਾਲ/ਇਕ ਹੋਰ ਬੀਜ ਉਗਦਾ ਹੈ।'

ਸ੍ਰੀ, ਦੇਵੀ : ਲਕ੍ਸ਼ਮੀ ਦੇਵੀ ਦਾ ਇਕ ਨਾਮਾਂਤਰ। ਵੇਖੋ 'ਲੱਛਮੀ, ਦੇਵੀ'।

ਸ੍ਰੀਚੰਦ : ਵੇਖੋ 'ਸਿਰੀਚੰਦ ਬਾਬਾ'।

ਸ੍ਰੁਤਿ/ਸ੍ਰੁਤੀ : ਵੇਖੋ 'ਵੇਦ'।

ਹ

ਹਸਨ-ਅਬਦਾਲ : ਵੇਖੋ 'ਪੰਜਾ-ਸਾਹਿਬ'।

ਹਸਨ, ਇਮਾਮ : ਇਹ ਮੁਸਲਮਾਨਾਂ ਦੇ ਚੌਥੇ ਖ਼ਲੀਫ਼ਾ ਹਜ਼ਰਤ ਅਲੀ ਦੇ ਘਰ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਫ਼ਾਤਿਮਾ ਦੀ ਕੁੱਖੋਂ 1 ਮਾਰਚ, 625 ਈ. ਨੂੰ ਮਦੀਨੇ ਵਿਚ ਪੈਦਾ ਹੋਇਆ। ਵੱਡਾ ਪੁੱਤਰ ਹੋਣ ਨਾਤੇ ਆਪਣੇ ਪਿਤਾ ਦੀ ਮੌਤ ਤੋਂ ਬਾਦ ਇਹ ਪੰਜਵਾਂ ਖ਼ਲੀਫ਼ਾ ਬਣਿਆ। ਇਹ ਨੇਕ ਸੁਭਾ ਵਾਲਾ ਇਕ ਦਿਆਲੂ ਵਿਅਕਤੀ ਸੀ, ਪਰ ਯੁੱਧ-ਕਲਾ ਵਿਚ ਵੀ ਬਹੁਤ ਨਿਪੁਣ ਸੀ। ਆਪਣੇ ਖ਼ਿਲਾਫ਼ਤ-ਕਾਲ ਵਿਚ ਹਜ਼ਰਤ ਅਲੀ ਵਲੋਂ ਲੜੀਆਂ ਗਈਆਂ ਦੋਹਾਂ ਜੰਗਾਂ ਵਿਚ ਇਸ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀ ਬਹਾਦਰੀ ਦੇ ਕਾਰਨਾਮੇ ਵਿਖਾਏ। ਇਸ ਨੇ ਛੇ ਮਹੀਨਿਆਂ ਬਾਦ ਖ਼ਿਲਾਫ਼ਤ ਦਾ ਕਾਰਜ-ਭਾਰ ਮੁਆਵੀਆ ਦੇ ਹੱਕ ਵਿਚ ਛੱਡ ਕੇ ਆਪ ਮਦੀਨੇ ਚਲਾ ਗਿਆ। ਉਥੋਂ ਜਾਣ ਤੇ ਇਸ ਦੀ ਪਤਨੀ 'ਜ਼ਆਦਹ' ਮੁਆਵੀਆ ਦੇ ਪੁੱਤਰ ਯਜ਼ੀਦ ਦੇ ਪ੍ਰਭਾਵ ਵਿਚ ਆ ਗਈ ਅਤੇ ਯਜ਼ੀਦ ਨਾਲ ਵਿਆਹ ਕਰਾਉਣ ਦੇ ਮੋਹ ਵਸ ਉਸ ਨੇ ਹਸਨ ਨੂੰ ਜ਼ਹਿਰ ਦੇ ਕੇ 17 ਮਾਰਚ, 669 ਈ. ਨੂੰ ਮਾਰ ਦਿੱਤਾ। ਉਸ ਤੋਂ ਅਜਿਹਾ ਘਿਰਣਿਤ ਕਰਮ ਕਰਵਾਉਣ ਦੇ ਬਾਵਜੂਦ ਯਜ਼ੀਦ ਨੇ ਇਸ ਨਾਲ ਵਿਆਹ ਨਾ ਕੀਤਾ। ਗ਼ੁਲਾਮ ਫ਼ਰੀਦ ਨੇ ਇਸ ਸਾਕੇ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਸ਼ਾਹ ਹਸਨ ਕੂੰ ਸ਼ਹਿਰ ਮਦੀਨੇ, ਜ਼ਹਿਰ ਦਾ ਜਾਮ ਪਿਲਾਇਆ।'

ਹਸਨ ਦੇ ਪੰਦਰ੍ਹਾਂ ਪੁੱਤਰ ਅਤੇ ਪੰਜ ਧੀਆਂ ਸਨ। ਇਸ ਦੇ ਛੋਟੇ ਭਰਾ ਦਾ ਨਾਂ ਹੁਸੈਨ (ਵੇਖੋ) ਸੀ ਜਿਸ ਨੂੰ ਯਜ਼ੀਦ ਦੀ ਫ਼ੌਜ ਨੇ ਕਰਬਲਾ ਦੇ ਮੈਦਾਨ ਵਿਚ ਸ਼ਹੀਦ ਕੀਤਾ। ਇਨ੍ਹਾਂ ਦੀ ਸੰਤਾਨ ਨੂੰ 'ਸੱਯਦ' ਅਥਵਾ 'ਮੀਰ' ਕਿਹਾ ਜਾਂਦਾ ਹੈ ਅਤੇ ਹਜ਼ਰਤ ਮੁਹੰਮਦ ਦੀ ਕੁਲ ਵਿਚੋਂ ਹੋਣ ਕਾਰਣ ਮੁਸਲਮਾਨਾਂ ਵਿਚ ਵਿਸ਼ੇਸ਼ ਰੂਪ ਵਿਚ ਸਮਾਦ੍ਰਿਤ ਹਨ।

ਹਕੀਕਤ : ਸੂਫ਼ੀ ਚਤੁਰਾਂਗ ਮਾਰਗ ਦਾ ਚੌਥਾ ਪੜਾ। ਵੇਖੋ 'ਸੂਫ਼ੀਮਤ'।

ਹਕੀਕਤ ਰਾਇ, ਸ਼ਹੀਦ : ਆਪਣੇ ਧਰਮ ਨੂੰ ਨਾ ਛੱਡਣ ਕਾਰਣ ਸ਼ਹੀਦ ਹੋਣ ਵਾਲੇ ਹਕੀਕਤ ਰਾਇ ਦਾ ਜਨਮ ਸਿਆਲਕੋਟ ਵਿਚ ਸੰਨ 1716 ਈ. (ਕਤਕ ਵਦੀ 2, ਸੰ. 1773 ਬਿ.) ਵਿਚ ਹੋਇਆ। ਇਸ ਦੇ ਬਜ਼ੁਰਗ ਕਸੂਰ ਦੇ ਪੁਰੀ ਖਤਰੀ ਸਨ ਜੋ ਉਥੋਂ ਸਿਆਲਕੋਟ ਜਾ ਵਸੇ ਸਨ। ਇਸ ਦਾ ਦਾਦਾ ਨੰਦ ਲਾਲ ਸੱਤਵੇਂ ਗੁਰੂ ਸ੍ਰੀ ਹਰਿ ਰਾਇ ਜੀ ਦਾ ਸਿੱਖ ਸੀ। ਉਸ ਦੇ ਘਰ ਦੋ ਪੁੱਤਰ ਪੈਦਾ ਹੋਏ ਜਿਨ੍ਹਾਂ ਦੇ ਨਾਂ ਭਾਗ ਮੱਲ ਅਤੇ ਬਾਘ (ਬਾਗ) ਮੱਲ ਸਨ। ਇਨ੍ਹਾਂ ਦੋਹਾਂ ਦਾ ਵਿਆਹ ਭਾਈ ਘਨ੍ਹੀਆ ਦੀਆਂ ਦੋ ਪੁੱਤਰੀਆਂ ਅਤੇ ਭਾਈ ਲੱਛੀ ਰਾਮ ਸਿੰਘ ਦੀਆਂ ਪੁੱਤਰੀਆਂ, ਕ੍ਰਮਵਾਰ ਗੋਰਾਂ ਅਤੇ ਕੋਰਾਂ, ਨਾਲ ਹੋਇਆ। ਹਕੀਕਤ ਰਾਇ ਦਾ ਜਨਮ ਬਾਘ ਮੱਲ ਦੇ ਘਰ ਕੋਰਾਂ ਦੀ ਕੁੱਖੋਂ ਹੋਇਆ। ਦਸ ਸਾਲ ਦੀ ਉਮਰ ਵਿਚ ਇਸ ਦਾ ਵਿਆਹ ਬਟਾਲੇ ਦੇ ਨਿਵਾਸੀ ਭਾਈ ਕ੍ਰਿਸ਼ਨ ਸਿੰਘ ਦੀ ਪੁੱਤਰੀ ਬੀਬੀ ਨੰਦੀ ਜਾਂ ਨੰਦ ਕੋਰ ਨਾਲ ਹੋਇਆ। ਉਸ ਨੂੰ ਹਕੀਕਤ ਰਾਇ ਦੀ ਸ਼ਹਾਦਤ ਤੋਂ ਬਾਦ ਦੁਰਗਾ ਦਾ ਅਵਤਾਰ ਸਮਝਿਆ ਜਾਣ ਲਗਿਆ। ਇਸ ਕਰਕੇ ਉਸ ਦਾ ਇਕ ਨਾਮਾਂਤਰ 'ਦੁਰਗਾ' ਵੀ ਪ੍ਰਸਿੱਧ ਹੋਇਆ।

ਹਕੀਕਤ ਰਾਇ ਸਿਆਲਕੋਟ ਦੀ ਇਕ ਮਸੀਤ ਵਿਚ ਪੜ੍ਹਿਆ ਕਰਦਾ ਸੀ। ਇਕ ਵਾਰ ਕਿਸੇ ਮੁਸਲਮਾਨ ਬਾਲਕ ਦੁਆਰਾ ਦੁਰਗਾ ਦੇਵੀ ਪ੍ਰਤਿ ਅਪਮਾਨਜਨਕ ਸ਼ਬਦ ਕਹਿਣ ਤੇ ਹਕੀਕਤ ਰਾਇ ਨੇ ਵਿਰੋਧ ਕੀਤਾ ਅਤੇ ਕਿਹਾ ਕਿ ਜੇ ਅਜਿਹੇ ਸ਼ਬਦ ਬੀਬੀ ਫ਼ਾਤਿਮਾ (ਹਜ਼ਰਤ ਮੁਹੰਮਦ ਦੀ ਪੁੱਤਰੀ) ਪ੍ਰਤਿ ਕਹੇ ਜਾਣ ਤਾਂ ਉਦੋਂ ਮੁਸਲਮਾਨ ਬਾਲਕਾਂ ਨੂੰ ਕਿਹੋ ਜਿਹਾ ਲਗੇਗਾ। ਆਪਸ ਵਿਚ ਗਰਮਾ-ਗਰਮੀ ਹੋਣ ਕਾਰਣ ਮਾਮਲਾ ਕਾਜ਼ੀ ਪਾਸ ਪੇਸ਼ ਹੋਇਆ। ਉਸ ਨੇ ਹਕੀਕਤ ਰਾਇ ਦੇ ਬੋਲਾਂ ਨੂੰ ਇਸਲਾਮ ਦਾ ਅਪਮਾਨ ਮੰਨ ਕੇ ਸਾਰਾ ਮਾਮਲਾ ਲਾਹੌਰ ਦੇ ਹਾਕਮ ਜ਼ਕਰੀਆ ਖ਼ਾਂ ਸਾਹਮਣੇ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਜ਼ਕਰੀਆ ਖ਼ਾਂ ਨੇ ਹਕੀਕਤ ਰਾਇ ਨੂੰ ਮੌਤ ਦੀ ਸਜ਼ਾ ਪ੍ਰਵਾਨ ਕਰਨ ਅਥਵਾ ਮੁਸਲਮਾਨ ਬਣਨ ਲਈ ਕਿਹਾ। ਹਕੀਕਤ ਰਾਇ ਨੇ ਸਜ਼ਾਇ-ਮੌਤ ਨੂੰ ਸਵੀਕਾਰ ਕੀਤਾ। ਸਿੱਟੇ ਵਜੋਂ ਇਸ ਨੂੰ ਲਾਹੌਰ ਦੇ ਨਖ਼ਾਸ ਬਾਜ਼ਾਰ ਵਿਚ ਕਤਲ ਕੀਤਾ ਗਿਆ। ਇਸ ਦਾ ਦਾਹ-ਸੰਸਕਾਰ ਕੋਟ ਖ਼੍ਵਾਜਾ ਸੱਯਦ ਦੇ ਪੂਰਵ ਵਲ ਬਾਗ਼-ਬਾਨਪੁਰਾ ਤੋਂ ਲਗਭਗ ਦੋ ਕਿ. ਮੀ. ਦੀ ਦੂਰੀ ਉਤੇ ਕੀਤਾ ਗਿਆ। ਇਹ ਘਟਨਾ ਮਹਾਨ ਕੋਸ਼ਕਾਰ ਅਨੁਸਾਰ ਸੰਨ 1841 ਈ. (ਮਾਘ ਸੁਦੀ 5, 1798 ਬਿ.) ਨੂੰ ਹੋਈ ਅਤੇ ਗਿਆਨੀ ਗਰਜਾ ਸਿੰਘ ਅਨੁਸਾਰ ਸੰਮਤ 1801 ਬਿ. ਵਿਚ ਹੋਈ। ਸਸਕਾਰ ਵਾਲੀ ਥਾਂ ਤੇ ਬਾਦ ਵਿਚ ਸਮਾਧ ਉਸਾਰੀ ਗਈ।

ਹਕੀਕਤ ਰਾਇ ਦੀ ਸ਼ਹਾਦਤ ਤੋਂ ਬਾਦ ਇਸ ਦੀ ਮਾਤਾ ਚਿਤਾ ਵਿਚੋਂ ਕੁਝ ਸੁਆਹ ਕੱਢ ਕੇ ਆਪਣੇ ਨਾਲ ਸਿਆਲਕੋਟ ਲੈ ਗਈ ਅਤੇ ਉਥੇ ਪੁੱਤਰ ਦੀ ਯਾਦ ਵਿਚ ਇਕ ਸਮਾਧ ਬਣਵਾਈ। ਪਾਕਿਸਤਾਨ ਬਣਨ ਤੋਂ ਪਹਿਲਾਂ ਲਾਹੌਰ ਅਤੇ ਸਿਆਲਕੋਟ ਵਾਲੀਆਂ ਸਮਾਧਾਂ ਤੇ ਹਰ ਬਸੰਤ-ਪੰਚਮੀ ਨੂੰ ਹਕੀਕਤ ਰਾਇ ਦੀ ਯਾਦ ਵਿਚ ਭਾਰੀ ਇਕੱਠ ਹੁੰਦਾ ਸੀ। ਪੰਜਾਬੀ ਵਿਚ ਇਸ ਸਾਕੇ ਸੰਬੰਧੀ ਅਗਰਾ ਦੀ ਲਿਖੀ ਵਾਰ ਬਹੁਤ ਪ੍ਰਸਿੱਧ ਹੈ। ਮਾਲਵੇ ਦੇ ਕਵੀਸ਼ਰਾਂ ਨੇ ਵੀ ਇਸ ਘਟਨਾ ਬਾਰੇ ਕਈ ਪ੍ਰਸੰਗ ਲਿਖੇ ਹਨ।

ਹੱਜ : ਮੁਸਲਮਾਨਾਂ ਦੇ ਪੰਜ ਅਹਿਮ ਧਰਮ-ਕਰਮਾਂ ਵਿਚੋਂ ਇਕ। ਅਰਬੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਯਾਤ੍ਰਾ, ਜ਼ਿਆਰਤ; ਪਰ ਹਜ਼ਰਤ ਇਬਰਾਹੀਮ ਦੇ ਸਮੇਂ ਤੋਂ ਇਹ ਸ਼ਬਦ 'ਕਾਅਬਾ' ਦੀ ਯਾਤ੍ਰਾ ਲਈ ਰੂੜ੍ਹ ਹੋ ਗਿਆ ਹੈ। ਇਕ ਰੱਬ ਵਿਚ ਯਕੀਨ ਰੱਖਣ ਵਾਲੇ ਇਬਰਾਹੀਮ ਨੇ ਜਦੋਂ ਹੋਰ ਕਿਸੇ ਸੱਤਾ ਨੂੰ ਮੰਨਣੋਂ ਇਨਕਾਰ ਕਰ ਦਿੱਤਾ ਤਾਂ ਅੱਲ੍ਹਾ ਨੇ ਉਸ ਨੂੰ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦੀ ਆਜ਼ਮਾਇਸ਼ ਵਿਚ ਪਾਇਆ। ਹਜ਼ਰਤ ਇਬਰਾਹੀਮ ਵਲੋਂ ਦਿੱਤੀ ਕੁਰਬਾਨੀ ਦੇ ਮਕਬੂਲ ਹੋ ਜਾਣ ਤੇ ਅੱਲ੍ਹਾ ਵਲੋਂ ਉਸ ਨੂੰ ਵਿਸ਼ਵ-ਇਮਾਮ ਬਣਾਏ ਜਾਣ ਦਾ ਫ਼ੈਸਲਾ ਸੁਣਾਇਆ ਗਿਆ। ਤਦਉਪਰੰਤ ਇਬਰਾਹੀਮ ਅਤੇ ਇਸਮਾਈਲ ਨੇ ਮਿਲ ਕੇ ਜਿਸ ਥਾਂ ਤੋਂ ਵਿਸ਼ਵ ਵਿਆਪੀ ਅੰਦੋਲਨ ਦਾ ਸੰਚਾਲਨ ਕੀਤਾ, ਉਹ 'ਕਾਅਬਾ' ਨਾਂ ਨਾਲ ਪ੍ਰਸਿੱਧ ਹੋਇਆ। ਇਸ ਥਾਂ ਨਾਲ ਇਹ ਧਾਰਮਿਕ ਮਹੱਤਵ ਸਥਾਪਿਤ ਕੀਤਾ ਗਿਆ ਕਿ ਰੱਬ ਵਿਚ ਯਕੀਨ ਰੱਖਣ ਵਾਲੇ ਸਾਰੇ ਲੋਕ ਇਥੇ ਆ ਕੇ ਰੱਬ ਦੀ ਭਗਤੀ ਕਰਨ ਅਤੇ ਪਰਤ ਕੇ ਇਸਲਾਮ ਦਾ ਪ੍ਰਚਾਰ ਦੂਰ ਦੁਰਾਡੇ ਦੇਸ਼ਾਂ ਵਿਚ ਕਰਨ। ਇਹੀ ਮਨੋਰਥ ਹੁਣ ਤਕ ਇਸ ਯਾਤ੍ਰਾ ਦਾ ਮੂਲ-ਉੱਦੇਸ਼ ਚਲਿਆ ਆ ਰਿਹਾ ਹੈ। ਹਰ ਇਕ ਮੁਸਲਮਾਨ ਲਈ ਜੀਵਨ ਭਰ ਵਿਚ ਇਕ ਵਾਰ ਹੱਜ ਕਰਨੀ ਜ਼ਰੂਰੀ ਮੰਨੀ ਗਈ ਹੈ।

ਹੱਜ, ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ (ਜ਼ੁਲਹਿਜਾਹ) ਵਿਚ ਕੀਤੀ ਜਾਂਦੀ ਹੈ। ਜਦੋਂ ਹੱਜ ਕਰਨ ਵਾਲਾ ਵਿਅਕਤੀ ਮੱਕਾ ਸ਼ਰੀਫ਼ ਦੇ ਨੇੜੇ ਪਹੁੰਚ ਜਾਂਦਾ ਹੈ ਤਾਂ ਪਹਿਲੇ ਬਸਤ੍ਰ ਉਤਾਰ ਕੇ ਅਤੇ ਇਸ਼ਨਾਨ ਕਰਕੇ ਕੇਵਲ ਦੋ ਚਾਦਰਾਂ (ਏਹਰਾਮ) ਧਾਰਣ ਕਰਦਾ ਹੈ, ਇਕ ਤੇੜ ਅਤੇ ਦੂਜੀ ਸ਼ਰੀਰ ਉਤੇ। ਰੱਬ ਦੀ ਉਸਤਤ ਕਰਦਾ ਅਤੇ ਉਸ ਨੂੰ ਲਾਸ਼ਰੀਕ ਮੰਨਦਾ ਹੋਇਆ ਜਦੋਂ ਉਹ ਕਾਅਬੇ ਪਾਸ ਪਹੁੰਚਦਾ ਹੈ ਤਾਂ ਪਹਿਲਾਂ ਇਸ਼ਨਾਨ ਕਰਦਾ ਹੈ ਫਿਰ 'ਸੰਗਿ-ਅਸਵਦ' (ਕਾਲੇ ਪੱਥਰ) ਨੂੰ ਹਰ ਵਾਰ ਚੁੰਮ ਕੇ ਕਾਅਬੇ ਨੂੰ ਖੱਬੇ ਹੱਥ ਰਖਦਿਆਂ ਉਸ ਦੀਆਂ ਸੱਤ ਪਰਿਕ੍ਰਮਾਂ ਕਰਦਾ ਹੈ ਜਿਨ੍ਹਾਂ ਵਿਚੋਂ ਤਿੰਨ ਵਾਰ ਤੇਜ਼ ਗਤੀ ਨਾਲ ਅਤੇ ਚਾਰ ਵਾਰ ਧੀਮੀ ਚਾਲ ਨਾਲ। ਇਸ ਤੋਂ ਬਾਦ ਕੀਤੇ ਜਾਣ ਵਾਲੇ ਹੋਰ ਧਾਰਮਿਕ ਕਰਮ ਨੌਵੀਂ ਤਿਥੀ ਤਕ ਸਮਾਪਤ ਕਰ ਲਏ ਜਾਂਦੇ ਹਨ। ਦਸਵੀਂ ਤਿਥੀ ਨੂੰ ਕਿਸੇ ਪਸ਼ੂ ਦੀ ਕੁਰਬਾਨੀ ਦਿੱਤੀ ਜਾਂਦੀ ਹੈ ਅਤੇ ਸ਼ੈਤਾਨ ਦੇ ਸਥਾਨ ਉਤੇ ਸੱਤ ਪੱਥਰ/ਰੋੜੇ ਸੁਟੇ ਜਾਂਦੇ ਹਨ। ਇਸ ਉਪਰੰਤ ਤਿੰਨ ਦਿਨ ਮੱਕੇ ਠਹਿਰ ਕੇ ਮੁੰਡਨ ਕਰਵਾਇਆ ਜਾਂਦਾ ਹੈ, ਨਹੁੰ ਉਤਰਵਾਏ ਜਾਂਦੇ ਹਨ ਅਤੇ ਆਪਣੀ ਇੱਛਾ ਅਨੁਸਾਰ ਨਵੇਂ ਬਸਤ੍ਰ ਧਾਰਣ ਕੀਤੇ ਜਾਂਦੇ ਹਨ। ਫਿਰ ਕਾਅਬੇ ਦੀ ਪਰਿਕ੍ਰਮਾ ਕਰਕੇ, ਸ਼ੈਤਾਨ ਦੇ ਸਥਾਨ ਤੇ ਪੱਥਰ/ਰੋੜੇ ਸੁਟ ਕੇ ਅਤੇ ਚਾਹੇ-ਜ਼ਮਜ਼ਮ (ਜ਼ਮਜ਼ਮ ਨਾਂ ਦਾ ਖੂਹ) ਤੋਂ ਜਲ-ਪਾਨ ਕਰਕੇ, ਯਾਤ੍ਰੀ ਮੱਕੇ ਤੋਂ ਪ੍ਰਸਥਾਨ ਕਰਦਾ ਹੈ। ਇਸ ਸਾਰੀ ਯਾਤ੍ਰਾ-ਕਾਰਵਾਈ ਨੂੰ ਹੀ 'ਹੱਜ' ਮੰਨਿਆ ਜਾਂਦਾ ਹੈ। ਹੱਜ ਕਰਨ ਵਾਲੇ ਯਾਤ੍ਰੀ ਨੂੰ 'ਹਾਜੀ' ਕਿਹਾ ਜਾਂਦਾ ਹੈ।

ਕੁਝ ਇਸਲਾਮਿਕ ਧਰਮ-ਸ਼ਾਸਤ੍ਰੀਆਂ ਦਾ ਵਿਚਾਰ ਹੈ ਕਿ ਮੱਕੇ ਤੋਂ ਬਾਦ ਮਦੀਨੇ ਵਿਚਲੀ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਉਤੇ ਜਾ ਕੇ ਸ਼ਰਧਾ ਦੀ ਭਾਵਨਾ ਅਰਪਿਤ

ਕਰਨਾ ਵੀ ਹੱਜ ਦਾ ਇਕ ਅੰਗ ਅਤੇ ਆਖਰੀ ਪੜਾ ਹੈ।

ਮਰਯਾਦਾਵਾਦੀ ਮੁਸਲਮਾਨ ਜਾਂ ਮੋਮਿਨ ਇਸ ਧਰਮ-ਕਰਮ ਨੂੰ ਬਹੁਤ ਮਹੱਤਵ ਦਿੰਦੇ ਹਨ, ਪਰ ਸੰਤ ਲੋਕ ਹੱਜ ਦੇ ਰੂੜ੍ਹ ਰੂਪ ਦੀ ਥਾਂ ਇਸ ਪਿਛੇ ਕੰਮ ਕਰ ਰਹੀ ਸਾਤਵਿਕ ਭਾਵਨਾ ਨੂੰ ਮਨ ਵਿਚ ਵਸਾਉਣ ਦੀ ਗੱਲ ਉਤੇ ਬਲ ਦਿੰਦੇ ਹਨ। ਸੰਤ ਕਬੀਰ ਅਨੁਸਾਰ—'ਸੇਖ ਸਬੂਰੀ ਬਾਹਰਾ, ਕਿਆ ਹਜ ਕਾਬੇ ਜਾਇ ।/ਕਬੀਰ ਜਾਕੀ ਦਿਲ ਸਾਬਤਿ ਨਹੀ, ਤਾ ਕਉ ਕਹਾ ਖੁਦਾਇ' (ਅ. ਗ੍ਰੰ. 1374)। ਸੂਫ਼ੀ ਲੋਕ ਵੀ ਹੱਜ ਤੋਂ ਖੁਲ੍ਹ ਲੈਂਦੇ ਹਨ। ਅਲੀ ਹੈਦਰ ਤਾਂ ਮੀਨਾ ਬਾਜ਼ਾਰ ਵਿਚ ਮਹਿਬੂਬ ਦਾ ਦਰਸ਼ਨ ਕਰਕੇ ਹੀ ਸ੍ਰੇਸ਼ਠ ਹੱਜ ਦਾ ਮਹਾਤਮ ਪ੍ਰਾਪਤ ਕਰ ਲੈਂਦਾ ਹੈ—'ਅਲੀ ਹੈਦਰ ਅਕਬਰ ਹੱਜ ਥੀਆ ਮੈਂ ਵਿਚ ਮੀਨਾ ਬਾਜ਼ਾਰ ਦਾ ਉਂ'।

ਹਜਰੁਲ-ਅਸਵਦ : ਵੇਖੋ 'ਸੰਗਿ-ਅਸਵਦ'।

ਹਜ਼ੂਰ ਸਾਹਿਬ : ਦੱਖਣ ਭਾਰਤ ਦੇ ਆਂਧਰ ਪ੍ਰਦੇਸ਼ ਵਿਚ ਨਾਦੇੜ ਸਥਿਤ ਸਿੱਖਾਂ ਦਾ ਚੌਥਾ ਤਖ਼ਤ ਜੋ ਗੋਦਾਵਰੀ ਨਦੀ ਦੇ ਕੰਢੇ ਉਤੇ ਬਣਿਆ ਹੋਇਆ ਹੈ। ਇਥੇ ਗੁਰੂ ਗੋਬਿੰਦ ਸਿੰਘ ਨੇ 7 ਅਕਤੂਬਰ, 1708 ਈ. (ਕਤਕ ਸੁਦੀ 5, 1765 ਬਿ.) ਨੂੰ ਗ੍ਰੰਥ ਸਾਹਿਬ ਨੂੰ ਗੁਰੂ-ਪਦ ਪ੍ਰਦਾਨ ਕਰਕੇ ਮਹਾ-ਪ੍ਰਸਥਾਨ ਕੀਤਾ ਸੀ। ਜਿਸ ਥਾਂ ਤੇ ਗੁਰੂ ਸਾਹਿਬ ਦਾ ਅੰਗੀਠਾ ਤਿਆਰ ਕੀਤਾ ਗਿਆ, ਉਥੇ ਹੁਣ ਮੁੱਖ ਗੁਰੂ-ਧਾਮ ਬਣਿਆ ਹੋਇਆ ਹੈ ਜਿਸ ਨੂੰ 'ਤਖ਼ਤ ਸਾਹਿਬ' ਵੀ ਕਿਹਾ ਜਾਂਦਾ ਹੈ। ਅੰਗੀਠੇ ਵਾਲੀ ਥਾਂ ਤੇ ਬਣੇ ਅੰਦਰਲੇ ਕਮਰੇ ਵਿਚ ਕਈ ਇਤਿਹਾਸਿਕ ਸ਼ਸਤ੍ਰ ਪਏ ਹੋਏ ਹਨ ਜਿਨ੍ਹਾਂ ਦੇ ਦਰਸ਼ਨ ਹਰ ਰੋਜ਼ ਰਹਿਰਾਸ ਤੋਂ ਬਾਦ ਕਰਵਾਏ ਜਾਂਦੇ ਹਨ।

ਪ੍ਰੇਮੀ ਸ਼ਰਧਾਲੂਆਂ ਨੇ ਰਾਗ ਸੂਹੀ ਛੰਦ ਮਹਲਾ ੫ ਦੀ ਇਕ ਤੁਕ ('ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ') ਵਿਚ 'ਅਬਿਚਲ ਨਗਰੁ' ਦੇ ਅਨੁਕਰਣ ਤੇ ਇਸ ਗੁਰੂ-ਧਾਮ ਦਾ ਨਾਂ 'ਅਬਿਚਲ ਨਗਰ' ਪ੍ਰਸਿੱਧ ਕੀਤਾ ਹੈ, ਪਰ ਆਮ ਤੌਰ ਤੇ ਇਸ ਨੂੰ 'ਹਜ਼ੂਰ ਸਾਹਿਬ' ਕਿਹਾ ਜਾਂਦਾ ਹੈ। ਕਈ ਪ੍ਰੇਮੀ ਇਸ ਤੋਂ ਪਹਿਲਾਂ 'ਸੱਚਖੰਡ' ਪਦ ਵੀ ਜੋੜ ਦਿੰਦੇ ਹਨ—'ਸਚਖੰਡ ਹਜ਼ੂਰ ਸਾਹਿਬ'।

ਨਾਦੇੜ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਦਸ ਗੁਰਦੁਆਰੇ ਹਨ, ਜਿਵੇਂ ਸ਼ਿਕਾਰ ਘਾਟ, ਸੰਗਤ ਸਾਹਿਬ, ਹੀਰਾ ਘਾਟ, ਗੋਬਿੰਦ ਬਾਗ, ਨਗੀਨਾ ਘਾਟ, ਬੰਦਾ-ਸਥਾਨ, ਮਾਲਟੇਕਰੀ ਅਤੇ ਮਾਤਾ ਸਾਹਿਬ ਕੌਰ ਦਾ ਸਥਾਨ। ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਲੰਗਰ ਸਾਹਿਬ ਦੀ ਵੀ ਬਹੁਤ ਮਾਨਤਾ ਹੈ। ਤਖ਼ਤ ਸਾਹਿਬ ਦੇ ਪਰਿਸਰ ਵਿਚ ਮਾਈ ਭਾਗੋ ਦਾ ਬੁੰਗਾ ਅਤੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦਾ ਅੰਗੀਠਾ ਵੀ ਹੈ। ਤਖ਼ਤ ਸਾਹਿਬ ਉਤੇ ਵਿਸਾਖੀ, ਦੀਵਾਲੀ, ਹੋਲਾ-ਮਹੱਲਾ, ਗੁਰੂ ਗੋਬਿੰਦ ਸਿੰਘ ਦੇ ਜਨਮ ਅਤੇ ਜੋਤੀ-ਜੋਤਿ ਸਮਾਉਣ ਦੇ ਦਿਨ, ਗੁਰੂ ਨਾਨਕ ਦੇਵ ਦਾ ਜਨਮ ਦਿਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਗੁਰਿਆਈ-ਦਿਨ ਬੜੀ ਸ਼ਰਧਾ ਅਤੇ ਰੁਚੀ ਨਾਲ ਮੰਨਾਏ ਜਾਂਦੇ ਹਨ। ਹਰ ਸਾਲ ਲੱਖਾਂ ਸ਼ਰਧਾਲੂ ਇਸ ਧਰਮ-ਧਾਮ ਦੀ ਯਾਤ੍ਰਾ ਕਰਦੇ ਹਨ।

ਹਠ-ਯੋਗ : ਇਹ ਯੋਗ-ਸਾਧਨਾ ਦਾ ਇਕ ਭੇਦ ਹੈ। ਮਨੁੱਖ ਜਿਸ ਸਾਧਨਾ ਰਾਹੀਂ ਆਪਣੇ ਸ਼ਰੀਰਕ ਅੰਗਾਂ ਅਤੇ ਸੁਆਸਾਂ ਉਤੇ ਕਾਬੂ ਪਾ ਕੇ ਉਨ੍ਹਾਂ ਦਾ ਕੈਵਲ੍ਯ (ਮੁਕਤੀ) ਪ੍ਰਾਪਤੀ ਲਈ ਉਚਿਤ ਸੰਚਾਲਨ ਕਰਦਾ ਹੈ, ਉਹ 'ਹਠ-ਯੋਗ' ਹੈ। ਇਸ ਵਿਚ ਸੁਤੀ ਹੋਈ ਕੁੰਡਲਿਨੀ ਨੂੰ ਜਗਾ ਕੇ ਨਾੜੀ-ਮਾਰਗ ਰਾਹੀਂ ਛੇ ਚੱਕਰਾਂ ਵਿਚੋਂ ਲੰਘਾਉਂਦੇ ਹੋਇਆਂ ਬ੍ਰਹਮਰੰਧ੍ਰ ਤਕ ਲੈ ਜਾਇਆ ਜਾਂਦਾ ਹੈ।

ਡਾ. ਰਾਮ ਕੁਮਾਰ ਵਰਮਾ ਦੇ ਮਤ ਅਨੁਸਾਰ ਹਠ-ਯੋਗ ਦਾ ਸਾਰ-ਭੂਤ ਤੱਤ੍ਵ ਬਲ-ਪੂਰਵਕ (ਹਠ ਨਾਲ) ਈਸ਼ਵਰ ਨਾਲ ਮਿਲਣਾ ਹੈ। ਇਸ ਵਿਚ ਸ਼ਰੀਰਕ ਅਤੇ ਮਾਨਸਿਕ ਘਾਲਣਾ ਦੀ ਲੋੜ ਵਿਸ਼ੇਸ਼ ਰੂਪ ਵਿਚ ਪੈਂਦੀ ਹੈ। 'ਸਿੱਧ-ਸਿੱਧਾਂਤ-ਪੱਧਤਿ' ਦੇ ਆਧਾਰ 'ਤੇ 'ਹਠ ਯੋਗ ਪ੍ਰਦੀਪਿਕਾ' (ਸੰਸਕ੍ਰਿਤ ਟੀਕਾ) ਦੇ ਆਰੰਭ ਵਿਚ ਲਿਖਿਆ ਹੈ ਕਿ ਪਰਿਭਾਸ਼ਿਕ ਰੂਪ ਵਿਚ ਹਠ ਦਾ ਅਰਥ ਹੈ 'ਹ' (ਸੂਰਜ) ਅਤੇ 'ਠ' (ਚੰਦਰ) ਦਾ ਸੰਯੋਗ। ਸੂਰਜ ਅਤੇ ਚੰਦਰ ਦੇ ਵੀ ਵੱਖ-ਵੱਖ ਵਿਦਵਾਨਾਂ ਨੇ ਅਗੋਂ ਕਈ ਅਰਥ ਕੀਤੇ ਹਨ ਜਿਵੇਂ ਸੂਰਜ ਦਾ ਪ੍ਰਾਣ ਅਤੇ ਚੰਦਰ ਦਾ ਅਪਾਨ, ਜਾਂ ਸੂਰਜ ਦਾ ਪਿੰਗਲਾ ਅਤੇ ਚੰਦਰ ਦਾ ਇੜਾ। ਇਸ ਤਰ੍ਹਾਂ ਸਪੱਸ਼ਟ ਹੈ ਕਿ ਪਿੰਗਲਾ ਅਤੇ ਇੜਾ ਨਾੜੀਆਂ ਨੂੰ ਰੋਕ ਕੇ ਸੁਖਮਨਾ ਨਾੜੀ ਦੇ ਮਾਰਗ ਰਾਹੀਂ ਪ੍ਰਾਣ-ਵਾਯੂ ਨੂੰ ਸੰਚਾਰਿਤ ਕਰਨ ਦੀ ਸਾਧਨਾ 'ਹਠ-ਯੋਗ' ਹੈ।

ਗੁਰਬਾਣੀ ਵਿਚ ਹਠ-ਪੂਰਵਕ ਜਾਂ ਨਿਗ੍ਰਹ ਰਾਹੀਂ ਚਿਤ-ਵ੍ਰਿੱਤੀ ਦੇ ਨਿਰੋਧ ਨੂੰ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿੱਤੀ ਗਈ—'ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ।/ਨਾਨਕ ਸਹਜਿ ਮਿਲੇ ਜਗ ਜੀਵਨ ਸਤਿਗੁਰ ਬੂਝ ਬੁਝਾਈਐ' (ਅ. ਗ੍ਰੰ. 436); 'ਹਠ ਨਿਗ੍ਰਹੁ ਕਰਿ ਕਾਇਆ ਛੀਜੈ।/ਵਰਤੁ ਤਪਨੁ ਕਰਿ ਮਨੁ ਨਹੀ ਭੀਜੈ।/ਰਾਮ ਨਾਮ ਸਰਿ ਅਵਰੁ ਨ ਪੂਜੈ' (ਅ. ਗ੍ਰੰ. 905)।

ਹਠ-ਯੋਗ ਦੇ ਪ੍ਰਮੁਖ ਅੰਗਾਂ ਜਾਂ ਤੱਤ੍ਵਾਂ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਇਕ ਮਤ ਅਨੁਸਾਰ ਆਸਨ, ਪ੍ਰਾਣਾਯਾਮ, ਮੁਦ੍ਰਾ ਅਤੇ ਨਾਦ-ਅਨੁਸੰਧਾਨ ਹਠ-ਯੋਗ ਦੇ ਸਾਧਨ ਹਨ। ਦੂਜੇ ਮਤ ਅਨੁਸਾਰ ਇਨ੍ਹਾਂ ਅੰਗਾਂ ਦੀ ਗਿਣਤੀ ਸੱਤ ਹੈ– ਖਟ (ਛੇ) ਕਰਮ, ਆਸਨ, ਮੁਦ੍ਰਾ, ਪ੍ਰਤ੍ਯਾਹਾਰ, ਪ੍ਰਾਣਾਯਾਮ, ਧਿਆਨ ਅਤੇ ਸਮਾਧੀ। ਪਹਿਲੇ ਮਤ ਦੇ ਸਾਰੇ ਤੱਤ੍ਵਾਂ ਦੀ ਸਮਾਈ ਦੂਜੇ ਮਤ ਵਿਚ ਹੋਈ ਪ੍ਰਤੀਤ ਹੁੰਦੀ ਹੈ।

ਯੋਗ-ਸਾਧਨਾ ਵਿਚ ਆਮ ਤੌਰ ਤੇ ਹਠ-ਯੋਗ ਨੂੰ ਪਹਿਲੀ ਅਤੇ ਰਾਜ-ਯੋਗ (ਵੇਖੋ 'ਅਸ਼ਟਾਂਗ ਯੋਗ') ਨੂੰ ਦੂਜੀ ਪੌੜੀ ਮੰਨਿਆ ਜਾਂਦਾ ਹੈ। ਜਿਥੇ ਹਠ-ਯੋਗ ਦੀ ਸਾਧਨਾ ਖ਼ਤਮ ਹੁੰਦੀ ਹੈ, ਉਥੋਂ ਰਾਜ-ਯੋਗ ਦੀ ਸਾਧਨਾ ਆਰੰਭ ਹੁੰਦੀ ਹੈ। 'ਹਠ-ਯੋਗ ਪ੍ਰਦੀਪਿਕਾ' (2/76) ਅਨੁਸਾਰ ਹਠ-ਯੋਗ ਤੋਂ ਬਿਨਾ ਰਾਜ-ਯੋਗ ਅਤੇ ਰਾਜ–ਯੋਗ ਤੋਂ ਬਿਨਾ ਹਠ–ਯੋਗ ਦੀ ਸਿੱਧੀ ਨਹੀਂ ਹੋ ਸਕਦੀ।

ਹਠ-ਯੋਗ ਦੀ ਪ੍ਰਮੁਖ ਪ੍ਰਕ੍ਰਿਆ ਹੈ ਸੁਆਸ ਨੂੰ ਰੋਕ ਕੇ ਕੁੰਡਲਿਨੀ ਨੂੰ ਜਗਾਉਣਾ ਅਤੇ ਉਪਰ ਵਲ ਚਾਲਿਤ ਹੋਣ ਲਈ ਪ੍ਰੇਰਿਤ ਕਰਨਾ। ਮਨੁੱਖ ਦੇ ਸ਼ਰੀਰ ਵਿਚ ਕੁੰਡਲਿਨੀ ਸ਼ਕਤੀ (vagus nerve) ਗੁਦਾ ਅਤੇ ਲਿੰਗ ਜਾਂ ਯੋਨੀ ਵਿਚਾਲੇ, ਰੀੜ੍ਹ ਦੀ ਹੱਡੀ ਦੇ

ਹੇਠਾਂ, ਸੁਖਮਨਾ ਨਾੜੀ ਦੇ ਹੇਠਲੇ ਮੂੰਹ ਦੇ ਨੇੜੇ ਸੱਪ-ਵਾਂਗ ਸਾਢੇ ਤਿੰਨ ਕੁੰਡਲ ਮਾਰ ਕੇ ਸੁੱਤੀ ਹੋਈ ਅਵਸਥਾ ਵਿਚ ਨਿਵਾਸ ਕਰਦੀ ਹੈ। ਇਹ ਆਪਣੀ ਪੂਛਲ ਨੂੰ ਆਪਣੇ ਮੂੰਹ ਵਿਚ ਦਬੀ ਰਖਦੀ ਹੈ। ਇਸ ਦਾ ਮੂੰਹ ਹੇਠਾ ਵਲ ਹੁੰਦਾ ਹੈ । ਇਸ ਲਈ ਮਨੁੱਖ ਵਿਸ਼ ਵਾਸਨਾਵਾਂ ਦਾ ਦਾਸ ਹੁੰਦਾ ਹੈ ਅਤੇ ਉਸ ਦੀ ਸਾਰੀ ਸ਼ਕਤੀ ਹੇਠਾਂ ਵਲ ਝਰਦੀ ਰਹਿੰਦੀ ਹੈ। ਯੋਗੀ ਪ੍ਰਾਣਾਯਾਮ ਰਾਹੀਂ ਕੁੰਡਲਿਨੀ ਸ਼ਕਤੀ ਨੂੰ ਜਗਾ ਕੇ ਉਪਰ ਵਲ ਸੰਚਾਲਿਤ ਕਰਦਾ ਹੈ। ਜਾਗੀ ਹੋਈ ਕੁੰਡਲਿਨੀ ਸੂਖਮ ਸ਼ਰੀਰ ਦੇ ਛੇ ਚੱਕਰਾਂ (ਵੇਖੋ) ਨੂੰ ਵਿੰਨ੍ਹਦੀ ਹੋਈ ਬ੍ਰਹਮਰੰਧ੍ਰ ਤਕ ਪਹੁੰਚਦੀ ਹੈ। ਜਿਉਂ ਜਿਉਂ ਕੁੰਡਲਿਨੀ ਜਾਗ ਕੇ ਚੱਕਰਾਂ ਨੂੰ ਵਿੰਨ੍ਹਦੀ ਹੋਈ ਉਪਰ ਵਲ ਅਗੇ ਵਧਦੀ ਹੈ ਤਿਉਂ ਤਿਉਂ ਮਨ ਨੂੰ ਸ਼ਕਤੀਆਂ ਪ੍ਰਾਪਤ ਹੋਣ ਲਗ ਜਾਂਦੀਆਂ ਹਨ ਅਤੇ ਅੰਤ ਵਿਚ ਕੁੰਡਲਿਨੀ ਜਦੋਂ ਸਹਸ੍ਰਦਲ-ਕਮਲ ਵਿਚ ਪਹੁੰਚ ਜਾਂਦੀ ਹੈ, ਤਾਂ ਸਾਰੀਆਂ ਯੌਗਿਕ ਕ੍ਰਿਆਵਾਂ ਸਿੱਧ ਹੋ ਜਾਂਦੀਆਂ ਹਨ ਅਤੇ ਯੋਗੀ ਮਨ ਅਤੇ ਸ਼ਰੀਰ ਤੋਂ ਵੱਖ ਹੋ ਜਾਂਦਾ ਹੈ। ਇਸ ਅਵਸਥਾ ਵਿਚ ਆਤਮਾ ਪੂਰੀ ਤਰ੍ਹਾਂ ਸੁਤੰਤਰ ਹੋ ਜਾਂਦੀ ਹੈ ।

ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਅਨੁਸਾਰ ਜਦੋਂ ਕੁੰਡਲਿਨੀ ਜਾਗ ਕੇ ਉਪਰ ਵਲ ਉਠਦੀ ਹੈ ਤਾਂ ਉਦੋਂ ਜੋ ਆਵਾਜ਼ ਪੈਦਾ ਹੁੰਦੀ ਹੈ ਉਸ ਨੂੰ 'ਨਾਦ' ਕਿਹਾ ਜਾਂਦਾ ਹੈ। ਨਾਦ ਨਾਲ ਪ੍ਰਕਾਸ਼ ਹੁੰਦਾ ਹੈ ਅਤੇ ਪ੍ਰਕਾਸ਼ ਦਾ ਹੀ ਵਿਅਕਤ ਰੂਪ ਬਿੰਦੂ ਅਥਵਾ ਮਹਾਬਿੰਦੂ ਹੈ। ਇਹ ਬਿੰਦੂ ਤਿੰਨ ਤਰ੍ਹਾਂ ਦਾ ਹੁੰਦਾ ਹੈ—ਇੱਛਾ, ਗਿਆਨ ਅਤੇ ਕ੍ਰਿਆ । ਪਰਿਭਾਸ਼ਿਕ ਤੌਰ ਤੇ ਯੋਗੀ ਲੋਕ ਇਨ੍ਹਾਂ ਨੂੰ ਕਦੇ ਸੂਰਜ, ਚੰਦਰ ਅਤੇ ਅਗਨੀ ਆਖਦੇ ਹਨ ਅਤੇ ਕਦੇ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਕਹਿੰਦੇ ਹਨ। ਇਹ ਨਾਦ ਅਤੇ ਬਿੰਦੂ ਅਸਲੋਂ ਸੰਪੂਰਣ ਬ੍ਰਹਮੰਡ ਵਿਚ ਵਿਆਪਤ 'ਅਨਾਹਤ ਨਾਦ' ਜਾਂ 'ਅਨਹਦ ਨਾਦ' ਦਾ ਵਿਅਕਤੀ ਵਿਚ ਵਿਅਕਤ ਰੂਪ ਹੈ। ਅਰਥਾਤ ਜੋ ਨਾਦ ਅਨਾਹਤ ਭਾਵ ਨਾਲ ਸਾਰੇ ਵਿਸ਼ਵ ਵਿਚ ਵਿਆਪਤ ਹੈ, ਉਸੇ ਦਾ ਪ੍ਰਕਾਸ਼ ਜਦ ਵਿਅਕਤੀ ਵਿਚ ਹੁੰਦਾ ਹੈ ਤਾਂ ਉਸ ਨੂੰ ਨਾਦ ਅਤੇ ਬਿੰਦੂ ਆਖਦੇ ਹਨ ।

ਕੁੰਡਲਿਨੀ ਨੂੰ ਜਗਾਉਣ ਲਈ ਹਠ-ਯੋਗ ਵਿਚ ਨਾੜੀ-ਸਾਧਨਾ ਦਾ ਬਹੁਤ ਮਹੱਤਵ ਹੈ। ਵਾਯੂਆਂ ਦਾ ਸੰਚਾਰ ਨਾੜੀਆਂ ਰਾਹੀਂ ਹੁੰਦਾ ਹੈ। ਇਨ੍ਹਾਂ ਨਾੜੀਆਂ ਦੀ ਗਿਣਤੀ 'ਹਠਯੋਗ ਪ੍ਰਦੀਪਿਕਾ' (4/18) ਅਨੁਸਾਰ 72000 ਹੈ। ਕੁਝ ਪੁਸਤਕਾਂ ਵਿਚ ਇਸ ਤੋਂ ਅਧਿਕ ਵੀ ਮੰਨੀ ਗਈ ਹੈ। ਇਨ੍ਹਾਂ ਵਿਚੋਂ ਤਿੰਨ ਨਾੜੀਆਂ ਦਾ ਯੋਗ-ਸਾਧਨਾ ਵਿਚ ਵਿਸ਼ੇਸ਼ ਸਥਾਨ ਹੈ, ਜਿਵੇਂ—ਇੜਾ, ਪਿੰਗਲਾ, ਸੁਖਮਨਾ। ਇਨ੍ਹਾਂ ਰਾਹੀਂ ਹੀ ਕੁੰਡਲਿਨੀ ਜਾਗ੍ਰਿਤ ਹੋ ਕੇ ਬ੍ਰਹਮਰੰਧ੍ਰ ਵਲ ਉਪਰ ਨੂੰ ਚਲਦੀ ਹੈ। ਇਨ੍ਹਾਂ ਤਿੰਨਾਂ ਨੂੰ ਕਈ ਹੋਰ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਜਿਵੇਂ ਸੂਰਜ, ਚੰਦਰ ਅਤੇ ਅਗਨੀ, ਜਾਂ ਗੰਗਾ, ਯਮਨਾ ਅਤੇ ਸਰਸਵਤੀ। ਸੁਖਮਨਾ ਨੂੰ ਬ੍ਰਹਮ ਨਾੜੀ ਵੀ ਕਿਹਾ ਜਾਂਦਾ ਹੈ। ਇਹ ਸ਼ਿਵ ਅਤੇ ਸ਼ਕਤੀ ਦਾ ਮੇਲ ਕਰਾਉਂਦੀ ਹੈ। ਕੁੰਡਲਿਨੀ ਇਸੇ ਰਾਹੀਂ ਉਪਰ ਚੜ੍ਹਦੀ ਹੈ। ਇਹ ਮੂਲਾਧਾਰ ਚੱਕਰ ਤੋਂ ਬ੍ਰਹਮਰੰਧ੍ਰ ਤਕ ਫੈਲੀ ਹੋਈ ਹੈ। ਕੰਠ ਦੇ ਨੇੜੇ ਪਹੁੰਚਣ ਵੇਲੇ ਇਹ ਨਾੜੀ ਦੋ ਭਾਗਾਂ ਵਿਚ ਵੰਡੀ ਜਾਂਦੀ ਹੈ। ਇਸ ਦਾ ਇਕ ਭਾਗ ਤ੍ਰਿਕੁਟੀ ਵਲੋਂ ਅਤੇ ਦੂਜਾ

ਸਿਰ ਦੇ ਪਿਛੋਂ ਹੁੰਦਾ ਹੋਇਆ ਬ੍ਰਹਮਰੰਧ੍ਰ ਵਿਚ ਜਾ ਮਿਲਦਾ ਹੈ। ਇੜਾ ਨਾੜੀ ਸੁਖਮਨਾ ਦੇ ਖਬੇ ਪਾਸੇ ਮੂਲਾਧਾਰ ਤੋਂ ਖਬੀ ਨਾਸ ਤਕ ਫੈਲੀ ਹੋਈ ਹੈ। ਪਿੰਗਲਾ ਨਾੜੀ ਸੁਖਮਨਾ ਨਾੜੀ ਦੇ ਸਜੇ ਪਾਸੇ ਹੁੰਦੀ ਹੈ ਅਤੇ ਉਸ ਦਾ ਵਿਸਤਾਰ ਮੂਲਾਧਾਰ ਤੋਂ ਸਜੀ ਨਾਸ ਤਕ ਹੁੰਦਾ ਹੈ। ਇਹ ਨਾੜੀਆਂ ਅਸ਼ੁੱਧ ਹੁੰਦੀਆਂ ਹਨ। ਇਸ ਲਈ ਕੁੰਡਲਿਨੀ ਨੂੰ ਜਾਗ੍ਰਿਤ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਸ਼ੁੱਧੀ ਦੀ ਲੋੜ ਹੈ। ਨਾੜੀ-ਸ਼ੁੱਧੀ ਲਈ ਕਈ ਪ੍ਰਕਾਰ ਦੀਆਂ ਮੁਦ੍ਰਾਵਾਂ ਦਾ ਵਿਧਾਨ ਹੈ।

ਮੁਦ੍ਰਾਵਾਂ ਦਾ ਸੰਬੰਧ ਪ੍ਰਾਣਾਯਾਮ ਨਾਲ ਹੈ। ਇਨ੍ਹਾਂ ਨੂੰ 'ਬੰਧ' ਵੀ ਕਿਹਾ ਜਾਂਦਾ ਹੈ। ਅਨੇਕ ਪ੍ਰਕਾਰ ਦੀਆਂ ਮੁਦ੍ਰਾਵਾਂ ਵਿਚੋਂ ਵਿਸ਼ੇਸ਼ ਮਹੱਤਵਪੂਰਣ ਕੇਵਲ ਦਸ ਹਨ—ਮਹਾਮੁਦ੍ਰਾ, ਮਹਾਬੇਧ, ਮਹਾਬੰਧ, ਉਡਯਾਨ, ਮੂਲਬੰਧ, ਜਾਲੰਧਰਬੰਧ, ਵਿਪਰੀਤਕਰਣੀ, ਬਜ੍ਰੋਲੀ, ਸ਼ਕ੍ਤਿ ਚਾਲਨ ਅਤੇ ਖੇਚਰੀ (ਹਠਯੋਗ ਪ੍ਰਦੀਪਿਕਾ; 3/6-7)। ਇਨ੍ਹਾਂ ਵਿਚੋਂ 'ਖੇਚਰੀ' ਸਰਬੋਤਮ ਹੈ। ਖੇਚਰੀ ਮੁਦ੍ਰਾ ਦੀ ਸਿੱਧੀ ਲਈ ਯੋਗੀ ਨੂੰ ਪਹਿਲਾਂ ਸਿੱਧਾਸਨ ਵਿਚ ਬਹਿਣਾ ਪੈਂਦਾ ਹੈ। ਫਿਰ ਪ੍ਰਾਣਾਯਾਮ ਦੇ ਨਾਲ ਨਾਲ ਜੀਭ ਨੂੰ ਉਲਟ ਕੇ ਤਾਲੂ ਦੇ ਪਿਛੋਂ ਅਤੇ ਹਲਕ ਤੋਂ ਉਪਰ ਕਪਾਲ ਖੁਡ ਵਿਚ ਦਾਖਲ ਕਰਦਾ ਹੈ ਅਤੇ ਧਿਆਨ ਨੂੰ ਵੀ ਉਥੇ ਹੀ ਕੇਂਦ੍ਰਿਤ ਕਰਦਾ ਹੈ। ਇਸ ਮੁਦ੍ਰਾ ਰਾਹੀਂ ਸਹਸ੍ਰਦਲ ਕਮਲ ਸਥਿਤ ਚੰਦ੍ਰਮਾ ਤੋਂ ਝਰਿਆ ਅੰਮ੍ਰਿਤ ਪੀ ਕੇ ਯੋਗੀ ਅਮਰ ਹੋ ਜਾਂਦਾ ਹੈ। ਸੰਤਾ ਦੀ ਬਾਣੀ ਵਿਚ ਇਸ ਮੁਦ੍ਰਾ ਨੂੰ 'ਉਨਮਨਿ' ਕਿਹਾ ਗਿਆ ਹੈ। ਸੰਤ ਕਬੀਰ ਨੇ ਲਿਖਿਆ ਹੈ—'ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ।/ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ' (ਆ. ਗ੍ਰੰ. 333)

ਮਨੁੱਖ ਸ਼ਰੀਰ ਵਿਚ ਦਸ ਪ੍ਰਕਾਰ ਦੀਆਂ ਵਾਯੂਆਂ ਦੀ ਕਲਪਨਾ ਕੀਤੀ ਗਈ ਹੈ—ਪ੍ਰਾਣ, ਅਪਾਨ, ਸਮਾਨ, ਉਦਾਨ, ਵ੍ਯਾਨ, ਨਾਗ, ਕੂਰਮ, ਕ੍ਰਿਕਰ, ਦੇਵਦੱਤ, ਅਤੇ ਧਨੰਜਯ। ਇਹ ਵਾਯੂਆਂ ਨਾੜੀਆਂ ਵਿਚ ਸੰਚਾਰ ਕਰਕੇ ਸ਼ਰੀਰ ਵਿਚ ਸ਼ਕਤੀਆਂ ਦਾ ਸੰਚਾਲਨ ਕਰਦੀਆਂ ਹਨ। ਇਨ੍ਹਾਂ ਵਿਚੋਂ ਵੀ ਦੋ ਵਾਯੂਆਂ—ਪ੍ਰਾਣ ਅਤੇ ਅਪਾਨ—ਦਾ ਅਧਿਕ ਮਹੱਤਵ ਹੈ। ਇਨ੍ਹਾਂ ਨੂੰ ਕ੍ਰਮਵਾਰ ਸੂਰਜ ਅਤੇ ਚੰਦਰ ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਦੇ ਸ਼ਰੀਰ ਵਿਚ ਵੱਖਰੇ ਵੱਖਰੇ ਸਥਾਨ ਹਨ। ਪ੍ਰਾਣ ਵਾਯੂ ਦਾ ਮੁੱਖ ਸਥਾਨ ਭਾਵੇਂ ਹਿਰਦਾ ਮੰਨਿਆ ਗਿਆ ਹੈ, ਪਰ ਇਹ ਅਧਿਕਤਰ ਸ਼ਰੀਰ ਦੇ ਉਪਰਲੇ ਹਿੱਸੇ ਨਾਭੀ, ਮੁਖ, ਨੱਕ, ਕੰਨ, ਕੰਠ ਆਦਿ ਵਿਚ ਸਥਿਤ ਮੰਨੀ ਜਾਂਦੀ ਹੈ, ਅਪਾਨ ਵਾਯੂ ਸ਼ਰੀਰ ਦੇ ਹੇਠਲੇ ਹਿੱਸੇ ਵਿਚ ਸਥਿਤ ਰਹਿੰਦੀ ਹੈ। ਇਸ ਦਾ ਮੁੱਖ ਸਥਾਨ ਗੁਪਤ ਅੰਗਾਂ ਵਾਲਾ ਭਾਗ ਹੈ, ਪਰ ਇਸ ਤੋਂ ਇਲਾਵਾ ਇਹ ਹੇਠਲੇ ਹਿੱਸੇ, ਲਿੰਗ ਅਥਵਾ ਯੋਨੀ, ਪੱਟਾਂ ਅਤੇ ਪਿੰਨੀਆਂ ਵਿਚ ਰਹਿੰਦੀ ਹੈ। ਹਠ-ਯੋਗ ਅਨੁਸਾਰ ਇਨ੍ਹਾਂ ਦੋਹਾਂ ਦਾ ਮੇਲ ਨਾਭੀ ਕੋਲ ਹੁੰਦਾ ਹੈ। ਇਹ ਦੋਵੇਂ ਇਕ ਦੂਜੀ ਨੂੰ ਦਿਨ-ਰਾਤ ਦੇ 24 ਘੰਟਿਆਂ ਵਿਚ 216000 ਵਾਰ ਆਕਰਸ਼ਿਤ ਅਤੇ ਵਿਕਰਸ਼ਿਤ ਕਰਦੀਆਂ ਹਨ। ਆਕਰਸ਼ਣ ਵੇਲੇ ਹੰਸ ਮੰਤ੍ਰ ਦਾ ਉੱਚਾਰਣ ਆਪਣੇ ਆਪ ਹੁੰਦਾ ਰਹਿੰਦਾ ਹੈ। ਯੋਗੀ ਦੁਆਰਾ ਇਸ ਸੁਭਾਵਿਕ ਪ੍ਰਕ੍ਰਿਆ ਨੂੰ ਮੰਤ੍ਰ ਰੂਪ ਵਿਚ ਗ੍ਰਹਿਣ ਕਰਨਾ 'ਅਜਪਾ ਜਾਪ' ਹੈ। ਯੋਗੀ ਪ੍ਰਾਣ ਵਾਯੂ ਰਾਹੀਂ ਅਪਾਨ

ਵਾਯੂ ਨੂੰ ਅਤੇ ਅਪਾਨ ਵਾਯੂ ਰਾਹੀਂ ਪ੍ਰਾਣ ਵਾਯੂ ਨੂੰ ਆਕਰਸ਼ਿਤ ਕਰਕੇ ਨਾਭੀ ਕੋਲ ਦੋਹਾਂ ਨੂੰ ਮਿਲਾ ਦਿੰਦਾ ਹੈ। ਇਨ੍ਹਾਂ ਦੋਹਾਂ ਦੇ ਮੇਲ ਨਾਲ ਬਹੁਤ ਗਰਮੀ ਪੈਦਾ ਹੁੰਦੀ ਹੈ ਜੋ ਕੁੰਡਲਿਨੀ ਸ਼ਕਤੀ ਨੂੰ ਜਗਾਉਣ ਵਿਚ ਸਹਾਇਕ ਹੁੰਦੀ ਹੈ।

ਸ਼ਰੀਰ ਦੀ ਸ਼ੁੱਧੀ ਲਈ ਹਠ-ਯੋਗ ਵਿਚ ਖਟ ਕਰਮਾਂ (ਵੇਖੋ) (ਛੇ ਕ੍ਰਿਆਵਾਂ) ਦੀ ਵਿਵਸਥਾ ਕੀਤੀ ਗਈ ਹੈ। ਇਹ ਛੇ ਕਰਮ ਇਸ ਪ੍ਰਕਾਰ ਹਨ—ਧੌਤਿ, ਬਸ੍ਤਿ, ਨੇਤਿ, ਤ੍ਰਾਟਕ, ਨੌਲਿ ਅਤੇ ਕਪਾਲਭਾਤਿ ('ਹਠਯੋਗ ਪ੍ਰਦੀਪਿਕਾ'-2/22)। ਇਨ੍ਹਾਂ ਦੀ ਲੋੜ ਉਨ੍ਹਾਂ ਸਾਧਕਾਂ ਨੂੰ ਪੈਂਦੀ ਹੈ ਜਿਨ੍ਹਾਂ ਦੇ ਸ਼ਰੀਰ ਵਿਚ ਕਫ਼ ਆਦਿ ਅਧਿਕ ਹੋਵੇ ਕਿਉਂਕਿ ਇਨ੍ਹਾਂ ਕਰਮਾਂ ਤੋਂ ਬਿਨਾ ਵਿਅਕਤੀ ਪ੍ਰਾਣਾਯਾਮ ਅਤੇ ਮੁਦ੍ਰਾ ਵਿਚ ਸਮਰਥ ਨਹੀਂ ਹੋ ਸਕਦਾ। ਸੰਤਾਂ, ਭਗਤਾਂ ਦੀਆਂ ਬਾਣੀਆਂ ਵਿਚ ਹਠ-ਸਾਧਨਾ ਦਾ ਨਿਖੇਧ ਕੀਤਾ ਗਿਆ ਹੈ ਕਿਉਂਕਿ ਇਹ ਹਰਿ-ਪ੍ਰਾਪਤੀ ਵਿਚ ਸਹਾਇਕ ਨਹੀਂ ਹੈ। ਗੁਰੂ ਨਾਨਕ ਦੇਵ ਅਨੁਸਾਰ ਬਿਨਾ ਸਤਿਗੁਰੂ ਦੇ ਪਥ-ਪ੍ਰਦਰਸ਼ਨ ਤੋਂ ਹੋਰ ਕਿਸੇ ਸਾਧਨਾ ਰਾਹੀਂ ਵਾਸਤਵਿਕ ਮਾਰਗ ਦੀ ਸੂਝ ਪ੍ਰਾਪਤ ਨਹੀਂ ਹੋ ਸਕਦੀ—'ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ।/ਬਿਨ ਸਤਿਗੁਰ ਕਿਛ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ' (ਅ. ਗ੍ਰੰ. 1343)।

ਹਣਵੰਤਰ : ਵੇਖੋ 'ਹਨੂਮਾਨ'।

ਹਦੀਸ : ਅਰਬੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਗੱਲ-ਬਾਤ, ਪਰ ਇਸਲਾਮ ਧਰਮ ਵਿਚ ਇਹ ਸ਼ਬਦ ਹਜ਼ਰਤ ਮੁਹੰਮਦ ਦੇ ਬਚਨਾਂ (ਹਦੀਸੁਲ-ਕੌਲ) ਅਤੇ ਉਪਕਾਰ (ਹਦੀਸੁਲ-ਫ਼ਿਅਲ) ਲਈ ਰੂੜ੍ਹ ਹੋ ਗਿਆ ਹੈ। ਇਸਲਾਮਿਕ ਵਿਚਾਰਧਾਰਾ ਅਨੁਸਾਰ 'ਕੁਰਾਨ' ਵਿਚ ਅੱਲ੍ਹਾ ਦੇ ਫ਼ਰਮਾਨ ਦਰਜ ਹਨ ਜੋ ਹਜ਼ਰਤ ਮੁਹੰਮਦ ਨੂੰ ਉਤਰੇ ਜਾਂ ਆਵੇਸ਼ਿਤ ਹੋਏ ਸਨ। ਪਰ ਜੋ ਵਿਚਾਰ ਹਜ਼ਰਤ ਸਾਹਿਬ ਨੇ ਆਪਣੇ ਵਲੋਂ ਪ੍ਰਗਟਾਏ ਜਾਂ ਜਿਨ੍ਹਾਂ ਨੂੰ ਹਜ਼ਰਤ ਸਾਹਿਬ ਦੇ ਬਚਨ ਮੰਨਿਆ ਗਿਆ, ਉਹ 'ਹਦੀਸ' ਨਾਂ ਨਾਲ ਪ੍ਰਸਿੱਧ ਹੋਏ। ਹਜ਼ਰਤ ਦੇ ਜੀਵਨ ਨਾਲ ਸੰਬੰਧਿਤ ਉਪਦੇਸ਼-ਪ੍ਰਧਾਨ ਸਾਖੀਆਂ ਵੀ ਹਦੀਸ ਦੇ ਅੰਤਰਗਤ ਹਨ। ਨਬੀ ਬਣਨ ਤੋਂ ਬਾਦ ਹਜ਼ਰਤ ਮੁਹੰਮਦ 23 ਵਰ੍ਹੇ ਇਸ ਸੰਸਾਰ ਵਿਚ ਰਹੇ। ਇਸ ਦੌਰਾਨ ਉਨ੍ਹਾਂ ਨੇ ਲੋਕਾਂ ਨੂੰ ਜੋ ਉਪਦੇਸ਼ ਦਿੱਤੇ, ਦੀਨੀ ਅਸੂਲ ਸਮਝਾਏ, ਸ਼ੁਭ ਆਚਰਣ ਕਰਨ ਅਤੇ ਦੁਰਾਚਾਰ ਦਾ ਤਿਆਗ ਕਰਨ ਦੀਆਂ ਗੱਲਾਂ ਕਹੀਆਂ, ਉਹ ਗੱਲਾਂ ਸੀਨਾ-ਬ-ਸੀਨਾ ਅਗੋਂ ਤੁਰਦੀਆਂ ਰਹੀਆਂ। ਹਜ਼ਰਤ ਸਾਹਿਬ ਦੇ ਸੰਪਰਕ ਵਿਚ ਰਹਿਣ ਵਾਲੇ ਵਿਅਕਤੀਆਂ ਨੂੰ ਹਦੀਸ ਦਾ ਪਹਿਲਾ ਸਰੋਤ—'ਸਹਾਬੀ'—ਮੰਨਿਆ ਜਾਂਦਾ ਹੈ ਅਤੇ ਅਗਲੀ ਪੀੜ੍ਹੀ ਦੇ ਲੋਕਾਂ ਨੂੰ ਦੂਜਾ ਸਰੋਤ—'ਤਾਬਿਊਨ'—ਕਿਹਾ ਜਾਂਦਾ ਹੈ। ਇਸ ਤਰ੍ਹਾਂ ਹਦੀਸ ਪਰੰਪਰਾ ਦਾ ਵਿਕਾਸ ਹੋਇਆ ਜਿਸ ਵਿਚ ਕਈ ਨਕਲੀ ਹਦੀਸਾਂ ਵੀ ਸ਼ਾਮਲ ਹੋ ਗਈਆਂ।

ਸੰਨ 870 ਈ. ਦੇ ਨੇੜੇ ਤੇੜੇ ਬੁਖਾਰੀ ਨੇ ਲੱਖਾਂ ਹਦੀਸਾਂ ਵਿਚੋਂ ਕੇਵਲ 7397 ਹਦੀਸਾਂ ਨੂੰ ਸਹੀ ਮੰਨ ਕੇ 'ਸਹੀਹ ਅਲਬੁਖਾਰੀ' ਨਾਂ ਦਾ ਸੰਕਲਨ ਤਿਆਰ ਕੀਤਾ ਜੋ ਅਗੋਂ 97 ਖੰਡਾਂ ਵਿਚ ਵੰਡਿਆ ਹੋਇਆ ਹੈ। ਇਸ ਤੋਂ ਇਲਾਵਾ ਕੁਝ ਹੋਰ ਸੰਕਲਨ ਵੀ

ਮਿਲਦੀ ਹਨ। ਇਨ੍ਹਾਂ ਸੰਕਲਨਾਂ ਨੂੰ ਵੀ 'ਹਦੀਸ' ਕਿਹਾ ਜਾਂਦਾ ਹੈ। ਇਸਲਾਮ ਦੀਆਂ ਅਨੇਕ ਰਾਜਨੈਤਿਕ, ਧਾਰਮਿਕ ਅਤੇ ਸਮਾਜਿਕ ਸਮੱਸਿਆਵਾਂ ਦੇ ਸਮਾਧਾਨ ਲਈ ਹਦੀਸ ਨੂੰ ਪ੍ਰਮਾਣ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ। ਗੁਰੂ ਅਰਜਨ ਦੇਵ ਦੀ ਸੱਚੇ ਮੁਸਲਮਾਨ ਲਈ ਸਥਾਪਨਾ ਹੈ ਕਿ ਉਹ ਨਾਪਾਕ ਮਨ ਨੂੰ ਪਾਕ ਕਰਨਾ ਹੀ ਰੱਬੀ ਹਦੀਸ ਸਮਝੇ ਅਤੇ ਸਾਬਤ ਸੂਰਤ ਹੋਣਾ (ਭਾਵ ਸੁੰਨਤ ਨਾ ਕਰਾਉਣਾ) ਨੂੰ ਸਿਰ ਦੀ ਦਸਤਾਰ ਸਮਝੇ (ਭਾਵ ਪ੍ਰਤਿਸ਼ਠਾ ਦਾ ਚਿੰਨ੍ਹ ਮੰਨੇ)—'ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ' (ਅ. ਗ੍ਰੰ. 1084)।

ਹਨਵੰਤ : ਵੇਖੋ 'ਹਨੂਮਾਨ'।

ਹਨੂ : ਵੇਖੋ 'ਹਨੂਮਾਨ'।

ਹਨੂਮਾਨ : ਸ੍ਰੀ ਰਾਮ ਚੰਦਰ ਜੀ ਦਾ ਇਕ ਨਿਸ਼ਠਾਵਾਨ ਬਾਂਦਰ ਭਗਤ ਜਿਸ ਨੇ ਰਾਮ ਚੰਦਰ ਜੀ ਦੇ ਰਾਵਣ ਨਾਲ ਹੋਏ ਯੁੱਧ ਵਿਚ ਇਕ ਤੇਜਸਵੀ ਭੂਮਿਕਾ ਨਿਭਾਈ ਸੀ। 'ਵਾਲਮੀਕੀ ਰਾਮਾਇਣ' ਅਨੁਸਾਰ ਕੇਸਰੀ ਨਾਂ ਦੇ ਬਾਂਦਰ ਦੀ ਅਤਿਅੰਤ ਸੁੰਦਰ ਪਤਨੀ ਅੰਜਨੀ (ਪੁੰਜਿਕਸਥਲੀ) ਸੱਜ ਧੱਜ ਕੇ ਪਰਬਤ ਦੀ ਟੀਸੀ ਉਤੇ ਖੜੋਤੀ ਸੀ ਕਿ ਵਾਯੂ ਦੇਵ ਨੇ ਉਸ ਦਾ ਆਲਿੰਗ ਕੀਤਾ। ਫਲਸਰੂਪ ਘਬਰਾਈ ਹੋਈ ਅੰਜਨਾ ਨੂੰ ਵਾਯੂ ਦੇਵ ਨੇ ਵਰ ਦਿੱਤਾ ਕਿ ਤੇਰੀ ਕੁਖ ਵਿਚੋਂ ਹਨੂਮਾਨ ਨਾਂ ਦਾ ਬਲੀ ਯੋਧਾ ਪੈਦਾ ਹੋਵੇਗਾ। ਬਾਲਕ ਨੇ ਜੰਮਦਿਆਂ ਹੀ ਸੂਰਜ ਨੂੰ ਫਲ ਸਮਝ ਕੇ ਖਾਣਾ ਚਾਹਿਆ। ਜਿਉਂ ਹੀ ਉਹ ਉਛਲਿਆ, ਇੰਦਰ ਨੇ ਵਜ੍ਰ ਮਾਰ ਕੇ ਉਸ ਨੂੰ ਧਰਤੀ ਉਤੇ ਡਿਗਾ ਦਿੱਤਾ। ਵਜ੍ਰ ਲੱਗਣ ਨਾਲ ਬਾਲਕ ਦਾ ਜਬਾੜਾ (ਹਨੁ) ਵਿੰਗਾ ਹੋ ਗਿਆ। ਉਸ ਦਿਨ ਤੋਂ ਉਸ ਨੂੰ ਹਨੁਮਾਨ/ਹਨੂਮਾਨ (ਵਿੰਗੇ ਜਬਾੜੇ ਵਾਲਾ) ਕਿਹਾ ਜਾਣ ਲਗਿਆ।

'ਸ਼ਿਵ ਪੁਰਾਣ' ਵਿਚ ਹਨੂਮਾਨ ਨੂੰ ਸ਼ਿਵ ਦੇ ਵੀਰਜ ਤੋਂ ਉਤਪੰਨ ਹੋਇਆ ਦਸਿਆ ਗਿਆ ਹੈ। ਸ਼ਿਵ ਦਾ 'ਮੋਹਿਨੀ' (ਅਵਤਾਰ) ਨੂੰ ਵੇਖ ਕੇ ਵੀਰਜ ਗਿਰ ਗਿਆ। ਉਸ ਵੀਰਜ ਨੂੰ ਨਾਗ ਮੁਨੀ (ਅਰਥਾਤ ਹਿਮਾਲਯ) ਨੇ ਸ਼ਿਵ ਦਾ ਸੰਕੇਤ ਸਮਝ ਕੇ ਸੰਭਾਲ ਰਖਿਆ। ਇਕ ਦਿਨ ਜਦੋਂ ਅੰਜਨੀ ਪਰਬਤ ਦੀ ਚੋਟੀ ਉਤੇ ਖੜੋਤੀ ਸੀ, ਤਾਂ ਪਵਨ ਦੇਵਤਾ (ਵਾਯੂ ਦੇਵ) ਉਸ ਦੀ ਸੁੰਦਰਤਾ ਨੂੰ ਵੇਖ ਕੇ ਮੋਹਿਤ ਹੋ ਗਿਆ ਅਤੇ ਨਾਗ ਮੁਨੀ ਕੋਲ ਸੁਰੱਖਿਅਤ ਸ਼ਿਵ ਦੇ ਵੀਰਜ ਨੂੰ ਅੰਜਨੀ ਦੇ ਸ਼ਰੀਰ ਵਿਚ ਸਥਾਪਿਤ ਕਰ ਦਿੱਤਾ। ਅੰਜਨੀ ਬਹੁਤ ਘਬਰਾ ਗਈ, ਜਿਸ ਕਰਕੇ ਪਵਨ ਦੇਵਤਾ ਨੇ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਉਸ ਦੀ ਕੁੱਖ ਤੋਂ ਸ਼ਿਵ ਦਾ ਅਵਤਾਰ ਪੈਦਾ ਹੋਵੇਗਾ। ਇਹ ਸੁਣ ਕੇ ਅੰਜਨੀ ਸੰਤੁਸ਼ਟ ਹੋ ਗਈ। ਕਾਲਾਂਤਰ ਵਿਚ ਹਨੂਮਾਨ ਦਾ ਜਨਮ ਹੋਇਆ। ਇਸ ਜਨਮ-ਪਿਛੋਕੜ ਕਰਕੇ ਹਨੂਮਾਨ ਨੂੰ ਪਵਨ-ਪੁੱਤਰ, ਮਾਰੁਤੀ, ਅੰਜਨੇਯ ਆਦਿ ਕਿਹਾ ਜਾਂਦਾ ਹੈ।

ਬਨਬਾਸ ਦੌਰਾਨ ਸ੍ਰੀ ਰਾਮ ਚੰਦਰ ਦੀ ਪਤਨੀ ਸੀਤਾ ਦਾ ਜਦੋਂ ਰਾਵਣ ਨੇ ਅਪਹਰਣ ਕਰ ਲਿਆ, ਤਾਂ ਉਸ ਦੀ ਭਾਲ ਨਿਮਿਤ ਲੰਕਾ ਉਤੇ ਹਮਲਾ ਕਰਨ ਲਈ ਸ਼ਕਤੀ ਇਕੱਠੀ ਕਰਨ ਵਾਸਤੇ ਜਦੋਂ ਸ੍ਰੀ ਰਾਮ ਚੰਦਰ ਯਤਨ ਕਰ ਰਹੇ ਸਨ ਤਾਂ ਉਨ੍ਹਾਂ ਦੀ ਭੇਂਟ

ਹਨੂਮਾਨ ਨਾਲ ਹੋਈ ਜੋ ਸੁਗ੍ਰੀਵ ਦਾ ਮੰਤਰੀ ਸੀ। ਸੁਗ੍ਰੀਵ ਦੇ ਭਰਾ ਬਾਲੀ ਨੂੰ ਮਾਰਨ ਵਿਚ ਰਾਮ ਚੰਦਰ ਵਲੋਂ ਸਹਿਯੋਗ ਦੇਣ ਦੀ ਸ਼ਰਤ ਉਤੇ ਸੁਗ੍ਰੀਵ ਅਤੇ ਰਾਮ ਚੰਦਰ ਵਿਚਾਲੇ ਸੰਧੀ ਹੋਈ। ਫਲਸਰੂਪ ਹਨੂਮਾਨ ਨੇ ਸੀਤਾ ਦੀ ਖੋਜ ਕੀਤੀ, ਲੰਕਾ ਨੂੰ ਸਾੜਿਆ ਅਤੇ ਪੱਥਰਾਂ ਦਾ ਪੁਲ ਤਿਆਰ ਕਰਕੇ ਸ੍ਰੀ ਰਾਮ ਚੰਦਰ ਦੀ ਫ਼ੌਜ ਨੂੰ ਸਮੁੰਦਰੋਂ ਪਾਰ ਲੰਘਾਇਆ। ਲੱਛਮਣ ਦੇ ਬੇਹੋਸ਼ ਹੋਣ ਤੇ ਪਰਬਤ ਤੋਂ ਸੰਜੀਵਨੀ ਬੂਟੀ ਲਿਆਉਂਦੀ। ਲੰਕਾ ਉਤੇ ਜਿੱਤ ਪ੍ਰਾਪਤ ਕਰਨ ਉਪਰੰਤ ਸ੍ਰੀ ਰਾਮ ਚੰਦਰ ਨਾਲ ਅਯੋਧਿਆ ਆਇਆ।

'ਪਦਮ ਪੁਰਾਣ' ਅਨੁਸਾਰ ਸ੍ਰੀ ਰਾਮ ਚੰਦਰ ਨੇ ਹਨੂਮਾਨ ਨੂੰ ਵਰਦਾਨ ਦਿੱਤਾ ਸੀ ਕਿ ਜਦੋਂ ਤਕ ਰਾਮ-ਕਥਾ ਰਹੇਗੀ, ਉਦੋਂ ਤਕ ਹਨੂਮਾਨ ਅਮਰ ਰਹੇਗਾ। ਰਾਮ ਭਗਤੀ ਨਾਲ ਸੰਬੰਧਿਤ ਹੋਣ ਕਰਕੇ ਹਿੰਦੂ ਧਰਮ ਵਿਚ ਹਨੂਮਾਨ ਨੂੰ ਪੂਜਿਆ ਜਾਂਦਾ ਹੈ। ਪਰ ਸੰਤ ਕਬੀਰ ਨੇ ਹਨੂਮਾਨ ਨੂੰ ਪਰਮਾਤਮਾ ਦੇ ਗੁਣ ਸਮਝਣ ਤੋਂ ਅਸਮਰਥ ਦਸਿਆ ਹੈ— 'ਹਨੂਮਾਨ ਸਰਿ ਗਰੁੜ ਸਮਾਨਾਂ ।/ਸੁਰਪਤਿ ਨਰਪਤਿ ਨਹੀ ਗੁਨ ਜਾਨਾਂ' (ਅ. ਗ੍ਰੰ. 691)। ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਹਨੂਮਾਨ ਵਲੋਂ ਰਾਮ ਚੰਦਰ ਦੀ ਕੀਤੀ ਸਹਾਇਤਾ ਦਾ ਉੱਲੇਖ ਕੀਤਾ ਹੈ—'ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ ।/ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ' (ਅ. ਗ੍ਰੰ. 1412)।

ਹਮਜ਼ਾ, ਅਮੀਰ : ਹਜ਼ਰਤ ਮੁਹੰਮਦ ਦਾ ਚਾਚਾ ਜਿਸ ਨੇ ਇਸਲਾਮ ਧਰਮ ਵਿਚ ਪ੍ਰਵੇਸ਼ ਕੀਤਾ ਅਤੇ ਹਜ਼ਰਤ ਦੇ ਅੰਗ-ਸੰਗ ਹੋ ਕੇ ਬੜੀ ਬਹਾਦਰੀ ਨਾਲ ਯੁੱਧਾਂ ਵਿਚ ਲੜਿਆ। ਸੰਨ 625 ਈ. ਵਿਚ ਹੋਈ ਉਹਦ ਦੀ ਜੰਗ ਵਿਚ ਇਸ ਨੇ ਕੁਰੈਸ਼ ਕਬੀਲੇ ਦੇ ਆਗੂ ਉਸਮਾਨ ਨੂੰ ਕਤਲ ਕੀਤਾ। ਪਰ ਤੁਰਤ ਬਾਦ ਇਹ ਵਾਹਸ਼ੀ ਨਾਂ ਦੇ ਹਬਸ਼ੀ ਹੱਥੋਂ ਮਾਰਿਆ ਗਿਆ ਅਤੇ ਬੜੀ ਬੇਅਦਬੀ ਨਾਲ ਇਸ ਦੀ ਲਾਸ਼ ਦੇ ਟੋਟੇ ਟੋਟੇ ਕੀਤੇ ਗਏ। ਇਸ ਦੇ ਮਾਰੇ ਜਾਣ ਤੇ ਹਜ਼ਰਤ ਮੁਹੰਮਦ ਨੇ ਇਸ ਨੂੰ 'ਖ਼ੁਦਾ ਦਾ ਸ਼ੇਰ' ਕਹਿ ਕੇ ਇੱਜ਼ਤ ਦਿੱਤੀ। ਇਸ ਦੇ ਜੰਗੀ ਕਾਰਨਾਮਿਆਂ ਬਾਰੇ ਫ਼ਾਰਸੀ ਕਾਵਿ ਵਿਚ ਕਈ ਬ੍ਰਿੱਤਾਂਤ ਮਿਲਦੇ ਹਨ। ਇਸ ਨੂੰ ਜਨ-ਸਾਧਾਰਣ ਵਿਚ 'ਅਮੀਰ ਹਮਜ਼ਾ' ਕਰਕੇ ਜਾਣਿਆ ਜਾਂਦਾ ਹੈ। ਵਾਰਿਸ ਸ਼ਾਹ ਨੇ 'ਹੀਰ' ਵਿਚ ਇਸ ਦੇ ਮਾਰੇ ਜਾਣ ਦੀ ਘਟਨਾ ਵਲ ਸੰਕੇਤ ਕੀਤਾ ਹੈ—'ਜਿਹੜੇ ਕਹਿਰ ਦੇ ਨਾਲ ਉਸ ਬੁਢੜੀ ਤੋਂ, ਮੀਰ ਹਮਜ਼ਾ ਨੂੰ ਚਾਇ ਮਰਵਾਇਆ ਈ।'

ਹਰਣਖ/ਹਰਣਾਖ : ਕਸ਼ਯਪ ਦੇ ਘਰ ਦਿਤੀ ਦੀ ਕੁੱਖੋਂ ਪੈਦਾ ਹੋਏ ਇਸ ਅਸੁਰ ਦਾ ਸਹੀ ਨਾਂ 'ਹਿਰਣ੍ਯਕ੍ਸ਼ ਹੈ ਜਿਸ ਦਾ ਭਾਵ ਹੈ ਸੁਨਹਿਰੀ ਅੱਖਾਂ ਵਾਲਾ। ਇਹ ਹਰਨਾਖਸ (ਹਿਰਣ੍ਯਕਸ਼ਿਪੁ) ਦਾ ਜੌੜਵਾਂ ਭਰਾ ਸੀ। ਇਸ ਲਈ ਮੱਧ-ਯੁਗ ਦੇ ਭਗਤੀ ਕਾਵਿ ਵਿਚ ਇਨ੍ਹਾਂ ਦੋਹਾਂ ਦੇ ਨਾਵਾਂ ਦੀ ਵਰਤੋਂ ਰਲਗਡ ਹੋ ਗਈ ਹੈ।

ਪੁਰਾਣ-ਸਾਹਿੱਤ ਵਿਚ ਉੱਲੇਖ ਹੈ ਕਿ ਇਹ ਪ੍ਰਿਥਵੀ ਦਾ ਅਪਹਰਣ ਕਰਕੇ ਉਸ ਨੂੰ ਸਮੁੰਦਰ ਵਿਚ ਡੂੰਘਾ ਲੈ ਗਿਆ ਅਤੇ ਵਿਸ਼ਟਾ ਦੇ ਪਰਕੋਟੇ ਵਿਚ ਰਖ ਦਿੱਤਾ। ਪ੍ਰਿਥਵੀ ਨੂੰ ਫਿਰ ਤੋਂ ਆਪਣੀ ਥਾਂ ਤੇ ਟਿਕਾਉਣ ਲਈ ਵਿਸ਼ਣੂ ਨੇ ਵਰਾਹ/ਵਾਰਾਹ (ਸੂਰ) ਅਵਤਾਰ

ਧਾਰਣ ਕੀਤਾ ਅਤੇ ਇਕ ਹਜ਼ਾਰ ਸਾਲ ਦੇ ਯੁੱਧ ਤੋਂ ਬਾਦ ਦੈਂਤ ਨੂੰ ਮਾਰ ਕੇ ਪ੍ਰਿਥਵੀ ਦਾ ਉੱਧਾਰ ਕੀਤਾ।

ਭਾਗਵਤ ਅਤੇ ਹਰਿਵੰਸ਼ ਪੁਰਾਣਾਂ ਵਿਚ ਲਿਖਿਆ ਹੈ ਕਿ ਇਸ ਅਸੁਰ ਨੂੰ ਆਪਣੀ ਸ਼ਕਤੀ ਉਤੇ ਬਹੁਤ ਘਮੰਡ ਹੋ ਗਿਆ ਸੀ। ਪਹਿਲਾਂ ਇਹ ਸਵਰਗ ਵਿਚ ਘੁੰਮਦਾ ਰਿਹਾ। ਪਰ ਇਸ ਦੇ ਆਕਾਰ ਪ੍ਰਕਾਰ ਅਤੇ ਗਦਾ ਤੋਂ ਡਰ ਕੇ ਕੋਈ ਵੀ ਇਸ ਨਾਲ ਯੁੱਧ ਕਰਨ ਲਈ ਨਾ ਨਿਤਰਿਆ। ਯੁੱਧ ਕਰਨ ਦੀ ਇੱਛਾ ਨਾਲ ਇਹ ਸਮੁੰਦਰ ਵਿਚ ਪਹੁੰਚ ਗਿਆ। ਉਥੇ ਵਰੁਣ ਦੇ ਉਕਸਾਉਣ ਤੇ ਇਸ ਨੇ ਵਰਾਹ ਰੂਪ ਵਿਚ ਧਰਤੀ ਨੂੰ ਉੱਚਾ ਚੁੱਕ ਰਹੇ ਵਿਸ਼ਣੂ ਨਾਲ ਗਦਾ-ਯੁੱਧ ਕੀਤਾ। ਅੰਤ ਵਿਚ ਵਿਸ਼ਣੂ ਨੇ ਮਾਰ ਕੇ ਇਸ ਦਾ ਉੱਧਾਰ ਕਰ ਦਿੱਤਾ। ਗੁਰੂ ਰਾਮਦਾਸ ਨੇ ਪਰਮਾਤਮਾ ਵਲੋਂ ਇਸ ਦੈਂਤ ਨੂੰ ਤਾਰਨ ਦਾ ਸੰਕੇਤ ਵਰਤਿਆ ਹੈ—'ਜਨ ਨਾਨਕ ਕੋ ਦਇਆਲ ਪ੍ਰਭ ਸੁਆਮੀ ਤੁਮ ਦੁਸਟ ਤਾਰੇ ਹਰਣਖੇ' (ਅ. ਗ੍ਰੰ. 976)।

ਹਰਨਾਖਸ਼ : ਕਸ਼ਯਪ ਦੇ ਘਰ ਦਿਤੀ ਦੀ ਕੁਖੋਂ ਪੈਦਾ ਹੋਏ ਇਸ ਸੁਨਹਿਰੀ ਬਸਤ੍ਰਾਂ ਵਾਲੇ ਅਸੁਰ ਦਾ ਸਹੀ ਨਾਂ 'ਹਿਰਣ੍ਯਕਸ਼ਿਪੁ' ਹੈ। ਇਹ ਹਰਣਾਖ (ਹਿਰਣ੍ਯਾਕ੍ਸ਼) ਦਾ ਜੁੜਵਾਂ ਭਰਾ ਸੀ। ਇਸ ਲਈ ਮੱਧ-ਯੁਗ ਦੇ ਭਗਤੀ ਕਾਵਿ ਵਿਚ ਇਨ੍ਹਾਂ ਦੋਹਾਂ ਦੇ ਨਾਵਾਂ ਦੀ ਵਰਤੋਂ ਰਲਗਡ ਹੋ ਗਈ ਹੈ। ਭਗਤਾਂ-ਸੰਤਾਂ ਨੇ ਅਧਿਕ ਤਰ ਹਰਨਾਖਸ਼ ਦਾ ਹੀ ਉੱਲੇਖ ਕੀਤਾ ਹੈ ਕਿਉਂਕਿ ਇਸ ਨੂੰ ਮਾਰ ਕੇ ਭਗਤ ਪ੍ਰਹਿਲਾਦ ਦਾ ਉੱਧਾਰ ਕਰਨ ਲਈ ਭਗਵਾਨ ਵਿਸ਼ਣੂ ਨੇ ਨਰਸਿੰਘ ਅਵਤਾਰ ਧਾਰਣ ਕੀਤਾ ਸੀ।

'ਭਾਗਵਤ ਪੁਰਾਣ' ਅਨੁਸਾਰ ਆਪਣੇ ਭਰਾ ਹਰਣਾਖ (ਹਿਰਣ੍ਯਾਕ੍ਸ਼) ਦੀ ਮ੍ਰਿਤੂ ਕਾਰਣ ਇਹ ਬਹੁਤ ਦੁਖੀ ਹੋਇਆ। ਇਸ ਨੇ ਬਦਲੇ ਵਜੋਂ ਦੇਵਤਿਆਂ ਨੂੰ ਖ਼ੂਬ ਦੁੱਖੀ ਕੀਤਾ ਅਤੇ ਦੇਵੀ-ਦੇਵਤਾ, ਗਊ-ਬ੍ਰਾਹਮਣ ਅਤੇ ਵੇਦਾਂ ਨੂੰ ਨਸ਼ਟ ਕਰਨ ਦੀ ਆਗਿਆ ਦਿੱਤੀ। ਕਾਲਾਂਤਰ ਵਿਚ ਇਸ ਨੇ ਤਪੱਸਿਆ ਕਰਕੇ ਬ੍ਰਹਮਾ ਤੋਂ ਵਰ ਪ੍ਰਾਪਤ ਕਰ ਲਿਆ ਕਿ ਇਹ ਨਾ ਦਿਨ ਵਿਚ, ਨਾ ਰਾਤ ਵਿਚ, ਨਾ ਕਿਸੇ ਹੀ ਪਸ਼ੂ ਜਾਂ ਦੇਵਤਾ ਤੋਂ, ਨਾ ਸ਼ਸਤ੍ਰ-ਅਸਤ੍ਰ ਨਾਲ ਮਾਰਿਆ ਜਾ ਸਕੇਗਾ। ਇਸ ਵਰ ਦੁਆਰਾ ਪ੍ਰਾਪਤ ਸ਼ਕਤੀ ਰਾਹੀਂ ਇਸ ਨੇ ਤ੍ਰੈਲੋਕੀ ਦਾ ਰਾਜ ਪ੍ਰਾਪਤ ਕਰ ਲਿਆ। ਇਸ ਦੇ ਚਾਰ ਪੁੱਤਰਾਂ (ਸੰਹਲਾਦ, ਅਨੁਹਲਾਦ, ਹਲਾਦ ਅਤੇ ਪ੍ਰਹਿਲਾਦ) ਵਿਚੋਂ ਪ੍ਰਹਿਲਾਦ ਵਿਸ਼ਣੂ ਭਗਤ ਸੀ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਵਿਸ਼ਣੂ ਦੀ ਭਗਤੀ ਕਰਨ ਤੋਂ ਵਰਜਿਆ, ਪਰ ਉਹ ਨਾ ਟਲਿਆ। ਆਖ਼ਰ ਦੈਂਤ ਨੇ ਪ੍ਰਹਿਲਾਦ ਨੂੰ ਜਲ, ਅਗਨੀ, ਪਰਬਤ ਆਦਿ ਸਾਰੇ ਕੁਦਰਤੀ ਤੱਤ੍ਵਾਂ ਰਾਹੀਂ ਮਾਰਨ ਦਾ ਯਤਨ ਕੀਤਾ, ਪਰ ਪ੍ਰਹਿਲਾਦ ਉਤੇ ਕਿਸੇ ਤੱਤ੍ਵ ਦਾ ਕੋਈ ਪ੍ਰਭਾਵ ਨਾ ਪਿਆ। ਅੰਤ ਵਿਚ ਪ੍ਰਹਿਲਾਦ ਨੂੰ ਤਪਦੇ ਥਮ ਨਾਲ ਬੰਨ੍ਹ ਕੇ ਪੁਛਿਆ ਗਿਆ ਕਿ ਭਗਵਾਨ ਕਿਥੇ ਹੈ ? ਉਸ ਵੇਲੇ ਥੰਮ ਵਿਚੋਂ ਵਿਸ਼ਣੂ ਨੇ ਨਰਸਿੰਘ ਰੂਪ ਵਿਚ ਪ੍ਰਗਟ ਹੋ ਕੇ ਹਰਨਾਖਸ਼ ਨੂੰ ਆਪਣੀ ਟੰਗ ਉਤੇ ਰਖਿਆ ਅਤੇ ਨਹੁੰਆਂ ਨਾਲ ਚੀਰ ਕੇ ਮਾਰ ਦਿੱਤਾ। ਇਸ ਦੇ ਮਰਣ ਉਪਰੰਤ ਪ੍ਰਹਿਲਾਦ ਨੂੰ ਰਾਜ-ਸਿੰਘਾਸਨ ਉਤੇ ਬਿਠਾਇਆ ਗਿਆ। ਆਪਣੇ ਭਗਤ ਦੀ ਰੱਖਿਆ ਲਈ ਪਰਮਾਤਮਾ ਦੇ ਇਸ ਕਰਮ ਦੀ ਸੰਤਾਂ, ਭਗਤਾਂ ਨੇ ਬਹੁਤ ਪ੍ਰਸ਼ੰਸਾ ਕੀਤੀ ਹੈ—'ਹਰਿ

ਜੁਗ ਜੁਗ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ ।/ਹਰਨਾਖਸੁ ਦੁਸਟੁ ਹਰਿ ਮਾਰਿਆ, ਪ੍ਰਹਿਲਾਦ ਤਰਾਇਆ' (ਆ. ਗ੍ਰੰ. 451) ।

ਹਰਿਸ਼ਚੰਦਰ, ਰਾਜਾ : ਇਕ ਸੂਰਜਵੰਸ਼ੀ ਰਾਜਾ ਜੋ ਇਕ੍ਸ਼ਵਾਕੁ ਵੰਸ਼ ਵਿਚ ਰਾਜਾ ਤ੍ਰਿਸ਼ੰਕੁ ਦੇ ਘਰ ਸਤ੍ਯਵਤੀ ਦੀ ਕੁੱਖ ਤੋਂ ਪੈਦਾ ਹੋਇਆ । ਇਹ ਧਰਮਾਤਮਾ ਅਤੇ ਨਿਆਇਸ਼ੀਲ ਰਾਜੇ ਵਜੋਂ ਬਹੁਤ ਪ੍ਰਸਿੱਧ ਸੀ । 'ਮਹਾਭਾਰਤ' ਅਤੇ ਪੁਰਾਣ-ਸਾਹਿੱਤ ਵਿਚ ਇਸ ਬਾਰੇ ਅਨੇਕ ਕਥਾ-ਪ੍ਰਸੰਗ ਮਿਲ ਜਾਂਦੇ ਹਨ । ਉਨ੍ਹਾਂ ਸਾਰਿਆਂ ਤੱਥਾਂ ਦੇ ਆਧਾਰ ਤੇ ਇਸ ਦਾ ਜੀਵਨ-ਬ੍ਰਿੱਤਾਂਤ ਇਸ ਪ੍ਰਕਾਰ ਹੈ :

ਇਕ ਵਾਰ ਸ਼ਿਕਾਰ ਖੇਡਦਿਆਂ ਹਰਿਸ਼ ਚੰਦਰ ਨੇ ਇਸਤਰੀਆਂ ਦਾ ਵਿਰਲਾਪ ਸੁਣਿਆ । ਇਹ ਇਸਤਰੀਆਂ ਅਸਲੋਂ ਵਿਦਿਆ-ਕਲਾਵਾਂ ਜਾਂ ਵਿਗਿਆਨ ਦੀਆਂ ਦੇਵੀਆਂ ਦਾ ਰੂਪਾਂਤਰਣ ਸਨ ਜਿਨ੍ਹਾਂ ਉਤੇ ਰਿਸ਼ੀ ਵਿਸ਼ਵਾਮਿਤਰ ਤਪ-ਸਾਧਨਾ ਰਾਹੀਂ ਅਬੂਰ ਹਾਸਲ ਕਰਨਾ ਚਾਹੁੰਦਾ ਸੀ । ਉਨ੍ਹਾਂ ਦੀ ਸਹਾਇਤਾ ਲਈ ਜਦੋਂ ਰਾਜਾ ਅਗੇ ਵਧਿਆ ਤਾਂ ਰਿਸ਼ੀ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਇਸਤਰੀਆਂ ਨੂੰ ਭਸਮ ਕਰ ਦਿੱਤਾ ਅਤੇ ਨਾਰਾਜ਼ ਹੋ ਕੇ ਰਾਜੇ ਕੋਲੋਂ ਬ੍ਰਾਹਮਣ ਹੋਣ ਨਾਤੇ ਦਾਨ ਮੰਗਿਆ । ਰਾਜੇ ਨੇ ਆਪਣਾ ਸਾਰਾ ਧਨ, ਸੰਪੱਤੀ ਅਤੇ ਰਾਜ ਤਕ ਦਾਨ ਵਿਚ ਦੇ ਦਿੱਤਾ, ਸਿਵਾਏ ਇਕ ਵਲਕਲ (ਦਰਖ਼ਤ ਦੀਆਂ ਛਿਲਾਂ ਦੇ) ਦੇ ਬਸਤ੍ਰ, ਪੁੱਤਰ ਰੋਹਿਤ ਅਤੇ ਇਸਤਰੀ 'ਸ਼ੈਵ੍ਯਾ' ਦੇ । ਰਾਜਾ ਆਪਣੀ ਰਾਜਧਾਨੀ ਛੱਡ ਕੇ ਬਨਾਰਸ ਚਲਾ ਗਿਆ ।

ਰਿਸ਼ੀ ਵਿਸ਼ਵਾਮਿਤਰ ਨੇ ਉਥੇ ਵੀ ਉਸ ਦਾ ਪਿਛਾ ਨਾ ਛਡਿਆ । ਰਾਜੇ ਤੋਂ ਦਾਨ ਦੀ ਦੱਛਣਾ ਮੰਗੀ । ਹਰਿਸ਼ ਚੰਦਰ ਨੇ ਆਪਣੇ ਪੁੱਤਰ ਅਤੇ ਪਤਨੀ ਨੂੰ ਇਕ ਬ੍ਰਾਹਮਣ ਪਾਸ ਵੇਚਿਆ ਅਤੇ ਆਪ ਇਕ ਚੰਡਾਲ (ਧਰਮਰਾਜ ਦਾ ਛਦਮ ਰੂਪ) ਪਾਸ ਵਿਕਿਆ । ਚੰਡਾਲ ਨੇ ਰਾਜੇ ਨੂੰ ਸ਼ਮਸ਼ਾਨ-ਭੂਮੀ ਤੋਂ ਮੁਰਦਿਆਂ ਦੇ ਕਫ਼ਨ ਇਕੱਠੇ ਕਰਨ ਦਾ ਕੰਮ ਸੌਂਪਿਆ । ਰਾਜੇ ਨੂੰ ਸ਼ਮਸ਼ਾਨ-ਭੂਮੀ ਵਿਚ ਕੰਮ ਕਰਦਿਆਂ ਬਾਰ੍ਹਾਂ ਮਹੀਨੇ ਬੀਤ ਗਏ । ਉਧਰ ਰੋਹਿਤ ਦੀ ਸੱਪ ਲੜਨ ਕਾਰਣ ਮ੍ਰਿਤੂ ਹੋ ਗਈ । ਰਾਜੇ ਦੀ ਪਤਨੀ ਪੁੱਤਰ ਦਾ ਦਾਹ-ਸੰਸਕਾਰ ਕਰਨ ਲਈ ਸ਼ਮਸ਼ਾਨ-ਭੂਮੀ ਪਹੁੰਚੀ । ਰਾਜੇ ਅਤੇ ਰਾਣੀ ਦੋਹਾਂ ਨੇ ਇਕ ਦੂਜੇ ਨੂੰ ਪਛਾਣ ਲਿਆ । ਦੋਹਾਂ ਨੇ ਪੁੱਤਰ ਦੀ ਦੇਹ ਨਾਲ ਹੀ ਸੜ ਮਰਨ ਦਾ ਫ਼ੈਸਲਾ ਕੀਤਾ, ਪਰ ਰਾਜੇ ਦੇ ਮਨ ਵਿਚ ਆਪਣੇ ਸੁਆਮੀ (ਚੰਡਾਲ) ਤੋਂ ਬਿਨਾ ਆਗਿਆ ਲਏ ਸੜ ਮਰਨ ਲਈ ਦੁਬਿਧਾ ਸੀ । ਰਾਜੇ ਅਤੇ ਰਾਣੀ ਦੇ ਇਸ ਮਹਾਨ-ਤਿਆਗ ਨੂੰ ਵੇਖ ਕੇ ਉਥੇ ਧਰਮ ਰਾਜ ਸਮੇਤ ਸਾਰੇ ਦੇਵਤੇ ਪ੍ਰਗਟ ਹੋਏ ਅਤੇ ਰਿਸ਼ੀ ਵਿਸ਼ਵਾਮਿਤਰ ਵੀ ਆ ਗਿਆ । ਇੰਦਰ ਨੇ ਰਾਜੇ ਨੂੰ ਦਸਿਆ ਕਿ ਉਨ੍ਹਾਂ ਤਿੰਨਾਂ ਨੇ ਆਪਣੇ ਮਹਾਨ ਧਰਮ-ਕਰਮ ਰਾਹੀਂ ਸਵਰਗ ਨੂੰ ਵੀ ਜਿੱਤ ਲਿਆ ਹੈ । ਪਰ ਰਾਜੇ ਨੇ ਕਿਹਾ ਕਿ ਉਹ ਆਪਣੇ ਸੁਆਮੀ (ਚੰਡਾਲ) ਦੀ ਆਗਿਆ ਬਿਨਾ ਸਵਰਗ ਨੂੰ ਵੀ ਜਾਣਾ ਨਹੀਂ ਲੋਚਦਾ । ਇਹ ਗੱਲ ਸੁਣ ਕੇ ਚੰਡਾਲ ਆਪਣੇ ਅਸਲੀ ਰੂਪ (ਧਰਮਰਾਜ) ਵਿਚ ਪ੍ਰਗਟ ਹੋਇਆ । ਪਰ ਰਾਜੇ ਨੇ ਆਪਣੀ ਆਗਿਆ-ਵਾਨ ਪ੍ਰਜਾ ਤੋਂ ਬਿਨਾ ਸਵਰਗ ਜਾਣੋਂ ਨਾਂਹ ਕਰ ਦਿੱਤੀ । ਜਦੋਂ ਇੰਦਰ ਨੇ ਰਾਜਾ ਹਰਿਸ਼ ਚੰਦਰ ਦੀ ਇਹ ਪੇਸ਼ਕਸ਼ ਵੀ ਮੰਨ ਲਈ ਤਾਂ ਵਿਸ਼ਵਾਮਿਤਰ

ਨੇ ਰੋਹਿਤ ਨੂੰ ਰਾਜ-ਤਿਲਕ ਦਿੱਤਾ ਅਤੇ ਰਾਜਾ ਆਪਣੀ ਪ੍ਰਜਾ ਅਤੇ ਭਾਈਬੰਧਾਂ ਸਹਿਤ ਸਵਰਗ ਨੂੰ ਚਲਿਆ ਗਿਆ। ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਰਾਜਾ ਹਰਿਸ਼ ਚੰਦਰ ਦੇ ਵਿਕਣ ਦੀ ਗੱਲ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਤਿਨਿ ਹਰੀ ਚੰਦਿ ਪਿਥਮੀ ਪਤਿ ਰਾਜੈ, ਕਾਗਦਿ ਕੀਮ ਨ ਪਾਈ।/ਅਉਗਣ ਜਾਣੈ ਪੁੰਨ ਕਰੇ ਕਿਉ, ਕਿਉ ਨੇਖਾਸਿ ਬਿਕਾਈ' (ਅ. ਗ੍ਰੰ. 1344)।

ਜਦੋਂ ਰਾਜਾ ਹਰਿਸ਼ ਚੰਦਰ ਸਵਰਗ ਪਹੁੰਚ ਗਿਆ ਤਾਂ ਨਾਰਦ ਮੁਨੀ ਨੇ ਰਾਜੇ ਦੇ ਪੁੰਨ ਨਾਸ ਕਰਨ ਲਈ ਉਸ ਦੇ ਮੂੰਹੋਂ ਆਪਣੀ ਹੀ ਉਸਤਤ ਕਰਵਾਈ। ਸਿੱਟੇ ਵਜੋਂ ਉਸ ਨੂੰ ਪ੍ਰਜਾ ਸਹਿਤ ਸਵਰਗ ਤੋਂ ਹੇਠਾਂ ਸੁਟ ਦਿੱਤਾ ਗਿਆ। ਡਿਗਦੇ ਹੋਏ ਰਾਜੇ ਨੇ ਆਪਣੀ ਗ਼ਲਤੀ ਦਾ ਪਛਤਾਵਾ ਕੀਤਾ ਅਤੇ ਪਰਮਾਤਮਾ ਵਲੋਂ ਬਖ਼ਸ਼ ਦਿੱਤਾ ਗਿਆ। ਬਖ਼ਸ਼ੇ ਜਾਣ ਕਾਰਣ ਉਹ ਜਿਥੇ ਸੀ, ਉਥੇ ਹੀ ਰੋਕ ਦਿੱਤਾ ਗਿਆ। ਫਲਸਰੂਪ ਉਹ ਆਪਣੀ ਪ੍ਰਜਾ ਸਹਿਤ ਪੁਲਾੜ ਵਿਚ ਹੀ ਹਰਿਸ਼ਚੰਦਰ-ਪੁਰ ਵਿਚ ਰਹਿਣ ਲਗ ਗਿਆ। ਇਸ ਨਗਰ ਦੇ ਹੋਰ ਨਾਮਾਂਤਰ ਹਨ—ਹਰਿਚੰਦੌਰੀ, ਗੰਧਰਵ ਨਗਰ, ਸ਼ੌਭ ਨਗਰ, ਆਦਿ। ਇਹ ਨਗਰੀ ਵਾਸਤਵਿਕ ਨਹੀਂ; ਕਾਲਪਨਿਕ ਜਾਂ ਖ਼ਿਆਲੀ ਹੈ ਜਿਸ ਦਾ ਸਰਦੀ ਦੀ ਰੁਤ ਵਿਚ ਸਵੇਰ ਵੇਲੇ ਧੁੰਦ ਦੀ ਪ੍ਰਗਾੜ੍ਹਤਾ ਕਰਕੇ ਕਦੇ ਕਦੇ ਅਹਿਸਾਸ ਹੋਣ ਲਗਦਾ ਹੈ ਪਰ ਇਸ ਦੀ ਸਥਿਤੀ ਰੇਗਿਸਤਾਨ ਦੀ ਮ੍ਰਿਗਤ੍ਰਿਸ਼ਣਾ ਵਰਗੀ ਮਿਥਿਆ ਹੈ। ਗੁਰਬਾਣੀ ਵਿਚ ਸੰਸਾਰਿਕ ਪ੍ਰਪੰਚ ਨੂੰ ਨਾਸ਼ਮਾਨ ਦਸਣ ਲਈ ਉਸ ਦੀ ਸਮਤਾ ਹਰਿਚੰਦੌਰੀ ਨਾਲ ਦਿੱਤੀ ਗਈ ਹੈ—'ਹਰਿ ਚੰਦਉਰੀ ਚਿਤ ਭ੍ਰਮ ਸਖੀਏ, ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ।/ਚੰਚਲ ਸੰਗਿ ਨ ਚਾਲਤੀ ਸਖੀਏ, ਅੰਤਿ ਤਜਿ ਜਾਵਤ ਮਾਇਆ' (ਅ. ਗ੍ਰੰ. 403)।

ਹਰਿਕ੍ਰਿਸ਼ਨ, ਗੁਰੂ : ਗੁਰੂ ਹਰਿਰਾਇ ਦੇ ਛੋਟੇ ਸਾਹਿਬਜ਼ਾਦੇ ਅਤੇ ਸਿੱਖ ਧਰਮ ਦੇ ਅੱਠਵੇਂ ਗੁਰੂ ਜਿਨ੍ਹਾਂ ਦਾ ਜਨਮ 7 ਜੁਲਾਈ, 1656 ਈ. (8 ਸਾਵਣ, 1713 ਬਿ.) ਨੂੰ ਮਾਤਾ ਕ੍ਰਿਸ਼ਨ ਕੌਰ ਦੀ ਕੁੱਖੋਂ ਕੀਰਤਪੁਰ ਵਿਚ ਹੋਇਆ। ਗੁਰੂ ਹਰਿਰਾਇ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਗੁਰਗੱਦੀ ਦੇ ਯੋਗ ਨਾ ਸਮਝ ਕੇ ਆਪ ਨੂੰ 7 ਅਕਤੂਬਰ, 1661 ਈ. (8 ਕਤਕ, 1718 ਬਿ.) ਨੂੰ ਗੁਰ-ਗੱਦੀ ਪ੍ਰਦਾਨ ਕੀਤੀ। ਇਹ ਗੱਲ ਵੱਡੇ ਭਰਾ ਰਾਮਰਾਇ ਨੂੰ ਚੰਗੀ ਨਾ ਲਗੀ। ਉਸ ਨੇ ਗੁਰ-ਗੱਦੀ ਉਤੇ ਹਕ ਜਮਾਉਂਦਿਆਂ ਔਰੰਗਜ਼ੇਬ ਨੂੰ ਦਖ਼ਲ-ਅੰਦਾਜ਼ੀ ਲਈ ਬੇਨਤੀ ਕੀਤੀ। ਔਰੰਗਜ਼ੇਬ ਬਾਦਸ਼ਾਹ ਨੇ ਦੋਹਾਂ ਧਿਰਾਂ ਨੂੰ ਦਿੱਲੀ ਬੁਲਾਇਆ।

ਦਿੱਲੀ ਵਿਚ ਗੁਰੂ ਹਰਿਕ੍ਰਿਸ਼ਨ ਨੇ ਰਾਇਸੀਨਾ ਵਿਚਲੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਉਤਾਰਾ ਕੀਤਾ, ਪਰ ਬਾਦਸ਼ਾਹ ਦੇ ਮੱਥੇ ਲਗਣੋਂ ਸੰਕੋਚ ਕੀਤਾ। ਔਰੰਗਜ਼ੇਬ ਨੇ ਆਪਣੇ ਸ਼ਹਿਜ਼ਾਦਿਆਂ ਨੂੰ ਗੁਰੂ ਸਾਹਿਬ ਨਾਲ ਗੱਲ ਕਰਨ ਲਈ ਉਨ੍ਹਾਂ ਕੋਲ ਬੰਗਲੇ ਵਿਚ ਭੇਜਿਆ। ਗੁਰੂ ਜੀ ਨੇ ਗੁਰ-ਗੱਦੀ ਬਾਰੇ ਸਾਰੀ ਸਥਿਤੀ ਸਪੱਸ਼ਟ ਕੀਤੀ। ਸ਼ਹਿਜ਼ਾਦਿਆਂ ਨੇ ਪਰਤ ਕੇ ਬਾਦਸ਼ਾਹ ਨੂੰ ਸਾਰੀ ਗੱਲ ਦਸੀ। ਬਾਦਸ਼ਾਹ ਨੇ ਰਾਮਰਾਇ ਦੀ ਗੁਰਗੱਦੀ ਉਤੇ ਹਕ ਜਤਾਉਣ ਦੀ ਬੇਨਤੀ ਨੂੰ ਰੱਦ ਕਰ ਦਿੱਤਾ।

ਰਵਾਇਤ ਇਹ ਵੀ ਹੈ ਕਿ ਔਰੰਗਜ਼ੇਬ ਨੇ ਗੁਰੂ ਜੀ ਦੀ ਆਤਮਿਕ ਸ਼ਕਤੀ ਦਾ ਭੇਦ ਪਾਉਣ ਲਈ ਇਕੋ ਕਿਸਮ ਦੇ ਬਸਤ੍ਰ ਪਵਾ ਕੇ ਬਿਠਾਈਆਂ ਇਸਤਰੀਆਂ ਵਿਚੋਂ ਪਟਰਾਣੀ ਨੂੰ ਲੱਭਣ ਲਈ ਪ੍ਰਾਰਥਨਾ ਕਰ ਭੇਜੀ। ਗੁਰੂ ਜੀ ਨੇ ਪਟਰਾਣੀ ਨੂੰ ਸਹਿਜ ਵਿਚ ਹੀ ਪਛਾਣ ਲਿਆ।

ਦਿੱਲੀ ਰਹਿੰਦਿਆਂ ਗੁਰੂ ਜੀ ਨੂੰ ਚੇਚਕ ਨਿਕਲ ਆਈ ਅਤੇ ਜਦੋਂ ਕੋਈ ਇਲਾਜ ਕਾਰਗਰ ਨਾ ਹੋਇਆ ਤਾਂ ਗੁਰੂ ਜੀ ਨੇ ਤਿੰਨ ਵਾਰ ਬਾਂਹ ਉਲਾਰ ਕੇ 'ਬਾਬਾ ਬਕਾਲੇ' ਕਹਿ ਕੇ 30 ਮਾਰਚ, 1664 ਈ. (3 ਵਿਸਾਖ, 1721 ਬਿ.) ਨੂੰ ਭੌਤਿਕ ਸ਼ਰੀਰ ਨੂੰ ਤਿਆਗ ਦਿੱਤਾ। 'ਬਾਬਾ ਬਕਾਲੇ' ਤੋਂ ਆਪ ਦਾ ਭਾਵ ਸੀ (ਗੁਰੂ) ਤੇਗ ਬਹਾਦਰ ਜੋ ਬਾਬਾ ਗੁਰਦਿੱਤਾ ਦੇ ਛੋਟੇ ਭਰਾ ਹੋਣ ਕਾਰਣ ਰਿਸ਼ਤੇ ਵਜੋਂ ਗੁਰੂ ਜੀ ਦੇ ਬਾਬਾ ਲਗਦੇ ਸਨ। ਆਪ ਨੇ ਕੁਲ 2 ਵਰ੍ਹੇ 5 ਮਹੀਨੇ ਅਤੇ 26 ਦਿਨ ਗੁਰਿਆਈ ਕੀਤੀ। ਆਪ ਦਾ ਸਸਕਾਰ ਯਮਨਾ ਨਦੀ ਦੇ ਕੰਢੇ ਉਸ ਸਥਾਨ ਤੇ ਕੀਤਾ ਗਿਆ, ਜਿਥੇ ਹੁਣ ਗੁਰਦੁਆਰਾ ਬਾਲਾ ਸਾਹਿਬ ਹੈ। ਆਪ ਦੇ ਨਿਵਾਸ-ਸਥਾਨ ਵਾਲੇ ਬੰਗਲੇ ਵਾਲੀ ਥਾਂ ਤੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ।

ਹਰਿਗੋਬਿੰਦ, ਗੁਰੂ : ਪੰਜਾਬ ਵਿਚ ਗੁਰੂ ਨਾਨਕ ਦੇਵ ਦੁਆਰਾ ਚਲਾਈ ਗੁਰੂ-ਪਰੰਪਰਾ ਦੇ ਛੇਵੇਂ ਗੁਰੂ ਜੋ ਗੁਰੂ ਅਰਜਨ ਦੇਵ ਦੇ ਘਰ ਮਾਤਾ ਗੰਗਾ ਦੀ ਕੁੱਖੋਂ 14 ਜੂਨ, 1595 ਈ. (21 ਹਾੜ, 1652 ਬਿ.) ਨੂੰ ਅੰਮ੍ਰਿਤਸਰ ਜ਼ਿਲੇ ਦੇ ਵਡਾਲੀ ਪਿੰਡ ਵਿਚ ਪੈਦਾ ਹੋਏ। ਆਪ ਦਾ ਬਚਪਨ ਪਰਿਵਾਰਿਕ ਕਲੇਸ਼ ਕਾਰਣ ਬੜੀ ਅਸੁਰੱਖਿਅਤ ਅਵਸਥਾ ਵਿਚ ਬੀਤਿਆ। ਗੁਰੂ ਅਰਜਨ ਦੇਵ ਨੇ ਆਪ ਨੂੰ ਧਾਰਮਿਕ ਵਿਦਿਆ ਲਈ ਬਾਬੇ ਬੁੱਢੇ ਦੀ ਨਿਗਰਾਨੀ ਵਿਚ ਛਡਿਆ। ਬਾਬਾ ਬੁੱਢਾ ਨੇ ਧਾਰਮਿਕ ਵਿਦਿਆ ਦੇ ਨਾਲ-ਨਾਲ ਆਪ ਨੂੰ ਸੈਨਿਕ ਸਿਖਲਾਈ ਵੀ ਦਿੱਤੀ। ਫਲਸਰੂਪ ਗੁਰੂ ਜੀ ਸ਼ੁਰੂ ਤੋਂ ਹੀ ਬੜੇ ਚੁਸਤ ਅਤੇ ਨਿਡਰ ਯੋਧਾ ਬਣਨ ਵਲ ਰੁਚਿਤ ਹੋ ਗਏ। ਇਸੇ ਲਈ ਭਾਈ ਗੁਰਦਾਸ ਨੇ ਲਿਖਿਆ ਹੈ—'ਦਲ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ' (1/48)।

ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਬਾਦ 25 ਮਈ, 1606 ਈ. (29 ਜੇਠ, 1663 ਬਿ.) ਨੂੰ ਆਪ ਗੱਦੀ ਉਤੇ ਬੈਠੇ ਅਤੇ ਸੇਲੀ-ਟੋਪੀ ਦੀ ਥਾਂ ਸਿਰ ਉਤੇ ਦਸਤਾਰ ਅਤੇ ਕਲਗੀ ਸਜਾਈ ਅਤੇ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਣ ਕੀਤੀਆਂ ਕਿਉਂਕਿ ਆਪ ਨੂੰ ਅਹਿਸਾਸ ਹੋ ਗਿਆ ਸੀ ਕਿ ਭਗਤੀ ਦੇ ਨਾਲ ਆਤਮ-ਰੱਖਿਆ ਲਈ ਸ਼ਕਤੀ ਦੀ ਬਹੁਤ ਆਵੱਸ਼ਕਤਾ ਹੈ।

ਆਪ ਨੇ ਤਿੰਨ ਵਿਆਹ ਕੀਤੇ। ਇਕ, ਡਲਾ ਨਿਵਾਸੀ ਨਾਰਾਇਨ ਦਾਸ ਦੀ ਪੁੱਤਰੀ ਦਮੋਦਰੀ ਨਾਲ 1604 ਈ. (1661 ਬਿ.) ਵਿਚ; ਦੂਜਾ, ਬਕਾਲਾ ਨਿਵਾਸੀ ਹਰੀ ਚੰਦ ਦੀ ਪੁੱਤਰੀ ਨਾਨਕੀ ਨਾਲ 1613 ਈ. (1670 ਬਿ.) ਵਿਚ ਅਤੇ ਤੀਜਾ, ਮੰਡਿਆਲੀ ਨਿਵਾਸੀ ਦਯਾਰਾਮ ਦੀ ਪੁੱਤਰੀ ਮਹਾਦੇਵੀ ਨਾਲ 1615 ਈ. (1672 ਬਿ.) ਵਿਚ। ਆਪ ਦੇ ਘਰ ਪੰਜ ਪੁੱਤਰ (ਬਾਬਾ ਗੁਰਦਿੱਤਾ, ਸੂਰਜ ਮਲ, ਅਣੀਰਾਇ, ਅਟੱਲ ਰਾਇ ਅਤੇ ਤੇਗ ਬਹਾਦਰ) ਅਤੇ ਇਕ ਸੁਪੁੱਤਰੀ (ਬੀਬੀ ਵੀਰੋ) ਪੈਦਾ ਹੋਏ।

ਗੁਰੂ ਜੀ ਨੇ ਪਹਿਲਾਂ ਅੰਮ੍ਰਿਤਸਰ ਦੀ ਸੁਰੱਖਿਆ ਲਈ ਲੋਹਗੜ੍ਹ ਨਾਂ ਦਾ ਕਿਲ੍ਹਾ ਬਣਵਾਇਆ। ਫਿਰ ਸੰਨ 1609 ਈ. ਵਿਚ ਹਰਿਮੰਦਿਰ ਸਾਹਿਬ ਦੇ ਸਾਹਮਣੇ ਅਕਾਲ-ਬੁੰਗਾ (ਅਕਾਲ-ਤਖ਼ਤ) ਉਸਰਵਾਇਆ ਜਿਥੇ ਨੌਜਵਾਨਾਂ ਨੂੰ ਜੰਗੀ ਕਰਤਬ ਅਤੇ ਸ਼ਰੀਰਕ ਕਸਰਤ ਵਲ ਰੁਚਿਤ ਕੀਤਾ ਜਾਂਦਾ। ਆਪ ਨੇ ਪਹਿਲਾਂ 52 ਬਲਵਾਨ ਜਵਾਨਾਂ ਦੀ ਇਕ ਸੈਨਿਕ ਟੁਕੜੀ ਤਿਆਰ ਕੀਤੀ ਅਤੇ ਫਿਰ ਇਸ ਨੂੰ ਵਧਾ ਕੇ 500 ਯੁੱਧ-ਵੀਰਾਂ ਦਾ ਛੋਟਾ ਜਿਹਾ ਦਲ ਬਣਾ ਦਿੱਤਾ। ਇਸ ਸੈਨਿਕ ਗਤਿਵਿਧੀ ਨੂੰ ਵੇਖ ਕੇ ਜਹਾਂਗੀਰ ਨੇ ਆਪ ਨੂੰ ਦਿੱਲੀ ਬੁਲਵਾਇਆ ਅਤੇ ਬਾਰ੍ਹਾਂ ਵਰ੍ਹਿਆਂ ਦੀ ਕੈਦ ਦਾ ਹੁਕਮ ਦੇ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਉਦੋਂ ਉਸ ਕਿਲ੍ਹੇ ਵਿਚ ਬਹੁਤ ਸਾਰੇ ਹਿੰਦੂ ਰਾਜੇ ਵੀ ਕੈਦ ਸਨ ਜੋ ਗੁਰੂ ਸਾਹਿਬ ਦੇ ਆਤਮਿਕ ਬਲ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਪ੍ਰਤਿ ਲੋਕਾਂ ਦੀ ਅਪਾਰ ਸ਼ਰਧਾ ਵੇਖ ਕੇ ਅਤੇ ਸਾਈਂ ਮੀਆਂ ਮੀਰ ਵਰਗੇ ਸੂਫ਼ੀ ਦਰਵੇਸ਼ਾਂ ਦੇ ਕਹੇ ਤੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦੋ ਵਰ੍ਹਿਆਂ ਤੋਂ ਬਾਦ ਛੱਡ ਦਿੱਤਾ। ਆਪ ਨੇ 52 ਹਿੰਦੂ ਰਾਜਿਆਂ ਨੂੰ ਵੀ ਮੁਕਤ ਕਰਾਇਆ ਜੋ ਗੁਰੂ ਜੀ ਦੇ ਜਾਮੇ ਦੀਆਂ ਕਲੀਆਂ ਪਕੜ ਕੇ ਕਿਲ੍ਹਿਓਂ ਬਾਹਰ ਆ ਗਏ ਸਨ। ਇਸ ਘਟਨਾ ਕਾਰਣ ਗੁਰੂ ਜੀ ਦਾ ਇਕ ਨਾਮਾਂਤਰ 'ਬੰਦੀ-ਛੋੜ' ਪ੍ਰਚਲਿਤ ਹੋਇਆ। ਇਸ ਤੋਂ ਬਾਦ ਜਹਾਂਗੀਰ ਬਾਦਸ਼ਾਹ ਨਾਲ ਗੁਰੂ ਜੀ ਦੇ ਸੰਬੰਧ ਸੁਖਾਵੇਂ ਰਹੇ।

ਸੰਨ 1614 ਈ. ਨੂੰ ਗਵਾਲੀਅਰ ਤੋਂ ਪਰਤਣ ਉਪਰੰਤ ਗੁਰੂ ਜੀ ਨੇ ਧਰਮ-ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਪੰਜਾਬ ਤੋਂ ਬਾਹਰ ਕਸ਼ਮੀਰ, ਕਾਂਗੜਾ, ਉੱਤਰ-ਪ੍ਰਦੇਸ਼ ਆਦਿ ਵਿਚ ਜਾ ਕੇ ਧਰਮ-ਪ੍ਰਚਾਰ ਕੀਤਾ। ਮਾਲਵਾ ਖੇਤਰ ਵਿਚ ਵੀ ਆਪ ਗਏ। ਜਹਾਂਗੀਰ ਦੇ ਦੇਹਾਂਤ ਤੋਂ ਬਾਦ ਸੰਨ 1628 ਈ. ਵਿਚ ਜਦੋਂ ਸ਼ਾਹ ਜਹਾਂ ਬਾਦਸ਼ਾਹ ਬਣਿਆ ਅਤੇ ਉਸ ਨੇ ਗ਼ੈਰ-ਮੁਸਲਮਾਨਾਂ ਪ੍ਰਤਿ ਤੰਗ-ਨਜ਼ਰੀ ਦਾ ਰਵੈਯਾ ਅਪਣਾਇਆ ਤਾਂ ਸਿੱਖਾਂ ਦੇ ਮਨ ਵਿਚ ਸਰਕਾਰ ਵਿਰੁੱਧ ਰੋਹ ਵੱਧਣ ਲਗਾ, ਜਿਸ ਕਰਕੇ ਕੁਝ-ਕੁਝ ਸਮੇਂ ਬਾਦ ਗੁਰੂ ਜੀ ਦੀਆਂ ਮੁਗ਼ਲ ਸੈਨਾ ਨਾਲ ਚਾਰ ਲੜਾਈਆਂ ਹੋਈਆਂ। ਪਹਿਲੀ ਲੜਾਈ ਸੰਨ 1628 ਈ. ਵਿਚ ਮੁਖ਼ਲਿਸ ਖ਼ਾਨ ਨਾਲ ਅੰਮ੍ਰਿਤਸਰ ਦੇ ਨੇੜੇ ਹੋਈ। ਦੂਜੀ ਲੜਾਈ ਸੰਨ 1631 ਈ. ਵਿਚ ਹਰਿ-ਗੋਬਿੰਦਪੁਰ ਵਿਚ ਅਬਦੁੱਲਾ ਖ਼ਾਨ ਨਾਲ ਹੋਈ। ਲਗਭਗ ਇਕ ਸਾਲ ਬਾਦ ਗੁਰੂ ਜੀ ਨੂੰ ਮੁਗ਼ਲ ਸੈਨਾ ਨਾਲ ਤੀਜੀ ਲੜਾਈ ਮੋਹਰਾਜ ਨਾਂ ਦੇ ਕਸਬੇ ਕੋਲ ਨਥਾਣੇ ਦੀ ਢਾਬ ਪਾਸ ਲੜਨੀ ਪਈ। ਮੁਗ਼ਲਾਂ ਵਲੋਂ ਲਲਾ ਬੇਗ ਅਤੇ ਕਮਰ ਬੇਗ ਫ਼ੌਜਦਾਰ ਸਨ। ਚੌਥੀ ਲੜਾਈ ਸੰਨ 1634 ਈ. ਵਿਚ ਕਰਤਾਰਪੁਰ ਦੇ ਨੇੜੇ ਲੜੀ ਗਈ। ਮੁਗ਼ਲ ਸੈਨਾ ਦੀ ਕਮਾਨ ਕਾਲੇ ਖ਼ਾਨ ਕਰ ਰਿਹਾ ਸੀ ਅਤੇ ਪੈਂਦਾ ਖ਼ਾਨ ਉਸ ਦਾ ਸਹਾਇਕ ਸੀ। ਇਨ੍ਹਾਂ ਚੌਹਾਂ ਲੜਾਈਆਂ ਵਿਚ ਗੁਰੂ ਸਾਹਿਬ ਦੀ ਜਿੱਤ ਹੋਈ ਅਤੇ ਹਰ ਲੜਾਈ ਵਿਚ ਮੁਗ਼ਲ ਸੈਨਾ ਦੇ ਫ਼ੌਜਦਾਰ ਮਾਰੇ ਗਏ।

ਕਰਤਾਰਪੁਰ ਦੇ ਯੁੱਧ ਤੋਂ ਬਾਦ ਗੁਰੂ ਜੀ ਕੀਰਤਪੁਰ ਵਿਚ ਨਿਵਾਸ ਕਰਨ ਚਲੇ ਗਏ। ਉਥੇ ਲਗਭਗ ਦਸ ਵਰ੍ਹੇ ਰਹਿ ਕੇ ਧਰਮ-ਪ੍ਰਚਾਰ ਕੀਤਾ ਅਤੇ ਇਸ ਕੰਮ ਵਿਚ ਆਪਣੇ ਵੱਡੇ ਸੁਪੁੱਤਰ ਬਾਬਾ ਗੁਰਦਿੱਤਾ ਨੂੰ ਵੀ ਲਗਾਇਆ, ਪਰ ਉਹ ਸੰਨ 1638 ਈ. ਵਿਚ

ਭਰ-ਜਵਾਨੀ ਵਿਚ ਹੀ ਚਲਾਣਾ ਕਰ ਗਏ । 3 ਮਾਰਚ, 1644 ਈ. (7 ਚੇਤਰ, 1701 ਬਿ.) ਨੂੰ ਗੁਰੂ ਜੀ ਨੇ ਕੀਰਤਪੁਰ ਵਿਚ ਆਪਣੇ ਪੋਤਰੇ ਹਰਿਰਾਇ ਨੂੰ ਗੁਰੂ-ਪਦ ਪ੍ਰਦਾਨ ਕਰ ਕੇ ਸੰਸਾਰ ਦਾ ਤਿਆਗ ਕੀਤਾ । ਆਪ ਦਾ ਦੇਹਰਾ ਕੀਰਤਪੁਰ ਵਿਚ 'ਪਾਤਾਲਪੁਰੀ' ਦੇ ਨਾਂ ਨਾਲ ਪ੍ਰਸਿੱਧ ਹੈ। ਆਪ ਨੇ ਕੁਲ 37 ਵਰ੍ਹੇ 10 ਮਹੀਨੇ ਅਤੇ 7 ਦਿਨ ਗੁਰਿਆਈ ਕੀਤੀ ।

ਗੁਰੂ ਹਰਿਗੋਬਿੰਦ ਨੇ ਧਰਮ-ਪ੍ਰਚਾਰ ਦੌਰਾਨ ਕਈ ਸਥਾਨ ਬਣਵਾਏ, ਜਿਵੇਂ ਕੌਲਸਰ, ਬਿਬੇਕਸਰ, ਗੁਰੂ ਅਰਜਨ ਦੇਵ ਦਾ ਦੇਹਰਾ ਆਦਿ । ਗੁਰੂ ਜੀ ਪ੍ਰਤਿ ਹਿੰਦੂ ਮੁਸਲਮਾਨ ਦੋਵੇਂ ਬਹੁਤ ਆਦਰ ਦੀ ਭਾਵਨਾ ਰਖਦੇ ਸਨ ਅਤੇ ਇਨ੍ਹਾਂ ਦੇ ਸਮੇਂ ਦੌਰਾਨ ਸਿੱਖੀ ਦਾ ਬਹੁਤ ਵਿਸਤਾਰ ਹੋਇਆ। ਇਨ੍ਹਾਂ ਨੇ ਉਦਾਸੀ ਸਿੱਖਾਂ ਨੂੰ ਵੀ ਪ੍ਰੇਰਿਤ ਕਰ ਕੇ ਦੂਰ-ਦੂਰ ਤਕ ਸਿੱਖੀ ਦੇ ਪ੍ਰਚਾਰ ਲਈ ਭੇਜਿਆ ।

ਹਰਿਚੰਦਉਰੀ : ਵੇਖੋ 'ਹਰਿਸ਼ਚੰਦਰ, ਰਾਜਾ' ।

ਹਰਿਦਵਾਰ : ਵੇਖੋ 'ਹਰਿਦੁਆਰ' ।

ਹਰਿਦੁਆਰ : ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲੇ ਦਾ ਇਹ ਇਕ ਮਹੱਤਵਪੂਰਣ ਤੀਰਥ ਹੈ। ਇਸ ਦੀ ਮਹਾਨਤਾ ਕਰਕੇ ਇਸ ਨੂੰ ਹਿੰਦੂਆਂ ਦੀਆਂ ਸੱਤ ਪੁਰੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦਾ ਖੇਤਰ 'ਹਰਿ ਕੀ ਪੌੜੀ' ਤੋਂ ਲੈ ਕੇ ਕਨਖਲ ਤਕ ਹੈ। ਇਸ ਦਾ ਇਕ ਨਾਮਾਂਤਰ 'ਮਾਯਾਪੁਰੀ' ਹੈ ।

ਚੂੰਕਿ ਇਸ ਵਿਚਲਾ 'ਹਰਿ' ਸ਼ਬਦ ਵਿਸ਼ਣੂ ਦਾ ਸੂਚਕ ਹੈ, ਇਸ ਲਈ ਇਸ ਨੂੰ ਵੈਸ਼ਣਵ ਧਰਮ-ਧਾਮ ਸਮਝਿਆ ਜਾਂਦਾ ਹੈ, ਪਰ ਇਥੇ ਹੋਰ ਹਿੰਦੂ ਸੰਪ੍ਰਦਾਵਾਂ ਜਾਂ ਭਾਵਨਾਵਾਂ ਵਾਲੇ ਲੋਕ ਵੀ ਬੜੀ ਸ਼ਰਧਾ ਨਾਲ ਆਉਂਦੇ ਹਨ । ਇਥੇ ਗੰਗਾ ਪਹਾੜ ਤੋਂ ਨਿਕਲ ਕੇ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ । ਇਥੇ ਬਾਰ੍ਹਾਂ ਵਰ੍ਹਿਆਂ ਤੋਂ ਬਾਦ ਜਦੋਂ ਸੂਰਜ ਅਤੇ ਚੰਦ੍ਰਮਾ ਮੇਖ ਰਾਸ਼ੀ ਉਤੇ ਅਤੇ ਬ੍ਰਿਹਸਪਤੀ ਕੁੰਭ ਰਾਸ਼ੀ ਵਿਚ ਸਥਿਤ ਹੁੰਦੇ ਹਨ, ਤਾਂ ਕੁੰਭ ਦਾ ਮੇਲਾ (ਵੇਖੋ) ਲਗਦਾ ਹੈ ਅਤੇ ਛੇ ਵਰ੍ਹਿਆਂ ਦੇ ਬੀਤਣ ਤੋਂ ਬਾਦ ਅਰਧਕੁੰਭੀ ਦਾ ਪਰਵ ਮੰਨਾਇਆ ਜਾਂਦਾ ਹੈ ।

ਇਥੇ ਮੈਤ੍ਰੇਯ ਰਿਸ਼ੀ ਨੇ ਵਿਦੁਰ ਨੂੰ 'ਭਾਗਵਤ ਪੁਰਾਣ' ਦੀ ਕਥਾ ਸੁਣਾਈ ਸੀ ਅਤੇ ਇਥੇ ਹੀ ਸੱਤ ਰਿਸ਼ੀਆਂ ਤੋਂ ਨਾਰਦ ਨੇ ਇਸ ਪੁਰਾਣ ਦੀ ਸਪਤਾਹ ਕਥਾ ਸੁਣੀ ਸੀ। ਇਸ ਤੋਂ ਇਲਾਵਾ ਹੋਰ ਵੀ ਕਈ ਰਿਸ਼ੀਆਂ ਮੁਨੀਆਂ ਦੀ ਤਪੱਸਿਆ ਦੇ ਪ੍ਰਸੰਗ ਜਾਂ ਆਖਿਆਨ ਇਸ ਪੁਰੀ ਨਾਲ ਜੁੜੇ ਹੋਏ ਹਨ । ਜਨਮਸਾਖੀ ਸਾਹਿੱਤ ਅੰਦਰ ਉੱਲੇਖ ਹੈ ਕਿ ਗੁਰੂ ਨਾਨਕ ਦੇਵ ਉਦਾਸੀਆਂ ਦੌਰਾਨ ਇਥੇ ਆਏ ਸਨ ਅਤੇ ਲੋਕਾਂ ਵਲੋਂ ਸੂਰਜ ਨੂੰ ਪਾਣੀ ਚੜ੍ਹਾਉਣ ਦੀ ਮਿਥ ਦਾ ਖੰਡਨ ਕੀਤਾ ਸੀ । ਇਸ ਘਟਨਾ ਨਾਲ ਸੰਬੰਧਿਤ ਇਕ ਗੁਰੂ-ਧਾਮ ਹਰਿ ਕੀ ਪੌੜੀ ਦੇ ਨੇੜੇ ਕਾਇਮ ਹੈ ।

ਹਰਿਮੰਦਿਰ, ਸਾਹਿਬ : ਵੇਖੋ 'ਅੰਮ੍ਰਿਤਸਰ—2' ।

ਹਰਿਰਾਇ, ਗੁਰੂ : ਸਿੱਖ-ਧਰਮ ਦੇ ਸੱਤਵੇਂ ਗੁਰੂ, ਜਿਨ੍ਹਾਂ ਦਾ ਜਨਮ ਗੁਰੂ ਹਰਿਗੋਬਿੰਦ ਦੇ ਸੁਪੁੱਤਰ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ 26 ਫਰਵਰੀ,

1630 ਈ. (20 ਮਾਘ, 1686 ਬਿ.) ਵਿਚ ਕੀਰਤਪੁਰ ਵਿਚ ਹੋਇਆ। ਆਪ ਦੀ ਧਾਰਮਿਕ ਸਿਖਿਆ ਦਾਦਾ ਗੁਰੂ ਹਰਿਗੋਬਿੰਦ ਦੀ ਦੇਖ-ਰੇਖ ਵਿਚ ਹੋਈ। ਆਪ ਨੂੰ ਸੈਨਿਕ ਸਿਖਲਾਈ ਵੀ ਕਰਵਾਈ ਗਈ। ਇਕ ਚੰਗੇ ਯੁੱਧ-ਵੀਰ ਹੁੰਦੇ ਹੋਏ ਵੀ ਆਪ ਬੜੇ ਕੋਮਲ ਦਿਲ ਵਾਲੇ ਉਦਾਰ ਮਹਾਪੁਰਸ਼ ਸਨ, ਇਸ ਲਈ ਆਪ ਦਿਲਾਂ ਨੂੰ ਤੋੜਨ ਦੀ ਥਾਂ, ਟੁੱਟੇ ਹੋਇਆਂ ਨੂੰ ਜੋੜਨ ਵਿਚ ਜ਼ਿਆਦਾ ਰੁਚੀ ਰਖਦੇ ਸਨ। ਆਪ ਦਯਾ, ਪ੍ਰੇਮ ਅਤੇ ਕੋਮਲਤਾ ਦੇ ਮੁਜੱਸਮੇ ਸਨ।

ਆਪ ਦਾ ਵਿਆਹ ਜ਼ਿਲਾ ਬੁਲੰਦ ਸ਼ਹਿਰ (ਉੱਤਰ-ਪ੍ਰਦੇਸ਼) ਦੇ 'ਅਨੂਪ ਸ਼ਹਿਰ' ਦੇ ਨਿਵਾਸੀ ਦਯਾ ਰਾਮ ਦੀਆਂ ਦੋ ਪੁੱਤਰੀਆਂ ਨਾਲ ਸੰਨ 1640 ਈ. (1697 ਬਿ.) ਵਿਚ ਹੋਇਆ। ਮਾਤਾ ਕੋਟ ਕਲਿਆਣੀ ਦੀ ਕੁੱਖੋਂ ਰਾਮਰਾਇ ਦਾ ਅਤੇ ਕ੍ਰਿਸ਼ਨ ਕੌਰ ਦੀ ਕੁੱਖੋਂ (ਗੁਰੂ) ਹਰਿਕ੍ਰਿਸ਼ਨ ਦਾ ਜਨਮ ਹੋਇਆ।

ਗੁਰੂ ਹਰਿਗੋਬਿੰਦ ਦੇ ਮਹਾਪ੍ਰਸਥਾਨ ਤੋਂ ਬਾਦ ਆਪ 8 ਮਾਰਚ, 1644 ਈ. (12 ਚੇਤਰ, 1700 ਬਿ.) ਨੂੰ ਗੁਰਗੱਦੀ ਉਤੇ ਬੈਠੇ। ਗ਼ਰੀਬਾਂ, ਬੀਮਾਰਾਂ ਅਤੇ ਨਿਆਸਰਿਆਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਨੂੰ ਦੁੱਖਾਂ-ਕਲੇਸ਼ਾਂ ਤੋਂ ਮੁਕਤ ਕਰਨਾ ਆਪ ਦੀ ਸ਼ਖ਼ਸੀਅਤ ਦੀ ਇਕ ਵਿਸ਼ਿਸ਼ਟਤਾ ਸੀ। ਆਪ ਨੇ ਇਕ ਵੱਡਾ ਦਵਾਖ਼ਾਨਾ ਵੀ ਖੋਲ੍ਹ ਰਖਿਆ ਸੀ ਜਿਸ ਵਿਚ ਬਹੁਤ ਕੀਮਤੀ ਅਤੇ ਜੀਵਨ-ਦਾਇਕ ਦਵਾਈਆਂ ਹਰ ਸਮੇਂ ਉਪਲਬਧ ਹੁੰਦੀਆਂ ਸਨ। ਆਪ ਸ਼ਿਕਾਰ ਦੇ ਵੀ ਬਹੁਤ ਸ਼ੌਕੀਨ ਸਨ ਪਰ ਇਹ ਸ਼ਿਕਾਰ ਪੰਛੀਆਂ ਅਤੇ ਪਸ਼ੂਆਂ ਨੂੰ ਮਾਰਨ ਲਈ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਨੂੰ ਪਕੜ ਕੇ ਆਪਣੇ ਬਾਗ਼ ਵਿਚ ਪਾਲਦੇ ਪੋਸਦੇ ਸਨ। ਇਸ ਤਰ੍ਹਾਂ ਆਪ ਦਾ ਬਾਗ਼ ਇਕ ਚੰਗਾ ਚਿੜੀਆਘਰ ਸੀ।

ਆਪ ਨੂੰ ਦਾਦਾ ਗੁਰੂ ਹਰਿਗੋਬਿੰਦ ਵੱਲੋਂ ਇਕ ਤਕੜੀ ਸੈਨਿਕ ਟੁਕੜੀ ਰਖਣ ਦੀ ਉਚੇਚੀ ਆਗਿਆ ਸੀ। ਕੁਝ ਇਤਿਹਾਸਕਾਰਾਂ ਅਨੁਸਾਰ ਉਸ ਵਿਚ 2200 ਸੈਨਿਕ ਹੁੰਦੇ ਸਨ। ਪਰ ਆਪ ਨੂੰ ਜੀਵਨ ਭਰ ਇਸ ਸੈਨਾ ਨੂੰ ਕਿਸੇ ਜੰਗ ਲਈ ਵਰਤਣ ਦੀ ਲੋੜ ਨਹੀਂ ਪਈ, ਸਿਵਾਏ ਇਕ ਅਵਸਰ ਤੇ, ਜਦੋਂ ਦਾਰਾਸ਼ਕੋਹ ਦਾ ਪਿਛਾ ਕਰਦੀ ਆ ਰਹੀ ਔਰੰਗਜ਼ੇਬ ਦੀ ਸੈਨਾ ਨੂੰ ਗੋਇੰਦਵਾਲ ਦੇ ਪੱਤਣ ਉਤੇ ਉਦੋਂ ਤਕ ਰੋਕੀ ਰਖਣਾ ਜਦੋਂ ਤਕ ਦਾਰਾਸ਼ਕੋਹ ਕਿਸੇ ਸੁਰੱਖਿਅਤ ਥਾਂ ਤੇ ਨਾ ਪਹੁੰਚ ਜਾਏ। ਉਦੋਂ ਗੁਰੂ ਸਾਹਿਬ ਗੋਇੰਦਵਾਲ ਪਧਾਰੇ ਹੋਏ ਸਨ।

ਔਰੰਗਜ਼ੇਬ ਨੇ ਦਿੱਲੀ ਦੇ ਤਖ਼ਤ ਉਤੇ ਬੈਠਦਿਆਂ ਗੁਰੂ ਸਾਹਿਬ ਨੂੰ ਦਾਰਾਸ਼ਕੋਹ ਦੀ ਮੱਦਦ ਕਰਨ ਦੇ ਦੋਸ਼ ਵਿਚ ਦਿੱਲੀ ਬੁਲਾਇਆ। ਗੁਰੂ ਜੀ ਨੇ ਆਪਣੀ ਥਾਂ ਤੇ ਵੱਡੇ ਸਾਹਿਬਜ਼ਾਦੇ ਰਾਮਰਾਇ ਨੂੰ ਭੇਜ ਦਿੱਤਾ। ਕੁਝ ਹੋਰ ਪੁੱਛਾਂ ਤੋਂ ਇਲਾਵਾ, ਔਰੰਗਜ਼ੇਬ ਵਲੋਂ ਇਹ ਇਤਰਾਜ਼ ਕਰਨ ਤੇ ਕਿ ਗ੍ਰੰਥ ਸਾਹਿਬ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਲਿਖ ਕੇ ਮੋਮਨਾਂ ਦੀ ਨਿੰਦਾ ਕੀਤੀ ਗਈ ਹੈ, ਰਾਮਰਾਇ ਨੇ 'ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ' ਪਾਠਾਂਤਰ ਕਰ ਕੇ ਬਾਦਸ਼ਾਹ ਨੂੰ ਖ਼ੁਸ਼ ਕਰ ਲਿਆ ਅਤੇ ਬਾਦਸ਼ਾਹ ਨੇ ਉਸ ਨੂੰ ਦੂਨ ਦੀ ਵਾਦੀ ਵਿਚ ਜਾਗੀਰ ਦਿੱਤੀ। ਜਦੋਂ ਇਸ ਘਟਨਾ

ਦਾ ਗੁਰੂ ਹਰਿਰਾਇ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਰਾਮਰਾਇ ਨੂੰ ਗੁਰਗੱਦੀ ਦੇ ਯੋਗ ਨਾ ਸਮਝ ਕੇ ਤਿਆਗ ਦਿੱਤਾ।

ਆਪ ਨੇ ਕੀਰਤਪੁਰ ਵਿਚ 6 ਅਕਤੂਬਰ, 1661 ਈ. (7 ਕਤਕ, 1718 ਬਿ.) ਨੂੰ ਜੋਤੀ-ਜੋਤਿ ਸਮਾਉਣ ਵੇਲੇ ਆਪਣੇ ਛੋਟੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ। ਇਨ੍ਹਾਂ ਨੇ ਕੁਲ 17 ਵਰ੍ਹੇ, 5 ਮਹੀਨੇ ਅਤੇ 8 ਦਿਨ ਗੁਰਿਆਈ ਕੀਤੀ। ਆਪ ਨੇ ਆਪਣੇ ਗੁਰ-ਗੱਦੀ ਕਾਲ ਵਿਚ ਬੜੇ ਵਿਵਸਥਿਤ ਢੰਗ ਨਾਲ ਧਰਮ-ਪ੍ਰਚਾਰ ਕੀਤਾ। ਅਨੇਕ ਥਾਵਾਂ ਦੀ ਯਾਤ੍ਰਾ ਕਰ ਕੇ ਧਰਮ-ਕੇਂਦਰ ਸਥਾਪਿਤ ਕੀਤੇ ਅਤੇ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਆਦਿ ਪ੍ਰਮੁਖ ਸਿੱਖਾਂ ਨੂੰ ਮਸੰਦ ਥਾਪ ਕੇ ਧਰਮ-ਪ੍ਰਚਾਰ ਦੀ ਗਤੀ ਨੂੰ ਤੇਜ਼ ਅਤੇ ਵਿਸਤ੍ਰਿਤ ਕੀਤਾ।

ਹਰੀ ਸਿੰਘ, ਨਲਵਾ : ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦਾ ਇਕ ਅਦੁੱਤੀ ਜਰਨੈਲ ਜਿਸ ਦਾ ਜਨਮ ਸੰਨ 1791 ਈ. ਵਿਚ ਗੁਜਰਾਂਵਾਲਾ ਨਿਵਾਸੀ ਸਰਦਾਰ ਗੁਰਦਿਆਲ ਸਿੰਘ, ਉਪਲ ਖਤਰੀ, ਦੇ ਘਰ ਬੀਬੀ ਧਰਮ ਕੌਰ ਦੀ ਕੁੱਖੋਂ ਹੋਇਆ। ਸੱਤ ਸਾਲ ਦੀ ਉਮਰ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਅਤੇ ਮਾਮੇ ਕੋਲ ਰਹਿ ਕੇ ਆਪਣਾ ਬਚਪਨ ਬਿਤਾਇਆ। ਇਸ ਨੂੰ ਘੋੜ-ਸਵਾਰੀ ਅਤੇ ਸ਼ਸਤ੍ਰ-ਵਿਦਿਆ ਹਾਸਲ ਕਰਨ ਦਾ ਬਹੁਤ ਸ਼ੌਕ ਸੀ, ਇਸ ਲਈ ਬਿਨਾ ਕਿਸੇ ਤੋਂ ਸਿੱਖੇ ਇਹ ਆਪਣੇ ਆਪ ਹੀ 15 ਸਾਲਾਂ ਦੀ ਉਮਰ ਤਕ ਯੁੱਧ-ਕਰਮ ਵਿਚ ਪੂਰੀ ਤਰ੍ਹਾਂ ਨਿਪੁਣ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਹਰ ਸਾਲ ਬਸੰਤ ਵਾਲੇ ਦਿਨ ਇਕ ਵਿਸ਼ੇਸ਼ ਦਰਬਾਰ ਲਗਾ ਕੇ ਨੌਜਵਾਨਾਂ ਨੂੰ ਆਪਣੀ ਸੂਰਬੀਰਤਾ ਅਤੇ ਸ਼ਸਤ੍ਰ-ਪ੍ਰਬੀਨਤਾ ਦਾ ਪ੍ਰਦਰਸ਼ਨ ਕਰਨ ਦਾ ਅਵਸਰ ਪ੍ਰਦਾਨ ਕਰਦਾ ਸੀ। ਸੰਨ 1805 ਈ. ਵਿਚ ਲਾਹੌਰ ਵਿਚ ਹੋਏ ਅਜਿਹੇ ਇਕ ਦਰਬਾਰ ਵਿਚ ਹਰੀ ਸਿੰਘ ਨੂੰ ਆਪਣਾ ਕਮਾਲ ਵਿਖਾਉਣ ਦਾ ਮੌਕਾ ਮਿਲਿਆ। ਇਸ ਨੇ ਇਤਨੀ ਸੁਘੜਤਾ ਨਾਲ ਆਪਣਾ ਜੌਹਰ ਵਿਖਾਇਆ ਕਿ ਮਹਾਰਾਜਾ ਸਾਹਿਬ ਨੇ ਇਸ ਨੂੰ ਗਲੇ ਲਾ ਲਿਆ ਅਤੇ ਕੀਮਤੀ ਕੈਂਠਾ ਪ੍ਰਦਾਨ ਕੀਤਾ। ਨਾਲ ਹੀ ਇਸ ਨੂੰ ਆਪਣੀ ਖ਼ਾਸ ਫ਼ੌਜ ਵਿਚ ਸ਼ਾਮਲ ਕਰ ਲਿਆ।

ਇਕ ਵਾਰ ਹਰੀ ਸਿੰਘ ਮਹਾਰਾਜੇ ਨਾਲ ਸ਼ੇਰ ਦੇ ਸ਼ਿਕਾਰ ਨੂੰ ਗਿਆ। ਉਥੇ ਬੜੀ ਫੁਰਤੀ ਨਾਲ ਇਸ ਨੇ ਇਕ ਸ਼ੇਰ ਨੂੰ ਮਾਰ ਦਿੱਤਾ। ਇਸ ਬਹਾਦਰੀ ਨੂੰ ਵੇਖ ਕੇ ਮਹਾਰਾਜੇ ਨੇ ਇਸ ਨੂੰ 'ਨਲ' ਦਾ ਖ਼ਿਤਾਬ ਦਿੱਤਾ ਕਿਉਂਕਿ ਰਾਜਾ ਨਲ ਜਿਸ ਨਿਡਰਤਾ ਨਾਲ ਸ਼ੇਰ ਦਾ ਸ਼ਿਕਾਰ ਕਰਦਾ ਸੀ, ਉਸੇ ਤਰ੍ਹਾਂ ਹਰੀ ਸਿੰਘ ਨੇ ਵੀ ਕੀਤਾ। ਬਾਦ ਵਿਚ 'ਨਲ' ਸ਼ਬਦ 'ਨਲਵਾ' ਜਾਂ 'ਨਲੂਆ' ਰੂਪ ਵਿਚ ਬਦਲ ਗਿਆ।

ਕਾਲਾਂਤਰ ਵਿਚ ਹਰੀ ਸਿੰਘ ਨੇ ਅਨੇਕ ਯੁੱਧਾਂ ਵਿਚ ਹਿੱਸਾ ਲੈ ਕੇ ਆਪਣੀ ਬਹਾਦਰੀ ਦਾ ਜਲਵਾ ਵਿਖਾਇਆ। ਸੰਨ 1807 ਈ. ਵਿਚ ਕਸੂਰ ਦੀ ਲੜਾਈ ਵਿਚ ਅਤੇ ਸੰਨ 1810 ਈ. ਵਿਚ ਸਿਆਲਕੋਟ ਦੀ ਲੜਾਈ ਵਿਚ ਸ਼ਾਮਲ ਹੋਇਆ। ਇਸੇ ਸਾਲ ਮੁਲਤਾਨ ਉਤੇ ਕੀਤੀ ਚੜ੍ਹਾਈ ਵਿਚ ਇਹ ਜ਼ਖਮੀ ਵੀ ਹੋਇਆ। ਸੰਨ

1813 ਈ. ਵਿਚ ਹਜ਼ਰੋ ਵਿਚ ਪਠਾਣਾਂ ਨਾਲ ਯੁੱਧ ਕੀਤਾ। ਸੰਨ 1815 ਈ. ਵਿਚ ਕਸ਼ਮੀਰ ਦੇ ਅਰਧ ਪਹਾੜੀ ਇਲਾਕਿਆਂ ਨੂੰ ਜਿੱਤਿਆ। ਸੰਨ 1818 ਈ. ਵਿਚ ਕੰਵਰ ਖੜਕ ਸਿੰਘ ਨਾਲ ਮਿਲ ਕੇ ਮੁਲਤਾਨ ਨੂੰ ਜਿੱਤਿਆ ਅਤੇ ਇਕ ਸਾਲ ਬਾਦ ਕਸਮੀਰ ਉਤੇ ਜਿੱਤ ਪ੍ਰਾਪਤ ਕੀਤੀ ਅਤੇ ਉਥੋਂ ਦੀ ਗਵਰਨਰੀ ਦਾ ਕਾਰਜ-ਭਾਰ ਸੰਭਾਲਿਆ। ਸੰਨ 1821 ਈ. ਵਿਚ ਹਜ਼ਾਰਾ ਖੇਤਰ ਦੇ ਅਫ਼ਗਾਨਾਂ ਨੂੰ ਸਥਾਈ ਤੌਰ ਤੇ ਸਿੱਧ ਕੇ ਉਥੋਂ ਦੀ ਗਵਰਨਰੀ ਸੰਭਾਲੀ ਅਤੇ ਆਪਣੇ ਨਾਂ ਤੇ 'ਹਰੀਪੁਰ' ਨਗਰ ਵਸਾਇਆ। ਫਿਰ ਅਟਕ ਦਰਿਆ ਤੋਂ ਪਾਰ ਦੇ ਇਲਾਕੇ ਉਤੇ ਕੀਤੀਆਂ ਗਈਆਂ ਮੁਹਿੰਮਾਂ ਵਿਚ ਸ਼ਾਮਲ ਹੋਇਆ ਅਤੇ ਆਪਣੀ ਬਹਾਦਰੀ ਨਾਲ ਇਨ੍ਹਾਂ ਇਲਾਕਿਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ। ਸੰਨ 1934 ਈ. ਵਿਚ ਪਿਸ਼ਾਵਰ ਨੂੰ ਜਿੱਤ ਕੇ ਉਥੇ ਸਥਾਈ ਸਿੱਖ ਰਾਜ ਕਾਇਮ ਕੀਤਾ। ਉਥੇ ਬਾਦ ਵਿਚ ਗਵਰਨਰ ਦੀ ਜ਼ਿੰਮੇਵਾਰੀ ਵੀ ਨਿਭਾਈ। ਪਿਸ਼ਾਵਰ ਦੇ ਇਰਦ-ਗਿਰਦ ਦੇ ਇਲਾਕੇ ਨੂੰ ਚੰਗੀ ਤਰ੍ਹਾਂ ਸੋਧ ਕੇ ਉਥੋਂ ਦੇ ਅੜਬ ਪਠਾਣਾਂ ਨੂੰ ਈਨ ਮੰਨਣ ਲਈ ਮਜਬੂਰ ਕੀਤਾ। ਫਲਸਰੂਪ ਇਸ ਦਾ ਨਾਂ ਸੁਣ ਕੇ ਹੀ ਪਠਾਣ ਲੁੱਕ ਭਜ ਜਾਂਦੇ ਸਨ। ਇਸ ਦੀ ਸ਼ਕਤੀ ਬਾਰੇ ਲੋਕ ਗੀਤਾਂ ਨੇ ਵੀ ਆਪਣੀ ਨੁਹਾਰ ਸੰਵਾਰੀ— 'ਤੰਬੇ ਕਸ ਕੇ ਕਾਬਲੀ ਨਸਦੇ, ਨਲੂਏ ਦਾ ਨਾਂ ਸੁਣਦੇ।' ਇਸ ਦੀ ਬਹਾਦਰੀ ਦਾ ਇਤਨਾ ਆਤੰਕ ਛਾ ਗਿਆ ਕਿ ਪਠਾਣੀਆਂ ਆਪਣੇ ਬੱਚਿਆਂ ਨੂੰ ਡਰਾਉਣ ਲਈ 'ਨਲਵਾ ਆ ਗਿਆ' ('ਨਲਵਾ ਰਾਗਲੇ') ਉਕਤੀ ਬੋਲਦੀਆਂ ਸਨ।

ਅਪ੍ਰੈਲ, 1837 ਈ. ਵਿਚ ਜਮਰੌਦ ਦੀ ਲੜਾਈ ਵਿਚ ਇਸ ਨੇ ਲਾਸਾਨੀ ਯੁੱਧ-ਕ੍ਰਿਆ ਰਾਹੀਂ ਅਫ਼ਗਾਨਾਂ ਨੂੰ ਹਾਰ ਦਿੱਤੀ ਅਤੇ ਉਨ੍ਹਾਂ ਤੋਂ 14 ਵੱਡੀਆਂ ਤੋਪਾਂ ਤਕ ਖੋਹ ਲਈਆਂ। ਉਨ੍ਹਾਂ ਦਾ ਪਿਛਾ ਕਰਦਿਆਂ ਇਕ ਗੁਫ਼ਾ ਵਿਚ ਲੁਕੇ ਕੁਝ ਪਠਾਣਾਂ ਨੇ ਇਸ ਉਤੇ ਗੋਲੀਆਂ ਦਾਗੀਆਂ ਜਿਨ੍ਹਾਂ ਵਿਚੋਂ ਇਕ ਇਸ ਦੀ ਛਾਤੀ ਅਤੇ ਦੂਜੀ ਵੱਖੀ ਵਿਚ ਲਗੀ। ਆਪਣੇ ਆਪ ਨੂੰ ਸੰਭਾਲ ਕੇ ਹਰੀ ਸਿੰਘ ਨੇ ਜਮਰੌਦ ਦੇ ਕਿਲੇ ਵਲ ਘੋੜਾ ਮੋੜ ਲਿਆ। ਉਥੇ ਪਹੁੰਚ ਕੇ ਕੁਝ ਸਮੇਂ ਬਾਦ ਸਰਦਾਰ ਦੀ ਮ੍ਰਿਤੂ ਹੋ ਗਈ। ਜਮਰੌਦ ਦੇ ਕਿਲੇ ਵਲ ਕਵੀ ਮਹਿਬੂਬ ਨੇ ਸੰਕੇਤ ਕੀਤਾ ਹੈ—'ਸ਼ਹੀਦਾਂ ਦੇ ਗੁਲਜ਼ਾਰਾਂ ਤੇ ਮੰਡਲਾਉਂਦੀਆਂ / ਮੈਨੂੰ ਮਿਲੀਆਂ ਜਮਰੌਦ ਦੇ ਕਿਲੇ ਤਕ/ ਸਮੇਂ ਦੀ ਧੂੜ ਨੂੰ ਲੰਘ, ਕੇ ਆਉਂਦੀਆਂ।'

ਅੰਤ ਸਮਾਂ ਨੇੜੇ ਆਇਆ ਵੇਖ ਕੇ ਇਸ ਨੇ ਆਪਣੇ ਕਿਲਾਦਾਰ ਸ. ਮਹਾਂ ਸਿੰਘ ਨੂੰ ਸਾਵਧਾਨ ਕੀਤਾ ਕਿ ਲਾਹੌਰ ਤੁਰਤ ਇਤਲਾ ਕਰੇ ਅਤੇ ਜਦ ਤਕ ਮਹਾਰਾਜਾ ਸਾਹਿਬ ਫ਼ੌਜ ਸਮੇਤ ਨਹੀਂ ਪਹੁੰਚ ਜਾਂਦੇ, ਤਦ ਤਕ ਮ੍ਰਿਤੂ ਬਾਰੇ ਬਾਹਰ ਕਿਸੇ ਨੂੰ ਪਤਾ ਨਾ ਲਗੇ। ਇਸ ਤਰ੍ਹਾਂ ਸਿੱਖ ਰਾਜ ਦੀ ਸਥਾਪਨਾ ਕਰਦਿਆਂ 30 ਅਪ੍ਰੈਲ, 1937 ਈ. ਨੂੰ ਹਰੀ ਸਿੰਘ ਨਲਵਾ ਨੇ ਵੀਰਗਤੀ ਪ੍ਰਾਪਤ ਕੀਤੀ। ਜਦੋਂ ਇਸ ਦੀ ਮ੍ਰਿਤੂ ਹੋਈ ਤਾਂ ਮਹਾਰਾਜੇ ਨੇ ਅਥਰੂ ਕੇਰੇ ਅਤੇ ਸਿੱਖ ਰਾਜ ਦੇ ਇਕ ਥੰਮ ਦੇ ਡਿਗਣ ਦਾ ਅਹਿਸਾਸ ਕਰ ਲਿਆ। ਮ੍ਰਿਤੂ ਵੇਲੇ ਹਰੀ ਸਿੰਘ ਨਲਵਾ 3,67,000 ਸਾਲਾਨਾ ਆਮਦਨ ਵਾਲੀ ਜਾਗੀਰ ਦਾ ਮਾਲਕ ਸੀ। ਸਿੱਖ ਇਤਿਹਾਸ ਵਿਚ ਇਸ ਦਾ ਨਾਂ ਅਦੁੱਤੀ ਵੀਰਤਾ

ਕਾਰਣ ਬੜੇ ਆਦਰ ਨਾਲ ਲਿਆ ਜਾਂਦਾ ਹੈ। ਅਨੇਕ ਕਵੀਆਂ ਨੇ ਹਰੀ ਸਿੰਘ ਨਲਵਾ ਦੀ ਬਹਾਦਰੀ ਦੇ ਹਵਾਲੇ ਦਿੱਤੇ ਹਨ। ਕਵੀ ਕੇਦਾਰ ਨਾਥ 'ਬਾਗੀ' ਨੇ ਲਿਖਿਆ ਹੈ—'ਬੰਦੀਛੋੜ ਉਹ ਨਲੂਆ ਕਿਥੇ ? ਖ਼ੈਬਰ ਝੰਡਾ ਲਾਇਆ ਸੀ।/ ਹਰੀਆ ਰਾਗਲੇ ਹਰੀਆ ਰਾਗਲੇ, ਕਾਬਲ ਭੜਥੂ ਪਾਇਆ ਸੀ।'

ਹਰੀਚੰਦ, ਰਾਜਾ : ਵੇਖੋ 'ਹਰਿਸ਼ਚੰਦਰ, ਰਾਜਾ'।

ਹਲਾਕੂ : ਹਲਾਕੂ ਜਾਂ ਹਲਾਕੂ-ਖ਼ਾਂ ਇਕ ਨਿਰਦਈ ਮੰਗੋਲ ਬਾਦਸ਼ਾਹ ਸੀ ਜਿਸ ਦੇ ਜ਼ੁਲਮ ਨੇ ਹਰ ਪਾਸੇ ਹਾਹਾਕਾਰ ਮਚਾ ਦਿੱਤੀ। ਇਸ ਦਾ ਜਨਮ ਸੰਨ 1217 ਈ. ਵਿਚ ਹੋਇਆ। ਇਹ ਚੰਗੇਜ਼ ਖ਼ਾਂ (ਵੇਖੋ) ਦਾ ਪੋਤਰਾ ਅਤੇ ਤੁਲੂਈ ਖ਼ਾਂ ਦਾ ਪੁੱਤਰ ਸੀ। ਇਸ ਦੇ ਦੋ ਹੋਰ ਭਰਾਵਾਂ ਦੇ ਨਾਂ ਹਨ—ਮੰਗੂ ਖ਼ਾਂ ਅਤੇ ਕੁਬਲਾਈ ਖ਼ਾਂ। ਸੰਨ 1251 ਈ. ਵਿਚ ਮੰਗੂ ਖ਼ਾਂ ਦੇ ਚੌਥਾ 'ਖ਼ਾਕਾਨ' (ਪ੍ਰਮੁਖ ਖ਼ਾਨ) ਚੁਣੇ ਜਾਣ ਤੇ ਉਸ ਨੇ ਆਪਣੇ ਭਰਾ ਹਲਾਕੂ ਨੂੰ ਈਰਾਨ ਵਿਚ ਇਸਲਾਮੀ ਤਾਕਤ ਘਟਾਉਣ ਅਤੇ ਮੰਗੋਲਾਂ ਦੀ ਪ੍ਰਭੁਤਾ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ। ਹਲਾਕੂ ਨੇ ਆਪਣੀ ਜ਼ਿੰਮੇਵਾਰੀ ਨੂੰ ਇਤਨੀ ਨਿਰਦਯਤਾ ਨਾਲ ਨਿਭਾਇਆ ਕਿ ਲੋਕ ਤ੍ਰਾਹ ਤ੍ਰਾਹ ਕਰ ਉਠੇ। ਸੰਨ 1256 ਈ. ਵਿਚ ਹਲਾਕੂ ਨੇ ਕੋਹਿਸਤਾਨ ਉਤੇ ਹਮਲਾ ਕਰਕੇ ਉਸ ਦੇ ਮੁੱਖ ਕਿਲੇ ਅਲਮੌਤ ਨੂੰ ਜਿੱਤ ਲਿਆ ਅਤੇ 12 ਹਜ਼ਾਰ ਹਸ਼ੀਸ਼ਨਾਂ ਦਾ ਕਤਲ ਕਰਕੇ ਉਨ੍ਹਾਂ ਦੀ 170 ਵਰ੍ਹਿਆਂ ਤੋਂ ਚਲਦੀ ਆ ਰਹੀ ਬਾਦਸ਼ਾਹੀ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਸੰਨ 1258 ਈ. ਵਿਚ ਹਲਾਕੂ ਨੇ ਬਗ਼ਦਾਦ ਉਤੇ ਕਬਜ਼ਾ ਕਰਕੇ ਉਥੇ ਜ਼ੁਲਮ ਦਾ ਉਹ ਕਹਿਰ ਢਾਇਆ ਕਿ ਸੰਸਾਰ ਦਾ ਇਤਿਹਾਸ ਵੀ ਅਜਿਹੀ ਖ਼ੂਨੀ ਘਟਨਾ ਦਾ ਨਮੂਨਾ ਪੇਸ਼ ਕਰਨੋਂ ਅਸਮਰਥ ਹੈ।

ਮੁਲਤਾਨ ਦੇ ਹਾਕਮ ਕਿਸ਼ਲੂ ਖ਼ਾਂ ਨੇ ਦਿੱਲੀ ਦੇ ਸੁਲਤਾਨ ਨਾਲੋਂ ਸੰਬੰਧ ਤੋੜ ਕੇ ਹਲਾਕੂ ਨਾਲ ਕਾਇਮ ਕੀਤੇ, ਪਰ ਉਸ ਦੇ ਕਹੇ ਤੇ ਹਲਾਕੂ ਨੇ ਦਿੱਲੀ ਉਤੇ ਹਮਲਾ ਨਾ ਕੀਤਾ। ਸੰਨ 1260 ਈ. ਵਿਚ ਇਸ ਨੇ ਸੀਰੀਆ ਦੀ ਲੁਟ ਮਚਾਈ ਅਤੇ ਹਰ ਪ੍ਰਕਾਰ ਦੇ ਵਿਰੋਧੀਆਂ ਨੂੰ ਨਸ਼ਟ ਕੀਤਾ। ਇਸੇ ਸਾਲ ਇਸ ਦੇ ਭਰਾ ਮੰਗੂ ਖ਼ਾਂ ਦੀ ਮ੍ਰਿਤੂ ਹੋ ਗਈ ਅਤੇ ਇਹ ਤਖ਼ਤ ਉਤੇ ਬੈਠਾ। ਇਸ ਨੇ ਮਿਸਰ ਉਤੇ ਹਮਲਾ ਕਰਨ ਦੀ ਯੋਜਨਾ ਬਣਾਈ, ਪਰ ਕੁਝ ਕਾਰਣਾਂ ਕਰਕੇ ਮਿਸਰ ਇਸ ਦੇ ਜ਼ੁਲਮ ਤੋਂ ਬਚਿਆ ਰਿਹਾ। ਇਹ ਸਥਾਈ ਤੌਰ ਤੇ ਉੱਤਰ-ਪੱਛਮੀ ਈਰਾਨ ਵਿਚ ਵਸ ਗਿਆ ਅਤੇ ਈਲ ਖ਼ਾਂ ਦੀ ਸ਼ਾਹੀ ਪਦਵੀ ਧਾਰਣ ਕਰਕੇ ਈਲ-ਖ਼ਾਨੀ ਵੰਸ਼ ਦਾ ਮੁੱਢ ਬੰਨ੍ਹਿਆ ਜਿਸ ਦੀ ਇਕ ਸੌ ਸਾਲ ਈਰਾਨ ਉਤੇ ਬਾਦਸ਼ਾਹੀ ਰਹੀ। 8 ਫ਼ਰਵਰੀ, 1265 ਈ. ਵਾਲੇ ਦਿਨ ਇਸ ਦੀ ਮ੍ਰਿਤੂ ਹੋਈ। ਇਤਿਹਾਸ ਅਤੇ ਲੋਕ-ਪਰੰਪਰਾ ਵਿਚ ਇਹ ਇਕ ਜ਼ਾਲਮ ਸ਼ਾਸਕ ਕਰਕੇ ਪ੍ਰਸਿੱਧ ਹੈ। ਹਰਿੰਦਰ ਮਹਿਬੂਬ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਖਿੰਦੇ ਸੌ ਬਰਸਾਂ ਦੇ ਬੂਹੇ,/ ਕਿਸ ਚੰਗੇਜ਼ ਹਲਾਕੂ ਲੂਹੇ।'

ਹਵਾ : ਵੇਖੋ 'ਆਦਮ'।

ਹੜੱਪਾ : ਇਕ ਸ਼ਹਿਰ ਜੋ ਪੱਛਮੀ ਪੰਜਾਬ (ਪਾਕਿਸਤਾਨ) ਦੇ ਮਿੰਟਗੁੰਮਰੀ ਜ਼ਿਲੇ ਵਿਚ ਰਾਵੀ ਨਦੀ ਦੇ ਕੰਢੇ ਸਥਿਤ ਹੈ। ਇਥੇ ਪਹਿਲਾਂ ਇਕ ਪੁਰਾਤਨ ਨਗਰ ਵਸਦਾ ਸੀ

ਜਿਸ ਨੂੰ ਪੱਛਮ ਤੋਂ ਆਏ ਹਮਲਾਵਰਾਂ ਨੇ ਬਰਬਾਦ ਕਰ ਦਿੱਤਾ। ਇਹ ਤਬਾਹੀ ਕਦ ਹੋਈ, ਇਸ ਬਾਰੇ ਕੋਈ ਪੱਕਾ ਤੱਥ ਸਾਹਮਣੇ ਨਹੀਂ ਆਇਆ। ਕੁਝ ਵਿਦਵਾਨ ਇਸ ਨੂੰ 1500 ਸਾਲ ਈ. ਪੂ. ਮੰਨਦੇ ਹਨ ਅਤੇ ਕੁਝ ਅਨੁਸਾਰ ਇਹ ਬਰਬਾਦੀ ਸੱਤਵੀਂ ਸਦੀ ਵਿਚ ਹੋਈ ਸੀ।

ਇਸ ਨਗਰ ਬਾਰੇ ਕਈ ਰਵਾਇਤਾਂ ਪ੍ਰਚਲਿਤ ਹਨ। ਇਕ ਰਵਾਇਤ ਅਨੁਸਾਰ ਇਥੇ ਕਦੇ ਕੋਈ ਹਰਪਾਲ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸ ਦੇ ਨਾਂ ਤੇ ਵਿਗੜ ਕੇ ਇਸ ਨਗਰ ਦਾ ਨਾਂ 'ਹੜੱਪਾ' ਪਿਆ। ਰਾਜੇ ਦੇ ਨੀਚ ਕਰਮਾਂ ਦੇ ਫਲਸਰੂਪ ਇਸ ਨਗਰ ਉਤੇ ਅਜਿਹਾ ਕਹਿਰ ਪਿਆ ਕਿ ਸਭ ਕੁਝ ਢਹਿ-ਢੇਰੀ ਹੋ ਗਿਆ।

ਦੂਜੀ ਰਵਾਇਤ ਅਨੁਸਾਰ ਹੜੱਪਾ ਨਾਂ ਦੇ ਰਾਜੇ ਨੇ ਆਪਣੇ ਨਾਂ ਤੇ ਇਹ ਨਗਰ ਵਸਾਇਆ। ਪਰ ਉਹ ਬਹੁਤ ਵਿਭਚਾਰੀ ਸੀ। ਹਰ ਨਵੀਂ ਦੁਲ੍ਹਨ ਨੂੰ ਪਹਿਲੀ ਰਾਤ ਉਸ ਪਾਸ ਕਟਣੀ ਪੈਂਦੀ ਸੀ। ਉਸ ਦੇ ਜ਼ੁਲਮ ਤੋਂ ਡਰਦਿਆਂ ਕੋਈ ਵਿਰੋਧ ਨਹੀਂ ਕਰ ਸਕਦਾ ਸੀ। ਇਕ ਵਾਰ ਇਕ ਦੁਲ੍ਹਨ ਨੇ, ਜੋ ਆਪਣੇ ਪਤੀਬ੍ਰਤ ਧਰਮ ਨੂੰ ਕਾਇਮ ਰੱਖਣਾ ਚਾਹੁੰਦੀ ਸੀ, ਰਾਜੇ ਦੇ ਜ਼ਬਰਦਸਤੀ ਕਰਨ ਤੇ ਅਜਿਹਾ ਸਰਾਪ ਦਿੱਤਾ ਕਿ ਸਭ ਕੁਝ ਨਸ਼ਟ ਹੋ ਗਿਆ। ਪਰ ਇਨ੍ਹਾਂ ਰਵਾਇਤਾਂ ਦੀ ਪੁਸ਼ਟੀ ਇਤਿਹਾਸ ਤੋਂ ਨਹੀਂ ਹੁੰਦੀ।

ਇਹ ਇਲਾਕਾ ਸ਼ੁਰੂ ਤੋਂ ਕੰਡਿਆਲੇ ਦਰਖ਼ਤਾਂ ਨਾਲ ਭਰਿਆ ਹੋਇਆ ਸੀ। ਨਹਿਰਾਂ ਨਿਕਲਣ ਨਾਲ ਇਸ ਵਿਚ ਆਬਾਦੀ ਸ਼ੁਰੂ ਹੋਈ। ਸਭ ਤੋਂ ਪਹਿਲਾਂ ਸੰਨ 1826 ਈ. ਵਿਚ ਇਸ ਥੇਹ ਵਲ ਇਕ ਅੰਗ੍ਰੇਜ਼ ਯਾਤ੍ਰੀ ਮੇਸਨ ਦਾ ਧਿਆਨ ਗਿਆ। ਫਿਰ ਸੰਨ 1831 ਈ. ਵਿਚ ਕਰਨਲ ਬਰਨਸ ਨੇ ਇਸ ਇਲਾਕੇ ਦਾ ਨਿਰੀਖਣ ਕੀਤਾ ਅਤੇ ਸੰਨ 1857 ਈ. ਵਿਚ ਅਲੈਗਜ਼ੇਂਡਰ ਕੰਨਿਘਮ ਨੇ ਇਸ ਦੀ ਸਰਵੇ ਕਰਕੇ ਆਪਣੀ ਰਿਪੋਰਟ ਤਿਆਰ ਕੀਤੀ। ਉਦੋਂ ਇਹ ਖੰਡਰ ਪੰਜ ਕਿ. ਮੀ. ਦੇ ਘੇਰੇ ਵਿਚ ਪਸਰੇ ਹੋਏ ਸਨ। ਇਸ ਥੇਹ ਦੀ ਖੁਦਾਈ ਦਾ ਕੰਮ ਭਾਵੇਂ ਸੰਨ 1920 ਈ. ਵਿਚ ਸ਼ੁਰੂ ਹੋ ਗਿਆ ਸੀ, ਪਰ ਇਸ ਦੇ ਸਹੀ ਮਹੱਤਵ ਅਤੇ ਪੁਰਾਤਨਤਾ ਦਾ ਬੋਧ ਉਦੋਂ ਹੋਇਆ ਜਦੋਂ ਸੰਨ 1924 ਈ. ਵਿਚ ਮਹਿੰਜੋਦਾਰੋ ਦੀ ਖੁਦਾਈ ਵੇਲੇ ਹੜੱਪਾ ਸ਼ੈਲੀ ਦੀਆਂ ਵਸਤੂਆਂ ਮਿਲੀਆਂ। ਲਗਭਗ 700 ਕਿ. ਮੀ. ਦੀ ਵਿਥ ਉਤੇ ਸਥਿਤ ਇਨ੍ਹਾਂ ਥੇਹਾਂ ਵਿਚੋਂ ਪ੍ਰਾਪਤ ਹੋਈਆਂ ਵਸਤੂਆਂ ਵਿਚਲੀ ਸਮਾਨਤਾ ਨੇ ਇਹ ਸਿੱਧ ਕਰ ਵਿਖਾਇਆ ਕਿ ਇਨ੍ਹਾਂ ਦੋਹਾਂ ਖੇਤਰਾਂ ਵਿਚ ਕਦੇ ਕੋਈ ਪ੍ਰਸ਼ਾਸਨਿਕ ਸਾਂਝ ਰਹੀ ਹੋਵੇਗੀ। ਹੜੱਪਾ ਦਾ ਰਾਜ-ਵਿਸਤਾਰ ਅੰਬਾਲਾ, ਰੋਪੜ ਤੋਂ ਲੈ ਕੇ ਗੁਜਰਾਤ ਪ੍ਰਾਂਤ ਤਕ ਸੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੁਰਾਤਨ ਕਾਲ ਵਿਚ ਪੰਜਾਬ ਭਾਰਤੀ ਸੰਸਕ੍ਰਿਤੀ ਦਾ ਉਦਗਮ ਸਰੋਤ ਸੀ।

ਹਾਹਾ : ਵੇਖੋ 'ਗੰਧਰਵ'।

ਹਾਜੀ : ਵੇਖੋ 'ਹੱਜ'।

ਹਾਤਮ-ਤਾਈ : ਇਕ ਸਖ਼ੀ ਅਤੇ ਪਰਉਪਕਾਰੀ ਮਹਾਤਮਾ ਪੁਰਸ਼ ਜਿਸ ਦਾ ਜਨਮ

ਅਰਬ ਦੇਸ਼ ਦੇ ਤਾਈ ਵੰਸ਼ ਵਿਚ ਹਜ਼ਰਤ ਮੁਹੰਮਦ ਤੋਂ ਕੁਝ ਸਮਾਂ ਪਹਿਲਾਂ ਹੋਇਆ ਸੀ। ਇਹ ਭਾਵੇਂ ਈਸਾਈ ਮਤ ਦਾ ਅਨੁਯਾਈ ਦਸਿਆ ਜਾਂਦਾ ਹੈ, ਪਰ ਇਸ ਦੇ ਪੁੱਤਰ ਅਦੀ ਨੇ ਇਸਲਾਮ ਵਿਚ ਪ੍ਰਵੇਸ਼ ਕੀਤਾ। ਹਾਤਮ ਦੀ ਦਾਨਸ਼ੀਲਤਾ, ਪਰਉਪਕਾਰ ਤੇ ਲੋਕ-ਕਲਿਆਣ ਬਾਰੇ ਅਨੇਕ ਲੋਕ-ਕਥਾਵਾਂ ਪ੍ਰਚਲਿਤ ਹਨ ਜਿਨ੍ਹਾਂ ਦੇ ਆਧਾਰ ਤੇ ਇਸ ਦੀ ਸ਼ਖ਼ਸੀਅਤ ਮਿਥਿਹਾਸਿਕ ਹੋ ਨਿਬੜੀ ਹੈ। ਸੇਵਾ ਅਤੇ ਮਹਿਮਾਨ-ਨਿਵਾਜ਼ੀ ਵੀ ਇਸ ਦੇ ਚਰਿਤ੍ਰ ਦੀਆਂ ਵਿਸ਼ਿਸ਼ਤਾਵਾਂ ਸਨ। ਇਸ ਨੇ ਮਿਸਰ ਦੇ ਬਾਦਸ਼ਾਹ ਦੇ ਇਕ ਰਾਜਦੂਤ ਦੀ ਖ਼ਾਤਰਦਾਰੀ ਲਈ ਆਪਣਾ ਬਹੁਮੁੱਲਾ ਘੋੜਾ ਮਾਰ ਕੇ ਮਾਸ ਦਾ ਭੋਜਨ ਤਿਆਰ ਕਰਵਾਇਆ, ਹਾਲਾਂ ਕਿ ਉਹ ਘੋੜਾ ਤੋਹਫ਼ੇ ਵਜੋਂ ਲੈਣ ਲਈ ਹੀ ਉਹ ਰਾਜਦੂਤ ਆਇਆ ਸੀ।

ਹਜ਼ਰਤ ਮੁਹੰਮਦ ਦੇ ਦਿਲ ਵਿਚ ਹਾਤਮ ਦੀ ਸਖ਼ਾਵਤ ਲਈ ਬਹੁਤ ਕਦਰ ਸੀ। ਇਕ ਵਾਰ ਤੁਬੂਕ ਦੀ ਲੜਾਈ ਦੌਰਾਨ ਅਲੀ ਨੇ ਤੈ ਕਬੀਲੇ ਦੇ ਬਹੁਤ ਸਾਰੇ ਸਰਦਾਰ ਕੈਦ ਕਰ ਲਏ। ਉਨ੍ਹਾਂ ਵਿਚ ਹਾਤਮ ਦੀ ਲੜਕੀ ਵੀ ਸੀ। ਜਦ ਹਜ਼ਰਤ ਮੁਹੰਮਦ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਲੜਕੀ ਨੂੰ ਤੁਰਤ ਛਡ ਦੇਣ ਲਈ ਆਦੇਸ਼ ਦਿੱਤਾ ਕਿਉਂਕਿ ਉਹ ਮਹਾਨ ਸਖ਼ੀ ਹਾਤਮ ਦੀ ਧੀ ਸੀ। ਹਜ਼ਰਤ ਮੁਹੰਮਦ ਦੀ ਇਸ ਉਦਾਰਤਾ ਕਾਰਣ ਤੈ ਕਬੀਲੇ ਦੇ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਹਾਤਮ ਦੇ ਲੜਕੇ ਅਦੀ ਸਮੇਤ ਇਸਲਾਮ ਮਤ ਧਾਰਣ ਕਰ ਲਿਆ।

ਹਾਤਮ ਕਵੀ ਵੀ ਸੀ। ਇਸ ਦਾ ਇਕ ਦੀਵਾਨ ਅਥਵਾ ਕਾਵਿ-ਸੰਗ੍ਰਹਿ ਵੀ ਉਪਲਬਧ ਹੈ ਜਿਸ ਵਿਚ ਇਸ ਦੇ ਨੀਤੀ-ਕਥਨਾਂ ਜਾਂ ਸਦਾਚਾਰਕ ਸਿਖਿਆਵਾਂ ਦਾ ਸੰਕਲਨ ਹੋਇਆ ਹੈ। ਹਾਤਮ ਦੇ ਜੀਵਨ-ਕਾਲ ਵਿਚ ਹੀ ਇਸ ਬਾਰੇ ਅਨੇਕ ਦੰਦ-ਕਥਾਵਾਂ ਲੋਕਾਂ ਵਿਚ ਪ੍ਰਚਲਿਤ ਹੋ ਗਈਆਂ ਸਨ। ਫਲਸਰੂਪ, ਅਨੇਕ ਭਾਸ਼ਾਵਾਂ ਵਿਚ ਹਾਤਮ ਬਾਰੇ ਬ੍ਰਿੱਤਾਂਤ ਲਿਖੇ ਮਿਲਦੇ ਹਨ। ਪੰਜਾਬੀ ਵਿਚ ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਭ ਤੋਂ ਪਹਿਲਾਂ ਕਵੀ ਸੌਂਧਾ ਨੇ 'ਹਾਤਮਨਾਮਾ' ਲਿਖ ਕੇ ਇਸ ਆਖਿਆਨ ਤੋਂ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾਇਆ। ਪੰਜਾਬੀ ਦੇ ਅਨੇਕ ਕਵੀਆਂ ਨੇ ਸਖ਼ਾਵਤ ਦੇ ਪ੍ਰਸੰਗ ਵਿਚ ਹਾਤਮ ਦਾ ਹਵਾਲਾ ਦਿੱਤਾ ਹੈ।

ਹਾਬੀਲ-ਕਾਬੀਲ : ਇਹ ਦੋਵੇਂ ਆਦਮ ਦੇ ਪੁੱਤਰ ਸਨ। ਇਨ੍ਹਾਂ ਦੇ ਪੈਦਾ ਹੋਣ ਵੇਲੇ ਇਨ੍ਹਾਂ ਦੇ ਨਾਲ ਨਾਲ ਇਕ ਇਕ ਜੁੜਵੀਂ ਭੈਣ ਵੀ ਪੈਦਾ ਹੋਈ। 'ਕੁਰਾਨ' ਅਨੁਸਾਰ ਜਦੋਂ ਇਹ ਵੱਡੇ ਹੋ ਗਏ ਤਾਂ ਆਦਮ ਨੇ ਖ਼ੁਦਾਈ ਹੁਕਮ ਦਸ ਕੇ ਇਨ੍ਹਾਂ ਨੂੰ ਕਿਹਾ ਕਿ ਉਹ ਆਪਣੀ ਆਪਣੀ ਭੈਣ ਇਕ ਦੂਜੇ ਨੂੰ ਵਿਆਹ ਦੇਣ। ਕਾਬੀਲ ਨੇ ਇਹ ਗੱਲ ਨਾ ਮੰਨੀ। ਫਲਸਰੂਪ ਆਦਮ ਨੇ ਇਨ੍ਹਾਂ ਨੂੰ ਕੁਰਬਾਨੀ ਦੇਣ ਲਈ ਕਿਹਾ। ਕਾਬੀਲ ਨੇ ਆਪਣੀ ਇਕ ਘਟੀਆ ਕਿਸਮ ਦੀ ਭੇਡ ਦੀ ਕੁਰਬਾਨੀ ਦਿੱਤੀ ਜਦ ਕਿ ਹਾਬੀਲ ਨੇ ਬਹੁਤ ਤਕੜਾ ਦੁੰਬਾ ਕੁਰਬਾਨੀ ਲਈ ਪੇਸ਼ ਕੀਤਾ। ਹਾਬੀਲ ਦੀ ਕੁਰਬਾਨੀ ਖ਼ੁਦਾ ਵਲੋਂ ਪ੍ਰਵਾਨ ਕਰ ਲਈ ਗਈ। ਇਸ ਕਰਕੇ ਕਾਬੀਲ ਬਹੁਤ ਨਾਰਾਜ਼ ਹੋਇਆ, ਪਰ ਇਸ ਨੇ ਆਪਣੀ ਨਾਰਾਜ਼ਗੀ ਲੁਕਾਈ ਰਖੀ।

ਇਕ ਵਾਰ ਆਦਮ ਬਾਹਰ ਯਾਤ੍ਰਾ ਤੇ ਗਿਆ। ਕਾਬੀਲ ਨੇ ਮੌਕੇ ਦਾ ਲਾਭ ਉਠਾ ਕੇ ਹਾਬੀਲ ਨੂੰ ਮਾਰ ਦਿੱਤਾ, ਭਾਵੇਂ ਹਾਬੀਲ ਨੇ ਉਸ ਨੂੰ ਪਾਪ ਕਰਨ ਤੋਂ ਟਲਣ ਲਈ ਬਹੁਤ ਕਿਹਾ ਅਤੇ ਸਮਝਾਇਆ ਕਿ 'ਤੇਰੀ ਕੁਰਬਾਨੀ ਇਸ ਲਈ ਪ੍ਰਵਾਨ ਨਹੀਂ ਚੜ੍ਹੀ ਸੀ ਕਿਉਂਕਿ ਤੂੰ ਪਾਪੀ ਸੈਂ। ਖ਼ੁਦਾ ਪਾਪੀਆਂ ਦੀ ਕੁਰਬਾਨੀ ਪ੍ਰਵਾਨ ਨਹੀਂ ਕਰਦਾ'। ਵਾਰਿਸ ਸ਼ਾਹ ਨੇ 'ਹੀਰ' ਵਿਚ ਇਨ੍ਹਾਂ ਵਲ ਸੰਕੇਤ ਕੀਤਾ ਹੈ—'ਹਾਬੀਲ ਕਾਬੀਲ ਦੇ ਜੰਗ ਹੋਏ ਲਗ ਗਏ ਨੇ ਕੁਤਬ ਟਿਕਾਣਿਆਂ ਨੂੰ।'

ਹਾਂਬੱਬਾ : ਵੇਖੋ 'ਮਗਹਰ'।

ਹਿਟਲਰ, ਅਡੋਲਫ਼ : ਜਰਮਨੀ ਦੇ ਪ੍ਰਸਿੱਧ ਡਿਕਟੇਟਰ ਅਡੋਲਫ਼ ਹਿਟਲਰ ਦਾ ਜਨਮ 20 ਅਪ੍ਰੈਲ, 1889 ਈ. ਵਿਚ ਆਸਟ੍ਰੀਆ ਵਿਚ ਹੋਇਆ। ਇਸ ਨੇ ਮੁੱਢਲੀ ਸਿਖਿਆ ਲਿੰਜ ਨਾਮਕ ਸਥਾਨ ਵਿਚ ਪ੍ਰਾਪਤ ਕੀਤੀ। ਜਦੋਂ ਇਹ 17 ਵਰ੍ਹਿਆਂ ਦਾ ਹੋਇਆ ਤਾਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਇਸ ਨੇ ਚਾਹਿਆ ਕਿ ਕਲਾ ਵਿਦਿਆਲੇ ਵਿਚ ਦਾਖ਼ਲ ਹੋ ਕੇ ਆਪਣੀ ਪ੍ਰਤਿਭਾ ਨੂੰ ਵਿਕਸਿਤ ਕਰੇ, ਪਰ ਦਾਖ਼ਲਾ ਨਾ ਮਿਲ ਸਕਿਆ। ਜੀਵਨ-ਨਿਰਵਾਹ ਲਈ ਇਸ ਨੇ ਪੋਸਟ-ਕਾਰਡਾਂ ਉਤੇ ਚਿੱਤਰ ਬਣਾਉਣ ਦਾ ਧੰਦਾ ਸ਼ੁਰੂ ਕੀਤਾ। ਇਸੇ ਦੌਰਾਨ ਇਹ ਯਹੂਦੀਆਂ ਅਤੇ ਸਾਮ੍ਰਜ-ਵਾਦੀਆਂ ਨਾਲ ਘਿਰਣਾ ਕਰਨ ਲਗਾ ਕਿਉਂਕਿ ਇਹ ਲੋਕ ਜਰਮਨੀ ਦੇ ਹਿੱਤਾਂ ਦੇ ਵਿਰੁੱਧ ਸਨ।

ਪ੍ਰਥਮ ਵਿਸ਼ਵ-ਯੁੱਧ ਵੇਲੇ ਇਹ ਸੈਨਾ ਵਿਚ ਭਰਤੀ ਹੋ ਗਿਆ ਅਤੇ ਕਈ ਮੋਰਚਿਆਂ ਤੇ ਲੜਿਆ, ਪਰ ਸੰਨ 1918 ਈ. ਵਿਚ ਇਹ ਘਾਇਲ ਹੋ ਗਿਆ ਅਤੇ ਉਧਰ ਜਰਮਨੀ ਦੀ ਹਾਰ ਹੋ ਗਈ। ਹਸਪਤਾਲ ਵਿਚ ਪਿਆ ਪਿਆ ਇਹ ਜਰਮਨੀ ਦੀ ਹਾਰ 'ਤੇ ਬਹੁਤ ਦੁਖੀ ਹੁੰਦਾ ਅਤੇ ਬਦਲਾ ਲੈਣ ਦੀਆਂ ਯੋਜਨਾਵਾਂ ਬਣਾਉਂਦਾ ਰਹਿੰਦਾ। ਠੀਕ ਹੋਣ ਤੇ ਇਸ ਨੇ ਨਾਜ਼ੀ ਪਾਰਟੀ ਦੀ ਸਥਾਪਨਾ ਕੀਤੀ ਤਾਂ ਜੋ ਯਹੂਦੀਆਂ ਅਤੇ ਸਾਮ੍ਰਜਵਾਦੀਆਂ ਤੋਂ ਅਧਿਕਾਰ ਖੋਹ ਸਕੇ ਕਿਉਂਕਿ ਇਹ ਹੀ ਜਰਮਨੀ ਦੀ ਹਾਰ ਦਾ ਕਾਰਣ ਸਨ। ਹਿਟਲਰ ਨੇ ਬੜੇ ਜੋਸ਼ੀਲੇ ਭਾਸ਼ਣਾਂ ਰਾਹੀਂ ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਉਕਸਾਇਆ ਅਤੇ ਉਨ੍ਹਾਂ ਦੇ ਸਾਹਮਣੇ ਇਕ ਵਿਸ਼ਾਲ ਜਰਮਨ ਸਾਮਰਾਜ ਦੀ ਸਥਾਪਨਾ ਦਾ ਨਿਸ਼ਾਨਾ ਰਖਿਆ। ਫਲਸਰੂਪ ਜਰਮਨ ਲੋਕ ਹਿਟਲਰ ਪ੍ਰਤਿ ਇਕ ਰਾਸ਼ਟਰੀ ਨੇਤਾ ਵਾਲੀ ਸ਼ਰਧਾ ਰਖਣ ਲਗੇ।

ਇਸ ਨੇ ਸ੍ਵਸਤਿਕ ਨੂੰ ਨਾਜ਼ੀ ਪਾਰਟੀ ਦਾ ਚਿੰਨ੍ਹ ਬਣਾਇਆ ਅਤੇ ਪਾਰਟੀ ਦੇ ਮੈਂਬਰਾਂ ਲਈ ਖ਼ਾਸ ਵਰਦੀ ਨਿਸ਼ਚਿਤ ਕੀਤੀ। ਇਸ ਨੂੰ ਰਾਜ-ਸਰਕਾਰ ਭੰਗ ਕਰਨ ਲਈ ਕੀਤੀ ਬਗ਼ਾਵਤ ਕਾਰਣ ਸੰਨ 1923 ਈ. ਵਿਚ ਜੇਲ ਵਿਚ ਸੁਟ ਦਿੱਤਾ ਗਿਆ ਜਿਥੇ ਇਸ ਨੇ ਆਪਣੇ ਜੀਵਨ-ਸੰਘਰਸ਼ ਨਾਲ ਸੰਬੰਧਿਤ ਪੁਸਤਕ ਲਿਖ ਕੇ ਘੋਸ਼ਣਾ ਕੀਤੀ ਕਿ ਜਰਮਨ ਲੋਕ ਆਰਯ ਜਾਤੀ ਦੇ ਹਨ ਅਤੇ ਇਨ੍ਹਾਂ ਨੂੰ ਆਪਣਾ ਸਾਮ੍ਰਾਜ ਸਥਾਪਿਤ ਕਰਨ ਦਾ ਪੂਰਾ ਅਧਿਕਾਰ ਹੈ। ਜੇਲ ਤੋਂ ਬਾਹਰ ਨਿਕਲਣ ਤੇ ਇਸ ਨੇ ਆਪਣੇ ਵਿਚਾਰਾਂ ਦਾ ਖ਼ੂਬ ਪ੍ਰਚਾਰ ਕੀਤਾ। ਦਿਨ-ਬਦਿਨ ਇਸ ਨਾਲ ਮਿਲਣ ਵਾਲੇ ਲੋਕਾਂ ਦੀ ਗਿਣਤੀ

ਵੱਧਣ ਲਗੀ ।

ਸੰਨ 1932 ਈ. ਦੀਆਂ ਚੋਣਾਂ ਵਿਚ ਹਿਟਲਰ ਨੇ ਰਾਸ਼ਟਰਪਤੀ ਬਣਨ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕਿਆ । ਸੰਨ 1933 ਈ. ਵਿਚ ਇਸ ਨੇ ਚਾਂਸਲਰ ਬਣ ਕੇ ਜਰਮਨ ਦੀ ਸੰਸਦ ਨੂੰ ਤੋੜ ਦਿੱਤਾ ਅਤੇ ਸਾਮ੍ਯਵਾਦੀ ਦਲ ਨੂੰ ਗੈਰ-ਕਾਨੂੰਨੀ ਠਹਿਰਾਇਆ । ਸੰਨ 1934 ਈ. ਵਿਚ ਰਾਸ਼ਟਰਪਤੀ ਦੇ ਮਰਨ ਤੋਂ ਬਾਦ ਇਹ ਖ਼ੁਦ ਰਾਸ਼ਟਰਪਤੀ ਬਣ ਗਿਆ । ਇਸ ਨੇ ਨਾਜ਼ੀ ਵਿਰੋਧੀ ਵਿਅਕਤੀਆਂ ਨੂੰ ਜੇਲਾਂ ਵਿਚ ਬੰਦ ਕਰ ਦਿੱਤਾ । ਲੱਖਾਂ ਦੀ ਗਿਣਤੀ ਵਿਚ ਯਹੂਦੀਆਂ ਨੂੰ ਭਠੀਆਂ ਵਿਚ ਸਾੜ ਦਿੱਤਾ । ਹਰ ਪਾਸੇ ਨਾਜ਼ੀ ਪਾਰਟੀ ਦਾ ਡਰ ਅਤੇ ਪ੍ਰਭੁਤਾ ਛਾ ਗਈ । ਜਰਮਨ ਲੋਕਾਂ ਦਾ ਭਵਿਸ਼ ਸੁਧਾਰਨ ਲਈ ਹਿਟਲਰ ਨੇ ਹਰ ਪ੍ਰਕਾਰ ਦੀ ਸ਼ਕਤੀ ਆਪਣੇ ਹੱਥ ਵਿਚ ਰਖ ਲਈ ।

ਸੰਨ 1933 ਈ. ਵਿਚ ਹਿਟਲਰ ਨੇ ਰਾਸ਼ਟਰ-ਸੰਘ ਨੂੰ ਛੱਡ ਦਿੱਤਾ । ਹੌਲੀ ਹੌਲੀ ਪੂਰੇ ਗੁਪਤ ਢੰਗ ਨਾਲ ਆਪਣੀ ਸੈਨਿਕ ਸ਼ਕਤੀ ਵਧਾਣੀ ਸ਼ੁਰੂ ਕਰ ਦਿੱਤੀ । ਪਹਿਲਾਂ ਇਸ ਨੇ ਪੋਲੈਂਡ ਨਾਲ ਸਮਝੌਤਾ ਕੀਤਾ । ਫਿਰ ਆਸਟ੍ਰੀਆ ਵਿਚ ਬਗ਼ਾਵਤ ਕਰਵਾਈ । ਜਰਮਨੀ ਦੀ ਸੈਨਿਕ ਸ਼ਕਤੀ ਵੱਧਣ ਕਾਰਨ ਬਹੁਤ ਸਾਰੇ ਯੋਰੁਪੀ ਮੁਲਕਾਂ ਨੇ ਸੰਕਟ ਵੇਲੇ ਇਕ ਦੂਜੇ ਦੀ ਮੱਦਦ ਕਰਨ ਲਈ ਸਮਝੌਤੇ ਕਰ ਲਏ । ਸੰਨ 1937 ਈ. ਵਿਚ ਹਿਟਲਰ ਨੇ ਇਟਲੀ ਨਾਲ ਸੰਧੀ ਕਰਕੇ ਆਸਟ੍ਰੀਆ ਉਤੇ ਅਧਿਕਾਰ ਕਰ ਲਿਆ । ਫਿਰ ਚੈਕੋਸਲੋਵਾਕੀਆ ਦੇ ਜਰਮਨ ਨਿਵਾਸੀਆਂ ਦੀ ਅਧਿਕਤਾ ਵਾਲੇ ਇਲਾਕੇ ਆਪਣੇ ਅਧਿਕਾਰ ਵਿਚ ਲਏ ਅਤੇ ਸੰਨ 1939 ਈ. ਵਿਚ ਬਾਕੀ ਬਚਦੇ ਹਿੱਸੇ ਨੂੰ ਵੀ ਆਪਣੇ ਅਧੀਨ ਕਰ ਲਿਆ । ਇਸ ਤੋਂ ਬਾਦ ਰੂਸ ਨਾਲ ਸਮਝੌਤਾ ਕਰਕੇ ਪੋਲੈਂਡ ਦਾ ਪੂਰਵੀ ਭਾਗ ਰੂਸ ਨੂੰ ਦਿੱਤਾ ਅਤੇ ਪੱਛਮੀ ਭਾਗ ਉਤੇ ਆਪ ਕਬਜ਼ਾ ਕਰ ਲਿਆ । ਪੋਲੈਂਡ ਦੀ ਮੱਦਦ ਲਈ ਬਰਤਾਨੀਆ ਨੇ ਆਪਣੀਆਂ ਫ਼ੌਜਾਂ ਭੇਜੀਆਂ । ਸਿੱਟੇ ਵਜੋਂ ਦੂਜਾ ਵਿਸ਼ਵ-ਯੁੱਧ ਸ਼ੁਰੂ ਹੋ ਗਿਆ । ਹਿਟਲਰ ਨੇ ਹਾਲੈਂਡ, ਬੈਲਜੀਅਮ, ਫਰਾਂਸ ਆਦਿ ਦੇਸ਼ਾਂ ਨੂੰ ਅਧੀਨ ਕਰ ਲਿਆ । ਇਟਲੀ ਨਾਲ ਸੰਧੀ ਕਰਕੇ ਰੂਮ ਸਾਗਰ ਤਕ ਆਪਣੀ ਸ਼ਕਤੀ ਵਧਾ ਲਈ ।

ਇਸ ਵਿਸ਼ਵ-ਯੁੱਧ ਵਿਚ ਦੋ ਪ੍ਰਮੁਖ ਧੜੇ ਸਨ । ਇਕ ਮਿੱਤਰ ਦੇਸ਼ਾਂ ਦਾ ਜਿਸ ਵਿਚ ਅਮਰੀਕਾ, ਬਰਤਾਨੀ, ਫਰਾਂਸ ਆਦਿ ਸ਼ਾਮਲ ਸਨ । ਅਤੇ ਦੂਜਾ ਵਿਰੋਧੀ ਧਿਰਾਂ ਦਾ ਧੜਾ ਜਿਸ ਵਿਚ ਜਰਮਨੀ, ਇਟਲੀ, ਰੂਸ ਅਤੇ ਜਾਪਾਨ ਸ਼ਾਮਲ ਹਨ । ਰੂਸ ਨਾਲ ਵਿਰੋਧ ਪੈਦਾ ਹੋ ਜਾਣ ਕਾਰਣ ਹਿਟਲਰ ਨੇ ਰੂਸ ਉਤੇ ਹਮਲਾ ਕਰ ਦਿੱਤਾ । ਅਜਿਹੀ ਸਥਿਤੀ ਵਿਚ ਅਮਰੀਕਾ ਪੂਰੀ ਸ਼ਕਤੀ ਨਾਲ ਯੁੱਧ ਵਿਚ ਕੁਦ ਪਿਆ । ਹਿਟਲਰ ਦੀ ਫ਼ੌਜੀ ਸ਼ਕਤੀ ਕਮਜ਼ੋਰ ਹੋਣ ਲਗੀ । ਹੌਲੀ ਹੌਲੀ ਹਿਟਲਰ ਦੇ ਵਿਸ਼ਵਾਸੀ ਸਾਥੀ ਵੀ ਵਿਰੁੱਧ ਹੁੰਦੇ ਗਏ । ਆਖਿਰ ਮਿੱਤਰ ਦੇਸ਼ਾਂ ਦੀਆਂ ਫੌਜਾਂ ਸਾਹਮਣੇ ਹਿਟਲਰ ਦੀ ਸੈਨਿਕ ਸ਼ਕਤੀ ਨਿਘਰ ਗਈ । ਰੂਸੀ ਫ਼ੌਜਾਂ ਦੁਆਰਾ ਬਰਲਨ ਉਤੇ ਅਧਿਕਾਰ ਕਰਨ ਨਾਲ 30 ਅਪ੍ਰੈਲ, 1945 ਈ. ਨੂੰ ਹਿਟਲਰ ਨੇ ਆਪਣੇ ਫ਼ੌਜੀ ਤਹਿਖ਼ਾਨੇ ਵਿਚ ਆਤਮ-ਹਤਿਆ

ਕਰ ਲਈ। ਇਸ ਤਰ੍ਹਾਂ ਵੀਹਵੀਂ ਸਦੀ ਦੇ ਇਕ ਨਿਰਦਈ ਅਤੇ ਯੁੱਧ-ਪ੍ਰਿਯ ਡਿਕਟੇਟਰ ਦਾ ਅੰਤ ਹੋਇਆ।

ਹਿਟਲਰ ਨੇ ਯੁੱਧ ਛੇੜ ਕੇ ਸਾਰੇ ਵਿਸ਼ਵ ਦੀਆਂ ਆਰਥਿਕ ਅਤੇ ਰਾਜਨੈਤਿਕ ਸਥਿਤੀਆਂ ਬਦਲ ਦਿੱਤੀਆਂ ਅਤੇ ਯੁੱਧ-ਵਿਧੀਆਂ ਵਿਚ ਵੀ ਪੂਰੀ ਤਰ੍ਹਾਂ ਪਰਿਵਰਤਨ ਹੋ ਗਿਆ।

ਹਿਰਣਯਕਸ਼ਿਪੁ : ਵੇਖੋ 'ਹਰਨਾਖਸ਼'।

ਹਿਰਣ੍ਯਾਕ੍ਸ਼ : ਵੇਖੋ 'ਹਰਣਖ/ਹਰਨਾਖ'।

ਹਿਰਾ : ਮੱਕੇ ਕੋਲ ਇਕ ਪਹਾੜ ਜਿਸ ਦੀ ਗੁਫਾ ਵਿਚ ਹਜ਼ਰਤ ਮੁਹੰਮਦ ਨੂੰ ਜਬਰਾਈਲ ਫ਼ਰਿਸ਼ਤੇ ਨੇ ਰੱਬ ਦਾ ਪੈਗ਼ਾਮ ਦਿੱਤਾ ਸੀ। ਵੇਖੋ 'ਮੁਹੰਮਦ, ਹਜ਼ਰਤ'।

ਹੀਰ : ਵੇਖੋ 'ਹੀਰ-ਰਾਂਝਾ'।

ਹੀਰ-ਰਾਂਝਾ : ਪੰਜਾਬ ਦੀ ਸੁਪ੍ਰਸਿੱਧ ਪ੍ਰੀਤ-ਕਥਾ ਦਾ ਨਾਇਕ ਰਾਂਝਾ ਹੈ ਅਤੇ ਨਾਇਕਾ ਹੀਰ। ਇਸ ਘਟਨਾ ਦੀ ਇਤਿਹਾਸਿਕਤਾ ਬਾਰੇ ਵਿਦਵਾਨਾਂ ਨੇ ਸਮੇਂ ਸਮੇਂ ਸੰਦੇਹ ਪ੍ਰਗਟ ਕੀਤੇ ਹਨ। ਪੰਜਾਬੀ ਵਿਚ ਸਭ ਤੋਂ ਪਹਿਲਾਂ ਇਨ੍ਹਾਂ ਦੇ ਕਿੱਸੇ ਦੀ ਰਚਨਾ ਦਮੋਦਰ ਨੇ ਕੀਤੀ ਅਤੇ ਇਸ ਨੂੰ ਅਕਬਰ ਬਾਦਸ਼ਾਹ ਦੇ ਸਮੇਂ ਵਿਚ ਘਟਿਤ ਹੋਇਆ ਦਸਿਆ। ਪਰ ਬਾਹਰਲੀਆਂ ਅਤੇ ਅੰਦਰਲੀਆਂ ਗਵਾਹੀਆਂ ਤੋਂ ਇਹ ਤੱਥ ਪ੍ਰਮਾਣਿਤ ਨਹੀਂ ਹੁੰਦੇ। ਉਂਜ ਦਮੋਦਰ ਦੇ ਸਮੇਂ ਤਕ ਇਹ ਆਖਿਆਨ ਲੋਕ-ਮਨ ਵਿਚ ਸੱਚੀ ਪ੍ਰੀਤ ਦਾ ਆਦਰਸ਼ ਰੂਪ ਧਾਰ ਚੁੱਕਿਆ ਸੀ।

ਸੂਫ਼ੀ ਫ਼ਕੀਰ ਸ਼ਾਹ ਹੁਸੈਨ ਨੇ ਇਸ ਕਥਾ ਦੇ ਮੁੱਖ ਪਾਤਰਾਂ ਨੂੰ ਅਧਿਆਤਮਿਕ ਰੰਗਤ ਦਿੱਤੀ ਹੈ—'ਰਾਂਝਾ ਰਾਂਝਾ ਕੂੰਹਦੀ ਨੀ ਮੈਂ ਆਪੇ ਰਾਂਝਾ ਹੋਈ।/ਰਾਂਝਾ ਹੀਰ ਤੇ ਹੀਰ ਰਾਂਝੇ ਦੀ ਰਹੀ ਫ਼ਰਕ ਨਾ ਕੋਈ।' ਭਾਈ ਗੁਰਦਾਸ ਨੇ ਪੀਰ-ਮੁਰੀਦ ਦੇ ਪ੍ਰੇਮ ਦੇ ਆਦਰਸ਼ ਲਈ ਹੀਰ ਰਾਂਝੇ ਦੀ ਪ੍ਰੀਤ ਦਾ ਹਵਾਲਾ ਦਿੱਤਾ ਹੈ—'ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ' (23/1)।

ਸੱਚ ਤਾਂ ਇਹ ਹੈ ਕਿ ਹੀਰ ਰਾਂਝੇ ਦੇ ਆਖਿਆਨ ਦੇ ਮੁੱਢਲੇ ਕਥਾ-ਬਿੰਦੂ ਨੂੰ ਲੈ ਕੇ ਸਹਿਜੇ ਸਹਿਜੇ ਪੰਜਾਬ ਅਤੇ ਪੰਜਾਬ ਤੋਂ ਬਾਹਰਲੀਆਂ ਕਥਾਨਕ ਰੂੜ੍ਹੀਆਂ ਦੀ ਸਹਾਇਤਾ ਨਾਲ, ਇਸ ਨੂੰ ਇਕ ਅਜਿਹਾ ਸਰੂਪ ਪ੍ਰਦਾਨ ਕੀਤਾ ਗਿਆ ਕਿ ਇਹ ਪੰਜਾਬੀ ਜੀਵਨ ਦੀ ਧੜਕਣ ਦਾ ਪ੍ਰਤੀਕ ਬਣ ਗਈ। ਹੁਣ ਇਸ ਨੂੰ ਪੰਜਾਬੀ ਸਭਿਆਚਾਰ ਨਾਲੋਂ ਨਿਖੇੜ ਸਕਣਾ ਸਰਲ ਨਹੀਂ। ਪ੍ਰੋ. ਪੂਰਨ ਸਿੰਘ ਨੇ ਤਾਂ ਹਰ ਪੰਜਾਬੀ ਮੁਟਿਆਰ ਅਤੇ ਪੰਜਾਬੀ ਗਭਰੂ ਉਤੇ ਹੀਰ ਅਤੇ ਰਾਂਝੇ ਦਾ ਆਰੋਪ ਕੀਤਾ ਹੈ—'ਆ ਵੀਰਾ ਰਾਂਝਿਆ, ਆ ਭੈਣੇ ਹੀਰੇ,/ਸਾਨੂੰ ਛੱਡ ਨਾ ਜਾਓ,/ਤੁਸਾਂ ਬਿਨਾ ਅਸੀਂ ਸਖਣੇ।'

ਦਮੋਦਰ ਤੋਂ ਲੈ ਕੇ ਸੂਬਾ ਸਿੰਘ ਤਕ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਇਸ ਉਤੇ ਹੱਥ ਅਜ਼ਮਾਇਆ ਹੈ ਅਤੇ ਹਰ ਕਵੀ ਨੇ ਪਹਿਲਾਂ ਨਾਲੋਂ ਕੁਝ ਅੰਤਰ ਰਖਿਆ ਹੈ। ਪਰ ਹੀਰ ਕਾਵਿ-ਪਰੰਪਰਾ ਦੀ ਇਕ ਵਿਸ਼ੇਸ਼ ਪ੍ਰਵ੍ਰਿੱਤੀ ਇਹ ਵੇਖਣ ਵਿਚ ਆਈ ਹੈ ਕਿ ਹਿੰਦੂ ਕਵੀਆਂ ਨੇ ਇਸ ਉਤੇ ਹਿੰਦੂ ਰੰਗ ਚੜ੍ਹਾਇਆ ਹੈ ਅਤੇ ਮੁਸਲਮਾਨ ਕਵੀਆਂ ਨੇ

ਇਸ ਆਖਿਆਨ ਦੀ ਨੁਹਾਰ ਮੁਸਲਮਾਨੀ ਅੰਦਾਜ਼ ਵਾਲੀ ਬਣਾ ਦਿੱਤੀ ਹੈ। 'ਦਸਮ-ਗ੍ਰੰਥ' ਦੇ ਇਕ ਚਰਿੱਤ੍ਰ-ਪ੍ਰਸੰਗ ਵਿਚ ਰਾਂਝੇ ਨੂੰ ਇੰਦਰ ਅਤੇ ਹੀਰ ਨੂੰ ਮੇਨਕਾ ਦਾ ਅਵਤਾਰ ਮੰਨ ਕੇ ਸਮੁੱਚੇ ਆਖਿਆਨ ਨੂੰ ਮਿਥਕ ਰੂਪ ਦੇ ਦਿੱਤਾ ਗਿਆ ਹੈ। ਇਸ ਤਰ੍ਹਾਂ ਇਸ ਆਖਿਆਨ ਵਿਚ ਸਮੇਂ ਸਮੇਂ ਵਾਧੇ ਘਾਟੇ ਹੁੰਦੇ ਰਹੇ, ਪਰ ਇਸ ਦਾ ਮੂਲ ਕਥਾਨਕ ਕੁਝ ਇਸ ਤਰ੍ਹਾਂ ਦਾ ਹੈ:

ਤਖ਼ਤ ਹਜ਼ਾਰੇ ਦੇ ਰਹਿਣ ਵਾਲੇ ਮੌਜੂ (ਜਾਤੀ-ਰਾਂਝਾ) ਦਾ ਪੁੱਤਰ ਧੀਦੋ (ਰਾਂਝਾ) ਕੁਝ ਕੰਮਚੋਰੀ ਕਰਕੇ ਅਤੇ ਕੁਝ ਭਰਾਵਾਂ ਭਰਜਾਈਆਂ ਦਾ ਅਕਾਇਆ ਹੋਇਆ ਘਰੋਂ ਨਿਕਲ ਪਿਆ ਅਤੇ ਥਕਿਆ ਟੁੱਟਿਆ ਝੰਗ ਦੇ ਇਲਾਕੇ ਵਿਚ ਦਰਿਆ ਵਿਚ ਬੱਨ੍ਹੀ ਬੇੜੀ ਵਿਚ ਵਿੱਛੇ ਇਕ ਪਲੰਘ ਉਤੇ ਆ ਕੇ ਸੌਂ ਗਿਆ। ਉਹ ਪਲੰਘ ਇਲਾਕੇ ਦੇ ਸਰਦਾਰ ਚੂਚਕ (ਸਿਆਲ) ਦੀ ਧੀ ਹੀਰ ਦਾ ਸੀ। ਉਸ ਨੇ ਜਦੋਂ ਆਪਣੇ ਪਲੰਘ ਉਤੇ ਕਿਸੇ ਗ਼ੈਰ ਬੰਦੇ ਨੂੰ ਸੁੱਤਾ ਵੇਖਿਆ ਤਾਂ ਗੁੱਸੇ ਵਿਚ ਭੜਕ ਉਠੀ ਅਤੇ ਧੀਦੋ ਨੂੰ ਛਮਕਾਂ ਮਾਰੀਆਂ। ਜਦੋਂ ਰਾਂਝੇ ਨੇ ਉਠ ਕੇ ਮੂੰਹ ਨੰਗਾ ਕੀਤਾ ਤਾਂ ਉਸ ਦੀ ਖ਼ੂਬਸੂਰਤੀ ਦੀ ਤਾਬ ਨਾ ਲਾ ਸਕਣ ਕਾਰਣ ਹੀਰ ਆਪਣਾ ਦਿਲ ਦੇ ਬੈਠੀ। ਧੀਦੋ ਦਾ ਨੇੜ ਪ੍ਰਾਪਤ ਕਰਨ ਦੇ ਵਿਚਾਰ ਤੋਂ ਉਸ ਨੇ ਆਪਣੇ ਪਿਤਾ ਚੂਚਕ ਕੋਲ ਚਾਕ ਰਖਵਾ ਦਿੱਤਾ। ਹੌਲੀ ਹੌਲੀ ਉਨ੍ਹਾਂ ਦਾ ਪਿਆਰ ਵਧਦਾ ਗਿਆ, ਪਰ ਨਾਲ ਹੀ ਉਨ੍ਹਾਂ ਦੇ ਪਿਆਰ ਦੀ ਗੱਲ ਚੂਚਕ ਨੂੰ ਪਤਾ ਲਗ ਗਈ। ਉਸ ਨੇ ਭਾਈਚਾਰੇ ਨਾਲ ਸਲਾਹ ਕਰਕੇ ਹੀਰ ਦਾ ਵਿਆਹ ਰੰਗਪੁਰ ਦੇ ਨਿਵਾਸੀ ਸੈਦੇ ਖੇੜੇ ਨਾਲ ਕਰ ਦਿੱਤਾ। ਰਾਂਝਾ ਟਿੱਲੇ ਵਾਲੇ ਨਾਥ ਤੋਂ ਯੋਗ ਮਤ ਵਿਚ ਦੀਖਿਆ ਲੈ ਕੇ ਰੰਗਪੁਰ ਪਹੁੰਚਿਆ। ਹੀਰ ਦੀ ਨਨਾਣ ਸਹਿਤੀ ਦੀ ਮੱਦਦ ਨਾਲ ਉਹ ਹੀਰ ਨੂੰ ਲੈ ਕੇ ਭਜ ਗਿਆ। ਖੇੜਿਆਂ ਨੇ ਉਨ੍ਹਾਂ ਦੋਹਾਂ ਨੂੰ ਰਸਤੇ ਵਿਚ ਘੇਰ ਲਿਆ। ਮਾਮਲਾ ਕੋਟ-ਕਬੂਲੇ ਦੇ ਕਾਜ਼ੀ ਸਾਹਮਣੇ ਰਖਿਆ ਗਿਆ। ਕਾਜ਼ੀ ਨੇ ਹੀਰ ਰਾਂਝੇ ਨੂੰ ਦੇ ਦਿੱਤੀ। ਰਾਂਝਾ ਹੀਰ ਨੂੰ ਲੈ ਕੇ ਲੰਬੇ ਪੈਂਡੇ ਤੇ ਚਲਾ ਗਿਆ (ਭਾਵ ਮੱਕੇ ਨੂੰ ਚਲਾ ਗਿਆ)। ਪਰ ਵਾਰਿਸ ਸ਼ਾਹ ਨੇ ਕਿੱਸੇ ਨੂੰ ਦੁਖਾਂਤ ਬਣਾ ਕੇ ਅੰਤ ਉਤੇ ਘਟਨਾ-ਪਰਿਵਰਤਨ ਕੀਤਾ ਹੈ। ਹੀਰ ਨੂੰ ਉਸ ਦੇ ਪੇਕੇ ਮਾਰ ਦਿੰਦੇ ਹਨ ਅਤੇ ਰਾਂਝਾ ਹੀਰ ਦੀ ਮ੍ਰਿਤੂ ਦੀ ਖ਼ਬਰ ਸੁਣ ਕੇ ਪ੍ਰਾਣ ਤਿਆਗ ਦਿੰਦਾ ਹੈ।

ਸਮੁੱਚੇ ਤੌਰ ਤੇ ਹੀਰ ਅਤੇ ਰਾਂਝਾ ਪੰਜਾਬੀ ਜਵਾਨੀ ਦੀਆਂ ਭਾਵਨਾਵਾਂ ਨੂੰ ਭਖਾਉਣ ਵਾਲੇ ਅਤੁਲ ਪਾਤਰ ਹਨ।

ਹੀਰੋਸ਼ਿਮਾ/ਹੀਰੋਸ਼ੀਮਾ : ਇਕ ਨਗਰ ਜੋ ਜਾਪਾਨ ਵਿਚ ਹੀਰੋਸ਼ੀਮਾ ਖਾੜੀ ਦੇ ਕੰਢੇ ਓਟ ਨਦੀ ਦੇ ਡੈਲਟੇ ਉਤੇ ਵਸਿਆ ਹੋਇਆ ਹੈ। ਡੈਲਟੇ ਦੇ ਜਲ-ਪ੍ਰਵਾਹ ਇਸ ਨੂੰ ਛੇ ਹਿੱਸਿਆਂ ਵਿਚ ਵੰਡਦੇ ਹਨ। ਸੰਨ 1591 ਈ. ਵਿਚ ਇਥੇ ਫ਼ੌਜੀ ਦ੍ਰਿਸ਼ਟੀ ਤੋਂ ਇਕ ਕਿਲਾ ਬਣਾਇਆ ਗਿਆ ਸੀ। ਇਸ ਕਿਲੇ ਦੇ ਨਾਲ-ਨਾਲ ਜੋ ਸ਼ਹਿਰ ਆਬਾਦ ਹੋਇਆ, ਉਸ ਨੂੰ 'ਹੀਰੋਸ਼ਿਮਾ' ਕਿਹਾ ਜਾਣ ਲਗਿਆ। ਸੰਨ 1868 ਈ. ਤੋਂ ਇਸ ਨਗਰ ਵਿਚ ਬਹੁਤ ਵੱਡਾ ਸੈਨਿਕ ਅੱਡਾ ਬਣਾ ਦਿੱਤਾ ਗਿਆ। ਦੂਜੇ ਮਹਾ ਯੁੱਧ ਵੇਲੇ ਜਾਪਾਨੀ

ਫ਼ੌਜਾਂ ਦੀ ਪ੍ਰਗਤੀ ਨਾ ਰੁਕਦੀ ਵੇਖ 6 ਅਗਸਤ, 1945 ਈ. ਨੂੰ ਸਵੇਰੇ ਸਵਾ ਅੱਠ ਵਜੇ ਅਮਰੀਕਾ ਦੀ ਹਵਾਈ ਸੈਨਾ ਨੇ ਇਥੇ ਪਹਿਲੀ ਵਾਰ ਐਟਮ ਬੰਬ ਸੁਟਿਆ ਜਿਸ ਨਾਲ ਸਾਰਾ ਨਗਰ ਬੁਰੀ ਤਰ੍ਹਾਂ ਬਰਬਾਦ ਹੋ ਗਿਆ। ਲਗਭਗ 75,000 ਬੰਦੇ ਮਾਰੇ ਗਏ ਜਾਂ ਜ਼ਖ਼ਮੀ ਹੋਏ। (ਹੀਰੋਸ਼ੀਮਾ ਦੀ ਮਿਉਂਸਪਲ ਕਮੇਟੀ ਦਾ ਅਗਸਤ, 1946 ਈ. ਵਿਚ ਲਗਾਇਆ ਗਿਆ ਅੰਦਾਜ਼ਾ ਇਸ ਤਰ੍ਹਾਂ ਸੀ—ਮਰੇ 1,18,661, ਜ਼ਖ਼ਮੀ 79,130 ਅਤੇ ਗੁੰਮਸ਼ੁਦਾ 36,771)।

ਜਦੋਂ ਯੁੱਧ ਖ਼ਤਮ ਹੋਇਆ ਤਾਂ ਇਸ ਦੀ ਉਸਾਰੀ ਯੋਜਨਾ-ਬੱਧ ਢੰਗ ਨਾਲ ਕੀਤੀ ਗਈ। ਸੰਨ 1947 ਈ. ਵਿਚ ਇਥੇ 'ਐਟਾਮਿਕ ਬੰਬ ਕੈਯੂਅਲਟੀ ਕਮਿਸ਼ਨ' ਕਾਇਮ ਕੀਤਾ ਗਿਆ ਅਤੇ ਐਟਮ ਬੰਬ ਤੋਂ ਪ੍ਰਭਾਵਿਤ ਲੋਕਾਂ ਦਾ ਇਲਾਜ ਕਰਨ ਲਈ ਅਨੇਕ ਹਸਪਤਾਲ ਖੋਲ੍ਹੇ ਗਏ। ਐਟਮ ਬੰਬ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਇਥੇ 'ਪੀਸ ਮੈਮੋਰੀਅਲ ਪਾਰਕ' ਅਤੇ 'ਅਟਾਮਿਕ ਬੰਬ ਮੈਮੋਰੀਅਲ ਡੋਮ' ਬਣਾਏ ਗਏ। ਇਸ ਸ਼ਹਿਰ ਦਾ ਨਾਂ ਸ਼ਾਂਤੀ-ਲਹਿਰ ਨਾਲ ਕਾਫ਼ੀ ਜੁੜਿਆ ਹੋਇਆ ਹੈ। ਪੰਜਾਬੀ ਕਵਿਤਾ ਵਿਚ ਅਨੇਕ ਕਵੀਆਂ ਨੇ ਇਸ ਅਮਾਨਵੀ ਸਾਕੇ ਦਾ ਉੱਲੇਖ ਕਿਸੇ ਨਾ ਕਿਸੇ ਰੂਪ ਵਿਚ ਕੀਤਾ ਹੈ। ਜਸਬੀਰ ਸਿੰਘ ਆਹਲੂਵਾਲੀਆ ਅਨੁਸਾਰ—'ਜਿਸ ਤਰ੍ਹਾਂ ਹੀਰੋਸ਼ਿਮਾ ਤੇ ਐਟਮ ਬੰਬ ਗਿਰਾਏ ਜਾਣ ਦਾ/ਮਹਿੰਗਾਈ ਦਾ,/ਜਾਂ ਬਾਹਰ ਦੇ ਆਣ ਦਾ/ ਕੋਈ 'ਖ਼ਾਸ' ਕਾਰਨ ਨਹੀਂ।'

ਹੁਸੈਨ, ਇਮਾਮ : ਇਹ ਮੁਸਲਮਾਨਾਂ ਦੇ ਚੌਥੇ ਖ਼ਲੀਫ਼ਾ ਹਜ਼ਰਤ ਅਲੀ ਦੇ ਘਰ ਹਜ਼ਰਤ ਮੁਹੰਮਦ ਦੀ ਬੇਟੀ ਫ਼ਾਤਿਮਾ ਦੀ ਕੁੱਖੋਂ 626 ਈ. ਨੂੰ ਮਦੀਨੇ ਵਿਚ ਪੈਦਾ ਹੋਇਆ। ਇਹ ਇਮਾਮ ਹਸਨ (ਵੇਖੋ) ਦਾ ਛੋਟਾ ਭਰਾ ਸੀ। ਕੂਫ਼ੇ ਦੇ ਨਿਵਾਸੀਆਂ ਨੇ ਹਜ਼ਰਤ ਮੁਹੰਮਦ ਦੀ ਕੁਲ ਵਿਚੋਂ ਹੋਣ ਨਾਤੇ ਇਸ ਨੂੰ ਖ਼ਿਲਾਫ਼ਤ ਦੇਣ ਲਈ ਖ਼ੁਫ਼ੀਆ ਗੱਲ ਕੀਤੀ ਅਤੇ ਇਸ ਨੂੰ ਇਸ ਕਾਰਜ ਲਈ ਨਿਮੰਤਰਿਤ ਕੀਤਾ। ਇਹ ਆਪਣੇ ਕੁਝ ਵਿਸ਼ਵਾਸਤ ਸਾਥੀਆਂ ਸਹਿਤ ਕੂਫ਼ੇ ਨੂੰ ਚਲ ਪਿਆ। ਪਰ ਗੱਲ ਸਿਰੇ ਚੜ੍ਹਨ ਤੋਂ ਪਹਿਲਾਂ ਬਾਹਰ ਨਿਕਲ ਗਈ ਅਤੇ ਦਮਿਸ਼ਕ ਦੇ ਖ਼ਲੀਫ਼ੇ ਯਜ਼ੀਦ ਨੇ ਆਪਣੀ ਫ਼ੌਜ ਹੁਸੈਨ ਉਤੇ ਚੜ੍ਹਾ ਦਿੱਤੀ। ਹੁਸੈਨ ਲੜਾਈ ਕਰਨ ਲਈ ਤਿਆਰ ਨਹੀਂ ਸੀ ਪਰ ਯਜ਼ੀਦ ਦੇ ਸੈਨਾਪਤੀ 'ਸਿਮਰ' ਨੇ ਇਸ ਨੂੰ ਘੇਰੇ ਵਿਚ ਲੈ ਲਿਆ ਅਤੇ ਲੜਾਈ ਸ਼ੁਰੂ ਹੋ ਗਈ।

ਇਹ ਲੜਾਈ ਮੁਹਰਮ ਦੇ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸ਼ੁਰੂ ਹੋਈ ਅਤੇ ਦਸ ਦਿਨ ਚਲਦੀ ਰਹੀ। ਦਸਵੇਂ ਦਿਨ, ਕਰਬਲਾ ਦੇ ਮੈਦਾਨ ਵਿਚ ਤਿੰਨ ਦਿਨਾਂ ਦੇ ਪਿਆਸੇ ਹੁਸੈਨ ਨੂੰ ਸ਼ਹੀਦ ਕੀਤਾ ਗਿਆ। ਹੁਸੈਨ ਦੇ 72 ਸਾਥੀਆਂ ਨੂੰ ਵੀ ਨਾਲ ਹੀ ਕਤਲ ਕਰ ਦਿੱਤਾ ਗਿਆ। ਇਸ ਨਾਲ ਲੜਾਈ ਖ਼ਤਮ ਹੋ ਗਈ। ਦਸਵੇਂ ਦਿਨ ਦੀ ਰਾਤ ਨੂੰ ਸ਼ੀਏ ਮੁਸਲਮਾਨ 'ਸ਼ਬੇ-ਸ਼ਹਾਦਤ' ਵਜੋਂ ਸੋਗੀ ਢੰਗ ਨਾਲ ਮਨਾਉਂਦੇ ਹਨ। ਹਜ਼ਰਤ ਅਲੀ ਦੇ ਅਨੁਯਾਈ ਸ਼ੀਆ ਮੁਸਲਮਾਨ ਇਹ ਦਸ ਦਿਨ ਬਹੁਤ ਸੋਗ ਕਰਦੇ ਹਨ। ਦਸਾਂ ਦਿਨਾਂ ਦੇ ਇਸ ਸੋਗ ਨੂੰ ਵੀ 'ਮੁਹਰਮ' (ਵੇਖੋ) ਕਿਹਾ ਜਾਂਦਾ ਹੈ। ਸੁਲਤਾਨ ਬਾਹੂ ਨੇ ਹੁਸੈਨ ਬਾਰੇ ਸੰਕੇਤ ਕੀਤਾ ਹੈ—'ਅਠਾਰਾਂ ਹਜ਼ਾਰ ਜੋ ਆਲਮ ਆਹਾ, ਉਹ ਅੱਗੇ

ਹੁਸੈਨ ਦੇ ਮਰਦੇ ਹੂ ।'

ਚੂੰਕਿ ਹੁਸੈਨ ਨੂੰ ਮਾਰਨ ਲਈ ਸੁੰਨੀ ਮੁਸਲਮਾਨ ਜ਼ਿੰਮੇਵਾਰ ਸਨ, ਇਸ ਲਈ ਮੁਹੱਰਮ ਦੌਰਾਨ, ਖ਼ਾਸ ਤੌਰ ਤੇ ਤਾਜ਼ੀਏ ਕੱਢਣ ਵਾਲੇ ਦਿਨ, ਸ਼ੀਇਆਂ ਅਤੇ ਸੁੰਨੀਆਂ ਵਿਚ ਅਕਸਰ ਫ਼ਸਾਦ ਹੋ ਜਾਂਦੇ ਹਨ ।

ਹੁਮਾ : ਸ਼ੁਭ ਸ਼ਗਨਾਂ ਵਾਲਾ ਇਕ ਪੰਛੀ । ਵੇਖੋ 'ਅਨਲ' ।

ਹੂਹੂ : ਵੇਖੋ 'ਗੰਧਰਵ' ।

ਹੂਰ : ਇਹ ਸ਼ਬਦ ਅਰਬੀ ਭਾਸ਼ਾ ਦੇ 'ਹੂਰਾ' ਦਾ ਬਹੁ-ਵਚਨ ਹੈ । ਪੰਜਾਬੀ ਵਿਚ ਇਸ ਨੂੰ ਇਕ-ਵਚਨ ਵਿਚ ਵਰਤਿਆ ਜਾਂਦਾ ਹੈ ਅਤੇ ਇਸ ਤੋਂ 'ਹੂਰਾਂ' ਬਹੁ-ਵਚਨ ਬਣਾਇਆ ਜਾਂਦਾ ਹੈ । 'ਕੁਰਾਨ' ਵਿਚ ਇਹ ਸ਼ਬਦ ਪਵਿੱਤਰ ਅਤੇ ਪਤੀਬ੍ਰਤਾ ਇਸਤਰੀਆਂ ਲਈ ਵਰਤਿਆ ਗਿਆ ਹੈ ਜੋ ਉੱਚੇ ਆਚਰਣ ਦੀਆਂ ਮਾਲਕ ਹੁੰਦੀਆਂ ਹਨ । ਪਰ ਵਿਵਹਾਰ ਵਿਚ ਇਹ ਸ਼ਬਦ ਉਨ੍ਹਾਂ ਕਲਪਿਤ ਇਸਤਰੀਆਂ ਲਈ ਵਰਤਿਆ ਜਾਂਦਾ ਹੈ ਜੋ ਅਤਿਅੰਤ ਸੁੰਦਰ ਹੁੰਦੀਆਂ ਹਨ ਅਤੇ ਬਹਿਸ਼ਤ ਵਿਚ ਰਹਿੰਦੀਆਂ ਹਨ । ਇਹ ਮੋਮਿਨਾਂ ਨੂੰ ਮਰਣ ਉਪਰੰਤ ਪ੍ਰਾਪਤ ਹੁੰਦੀਆਂ ਹਨ ।

ਇਹ ਵੀ ਮਾਨਤਾ ਹੈ ਕਿ ਜੋ ਯੋਧੇ ਧਰਮ ਲਈ ਸ਼ਹੀਦ ਹੁੰਦੇ ਹਨ, ਉਨ੍ਹਾਂ ਨੂੰ ਹੂਰਾਂ ਵਰਦੀਆਂ ਹਨ । 'ਚੰਡੀ ਦੀ ਵਾਰ' ਵਿਚ ਲਿਖਿਆ ਹੈ—'ਹੂਰਾਂ ਸ੍ਰਣਵਤਬੀਜ ਨੂੰ ਘਤਿ ਘੇਰਿ ਖਲੋਈਆਂ ।/ਲਾੜਾ ਦੇਖਨ ਲਾੜੀਆਂ ਚਉਗਿਰਦੇ ਹੋਈਆਂ' (42) । ਸੂਫ਼ੀ ਕਵੀ ਅਲੀ ਹੈਦਰ ਨੇ ਲਿਖਿਆ ਹੈ—'ਰਮਜ਼ਾ ਗਮਜ਼ੇ ਹੂਰਾਂ ਰਿਜਵਾ ਹੈਦਰ ਵੇਖ ਨਿਹਾਲ ਥੀਆ ।'

ਇਹ ਭਾਰਤੀ ਪਰੰਪਰਾ ਦੇ 'ਅਪੱਛਰਾ' ਸ਼ਬਦ ਦਾ ਸਮਾਨਭਾਵੀ ਪ੍ਰਤੀਤ ਹੁੰਦਾ ਹੈ ।

ਹੇਮਕੁੰਟ : ਹਿਮਾਲਾ ਪਰਬਤ ਵਿਚ 'ਸਪਤ-ਸ਼੍ਰਿੰਗ' (ਵੇਖੋ) ਦੀਆਂ ਸੱਤ ਪਹਾੜੀ ਚੋਟੀਆਂ ਦੇ ਨੇੜੇ ਇਕ ਪਰਬਤ ਜਿਸ ਦਾ ਉੱਲੇਖ 'ਬਚਿਤ੍ਰ-ਨਾਟਕ' ਵਿਚ ਹੋਇਆ ਹੈ । ਉਥੇ ਇਹ ਦਸਿਆ ਗਿਆ ਹੈ ਕਿ ਪਿਛਲੇ ਜਨਮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹੇਮਕੁੰਟ ਵਾਲੇ ਸਥਾਨ ਉਤੇ ਤਪੱਸਿਆ ਕੀਤੀ ਸੀ—'ਹੇਮਕੁੰਟ ਪਰਬਤ ਹੈ ਜਹਾਂ ।/ਸਪਤ ਸ੍ਰਿੰਗ ਸੋਭਿਤ ਹੈ ਤਹਾਂ ।'

'ਮਹਾਭਾਰਤ' (ਆਦਿ-ਪਰਵ) ਵਿਚ ਇਸ ਦਾ ਉੱਲੇਖ ਪਾਂਡਵਾਂ ਦੀ ਤਪੱ-ਭੂਮੀ ਵਜੋਂ ਹੋਇਆ ਹੈ । ਇਹ ਬਦਰੀਨਾਥ ਦੇ ਨੇੜੇ ਅਤੇ ਸਮੁੰਦਰ ਤੋਂ 15,200 ਫੁਟ ਦੀ ਉੱਚਾਈ ਤੇ ਹੈ । ਇਹ ਥਾਂ ਬੜੀ ਰਮਣੀਕ ਅਤੇ ਏਕਾਂਤ ਹੈ । ਇਸ ਨੂੰ ਰਿਸ਼ੀਆਂ ਮੁਨੀਆਂ ਦਾ ਤਪੱ-ਸਥਾਨ ਵੀ ਦਸਿਆ ਜਾਂਦਾ ਹੈ । ਇਥੇ ਸੱਤ ਵਰਗ ਕਿ. ਮੀ. ਦੀ ਇਕ ਵੱਡੀ ਝੀਲ ਹੈ ਜਿਸ ਦੇ ਆਲੇ-ਦੁਆਲੇ ਦੀਆਂ ਬਰਫ਼ਾਂ ਨਾਲ ਲੱਦੀਆਂ ਪਹਾੜੀਆਂ ਤੋਂ ਪਾਣੀ ਦੇ ਝਰਨੇ ਡਿਗਦੇ ਹਨ । ਇਸ ਵਿਚਲਾ ਜਲ ਹੇਮ-ਗੰਗਾ ਜਲਧਾਰਾ ਬਣਾ ਕੇ ਬਾਹਰ ਨਿਕਲਦਾ ਹੈ । ਇਸ ਦੇ ਨਿਰਮਲ ਜਲ ਵਿਚ ਸਪਤ-ਸ਼੍ਰਿੰਗ ਦਾ ਸੁੰਦਰ ਪਰਛਾਵਾ ਪ੍ਰਤਿਬਿੰਬਿਤ ਹੁੰਦਾ ਹੈ । ਇਹ ਇਲਾਕਾ ਸਾਲ ਵਿਚ ਲਗਭਗ 10 ਮਹੀਨੇ ਬਰਫ਼ ਨਾਲ ਢਕਿਆ ਰਹਿੰਦਾ ਹੈ । ਜੂਨ-ਜੁਲਾਈ ਵਿਚ ਜਦੋਂ ਬਰਫ਼ ਪੰਘਰਦੀ ਹੈ ਤਾਂ ਯਾਤ੍ਰੀ ਲੋਕਾਂ

ਵੀ ਦੋ ਮਹੀਨਿਆਂ ਤਕ ਆਵਾਜਾਈ ਰਹਿੰਦੀ ਹੈ।

'ਬਚਿਤ੍ਰ-ਨਾਟਕ' ਵਿਚ ਲਿਖੇ ਸੰਕੇਤਾਂ ਦੇ ਆਧਾਰ ਤੇ ਵੀਹਵੀਂ ਸਦੀ ਦੇ ਸ਼ਰਧਾਲੂ ਖੋਜੀਆਂ ਨੇ ਇਸ ਸਥਾਨ ਨੂੰ ਲੱਭਣ ਦਾ ਉੱਦਮ ਕੀਤਾ। ਸਭ ਤੋਂ ਪਹਿਲਾਂ ਟੀਹਰੀ ਗੜ੍ਹਵਾਲ ਦੇ ਸੰਤ ਸੋਹਣ ਸਿੰਘ ਅਤੇ ਸ. ਮੋਦਨ ਸਿੰਘ ਨੇ ਹਿੰਮਤ ਕਰਕੇ ਸੰਨ 1934 ਈ. ਵਿਚ ਇਸ ਸਥਾਨ ਉਤੇ ਗੁਰਦੁਆਰਾ ਕਾਇਮ ਕੀਤਾ। ਬਾਦ ਵਿਚ ਸ਼ਰਧਾਲੂਆਂ ਨੇ ਉੱਦਮ ਕਰਕੇ ਇਥੇ ਬਹੁਤ ਆਲੀਸ਼ਾਨ ਗੁਰਦੁਆਰਾ ਬਣਾਇਆ ਹੈ। ਹੇਮਕੁੰਟ ਨੂੰ ਹਰ ਸਾਲ ਹਜ਼ਾਰਾਂ ਸਿੱਖ ਸ਼ਰਧਾਲੂ ਯਾਤ੍ਰਾ ਲਈ ਜਾਂਦੇ ਹਨ। ਇਹ ਲੋਕ ਰਿਸ਼ੀਕੇਸ਼ ਤੋਂ 275 ਕਿ. ਮੀ. ਦੂਰੀ ਤੇ ਸਥਿਤ ਗੁਰਦੁਆਰਾ ਗੋਬਿੰਦ ਘਾਟ ਤਕ ਬਸਾਂ ਰਾਹੀਂ ਜਾਂਦੇ ਹਨ। ਉਥੋਂ ਅਲਕਨੰਦਾ ਨਦੀ ਤੋਂ ਪੁਲ ਰਾਹੀਂ ਪਾਰ ਹੋ ਕੇ 13 ਕਿ. ਮੀ. ਦੂਰੀ ਤੇ ਸਥਿਤ ਗੁਰਦੁਆਰਾ ਗੋਬਿੰਦ ਧਾਮ ਪਹੁੰਚਿਆ ਜਾਂਦਾ ਹੈ। ਉਥੋਂ 6 ਕਿ. ਮੀ. ਦੀ ਸਿੱਧੀ ਚੜ੍ਹਾਈ ਚੜ੍ਹ ਕੇ ਹੇਮਕੁੰਟ ਤਕ ਪਹੁੰਚਿਆ ਜਾਂਦਾ ਹੈ।

ਹੈਦਰ ਸ਼ੇਖ ਦਾ ਮੇਲਾ : ਇਹ ਮੇਲਾ ਮਲੇਰ-ਕੋਟਲਾ ਨਗਰ ਦੀ ਪੱਛਮੀ ਗੁੱਠ ਵਿਚ ਉੱਚੇ ਟਿੱਲੇ 'ਤੇ ਬਣੀ ਮੁਸਲਮਾਨ ਫ਼ਕੀਰ ਹੈਦਰ ਸ਼ੇਖ ਦੀ ਕੱਬਰ ਉਤੇ ਲਗਦਾ ਹੈ। ਉਂਜ ਤਾਂ ਹਰ ਇਕਾਦਸ਼ੀ ਦੇ ਮੌਕੇ ਅਨੇਕ ਸ਼ਰਧਾਲੂ ਚੌਂਕੀਆਂ ਭਰਨ ਲਈ ਪਹੁੰਚਦੇ ਹਨ, ਪਰ ਨਿਮਾਣੀ ਇਕਾਦਸੀ (ਨਿਰਜਲਾ ਇਕਾਦਸ਼ੀ-ਜੇਠ ਸੁਦੀ 11) ਵਾਲੇ ਦਿਨ ਇਥੇ ਸਾਲ ਦਾ ਸਭ ਤੋਂ ਵੱਡਾ ਮੇਲਾ ਲਗਦਾ ਹੈ ਜੋ ਇਕਾਦਸ਼ੀ ਤੋਂ ਇਕ ਦਿਨ ਪਹਿਲਾਂ ਸ਼ੁਰੂ ਹੋ ਕੇ ਇਕ ਦਿਨ ਬਾਦ ਤਕ ਚਲਦਾ ਹੈ। ਇਸ ਮੇਲੇ ਵਿਚ ਵੀ ਛਪਾਰ ਜਾਂ ਜਰਗ ਦੇ ਮੇਲਿਆਂ ਵਾਂਗ ਸਾਂਝੇ ਪੰਜਾਬੀ ਸਭਿਆਚਾਰ ਦਾ ਪ੍ਰਦਰਸ਼ਨ ਹੁੰਦਾ ਹੈ। ਸੁਖਣਾਂ ਪੂਰੀਆਂ ਹੋਣ 'ਤੇ ਚੌਂਕੀਆਂ ਭਰਨ ਵਾਲੇ ਸ਼ਰਧਾਲੂ ਹੋਰ ਨਿਆਜ਼ਾਂ ਤੋਂ ਇਲਾਵਾ ਕਾਲੇ ਕੁੱਕੜ ਜਾਂ ਕਾਲੇ ਬਕਰੇ ਵੀ ਭੇਟਾ ਕਰਦੇ ਹਨ।

ਲੋਕਾਂ ਦਾ ਵਿਸ਼ਵਾਸ ਹੈ ਕਿ ਹੈਦਰ ਸ਼ੇਖ ਦੇ ਪ੍ਰਸੰਨ ਹੋਣ ਤੇ ਨਿਰਸੰਤਾਨਾਂ ਨੂੰ ਔਲਾਦ ਦੀ (ਖ਼ਾਸ ਕਰਕੇ ਪੁੱਤਰ ਦੀ) ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਉਤੇ ਭੂਤਾਂ ਪ੍ਰੇਤਾਂ ਦਾ ਸਾਇਆ ਹੋਵੇ ਜਾਂ ਇਸ ਤਰ੍ਹਾਂ ਦਾ ਕੋਈ ਹੋਰ ਦਬਾਉ ਹੋਵੇ, ਉਨ੍ਹਾਂ ਵਲੋਂ ਹੈਦਰ ਸ਼ੇਖ ਦੀ ਮਜ਼ਾਰ ਉਤੇ ਰੋਟ ਚੜ੍ਹਾਉਣ ਨਾਲ ਸਭ ਬਲਾਵਾਂ ਟਲ ਜਾਂਦੀਆਂ ਹਨ। ਸੰਤਾਨ ਅਤੇ ਪ੍ਰੇਤ-ਛਾਇਆ ਨਾਲ ਸੰਬੰਧਿਤ ਹੋਣ ਕਾਰਣ ਇਸ ਮੇਲੇ ਉਤੇ ਆਮ ਤੌਰ ਤੇ ਇਸਤਰੀਆਂ ਅਧਿਕ ਆਉਂਦੀਆਂ ਹਨ। ਸ਼ੌਂਕੀਨ ਪੇਂਡੂ ਨੌਜਵਾਨ ਟੋਲੀਆਂ ਬਣਾ ਕੇ ਗੀਤ ਗਾਉਂਦੇ ਅਤੇ ਆਪਣੀਆਂ ਚੇਟਕਾਂ ਦਾ ਪ੍ਰਦਰਸ਼ਨ ਕਰਦੇ ਹਨ। ਇਸ ਮੇਲੇ ਦਾ ਉੱਲੇਖ ਮਾਲਵੇ ਦੇ ਆਂਚਲਿਕ ਕਥਾ-ਸਾਹਿੱਤ ਵਿਚ ਆਮ ਹੋਇਆ ਹੈ।

ਹੈਲਿਨ : ਯੂਨਾਨੀ ਮਿਥਿਹਾਸ ਦੀ ਇਕ ਅਤਿ ਸੁੰਦਰ ਇਸਤਰੀ ਜੋ ਯੂਨਾਨੀ ਦੇਵਤਾ ਜ਼ਿਊਸ ਦੀ ਪੁੱਤਰੀ ਅਤੇ ਸਪਾਰਟਾ ਦੇ ਬਾਦਸ਼ਾਹ ਮੈਨੀਲਾਸ ਦੀ ਪਤਨੀ ਸੀ। ਪਰ ਟ੍ਰੋਏ ਦਾ ਸ਼ਹਿਜ਼ਾਦਾ 'ਪੇਰਿਸ' ਇਸ ਨੂੰ ਉਧਾਲ ਕੇ ਲੈ ਗਿਆ। ਫਲਸਰੂਪ ਮੈਨੀਲਾਸ ਨੇ ਟ੍ਰੋਏ ਉਤੇ ਹਮਲਾ ਕੀਤਾ ਅਤੇ ਸਾਰੇ ਸ਼ਹਿਰ ਦੇ ਬਰਬਾਦ ਹੋ ਜਾਣ ਉਪਰੰਤ ਹੈਲਿਨ

ਮੈਨੀਲਾਸ ਪਾਸ ਪਰਤ ਆਈ ।

ਇਹ ਵੀ ਰਵਾਇਤ ਹੈ ਕਿ ਟ੍ਰੋਏ ਦੀ ਜੰਗ ਦਾ ਮੂਲ ਕਾਰਣ ਹੈਲਿਨ ਹੀ ਸੀ। ਜੰਗ ਦੀ ਸਮਾਪਤੀ ਤੋਂ ਬਾਦ ਇਸ ਨੂੰ ਦੇਸ਼-ਨਿਕਾਲਾ ਦਿੱਤਾ ਗਿਆ। ਰੋਡਜ਼ ਦੀ ਰਾਣੀ ਨੇ ਟ੍ਰੋਏ ਦੀ ਜੰਗ ਵਿਚ ਮਾਰੇ ਗਏ ਆਪਣੇ ਪਤੀ ਦਾ ਬਦਲਾ ਹੈਲਿਨ ਨੂੰ ਕਤਲ ਕਰਵਾ ਕੇ ਲਿਆ। ਬਾਵਾ ਬਲਵੰਤ ਨੇ ਇਸ ਸੁੰਦਰੀ ਦਾ ਹਵਾਲਾ ਆਪਣੀ 'ਪਾਰੋ' ਨਾਂ ਦੀ ਕਵਿਤਾ ਵਿਚ ਇਸ ਤਰ੍ਹਾਂ ਦਿੱਤਾ ਹੈ—'ਵੀਨਸ, ਹੇਲਿਨ, ਪੇਰਿਸ ਪਰੀਆਂ ਲੱਖਾਂ ਰੂਪ ਸਜਾਏ,/ ਅੱਤ ਉਜਾਲੇ ਪਰ 'ਪਾਰੋ' ਦੀ ਮਹਿੰਦੀ ਤਕ ਨਾ ਆਏ।'

ਹੋਈ : ਵੇਖੋ 'ਅਹੋਈ'।

ਹੋਡੀ-ਸਾਰੰਗ : ਵੇਖੋ 'ਹੋਡੀ, ਰਾਜਾ'।

ਹੋਡੀ, ਰਾਜਾ : ਗਖੜ ਕਬੀਲੇ ਦਾ ਇਕ ਰਾਜਾ ਜਿਸ ਦਾ ਜਨਮ ਸਿਆਲਕੋਟ ਗਜ਼ਟੀਅਰ ਅਨੁਸਾਰ ਸੰਨ 360 ਈ. ਵਿਚ ਹੋਇਆ ਅਤੇ ਮ੍ਰਿਤੂ ਸੰਨ 400 ਈ. ਵਿਚ ਹੋਈ। ਇਸ ਨੇ ਆਪਣੀ ਬਹਾਦਰੀ ਨਾਲ ਰਾਜ ਦੀਆਂ ਸੀਮਾਵਾਂ ਦਾ ਵਿਸਤਾਰ ਕੀਤਾ ਅਤੇ ਅਟਕ-ਕਾਲਾਬਾਗ਼ ਤੋਂ ਲੈ ਕੇ ਜੇਹਲਮ ਤਕ ਦੇ ਇਲਾਕੇ ਨੂੰ ਆਪਣੇ ਅਧੀਨ ਕਰਕੇ ਦ੍ਰਿੜ੍ਹ ਰਾਜ ਕਾਇਮ ਕੀਤਾ। ਫਿਰ ਇਸ ਦਾ ਮਨ ਜੇਹਲਮ ਪਾਰ ਦੇ ਇਲਾਕੇ ਜਿੱਤਣ ਦਾ ਬੜਾ ਬਣਿਆ। ਉਸ ਇਲਾਕੇ ਵਿਚ ਰਾਜਾ ਸਾਲਿਬਾਹਨ ਦੇ ਪੁੱਤਰ ਰਸਾਲੂ ਦਾ ਰਾਜ ਸੀ, ਪਰ ਬਿਰਧ ਹੋ ਜਾਣ ਕਾਰਣ ਉਹ ਰਾਜਾ ਹੋਡੀ (ਹੂਡੀ) ਦਾ ਸਾਹਮਣਾ ਕਰਨ ਵਿਚ ਸਮਰਥ ਨਹੀਂ ਸੀ। ਇਸ ਲਈ ਉਸ ਨੇ ਆਪਣੀ ਪੁੱਤਰੀ ਸਾਰੰਗ ਦਾ ਵਿਆਹ ਹੋਡੀ ਨਾਲ ਕਰਨ ਦਾ ਸੁਝਾ ਰਖਿਆ, ਪਰ ਕੁਝ ਕੁ ਸਮਾਜਿਕ ਸੀਮਾਵਾਂ ਕਰਕੇ ਗੱਲ ਸਿਰੇ ਨਾ ਚੜ੍ਹ ਸਕੀ। ਫਲਸਰੂਪ ਹੋਡੀ ਨੇ ਰਸਾਲੂ ਉਤੇ ਹਮਲਾ ਕੀਤਾ। ਕਾਫ਼ੀ ਲੜਾਈ ਤੋਂ ਬਾਦ ਦੋਹਾਂ ਵਿਚ ਸਮਝੌਤਾ ਹੋ ਗਿਆ ਅਤੇ ਰਸਾਲੂ ਨੇ ਆਪਣੀ ਪੁੱਤਰੀ 'ਸਾਰੰਗ' ਹੋਡੀ ਨੂੰ ਵਿਆਹ ਦਿੱਤੀ। ਹੋਡੀ ਦੇ ਘਰ ਸਾਰੰਗ ਦੀ ਕੁੱਖੋਂ ਤਿੰਨ ਪੁੱਤਰ ਪੈਦਾ ਹੋਏ—ਟਿਉ, ਘਿਉ ਅਤੇ ਸਿਉ, ਜਿਨ੍ਹਾਂ ਤੋਂ ਅਗੋਂ ਟਿਵਾਣਾ, ਘੇਬਾ ਅਤੇ ਸਿਆਲ ਕਬੀਲਿਆਂ ਦਾ ਵਿਕਾਸ ਹੋਇਆ।

ਇਸ ਲੋਕ-ਕਥਾ ਤੋਂ ਭਿੰਨ ਪੋਠੋਹਾਰ ਵਿਚ ਰਵਾਇਤ ਪ੍ਰਸਿੱਧ ਹੈ ਕਿ ਰਾਜਾ ਰਸਾਲੂ ਦੀ ਪਤਨੀ ਕੋਕਿਲਾਂ ਖੇਰਾਮੂਰਤੀ ਨਗਰੀ ਦੇ ਜਿਸ ਮਹੱਲ ਵਿਚ ਰਹਿੰਦੀ ਸੀ, ਉਸ ਕੋਲ ਸ਼ਿਕਾਰ ਖੇਡਦਿਆਂ ਭਟਕਿਆ ਹੋਇਆ ਰਾਜਾ ਹੋਡੀ ਜਾ ਪਹੁੰਚਿਆ ਅਤੇ ਕੋਕਿਲਾਂ ਨੂੰ ਫੁਸਲਾ ਕੇ ਉਸ ਨਾਲ ਸੰਜੋਗ ਕੀਤਾ। ਜਦੋਂ ਇਸ ਗੱਲ ਦਾ ਪਤਾ ਤੋਤੇ ਰਾਹੀਂ ਸ਼ਿਕਾਰ ਨੂੰ ਗਏ ਰਾਜਾ ਰਸਾਲੂ ਨੂੰ ਲਗਿਆ ਤਾਂ ਉਸ ਨੇ ਹੋਡੀ ਨੂੰ ਦੁਅੰਦ ਯੁੱਧ ਵਿਚ ਮਾਰ ਕੇ ਉਸ ਦਾ ਮਾਸ ਰਿੰਨ੍ਹਿਆ ਅਤੇ ਕੋਕਿਲਾਂ ਨੂੰ ਖਵਾਇਆ। ਹੋਡੀ ਚੂੰਕਿ ਆਪਣੇ ਹਠ ਕਰਕੇ ਮਾਰਿਆ ਜਾਂਦਾ ਹੈ, ਇਸ ਲਈ ਕਾਲਾਂਤਰ ਵਿਚ 'ਹੋਡੀ' ਸ਼ਬਦ 'ਹਠੀ' ਜਾਂ 'ਜ਼ਿੱਦੀ' ਵਿਅਕਤੀ ਲਈ ਵਰਤਿਆ ਜਾਣ ਲਗਾ। ਗੁਰੂ ਨਾਨਕ ਦੇਵ ਨੇ ਹਉਮੈ ਕਰਨ ਵਾਲੇ ਲਈ 'ਹੋਡੀ' ਵਿਸ਼ੇਸ਼ਣ ਵਰਤਿਆ ਹੈ—ਅਹੰਮੇਵ ਸਿਉ ਮਸਲਤਿ ਛੋਡੀ।/ਗੁਰਿ ਕਹਿਆ

ਇਹੁ ਮੂਰਖੁ ਹੰਡੀ' (ਅ. ਗ੍ਰੰ. 1347)।

ਹੋਲਾ-ਮਹਲਾ : ਪਰੰਪਰਾਗਤ ਹੋਲੀ ਤਿਉਹਾਰ ਦੇ ਸਮਾਨਾਂਤਰ ਗੁਰੂ ਗੋਬਿੰਦ ਸਿੰਘ ਨੇ 'ਹੋਲਾ-ਮਹਲਾ' ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖਾਲਸੇ ਨੂੰ ਯੁੱਧ ਵਿਦਿਆ ਵਿਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਯੁੱਧ-ਪ੍ਰਕ੍ਰਿਆ ਨਾਲ ਜੋੜਿਆ। ਸਿੱਖ ਇਤਿਹਾਸ ਅਨੁਸਾਰ ਆਨੰਦਪੁਰ ਸਥਿਤ ਹੋਲ-ਗੜ੍ਹ ਕਿਲੇ ਵਾਲੀ ਥਾਂ ਤੇ ਸੰਨ 1700 ਈ. (1757 ਬਿ. ਚੇਤ ਵਦੀ ੧) ਵਿਚ ਗੁਰੂ ਗੋਬਿੰਦ ਸਿੰਘ ਨੇ ਇਸ ਪਰੰਪਰਾ ਦਾ ਉਦਘਾਟਨ ਕੀਤਾ। ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ ਆਦਿ ਵਿਦਵਾਨਾਂ ਨੇ ਇਸ ਦਾ ਅਰਥ ਹੱਲਾ ਅਤੇ ਹੱਲੇ ਵਾਲੀ ਥਾਂ ਜਾਂ ਬਣਾਵਟੀ ਹਮਲਾ ਕੀਤੇ ਹਨ। ਮੇਰੇ ਵਿਚਾਰ ਅਨੁਸਾਰ ਹੋਲੀ ਤੋਂ ਹੋਲਾ (ਪੁਲਿੰਗ ਸ਼ਬਦ) ਬਣਾ ਕੇ ਉਸ ਦਿਨ ਮਹਾ-ਹੱਲਾ ਕਰਨ ਦੀ ਗੱਲ ਨੂੰ ਇਸ ਸ਼ਬਦ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ।

ਇਹ, ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤ੍ਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ ਤੇ ਦੋਹਾਂ ਦਲਾਂ ਨੂੰ ਲੋਹ-ਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ। ਜਾਂ ਫਿਰ ਇਕ ਦਲ ਨੂੰ ਲੋਹ-ਗੜ੍ਹ ਉਤੇ ਕਾਬਜ਼ ਦਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਨੂੰ 'ਵੈਰੀ' ਸਮਝ ਕੇ ਉਸ ਤੋਂ ਕਿਲਾ ਖੋਹਣ ਦਾ ਉੱਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖ਼ੂਬ ਇਨਾਮ ਦਿੱਤੇ ਜਾਂਦੇ। ਇਸ ਮੌਕੇ ਸੱਤ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫ਼ੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸਾਹ ਵਧਾਉਂਦੇ।

ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਦ (ਫਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ ਤੇ ਆਨੰਦਪੁਰ ਵਿਚ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਲੋਕ ਪਹੁੰਚਦੇ ਹਨ। ਇਸ ਮੌਕੇ ਤੇ ਨਿਹੰਗ ਸਿੰਘਾਂ ਦਾ ਜਲਾਲ ਵੇਖਣ ਨੂੰ ਬਣਦਾ ਹੈ। ਧਰਮ ਪ੍ਰਚਾਰ ਤੋਂ ਇਲਾਵਾ ਰਾਜਨੈਤਿਕ ਪਾਰਟੀਆਂ ਦੇ ਜਲਸੇ ਵੀ ਹੁੰਦੇ ਹਨ। ਤੀਜੇ ਦਿਨ ਆਨੰਦਗੜ੍ਹ ਤੋਂ ਹੋਲੇ ਮਹੱਲੇ ਦਾ ਜਲੂਸ ਨਿਕਲਦਾ ਹੈ ਜਿਸ ਨੂੰ 'ਮਹੱਲਾ ਚੜ੍ਹਨਾ' ਕਹਿੰਦੇ ਹਨ। ਇਹ ਜਲੂਸ ਮਾਤਾ ਜੀਤ ਕੌਰ ਦੇ ਦੇਹੁਰੇ, ਹੋਲਗੜ੍ਹ, ਚਰਨ ਗੰਗਾ ਆਦਿ ਸਥਾਨਾਂ ਤੋਂ ਹੁੰਦਾ ਹੋਇਆ ਖੁਲ੍ਹੇ ਮੈਦਾਨ ਵਿਚ ਪਹੁੰਚਦਾ ਹੈ। ਉਥੇ ਜੰਗੀ ਕਰਤੱਵ ਦਿਖਾਏ ਜਾਂਦੇ ਹਨ। ਪਿਛਲੇ ਪਹਿਰ ਜਲੂਸ ਕੇਸਗੜ੍ਹ ਨੂੰ ਵਾਪਸ ਆਉਂਦਾ ਹੈ ਅਤੇ ਇਸ ਦੀ ਸਮਾਪਤੀ ਘੋਸ਼ਿਤ ਕੀਤੀ ਜਾਂਦੀ ਹੈ।

ਹੋਲਿਕਾ : ਵੇਖੋ 'ਹੋਲੀ'।

ਹੋਲੀ : ਇਹ ਭਾਰਤ ਦਾ ਇਕ ਮੌਸਮੀ ਤਿਉਹਾਰ ਹੈ ਜਿਹੜਾ ਚੇਤਰ ਦੀ ਪੂਰਣਮਾਸੀ (ਫਗਣ ਸੁਦੀ 15) ਨੂੰ ਮਨਾਇਆ ਜਾਂਦਾ ਹੈ। ਉਦੋਂ ਬਸੰਤ ਰੁਤ ਆਪਣੇ ਪੂਰੇ ਜੋਬਨ ਉਤੇ ਹੁੰਦੀ ਹੈ, ਸਰਦੀ ਖ਼ਤਮ ਹੋ ਰਹੀ ਹੁੰਦੀ ਹੈ ਅਤੇ ਗਰਮੀ ਦੇ ਆਗਮਨ ਦਾ ਅਹਿਸਾਸ ਹੋਣ ਲਗਦਾ ਹੈ। ਸਰਦੀ ਨਾਲ ਠਰ੍ਹੀ ਸਾਰੀ ਪ੍ਰਕ੍ਰਿਤੀ ਅੰਗੜਾਈ ਲੈ ਕੇ ਸਾਵਧਾਨ ਹੋ ਰਹੀ ਹੁੰਦੀ ਹੈ। ਹਰ ਪਾਸੇ ਫਸਲਾਂ ਲਹਿ ਲਹਾਉਂਦੀਆਂ ਦਿਸ ਪੈਂਦੀਆਂ ਹਨ। ਰੰਗਾਂ ਰੰਗਾਂ ਦੇ ਫੁਲ ਖਿੜੇ ਹੁੰਦੇ ਹਨ ਅਤੇ ਸਾਰਾ ਵਾਯੁਮੰਡਲ ਇਕ ਸੁਖਾਵੀਂ ਮਹਿਕ ਨਾਲ ਭਰਪੂਰ ਹੁੰਦਾ ਹੈ। ਹਰ ਇਕ ਵਿਅਕਤੀ ਦੇ ਮਨ ਵਿਚ ਖੇੜੇ ਦੀ ਅਵਸਥਾ ਪੈਦਾ ਹੋ ਜਾਂਦੀ ਹੈ, ਉਮੰਗਾਂ ਉਛਲ ਪੈਂਦੀਆਂ ਹਨ। ਇਸ ਮਾਨਸਿਕ ਅਵਸਥਾ ਨੂੰ ਪ੍ਰਗਟਾਉਣ ਲਈ, ਕੁਦਰਤੀ ਰੰਗ-ਸੁਰੰਗਤਾ ਦੇ ਸੰਦਰਭ ਵਿਚ, ਇਕ ਦੂਜੇ ਉਤੇ ਗੁਲਾਲ ਸੁਟਿਆ ਜਾਂਦਾ ਹੈ। ਗੁਲਾਲ ਤੋਂ ਇਲਾਵਾ ਰੰਗ-ਬਰੰਗੇ ਪਾਣੀਆਂ ਦੀਆਂ ਪਿਚਕਾਰੀਆਂ ਵੀ ਚਲਾਈਆਂ ਜਾਂਦੀਆਂ ਹਨ। ਕੁਝ ਅਸਭਿ ਲੋਕ ਇਕ ਦੂਜੇ ਉਤੇ ਗੰਦਮੰਦ ਸੁਟ ਕੇ ਜਾਂ ਛੇੜਖਾਨੀ ਕਰਕੇ ਖ਼ੁਸ਼ੀ ਨੂੰ ਖ਼ਰੂਦ ਵਿਚ ਬਦਲਣ ਦਾ ਯਤਨ ਵੀ ਕਰਦੇ ਹਨ। ਖਾਣ ਪੀਣ ਦੇ ਪਦਾਰਥਾਂ ਵਿਚ ਭੰਗ ਮਿਲਾ ਕੇ ਜਾਂ ਗੁਲਾਲ ਵਿਚ ਬਿਛੂ ਬੂਟੀ ਰਲਾ ਕੇ ਕਈ ਵਾਰ ਵਿਅਰਥ ਦੀ ਪਰੇਸ਼ਾਨੀ ਪੈਦਾ ਕੀਤੀ ਜਾਂਦੀ ਹੈ। ਪੁਰਾਣੇ ਵਕਤਾਂ ਵਿਚ ਰਾਜੇ ਮਹਾਰਾਜੇ ਸੁਗੰਧਿਤ ਪਦਾਰਥਾਂ ਨਾਲ ਹੋਲੀ ਖੇਡਦੇ ਸਨ। ਅਸਲ ਵਿਚ, ਇਹ ਇਕ ਖ਼ੁਸ਼ੀ ਦਾ ਮੌਸਮੀ ਤਿਉਹਾਰ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਅਨੇਕ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ।

ਇਸ ਦਾ ਸੰਬੰਧ ਇਕ ਪੌਰਾਣਿਕ ਆਖਿਆਨ ਨਾਲ ਵੀ ਜੋੜਿਆ ਜਾਂਦਾ ਹੈ। ਸ਼ਿਵ ਤੋਂ ਕਿਸੇ ਦੁਆਰਾ ਨਾ ਮਾਰੇ ਜਾਣ ਦਾ ਵਰ ਪ੍ਰਾਪਤ ਕਰਕੇ ਹਰਨਾਖ਼ਸ਼ (ਹਿਰਣ੍ਯਕਸ਼ਿਪੁ) ਨਾਂ ਦਾ ਰਾਖਸ਼ ਰਾਜਾ ਸਭ ਨੂੰ ਆਪਣਾ ਨਾਮ ਜਪਾਉਣ ਲਈ ਮਜਬੂਰ ਕਰਨ ਲਗਾ, ਪਰ ਉਸ ਦੇ ਪੁੱਤਰ ਪ੍ਰਹਿਲਾਦ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਹਰਨਾਖ਼ਸ਼ ਨੇ ਗੁੱਸੇ ਵਿਚ ਆ ਕੇ ਆਪਣੇ ਪੁੱਤਰ ਨੂੰ ਮਾਰਨ ਦਾ ਕੰਮ ਆਪਣੀ ਭੈਣ 'ਹੋਲਿਕਾ' (ਨਾਮਾਂਤਰ ਢੂੰਡਾ) ਨੂੰ ਸੌਂਪਿਆ। ਹੋਲਿਕਾ ਨੇ ਵੀ ਸ਼ਿਵ ਤੋਂ ਅੱਗ ਵਿਚ ਨਾ ਸੜਨ ਦਾ ਵਰਦਾਨ ਪ੍ਰਾਪਤ ਕੀਤਾ ਹੋਇਆ ਸੀ, ਬਸ਼ਰਤੇ ਕਿ ਉਹ ਸ਼ਿਵ ਵਲੋਂ ਬਖ਼ਸ਼ੀ ਫੁਲਕਾਰੀ ਨੂੰ ਆਪਣੇ ਉਪਰ ਓੜ੍ਹੀ ਰਖੇਗੀ। ਭਰਾ ਦੇ ਆਦੇਸ਼ ਨੂੰ ਮੰਨ ਕੇ ਹੋਲਿਕਾ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅਗਨੀ ਵਿਚ ਬੈਠ ਗਈ ਪਰ ਦੈਵ ਵਸ ਉਸ ਦੀ ਫੁਲਕਾਰੀ ਉਸ ਦੇ ਸ਼ਰੀਰ ਤੋਂ ਉੱਡ ਕੇ ਪ੍ਰਹਿਲਾਦ ਦੇ ਸ਼ਰੀਰ ਉਤੇ ਪਸਰ ਗਈ। ਪ੍ਰਹਿਲਾਦ ਅੱਗ ਵਿਚ ਸੜਨ ਤੋਂ ਬਿਲਕੁਲ ਬਚ ਗਿਆ ਅਤੇ ਹੋਲਿਕਾ ਸੜ ਕੇ ਸੁਆਹ ਹੋ ਗਈ।

ਪੌਰਾਣਿਕ ਵਿਆਖਿਆਕਾਰਾਂ ਨੇ ਇਸ ਆਖਿਆਨ ਨੂੰ ਪ੍ਰਤੀਕਾਤਮਕ ਅਰਥ ਪ੍ਰਦਾਨ ਕੀਤੇ ਹਨ ਅਤੇ ਇਸ ਘਟਨਾ ਨੂੰ ਬਦੀ ਉਤੇ ਨੇਕੀ ਦੀ ਜਿੱਤ ਦਸਿਆ ਹੈ। ਫਲਸਰੂਪ ਹੋਲੀ ਤੋਂ ਇਕ ਦਿਨ ਪਹਿਲਾਂ ਫਗਣ ਸੁਦੀ 14 ਦੀ ਰਾਤ ਨੂੰ ਚੌਰਾਹਿਆਂ ਜਾਂ

ਚੌਹੜਿਆਂ ਵਿਚ ਲਕੜੀ ਦੇ ਢੇਰ ਲਗਾ ਕੇ ਹੋਲਿਕਾ ਨੂੰ ਸਾੜਿਆ ਜਾਂਦਾ ਹੈ। ਇਸ ਦਿਨ ਕੱਚੇ ਛੋਲੀਏ ਨੂੰ ਵੀ ਅੱਗ ਵਿਚ ਭੁੰਨ ਕੇ ਖਾਇਆ ਜਾਂਦਾ ਹੈ। ਹੋਲਿਕਾ ਦੀ ਅਗਨੀ ਵਿਚ ਸਾੜੇ ਜਾਣ ਕਾਰਣ ਇਨ੍ਹਾਂ ਨੂੰ 'ਹੋਲਾਂ' ਵੀ ਕਿਹਾ ਜਾਂਦਾ ਹੈ। ਨੇਕੀ ਦੀ ਜਿੱਤ ਦੀ ਖ਼ੁਸ਼ੀ ਵਿਚ ਦੂਜੇ ਦਿਨ ਖ਼ੂਬ ਮੌਜ ਮੇਲਾ ਮਨਾਇਆ ਜਾਂਦਾ ਹੈ। ਸਮਾਜ ਵਿਗਿਆਨੀਆਂ ਅਨੁਸਾਰ ਇਸ ਮੌਜ ਮੇਲੇ ਦਾ ਰੂਪਾਂਤਰਣ ਹੋਲੀ ਦੇ ਰੂਪ ਵਿਚ ਹੋਇਆ ਪ੍ਰਤੀਤ ਹੁੰਦਾ ਹੈ।

ਫਲਗੁ (ਅਰਥਾਤ ਬਸੰਤ ਰੁਤ ਜਾਂ ਗੁਲਾਲ) ਨਾਲ ਸੰਬੰਧਿਤ ਹੋਣ ਕਾਰਣ ਇਸ ਨੂੰ 'ਫਾਗ' ਵੀ ਕਿਹਾ ਜਾਂਦਾ ਹੈ। ਸਮੁੱਚੇ ਤੌਰ ਤੇ ਮੌਸਮ ਦੀ ਬਦਲੀ ਨਾਲ ਪੈਦਾ ਹੋਈ ਖ਼ੁਸ਼ੀ ਨੂੰ ਪ੍ਰਗਟ ਕਰਨ ਵਾਲਾ, ਇਹ ਇਕ ਆਨੰਦਦਾਇਕ ਤਿਉਹਾਰ ਹੈ। ਬਸੰਤ ਰਾਗ ਵਿਚ ਗੁਰੂ ਅਰਜਨ ਦੇਵ ਨੇ ਪਰਮਾਤਮਾ ਨਾਲ ਹੋਏ ਮਹਾਮਿਲਨ ਦੀ ਦਸ਼ਾ ਨੂੰ ਫਾਗ ਜਾਂ ਹੋਲੀ ਦੀ ਮੰਗਲਮਈ ਅਵਸਥਾ ਦੁਆਰਾ ਰੂਪਾਇਤ ਕੀਤਾ ਹੈ—'ਆਜੁ ਹਮਾਰੈ ਬਨੇ ਫਾਗ। / ਪ੍ਰਭ ਸੰਗੀ ਮਿਲਿ ਖੇਲਨ ਲਾਗ।/ ਹੋਲੀ ਕੀਨੀ ਸੰਤ ਸੇਵ।/ ਰੰਗੁ ਲਾਗਾ ਅਤਿ ਲਾਲ ਦੇਵ' (ਅ. ਗ੍ਰੰ. 1180)।

ਹੰਸ, ਅਵਤਾਰ : ਵਿਸ਼ਣੂ ਦਾ ਇਕ ਅਵਤਾਰ ਜਿਸ ਦਾ ਉਪਾਖਿਆਨ 'ਭਾਗਵਤ-ਪੁਰਾਣ' (ਸਕੰਧ 11, ਅ. 13) ਵਿਚ ਦਰਜ ਹੈ। ਉੱਧਵ ਨਾਲ ਸੰਵਾਦ ਕਰਦਿਆਂ ਬੁੱਧੀ ਦੇ ਤਿੰਨ ਗੁਣਾਂ—ਸਤੋ, ਰਜੋ ਅਤੇ ਤਮੋ—ਦੀ ਸਹੀ ਸਥਿਤੀ ਸਮਝਾਂਦਿਆਂ ਸ੍ਰੀ ਕ੍ਰਿਸ਼ਣ ਨੇ ਦਸਿਆ ਕਿ ਇਕ ਵਾਰ ਬ੍ਰਹਮਾ ਤੋਂ ਉਸ ਦੇ ਪੁੱਤਰਾਂ (ਸਨਕਾਦਿਕ) ਨੇ ਪੁਛਿਆ ਕਿ ਤਿੰਨ ਗੁਣਾਂ ਦੇ ਪ੍ਰਭਾਵ ਤੋਂ ਮੁਕਤ ਹੋਣਾ ਕਿਵੇਂ ਸੰਭਵ ਹੁੰਦਾ ਹੈ? ਉਦੋਂ ਬ੍ਰਹਮਾ ਨੇ ਆਪਣੇ ਆਪ ਨੂੰ ਉੱਤਰ ਦੇ ਸਕਣ ਦੇ ਸਮਰਥ ਨਾ ਸਮਝਦੇ ਹੋਇਆਂ ਭਗਤੀ-ਭਾਵ ਨਾਲ ਵਿਸ਼ਣੂ ਅਥਵਾ ਕ੍ਰਿਸ਼ਣ ਦਾ ਧਿਆਨ ਕੀਤਾ ਅਤੇ ਕ੍ਰਿਸ਼ਣ ਨੇ ਹੰਸ-ਰੂਪ ਧਾਰ ਕੇ ਸਨਕਾਦਿਕਾਂ ਦੀਆਂ ਪੁੱਛਾਂ ਦਾ ਉੱਤਰ ਦਿੱਤਾ। ਇਸ ਤਰ੍ਹਾਂ ਇਹ 'ਹੰਸ-ਅਵਤਾਰ' ਵਜੋਂ ਪ੍ਰਸਿੱਧ ਹੋਇਆ। ਭਾਈ ਗੁਰਦਾਸ ਨੇ ਇਸ ਨੂੰ ਸਤਿਯੁਗ ਵਿਚ ਹੋਇਆ ਮੰਨਿਆ ਹੈ—'ਸਤਿਜੁਗਿ ਹੰਸੁ ਅਉਤਾਰੁ ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੋ' (1/5)।

ਕ

ਕਸ਼ਮੀਰ : ਭਾਰਤ ਦੇ ਉੱਤਰ ਵਿਚ ਰਮਣੀਕ ਪਹਾੜੀ ਖੇਤਰ ਜਿਸ ਨੂੰ ਧਰਤੀ ਉਤੇ ਜੰਨਤ ਜਾਂ ਸਵਰਗ ਹੋਣ ਦਾ ਗੌਰਵ ਪ੍ਰਾਪਤ ਹੈ। ਦੇਸ਼ ਦੀ ਵੰਡ ਤਕ ਇਹ ਰਿਆਸਤ ਰਾਜਾ ਹਰੀ ਸਿੰਘ ਡੋਗਰਾ ਦੇ ਅਧੀਨ ਸੀ, ਪਰ ਕਬਾਇਲੀਆਂ ਦੇ ਹਮਲੇ ਕਾਰਣ ਰਾਜਾ ਇਸ ਨੂੰ ਸੁਤੰਤਰ ਰੂਪ ਵਿਚ ਕਾਇਮ ਰਖਣੋਂ ਅਸਮਰਥ ਹੋ ਗਿਆ। ਜਦੋਂ ਪੰਜਾਹ ਹਜ਼ਾਰ ਵਰਗਮੀਲ ਤਕ ਦਾ ਇਲਾਕਾ ਹਮਲਾਵਰਾਂ ਨੇ ਕਬਜ਼ੇ ਵਿਚ ਲੈ ਲਿਆ ਤਾਂ

ਰਾਜੇ ਨੇ ਭਾਰਤ ਸਰਕਾਰ ਦੀ ਮੱਦਦ ਮੰਗੀ। ਭਾਰਤੀ ਫ਼ੌਜਾਂ ਨੇ ਕਬਾਇਲੀਆਂ ਦੀ ਪੇਸ਼ਕਦਮੀ ਰੋਕ ਦਿੱਤੀ ਅਤੇ ਬਾਦ ਵਿਚ ਹੋਈ ਲਾਮ-ਬੰਦੀ ਕਾਰਣ ਅਜੇ ਤਕ ਮਾਮਲਾ ਲਟਕ ਰਿਹਾ ਹੈ।

ਸੰਨ 1952 ਈ. ਵਿਚ ਕਸ਼ਮੀਰ ਰਿਆਸਤ ਦੀ ਸੁਤੰਤਰ ਰਾਜ-ਸੱਤਾ ਖ਼ਤਮ ਕਰ ਦਿੱਤੀ ਗਈ ਅਤੇ ਸੰਨ 1957 ਈ. ਵਿਚ ਇਸ ਨੂੰ ਭਾਰਤੀ ਸੰਵਿਧਾਨ ਅਧੀਨ ਲਿਆ ਕੇ ਇਸ ਰਿਆਸਤ ਦਾ ਨਾਂ ਜੰਮੂ ਅਤੇ ਕਸ਼ਮੀਰ ਰਖਿਆ ਗਿਆ ਅਤੇ ਇਸ ਨੂੰ ਹੋਰਨਾਂ ਪ੍ਰਾਂਤਾਂ ਨਾਲੋਂ ਵੱਖਰਾ ਦਰਜਾ ਦਿੱਤਾ ਗਿਆ।

ਕਸ਼ਮੀਰ ਨਾਂ ਦਾ ਸੰਬੰਧ ਕਸ਼੍ਯਪ ਨਾਲ ਜੋੜਿਆ ਜਾਂਦਾ ਹੈ। ਪੁਰਾਤਨ ਕਾਲ ਤੋਂ ਇਸ ਖੇਤਰ ਵਿਚ ਭਾਰਤੀ ਸੰਸਕ੍ਰਿਤੀ ਦਾ ਗੌਰਵ ਬਣਿਆ ਆ ਰਿਹਾ ਹੈ। ਸੰਨ 740 ਈ. ਤਕ ਇਥੇ ਕਨੌਜ ਦੇ ਰਾਜੇ ਯਸ਼ੋਵਰਧਨ ਦਾ ਰਾਜ ਸੀ ਜਿਸ ਨੇ ਮਾਰਤੰਡ ਦਾ ਸੂਰਜ-ਮੰਦਿਰ ਬਣਵਾਇਆ। ਕਾਲਾਂਤਰ ਵਿਚ ਯਸ਼ੋਵਰਧਨ ਨਾਲ ਭਿਆਨਕ ਯੁੱਧ ਕਰਕੇ ਲਲਿਤਾਦਿਤ੍ਯ ਨੇ ਕਸ਼ਮੀਰ ਨੂੰ ਜਿੱਤ ਲਿਆ। ਇਸ ਦੇ ਰਾਜ-ਕਾਲ ਵਿਚ ਕਸ਼ਮੀਰ ਵਿਚ ਬਹੁਤ ਵਿਕਾਸ ਹੋਇਆ। ਤੇਰ੍ਹਵੀਂ ਸਦੀ ਤੋਂ ਇਸ ਖੇਤਰ ਵਿਚ ਮੁਸਲਮਾਨਾਂ ਦਾ ਦਾਬਾ ਬਹੁਤ ਵੱਧ ਗਿਆ। ਅਕਬਰ ਬਾਦਸ਼ਾਹ ਨੇ ਸੰਨ 1587 ਈ. ਵਿਚ ਇਸ ਨੂੰ ਜਿੱਤ ਕੇ ਮੁਗ਼ਲ ਹਕੂਮਤ ਵਿਚ ਸ਼ਾਮਲ ਕਰ ਲਿਆ। ਜਹਾਂਗੀਰ ਇਸ ਦੀ ਸੁੰਦਰਤਾ ਅਤੇ ਰਮਣੀਕਤਾ ਉਤੇ ਮੋਹਿਤ ਸੀ। ਔਰੰਗਜ਼ੇਬ ਤਕ ਇਹ ਇਲਾਕਾ ਮੁਗ਼ਲ ਹਕੂਮਤ ਦੇ ਅਧੀਨ ਰਿਹਾ, ਪਰ ਬਾਦ ਵਿਚ ਕੇਂਦਰੀ ਸੱਤਾ ਦੇ ਕਮਜ਼ੋਰ ਹੋ ਜਾਣ ਨਾਲ ਇਥੇ ਅਧਿਕਤਰ ਗੜਬੜ ਹੀ ਰਹੀ। ਸੰਨ 1819 ਈ. ਵਿਚ ਇਸ ਉਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਕਬਜ਼ਾ ਕਰਕੇ ਲਾਹੌਰ ਦਰਬਾਰ ਦੇ ਅਧੀਨ ਕੀਤਾ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਇਸ ਤੱਥ ਵਲ ਸੰਕੇਤ ਕੀਤਾ ਹੈ—'ਮੁਲਤਾਨ ਕਸ਼ਮੀਰ ਪਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾ ਗਿਆ।'

ਅੰਗ੍ਰੇਜ਼ਾਂ ਨਾਲ ਹੋਈ ਲੜਾਈ ਵਿਚ ਜਦੋਂ ਸਿੱਖ ਫ਼ੌਜਾਂ ਹਾਰ ਗਈਆਂ ਤਾਂ ਰਾਜਾ ਗੁਲਾਬ ਸਿੰਘ ਨੇ, ਜੋ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਧਾਨ ਮੰਤ੍ਰੀ ਧਿਆਨ ਸਿੰਘ ਦਾ ਭਰਾ ਸੀ ਅਤੇ ਖ਼ੁਦ ਵੀ ਲਾਹੌਰ ਦਰਬਾਰ ਵਿਚ ਚੰਗੀ ਪਦਵੀ 'ਤੇ ਸੀ, ਅੰਗ੍ਰੇਜ਼ ਸਰਕਾਰ ਲਈ ਕੀਤੀ ਸੇਵਾ ਦੇ ਸ਼ੁਕਰਾਨੇ ਵਜੋਂ ਕੇਵਲ 75 ਲੱਖ ਰੁਪਏ ਬਦਲੇ ਕਸ਼ਮੀਰ ਨੂੰ ਖ਼ਰੀਦ ਲਿਆ। ਉਦੋਂ ਤੋਂ ਲੈ ਕੇ ਦੇਸ਼ ਦੀ ਵੰਡ ਤੋਂ ਕੁਝ ਬਾਦ ਤਕ ਇਸ ਉਤੇ ਡੋਗਰਾ ਪਰਿਵਾਰ ਦਾ ਅਧਿਕਾਰ ਰਿਹਾ। ਇਸ ਦਾ ਆਖ਼ਰੀ ਰਾਜਾ ਡਾ. ਕਰਨ ਸਿੰਘ ਸੀ। ਇਸ ਖੇਤਰ ਵਿਚ ਪੁਰਾਣੀ ਸੰਸਕ੍ਰਿਤੀ ਦੇ ਅਵਸ਼ੇਸ਼ ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਣ ਸਥਾਨ ਹਨ। ਸਿੱਖ ਇਤਿਹਾਸ ਨਾਲ ਸੰਬੰਧ ਰਖਣ ਵਾਲੇ ਕੁਝ ਗੁਰੂ-ਧਾਮ ਵੀ ਹਨ।

ਸ੍ਰੀਨਗਰ ਇਸ ਦੀ ਗਰਮੀਆਂ ਦੀ ਰਾਜਧਾਨੀ ਹੈ ਜੋ ਜੇਹਲਮ ਨਦੀ ਦੇ ਦੋਹਾਂ ਪਾਸੇ ਵਸਿਆ ਹੈ। ਇਥੇ ਦੁਨੀਆ ਦੇ ਦੂਰ-ਦੁਰਾਡੇ ਦੇਸ਼ਾਂ ਵਿਚੋਂ ਲੋਕ ਸੈਰ ਕਰਨ ਅਤੇ ਕੁਦਰਤੀ ਨਜ਼ਾਰੇ ਦੇਖਣ ਆਉਂਦੇ ਹਨ। ਲਕੜੀ ਅਤੇ ਉਨ ਤੋਂ ਬਣਾਈਆਂ ਜਾਣ

ਵਾਲੀਆਂ ਵਸਤੂਆਂ ਇਥੋਂ ਅਨੇਕ ਦੇਸ਼ਾਂ ਨੂੰ ਭੇਜੀਆਂ ਜਾਂਦੀਆਂ ਹਨ ।

ਕਸਪ/ਕਸ਼ੵਯਪ : ਇਕ ਰਿਸ਼ੀ ਜਿਸ ਦਾ ਨਾਂ ਸੱਤ ਵੈਦਿਕ ਰਿਸ਼ੀਆਂ ਵਿਚ ਵੀ ਗਿਣਿਆ ਜਾਂਦਾ ਹੈ। ਇਸ ਦੇ ਨਾਂ ਨਾਲ ਕਈ ਵੈਦਿਕ ਮੰਤ੍ਰ (ਰਿਚਾਵਾਂ) ਸੰਬੰਧਿਤ ਹਨ । 'ਰਿਗਵੇਦ' ਵਿਚ ਵੀ ਇਸ ਦੇ ਨਾਂ ਦਾ ਉੱਲੇਖ ਹੋਇਆ ਹੈ। ਇਸ ਦਾ ਸਰੂਪ ਜਾਂ ਵਿਅਕਤਿਤ੍ਵ ਬੜਾ ਰਹੱਸਪੂਰਣ ਹੈ। 'ਸ਼ਤਪਥ ਬ੍ਰਾਹਮਣ' ਵਿਚ ਇਸ ਨੂੰ ਪ੍ਰਜਾਪਤੀ ਮੰਨਿਆ ਗਿਆ ਹੈ। 'ਮਹਾਭਾਰਤ' ਵਿਚ ਲਿਖਿਆ ਮਿਲਦਾ ਹੈ ਕਿ ਬ੍ਰਹਮਾ ਦੇ ਛੇ ਮਾਨਸ ਪੁੱਤਰਾਂ ਵਿਚੋਂ ਮਰੀਚਿ, ਨੇ ਆਪਣੀ ਇੱਛਾ ਨਾਲ ਕਸ਼ੵਯਪ ਨਾਂ ਦਾ ਪ੍ਰਜਾਪਤੀ ਪੈਦਾ ਕੀਤਾ ।

ਕਸ਼ੵਯਪ ਦੇ ਘਰ ਅਦਿਤੀ ਦੀ ਕੁੱਖੋਂ ਵਿਵਸ੍ਵਤ ਪੈਦਾ ਹੋਇਆ ਜੋ ਮਨੁ ਦਾ ਪਿਤਾ ਸੀ ।

ਕਸ਼ੵਯਪ ਨੇ ਦਕ੍ਸ਼ ਪ੍ਰਜਾਪਤੀ ਦੀਆਂ 17 ਪੁੱਤਰੀਆਂ ਨਾਲ ਵਿਆਹ ਕੀਤਾ ਜਿਨ੍ਹਾਂ ਤੋਂ ਜੋ ਸੰਤਾਨ ਪੈਦਾ ਹੋਈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ—(1) ਅਦਿਤੀ ਤੋਂ ਆਦਿਤ੍ਯ (ਦੇਵਤੇ), (2) ਦਿਤੀ ਤੋਂ ਦੈਂਤ, (3) ਦਨੁ ਤੋਂ ਦਾਨਵ, (4) ਕਾਸ਼ਠਾ ਤੋਂ ਅਸ਼੍ਵ ਆਦਿ, (5) ਅਨਿਸ਼ਟਾ ਤੋਂ ਗੰਧਰਵ, (6) ਸੁਰਸਾ ਤੋਂ ਰਾਖਸ਼, (7) ਇਲਾ ਤੋਂ ਬ੍ਰਿਛ, (8) ਮੁਨਿ ਤੋਂ ਅਪੱਛਰਾਵਾਂ, (9) ਕ੍ਰੋਧਵਸ਼ਾ ਤੋਂ ਸੱਪ, (10) ਸੁਰਭਿ ਤੋਂ ਗਾਵਾਂ ਅਤੇ ਮੱਝਾਂ, (11) ਸਰਮਾ ਤੋਂ ਸ੍ਵਾਪਦ (ਖ਼ੂਨਖ਼ਾਰ ਜਾਨਵਰ), (12) ਤਾਮ੍ਰਾ ਤੋਂ ਸ਼੍ਯੇਨ-ਗਿਧ ਆਦਿ, (13) ਤਿਮਿ ਤੋਂ ਯਾਦੋਗਣ (ਜਲ ਜੰਤੂ), (14) ਵਿਨਤਾ ਤੋਂ ਗਰੁੜ ਅਤੇ ਅਰੁਣ, (15) ਕਦਰੂ ਤੋਂ ਨਾਗ, (16) ਪਤੰਗੀ ਤੋਂ ਪਤੰਗ, (17) ਯਾਮਿਨੀ ਤੋਂ ਸ਼ਲਭ। ਪਰ ਪੁਰਾਣਾਂ ਵਿਚ ਕਸ਼ੵਯਪ ਦੀਆਂ 13 ਇਸਤ੍ਰੀਆਂ ਮੰਨੀਆਂ ਗਈਆਂ ਹਨ। 'ਮਾਰਕੰਡੇਯ ਪੁਰਾਣ' (ਅ. 104) ਅਨੁਸਾਰ ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਦਿਤੀ, ਅਦਿਤੀ, ਦਨੁ, ਵਿਨਤਾ, ਖਸਾ, ਕਦ੍ਰੂ, ਮੁਨਿ, ਕ੍ਰੋਧਾ, ਰਿਸ਼ਟਾ, ਇਰਾ, ਤਾਮ੍ਰਾ, ਇਲਾ ਅਤੇ ਪ੍ਰਧਾ ।

ਸਪੱਸ਼ਟ ਹੈ ਕਿ ਕਸ਼ੵਯਪ ਸਾਰੀ ਸ੍ਰਿਸ਼ਟੀ ਦਾ ਰਚੈਤਾ ਹੈ। ਇਸੇ ਲਈ ਇਸ ਨੂੰ ਪ੍ਰਜਾਪਤੀ ਵੀ ਕਹਿੰਦੇ ਹਨ। 'ਕਸ਼ੵਯਪ' ਦਾ ਅਰਥ ਚੂੰਕਿ 'ਕਛੂਆ' ਹੈ, ਇਸ ਲਈ ਇਹ ਧਾਰਣਾ ਵੀ ਪ੍ਰਚਲਿਤ ਹੈ ਕਿ ਸਾਰੀ ਸ੍ਰਿਸ਼ਟੀ ਕਛੂਏ ਤੋਂ ਉਤਪੰਨ ਹੋਈ ਹੈ। ਇਸ ਤਰ੍ਹਾਂ ਕਛੂਆ ਹੀ ਕੂਰਮ-ਅਵਤਾਰ ਹੈ। ਕਸ਼ੵਯਪ ਦੁਆਰਾ ਅਦਿਤੀ ਦੀ ਕੁੱਖੋਂ ਵਾਮਨ ਅਵਤਾਰ ਪੈਦਾ ਹੋਣ ਦੇ ਉੱਲੇਖ ਵੀ ਮਿਲਦੇ ਹਨ ।

'ਵਰਾਹ ਪੁਰਾਣ' ਅਨੁਸਾਰ ਪਰਸ਼ੁਰਾਮ ਨੇ 21 ਵਾਰ ਧਰਤੀ ਛਤ੍ਰੀਆਂ ਤੋਂ ਖੋਹ ਕੇ ਕਸ਼ੵਯਪ ਨੂੰ ਦਾਨ ਵਜੋਂ ਦਿੱਤੀ ਸੀ। ਇਸ ਲਈ ਇਸ ਨੂੰ ਪਰਸ਼ੁਰਾਮ ਦਾ ਪੁਰੋਹਿਤ ਵੀ ਕਿਹਾ ਜਾਂਦਾ ਹੈ ।

'ਦਸਮ-ਗ੍ਰੰਥ' ਦੇ "ਬ੍ਰਹਮਾਵਤਾਰ" ਪ੍ਰਸੰਗ ਵਿਚ ਕਸ਼ੵਯਪ ਨੂੰ ਬ੍ਰਹਮਾ ਦਾ ਦੂਜਾ ਅਵਤਾਰ ਮੰਨਿਆ ਗਿਆ ਹੈ—'ਪੁਨ ਧਰਾ ਬ੍ਰਹਮਾ ਕੱਸਪ ਵਤਾਰ ।/ਸ੍ਰੁਤਿ ਕਰੋ ਪਾਠ ਤ੍ਰੀਅ ਬਰੀ ਚਾਰ ।/ਸੈਬਨੀ ਸ੍ਰਿਸਟਿ ਕੀਨੀ ਪ੍ਰਗਾਸ ।/ਉਪਜਾਇ ਦੇਵ ਦਾਨਵ ਸੁ ਬਾਸ ।'

ਕਸੂਰ : ਪਾਕਿਸਤਾਨ ਦਾ ਇਕ ਪ੍ਰਸਿੱਧ ਨਗਰ ਜੋ ਪਹਿਲਾਂ ਲਾਹੌਰ ਜ਼ਿਲੇ ਦੀ ਇਕ ਤਹਿਸੀਲ ਸੀ, ਪਰ ਸੰਨ 1976 ਈ. ਤੋਂ ਬਣੇ ਕਸੂਰ ਜ਼ਿਲੇ ਦਾ ਸਦਰ-ਮਕਾਮ ਬਣਾ ਦਿੱਤਾ ਗਿਆ ਹੈ ।

'ਬਚਿਤ੍ਰ-ਨਾਟਕ' ਵਿਚ ਲਿਖਿਆ ਹੈ ਕਿ ਸ੍ਰੀ ਰਾਮ ਚੰਦਰ ਦੇ ਦੋਹਾਂ ਪੁੱਤਰਾਂ—ਲਵ ਅਤੇ ਕੁਸ਼—ਨੇ ਆਪਣੇ ਆਪਣੇ ਨਾਂ ਤੇ ਦੋ ਨਗਰਾਂ—ਲਵਪੁਰ ਅਤੇ ਕੁਸਪੁਰ—ਦੀ ਸਥਾਪਨਾ ਕੀਤੀ ਸੀ, ਜਿਵੇਂ 'ਤਹੀ ਤਿਨੈ ਬਾਂਧੇ ਦੁਇ ਪੁਰਵਾ ।/ਏਕ ਕਸੂਰ ਦੁਤੀਯ ਲਹੁਰਵਾ ।' ਇਹ ਨਗਰ ਸੱਤਵੀਂ ਸਦੀ ਵਿਚ ਮੌਜੂਦ ਸੀ ਕਿਉਂਕਿ ਕਨਿੰਘਮ ਦੇ ਦਸੇ ਅਨੁਸਾਰ ਇਥੇ ਚੀਨੀ ਯਾਤ੍ਰੀ ਹਿਊਨਸਾਂਗ ਆਇਆ ਸੀ । ਪਰ ਇਸ ਦਾ ਸਹੀ ਵਿਕਾਸ ਇਬਰਾਹੀਮ ਲੋਧੀ ਅਤੇ ਬਾਬਰ ਦੇ ਰਾਜ-ਕਾਲ ਵਿਚ ਹੋਇਆ ਕਿਉਂਕਿ ਇਨ੍ਹਾਂ ਬਾਦਸ਼ਾਹਾਂ ਦੀ ਪ੍ਰੇਰਣਾ ਕਰਕੇ ਬਹੁਤ ਸਾਰੇ ਅਫ਼ਗਾਨ ਕੰਧਾਰ, ਕਾਬਲ, ਖ਼ੁਰਾਸਾਨ ਆਦਿ ਇਲਾਕਿਆਂ ਤੋਂ ਆ ਕੇ ਇਥੇ ਵਸੇ ਸਨ । ਇਨ੍ਹਾਂ ਅਫ਼ਗਾਨਾਂ ਵਿਚੋਂ ਬਹੁਤੇ ਮੁਗ਼ਲ ਸੈਨਾ ਵਿਚ ਉੱਚੀਆਂ ਪਦਵੀਆਂ ਉਤੇ ਕੰਮ ਕਰਦੇ ਸਨ । ਇਥੇ ਹਰ ਅਫ਼ਗ਼ਾਨ ਮੁਖੀਏ ਨੇ ਆਪਣੀ ਸੁਰੱਖਿਅਤ ਰਿਹਾਇਸ਼ ਲਈ ਵੱਖਰਾ ਵੱਖਰਾ ਕੋਟ ਬਣਵਾਇਆ ਹੋਇਆ ਸੀ । ਹੁਣ ਵੀ ਇਸ ਨਗਰ ਦੇ ਬਹੁਤ ਮਹੱਲੇ ਕੋਟਾਂ ਦੇ ਨਾਂ ਨਾਲ ਮਸ਼ਹੂਰ ਹਨ । ਸ਼ੁਰੂ ਤੋਂ ਹੀ ਇਹ ਨਗਰ ਪਠਾਣਾਂ ਦਾ ਗੜ੍ਹ ਰਿਹਾ ਹੈ ।

ਸੰਨ 1763 ਈ. ਵਿਚ ਭੰਗੀ ਮਿਸਲ ਨੇ ਕਸੂਰ ਉਤੇ ਹਮਲਾ ਕਰਕੇ ਇਥੋਂ ਦੇ ਹਾਕਮ ਉਸਮਾਨ ਨੂੰ ਕਤਲ ਕੀਤਾ, ਪਰ ਸੰਨ 1794 ਈ. ਵਿਚ ਇਹ ਨਗਰ ਫਿਰ ਪਠਾਣਾਂ ਦੇ ਕਬਜ਼ੇ ਵਿਚ ਹੋ ਗਿਆ । ਸੰਨ 1807 ਈ. ਵਿਚ ਅਕਾਲੀ ਫੂਲਾ ਸਿੰਘ ਦੀ ਸਹਾਇਤਾ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਇਸ ਨਗਰ ਤੇ ਹਮਲਾ ਕਰਕੇ ਇਥੋਂ ਦੇ ਹਾਕਮ ਕੁਤਬੁੱਦੀਨ ਨੂੰ ਮਾਰਿਆ ਅਤੇ ਇਸ ਨੂੰ ਸਥਾਈ ਤੌਰ ਤੇ ਸਿੱਖ ਰਾਜ ਵਿਚ ਸ਼ਾਮਲ ਕਰ ਲਿਆ ।

ਪੰਜਾਬ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਬੁਲ੍ਹੇਸ਼ਾਹ ਦਾ ਇਥੇ ਨਿਵਾਸ-ਸਥਾਨ ਰਿਹਾ ਹੈ । ਇਸ ਬਾਰੇ ਆਮ ਪ੍ਰਸਿੱਧ ਹੈ—'ਬੁਲ੍ਹੇ ਸ਼ਾਹ ਦਾ ਵਸਣੁ ਕਸੂਰ । ਉਥੇ ਲੰਮੀ ਲੰਮੀ ਖਜੂਰ ।' ਬੁਲ੍ਹੇ ਸ਼ਾਹ ਨੇ ਸਿੱਖ ਮਿਸਲਾਂ ਦੀ ਚੜ੍ਹਤ ਬਾਰੇ ਆਪਣੀਆਂ ਕਾਫ਼ੀਆਂ ਵਿਚ ਉੱਲੇਖ ਕੀਤਾ ਹੈ—'ਮੁਗ਼ਲਾਂ ਜ਼ਹਿਰ ਪਿਆਲੇ ਪੀਤੇ । ਭੂਰਿਆਂ ਵਾਲੇ ਰਾਜੇ ਕੀਤੇ ।'

ਕਦੇ ਇਥੋਂ ਦੀਆਂ ਬਣੀਆਂ ਜੁਤੀਆਂ ਦੂਰ ਦੂਰ ਤਕ ਜਾਂਦੀਆਂ ਸਨ । ਲੋਕ-ਕਾਵਿ ਵਿਚ ਇਨ੍ਹਾਂ ਜੁਤੀਆਂ ਦਾ ਉੱਲੇਖ ਮਿਲਦਾ ਹੈ । ਇਕ ਲੋਕਗੀਤ ਅਨੁਸਾਰ—'ਜੁੱਤੀ ਕਸੂਰੀ, ਪੈਰੀਂ ਨ ਪੂਰੀ/ਹਾਏ ਵੇ ਰੱਬਾ ਸਾਨੂੰ ਤੁਰਨਾ ਪਿਆ ।'

ਕਹਿਕਸ਼ਾਂ : ਵੇਖੋ 'ਆਕਾਸ਼-ਗੰਗਾ' ।

ਕੱਛ, ਅਵਤਾਰ : ਪੁਰਾਣ-ਸਾਹਿਤ ਵਿਚ ਇਸ ਨੂੰ ਵਿਸ਼ਣੂ ਦਾ ਅਵਤਾਰ ਮੰਨਿਆ ਜਾਂਦਾ ਹੈ । 'ਪਦਮ ਪੁਰਾਣ' (ਬ੍ਰਹਮ ਖੰਡ/8) ਅਨੁਸਾਰ ਇੰਦਰ ਨੂੰ ਦੁਰਬਾਸਾ ਨੇ ਸਰਾਪ ਦੇ ਕੇ ਉਸ ਦਾ ਐਸ਼ਵਰਜ ਨਸ਼ਟ ਕਰ ਦਿੱਤਾ । ਲੱਛਮੀ ਉਸ ਦਾ ਸਾਥ ਛਡ ਕੇ ਸਮੁੰਦਰ ਵਿਚ ਜਾ ਲੁਕੀ । ਲੱਛਮੀ ਨੂੰ ਫਿਰ ਤੋਂ ਪ੍ਰਾਪਤ ਕਰਨ ਲਈ ਵਿਸ਼ਣੂ ਦੇ

ਕਹੇ ਤੇ ਦੈਂਤਾਂ ਅਤੇ ਦੇਵਤਿਆਂ ਨੇ ਮਿਲ ਕੇ ਸਮੁੰਦਰ ਨੂੰ ਰਿੜਕਣਾ ਸ਼ੁਰੂ ਕੀਤਾ ਪਰ ਮੰਦ੍ਰਾਚਲ ਦੀ ਬਣੀ ਮਧਾਣੀ ਹੇਠਾਂ ਕਿਤੇ ਟਿਕ ਨਹੀਂ ਰਹੀ ਸੀ। ਉਸ ਨੂੰ ਸਥਿਰ ਕਰਨ ਲਈ ਵਿਸ਼ਣੂ ਨੇ ਕੱਛ (ਕਛੂਏ) ਦਾ ਰੂਪ ਧਾਰ ਕੇ ਆਪਣੀ ਪਿਠ ਉਤੇ ਮਧਾਣੀ ਨੂੰ ਧਾਰਣ ਕੀਤਾ। ਤਦ-ਉਪਰੰਤ ਲੱਛਮੀ ਸਮੇਤ ਚੌਦਾਂ ਰਤਨਾਂ ਦੀ ਪ੍ਰਾਪਤੀ ਹੋਈ।

'ਲਿੰਗ ਪੁਰਾਣ' (94) ਵਿਚ ਲਿਖਿਆ ਹੈ ਕਿ ਕੱਛ-ਅਵਤਾਰ ਦੀ ਪਿਠ ਦਾ ਘੇਰਾ ਇਕ ਲੱਖ ਯੋਜਨ ਸੀ। 'ਬਾਲਮੀਕੀ ਰਾਮਾਇਣ' (ਬਾਲ-ਕਾਂਡ/45), 'ਅਗਨੀ ਪੁਰਾਣ' (ਅਧਿ. 3), 'ਭਾਗਵਤ ਪੁਰਾਣ' (ਸਕੰਧ 8/5-7) ਆਦਿ ਵਿਚ ਵੀ ਇਸ ਅਵਤਾਰ ਦਾ ਆਖਿਆਨ ਦਰਜ ਹੈ, ਪਰ ਇਥੇ ਸਮੁੰਦਰ ਰਿੜਕਣ ਦਾ ਪ੍ਰਯੋਜਨ ਅੰਮ੍ਰਿਤ ਦੀ ਪ੍ਰਾਪਤੀ ਦਸਿਆ ਗਿਆ ਹੈ।

'ਭਾਗਵਤ ਪੁਰਾਣ' (ਸਕੰਧ 1/3/16) ਵਿਚ ਲਿਖੀ ਵਿਸ਼ਣੂ ਦੀ ਅਵਤਾਰ-ਸੂਚੀ ਵਿਚ ਕੱਛ ਦਾ ਸਥਾਨ-ਕ੍ਰਮ ਯਾਰ੍ਹਵਾਂ ਹੈ, ਪਰ ਜਿਥੇ ਵਿਸ਼ਣੂ ਦੇ ਕੇਵਲ ਦਸ ਅਵਤਾਰਾਂ ਦੀ ਸੂਚੀ ਦਿੱਤੀ ਹੁੰਦੀ ਹੈ, ਉਥੇ ਇਹ ਦੂਜੇ ਨੰਬਰ 'ਤੇ ਹੈ। 'ਦਸਮ-ਗ੍ਰੰਥ' ਵਿਚ ਵਰਣਿਤ 'ਚੌਬੀਸਾਵਤਾਰ'' ਪ੍ਰਸੰਗ ਵਿਚ ਇਸ ਦਾ ਚਿੱਤ੍ਰਣ ਦੂਜੇ ਨੰਬਰ ਉਤੇ ਹੋਇਆ ਹੈ। ਇਥੇ ਸਮੁੰਦਰ ਰਿੜਕਣ ਦਾ ਪ੍ਰਯੋਜਨ ਅੰਮ੍ਰਿਤ ਦੀ ਪ੍ਰਾਪਤੀ ਦੀ ਥਾਂ ਹਾਥੀਆਂ, ਘੋੜਿਆਂ, ਰਤਨਾਂ ਆਦਿ ਦੀ ਘਾਟ ਨੂੰ ਪੂਰਾ ਕਰਨਾ ਹੈ।

ਗੁਰਬਾਣੀ ਵਿਚ ਅਵਤਾਰਵਾਦ ਵਿਚ ਕਿਸੇ ਪ੍ਰਕਾਰ ਦਾ ਕੋਈ ਵਿਸ਼ਵਾਸ ਪ੍ਰਗਟ ਨਹੀਂ ਕੀਤਾ ਗਿਆ, ਸਗੋਂ ਇਹ ਦਸਿਆ ਗਿਆ ਹੈ ਕਿ ਮੱਛ ਜਾਂ ਕੱਛ ਅਵਤਾਰ ਉਸ ਨਿਰਾਕਾਰ ਪ੍ਰਭੂ ਦੀ ਲੀਲਾ ਜਾਂ ਖੇਡ ਹੈ। ਮਾਰੂ ਰਾਗ ਵਿਚ ਗੁਰੂ ਨਾਨਕ ਦੇਵ ਨੇ ਕਿਹਾ ਹੈ—'ਆਪੇ ਭਵਰੁ ਫੁਲੁ ਫਲੁ ਤਰਵਰੁ।/ਆਪੇ ਜਲੁ ਥਲੁ ਸਾਗਰੁ ਸਰਵਰੁ।/ ਆਪੇ ਮਛੁ ਕਛੁ ਕਰਣੀ ਕਰੁ ਤੇਰਾ ਰੂਪੁ ਨਾ ਲਖਣਾ ਜਾਈ ਹੇ' (ਅ. ਗ੍ਰੰ. 1020)।

ਕਜਲੀ-ਬਨ : 'ਕਜਲੀ' ਸ਼ਬਦ ਦੇ ਦੋ ਅਰਥ ਕੀਤੇ ਜਾਂਦੇ ਹਨ। ਇਕ ਅਨੁਸਾਰ ਕਜਲ ਵਾਂਗ ਕਾਲਾ, ਅਰਥਾਤ ਅਜਿਹਾ ਕਾਲਾ ਬਨ ਜਿਥੇ ਬ੍ਰਿਛ ਇਤਨੇ ਸੰਘਣੇ ਹੋਣ ਕਿ ਹਰ ਪਾਸੇ ਹਨੇਰਾ ਹੀ ਪਸਰਿਆ ਹੋਵੇ। ਦੂਜੇ ਅਨੁਸਾਰ ਜਿਸ ਜੰਗਲ ਵਿਚ ਕੇਲੇ ਦੇ ਪੇੜ ਬਹੁਤ ਅਧਿਕ ਹੋਣ। ਕੇਲੇ ਦੀ ਬਹੁਤਾਤ ਵਾਲਾ ਇਕ 'ਕਜਲੀਬਨ' ਅਸਾਮ ਪ੍ਰਾਂਤ ਵਿਚ ਦਸਿਆ ਜਾਂਦਾ ਹੈ ਅਤੇ ਸੰਘਣੇਪਨ ਵਜੋਂ ਰਿਸ਼ੀ-ਕੇਸ਼ ਦੇ ਨੇੜੇ ਦਾ ਜੰਗਲ 'ਕਜਲੀ-ਬਨ' ਅਖਵਾਉਂਦਾ ਹੈ। ਇਨ੍ਹਾਂ ਦੋਹਾਂ ਬਨਾਂ ਵਿਚ ਹਾਥੀ ਕਾਫ਼ੀ ਮਾਤ੍ਰਾ ਵਿਚ ਮਿਲਦੇ ਸਨ ਕਿਉਂਕਿ ਪ੍ਰਾਕ੍ਰਿਤਿਕ ਦ੍ਰਿਸ਼ਟੀ ਤੋਂ ਇਹ ਉਨ੍ਹਾਂ ਨੂੰ ਬਹੁਤ ਸੁਰੱਖਿਅਤ ਪ੍ਰਤੀਤ ਹੁੰਦੇ ਸਨ।

ਸੰਤ ਸਾਧਕਾਂ ਨੇ ਸ਼ਰੀਰ ਨੂੰ ਕਜਲੀ-ਬਨ ਕਹਿ ਕੇ ਮਨ ਨੂੰ ਉਸ ਵਿਚ ਮਸਤ ਹਾਥੀ ਵਾਂਗ ਵਿਚਰਦਾ ਦਸਿਆ ਹੈ। ਸੰਤ ਕਬੀਰ ਅਨੁਸਾਰ 'ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ।/ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ' (ਅ. ਗ੍ਰੰ. 1376)।

ਕਟਾਸ : ਹਿੰਦੂ ਧਰਮ ਦਾ ਇਕ ਪੁਰਾਤਨ ਤੀਰਥ ਜੋ ਦੇਸ਼ ਵੰਡ ਤੋਂ ਬਾਦ ਪਾਕਿਸਤਾਨ ਵਿਚ ਚਲਾ ਗਿਆ ਹੈ। ਇਹ ਜੇਹਲਮ ਜ਼ਿਲੇ ਦੇ ਨਗਰ ਅਤੇ ਪਿੰਡ ਦਾਦਨ ਖ਼ਾਨ ਦੇ ਨੇੜੇ ਸਥਿਤ ਹੈ। ਇਥੇ ਨਿਰਮਲ ਜਲ ਦਾ ਇਕ ਨਿਰੰਤਰ ਪ੍ਰਵਾਹ ਚਲਦਾ ਹੈ। ਇਸ ਜਲ ਨਾਲ ਬਣੇ ਇਥੇ ਦਸ ਸਰੋਵਰ ਹਨ। ਇਨ੍ਹਾਂ ਸਰੋਵਰਾਂ ਦੇ ਕੰਢੇ ਕਈ ਮੰਦਿਰ ਬਣੇ ਹੋਏ ਹਨ। ਇਸ ਨੂੰ ਆਦਰ ਨਾਲ 'ਕਟਾਸ-ਰਾਜ' ਵੀ ਕਿਹਾ ਜਾਂਦਾ ਹੈ।

ਪੌਰਾਣਿਕ ਆਖਿਆਨਾਂ ਵਿਚ ਇਸ ਤੀਰਥ ਬਾਰੇ ਕਈ ਪ੍ਰਸੰਗ ਮਿਲਦੇ ਹਨ। ਇਕ ਵਿਚਾਰ ਅਨੁਸਾਰ ਇਹ ਸ਼ਿਵ (ਜਾਂ ਧਰਤੀ) ਦੀ ਅੱਖ ਹੈ। ਉਸ ਦੀ ਦੂਜੀ ਅੱਖ ਪੁਸ਼ਕਰ (ਅਜਮੇਰ ਨੇੜੇ) ਹੈ। ਇਕ ਹੋਰ ਮਤ ਅਨੁਸਾਰ ਇਹ ਸ਼ਿਵ ਦੀ ਤੀਜੀ ਅੱਖ ਹੈ, ਬਾਕੀ ਦੀਆਂ ਦੋ ਅੱਖਾਂ ਥਾਨੇਸਰ ਅਤੇ ਕੁਰੁਕਸ਼ੇਤਰ ਹਨ। ਜਲ-ਪ੍ਰਵਾਹ ਦਾ ਸੰਬੰਧ ਵੀ ਸ਼ਿਵ ਨਾਲ ਜੋੜਿਆ ਜਾਂਦਾ ਹੈ। ਜਦੋਂ ਸ਼ਿਵ ਨੇ ਸਤੀ ਦੀ ਮ੍ਰਿਤੂ ਦੀ ਖ਼ਬਰ ਸੁਣੀ ਤਾਂ ਉਸ ਦੀਆਂ ਅੱਖਾਂ ਵਿਚ ਹੰਝੂਆਂ ਦੇ ਰੂਪ ਵਿਚ ਜਲ-ਧਾਰਾ ਵਹਿ ਨਿਕਲੀ। ਇਸ ਤਰ੍ਹਾਂ ਮੁੱਖ ਤੌਰ ਤੇ ਇਹ ਸ਼ਿਵ ਮਤ ਵਾਲਿਆਂ ਦਾ ਤੀਰਥ ਹੈ।

ਇਥੋਂ ਦੀ ਇਕ ਪਹਾੜੀ ਦਾ ਸੰਬੰਧ ਨਰਸਿੰਘ ਅਵਤਾਰ ਨਾਲ ਜੋੜਿਆ ਜਾਂਦਾ ਹੈ ਕਿ ਉਹ ਹਰਨਾਖਸ਼ ਨੂੰ ਮਾਰਨ ਤੋਂ ਪਹਿਲਾਂ ਇਥੇ ਬੈਠਿਆ ਸੀ। ਬਨਬਾਸ ਦੌਰਾਨ ਪਾਂਡਵ ਵੀ ਕੁਝ ਸਮਾਂ ਇਥੇ ਠਹਿਰੇ ਸਨ। 'ਦਸਮ-ਗ੍ਰੰਥ' ਦੇ "ਰੁਦ੍ਰਾਵਤਾਰ" ਪ੍ਰਸੰਗ ਵਿਚ ਰੁਦ੍ਰ ਦੇ ਜਿਨ੍ਹਾਂ ਦੋ ਅਵਤਾਰਾਂ (ਦੱਤਾਤ੍ਰੇਯ ਅਤੇ ਪਾਰਸ ਨਾਥ) ਦਾ ਬ੍ਰਿੱਤਾਂਤ ਦਿੱਤਾ ਗਿਆ ਹੈ, ਉਨ੍ਹਾਂ ਵਿਚ ਪਾਰਸਨਾਥ ਦਾ ਦੇਹਾਂਤ ਇਸ ਸਥਾਨ ਉਤੇ ਹੋਇਆ ਸੀ—'ਹੀਰ ਚੀਰ ਦੇ ਬਿਧਵਤ ਦਾਨਾ।/ਮੱਧਿ ਕਟਾਸ ਕਰਾ ਅਸਥਾਨਾ।/ਭਾਂਤ ਅਨਕ ਤਨ ਜ੍ਵਾਲ ਜਰਾਈ।/ ਜਰਤ ਨ ਭਈ ਜ੍ਵਾਲ ਸੀਅਰਾਈ।'

ਕਣਾਦ : ਇਕ ਰਿਸ਼ੀ ਜੋ ਵੈਸ਼ੇਸ਼ਿਕ ਦਰਸ਼ਨ ਦਾ ਮੋਢੀ ਸੀ। ਕਣਾਦ ਦਾ ਇਹ ਨਾਂ ਕਿਉਂ ਪਿਆ, ਇਸ ਬਾਰੇ ਦਸਿਆ ਜਾਂਦਾ ਹੈ ਕਿ ਇਹ ਆਪਣੇ ਲਈ ਖੇਤਾਂ ਵਿਚੋਂ ਚਾਵਲਾਂ ਦੇ ਕਣ ਚੁੱਕ ਕੇ ਗੁਜ਼ਾਰਾ ਕਰਦਾ ਸੀ। ਇਸ ਨੂੰ 'ਉਲੂਕ' (ਉਲੂ) ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਦਿਨ ਨੂੰ ਆਪਣੇ ਗ੍ਰੰਥ ਦੀ ਰਚਨਾ ਕਰਦਾ ਸੀ ਅਤੇ ਰਾਤ ਨੂੰ ਭਿਖ ਮੰਗਣ ਲਈ ਨਿਕਲਦਾ ਸੀ। ਇਕ ਦੰਦ-ਕਥਾ ਅਨੁਸਾਰ ਇਸ ਦੀ ਘੋਰ ਤਪੱਸਿਆ ਨੂੰ ਵੇਖ ਕੇ ਆਪ ਈਸ਼ਵਰ ਨੇ ਉਲੂ ਦੇ ਰੂਪ ਵਿਚ ਕਣਾਦ ਨੂੰ ਦਰਸ਼ਨ ਦਿੱਤੇ ਅਤੇ ਵੈਸ਼ੇਸ਼ਿਕ ਦਰਸ਼ਨ ਦਾ ਬੋਧ ਕਰਾਇਆ।

ਇਸ ਨੂੰ ਕਾਸ਼੍ਯਪ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਕਸ਼੍ਯਪ ਗੋਤ ਵਿਚੋਂ ਸੀ। 'ਕਿਰਣਾਵਲੀ' ਦੇ ਰਚੈਤਾ ਉਦਯਨਾਚਾਰਯ ਨੇ ਇਸ ਨੂੰ ਕਸ਼੍ਯਪ ਮੁਨੀ ਦਾ ਪੁੱਤਰ ਮੰਨਿਆ ਹੈ। ਇਸ ਦਾ ਸਮਾਂ ਬੁੱਧ ਤੋਂ 800 ਵਰ੍ਹੇ ਪਹਿਲਾਂ ਦਾ ਦਸਿਆ ਗਿਆ ਹੈ। 'ਵਾਯੂ ਪੁਰਾਣ' ਅਨੁਸਾਰ ਇਸ ਦਾ ਜਨਮ ਦਵਾਰਿਕਾ ਨੇੜੇ ਪ੍ਰਭਾਸ ਵਿਚ ਹੋਇਆ ਸੀ ਅਤੇ ਇਹ ਸੋਮ ਵਰਮਾ ਦਾ ਸ਼ਿਸ਼ ਸੀ।

ਇਸ ਦੇ ਦਰਸ਼ਨ ਦਾ ਨਾਂ 'ਵੈਸ਼ੇਸ਼ਿਕ' ਇਸ ਲਈ ਪਿਆ ਕਿਉਂਕਿ ਇਸ ਨੇ ਵਿਸ਼ੇਸ਼ ਨਾਂ ਦੇ ਪਦਾਰਥ ਨੂੰ ਸਵੀਕਾਰ ਕੀਤਾ ਹੈ। ਪਰ ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਦਾ

ਦਰਸ਼ਨ ਚੂੰਕਿ ਹੋਰਨਾਂ ਨਾਲੋਂ, ਅਤੇ ਖ਼ਾਸ ਕਰਕੇ ਸਾਂਖੑਯ ਨਾਲੋਂ, ਵਿਸ਼ੇਸ਼ ਰੂਪ ਵਿਚ ਤਰਕ ਅਨੁਸਾਰੀ ਹੈ ਇਸ ਲਈ ਉਸ ਦਾ ਨਾਂ ਵੈਸ਼ੇਸ਼ਿਕ ਪਿਆ। ਭਾਈ ਗੁਰਦਾਸ ਨੇ ਇਸ ਦੇ ਸਿੱਧਾਂਤ ਦੇ ਮੂਲ-ਬਿੰਦੂ ਵਲ ਇਸ ਪ੍ਰਕਾਰ ਸੰਕੇਤ ਕੀਤਾ ਹੈ—'ਜੈਸਾ ਕਰਿ ਤੈਸਾ ਲਹੈ ਲਿਖਿ ਕਣਾਦਿਕ ਭਾਖਿ ਸੁਣਾਵੈ' (1/13)।

ਕਤੇਬ : ਇਸ ਤੋਂ ਭਾਵ ਹੈ ਪੁਸਤਕ ਜਾਂ ਗ੍ਰੰਥ। ਪੰਜਾਬੀ ਵਿਚ ਇਹ ਸ਼ਬਦ ਕਿਤਾਬ ਦੇ ਬਹੁ-ਵਚਨ ਰੂਪ ਵਜੋਂ ਵਰਤਿਆ ਗਿਆ ਹੈ ਅਤੇ ਇਸ ਦੀ ਵਰਤੋਂ ਸਾਮੀ ਧਰਮਾਂ ਦੀਆਂ ਚਾਰ ਪੁਸਤਕਾਂ—ਤੌਰੇਤ, ਜ਼ਬੂਰ, ਇੰਜੀਲ ਅਤੇ ਕੁਰਾਨ—ਲਈ ਰੂੜ੍ਹ ਹੋ ਚੁੱਕੀ ਹੈ। ਇਨ੍ਹਾਂ ਨੂੰ ਇਲਹਾਮੀ ਕਿਤਾਬਾਂ ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਕ੍ਰਮਵਾਰ ਹਜ਼ਰਤ ਮੂਸਾ, ਹਜ਼ਰਤ ਦਾਊਦ, ਹਜ਼ਰਤ ਈਸਾ ਅਤੇ ਹਜ਼ਰਤ ਮੁਹੰਮਦ ਨੂੰ ਜਿਬਰਾਈਲ ਦੁਆਰਾ ਆਵੇਸ਼ਿਤ ਹੋਈਆਂ ਸਨ। 'ਤੌਰੇਤ' ਵਿਚ ਹਜ਼ਰਤ ਮੂਸਾ ਦੇ ਅਨੁਯਾਈਆਂ ਲਈ ਸਿੱਧਾਂਤਿਕ ਉਪਦੇਸ਼ ਹਨ। ਇਸ ਲਈ ਇਹ ਯਹੂਦੀਆਂ ਦਾ ਧਰਮ ਗ੍ਰੰਥ ਹੈ। 'ਜ਼ਬੂਰ' ਦਾ ਸੰਬੰਧ ਵੀ ਯਹੂਦੀਆਂ ਦੇ ਧਰਮ ਨਾਲ ਹੈ। 'ਇੰਜੀਲ' ਵਿਚ ਹਜ਼ਰਤ ਈਸਾ ਵਲੋਂ ਪ੍ਰਚਾਰਿਤ ਸਿੱਧਾਂਤਾਂ ਦਾ ਸੰਕਲਨ ਹੈ। ਅਤੇ, 'ਕੁਰਾਨ' ਦਾ ਸੰਬੰਧ ਇਸਲਾਮ ਨਾਲ ਹੈ।

ਹਿੰਦੂ ਧਰਮ ਦੇ ਚਾਰ ਵੇਦਾਂ ਦੇ ਸਮਾਨਾਂਤਰ ਇਨ੍ਹਾਂ ਚਾਰ ਧਰਮ ਗ੍ਰੰਥਾਂ ਦਾ ਸਾਮੀ ਧਰਮਾਂ ਵਾਲਿਆਂ ਲਈ ਵਿਸ਼ੇਸ਼ ਮਹੱਤਵ ਹੈ। ਭਗਤੀ ਕਾਵਿ ਵਿਚ ਇਨ੍ਹਾਂ ਧਰਮ ਗ੍ਰੰਥਾਂ ਦੇ ਨਿਰੇ ਪਾਠ ਨਾਲ ਆਤਮਿਕ ਸ਼ੁੱਧੀ ਦੀ ਪ੍ਰਾਪਤੀ ਸੰਭਵ ਨਹੀਂ ਦਸੀ ਗਈ ਅਤੇ ਨਾ ਹੀ ਇਨ੍ਹਾਂ ਨੂੰ ਝੂਠਾ ਮੰਨਿਆ ਗਿਆ ਹੈ ਕਿਉਂਕਿ ਇਨ੍ਹਾਂ ਦਾ ਪਠਨ-ਪਾਠਨ ਵਿਚਾਰ ਪੂਰਵਕ ਕੀਤਿਆਂ ਹੀ ਲਾਭ ਹੋ ਸਕਦਾ ਹੈ—'ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ-' (ਆ. ਗ੍ਰੰ. 1350)। ਗੁਰੂ ਅਰਜਨ ਦੇਵ ਨੇ ਪਰਮਾਤਮਾ ਨੂੰ ਵੇਦਾਂ ਕਤੇਬਾਂ ਦੀ ਸੀਮਾ ਤੋਂ ਪਰੇ ਮੰਨਿਆ ਹੈ—'ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ/ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ' (ਆ. ਗ੍ਰੰ. 397)।

ਕਦੂਰੀ : ਮੁਸਲਮਾਨਾਂ ਦੀ ਇਕ ਧਾਰਮਿਕ ਰਸਮ, ਜਿਸ ਵਿਚ ਹਜ਼ਰਤ ਮੁਹੰਮਦ ਦੀ ਪੁੱਤਰੀ ਬੀਬੀ ਫ਼ਾਤਿਮਾ ਦੇ ਨਾਂ ਤੇ ਭੋਜਨ ਕੀਤਾ ਜਾਂਦਾ ਹੈ। ਇਸ ਰਸਮ ਵੇਲੇ ਹਜ਼ਰਤ ਮੁਹੰਮਦ ਅਤੇ ਫ਼ਾਤਿਮਾ ਜ਼ੁਹਰਾ ਦੇ ਨਾਂ ਤੇ ਫ਼ਾਤਿਹਾ (ਸੂਰਾ ਫਾਤਿਹਾ ਅਤੇ ਕੁਝ ਆਇਤਾਂ) ਪੜ੍ਹਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਦੀਆਂ ਰੂਹਾਂ ਨੂੰ ਇਸ ਦਾ ਪੁੰਨ ਪ੍ਰਾਪਤ ਹੋਵੇ।

ਰਵਾਜ ਅਨੁਸਾਰ ਇਸ ਭੋਜਨ ਨੂੰ ਸੇਵਨ ਦਾ ਅਧਿਕਾਰ ਪਵਿੱਤਰ ਚਰਿੱਤ੍ਰ ਵਾਲੀਆਂ ਕੁਝ ਕੁ ਚੁਣੀਆਂ ਹੋਈਆਂ ਔਰਤਾਂ ਨੂੰ ਹੁੰਦਾ ਹੈ। ਇਹ ਭੋਜਨ ਮਰਦਾਂ ਦੀ ਨਜ਼ਰ ਤੋਂ ਬਚਾ ਕੇ ਰਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਨਜ਼ਰ ਪੈਣ ਨਾਲ ਇਸ ਦੀ ਪਵਿੱਤਰਤਾ ਖ਼ਤਮ ਹੋ ਜਾਂਦੀ ਹੈ। ਇਸ ਅਵਸਰ 'ਤੇ ਜੋ ਕਲਾਮ ਅਥਵਾ ਆਇਤਾਂ ਪੜ੍ਹੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਵੀ ਕਦੂਰੀ ਕਿਹਾ ਜਾਂਦਾ ਹੈ। ਅਲੀਹੈਦਰ ਨੇ ਇਸ ਵਲ ਸੰਕੇਤ ਕੀਤਾ ਹੈ—'ਕਦੂਰੀ ਤੇ ਕਨਜ਼ ਹਦਾਯਾ, ਮੈਂ ਪੜ੍ਹ ਪੜ੍ਹ ਕੇ ਹੰਭ ਕੁਝ ਰਹੀ'।

ਕਬੀਰ ਜੀ ਨੇ 'ਕਦੂਰੀ' ਦਾ ਭਾਵੀਕ੍ਰਿਤ ਰੂਪ ਪੇਸ਼ ਕਰਦਿਆਂ ਕਿਹਾ ਹੈ—'ਮਿਸਿਮਿਲਿ ਤਾਮੁਸੁ ਭਰਮੁ ਕਦੂਰੀ ।/ਭਾਖਿ ਲੇ ਪੰਚੇ ਹੋਇ ਸਾਬੂਰੀ' (ਅ. ਗ੍ਰੰ. 1158)।

ਕਪਾਲਮੋਚਨ, ਤੀਰਥ : 'ਕਪਾਲ' ਦਾ ਸ਼ਾਬਦਿਕ ਅਰਥ ਹੈ ਖੋਪਰੀ; ਸਿਰ, ਮੁੰਡ ਆਦਿ। ਮੋਚਨ ਦਾ ਅਰਥ ਹੈ ਮੁਕਤ ਕਰਨਾ, ਛੁੜਵਾਉਣਾ। ਇਸ ਤੋਂ ਭਾਵ ਹੈ ਉਹ ਤੀਰਥ ਜਿਥੇ ਮੁੰਡ ਨੂੰ ਛੁੜਵਾਇਆ ਜਾਂ ਵੱਖ ਕੀਤਾ ਗਿਆ ਹੋਵੇ। ਇਸ ਸੰਬੰਧ ਵਿਚ ਦੋ ਪੁਰਾਤਨ ਬ੍ਰਿੱਤਾਂਤ ਮਿਲਦੇ ਹਨ।

'ਪਦਮ-ਪੁਰਾਣ' ਦੇ ਇਕ ਆਖਿਆਨ ਅਨੁਸਾਰ ਬ੍ਰਹਮਾ ਦੇ ਅਭਿਮਾਨੀ ਹੋ ਜਾਣ ਕਾਰਣ ਸ਼ਿਵ ਨੇ, ਭੈਰਵ ਰੂਪ ਵਿਚ, ਉਸ ਦੇ ਸਿਰ ਨੂੰ ਖੱਬੇ ਹੱਥ ਦੀ ਉਂਗਲ ਦੇ ਨਾਖੁਨ ਨਾਲ ਕਟ ਦਿੱਤਾ। ਪਰ ਬ੍ਰਹਮਾ ਦਾ ਸਿਰ ਡਿਗਣ ਦੀ ਥਾਂ ਭੈਰਵ ਦੇ ਹੱਥ ਨਾਲ ਚਿਪਕ ਗਿਆ। ਅਨੇਕ ਯਤਨ ਕਰਨ ਦੇ ਬਾਵਜੂਦ ਸਿਰ ਹੱਥ ਨਾਲੋਂ ਵੱਖ ਨਾ ਹੋਇਆ। ਆਖਿਰ ਕਾਸ਼ੀ ਵਿਚ ਆ ਕੇ ਇਕ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸਿਰ ਹੱਥ ਨਾਲੋਂ ਵੱਖਰਾ ਹੋਇਆ। ਇਸ ਘਟਨਾ ਤੋਂ ਬਾਦ ਉਹ ਸਰੋਵਰ 'ਕਪਾਲਮੋਚਨ' ਦੇ ਨਾਂ ਨਾਲ ਪ੍ਰਸਿੱਧ ਹੋਇਆ।

'ਮਹਾਭਾਰਤ' ਦੀ ਇਕ ਕਥਾ ਅਨੁਸਾਰ ਸ੍ਰੀ ਰਾਮ ਦੁਆਰਾ ਵਢਿਆ ਇਕ ਦੈਂਤ ਦਾ ਸਿਰ ਮਹੋਦਰ ਰਿਸ਼ੀ ਦੀ ਟੰਗ ਨਾਲ ਚਿੰਮਟ ਗਿਆ। ਰਿਸ਼ੀ ਨੇ ਬਹੁਤ ਯਤਨ ਕੀਤੇ, ਪਰ ਉਹ ਸਿਰ ਟੰਗ ਨਾਲੋਂ ਨਾ ਲਥਾ। ਅੰਤ ਵਿਚ ਉਸ ਨੇ ਸਰਸਵਤੀ ਨਦੀ ਵਿਚ ਇਸ਼ਨਾਨ ਕੀਤਾ ਤਾਂ ਸਿਰ ਟੰਗ ਨਾਲੋਂ ਲੱਥਾ। ਉਹ ਥਾਂ ਜਗਾਧਰੀ ਕੋਲੋਂ ਲਗਭਗ 22 ਕਿ. ਮੀ. ਸਢੌਰੇ ਵਾਲੇ ਪਾਸੇ ਹੈ ਅਤੇ ਹੁਣ ਕਪਾਲਮੋਚਨ ਤੀਰਥ ਦੇ ਨਾਂ ਨਾਲ ਪ੍ਰਸਿੱਧ ਹੈ।

ਇਸ ਤੀਰਥ ਦਾ ਹਵਾਲਾ ਦਿੰਦਿਆਂ ਤ੍ਰਿਲੋਚਨ ਭਗਤ ਨੇ ਲਿਖਿਆ ਹੈ—'ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨਾ ਪਾਰੁ ਰੀ।/ਕਰਮ ਕਰਿ ਕਪਾਲੁ ਮਫੀਟਸਿ ਰੀ' (ਅ. ਗ੍ਰੰ. 695)।

ਕਬਿਲਾਸ : ਵੇਖੋ 'ਕੈਲਾਸ਼ ਪਰਬਤ'।

ਕਪਿਲ : 'ਸਾਂਖ੍ਯ ਸ਼ਾਸਤ੍ਰ' ਦੇ ਮੋਢੀ ਕਪਿਲ ਦਾ ਜਨਮ ਕਦ ਅਤੇ ਕਿਥੇ ਹੋਇਆ? ਇਸ ਸੰਬੰਧੀ ਇਤਿਹਾਸ ਚੁਪ ਹੈ। ਡਾ. ਰਾਜ ਬਲੀ ਪਾਂਡੇਯ ਨੇ ਇਸ ਦਾ ਜਨਮ ਗੁਜਰਾਤ ਪ੍ਰਾਂਤ ਦਾ ਸਿੱਧਪੁਰ ਕਸਬਾ ਮੰਨਿਆ ਹੈ। ਇਸ ਦੇ ਪਿਤਾ ਦਾ ਨਾਂ ਕਰਦਮ ਅਤੇ ਮਾਤਾ ਦਾ ਦੇਵਹੂਤਿ ਦਸਿਆ ਜਾਂਦਾ ਹੈ। ਕੁਝ ਵਿਦਵਾਨਾਂ ਨੇ ਤਾਂ ਇਸ ਨੂੰ ਇਤਿਹਾਸਿਕ ਵਿਅਕਤੀ ਮੰਨਣ ਤੋਂ ਵੀ ਸੰਕੋਚ ਕੀਤਾ ਹੈ। ਉਂਜ 'ਮਹਾਭਾਰਤ' ਅਤੇ ਪੁਰਾਣ-ਸਾਹਿੱਤ ਵਿਚ ਇਸ ਦਾ ਉੱਲੇਖ ਹੋਇਆ ਹੈ। ਰਾਜਾ ਸਗਰ ਦੇ ਸੱਠ ਹਜ਼ਾਰ ਪੁੱਤਰਾਂ ਨੂੰ ਇਸ ਨੇ ਆਪਣੀ ਪ੍ਰਤਾਪੀ ਦ੍ਰਿਸ਼ਟੀ ਨਾਲ ਭਸਮ ਕਰ ਦਿੱਤਾ ਸੀ। ਇਸ ਨੂੰ ਸਾਂਖ੍ਯ ਦੇ ਰਚੈਤਾ ਤੋਂ ਇਲਾਵਾ ਬ੍ਰਹਮਾ ਦਾ ਮਾਨਸ-ਪੁੱਤਰ ਅਤੇ ਅਗਨੀ ਦਾ ਅਵਤਾਰ ਵੀ ਮੰਨਿਆ ਗਿਆ ਹੈ।

'ਭਾਗਵਤ ਪੁਰਾਣ' (1/3/10) ਵਿਚ ਇਸ ਨੂੰ ਵਿਸ਼ਣੂ ਦਾ ਪੰਜਵਾਂ ਅਵਤਾਰ

ਲਿਖਿਆ ਹੈ। ਮਹਾਤਮਾ ਬੁੱਧ ਦੀ ਜਨਮ-ਭੂਮੀ ਕਪਿਲਵਸਤੂ ਨੂੰ ਇਸ ਦੇ ਨਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਇਸ ਦਾ ਤਪੱਸਿਆ ਖੇਤਰ ਗੰਗਾ-ਸਾਗਰ ਸੰਗਮ ਮੰਨਿਆ ਜਾਂਦਾ ਹੈ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਇਹ ਮਹਾਤਮਾ ਬੁੱਧ ਦਾ ਪੂਰਵ-ਵਰਤੀ ਸਿੱਧ ਹੁੰਦਾ ਹੈ।

'ਸ਼ਤਪਥ ਬ੍ਰਾਹਮਣ' ਦੇ ਰਚੈਤਾ ਅਤੇ ਆਪਣੇ ਸ਼ਿਸ਼ ਆਸੁਰਿ ਨੂੰ ਇਸ ਨੇ 'ਸਾਂਖ੍ਯ ਸੂਤ੍ਰ' ਦਾ ਪ੍ਰਵਚਨ ਕੀਤਾ ਸੀ। ਭਾਈ ਗੁਰਦਾਸ ਨੇ ਇਸ ਨੂੰ ਸਾਂਖ੍ਯ ਮਤ ਦਾ ਮੋਢੀ ਮੰਨਦੇ ਹੋਇਆ ਲਿਖਿਆ ਹੈ—'ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ' (1/12)। ਭੱਟਾਂ ਨੇ ਆਪਣੇ ਸਵੈਯਾਂ ਵਿਚ ਕਪਿਲ ਨੂੰ ਗੁਰੂ ਨਾਨਕ ਦੇਵ ਦੀ ਉਸਤਤ ਕਰਨ ਵਾਲਿਆਂ ਵਿਚ ਸ਼ਾਮਲ ਕੀਤਾ ਹੈ—'ਗਾਵਹਿ ਕਪਿਲਾਦਿ ਆਦਿ ਜੋਗੇਸੁਰ' (ਅ. ਗ੍ਰੰ. 1389)।

ਜੈਨਮਤ ਦੇ 'ਪਉਮ ਚਰਿਤਮੁ' ਗ੍ਰੰਥ ਵਿਚ ਕਪਿਲ ਦੀ ਕੁਟੀਆ ਵਿਚ ਸ੍ਰੀ ਰਾਮ, ਸੀਤਾ ਅਤੇ ਲੱਛਮਣ ਦੇ ਜਾਣ ਦਾ ਉੱਲੇਖ ਹੈ ਅਤੇ ਇਕ ਸਮੀਪਵਰਤੀ ਜੈਨ ਮੰਦਿਰ ਦੇ ਸ਼੍ਰਮਣਾਂ ਨੂੰ ਦਾਨ ਦੇਣ ਦੀ ਗੱਲ ਵੀ ਕਹੀ ਗਈ ਹੈ। 'ਹਰਿਵੰਸ਼ ਪੁਰਾਣ' ਵਿਚ ਵੀ ਇਕ ਕਪਿਲ ਦਾ ਉੱਲੇਖ ਹੈ ਜਿਸ ਦੇ ਪਿਤਾ ਦਾ ਨਾਂ ਵਿਤਥ ਹੈ। ਪਰੰਤੂ ਇਹ ਦੋਵੇਂ ਵਿਅਕਤੀ ਸਾਂਖ੍ਯ ਸ਼ਾਸਤ੍ਰ ਦੇ ਰਚੈਤਾ ਤੋਂ ਭਿੰਨ ਪ੍ਰਤੀਤ ਹੁੰਦੇ ਹਨ।

ਕਬੀਰ, ਸੰਤ : ਉੱਤਰੀ ਭਾਰਤ ਵਿਚ ਭਗਤੀ-ਲਹਿਰ ਨੂੰ ਚਲਾਉਣ ਅਤੇ ਨਿਰਗੁਣ-ਵਾਦੀ ਭਗਤੀ ਭਾਵਨਾ ਦਾ ਵਿਸਤਾਰ ਕਰਨ ਵਾਲੇ ਸੰਤ ਕਬੀਰ ਦਾ ਜਨਮ ਸੰਨ 1398 ਈ. (ਜੇਠ ਸੁਦੀ 15, 1455 ਬਿ.) ਵਿਚ ਹੋਇਆ। ਰਵਾਇਤ ਅਨੁਸਾਰ ਕਿਸੇ ਵਿਧਵਾ ਬ੍ਰਾਹਮਣੀ ਨੇ ਇਨ੍ਹਾਂ ਨੂੰ ਜਨਮ ਦੇ ਕੇ ਸਮਾਜ ਦੀ ਕਰੋਪੀ ਤੋਂ ਬਚਣ ਲਈ ਬਨਾਰਸ ਦੇ ਨੇੜੇ ਲਹਿਰ ਤਾਲਬ ਦੇ ਕੰਢੇ ਛੱਡ ਦਿੱਤਾ ਜਿਥੋਂ ਨੀਰੂ (ਨਾਮਾਂਤਰ ਅਲੀ) ਨਾਂ ਦੇ ਨਿਰਸੰਤਾਨ ਮੁਸਲਮਾਨ ਜੁਲਾਹੇ ਨੇ ਨਵ-ਜਨਮੇ ਬੱਚੇ ਨੂੰ ਘਰ ਚੁੱਕ ਲਿਆਉਂਦਾ ਅਤੇ ਉਸ ਦੀ ਪਤਨੀ ਨੀਮਾ ਨੇ ਪੁੱਤਰ ਵਾਂਗ ਪਾਲਿਆ ਅਤੇ ਵੱਡਾ ਹੋਣ ਤੇ 'ਕਬੀਰ' ਨਾਂ ਰਖਿਆ। ਇਸ ਤਰ੍ਹਾਂ ਬ੍ਰਾਹਮਣ ਘਰ ਵਿਚ ਜਨਮ ਲੈ ਕੇ ਕਬੀਰ ਦਾ ਪਾਲਣ ਪੋਸਣ ਇਸਲਾਮਿਕ ਪਿਛੋਕੜ ਵਿਚ ਹੋਇਆ। ਪਰ ਹਿੰਦੂ ਅਥਵਾ ਬ੍ਰਾਹਮਣੀ ਸੰਸਕਾਰਾਂ ਕਰ ਕੇ ਇਨ੍ਹਾਂ ਦੀ ਬਾਣੀ ਵਿਚ ਭਾਰਤੀ ਸੰਸਕ੍ਰਿਤੀ ਦਾ ਵਿਸਤ੍ਰਿਤ ਚਿੱਤ੍ਰਣ ਹੋਇਆ ਹੈ।

ਕਬੀਰ ਦਾ ਵਿਆਹ 'ਲੋਈ' ਨਾਂ ਦੀ ਇਸਤਰੀ ਨਾਲ ਹੋਇਆ ਜਿਸ ਨੇ ਕਮਾਲ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ। ਕੁਝ ਵਿਦਵਾਨਾਂ ਨੇ 'ਕਮਾਲੀ' ਨਾਂ ਦੀ ਇਕ ਲੜਕੀ ਵੀ ਹੋਈ ਮੰਨੀ ਹੈ।

ਸੰਤ ਕਬੀਰ ਦੇ ਸਮੇਂ ਇਤਿਹਾਸਿਕ ਪਰਿਸਥਿਤੀਆਂ ਬੜੀਆਂ ਅਸਥਿਰ ਸਨ। ਕਿਸੇ ਸਮੇਂ ਵੀ ਕੋਈ ਰਾਜ-ਪਰਿਵਰਤਨ ਹੋ ਸਕਦਾ ਸੀ। ਅਜਿਹੀ ਅਸਥਿਰ ਹਾਲਤ ਵਿਚ ਸੰਤ ਕਬੀਰ ਨੇ ਰਾਮਾਨੰਦ ਤੋਂ ਰਾਮ-ਨਾਮ ਦਾ ਉਪਦੇਸ਼ ਲੈ ਕੇ, ਹਿੰਦੂਆਂ-ਮੁਸਲਮਾਨਾਂ ਦੀਆਂ ਸਥਾਪਿਤ ਅਤੇ ਰੂੜ੍ਹ ਪ੍ਰਥਾਵਾਂ ਦਾ ਤਿਆਗ ਕੀਤਾ ਅਤੇ ਸਰਵ-ਸਾਂਝੇ ਤੇ ਸਰਵ-ਵਿਆਪਕ ਨਿਰਗੁਣ ਬ੍ਰਹਮ ਦਾ ਪ੍ਰਚਾਰ ਕੀਤਾ। ਪੜ੍ਹੇ ਲਿਖੇ ਨਾ ਹੋਣ ਦੇ ਬਾਵਜੂਦ ਆਪ

ਬਹੁਤ ਗਿਆਨਵਾਨ ਅਤੇ ਅਨੁਭਵੀ ਪੁਰਸ਼ ਸਨ। ਇਨ੍ਹਾਂ ਦੀ ਗਿਆਨ-ਪ੍ਰਾਪਤੀ ਦਾ ਮੂਲ ਸਰੋਤ ਸਤਿਸੰਗਤ ਸੀ। ਅਦ੍ਵੈਤਵਾਦ ਵਿਚ ਵਿਸ਼ਵਾਸ ਰਖਦਿਆਂ ਹੋਇਆਂ ਇਨ੍ਹਾਂ ਨੇ ਬ੍ਰਹਮ ਤੋਂ ਭਿੰਨ ਹੋਰ ਕਿਸੇ ਨੂੰ ਪਰਮ-ਸੱਤਾ ਨਹੀਂ ਮੰਨਿਆ। ਸਾਰਾ ਦ੍ਰਿਸ਼ਟਮਾਨ ਜਗਤ ਕੇਵਲ ਮਾਯਾ ਦਾ ਪ੍ਰਪੰਚ ਹੈ, ਇਸ ਲਈ ਮਿਥਿਆ ਹੈ। ਇਹ ਸ਼ੈਤਾਨ ਵਾਂਗ ਮਨੁੱਖ ਨੂੰ ਆਪਣੇ ਅਸਲੀ ਮਾਰਗ ਤੋਂ ਹਟਾ ਕੇ ਪਥ-ਭ੍ਰਸ਼ਟ ਕਰਦੀ ਹੈ। ਮੂਰਤੀ ਅਤੇ ਅਵਤਾਰ ਨੂੰ ਭਗਤੀ ਲਈ ਉਚਿਤ ਇਸ਼ਟਦੇਵ ਨਾ ਮੰਨ ਕੇ ਇਨ੍ਹਾਂ ਨੇ ਸਰਵ-ਵਿਆਪੀ ਨਿਰਾਕਾਰ ਦੀ ਉਪਾਸਨਾ ਕੀਤੀ। ਕਰਮ-ਕਾਂਡਾਂ ਦਾ ਵਿਰੋਧ, ਵਰਣਾਸ਼੍ਰਮ-ਪ੍ਰਥਾ ਦਾ ਖੰਡਨ ਅਤੇ ਪਾਖੰਡਾਂ ਦਾ ਤਿਆਗ ਇਨ੍ਹਾਂ ਦੀ ਬਾਣੀ ਦੀਆਂ ਕੁਝ ਵਿਸ਼ੇਸ਼ ਸਮਾਜਿਕ ਕੀਮਤਾਂ ਹਨ। ਇਨ੍ਹਾਂ ਨੇ ਅਧਿਕਤਰ ਆਪਣਾ ਨਿਵਾਸ ਬਨਾਰਸ ਵਿਚ ਹੀ ਰਖਿਆ, ਪਰ ਧਰਮ-ਪ੍ਰਚਾਰ ਲਈ ਕਈ ਵਾਰ ਯਾਤ੍ਰਾਵਾਂ ਤੇ ਵੀ ਗਏ। ਇਨ੍ਹਾਂ ਦੀਆਂ ਸੱਚੀਆਂ ਅਤੇ ਸਪੱਸ਼ਟ ਸਥਾਪਨਾਵਾਂ ਤੋਂ ਉਦੋਂ ਦੇ ਧਰਮ ਆਗੂ ਬਹੁਤ ਪ੍ਰਭਾਵਿਤ ਹੋਏ। ਬਨਾਰਸ ਦੇ ਵਿਦਵਾਨ ਇਨ੍ਹਾਂ ਨਾਲ ਸ਼ਾਸਤ੍ਰਾਰਥ ਕਰਨੋਂ ਘਬਰਾਉਂਦੇ ਸਨ। ਪਰਵਰਤੀ ਨਿਰਗੁਣਵਾਦੀ ਸੰਤਾਂ ਤੇ ਇਨ੍ਹਾਂ ਦੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਪਿਆ। ਇਨ੍ਹਾਂ ਦੀ ਸ਼ਿਸ਼-ਪਰੰਪਰਾ ਵਿਚ ਦਾਦੂ ਦਿਆਲ, ਸੁੰਦਰ ਦਾਸ, ਗਰੀਬਦਾਸ, ਚਰਨਦਾਸ ਆਦਿ ਦੇ ਨਾਂ ਸ਼ਾਮਲ ਕੀਤੇ ਜਾਂਦੇ ਹਨ।

ਕਹਿੰਦੇ ਹਨ ਸਿਕੰਦਰ ਲੋਦੀ ਹਿੰਦੂਆਂ ਨੂੰ ਕਾਫ਼ਰ ਸਮਝ ਕੇ ਉਨ੍ਹਾਂ ਉਤੇ ਬਹੁਤ ਜ਼ੁਲਮ ਕਰਦਾ ਹੁੰਦਾ ਸੀ। ਧਰਮ-ਪਰਿਵਰਤਨ ਤੋਂ ਇਲਾਵਾ ਉਹ ਹਿੰਦੂ ਧਰਮ-ਧਾਮਾਂ ਨੂੰ ਢਵਾ ਕੇ ਮਸੀਤਾਂ ਦੀ ਉਸਾਰੀ ਕਰਵਾਉਂਦਾ ਸੀ। ਉਸ ਨੇ ਸੰਨ 1490 ਈ. (ਸੰ. 1547 ਬਿ.) ਵਿਚ ਬਨਾਰਸ ਉਤੇ ਹਮਲਾ ਕੀਤਾ ਅਤੇ ਕਬੀਰ ਦੁਆਰਾ ਹਿੰਦੂ ਰੰਗ ਵਾਲਾ ਕਲਾਮ ਰਚਣ ਕਾਰਣ ਬਹੁਤ ਦੁੱਖ ਦਿੱਤਾ। ਕਬੀਰ ਸਾਹਿਬ ਨੇ ਇਸ ਘਟਨਾ ਵਲ ਸੰਕੇਤ ਕਰਦਿਆਂ ਲਿਖਿਆ ਹੈ ਕਿ ਕਿਵੇਂ ਆਪ ਨੂੰ ਹਾਥੀ ਅਗੇ ਸੁਟਿਆ ਗਿਆ ਅਤੇ ਕਿਵੇਂ ਪਰਮਾਤਮਾ ਦੀ ਕ੍ਰਿਪਾ ਦੁਆਰਾ ਹਾਥੀ ਛਡ ਕੇ ਭਜ ਗਿਆ—'ਭੁਜਾ ਬਾਂਧਿ ਭਿਲਾ ਕਰਿ ਡਾਰਿਓ।/ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ।/ ਹਸਤਿ ਭਾਗਿ ਕੈ ਚੀਸਾ ਮਾਰੈ।/ ਇਆ ਮੂਰਤਿ ਕੈ ਹਉ ਬਲਿਹਾਰੈ' (ਆ. ਗ੍ਰੰ. 870)। ਇਸ ਘਟਨਾ ਨੂੰ ਵੇਖ ਕੇ ਬਾਦਸ਼ਾਹ ਪਸੀਜ ਗਿਆ ਅਤੇ ਉਸ ਨੇ ਆਪ ਨੂੰ ਮੁਕਤ ਕਰ ਦਿੱਤਾ।

ਇਸ ਮਾਨਤਾ ਦਾ, ਕਿ ਜੋ ਬਨਾਰਸ ਵਿਚ ਮਰੇਗਾ ਉਸ ਨੂੰ ਪਰਮਗਤਿ ਪ੍ਰਾਪਤ ਹੋਵੇਗੀ ਅਤੇ ਜੋ ਮਗਹਰ ਵਿਚ ਮਰੇਗਾ ਉਸ ਨੂੰ ਖੋਤੇ ਦੀ ਜੂਨ ਮਿਲੇਗੀ, ਖੰਡਨ ਕਰਨ ਲਈ ਆਪ ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਗੋਰਖਪੁਰ ਨਗਰ ਤੋਂ ਪੱਛਮ ਵੱਲ ਲਗਭਗ 24 ਕਿ. ਮੀ. ਦੀ ਵਿੱਥ ਤੇ ਆਬਾਦ ਮਗਹਰ (ਵੇਖੋ) ਕਸਬੇ ਵਿਚ ਚਲੇ ਗਏ ਜਿਥੇ ਇਕ ਮਤ ਅਨੁਸਾਰ 120 ਸਾਲ ਦੀ ਆਯੂ ਭੋਗ ਕੇ ਸੰਨ 1518 ਈ. (1575 ਬਿ.) ਵਿਚ ਆਪ ਦਾ ਦੇਹਾਂਤ ਹੋਇਆ ਅਤੇ ਦੂਜੇ ਮਤ ਅਨੁਸਾਰ ਆਪ ਦਾ ਦੇਹਾਂਤ 96 ਸਾਲ ਦੀ ਉਮਰ ਵਿਚ ਸੰਨ 1495 ਈ. (1552 ਬਿ.) ਵਿਚ ਹੋਇਆ।

ਇਨ੍ਹਾਂ ਨੇ ਉਸ ਸਮੇਂ ਦੇ ਸਾਧਾਂ ਦੁਆਰਾ ਵਰਤੀ ਜਾਂਦੀ ਪੁਰਾਣੀ ਹਿੰਦੀ ਵਿਚ

ਆਪਣੀ ਬਾਣੀ ਦੀ ਰਚਨਾ ਕੀਤੀ। ਉੱਜ ਤਾਂ ਇਨ੍ਹਾਂ ਦੇ ਬਾਣੀ ਦੇ ਕਈ ਸੰਗ੍ਰਹਿ ਮਿਲ ਜਾਂਦੇ ਹਨ, ਪਰ ਅਧਿਕ ਪ੍ਰਮਾਣਿਕ ਉਹੀ ਬਾਣੀ ਸਮਝੀ ਜਾਂਦੀ ਹੈ ਜਿਸ ਦਾ ਸੰਕਲਨ ਗੁਰੂ ਗ੍ਰੰਥ ਸਾਹਿਬ ਵਿਚ ਹੋਇਆ ਹੈ ਅਤੇ ਜਿਸ ਦੇ ਸ਼ਬਦਾਂ, ਪਉੜੀਆਂ ਅਤੇ ਸ਼ਲੋਕਾਂ ਦੀ ਕੁਲ ਗਿਣਤੀ 532 ਹੈ। ਆਪ ਦੀ ਬਾਣੀ ਦਾ ਇਕ ਸੰਗ੍ਰਹਿ ਧਰਮਦਾਸ ਨੇ ਵੀ ਤਿਆਰ ਕੀਤਾ ਜਿਸ ਨੂੰ 'ਕਬੀਰ ਬੀਜਕ' ਕਹਿੰਦੇ ਹਨ। ਆਪ ਬਾਰੇ ਪਰਵਰਤੀ ਕਵੀਆਂ ਨੇ ਕਈ ਹਵਾਲੇ ਦਿੱਤੇ ਹਨ। ਭਗਤ ਪੀਪਾ ਜੀ ਅਨੁਸਾਰ—'ਜੇ ਕਲਿ ਮਾਂਝ ਕਬੀਰ ਨਾ ਹੋਤੇ'—ਤਾਂ ਵੇਦ ਰਸਾਤਲ ਵਿਚ ਗ਼ਰਕ ਹੋ ਜਾਂਦੇ।

ਕਮਲ-ਨਾਭਿ : ਬ੍ਰਹਮਾ ਦਾ ਨਾਮਾਂਤਰ। ਵੇਖੋ 'ਬ੍ਰਹਮਾ'।

ਕਮਲਾ : ਲਕ੍ਸ਼ਮੀ ਦਾ ਨਾਮਾਂਤਰ। ਵੇਖੋ 'ਲਕਸ਼ਮੀ'।

ਕਰਣ : 'ਮਹਾਭਾਰਤ' ਵਿਚ ਵਰਣਿਤ ਇਕ ਪ੍ਰਸਿੱਧ ਯੋਧਾ ਜਿਸ ਦਾ ਜਨਮ ਸੂਰਜ ਦੇ ਸੰਯੋਗ ਨਾਲ ਕੁੰਤੀ (ਪ੍ਰਿਥਾ) ਦੀ ਕੁੱਖ ਤੋਂ ਹੋਇਆ ਸੀ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਕੁੰਤੀ ਦੀ ਅਤਿ ਅਧਿਕ ਸੇਵਾ ਤੋਂ ਪ੍ਰਸੰਨ ਹੋਏ ਦੁਰਬਾਸਾ ਨੇ ਉਸ ਨੂੰ ਵਰ ਦਿੱਤਾ ਕਿ ਉਹ ਜਿਸ ਦੇਵਤਾ ਤੋਂ ਚਾਹੇ, ਪੁੱਤਰ ਪੈਦਾ ਕਰ ਸਕਦੀ ਹੈ। ਕੁੰਤੀ ਨੇ ਸੂਰਜ ਦੀ ਆਰਾਧਨਾ ਕੀਤੀ ਅਤੇ ਕਵਚ-ਕੁੰਡਲਧਾਰੀ ਪੁੱਤਰ ਦੀ ਪ੍ਰਾਪਤੀ ਕੀਤੀ। ਪਰ ਬਦਨਾਮੀ ਤੋਂ ਡਰਦਿਆਂ ਉਸ ਨੇ ਬੱਚੇ ਨੂੰ ਨਦੀ ਵਿਚ ਛੱਡ ਦਿੱਤਾ। ਰੁੜ੍ਹਦਾ ਬੱਚਾ ਅਧਿਰਥ ਸੂਤ ਦੇ ਹੱਥ ਲਗਾ ਜਿਸ ਨੇ ਪਾਲਣਾ ਲਈ ਆਪਣੀ ਪਤਨੀ ਰਾਧਾ ਦੇ ਹਵਾਲੇ ਕਰ ਦਿੱਤਾ। ਰਾਧਾ ਦੁਆਰਾ ਪਾਲੇ ਜਾਣ ਕਰਕੇ ਇਸ ਨੂੰ 'ਰਾਧੇਯ' ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਹ ਪਾਂਡਵਾਂ ਦਾ ਮਤਰੇਇਆ ਅਤੇ ਵੱਡਾ ਭਰਾ ਸੀ। ਪਾਲਕ ਮਾਪਿਆਂ ਨੇ ਇਸ ਦਾ ਨਾਂ ਵਸੁਸ਼ੇਣ ਰਖਿਆ। ਸੂਰਜ ਦਾ ਪੁੱਤਰ ਹੋਣ ਕਾਰਣ ਇਹ 'ਵੈਕਰਤਨ' ਨਾਂ ਨਾਲ ਪ੍ਰਸਿੱਧ ਹੋਇਆ। ਬਹੁਤ ਦਾਨ-ਸ਼ੀਲ ਹੋਣ ਕਾਰਣ ਇਸ ਤੋਂ ਇੰਦਰ ਨੇ ਬ੍ਰਾਹਮਣ ਭੇਸ ਵਿਚ ਦੈਵੀ ਕਵਚ ਪ੍ਰਾਪਤ ਕਰ ਲਿਆ ਪਰ ਬਦਲੇ ਵਿਚ ਇਸ ਨੂੰ ਇੰਦਰ ਦੇਵਤਾ ਨੇ ਇਕ ਵਿਸ਼ੇਸ਼ ਅਮੋਘ ਸ਼ਕਤੀ ਦਿੱਤੀ।

ਇਸ ਨੇ ਚਾਹਿਆ ਕਿ ਬ੍ਰਹਮ-ਅਸਤ੍ਰ ਦੀ ਸਿਖਿਆ ਦ੍ਰੋਣਾਚਾਰਯ ਤੋਂ ਪ੍ਰਾਪਤ ਕਰੇ ਪਰ ਦ੍ਰੋਣਾਚਾਰਯ ਦੇ ਨਾਂਹ ਕਰਨ ਤੇ ਇਸ ਨੇ ਬ੍ਰਾਹਮਣ ਦਾ ਭੇਸ ਧਾਰ ਕੇ ਪਰਸ਼ੁਰਾਮ ਤੋਂ ਉਹੀ ਸਿਖਿਆ ਪ੍ਰਾਪਤ ਕੀਤੀ। ਪਰ ਜਦੋਂ ਇਸ ਵਲੋਂ ਬ੍ਰਾਹਮਣ ਰੂਪ ਧਾਰਣ ਕਰਨ ਦਾ ਭੇਦ ਪਰਸ਼ੁਰਾਮ 'ਤੇ ਖੁਲ੍ਹਿਆ ਤਾਂ ਉਸ ਨੇ ਇਸ ਨੂੰ ਸਰਾਪ ਦਿੱਤਾ ਕਿ ਮ੍ਰਿਤੂ ਉਪਸਥਿਤ ਹੋਣ 'ਤੇ ਇਹ ਬ੍ਰਹਮਾਸਤ੍ਰ ਦੀ ਵਰਤੋਂ ਦੀ ਵਿਧੀ ਭੁਲ ਜਾਇਗਾ।

ਇਸ ਦੀ ਦੁਰਯੋਧਨ ਨਾਲ ਡੂੰਘੀ ਮਿੱਤਰਤਾ ਸੀ। ਇਸ ਕਰਕੇ ਇਸ ਨੇ ਸਦਾ ਉਸ ਦੀ ਮੱਦਦ ਕੀਤੀ। ਇਹ ਪਤਾ ਲਗ ਜਾਣ 'ਤੇ ਵੀ ਕਿ ਪਾਂਡਵ ਇਸ ਦੇ ਭਰਾ ਹਨ, ਫਿਰ ਵੀ ਇਸ ਨੇ ਦੁਰਯੋਧਨ ਦਾ ਸਾਥ ਅੰਤ ਤਕ ਨਿਭਾਇਆ। ਕਈ ਵਾਰ ਇਹ ਅਪਮਾਨਿਤ ਵੀ ਹੋਇਆ। ਦੁਰਯੋਧਨ ਨੇ ਇਸ ਨੂੰ ਅੰਗ ਦੇਸ਼ ਦਾ ਰਾਜਾ ਬਣਾ ਕੇ ਇਸ ਨੂੰ ਛਤ੍ਰੀ ਹੋਣ ਦਾ ਗੌਰਵ ਦਿੱਤਾ। ਮਹਾਭਾਰਤ ਦੇ ਸੋਲ੍ਹਵੇਂ ਦਿਨ ਦ੍ਰੋਣਾਚਾਰਯ ਦੇ ਮਾਰੇ ਜਾਣ ਤੋਂ ਬਾਦ ਇਹ ਡੇਢ ਦਿਨ ਤਕ ਕੌਰਵ ਸੈਨਾ ਦਾ ਮੁੱਖ ਸੈਨਾਪਤੀ ਰਿਹਾ ਅਤੇ

ਸਤਾਰ੍ਹਵੇਂ ਦਿਨ ਯੁੱਧ-ਭੂਮੀ ਵਿਚ ਅਰਜੁਨ ਹੱਥੋਂ ਮਾਰਿਆ ਗਿਆ। ਭਾਈ ਗੁਰਦਾਸ ਨੇ ਇਸ ਵਲ ਸੰਕੇਤ ਕੀਤਾ ਹੈ—'ਭੀਖਮ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਣਖਾ' (10/7)।

ਕਰਤਾਰ ਸਿੰਘ, ਸਰਾਭਾ : ਭਾਰਤ ਦੀ ਆਜ਼ਾਦੀ ਲਈ ਲੜੀ ਗਈ ਜੰਗ ਵਿਚ ਪੰਜਾਬ ਦੇ ਅਨੇਕ ਲੋਕਾਂ ਨੇ ਸ਼ਹਾਦਤਾਂ ਦੇ ਕੇ ਆਪਣਾ ਕਰਤੱਵ ਪਾਲਿਆ। ਅਜਿਹੇ ਸ਼ਹੀਦਾਂ ਵਿਚ ਇਕ ਅਭੁਲ ਨਾਂ ਹੈ ਕਰਤਾਰ ਸਿੰਘ ਸਰਾਭਾ। ਕਰਤਾਰ ਸਿੰਘ ਦਾ ਜਨਮ ਲੁਧਿਆਣੇ ਨੇੜੇ ਸਰਾਭਾ ਪਿੰਡ ਵਿਚ ਮੰਗਲ ਸਿੰਘ ਦੇ ਘਰ ਸੰਨ 1896 ਈ. ਵਿਚ ਹੋਇਆ। ਸੰਨ 1912 ਈ. ਵਿਚ ਜਦੋਂ ਇਹ ਨੌਵੀਂ ਵਿਚ ਪੜ੍ਹਦਾ ਸੀ ਤਾਂ ਅਮਰੀਕਾ ਚਲਾ ਗਿਆ। ਉਥੇ ਸੰਨ 1913 ਈ. ਵਿਚ ਚਲੀ ਗ਼ਦਰ ਲਹਿਰ ਦੀ ਪ੍ਰੈਸ ਵਿਚ ਇਹ ਕੰਮ ਕਰਨ ਲਗ ਗਿਆ। ਸੰਨ 1914 ਈ. ਦੇ ਅੰਤ ਵਿਚ ਇਹ ਜਿਵੇਂ ਕਿਵੇਂ ਹਿੰਦੁਸਤਾਨ ਪਰਤਿਆ ਅਤੇ ਲਾਹੌਰ ਵਿਚ ਗ਼ਦਰ-ਪਾਰਟੀ ਦਾ ਕੰਮ ਸ਼ੁਰੂ ਕਰ ਦਿੱਤਾ। ਪਾਰਟੀ ਦੇ ਉੱਦੇਸ਼ ਦੀ ਸਫਲਤਾ ਲਈ ਇਸ ਨੇ ਵਿਦਿਆਰਥੀਆਂ ਅਤੇ ਫ਼ੌਜੀਆਂ ਨੂੰ ਬਗ਼ਾਵਤ ਲਈ ਉਤਸਾਹਿਤ ਕੀਤਾ। ਲਾਹੌਰ ਵਿਚ ਗ਼ਦਰ ਪਾਰਟੀ ਨੂੰ ਸਰਗਰਮ ਕਰਨ ਲਈ ਹੋਰਨਾਂ ਪ੍ਰਾਂਤਾਂ ਤੋਂ ਵੀ ਕ੍ਰਾਂਤੀਕਾਰੀ ਆਉਂਦੇ ਅਤੇ ਯੋਜਨਾਵਾਂ ਬਣਾਉਂਦੇ ਰਹਿੰਦੇ।

ਆਖਿਰ 19 ਫ਼ਰਵਰੀ, 1915 ਈ. ਦੀ ਅੱਧ-ਰਾਤ ਨੂੰ ਬਗਾਵਤ ਦਾ ਸਮਾਂ ਨਿਸਚਿਤ ਕੀਤਾ ਗਿਆ। ਪਰ ਕਿਰਪਾਲ ਸਿੰਘ ਦੀ ਮੁਖ਼ਬਰੀ ਰਾਹੀਂ ਸਾਰਾ ਭੇਦ ਖੁਲ੍ਹ ਗਿਆ। ਆਪਣੀ ਮੂਲ ਯੋਜਨਾ ਅਨੁਸਾਰ ਕਰਤਾਰ ਸਿੰਘ ਉਸ ਰਾਤ ਫਿਰੋਜ਼ਪੁਰ ਪਹੁੰਚਿਆ ਹੋਇਆ ਸੀ। ਉਥੇ 19 ਫ਼ਰਵਰੀ ਦੀ ਰਾਤ ਨੂੰ ਭਾਈ ਰਣਧੀਰ ਸਿੰਘ ਦਾ ਜੱਥਾ ਵੀ ਪਹੁੰਚ ਚੁਕਿਆ ਸੀ। ਸਰਕਾਰੀ ਚੌਕਸੀ ਕਾਰਣ ਬਗਾਵਤ ਨਾ ਹੋ ਸਕੀ ਅਤੇ ਸਭ ਲੋਕ ਪਕੜੇ ਗਏ। ਇਨ੍ਹਾਂ ਵਿਰੁੱਧ ਸਾਜਿਸ਼ ਦਾ ਮੁਕੱਦਮਾ ਚਲਿਆ। ਕਰਤਾਰ ਸਿੰਘ ਨੂੰ ਛੇ ਹੋਰ ਸਾਥੀਆਂ ਸਹਿਤ ਮੌਤ ਦੀ ਸਜ਼ਾ ਦਿੱਤੀ ਗਈ। ਫਲਸਰੂਪ 14 ਨਵੰਬਰ, 1916 ਈ. ਨੂੰ ਸਵੇਰੇ ਵੇਲੇ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਇਸ ਨੂੰ ਹੋਰ ਸਾਥੀਆਂ ਸਹਿਤ ਫਾਂਸੀ ਲਗਾ ਦਿੱਤਾ ਗਿਆ। ਕਹਿੰਦੇ ਹਨ ਫਾਂਸੀ ਦੇ ਤਖ਼ਤੇ ਉਪਰ ਚੜ੍ਹਨ ਵੇਲੇ ਇਸ ਨੇ ਦਰੋਗੇ ਨੂੰ ਕਿਹਾ ਸੀ ਕਿ ਮੇਰੇ ਮਰਨ ਤੋਂ ਬਾਦ ਮੇਰੇ ਲਹੂ ਦੀ ਹਰ ਇਕ ਬੂੰਦ ਤੋਂ ਅਨੇਕਾਂ ਕਰਤਾਰ ਸਿੰਘ ਪੈਦਾ ਹੋ ਕੇ ਆਜ਼ਾਦੀ ਦੀ ਪ੍ਰਾਪਤੀ ਦਾ ਸੰਘਰਸ਼ ਜਾਰੀ ਰਖਣਗੇ।

ਕਰਤਾਰ ਸਿੰਘ ਨੇ ਵੀਹ ਸਾਲ ਦੀ ਅਲਪ ਆਯੂ ਵਿਚ ਅਜਿਹਾ ਮਹਾਨ ਸਾਕਾ ਕੀਤਾ ਕਿ ਕੌਮ ਇਸ ਨੂੰ ਹੁਣ ਤਕ ਯਾਦ ਕਰਦੀ ਹੈ। ਇਸ ਦੀ ਸ਼ਹਾਦਤ ਦਾ ਹਵਾਲਾ ਦਿੰਦਿਆਂ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ—'ਭਗਤ ਸਿੰਘ ਜਿਹੇ ਪੁੱਤਰ ਤੇਰੇ/ਊਧਮ ਸਿੰਘ, ਸਰਾਭੇ/ਡੁੱਲ੍ਹੇ ਖੂਨ ਦਾ ਬਦਲਾ ਉਸਨੇ/ਤੋਲ ਲਿਆ ਵਿਚ ਛਾਬੇ।'

ਕਰਤਾਰਪੁਰ-1 : ਸਿੱਖ ਇਤਿਹਾਸ ਦਾ ਇਕ ਪ੍ਰਸਿੱਧ ਨਗਰ ਜੋ ਗੁਰੂ ਨਾਨਕ ਦੇਵ ਦੀ

ਪ੍ਰੇਰਣਾ ਅਤੇ ਅਸੀਸ ਨਾਲ ਭਾਈ ਦੋਦਾ ਅਤੇ ਭਾਈ ਦੂਨੀ ਚੰਦ (ਕਰੋੜੀ ਮੱਲ) ਨੇ ਸੰਨ 1504 ਈ. ਵਿਚ ਰਾਵੀ ਨਦੀ ਦੇ ਕੰਢੇ 'ਤੇ ਵਸਾਇਆ ਸੀ। ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੋਂ ਬਾਦ ਇਥੇ ਹੀ ਸੰਨ 1522 ਈ. ਤੋਂ ਪੱਕੀ ਰਿਹਾਇਸ਼ ਕੀਤੀ। ਇਸ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ--'ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।/ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ' (1/38)। ਇਥੇ ਉਨ੍ਹਾਂ ਨੇ ਆਪਣੇ ਹੱਥੀ ਖੇਤੀ ਕੀਤੀ, ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ ਅਤੇ ਕਈ ਬਾਣੀਆਂ ਦੀ ਰਚਨਾ ਕੀਤੀ। ਇਥੋਂ ਹੀ ਉਹ ਅਚਲ-ਬਟਾਲਾ ਅਤੇ ਹੋਰ ਕਈਆਂ ਸਥਾਨਾਂ ਤੇ ਧਰਮ-ਪ੍ਰਚਾਰ ਲਈ ਗਏ ਅਤੇ ਲੋਕਾਂ ਦਾ ਕਲਿਆਣ ਕੀਤਾ।

ਇਸ ਨਗਰ ਵਿਚ 18 ਵਰ੍ਹੇ ਨਿਵਾਸ ਕਰਨ ਉਪਰੰਤ ਗੁਰੂ ਨਾਨਕ ਦੇਵ ਨੇ ਭਾਈ ਲਹਿਣਾ ਨੂੰ ਗੁਰਿਆਈ ਬਖ਼ਸ਼ ਕੇ ਸੰਨ 1539 ਈ. ਵਿਚ ਆਪਣੀ ਸੰਸਾਰਿਕ ਲੀਲਾ ਸਮਾਪਤ ਕੀਤੀ। ਇਹ ਨਗਰ ਬਾਦ ਵਿਚ ਹੜ੍ਹਾਂ ਨੇ ਰੋੜ੍ਹ ਲਿਆ। ਬਾਬਾ ਸਿਰੀ ਚੰਦ ਅਤੇ ਬਾਬਾ ਲਖਮੀ ਦਾਸ ਨੇ ਉੱਦਮ ਕਰਕੇ ਗੁਰੂ ਨਾਨਕ ਦੇਵ ਦਾ ਨਵਾਂ ਦੇਹਰਾ ਰਾਵੀ ਨਦੀ ਦੇ ਉਰਲੇ ਕੰਢੇ ਉਤੇ ਗੁਰਦਾਸਪੁਰ ਜ਼ਿਲੇ ਵਿਚ ਬਣਵਾਇਆ ਜਿਸ ਦੇ ਇਰਦ-ਗਿਰਦ ਵਸਿਆ ਨਗਰ ਹੁਣ ਡੇਰਾ ਬਾਬਾ ਨਾਨਕ ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਗੁਰਦਾਸਪੁਰ ਜ਼ਿਲੇ ਵਿਚ ਹੈ। ਕੁਝ ਪ੍ਰੇਮੀ ਅਤੇ ਉੱਦਮੀ ਸਿੱਖਾਂ ਨੇ ਰਾਵੀ ਨਦੀ ਦੇ ਪਰਲੇ ਕੰਢੇ ਪੁਰਾਤਨ ਕਰਤਾਰਪੁਰ ਨਗਰ ਦੀ ਨਿਸ਼ਾਨਦੇਹੀ ਕਰਕੇ ਫਿਰ ਤੋਂ ਕਰਤਾਰਪੁਰ ਨਗਰ ਵਸਾਇਆ ਅਤੇ ਗੁਰੂ ਨਾਨਕ ਦੇਵ ਦੀ ਯਾਦ ਵਿਚ ਉਥੇ ਗੁਰੂ-ਧਾਮ ਉਸਾਰਿਆ। ਇਹ ਨਗਰ ਹੁਣ ਪਾਕਿਸਤਾਨ ਵਿਚ ਹੈ ਅਤੇ ਡੇਰਾ ਬਾਬਾ ਨਾਨਕ ਤੋਂ ਇਸ ਗੁਰਦੁਆਰੇ ਦਾ ਕਲਸ ਸਾਫ਼ ਦਿਸਦਾ ਹੈ।

ਕਰਤਾਰਪੁਰ-2 : ਸਿੱਖ-ਇਤਿਹਾਸ ਵਿਚ ਕਰਤਾਰਪੁਰ ਨਾਂ ਦੇ ਦੋ ਨਗਰਾਂ ਦੀ ਸਥਾਪਨਾ ਹੋਈ ਹੈ। ਪਹਿਲਾ ਕਰਤਾਰਪੁਰ (ਵੇਖੋ) ਗੁਰੂ ਨਾਨਕ ਦੇਵ ਨੇ ਸੰਨ 1504 ਈ. (1561 ਬਿ.) ਵਿਚ ਰਾਵੀ ਦੇ ਕੰਢੇ ਵਸਾਇਆ ਸੀ। ਦੂਜਾ ਕਰਤਾਰਪੁਰ ਗੁਰੂ ਅਰਜਨ ਦੇਵ ਨੇ ਸੰਨ 1594 ਈ. (1651 ਬਿ.) ਵਿਚ ਵਸਾਇਆ ਜੋ ਹੁਣ ਜਲੰਧਰ ਤੋਂ ਅੰਮ੍ਰਿਤਸਰ ਜਾਣ ਵਾਲੀ ਜਰਨੈਲੀ ਸੜਕ ਉਤੇ ਲਗਭਗ 16 ਕਿ. ਮੀ. ਦੀ ਵਿੱਥ ਉਤੇ ਹੈ। ਇਹ ਨਗਰ ਲਕੜੀ ਦੀਆਂ ਬਣੀਆਂ ਵਸਤੂਆਂ ਲਈ ਬਹੁਤ ਪ੍ਰਸਿੱਧ ਹੈ।

ਕਹਿੰਦੇ ਹਨ ਕਿ ਇਥੇ ਇਕ ਵੱਡ ਸਾਰੇ ਬ੍ਰਿਛ ਉਤੇ ਇਕ ਰਾਖਸ਼ ਦਾ ਨਿਵਾਸ ਸੀ। ਉਹ ਜੰਗਲ ਵਿਚ ਲਕੜੀ ਕਟਣ ਲਈ ਆਏ ਲੋਕਾਂ ਨੂੰ ਪਰੇਸ਼ਾਨ ਕਰਦਾ ਸੀ। ਉਸ ਤੋਂ ਦੁੱਖੀ ਹੋਏ ਲੋਕਾਂ ਨੇ ਗੁਰੂ ਅਰਜਨ ਦੇਵ ਅਗੇ ਪ੍ਰਾਰਥਨਾ ਕੀਤੀ। ਗੁਰੂ ਜੀ ਨੇ ਰਾਖਸ਼ ਨੂੰ ਸਮਝਾ ਬੁਝਾ ਕੇ ਸਿਧੇ ਮਾਰਗ ਉਤੇ ਪਾਇਆ। ਫਲਸਰੂਪ, ਲੋਕਾਂ ਨੇ ਬਿਨਾ ਕਿਸੇ ਡਰ-ਭੈ ਦੇ ਉਥੋਂ ਲਕੜੀਆਂ ਕਟਣੀਆਂ ਜਾਰੀ ਰਖੀਆਂ। ਸੰਨ 1598 ਈ. (1655 ਬਿ.) ਵਿਚ ਸ਼ਹਿਜ਼ਾਦਾ ਸਲੀਮ (ਜਹਾਂਗੀਰ) ਨੇ ਇਸ ਨਗਰ ਦੇ ਸਾਰੇ ਖੇਤਰ ਦੀ ਮੁਆਫ਼ੀ ਦਾ ਪੱਟਾ ਧਰਮਸ਼ਾਲਾ ਦੇ ਨਾਂ ਤੇ ਕਰ ਦਿੱਤਾ। ਗੁਰੂ ਹਰਿਗੋਬਿੰਦ ਨੇ ਇਸ ਨਗਰ ਦਾ

ਕਾਫ਼ੀ ਵਿਕਾਸ ਕੀਤਾ। ਗੁਰੂ ਹਰਿਰਾਇ ਅਤੇ ਗੁਰੂ ਤਗ ਬਹਾਦਰ ਵੀ ਇਸ ਨਗਰ ਵਿਚ ਰਹੇ ਸਨ। ਭਾਈ ਗੁਰਦਾਸ ਅਤੇ ਬਾਬਾ ਗੁਰਦਿੱਤਾ ਨੇ ਵੀ ਇਸ ਨਗਰ ਵਿਚ ਰਿਹਾਇਸ਼ ਕੀਤੀ ਸੀ।

ਸੰਨ 1756 ਈ. ਵਿਚ ਅਹਿਮਦਸ਼ਾਹ ਅਬਦਾਲੀ ਨੇ ਆਪਣੇ ਹਮਲੇ ਦੌਰਾਨ ਇਸ ਨਗਰ ਦਾ ਬਹੁਤ ਨੁਕਸਾਨ ਕੀਤਾ। ਸੰਨ 1833 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨਗਰ ਵਿਚ ਇਕ ਸੁੰਦਰ ਧਰਮ-ਧਾਮ ਬਣਵਾਇਆ। ਹੁਣ ਇਸ ਨਗਰ ਵਿਚ ਸਿੱਖ-ਇਤਿਹਾਸ ਨਾਲ ਸੰਬੰਧਿਤ ਨੌਂ ਧਾਮ ਹਨ। ਇਨ੍ਹਾਂ ਵਿਚੋਂ 'ਸ਼ੀਸ਼-ਮਹਲ' ਬਹੁਤ ਪ੍ਰਸਿੱਧ ਹੈ। ਇਹ ਗੁਰੂ ਅਰਜਨ ਦੇਵ ਨੇ ਬਣਵਾਇਆ ਸੀ। ਇਥੇ ਹੋਰਨਾਂ ਇਤਿਹਾਸਿਕ ਵਸਤੂਆਂ ਤੋਂ ਇਲਾਵਾ ਭਾਈ ਗੁਰਦਾਸ ਦੁਆਰਾ ਲਿਖੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਸੁਰੱਖਿਅਤ ਹੈ। ਇਸ ਬੀੜ ਦੀ ਦੇਖ-ਭਾਲ ਧੀਰਮਲ ਸੋਢੀ ਦੀ ਸੰਤਾਨ ਕਰਦੀ ਹੈ। ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਇਸ ਨਗਰ ਦਾ ਉੱਲੇਖ ਕੀਤਾ ਹੈ— 'ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ।/ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ' (ਅ. ਗ੍ਰੰ. 816)।

ਕਰਬਲਾ : ਇਰਾਕ ਦੇਸ਼ ਵਿਚ ਕੂਫ਼ਾ ਤੋਂ 39 ਕਿ. ਮੀ. ਦੀ ਵਿਥ ਤੇ ਫ਼ਰਾਤ ਨਦੀ ਦੇ ਕੰਢੇ ਦੇ ਨੇੜੇ ਵਸਿਆ ਉਹ ਪ੍ਰਸਿੱਧ ਨਗਰ ਜਿਸ ਵਿਚ ਇਮਾਮ ਹੁਸੈਨ ਦਾ ਆਲੀਸ਼ਾਨ ਮਕਬਰਾ ਬਣਿਆ ਹੋਇਆ ਹੈ। ਮਕਬਰੇ ਵਾਲੇ ਸਥਾਨ 'ਤੇ ਹਜ਼ਰਤ ਅਲੀ ਦੇ ਪੁੱਤਰ (ਅਤੇ ਹਜ਼ਰਤ ਮੁਹੰਮਦ ਦੇ ਦੋਹਤਰੇ) ਇਮਾਮ ਹੁਸੈਨ ਨੂੰ ਸੰਨ 680 ਈ. ਵਿਚ ਤਿੰਨ ਦਿਨ ਭੁਖਾ ਪਿਆਸਾ ਰਖ ਕੇ ਯਜ਼ੀਦ ਦੀ ਫ਼ੌਜ ਨੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਸੀ। ਇਮਾਮ ਹੁਸੈਨ ਨਾਲ ਹੋਈ ਲੜਾਈ ਦਾ ਕਾਰਣ ਇਹ ਸੀ ਕਿ ਕੂਫ਼ਾ ਨਗਰ ਦੇ ਨਿਵਾਸੀਆਂ ਨੇ ਹੁਸੈਨ ਨੂੰ ਖ਼ਿਲਾਫ਼ਤ ਦੇਣ ਲਈ ਗੁਪਤ ਢੰਗ ਨਾਲ ਬੁਲਾਇਆ। ਉਧਰ ਦਮਿਸ਼ਕ ਦੇ ਹੁਕਮਰਾਨ ਖ਼ਲੀਫ਼ਾ ਯਜ਼ੀਦ ਨੂੰ ਪਤਾ ਚਲ ਗਿਆ। ਉਸ ਨੇ ਆਪਣੀ ਫ਼ੌਜ ਚੜ੍ਹਾ ਕੇ ਹੁਸੈਨ ਅਤੇ ਉਸ ਦੇ ਸਾਥੀਆਂ ਨੂੰ ਘੇਰ ਲਿਆ। ਇਹ ਸੰਘਰਸ਼ ਦਸ ਦਿਨ ਤਕ ਚਲਦਾ ਰਿਹਾ। ਹੁਸੈਨ ਯੁੱਧ ਕਰਨ ਵਿਚ ਵਿਸ਼ਵਾਸ ਨਹੀਂ ਰਖਦਾ ਸੀ, ਪਰ ਯਜ਼ੀਦ ਦੇ ਸੈਨਾ-ਨਾਇਕ ਸਿਮਰ ਨੇ ਉਸ ਨੂੰ ਖ਼ਤਮ ਕਰਨੋਂ ਸੰਕੋਚ ਨਾ ਕੀਤਾ। ਇਸ ਲਈ ਇਸਲਾਮਿਕ ਇਤਿਹਾਸ ਵਿਚ ਇਹ ਸਥਾਨ ਇਕ ਬਹੁਤ ਵੱਡੀ ਦੁਖਦਾਇਕ ਮੁਸੀਬਤ ਨਾਲ ਸੰਬੰਧਿਤ ਹੋਣ ਕਾਰਣ ਕਰਬਲਾ (ਕਰਬ + ਬਲਾ) ਦੇ ਨਾਂ ਨਾਲ ਪ੍ਰਸਿੱਧ ਹੋਇਆ।

ਸ਼ੀਆ ਮੁਸਲਮਾਨਾਂ ਲਈ ਇਹ ਅਤਿਅੰਤ ਪਵਿੱਤਰ ਸਥਾਨ ਹੈ। ਇਸ ਦੀ ਜ਼ਿਆਰਤ ਲਈ ਨਿੱਤ ਹਜ਼ਾਰਾਂ ਮੁਸਲਮਾਨ ਆਉਂਦੇ ਹਨ। ਸ਼ੀਆ ਮੁਸਲਮਾਨ ਮੁਹਰਮ ਮਹੀਨੇ ਦੇ ਪਹਿਲੇ ਦਸ ਦਿਨ ਮੁਖ ਸੋਗ ਮਨਾ ਕੇ ਇਮਾਮ ਹੁਸੈਨ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹਨ। ਪੰਜਾਬੀ ਇਸਲਾਮਿਕ ਕਾਵਿ ਵਿਚ ਇਸ ਦਾ ਬਹੁਤ ਉੱਲੇਖ ਹੋਇਆ ਹੈ। ਗ਼ੁਲਾਮ ਫ਼ਰੀਦ ਨੇ ਵੀ ਲਿਖਿਆ ਹੈ—'ਕਰਬਲਾ ਵਿਚ ਤੇਗ ਚਲਾ ਕਰ ਔੜਾ ਕੇਸ ਕਰਾਇਆ।'

ਕਰਮ : ਪ੍ਰਾਣੀ ਇਸ ਸੰਸਾਰ ਵਿਚ ਵਿਚਰਣ ਵੇਲੇ ਕੁਝ ਨਾ ਕੁਝ ਕੰਮ, ਕ੍ਰਿਆ, ਯਤਨ ਜਾਂ ਚੇਸ਼ਟਾ ਕਰਦਾ ਹੈ। ਇਹ ਸਭ ਉਸ ਦੇ ਕਰਮ ਹਨ।

ਅਧਿਆਤਮਿਕ ਦ੍ਰਿਸ਼ਟੀ ਤੋਂ ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਸੇ ਅਨੁਸਾਰ ਉਸ ਨੂੰ ਫਲ ਭੋਗਣਾ ਪੈਂਦਾ ਹੈ। ਇਸ ਗੱਲ ਨੂੰ ਸਿੱਧਾਂਤ ਰੂਪ ਵਿਚ 'ਕਰਮਵਾਦ' ਦਾ ਨਾਂ ਦਿੱਤਾ ਜਾਂਦਾ ਹੈ। ਭਾਰਤੀ ਧਰਮ-ਸਾਧਨਾ ਵਿਚ ਨਰਕ ਅਤੇ ਸਵਰਗ ਦਾ ਨਬੇੜਾ ਕਿਰਤ-ਕਰਮਾਂ ਉਤ ਨਿਰਭਰ ਮੰਨਿਆ ਗਿਆ ਹੈ। ਇਸ ਲਈ ਭਾਰਤੀ ਧਾਰਮਿਕ ਪਰੰਪਰਾਵਾਂ ਵਿਚ ਪੂਜਾ-ਪਾਠ, ਯੱਗ, ਸੇਵਾ, ਉਪਾਸਨਾ ਆਦਿ ਨੂੰ ਸ਼ੁਭ ਕਰਮ ਕਿਹਾ ਗਿਆ ਹੈ। 'ਭਗਵਦ ਗੀਤਾ' ਵਿਚ ਇਹ ਧਾਰਣਾ ਕਰਮਯੋਗ ਦੇ ਰੂਪ ਵਿਚ ਉਭਰੀ ਹੈ। ਉਥੇ ਨਿਸ਼ਕਾਮ ਕਰਮਾਂ ਉਤੇ ਬਲ ਦਿੱਤਾ ਗਿਆ ਹੈ। ਕਰਮ ਅਵੱਸ਼ ਕਰਨੇ ਪੈਂਦੇ ਹਨ, ਕਰਮ ਨਾ ਕਰਨ ਨਾਲ ਕਰਮਾਂ ਤੋਂ ਕੋਈ ਮੁਕਤ ਨਹੀਂ ਹੋ ਸਕਦਾ। ਇਸ ਲਈ ਕਰਮ ਕਰਨਾ ਪ੍ਰਾਣੀ ਦੀ ਵਿਵਸ਼ਤਾ ਹੈ।

ਬੁੱਧ ਅਤੇ ਜੈਨ ਵਰਗੇ ਨਾਸਤਿਕ ਮਤਾਂ ਵਿਚ ਵੀ ਸੰਜਮ ਅਤੇ ਸਦਾਚਾਰ ਦੇ ਰੂਪ ਵਿਚ ਕਰਮਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਛੇ ਸ਼ਾਸਤ੍ਰਾਂ ਵਿਚ ਵੀ ਕਰਮ ਦੀ ਧਾਰਣਾ ਕਿਸੇ ਨਾ ਕਿਸੇ ਰੂਪ ਵਿਚ ਮੰਨ ਲਈ ਗਈ ਹੈ। ਸਾਂਖ੍ਯ ਸ਼ਾਸਤ੍ਰ ਵਾਲੇ ਵਿਵੇਕ ਪੂਰਣ ਕਰਮਾਂ ਨੂੰ ਬੰਧਨ ਰਹਿਤ ਮੰਨਦੇ ਹਨ। ਯੋਗ ਮਤ ਵਿਚ ਚਿੱਤ ਦੀ ਸ਼ੁੱਧੀ ਲਈ ਕੀਤੇ ਉਪਾ ਕਰਮ ਹਨ। ਪੂਰਵ-ਮੀਮਾਂਸਾ ਵਿਚ ਯੱਗ, ਉਪਾਸਨਾ ਆਦਿ ਨੂੰ ਸ਼ੁਭ ਕਰਮ ਦਸਿਆ ਗਿਆ ਹੈ। ਅਦ੍ਵੈਤ-ਵੇਦਾਂਤ ਵਿਚ ਗਿਆਨ ਅਤੇ ਵੈਰਾਗ ਆਧਾਰਿਤ ਕਰਮਾਂ ਨੂੰ ਸ੍ਰੇਸ਼ਠ ਕਰਮ ਵਜੋਂ ਪ੍ਰਵਾਨ ਕੀਤਾ ਗਿਆ ਹੈ। ਤਾਂਤ੍ਰਿਕ ਗ੍ਰੰਥਾਂ ਵਿਚ ਪੰਜ ਮਕਾਰਾਂ (ਮਦ, ਮਾਸ, ਮੈਥੁਨ, ਮੁਦ੍ਰਾ ਅਤੇ ਮਤ੍ਸ੍ਯ) ਦੀ ਪਾਲਨਾ ਨੂੰ ਕਰਮ ਨਾਂ ਦਿੱਤਾ ਗਿਆ ਹੈ। ਪੁਰਾਣਾਂ ਵਿਚ ਕਰਮ ਪੂਜਾ-ਵਿਧੀਆਂ, ਤੀਰਥ-ਯਾਤ੍ਰਾ ਦਾ ਰੂਪ ਧਾਰ ਕੇ ਆਏ ਹਨ। ਈਸਾਈ ਮਤ ਅਤੇ ਇਸਲਾਮ ਵਿਚ ਵੀ ਕਰਮ ਨੂੰ ਸਿੱਧਾਂਤ ਰੂਪ ਵਿਚ ਮੰਨ ਲਿਆ ਗਿਆ ਹੈ, ਅੰਤਰ ਕੇਵਲ ਵਿਆਖਿਆ ਅਤੇ ਪ੍ਰਕ੍ਰਿਆ ਦਾ ਹੈ।

ਭਾਰਤੀ ਚਿੰਤਨ ਅਨੁਸਾਰ ਪ੍ਰਾਣੀ ਨੂੰ ਕਰਮ ਫਲ ਨੂੰ ਭੋਗਣ ਲਈ ਕਿਸੇ ਨਾ ਕਿਸੇ ਸ਼ਰੀਰ (ਭੋਗਾਯਤਨ) ਦਾ ਆਸਰਾ ਲੈਣਾ ਪੈਂਦਾ ਹੈ। ਸ਼ਰੀਰ ਦੇ ਤਿੰਨ ਪ੍ਰਕਾਰ ਕਲਪੇ ਗਏ ਹਨ —ਕਾਰਣ ਸ਼ਰੀਰ, ਲਿੰਗ ਸ਼ਰੀਰ (ਸੂਖਮ ਸ਼ਰੀਰ) ਅਤੇ ਸਥੂਲ ਸ਼ਰੀਰ। ਕਾਰਣ ਸ਼ਰੀਰ ਮਾਯਾ ਨੂੰ ਕਿਹਾ ਜਾਂਦਾ ਹੈ ਕਿਉਂਕਿ ਜੀਵ ਦੇ ਵਾਸਤਵਿਕ ਗਿਆਨ ਨੂੰ ਢੱਕਣ ਵਾਲੀ ਮਾਯਾ ਜਾਂ ਅਵਿਦਿਆ ਜੀਵ ਦੇ ਅਗਲੇ ਸ਼ਰੀਰ ਦਾ ਕਾਰਣ ਬਣਦੀ ਹੈ। ਕਾਰਣ ਸ਼ਰੀਰ ਤੋਂ ਲਿੰਗ ਜਾਂ ਸੂਖਮ ਸ਼ਰੀਰ ਪੈਦਾ ਹੁੰਦਾ ਹੈ। ਇਸ ਨਾਲ ਅਗਿਆਨੀ ਜੀਵ ਨੂੰ ਵਾਸਨਾ ਰੂਪੀ ਕਰਮ-ਫਲਾਂ ਦਾ ਅਨੁਭਵ ਹੁੰਦਾ ਹੈ। ਇਸ ਸ਼ਰੀਰ ਦੇ ਅੱਗੋਂ ਤਿੰਨ ਅੰਗ ਹਨ —ਅੰਤਹਕਰਣ (ਬੁੱਧੀ, ਅਹੰਕਾਰ, ਚਿੱਤ ਅਤੇ ਮਨ), ਪੰਜ ਗਿਆਨ-ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ। ਮਨ ਇੰਦਰੀਆਂ ਨਾਲ ਤਾਲ-ਮੇਲ ਕਾਇਮ ਕਰਕੇ, ਪ੍ਰਾਣੀ ਨੂੰ ਵਿਸ਼ਿਆਂ ਦਾ ਭੋਗ ਕਰਾਉਂਦਾ ਹੈ। ਪ੍ਰਾਣ ਸੂਖਮ ਸ਼ਰੀਰ ਦੀ ਕ੍ਰਿਆ ਸ਼ਕਤੀ ਦਾ ਪ੍ਰਧਾਨ ਅੰਸ਼ ਹੈ। ਸਥੂਲ ਸ਼ਰੀਰ ਪੰਜ ਤੱਤਾਂ ਦੇ ਸੰਯੋਗ ਨਾਲ ਬਣਦਾ

ਹੈ; ਆਮ ਤੌਰ ਤੇ ਸ਼ਰੀਰ ਇਸੇ ਨੂੰ ਕਿਹਾ ਜਾਂਦਾ ਹੈ। ਵੱਖ-ਵੱਖ ਪ੍ਰਾਣੀਆਂ ਦੇ ਸ਼ਰੀਰਾਂ ਦੀ ਉਤਪੱਤੀ ਮੁੱਖ ਤੌਰ ਤੇ ਚਾਰ ਢੰਗਾਂ ਦੀ ਮੰਨੀ ਗਈ ਹੈ—ਅੰਡਜ, ਜੇਰਜ, ਸ੍ਵੇਤਜ ਅਤੇ ਉਦਭਿਜ।

ਕਰਮ-ਸਿੱਧਾਂਤ ਦੀ ਪ੍ਰਕ੍ਰਿਆ ਵਿਚ ਇਨ੍ਹਾਂ ਤਿੰਨਾਂ ਸ਼ਰੀਰਾਂ ਦਾ ਆਪਣਾ ਆਪਣਾ ਮਹੱਤਵ ਹੈ। ਸੂਖਮ ਸ਼ਰੀਰ (ਲਿੰਗ ਸ਼ਰੀਰ) ਦਾ ਸੰਬੰਧ ਕਰਮ-ਫਲਾਂ ਨਾਲ ਹੈ। ਸੂਖਮ ਸ਼ਰੀਰ ਨੂੰ ਗੁਰਬਾਣੀ ਵਿਚ 'ਕਿਰਤ ਕਰਮ' ਦਾ ਨਾਂ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ—'ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।/ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ' (ਅ. ਗ੍ਰੰ. 133)।

ਫਲਾਂ ਨੂੰ ਭੋਗਣ ਦੀ ਦ੍ਰਿਸ਼ਟੀ ਤੋਂ ਕਰਮ ਤਿੰਨ ਪ੍ਰਕਾਰ ਦੇ ਹਨ—ਸੰਚਿਤ, ਪ੍ਰਾਲਬਧ ਅਤੇ ਕ੍ਰਿਯਮਾਨ (ਵਰਤਮਾਨ)। ਪਹਿਲੇ ਜਨਮਾਂ ਵਿਚ ਕੀਤੇ ਕਰਮ 'ਸੰਚਿਤ ਕਰਮ' ਹਨ, ਉਨ੍ਹਾਂ ਵਿਚੋਂ ਜਿਨ੍ਹਾਂ ਕਰਮਾਂ ਦਾ ਫਲ ਭੋਗਿਆ ਜਾ ਰਿਹਾ ਹੈ, ਉਹ 'ਪ੍ਰਾਲਬਧ ਕਰਮ' ਹਨ ਅਤੇ ਜਿਹੜੇ ਕਰਮ ਵਰਤਮਾਨ ਜਨਮ ਵਿਚ ਇਕੱਠੇ ਹੋ ਰਹੇ ਹਨ, ਉਹ 'ਕ੍ਰਿਯਮਾਨ ਕਰਮ' ਹਨ। 'ਵਰਤਮਾਨ ਕਰਮ' ਅਗਲੇ ਜਨਮ ਵਿਚ 'ਸੰਚਿਤ ਕਰਮ' ਬਣਦੇ ਹਨ ਅਤੇ ਫਲ ਭੋਗਣ ਵੇਲੇ ਉਹੀ ਪ੍ਰਾਲਬਧ ਕਰਮ ਬਣ ਜਾਂਦੇ ਹਨ। ਇਸ ਤਰ੍ਹਾਂ ਇਹ ਕਰਮ ਚੱਕਰ ਚਲਦਾ ਰਹਿੰਦਾ ਹੈ ਅਤੇ ਕਰਮਾਂ ਅਨੁਸਾਰ ਪ੍ਰਾਣੀ ਜਨਮ ਲੈਂਦਾ ਰਹਿੰਦਾ ਹੈ। ਇਹੀ 'ਆਵਾਗਵਨ' (ਵੇਖੋ) ਹੈ। ਇਸ ਚੱਕਰ ਵਿਚੋਂ ਬਚ ਨਿਕਲਣਾ ਸਰਲ ਨਹੀਂ ਹੈ।

ਮੱਧ-ਯੁਗ ਦੇ ਧਰਮ ਸਾਧਕਾਂ ਨੇ ਸ਼ੁਭ ਕਰਮਾਂ, ਜਾਂ ਅਧਿਆਤਮ ਕਰਮਾਂ ਉਤੇ ਬਲ ਦਿੱਤਾ ਹੈ ਕਿਉਂਕਿ ਇਹ ਜੀਵਨ-ਚੱਕਰ, ਅਸਲ ਵਿਚ, ਕਰਮਾਂ ਦਾ ਖੇਤ ਹੀ ਹੈ—'ਜੇਹਾ ਬੀਜੇ ਸੁ ਲੁਣੇ ਕਰਮਾ ਸੰਦੜਾ ਖੇਤੁ' (ਅ. ਗ੍ਰੰ. 134); 'ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ' (ਅ. ਗ੍ਰੰ. 468); 'ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।/ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ' (ਅ. ਗ੍ਰੰ. 433)। ਹਰਿ ਭਗਤੀ ਰਾਹੀਂ ਹੀ ਕਰਮਾਂ ਦਾ ਪ੍ਰਭਾਵ ਨਸ਼ਟ ਹੁੰਦਾ ਹੈ।

ਕਰਮ-ਕਾਂਡ : ਕਰਮ ਦਾ ਅਰਥ ਹੈ ਕ੍ਰਿਆ ਅਤੇ ਕਾਂਡ ਦਾ ਅਰਥ ਹੈ ਹਿੱਸਾ ਜਾਂ ਭਾਗ। ਕਰਮ-ਕਾਂਡ ਦਾ ਮੂਲ ਸਰੋਕਾਰ ਵੈਦਿਕ ਧਰਮ ਨਾਲ ਹੈ। ਇਸ ਨੂੰ ਸ਼ਾਸਤ੍ਰਕਾਰਾਂ ਨੇ ਤਿੰਨ ਕਾਂਡਾਂ (ਹਿੱਸਿਆਂ) ਵਿਚ ਵੰਡਿਆ ਹੈ—ਗਿਆਨ ਕਾਂਡ, ਉਪਾਸਨਾ-ਕਾਂਡ ਅਤੇ ਕਰਮ-ਕਾਂਡ। ਕਰਮ-ਕਾਂਡ ਦਾ ਮੂਲ ਰੂਪ ਵਿਚ ਸੰਬੰਧ ਮਨੁੱਖ ਦੇ ਹਰ ਪ੍ਰਕਾਰ ਦੇ ਕੰਮਾਂ ਨਾਲ ਹੈ ਜਿਸ ਵਿਚ ਧਾਰਮਿਕ ਕ੍ਰਿਆਵਾਂ ਵੀ ਸ਼ਾਮਲ ਹਨ। ਪਰ ਸਥੂਲ ਰੂਪ ਵਿਚ ਧਾਰਮਿਕ ਕ੍ਰਿਆਵਾਂ ਨੂੰ ਹੀ ਕਰਮ-ਕਾਂਡ ਕਿਹਾ ਜਾਂਦਾ ਹੈ। ਇਸ ਨਾਲ ਪੁਰੋਹਿਤ ਵਰਗ ਦਾ ਡੂੰਘਾ ਸੰਬੰਧ ਹੈ ਕਿਉਂਕਿ ਇਨ੍ਹਾਂ ਨੂੰ ਪੂਰਾ ਕਰਨ ਵਿਚ ਉਨ੍ਹਾਂ ਦਾ ਮੁੱਖ ਯੋਗਦਾਨ ਹੁੰਦਾ ਹੈ। ਕਰਮ-ਕਾਂਡ ਵਿਚ ਵਿਸ਼ੇਸ਼ ਰੂਪ ਵਿਚ ਦਸਿਆ ਗਿਆ ਹੈ ਕਿ ਕਿਹੜੇ ਕਰਮ ਕਰਨੇ ਠੀਕ ਹਨ ਅਤੇ ਕਿਹੜੇ ਵਰਜਿਤ ਹਨ; ਇਨ੍ਹਾਂ ਕਰਮਾਂ ਨੂੰ ਕਰਨ ਲਈ ਕਿਹੜਾ-ਕਿਹੜਾ ਸਮਾਂ ਉਚਿਤ ਹੈ।

ਮੱਧ-ਯੁਗ ਤਕ ਪਹੁੰਚਦਿਆਂ ਪਹੁੰਚਦਿਆਂ ਹੋਰ ਵੀ ਕਈਆਂ ਧਰਮਾਂ ਵਿਚ ਪ੍ਰਕਾਰਾਂਤਰ ਨਾਲ ਕਈ ਕਰਮ-ਕਾਂਡ ਪ੍ਰਚਲਿਤ ਹੋ ਗਏ। ਇਸ ਲਈ ਮੱਧ-ਯੁਗ ਦੇ ਕਾਵਿ-ਸਾਹਿੱਤ ਵਿਚ ਵਰਤੇ ਜਾਣ ਵਾਲੇ ਇਸ ਸ਼ਬਦ ਤੋਂ ਭਾਵ ਕਿਸੇ ਵਿਸ਼ੇਸ਼ ਧਰਮ ਦੀ ਕਰਮ-ਵਿਵਸਥਾ ਨਹੀਂ, ਸਗੋਂ ਸਾਧਨਾ ਸੰਬੰਧੀ ਉਨ੍ਹਾਂ ਬਾਹਰਲੀਆਂ ਕ੍ਰਿਆਵਾਂ ਤੋਂ ਹੈ ਜੋ ਹੌਲੀ-ਹੌਲੀ ਧਰਮ ਦੇ ਵਾਸਤਵਿਕ ਸਰੂਪ ਨੂੰ ਪਰ੍ਹੇ ਹਟਾ ਕੇ ਆਪਣੀ ਪ੍ਰਧਾਨਤਾ ਸਥਾਪਿਤ ਕਰ ਲੈਂਦੀਆਂ ਹਨ। ਇਨ੍ਹਾਂ ਕ੍ਰਿਆਵਾਂ ਦਾ ਰੂੜ੍ਹ ਰੂਪ ਹੀ ਕਰਮ-ਕਾਂਡ ਹੈ, ਚਾਹੇ ਇਹ ਕਿਸੇ ਵੀ ਧਰਮ ਨਾਲ ਸੰਬੰਧਿਤ ਕਿਉਂ ਨਾ ਹੋਣ। ਇਨ੍ਹਾਂ ਨੂੰ ਪਰਿਣਾਮੀ ਕਰਮ ਦੀ ਸ਼੍ਰੇਣੀ ਵਿਚ ਰਖਿਆ ਜਾ ਸਕਦਾ ਹੈ। ਫਲਸਰੂਪ, ਕਰਮ-ਕਾਂਡ ਤੋਂ ਭਾਵ ਹੈ ਹਰ ਧਰਮ ਦੇ ਉਹ ਕਰਮ ਜੋ ਸੱਚੀ ਅਤੇ ਨਿਸ਼ਕਾਮ ਪ੍ਰੇਮ-ਭਾਵਨਾ ਤੋਂ ਸੁੰਨੇ ਹੋਣ।

ਮੱਧ-ਯੁਗ ਦੇ ਭਗਤੀ ਅੰਦੋਲਨ ਦੇ ਵਿਕਸਿਤ ਹੋਣ ਵਿਚ ਕਰਮ-ਕਾਂਡਾਂ ਦੀ ਨਿਸਾਰਤਾ ਅਤੇ ਲੋਕਾਂ ਨੂੰ ਵਾਸਤਵਿਕ ਮਾਰਗ ਤੋਂ ਹਟਾ ਕੇ ਕੁਰਾਹੇ ਪਾਣ ਦੀ ਬਿਰਤੀ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਇਸੇ ਲਈ ਇਨ੍ਹਾਂ ਕਰਮ-ਕਾਂਡਾਂ ਤੋਂ ਜਨਤਾ ਨੂੰ ਬੇਮੁਖ ਕਰਨ ਦੀ ਭਾਵਨਾ ਨਾਲ ਸੰਤਾਂ ਦੀਆਂ ਬਾਣੀਆਂ ਵਿਚ ਇਨ੍ਹਾਂ ਦੇ ਨਿਖੇਧ ਦੀ ਗੱਲ ਡਟ ਕੇ ਕਹੀ ਗਈ ਹੈ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਪਾਖੰਡ ਪੂਰਣ ਕਰਮ-ਕਾਂਡਾਂ ਜਾਂ ਬਾਹਰਲੇ ਧਾਰਮਿਕ ਆਚਾਰਾਂ ਦੀ ਨਿਸਾਰਤਾ ਉਤੇ ਵਿਸਤਾਰ ਨਾਲ ਪ੍ਰਕਾਸ਼ ਪਾਇਆ ਗਿਆ ਹੈ। ਪਰ ਅਜਿਹਾ ਕਰਨ ਵੇਲੇ ਕਿਸੇ ਵਿਸ਼ੇਸ਼ ਧਰਮ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸਗੋਂ ਧਾਰਮਿਕ ਅਨੁਸ਼ਠਾਨਾਂ ਦੀ ਰੂੜ੍ਹੀਵਾਦਤਾ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਕਿਤੇ-ਕਿਤੇ ਤਾਂ ਪਰੰਪਰਾਗਤ ਕਰਮ ਕਾਂਡਾਂ ਦੇ ਭਾਵੀਕ੍ਰਿਤ ਰੂਪ ਦਾ ਚਿੱਤ੍ਰਣ ਵੀ ਕੀਤਾ ਗਿਆ ਹੈ। ਪੁਰੋਹਿਤ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਕਿਹਾ ਹੈ—'ਸੁਣਿ ਪੰਡਿਤ ਕਰਮਾਕਾਰੀ ।/ਜਿਤੁ ਕਰਮ ਸੁਖੁ ਉਪਜੈ ਸੁ ਆਤਮ ਤਤੁ ਬੀਚਾਰੀ ।/ ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ।/ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ' (ਆ. ਗ੍ਰੰ. 635)। ਅਸਲ ਵਿਚ, ਸੱਚੇ ਨਾਮ ਦੀ ਆਰਾਧਨਾ ਤੋਂ ਬਿਨਾ ਸਾਰੇ ਕਰਮ-ਕਾਂਡ ਹਉਮੈ ਦਾ ਪਸਾਰ ਮਾਤਰ ਹੈ—'ਕਰਮ ਕਾਂਡ ਬਹੁ ਕਰਹਿ ਆਚਾਰ ।/ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ' (ਆ. ਗ੍ਰੰ. 162)।

ਕਰਵਾ-ਚੌਥ : ਇਸਤਰੀਆਂ ਨਾਲ ਸੰਬੰਧਿਤ ਇਕ ਤਿਉਹਾਰ ਜੋ ਉੱਤਰ-ਪੱਛਮੀ ਭਾਰਤ, ਖ਼ਾਸ ਕਰਕੇ ਪੰਜਾਬ, ਹਰਿਆਣਾ, ਪੂਰਵੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਰੁਚੀ-ਪੂਰਵਕ ਮਨਾਇਆ ਜਾਂਦਾ ਹੈ। ਇਸ ਮੌਕੇ ਤੇ ਸੁਹਾਗਣਾਂ ਸਵੇਰੇ ਤਾਰਿਆਂ ਦੀ ਲੋਅ ਵਿਚ ਸਰਘੀ ਖਾ ਕੇ ਵਰਤ ਰਖਦੀਆਂ ਹਨ। ਇਸ ਸਰਘੀ ਵਿਚ ਰੋਟੀ, ਫਲ, ਮਠਿਆਈਆਂ ਅਤੇ ਕੱਚਾ ਨਾਰੀਅਲ ਆਦਿ ਖਾਧ-ਸਾਮਗ੍ਰੀ ਸ਼ਾਮਲ ਹੁੰਦੀ ਹੈ।

ਆਮ ਵਰਤਾਰੇ ਅਨੁਸਾਰ ਵਿਆਹ ਤੋਂ ਬਾਦ ਪਹਿਲੀ ਵਾਰ ਆਏ ਇਸ ਤਿਉਹਾਰ ਵਾਲੇ ਦਿਨ ਸੁਹਾਗਣਾਂ ਆਪਣੇ ਪੇਕੇ ਘਰ ਆ ਕੇ ਇਹ ਵਰਤ ਰਖਦੀਆਂ ਹਨ ਅਤੇ ਵਰਤ ਵਾਲੇ ਦਿਨ ਤੋਂ ਇਕ ਦੋ ਦਿਨ ਪਹਿਲਾਂ ਸਹੁਰਿਆਂ ਵਲੋਂ ਸਰਘੀ ਦੀ ਸਾਮਗ੍ਰੀ ਆਉਂਦੀ ਹੈ ਜਿਸ ਵਿਚ ਕਪੜੇ, ਖਾਧ-ਸਾਮਗ੍ਰੀ, ਗਹਿਣੇ, ਸੁਹਾਗ-ਪਟਾਰੀ ਆਦਿ ਚੀਜ਼ਾਂ

ਸ਼ਾਮਲ ਹੁੰਦੀਆਂ ਹਨ। ਇਸ ਤੋਂ ਇਲਾਵਾ ਸੁਹਾਗਣ ਦੇ ਛੋਟੇ ਭੈਣਾਂ ਭਰਾਵਾਂ ਲਈ ਵੀ ਕਪੜੇ ਆਦਿ ਭੇਜੇ ਜਾਂਦੇ ਹਨ। ਇਹ ਸਰਘੀ ਰਿਸ਼ਤੇਦਾਰ ਅਤੇ ਪੜੋਸ ਦੀਆਂ ਇਸਤਰੀਆਂ ਨਾਲ ਰਲ ਕੇ ਖਾਈ ਜਾਂਦੀ ਹੈ। ਇਸ ਪਹਿਲੇ ਵਰਤ ਵੇਲੇ ਯਾਰ੍ਹਾਂ ਭਾਂਡਿਆਂ ਵਿਚ ਪਾਣੀ ਪਾਇਆ ਜਾਂਦਾ ਹੈ। ਇਹ ਭਾਂਡੇ ਸੁਹਾਗਣਾਂ ਦੇ ਪੇਕਿਆਂ ਵਲੋਂ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਸਮਰਥਾ ਅਨੁਸਾਰ ਇਹ ਸੋਨੇ, ਚਾਂਦੀ, ਪਿਤਲ, ਮਿੱਟੀ ਜਾਂ ਪਤਿਆਂ ਦੇ ਹੋ ਸਕਦੇ ਹਨ। ਵਰਤ ਛੱਡਣ ਤੋਂ ਕੁਝ ਪਹਿਲਾਂ ਪੰਡਿਤ ਨੂੰ ਬੁਲਾ ਕੇ ਗਣੇਸ਼-ਪੂਜਾ ਕਰਾਈ ਜਾਂਦੀ ਹੈ। ਇਨ੍ਹਾਂ ਯਾਰ੍ਹਾਂ ਭਾਂਡਿਆਂ ਵਿਚੋਂ ਦਸ ਤਾਂ ਸ਼ਰੀਕੇ ਦੀਆਂ ਬਜ਼ੁਰਗ ਔਰਤਾਂ ਨੂੰ ਦੇ ਦਿੱਤੇ ਜਾਂਦੇ ਹਨ ਅਤੇ ਬਾਕੀ ਬਚਦਾ ਇਕ, ਜੋ ਆਕਾਰ ਵਿਚ ਵੱਡਾ ਹੁੰਦਾ ਹੈ, ਇਕ ਸੂਟ ਸਹਿਤ ਸੱਸ ਨੂੰ ਦਿੱਤਾ ਜਾਂਦਾ ਹੈ।

ਪਹਿਲੇ ਵਰਤ ਤੋਂ ਬਾਦ ਆਮ ਤੌਰ ਤੇ ਸਾਰੀਆਂ ਸੁਹਾਗਣਾਂ ਇਹ ਵਰਤ ਆਪਣੇ ਘਰ (ਭਾਵ ਸਹੁਰੇ ਘਰ) ਹੀ ਰਖਦੀਆਂ ਹਨ। ਵਰਤ ਦੌਰਾਨ ਸੂਈ-ਸਲਾਈ, ਚਰਖਾ, ਚੱਕੀ ਆਦਿ ਕੰਮ ਕਰਨੇ ਵਰਜਿਤ ਹਨ। ਉਸ ਦਿਨ ਨੇੜੇ-ਤੇੜੇ ਦੀਆਂ ਸੁਹਾਗਣਾਂ ਖੂਬ ਸੱਜ-ਧੱਜ ਕੇ ਅਤੇ ਆਪਸ ਵਿਚ ਮਿਲ ਕੇ ਇਹ ਵਰਤ ਰਖਦੀਆਂ ਹਨ ਅਤੇ ਪੰਡਿਤ ਜਾਂ ਕਿਸੇ ਬਜ਼ੁਰਗ ਇਸਤਰੀ ਤੋਂ ਕਥਾ ਸੁਣਨ ਉਪਰੰਤ ਚੰਨ ਚੜ੍ਹਨ ਤੇ ਵਰਤ ਛੱਡਦੀਆਂ ਹਨ। ਵਰਤ ਛੱਡਣ ਤੋਂ ਪਹਿਲਾਂ ਕਰਵੇ ਵਿਚ ਕੁਝ ਦੁੱਧ ਪਾ ਕੇ ਘਾਹ ਦੇ ਤੀਲੇ ਜਾਂ ਕਿਸੇ ਹੋਰ ਵਸਤੂ ਨਾਲ ਚੰਨ ਨੂੰ ਅਰਘ ਦਿੱਤਾ ਜਾਂਦਾ ਹੈ। ਵਰਤ ਛੱਡਣ ਉਪਰੰਤ ਸੁਹਾਗਣਾਂ ਆਪਣੇ ਕਰਵੇ, ਉਸ ਉਪਰ ਰਖੇ ਸਾਮਾਨ ਸਹਿਤ, ਆਪਣੀਆਂ ਸੱਸਾਂ (ਜਾਂ ਜਿਠਾਣੀਆਂ) ਨੂੰ ਦਿੰਦੀਆਂ ਹਨ ਅਤੇ ਉਹ ਅਗੋਂ ਸੁਹਾਗਵੰਤੀ ਹੋਣ ਦੀ ਅਸੀਸ ਦਿੰਦੀਆਂ ਹਨ। ਵਰਤ ਦੀ ਇਸ ਪ੍ਰਕ੍ਰਿਆ ਵਿਚ ਸਥਾਨ, ਸਥਿਤੀ ਅਤੇ ਸੁਵਿਧਾ ਅਨੁਸਾਰ ਅਦਲਾ-ਬਦਲੀ ਵੀ ਕਰ ਲਈ ਜਾਂਦੀ ਹੈ ਕਿਉਂਕਿ ਇਸ ਸੰਬੰਧੀ ਕੋਈ ਕਠੋਰ ਨਿਯਮ ਨਹੀਂ ਹਨ। ਚੰਨ ਨੂੰ ਅਰਘ ਦੇਣ ਅਤੇ ਕਤਕ ਦੇ ਕ੍ਰਿਸ਼ਣ ਪੱਖ ਵਿਚ ਇਸ ਵਰਤ ਨੂੰ ਪਤੀ ਲਈ ਰਖੇ ਜਾਣ ਪਿਛੇ ਰਤਿ (ਪ੍ਰੇਮ) ਵਿਲਾਸ ਦੇ ਅਨੁਕੂਲ ਵਾਤਾਵਰਣ ਦੀ ਕਲਪਨਾ ਵੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ।

ਚੰਗਾ ਅਤੇ ਅਨੁਕੂਲ ਪਤੀ ਪ੍ਰਾਪਤ ਕਰਨ ਦੀ ਆਸ ਵਿਚ ਕੁਆਰੀਆਂ ਮੁਟਿਆਰਾਂ ਵੀ ਕਈ ਵਾਰ ਵਰਤ ਰਖ ਲੈਂਦੀਆਂ ਹਨ। ਇਨ੍ਹਾਂ ਦਾ ਸੁਹਾਗਣਾਂ ਦੇ ਵਰਤ ਨਾਲੋਂ ਫਰਕ ਇਨਾ ਹੈ ਕਿ ਇਹ ਕਰਵੇ ਦੀ ਥਾਂ ਟੂਟੀ ਵਰਤਦੀਆਂ ਹਨ, ਚੰਨ ਦੀ ਥਾਂ ਪਹਿਲਾ ਤਾਰਾ ਚੜ੍ਹਨ ਤੇ ਵਰਤ ਛੱਡ ਦਿੰਦੀਆਂ ਹਨ ਅਤੇ ਸੁਹਾਗਣਾਂ ਦੇ ਮੁਕਾਬਲੇ ਹਾਰ-ਸ਼ਿੰਗਾਰ ਬਹੁਤ ਘੱਟ ਕਰਦੀਆਂ ਹਨ।

ਇਸ ਤਿਉਹਾਰ ਦੇ ਮਨਾਏ ਜਾਣ ਪਿਛੇ ਅਨੇਕ ਮਿਥ-ਕਥਾਵਾਂ ਪ੍ਰਚਲਿਤ ਹਨ, ਪਰ ਇਨ੍ਹਾਂ ਵਿਚੋਂ ਪ੍ਰਮੁਖ ਕਥਾ ਇਸ ਪ੍ਰਕਾਰ ਹੈ ਕਿ ਸ਼ਿਵ ਦੀ ਪਤਨੀ ਪਾਰਬਤੀ ਨੇ ਸ਼ਿਵ ਦੀ ਗੈਰ-ਹਾਜ਼ਰੀ ਵਿਚ ਆਪਣੇ ਸ਼ਰੀਰ ਦੀ ਮੈਲ ਤੋਂ ਕਤਕ ਮਾਸ ਦੀ ਕ੍ਰਿਸ਼ਣ ਚੌਥ ਨੂੰ ਇਕ ਬਾਲਕ ਨੂੰ ਜਨਮ ਦਿੱਤਾ ਅਤੇ ਉਸ ਦਾ ਨਾਂ ਗਣੇਸ਼ ਰਖਿਆ। ਸ਼ਿਵ ਨੇ ਪਰਤਣ ਤੇ ਬਾਲਕ ਨੂੰ ਵੇਖਿਆ ਅਤੇ ਬਿਨਾ ਪੁਛੇ ਜਾਂ ਜਾਣੇ ਉਸ ਦਾ ਸਿਰ ਕਟ ਦਿੱਤਾ। ਪਾਰਬਤੀ

ਦੇ ਰੁਦਨ ਕਰਨ ਅਤੇ ਅਸਲੀਅਤ ਦੱਸਣ ਤੇ ਸ਼ਿਵ ਨੇ ਇਕ ਹਾਥੀ ਦਾ ਸਿਰ ਕਟ ਕੇ ਗਣੇਸ਼ ਦੀ ਗਰਦਨ 'ਤੇ ਲਗਾ ਦਿੱਤਾ। ਮੁੜ ਜੀਵਿਤ ਹੋਏ ਆਪਣੇ ਬਾਲਕ ਦੀ ਕਰੂਪ ਆਕ੍ਰਿਤੀ ਨੂੰ ਵੇਖ ਕੇ ਪਾਰਬਤੀ ਬਹੁਤ ਦੁਖੀ ਹੋਈ। ਇਸ ਸ਼ੰਕਾ ਕਾਰਣ ਕਿ ਉਸ ਦੇ ਬਦਸੂਰਤ ਬਾਲਕ ਦਾ ਕੋਈ ਆਦਰ ਨਹੀਂ ਕਰੇਗਾ, ਸ਼ਿਵ ਨੇ ਇਸ ਸ਼ੰਕਾ ਦੇ ਸਮਾਧਾਨ ਲਈ ਵਰਦਾਨ ਦਿੱਤਾ ਕਿ ਹਰ ਮਹੀਨੇ ਦੇ ਕ੍ਰਿਸ਼ਣ ਪੱਖ ਦੀ ਚੌਥ ਨੂੰ ਜੋ ਵਿਅਕਤੀ ਗਣੇਸ਼ ਦਾ ਦਿਨ ਮੰਨਾਏਗਾ, ਉਸ ਦੇ ਸੰਕਟ ਖ਼ਤਮ ਹੋ ਜਾਣਗੇ। ਇਨ੍ਹਾਂ ਬਾਰ੍ਹਾਂ ਚੌਥਾਂ ਵਿਚੋਂ ਕਤਕ ਮਹੀਨੇ ਦੀ ਚੌਥ ਨੂੰ ਇਸਤਰੀਆਂ ਗਣੇਸ਼ ਦੀ ਪੂਜਾ ਨਿਮਿਤ ਵਰਤ ਰਖਦੀਆਂ ਹਨ ਤਾਂ ਜੋ ਉਨ੍ਹਾਂ ਦੇ ਸੁਹਾਗ ਸਥਿਰ ਰਹਿਣ ਅਤੇ ਉਨ੍ਹਾਂ ਦੇ ਸੰਕਟ ਹਰੇ ਜਾਣ। ਇਸ ਚੌਥ ਨੂੰ ਸੰਕਟ-ਚੌਥ ਅਤੇ ਗਣੇਸ਼-ਚੌਥ ਵੀ ਕਹਿੰਦੇ ਹਨ।

ਇਸ ਦੇ 'ਕਰਵਾ-ਚੌਥ' ਨਾਂ ਦੇ ਪ੍ਰਚਲਨ ਪਿਛੇ ਵਰਤ ਦੇ ਸਮਾਪਨ ਵੇਲੇ ਕਰਵਿਆਂ ਦੀ ਵਰਤੋਂ ਆਪਣੀ ਭੂਮਿਕਾ ਨਿਭਾ ਰਹੀ ਪ੍ਰਤੀਤ ਹੁੰਦੀ ਹੈ।

ਕਲੂ : ਇਹ ਸ਼ਬਦ ਸੰਸਕ੍ਰਿਤ ਦੇ 'ਕਲਹ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਝਗੜਾ ਜਾਂ ਕਲੇਸ਼। ਗੁਰਬਾਣੀ ਵਿਚ ਇਸ ਸ਼ਬਦ ਨੂੰ 'ਕਲਿ' ਰੂਪ ਵਿਚ ਵਰਤਦਿਆਂ ਗੁਰੂ ਅਰਜਨ ਦੇਵ ਨੇ ਇਸ ਨੂੰ ਕ੍ਰੋਧ ਦਾ ਮੂਲ ਆਧਾਰ ਮੰਨ ਕੇ ਦਇਆ ਤੋਂ ਸੱਖਣਾ ਦਸਿਆ ਹੈ—'ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ' (ਆ. ਗ੍ਰੰ. 135੮)।

ਇਸ ਦਾ ਜੋ ਮਿਥਕ ਰੂਪ ਹੁਣ ਨਾਰਦ ਦੇ ਸੰਦਰਭ ਵਿਚ ਪ੍ਰਚਲਿਤ ਹੈ, ਉਹ ਪਰਵਰਤੀ ਪੁਰਾਣ-ਸਾਹਿੱਤ ਵਿਚ ਰਿਸ਼ੀ ਪਦ ਤੋਂ ਡਿਗ ਚੁੱਕੇ ਨਾਰਦ ਦੇ 'ਕਲਹ-ਕਰਤਾ' ਰੂਪ ਦੀ ਹੀ ਪ੍ਰਤਿਨਿਧਤਾ ਕਰਦਾ ਹੈ। ਨਾਰਦ ਨਾਲ ਕਲੂ ਦੀ ਕਲਪਨਾ ਪੰਜਾਬੀ ਸਭਿਆਚਾਰ ਦੀ ਦੇਣ ਹੈ। ਇਹ, ਅਸਲ ਵਿਚ, ਝਗੜੇ ਜਾਂ ਕਲੇਸ਼ ਦਾ ਮਾਨਵੀਕਰਣ ਹੈ। ਰਵਾਇਤ ਅਨੁਸਾਰ ਇਕ ਵਾਰ ਨਾਰਦ ਨੇ ਆਪਣੇ ਕ੍ਰੋਧ ਨੂੰ ਸਾਕਾਰ ਰੂਪ ਦੇਣ ਲਈ ਇਕ ਮੂਰਤੀ ਦਾ ਨਿਰਮਾਣ ਕੀਤਾ। ਇਸ ਮੂਰਤੀ ਦੇ ਮੂੰਹ ਵਿਚ ਅਨ੍ਹਏਂ ਦਾ ਡੰਗ ਰਖਿਆ, ਸ਼ਰੀਰ ਵਿਚ ਸੱਪ ਦੀ ਜ਼ਹਿਰ ਘੋਲੀ ਅਤੇ ਲਹੂ ਦੀ ਥਾਂ ਮਦਿਰਾ ਭਰੀ। ਬੱਹਰ ਦੇ ਕੰਡਿਆਂ ਦੇ ਰੋਮ, ਬਾਜ਼ ਵਰਗੇ ਨਹੁੰ ਅਤੇ ਉਲੂ ਵਰਗੀਆਂ ਅੱਖਾਂ ਬਣਾਈਆ। ਇਸ ਤਰ੍ਹਾਂ ਉਸ ਦੇ ਸ਼ਰੀਰ ਦਾ ਤਿਲ-ਤਿਲ ਅੰਸ਼ ਵਿਸ਼ੈਲਾ ਅਤੇ ਚੁਭਵਾਂ ਬਣਾ ਦਿੱਤਾ।

ਨਾਰਦ ਦੁਆਰਾ ਬਣਾਈ ਇਹ ਮੂਰਤੀ ਅਚਾਨਕ ਕ੍ਰਿਆਸ਼ੀਲ ਹੋ ਗਈ। ਨਾਰਦ ਘਬਰਾ ਕੇ ਭਜਣ ਲਗਿਆ ਤਾਂ ਮੂਰਤੀ ਨੇ ਉਸ ਨੂੰ ਫੜ ਲਿਆ। ਨਾਰਦ ਨੇ ਕਲੂ ਨੂੰ ਬਹੁਤ ਸਮਝਾਇਆ, ਪਰ ਉਸ ਨੇ ਨਾਰਦ ਦਾ ਪੱਲਾ ਨਾ ਛਡਿਆ। ਨਾਰਦ ਨੇ ਉਸ ਦੀ ਇੱਛਾ ਅਨੁਸਾਰ ਮਾਸ ਅਤੇ ਲਹੂ ਦਾ ਭਜਨ ਕਰਾਇਆ ਅਤੇ ਖਾਣ ਲਈ ਪੋਸਤ ਦਾ ਡੋਡਾ ਵੀ ਦਿੱਤਾ। ਜਦ ਤਕ ਉਹ ਪੋਸਤ ਦੇ ਨਸ਼ੇ ਵਿਚ ਰਹਿੰਦੀ ਹੈ ਤਾਂ ਮਸਤੀ ਨਾਲ ਝੂਮਦੀ ਰਹਿੰਦੀ ਹੈ। ਨਸ਼ਾ ਟੁੱਟਣ ਤੇ ਮਾਸ ਅਤੇ ਲਹੂ ਦਾ ਆਹਾਰ ਮੰਗਦੀ ਹੈ। ਉਦੋਂ ਤਾਂ ਹੀ ਕਲੂ ਨਾਰਦ ਦੇ ਨਾਲ ਵਿਚਰਦੀ ਹੈ ਅਤੇ ਪਤਨੀ ਦੀ ਭੂਮਿਕਾ ਨਿਭਾਉਂਦੀ ਹੈ। ਦੇਵੀ ਦੇ ਉਪਾਸਕਾਂ ਨੇ ਇਸ ਦੇ ਸਰੂਪ ਉਤੇ ਦੁਰਗਾ ਦੇ ਭਿਆਨਕ ਰੂਪ ਕਾਲੀ ਦੀਆਂ ਸਾਰੀਆਂ

ਸਮਰਥਤਾਵਾਂ ਦਾ ਆਰੋਪ ਕਰਕੇ ਇਸ ਨੂੰ ਕਾਲੀ ਦਾ ਅਵਤਾਰ ਮੰਨਿਆ ਹੈ।

ਪੰਜਾਬੀ ਦੇ ਵਾਰ-ਕਾਵਿ ਵਿਚ ਅਤੇ ਸਾਧਾਰਣ ਜਨ-ਜੀਵਨ ਵਿਚ ਨਾਰਦ ਅਤੇ ਕਲੂ ਦਾ ਪਤੀ-ਪਤਨੀ ਵਾਲਾ ਸੰਬੰਧ ਹੀ ਮੰਨਿਆ ਜਾਂਦਾ ਹੈ। 'ਚੰਡੀ ਦੀ ਵਾਰ' ਦੇ ਆਰੰਭ ਵਿਚ ਲਿਖਿਆ ਹੈ—'ਸਾਧੂ ਸਤਜੁਗੁ ਬੀਤਿਆ ਅਧਸੀਲੀ ਤ੍ਰੇਤਾ ਆਇਆ।ਨੱਚੀ ਕਲ ਸਰੋਸਰੀ ਕਲੂ ਨਾਰਦ ਡਉਰੂ ਵਾਇਆ'।

ਸਮੁੱਚੇ ਤੌਰ ਤੇ ਕਲੂ ਝਗੜੇ ਜਾਂ ਕਲੇਸ਼ ਦਾ ਪ੍ਰਤੀਕ ਹੈ।

ਕਲਕੱਤਾ : ਭਾਰਤ ਦਾ ਇਕ ਪ੍ਰਸਿੱਧ ਮਹਾ-ਨਗਰ ਜੋ ਇਸ ਵੇਲੇ ਪੱਛਮੀ ਬੰਗਾਲ ਦੀ ਰਾਜਧਾਨੀ ਅਤੇ ਮਹੱਤਵਪੂਰਣ ਬੰਦਰਗਾਹ ਹੈ। ਹੁਗਲੀ ਨਦੀ ਦੇ ਪੂਰਵੀ ਕੰਢੇ ਉਤੇ ਵਸੇ ਇਸ ਨਗਰ ਦੀ ਆਬਾਦੀ ਭਾਰਤ ਦੇ ਸਾਰੇ ਨਗਰਾਂ ਨਾਲੋਂ ਅਧਿਕ ਹੈ। ਸੰਨ 1500 ਈ. ਤੋਂ ਪਹਿਲਾਂ ਇਸ ਨਗਰ ਦਾ ਇਕ ਪਿੰਡ ਵਜੋਂ ਉੱਲੇਖ ਮਿਲਦਾ ਹੈ। ਹੌਲੀ-ਹੌਲੀ ਜਦੋਂ ਵਿਦੇਸ਼ੀ ਵਪਾਰੀ ਹੁਗਲੀ ਨਦੀ ਦੇ ਖੇਤਰ ਵਿਚ ਵਪਾਰਕ ਮੰਡੀਆਂ ਬਣਾਉਣ ਦੇ ਉੱਦੇਸ਼ ਤੋਂ ਆਉਣ ਲਗੇ, ਉਦੋਂ ਤੋਂ ਇਸ ਖੇਤਰ ਦਾ ਮਹੱਤਵ ਵੱਧ ਗਿਆ। ਸੰਨ 1698 ਈ. ਵਿਚ ਅੰਗ੍ਰੇਜ਼ਾਂ ਨੇ ਕਲਕੱਤਾ, ਸੂਤਾਨਤੀ ਅਤੇ ਗੋਬਿੰਦਪੁਰ ਨਾਂ ਦੇ ਪਿੰਡ ਖ਼ਰੀਦ ਲਏ। ਇਨ੍ਹਾਂ ਪਿੰਡਾਂ ਦੀ ਥਾਂ ਤੇ ਇਕ ਕਸਬਾ ਵਸਾ ਕੇ ਉਸ ਦੀ ਰਖਿਆ ਲਈ ਸੰਨ 1702 ਈ. ਵਿਚ ਫੋਰਟ ਵਿਲੀਅਮ ਨਾਂ ਦਾ ਕਿਲਾ ਉਸਾਰਿਆ ਗਿਆ। ਇਸ ਕਸਬੇ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ। ਸੰਨ 1707 ਈ. ਵਿਚ ਈਸਟ ਇੰਡੀਆ ਕੰਪਨੀ ਨੇ ਇਸ ਨੂੰ ਵੱਖਰੀ ਪ੍ਰੈਜ਼ੀਡੈਂਸੀ ਬਣਾ ਦਿੱਤਾ। ਇਸ ਤੋਂ ਬਾਦ ਇਸ ਕਸਬੇ ਨੇ ਅਨੇਕ ਉਤਾਰ ਚੜ੍ਹਾ ਦੇਖੇ। ਪਰ ਸੰਨ 1772 ਈ. ਵਿਚ ਅੰਗ੍ਰੇਜ਼ ਗਵਰਨਰ-ਜਨਰਲ ਵਾਰਨ ਹੇਸਟਿੰਗ ਨੇ ਆਪਣੇ ਸਾਰੇ ਦਫ਼ਤਰ ਮੁਰਸ਼ਿਦਾਬਾਦ ਤੋਂ ਇਥੇ ਲਿਆ ਕੇ ਇਸ ਨੂੰ 'ਬ੍ਰਿਟਿਸ਼ ਇੰਡੀਆ' ਦੀ ਰਾਜਧਾਨੀ ਬਣਾ ਦਿੱਤਾ।

ਰਾਜਧਾਨੀ ਬਣਨ ਨਾਲ ਇਸ ਦਾ ਬਹੁਤ ਵਿਕਾਸ ਹੋਇਆ। ਸੰਨ 1822 ਈ. ਤਕ ਇਸ ਦੀ ਆਬਾਦੀ ਤਿੰਨ ਲੱਖ ਤਕ ਪਹੁੰਚ ਗਈ। ਹਰ ਪ੍ਰਕਾਰ ਦੇ ਵਪਾਰ, ਉਦਯੋਗ, ਸਭਿਆਚਾਰ ਆਦਿ ਦਾ ਇਹ ਨਗਰ ਕੇਂਦਰ ਬਣ ਗਿਆ। ਇਹ ਸਥਿਤੀ ਵੀਹਵੀਂ ਸਦੀ ਦੇ ਸ਼ੁਰੂ ਤਕ ਚਲਦੀ ਰਹੀ, ਪਰ ਸੰਨ 1912 ਈ. ਵਿਚ ਬ੍ਰਿਟਿਸ਼ ਇੰਡੀਆ ਦੀ ਰਾਜਧਾਨੀ ਕਲਕੱਤੇ ਦੀ ਥਾਂ ਤੇ ਦਿੱਲੀ ਨੂੰ ਬਣਾ ਦਿੱਤਾ ਗਿਆ। ਇਸ ਨਾਲ ਨਗਰ ਦਾ ਮਹੱਤਵ ਕੁਝ ਘਟਿਆ, ਪਰ ਸੰਨ 1947 ਈ. ਦੀ ਵੰਡ ਤੋਂ ਬਾਦ ਇਸ ਦੇ ਵਿਕਾਸ ਵਿਚ ਕਾਫ਼ੀ ਤੇਜ਼ੀ ਆ ਗਈ। ਪੂਰਵੀ ਬੰਗਾਲ ਤੋਂ ਲੱਖਾਂ ਸ਼ਰਣਾਰਥੀਆਂ ਦੇ ਆਉਣ ਨਾਲ ਇਸ ਦਾ ਸਮਾਜਿਕ ਅਤੇ ਸਭਿਆਚਾਰਿਕ ਰੂਪ ਵੀ ਕਾਫ਼ੀ ਬਦਲ ਗਿਆ। ਇਸ ਨਾਲ ਇਸ ਨਗਰ ਦੀ ਆਬਾਦੀ ਹੋਰ ਵੀ ਵੱਧ ਗਈ ਹੈ। ਇਸ ਨਗਰ ਵਿਚ ਜਿਥੇ ਅਨੇਕ ਇਤਿਹਾਸਿਕ ਅਤੇ ਸਭਿਆਚਾਰਿਕ ਕੇਂਦਰ ਹਨ, ਉਥੇ ਬਜਬਜ ਘਾਟ ਨਾਂ ਦਾ ਸਥਾਨ ਭਾਰਤ ਦੀ ਆਜ਼ਾਦੀ ਦੀ ਜੰਗ ਦੇ ਇਕ ਮਹੱਤਵਪੂਰਣ ਸਾਕੇ ਦੀ ਯਾਦ ਦਿਵਾਉਂਦਾ ਹੈ।

ਡਾ. ਮੋਹਨ ਸਿੰਘ ਦੀਵਾਨਾ ਨੇ 'ਕਲਕੱਤਾ' ਨਾਂ ਦੀ ਕਵਿਤਾ ਵਿਚ ਇਸ ਨਗਰ ਦੀ

ਬੜੀ ਯਥਾਰਥ ਤਸਵੀਰਕਸ਼ੀ ਕੀਤੀ ਹੈ—'ਜਿਥੇ ਬਿਮਾਰੀ, ਔਰਤਾਂ ਵੇਚਨ/ਆਤਮਾ ਤਾਈਂ ਵੇਚਨ ਮਰਦ-/ਟ੍ਰੈਮਾਂ, ਜਹਾਜ਼, ਗਵੈਯੇ ਜਿੱਥੇ,/ਨਰਤਕ ਗਲੀਏਂ ਫਿਰਦੇ ਮੁੰਡੇ ਨੰਗ ਧੜੰਗੇ/ਕਾਲੇ ਪੂਤ-/ਜਿੱਥੇ ਪ੍ਰੇਮ ਬੇਇਤੜੀਂ ਵੱਸੇ,/ਗੁੱਝਾ ਵੈਰ ਬਜ਼ਾਰੀਂ ਖੁਲ੍ਹਾ ਹੱਸੇ,/ਜੋਤਰ ਆਦਮੀਆਂ ਤੇ ਪੈਂਦੀ,/ਸੋਹਣੀਆਂ ਜੁਤੀਆਂ ਸੋਹਣਿਆਂ ਡੰਗਰੇਂ ਬਣਦੀਆਂ,/ਕਾਲ ਦੀ ਹੈ ਜਿਥੇ ਹੋਂਦੀ ਪੂਜਾ,/ਗੰਗਾ ਜਿੱਥੇ ਅਥਰੂੰ, ਖੂਨ ਤੇ ਖਲਾਂ ਥੱਤੇ ਪਾਣੀ ਦਾ ਹੈ ਨਾਉਂ-/ਓਹ ਕਲਕੱਤਾ ਵੇਖਿਆ ਹੈ ਮੈਂ' ।

ਕਲਕੀ, ਅਵਤਾਰ : ਪੁਰਾਣ-ਸਾਹਿੱਤ ਅਨੁਸਾਰ ਕਲਕੀ ਵਿਸ਼ਣੂ ਦਾ ਅੰਤਿਮ ਅਵਤਾਰ ਹੈ ਜੋ ਕਲਿਯੁਗ ਦੇ ਅੰਤ ਵਿਚ ਪ੍ਰਗਟ ਹੋਏਗਾ । 'ਕਲਕੀ-ਪੁਰਾਣ' ਅਨੁਸਾਰ ਇਸ ਅਵਤਾਰ-ਪ੍ਰਸੰਗ ਦੀਆਂ ਪ੍ਰਮੁਖ ਘਟਨਾਵਾਂ ਇਸ ਪ੍ਰਕਾਰ ਹਨ :

ਭੂਮੀ ਦਾ ਭਾਰ ਹਰਨ ਲਈ ਦੇਵਤਿਆਂ ਦੀ ਪ੍ਰਾਰਥਨਾ 'ਤੇ ਵਿਸ਼ਣੂ ਦਾ ਸੰਭਲ ਨਾਂ ਦੇ ਪਿੰਡ ਵਿਚ ਵਿਸ਼ਣੁਯਸ਼ ਨਾਂ ਦੇ ਇਕ ਬ੍ਰਾਹਮਣ ਦੇ ਘਰ ਅਵਤਾਰ ਲੈਣ ਦੀ ਪ੍ਰਤਿਗਿਆ ਕਰਨਾ; ਕਲਕੀ ਦਾ ਅਵਤਾਰ ਧਾਰਨਾ; ਅਸ਼ਵ, ਸ਼ੁਕ ਅਤੇ ਤਲਵਾਰ ਦੀ ਪ੍ਰਾਪਤੀ; ਪਦਮਾਵਤੀ ਨਾਲ ਵਿਆਹ; ਕਲਕੀ ਦਾ ਵਰਣਾਸ਼੍ਰਮ ਧਰਮ ਦਾ ਪ੍ਰਚਾਰ ਕਰਨਾ; ਫਿਰ ਸ਼ੰਭਲ ਪਿੰਡ ਨੂੰ ਪਦਮਾਵਤੀ ਸਹਿਤ ਪਰਤਣਾ, ਵਿਜਯ ਅਤੇ ਜਯ ਨਾਂ ਦੇ ਦੋ ਪੁੱਤਰਾਂ ਦਾ ਜਨਮ; ਤੀਰਥਾਂਕਰ ਨਾਲ ਸੰਗ੍ਰਾਮ ਅਤੇ ਉਸ ਦੀ ਮ੍ਰਿਤੂ; ਫਲਸਰੂਪ ਬੋਧੀਆਂ ਵਿਚ ਹਾਹਾਕਾਰ; ਦੈਂਤਾਂ ਦੇ ਸੰਘਾਰ ਲਈ ਕਲਕੀ ਦਾ ਹਿਮਾਲਯ ਨੂੰ ਜਾਣਾ; ਕਲੀ ਅਤੇ ਕਲਕੀ ਦੀਆਂ ਸੈਨਾਵਾਂ ਦਾ ਯੁੱਧ; ਰਾਜਾ ਸ਼ਸ਼ੀਧ੍ਵਜ ਦਾ ਕਲਕੀ ਨਾਲ ਯੁੱਧ; ਰਾਜਾ ਦਾ ਕਲਕੀ ਦਾ ਭਗਤ ਬਣਨਾ ਅਤੇ ਉਸ ਨੂੰ ਆਪਣੀ ਕੰਨਿਆ ਵਿਆਹੁਣਾ; ਕਲਕੀ ਦੇ ਅਨੇਕ ਪਰਾਕ੍ਰਮ, ਦਿਗਵਿਜੈ ਅਤੇ ਬੈਕੁੰਠ ਗਮਨ ।

'ਦਸਮ-ਗ੍ਰੰਥ' ਵਿਚ ਇਸ ਦਾ ਨਾਂ 'ਨਿਹਕਲੰਕੀ' ਲਿਖਿਆ ਹੈ ਅਤੇ ਇਸ ਦਾ ਬ੍ਰਿੱਤਾਂਤ ਵੀ ਬਹੁਤ ਕੁਝ ਭਿੰਨ ਹੈ । ਸੰਖੇਪ ਵਿਚ—ਸੰਭਲ ਦਾ ਸੁਦਰ ਰਾਜਾ ਇਕ ਦੁਰਗਾ ਉਪਾਸਕ ਬ੍ਰਾਹਮਣ ਨੂੰ, ਉਸ ਦੀ ਪਤਨੀ ਦੀ ਸ਼ਿਕਾਇਤ ਤੇ ਦੇਵੀ ਪੂਜਾ ਤੋਂ ਰੋਕਣ ਦਾ ਯਤਨ ਕਰੇਗਾ । ਬ੍ਰਾਹਮਣ ਦਾ ਦੁੱਖ ਨਿਵਾਰਨ ਲਈ ਕਾਲਪੁਰਖ ਨਿਹਕਲੰਕ (ਕਲਕੀ) ਰੂਪ ਵਿਚ ਅਵਤਰਿਤ ਹੋਵੇਗਾ । ਰਾਜੇ ਨਾਲ ਕੀਤੇ ਕਲਕੀ ਦੇ ਘੋਰ ਯੁੱਧ ਵਿਚ ਰਾਜਾ ਅਤੇ ਉਸ ਦੇ 20 ਲੱਖ 24 ਹਜ਼ਾਰ ਸੈਨਿਕ ਮਾਰੇ ਜਾਣਗੇ । ਫਿਰ ਹਰ ਪਾਸੇ ਕਲਕੀ ਆਪਣਾ ਅਧਿਕਾਰ ਸਥਾਪਿਤ ਕਰੇਗਾ ਅਤੇ ਸਾਰੀਆਂ ਦਿਸ਼ਾਵਾਂ ਵਿਚ ਪੈਂਦੇ ਦੇਸ਼ਾਂ ਨੂੰ ਜਿੱਤ ਲਏਗਾ । ਉਸ ਦਾ ਰਾਜ-ਕਾਲ ਦਸ ਲੱਖ ਵੀਹ ਵਰ੍ਹੇ ਹੋਏਗਾ । ਉਸ ਦੇ ਉਪਕਾਰਾਂ ਤੋਂ ਉਸ ਦੇ ਅਵਤਾਰ ਹੋਣ ਦਾ ਅਹਿਸਾਸ ਹੋ ਜਾਏਗਾ । ਉਹ ਸਾਰੇ ਸੰਸਾਰ ਨੂੰ ਜਿੱਤਣ ਉਪਰੰਤ, ਹੰਕਾਰ ਵਸ ਲੋਕਾਂ ਤੋਂ ਆਪਣਾ ਨਾਮ ਜਪਵਾਏਗਾ । ਤਦ ਕਾਲਪੁਰਖ ਉਸ ਦਾ ਵਿਨਾਸ਼ ਕਰਨ ਲਈ ਇਕ ਹੋਰ ਪੁਰਸ਼ (ਮੀਰ ਮਹਿਦੀ) ਨੂੰ ਜਨਮ ਦੇਵੇਗਾ, ਜੋ ਉਸ ਦਾ ਬਧ ਕਰੇਗਾ ।

ਦੋਹਾਂ ਬ੍ਰਿੱਤਾਂਤਾਂ ਵਿਚ ਬਹੁਤ ਅੰਤਰ ਹੋਣ ਦੇ ਬਾਵਜੂਦ ਮੂਲ ਭਾਵਨਾਵਾਂ—ਕਲਕੀ ਵਿਚ ਅਵਤਾਰਤ੍ਵ ਦੀ ਕਲਪਨਾ, ਦਿਗਵਿਜੈ ਅਤੇ ਧਰਮ ਪ੍ਰਚਾਰ—ਵਿਚ ਸਮਾਨਤਾ

ਹੈ। ਭਾਈ ਗੁਰਦਾਸ ਨੇ ਅਵਤਾਰ-ਪਰੰਪਰਾ ਵਿਚ ਕਲਕੀ ਦੇ ਨਾਂ ਦਾ ਉੱਲੇਖ ਕਰਦਿਆਂ ਇਸ ਦੇ ਹੰਕਾਰੀ ਹੋਣ ਦੀ ਗੱਲ ਕਹੀ ਹੈ—'ਪਰਸਰਾਮੁ ਰਾਮੁ ਕਿਸਨੁ ਹੋਇ ਕਿਲਕਿ ਕਲੰਕੀ ਅਤਿ ਅਹੰਕਾਰੇ' (12/8)। ਬਾਵਾ ਬਲਵੰਤ ਨੇ ਵਿਅੰਗ ਭਰੀ ਸ਼ੈਲੀ ਵਿਚ ਇਸ ਵਲ ਸੰਕੇਤ ਕੀਤਾ ਹੈ—'ਦੇਖ ਕੇ ਆਪਾ-ਧਾਪੀ ਹੁਣ ਦੀ/ਜੋ ਹੋਇਆ ਹੁਸ਼ਿਆਰ,/ ਜਿਸ ਦਾ ਜਾਗ ਪਿਆ ਦਿਲ ਪਹਿਲਾਂ/ਉਹ ਕਲਕੀ ਅਵਤਾਰ।'

ਕਲਗੀਧਰ : ਗੁਰੂ ਗੋਬਿੰਦ ਸਿੰਘ ਦਾ ਇਕ ਨਾਮਾਂਤਰ। ਵੇਖੋ 'ਗੋਬਿੰਦ ਸਿੰਘ, ਗੁਰੂ'।

ਕਲਪ : ਪੁਰਾਣ-ਸਾਹਿੱਤ ਅਨੁਸਾਰ 'ਕਲਪ' ਸ੍ਰਿਸ਼ਟੀ ਦੇ ਕ੍ਰਮ ਅਤੇ ਵਿਕਾਸ ਨੂੰ ਮਾਪਣ ਵਾਲਾ ਇਕ ਸਾਧਨ ਹੈ। ਇਸ ਤੋਂ ਇਲਾਵਾ ਦੋ ਸਾਧਨ ਹੋਰ ਹਨ—ਯੁਗ ਅਤੇ ਮਨਵੰਤਰ। ਮਨੁੱਖ ਵਾਂਗ ਬ੍ਰਹਮਾ ਦੀ ਉਮਰ ਵੀ ਸੌ ਵਰ੍ਹੇ ਮੰਨੀ ਗਈ ਹੈ। ਫ਼ਰਕ ਇਹ ਹੈ ਕਿ ਬ੍ਰਹਮਾ ਦਾ ਇਕ ਦਿਨ 'ਕਲਪ' ਅਖਵਾਉਂਦਾ ਹੈ। ਉਸ ਤੋਂ ਬਾਦ ਪਰਲੋ (ਨੈਮਿਤਿਕ) ਹੁੰਦੀ ਹੈ। ਇਹ ਪਰਲੋ (ਵੇਖੋ), ਅਸਲ ਵਿਚ, ਬ੍ਰਹਮਾ ਦੀ ਇਕ ਰਾਤ ਹੈ ਜਿਸ ਤੋਂ ਬਾਦ ਫਿਰ ਨਵੀਂ ਸ੍ਰਿਸ਼ਟੀ ਆਰੰਭ ਹੋ ਜਾਂਦੀ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ 'ਕਲਪ' ਸ੍ਰਿਸ਼ਟੀ ਦੀ ਰਚਨਾ ਤੋਂ ਉਸ ਦੇ ਨਾਸ਼ ਤਕ ਦੀ ਅਵਧੀ ਦਾ ਨਾਂ ਹੈ।

ਚੌਹਾਂ ਯੁਗਾਂ ਦੇ ਇਕ ਚੱਕਰ ਨੂੰ 'ਮਹਾਯੁਗ' ਜਾਂ 'ਚਤੁਰਯੁਗੀ' ਕਹਿੰਦੇ ਹਨ। ਇਕ ਹਜ਼ਾਰ ਚਤੁਰਯੁਗੀਆਂ ਦਾ ਇਕ ਕਲਪ ਬਣਦਾ ਹੈ। ਯੁਗਾਂ ਦੀ ਮਿਆਦ ਜਾਂ ਅਵਧੀ ਇਸ ਪ੍ਰਕਾਰ ਹੈ—ਸਤਯੁਗ 17,28,000 ਵਰ੍ਹੇ, ਤ੍ਰੇਤਾ 12,96,000 ਵਰ੍ਹੇ, ਦੁਆਪਰ 8,64,000 ਵਰ੍ਹੇ ਅਤੇ ਕਲਿਯੁਗ 4,32,000 ਵਰ੍ਹੇ। ਇਸ ਤਰ੍ਹਾਂ ਇਕ ਮਹਾਯੁਗ/ਚਤੁਰਯੁਗੀ ਵਿਚ ਕੁਲ 4,32,00,00,000 (ਚਾਰ ਅਰਬ ਬੱਤੀ ਕਰੋੜ ਵਰ੍ਹੇ ਹੁੰਦੇ ਹਨ।

ਬ੍ਰਹਮਾ ਦੇ ਇਕ ਮਹੀਨੇ ਵਿਚ 30 ਕਲਪ ਹੁੰਦੇ ਹਨ। ਹਰ ਇਕ ਕਲਪ ਦੇ ਚੌਦਾਂ ਭਾਗ ਹੁੰਦੇ ਹਨ। ਇਨ੍ਹਾਂ ਭਾਗਾਂ ਨੂੰ 'ਮਨਵੰਤਰ' ਕਿਹਾ ਜਾਂਦਾ ਹੈ। ਹਰ ਮਨਵੰਤਰ ਦਾ ਇਕ ਮਨੁ ਹੁੰਦਾ ਹੈ। ਇਸ ਤਰ੍ਹਾਂ ਮਨੂਆਂ ਦੀ ਕੁਲ ਗਿਣਤੀ 14 ਹੈ। ਹਰ ਇਕ ਮਨਵੰਤਰ ਦੇ ਵੱਖ ਵੱਖ ਸਪਤ-ਰਿਸ਼ੀ, ਇੰਦਰ ਅਤੇ ਇੰਦਰਾਣੀ ਹੁੰਦੇ ਹਨ।

'ਮੱਕੇ ਮਦੀਨੇ ਦੀ ਗੋਸਟਿ' ਵਿਚ ਦਸਿਆ ਗਿਆ ਹੈ ਕਿ ਜਦੋਂ 'ਕਲਪ ਬ੍ਰਿਛ' ਦਾ ਇਕ ਪੱਤਾ ਝੜਦਾ ਹੈ ਤਾਂ ਇਕ ਕਲਪ ਬਤੀਤ ਹੁੰਦਾ ਹੈ ਅਤੇ ਜਦੋਂ ਸਾਰੇ ਪੱਤੇ ਝੜ ਜਾਂਦੇ ਹਨ ਤਾਂ ਮਹਾਕਲਪ ਹੁੰਦਾ ਹੈ। ਇਹ ਮਹਾਕਲਪ ਹੀ 'ਪਰਲੋ' ਅਖਵਾਉਂਦਾ ਹੈ।

ਕਲਪ ਤਰੁ : ਪੌਰਾਣਿਕ ਕਥਾ ਅਨੁਸਾਰ ਜਦੋਂ ਲਕਸ਼ਮੀ ਜਾਂ ਅੰਮ੍ਰਿਤ ਦੀ ਪ੍ਰਾਪਤੀ ਲਈ ਦੇਵਤਿਆਂ ਨੇ ਦੈਂਤਾਂ ਦੀ ਸਹਾਇਤਾ ਨਾਲ ਸਮੁੰਦਰ ਰਿੜਕਿਆ ਤਾਂ ਉਸ ਵਿਚੋਂ ਜੋ 'ਚੌਦਾਂ ਰਤਨ' ਨਿਕਲੇ, ਉਨ੍ਹਾਂ ਵਿਚ ਇਕ ਕਲਪ ਤਰੁ ਵੀ ਸੀ ਜਿਸ ਨੂੰ ਇੰਦਰ ਲੈ ਗਿਆ ਅਤੇ ਉਸ ਨੇ ਆਪਣੇ ਨੰਦਨ ਬਾਗ਼ ਵਿਚ ਜਾ ਲਗਾਇਆ।

ਇਸ ਬ੍ਰਿਛ ਸੰਬੰਧੀ ਮਾਨਤਾ ਹੈ ਕਿ ਇਸ ਹੇਠਾਂ ਬੈਠ ਕੇ ਕੀਤੀ ਗਈ ਕਾਮਨਾ ਅਵੱਸ਼ ਪੂਰੀ ਹੁੰਦੀ ਹੈ। ਗੁਰਬਾਣੀ ਵਿਚ ਪਰਮਾਤਮਾ ਦੇ ਨਾਮ ਦੇ ਪ੍ਰਤੀਕ ਜਾਂ ਉਪਮਾਨ

ਵਜੋਂ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਕਿਉਂਕਿ ਹਰਿ-ਨਾਮ ਮਨੁੱਖ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੇ ਸਮਰਥ ਹੈ। ਕਬੀਰ ਜੀ ਅਨੁਸਾਰ 'ਸਾਧਕ ਸਿਧ ਸਗਲ ਮੁਨਿ ਹਾਰੇ ਏਕ ਨਾਮ ਕਲਪ ਤਰੁ ਤਾਰੇ', (ਆ. ਗ੍ਰੰ. 330)। ਗੁਰੂ ਅਰਜਨ ਦੇਵ ਨੇ ਹਰਿ-ਨਾਮ ਨੂੰ ਪਾਰਿਜਾਤ ਦੇ ਤੁਲ ਮੰਨਦੇ ਹੋਇਆਂ ਕਿਹਾ ਹੈ—'ਪਾਰਜਾਤੁ ਇਹੁ ਹਰਿ ਕੋ ਨਾਮੁ' (ਆ. ਗ੍ਰੰ. 265)।

ਕਲਪ ਤਰੂ ਨੂੰ ਕਲਪ-ਬ੍ਰਿਛ ਜਾਂ ਕਲਪ-ਰੁਖ ਵੀ ਕਿਹਾ ਜਾਂਦਾ ਹੈ। ਇਸ ਨੂੰ ਕਈਆਂ ਪੌਰਾਣਿਕ ਆਖਿਆਨਾਂ ਵਿਚ 'ਪਾਰਿਜਾਤ' ਵੀ ਲਿਖਿਆ ਹੈ ਜਿਸ ਨੂੰ ਵੇਖ ਕੇ ਅਪੱਛਰਾਵਾਂ ਵੀ ਆਨੰਦਿਤ ਹੁੰਦੀਆਂ ਹਨ। ਇੰਦਰ ਨੇ ਨੰਦਨ ਬਾਗ਼ ਵਿਚ ਲਗੇ ਹੋਣ ਕਾਰਣ ਇੰਦਰਾਣੀ (ਸ਼ਚੀ) ਨੂੰ ਇਸ ਦਾ ਬਹੁਤ ਮਾਣ ਸੀ। ਜਦੋਂ ਆਪਣੀ ਪਤਨੀ ਸਤਿਭਾਮਾ ਸਹਿਤ ਸ੍ਰੀ ਕ੍ਰਿਸ਼ਣ ਇਕ ਵਾਰ ਨੰਦਨ ਬਾਗ਼ ਵਿਚ ਗਏ ਤਾਂ ਸਤਿਭਾਮਾ ਨੂੰ ਇਹ ਬ੍ਰਿਛ ਬਹੁਤ ਪਸੰਦ ਆਇਆ। ਸ੍ਰੀ ਕ੍ਰਿਸ਼ਣ ਨੇ ਇੰਦਰ ਨੂੰ ਯੁੱਧ ਵਿਚ ਹਰਾ ਕੇ ਇਹ ਬ੍ਰਿਛ ਉਥੋਂ ਪੁਟ ਲਿਆਉਂਦਾ ਅਤੇ ਦ੍ਵਾਰਿਕਾ ਵਿਖੇ ਜਾ ਲਗਾਇਆ। ਸ੍ਰੀ ਕ੍ਰਿਸ਼ਣ ਦੇ ਮਹਾ-ਪ੍ਰਸਥਾਨ ਵੇਲੇ ਇਹ ਬ੍ਰਿਛ ਵੀ ਮੁੜ ਨੰਦਨ ਬਾਗ਼ ਵਿਚ ਪਰਤ ਗਿਆ।

ਜੈਨਮਤ ਅਨੁਸਾਰ ਜਦੋਂ ਸ਼ੁਰੂ ਵਿਚ ਮਨੁੱਖ ਜੁੜਵੇਂ ਰੂਪ ਵਿਚ (ਪੁਰਸ਼-ਇਸਤਰੀ) ਪੈਦਾ ਹੋਇਆ ਅਤੇ ਫਿਰ ਹੋਰ ਜੋੜਿਆਂ ਦਾ ਵਿਕਾਸ ਹੋਣ ਲਗਿਆ ਤਾਂ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਦਸ ਤਰ੍ਹਾਂ ਦੇ ਕਲਪ-ਤਰੂਆਂ ਦੀ ਵਿਵਸਥਾ ਕੀਤੀ ਗਈ ਸੀ।

ਮੁਸਲਮਾਨਾਂ ਦੇ ਮਤ ਵਿਚ ਇਸ ਬ੍ਰਿਛ ਦੇ ਸਮਾਨ 'ਸਿਦਰਤੁਲ ਮੁੰਤਹਾ' ਨਾਂ ਦੇ ਬ੍ਰਿਛ ਦੀ ਕਲਪਨਾ ਕੀਤੀ ਗਈ ਹੈ, ਜੋ ਸੱਤਵੇਂ ਆਸਮਾਨ ਵਿਚ ਰੱਬ ਦੇ ਬਾਗ਼ ਵਿਚ ਲਗਿਆ ਹੋਇਆ ਦਸਿਆ ਜਾਂਦਾ ਹੈ। ਹਜ਼ਰਤ ਮੁਹੰਮਦ ਨੇ ਆਪਣੀ ਮੇਅਰਾਜ ਯਾਤ੍ਰਾ ਦੌਰਾਨ ਇਹ ਵੇਖਿਆ ਸੀ। ਇਸ ਦੇ ਪੱਤੇ ਹਾਥੀ ਦੇ ਕੰਨਾਂ ਦੇ ਆਕਾਰ ਜਿੰਨੇ ਅਤੇ ਫਲ ਘੜੇ ਦੇ ਆਕਾਰ ਜਿੰਨੇ ਸਨ। ਇਸਲਾਮ ਵਿਚ ਇਸ ਨੂੰ ਇਕ ਪਵਿੱਤਰ ਬ੍ਰਿਛ ਮੰਨਿਆ ਜਾਂਦਾ ਹੈ।

ਕਲਪ-ਬ੍ਰਿਛ : ਵੇਖੋ 'ਕਲਪ-ਤਰੂ'।

ਕਲਮਾ : ਇਸਲਾਮ ਧਰਮ ਦੇ ਪੰਜ ਬੁਨਿਆਦੀ ਤੱਤ੍ਵਾਂ (ਕਲਮਾ, ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ) ਵਿਚੋਂ ਇਸ ਦਾ ਪਹਿਲਾ ਸਥਾਨ ਹੈ। ਇਸ ਨੂੰ ਇਸਲਾਮ ਦਾ ਮੂਲ-ਮੰਤਰ ਵੀ ਕਿਹਾ ਜਾਂਦਾ ਹੈ। ਇਸ ਦਾ ਪਾਠ ਹੈ—'ਲਾ ਇਲਾਹ, ਇੱਲਿੱਲਾਹ ਮੁਹੰਮਦੁੱਰਸੂਲੱਲਾਹ'—ਅਰਥਾਤ ਨਹੀਂ ਹੈ ਕੋਈ ਸਿਵਾਇ ਅੱਲ੍ਹਾ ਦੇ (ਇਬਾਦਤ ਕਰਨ ਯੋਗ) ਅਤੇ ਮੁਹੰਮਦ ਉਸ ਦਾ ਭੇਜਿਆ ਪੈਗ਼ੰਬਰ ਹੈ।

ਮੁਸਲਮਾਨ ਲੋਕ ਕਿਸੇ ਵੀ ਸ਼ੁਭ ਕੰਮ ਨੂੰ ਸ਼ੁਰੂ ਕਰਨ ਵੇਲੇ ਇਸ ਉਕਤੀ ਦਾ ਉੱਚਾਰਣ ਕਰਦੇ ਹਨ। ਸੂਫ਼ੀ ਫ਼ਕੀਰ ਬੁਲ੍ਹੇ ਸ਼ਾਹ ਨੇ ਇਸਲਾਮ ਦੇ ਅਜਿਹੇ ਬੁਨਿਆਦੀ ਤੱਤ੍ਵ ਦੇ ਰੂੜ੍ਹ ਰੂਪ ਨੂੰ ਆਪਣੇ ਰਹੱਸਵਾਦੀ ਅਨੁਭਵ ਵਿਚ ਕੋਈ ਸਥਾਨ ਨਹੀਂ ਦਿੱਤਾ—'ਭੱਠ ਨਮਾਜ਼ਾਂ ਤੇ ਚਿਕੜ ਰੋਜ਼ੇ ਕਲਮੇ ਤੇ ਫਿਰ ਗਈ ਸਿਆਹੀ।/ਬੁਲ੍ਹੇ ਸ਼ਾਹ ਸ਼ਹੁ ਅੰਦਰੋਂ

ਮਿਲਿਆ ਭੁੱਲੀ ਫਿਰੇ ਲੋਕਾਈ ।'

ਕਲਾਲ : ਸਾਧਾਰਣ ਅਰਥਾਂ ਵਿਚ ਸ਼ਰਾਬ ਬਣਾਉਣ ਜਾਂ ਵੇਚਣ ਵਾਲੇ ਨੂੰ 'ਕਲਾਲ' ਕਿਹਾ ਜਾਂਦਾ ਹੈ । ਸੰਸਕ੍ਰਿਤ ਦੇ ਪੁਰਾਤਨ ਗ੍ਰੰਥਾਂ ਵਿਚ ਵਰਤਿਆ ਜਾਣ ਵਾਲਾ 'ਕਲ੍ਯਪਾਲ' (ਮਦਿਰਾ ਤਿਆਰ ਕਰਨ ਵਾਲਾ) ਸ਼ਬਦ ਹੀ ਕਾਲਾਂਤਰ ਵਿਚ ਕਲਾਲ, ਕਲਾਰ, ਕਲਵਾਰ ਆਦਿ ਰੂਪ ਵਿਚ ਵਿਕ੍ਰਿਤ ਹੋਇਆ ਪ੍ਰਤੀਤ ਹੁੰਦਾ ਹੈ ।

ਸ਼ੁਰੂ ਵਿਚ ਇਸ ਦਾ ਕਿਸੇ ਵਿਸ਼ੇਸ਼ ਜਾਤਿ ਨਾਲ ਸੰਬੰਧ ਨਹੀਂ ਸੀ, ਇਹ ਕੇਵਲ ਇਕ ਰੋਜ਼ਗਾਰ ਜਾਂ ਕਿੱਤੇ ਵਜੋਂ ਅਪਣਾਇਆ ਜਾਂਦਾ ਸੀ । ਕਿਸੇ ਵੀ ਜਾਤਿ ਦਾ ਬੰਦਾ ਇਹ ਕਿੱਤਾ ਅਪਣਾ ਸਕਦਾ ਸੀ । ਪਰ ਬਾਦ ਵਿਚ ਇਸ ਕਿੱਤੇ ਨਾਲ ਸੰਬੰਧਿਤ ਲੋਕ ਇਕ ਵਿਸ਼ੇਸ਼ ਜਾਤਿ ਦੇ ਰੂਪ ਵਿਚ ਪ੍ਰਸਿੱਧ ਹੋ ਗਏ । ਸਮਾਜ ਵਿਚ ਸ਼ਰਾਬ ਕੱਢਣ ਅਤੇ ਵੇਚਣ ਵਾਲੇ ਦਾ ਕੋਈ ਖ਼ਾਸ ਆਦਰ ਨਾ ਹੋਣ ਕਾਰਣ ਕਲਾਲ ਜਾਤਿ ਨੂੰ ਪਛੜੇ ਹੋਏ ਵਰਗ ਵਿਚ ਰਖਿਆ ਜਾਣ ਲਗਿਆ ਅਤੇ ਇਸ ਨੂੰ ਵਰਣ-ਸੰਕ੍ਰਿਤ ਜਾਤਿ ਤਕ ਕਿਹਾ ਜਾਣ ਲਗਿਆ ।

ਅਧਿਆਤਮਿਕ ਕਾਵਿ ਵਿਚ ਕਲਾਲ ਨੂੰ ਪ੍ਰਤੀਕਾਤਮਕ ਰੂਪ ਵਿਚ ਰੱਬ ਦੇ ਸੱਚੇ ਪ੍ਰੇਮੀ ਜਾਂ ਸੰਪਰਕ ਸਥਾਪਿਤ ਕਰਨ ਵਾਲੇ ਦੇ ਰੂਪ ਵਿਚ ਚਿੱਤਰਿਆ ਗਿਆ ਹੈ । ਬੁੱਲ੍ਹੇ ਸ਼ਾਹ ਨੇ ਕਿਹਾ ਹੈ—'ਘਰ ਕਲਾਲਾਂ ਦਾ ਤੇਰੇ ਪਾਸੇ,/ਉਥੇ ਆਵਣ ਮਸਤ ਪਿਆਸੇ ।/ਭਰ ਭਰ ਪੀਵਣ ਪਿਆਲੇ ਕਾਸੇ,/ਤੂੰ ਵੀ ਜੀਅ ਲਲਚਾਵੇਂਗਾ ।/ਪਿਆਰਿਆ ਸੰਭਲ ਕੇ ਨੇਹੁ ਲਾ,/ਪਿਛੋਂ ਪਛਤਾਵੇਂਗਾ ।'

ਕਬੀਰ ਨੇ ਆਤਮ-ਤੱਤ੍ਵ ਵਿਚ ਮਗਨਤਾ ਵਾਲੀ ਬਿਰਤੀ ਨੂੰ ਕਲਾਲੀ ਪ੍ਰਤੀਕ ਰਾਹੀਂ ਚਿੱਤਰਿਤ ਕੀਤਾ ਹੈ—'ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ' (ਅ. ਗ੍ਰੰ. 969) ।

ਕਲਾਲੀ : ਵੇਖੋ 'ਕਲਾਲ' ।

ਕਲਿ : ਵੇਖੋ 'ਕਲ੍ਹ' ।

ਕਲਿੰਗ : ਇਹ ਨਾਂ ਕੇਵਲ ਇਕ ਨਗਰ ਦਾ ਹੀ ਨਹੀਂ, ਸਗੋਂ ਇਕ ਜਨ-ਪਦ ਜਾਂ ਪ੍ਰਦੇਸ਼ ਦਾ ਵੀ ਹੈ ਜੋ ਵੈਤਰਣੀ ਅਤੇ ਗੋਦਾਵਰੀ ਨਾਂ ਦੀਆਂ ਨਦੀਆਂ ਦੇ ਵਿਚਾਲੇ ਪੂਰਵੀ ਸਮੁੰਦਰੀ ਤਟ ਨਾਲ ਲਗਦਾ ਹੈ । ਇਸ ਦੀ ਹੱਦ ਕਦੇ ਗੰਗਾ ਦੇ ਮੁਹਾਨੇ ਤੋਂ ਗੋਦਾਵਰੀ ਤਕ ਪਸਰੀ ਹੋਈ ਸੀ, ਪਰ ਜ਼ਿਆਦਾ ਤਰ ਮਹਾਨਦੀ ਅਤੇ ਗੋਦਾਵਰੀ ਨਦੀਆਂ ਦੇ ਵਿਚਾਲੇ ਤਕ ਹੀ ਸੀਮਿਤ ਮੰਨੀ ਜਾਂਦੀ ਹੈ ।

ਪੁਰਾਤਨ ਸਾਹਿੱਤ ਅਤੇ ਦਸਤਾਵੇਜ਼ਾਂ ਵਿਚ ਕਲਿੰਗ ਦਾ ਉੱਲੇਖ ਪੂਰਵੀ ਜਨਪਦਾਂ ਜਾਂ ਰਾਜਾਂ ਵਿਚ ਹੋਇਆ ਹੈ । ਇਥੋਂ ਦੇ ਹਾਥੀ ਉੱਤਮ ਮੰਨੇ ਜਾਂਦੇ ਸਨ । ਇਹ ਦੇਸ਼ ਮੌਰੀਆ ਵੰਸ਼ ਦੇ ਰਾਜਿਆਂ ਤੋਂ ਪਹਿਲਾਂ ਮਗਧ ਦੇ ਸਮ੍ਰਾਟ ਨੰਦ ਦੇ ਰਾਜ ਦਾ ਇਕ ਹਿੱਸਾ ਸੀ । ਪਰ ਚੰਦ੍ਰਗੁਪਤ ਮੌਰੀਆ ਅਤੇ ਬਿੰਦੁਸਾਰ ਦੇ ਕਾਲ ਵਿਚ ਇਹ ਸੁਤੰਤਰ ਹੋ ਗਿਆ । ਇਸ ਰਾਜ ਪਾਸ ਬੜੀ ਤੱਕੜੀ ਸੈਨਾ ਹੋਣ ਦੇ ਹਵਾਲੇ ਮਿਲਦੇ ਹਨ ।

ਅਸ਼ੋਕ ਨੇ ਬੜਾ ਭਿਆਨਕ ਯੁੱਧ ਕਰਕੇ ਕਲਿੰਗ ਨੂੰ ਜਿੱਤਿਆ ਪਰ ਇਸ ਯੁੱਧ ਵਿਚ

ਹੋਈ ਮਾਰ ਕਾਟ ਨੇ ਅਸ਼ੋਕ ਨੂੰ ਇਤਨਾ ਉਦਾਸ ਕਰ ਦਿੱਤਾ ਕਿ ਇਸ ਨੇ ਆਪਣਾ ਪ੍ਰਾਸਚਿਤ ਬੁੱਧ ਧਰਮ ਧਾਰਣ ਕਰਕੇ ਕੀਤਾ। ਅਸ਼ੋਕ-ਕਾਲ ਵਿਚ ਕਲਿੰਗ ਦੀ ਰਾਜਧਾਨੀ ਤੋਂਸਲੀ ਸੀ ਜੋ ਹੁਣ ਭੁਵਨੇਸ਼ਵਰ ਤੋਂ ਕੁਝ ਕਿ. ਮੀਟਰ ਦੱਖਣ ਵਿਚ ਧਾਲੀ ਨਾਂ ਨਾਲ ਪ੍ਰਸਿੱਧ ਹੈ। ਇਸ ਤੋਂ ਬਾਦ ਇਸ ਦੇ ਖੇਤਰ ਅਤੇ ਸ਼ਾਸਕਾਂ ਵਿਚ ਅਨੇਕ ਤਬਦੀਲੀਆਂ ਆਈਆਂ ਜਿਨ੍ਹਾਂ ਦਾ ਇਕ ਲੰਬਾ ਇਤਿਹਾਸ ਹੈ।

ਪੰਜਾਬੀ ਕਵੀਆਂ ਨੇ ਕਲਿੰਗ ਉਤੇ ਅਸ਼ੋਕ ਵਲੋਂ ਪ੍ਰਾਪਤ ਕੀਤੀ ਜਿੱਤ ਦੇ ਦੁਖਾਂਤ ਬਾਰੇ ਕਵਿਤਾਵਾਂ/ਵਾਰਾਂ ਰਾਹੀਂ ਭਾਵ ਪ੍ਰਗਟਾਏ ਹਨ।

ਕਲਿਯੁਗ : ਪੁਰਾਣ-ਸਾਹਿੱਤ ਵਿਚ ਸ੍ਰਿਸ਼ਟੀ ਦੀ ਸੰਪੂਰਣ ਅਵਧੀ ਨੂੰ ਸੌਖ ਲਈ ਚਾਰ ਯੁਗਾਂ ਵਿਚ ਵੰਡਿਆ ਗਿਆ ਹੈ, ਜਿਵੇਂ ਸਤਯੁਗ, ਤ੍ਰੇਤਾ, ਦੁਆਪਰ ਅਤੇ ਕਲਿਯੁਗ। ਗੁਪਤਵੰਸ਼ ਦੇ ਰਾਜਿਆਂ ਦੇ ਇਤਿਹਾਸ ਤੋਂ ਬਾਦ ਦਾ ਸਮਾਂ ਆਮ ਤੌਰ ਤੇ ਕਲਿਯੁਗ ਮੰਨਿਆ ਜਾਂਦਾ ਹੈ। ਇਸ ਵਿਚ ਪਸਰੇ ਅਨੇਕ ਦੋਸ਼ਾਂ ਦਾ ਵਰਣਨ ਮਿਲਦਾ ਹੈ। ਇਸ ਵਿਚ ਮਾਨਵ ਸਮਾਜ ਦੀ ਅਵਸਥਾ ਬਹੁਤ ਡਿਗੀ ਹੋਈ ਦਸੀ ਜਾਂਦੀ ਹੈ। ਇਸ ਦੀ ਦਸ਼ਾ ਸੁਧਾਰਨ ਲਈ ਕਲਕੀ ਅਵਤਾਰ ਦੇ ਪ੍ਰਗਟ ਹੋਣ ਦੀ ਭਵਿਸ਼ਵਾਣੀ ਵੀ ਪੁਰਾਣਾਂ ਵਿਚ ਮਿਲ ਜਾਂਦੀ ਹੈ।

ਯੁਗਾਂ ਦਾ ਸੰਬੰਧ ਜੋਤਿਸ਼-ਸ਼ਾਸਤ੍ਰ ਨਾਲ ਵੀ ਰਿਹਾ ਹੈ। ਆਰਯ ਭੱਟ ਨਾਂ ਦੇ ਹਿਮਾਬਦਾਨ (ਗਣਿਤੱਗ) ਨੇ ਮਹਾਭਾਰਤ ਦੇ ਯੁੱਧ ਦਾ ਸਮਾਂ ਅਤੇ ਕਲਿਯੁਗ ਦੇ ਆਰੰਭ ਦਾ ਸਮਾਂ 3102 ਈ. ਪੂ. ਨਿਸ਼ਚਿਤ ਕੀਤਾ ਹੈ, ਪਰ ਕੁਝ ਹੋਰ ਵਿਦਵਾਨਾਂ ਨੇ ਇਸ ਯੁਗ ਦਾ ਆਰੰਭ ਮਹਾਭਾਰਤ ਤੋਂ 635 ਵਰ੍ਹੇ ਪਹਿਲਾਂ ਦਸਿਆ ਹੈ। ਇਸ ਤਰ੍ਹਾਂ ਇਸ ਦੇ ਆਰੰਭ ਬਾਰੇ ਵਿਦਵਾਨਾਂ ਵਿਚ ਮਤ-ਏਕਤਾ ਨਹੀਂ ਹੈ। ਪਰ ਆਮ ਵਿਸ਼ਵਾਸ ਅਨੁਸਾਰ ਕਲਿਯੁਗ ਦਾ ਆਰੰਭ ਮਹਾਭਾਰਤ ਦੇ ਯੁੱਧ ਤੋਂ ਬਾਦ ਉਦੋਂ ਹੋਇਆ ਜਦੋਂ ਸ੍ਰੀ ਕ੍ਰਿਸ਼ਣ ਦੀ ਮ੍ਰਿਤੂ ਹੋ ਚੁੱਕੀ ਸੀ ਅਤੇ ਪਾਂਡਵ ਹਿਮਾਲਾ ਪਰਬਤ ਤੇ ਬਰਫ਼ ਵਿਚ ਗਲ ਗਏ ਸਨ ਅਤੇ ਪਰੀਕ੍ਸ਼ਿਤ ਰਾਜ-ਗੱਦੀ ਉਤੇ ਬੈਠਾ ਸੀ। ਇਸ ਤਰ੍ਹਾਂ ਪਰੀਕ੍ਸ਼ਿਤ ਕਲਿਯੁਗ ਦਾ ਪਹਿਲਾ ਰਾਜਾ ਸੀ। ਪਰ ਇਸ ਯੁਗ ਦੇ ਆਰੰਭ ਬਾਰੇ ਸਹੀ ਜਾਣਕਾਰੀ ਉਦੋਂ ਤਕ ਪ੍ਰਾਪਤ ਨਹੀਂ ਹੋ ਸਕਦੀ, ਜਦੋਂ ਤਕ ਮਹਾਭਾਰਤ ਦਾ ਯੁੱਧ-ਕਾਲ ਨਿਸ਼ਚਿਤ ਨਹੀਂ ਹੁੰਦਾ।

ਕਲਿਯੁਗ ਦੀ ਮਿਆਦ ਵਿਦਵਾਨਾਂ ਨੇ 4,32,000 ਵਰ੍ਹੇ ਦਸੀ ਹੈ। ਇਸ ਵਿਚ ਮਨੁੱਖ ਦੀ ਉਮਰ 100 ਵਰ੍ਹੇ ਅਨੁਮਾਨੀ ਗਈ ਹੈ ਅਤੇ ਧਰਮ ਤੇ ਨੇਕੀ ਦਾ ਕੇਵਲ ਚੌਥਾ ਭਾਗ ਬਾਕੀ ਬਚਿਆ ਦਸਿਆ ਗਿਆ ਹੈ। ਇਸ ਲਈ ਇਸ ਯੁਗ ਵਿਚ ਧਰਮ ਦੀ ਅਧਿਕ ਹਾਨੀ ਹੋਣ ਕਾਰਣ ਇਸ ਨੂੰ ਨੀਚ ਯੁਗ ਸਮਝਿਆ ਜਾਂਦਾ ਹੈ। ਮੱਧ-ਯੁਗ ਦੇ ਸੰਤਾਂ, ਭਗਤਾਂ ਨੇ ਇਸ ਯੁਗ ਦਾ ਆਪਣੀਆਂ ਰਚਨਾਵਾਂ ਵਿਚ ਅਧਿਕ ਵਰਣਨ ਕੀਤਾ ਹੈ। ਇਸ ਦੇ ਦੋ ਕਾਰਣ ਹਨ। ਇਕ ਇਹ ਕਿ ਸੰਤ ਅਤੇ ਭਗਤ ਲੋਕ ਖ਼ੁਦ ਇਸ ਯੁਗ ਵਿਚ ਹੋਏ ਸਨ। ਦੂਜਾ ਇਹ ਕਿ ਉਨ੍ਹਾਂ ਨੇ ਧਰਮ ਦੀ ਸਥਾਪਨਾ ਉਤੇ ਬਲ ਦੇਣ ਲਈ ਇਸ ਯੁਗ ਦੇ ਦੋਸ਼ਾਂ ਨੂੰ ਉਘਾੜਿਆ ਹੈ।

ਗੁਰੂ ਨਾਨਕ ਦੇਵ ਅਨੁਸਾਰ ਕਲਿਯੁਗ ਵਿਚ ਧਰਮ ਦੀ ਕੇਵਲ ਇਕ ਕਲਾ (ਸ਼ਕਤੀ) ਰਹਿ ਗਈ ਹੈ। ਇਸ ਯੁਗ ਵਿਚ ਪੂਰੇ ਗੁਰੂ ਤੋਂ ਬਿਨਾ ਪਰਮਾਤਮਾ ਦਾ ਸੰਯੋਗ ਪ੍ਰਾਪਤ ਕਰਨਾ ਸੰਭਵ ਨਹੀਂ—'ਕਲੀ ਕਾਲ ਮਹਿ ਇਕ ਕਲ ਰਾਖੀ ।/ਬਿਨੁ ਗੁਰ ਪੂਰੇ ਕਿਨੈ ਨ ਭਾਖੀ ।/ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ' (ਆ. ਗ੍ਰੰ. 1024)। ਗੁਰੂ ਨਾਨਕ ਦੇਵ ਦੀ ਕਲਯੁਗ ਬਾਰੇ ਇਹ ਵੀ ਧਾਰਣਾ ਹੈ ਕਿ ਇਹ ਕਿਤੇ ਨਹੀਂ ਸੁਣਿਆ ਗਿਆ ਕਿ ਕਲਿਯੁਗ ਫਲਾਣੀ ਥਾਂ ਜਾਂ ਦੇਸ਼ ਵਿਚ ਆਇਆ ਹੋਇਆ ਹੈ ਜਾਂ ਕਿਸੇ ਖ਼ਾਸ ਤੀਰਥ ਉਤੇ ਬੈਠਾ ਹੈ। ਅਸਲ ਵਿਚ, ਕਲਿਯੁਗ ਦੇ ਲੱਛਣ ਇਹ ਹਨ ਕਿ ਉਸ ਯੁਗ ਵਿਚ ਸੱਚੇ ਧਰਮ ਦੀ ਪਾਲਣਾ ਕਰਨ ਵਾਲਾ ਵਿਅਕਤੀ ਨਸ਼ਟ ਹੁੰਦਾ ਹੈ, ਤਪ-ਧਾਮਾਂ ਵਿਚ ਤਪੱਸਿਆ ਨਹੀਂ ਹੁੰਦੀ, ਹਰਿਨਾਮ ਜੱਪਣ ਵਾਲੇ ਦਾ ਅਪਕਾਰ ਹੁੰਦਾ ਹੈ—'ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ।/ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ।/ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨਾ ਹੋਈ ।/ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲੱਛਣ ਸੋਈ'...(ਆ. ਗ੍ਰੰ. 602-3)।

ਸੱਚ ਤਾਂ ਇਹ ਹੈ ਕਿ ਜਦੋਂ ਅਤੇ ਜਿਥੇ ਲੋਕ ਅਧਰਮ ਵਿਚ ਲੀਨ ਹੋਣ, ਉਥੇ ਉਦੋਂ ਕਲਿਯੁਗ ਦੀ ਅਵਸਥਾ ਸਮਝਣੀ ਚਾਹੀਦੀ ਹੈ। ਫਲਸਰੂਪ ਗੁਰੂ ਜੀ ਮਨੁੱਖ ਦੀ ਮਾਨਸਿਕਤਾ ਅਨੁਸਾਰ ਯੁਗ ਦਾ ਸਰੂਪ ਨਿਸ਼ਚਿਤ ਕਰਦੇ ਹਨ।

ਕਵਲਾ : ਲਕ੍ਸ਼ਮੀ ਦਾ ਇਕ ਨਾਮਾਂਤਰ। ਵੇਖੋ 'ਲਕ੍ਸ਼ਮੀ'।

ਕਵਲਾਸ : ਵੇਖੋ 'ਕੈਲਾਸ਼'।

ਕਵਲਾਸਣ : ਬ੍ਰਹਮਾ ਦਾ ਇਕ ਨਾਮਾਂਤਰ। ਵੇਖੋ 'ਬ੍ਰਹਮਾ'।

ਕਵਲਾਪਤੀ : ਕਵਲਾ (ਲਕ੍ਸ਼ਮੀ) ਦਾ ਪਤੀ ਵਿਸ਼ਨੂ। ਵੇਖੋ 'ਵਿਸ਼ਣੂ'।

ਕਾਅਬਾ : ਮੁਸਲਮਾਨਾਂ ਦਾ ਪ੍ਰਮੁਖ ਧਰਮ-ਸਥਾਨ ਜੋ ਅਰਬ ਦੇਸ਼ ਦੇ ਮੱਕਾ ਨਾਂ ਦੇ ਨਗਰ ਵਿਚ ਸਥਿਤ ਹੈ। ਇਸ ਨੂੰ ਕਿਸ ਨੇ ਬਣਵਾਇਆ, ਇਸ ਬਾਰੇ ਵੱਖ ਵੱਖ ਰਵਾਇਤਾਂ ਪ੍ਰਚਲਿਤ ਹਨ, ਪਰ ਸਭ ਤੋਂ ਮਹੱਤਵਪੂਰਣ ਪਰੰਪਰਾ ਇਹ ਹੈ ਕਿ ਹਜ਼ਰਤ ਇਬਰਾਹੀਮ (ਵੇਖੋ) ਨੇ ਆਪਣੇ ਪੁੱਤਰ ਦੀ ਬਲੀ ਦੇਣ ਦੀ ਅਜ਼ਮਾਇਸ਼ ਵਿਚ ਸਫਲ ਹੋਣ ਉਪਰੰਤ ਆਪਣੇ ਪੁੱਤਰ ਇਸਮਾਈਲ ਦੇ ਸਹਿਯੋਗ ਨਾਲ ਧਰਮ-ਪ੍ਰਚਾਰ ਦੇ ਜਿਸ ਵਿਸ਼ਵਵਿਆਪੀ ਅੰਦੋਲਨ ਦਾ ਸੰਚਾਲਨ ਕੀਤਾ, ਉਸ ਦਾ ਆਰੰਭ ਕਾਅਬੇ ਵਾਲੀ ਥਾਂ ਤੋਂ ਹੋਇਆ ਸੀ। ਉਦੋਂ ਇਹ ਵੀ ਸਥਾਪਨਾ ਕੀਤੀ ਗਈ ਕਿ ਰੱਬ ਵਿਚ ਯਕੀਨ ਰਖਣ ਵਾਲੇ ਸਾਰੇ ਲੋਕ ਇਸ ਸਥਾਨ ਉਤੇ ਆ ਕੇ ਭਗਤੀ ਕਰਨ ਅਤੇ ਆਪਣੇ ਇਲਾਕਿਆਂ ਨੂੰ ਪਰਤ ਕੇ ਇਸਲਾਮ ਦਾ ਪ੍ਰਚਾਰ ਕਰਨ।

ਹਜ਼ਰਤ ਇਬਰਾਹੀਮ ਦੇ ਦੇਹਾਂਤ ਤੋਂ ਬਾਦ ਕਾਅਬਾ ਕਈ ਵਾਰ ਡਿਗਿਆ ਅਤੇ ਫਿਰ ਤੋਂ ਉਸਾਰਿਆ ਗਿਆ। ਇਕ ਵਾਰ ਹਜ਼ਰਤ ਮੁਹੰਮਦ ਸਾਹਿਬ ਤੋਂ ਵੀ ਇਸ ਦੀ ਨੀਂਹ ਰਖਵਾਈ ਗਈ ਦਸੀ ਜਾਂਦੀ ਹੈ। ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਕਾਅਬੇ ਵਿਚ ਅਨੇਕ ਬੁਤ ਸਥਾਪਿਤ ਸਨ ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ। ਪਰ ਇਕ ਅੱਲ੍ਹਾ

ਵਿਚ ਵਿਸ਼ਵਾਸ ਰਖਣ ਵਾਲੇ ਹਜ਼ਰਤ ਮੁਹੰਮਦ ਨੇ ਸਾਰਿਆਂ ਬੁੱਤਾਂ ਨੂੰ ਉਥੋਂ ਹਟਵਾ ਦਿੱਤਾ। ਕਾਅਬੇ ਦੀ ਵਰਤਮਾਨ ਇਮਾਰਤ ਦੀ ਉਸਾਰੀ ਸੰਨ 1040 ਹੀ. ਵਿਚ ਰੂਮ ਦੇਸ਼ ਦੇ ਉਸਮਾਨੀ ਬਾਦਸ਼ਾਹ ਮੁਰਾਦ ਚੌਥੇ ਨੇ ਕਰਵਾਈ ਜਿਸ ਵਿਚ ਸਮੇਂ ਸਮੇਂ ਥੋੜ੍ਹਾ ਬਹੁਤ ਸੁਧਾਰ ਹੁੰਦਾ ਰਿਹਾ।

ਮਹਾਨ-ਕੋਸ਼ਕਾਰ ਅਨੁਸਾਰ ਕਾਅਬੇ ਦੀ "ਪੂਰਵ ਵਲ ਦੀ ਬਾਹੀ, ਜਿਧਰ ਦਰਵਾਜ਼ਾ ਖੁਲਦਾ ਹੈ, 33 ਗਜ਼ ਲੰਬੀ ਹੈ, ਪੱਛਮ ਦੀ 31 ਗਜ਼, ਉੱਤਰ ਦੀ 22 ਅਤੇ ਦੱਖਣ ਦੀ 20 ਗਜ਼ ਹੈ। ਬੁਲੰਦੀ 35 ਫੁਟ ਹੈ। ਚਿਣਾਈ ਭੂਰੇ ਰੰਗ ਦੇ ਪੱਥਰ ਦੀ ਚੂਨੇ ਨਾਲ ਹੋਈ ਹੈ।" ਕਾਅਬੇ ਦੀ ਵਿਸ਼ਾਲ ਇਮਾਰਤ ਵਿਚ ਧਰਤੀ ਤੋਂ ਪੰਜ ਫੁਟ ਉੱਚਾਈ ਤੇ ਸੰਗਿ-ਅਸਵਦ (ਕਾਲਾ ਪੱਥਰ) ਜੜ੍ਹਿਆ ਹੋਇਆ ਹੈ ਜਿਸ ਨੂੰ ਮੁਸਲਮਾਨ ਯਾਤ੍ਰੀ ਚੁੰਮਦੇ ਹਨ। ਕਾਅਬੇ ਦੇ ਇਰਦ-ਗਿਰਦ ਬਹੁਤ ਵਿਸ਼ਾਲ ਪਰਿਕ੍ਰਮਾ ਹੈ ਜਿਸ ਵਿਚ ਯਾਤ੍ਰੀ ਬੜੇ ਸੌਖ ਨਾਲ ਵਿਚਰ ਸਕਦੇ ਹਨ। ਕਾਅਬੇ ਦੀ ਇਮਾਰਤ ਕਾਲੇ ਰੇਸ਼ਮੀ ਕਪੜੇ ਨਾਲ ਢਕੀ ਰਹਿੰਦੀ ਹੈ ਜਿਸ ਉਤੇ ਕੁਰਾਨ ਵਿਚੋਂ ਆਇਤਾਂ ਲਿਖੀਆਂ ਹੁੰਦੀਆਂ ਹਨ। 'ਹੱਜ' ਦੇ ਅਵਸਰ 'ਤੇ ਲੱਖਾਂ ਵਿਅਕਤੀ ਜ਼ਿਆਰਤ ਕਰਨ ਲਈ ਇਥੇ ਪਹੁੰਚਦੇ ਹਨ। ਸੰਤਾਂ, ਫ਼ਕੀਰਾਂ ਨੇ ਇਸ ਧਰਮ-ਧਾਮ ਦੀਆਂ ਰੂੜ੍ਹ ਮਾਨਤਾਵਾਂ ਤੋਂ ਹਟ ਕੇ ਆਪਣੇ ਅੰਦਰ ਹੀ ਕਾਅਬੇ ਦੀ ਸਥਿਤੀ ਮੰਨੀ ਹੈ। ਗੁਰੂ ਨਾਨਕ ਦੇਵ ਨੇ ਸੱਚੀ ਕਰਣੀ ਨੂੰ ਕਾਅਬਾ ਦਸਿਆ ਹੈ—'ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ' (ਅ. ਗ੍ਰੰ. 140)।

ਕਾਸ਼ੀ : ਹਿੰਦੂ ਧਰਮ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਪ੍ਰਮੁਖ ਅਤੇ ਅਤਿ-ਪ੍ਰਾਚੀਨ 'ਕਾਸ਼ੀ' ਨਗਰ ਦਾ ਇਤਿਹਾਸ ਤਿੰਨ ਹਜ਼ਾਰ ਵਰ੍ਹਿਆਂ ਤੋਂ ਵੀ ਅਧਿਕ ਪੁਰਾਣਾ ਹੈ। ਬੁੱਧ ਧਰਮ ਵਾਲਿਆਂ ਵਿਚ ਵੀ ਇਸ ਦਾ ਆਦਰਪੂਰਵਕ ਸਥਾਨ ਹੈ ਕਿਉਂਕਿ ਬੋਧ-ਗਯਾ ਵਿਚ ਨਿਰਵਾਣ ਪ੍ਰਾਪਤ ਹੋਣ ਤੇ ਮਹਾਤਮਾ ਬੁੱਧ ਨੇ ਆਪਣਾ ਸਭ ਤੋਂ ਪਹਿਲਾ ਵਿਖਿਆਨ ਇਸ ਨਗਰ ਵਿਚ ਦਿੱਤਾ ਸੀ। ਇਥੇ ਬੋਧੀ ਸਤੂਪ ਤੋਂ ਇਲਾਵਾ ਸਾਰਨਾਥ ਦਾ ਮੰਦਿਰ ਵੀ ਹੈ। ਜੈਨੀਆਂ ਵਿਚ ਵੀ ਇਸ ਨਗਰ ਦੀ ਮਾਨਤਾ ਹੈ ਕਿਉਂਕਿ ਤਿੰਨ ਤੀਰਥਾਂਕਰਾਂ ਦੀ ਵੀ ਇਹ ਜਨਮਭੂਮੀ ਹੈ।

ਪੁਰਾਣ-ਸਾਹਿੱਤ ਵਿਚ ਵਿਸਤਾਰ ਨਾਲ ਇਸ ਨਗਰ ਦੇ ਮਹਾਤਮ ਦਸੇ ਗਏ ਹਨ। ਇਸ ਦੀ ਮਹਾਨਤਾ ਸੰਬੰਧੀ ਬਹੁਤ ਸਾਰਾ ਸਾਹਿੱਤ ਵੀ ਰਚਿਆ ਗਿਆ ਹੈ। ਇਹ ਵਿਦਿਆ ਪ੍ਰਾਪਤੀ ਦਾ ਵੀ ਬਹੁਤ ਵੱਡਾ ਕੇਂਦਰ ਰਿਹਾ ਹੈ। ਉਪਨਿਸ਼ਦਾਂ ਅਨੁਸਾਰ ਅਜਾਤਸ਼ਤ੍ਰੂ ਨੇ ਇਥੇ ਬ੍ਰਹਮ-ਵਿਦਿਆ ਅਤੇ ਅਗਨੀ-ਵਿਦਿਆ ਦੇ ਕੇਂਦਰ ਸਥਾਪਿਤ ਕੀਤੇ ਸਨ।" ਉਹ ਆਪ ਵੀ ਇਨ੍ਹਾਂ ਵਿਦਿਆਵਾਂ ਵਿਚ ਬਹੁਤ ਪ੍ਰਬੀਨ ਸੀ।

'ਸਕੰਦ ਪੁਰਾਣ' ਦੇ 'ਕਾਸ਼ੀ-ਖੰਡ' ਅਨੁਸਾਰ ਇਸ ਨਗਰੀ ਦੇ ਪੰਜ ਨਾਂ ਰਹੇ ਹਨ। ਇਕ 'ਵਾਰਾਣਸੀ', ਕਿਉਂਕਿ ਇਹ ਵਰਨਾ ਅਤੇ ਅਸੀ ਨਦੀਆਂ ਵਿਚਾਲੇ ਸਥਿਤ ਹੈ। ਦੂਜਾ 'ਕਾਸ਼ੀ', ਜੋ ਕਾਸ਼੍ ਧਾਤੂ ਤੋਂ ਬਣਿਆ ਹੈ ਅਤੇ ਜਿਸ ਦਾ ਅਰਥ ਹੈ ਪ੍ਰਕਾਸ਼ਿਤ ਹੋਣਾ ਜਾਂ ਕਰਨਾ, ਕਿਉਂਕਿ ਇਹ ਮਨੁੱਖ ਦੇ ਮੁਕਤੀ-ਮਾਰਗ ਨੂੰ ਪ੍ਰਕਾਸ਼ਿਤ ਕਰਦੀ ਹੈ ਜਾਂ ਇਥੇ

ਸ਼ਿਵ ਦੀ ਜੋਤੀ ਪ੍ਰਕਾਸ਼ਮਾਨ ਹੁੰਦੀ ਹੈ। ਤੀਜਾ 'ਅਵਿਮੁਕਤ', ਕਿਉਂਕਿ ਇਹ ਪਾਪਾਂ (ਅਵਿ) ਤੋਂ ਮੁਕਤ ਨਗਰੀ ਹੈ। ਚੌਥਾ 'ਆਨੰਦਕਾਨਨ', ਕਿਉਂਕਿ ਇਹ ਭਗਵਾਨ ਸ਼ਿਵ ਨੂੰ ਅਤਿ ਪ੍ਰਿਯ ਹੈ ਅਤੇ ਆਨੰਦ ਪ੍ਰਦਾਨ ਕਰਦੀ ਹੈ। ਪੰਜਵਾਂ 'ਸ਼ਮਸ਼ਾਨ' ਅਥਵਾ ਮਹਾਸ਼ਮਸ਼ਾਨ, ਕਿਉਂਕਿ ਇਹ ਮਰਣ ਉਪਰੰਤ ਮਨੁੱਖਾਂ ਨੂੰ ਮੁਕਤ ਕਰਨ ਵਾਲੀ ਨਗਰੀ ਹੈ। ਇਥੇ 'ਸ਼ਮਸ਼ਾਨ' ਪ੍ਰੇਤ-ਭੂਮੀ ਲਈ ਵੀ ਵਰਤਿਆ ਗਿਆ ਹੋ ਸਕਦਾ ਹੈ। ਪਰਲੋ ਹੋਣ ਤੇ ਮਹਾਨ ਆਤਮਾ ਇਥੇ ਸ਼ਵ ਜਾਂ ਪ੍ਰੇਤ ਦੇ ਰੂਪ ਵਿਚ ਨਿਵਾਸ ਕਰਦੀ ਹੈ। ਭਾਵੇਂ ਇਹ ਪੰਜੇ ਨਾਂ ਸਮਾਨਾਰਥਕ ਹਨ ਪਰ ਪੁਰਾਣਾਂ ਵਿਚ ਕਾਸ਼ੀ, ਵਾਰਾਣਸੀ ਅਤੇ ਅਵਿਮੁਕਤ ਦੇ ਵਿਸਤਾਰ-ਖੇਤਰ ਵਿਚ ਅੰਤਰ ਦਸਿਆ ਗਿਆ ਹੈ। ਸ਼ਿਵ ਦੀ ਉਪਾਸਨਾ ਨਾਲ ਸੰਬੰਧਿਤ ਹੋਣ ਕਾਰਣ ਇਸ ਨੂੰ 'ਸ਼ਿਵਪੁਰੀ' ਜਾਂ 'ਸ਼ੰਕਰਪੁਰੀ' ਵੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਨੇ ਕਾਸ਼ੀ ਨੂੰ ਨਾਸ਼ਮਾਨ ਮੰਨਦੇ ਹੋਇਆਂ ਕਿਹਾ ਹੈ—'ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ।ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ' (ਅ. ਗ੍ਰੰ. 1100)।

ਧਾਰਮਿਕ ਦ੍ਰਿਸ਼ਟੀ ਤੋਂ ਇਸ ਦਾ ਬਹੁਤ ਅਧਿਕ ਮਹੱਤਵ ਹੈ। ਬ੍ਰਹਮ-ਹਤਿਆ ਦਾ ਅਪਰਾਧੀ ਵੀ ਭਗਵਾਨ ਵਿਸ਼੍ਵੇਸ਼੍ਵਰ ਦੀ ਮੂਰਤੀ ਦੇ ਕੇਵਲ ਦਰਸ਼ਨ ਕਰਨ ਨਾਲ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਕਹਿੰਦੇ ਹਨ ਕਿ ਪ੍ਰਾਚੀਨ ਕਾਲ ਵਿਚ ਇਥੇ ਇਕ ਸੌ ਮੰਦਿਰ ਸਨ। ਇਕ ਮੰਦਿਰ ਵਿਚ ਭਗਵਾਨ ਮਹੇਸ਼੍ਵਰ ਦੀ ਇਕ ਸੌ ਫੁਟ ਉੱਚੀ ਤਾਂਬੇ ਦੀ ਮੂਰਤੀ ਸੀ। ਬਾਦ ਵਿਚ ਇਥੇ ਮੰਦਿਰਾਂ ਦੀ ਗਿਣਤੀ ਵਧਦੀ ਗਈ।

ਔਰੰਗਜ਼ੇਬ ਨੇ ਇਥੋਂ ਦੇ ਅਨੇਕਾਂ ਮੰਦਿਰ ਤੁੜਵਾਏ ਅਤੇ ਮਸਜਿਦਾਂ ਬਣਵਾਈਆਂ ਅਤੇ ਇਸ ਨਗਰ ਦਾ ਨਾਂ 'ਮੁਹੰਮਦਾਬਾਦ' ਰਖਿਆ ਜੋ ਪ੍ਰਚਲਿਤ ਨਾ ਹੋ ਸਕਿਆ। ਇਥੋਂ ਦੇ ਸਰਵ ਪ੍ਰਮੁਖ ਵਿਸ਼੍ਵਨਾਥ ਮੰਦਿਰ ਦਾ ਸ਼ਿਵਲਿੰਗ, ਔਰੰਗਜ਼ੇਬ ਦੁਆਰਾ ਤੁੜਵਾਏ ਜਾਣ ਤੋਂ ਬਾਦ, ਲਗਭਗ ਇਕ ਸੌ ਵਰ੍ਹੇ ਤਕ ਯਾਤ੍ਰੀਆਂ ਦੇ ਦਰਸ਼ਨਾਂ ਲਈ ਇਕ ਥਾਂ ਤੋਂ ਦੂਜੀ ਥਾਂ ਤੇ ਲਿਆਇਆ ਜਾਂਦਾ ਰਿਹਾ। ਇਸ ਦਾ ਵਰਤਮਾਨ ਮੰਦਿਰ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਰਾਣੀ ਅਹਲਿਆ ਬਾਈ ਹੋਲਕਰ ਨੇ ਬਣਵਾਇਆ ਸੀ।

ਵਿਸ਼੍ਵਨਾਥ ਮੰਦਿਰ ਦੀ ਯਾਤ੍ਰਾ ਤੋਂ ਇਲਾਵਾ ਇਥੋਂ ਦੇ ਪੰਜ ਤੀਰਥਾਂ (ਦਸ਼ਾਸ਼੍ਵ-ਮੇਧ, ਲੋਕਾਰਕ, ਕੇਸ਼ਵ, ਬਿੰਦੁਮਾਧਵ ਅਤੇ ਮਣੀਕਰਣਿਕਾ) ਦੀ ਯਾਤ੍ਰਾ ਵੀ ਵਿਸ਼ੇਸ਼ ਮਹੱਤਵ ਰਖਦੀ ਹੈ। ਲਗਭਗ 80 ਕਿ. ਮੀ. ਲੰਬੀ ਇਸ ਯਾਤ੍ਰਾ ਨੂੰ ਕੋਈ ਯਾਤ੍ਰੀ ਮਣੀਕਰਣਿਕਾ ਕੇਂਦਰ ਤੋਂ ਸ਼ੁਰੂ ਕਰਕੇ ਕਾਸ਼ੀ ਦੀ ਅਰਧ-ਵ੍ਰਿਤ-ਆਕਾਰ ਵਿਚ ਪਰਿਕ੍ਰਮਾ ਕਰਦਾ ਹੋਇਆ ਫਿਰ ਮਣੀਕਰਣਿਕਾ ਪਹੁੰਚ ਜਾਂਦਾ ਹੈ। ਇਹ ਯਾਤ੍ਰਾ ਛੇ ਦਿਨਾਂ ਵਿਚ ਮੁਕਦੀ ਹੈ। ਇਸ ਦੌਰਾਨ ਸੈਂਕੜੇ ਮੰਦਿਰਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਮੱਧ-ਯੁਗ ਵਿਚ ਸੁਆਮੀ ਰਾਮਾਨੰਦ, ਸੰਤ ਕਬੀਰ, ਸੰਤ ਰਵਿਦਾਸ ਆਦਿ ਨੇ ਕਾਸ਼ੀ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਸਿੱਖ ਗੁਰੂ ਸਾਹਿਬਾਨ ਵਿਚੋਂ ਗੁਰੂ ਨਾਨਕ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਇਥੇ ਆਏ ਸਨ। ਉਨ੍ਹਾਂ ਦੀ ਯਾਤ੍ਰਾ ਨਾਲ ਸੰਬੰਧਿਤ ਕਈ ਗੁਰੂ-ਧਾਮ ਇਥੇ ਮੌਜੂਦ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ ਨੂੰ ਇਥੇ ਸੰਸਕ੍ਰਿਤ ਵਿਚ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ ਸੀ। ਇਨ੍ਹਾਂ

ਸਿੱਖਾਂ ਦੁਆਰਾ ਬਾਦ ਵਿਚ ਨਿਰਮਲ ਸੰਪ੍ਰਦਾਇ ਦਾ ਵਿਕਾਸ ਹੋਇਆ।

ਕਾਂਗੜਾ : ਇਕ ਪੁਰਾਣੀ ਪਹਾੜੀ ਰਿਆਸਤ ਅਤੇ ਉਸ ਦੀ ਰਾਜਧਾਨੀ, ਜਿਥੇ ਕਦੇ ਕਟੋਚ ਰਾਜਪੂਤ ਹਕੂਮਤ ਕਰਦੇ ਸਨ। ਕਾਂਗੜਾ ਰਿਆਸਤ ਵਿਚ ਕਾਂਗੜਾ, ਨੂਰਪੁਰ, ਹਰੀਪੁਰ, ਅੰਦਰੇਟਾ, ਬੈਜਨਾਥ, ਸੁਜਾਨਪੁਰ, ਰਵਾਲਾ ਟਿਲਾ, ਡੇਰਾ ਗੋਪੀਪੁਰਾ, ਪਾਲਮਪੁਰ, ਨਗਰੋਟਾ ਆਦਿ ਨਗਰ ਅਤੇ ਉਨ੍ਹਾਂ ਨਾਲ ਲਗਦੇ ਇਲਾਕੇ ਸ਼ਾਮਲ ਸਨ। ਕਾਂਗੜਾ ਨਗਰ ਪਠਾਨਕੋਟ ਤੋਂ 84 ਕਿ. ਮੀ. ਪੂਰਵੀ ਦਿਸ਼ਾ ਵਲ ਹੈ। ਇਹ ਨਗਰ ਬਾਣ-ਗੰਗਾ ਅਤੇ ਮਾਝੀ ਨਦੀਆਂ ਦੇ ਵਿਚਾਲੇ ਆਬਾਦ ਹੈ। ਇਸ ਦੇ ਦੱਖਣ ਵਲ ਪੁਰਾਣਾ ਕਿਲਾ ਹੈ ਅਤੇ ਉੱਤਰ ਵਿਚ ਵਰਜੇਸ਼ੁਰੀ ਦੇਵੀ ਦਾ ਮੰਦਿਰ ਹੈ। ਪ੍ਰਾਕ੍ਰਿਤਿਕ ਤੌਰ ਤੇ ਇਸ ਨਗਰ ਦੇ ਇਕ ਪਾਸੇ ਬਰਫ਼ਾਂ ਨਾਲ ਲਦੀਆਂ ਧੌਲਾਧਾਰ ਦੀਆਂ ਪਹਾੜੀਆਂ ਹਨ ਅਤੇ ਦੂਜੇ ਪਾਸੇ ਹਰੀਆਂ ਭਰੀਆਂ ਪਹਾੜੀਆਂ। ਧੌਲਾਧਾਰ ਦੀ ਬਰਫ਼ ਦੇ ਪਿਘਲਣ ਨਾਲ ਬਣੀਆਂ ਨਿੱਕੀਆਂ ਨਿੱਕੀਆਂ ਨਦੀਆਂ ਸਾਰੇ ਵਾਤਾਵਰਣ ਨੂੰ ਵਿਸ਼ੇਸ਼ ਖ਼ੂਬਸੂਰਤੀ ਪ੍ਰਦਾਨ ਕਰਦੀਆਂ ਹਨ।

ਇਸ ਨਗਰ ਨੂੰ ਮਹਾਭਾਰਤ ਦੇ ਯੁੱਧ ਤੋਂ ਬਾਦ ਰਾਜਾ ਸੁਸਰਮਾਚੰਦ ਨੇ ਵਸਾਇਆ ਸੀ। ਉਦੋਂ ਇਸ ਸ਼ਹਿਰ ਦਾ ਨਾਂ ਨਗਰਕੋਟ ਸੀ ਅਤੇ ਕਿਲੇ ਦਾ ਨਾਂ ਕਾਂਗੜਾ ਸੀ। ਇਹ ਕਿਲਾ ਸੈਨਿਕ ਦ੍ਰਿਸ਼ਟੀ ਤੋਂ ਇਰਦ-ਗਿਰਦ ਦੇ ਇਲਾਕੇ ਵਿਚ ਬਹੁਤ ਮਸ਼ਹੂਰ ਸੀ। ਕਾਲਾਂਤਰ ਵਿਚ ਕਿਲੇ ਦੇ ਨਾਂ ਤੇ ਹੀ ਨਗਰ ਅਤੇ ਬਾਦ ਵਿਚ ਪੂਰੀ ਰਿਆਸਤ ਦਾ ਨਾਂ ਵੀ ਕਾਂਗੜਾ ਪ੍ਰਚਲਿਤ ਹੋ ਗਿਆ। ਇਕ ਰਵਾਇਤ ਅਨੁਸਾਰ ਮਰਨ ਵੇਲੇ ਜਲੰਧਰ ਦੈਂਤ ਦਾ ਜਿਥੇ ਸਿਰ ਟਿਕਿਆ ਸੀ, ਉਥੇ ਹੀ ਕਾਨਗੜ੍ਹ ਨਾਂ ਦਾ ਕਿਲਾ ਬਣਿਆ ਜੋ ਬਾਦ ਵਿਚ ਕਾਂਗੜਾ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਇਲਾਕੇ ਨੂੰ, ਮੰਦਿਰਾਂ ਦੀ ਅਧਿਕਤਾ ਕਾਰਣ, 'ਦੇਵ-ਭੂਮੀ' ਸਮਝਿਆ ਜਾਂਦਾ ਹੈ। ਇਸ ਦੇ ਮੰਦਿਰਾਂ ਵਿਚਲੀਆਂ, ਖ਼ਾਸ ਤੌਰ ਤੇ ਦੇਵੀ ਦੇ ਮੰਦਿਰ ਦੀਆਂ ਕੀਮਤੀ ਵਸਤੂਆਂ, ਨੂੰ ਲੁਟਣ ਲਈ ਸੰਨ 1009 ਈ. ਵਿਚ ਮਹਿਮੂਦ: ਗ਼ਜ਼ਨਵੀ ਨੇ ਹਮਲਾ ਕੀਤਾ ਅਤੇ ਫਿਰ ਸੰਨ 1360 ਈ. ਵਿਚ ਫਿਰੋਜ਼ਸ਼ਾਹ ਨੇ ਲੁਟ ਮਚਾਈ।

ਅਠਾਰ੍ਹਵੀਂ ਸਦੀ ਵਿਚ ਇਥੇ ਕਲਾ ਦਾ ਕਾਫ਼ੀ ਵਿਕਾਸ ਹੋਇਆ। ਚਿੱਤ੍ਰਕਲਾ ਨੂੰ ਉਤਸਾਹ ਦੇ ਕੇ ਰਾਜਾ ਸੰਸਾਰ ਚੰਦ ਨੇ ਕਾਂਗੜਾ ਦਾ ਨਾਂ ਚਿੱਤ੍ਰਕਲਾ ਦੇ ਇਤਿਹਾਸ ਵਿਚ ਸਥਾਪਿਤ ਕੀਤਾ। ਸਿੱਖ ਰਾਜ ਵੇਲੇ ਇਹ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸੀ। ਸ਼ਾਹ ਮੁਹੰਮਦ ਨੇ ਸੰਕੇਤ ਕੀਤਾ ਹੈ—'ਮੁਲਤਾਨ ਕਸ਼ਮੀਰ ਪਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾ ਗਿਆ।' ਲਾਹੌਰ ਦਰਬਾਰ ਦੀ ਬਰਬਾਦੀ ਤੋਂ ਬਾਦ ਇਸ ਰਿਆਸਤ ਉਤੇ ਅੰਗ੍ਰੇਜ਼ਾਂ ਨੇ ਕਬਜ਼ਾ ਕਰ ਲਿਆ।

ਸੰਨ 1905 ਈ. ਵਿਚ ਆਏ ਭੁਚਾਲ ਕਾਰਣ ਦੇਵੀ ਦਾ ਮੰਦਿਰ ਅਤੇ ਕਿਲਾ ਕਾਫ਼ੀ ਹੱਦ ਤਕ ਬਰਬਾਦ ਹੋ ਗਏ। ਸਮੇਂ ਸਮੇਂ ਸਰਕਾਰਾਂ ਦੇ ਬਦਲਣ ਨਾਲ ਇਸ ਦਾ ਮਹੱਤਵ ਘਟਦਾ ਗਿਆ। ਹੁਣ ਇਹ ਹਿਮਾਚਲ ਦੇ ਧਰਮਸਾਲਾ ਜ਼ਿਲੇ ਵਿਚ ਸ਼ਾਮਲ ਹੈ। ਇਥੋਂ ਦੇ ਮੰਦਿਰ ਅਤੇ ਪ੍ਰਾਕ੍ਰਿਤਿਕ ਨਜ਼ਾਰਿਆਂ ਨੂੰ ਵੇਖਣ ਲਈ ਹਰ ਸਾਲ ਹਜ਼ਾਰਾਂ

ਯਾਤ੍ਰੀ ਆਉਂਦੇ ਹਨ ।

ਕਾਂਚੀ, ਪੁਰੀ : ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚ ਇਸ ਨੂੰ ਗਿਣਿਆ ਜਾਂਦਾ ਹੈ। ਇਹ ਮਦਰਾਸ ਤੋਂ 72 ਕਿ. ਮੀ. ਦੱਖਣ-ਪੱਛਮ ਵਿਚ ਪੈਂਦੀ ਹੈ। ਇਥੇ ਹਰਿ (ਵਿਸ਼ਣੂ) ਅਤੇ ਹਰ (ਸ਼ਿਵ) ਦੋਹਾਂ ਦੀ ਪੂਜਾ ਦਾ ਵਿਧਾਨ ਹੈ। ਇਸ ਕਰਕੇ ਇਹ ਦੋ ਭਾਗਾਂ ਵਿਚ ਵੰਡੀ ਹੋਈ ਹੈ। ਇਕ ਦਾ ਨਾਂ ਸ਼ਿਵ-ਕਾਂਚੀ ਹੈ ਅਤੇ ਦੂਜੀ ਦਾ ਨਾਂ ਵਿਸ਼ਣੂ-ਕਾਂਚੀ। ਇਕ ਦੰਦ-ਕਥਾ ਅਨੁਸਾਰ ਇਥੇ ਦੇਵੀ ਦੇ ਦਰਸ਼ਨਾਂ ਦੀ ਇੱਛਾ ਨਾਲ ਬ੍ਰਹਮਾ ਨੇ ਘੋਰ ਤਪ ਕੀਤਾ ਸੀ।

ਇਥੇ ਇਸੇ ਨਾਂ ਦਾ ਇਕ ਨਗਰ ਅੱਜ ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ ਤੋਂ ਮੌਜੂਦ ਦਸਿਆ ਜਾਂਦਾ ਹੈ। ਅਜੋਕਾ ਕਾਂਚੀਵਰਮ ਨਗਰ ਉਸੇ ਦਾ ਆਧੁਨਿਕ ਰੂਪ ਹੈ। ਧਾਰਮਿਕ ਦ੍ਰਿਸ਼ਟੀ ਤੋਂ ਪੁਰਾਤਨ ਨਗਰ ਮਦਰਾਸ ਪ੍ਰਾਂਤ ਦਾ ਸਭ ਤੋਂ ਵੱਡਾ ਕੇਂਦਰ ਸੀ। ਬੁੱਧ ਧਰਮ ਦਾ ਵੀ ਇਥੇ ਪ੍ਰਚਾਰ ਕੇਂਦਰ ਰਿਹਾ ਹੈ। ਇਥੋਂ ਦੇ ਮੰਦਿਰ ਕਲਾ ਅਤੇ ਸੁੰਦਰਤਾ ਵਜੋਂ ਬੇਜੋੜ ਹਨ। ਸ਼ਿਲਪ ਕਲਾ ਦੇ ਪੱਖੋਂ ਪੱਲਵ ਰਾਜਿਆਂ ਦੀ ਬਹੁਤ ਦੇਣ ਹੈ। ਗੁਰਬਾਣੀ ਵਿਚ ਇਸ ਨੂੰ 'ਕਾਂਤੀ' ਲਿਖਿਆ ਮਿਲਦਾ ਹੈ—'ਗੰਗਾ ਜਮੁਨਾ ਕੇਲ ਕੇਦਾਰਾ ।/ਕਾਸੀ ਕਾਂਤੀ ਪੁਰੀ ਦੁਆਰਾ' (ਅ. ਗ੍ਰੰ. 1022)।

ਕਾਂਤੀ : ਵੇਖੋ 'ਕਾਂਚੀ, ਪੁਰੀ'।

ਕਾਬਲ : ਅਫ਼ਗਾਨਿਸਤਾਨ ਦਾ ਇਕ ਪ੍ਰਸਿੱਧ ਨਗਰ ਜੋ ਕਾਬਲ ਨਾਂ ਦੀ ਨਦੀ ਦੇ ਕੰਢੇ ਉਤੇ ਵਸੇ ਹੋਣ ਕਾਰਣ 'ਕਾਬਲ' ਅਖਵਾਉਂਦਾ ਹੈ। ਇਸ ਦੇ ਨਾਂ ਤੇ ਹੀ ਪੂਰਵੀ ਅਫ਼ਗਾਨਿਸਤਾਨ ਦਾ ਖੇਤਰ ਕਾਬਲ ਪ੍ਰਾਂਤ ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਨਗਰ ਲਗਭਗ ਤਿੰਨ ਹਜ਼ਾਰ ਵਰ੍ਹੇ ਪੁਰਾਣਾ ਮੰਨਿਆ ਜਾਂਦਾ ਹੈ। ਹਿਜਰੀ ਸੰਨ ਦੇ ਪੈਂਤੀਸਵੇਂ ਵਰ੍ਹੇ ਵਿਚ ਇਸ ਉਤੇ ਅਰਬਾਂ ਦਾ ਕਬਜ਼ਾ ਹੋਇਆ ਸੀ। ਤੇਰ੍ਹਵੀਂ ਸਦੀ ਵਿਚ ਮੰਗੋਲਾਂ ਨੇ ਇਸ ਉਤੇ ਕਬਜ਼ਾ ਕੀਤਾ ਅਤੇ ਸ਼ਹਿਰ ਨੂੰ ਬਹੁਤ ਬਰਬਾਦ ਕੀਤਾ। ਫਿਰ ਇਸ ਉਤੇ ਬਾਬਰ ਦਾ ਅਧਿਕਾਰ ਹੋ ਗਿਆ। ਉਸ ਪਿਛੋਂ ਹੁਮਾਯੂੰ ਨੇ ਇਸ ਨੂੰ ਆਪਣੇ ਭਰਾ ਪਾਸੋਂ ਖੋਹ ਲਿਆ ਅਤੇ ਸੰਨ 1738 ਈ. ਵਿਚ ਨਾਦਰ ਸ਼ਾਹ ਦੁਆਰਾ ਜਿੱਤੇ ਜਾਣ ਤਕ ਇਹ ਮੁਗ਼ਲ ਬਾਦਸ਼ਾਹਾਂ ਦੇ ਅਧੀਨ ਰਿਹਾ।

ਨਾਦਰ ਸ਼ਾਹ ਤੋਂ ਬਾਦ ਅਹਿਮਦ ਸ਼ਾਹ ਅਬਦਾਲੀ (ਦੁਰਾਨੀ) ਨੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਕਾਲਾਂਤਰ ਵਿਚ ਅੰਗ੍ਰੇਜ਼ਾਂ ਨੇ ਇਸ ਉਤੇ ਕਬਜ਼ਾ ਕਰਨ ਦੇ ਕਈ ਯਤਨ ਕੀਤੇ ਅਤੇ ਸੰਨ 1880 ਈ. ਵਿਚ ਅਬਦੁਰ ਰਹਿਮਾਨ ਖ਼ਾਨ ਨੂੰ ਅਮੀਰ ਵਜੋਂ ਮਾਨਤਾ ਦੇ ਕੇ ਅੰਗ੍ਰੇਜ਼ਾਂ ਨੇ ਇਸ ਉਤੇ ਆਪਣਾ ਦਾਵਾ ਛਡ ਦਿੱਤਾ। ਸੈਨਿਕ ਦ੍ਰਿਸ਼ਟੀ ਤੋਂ ਇਸ ਨਗਰ ਦਾ ਕਿਲਾ ਬਹੁਤ ਮਹੱਤਵਪੂਰਣ ਰਿਹਾ ਹੈ। ਮੁਸਲਮਾਨ ਹਮਲਾਵਰ ਇਥੋਂ ਹੀ ਯੋਜਨਾ-ਬੱਧ ਢੰਗ ਨਾਲ ਭਾਰਤ ਉਤੇ ਆਕ੍ਰਮਣ ਕਰਦੇ ਰਹੇ ਸਨ।

ਆਪਣੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਇਸ ਨਗਰ ਵਿਚ ਗਏ ਸਨ। ਪੰਜਵੇਂ, ਛੇਵੇਂ ਅਤੇ ਸੱਤਵੇਂ ਗੁਰੂ ਸਾਹਿਬਾਨ ਵੇਲੇ ਇਥੇ ਸਿੱਖ ਧਰਮ ਦਾ ਬਹੁਤ

ਪ੍ਰਚਾਰ ਰਿਹਾ ਹੈ। ਭਾਈ ਗੁਰਦਾਸ ਨੇ ਪੰਜਵੇਂ ਗੁਰੂ ਦੇ ਸਿੱਖਾਂ ਵਿਚ ਕਾਬਲ ਦੇ ਸਿੱਖਾਂ ਦਾ ਨਾਮ-ਉੱਲੇਖ ਕੀਤਾ ਹੈ—'ਭਾਨਾ ਮਲ੍ਹਣੁ ਜਾਣੀਐ ਕਾਬਲਿ ਰੇਖ ਰਾਉ ਗੁਰਭਾਈ' (11/26); ਪ੍ਰੀਤਮ ਸਿੰਘ ਕਾਸਦ ਨੇ ਇਸ ਨਗਰ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਲੰਡਨ, ਗਜ਼ਨੀ ਤੇ ਕਾਬਲ ਦੇ ਤਖ਼ਤ ਕੰਬੇ, ਜਦੋਂ ਸੂਰਮੇ ਚੜ੍ਹੇ ਗੋਬਿੰਦ ਸਿੰਘ ਦੇ।'

ਕਾਬਾ : ਵੇਖੋ 'ਕਾਅਬਾ'।

ਕਾਮਕੰਦਲਾ : ਮਾਧਵਾਨਲ ਦੀ ਪ੍ਰੇਮਿਕਾ। ਵੇਖੋ 'ਮਾਧਵਾਨਲ'।

ਕਾਮਧੇਨ : ਇਕ ਵਿਸ਼ੇਸ਼ ਗਊ ਜਿਸ ਦਾ ਸੰਬੰਧ ਸਮੁੰਦਰ ਰਿੜਕਣ ਨਾਲ ਜੋੜਿਆ ਜਾਂਦਾ ਹੈ ਕਿਉਂਕਿ ਇਹ ਉਸ ਸਮੇਂ ਨਿਕਲੇ ਚੌਦਾਂ ਰਤਨਾਂ ਵਿਚੋਂ ਇਕ ਸੀ। ਇਸ ਵਿਚ ਹਰ ਪ੍ਰਕਾਰ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦੀ ਸ਼ਕਤੀ ਦਸੀ ਜਾਂਦੀ ਹੈ। ਇਹ ਗਊ ਦੇਵਤਿਆਂ ਨੇ ਪ੍ਰਾਪਤ ਕਰਕੇ ਅਗੋਂ ਸਪਤ-ਰਿਸ਼ੀਆਂ ਨੂੰ ਦੇ ਦਿੱਤੀ ਅਤੇ ਫਿਰ ਇਹ ਵਸਿਸ਼ਠ ਪਾਸ ਹੀ ਪੱਕੇ ਤੌਰ ਤੇ ਰਹਿ ਗਈ। ਇਸ ਗਊ ਦੇ ਹੋਣ ਕਰਕੇ ਵਸਿਸ਼ਠ ਦਾ ਮਹੱਤਵ ਬਹੁਤ ਵਧ ਗਿਆ ਜਿਸ ਕਰਕੇ ਰਿਸ਼ੀਆਂ ਵਿਚ ਆਪਸੀ ਖਿਚ-ਤਾਣ ਦੀ ਭਾਵਨਾ ਵਿਕਸਿਤ ਹੋਣ ਲਗ ਗਈ।

'ਬਾ. ਰਾਮਾਇਣ' ਅਨੁਸਾਰ ਵਿਸ਼ਵਾਮਿਤਰ ਨੇ ਵਸਿਸ਼ਠ ਦੇ ਘਰ ਇਸ ਗਊ ਨੂੰ ਵੇਖਿਆ ਤਾਂ ਇਸ ਨੂੰ ਪ੍ਰਾਪਤ ਕਰਨ ਲਈ ਉਸ ਦੇ ਸਿਰ ਵਿਚ ਭੂਤ ਸਵਾਰ ਹੋ ਗਿਆ। ਉਸ ਨੇ ਵਸਿਸ਼ਠ ਪਾਸ ਇਸ ਗਊ ਨੂੰ ਹਾਸਲ ਕਰਨ ਲਈ ਬਹੁਤ ਤਰਲੇ ਕੀਤੇ, ਪਰ ਉਸ ਨੇ ਨਾਂਹ ਕਰ ਦਿੱਤੀ। ਇਥੋਂ ਤਕ ਕਿ ਇਸ ਗਊ ਦੇ ਬਦਲੇ ਵਿਸ਼ਵਾਮਿਤਰ ਨੇ ਆਪਣਾ ਸਭ ਕੁਝ ਦੇ ਦੇਣਾ ਚਾਹਿਆ। ਅੰਤ ਉਸ ਨੇ ਜ਼ਬਰਦਸਤੀ ਗਊ ਹਥਿਆ ਲਈ, ਪਰ ਗਊ ਉਸ ਦੇ ਕਬਜ਼ੇ ਵਿਚੋਂ ਨਿਕਲ ਕੇ ਆਪਣੇ ਮਾਲਕ ਪਾਸ ਆ ਗਈ ਅਤੇ ਉਸ ਦੀ ਤੇ ਆਪਣੀ ਰੱਖਿਆ ਲਈ ਇਕ ਸੈਨਿਕ ਦਲ ਤਿਆਰ ਕੀਤਾ। ਵਿਸ਼ਵਾਮਿਤਰ ਨੇ ਆਪਣੇ ਸੈਂਕੜੇ ਪੁੱਤਰਾਂ ਸਹਿਤ ਜੰਗ ਕਰਨ ਦਾ ਉੱਦਮ ਕੀਤਾ, ਪਰ ਵਸਿਸ਼ਠ ਨੇ ਉਨ੍ਹਾਂ ਸਭ ਨੂੰ ਸਰਾਪ ਦੇ ਕੇ ਭਸਮ ਕਰ ਦਿੱਤਾ। ਇਸ ਨਿਰਾਸ਼ਾ ਤੋਂ ਬਚਣ ਲਈ ਵਿਸ਼ਵਾਮਿਤਰ ਨੂੰ ਬ੍ਰਾਹਮਣ ਦਾ ਰੂਪ ਧਾਰਣ ਕਰਨਾ ਪਿਆ।

ਇਕ ਹੋਰ ਕਥਾ ਅਨੁਸਾਰ ਇਕ ਗਊ ਜਿਸ ਦਾ ਨਾਂ ਕਪਿਲਾ ਸੀ, ਵਿਸ਼ਣੂ ਨੇ ਬ੍ਰਹਮਾ ਨੂੰ ਦਿੱਤੀ। ਉਸ ਤੋਂ ਭ੍ਰਿਗੂ ਰਿਸ਼ੀ ਨੇ ਪ੍ਰਾਪਤ ਕੀਤਾ ਅਤੇ ਭ੍ਰਿਗੂ ਤੋਂ ਜਮਦਗਨੀ ਨੂੰ ਮਿਲੀ। ਜਦੋਂ ਕਾਰਤਵੀਰਯ ਨੇ ਜਮਦਗਨੀ ਨੂੰ ਮਾਰ ਦਿੱਤਾ ਤਾਂ ਇਹ ਗਊ ਬ੍ਰਹਮਲੋਕ ਨੂੰ ਚਲੀ ਗਈ। ਜਮਦਗਨੀ ਦਾ ਬਦਲਾ ਲੈਣ ਲਈ ਪਰਸ਼ੁਰਾਮ ਨੇ ਛਤ੍ਰੀਆਂ ਦਾ ਵਿਆਪਕ ਬਧ ਕੀਤਾ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਕਥਾਵਾਂ ਇਸ ਨਾਲ ਜੋੜੀਆਂ ਜਾਂਦੀਆਂ ਹਨ। ਇਸ ਦੇ ਕਈ ਹੋਰ ਨਾਂ ਵੀ ਪ੍ਰਚਲਿਤ ਹੋ ਗਏ, ਜਿਵੇਂ ਕਪਿਲਾ, ਕਾਮਦੂ, ਸ਼ਵਲਾ, ਸੁਰਭੀ ਆਦਿ।

ਮੱਧ-ਯੁਗ ਦੇ ਸੰਤਾਂ ਨੇ ਪਰਮਾਤਮਾ ਨੂੰ ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਦੇ ਸਮਰਥ ਦਸਦੇ ਹੋਇਆਂ ਉਸ ਲਈ 'ਕਾਮਧੇਨੁ' ਦਾ ਉਪਮਾਨ ਵਰਤਿਆ ਹੈ। ਗੁਰੂ

ਅਰਜਨ ਦੇਵ ਅਨੁਸਾਰ 'ਪਾਰਿਜਾਤੁ ਇਹੁ ਹਰਿ ਕੋ ਨਾਮੁ ।/ਕਾਮਧੇਨ ਹਰਿ ਹਰਿ ਗੁਣ ਗਾਮ' (ਆ. ਗ੍ਰੰ. 265) ।

'ਕਾਲਿਕਾ ਪੁਰਾਣ' ਦੇ ਇਕ ਆਖਿਆਨ ਵਿਚ ਉਪਰੋਕਤ ਬ੍ਰਿੱਤਾਂਤ ਤੋਂ ਹਟ ਕੇ ਲਿਖਿਆ ਹੈ ਕਿ ਦਕਸ਼ ਦੀ ਕੰਨਿਆ ਸੁਰਭੀ ਤੋਂ ਕਸ਼ਯਪ ਦੀ ਪੁੱਤਰੀ ਰੋਹਿਣੀ ਪੈਦਾ ਹੋਈ । ਰੋਹਿਣੀ ਦੇ ਗਰਭ ਤੋਂ ਪੈਦਾ ਹੋਏ ਸੂਰਸੇਨ ਨਾਂ ਦੇ ਵਸੂ ਦੇ ਵੀਰਜ ਤੋਂ ਕਾਮਧੇਨੂ ਦਾ ਜਨਮ ਹੋਇਆ । ਇਕ ਵਿਸ਼ਈ ਵੇਤਾਲ ਕਾਮਧੇਨੂ ਦੀ ਸੁੰਦਰਤਾ ਵੇਖ ਕੇ ਮੋਹਿਤ ਹੋ ਗਿਆ । ਉਸ ਨੇ ਬਲਦ ਦਾ ਰੂਪ ਧਾਰ ਕੇ ਕਾਮਧੇਨੂ ਨਾਲ ਭੋਗ ਕੀਤਾ । ਫਲਸਰੂਪ ਉਸ ਦੀ ਕੁੱਖ ਤੋਂ ਇਕ ਵੱਡੇ ਕਦ-ਬੁਤ ਵਾਲੇ ਬਲਦ ਦਾ ਜਨਮ ਹੋਇਆ । ਇਹ ਬਲਦ ਸ਼ਿਵ ਦਾ ਵਾਹਨ ਬਣਿਆ ।

ਕਾਮ-ਦੇਵ : ਭਾਰਤੀ ਵਿਚਾਰ ਪਰੰਪਰਾ ਕਾਮ ਨੂੰ ਪ੍ਰੇਮ ਦਾ ਦੇਵਤਾ ਮੰਨਦੀ ਹੈ । ਇਸ ਦੇ ਕਈ ਨਾਮਾਂਤਰ ਹਨ, ਜਿਵੇਂ ਮਾਰ, ਮਨੋਜ, ਅਨੰਗ, ਮਦਨ ਆਦਿ । ਇਸ ਨੂੰ ਪੱਛਮੀ ਵਿਦਵਾਨਾਂ ਨੇ ਇਰੋਸ, ਕਿਊਪਿਡ ਆਦਿ ਨਾਵਾਂ ਨਾਲ ਯਾਦ ਕੀਤਾ ਹੈ ।

ਵੈਦਿਕ ਸਾਹਿੱਤ ਵਿਚ ਇਸ ਨੂੰ ਪਹਿਲਾਂ ਕਾਮਨਾ ਰੂਪ ਵਿਚ ਪ੍ਰਤੀਤ ਹੁੰਦਾ ਦਸਿਆ ਗਿਆ ਹੈ ਜੋ ਅਗੋਂ ਜਾ ਕੇ ਸ਼ਕਤੀ ਪੁੰਜ ਬਣ ਜਾਂਦਾ ਹੈ ਅਤੇ ਕਾਮਨਾ ਦੀ ਤ੍ਰਿਪਤੀ ਕਰਦਾ ਹੈ । 'ਅਥਰਵ ਵੇਦ' ਵਿਚ ਕਾਮ ਨੂੰ ਇਸ ਸੰਸਾਰ ਵਿਚ ਸਭ ਤੋਂ ਪਹਿਲਾਂ ਪੈਦਾ ਹੋਇਆ ਲਿਖਿਆ ਹੈ । ਦੇਵਤਿਆਂ ਅਤੇ ਮਨੁੱਖਾਂ ਵਿਚ ਇਸ ਦੇ ਬਰਾਬਰ ਹੋਰ ਕੋਈ ਵੀ ਨਹੀਂ ਹੈ । ਇਹ ਉਨ੍ਹਾਂ ਸਭ ਨਾਲੋਂ ਉੱਚਾ ਅਤੇ ਸਦੀਵੀ ਤੌਰ ਤੇ ਮਹਾਨ ਹੈ । ਇਸ ਤਰ੍ਹਾਂ ਇਹ ਪਰਮ ਸੱਤਾ ਦੇ ਤੁਲ ਹੈ ।

ਕਾਮ ਦੇ ਜਨਕ ਅਤੇ ਜਨਨੀ ਬਾਰੇ ਵੀ ਵੱਖ-ਵੱਖ ਮਤ ਪ੍ਰਚਲਿਤ ਹਨ । 'ਤੈਤਿਰੀਯ ਬ੍ਰਾਹਮਣ' ਅਨੁਸਾਰ ਇਹ ਧਰਮ-ਰਾਜ ਦਾ ਪੁੱਤਰ ਹੈ ਜੋ ਸ਼੍ਰਧਾ ਦੇਵੀ ਦੀ ਕੁੱਖੋਂ ਪੈਦਾ ਹੋਇਆ । 'ਹਰਿਵੰਸ਼ ਪੁਰਾਣ' ਅਨੁਸਾਰ ਇਹ ਲੱਛਮੀ ਦਾ ਪੁੱਤਰ ਹੈ । ਇਸੇ ਤਰ੍ਹਾਂ ਕਿਸੇ ਨੇ ਇਸ ਨੂੰ ਬ੍ਰਹਮਾ ਦੇ ਹਿਰਦੇ ਤੋਂ, ਕਿਸੇ ਨੇ ਜਲ ਵਿਚੋਂ ਜੰਮਿਆ ਕਿਹਾ ਹੈ ਅਤੇ ਕਿਸੇ ਨੇ ਅਜਨਮਾ ਵੀ ਕਹਿ ਦਿੱਤਾ ਹੈ ।

ਪੁਰਾਣ-ਸਾਹਿੱਤ ਵਿਚ ਇਸ ਦੀ ਪਤਨੀ ਦਾ ਨਾਂ 'ਰਤਿ' ਲਿਖਿਆ ਹੈ । ਜਦੋਂ ਸ਼ਿਵ ਤਪੱਸਿਆ ਵਿਚ ਲੀਨ ਸੀ ਤਾਂ ਕਾਮ ਨੇ ਉਸ ਨੂੰ ਪਾਰਬਤੀ ਲਈ ਉਕਸਾਇਆ । ਸ਼ਿਵ ਨੇ ਕ੍ਰੋਧਵਾਨ ਹੋ ਕੇ ਆਪਣੀ ਤੀਜੀ ਅੱਖ ਨਾਲ ਕਾਮ ਨੂੰ ਭਸਮ ਕਰ ਦਿੱਤਾ । ਬਾਦ ਵਿਚ ਸ਼ਿਵ ਨੇ ਦਯਾਵਾਨ ਹੋ ਕੇ ਇਸ ਨੂੰ ਕ੍ਰਿਸ਼ਣ ਅਤੇ ਰੁਕਮਿਣੀ ਦੇ ਘਰ ਪ੍ਰਦਯੁਮਨ ਦੇ ਰੂਪ ਵਿਚ ਜਨਮ ਲੈਣ ਦੀ ਆਗਿਆ ਦਿੱਤੀ । ਇਸ ਦਾ ਇਕ ਪੁੱਤਰ 'ਅਨਿਰੁੱਧ' ਅਤੇ ਇਕ ਪੁੱਤਰੀ 'ਤ੍ਰਿਸ਼ਾ' ਵੀ ਹਨ ।

ਕਾਮ ਅਪੱਛਰਾਵਾਂ ਜਾਂ ਪਰੀਆਂ ਦਾ ਸੁਆਮੀ ਹੈ । ਇਸ ਦੇ ਹੱਥ ਵਿਚ ਗੰਨੇ ਦੀ ਬਣੀ ਹੋਈ ਕਮਾਨ ਹੈ ਜਿਸ ਦਾ ਚਿੱਲਾ ਸ਼ਹਿਦ ਦੀਆਂ ਮੱਖੀਆਂ ਦੀ ਤੰਦ ਦਾ ਹੁੰਦਾ ਹੈ । ਫੁਲ ਇਸ ਦੇ ਤੀਰ ਹਨ । ਇਹ ਬਹੁਤ ਸੁੰਦਰ ਜਵਾਨ ਹੈ ਅਤੇ ਤੋਤੇ ਦੀ ਸਵਾਰੀ ਕਰਦਾ ਹੈ । ਇਸ ਦੇ ਨਾਲ ਵਿਚਰਨ ਵਾਲੀਆਂ ਅਪੱਛਰਾਵਾਂ ਵਿਚੋਂ ਇਕ ਦੇ ਹੱਥ ਵਿਚ

ਮਕਰ-ਧੁਜ ਹੈ।

ਭਾਰਤੀ ਚਿੰਤਕਾਂ ਨੇ ਕਾਮ ਨੂੰ ਦਾਰਸ਼ਨਿਕ ਆਧਾਰ ਪ੍ਰਦਾਨ ਕਰਦਿਆਂ ਇਸ ਨੂੰ ਚਾਰ ਪੁਰਸ਼ਾਰਥਾਂ (ਧਰਮ, ਅਰਥ, ਕਾਮ, ਮੋਕਸ਼) ਵਿਚ ਗਿਣਿਆ ਹੈ ਅਤੇ ਧਰਮ ਦੁਆਰਾ ਸਿਵੀਕ੍ਰਿਤ ਮੰਨਿਆ ਹੈ। 'ਛਾਂਦੋਗ੍ਯ ਉਪਨਿਸ਼ਦ' (1/1/6) ਵਿਚ ਲਿਖਿਆ ਹੈ ਕਿ ਯੋਨੀ-ਲਿੰਗ-ਸੰਯੋਗ ਰਹੱਸਾਤਮਕ ਸ਼ਬਦ 'ਓਅੰ' ਦਾ ਸਮਾਨਾਰਥਕ ਹੈ। ਜਦ ਦੋਹਾਂ ਦਾ ਮੇਲ ਹੁੰਦਾ ਹੈ ਤਾਂ ਇਕ ਦੂਜੇ ਦੀ ਇੱਛਾ ਪੂਰੀ ਹੁੰਦੀ ਹੈ ਅਤੇ ਤ੍ਰਿਪਤੀ ਦੀ ਪ੍ਰਾਪਤੀ ਹੁੰਦੀ ਹੈ। ਫ੍ਰਾਇਡ, ਜੁੰਗ, ਐਡਲਰ ਆਦਿ ਮਨੋਵਿਗਿਆਨੀਆਂ ਨੇ ਆਪਣੇ ਢੰਗ ਨਾਲ ਕਾਮ ਦੇ ਮਹੱਤਵ ਉਤੇ ਪ੍ਰਕਾਸ਼ ਪਾਇਆ ਹੈ ਅਤੇ ਮਨੁੱਖ ਦੇ ਮਨੋਮਈ ਭੇਦ ਨੂੰ ਜਾਣਨ ਦਾ ਯਤਨ ਕੀਤਾ ਹੈ।

ਕਾਮ ਦੇ ਮੁੱਖ ਤੌਰ ਤੇ ਦੋ ਰੂਪ ਮੰਨੇ ਗਏ ਹਨ—ਇਕ ਵਾਸਨਾ ਅਤੇ ਦੂਜਾ ਪ੍ਰੇਮ। ਕਾਮ ਦੇ ਵਾਸਨਾ ਵਾਲੇ ਰੂਪ ਵਿਚ ਦੁਖ ਜਾਂ ਖੇਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਪ੍ਰੇਮ ਸਦਾ ਸੁਖ ਅਤੇ ਆਨੰਦ ਬਖ਼ਸ਼ਦਾ ਹੈ। ਮੱਧ-ਯੁਗ ਦੇ ਧਰਮ ਸਾਧਕਾਂ ਨੇ ਵਾਸਨਾ ਦੇ ਤਿਆਗ ਅਤੇ ਸੱਚੇ ਪ੍ਰੇਮ ਨੂੰ ਅਪਣਾਉਣ ਉਤੇ ਬਲ ਦਿੱਤਾ ਹੈ। ਪ੍ਰੇਮ ਤੋਂ ਸ਼ਕਤੀ ਪੈਦਾ ਹੁੰਦੀ ਹੈ ਅਤੇ ਵਾਸਨਾ ਨਾਲ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਕਾਮ ਦੇ ਪ੍ਰੇਮਮਈ ਰੂਪ ਦੀ ਮਹਾਨਤਾ ਨੂੰ ਸਾਹਮਣੇ ਰਖਦੇ ਹੋਇਆਂ ਧਰਮ-ਸਾਧਕਾਂ ਨੇ ਪ੍ਰੇਮ-ਭਗਤੀ ਦੀ ਪਿਰਤ ਪਾਈ ਹੈ। ਪਰ ਇਹ ਬੜੀ ਕਠਿਨ ਸਾਧਨਾ ਹੈ। ਗੁਰੂ ਨਾਨਕ ਦੇਵ ਅਨੁਸਾਰ ਸੱਚੇ ਪ੍ਰੇਮ ਲਈ ਪਹਿਲਾ ਸੀਸ ਭੇਂਟ ਕਰਨਾ ਪੈਂਦਾ ਹੈ—'ਜਉ ਤਉ ਪ੍ਰੇਮ ਖੇਲਣ ਕਾ ਚਾਉ।/ ਸਿਰੁ ਧਰਿ ਤਲੀ ਗਲੀ ਮੇਰੀ ਆਉ' (ਆ. ਗ੍ਰੰ. 1412)। ਗੁਰੂ ਜੀ ਨੇ ਕਾਮ ਦੇ ਵਾਸਨਾ ਵਾਲੇ ਰੂਪ ਦੀ ਮਨੋ-ਵਿਕਾਰ ਵਜੋਂ ਨਿਖੇਧੀ ਕੀਤੀ ਹੈ—'ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ।/ ਨਾਮ ਬਿਨਾ ਕੈਸੇ ਗੁਨ ਚਾਰੁ' (ਆ. ਗ੍ਰੰ. 1187)।

ਕਾਮਰੂਪ : ਵੇਖੋ 'ਕਾਵਰੂ-ਦੇਸ'।

ਕਾਰਤਵੀਰਯ : ਸਹਸ੍ਰਬਾਹੁ ਦਾ ਇਕ ਨਾਮਾਂਤਰ। ਵੇਖੋ 'ਸਹਸ੍ਰਬਾਹੁ'।

ਕਾਰਤਿਕੇਯ : ਦੇਵਤਿਆਂ ਦੇ ਸੈਨਾ-ਪਤੀ ਦੇ ਰੂਪ ਵਿਚ ਪ੍ਰਸਿੱਧ ਕਾਰਤਿਕੇਯ ਨੂੰ ਸ਼ਿਵ-ਪਾਰਬਤੀ ਦਾ ਪੁੱਤਰ ਮੰਨਿਆ ਜਾਂਦਾ ਹੈ ਜੋ ਸ਼ਿਵ ਤੋਂ, ਬਿਨਾ ਕਿਸੇ ਇਸਤਰੀ ਨਾਲ ਸੰਯੋਗ ਕੀਤੇ, ਪੈਦਾ ਹੋਇਆ ਸੀ। ਇਸ ਦੇ ਜਨਮ ਬਾਰੇ ਬੜੀਆਂ ਵਿਚਿਤ੍ਰ ਗੱਲਾਂ ਪ੍ਰਚਲਿਤ ਹਨ। ਪਰ ਉਨ੍ਹਾਂ ਵਿਚੋਂ ਅਧਿਕ ਪ੍ਰਸਿੱਧ ਆਖਿਆਨ 'ਬਾਲਮੀਕੀ ਰਾਮਾਇਣ' (ਬਾਲ-ਕਾਂਡ) ਅਤੇ 'ਮਹਾਭਾਰਤ' (ਸ਼ਲ੍ਯ, ਵਨ ਅਤੇ ਦਾਨ-ਧਰਮ ਪਰਵਾਂ) ਅਨੁਸਾਰ ਇਸ ਪ੍ਰਕਾਰ ਹੈ—ਸ਼ਿਵ ਅਤੇ ਪਾਰਬਤੀ ਨੂੰ ਤਪੱਸਿਆ ਵਿਚ ਮਗਨ ਵੇਖ ਕੇ ਦੇਵਤਿਆਂ ਨੂੰ ਚਿੰਤਾ ਹੋਈ ਕਿ ਤਾਰਕਾਸੁਰ ਨੂੰ ਮਾਰਨ ਲਈ ਇਹ ਸੈਨਾਪਤੀ-ਪੁੱਤਰ ਨੂੰ ਕਿਵੇਂ ਜਨਮ ਦੇਣਗੇ। ਦੇਵਤਿਆਂ ਦੀ ਪ੍ਰਾਰਥਨਾ ਤੇ ਸ਼ਿਵ ਨੇ ਆਪਣਾ ਵੀਰਜ ਅਗਨੀ ਵਿਚ ਪਾ ਦਿੱਤਾ। ਅਗਨੀ ਉਸ ਨੂੰ ਸੰਭਾਲ ਨਾ ਸਕੀ ਅਤੇ ਉਸ ਨੇ ਵੀਰਜ ਨੂੰ ਗੰਗਾ ਵਿਚ ਰੋੜ੍ਹ ਦਿੱਤਾ। ਗੰਗਾ ਨੇ ਵੀ ਆਪਣੇ ਆਪ ਨੂੰ ਗਰਭ ਧਾਰਣ ਕਰਨ ਦੇ ਸਮਰਥ ਨਾ ਸਮਝ ਕੇ ਵੀਰਜ ਨੂੰ ਹਿਮਾਲਯ ਦੀ ਚੋਟੀ ਉਤੇ ਸਰਕੰਡਿਆਂ ਦੇ ਝੁੰਡ ਵਿਚ ਰਖ ਦਿੱਤਾ। ਉਥੇ

ਉਸ ਨੇ ਬਾਲਕ ਰੂਪ ਧਾਰਣ ਕੀਤਾ। ਪੁੱਤਰ ਦੀ ਅਭਿਲਾਸ਼ਾ ਕਰਨ ਵਾਲੀਆਂ ਛੇ ਕ੍ਰਿਤਿਕਾਵਾਂ ਨੇ ਉਸ ਬਾਲਕ ਨੂੰ ਦੁੱਧ ਪਿਲਾਇਆ। ਹਰ ਇਕ ਦਾ ਦੁੱਧ ਪੀਣ ਲਈ ਬਾਲਕ ਨੇ ਛੇ ਮੂੰਹ ਧਾਰਣ ਕੀਤੇ। ਕ੍ਰਿਤਿਕਾਵਾਂ ਦੁਆਰਾ ਪਾਲੇ ਜਾਣ ਕਾਰਣ ਬਾਲਕ ਦਾ ਨਾਂ 'ਕਾਰਤਿਕੇਯ' ਪ੍ਰਸਿੱਧ ਹੋਇਆ। ਜਿਸ ਪਰਬਤ-ਸਥਾਨ ਉਤੇ ਗੰਗਾ ਨੇ ਵੀਰਜ ਨੂੰ ਰਖਿਆ ਸੀ, ਉਹ ਸਾਰਾ ਸੁਨਹਿਰੀ ਜਿਹਾ ਲਗਣ ਲਗਾ।

ਇਹ ਇਕ ਦਿਨ ਵਿਚ ਹੀ ਸ਼ਸਤ੍ਰ ਚਲਾਉਣ ਅਤੇ ਯੁੱਧ ਕਰਨ ਜੋਗ ਹੋ ਗਿਆ। ਬ੍ਰਹਮਾ ਨੇ ਇਸ ਨੂੰ ਦੇਵਤਿਆਂ ਦਾ ਸੈਨਾਪਤੀ ਬਣਾਇਆ। ਇਸ ਨੇ ਤਾਰਕਾਸੁਰ ਅਤੇ ਹੋਰ ਦੈੱਤ-ਨਾਇਕਾਂ ਨੂੰ ਮਾਰ ਕੇ ਦੇਵਤਿਆਂ ਨੂੰ ਭੈ ਤੋਂ ਮੁਕਤ ਕੀਤਾ। ਇਹ ਪਰਵਾਣੀ ਨਾਂ ਦੇ ਮੋਰ ਦੀ ਸਵਾਰੀ ਕਰਦਾ ਹੈ ਅਤੇ ਇਸ ਨੇ ਹੱਥ ਵਿਚ ਤੀਰ ਤੇ ਧਨੁਸ਼ ਧਾਰਣ ਕੀਤੇ ਹੋਏ ਹਨ। ਇਸ ਦੀ ਪਤਨੀ ਦਾ ਨਾਂ ਕੌਮਾਰੀ ਜਾਂ ਸੇਨਾ ਹੈ। ਇਸ ਦੇ ਕਈ ਨਾਂ ਪ੍ਰਚਲਿਤ ਹਨ, ਜਿਵੇਂ ਮੰਗਲ-ਗ੍ਰਹਿ, ਸਕੰਦ, ਛੇਮੁਖਾ (ਖੜਾਨਨ) ਤਾਰਕਾਰਿ, ਤਾਰਕਜਿਤ, ਸ਼ਕਤੀਧਰ ਆਦਿ। ਪੰਜਾਬ ਵਿਚ ਪ੍ਰਚਲਿਤ ਰਵਾਇਤ ਅਨੁਸਾਰ ਇਸ ਨੇ ਅਚਲ (ਬਟਾਲਾ) ਵਾਲੇ ਸਥਾਨ ਤੇ ਸਮਾਧੀ ਲਈ ਸੀ ਜਿਥੇ ਹੁਣ ਅਚਲ ਮੰਦਿਰ ਬਣਿਆ ਹੋਇਆ ਹੈ।

ਕਾਰੂੰ, ਬਾਦਸ਼ਾਹ : ਮਿਸਰ ਦੇਸ਼ ਵਿਚ ਹੋਇਆ ਇਕ ਬਾਦਸ਼ਾਹ ਜੋ ਹਜ਼ਰਤ ਮੂਸਾ ਦੇ ਚਾਚੇ ਦਾ ਪੁੱਤਰ ਅਤੇ ਯਸ਼ਰ ਦਾ ਬੇਟਾ ਸੀ। ਇਸ ਦਾ ਉੱਲੇਖ 'ਕੁਰਾਨ' (ਸੂਰਤ 28-29) ਵਿਚ ਹੋਇਆ ਹੈ। ਇਸਰਾਈਲ ਵੰਸ਼ ਵਿਚ ਹੋਏ ਇਸ ਬਾਦਸ਼ਾਹ ਦੀ ਕੰਜੂਸੀ ਬਹੁਤ ਪ੍ਰਸਿੱਧ ਹੈ। ਇਸ ਨੂੰ ਧਨ ਇਕੱਠਾ ਕਰਨ ਦੀ ਧੁੰਨ ਪਾਗਲਪਨ ਦੀ ਹੱਦ ਤਕ ਸਵਾਰ ਸੀ, ਪਰ ਖਰਚਣ ਵਿਚ ਬਿਲਕੁਲ ਵਿਸ਼ਵਾਸ ਨਹੀਂ ਰਖਦਾ ਸੀ। ਇਸ ਨੇ ਇਤਨਾ ਧਨ ਇਕੱਠਾ ਕਰ ਲਿਆ ਕਿ ਇਸ ਦੇ ਖ਼ਜ਼ਾਨਿਆਂ ਦੀਆਂ ਚਾਬੀਆਂ ਤਿੰਨ ਸੌ ਖ਼ਚਰਾਂ ਦੇ ਬੋਝ ਜਿਤਨੀਆਂ ਵਜ਼ਨੀ ਸਨ।

ਇਹ ਆਪਣੀ ਅਮੀਰੀ ਕਰਕੇ ਇਤਨਾ ਹੰਕਾਰਿਆ ਗਿਆ ਸੀ ਕਿ ਹਜ਼ਰਤ ਮੂਸਾ ਦੇ ਆਦੇਸ਼ ਦੀ ਵੀ ਪਰਵਾਹ ਨਹੀਂ ਕਰਦਾ ਸੀ ਅਤੇ ਧਰਮ-ਅਰਥ ਕਾਰਜਾਂ ਲਈ ਦਾਨ ਨਹੀਂ ਦਿੰਦਾ ਸੀ। ਫਲਸਰੂਪ ਹਜ਼ਰਤ ਮੂਸਾ ਦੀ ਕਰੋਪੀ ਦਾ ਪਾਤਰ ਬਣਿਆ ਅਤੇ ਉਸ ਦੇ ਸਰਾਪ ਨਾਲ ਖ਼ਜ਼ਾਨਿਆਂ ਸਹਿਤ ਜ਼ਮੀਨ ਵਿਚ ਧੱਸ ਗਿਆ। ਬੁਲ੍ਹੇ ਸ਼ਾਹ ਨੇ ਸੰਕੇਤ ਕੀਤਾ ਹੈ—'ਮੱਛਰ ਤੋਂ ਨਮਰੂਦ ਮਰਵਾਇਆ, ਕਾਰੂੰ ਜ਼ਮੀਨ ਨਿਘਾਰਿਆ ਈ।' ਆਪਣੀ ਜਿੰਦ ਨੂੰ ਸੰਬੋਧਨ ਕਰਦਿਆਂ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ—'ਕਾਰੂਆਂ ਦੀਏ ਜਾਈਏ,/ਤੂੰ ਖ਼ੂਬ ਦਿੱਤੀ ਹੈ ਸਜ਼ਾ।/ਆ ਕਿ ਬਚਿਆ ਖ਼ੂਨ ਵੀ,/ਜਿੰਦੇ ਨੀ ਤੈਨੂੰ ਦਾਂ ਪਿਆ।'

ਕਾਲਕਾ/ਕਾਲਿਕਾ : ਵੇਖੋ 'ਕਾਲੀ, ਦੇਵੀ'।

ਕਾਲਜਮਨ : ਵੇਖੋ 'ਕਾਲਯਵਨ'।

ਕਾਲਨੇਮ/ਕਾਲਨੇਮੀ : ਪੁਰਾਤਨ ਭਾਰਤੀ ਸਾਹਿੱਤ ਅਤੇ ਪੁਰਾਣਾਂ ਵਿਚ ਦੋ ਕਾਲਨੇਮਾਂ ਦਾ ਜ਼ਿਕਰ ਆਉਂਦਾ ਹੈ। ਇਕ ਕਾਲਨੇਮ ਰਾਵਣ ਦਾ ਚਾਚਾ ਜਾਂ ਮਾਮਾ ਦਸਿਆ ਜਾਂਦਾ

ਹੈ। 'ਬਾ. ਰਾਮਾਇਣ' ਅਨੁਸਾਰ ਰਾਵਣ ਦੇ ਕਹੇ ਤੇ ਇਸ ਨੇ ਹਨੂਮਾਨ ਨੂੰ ਇਸ ਸ਼ਰਤ ਤੇ ਮਾਰਨਾ ਪ੍ਰਵਾਨ ਕਰ ਲਿਆ ਕਿ ਰਾਵਣ ਹਨੂਮਾਨ ਦੇ ਮਰਨ 'ਤੇ ਅੱਧਾ ਰਾਜ ਕਾਲਨੇਮ ਨੂੰ ਦੇਏਗਾ। ਇਸ ਮਨੋਰਥ ਨਾਲ ਕਾਲਨੇਮ ਸਾਧੂ ਦਾ ਭੇਸ ਧਾਰ ਕੇ ਉਸ ਪਰਬਤ ਉਥੇ ਪਹੁੰਚਿਆ ਜਿਥੇ ਹਨੂਮਾਨ ਨੇ ਸੰਜੀਵਨੀ ਬੂਟੀ ਦੀ ਭਾਲ ਵਿਚ ਪਹੁੰਚਣਾ ਸੀ। ਇਸ ਨੇ ਹਨੂਮਾਨ ਨੂੰ ਵਰਗ਼ਲਾ ਕੇ ਆਪਣੀ ਕੁਟੀਆ ਵਲ ਲੈ ਜਾਣਾ ਚਾਹਿਆ, ਪਰ ਹਨੂਮਾਨ ਉਥੋਂ ਖਿਸਕ ਕੇ ਸਰੋਵਰ ਵਿਚ ਇਸ਼ਨਾਨ ਕਰਨ ਚਲਾ ਗਿਆ। ਉਥੇ ਉਸ ਨੇ ਇਕ ਮਗਰਮੱਛ ਨੂੰ ਮਾਰਿਆ ਜਿਸ ਦੇ ਪੇਟ ਵਿਚੋਂ ਇਕ ਅਪੱਛਰਾ ਨਿਕਲੀ। ਉਸ ਨੇ ਹਨੂਮਾਨ ਨੂੰ ਕਾਲਨੇਮ ਦੀ ਨੀਅਤ ਤੋਂ ਜਾਣੂ ਕਰਾਇਆ। ਤਦ ਉਪਰੰਤ ਹਨੂਮਾਨ ਕਾਲਨੇਮ ਕੋਲ ਪਰਤਿਆ ਅਤੇ ਉਸ ਨੂੰ ਪੈਰੋਂ ਫੜ ਕੇ ਅਜਿਹਾ ਘੁੰਮਾਇਆ ਕਿ ਰਾਵਣ ਦੇ ਦਰਬਾਰ ਵਿਚ ਉਸ ਦੇ ਤਖ਼ਤ ਕੋਲ ਜਾ ਡਿਗਿਆ। ਇਸ ਤਰ੍ਹਾਂ ਉਸ ਦਾ ਅੰਤ ਹੋਇਆ।

ਪੁਰਾਣਾਂ ਵਿਚ ਇਕ ਹੋਰ ਕਾਲਨੇਮ ਦਾ ਬ੍ਰਿੱਤਾਂਤ ਵੀ ਮਿਲਦਾ ਹੈ ਜੋ ਇਕ ਭਿਆਨਕ ਰਾਖਸ਼ ਸੀ। ਇਹ ਵਿਰੋਚਨ ਦਾ ਪੁੱਤਰ ਅਤੇ ਹਿਰਣ੍ਯਕਸ਼ਿਪੁ ਦਾ ਪੋਤਰਾ ਸੀ। ਇਸ ਨੇ ਦੇਵਤਿਆਂ ਨੂੰ ਬਹੁਤ ਦੁੱਖੀ ਕੀਤਾ ਅਤੇ ਉਨ੍ਹਾਂ ਨੂੰ ਸਵਰਗ ਵਿਚੋਂ ਕੱਢ ਦਿੱਤਾ। ਇਸ ਨੂੰ ਵਿਸ਼ਣੂ ਨੇ ਮਾਰ ਦਿੱਤਾ। ਅਗਲੇ ਜਨਮ ਵਿਚ ਇਹ ਕੰਸ ਰੂਪ ਵਿਚ ਪ੍ਰਗਟ ਹੋਇਆ। ਸੰਤ-ਸਾਹਿੱਤ ਵਿਚ ਇਸ ਕਾਲਨੇਮ ਨੂੰ ਮਾਰ ਕੇ ਪਰਮਾਤਮਾ ਵੱਲੋਂ ਭਗਤਾਂ ਦੀ ਕੀਤੀ ਸਹਾਇਤਾ ਦੀ ਸ਼ਲਾਘਾ ਕੀਤੀ ਗਈ ਹੈ। ਗੁਰੂ ਨਾਨਕ ਦੇਵ ਨੇ ਕਿਹਾ ਹੈ—'ਜਰਾਸੰਧਿ ਕਾਲਜਮੁਨ ਸੰਘਾਰੇ ।/ਰਕਤਬੀਜ ਕਾਲੁਨੇਮੁ ਬਿਦਾਰੇ ।/ਦੈਤ ਸੰਘਾਰਿ ਸੰਤ ਨਿਸਤਾਰੇ' (ਅ. ਗ੍ਰੰ. 224)।

ਕਾਲ ਮਾਰਕਸ : ਵੇਖੋ 'ਮਾਰ੍ਕਸ, ਕਾਲ'।

ਕਾਲਾ-ਪੱਥਰ : ਵੇਖੋ 'ਸੰਗਿ-ਅਸਵਦ'।

ਕਾਲਾ-ਪਾਣੀ : ਵੇਖੋ 'ਅੰਡੇਮਾਨ'।

ਕਾਲਿੰਦੀ : ਯਮਨਾ ਨਦੀ ਦਾ ਇਕ ਨਾਮਾਂਤਰ। ਵੇਖੋ 'ਯਮਨਾ'।

ਕਾਲਯਵਨ : ਇਕ ਕਾਲੇ ਰੰਗ ਦਾ ਯਵਨ ਰਾਜਾ ਜੋ ਰਾਜਾ ਜਰਾਸੰਧ ਦਾ ਜਿਗਰੀ ਮਿੱਤਰ ਸੀ। ਜਦੋਂ ਯਾਦਵਾਂ ਦੀ ਜਰਾਸੰਧ ਨਾਲ ਲੜਾਈ ਹੋਈ ਤਾਂ ਇਸ ਨੇ ਆਪਣੇ ਮਿੱਤਰ ਦੀ ਸਹਾਇਤਾ ਲਈ ਮਥੁਰਾ ਉਤੇ ਹਮਲਾ ਕੀਤਾ। ਇਸ ਦੇ ਪਿਛੋਕੜ ਬਾਰੇ 'ਵਿਸ਼ਣੂ ਪੁਰਾਣ' ਵਿਚ ਲਿਖਿਆ ਹੈ ਕਿ ਇਕ ਵਾਰ ਗਾਰਗ੍ਯ ਰਿਸ਼ੀ ਨੂੰ ਉਸ ਦੇ ਸਾਲੇ ਨੇ 'ਨਪੁੰਸਕ' ਕਹਿ ਕੇ ਵਾਜ ਮਾਰੀ। ਉਦੋਂ ਉਥੇ ਯਾਦਵ ਵੀ ਖੜੋਤੇ ਸਨ। ਉਹ ਇਸ ਵਿਅੰਗ-ਉਕਤੀ ਕਰਕੇ ਹੱਸਣ ਲਗੇ। ਇਸ ਕਰਕੇ ਰਿਸ਼ੀ ਬਹੁਤ ਨਾਰਾਜ਼ ਹੋਇਆ। ਉਸ ਨੇ ਯਾਦਵਾਂ ਤੋਂ ਬਦਲਾ ਲੈਣ ਲਈ ਇਕ ਭਿਆਨਕ ਪੁੱਤਰ ਦੀ ਪ੍ਰਾਪਤੀ ਲਈ ਸ਼ਿਵ ਦੀ ਕਠੋਰ ਉਪਾਸਨਾ ਕੀਤੀ। ਇਕ ਪੁੱਤਰਹੀਨ ਯਵਨ ਰਾਜਾ ਉਸ ਦਾ ਸੇਵਕ ਸੀ। ਉਸ ਦੀ ਪਤਨੀ ਗੋਪਾਲੀ ਅਪੱਛਰਾ ਨਾਲ ਕੀਤੇ ਸੰਯੋਗ ਤੋਂ ਗਾਰਗ੍ਯ ਨੂੰ ਭੌਂਰੇ ਵਰਗੇ ਕਾਲੇ ਰੰਗ ਵਾਲਾ ਪੁੱਤਰ ਪ੍ਰਾਪਤ ਹੋਇਆ। ਯਵਨ ਰਾਜਾ ਉਸ ਨੂੰ ਆਪਣਾ

ਰਾਜ ਸੌਂਪ ਕੇ ਬਨ ਨੂੰ ਚਲਾ ਗਿਆ। ਉਸ ਪੁੱਤਰ ਦਾ ਨਾਂ ਕਾਲਯਵਨ ਰਖਿਆ ਗਿਆ।

ਵੱਡਾ ਹੋਣ ਤੇ ਕਾਲਯਵਨ ਨੂੰ ਨਾਰਦ ਤੋਂ ਪਤਾ ਲਗਾ ਕਿ ਸਭ ਨਾਲੋਂ ਜ਼ਿਆਦਾ ਸ਼ਕਤੀਵਾਨ ਯਾਦਵ ਹਨ। ਬਸ ਉਸ ਨੇ ਯਾਦਵਾਂ ਨਾਲ ਯੁੱਧ ਕਰਨ ਦੀ ਤਿਆਰੀ ਸ਼ੁਰੂ ਕੀਤੀ। ਉਨ੍ਹਾਂ ਦਿਨਾਂ ਵਿਚ ਯਾਦਵਾਂ ਦੀ ਜਰਾਸੰਧ ਨਾਲ ਜੰਗ ਹੋ ਰਹੀ ਸੀ। ਯਾਦਵਾਂ ਦੇ ਨਾਇਕ ਕ੍ਰਿਸ਼ਣ ਨੇ ਸੋਚਿਆ ਕਿ ਦੋਹਾਂ (ਜਰਾਸੰਧ ਅਤੇ ਕਾਲਯਵਨ) ਨਾਲ ਇਕੋ ਸਮੇਂ ਲੜਾਈ ਕਰਨਾ ਠੀਕ ਨਹੀਂ। ਇਸ ਲਈ ਕ੍ਰਿਸ਼ਣ ਯੁੱਧ-ਭੂਮੀ ਵਿਚ ਕਾਲਯਵਨ ਅਗੇ ਭੱਜ ਪਏ ਅਤੇ ਉਸ ਗੁਫਾ ਵਿਚ ਜਾ ਵੜੇ ਜਿਥੇ ਮੁਚਕੁੰਦ ਰਿਸ਼ੀ ਸੁਤਾ ਪਿਆ ਸੀ। ਸੁਤੇ ਹੋਏ ਰਿਸ਼ੀ ਉਤੇ ਕ੍ਰਿਸ਼ਣ ਆਪਣਾ ਬਸਤ੍ਰ ਖਿਲਾਰ ਕੇ ਆਪ ਲੁਕ ਗਏ। ਕਾਲਯਵਨ ਨੇ ਉਸ ਨੂੰ ਕ੍ਰਿਸ਼ਣ ਸਮਝ ਕੇ ਪੈਰ ਨਾਲ ਠੋਕਰ ਮਾਰੀ। ਰਿਸ਼ੀ ਦੀ ਜਾਗ ਖੁਲ੍ਹ ਗਈ। ਉਠ ਕੇ ਉਸ ਨੇ ਕ੍ਰੋਧਵਾਨ ਦ੍ਰਿਸ਼ਟੀ ਨਾਲ ਕਾਲਯਵਨ ਵਲ ਦੇਖਿਆ; ਫਲਸਰੂਪ ਯਵਨ ਉਥੇ ਹੀ ਭਸਮ ਹੋ ਗਿਆ। ਇਸ ਤਰ੍ਹਾਂ ਸ੍ਰੀ ਕ੍ਰਿਸ਼ਣ ਨੇ ਆਪਣੇ ਇਕ ਭਿਆਨਕ ਵੈਰੀ ਨੂੰ ਟਿਕਾਣੇ ਲਗਾ ਦਿੱਤਾ। ਸੰਤ-ਸਾਹਿੱਤ ਵਿਚ ਭਗਵਾਨ ਦੁਆਰਾ ਦੁਸ਼ਟਾਂ ਨੂੰ ਮਾਰਨ ਬਾਰੇ ਕਾਲਯਵਨ ਦਾ ਹਵਾਲਾ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ— 'ਜਰਾਸੰਧਿ ਕਾਲਜਮੁਨ ਸੰਘਾਰੇ ।/ਰਕਤਬੀਜੁ ਕਾਲੁਨੇਮੁ ਬਿਦਾਰੇ ।/ਦੈਤ ਸੰਘਾਰਿ ਸੰਤ ਨਿਸਤਾਰੇ' (ਅ. ਗ੍ਰੰ. 224)।

ਕਾਲੀ, ਦੇਵੀ : ਹਿੰਦੂ ਮਤ ਅਤੇ ਖ਼ਾਸ ਕਰਕੇ ਦੇਵੀ ਉਪਾਸਕਾਂ ਦੀ ਇਕ ਪੂਜ੍ਯ ਦੇਵੀ ਜਿਸ ਦੀ ਉਤਪੱਤੀ ਬਾਰੇ 'ਮਾਰਕੰਡੇਯ ਪੁਰਾਣ' (ਅ. 81-82) ਵਿਚ ਲਿਖਿਆ ਹੈ ਕਿ ਸ਼ੁੰਭ ਅਤੇ ਨਿਸ਼ੁੰਭ ਨਾਂ ਦੇ ਦੋ ਦੈਂਤ ਭਰਾਵਾਂ ਨੇ ਦੇਵਤਿਆਂ ਨੂੰ ਹਰਾ ਕੇ ਉਨ੍ਹਾਂ ਦਾ ਸਭ ਕੁਝ ਲੁਟ ਲਿਆ। ਦੇਵਤਿਆਂ ਨੇ ਦੁੱਖੀ ਹੋ ਕੇ ਦੇਵੀ ਦੁਰਗਾ ਅਗੇ ਸਹਾਇਤਾ ਲਈ ਪ੍ਰਾਰਥਨਾ ਕੀਤੀ ਕਿਉਂਕਿ ਮਹਿਖਾਸੁਰ ਉਤੇ ਵਿਜੈ ਪ੍ਰਾਪਤ ਕਰਨ ਉਪਰੰਤ ਜਦ ਦੇਵੀ ਦੁਰਗਾ ਅਲੋਪ ਹੋਣ ਲਗੀ ਤਾਂ ਲੋੜ ਪੈਣ 'ਤੇ ਦੇਵਤਿਆਂ ਦੀ ਫਿਰ ਤੋਂ ਮੱਦਦ ਕਰਨ ਦਾ ਵਿਸ਼ਵਾਸ ਦੇ ਗਈ ਸੀ। ਜਦ ਦੇਵਤੇ ਸਹਾਇਤਾ ਲਈ ਦੇਵੀ ਦੀ ਉਸਤਤ ਕਰਨ ਲਗੇ ਤਾਂ ਗੰਗਾ ਇਸ਼ਨਾਨ ਕਰਨ ਲਈ ਪਾਰਬਤੀ ਉਥੇ ਪਹੁੰਚੀ। ਪਾਰਬਤੀ ਵਲੋਂ ਉਸਤਤ ਦਾ ਕਾਰਣ ਪੁੱਛਣ ਤੇ ਉਸ ਦੇ ਸ਼ਰੀਰ ਵਿਚੋਂ ਸ਼ਿਵਾ ਪ੍ਰਗਟ ਹੋਈ ਅਤੇ ਉਸ ਨੇ ਉਨ੍ਹਾਂ ਦੀ ਉਸਤਤ ਦਾ ਕਾਰਣ ਦਸਿਆ। ਪਾਰਬਤੀ ਦੇ ਸ਼ਰੀਰ-ਕੋਸ਼ ਵਿਚੋਂ ਪੈਦਾ ਹੋਣ ਕਾਰਣ ਉਸ ਦਾ ਨਾਂ 'ਕੌਸ਼ਿਕੀ' ਪਿਆ। ਕੌਸ਼ਿਕੀ ਦੇ ਪ੍ਰਗਟ ਹੋਣ ਕਾਰਣ ਪਾਰਬਤੀ ਦਾ ਸ਼ਰੀਰ ਕਾਲਾ ਹੋ ਗਿਆ। ਉਹ ਹਿਮਾਲੇ ਉਤੇ ਰਹਿਣ ਲਗੀ ਅਤੇ ਉਸ ਦਾ ਨਾਂ 'ਕਾਲਿਕਾ' ਪ੍ਰਸਿੱਧ ਹੋਇਆ। ਅਗੇ ਚਲ ਕੇ ਲਿਖਿਆ ਹੈ ਕਿ ਚੰਡ ਅਤੇ ਮੁੰਡ ਨਾਂ ਦੇ ਦੈਂਤਾਂ ਨਾਲ ਯੁੱਧ ਕਰਦਿਆਂ ਚੰਡੀ ਦੇਵੀ ਦਾ ਰੰਗ ਕਾਲਾ ਪੈ ਗਿਆ। ਉਸੇ ਦੇ ਮਸਤਕ ਵਿਚੋਂ ਤਲਵਾਰ, ਫੰਧੇ ਅਤੇ ਹੋਰ ਸ਼ਸਤ੍ਰਾਂ-ਅਸਤ੍ਰਾਂ ਸਹਿਤ ਭਿਆਨਕ ਰੂਪ-ਆਕਾਰ ਵਾਲੀ 'ਕਾਲੀ' ਦੀ ਉਤਪੱਤੀ ਹੋਈ।

ਤਾਂਤ੍ਰਿਕ ਸਾਹਿੱਤ ਵਿਚ ਲਿਖਿਆ ਹੈ ਕਿ ਦੈਂਤਾਂ ਤੋਂ ਹਾਰਨ ਉਪਰੰਤ ਸਹਾਇਤਾ

ਲਈ ਦੇਵਤੇ ਵਿਸ਼ਣੂ, ਸ਼ਿਵ ਅਤੇ ਬ੍ਰਹਮਾ ਦੀ ਸ਼ਰਨ ਵਿਚ ਗਏ। ਉਨ੍ਹਾਂ ਤਿੰਨਾਂ ਨੇ ਇਸ ਕੰਮ ਲਈ ਮਹਾਕਾਲੀ ਨੂੰ ਬੇਨਤੀ ਕੀਤੀ। ਮਹਾਕਾਲੀ ਨੇ ਤਾਰਾ ਦੇਵੀ ਦੀ ਸਹਾਇਤਾ ਨਾਲ ਜਿਨ੍ਹਾਂ ਬਾਰ੍ਹਾਂ ਦੇਵੀਆਂ ਦੀ ਉਤਪੱਤੀ ਕੀਤੀ, ਉਨ੍ਹਾਂ ਵਿਚੋਂ ਕਾਲੀ ਦੇਵੀ ਦਾ ਨਾਂ ਪ੍ਰਮੁਖ ਹੈ। 'ਕਾਲੀਤੰਤ੍ਰ' ਅਨੁਸਾਰ ਕਾਲੀ ਦਾ ਮੁਖ ਭਿਆਨਕ ਹੈ, ਵਾਲ ਖਿਲਰੇ ਹੋਏ ਹਨ, ਉਹ ਕਪਾਲਾਂ ਦੀ ਮਾਲਾ ਨਾਲ ਸੱਜੀ ਹੋਈ ਹੈ ਅਤੇ ਹੱਥ ਵਿਚ ਨਰ-ਮੁੰਡ ਧਾਰਣ ਕੀਤਾ ਹੋਇਆ ਹੈ। ਉਸ ਦਾ ਰੰਗ ਕਾਲਾ ਹੈ ਅਤੇ ਬਸਤ੍ਰਾਂ ਤੋਂ ਬਿਨਾ ਸ਼ਮਸ਼ਾਨ-ਭੂਮੀ ਵਿਚ ਵਿਚਰਦੀ ਹੈ।

ਪੁਰਾਣ-ਸਾਹਿਤ ਵਿਚ ਕਾਲੀ ਦੇਵੀ ਦੇ ਕਈ ਸਰੂਪ ਪ੍ਰਚਲਿਤ ਹੋਏ, ਜਿਵੇਂ ਮਹਾਕਾਲੀ, ਭਦ੍ਰਕਾਲੀ, ਰਕਸ਼ਾਕਾਲੀ, ਸ਼ਮਸ਼ਾਨਕਾਲੀ ਆਦਿ, ਪਰ, ਅਸਲ ਵਿਚ, ਉਪਾਸਕਾਂ ਨੇ ਕਾਲੀ ਨੂੰ ਹੀ ਵੱਖ-ਵੱਖ ਰੂਪਾਂ ਵਿਚ ਕਲਪਿਤ ਕੀਤਾ ਹੈ।

ਡਾ. ਰਾਜਬਲੀ ਪਾਂਡੇਯ ਅਨੁਸਾਰ ਸ਼ਾਕਤਾਂ ਵਿਚ ਸ਼ਕਤੀ ਦੇ ਅੱਠ ਮਾਤ-ਰੂਪਾਂ ਤੋਂ ਇਲਾਵਾ ਕਾਲੀ ਦੀ ਪੂਜਾ ਦਾ ਨਿਰਦੇਸ਼ ਵੀ ਹੈ। ਪ੍ਰਾਚੀਨ ਕਾਲ ਵਿਚ ਸ਼ਕਤੀ ਦਾ ਕੋਈ ਵਿਸ਼ੇਸ਼ ਨਾਂ ਨਾ ਲੈ ਕੇ ਦੇਵੀ ਜਾਂ ਭਵਾਨੀ ਦੇ ਨਾਂ ਨਾਲ ਪੂਜਾ ਕੀਤੀ ਜਾਂਦੀ ਸੀ। ਭਵਾਨੀ ਤੋਂ ਹੀ ਸ਼ੀਤਲਾ ਦਾ ਬੋਧ ਹੁੰਦਾ ਹੈ। ਹੌਲੀ-ਹੌਲੀ ਵਿਕਾਸ ਹੋਣ ਤੇ ਕਿਸੇ ਨਾ ਕਿਸੇ ਕਾਰਜ ਦਾ ਸੰਬੰਧ ਕਿਸੇ ਇਕ ਵਿਸ਼ੇਸ਼ ਦੇਵਤਾ/ ਦੇਵੀ ਨਾਲ ਸਥਾਪਿਤ ਹੋਣ ਲਗਾ। ਕਾਲੀ ਦੀ ਪੂਜਾ ਵੀ ਇਸੇ ਵਿਕਾਸ-ਕ੍ਰਮ ਵਿਚ ਸ਼ੁਰੂ ਹੋਈ। ਬੰਗਾਲ, ਤ੍ਰਿਪੁਰਾ ਆਦਿ ਪ੍ਰਦੇਸ਼ਾਂ ਵਿਚ ਕਾਲੀ ਦੀ ਉਪਾਸਨਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਮੰਦਿਰਾਂ ਵਿਚ ਕਾਲੀ ਦੀ ਸਥਾਪਨਾ ਇਸਤਰੀ ਦੇਵੀ ਵਜੋਂ ਕੀਤੀ ਜਾਂਦੀ ਹੈ ਜਿਸ ਦੀਆਂ ਚਾਰ ਭੁਜਾਵਾਂ ਵਿਚੋਂ ਇਕ ਵਿਚ ਖੜਗ, ਦੂਜੀ ਵਿਚ ਦਾਨਵ ਦਾ ਸਿਰ ਹੁੰਦਾ ਹੈ ਅਤੇ ਤੀਜੀ ਵਰਦ ਮੁਦ੍ਰਾ ਅਤੇ ਚੌਥੀ ਅਭਯ ਮੁਦ੍ਰਾ ਵਿਚ ਪਸਰੀਆਂ ਹੁੰਦੀਆਂ ਹਨ। ਕੰਨਾਂ ਵਿਚ ਦੋ ਮ੍ਰਿਤਕਾਂ ਦੇ ਕੁੰਡਲ, ਗਲੇ ਵਿਚ ਨਰ-ਮੁੰਡਾਂ ਦੀ ਮਾਲਾ, ਜੀਭ ਠੋਡੀ ਤਕ ਬਾਹਰ ਨੂੰ ਨਿਕਲੀ ਹੋਈ, ਵਾਲ ਖਿਲਰੇ ਹੋਏ ਅਤੇ ਲਕ ਨਾਲ ਦਾਨਵ-ਕਰਾਂ ਦੀ ਕਰਧਨੀ ਬੰਨ੍ਹੀ ਹੋਈ ਕਾਲੀ ਜਿੱਤੇ ਹੋਏ ਰਾਖਸ਼ਾਂ ਦਾ ਲਹੂ ਪੀਉਂਦੀ ਹੋਈ ਵਿਖਾਈ ਜਾਂਦੀ ਹੈ। ਇਸ ਦੀ ਪੂਜਾ ਕਤਕ ਦੇ ਹਨੇਰੇ ਪੱਖ ਦੀਆਂ ਰਾਤਾਂ ਵਿਚ ਕੀਤੀ ਜਾਣੀ ਜ਼ਿਆਦਾ ਫਲਦਾਇਕ ਹੈ।

'ਦਸਮ-ਗ੍ਰੰਥ' ਵਿਚ ਚਿਤਰਿਤ ਕਾਲੀ/ਕਾਲਕਾ ਦਾ ਸਰੂਪ ਤਾਂਤ੍ਰਿਕਾਂ ਦੇ ਸਰੂਪ ਨਾਲ ਕਾਫ਼ੀ ਮੇਲ ਖਾਂਦਾ ਹੈ। 'ਸ਼ਿਵ ਪੁਰਾਣ', ਵਿਚ ਇਸ ਨੂੰ 'ਮਹਾਕਾਲ' ਦੀ ਸ਼ਕਤੀ ਵਜੋਂ ਚਿਤਰਿਆ ਗਿਆ ਹੈ। 'ਬਚਿਤ੍ਰ-ਨਾਟਕ' ਵਿਚ ਚਰਿਤ-ਨਾਇਕ ਵਲੋਂ ਪੂਰਵ ਜਨਮ ਵਿਚ ਮਹਾਕਾਲ ਦੇ ਨਾਲ ਇਸ ਦੀ ਵੀ ਆਰਾਧਨਾ ਕੀਤੀ ਗਈ ਹੈ—'ਤਹ ਹਮ ਅਧਿਕ ਤਪਸਿਆ ਸਾਧੀ।/ ਮਹਾਕਾਲ ਕਾਲਕਾ ਆਰਾਧੀ।' ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਦੇ ਸਿੱਖ ਭਾਗੀਰਥ ਨੂੰ ਪਹਿਲਾਂ ਕਾਲੀ ਦਾ ਉਪਾਸਕ ਦਸਿਆ ਹੈ—'ਮੈਲਸੀਹਾ ਵਿਚਿ ਆਖੀਐ ਭਾਗੀਰਥੁ ਕਾਲੀ ਗੁਣ ਗਾਵੈ' (11/14)।

ਕਾਲੀ, ਨਾਗ : ਇਕ ਵਿਸ਼ੇਸ਼ ਨਾਗ ਜੋ ਬਿੰਦਰਾਬਨ ਦੇ ਨੇੜੇ ਯਮਨਾ ਨਦੀ ਦੇ ਜਲ

ਵਿਚ ਰਹਿੰਦਾ ਸੀ। ਭਾਗਵਤ, ਹਰਿਵੰਸ਼, ਵਿਸ਼ਣੂ ਅਤੇ ਬ੍ਰਹਮ ਪੁਰਾਣਾਂ ਅਨੁਸਾਰ ਇਹ ਕਦਰੂ ਦਾ ਪੁੱਤਰ ਸੀ। ਗਰੁੜ ਦੀ ਮਾਤਾ ਵਿਨਤਾ ਅਤੇ ਨਾਗਾਂ ਦੀ ਮਾਤਾ ਕਦਰੂ ਦਾ ਆਪਸ ਵਿਚ ਪੁਰਾਣਾ ਵੈਰ ਸੀ। ਮਾਤਾ ਦੇ ਇਸ ਵੈਰ ਨੂੰ ਮਨ ਵਿਚ ਰਖਦਿਆਂ ਗਰੁੜ ਜਿਥੇ ਵੀ ਕੋਈ ਸੱਪ ਵੇਖਦਾ ਉਸ ਨੂੰ ਮਾਰ ਦਿੰਦਾ। ਗਰੁੜ ਹੱਥੋਂ ਦੁੱਖੀ ਸੱਪਾਂ ਨੇ ਬ੍ਰਹਮਾ ਅਗੇ ਆਪਣੀ ਰੱਖਿਆ ਲਈ ਬੇਨਤੀ ਕੀਤੀ।

ਬ੍ਰਹਮਾ ਨੇ ਫੈਸਲਾ ਕੀਤਾ ਕਿ ਗਰੁੜ ਨੂੰ ਹਰ ਮਸਿਆ ਵਾਲੇ ਦਿਨ ਇਕ ਸੱਪ ਦੀ ਬਲੀ ਦਿੱਤੀ ਜਾਏ। ਪਰ ਕਾਲੀ (ਕਾਲੀਆ) ਨਾਗ ਬਹੁਤ ਵਿਸ਼ੈਲਾ ਅਤੇ ਘਮੰਡੀ ਸੀ। ਇਹ ਗਰੁੜ ਨੂੰ ਬਲੀ ਦਿੱਤੇ ਜਾਣ ਵਾਲੇ ਸੱਪ ਨੂੰ ਵੀ ਖਾ ਜਾਂਦਾ ਸੀ। ਖਿਝ ਕੇ ਗਰੁੜ ਨੇ ਕਾਲੀ ਉਤੇ ਹਮਲਾ ਕਰ ਦਿੱਤਾ। ਕਾਲੀ ਘਾਇਲ ਹੋ ਕੇ ਆਪਣੇ ਪਰਿਵਾਰ ਸਹਿਤ ਉਥੋਂ ਭਜਿਆ ਅਤੇ ਬਿੰਦਰਾਬਨ ਕੋਲ ਯਮਨਾ ਦੇ ਜਲ ਵਿਚ ਆ ਲੁਕਿਆ ਕਿਉਂਕਿ ਇਹ ਸਥਾਨ ਗਰੁੜ ਦੇ ਭੈ ਤੋਂ ਮੁਕਤ ਸੀ। ਉਥੇ ਇਕ ਵਾਰ ਮੱਛੀ ਦਾ ਸ਼ਿਕਾਰ ਕਰਦਿਆਂ ਗਰੁੜ ਨੂੰ ਸੌਭਰਿ ਰਿਸ਼ੀ ਨੇ ਸਰਾਪ ਦਿੱਤਾ ਸੀ ਕਿ ਜੇ ਉਹ ਫਿਰ ਉਥੇ ਸ਼ਿਕਾਰ ਕਰਨ ਆਇਆ ਤਾਂ ਭਸਮ ਹੋ ਜਾਏਗਾ। ਇਸ ਲਈ ਗਰੁੜ ਦੇ ਉਥੇ ਨਾ ਆ ਸਕਣ ਕਾਰਣ ਕਾਲੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲਗਾ।

ਕਾਲੀ ਦੇ ਨਿਵਾਸ ਕਾਰਣ ਉਥੋਂ ਦਾ ਜਲ ਜ਼ਹਿਰੀਲਾ ਹੋ ਗਿਆ, ਪਸ਼ੂ-ਪੰਛੀਆਂ ਉਤੇ ਵਿਸ਼ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਪੈਣ ਲਗਾ। ਬਿੰਦਰਾਬਨ ਵਾਸੀ ਵੀ ਉਧਰ ਨੂੰ ਜਾਂਦਿਆਂ ਬਹੁਤ ਘਬਰਾਉਂਦੇ ਸਨ। ਉਨ੍ਹਾਂ ਸਾਰਿਆਂ ਦਾ ਡਰ ਦੂਰ ਕਰਨ ਲਈ ਸ੍ਰੀ ਕ੍ਰਿਸ਼ਣ ਖੇਡਦੇ ਖੇਡਦੇ ਕਾਲੀ ਵਾਲੇ ਜਲ-ਕੁੰਡ ਵਿਚ ਕਿਸੇ ਬਹਾਨੇ ਕੁਦ ਪਏ। ਨਾਗ ਨੇ ਸ੍ਰੀ ਕ੍ਰਿਸ਼ਣ ਨੂੰ ਡੰਗ ਮਾਰਿਆ ਅਤੇ ਆਪਣੀ ਲਪੇਟ ਵਿਚ ਜਕੜ ਲਿਆ। ਸ੍ਰੀ ਕ੍ਰਿਸ਼ਣ ਨੇ ਆਪਣਾ ਸ਼ਰੀਰ ਵਧਾਉਣਾ ਸ਼ੁਰੂ ਕੀਤਾ ਜਿਸ ਕਰਕੇ ਕਾਲੀ ਦੇ ਅੰਗ ਤਿੜਕਣ ਲਗੇ। ਸ੍ਰੀ ਕ੍ਰਿਸ਼ਣ ਨਾਗ ਨੂੰ ਨੱਥ ਕੇ ਉਸ ਦੇ ਇਕ ਸੌ ਇਕ ਫਣਾਂ ਉਤੇ ਨਾਚ ਕਰਨ ਲਗੇ। ਨਾਗ-ਪਤਨੀਆਂ ਨੇ ਸ੍ਰੀ ਕ੍ਰਿਸ਼ਣ ਤੋਂ ਖਿਮਾ ਦੀ ਯਾਚਨਾ ਕੀਤੀ। ਸ੍ਰੀ ਕ੍ਰਿਸ਼ਣ ਨੇ ਉਸ ਨੂੰ ਸਮੁੰਦਰ ਵਿਚ ਜਾ ਵਸਣ ਦਾ ਆਦੇਸ਼ ਦਿੱਤਾ ਅਤੇ ਨਾਲ ਹੀ ਗਰੁੜ ਦੇ ਡਰ ਤੋਂ ਇਹ ਕਹਿ ਕੇ ਮੁਕਤ ਕੀਤਾ ਕਿ ਉਸ ਦੇ ਫਣਾਂ ਉਤੇ ਸ੍ਰੀ ਕ੍ਰਿਸ਼ਣ ਦੇ ਪੈਰਾਂ ਦੇ ਚਿੰਨ੍ਹ ਵੇਖ ਕੇ ਗਰੁੜ ਉਸ ਨੂੰ ਕੁਝ ਨਹੀਂ ਕਹੇਗਾ। ਇਸ ਘਟਨਾ ਦਾ ਸ੍ਰੀ ਕ੍ਰਿਸ਼ਣ ਦੇ ਉਪਕਾਰਾਂ ਵਿਚ ਉੱਲੇਖ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਨੇ ਸਰਵ-ਸ਼ਕਤੀਵਾਨ ਪਰਮਾਤਮਾ ਦੁਆਰਾ ਸ੍ਰੀ ਕ੍ਰਿਸ਼ਣ ਦੇ ਰੂਪ ਵਿਚ ਕਾਲੀ ਨੂੰ ਨੱਥਣ ਦੀ ਘਟਨਾ ਨੂੰ ਕਿਸੇ ਵਿਸ਼ੇਸ਼ ਵਡਿਆਈ ਦਾ ਕਾਰਣ ਨਹੀਂ ਮੰਨਿਆ—'ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ' (ਅ. ਗ੍ਰੰ. 350)।

ਕਾਲੀਦਾਸ : ਸੰਸਕ੍ਰਿਤ ਦੇ ਵਿਸ਼ਵ ਪ੍ਰਸਿੱਧ ਕਵੀ ਅਤੇ ਨਾਟਕਕਾਰ ਕਾਲੀਦਾਸ ਦਾ ਜਨਮ-ਸਥਾਨ ਕਿਥੇ ਹੈ, ਇਸ ਬਾਰੇ ਕੋਈ ਨਿਰਣਾਜਨਕ ਤੱਥ ਸਾਹਮਣੇ ਨਹੀਂ ਆਇਆ। ਕਿਸੇ ਨੇ ਇਸ ਨੂੰ ਕਸ਼ਮੀਰੀ ਬ੍ਰਾਹਮਣ ਮੰਨਿਆ ਹੈ ਅਤੇ ਕਿਸੇ ਨੇ ਇਸ ਨੂੰ ਬੰਗਾਲ ਦੇ

ਮੁਰਸ਼ਿਦਾਬਾਦ ਜ਼ਿਲੇ ਵਿਚ ਪੈਂਦਾ ਹੋਇਆ ਦਸਿਆ ਹੈ। ਪੰਡਿਤ ਬਲਦੇਵ ਉਪਾ-ਧਿਆਇ ਦੇ ਮਤ ਅਨੁਸਾਰ ਉੱਜਯਿਨੀ (ਉਜੈਨ) ਇਸ ਦੀ ਜਨਮ-ਭੂਮੀ ਸੀ ਕਿਉਂਕਿ ਉਸ ਨਗਰ ਦਾ ਇਸ ਨੇ ਬੜੇ ਉਲਾਰ ਨਾਲ ਚਿਤ੍ਰਣ ਕੀਤਾ ਹੈ। ਇਹੀ ਅਨਿਸ਼ਚਿਤ ਸਥਿਤੀ ਇਸ ਦੇ ਸਮੇਂ ਬਾਰੇ ਵੀ ਹੈ।

ਰਵਾਇਤ ਅਨੁਸਾਰ ਇਹ ਰਾਜਾ ਵਿਕ੍ਰਮਾਦਿਤ੍ਯ ਦੇ ਨੌਂ ਰਤਨਾਂ ਵਿਚੋਂ ਪ੍ਰਮੁਖ ਸੀ। ਇਹ ਵਿਕ੍ਰਮਾਦਿਤ੍ਯ ਕਿਹੜਾ ਸੀ, ਇਸ ਸੰਬੰਧੀ ਵਿਦਵਾਨਾਂ ਵਿਚ ਮਤ-ਭੇਦ ਹੈ। ਕੁਝ ਵਿਦਵਾਨ ਕਾਲੀਦਾਸ ਨੂੰ ਚੰਦਰ ਗੁਪਤ ਵਿਕ੍ਰਮਾਦਿਤ੍ਯ ਦਾ ਸਮਕਾਲੀ ਮੰਨ ਕੇ ਪੰਜਵੀਂ ਸਦੀ ਵਿਚ ਹੋਇਆ ਠਹਿਰਾਂਦੇ ਹਨ। ਪਰ ਕੁਝ ਵਿਦਵਾਨ ਇਸ ਨੂੰ ਪਹਿਲੀ ਸਦੀ ਵਿਚ ਹੋਏ ਕਿਸੇ ਬਿਕ੍ਰਮਾਦਿਤ੍ਯ ਦਾ ਸਮਕਾਲੀ ਦਸਦੇ ਹਨ ਜਿਸ ਨੇ ਉੱਜਯਿਨੀ ਤੋਂ ਸ਼ਕਾਂ ਨੂੰ ਖਦੇੜਿਆ ਸੀ।

ਕਾਲੀਦਾਸ ਸ਼ੈਵ-ਮਤ ਵਿਚ ਵਿਸ਼ਵਾਸ ਰਖਦਾ ਸੀ ਅਤੇ ਉੱਜਯਿਨੀ ਦੇ ਪ੍ਰਸਿੱਧ ਮਹਾਕਾਲ ਦਾ ਉਪਾਸਕ ਸੀ। ਇਸ ਦੇ ਤਿੰਨ ਨਾਟਕ ਬਹੁਤ ਪ੍ਰਸਿੱਧ ਹਨ, ਜਿਵੇਂ 'ਅਭਿਗਿਆਨ ਸ਼ਕੁੰਤਲੰ', 'ਵਿਕ੍ਰਮੋਰਵਸ਼ੀ' ਅਤੇ 'ਮਾਲਵਿਕਾਗਨੀਮਿਤ੍ਰ'। ਇਸ ਦੇ ਕਾਵਿ-ਗ੍ਰੰਥਾਂ ਵਿਚ 'ਰਘੁਵੰਸ਼', 'ਕੁਮਾਰ ਸੰਭਵ' ਅਤੇ 'ਮੇਘਦੂਤ' ਨੂੰ ਸ਼ਾਮਲ ਕੀਤਾ ਜਾਂਦਾ ਹੈ। ਕਾਲੀਦਾਸ ਦੀ ਅਲੌਕਿਕ ਪ੍ਰਤਿਭਾ ਅਤੇ ਵਿਦਵਤਾ ਦੇ ਆਧਾਰ ਤੇ 'ਦਸਮ-ਗ੍ਰੰਥ' ਵਿਚ ਵਰਣਿਤ ਬ੍ਰਹਮਾ ਦੇ ਸੱਤ ਅਵਤਾਰਾਂ ਵਿਚ ਇਸ ਨੂੰ ਆਖੀਰਲਾ ਮੰਨਿਆ ਗਿਆ ਹੈ— 'ਇਹ ਬ੍ਰਹਮ ਬੇਦ ਨਿਧਾਨ।/ਦਸ ਅਸਟ ਸਾਸਤ੍ਰ ਪ੍ਰਮਾਨ।/ਕਲਜੁਗਿਜ ਲਾਗ ਨਿਹਾਰ।/ ਭਏ ਕਾਲਿਦਾਸ ਅਬਿਚਾਰ।/ਲਖਿ ਰੀਝ ਬਿਕ੍ਰਮਜੀਤ।/ਅਤਿ ਗਰਬਵੰਤ ਅਜੀਤ।' ਬਾਵਾ ਬਲਵੰਤ ਨੇ ਆਪਣੀ ਕਵਿਤਾ 'ਪਾਰੋ' ਵਿਚ ਕਾਲੀਦਾਸ ਵਲ ਸੰਕੇਤ ਕੀਤਾ ਹੈ—'ਕਾਲੀ-ਦਾਸ ਦੀ ਉਮਰ-ਕਲਮ ਨੇ ਤੇਰਾ ਨਕਸ਼ ਨਾ ਪਾਇਆ,/ਸੁੰਦਰ ਤੋਂ ਸੁੰਦਰ ਹੀ ਡਿੱਠਾ ਤੇਰਾ ਅਗਲਾ ਸਾਇਆ।'

ਕਾਵਰੂ-ਦੇਸ : ਇਸ ਦੇਸ਼ ਦਾ ਉੱਲੇਖ ਜਨਮਸਾਖੀ ਸਾਹਿੱਤ ਵਿਚ ਹੋਇਆ ਹੈ। ਗੁਰੂ ਨਾਨਕ ਦੇਵ ਜਦ ਉਦਾਸੀਆਂ ਦੌਰਾਨ ਇਸ ਦੇਸ਼ ਵਿਚ ਪਹੁੰਚੇ ਤਾਂ ਭੁਖ ਲਗਣ 'ਤੇ ਮਰਦਾਨੇ ਨੇ ਨਗਰ ਵਿਚ ਜਾਣ ਲਈ ਬਾਬੇ ਨੂੰ ਬੇਨਤੀ ਕੀਤੀ। ਬਾਬੇ ਨੇ ਉਸ ਨੂੰ ਤਾਕੀਦ ਕਰਕੇ ਭੇਜਿਆ ਕਿ ਉਥੇ ਤ੍ਰੀਆ-ਰਾਜ ਹੈ, ਸੰਭਲ ਕੇ ਵਿਚਰਨਾ।

ਮਰਦਾਨਾ ਇਕ ਇਸਤਰੀ ਦੇ ਦੁਆਰ ਉਤੇ ਪਹੁੰਚਿਆ। ਉਸ ਨੇ ਮਰਦਾਨੇ ਨੂੰ ਭੇਡੂ ਬਣਾ ਕੇ ਅੰਦਰ ਬੰਨ੍ਹ ਲਿਆ। ਬਾਬੇ ਨੇ ਅੰਤਰਧਾਨ ਹੋ ਕੇ ਮਰਦਾਨੇ ਦੀ ਸਥਿਤੀ ਵੇਖੀ ਅਤੇ ਉਸ ਦੀ ਖ਼ਲਾਸੀ ਲਈ ਉਥੇ ਪਹੁੰਚਿਆ। ਇਸਤਰੀਆਂ ਨੇ ਬਾਬੇ ਉਤੇ ਵੀ ਆਪਣੇ ਟੂਣਿਆਂ ਅਤੇ ਮੰਤ੍ਰਾਂ ਦਾ ਅਸਰ ਪਾਉਣਾ ਚਾਹਿਆ, ਪਰ ਕਾਮਯਾਬ ਨਾ ਹੋਈਆਂ। ਹਾਰ ਕੇ ਬਾਬੇ ਦੀ ਸ਼ਰਣ ਵਿਚ ਆਈਆਂ। ਇਸ ਸਾਖੀ ਨੇ ਪੰਜਾਬੀ ਸਭਿਆਚਾਰ ਵਿਚ ਪ੍ਰਵੇਸ਼ ਕੀਤਾ ਅਤੇ ਕਾਵਰੂ-ਦੇਸ ਨੂੰ ਜਾਦੂ-ਟੂਣਿਆਂ ਦਾ ਦੇਸ਼ ਮੰਨ ਕੇ ਉਸ ਬਾਰੇ ਕਈ ਕਥਾਵਾਂ ਪ੍ਰਚਲਿਤ ਹੋਈਆਂ।

'ਕਾਵਰੂ-ਦੇਸ' ਕਾਮਰੂਪ ਦੇਸ ਦਾ ਹੀ ਵਿਕਰਿਤ ਰੂਪ ਹੈ। ਕਾਮਰੂਪ ਬਹੁਤ

ਪੁਰਾਤਨ ਦੇਸ਼ ਅਥਵਾ ਖੇਤਰ ਹੈ। ਚੌਥੀ ਸਦੀ ਵਿਚ ਇਹ ਭੂਟਾਨ ਤੋਂ ਲੈ ਕੇ ਸਮੁੰਦਰ ਦੇ ਕੰਢੇ ਤਕ, ਬ੍ਰਹਮਪੁੱਤਰ ਨਦੀ ਦੇ ਦੋਹਾਂ ਪਾਸੇ ਅਤੇ ਸਾਰੀ ਘਾਟੀ ਵਿਚ ਪਸਰਿਆ ਹੋਇਆ ਦੇਸ਼ ਸੀ। ਪ੍ਰਾਗਜੋਤਿਸ਼-ਪੁਰ, ਜੋ ਹੁਣ ਗੌਹਾਟੀ ਦੇ ਨਾਂ ਨਾਲ ਪ੍ਰਸਿੱਧ ਹੈ, ਇਸ ਦੇਸ ਦੀ ਰਾਜਧਾਨੀ ਸੀ। ਇਥੇ ਸ਼ਾਕਤ ਮਤ ਦਾ ਅਧਿਕ ਪ੍ਰਚਾਰ ਹੋਣ ਕਾਰਣ ਕਾਮਾਕਸ਼ੀ ਦੇਵੀ ਦਾ ਮੰਦਿਰ ਬਣਾਇਆ ਗਿਆ। ਕਾਮਾਕਸ਼ੀ ਦੇਵੀ ਦੁਰਗਾ ਦੇਵੀ ਦਾ ਹੀ ਇਕ ਰੂਪ ਹੈ। ਦੇਵੀ ਦੀ ਅਧਿਕ ਉਪਾਸਨਾ ਕਰਕੇ ਇਥੇ ਇਸਤਰੀ ਨੂੰ ਮਰਦ ਦੇ ਮੁਕਾਬਲੇ ਅਧਿਕ ਆਦਰ ਦਿੱਤਾ ਜਾਂਦਾ ਸੀ। ਕਬੀਲਿਆਂ ਵਿਚ ਬੁੱਢੀਆਂ ਦੀ ਹੀ ਸਰਦਾਰੀ ਹੁੰਦੀ ਸੀ ਜੋ ਹੌਲੀ-ਹੌਲੀ ਤ੍ਰੀਆ-ਰਾਜ ਵਿਚ ਬਦਲ ਗਈ।

ਇਥੇ ਤ੍ਰੀਆ-ਰਾਜ ਹੋਣ ਬਾਰੇ 'ਮਹਾਭਾਰਤ' ਵਿਚ ਸੰਕੇਤ ਮਿਲਦੇ ਹਨ। ਤੰਤ੍ਰ ਅਤੇ ਪੁਰਾਣ ਸਾਹਿੱਤ ਅਨੁਸਾਰ ਪ੍ਰਾਗਜੋਤਿਸਪੁਰ ਨੂੰ ਨਰਕਾਸੁਰ (ਭੌਮਾਸੁਰ) ਨੇ ਵਸਾਇਆ ਸੀ। ਇਸ ਨੇ ਵਿਸ਼ਣੂ ਦੀ ਤਪੱਸਿਆ ਕਰਕੇ ਕਾਮਾਕਸ਼ੀ ਦੇਵੀ ਨੂੰ ਸਿੱਧ ਕੀਤਾ ਅਤੇ ਆਪਣੇ ਰਾਜ ਨੂੰ ਕਾਫ਼ੀ ਪਸਾਰਿਆ, ਪਰ ਬਾਦ ਵਿਚ ਸ੍ਰੀ ਕ੍ਰਿਸ਼ਣ ਹੱਥੋਂ ਮਾਰਿਆ ਗਿਆ।

ਕਿਆਮਤ : ਅਰਬੀ ਭਾਸ਼ਾ ਦੇ 'ਕਯਾਮਤ' ਸ਼ਬਦ ਦਾ ਅਰਥ ਹੈ ਉਠ ਕੇ ਖੜਾ ਹੋਣਾ, ਕਾਇਮ ਹੋਣਾ। ਭਾਵ ਉਹ ਦਿਨ ਜਦੋਂ ਮੁਰਦੇ ਜ਼ਿੰਦਾ ਹੋ ਕੇ ਖੜੇ ਹੋ ਜਾਣਗੇ। ਪਹਿਲਾਂ ਸਾਮੀ ਧਰਮਾਂ 'ਤੇ ਆਧਾਰਿਤ ਇਕ ਵਿਸ਼ਵਾਸ ਸੀ ਕਿ ਕਿਆਮਤ ਵਾਲੇ ਦਿਨ ਪਰਮਾਤਮਾ ਚੰਗਿਆਂ ਨੂੰ ਇਨਾਮ ਅਤੇ ਬੁਰਿਆਂ ਨੂੰ ਸਜ਼ਾ ਦੇਵੇਗਾ। ਬਾਦ ਵਿਚ ਇਹ ਵੀ ਮੰਨਿਆ ਜਾਣ ਲਗਿਆ ਕਿ ਉਸ ਦਿਨ ਪਰਮਾਤਮਾ ਮਰੇ ਹੋਇਆਂ ਨੂੰ ਫਿਰ ਤੋਂ ਜ਼ਿੰਦਾ ਕਰੇਗਾ।

'ਕੁਰਾਨ' (ਸੂਰਤ 32/5) ਅਨੁਸਾਰ ਕਿਆਮਤ ਵਾਲੇ ਦਿਨ ਜੀਵਾਂ ਦਾ ਕਰਮਾਂ ਅਨੁਸਾਰ ਨਿਬੇੜਾ ਹੋਵੇਗਾ। 'ਮੱਕੇ ਮਦੀਨੇ ਦੀ ਗੋਸਟਿ' ਵਿਚ ਵੀ ਲਿਖਿਆ ਹੈ ਕਿ 'ਕਿਆਮਤ ਕੇ ਹੀ ਦਿਵਸ ਮੈ ਸਭ ਨਿਬੇੜਾ ਹੋਇ'। ਸੁਲਤਾਨ ਬਾਹੂ ਨੇ ਕਿਆਮਤ ਦੇ ਦਿਨ ਵਲ ਇਸ਼ਾਰਾ ਕੀਤਾ ਹੈ—'ਐਨ, ਆਸ਼ਕਾਂ ਇਕ ਵੁਜ਼ੂ ਜੀ ਕੀਤਾ, ਬਾਹੂ ਰੋਜ਼ ਕਿਆਮਤ ਤਾਈਂ ਹੂ।' 'ਬਾਈਬਲ' ਦੇ ਆਰੰਭ ਵਿਚ ਲਿਖਿਆ ਹੈ ਕਿ ਪਾਪਾਂ ਕਾਰਣ ਪਰਮਾਤਮਾ ਪਾਪੀਆਂ ਨੂੰ ਸਜ਼ਾ ਦਿੰਦਾ ਹੈ। ਅਸਲ ਵਿਚ, ਈਸਾਈ ਵਿਚਾਰਧਾਰਾ ਅਨੁਸਾਰ ਕਿਆਮਤ ਵਾਲੇ ਦਿਨ ਪਰਮਾਤਮਾ ਸਾਰੇ ਮਨੁੱਖਾਂ ਦਾ ਨਿਆਂ ਕਰੇਗਾ। 'ਬਾਈਬਲ' ਦੇ ਪਿਛਲੇ ਅੱਧ ਵਿਚ ਲਿਖਿਆ ਹੈ ਕਿ ਕਿਆਮਤ ਵਾਲੇ ਦਿਨ ਸਾਰੇ ਮਨੁੱਖ ਪੁਨਰ-ਜੀਵਿਤ ਹੋਣਗੇ ਅਤੇ ਈਸਾ ਨਿਆਂ-ਕਰਤਾ ਦੇ ਰੂਪ ਵਿਚ ਪ੍ਰਗਟ ਹੋ ਕੇ ਚੰਗੇ ਬੰਦਿਆਂ ਨੂੰ ਸਵਰਗ ਅਤੇ ਮਾੜੇ ਬੰਦਿਆਂ ਨੂੰ ਨਰਕ ਵਿਚ ਭੇਜੇਗਾ। ਪੰਜਾਬੀ ਵਿਚ ਕਈ ਵਾਰ ਪਰਲੋ ਜਾਂ ਪਰਲੌ (ਵੇਖ) ਸ਼ਬਦ ਨੂੰ ਕਿਆਮਤ ਸੂਚਕ ਵਰਤਿਆ ਜਾਂਦਾ ਹੈ।

ਕਿਸ਼ਨ ਸਿੰਘ : ਸ਼ਹੀਦ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦਾ ਜਨਮ ਸਰਦਾਰ ਅਰਜਨ ਸਿੰਘ ਦੇ ਘਰ ਖਟਕੜ ਕਲਾਂ, ਜ਼ਿਲਾ ਜਲੰਧਰ ਵਿਚ ਹੋਇਆ। ਇਸ ਦੇ ਪਿਤਾ ਰਾਸ਼ਟਰੀ ਚੇਤਨਾ ਵਾਲੇ ਇਕ ਉੱਘੇ ਵਿਅਕਤੀ ਸਨ ਜਿਸ ਕਰਕੇ ਕਿਸ਼ਨ ਸਿੰਘ

ਅਤੇ ਉਸ ਦੇ ਦੂਜੇ ਦੋ ਭਰਾ—ਅਜੀਤ ਸਿੰਘ ਅਤੇ ਸਵਰਨ ਸਿੰਘ— ਵੀ ਕ੍ਰਾਂਤੀਕਾਰੀ ਬਿਰਤੀ ਵਾਲੇ ਹੋ ਗਏ। ਕਿਸ਼ਨ ਸਿੰਘ ਦੇ ਮਨ ਵਿਚ ਸਮਾਜ ਸੇਵਾ ਦੀ ਬਹੁਤ ਭਾਵਨਾ ਸੀ। ਆਰਯ ਸਮਾਜ ਦਾ ਮੈਂਬਰ ਬਣ ਕੇ ਉਸ ਨੇ ਆਪਣੀ ਇਸ ਰੁਚੀ ਦੀ ਪੂਰਤੀ ਕਰਨ ਦਾ ਯਤਨ ਕੀਤਾ।

ਸੰਨ 1898 ਈ. ਦੇ ਕਾਲ ਵੇਲੇ ਅਤੇ ਸੰਨ 1904 ਈ. ਵਿਚ ਆਏ ਕਾਂਗੜੇ ਦੇ ਭੁਚਾਲ ਵੇਲੇ ਇਸ ਨੇ ਦੁਖਿਆਰਿਆਂ ਦੀ ਬਹੁਤ ਮੱਦਦ ਕੀਤੀ। ਸੰਨ 1906 ਈ. ਤੋਂ ਉਸ ਨੇ ਰਾਜਨੀਤੀ ਵਿਚ ਰੁਚੀ ਲੈਣੀ ਸ਼ੁਰੂ ਕੀਤੀ। ਸੰਨ 1907 ਈ. ਵਿਚ 'ਕੈਨਾਲ ਐਕਟ' ਦਾ ਵਿਰੋਧ ਕਰਨ ਕਰਕੇ ਇਸ ਨੂੰ ਦੋ ਸਾਲ ਦੀ ਕੈਦ ਭੋਗਣੀ ਪਈ। ਜੇਲ ਵਿਚ ਰਹਿਣ ਦੌਰਾਨ ਕੈਦੀਆਂ ਪ੍ਰਤਿ ਸਰਕਾਰ ਦੇ ਵਿਵਹਾਰ ਵਿਚ ਕਈ ਸੁਧਾਰ ਕਰਾਉਣ ਦਾ ਯਤਨ ਕੀਤਾ। ਸੰਨ 1930 ਈ. ਵਿਚ ਨਾ ਮਿਲਵਰਤਨ ਲਹਿਰ ਵਿਚ ਹਿੱਸਾ ਲੈਣ ਕਾਰਣ ਸਰਕਾਰੀ ਜ਼ੁਲਮ ਨੂੰ ਸਹਿਨ ਕੀਤਾ। ਸੰਨ 1938 ਈ. ਵਿਚ ਪੰਜਾਬ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ।

ਇਸ ਨੂੰ ਆਪਣੇ ਭਰਾ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਦਾ ਵਿਸ਼ੇਸ਼ ਸੰਪਰਕ ਪ੍ਰਾਪਤ ਰਿਹਾ। ਇਸ ਦੇ ਬੋਲਣ ਅਤੇ ਭਾਸ਼ਣ ਕਰਨ ਵਿਚ ਬਹੁਤ ਜੋਸ਼ ਅਤੇ ਦਲੀਲ ਸੀ ਜੋ ਸਰੋਤਿਆਂ ਨੂੰ ਕੀਲ ਲੈਂਦੀ ਸੀ। ਇਹ ਵਿਸ਼ੇਸ਼ਤਾਵਾਂ ਭਗਤ ਸਿੰਘ ਨੂੰ ਵਿਰਸੇ ਵਿਚ ਮਿਲੀਆਂ ਸਨ। ਦੇਸ਼ ਵੰਡ ਤੋਂ ਪਹਿਲਾਂ ਆਜ਼ਾਦੀ ਲਈ ਅਤੇ ਆਜ਼ਾਦੀ ਮਿਲਣ ਉਪਰੰਤ ਉਸ ਦੀ ਕਾਇਮੀ ਲਈ ਪ੍ਰਯਤਨਸ਼ੀਲ ਕਿਸ਼ਨ ਸਿੰਘ ਦਾ ਦੇਹਾਂਤ ਸੰਨ 1951 ਈ. ਵਿਚ ਹੋਇਆ।

ਕਿੰਨਰ : ਇਸ ਸ਼ਬਦ ਦੇ ਸਰੂਪ (ਕਿੰ+ਨਰ) ਤੋਂ ਸਪੱਸ਼ਟ ਹੈ ਕਿ ਇਹ ਉਨ੍ਹਾਂ ਕੁਢੱਬੇ ਮਨੁੱਖਾਂ ਲਈ ਵਰਤਿਆ ਗਿਆ ਸੀ ਜਿਨ੍ਹਾਂ ਨੂੰ ਸ਼ਕਲ ਸੂਰਤ ਤੋਂ ਮਨੁੱਖ ਜੂਨ ਵਿਚ ਸ਼ਾਮਲ ਨਾ ਕੀਤਾ ਜਾ ਸਕੇ। ਅਸਲ ਵਿਚ, ਕਿੰਨਰ ਪ੍ਰਾਚੀਨ ਭਾਰਤੀ ਧਾਰਮਿਕ ਅਤੇ ਪੌਰਾਣਿਕ ਕਥਾਵਾਂ ਦੇ ਅਜਿਹੇ ਪਾਤਰ ਹਨ ਜਿਨ੍ਹਾਂ ਦਾ ਮੁਖ ਘੋੜੇ ਵਰਗਾ ਅਤੇ ਬਾਕੀ ਸ਼ਰੀਰ ਮਨੁੱਖ ਵਰਗਾ ਸੀ। ਇਹੀ ਕਾਰਣ ਹੈ ਕਿ ਇਨ੍ਹਾਂ ਦੇ 'ਅਸ਼੍ਵਮੁਖ', 'ਤੁਰੰਗਵਕਤ੍ਰ' ਆਦਿ ਨਾਮਾਂਤਰ ਵੀ ਪ੍ਰਚਲਿਤ ਹੋ ਗਏ।

'ਕਿੰਨਰ' ਦੀ ਉਤਪੱਤੀ ਬਾਰੇ ਕਈ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਬ੍ਰਹਮਾ ਦੇ ਪੈਰ ਦੇ ਅੰਗੂਠੇ ਤੋਂ ਪੈਦਾ ਹੋਏ। ਦੂਜੇ ਮਤ ਅਨੁਸਾਰ ਇਨ੍ਹਾਂ ਦੇ ਆਦਿ ਜਨਕ ਕਸ਼੍ਯਪ ਅਤੇ ਅਰਿਸ਼ਟਾ ਸਨ। ਤੀਜੇ ਮਤ ਅਨੁਸਾਰ ਇਹ ਪੁਲਸਤ੍ਯ ਰਿਸ਼ੀ ਦੀ ਸੰਤਾਨ ਵਿਚੋਂ ਸਨ। ਇਨ੍ਹਾਂ ਦਾ ਨਿਵਾਸ ਹਿਮਾਲਾ ਪਰਬਤ ਦੇ ਸ਼ਿਖਰ ਉਤੇ ਹੈ ਜਿਥੇ ਇਹ ਭਗਵਾਨ ਸ਼ੰਕਰ ਦੀ ਸੇਵਾ ਕਰਦੇ ਹਨ। ਇਹ ਮਤ ਵੀ ਪ੍ਰਚਲਿਤ ਹੈ ਕਿ ਇਹ ਕੁਬੇਰ ਦੀ ਸਭਾ ਵਿਚ ਰਹਿੰਦੇ ਹਨ ਅਤੇ ਜਦੋਂ ਗੰਧਰਵ ਗਾਉਂਦੇ ਹਨ ਤਾਂ ਇਹ ਨਾਲ-ਨਾਲ ਬੜਾ ਟਿਕਵਾਂ ਨਾਚ ਕਰਦੇ ਹਨ। ਇਹ ਇੰਦਰ ਦੀ ਸਭਾ ਵਿਚ ਵੀ ਨਾਚ ਕਰਦੇ ਹਨ। ਇਨ੍ਹਾਂ ਦੇ ਸੈਂਕੜੇ ਗਣ ਮੰਨੇ ਜਾਂਦੇ ਹਨ ਅਤੇ ਚਿਤ੍ਰਰਥ ਇਨ੍ਹਾਂ ਦਾ ਮੁਖੀਆ ਦਸਿਆ ਜਾਂਦਾ ਹੈ।

ਆਧੁਨਿਕ ਖੋਜ ਅਨੁਸਾਰ ਕਿੰਨਰ ਹਿਮਾਲਾ ਪਰਬਤ ਦੇ ਕੁਝ ਖੇਤਰਾਂ ਵਿਚ ਵਸਣ ਵਾਲੀ ਉਹ ਮਨੁੱਖ ਜਾਤੀ ਹੈ ਜਿਸ ਦੇ ਪ੍ਰਧਾਨ ਕੇਂਦਰ ਹੇਮਕੂਟ ਅਤੇ ਹਿਮਵਤ ਰਹੇ ਸਨ। ਇਨ੍ਹਾਂ ਨੂੰ ਕਿਨੌਰੇ ਵੀ ਕਿਹਾ ਜਾਂਦਾ ਹੈ। ਇਹ ਨਾਚ ਕਰਨ ਵਿਚ ਅਧਿਕ ਰੁਚੀ ਰਖਦੇ ਹਨ। ਅਸਲ ਵਿਚ, ਇਹ ਸ਼ਬਦ ਹਿਮਾਲਾ ਪਰਬਤ ਵਿਚ ਵਸਣ ਵਾਲੇ ਉਨ੍ਹਾਂ ਮਨੁੱਖਾਂ ਲਈ ਵਰਤਿਆ ਗਿਆ ਪ੍ਰਤੀਤ ਹੁੰਦਾ ਹੈ ਜਿਨ੍ਹਾਂ ਦੇ ਰੰਗ ਪੀਲੇ ਹਨ ਅਤੇ ਪਿਛੋਕੜ ਮੰਗੋਲਾਂ ਨਾਲ ਜਾ ਜੁੜਦਾ ਹੈ। ਇਨ੍ਹਾਂ ਦੇ ਮੁਖ ਦੀ ਆਕ੍ਰਿਤੀ ਤੋਂ ਇਸਤਰੀ ਪੁਰਸ਼ ਦਾ ਭੇਦ ਸਹਿਜੇ ਨਹੀਂ ਪਾਇਆ ਜਾ ਸਕਦਾ।

ਪੁਰਾਤਨ ਪੰਜਾਬੀ ਕਾਵਿ ਵਿਚ ਇਨ੍ਹਾਂ ਦਾ ਉੱਲੇਖ ਹੋਇਆ ਹੈ। ਪਰਮਾਤਮਾ ਦੀ ਸ੍ਰਿਸ਼ਟੀ ਦੀ ਅਨੰਤਤਾ ਦਾ ਜ਼ਿਕਰ ਕਰਦਿਆਂ ਗੁਰੂ ਅਰਜਨ ਦੇਵ ਨੇ 'ਸੁਖਮਨੀ' ਵਿਚ ਲਿਖਿਆ ਹੈ—'ਕਈ ਕੋਟਿ ਜਖ੍ਯ ਕਿੰਨਰ ਪਿਸਾਚ ।/ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ' (ਅ. ਗ੍ਰੰ. 276)।

ਕਿਬਲਾ : ਵੇਖੋ 'ਕਾਅਬਾ'।

ਕਿਰਤ-ਕਰਮ : ਵੇਖੋ 'ਕਰਮ'।

ਕੀਚਕ : ਕੇਕਯ ਰਾਜਾ ਦੇ ਇਕ ਸੌ ਛੇ ਪੁੱਤਰਾਂ ਵਿਚੋਂ ਸਭ ਤੋਂ ਵੱਡਾ ਕੀਚਕ ਅਖਵਾਉਂਦਾ ਸੀ ਅਤੇ ਬਾਕੀ ਦੇ ਭਰਾਵਾਂ ਨੂੰ ਛੋਟੇ ਹੋਣ ਕਾਰਣ ਉਪ-ਕੀਚਕ ਕਿਹਾ ਜਾਂਦਾ ਸੀ। ਇਹ ਜਾਤਿ ਦਾ ਸੂਤ ਸੀ ਕਿਉਂਕਿ ਇਹ ਕੇਕਯ ਦੀ 'ਮਾਲਵੀ' ਨਾਂ ਦੀ ਪਤਨੀ ਤੋਂ ਪੈਦਾ ਹੋਇਆ ਸੀ। ਕੇਕਯ ਦੀ ਦੂਜੀ ਪਤਨੀ ਤੋਂ ਸੁਦੇਸ਼ਣਾ ਨਾਂ ਦੀ ਲੜਕੀ ਦਾ ਜਨਮ ਹੋਇਆ। ਕਾਲਾਂਤਰ ਵਿਚ ਇਸ ਕੰਨਿਆ ਦਾ ਵਿਆਹ ਰਾਜਾ ਵਿਰਾਟ ਨਾਲ ਹੋਇਆ। ਕੀਚਕ ਦਾ ਆਪਣੀ ਭੈਣ ਸੁਦੇਸ਼ਣਾ ਨਾਲ ਬਹੁਤ ਪਿਆਰ ਸੀ। ਇਸ ਲਈ ਇਹ ਰਾਜਾ ਵਿਰਾਟ ਦੇ ਦਰਬਾਰ ਵਿਚ ਰਹਿਣ ਲਗਾ। ਅਦੁੱਤੀ ਬਹਾਦਰੀ ਕਾਰਣ ਇਸ ਨੂੰ ਰਾਜਾ ਵਿਰਾਟ ਦਾ ਸੈਨਾਪਤੀ ਬਣਾਇਆ ਗਿਆ ਅਤੇ ਇਸ ਦੇ ਹੋਰ ਭਰਾ ਵੀ ਵਿਰਾਟ ਦੇ ਰਾਜ ਵਿਚ ਪ੍ਰਤਿਸ਼ਠਾ-ਪੂਰਵਕ ਰਹਿਣ ਲਗੇ।

ਪੁਰਾਣ-ਕਥਾ ਅਨੁਸਾਰ ਭੀਮ, ਦੁਰਯੋਧਨ ਅਤੇ ਕੀਚਕ ਨੇ ਸ਼ਿਵ ਦੀ ਉਪਾਸਨਾ ਕਰਕੇ ਕਿਸੇ ਦੁਆਰਾ ਨਾ ਮਾਰੇ ਜਾ ਸਕਣ ਦਾ ਵਰ ਪ੍ਰਾਪਤ ਕੀਤਾ ਹੋਇਆ ਸੀ। ਪਰ ਪਾਰਬਤੀ ਨੇ ਇਹ ਵੀ ਕਿਹਾ ਸੀ ਕਿ ਦੁਰਯੋਧਨ ਅਤੇ ਕੀਚਕ ਨੂੰ ਅੰਤ ਵਿਚ ਭੀਮ ਹੀ ਮਾਰੇਗਾ।

ਬਨਵਾਸ ਦੇ ਤੇਰ੍ਹਵੇਂ ਸਾਲ ਦ੍ਰੋਪਦੀ ਵਿਰਾਟ ਰਾਜਾ ਦੀ ਰਾਣੀ ਸੁਦੇਸ਼ਣਾ ਕੋਲ 'ਸੈਰੰਧਰੀ' ਨਾਂ ਅਧੀਨ ਦਾਸੀ ਵਜੋਂ ਦਸ ਮਹੀਨੇ ਕੰਮ ਕਰਦੀ ਰਹੀ। ਤਦ ਇਕ ਦਿਨ ਉਸ ਨੂੰ ਵੇਖ ਕੇ ਸੈਨਾਪਤੀ ਕੀਚਕ ਮੋਹਿਤ ਹੋ ਗਿਆ। ਉਸ ਨੇ ਆਪਣੀ ਭੈਣ ਸੁਦੇਸ਼ਣਾ ਦੇ ਸਹਿਯੋਗ ਨਾਲ ਸੈਰੰਧਰੀ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ। ਆਪਣੇ ਇਰਾਦੇ ਵਿਚ ਕਾਮਯਾਬ ਨਾ ਹੋ ਸਕਣ ਕਾਰਣ ਉਸ ਨੇ ਰਾਜੇ ਦੀ ਭਰੀ ਸਭਾ ਵਿਚ ਸੈਰੰਧਰੀ ਨੂੰ ਅਪਮਾਨਿਤ ਕੀਤਾ। ਗੁਪਤ ਢੰਗ ਦੁਆਰਾ ਭੀਮ ਨਾਲ ਸਲਾਹ ਕਰਕੇ ਸੈਰੰਧਰੀ ਨੇ ਰਾਤ ਨੂੰ ਕੀਚਕ ਨੂੰ ਆਪਣੇ ਪਾਸ ਆਉਣ ਦਾ ਸਦਾ ਦਿੱਤਾ। ਅਗੋ ਸੈਰੰਧਰੀ ਦੀ ਥਾਂ ਤੇ ਜੁਤੇ

ਹੋਏ ਭੀਮ ਨੇ ਕੀਚਕ ਨਾਲ ਯੁੱਧ ਕਰਕੇ ਉਸ ਨੂੰ ਮਾਰ ਦਿੱਤਾ ਅਤੇ ਬਾਦ ਵਿਚ ਉਪ-ਕੀਚਕਾਂ ਨੂੰ ਵੀ ਮਾਰ ਦਿੱਤਾ। ਇਸ ਤਰ੍ਹਾਂ ਦ੍ਰੋਪਦੀ ਦੀ ਖਲਾਸੀ ਹੋਈ।

ਕੀਚਕ ਦੇ ਮਾਰੇ ਜਾਣ 'ਤੇ ਦੁਰਯੋਧਨ ਨੂੰ ਅਹਿਸਾਸ ਹੋਇਆ ਕਿ ਕੀਚਕ ਨੂੰ ਮਾਰਨ ਵਾਲਾ ਵਿਅਕਤੀ ਭੀਮ ਹੀ ਹੈ ਅਤੇ ਉਹ ਇਸ ਵਕਤ ਬਦਲੇ ਹੋਏ ਭੇਸ ਵਿਚ ਰਾਜਾ ਵਿਰਾਟ ਦੇ ਦਰਬਾਰ ਵਿਚ ਰਹਿ ਰਿਹਾ ਹੈ। ਸੈਰੰਧਰੀ ਨੇ ਰਾਣੀ ਸੁਦੇਸ਼ਣਾ ਕੋਲੋਂ ਆਗਿਆ ਲੈ ਕੇ ਬਨਵਾਸ ਦੇ ਬਾਕੀ ਬਚਦੇ ਤੇਰ੍ਹਾਂ ਦਿਨ ਉਥੇ ਹੀ ਕਟੇ।

ਕੀਮਾ-ਮਲਕੀ : ਪੰਜਾਬੀ ਲੋਕ ਸਭਿਆਚਾਰ ਵਿਚ ਸ਼ਾਮਲ ਇਕ ਪ੍ਰੇਮ-ਆਖਿਆਨ ਦੇ ਮੁੱਖ ਪਾਤਰ ਜਿਨ੍ਹਾਂ ਦੇ ਪਿਆਰ ਦੀ ਘਟਨਾ ਅਕਬਰ ਬਾਦਸ਼ਾਹ ਦੇ ਸਮੇਂ ਵਿਚ ਵਾਪਰੀ ਦਸੀ ਜਾਂਦੀ ਹੈ। ਮਲਕੀ ਸਿੰਧ ਪ੍ਰਾਂਤ ਦੇ ਇਕ ਨਗਰ 'ਗੜ੍ਹ-ਮੁਗਲਾਨਾ' ਦੇ ਰਾਜਾ ਰਾਇ ਮੁਬਾਰਕ ਦੀ ਪੁੱਤਰੀ ਸੀ। ਇਸ ਦੀ ਅਤਿ ਅਧਿਕ ਸੁੰਦਰਤਾ ਨੂੰ ਵੇਖ ਕੇ ਇਸ ਦਾ ਚਾਚਾ ਇਸ ਦਾ ਅਕਬਰ ਨਾਲ ਵਿਆਹ ਕਰਕੇ ਰਾਜਨੈਤਿਕ ਲਾਭ ਉਠਾਉਣਾ ਚਾਹੁੰਦਾ ਸੀ, ਪਰ ਰਾਇ ਮੁਬਾਰਕ ਨੇ ਮਲਕੀ ਦਾ ਰਿਸ਼ਤਾ ਤਖ਼ਤ-ਹਜ਼ਾਰੇ ਦੇ ਕੀਮੇ ਨਾਲ ਕਰ ਦਿੱਤਾ। ਕੀਮਾ ਰਾਂਝੇ ਦੇ ਭਤੀਜੇ ਜਾਨੀ ਦਾ ਪੁੱਤਰ ਸੀ। ਕੀਮੇ ਨੂੰ ਰਸਤੇ ਵਿਚੋਂ ਹਟਾਣ ਲਈ ਚਾਚੇ ਨੇ ਅਕਬਰ ਨਾਲ ਮਿਲ ਕੇ ਉਸ ਨੂੰ ਕੈਦ ਕਰਵਾ ਦਿੱਤਾ। ਪਰ ਜਦੋਂ ਅਕਬਰ ਨੂੰ ਮਲਕੀ ਦੇ ਪਿਆਰ ਦੀ ਅਸਲੀਅਤ ਦਾ ਪਤਾ ਲਗਾ ਤਾਂ ਉਸ ਨੇ ਕੀਮੇ ਨੂੰ ਮੁਕਤ ਕਰ ਦਿੱਤਾ। ਕੀਮੇ ਨੇ ਮਲਕੀ ਨਾਲ ਵਿਆਹ ਕਰਕੇ ਸੁਖ ਪੂਰਵਕ ਜੀਵਨ ਬਤੀਤ ਕੀਤਾ। 'ਮਲਕੀ ਨਾਲ ਜਲਾਲੀ ਨੂੰ ਖੂਬ ਗਾਵੇ '...' ਕਹਿ ਕੇ ਵਾਰਿਸ ਸ਼ਾਹ ਨੇ 'ਹੀਰ' ਵਿਚ ਇਸ ਰੋਮਾਂਸ ਦਾ ਸੰਕੇਤ ਕੀਤਾ ਹੈ।

ਕੀਰਤਨ-ਸੋਹਿਲਾ, ਬਾਣੀ : ਇਸ ਨੂੰ 'ਕੀਰਤਿ ਸੋਹਿਲਾ' ਜਾਂ 'ਸੋਹਿਲਾ' ਵੀ ਕਿਹਾ ਜਾਂਦਾ ਹੈ। ਇਸ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਪੰਜ ਸ਼ਬਦ ਦਰਜ ਹਨ। ਇਨ੍ਹਾਂ ਪੰਜ ਸ਼ਬਦਾਂ ਨੂੰ ਇਹ ਸਿਰਲੇਖ ਗੁਰੂ ਅਰਜਨ ਦੇਵ ਨੇ ਗ੍ਰੰਥ-ਸੰਪਾਦਨ ਵੇਲੇ ਇਨ੍ਹਾਂ ਵਿਚਲੇ ਪਹਿਲੇ ਸ਼ਬਦ ਦੀਆਂ ਮੁੱਢਲੀਆਂ ਦੋ ਤੁਕਾਂ ਦੇ ਆਧਾਰ ਤੇ ਦਿੱਤਾ ਹੋਵੇਗਾ— 'ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।/ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ'। ਇਸ ਵਿਚਲੇ ਪਹਿਲੇ ਤਿੰਨ ਸ਼ਬਦ ਗੁਰੂ ਨਾਨਕ ਦੇਵ ਦੀ ਬਾਣੀ ਤੋਂ ਲਏ ਗਏ ਹਨ, ਚੌਥਾ ਸ਼ਬਦ ਗੁਰੂ ਰਾਮਦਾਸ ਦਾ ਹੈ ਅਤੇ ਪੰਜਵਾਂ ਗੁਰੂ ਅਰਜਨ ਦੇਵ ਦੀ ਰਚਨਾ ਹੈ।

ਧਾਰਮਿਕ ਪ੍ਰਥਾ ਅਨੁਸਾਰ ਇਸ ਬਾਣੀ ਦਾ ਪਾਠ ਰਾਤ ਸੌਣ ਤੋਂ ਪਹਿਲਾਂ ਹਰ ਇਕ ਸਿੱਖ ਲਈ ਕਰਨਾ ਜ਼ਰੂਰੀ ਹੈ। ਇਸ ਪ੍ਰਥਾ ਦਾ ਪ੍ਰਚਲਨ ਗੁਰੂ ਅਰਜਨ ਦੇਵ ਤੋਂ ਹੋਇਆ ਪ੍ਰਤੀਤ ਹੁੰਦਾ ਹੈ। ਭਾਈ ਗੁਰਦਾਸ ਨੇ ਉਸ ਵਕਤ ਦੇ ਸਿੱਖਾਂ ਦੀ ਨਿੱਤ-ਕ੍ਰਿਆ ਵਿਚ ਇਸ ਬਾਣੀ ਦੇ ਸ਼ਾਮਲ ਹੋਣ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵਰੰਡਦੇ' (6/7)।

ਅੱਜ ਕਲ ਕਿਸੇ ਦੇ ਮਰਨ ਤੋਂ ਬਾਦ ਵੀ ਇਸ ਦਾ ਪਾਠ ਕੀਤਾ ਜਾਂਦਾ ਹੈ।

ਕੀਰਤਪੁਰ : ਸਤਲੁਜ ਦਰਿਆ ਦੇ ਕੰਢੇ ਵਸਿਆ ਜ਼ਿਲਾ ਰੋਪੜ (ਪੰਜਾਬ) ਦਾ ਇਕ

ਪ੍ਰਸਿੱਧ ਕਸਬਾ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਇਸ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1626 ਈ. (1683 ਬਿ.) ਵਿਚ ਕਹਿਲੂਰ ਦੇ ਰਾਜਾ ਤਾਰਾ ਚੰਦ ਤੋਂ ਧਰਤੀ ਖ਼ਰੀਦ ਕੇ ਕੀਤੀ ਸੀ। ਇਸ ਦੀ ਉਸਾਰੀ ਦਾ ਬਹੁਤਾ ਕੰਮ ਬਾਬਾ ਗੁਰਦਿੱਤਾ ਜੀ ਦੁਆਰਾ ਹੋਇਆ।

ਰਵਾਇਤ ਅਨੁਸਾਰ ਜਦੋਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਇਥੇ ਆ ਕੇ ਸਾਈਂ ਬੁੱਢਣ ਸ਼ਾਹ ਨੂੰ ਬਨ ਵਿਚ ਮਿਲੇ ਤਾਂ ਉਨ੍ਹਾਂ ਨੇ ਇਥੇ ਭਵਿਸ਼ ਵਿਚ ਕਿਸੇ ਨਗਰ ਦੇ ਆਬਾਦ ਹੋਣ ਦਾ ਵਰਦਾਨ ਦਿੱਤਾ। ਇਸ ਕਸਬੇ ਦੇ ਆਬਾਦ ਹੋਣ ਤੋਂ ਬਾਦ ਗੁਰੂ ਹਰਿਗੋਬਿੰਦ ਸਾਹਿਬ ਸੰਨ 1634 ਈ. (1691 ਬਿ.) ਵਿਚ ਇਥੇ ਸਥਾਈ ਨਿਵਾਸ ਲਈ ਆ ਗਏ ਅਤੇ ਅੰਤ-ਕਾਲ ਤਕ ਇਥੇ ਹੀ ਰਹੇ। ਇਥੇ ਗੁਰੂ-ਇਤਿਹਾਸ ਨਾਲ ਸੰਬੰਧਿਤ ਬਾਰ੍ਹਾਂ ਧਾਮ ਹਨ, ਜਿਵੇਂ ਸ਼ੀਸ਼ ਮਹਿਲ, ਹਰਿਮੰਦਰ ਸਾਹਿਬ, ਗੁਰੂ ਕਾ ਖੂਹ, ਚਰਨ-ਕਮਲ, ਚੁਬੱਚਾ ਸਾਹਿਬ, ਤਖ਼ਤ ਸਾਹਿਬ, ਤੀਰਮੰਜੀ ਸਾਹਿਬ, ਦਮਦਮਾ ਸਾਹਿਬ, ਦੇਹਰਾ ਬਾਬਾ ਗੁਰਦਿੱਤਾ ਜੀ, ਪਤਾਲਪੁਰੀ, ਤਕੀਆ ਸਾਈਂ ਬੁੱਢਣ ਸ਼ਾਹ ਅਤੇ ਵਿਮਾਨ ਗੜ੍ਹ। ਇਨ੍ਹਾਂ ਧਰਮ-ਧਾਮਾਂ ਵਿਚ ਕੁਝ ਕੁ ਇਤਿਹਾਸਿਕ ਯਾਦਗਾਰੀ ਵਸਤੂਆਂ ਵੀ ਸੰਭਾਲੀਆਂ ਹੋਈਆਂ ਹਨ।

ਪਾਕਿਸਤਾਨ ਬਣਨ ਤੋਂ ਬਾਦ ਅਤੇ ਪਾਤਾਲਪੁਰੀ ਵਿਚ ਮ੍ਰਿਤਕਾਂ ਦੀਆ ਅਸਥੀਆਂ ਪ੍ਰਵਾਹਿਤ ਕਰਨ ਦੀ ਰੁਚੀ ਦੇ ਵਿਕਸਿਤ ਹੋ ਜਾਣ ਕਰਕੇ ਹੁਣ ਇਥੋਂ ਦੀ ਰੌਣਕ ਵੱਧ ਗਈ ਹੈ। ਭਾਖੜਾ ਡੈਮ ਬਣਨ ਨਾਲ ਵੀ ਇਥੇ ਯਾਤਰੂਆਂ ਦੀ ਆਵਾਜਾਈ ਵੱਧੀ ਹੈ ਕਿਉਂਕਿ ਇਹ ਰੋਪੜ ਤੋਂ ਨੰਗਲ ਜਾਣ ਵਾਲੀ ਸੜਕ ਉਤੇ ਵਸਿਆ ਹੋਇਆ ਹੈ।

ਕੀੜ-ਨਗਰ : ਜਨਮਸਾਖੀ ਸਾਹਿੱਤ ਵਿਚ ਇਸ ਨਗਰ ਦਾ ਉੱਲੇਖ ਆਉਂਦਾ ਹੈ। ਉਥੇ ਗੁਰੂ ਨਾਨਕ ਦੇਵ ਉਦਾਸੀਆਂ ਦੌਰਾਨ ਗਏ ਸਨ। ਉਥੇ ਹਰ ਪਾਸੇ ਕੀੜੀਆਂ ਹੀ ਕੀੜੀਆਂ ਵੇਖ ਕੇ ਮਰਦਾਨਾ ਬਹੁਤ ਡਰਿਆ, ਪਰ ਗੁਰੂ ਜੀ ਨੇ ਉਸ ਨੂੰ ਸਹੀ ਸਥਿਤੀ ਸਮਝਾ ਕੇ ਡਰ ਦਾ ਨਿਵਾਰਣ ਕੀਤਾ।

ਇਹ ਨਗਰ, ਅਸਲ ਵਿਚ ਬਾਰ੍ਹਵੀਂ ਸਦੀ ਵਿਚ ਕੀੜ ਜਾਤਿ ਦੇ ਲੋਕਾਂ ਨੇ ਵਸਾਇਆ ਸੀ ਅਤੇ ਇਸ ਦਾ ਨਾਂ ਕੀੜ-ਗ੍ਰਾਮ ਸੀ। ਇਹ ਨਗਰ ਅਜ-ਕਲ 'ਬੈਜਨਾਥ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਥੋਂ ਦੇ ਇਕ ਸ਼ਿਵ ਮੰਦਿਰ (ਜਿਸ ਨੂੰ ਬੈਜਨਾਥ ਦਾ ਮੰਦਿਰ ਕਿਹਾ ਜਾਂਦਾ ਹੈ) ਦੇ ਨਾਂ ਤੇ ਹੀ ਇਹ 'ਕੀੜਗ੍ਰਾਮ' ਦੀ ਥਾਂ 'ਬੈਜਨਾਥ' ਪ੍ਰਸਿੱਧ ਹੋ ਗਿਆ। ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲੇ ਵਿਚ ਸਥਿਤ ਇਹ ਕਸਬਾ ਕਾਂਗੜਾ ਦੇ ਕਿਲੇ ਤੋਂ ਲਗਭਗ 50 ਕਿ. ਮੀ. ਪੂਰਵ ਦਿਸ਼ਾ ਵਲ ਹੈ। ਇਸ ਵਿਚਲੇ ਦੋ ਪ੍ਰਸਿੱਧ ਹਿੰਦੂ ਮੰਦਿਰਾਂ ਵਿਚ ਸ਼ਾਰਦਾ ਲਿਪੀ ਵਿਚ ਲਿਖੇ ਸ਼ਿਲਾ-ਲੇਖਾਂ ਵਿਚ ਕੀੜ ਜਾਤਿ ਦੇ ਰਾਜਿਆਂ ਦੀ ਬੰਸਾਵਲੀ ਲਿਖੀ ਹੈ। ਇਨ੍ਹਾਂ ਮੰਦਿਰਾਂ ਦੇ ਦਰਸ਼ਨਾਂ ਲਈ ਦੂਰੋਂ ਦੂਰੋਂ ਸ਼ਰਧਾਲੂ ਆਉਂਦੇ ਹਨ।

ਕੁੱਕਨਸ/ਕੁਕਨੂਸ : ਇਕ ਕਲਪਿਤ ਪੰਛੀ ਜਿਸ ਨੂੰ ਸਦੀਵਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਕਿਉਂਕਿ ਇਸ ਦੀ ਉਮਰ ਬਹੁਤ ਲੰਬੀ ਹੁੰਦੀ ਹੈ। ਕਿਤੇ ਕਿਤੇ ਇਸ ਦੀ

ਉਮਰ ਇਕ ਹਜ਼ਾਰ ਸਾਲ ਲਿਖੀ ਹੈ। ਇਸ ਪੰਛੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਮਾਦਾ ਨਹੀਂ ਹੁੰਦੀ, ਇਸ ਕਰਕੇ ਜੋੜਾ ਨਹੀਂ ਬਣਦਾ। ਕਹਿੰਦੇ ਹਨ ਜਦੋਂ ਇਹ ਬਿਰਧ ਹੁੰਦਾ ਹੈ ਤਾਂ ਆਪਣੀ ਚੁੰਜ ਨਾਲ ਨਿੱਕੀਆਂ-ਨਿੱਕੀਆਂ ਲਕੜੀਆਂ ਇਕੱਠੀਆਂ ਕਰਕੇ ਉਨ੍ਹਾਂ ਵਿਚ ਸੜ ਮਰਦਾ ਹੈ ਅਤੇ ਇਸ ਦੀ ਰਾਖ ਵਿਚੋਂ ਇਕ ਹੋਰ ਪੰਛੀ ਪੈਦਾ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਇਸ ਦੀ ਉਤਪੱਤੀ-ਪ੍ਰਕ੍ਰਿਆ ਚਲਦੀ ਰਹਿੰਦੀ ਹੈ।

ਇਸ ਦੇ ਸੜਨ ਲਈ ਅੱਗ ਕਿਥੋਂ ਆਉਂਦੀ ਹੈ, ਇਸ ਬਾਰੇ ਕਈ ਗੱਲਾਂ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਨਿੱਕੀਆਂ-ਨਿੱਕੀਆਂ ਲਕੜਾਂ ਨੂੰ ਆਪਣੀ ਚੁੰਜ ਨਾਲ ਰਗੜ ਕੇ ਉਨ੍ਹਾਂ ਵਿਚੋਂ ਅੱਗ ਪੈਦਾ ਕਰਦਾ ਹੈ।

ਦੂਜੇ ਮਤ ਅਨੁਸਾਰ ਇਸ ਦੀ ਚੁੰਜ ਵਿਚ ਬਹੁਤ ਸਾਰੇ ਸੁਰਾਖ ਹੁੰਦੇ ਹਨ ਜਿਨ੍ਹਾਂ ਵਿਚੋਂ ਰਾਗਾਂ ਦੀਆਂ ਧੁਨਾਂ ਨਿਕਲਦੀਆਂ ਹਨ। ਬਸੰਤ ਰੁਤ ਵਿਚ ਜਦ ਇਹ ਇਕੱਠੀਆਂ ਕੀਤੀਆਂ ਲਕੜੀਆਂ ਉਤੇ ਬੈਠਦਾ ਹੈ ਤਾਂ ਚੁੰਜ ਵਿਚੋਂ ਰਾਗ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਰਾਗਾਂ ਵਿਚ ਇਕ ਦੀਪਕ ਰਾਗ ਹੁੰਦਾ ਹੈ ਜਿਸ ਦੇ ਅਲਾਪ 'ਤੇ ਅੱਗ ਨਿਕਲ ਆਉਂਦੀ ਹੈ।

ਤੀਜੇ ਮਤ ਅਨੁਸਾਰ ਇਸ ਦੀ ਚੁੰਜ ਵਿਚ 360 ਸੁਰਾਖ ਹੁੰਦੇ ਹਨ ਜਿਨ੍ਹਾਂ ਵਿਚੋਂ ਰਾਗ ਨਿਕਲਦਾ ਹੈ। ਜਦ ਇਹ ਲਕੜੀਆਂ ਉਪਰ ਬੈਠਦਾ ਹੈ ਤਾਂ ਰਾਗ ਅਲਾਪਣਾ ਸ਼ੁਰੂ ਕਰਦਾ ਹੈ। ਕੁਝ ਦੇਰ ਬਾਦ ਇਹ ਆਪਣੇ ਰਾਗ ਉਤੇ ਮਸਤ ਹੋ ਕੇ ਪੰਖਾਂ ਨੂੰ ਇਸ ਹਦ ਤਕ ਫੜਫੜਾਉਂਦਾ ਹੈ ਕਿ ਉਨ੍ਹਾਂ ਵਿਚੋਂ ਅੱਗ ਨਿਕਲਣ ਲਗ ਜਾਂਦੀ ਹੈ ਅਤੇ ਇਹ ਉਸ ਵਿਚ ਸੜ ਮਰਦਾ ਹੈ। ਫਿਰ ਰੱਬ ਸਬੱਬੀਂ ਮੀਂਹ ਵਰ੍ਹਨ ਨਾਲ ਅੱਗ ਬੁਝਦੀ ਹੈ ਅਤੇ ਇਸ ਦੀ ਰਾਖ ਵਿਚੋਂ ਇਕ ਅੰਡਾ ਨਿਕਲਦਾ ਹੈ ਜਿਸ ਵਿਚੋਂ ਨਵਾਂ ਕੁੱਕਨਸ ਪ੍ਰਗਟ ਹੁੰਦਾ ਹੈ। ਇਸ ਨੂੰ ਫ਼ਾਰਸੀ ਵਾਲੇ 'ਆਤਸ਼ਜ਼ਨ' ਕਹਿੰਦੇ ਹਨ। ਕਵੀ ਹਰਿੰਦਰ ਮਹਿਬੂਬ ਨੇ ਇਸ ਵਲ ਸੰਕੇਤ ਕੀਤਾ ਹੈ—'ਜਿਉਂ ਕੁਕਨੂਸ ਰਾਖ 'ਚੋਂ ਗਾਵੇ,/ ਮੁੜ ਮੀਂਹਾਂ ਦੀ ਰੁੱਤੇ।'

ਕੁੰਡਲਿਨੀ : ਵੇਖੋ 'ਹਠਯੋਗ'।

ਕੁਤਬ-ਸਿਤਾਰਾ : ਇਕ ਸਿਤਾਰਾ ਜੋ ਉੱਤਰੀ ਕੁਤਬ ਵਲ ਧਰਤੀ ਦੇ ਧੁਰੇ ਦੇ ਸਿਰੇ ਉਤੇ ਚਮਕਦਾ ਹੈ। ਇਹ ਆਪਣੇ ਸਥਾਨ ਤੇ ਸਥਿਰ ਮੰਨਿਆ ਜਾਂਦਾ ਹੈ। ਇਸ ਤੋਂ ਪੁਰਾਣੇ ਜ਼ਮਾਨੇ ਵਿਚ ਮਲਾਹ ਲੋਕ ਆਪਣੇ ਮਾਰਗ ਦੀ ਸੇਧ ਗ੍ਰਹਿਣ ਕਰਦੇ ਸਨ। ਧਾਰਮਿਕ ਦ੍ਰਿਸ਼ਟੀ ਤੋਂ ਇਸ ਨੂੰ ਪਹੁੰਚੇ ਹੋਏ ਦਰਵੇਸ਼ਾਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਹਿੰਦੂ ਧਰਮ ਵਿਚ ਧਰੂ ਭਗਤ (ਵੇਖੋ) ਦੀ ਅਧਿਆਤਮਿਕ ਸਾਧਨਾ ਕਾਰਣ ਉਸ ਨੂੰ ਜੋ ਧਰੂ-ਲੋਕ ਪ੍ਰਦਾਨ ਕੀਤਾ ਗਿਆ ਸੀ, ਉਹੀ ਧਰੂ ਤਾਰੇ ਦੇ ਨਾਂ ਨਾਲ ਪ੍ਰਸਿੱਧ ਹੋਇਆ ਹੈ। ਵਿਆਹ ਵੇਲੇ ਕੰਨਿਆ ਨੂੰ ਸਥਿਰਤਾ ਦੇ ਇਸ ਪ੍ਰਤੀਕ ਦਾ ਦਰਸ਼ਨ ਕਰਾਉਣਾ ਸ਼ੁਭ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਹਿੰਦੂ-ਧਰਮ ਵਿਚ ਕਲਪਿਤ ਧਰੂ-ਤਾਰਾ ਹੀ ਸਾਮੀ ਧਰਮਾਂ ਵਿਚ ਕੁਤਬ-ਸਿਤਾਰੇ ਦੇ ਰੂਪ ਵਿਚ ਚਿਤਰਿਤ ਹੋਇਆ ਹੈ। ਇਸ ਦਾ

ਹਵਾਲਾ ਦਿੰਦਿਆਂ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ—'ਤਕਦੀਰ ਦੀ ਹਰ ਰਾਤ 'ਚ/ਇਕ ਕੁਤਬ ਸਿਤਾਰਾ,/ਜ਼ਿੰਦਗੀ ਦੇ ਮਲਾਹਾਂ ਨੂੰ/ਦੇਂਦਾ ਹੈ ਸਹਾਰਾ।'

ਕੁਤਬ ਦੀ ਲਾਠ : ਵੇਖੋ 'ਕੁਤਬ-ਮੀਨਾਰ'।

ਕੁਤਬ-ਮੀਨਾਰ : ਦਿੱਲੀ ਦੇ ਮਹਿਰੌਲੀ ਖੇਤਰ ਵਿਚ ਉਸਰਿਆ ਇਹ ਮੀਨਾਰ ਇਤਿਹਾਸ ਅਤੇ ਭਵਨ-ਕਲਾ ਦਾ ਇਕ ਸੁੰਦਰ ਨਮੂਨਾ ਹੈ। ਇਸ ਨੂੰ ਸੰਸਾਰ ਦੇ ਅਜੂਬਿਆਂ ਵਿਚ ਗਿਣਿਆ ਜਾਂਦਾ ਹੈ। ਇਹ ਮੀਨਾਰ ਕਿਸ ਨੇ ਬਣਵਾਇਆ, ਇਸ ਬਾਰੇ ਵਿਦਵਾਨ ਇਕ-ਮਤ ਨਹੀਂ ਹਨ। ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਇਸ ਨੂੰ ਕੁਤੁਬੁੱਦੀਨ ਐਬਕ ਨੇ ਬਾਰ੍ਹਵੀਂ ਸਦੀ ਦੇ ਅੰਤ ਵਿਚ ਰਾਇ ਪਿਥੌਰਾ ਦੇ ਕਿਲੇ ਅਤੇ ਮੰਦਿਰ ਨੂੰ ਢਵਾ ਕੇ ਉਸਰਵਾਇਆ ਸੀ। ਇਸ ਨੂੰ ਬਣਵਾਉਣ ਦਾ ਉਸ ਦਾ ਦੋਹਰਾ ਉੱਦੇਸ਼ ਸੀ। ਇਕ ਇਹ ਕਿ ਇਹ ਮੁਸਲਮਾਨਾਂ ਦੁਆਰਾ ਭਾਰਤ ਉਪਰ ਪ੍ਰਾਪਤ ਕੀਤੀ ਜਿੱਤ ਦਾ ਚਿੰਨ੍ਹ ਸੀ ਅਤੇ ਦੂਜਾ ਇਹ ਕਿ ਉਥੇ ਬਣੀ ਮਸਜਿਦ ਲਈ ਅਜ਼ਾਨ ਦੇਣ ਦਾ ਮੀਨਾਰ ਸੀ। ਪਰ ਦੂਜੇ ਮਤ ਵਾਲਿਆਂ ਦੀ ਸਥਾਪਨਾ ਹੈ ਕਿ ਇਸ ਦਾ ਪਹਿਲਾ ਖੰਡ ਰਾਇ ਪਿਥੌਰਾ ਨੇ ਆਪਣੇ ਕਿਲੇ ਅਤੇ ਮੰਦਿਰ ਦੇ ਨੇੜੇ ਲਗਭਗ ਸੰਨ 1143 ਈ. ਵਿਚ ਬਣਵਾਇਆ। ਇਸ ਉਤੇ ਚੜ੍ਹ ਕੇ ਉਸ ਦੀ ਪੁੱਤਰੀ ਯਮਨਾ ਨਦੀ ਦਾ ਦ੍ਰਿਸ਼ ਵੇਖਦੀ ਹੁੰਦੀ ਸੀ।

ਇਸ ਮੀਨਾਰ ਦੇ ਪਹਿਲੇ ਖੰਡ ਉਤੇ ਸ਼ਿਲਾਲੇਖ ਬਾਦ ਵਿਚ ਲਗਵਾਏ ਗਏ ਪ੍ਰਤੀਤ ਹੁੰਦੇ ਹਨ ਜਿਨ੍ਹਾਂ ਉਤੇ ਕੁਤੁਬੁੱਦੀਨ ਐਬਕ ਅਤੇ ਸੁਲਤਾਨ ਮੁਈਜ਼ੁੱਦੀਨ ਦੇ ਨਾਂ ਉਕਰੇ ਹੋਏ ਹਨ। ਸੰਨ 1229 ਈ. ਦੇ ਨੇੜੇ-ਤੇੜੇ ਜਦੋਂ ਸੁਲਤਾਨ ਸ਼ੰਮੁੱਦੀਨ ਅਲਤਿਮਸ਼ ਨੇ 'ਕਵੱਤੁਲ ਇਸਲਾਮ' ਨਾਂ ਦੀ ਮਸਜਿਦ ਦੇ ਇਰਦ-ਗਿਰਦ ਤਿੰਨ ਦਰਵਾਜ਼ੇ ਬਣਵਾਏ ਤਾਂ ਮੀਨਾਰ ਦੇ ਆਕਾਰ ਵਿਚ ਵੀ ਵਾਧਾ ਕੀਤਾ ਅਤੇ ਇਸ ਵਾਧੇ ਸੰਬੰਧੀ ਦੂਜੇ ਖੰਡ ਦੇ ਦੁਆਰ ਉਤੇ ਵਿਵਰਣ ਖੁਦਵਾਇਆ ਅਤੇ ਇਸ ਦਾ ਨਾਂ 'ਅਜ਼ਾਨ ਦੇਣ ਦਾ ਸਥਲ' ਰਖਿਆ। ਇਸ ਮੀਨਾਰ ਦੇ ਹੁਣ ਪੰਜ ਖੰਡ ਹਨ, ਪਰ ਇਸ ਵਿਚ ਕਦੇ ਸੱਤ ਖੰਡ ਵੀ ਰਹੇ ਸਨ ਕਿਉਂਕਿ ਇਸ ਦਾ ਨਾਂ 'ਮੀਨਾਰ-ਏ-ਹਫ਼ਤ ਮੰਜ਼ਰੀ' ਵੀ ਪ੍ਰਸਿੱਧ ਰਿਹਾ ਹੈ।

ਸੰਨ 1368 ਈ. ਵਿਚ ਸੁਲਤਾਨ ਫ਼ੀਰੋਜ਼ਸ਼ਾਹ ਨੇ ਇਸ ਦੀ ਮੁਰੰਮਤ ਕਰਵਾਈ ਅਤੇ ਸਤਵੀਂ ਮੰਜ਼ਿਲ ਵੀ ਬਣਵਾਈ। ਸੰਨ 1503 ਈ. ਵਿਚ ਸੁਲਤਾਨ ਸਿਕੰਦਰ ਬਹਿਲੋਲ ਨੇ ਫਿਰ ਇਸ ਦੀ ਮੁਰੰਮਤ ਕਰਵਾਈ। ਸੰਨ 1782 ਈ. ਦੇ ਨੇੜੇ-ਤੇੜੇ ਆਏ ਭੂਚਾਲ ਕਾਰਣ ਇਸ ਦੀਆਂ ਉਪਰਲੀਆਂ ਦੋ ਮੰਜ਼ਿਲਾਂ ਡਿਗ ਗਈਆਂ। ਸੰਨ 1829 ਈ. ਵਿਚ ਅੰਗ੍ਰੇਜ਼ ਸਰਕਾਰ ਨੇ ਇਸ ਦੀ ਫਿਰ ਮੁਰੰਮਤ ਕਰਵਾਈ ਅਤੇ ਕੁਝ ਵਾਧੇ ਵੀ ਕੀਤੇ। ਖ਼ਾਸ ਤੌਰ ਤੇ ਛੇਵੀਂ ਮੰਜ਼ਿਲ ਵਜੋਂ ਅੱਠ ਦਰਵਾਜ਼ਿਆਂ ਵਾਲੀ ਪੱਥਰ ਦੀ ਇਕ ਸੁੰਦਰ ਬੁਰਜੀ ਬਣਵਾਈ ਅਤੇ ਸੱਤਵੀਂ ਮੰਜ਼ਿਲ ਵਜੋਂ ਕਾਠ ਦੀ ਬੁਰਜੀ ਲਗਵਾਈ। ਪਰ ਇਹ ਦੋਵੇਂ ਬੁਰਜੀਆਂ ਸਥਿਰ ਨਾ ਰਹਿ ਸਕੀਆਂ। ਕਾਠ ਦੀ ਬੁਰਜੀ ਤਾਂ ਨਸ਼ਟ ਹੋ ਗਈ, ਪਰ ਪੱਥਰ ਦੀ ਬੁਰਜੀ ਨੂੰ ਮੀਨਾਰ ਦੇ ਨੇੜੇ ਹੀ ਰਖ ਦਿੱਤਾ ਗਿਆ, ਜੋ ਹੁਣ

ਵੀ ਮੌਜੂਦ ਹੈ ।

ਇਸ ਮੀਨਾਰ ਦੀ ਉੱਚਾਈ ਲਗਭਗ 238 ਫੁਟ ਹੈ। ਇਸ ਦੇ ਆਧਾਰ ਦਾ ਵਿਆਸ 47 ਫੁਟ 3 ਇੰਚ ਹੈ ਅਤੇ ਸਿਖਰ ਦਾ ਵਿਆਸ 9 ਫੁਟ ਹੈ। ਇਸ ਦੀ ਪਹਿਲੀ ਮੰਜ਼ਿਲ 95 ਫੁਟ ਉੱਚੀ ਹੈ ਅਤੇ ਪੰਜਵੀਂ 22 ਫੁਟ 4 ਇੰਚ ਉੱਚੀ ਹੈ। ਇਹ ਮੀਨਾਰ ਅੰਦਰੋਂ ਖ਼ਾਲੀ ਹੈ ਅਤੇ ਉਪਰ ਜਾਣ ਲਈ ਚੱਕਰਦਾਰ ਪੌੜੀਆਂ ਬਣੀਆਂ ਹੋਈਆਂ ਹਨ। ਇਸ ਮੀਨਾਰ ਨੂੰ ਜਿਸ ਪੱਖ ਤੋਂ ਵੀ ਵੇਖਿਆ ਜਾਏ, ਬੜਾ ਉਤਸਾਹ ਵਰਧਕ ਸਿੱਧ ਹੁੰਦਾ ਹੈ ਕਿਉਂਕਿ ਮੀਨਾਰ ਦੇ ਇਰਦ-ਗਿਰਦ ਬਣੀਆਂ ਗੁਲਿਆਈਆਂ ਉਪਰ ਵੱਲ ਨੂੰ ਨਿਰੰਤਰ ਵਧਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਦਾ ਪ੍ਰਭਾਵ ਦਰਸ਼ਕ ਦੇ ਮਨ ਉਤੇ ਉਸਾਰੂ ਪੈਂਦਾ ਹੈ।

ਪੰਜਾਬੀ ਕਾਵਿ ਵਿਚ ਇਸ ਦੇ ਹਵਾਲੇ ਮਿਲਦੇ ਹਨ। ਭਾਈ ਵੀਰ ਸਿੰਘ ਨੇ 'ਬਿਜਲੀਆਂ ਦੇ ਹਾਰ' ਨਾਂ ਦੇ ਕਾਵਿ-ਸੰਗ੍ਰਹਿ ਵਿਚ 'ਕੁਤਬ ਦੀ ਲਾਠ' ਨਾਂ ਦੀ ਕਵਿਤਾ ਲਿਖ ਕੇ ਇਸ ਬਾਰੇ ਪੈਦਾ ਹੋਏ ਮਤ-ਭੇਦਾਂ ਨੂੰ ਖ਼ਤਮ ਕਰਨ ਲਈ ਇਸ ਨੂੰ 'ਹਿੰਦੁਸਤਾਨੀ' ਮੰਨਿਆ ਹੈ।

ਕੁਤਬੀ-ਤਾਰਾ : ਵੇਖੋ 'ਕੁਤਬ-ਸਿਤਾਰਾ'।

ਕੁੰਤੀ : ਪਾਂਡੂ ਪਤਨੀ ਜੋ ਯਦੁਵੰਸ਼ੀ ਸ਼ੂਰਸੈਨ ਦੀ ਬੇਟੀ ਸੀ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਸ਼ੂਰਸੈਨ ਨੇ ਪ੍ਰਤਿਗਿਆ ਕੀਤੀ ਸੀ ਕਿ ਉਹ ਆਪਣੀ ਪਹਿਲੀ ਸੰਤਾਨ ਆਪਣੇ ਫੁਫੇਰੇ ਭਰਾ ਕੁੰਤਿਭੋਜ ਨੂੰ ਦੇ ਦੇਵੇਗਾ। ਉਸ ਦੇ ਘਰ ਸਭ ਤੋਂ ਪਹਿਲਾਂ ਪੁੱਤਰੀ ਪੈਦਾ ਹੋਈ ਜਿਸ ਦਾ ਨਾਂ 'ਪ੍ਰਿਥਾ' ਰਖਿਆ ਗਿਆ। ਸ਼ੂਰਸੈਨ ਨੇ ਪ੍ਰਿਥਾ ਨੂੰ ਪ੍ਰਤਿਗਿਆ ਅਨੁਸਾਰ ਕੁੰਤਿਭੋਜ ਨੂੰ ਦੇ ਦਿੱਤਾ। ਕੁੰਤਿਭੋਜ ਦੁਆਰਾ ਪਾਲੇ ਜਾਣ ਕਾਰਣ ਇਹ 'ਕੁੰਤੀ' ਅਖਵਾਈ। ਇਹ ਵਸੁਦੇਵ ਦੀ ਭੈਣ ਹੋਣ ਕਾਰਨ ਸ੍ਰੀ ਕ੍ਰਿਸ਼ਣ ਦੀ ਭੂਆ ਸੀ।

ਕੁੰਤੀ ਨੇ ਦੁਰਬਾਸਾ ਰਿਸ਼ੀ ਦੀ ਬਹੁਤ ਅਤਿਥੀ-ਸੇਵਾ ਕੀਤੀ। ਫਲਸਰੂਪ ਰਿਸ਼ੀ ਨੇ ਇਸ ਨੂੰ ਵਰ ਦਿੱਤਾ ਕਿ ਇਹ ਆਪਣੀ ਇੱਛਾ ਅਨੁਸਾਰ ਕਿਸੇ ਵੀ ਦੇਵਤਾ ਤੋਂ ਪੁੱਤਰ ਪ੍ਰਾਪਤ ਕਰ ਸਕਦੀ ਹੈ। ਕੁੰਤੀ ਨੇ ਸੂਰਜ ਦੇਵਤੇ ਦੀ ਆਰਾਧਨਾ ਕਰ ਕੇ ਉਸ ਤੋਂ 'ਕਰਣ' ਨਾਂ ਦਾ ਪੁੱਤਰ ਪ੍ਰਾਪਤ ਕੀਤਾ, ਪਰ ਕੰਵਾਰੇਪਨ ਨੂੰ ਬਚਾਏ ਰਖਣ ਲਈ ਇਸ ਗੱਲ ਨੂੰ ਗੁਪਤ ਹੀ ਰਖਿਆ।

ਕਾਲਾਂਤਰ ਵਿਚ ਕੁੰਤੀ ਦਾ ਵਿਆਹ ਪਾਂਡੂ ਨਾਲ ਹੋਇਆ। ਇਸ ਨੇ ਤਿੰਨ ਪੁੱਤਰਾਂ—ਯੁਧਿਸ਼ਠਿਰ, ਭੀਮ ਅਤੇ ਅਰਜੁਨ—ਨੂੰ ਜਨਮ ਦਿੱਤਾ ਜੋ ਕ੍ਰਮਵਾਰ ਧਰਮ, ਵਾਯੂ ਅਤੇ ਇੰਦਰ ਦੇਵਤਿਆਂ ਦੁਆਰਾ ਪੈਦਾ ਕੀਤੇ ਮੰਨੇ ਜਾਂਦੇ ਹਨ। 'ਮਹਾਭਾਰਤ' ਦੇ ਯੁੱਧ ਵੇਲੇ ਇਸ ਨੇ ਕਰਣ ਨੂੰ ਆਪਣਾ ਪੁੱਤਰ ਹੋਣ ਦਾ ਭੇਦ ਖੋਲ੍ਹਿਆ। ਇਸ ਨੇ ਪਾਂਡਵਾਂ ਵਲੋਂ ਦ੍ਰੋਪਦੀ ਨੂੰ ਪ੍ਰਾਪਤ ਕਰਨ ਦੇ ਅਵਸਰ ਤੇ, ਬਿਨਾ ਭਿਖਿਆ ਦੀ ਵਾਸਤਵਿਕਤਾ ਜਾਣਿਆਂ, ਉਸ ਨੂੰ ਪੰਜ ਹਿੱਸਿਆਂ ਵਿਚ ਵੰਡ ਲੈਣ ਲਈ ਕਿਹਾ ਸੀ। ਇਸੇ ਕਰਕੇ ਦ੍ਰੋਪਦੀ ਪੰਜਾਂ ਪਾਂਡਵਾਂ ਦੀ ਸਾਂਝੀ ਪਤਨੀ ਬਣੀ।

'ਮਹਾਭਾਰਤ' ਦੇ ਯੁੱਧ ਉਪਰੰਤ ਪਹਿਲਾਂ ਇਹ ਕੁਝ ਸਮਾਂ ਆਪਣੇ ਪੁੱਤਰਾਂ ਕੋਲ ਰਹੀ ਪਰ ਬਾਦ ਵਿਚ ਧ੍ਰਿਤਰਾਸ਼ਟਰ ਅਤੇ ਗਾਂਧਾਰੀ ਨਾਲ ਬਨ ਨੂੰ ਚਲੀ ਗਈ ਅਤੇ ਉਥੇ ਹੀ ਰਿਸ਼ੀਕੇਸ਼ ਦੇ ਨੇੜ ਜੰਗਲ ਵਿਚ ਲਗੀ ਅੱਗ ਵਿਚ ਭਸਮ ਹੋ ਗਈ। ਸ਼ਿਵ ਕੁਮਾਰ ਬਟਾਲਵੀ ਨੇ ਇਸ ਦਾ ਹਵਾਲਾ ਦਿੰਦਿਆ ਲਿਖਿਆ ਹੈ—'ਮੈਂ ਕੁੰਤੀ ਹਾਂ ਅਜ ਦੇ ਜੁਗ ਦੀ/ਮੇਰੀ ਕੁੱਖ ਵਿਚ ਕਰਨ ਹੈ ਕਈ/ਜਾਂ ਚਾਨਣ ਦਾ ਹੈ ਇਕ ਬੂਟਾ/ਜਾਣ ਨਾ ਮੈਥੋਂ ਸ਼ਾਖਾਂ/ਇਸ ਦੀਆਂ ਝੰਬੀਆਂ।'

ਕੁਬਜਾ/ਕੁਬਿਜਾਂ : ਕੁੱਬੇ ਸ਼ਰੀਰ ਵਾਲੀ ਕੰਸ ਦੀ ਇਕ ਦਾਸੀ ਜੋ ਉਸ ਲਈ ਨਿਤ ਵਟਣਾ ਤਿਆਰ ਕਰਦੀ ਸੀ। ਇਕ ਵਾਰ ਜਦੋਂ ਸ੍ਰੀ ਕ੍ਰਿਸ਼ਣ ਆਪਣੇ ਭਰਾ ਬਲਰਾਮ ਅਤੇ ਹੋਰ ਗਵਾਲ ਬਾਲਕਾਂ ਨਾਲ ਮਥੁਰਾ ਗਏ ਤਾਂ ਇਸ ਨੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਚੰਦਨ ਦਾ ਟਿੱਕਾ ਲਾਣ ਦਾ ਯਤਨ ਕੀਤਾ। ਪਰ ਕੁੱਬੇ ਸ਼ਰੀਰ ਕਰਕੇ ਇਸ ਦਾ ਹੱਥ ਸ੍ਰੀ ਕ੍ਰਿਸ਼ਣ ਦੇ ਮੱਥੇ ਤਕ ਨਾ ਪਹੁੰਚ ਸਕਿਆ। ਸ੍ਰੀ ਕ੍ਰਿਸ਼ਣ ਨੇ ਪ੍ਰਸੰਨ ਹੋ ਕੇ ਇਸ ਦੇ ਪੈਰਾਂ ਉਤੇ ਆਪਣਾ ਪੈਰ ਰਖਿਆ ਅਤੇ ਠੋਡੀ ਉੱਚੀ ਕਰਕੇ ਕੁਬ ਕੱਢ ਦਿੱਤਾ। ਫਲਸਰੂਪ ਇਹ ਇਕ ਸੁੰਦਰ ਮੁਟਿਆਰ ਵਾਂਗ ਬਣ ਗਈ। ਇਸ ਤਰ੍ਹਾਂ ਸ੍ਰੀ ਕ੍ਰਿਸ਼ਣ ਦੇ ਹੱਥੋਂ ਕੁਬਜਾ ਦਾ ਉੱਧਾਰ ਹੋ ਗਿਆ।

'ਬ੍ਰਹਮ-ਵੈਵਰਤ ਪੁਰਾਣ' ਅਨੁਸਾਰ ਪਿਛਲੇ ਜਨਮ ਵਿਚ ਕੁਬਜਾ ਸੂਰਪਣਖਾ (ਵੇਖੋ) ਸੀ ਜਿਸ ਨੇ ਸ੍ਰੀ ਰਾਮ ਚੰਦਰ ਜੀ ਨੂੰ ਪਤੀ ਵਜੋਂ ਪ੍ਰਾਪਤ ਕਰਨ ਲਈ ਘੋਰ ਤਪੱਸਿਆ ਕੀਤੀ। ਬ੍ਰਹਮਾ ਨੇ ਇਸ ਦੀ ਤਪੱਸਿਆ ਦੇ ਫਲਸਰੂਪ ਇਸ ਨੂੰ ਵਰਦਾਨ ਦਿੱਤਾ ਕਿ ਇਹ ਦਵਾਪਰ ਯੁਗ ਵਿਚ ਸ੍ਰੀ ਕ੍ਰਿਸ਼ਣ ਦੇ ਰੂਪ ਵਿਚ ਪ੍ਰਗਟ ਹੋਏ ਸ੍ਰੀ ਰਾਮ ਦੀ ਪਤਨੀ ਬਣਨ ਦਾ ਗੌਰਵ ਹਾਸਲ ਕਰੇਗੀ। ਸ੍ਰੀ ਕ੍ਰਿਸ਼ਣ ਹੱਥੋਂ ਜਦ ਇਸ ਦਾ ਕੁਬ ਨਿਕਲ ਗਿਆ ਤਾਂ ਇਸ ਨੇ ਉਨ੍ਹਾਂ ਨੂੰ ਆਪਣੇ ਪਾਸ ਨਿਮੰਤ੍ਰਿਤ ਕੀਤਾ। ਸ੍ਰੀ ਕ੍ਰਿਸ਼ਣ ਉੱਧਵ ਸਹਿਤ ਇਸ ਦੇ ਘਰ ਗਏ ਅਤੇ ਇਸ ਨਾਲ ਪ੍ਰੇਮ-ਕ੍ਰੀੜਾ ਕੀਤੀ। ਇਸ ਤਰ੍ਹਾਂ ਭਗਵਾਨ ਦੀ ਕ੍ਰਿਪਾ ਕਰਕੇ ਕੁਬਜਾ ਦਾ ਉਧਾਰ ਹੋਇਆ ਅਤੇ ਮੁਕਤੀ ਪ੍ਰਾਪਤ ਕਰਕੇ ਇਹ ਬੈਕੁੰਠ ਵਿਚ 'ਚੰਦਰਮੁਖੀ' ਨਾਂ ਦੀ ਗੋਪੀ ਬਣ ਕੇ ਰਹਿਣ ਲਗੀ।

ਭਗਤੀ-ਸਾਹਿੱਤ ਵਿਚ ਭਗਵਾਨ ਦੀ ਕ੍ਰਿਪਾ ਦੁਆਰਾ ਉਧਰੇ ਲੋਕਾਂ ਵਿਚ ਕੁਬਜਾ ਦਾ ਹਵਾਲਾ ਦਿੱਤਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ —'ਬਧਿਕੁ ਉਧਾਰਿਓ ਖਮਿ ਪ੍ਰਹਾਰ।/ਕੁਬਿਜਾ ਉਧਰੀ ਅੰਗੁਸਟ ਧਾਰਿ' (ਆ. ਗ੍ਰੰ. 1192)।

ਕੁਬੇਰ : ਹਿੰਦੂ ਮਿਥਿਹਾਸ ਅਨੁਸਾਰ ਧਨ ਦਾ ਦੇਵਤਾ, ਜਿਸ ਦੇ ਹੋਰ ਨਾਮਾਂਤਰ ਹਨ— ਯਕ੍ਸ਼ਰਾਜ, ਜਟਾਧਰ, ਵੈਸ਼੍ਰਣਵ, ਸ੍ਰੀਦ ਆਦਿ। ਇਸ ਦੇ ਪਿਤਾ ਦਾ ਨਾਂ 'ਵਿਸ਼੍ਰਵਾ' ਅਤੇ ਮਾਤਾ ਦਾ ਨਾਂ 'ਇਲਵਿਲਾ' ਲਿਖਿਆ ਮਿਲਦਾ ਹੈ। ਇਹ ਕੈਲਾਸ਼ ਪਰਬਤ ਦਾ ਨਿਵਾਸੀ ਹੈ ਅਤੇ ਅਲਕਾਪੁਰੀ ਇਸ ਦੀ ਰਾਜਧਾਨੀ ਹੈ। ਸੁਮੇਰ ਪਰਬਤ ਉਤੇ 'ਚੈਤ੍ਰਰਥ' ਨਾਂ ਦਾ ਇਸ ਦਾ ਇਕ ਬਾਗ਼ ਹੈ ਅਤੇ 'ਪੁਸ਼ਪਕ' ਵਿਮਾਨ ਉਤੇ ਇਹ ਮਨਮਰਜ਼ੀ ਅਨੁਸਾਰ ਹਰ ਪਾਸੇ ਘੁੰਮ ਸਕਦਾ ਹੈ। ਇਸ ਨੂੰ ਯਕ੍ਸ਼ਾਂ ਦਾ ਸੁਆਮੀ ਵੀ ਮੰਨਿਆ ਜਾਂਦਾ ਹੈ।

ਕੁਬੇਰ ਦਾ ਰੰਗ ਚਿੱਟਾ ਹੈ ਅਤੇ ਤਿੰਨ ਟੰਗਾਂ ਅਤੇ ਅੱਠ ਦੰਦ ਹਨ। ਇਸ ਨੂੰ ਐਸ਼ਵਰਜ ਦਾ ਦੇਵਤਾ ਵੀ ਮੰਨਿਆ ਜਾਂਦਾ ਹੈ। ਇਸ ਦੀਆਂ ਪੁਰਾਤਨ ਮੂਰਤੀਆਂ ਵਿਚ ਇਹ ਹੱਥ ਵਿਚ ਧਨ ਦੀ ਥੈਲੀ ਅਤੇ ਮਦਿਰਾ ਦਾ ਪਿਆਲਾ ਲਏ ਹੋਏ ਵਿਖਾਇਆ ਗਿਆ ਹੈ।

ਪੁਰਾਣ-ਸਾਹਿੱਤ ਵਿਚ ਇਸ ਨੂੰ ਦਸ ਦਿਸ਼ਾਵਾਂ ਦੇ ਰੱਖਿਅਕ ਦੇਵਤਿਆਂ ਵਿਚ ਗਿਣਿਆ ਗਿਆ ਹੈ ਅਤੇ ਇਸ ਨੂੰ ਉੱਤਰ ਦਿਸ਼ਾ ਦੀ ਰੱਖਿਆ ਦਾ ਭਾਰ ਸੌਂਪਿਆ ਗਿਆ ਹੈ।

'ਬ੍ਰਹਮ ਪੁਰਾਣ' (97) ਅਨੁਸਾਰ ਰਿਸ਼ੀ ਵਿਸ਼੍ਰਵਾ ਦੀਆਂ ਦੋ ਪਤਨੀਆਂ ਸਨ। ਪੁੱਤਰਾਂ ਵਿਚ ਕੁਬੇਰ ਸਭ ਤੋਂ ਵੱਡਾ ਸੀ। ਰਾਵਣ, ਕੁੰਭਕਰਣ ਅਤੇ ਵਿਭੀਸ਼ਣ ਇਸ ਦੇ ਮਤਰੇਏ ਭਰਾ ਸਨ। ਇਨ੍ਹਾਂ ਭਰਾਵਾਂ ਨੇ ਆਪਣੀ ਮਾਂ ਤੋਂ ਪ੍ਰੇਰਣਾ ਪ੍ਰਾਪਤ ਕਰਕੇ ਕੁਬੇਰ ਕੋਲੋਂ ਪੁਸ਼ਪਕ ਵਿਮਾਨ ਖੋਹ ਲਿਆ ਅਤੇ ਲੰਕਾਪੁਰੀ ਸਮੇਤ ਸਾਰੀ ਸੰਪੱਤੀ ਹਥਿਆ ਲਈ। ਕੁਬੇਰ ਆਪਣੇ ਪਿਤਾ ਕੋਲ ਗਿਆ। ਪਿਤਾ ਦੀ ਪ੍ਰੇਰਣਾ ਨਾਲ ਉਸ ਨੇ ਸ਼ਿਵ ਦੀ ਆਰਾਧਨਾ ਕੀਤੀ ਅਤੇ ਧਨਪਾਲ ਦੀ ਉਪਾਧੀ ਪ੍ਰਾਪਤ ਕੀਤੀ।

'ਬਾਲਮੀਕੀ ਰਾਮਾਇਣ' ਅਨੁਸਾਰ ਜਦੋਂ ਇਹ ਤਪੱਸਿਆ ਕਰ ਰਿਹਾ ਸੀ ਤਾਂ ਅਚਾਨਕ ਸ਼ਿਵ ਅਤੇ ਪਾਰਬਤੀ ਦਿਸ ਪਏ। ਕੁਬੇਰ ਨੇ ਬੜੇ ਸਾਤਵਿਕ ਭਾਵ ਨਾਲ ਆਪਣੀ ਖੱਬੀ ਅੱਖ ਨਾਲ ਪਾਰਬਤੀ ਵਲ ਵੇਖਿਆ। ਪਾਰਬਤੀ ਦੇ ਦੈਵੀ ਤੇਜ ਨਾਲ ਕੁਬੇਰ ਦਾ ਉਹ ਨੇਤਰ ਭਸਮ ਹੋ ਕੇ ਪੀਲਾ ਪੈ ਗਿਆ। ਕੁਬੇਰ ਉਥੋਂ ਉਠ ਕੇ ਹੋਰ ਥਾਂ ਤੇ ਚਲਾ ਗਿਆ ਅਤੇ ਸ਼ਿਵ ਆਰਾਧਨਾ ਵਿਚ ਲੀਨ ਹੋ ਗਿਆ। ਅੰਤ ਵਿਚ ਸ਼ਿਵ ਉਸ ਉਤੇ ਪ੍ਰਸੰਨ ਹੋਏ। ਪਾਰਬਤੀ ਦੁਆਰਾ ਇਸ ਦੀ ਇਕ ਅੱਖ ਭਸਮ ਕੀਤੇ ਜਾਣ ਕਾਰਣ ਇਸ ਦਾ ਨਾਂ 'ਏਕਾਕਸ਼ੀ ਪਿੰਗਲ' ਰਖਿਆ ਗਿਆ।

ਆਪਣੇ ਭਗਤਾਂ ਨੂੰ ਕੁਬੇਰ ਸ਼ਕਤੀ, ਧਨ-ਸੰਪੱਤੀ ਅਤੇ ਮੁਕਤੀ ਦੇਣ ਵਾਲਾ ਮੰਨਿਆ ਜਾਂਦਾ ਹੈ। ਮਥੁਰਾ, ਪਦਮਾਵਤੀ, ਵਿਦਿਸ਼ਾ, ਪਾਟਲੀ-ਪੁੱਤਰ ਆਦਿ ਨਗਰ ਕੁਬੇਰ ਦੇ ਪੂਜਾ-ਕੇਂਦਰ ਹਨ। ਪੁਰਾਤਨ ਪੰਜਾਬੀ ਸਾਹਿੱਤ ਵਿਚ ਇਸ ਨੂੰ ਅਧਿਕਤਰ ਧਨ ਦੇ ਦੇਵਤਾ ਵਜੋਂ ਚਿੱਤਰਿਆ ਗਿਆ ਹੈ। ਗੁਰੂ ਅਰਜਨ ਦੇਵ ਅਨੁਸਾਰ ਕੁਬੇਰ ਵਰਗਾ ਕੋਈ ਵੀ ਦੇਵਤਾ ਪਰਮਾਤਮਾ ਦਾ ਅੰਤ ਨਹੀਂ ਪਾ ਸਕਦਾ—'ਅਨਿਕ ਧਰਮ ਅਨਿਕ ਕੁਮੇਰ ਅਨਿਕ ਬਰਨ ਅਨਿਕ ਕਨਕ ਸੁਮੇਰ।/ਅਨਿਕ ਸੇਖ ਨਵਤਨ ਨਾਮੁ ਲੇਹਿ ਪਾਰਬ੍ਰਹਮ ਕਾ ਅੰਤੁ ਨ ਤੇਹਿ' (ਅ. ਗ੍ਰੰ. 1236)।

ਕੁੰਭ, ਮੇਲਾ : 'ਕੁੰਭ' ਦਾ ਸ਼ਾਬਦਿਕ ਅਰਥ ਹੈ 'ਘੜਾ'। ਪਰ ਇਹ ਭਾਰਤ ਦੇ ਇਕ ਪ੍ਰਸਿੱਧ ਪਰਵ ਲਈ ਰੂੜ੍ਹ ਹੋ ਚੁੱਕਿਆ ਹੈ ਜੋ ਹਰ ਤਿੰਨ ਸਾਲਾਂ ਬਾਦ ਚਾਰ ਵੱਖ-ਵੱਖ ਥਾਂਵਾਂ 'ਤੇ (ਬਾਰ੍ਹਾਂ ਵਰ੍ਹਿਆਂ ਪਿਛੋਂ) ਮਨਾਇਆ ਜਾਂਦਾ ਹੈ, ਜਿਵੇਂ ਪ੍ਰਯਾਗ, ਹਰਿਦੁਆਰ ਨਾਸਿਕ ਅਤੇ ਅਵੰਤਿਕਾ (ਉੱਜੈਨ)। ਇਸ ਦੇ 'ਕੁੰਭ' ਨਾਂ ਦਾ ਪਿਛੋਕੜ ਸਮੁੰਦਰ ਰਿੜਕਣ ਵੇਲੇ ਪੈਦਾ ਹੋਏ ਚੌਦਾਂ ਰਤਨਾਂ ਵਿਚੋਂ ਅੰਮ੍ਰਿਤ ਨਾਲ ਭਰੇ ਕੁੰਭ ਨਾਲ ਜਾ ਜੁੜਦਾ ਹੈ।

ਪੁਰਾਣ-ਸਾਹਿੱਤ ਵਿਚ ਇਸ ਸੰਬੰਧੀ ਕਈ ਰੌਚਕ ਆਖਿਆਨ ਦਰਜ ਹਨ। ਇਕ ਮਾਨਤਾ ਅਨੁਸਾਰ ਅੰਮ੍ਰਿਤ ਨਾਲ ਭਰੇ ਹੋਏ ਕੁੰਭ ਨੂੰ ਸਮੁੰਦਰੋਂ ਨਿਕਲਦਿਆਂ ਹੀ ਦੈਂਤ ਚੁੱਕ ਕੇ ਲੈ ਗਏ। ਉਨ੍ਹਾਂ ਤੋਂ ਗਰੁੜ ਫਿਰ ਪ੍ਰਿਥਵੀ ਉਤੇ ਲੈ ਆਇਆ। ਧਰਤੀ ਉਤੇ ਜਿਥੇ-ਜਿਥੇ ਅੰਮ੍ਰਿਤ-ਕੁੰਭ ਰਖਿਆ ਗਿਆ, ਉਥੇ-ਉਥੇ ਅੰਮ੍ਰਿਤ ਦੀਆਂ ਕੁਝ ਬੂੰਦਾਂ ਡਿਗੀਆਂ ਜਿਸ ਕਰਕੇ ਉਹ ਸਾਰੇ ਸਥਲ ਪੂਜਣ-ਯੋਗ ਹੋ ਗਏ ਅਤੇ ਉਨ੍ਹਾਂ ਥਾਵਾਂ ਤੇ ਨਿਸ਼ਚਿਤ ਸਮੇਂ ਵਿਚ ਕੀਤਾ ਗਿਆ ਇਸ਼ਨਾਨ ਮੁਕਤੀ-ਦਾਇਕ ਮੰਨਿਆ ਗਿਆ।

ਭਾਈ ਕਾਨ੍ਹ ਸਿੰਘ ਨੇ 'ਸਕੰਦ ਪੁਰਾਣ' ਦੇ ਹਵਾਲੇ ਨਾਲ ਦਸਿਆ ਹੈ ਕਿ ਸਮੁੰਦਰ ਰਿੜਕਣ ਵੇਲੇ ਪ੍ਰਗਟ ਹੋਏ ਰਤਨਾਂ ਦੀ ਗਿਣਤੀ ਵਿਚ ਅੰਮ੍ਰਿਤ ਦਾ ਕੁੰਭ (ਘੜਾ) ਚੁੱਕੀ ਧਨਵੰਤਰੀ ਵੀ ਸ਼ਾਮਲ ਸੀ। ਧਨਵੰਤਰੀ ਨੇ ਅੰਮ੍ਰਿਤ ਦਾ ਕੁੰਭ ਇੰਦਰ ਨੂੰ ਦਿੱਤਾ, ਇੰਦਰ ਨੇ ਅਗੋਂ ਆਪਣੇ ਪੁੱਤਰ ਜਯੰਤ ਨੂੰ ਦਿੱਤਾ ਕਿ ਉਹ ਕੁੰਭ ਨੂੰ ਸਵਰਗ ਵਿਚ ਲੈ ਜਾਏ। ਜਦੋਂ ਉਹ ਕੁੰਭ ਲੈ ਜਾ ਰਿਹਾ ਸੀ ਤਾਂ ਦੈਂਤਾਂ ਨੂੰ ਆਪਣੇ ਗੁਰੂ ਸ਼ੁਕ੍ਰ ਨੇ ਕਿਹਾ ਕਿ ਜਯੰਤ ਤੋਂ ਕੁੰਭ ਖੋਹ ਲਵੋ। ਦੈਂਤਾਂ ਅਤੇ ਦੇਵਤਿਆਂ ਦਾ 12 ਦਿਨ (ਮਨੁੱਖਾਂ ਦੇ 12 ਵਰ੍ਹੇ) ਯੁੱਧ ਹੁੰਦਾ ਰਿਹਾ। ਇਸ ਖਿਚ-ਧੂ ਵਿਚ ਚਾਰ ਥਾਵਾਂ—ਪ੍ਰਯਾਗ, ਹਰਿਦੁਆਰ, ਨਾਸਿਕ ਅਤੇ ਅਵੰਤਿਕਾ—ਉਤੇ ਕੁੰਭ ਵਿਚੋਂ ਅੰਮ੍ਰਿਤ ਡਿਗਿਆ ਜਿਥੇ ਹੁਣ ਹਰ ਬਾਰ੍ਹਵੇਂ ਵਰ੍ਹੇ ਕੁੰਭ ਦਾ ਪਰਵ ਮਨਾਇਆ ਜਾਂਦਾ ਹੈ। ਇਨ੍ਹਾਂ ਚੌਹਾਂ ਥਾਵਾਂ 'ਤੇ ਪਰਵ ਵੇਲੇ ਇਸ਼ਨਾਨ ਕਰਨ ਦਾ ਬਹੁਤ ਮਹਾਤਮ ਹੈ।

ਨਿਰਗੁਣਵਾਦੀ ਸੰਤਾਂ ਨੇ ਇਨ੍ਹਾਂ ਥਾਵਾਂ ਉਤੇ ਕੀਤੇ ਇਸ਼ਨਾਨ ਨੂੰ ਰਾਮਨਾਮ ਦੇ ਮੁਕਾਬਲੇ ਤੁੱਛ ਸਮਝਿਆ ਹੈ। ਸੰਤ ਨਾਮਦੇਵ ਅਨੁਸਾਰ—'ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ।/ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ' (ਅ. ਗ੍ਰੰ. 973)।

ਇਨ੍ਹਾਂ ਚੌਹਾਂ ਪਰਵਾਂ ਦਾ ਯੋਗ ਡਾ. ਰਾਜਬਲੀ ਪਾਂਡੇਯ ਅਨੁਸਾਰ ਇਸ ਪ੍ਰਕਾਰ ਹੈ। ਪ੍ਰਯਾਗ—ਜਦੋਂ ਸੂਰਜ ਅਤੇ ਚੰਦ੍ਰਮਾ ਮਕਰ ਰਾਸ਼ੀ 'ਤੇ ਹੋਣ, ਬ੍ਰਿਹਸਪਤੀ ਵ੍ਰਿਸ਼ਭ ਰਾਸ਼ੀ ਉਤੇ ਹੋਵੇ ਅਤੇ ਦਿਨ ਮਸਿਆ ਦਾ ਹੋਵੇ। ਹਰਿਦੁਆਰ—ਜਦੋਂ ਬ੍ਰਿਹਸਪਤੀ ਕੁੰਭ ਰਾਸ਼ੀ 'ਤੇ ਅਤੇ ਸੂਰਜ ਮੇਖ ਰਾਸ਼ੀ 'ਤੇ ਹੋਵੇ। ਨਾਸਿਕ—ਜਦੋਂ ਬ੍ਰਿਹਸਪਤੀ ਸਿੰਘ ਰਾਸ਼ੀ 'ਤੇ ਅਤੇ ਸੂਰਜ ਤੇ ਚੰਦ੍ਰਮਾ ਕਰਕ ਰਾਸ਼ੀ ਉਤੇ ਹੋਣ। ਉਜੈਨ (ਅਵੰਤਿਕਾ)—ਜਦੋਂ ਸੂਰਜ ਤੁਲਾ ਰਾਸ਼ੀ 'ਤੇ ਅਤੇ ਬ੍ਰਿਹਸਪਤੀ ਵ੍ਰਿਸ਼ਚਿਕ ਰਾਸ਼ੀ ਉਤੇ ਹੋਵੇ। ਇਨ੍ਹਾਂ ਚੌਹਾਂ ਅਵਸਰਾਂ ਤੇ ਕੀਤੇ ਗਏ ਗੰਗਾ-ਇਸ਼ਨਾਨ ਅਤੇ ਸੰਤ-ਸਮਾਗਮ ਦਾ ਭਾਰਤੀ ਅਧਿਆਤਮਵਾਦ ਵਿਚ ਵਿਸ਼ੇਸ਼ ਮਹਾਤਮ ਹੈ।

ਕੁੰਭਕਰਣ : ਰਾਵਣ ਦਾ ਸਕਾ ਭਰਾ ਜੋ ਵਿਸ਼੍ਰਵਾ ਦੇ ਘਰ ਕੈਕਸੀ ਦੀ ਕੁੱਖੋਂ ਪੈਦਾ ਹੋਇਆ। 'ਬਾਲਮੀਕੀ ਰਾਮਾਇਣ' ਅਨੁਸਾਰ ਇਸ ਦਾ ਕਦ ਛੇ ਸੌ ਧਨੁਸ਼ ਉੱਚਾ ਸੀ ਅਤੇ ਇਸ ਦੇ ਸ਼ਰੀਰ ਦਾ ਘੇਰਾ ਇਕ ਸੌ ਧਨੁਸ਼ ਜਿੰਨਾ ਸੀ। ਇਸ ਦੀਆਂ ਅੱਖਾਂ ਗੱਡੇ

ਦੇ ਪਹੀਇਆਂ ਦੇ ਬਰਾਬਰ ਸਨ। ਇਸ ਦੇ ਕੰਨਾਂ ਦੀ ਸ਼ਕਲ ਘੜੇ ਵਰਗੀ ਹੋਣ ਕਾਰਣ ਇਸ ਨੂੰ 'ਕੁੰਭਕਰਣ' ਕਿਹਾ ਜਾਣ ਲਗਿਆ। ਇਸ ਦਾ ਵਿਆਹ ਵੈਰੋਚਨ ਦੀ ਪੁੱਤਰੀ (ਕੁਝ ਵਿਦਵਾਨਾਂ ਅਨੁਸਾਰ ਦੋਹਿਤ੍ਰੀ) ਬ੍ਰਜਜ੍ਵਾਲਾ ਨਾਲ ਹੋਇਆ। ਇਸ ਦੇ ਕੁੰਭ ਅਤੇ ਨਿਕੁੰਭ ਨਾਂ ਦੇ ਦੋ ਪੁੱਤਰ ਸਨ।

ਕੁੰਭਕਰਣ ਜਨਮ ਤੋਂ ਹੀ ਬਹੁਤ ਬਲਵਾਨ ਸੀ। ਇਸ ਨੇ ਜੰਮਦਿਆਂ ਹੀ ਹਜ਼ਾਰਾਂ ਲੋਕਾਂ ਨੂੰ ਨਿਗਲ ਲਿਆ। ਇਹ ਪਸ਼ੂਆਂ ਨੂੰ ਵੀ ਖਾਣੋਂ ਸੰਕੋਚ ਨਹੀਂ ਕਰਦਾ ਸੀ। ਪ੍ਰਜਾ ਨੇ ਆਪਣੀ ਰੱਖਿਆ ਲਈ ਇੰਦਰ ਅਗੇ ਪ੍ਰਾਰਥਨਾ ਕੀਤੀ। ਇੰਦਰ ਨੇ ਇਸ ਨਾਲ ਯੁੱਧ ਕੀਤਾ, ਪਰ ਇਸ ਉਤੇ ਹਾਵੀ ਨਾ ਹੋ ਸਕਿਆ। ਇਸ ਨੇ ਬ੍ਰਹਮਾ ਦੀ ਭਗਤੀ ਕਰਕੇ ਉਸ ਨੂੰ ਬਹੁਤ ਪ੍ਰਸੰਨ ਕਰ ਲਿਆ ਪਰ ਜਦੋਂ ਉਹ ਵਰ ਦੇਣ ਲਈ ਜਾਣ ਲਗਿਆ ਤਾਂ ਲੋਕਾਂ ਨੇ ਕੁੰਭਕਰਣ ਤੋਂ ਆਪਣੀ ਚਿੰਤਾ ਅਤੇ ਅਸੁਰੱਖਿਆ ਦਾ ਤੌਖਲਾ ਪ੍ਰਗਟ ਕੀਤਾ। ਬ੍ਰਹਮਾ ਨੇ ਸਰਸਵਤੀ ਨੂੰ ਕੁੰਭਕਰਣ ਦੀ ਜ਼ਬਾਨ ਉਤੇ ਕਾਬੂ ਪਾਉਣ ਲਈ ਭੇਜਿਆ। ਕੁੰਭਕਰਣ ਨੇ ਨਿਰੰਤਰ ਸੁਤੇ ਰਹਿਣ ਦਾ ਵਰ ਮੰਗਿਆ। ਬ੍ਰਹਮਾ ਨੇ ਇਸ ਨੂੰ ਛੇ ਮਹੀਨੇ ਸੁੱਤੇ ਰਹਿਣ ਅਤੇ ਫਿਰ ਪੇਟ ਪੂਰਤੀ ਲਈ ਇਕ ਦਿਨ ਜਾਗਣ ਦਾ ਵਰ ਦਿੱਤਾ। ਰਾਮ ਚੰਦਰ ਦੀ ਸੈਨਾ ਤੋਂ ਜਦੋਂ ਰਾਵਣ ਕੁਝ ਘਬਰਾਇਆ ਤਾਂ ਉਸ ਨੇ ਕੁੰਭਕਰਣ ਨੂੰ ਜਗਾਇਆ। ਕੁੰਭਕਰਣ ਨੇ ਜਾਗ ਕੇ ਬਾਨਰ ਸੈਨਾ ਦਾ ਵਿਨਾਸ਼ ਸ਼ੁਰੂ ਕੀਤਾ। ਸ੍ਰੀ ਰਾਮ ਨੇ ਇਸ ਨਾਲ ਯੁੱਧ ਕਰਕੇ ਮਾਰ ਦਿੱਤਾ। ਜਦੋਂ ਇਸ ਦਾ ਮ੍ਰਿਤ ਸ਼ਰੀਰ ਡਿਗਿਆ ਤਾਂ ਲੰਕਾ ਦੇ ਕਿਲੇ ਦੀਆਂ ਦੀਵਾਰਾਂ ਹਿਲ ਗਈਆਂ। ਪੰਜਾਬੀ ਕਾਵਿ ਵਿਚ ਸੌਂਤਲੂ, ਸੁਸਤ ਅਤੇ ਅਵਸਰ ਸਿਰ ਕੰਮ ਨਾ ਕਰਨ ਵਾਲੇ ਲੋਕਾਂ ਲਈ ਇਸ ਦਾ ਹਵਾਲਾ ਦਿੱਤਾ ਜਾਂਦਾ ਹੈ।

ਕੁਮੇਰ : ਵੇਖੋ 'ਕੁਬੇਰ'।

ਕੁਰਾਨ, ਸ਼ਰੀਫ : ਮੁਸਲਮਾਨਾਂ ਦੀ ਧਰਮ ਪੁਸਤਕ ਜੋ ਅਰਬੀ ਭਾਸ਼ਾ ਵਿਚ ਲਿਖੀ ਹੈ। 'ਕੁਰਾਨ' ਸ਼ਬਦ ਦੇ ਅਰਥ ਪੜ੍ਹਨਾ, ਸਮਝਾ ਕੇ ਦਸਣਾ ਆਦਿ ਹਨ, ਪਰ ਹੁਣ ਇਸ ਦੀ ਵਰਤੋਂ ਧਰਮ ਪੁਸਤਕ ਦੇ ਨਾਂ ਲਈ ਰੂੜ੍ਹ ਹੋ ਚੁੱਕੀ ਹੈ। 'ਕੁਰਾਨ' ਵਿਚੋਂ ਮਿਲਦੇ ਸੰਕੇਤਾਂ ਦੇ ਆਧਾਰ ਤੇ 'ਕੁਰਾਨ' ਦਾ ਪਾਠ (text) ਹਜ਼ਰਤ ਮੁਹੰਮਦ ਨੂੰ 23 ਵਰ੍ਹਿਆਂ ਦੇ ਨੱਬੀ-ਕਾਲ ਵਿਚ ਸਮੇਂ ਸਮੇਂ ਆਵੇਸ਼ਿਤ ਹੋਇਆ—ਕਦੇ ਜਿਬਰਾਈਲ ਰਾਹੀਂ, ਕਦੇ ਸੁਪਨੇ ਵਿਚ ਅਤੇ ਕਦੇ ਆਕਾਸ਼-ਵਾਣੀ ਦੁਆਰਾ। ਇਹ ਸਾਰਾ ਪਾਠ ਖ਼ੁਦਾ ਦੇ ਰੋਜ਼ਨਾਮਚੇ (ਲੌਹ ਮਹਿਫ਼ੂਜ਼) ਵਿਚ ਦਰਜ ਹੈ।

ਮਹਾਨ-ਕੋਸ਼ਕਾਰ ਅਨੁਸਾਰ ਕੁਰਾਨ ਦੇ ਸਾਰੇ ਅੱਖਰ 323741, ਪਦ 79436, ਆਯਤਾਂ 6666 ਅਤੇ ਸੂਰਤਾਂ 114 ਹਨ। ਪਰ ਪੰਜਾਬੀ ਵਿਸ਼ਵਕੋਸ਼ ਵਿਚ ਅੱਖਰਾਂ ਦੀ ਗਿਣਤੀ 323621, ਸ਼ਬਦਾਂ ਦੀ 77934, ਆਯਤਾਂ ਦੀ 6236 ਅਤੇ ਸੂਰਤਾਂ ਦੀ 114 ਲਿਖੀ ਹੈ। ਇਨ੍ਹਾਂ 114 ਸੂਰਤਾਂ (ਅਧਿਆਵਾਂ) ਵਿਚ 90 ਦਾ ਸੰਬੰਧ ਮੱਕੇ ਦੇ ਨਿਵਾਸ ਨਾਲ ਹੈ ਅਤੇ 24 ਦਾ ਸੰਬੰਧ ਮਦੀਨੇ ਦੇ ਨਿਵਾਸ ਨਾਲ।

ਮਦੀਨੇ ਵਾਲੀਆਂ ਆਯਤਾਂ ਆਕਾਰ ਵਿਚ ਵੱਡੀਆਂ ਹਨ ਅਤੇ 'ਕੁਰਾਨ' ਦੇ ਲਗਭਗ

ਤੀਜੇ ਹਿੱਸੇ ਵਿਚ ਪਸਰੀਆਂ ਹੋਈਆਂ ਹਨ। ਇਨ੍ਹਾਂ ਵਿਚ ਇਸਲਾਮ ਦੀ ਧਾਰਮਿਕ ਮਰਯਾਦਾ, ਇਬਾਦਤ-ਵਿਧੀਆਂ, ਸਮਾਜਿਕ ਫ਼ਰਜ਼ਾਂ ਅਤੇ ਧਾਰਮਿਕ ਯੁੱਧਾਂ ਬਾਰੇ ਵਿਸਤਾਰ ਨਾਲ ਗੱਲ ਹੋਈ ਹੈ। ਇਨ੍ਹਾਂ ਦੇ ਮੁਕਾਬਲੇ ਤੇ ਮੱਕੇ ਵਾਲੀਆਂ ਆਯਤਾਂ ਸੰਖਿਪਤ, ਚੁਸਤ ਸ਼ੈਲੀ ਵਾਲੀਆਂ ਅਤੇ ਪ੍ਰਭਾਵਸ਼ਾਲੀ ਹਨ। ਇਨ੍ਹਾਂ ਵਿਚ ਰੱਬ ਦੀ ਅਦ੍ਵੈਤਤਾ ਅਤੇ ਗੁਣਾਂ ਤੋਂ ਇਲਾਵਾ ਮਨੁੱਖ ਦੇ ਕਰਤੱਵਾਂ ਉਤੇ ਵੀ ਚਾਨਣਾ ਪਾਇਆ ਗਿਆ ਹੈ। 'ਕੁਰਾਨ' ਵਿਚ ਤੌਰੇਤ ਦੇ ਅਨੇਕ ਕਥਾ-ਪ੍ਰਸੰਗਾਂ ਦੇ ਅੰਸ਼ ਮਿਲਦੇ ਹਨ।

ਹਜ਼ਰਤ ਮੁਹੰਮਦ ਦੇ ਜੀਵਨ ਕਾਲ ਵਿਚ 'ਕੁਰਾਨ' ਦੀਆਂ ਸਾਰੀਆਂ ਆਯਤਾਂ ਨੂੰ ਬਹੁਤ ਸਾਰੇ ਸਿਦਕਵਾਨਾਂ ਅਤੇ ਕਾਜ਼ੀਆ ਨੇ ਕੰਠ ਕਰ ਲਿਆ ਸੀ। ਪਰ ਹਜ਼ਰਤ ਦੇ ਗੁਜ਼ਰਨ ਤੋਂ ਬਾਦ ਦੂਜੇ ਵਰ੍ਹੇ ਹੋਈ ਇਮਾਮੀ ਲੜਾਈ ਵਿਚ ਬਹੁਤ ਸਾਰੇ ਕਾਜ਼ੀ ਅਤੇ ਹਾਫ਼ਿਜ਼ ਮਾਰੇ ਗਏ। ਫਲਸਰੂਪ ਕੁਰਾਨ ਦੀਆਂ ਆਯਤਾਂ ਨੂੰ ਇਕ ਥਾਂ ਸੰਕਲਿਤ ਕਰਨ ਦਾ ਵਿਚਾਰ ਸਾਹਮਣੇ ਆਇਆ। ਹਜ਼ਰਤ ਅਬੂ ਬਕਰ ਦੀ ਪ੍ਰੇਰਣਾ ਨਾਲ ਜ਼ੈਦ ਨੇ ਜਿਸ ਸੰਕਲਨ ਵਿਚ ਸਾਰੀਆਂ ਆਯਤਾਂ ਇਕੱਠੀਆਂ ਕੀਤੀਆਂ, ਉਹੀ 'ਕੁਰਾਨ' ਹੈ। ਆਦਰ ਵਜੋਂ ਇਸੇ ਨੂੰ ਕੁਰਾਨ ਸ਼ਰੀਫ਼, ਕੁਰਾਨ ਮਜੀਦ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਅਰਬੀ ਭਾਸ਼ਾ ਦੀ ਪ੍ਰਵਾਹਮਈ ਵਾਰਤਕ ਵਿਚ ਲਿਖੀ ਕੁਰਾਨ ਦੇ 40 ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ।

ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਸਪੱਸ਼ਟ ਕੀਤਾ ਹੈ ਕਿ ਦੁਨੀਆ ਦੀ ਰਚਨਾ ਦੇ ਸਮੇਂ ਬਾਰੇ ਜੇ ਕਾਜ਼ੀਆਂ ਨੂੰ ਪਤਾ ਹੁੰਦਾ ਤਾਂ ਕੁਰਾਨ ਵਿਚ ਇਸ ਬਾਰੇ ਸਪੱਸ਼ਟ ਲਿਖ ਦਿੰਦੇ—'ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ'।

ਕੁਰੁਕਸ਼ੇਤ੍ਰ : ਅੰਬਾਲਾ ਤੋਂ ਲਗਭਗ 40 ਕਿ. ਮੀ. ਦੂਰ ਥਾਨੇਸਰ ਨਗਰ ਦੇ ਨੇੜੇ ਸਥਿਤ ਇਕ ਪ੍ਰਸਿੱਧ ਹਿੰਦੂ ਤੀਰਥ। ਇਸ ਦਾ ਵਰਤਨਾਮ ਨਾਂ ਰਾਜਾ ਕੁਰੂ ਦੇ ਨਾਂ ਨਾਲ ਸੰਬੰਧਿਤ ਹੈ ਕਿਉਂਕਿ ਕੁਰੂ ਨੇ ਜਿਸ ਖੇਤਰ ਨੂੰ ਯੱਗ ਲਈ ਵਾਰ-ਵਾਰ ਵਾਹਿਆ, ਉਸ ਦਾ ਨਾਂ 'ਕੁਰੁਕਸ਼ੇਤ੍ਰ' ਪੈ ਗਿਆ।

ਕਹਿੰਦੇ ਹਨ ਜਦੋਂ ਰਾਜਾ ਕੁਰੂ ਬੜੀ ਲੀਨਤਾ ਨਾਲ ਇਸ ਖੇਤਰ ਦੀ ਵਾਹੀ ਕਰ ਰਿਹਾ ਸੀ ਤਾਂ ਇੰਦਰ ਨੇ ਇਸ ਮਿਹਨਤ ਦਾ ਕਾਰਣ ਪੁਛਿਆ। ਉੱਤਰ ਵਿਚ ਕੁਰੂ ਨੇ ਦਸਿਆ ਕਿ ਜੋ ਵੀ ਇਥੇ ਮਾਰਿਆ ਜਾਏਗਾ ਉਹ ਸਵਰਗ ਲੋਕ ਵਿਚ ਜਾਏਗਾ। ਇੰਦਰ ਉਸ ਦੀ ਹਾਸੀ ਕਰਦਿਆਂ ਉਥੋਂ ਚਲਾ ਗਿਆ। ਪਰ ਬਾਦ ਵਿਚ ਹੋਰ ਦੇਵਤਿਆਂ ਨੇ ਰਲ ਕੇ ਇੰਦਰ ਨੂੰ ਸਲਾਹ ਦਿੱਤੀ ਕਿ ਜੇ ਉਸ ਨੇ ਰਾਜਾ ਕੁਰੂ ਨੂੰ ਆਪਣੇ ਅਨੁਸਾਰ ਨਾ ਕੀਤਾ ਤਾਂ ਲੋਕੀ ਇਸ ਖੇਤਰ ਵਿਚ ਯੱਗ ਕਰਕੇ ਬਿਨਾ ਸਾਡਾ ਭਾਗ ਦਿੱਤੇ ਸਵਰਗ ਚਲੇ ਜਾਇਆ ਕਰਨਗੇ। ਇੰਦਰ ਨੇ ਇਹ ਨੁਕਤਾ ਵਿਚਾਰ ਕੇ ਫਿਰ ਕੁਰੂ ਨਾਲ ਗੱਲ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਜੇ ਕੋਈ ਪਸ਼ੂ, ਪੰਛੀ ਜਾਂ ਮਨੁੱਖ ਬਿਨਾ ਕੁਝ ਖਾਏ ਪੀਏ ਜਾਂ ਯੁੱਧ ਕਰਕੇ ਇਥੇ ਮਾਰਿਆ ਜਾਏਗਾ, ਤਾਂ ਉਹ ਸਵਰਗ ਦਾ ਭਾਗੀ ਬਣੇਗਾ। ਕੁਰੂ ਨੇ ਇੰਦਰ ਦੀ ਗੱਲ ਮੰਨ ਲਈ। ਉਸ ਸਮੇਂ ਤੋਂ ਇਸ ਖੇਤਰ ਦਾ ਨਾਂ ਕੁਰੁਕ੍ਸ਼ੇਤ੍ਰ (ਕੁਰੁਖੇਤਰ) ਪ੍ਰਸਿੱਧ ਹੋਇਆ ਪ੍ਰਤੀਤ ਹੁੰਦਾ ਹੈ।

ਰਾਜਾ ਕੁਰੁ ਤੋਂ ਪਹਿਲਾਂ ਵੀ ਇਹ ਖੇਤਰ ਬੜਾ ਪਵਿੱਤਰ ਮੰਨਿਆ ਜਾਂਦਾ ਰਿਹਾ ਹੈ। 'ਸ਼ਤਪਥ ਬ੍ਰਾਹਮਣ' ਵਿਚ ਲਿਖਿਆ ਹੈ ਕਿ ਦੇਵਤਿਆਂ ਨੇ ਇਸ ਖੇਤਰ ਵਿਚ ਯੱਗ ਦੀ ਆਹੂਤੀ ਦਿੱਤੀ ਸੀ ਕਿਉਂਕਿ ਇਹ ਵੈਦਿਕ ਸੰਸਕ੍ਰਿਤੀ ਦਾ ਕੇਂਦਰ ਸੀ। ਇਸੇ ਲਈ ਇਸ ਨੂੰ 'ਧਰਮ ਖੇਤਰ' ਵੀ ਕਿਹਾ ਜਾਂਦਾ ਸੀ।

'ਮਹਾਭਾਰਤ' (ਵਨ-ਪਰਵ/86) ਵਿਚ ਕੁਰੁਕਸ਼ੇਤ੍ਰ ਨੂੰ 'ਬ੍ਰਹਮਾਵਰਤ' ਕਿਹਾ ਗਿਆ ਹੈ ਜਿਸ ਦੀ ਸੀਮਾ ਦੱਖਣ ਵਿਚ ਸਰਸਵਤੀ ਨਦੀ ਅਤੇ ਉੱਤਰ ਵਿਚ ਦ੍ਰਿਸ਼ਦ੍ਵਤੀ ਨਦੀ ਤਕ ਸੀ। ਮੂਲ ਰੂਪ ਵਿਚ ਇਹ ਖੇਤਰ 'ਬ੍ਰਹਮਾ ਦੀ ਵੇਦੀ' ਅਖਵਾਉਂਦਾ ਸੀ। ਬਾਦ ਵਿਚ ਇਸ ਨੂੰ 'ਸਮੰਤਪੰਚਕ' ਕਿਹਾ ਗਿਆ ਜਦੋਂ ਪਰਸ਼ੁਰਾਮ ਨੇ ਆਪਣੇ ਪਿਤਾ ਦੀ ਹਤਿਆ ਦੇ ਬਦਲੇ ਛਤ੍ਰੀਆਂ ਦੇ ਲਹੂ ਨਾਲ ਪੰਜ ਸਰੋਵਰ ਭਰੇ। ਫਿਰ ਉਸ ਦੇ ਪਿਤਰਾਂ ਦੇ ਵਰਦਾਨ ਨਾਲ ਇਹ ਪਵਿੱਤਰ ਖੇਤਰ ਬਣਿਆ। ਕਾਲਾਂਤਰ ਵਿਚ ਰਾਜਾ ਕੁਰੁ ਦੇ ਨਾਂ ਤੇ ਇਸ ਦਾ 'ਕੁਰੁਕਸ਼ੇਤ੍ਰ' ਨਾਂ ਪਿਆ।

'ਮਹਾਭਾਰਤ' (ਵਨ-ਪਰਵ/83) ਵਿਚ ਕੁਰੁਖਸ਼ੇਤ੍ਰ ਦੇ ਗੁਣਾਂ ਅਤੇ ਮਹਾਨਤਾਵਾਂ ਉਤੇ ਝਾਤ ਪਾਈ ਗਈ ਹੈ। ਇਸ ਖੇਤਰ ਵਿਚ ਰਹਿਣ ਵਾਲੇ ਪਾਪਾਂ ਤੋਂ ਮੁਕਤ ਹੁੰਦੇ ਹਨ। ਇਸ ਤੋਂ ਇਲਾਵਾ ਉਹ ਲੋਕ ਵੀ ਪਵਿੱਤਰ ਅਤੇ ਪਾਪ-ਮੁਕਤ ਹਨ ਜੋ ਕੁਰੁਕਸ਼ੇਤ੍ਰ ਵਿਚ ਜਾ ਕੇ ਰਹਿਣ ਦਾ ਸੰਕਲਪ ਕਰਦੇ ਹਨ। ਸੰਸਾਰ ਵਿਚ ਇਸ ਤੋਂ ਵੱਧ ਹੋਰ ਕੋਈ ਥਾਂ ਪਵਿੱਤਰ ਨਹੀਂ ਹੈ। ਇਥੋਂ ਦੇ ਮਿੱਟੀ ਦੇ ਕਿਣਕੇ ਨੂੰ ਜੇ ਮਹਾ ਪਾਪੀ ਛੋਹ ਲਏ ਤਾਂ ਉਹ ਵੀ ਸਵਰਗ ਦਾ ਅਧਿਕਾਰੀ ਬਣਦਾ ਹੈ।

'ਨਾਰਦੀਯ ਪੁਰਾਣ' (11/64) ਅਨੁਸਾਰ ਜੋ ਕੁਰੁਕਸ਼ੇਤ੍ਰ ਵਿਚ ਮਰਦਾ ਹੈ, ਉਹ ਫਿਰ ਇਸ ਸੰਸਾਰ ਵਿਚ ਜਨਮ ਨਹੀਂ ਲੈਂਦਾ। ਇਸ ਪੁਰਾਣ ਵਿਚ ਇਸ ਖੇਤਰ ਦੇ ਲਗਭਗ ਇਕ ਸੌ ਤੀਰਥਾਂ ਦਾ ਨਾਂ ਗਿਣਾਇਆ ਗਿਆ ਹੈ। ਹੁਣ ਇਸ ਖੇਤਰ ਵਿਚ ਲਗਭਗ 350 ਧਾਰਮਿਕ ਸਥਾਨ ਮੌਜੂਦ ਹਨ। ਖੇਤਰ ਦੇ ਪਵਿੱਤਰ ਹੋਣ ਸੰਬੰਧੀ ਇਹ ਧਾਰਣਾ ਵੀ ਪ੍ਰਚਲਿਤ ਹੈ ਕਿ ਜਦੋਂ ਵਿਸ਼ਣੂ ਨੇ ਮਧੁ ਅਤੇ ਕੈਟਭ ਦੈਂਤਾਂ ਨੂੰ ਮਾਰਿਆ ਤਾਂ ਉਨ੍ਹਾਂ ਦੀ ਮਿੱਝ ਸਭ ਪਾਸੇ ਪਸਰ ਗਈ, ਪਰ ਇਸ ਖੇਤਰ ਵਿਚ ਵਿਸ਼ਣੂ ਦੀ ਚੌਕੜੀ ਲਗੀ ਹੋਣ ਕਾਰਣ ਇਥੇ ਮਿੱਝ ਨਾ ਫੈਲ ਸਕੀ, ਜਿਸ ਕਰਕੇ ਇਹ ਖੇਤਰ ਪਵਿੱਤਰ ਹੀ ਬਣਿਆ ਰਿਹਾ।

ਧਾਰਮਿਕ ਦ੍ਰਿਸ਼ਟੀ ਤੋਂ ਇਸ ਖੇਤਰ ਵਿਚ ਸਰਸਵਤੀ ਨਦੀ ਦੇ ਕੰਢੇ ਹਜ਼ਾਰਾਂ ਸਾਲ ਪਹਿਲਾਂ ਰਿਸ਼ੀਆਂ ਨੇ ਵੇਦ-ਮੰਤਰਾਂ, ਉਪਨਿਸ਼ਦਾਂ ਅਤੇ ਹੋਰ ਕਈ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ ਸੀ। ਇਸੇ ਖੇਤਰ ਵਿਚ ਜਯੋਤੀਸਰ ਵਾਲੀ ਥਾਂ ਤੇ ਭਗਵਾਨ੍ ਕ੍ਰਿਸ਼ਣ ਨੇ ਅਰਜੁਨ ਨੂੰ ਗੀਤਾ ਦਾ ਸੰਦੇਸ਼ ਦਿੱਤਾ ਸੀ। ਇਤਿਹਾਸਿਕ ਦ੍ਰਿਸ਼ਟੀ ਤੋਂ ਅੱਜ ਤੋਂ ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਇਥੇ ਪਾਂਡਵਾਂ ਅਤੇ ਕੌਰਵਾਂ ਵਿਚਕਾਰ 18 ਦਿਨ ਘੋਰ ਯੁੱਧ ਹੋਇਆ ਸੀ ਜਿਸ ਨੂੰ ਮਹਾਭਾਰਤ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਇਥੋਂ ਦਾ ਬ੍ਰਹਮ ਸਰੋਵਰ ਵਿਸ਼ੇਸ਼ ਪ੍ਰਸਿੱਧ ਹੈ, ਜੋ 1080 ਮੀ. ਲੰਬਾ ਅਤੇ 360 ਮੀ. ਚੌੜਾ ਹੈ। ਇਸ ਵਿਚ ਪਾਣੀ ਦੀ ਡੂੰਘਾਈ ਘਟੋ ਘਟ 15 ਫੁਟ ਰਹਿੰਦੀ ਹੈ। ਸੂਰਜ

ਗ੍ਰਹਿਣ ਦੇ ਮੌਕੇ ਇਥੇ ਲੱਖਾਂ ਜਿਗਿਆਸੂ ਇਸ਼ਨਾਨ ਕਰਦੇ ਹਨ। ਇਸੇ ਤਰ੍ਹਾਂ ਹੋਰਨਾਂ ਤੀਰਥਾਂ ਨਾਲ ਵੀ ਕੋਈ ਨਾ ਕੋਈ ਪਰਵ ਜਾਂ ਮਹਾਤਮ ਜੁੜਿਆ ਹੋਇਆ ਹੈ। ਇਸ ਖੇਤਰ ਵਿਚ ਹੋਰਨਾਂ ਧਰਮਾਂ ਦੇ ਆਗੂਆਂ ਨਾਲ ਸੰਬੰਧਿਤ ਵੀ ਕਈ ਧਰਮ-ਧਾਮ ਹਨ ਜਿਸ ਕਰਕੇ ਇਹ ਖੇਤਰ ਰਾਸ਼ਟਰੀ ਏਕਤਾ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਸਾਧਾਂ-ਸੰਤਾਂ ਦੀ ਯਾਤ੍ਰਾ ਲਈ ਵੀ ਇਹ ਬਹੁਤ ਪ੍ਰਸਿੱਧ ਹੈ। ਗੁਰੂ ਨਾਨਕ ਦੇਵ ਤੋਂ ਇਲਾਵਾ ਗੁਰੂ ਅਮਰਦਾਸ, ਗੁਰੂ ਹਰਿਗੋਬਿੰਦ, ਗੁਰੂ ਤੇਗ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਇਥੇ ਆਏ ਸਨ ਅਤੇ ਉਨ੍ਹਾਂ ਦੇ ਨਾਂ ਤੇ ਕਈ ਗੁਰੂ-ਧਾਮ ਮੌਜੂਦ ਹਨ। ਗੁਰੂ ਰਾਮਦਾਸ ਨੇ ਤੁਖਾਰੀ ਰਾਗ ਵਿਚ ਗੁਰੂ ਅਮਰਦਾਸ ਦੇ ਇਥੇ ਆਉਣ ਬਾਰੇ ਸੰਕੇਤ ਕੀਤਾ ਹੈ—'ਪ੍ਰਥਮ ਆਏ ਕੁਲਖੇਤ ਗੁਰ ਸਤਿਗੁਰ ਪੁਰਬੁ ਹੋਆ' (ਅ. ਗ੍ਰੰ. 1116)।

ਕੁਵਲਯਾਪੀੜਾ : ਇਕ ਅਤਿ ਬਲਵਾਨ ਹਾਥੀ ਜੋ ਕੰਸ ਦੇ ਮੰਡਪ ਦੇ ਦੁਆਰ ਦੇ ਨੇੜੇ ਸਦਾ ਮੌਜੂਦ ਰਹਿੰਦਾ ਸੀ। 'ਭਾਗਵਤ ਪੁਰਾਣ' ਅਨੁਸਾਰ ਕ੍ਰਿਸ਼ਣ ਅਤੇ ਬਲਰਾਮ ਜਦੋਂ ਮਥੁਰਾ ਪਹੁੰਚੇ ਤਾਂ ਉਨ੍ਹਾਂ ਨੂੰ ਪੈਰਾਂ ਹੇਠ ਮਿੱਧ ਕੇ ਮਾਰ ਦੇਣ ਲਈ ਇਸ ਹਾਥੀ ਨੂੰ ਮਹਾਵਤ ਦੁਆਰਾ ਚੰਚਲ ਕਰਕੇ ਭੇਜਿਆ ਗਿਆ। ਸ੍ਰੀ ਕ੍ਰਿਸ਼ਣ ਨੇ ਕੁਝ ਦੇਰ ਉਸ ਨਾਲ ਯੁੱਧ ਕੀਤਾ, ਫਿਰ ਧਰਤੀ ਉਤੇ ਪਟਕ ਦਿੱਤਾ। ਉਸ ਦੇ ਦੋਵੇਂ ਦੰਦ ਕਢ ਕੇ ਇਕ ਕ੍ਰਿਸ਼ਣ ਨੇ ਅਤੇ ਦੂਜਾ ਬਲਰਾਮ ਨੇ ਆਪਣੇ ਮੋਢਿਆਂ ਤੇ ਰਖ ਲਏ। ਉਨ੍ਹਾਂ ਨੂੰ ਵੇਖ ਕੇ ਕੰਸ ਡਰ ਗਿਆ ਅਤੇ ਉਨ੍ਹਾਂ ਨਾਲ ਲੜਨ ਲਈ ਚਾਣੂਰ ਅਤੇ ਮੁਸ਼ਟਿਕ ਨਾਂ ਦੇ ਪਹਿਲ-ਵਾਨਾਂ ਨੂੰ ਭੇਜਿਆ। ਕ੍ਰਿਸ਼ਣ ਅਤੇ ਬਲਰਾਮ ਨੇ ਉਨ੍ਹਾਂ ਨਾਲ ਮੱਲ-ਯੁੱਧ ਕਰਕੇ ਮਾਰ ਦਿੱਤਾ। ਉਨ੍ਹਾਂ ਨਾਲ ਆਏ ਕਈ ਹੋਰ ਮੱਲ ਵੀ ਮਾਰ ਦਿੱਤੇ।

ਤਦਉਪਰੰਤ ਕ੍ਰਿਸ਼ਣ ਨੇ ਕੰਸ ਦੇ ਸਿੰਘਾਸਨ ਪਾਸ ਪਹੁੰਚ ਕੇ ਉਸ ਨੂੰ ਤਖ਼ਤੋਂ ਹੇਠਾਂ ਘਸੀਟਿਆ ਅਤੇ ਮਾਰ ਦਿੱਤਾ। ਸੰਤ-ਸਾਹਿੱਤ ਵਿਚ ਦੁਸ਼ਟਾਂ ਨੂੰ ਪ੍ਰਭੂ ਵਲੋਂ ਮਾਰਨ ਦੇ ਪ੍ਰਸੰਗਾਂ ਵਿਚ ਕੁਵਲਯਾਪੀੜ ਦਾ ਹਵਾਲਾ ਆਉਂਦਾ ਹੈ, ਜਿਵੇਂ ਗੁਰੂ ਰਾਮਦਾਸ ਅਨੁਸਾਰ—'ਕੁਵਲੀਆਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ' (ਅ. ਗ੍ਰੰ. 606)।

ਕੂਕਾ-ਲਹਿਰ : ਬਾਬਾ ਰਾਮ ਸਿੰਘ ਦੁਆਰਾ ਚਲਾਈ ਇਕ ਲਹਿਰ। ਵੇਖੋ 'ਰਾਮ ਸਿੰਘ, ਬਾਬਾ'।

ਕੇਸਗੜ੍ਹ : ਖ਼ਾਲਸੇ ਦੀ ਜਨਮ ਭੂਮੀ। ਵੇਖੋ 'ਖ਼ਾਲਸਾ'।

ਕੇਸੀ : ਇਕ ਦੈਂਤ ਜੋ ਕੰਸ ਦੀ ਸੇਵਾ ਵਿਚ ਸੀ। ਇਹ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਦਨੂ ਦੀ ਕੁੱਖੋਂ ਕਸ਼ਯਪ ਦੇ ਘਰ ਪੈਦਾ ਹੋਇਆ। ਇਹ ਆਪਣੇ ਸਾਰੇ ਭਰਾਵਾਂ ਨਾਲੋਂ ਅਧਿਕ ਬਲਵਾਨ ਸੀ। ਇਸ ਨੇ ਬਿੰਦਰਾਬਨ ਵਿਚ ਅਣਗਿਣਤ ਗਊਆਂ ਅਤੇ ਗਵਾਲਿਆਂ ਨੂੰ ਮਾਰਿਆ ਅਤੇ ਹਰ ਪਾਸੇ ਆਪਣੀ ਦੁਹਾਈ ਫਿਰਾ ਦਿੱਤੀ। 'ਭਾਗਵਤ ਪੁਰਾਣ' (10/37) ਅਨੁਸਾਰ ਜਦੋਂ ਕੰਸ ਨੇ ਕੇਸੀ ਨੂੰ ਸ੍ਰੀ ਕ੍ਰਿਸ਼ਣ ਉਤੇ ਹਮਲਾ ਕਰਨ ਜਾਂ ਮੱਲ-ਯੁੱਧ ਕਰਨ ਲਈ ਭੇਜਿਆ ਤਾਂ ਇਸ ਨੇ ਘੋੜੇ ਦਾ ਰੂਪ ਧਾਰਣ ਕਰ ਲਿਆ। ਕ੍ਰਿਸ਼ਣ ਨੇ ਇਸ ਨੂੰ ਪਿਛਲੀਆਂ ਟੰਗਾਂ ਤੋਂ ਫੜ ਕੇ ਘੁੰਮਾਇਆ ਅਤੇ ਆਕਾਸ਼ ਵਲ ਸੁਟ

ਦਿੱਤਾ। ਹੋਠਾਂ ਡਿਗਣ ਤੇ ਕੇਸੀ ਫਿਰ ਸਚੇਤ ਹੋ ਗਿਆ। ਕ੍ਰਿਸ਼ਣ ਨੇ ਇਸ ਦੇ ਮੂੰਹ ਵਿਚ ਹੱਥ ਪਾ ਦਿੱਤਾ ਜਿਸ ਨਾਲ ਇਸ ਦੇ ਜਬਾਹੜੇ ਉਖੜ ਗਏ। ਇਸ ਪਿਛੋਂ ਸ੍ਰੀ ਕ੍ਰਿਸ਼ਣ ਆਪਣੇ ਹੱਥ ਦਾ ਆਕਾਰ ਵਧਾਂਦੇ ਗਏ। ਫਲਸਰੂਪ ਕੇਸੀ ਦਾ ਦਮ ਘੁਟ ਗਿਆ ਅਤੇ ਕ੍ਰਿਸ਼ਣ ਨੇ ਇਸ ਨੂੰ ਪਰ੍ਹੇ ਸੁਟ ਦਿੱਤਾ। ਕ੍ਰਿਸ਼ਣ ਦੇ ਪਰਾਕ੍ਰਮਾਂ ਵਿਚ ਕੇਸੀ-ਬੱਧ ਦਾ ਉੱਲੇਖ ਕੀਤਾ ਜਾਂਦਾ ਹੈ। 'ਚੰਡੀ ਦੀ ਵਾਰ' ਵਿਚ ਲਿਖਿਆ ਹੈ—'ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ'।

ਕੇਤੂ : ਵੇਖੋ 'ਗ੍ਰਹ'।

ਕੇਦਾਰਨਾਥ : 'ਕੇਦਾਰ' ਸ਼ਿਵ ਦਾ ਇਕ ਨਾਮਾਂਤਰ ਹੈ। ਵਿਉਤਪੱਤੀ ਦੀ ਦ੍ਰਿਸ਼ਟੀ ਤੋਂ 'ਕੇ' (ਮਸਤਕ ਵਿਚ) ਅਤੇ 'ਦਾਰਾ' (ਜਟਾਵਾਂ ਵਿਚ ਲੁਕੀ ਗੰਗਾ ਰੂਪੀ ਪਤਨੀ) ਦਾ ਸੰਯੁਕਤ ਰੂਪ ਸ਼ਿਵ ਵਾਚਕ ਹੈ।

ਕੇਦਾਰਨਾਥ ਸ਼ੈਵਮਤ ਵਾਲਿਆਂ ਦਾ ਇਕ ਮਹਾਨ ਤੀਰਥ ਵੀ ਹੈ, ਜੋ ਰੁਦ੍ਰ-ਹਿਮਾਲੇ ਵਿਚ ਮਹਾਪੰਥ ਦੀ ਚੋਟੀ ਹੇਠਾਂ, ਇਕ ਟਿੱਲੇ ਉਤੇ ਸਥਿਤ ਮੰਨਿਆ ਜਾਂਦਾ ਹੈ। ਵੀਰ ਸ਼ੈਵਮਤ ਦੇ ਪਹਿਲੇ ਪੰਜ ਮੱਠਾਂ ਵਿਚ ਕੇਦਾਰਨਾਥ ਦਾ ਪ੍ਰਮੁਖ ਸਥਾਨ ਹੈ। ਇਕ ਤਾਮ੍ਰਸ਼ਾਸਨ ਪੱਤਰ ਅਨੁਸਾਰ ਜਨਮੇਜਯ ਦੇ ਰਾਜ-ਕਾਲ ਵੇਲੇ ਇਹ ਮੱਠ ਮੌਜੂਦ ਸੀ ਅਤੇ ਸੁਆਮੀ ਆਨੰਦਲਿੰਗ ਜੰਗਮ ਇਸ ਦੇ ਮਠਾਧੀਸ਼ ਸਨ।

ਮਹਾਨ-ਕੋਸ਼ਕਾਰ ਅਨੁਸਾਰ ਇਸ ਤੀਰਥ ਦੀ ਉੱਚਾਈ 11753 ਫੁਟ ਹੈ। ਇਥੇ ਸਦਾਸ਼ਿਵ ਦਾ ਮੰਦਿਰ ਹੈ, ਜਿਸ ਵਿਚ ਝੋਟੇ ਦੀ ਸ਼ਕਲ ਦਾ ਮਹਾਦੇਵ ਹੈ। ਦਸਿਆ ਜਾਂਦਾ ਹੈ ਕਿ ਅਰਜੁਨ ਤੋਂ ਹਾਰ ਖਾ ਕੇ ਸ਼ਿਵ ਨੇ ਝੋਟੇ ਦੀ ਸ਼ਕਲ ਵਿਚ ਇਸ ਥਾਂ ਤੇ ਪਨਾਹ ਲਈ ਸੀ। ਧੜ ਪਹਾੜ ਵਿਚ ਧਸ ਗਿਆ, ਕੇਵਲ ਪਿਠ ਹੀ ਬਾਹਰ ਰਹਿ ਗਈ। ਉਹ ਪਿਠ, ਅਸਲ ਵਿਚ, ਇਕ ਵੱਡੇ ਆਕਾਰ ਦਾ ਪੱਥਰ ਹੈ ਜਿਸ ਦੀ ਦੇਵ-ਤੁਲ ਪੂਜਾ ਕੀਤੀ ਜਾਂਦੀ ਹੈ।

ਇਸ ਮੁਖ ਤੀਰਥ ਤੋਂ ਬਿਨਾ ਚਾਰ ਹੋਰ ਵੀ ਧਰਮ-ਸਥਾਨ ਹਨ ਜੋ ਸ਼ਿਵ ਦੇ ਸ਼ਰੀਰ ਦੇ ਅੰਗਾਂ ਨਾਲ ਸੰਬੰਧਿਤ ਹਨ, ਜਿਵੇਂ ਬਾਹਾਂ ਦੀ ਪੂਜਾ ਤੁੰਗਨਾਥ 'ਤੇ, ਮੂੰਹ ਦੀ ਪੂਜਾ ਰੁਦ੍ਰਨਾਥ 'ਤੇ, ਨਾਭੀ ਦੀ ਪੂਜਾ ਮਧ੍ਯਮੇਸ਼੍ਵਰ' ਤੇ, ਸਿਰ ਅਤੇ ਜਟਾਵਾਂ ਦੀ ਕਲਪੇਸ਼੍ਵਰ 'ਤੇ। ਇਨ੍ਹਾਂ ਪੰਜਾਂ ਤੀਰਥਾਂ ਦੀ ਯਾਤ੍ਰਾ ਨਾਲ ਹੀ ਕੇਦਾਰਨਾਥ ਦੀ ਯਾਤ੍ਰਾ ਪੂਰੀ ਹੁੰਦੀ ਹੈ। ਹਰ ਸਾਲ ਹਜ਼ਾਰਾਂ ਜਿਗਿਆਸੂ ਇਥੇ ਆ ਕੇ ਇਸ਼ਨਾਨ ਅਤੇ ਪੂਜਾ ਕਰਦੇ ਹਨ। ਭਗਤ ਨਾਮਦੇਵ ਦੀ ਬਾਣੀ ਵਿਚ ਇਸ ਦਾ ਉੱਲੇਖ ਹੋਇਆ ਹੈ—'ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ।/ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ' (ਆ. ਗ੍ਰੰ. 973)।

ਕੈਕਈ : ਕੇਕਯ ਦੇਸ਼ ਦੀਆਂ ਰਾਜਕੁਮਾਰੀਆਂ ਨੂੰ ਆਮ ਤੌਰ ਤੇ 'ਕੈਕਈ' (ਕੈਕੇਈ) ਕਹਿ ਦਿੱਤਾ ਜਾਂਦਾ ਹੈ। ਇਸੇ ਕਰਕੇ ਦਸ਼ਰਥ ਦੀ ਪਤਨੀ ਅਤੇ ਭਰਤ ਦੀ ਮਾਤਾ ਨੂੰ ਵੀ 'ਕੈਕਈ' ਨਾਂ ਨਾਲ ਯਾਦ ਕੀਤਾ ਜਾਂਦਾ ਸੀ।

'ਬਾਲਮੀਕੀ ਰਾਮਾਇਣ' ਅਨੁਸਾਰ ਇਕ ਵਾਰ ਦੇਵ-ਅਸੁਰ ਸੰਗ੍ਰਾਮ ਵੇਲੇ ਇੰਦਰ ਦੀ

ਸਹਾਇਤਾ ਲਈ ਦਸ਼ਰਥ ਅਤੇ ਕੈਕਈ ਵੀ ਗਏ। ਭਿਆਨਕ ਯੁੱਧ ਕਰਦੇ ਹੋਇਆਂ ਦਸ਼ਰਥ ਘਾਇਲ ਹੋ ਜਾਣ ਕਾਰਣ ਬੇਹੋਸ਼ ਹੋ ਗਿਆ। ਇਸ ਅਵਸਥਾ ਵਿਚ ਕੈਕਈ ਉਸ ਨੂੰ ਰਣ-ਭੂਮੀ ਵਿਚੋਂ ਸੁਰੱਖਿਅਤ ਬਾਹਰ ਕਢ ਲਿਆਈ। ਇਸ ਤੋਂ ਪ੍ਰਸੰਨ ਹੋ ਕੇ ਦਸ਼ਰਥ ਨੇ ਦੋ ਵਰ ਦੇਣ ਦਾ ਬਚਨ ਦਿੱਤਾ।

ਜਦੋਂ ਰਾਮ ਚੰਦਰ ਦਾ ਰਾਜ-ਤਿਲਕ ਹੋਣ ਲਗਾ ਤਾਂ ਮੰਥਰਾ ਨਾਂ ਦੀ ਦਾਸੀ ਦੀ ਸਲਾਹ ਅਤੇ ਪ੍ਰੇਰਣਾ ਨਾਲ ਕੈਕਈ ਨੇ ਦੋ ਵਰ ਪੂਰੇ ਕਰਨ ਦਾ ਪ੍ਰਸਤਾਵ ਰਾਜੇ ਅਗੇ ਰਖਿਆ। ਇਕ ਵਰ ਰਾਹੀਂ ਭਰਤ ਦਾ ਰਾਜ-ਤਿਲਕ ਅਤੇ ਦੂਜੇ ਵਰ ਰਾਹੀਂ ਰਾਮ ਲਈ ਚੌਦਾਂ ਵਰ੍ਹਿਆਂ ਦਾ ਬਨਬਾਸ ਮੰਗਿਆ। ਰਾਮ ਚੰਦਰ ਨੇ ਇਹ ਗੱਲ ਸਵੀਕਾਰ ਕਰ ਲਈ ਅਤੇ ਲੱਛਮਣ ਅਤੇ ਸੀਤਾ ਸਹਿਤ ਬਨ ਨੂੰ ਚਲੇ ਗਏ। ਉਨ੍ਹਾਂ ਦੇ ਬਨਬਾਸ ਜਾਣ ਤੋਂ ਬਾਦ ਦਸ਼ਰਥ ਦਾ ਦੇਹਾਂਤ ਹੋ ਗਿਆ। ਇਸ ਨਾਲ ਸਾਰੀ ਅਯੋਧਿਆ ਵਿਚ ਉਦਾਸੀ ਛਾ ਗਈ। ਆਪਣੇ ਹਿਤ ਲਈ ਪਰਿਵਾਰਿਕ ਅਤੇ ਰਾਜਸੀ ਹਿਤਾਂ ਨੂੰ ਕੁਰਬਾਨ ਕਰਨ ਦੀ ਇਸ ਘਟਨਾ ਨਾਲ ਕੈਕਈ ਪ੍ਰਤਿ ਸਦਭਾਵਨਾ ਖ਼ਤਮ ਹੋ ਗਈ। ਪੰਜਾਬੀ ਕਾਵਿ ਵਿਚ ਕੈਕਈ ਬਾਰੇ ਨਕਾਰਾਤਮਕ ਹਵਾਲੇ ਮਿਲਦੇ ਹਨ। ਜਿਵੇਂ ਕਵੀ ਕੇਦਾਰ ਨਾਥ 'ਬਾਗ਼ੀ' ਨੇ ਲਿਖਿਆ ਹੈ—'ਮਾਤਾ ਜੇ ਕੇਕਈ ਬਣ ਜਾਵੇ,/ ਉਸਦਾ ਵਸਤਾ ਵੱਢ ਦਿਓ।'

ਕੈਟਭ : ਵੇਖੋ 'ਮਧੂ'।

ਕੈਦੋ : 'ਹੀਰ ਰਾਂਝਾ' ਰੋਮਾਂਸ ਦਾ ਇਕ ਪਾਤਰ ਜਿਸ ਨੇ ਹੀਰ ਰਾਂਝੇ ਨੂੰ ਸਭ ਤੋਂ ਜਿਆਦਾ ਪਰੇਸ਼ਾਨ ਕੀਤਾ ਸੀ। ਇਹ ਹੀਰ ਦੇ ਪਿਤਾ ਚੂਚਕ ਦਾ ਛੋਟਾ ਭਰਾ ਸੀ ਅਤੇ ਜਨਮਜਾਤ ਲੰਗਾ ਹੋਣ ਕਾਰਣ ਅਵਿਵਾਹਿਤ ਹੀ ਰਿਹਾ। ਇਸ ਲਈ ਕਿਸੇ ਹੋਰ ਦੇ ਪਿਆਰ ਦੀ ਗੱਲ ਇਸ ਨੂੰ ਸੁਖਾਵੀਂ ਨਹੀਂ ਲਗਦੀ ਸੀ। ਇਸ ਨੇ ਰਾਂਝੇ ਨੂੰ ਚੂਰੀ ਖਵਾਂਦਿਆ ਵੇਖ ਕੇ ਹੀਰ ਦੀ ਖ਼ੂਬ ਭੰਡੀ ਕੀਤੀ। ਫਲਸਰੂਪ ਉਨ੍ਹਾਂ ਦਾ ਮਿਲਣਾ ਹੀ ਬੰਦ ਨਾ ਹੋਇਆ ਸਗੋਂ ਚੂਚਕ ਨੇ ਰਾਂਝੇ ਨੂੰ ਨੌਕਰੀਓਂ ਵੀ ਕੱਢ ਦਿੱਤਾ। ਵਾਰਿਸ ਸ਼ਾਹ ਦੇ ਲਿਖੇ ਕਿੱਸੇ ਵਿਚ ਕੈਦੋ ਨੇ ਹੀਰ ਨੂੰ ਦੁੱਧ ਵਿਚ ਵਿਸ਼ ਘੋਲ ਕੇ ਪਿਲਾਈ ਸੀ। ਪਿਆਰ ਵਿਚ ਵਿਘਨ ਬਣਨ ਦੀ ਨਕਾਰਾਤਮਕ ਪ੍ਰਵਿਰਤੀ ਕਾਰਣ ਪੰਜਾਬੀ ਲੋਕ-ਜੀਵਨ ਵਿਚ ਇਸ ਨੂੰ ਖਲ-ਨਾਇਕ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ 'ਸੁਨੇਹੜੇ' ਪੁਸਤਕ ਵਿਚ ਲਿਖਿਆ ਹੈ—'ਕੈਦੋਂ ਸਮੇਂ ਦੇ ਹੋਰ ਵੀ ਹੋਏ ਡਾਢੇ/ਚਾਕ ਸਮੇਂ ਦੇ ਹੋਰ ਮਜਬੂਰ ਹੋ ਗਏ।'

ਕੈਰਉ : ਵੇਖੋ 'ਕੌਰਵ'।

ਕੈਲਾਸ਼, ਪਰਬਤ : ਇਕ ਪਰਬਤ ਵਿਸ਼ੇਸ਼ ਜੋ ਹਿਮਾਲਾ ਦੀ ਪਰਬਤ-ਮਾਲਾ ਵਿਚ 22028 ਫੁਟ ਦੀ ਉਚਾਈ ਤੇ ਹੈ। ਇਹ ਤਿੱਬਤ ਦੇ ਪੱਛਮ ਵਲ ਅਤੇ ਮਾਨਸਰੋਵਰ ਦੇ ਉੱਤਰ ਵਲ ਮੱਧ ਹਿਮਾਲਾ ਦੇ ਪਿਛਲੇ ਪਾਸੇ ਸਥਿਤ ਹੈ। ਇਸ ਦੀ ਚੋਟੀ ਦਾ ਆਕਾਰ-ਪ੍ਰਕਾਰ ਹਿੰਦੂ ਮੰਦਿਰ ਵਰਗਾ ਹੈ।

'ਸ਼ਿਵ ਪੁਰਾਣ' ਅਨੁਸਾਰ ਇਕ ਵਾਰ ਸ਼ਿਵ ਆਪਣੇ ਗਣਾਂ ਅਤੇ ਦੇਵੀ ਦੇਵਤਿਆਂ

ਸਹਿਤ ਕੁਬੇਰ ਕੋਲ ਅਲਕਾਪੁਰੀ ਗਏ। ਉਸ ਦੀ ਮਹਿਮਾਨੀ ਗ੍ਰਹਿਣ ਕਰਕੇ ਸ਼ਿਵ ਨੇ ਵਿਸ਼ਵਕਰਮਾ ਨੂੰ ਆਦੇਸ਼ ਦਿੱਤਾ ਕਿ ਉਹ ਕੈਲਾਸ਼ ਪਰਬਤ ਉੱਤੇ ਉਸ ਲਈ ਅਤੇ ਗਣਾਂ ਲਈ ਮੰਦਿਰ ਬਣਵਾਏ। ਮੰਦਿਰ ਬਣਨ ਉਪਰੰਤ ਉਹ ਉਥੇ ਚਲੇ ਗਏ। ਸਾਰੇ ਦੇਵੀ ਦੇਵਤਿਆਂ ਨੂੰ ਸ਼ਿਵ ਨੇ ਆਪਣਾ-ਆਪਣਾ ਕੰਮ ਕਰਨ ਲਈ ਤੋਰ ਦਿੱਤਾ। ਇਸ ਦੇ ਨੇੜੇ ਮਾਨਧਾਤਾ ਪਰਬਤ ਉੱਤੇ ਪਾਰਬਤੀ ਨੇ ਤਪ ਕੀਤਾ।

ਇਸ ਪਰਬਤ ਉੱਤੇ ਕੁਬੇਰ ਤੋਂ ਇਲਾਵਾ ਯਕ੍ਸ਼ ਅਤੇ ਕਿੰਨਰ ਵੀ ਨਿਵਾਸ ਕਰਦੇ ਹਨ। ਇਸ ਲਈ ਹਿੰਦੂਆਂ ਵਿਚ ਇਸ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਭਾਰਤ ਤੋਂ ਇਲਾਵਾ ਤਿਬਤ ਅਤੇ ਚੀਨ ਤੋਂ ਵੀ ਸ਼ਰਧਾਲੂ ਇਥੇ ਯਾਤ੍ਰਾ ਲਈ ਹਰ ਸਾਲ ਆਉਂਦੇ ਹਨ। ਇਸ ਪਰਬਤ ਦਾ ਪੱਥਰ ਬਹੁਤ ਚਮਕੀਲਾ ਅਤੇ ਚਾਂਦੀ ਰੰਗਾ ਹੈ। ਇਸ ਲਈ ਇਸ ਨੂੰ 'ਚਾਂਦੀ ਦਾ ਪਹਾੜ' ਵੀ ਕਹਿ ਦਿੱਤਾ ਜਾਂਦਾ ਹੈ। ਸ੍ਰਿਸ਼ਟੀ ਦੀ ਅਨੰਤਤਾ ਦਾ ਜ਼ਿਕਰ ਕਰਦਿਆਂ ਸੰਤ ਕਬੀਰ ਨੇ ਕਰੋੜਾਂ ਕੈਲਾਸ਼ਾਂ ਅਤੇ ਕਰੋੜਾਂ ਸ਼ਿਵਾਂ ਦੀ ਕਲਪਨਾ ਕੀਤੀ ਹੈ—'ਕੋਟਿ ਸੂਰ ਜਾ ਕੈ ਪਰਗਾਸ।/ਕੋਟਿ ਮਹਾਦੇਵ ਅਰੁ ਕਬਿਲਾਸ' (ਅ. ਗ੍ਰੰ. 1162)।

ਕੋਹ-ਸ਼ਿਕਨ : ਫ਼ਰਹਾਦ ਦਾ ਇਕ ਸਿਫ਼ਤੀ ਨਾਂ। ਵੇਖੋ 'ਸ਼ੀਰੀਂ'-ਫ਼ਰਹਾਦ'।

ਕੋਹਕਨ : ਫ਼ਰਹਾਦ ਦਾ ਇਕ ਸਿਫ਼ਤੀ ਨਾਂ। ਵੇਖੋ 'ਸ਼ੀਰੀਂ'-ਫ਼ਰਹਾਦ'।

ਕੋਹ-ਕਾਫ਼ : ਰੂਸ ਦੇ ਦੱਖਣ ਅਤੇ ਏਸ਼ੀਆ ਦੇ ਪੱਛਮ ਵਿਚ ਸਥਿਤ ਤੁਰਕਿਸਤਾਨ ਦੇਸ਼ ਦੇ ਇਕ ਪਹਾੜ ਦਾ ਨਾਂ, ਜਿਥੋਂ ਦੇ ਲੋਕ ਕਾਫ਼ੀ ਖ਼ੂਬਸੂਰਤ ਹੁੰਦੇ ਹਨ। ਇਸ ਪਹਾੜ ਉੱਤੇ ਵਸਦੇ ਲੋਕਾਂ ਦੀ ਸੁੰਦਰਤਾ ਕਰਕੇ ਹੀ, ਸੰਭਵ ਹੈ, ਕਲਪਿਤ ਕੋਹਕਾਫ਼ ਦੇ ਨਾਂ ਦਾ ਆਰੋਪਣ ਕਰ ਦਿੱਤਾ ਗਿਆ ਹੋਵੇ।

ਅਰਬ, ਈਰਾਨ ਆਦਿ ਦੇਸ਼ਾਂ ਦੀਆਂ ਲੋਕ-ਮਾਨਤਾਵਾਂ ਅਨੁਸਾਰ ਕਲਪਿਤ ਕੋਹਕਾਫ਼ ਹੀਰਿਆਂ ਅਤੇ ਪੰਨਿਆਂ ਦਾ ਬਣਿਆ ਹੋਇਆ ਹੈ। ਇਨ੍ਹਾਂ ਕੀਮਤੀ ਪੱਥਰਾਂ ਦੇ ਰੰਗ ਅਧਿਕਤਰ ਹਰੇ ਅਤੇ ਲਾਲ ਹਨ। ਇਥੇ ਪਾਣੀ ਦੇ ਸੁੰਦਰ ਤਾਲਾਬ ਹਨ। ਇਥੇ ਪਰੀਆਂ ਅਤੇ ਦੇਵਾਂ ਦਾ ਨਿਵਾਸ ਹੈ ਅਤੇ ਸਾਰਾ ਵਾਤਾਵਰਣ ਅਤਿਮਾਨਵੀ ਹੈ। ਇਸ ਦੀਆਂ ਪਹਾੜੀਆਂ ਨੇ ਸਾਰੇ ਜਗਤ ਨੂੰ ਘੇਰਿਆ ਹੋਇਆ ਹੈ।

ਪਰਾਸ਼ਰੀਰਕ ਤੱਤ੍ਵਾਂ ਨਾਲ ਭਰਪੂਰ ਪੰਜਾਬੀ ਕਿੱਸਿਆਂ ਵਿਚ ਕਲਪਿਤ ਕੋਹਕਾਫ਼ ਦਾ ਉੱਲੇਖ ਹੋਇਆ ਹੈ, ਜਿਵੇਂ 'ਸੈਫ਼ੁਲ ਮਲੂਕ' ਦੇ ਕਿੱਸੇ ਵਿਚ। ਸੂਫ਼ੀ ਕਵਿਤਾ ਵਿਚ ਵੀ ਕੋਹਕਾਫ਼ ਦੇ ਸੰਦਰਭ ਮਿਲਦੇ ਹਨ। ਅਲੀ ਹੈਦਰ ਅਨੁਸਾਰ—'ਕੋਹ ਕਾਫ਼ ਦੀ ਪਰੀ ਤੇ ਅੱਖੀਂ ਤੇ ਧਾਰੀਂ, ਕੱਜਲ ਦੀਆਂ ਧਾਰੀਆਂ ਵੇ।'

ਕੋਹ-ਤੂਰ : ਮਿਸਰ ਦਾ ਇਕ ਵਿਸ਼ੇਸ਼ ਪਹਾੜ ਜਿਸ ਨੂੰ ਸਿਨਾਈ (Sinai) ਕਿਹਾ ਜਾਂਦਾ ਹੈ। 'ਕੁਰਾਨ' ਅਤੇ 'ਬਾਈਬਲ' ਵਿਚ ਲਿਖਿਆ ਹੈ ਕਿ ਇਸ ਪਹਾੜ ਉੱਤੇ ਮੂਸਾ (ਵੇਖੋ) ਦਾ ਖ਼ੁਦਾ ਨਾਲ ਸੰਵਾਦ ਹੋਇਆ ਸੀ ਅਤੇ ਖ਼ੁਦਾ ਨੇ ਆਪਣੀਆਂ ਉਂਗਲਾਂ ਨਾਲ ਲਿਖੀਆਂ ਹੋਈਆਂ ਸਿਲਾਂ ਜਾਂ ਸਲੇਟਾਂ ਮੂਸਾ ਨੂੰ ਦਿੱਤੀਆਂ ਸਨ।

ਕਹਿੰਦੇ ਹਨ ਕਿ ਇਕ ਵਾਰ ਇਸ ਪਹਾੜ ਉੱਤੇ ਹਜ਼ਰਤ ਮੂਸਾ ਖ਼ੁਦਾ ਨਾਲ 40

ਦਿਨ ਲਗਾਤਾਰ, ਬਿਨਾ ਕੁਝ ਖਾਏ ਪੀਏ, ਸੰਵਾਦ ਕਰਦਾ ਰਿਹਾ। ਇਸੇ ਕਾਰਣ ਯਹੂਦੀ 40 ਦਿਨ ਰੋਜ਼ੇ ਰਖ ਕੇ ਉਸ ਪਵਿੱਤਰ ਸੰਵਾਦ ਦੀ ਯਾਦ ਤਾਜ਼ਾ ਕਰਦੇ ਹਨ। ਇਹ ਪਰਬਤ ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਵਿਚ ਪਵਿੱਤਰ ਮੰਨਿਆ ਜਾਂਦਾ ਹੈ। ਇਸ ਪਹਾੜ ਵਲ ਸੰਕੇਤ ਕਰਦਿਆਂ ਗੁਲਾਮ ਫ਼ਰੀਦ ਨੇ ਲਿਖਿਆ ਹੈ—'ਹਰ ਹਰ ਪੱਥਰ ਹੈ ਕੋਹ ਤੂਰ।'

ਕੋਹ-ਨੂਰ : ਇਕ ਜਗਤ ਪ੍ਰਸਿੱਧ ਹੀਰਾ ਜੋ ਅੱਜ ਕਲ ਬਰਤਾਨੀਆ ਦੇ ਸ਼ਾਹੀ ਘਰਾਣੇ ਕੋਲ ਹੈ ਅਤੇ ਤਾਜ ਵਿਚ ਸਜਾਇਆ ਜਾਂਦਾ ਹੈ। ਇਹ ਕਦ ਅਤੇ ਕਿਥੋਂ ਪ੍ਰਾਪਤ ਹੋਇਆ, ਇਸ ਬਾਰੇ ਇਤਿਹਾਸ ਚੁਪ ਹੈ। ਲੋਕ-ਕਥਾਵਾਂ ਅਨੁਸਾਰ ਇਹ ਮਹਾਭਾਰਤ ਦੇ ਨਾਇਕ ਅਰਜੁਨ ਅਤੇ ਕਰਣ ਪਾਸ ਰਿਹਾ ਹੈ। ਉਨ੍ਹਾਂ ਤੋਂ ਬਾਦ ਇਹ ਬਿਕ੍ਰਮਾਦਿਤ੍ਯ ਦੇ ਕਬਜ਼ੇ ਵਿਚ ਆਇਆ ਪਰ ਇਨ੍ਹਾਂ ਦੰਦ-ਕਥਾਵਾਂ ਦੀ ਕਿਤੋਂ ਪੁਸ਼ਟੀ ਨਹੀਂ ਹੁੰਦੀ। ਇਸ ਬਾਰੇ ਸਭ ਤੋਂ ਪਹਿਲਾ ਇਤਿਹਾਸਿਕ ਸੰਕੇਤ ਬਾਦਸ਼ਾਹ ਬਾਬਰ ਨੇ ਕਰਦਿਆਂ ਕਿਹਾ ਹੈ ਕਿ ਉਸ ਦੇ ਲੜਕੇ ਹੁਮਾਯੂੰ ਨੂੰ ਸੰਨ 1526 ਈ. ਵਿਚ ਇਹ ਹੀਰਾ ਗਵਾਲੀਅਰ ਦੇ ਇਕ ਹਿੰਦੂ ਰਾਜਾ ਦੇ ਪਰਿਵਾਰ ਪਾਸੋਂ ਮਿਲਿਆ ਜਿਸ ਨੇ ਇਬਰਾਹੀਮ ਲੋਦੀ ਦੀ ਮੱਦਦ ਕੀਤੀ ਸੀ। ਜਦੋਂ ਹੁਮਾਯੂੰ ਹਿੰਦੁਸਤਾਨ ਵਿਚ ਹਾਰ ਖਾ ਕੇ ਕਾਬਲ ਵਲ ਭਜਿਆ ਤਾਂ ਆਪਣੀ ਸੁਰੱਖਿਆ ਅਤੇ ਸਹਾਇਤਾ ਲਈ ਇਹ ਹੀਰਾ ਫ਼ਾਰਸ ਦੇ ਬਾਦਸ਼ਾਹ ਨੂੰ ਭੇਂਟ ਕੀਤਾ। ਉਥੋਂ ਇਹ ਹੀਰਾ ਦੱਖਣ ਭਾਰਤ ਵਿਚ ਕਿਸੇ ਤਰ੍ਹਾਂ ਪਹੁੰਚਿਆ ਅਤੇ ਮੀਰ ਜੁਮਲਾ ਨੇ, ਜੋ ਗੋਲਕੁੰਡਾ ਦੇ ਬਾਦਸ਼ਾਹ ਅਬਦੁਲਾ ਕੁਤਬਸ਼ਾਹ ਦਾ ਵਜ਼ੀਰ ਸੀ, ਬਾਦਸ਼ਾਹ ਸ਼ਾਹਜਹਾਂ ਨੂੰ ਸੰਨ 1628 ਈ. ਵਿਚ ਭੇਂਟ ਕੀਤਾ।

ਸੰਨ 1739 ਈ. ਵਿਚ ਦਿੱਲੀ ਦੀ ਲੁਟ ਵੇਲੇ ਇਹ ਹੀਰਾ ਨਾਦਰਸ਼ਾਹ ਦੇ ਹੱਥ ਲਗਾ। ਉਸ ਨੇ ਇਸ ਦੀ ਚਮਕ ਅਤੇ ਪ੍ਰਕਾਸ਼ ਨੂੰ ਵੇਖ ਕੇ ਇਸ ਦਾ ਨਾਂ ਕੋਹ-ਨੂਰ' (ਪ੍ਰਕਾਸ਼ ਦਾ ਪਰਬਤ) ਰਖਿਆ। ਫਿਰ ਨਾਦਰਸ਼ਾਹ ਦੇ ਪੋਤੇ ਸ਼ਾਹਰੁਖ ਮਿਰਜ਼ਾ ਤੋਂ ਇਹ ਹੀਰਾ ਅਹਿਮਦਸ਼ਾਹ ਅਬਦਾਲੀ ਕੋਲ ਆਇਆ ਅਤੇ ਬਾਦ ਵਿਚ ਕਾਬਲ ਦੇ ਅਮੀਰ ਸ਼ਾਹਸ਼ੁਜਾ ਕੋਲ ਪਹੁੰਚਿਆ। ਸ਼ਾਹਸ਼ੁਜਾ ਤੋਂ 1 ਜੂਨ, 1813 ਈ. ਵਿਚ ਇਹ ਹੀਰਾ ਮਹਾਰਾਜਾ ਰਣਜੀਤ ਸਿੰਘ ਨੇ ਬਲ-ਪੂਰਵਕ ਪ੍ਰਾਪਤ ਕੀਤਾ। ਲਾਹੌਰ ਦਰਬਾਰ ਦੀ ਹਾਰ ਤੋਂ ਬਾਦ 7 ਦਸੰਬਰ, 1849 ਈ. ਨੂੰ ਇਹ ਹੀਰਾ ਲਾਰਡ ਡਲਹੌਜ਼ੀ ਨੇ ਮਹਾਰਾਜਾ ਦਲੀਪ ਸਿੰਘ ਦੇ ਖ਼ਜ਼ਾਨੇ ਤੋਂ ਪ੍ਰਾਪਤ ਕੀਤਾ ਅਤੇ ਆਪਣੇ ਦਿਰਬਾਰੀ ਅਫ਼ਸਰ ਕਰਨਲ ਮੈਕਸਨ ਹੱਥੀਂ ਮਲਕਾ ਵਿਕਟੋਰੀਆ ਨੂੰ ਭੇਜਿਆ। 3 ਜੁਲਾਈ, 1850 ਈ. ਨੂੰ ਇਹ ਮਲਕਾ ਕੋਲ ਪਹੁੰਚ ਗਿਆ।

ਕਵੀ ਕੇਦਾਰ ਨਾਥ 'ਬਾਗੀ' ਨੇ ਮਹਾਰਾਜੇ ਕੋਲੋਂ ਇਸ ਹੀਰੇ ਨੂੰ ਪ੍ਰਾਪਤ ਕਰਨ ਵਾਲਿਆਂ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਅਜ ਬੇ-ਓੜਕ ਭੁਖੇ, ਤੇਰੇ ਕੋਹਿਨੂਰ ਦੇ।'

ਮਹਾਨ-ਕੋਸ਼ਕਾਰ ਅਨੁਸਾਰ ਪਹਿਲਾਂ ਇਸ ਦਾ ਵਜ਼ਨ 319 ਰਤੀ ਸੀ, ਪਰ ਹੁਣ ਤਰਾਸ਼ਣ ਕਾਰਣ ਇਸ ਦਾ ਭਾਰ 102 ਰੱਤੀ ਰਹਿ ਗਿਆ ਹੈ। ਇਸ ਹੀਰੇ ਬਾਰੇ ਇਹ

ਮਾਨਤਾ ਵੀ ਪ੍ਰਚਲਿਤ ਹੈ ਕਿ ਇਸ ਨੂੰ ਧਾਰਣ ਕਰਨ ਵਾਲੇ ਹੁਕਮਰਾਨ ਦਾ ਵਿਨਾਸ਼ ਹੋ ਜਾਂਦਾ ਹੈ। ਇਸ ਲਈ ਅਸ਼ੁਭ ਹੈ।

ਕੋਕਿਲਾਂ, ਰਾਣੀ : ਵੇਖੋ 'ਹੋਡੀ, ਰਾਜਾ', 'ਰਸਾਲੂ, ਰਾਜਾ'।

ਕੋਮਾ-ਗਾਟਾ-ਮਾਰੂ ਜਹਾਜ਼ : ਵੇਖੋ 'ਬਜਬਜ-ਘਾਟ'।

ਕੌਸਤੁਭ ਮਣੀ : ਅਮਰਤਾ ਪ੍ਰਾਪਤ ਕਰਨ ਲਈ ਜਦੋਂ ਦੈਂਤਾਂ ਨਾਲ ਮਿਲ ਕੇ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਤਾਂ ਉਸ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚ ਇਕ ਕੌਸਤੁਭ ਮਣੀ ਵੀ ਸੀ। ਇਹ ਵਿਸ਼ਨੂੰ ਨੇ ਆਪਣੀ ਛਾਤੀ ਉਤੇ ਧਾਰਣ ਕੀਤੀ। ਭਾਈ ਗੁਰਦਾਸ ਨੇ ਇਸ ਨੂੰ ਚੌਦਾਂ ਰਤਨਾਂ ਵਿਚ ਸ਼ਾਮਲ ਕਰਦਿਆਂ ਲਿਖਿਆ ਹੈ—'ਸਸੀਅਰੁ ਸਾਰੰਗ ਧਣਖੁ ਮਦੁ ਕਉਸਤਕ ਲਛ ਧਨੰਤਰ ਪਾਇ' (17/1)।

ਕੌਸਰ : ਜੰਨਤ ਵਿਚ ਇਕ ਕਲਪਿਤ ਨਹਿਰ ਜਿਸ ਦਾ ਪਾਣੀ ਦੁੱਧ ਵਰਗਾ ਸਫ਼ੈਦ ਅਤੇ ਸ਼ਹਿਦ ਵਰਗਾ ਮਿਠਾ ਹੁੰਦਾ ਹੈ। ਜੋ ਵਿਅਕਤੀ ਇਸ ਪਾਣੀ ਨੂੰ ਇਕ ਵਾਰ ਪੀ ਲੈਂਦਾ ਹੈ, ਉਸ ਦੀ ਉਮਰ ਭਰ ਦੀ ਪਿਆਸ ਮਿਟ ਜਾਂਦੀ ਹੈ। ਇਸ ਨਹਿਰ ਦਾ ਪਾਣੀ ਇਕ ਸਰੋਵਰ ਵਿਚ ਪੈਂਦਾ ਹੈ ਜਿਸ ਵਿਚ ਸੋਨੇ ਅਤੇ ਚਾਂਦੀ ਰੰਗੇ ਦੋ ਪਰਨਾਲੇ ਹਨ। ਇਸ ਚੌਕੋਨੇ ਸਰੋਵਰ ਦੀ ਲੰਬਾਈ ਦੋ ਮਹੀਨਿਆਂ ਵਿਚ ਚਲੀਆਂ ਗਈਆਂ ਮੰਜ਼ਿਲਾਂ ਜਿੰਨੀ ਹੈ। ਇਸ ਦੇ ਚੌਹਾਂ ਪਾਸੇ ਸੁਨਹਿਰੇ ਅਤੇ ਰੁਪਹਿਲੇ ਤਖ਼ਤਿਆਂ ਦੇ ਫ਼ਰਸ਼ ਬਣੇ ਹੋਏ ਹਨ। ਇਸ ਵਿਚ ਸੋਨੇ ਅਤੇ ਚਾਂਦੀ—ਵੰਨੇ ਬੇਸ਼ੁਮਾਰ ਆਬਖ਼ੋਰੇ (ਕਸੋਰੇ) ਤੈਰਦੇ ਰਹਿੰਦੇ ਹਨ। ਖ਼ੁਦਾ ਵਲੋਂ ਹਜ਼ਰਤ ਮੁਹੰਮਦ ਨੂੰ ਇਹ ਸਰੋਵਰ ਕਿਆਮਤ ਵਾਲੇ ਦਿਨ ਦਿੱਤਾ ਜਾਵੇਗਾ। ਉਹ ਆਪਣੇ ਪਵਿੱਤਰ ਹੱਥਾਂ ਨਾਲ ਆਪਣੇ ਅਨੁਯਾਈਆਂ ਨੂੰ ਆਬਖ਼ੋਰੇ ਭਰ ਭਰ ਕੇ ਪਿਲਾਉਣਗੇ ਜਿਸ ਕਰਕੇ ਉਨ੍ਹਾਂ ਨੂੰ ਉਮਰ ਭਰ ਪਿਆਸ ਨਹੀਂ ਲਗੇਗੀ। ਗੁਲਾਮ ਫ਼ਰੀਦ ਨੇ ਇਸ ਵਲ ਸੰਕੇਤ ਕੀਤਾ ਹੈ—'ਹਰ ਇਕ ਕਤਰਾ ਆਬ ਹੈ ਕੌਸਰ।'

ਕੌਸ਼ਲਿਆ : ਕੌਸ਼ਲ ਦੇਸ਼ ਦੇ ਰਾਜੇ ਕੌਸ਼ਲ ਦੀ ਪੁੱਤਰੀ ਜੋ ਦਸ਼ਰਥ ਨੂੰ ਵਿਆਹੀ ਸੀ। ਇਹ ਅਯੋਧਿਆ ਦੀ ਪਟਰਾਣੀ ਸੀ। ਇਸ ਦੇ ਨਾਲ ਕੈਕਯੀ ਅਤੇ ਸੁਮਿਤ੍ਰਾ ਵੀ ਮੁੱਖ ਰਾਣੀਆਂ ਵਿਚ ਗਿਣੀਆਂ ਜਾਂਦੀਆਂ ਸਨ। ਬਹੁਤ ਸਮੇਂ ਤਕ ਜਦੋਂ ਇਸ ਦੀ ਕੁੱਖੋਂ ਕੋਈ ਸੰਤਾਨ ਪੈਦਾ ਨਾ ਹੋਈ ਤਾਂ ਦਸ਼ਰਥ ਨੇ ਅਸ਼੍ਵਮੇਧ ਯੱਗ ਕੀਤਾ ਅਤੇ ਯੱਗ ਦੇ ਘੋੜੇ ਨੂੰ ਕੌਸ਼ਲਿਆ ਨੇ ਆਪਣੀ ਤਲਵਾਰ ਨਾਲ ਵਢਿਆ। ਤਦਉਪਰੰਤ ਰਿਸ਼ੀ ਸ਼੍ਰਿੰਗ ਦੀ ਪ੍ਰੇਰਣਾ ਨਾਲ 'ਪੁਤ੍ਰੇਸ਼ਟਿ' ਯੱਗ ਕੀਤਾ ਗਿਆ। ਯੱਗ ਦੇ ਅਗਨੀ ਕੁੰਡ ਵਿਚੋਂ ਇਕ ਤੇਜਸਵੀ ਪੁਰਸ਼ ਵਿਸ਼ਣੂ ਵਲੋਂ ਭੇਜੇ ਦੁੱਧ ਦਾ ਕਟੋਰਾ ਲੈ ਕੇ ਪ੍ਰਗਟ ਹੋਇਆ।

ਦਸ਼ਰਥ ਨੇ ਉਸ ਕਟੋਰੇ ਦਾ ਅੱਧਾ ਹਿੱਸਾ ਕੌਸ਼ਲਿਆ ਨੂੰ ਦੇ ਦਿੱਤਾ ਅਤੇ ਬਾਕੀ ਦਾ ਅੱਧਾ ਦੂਜੀਆਂ ਦੋ ਰਾਣੀਆਂ ਵਿਚ ਵੰਡ ਦਿੱਤਾ। ਕੁਝ ਵਿਦਵਾਨਾਂ ਨੇ ਦੂਜਾ ਭਾਗ ਕੇਵਲ ਕੈਕਈ ਨੂੰ ਦਿੱਤਾ ਲਿਖਿਆ ਹੈ। ਬਾਦ ਵਿਚ ਇਨ੍ਹਾਂ ਦੋਹਾਂ ਰਾਣੀਆਂ ਨੇ ਆਪਣੇ ਕੋਲੋਂ ਅੱਧਾ-ਅੱਧਾ ਹਿੱਸਾ ਸੁਮਿਤ੍ਰਾ ਨੂੰ ਦਿੱਤਾ। ਕਾਲਾਂਤਰ ਵਿਚ ਕੌਸ਼ਲਿਆ ਦੀ ਕੁੱਖੋਂ ਸ੍ਰੀ ਰਾਮ ਦਾ ਜਨਮ ਹੋਇਆ ਜੋ ਵਿਸ਼ਣੂ ਦੇ ਅਰਧ-ਅਵਤਾਰ ਸਨ। ਰਾਮ ਚੰਦਰ ਦੇ

ਬਨਵਾਸ ਗਮਨ 'ਤੇ ਕੌਸ਼ਲਿਆ ਨੇ ਬਹੁਤ ਦੁੱਖ ਪਾਇਆ ।

'ਦਸਮਗ੍ਰੰਥ' ਦੇ "ਰਾਮਾਵਤਾਰ" ਪ੍ਰਸੰਗ ਅਨੁਸਾਰ ਕੌਸ਼ਲਿਆ ਦੇ ਪੇਕੇ 'ਘੁਹਰਾਮ' (ਜ਼ਿਲਾ ਪਟਿਆਲਾ) ਵਿਚ ਦਸੇ ਗਏ ਹਨ । ਭਾਈ ਗੁਰਦਾਸ ਨੇ ਕੌਸ਼ਲਿਆ ਦਾ ਹਵਾਲਾ ਦਿੱਤਾ ਹੈ—'ਰੰਗ ਮਹਲ ਰੰਗ ਰੰਗ ਵਿਚਿ ਦਸਰਥੁ ਕਉਸਲਿਆ ਰਲੀਆਲੇ' (23/8) ।

ਕੌਸਿ-ਕਸ਼ਾ : ਵੇਖੋ 'ਇੰਦਰ-ਧਨੁਸ਼' ।

ਕੌਡਾ ਰਾਖਸ਼ : ਇਕ ਮਨੁੱਖ-ਭਖਸ਼ੀ ਆਦਿ-ਵਾਸੀ ਜੋ ਭੀਲਾਂ ਜਾਂ ਨਿਸ਼ਾਦਾਂ ਦਾ ਮੁਖੀਆ ਮੰਨਿਆ ਜਾਂਦਾ ਸੀ । ਇਹ ਵਿੰਧਿਆਚਲ ਵਿਚ ਡਾਕੇ ਮਾਰ ਕੇ ਆਪਣਾ ਜੀਵਨ ਬਤੀਤ ਕਰਦਾ ਸੀ । ਕੁਝ ਵਿਦਵਾਨ ਇਸ ਨੂੰ ਵਿੰਧਿਆਚਲ ਦੇ ਦੱਖਣੀ ਭਾਗ ਵਿਚ ਵਿਚਰਨ ਵਾਲਾ ਮੰਨਦੇ ਹਨ ਅਤੇ ਕੁਝ ਮੱਧਵਰਤੀ ਖੇਤਰ ਵਿਚ । ਕੁਝ ਵਿਦਵਾਨਾਂ ਦੀ ਇਹ ਸਥਾਪਨਾ ਹੈ ਕਿ ਇਸ ਦਾ ਮੂਲ-ਨਿਵਾਸ ਜਬਲਪੁਰ ਨਗਰ (ਮੱਧ ਪ੍ਰਦੇਸ਼) ਵਾਲੇ ਸਥਾਨ 'ਤੇ ਸੀ ।

ਇਕ ਵਾਰ ਗੁਰੂ ਨਾਨਕ ਦੇਵ ਆਪਣੀ ਦੱਖਣ ਦੀ ਉਦਾਸੀ ਵੇਲੇ ਕੌਡੇ ਰਾਖਸ਼ ਦੇ ਸਥਾਨ ਉਤੇ ਜਾ ਪਹੁੰਚੇ । 'ਪੁਰਾਤਨ-ਜਨਮਸਾਖੀ' ਅਨੁਸਾਰ ਕੌਡੇ ਨੇ ਗੁਰੂ ਨਾਨਕ ਦੇਵ ਦੇ ਸ਼ਰੀਰ ਨੂੰ ਤਲਣ ਲਈ ਕੜਾਹੇ ਵਿਚ ਤੇਲ ਗਰਮ ਕੀਤਾ । ਪਰ ਜਦੋਂ ਗੁਰੂ ਜੀ ਨੂੰ ਕੜਾਹੇ ਵਿਚ ਬਿਠਾਇਆ ਤਾਂ ਉਹ ਠੰਡਾ ਹੋ ਗਿਆ । ਕੌਡੇ ਨੂੰ ਗੁਰੂ ਸਾਹਿਬ ਦੀ ਮਹਾਨਤਾ ਦਾ ਅਹਿਸਾਸ ਹੋਇਆ ਅਤੇ ਉਨ੍ਹਾਂ ਦਾ ਸੇਵਕ ਬਣ ਕੇ ਮਾੜੇ ਕਰਮਾਂ ਤੋਂ ਮੂੰਹ ਮੋੜ ਲਿਆ । ਕੁਝ ਜਨਮਸਾਖੀਆਂ ਵਿਚ ਲਿਖਿਆ ਹੈ ਕਿ ਕੌਡੇ ਨੇ ਭਾਈ ਮਰਦਾਨੇ ਨੂੰ ਤਲ ਕੇ ਖਾਣਾ ਚਾਹਿਆ, ਪਰ ਗੁਰੂ ਜੀ ਦੀ ਮਿਹਰ ਦੀ ਦ੍ਰਿਸ਼ਟੀ ਕਾਰਣ ਉਹ ਅਜਿਹਾ ਨਾ ਕਰ ਸਕਿਆ ਅਤੇ ਨਾਮ-ਧਰੀਕ ਸਿੱਖ ਹੋਇਆ ।

ਗੁਰੂ ਨਾਨਕ ਦੇਵ ਦੇ ਉਪਕਾਰਾਂ ਦੀ ਸੂਚੀ ਵਿਚ ਕੌਡੇ ਦੇ ਉੱਧਾਰ ਦਾ ਹਵਾਲਾ ਦਿੰਦਿਆਂ ਕਵੀ ਕੇਦਾਰ ਨਾਥ 'ਬਾਗੀ' ਨੇ ਲਿਖਿਆ ਹੈ—'ਕੌਡੇ ਨੂੰ ਹੀਰਾ ਕਰ ਦਿੱਤਾ, ਡਾਕੂ ਨੂੰ ਡਕਾ ਲਾ ਦਿੱਤਾ ।'

ਕੌਰਵ : ਸਾਧਾਰਣ ਤੌਰ ਤੇ ਕੁਰੂ ਰਾਜੇ ਦੇ ਵੰਸ਼ ਵਾਲੇ 'ਕੌਰਵ' ਅਖਵਾਂਦੇ ਹਨ, ਪਰ ਵਿਸ਼ੇਸ਼ ਅਰਥ ਵਿਚ ਇਹ ਸ਼ਬਦ ਧ੍ਰਿਤਰਾਸ਼ਟਰ ਦੀ ਸੰਤਾਨ ਲਈ ਵਰਤਿਆ ਜਾਂਦਾ ਹੈ । ਚੰਦ੍ਰਵੰਸ਼ ਵਿਚ ਹੋਏ ਯਯਾਤੀ ਰਾਜੇ ਦੇ ਦੋ ਪੁੱਤਰ ਸਨ—ਯਦੁ ਅਤੇ ਪੁਰੂ । ਯਦੁ ਦੀ ਸੰਤਾਨ ਯਾਦਵ ਅਖਵਾਈ ਅਤੇ ਪੁਰੂ ਦੀ ਸੰਤਾਨ ਵਿਚ ਰਾਜਾ ਸੰਵਰਣ ਦੇ ਘਰ ਕੁਰੂ ਨਾਂ ਦਾ ਪੁੱਤਰ ਪੈਦਾ ਹੋਇਆ ਜਿਸ ਨੇ ਕੁਰੁਕਸ਼ੇਤ੍ਰ ਵਿਚ ਆਪਣੀ ਪ੍ਰਭੁਤਾ ਸਥਾਪਿਤ ਕੀਤੀ । ਕੁਰੂ ਦੇ ਖ਼ਾਨਦਾਨ ਵਿਚ ਹੋਏ ਰਾਜਾ ਸ਼ਾਂਤਨੂ ਦੇ ਦੋ ਪੁੱਤਰ ਸਨ—ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ । ਵਿਚਿਤ੍ਰਵੀਰਯ ਦਾ ਵਿਆਹ ਅੰਬਿਕਾ ਅਤੇ ਅੰਬਾਲਿਕਾ ਨਾਲ ਹੋਇਆ । ਵਿਚਿਤ੍ਰਵੀਰਯ ਦੇ ਖਈ ਰੋਗ ਨਾਲ ਜਵਾਨੀ ਵਿਚ ਹੀ ਮਰ ਜਾਣ ਕਾਰਣ ਉਨ੍ਹਾਂ ਦੀਆਂ ਵਿਧਵਾਵਾਂ ਤੋਂ ਨਿਯੋਗ ਰੀਤ ਨਾਲ ਵਿਆਸ ਤੋਂ ਦੋ ਪੁੱਤਰ ਪੈਦਾ ਕਰਵਾਏ ਗਏ ਜਿਨ੍ਹਾਂ ਵਿਚ ਧ੍ਰਿਤਰਾਸ਼ਟਰ ਨੇਤਰਹੀਨ ਸੀ ਅਤੇ ਪਾਂਡੂ ਰੋਗੀ ਸੀ ।

ਧ੍ਰਿਤਰਾਸ਼ਟਰ ਅੰਨ੍ਹਾ ਹੋਣ ਕਾਰਨ ਗੱਦੀ ਤੇ ਨਾ ਬੈਠ ਸਕਿਆ। ਉਸ ਦੀ ਥਾਂ ਤੇ ਪਾਂਡੂ ਰਾਜਾ ਬਣਿਆ। ਪਾਂਡੂ ਦੇ ਘਰ ਕੁੰਤੀ ਦੀ ਕੁੱਖੋਂ ਤਿੰਨ ਪੁੱਤਰ ਅਤੇ ਮਾਦ੍ਰੀ ਦੀ ਕੁੱਖੋਂ ਦੋ ਪੁੱਤਰ ਪੈਦਾ ਹੋਏ ਜੋ ਪਿਤਾ ਦੇ ਨਾਂ ਤੇ ਪਾਂਡਵ ਅਖਵਾਏ। ਉਂਜ ਉਹ ਵੀ ਕੁਰੂ ਵੰਸ਼ ਵਿਚ ਹੋਣ ਕਾਰਣ ਕੌਰਵ ਹੀ ਸਨ।

ਪਾਂਡੂ ਦੀ ਜਵਾਨੀ ਵਿਚ ਹੀ ਮੌਤ ਹੋ ਜਾਣ ਕਾਰਣ ਧ੍ਰਿਤਰਾਸ਼ਟਰ ਗੱਦੀ ਉਤੇ ਬੈਠਾ। ਉਸ ਦੇ ਘਰ ਰਾਣੀ ਗਾਂਧਾਰੀ ਤੋਂ ਇਕ ਸੌ ਪੁੱਤਰ ਅਤੇ ਇਕ ਪੁੱਤਰੀ ਪੈਦਾ ਹੋਏ। ਇਨ੍ਹਾਂ ਵਿਚ ਦੁਰਯੋਧਨ ਸਭ ਤੋਂ ਵੱਡਾ ਸੀ, ਪਰ ਅਭਿਮਾਨੀ ਹੋਣ ਕਾਰਣ ਉਸ ਨੇ ਪਾਂਡਵਾਂ ਨੂੰ ਆਪਣੇ ਹਿੱਸੇ ਦਾ ਰਾਜ ਨਾ ਦਿੱਤਾ। ਫਲਸਰੂਪ ਮਹਾਭਾਰਤ ਦਾ ਯੁੱਧ ਹੋਇਆ ਜਿਸ ਵਿਚ ਕੌਰਵ-ਵੰਸ਼ ਦੇ ਸਾਰੇ ਵਿਅਕਤੀ ਮਾਰੇ ਗਏ। ਧ੍ਰਿਤਰਾਸ਼ਟਰ ਵੀ ਬਨ ਵਿਚ ਲਗੀ ਅੱਗ ਵਿਚ ਸੜ ਮਰਿਆ। ਇਨ੍ਹਾਂ ਦੇ ਦਰਦਨਾਕ ਅੰਤ ਵਲ ਭਗਤ ਨਾਮਦੇਵ ਨੇ ਸੰਕੇਤ ਕੀਤਾ ਹੈ—'ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ।/ ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ' (ਅ. ਗ੍ਰੰ. 692)।

ਕੰਸ : ਇਹ ਮਥੁਰਾ ਦੇ ਰਾਜਾ ਉਗ੍ਰਸੈਨ ਦਾ ਪੁੱਤਰ ਅਤੇ ਮਗਧ ਦੇ ਰਾਜਾ ਜਰਾਸੰਧ ਦਾ ਜਵਾਈ ਸੀ। ਇਸ ਨੂੰ ਜਰਾਸੰਧ ਦੀਆਂ ਦੋ ਲੜਕੀਆਂ ਵਿਆਹੀਆਂ ਹੋਈਆਂ ਸਨ। 'ਮਹਾਭਾਰਤ' (ਸਭਾ-ਪਰਵ/ਅ. 22) ਅਨੁਸਾਰ ਇਸ ਨੇ ਆਪਣੇ ਪਿਤਾ ਨੂੰ ਕੈਦ ਕਰਕੇ ਸਾਰਾ ਰਾਜ-ਅਧਿਕਾਰ ਸੰਭਾਲ ਲਿਆ।

ਕੰਸ ਨੇ ਬੜੀ ਚਾਹ ਨਾਲ ਆਪਣੇ ਚਾਚੇ ਦੇਵਕ ਦੀ ਪੁੱਤਰੀ ਦੇਵਕੀ ਦਾ ਵਿਆਹ ਵਸੁਦੇਵ ਨਾਲ ਕੀਤਾ ਕਿਉਂਕਿ ਇਹ ਆਪਣੀ ਚਚੇਰੀ ਭੈਣ ਨੂੰ ਬਹੁਤ ਪਿਆਰ ਕਰਦਾ ਸੀ। ਪਰ ਦੇਵਕੀ ਨੂੰ ਵਿਦਾਈ ਦੇਣ ਵੇਲੇ ਆਕਾਸ਼ਵਾਣੀ ਹੋਈ ਕਿ ਦੇਵਕੀ ਤੋਂ ਉਤਪੰਨ ਅੱਠਵਾਂ ਪੁੱਤਰ ਹੀ ਕੰਸ ਦਾ ਕਤਲ ਕਰੇਗਾ। ਕੰਸ ਨੇ ਇਕ ਇਕ ਕਰਕੇ ਦੇਵਕੀ ਦੇ ਛੇ ਪੁੱਤਰਾਂ ਨੂੰ ਮਾਰ ਦਿੱਤਾ। ਸੱਤਵੇਂ ਪੁੱਤਰ (ਬਲਦੇਵ) ਨੂੰ ਜਨਮ ਦੇਣ ਤੋਂ ਪਹਿਲਾਂ ਹੀ ਬ੍ਰਜ ਵਿਚ ਰਹਿਣ ਵਾਲੀ ਵਸੁਦੇਵ ਦੀ ਦੂਜੀ ਪਤਨੀ ਰੋਹਿਣੀ ਦੀ ਕੁੱਖ ਵਿਚ ਯੋਗ ਮਾਯਾ ਦੁਆਰਾ ਰੱਖਵਾ ਦਿੱਤਾ ਗਿਆ। ਅੱਠਵੇਂ ਪੁੱਤਰ (ਸ੍ਰੀ ਕ੍ਰਿਸ਼ਣ) ਦੇ ਪੈਦਾ ਹੋਣ 'ਤੇ ਗੁਪਤ ਢੰਗ ਨਾਲ ਉਸ ਨੂੰ ਯਸ਼ੋਦਾ ਕੋਲ ਗੋਕੁਲ ਭੇਜ ਦਿੱਤਾ ਗਿਆ ਅਤੇ ਉਸ ਦੀ ਥਾਂ ਯਸ਼ੋਦਾ ਦੀ ਉਦੋਂ ਹੀ ਜਨਮੀ ਬਾਲਿਕਾ ਨੂੰ ਲਿਆਉਂਦਾ ਗਿਆ। ਕੰਸ ਨੇ ਉਸ ਬਾਲਿਕਾ ਨੂੰ ਧਰਤੀ ਉਤੇ ਪਟਕ ਕੇ ਮਾਰਨਾ ਚਾਹਿਆ। 'ਭਾਗਵਤ ਪੁਰਾਣ' (ਦਸ਼ਮ ਸਕੰਧ/1-4) ਅਨੁਸਾਰ ਉਹ ਕੰਸ ਦੇ ਹੱਥੋਂ ਛੁਟ ਕੇ ਆਕਾਸ਼ ਨੂੰ ਇਹ ਕਹਿੰਦਿਆਂ ਚਲੀ ਗਈ ਕਿ ਕੰਸ ਦੀ ਮ੍ਰਿਤੂ ਦਾ ਕਾਰਣ ਤਾਂ ਕਿਤੇ ਹੋਰ ਜਨਮ ਲੈ ਚੁਕਿਆ ਹੈ। ਉਸ ਬਾਲਕ (ਕ੍ਰਿਸ਼ਣ) ਨੂੰ ਲੱਭਣ ਦਾ ਕੰਸ ਨੇ ਬਹੁਤ ਯਤਨ ਕੀਤਾ, ਬ੍ਰਜਵਾਸੀਆਂ ਉਤੇ ਬਹੁਤ ਅਤਿਆਚਾਰ ਕੀਤੇ, ਪਰ ਸਫਲ ਨਾ ਹੋਇਆ।

ਆਖਿਰ ਵਿਚ ਕੰਸ ਨੇ ਇਕ ਕਪਟ-ਪ੍ਰਬੰਧ ਰਾਹੀਂ ਸ੍ਰੀ ਕ੍ਰਿਸ਼ਣ ਅਤੇ ਬਲਦੇਵ ਨੂੰ ਆਪਣੀ ਸਭਾ ਵਿਚ ਨਿਮੰਤ੍ਰਿਤ ਕੀਤਾ, ਇਸ ਆਸ਼ੇ ਨਾਲ ਕਿ ਉਨ੍ਹਾਂ ਨੂੰ ਮਰਵਾ ਦਿੱਤਾ ਜਾਏ। ਸ੍ਰੀ ਕ੍ਰਿਸ਼ਣ ਕੰਸ ਦੀ ਸਭਾ ਵਿਚ ਪਹੁੰਚੇ ਅਤੇ ਕੰਸ ਸਮੇਤ ਸਾਰੇ ਮੰਤ੍ਰੀਆਂ ਅਤੇ

ਸਲਾਹਕਾਰਾਂ ਨੂੰ ਮਾਰ ਦਿੱਤਾ। ਉਗ੍ਰਸੈਨ ਨੂੰ ਰਾਜ ਸਿੰਘਾਸਨ ਉਤੇ ਬਿਠਾ ਕੇ ਸ੍ਰੀ ਕ੍ਰਿਸ਼ਣ ਗੋਕੁਲ ਪਰਤੇ।

ਕੰਸ ਦੀ ਅਤਿਆਚਾਰੀ ਬਿਰਤੀ ਕਰਕੇ ਇਸ ਦਾ ਚਿੱਤ੍ਰਣ ਰਾਖਸ਼ ਰੂਪ ਵਿਚ ਹੀ ਹੋਇਆ ਹੈ। ਕਿਸੇ ਕਿਸੇ ਪ੍ਰਸੰਗ ਵਿਚ ਇਸ ਨੂੰ ਪੂਰਵ ਜਨਮ ਵਿਚ ਕਾਲਨੇਮਿ (ਵੇਖ) ਰਾਖਸ਼ ਹੀ ਦਸਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ-ਬਾਣੀ ਵਿਚ ਗੁਰੂ ਨਾਨਕ ਦੇਵ ਦੇ ਸਰੂਪ ਵਿਚ ਪੁਰਾਣ ਪੁਰਸ਼ਾਂ ਦਾ ਆਰੋਪ ਕਰਦਿਆਂ ਕਲ੍ਯ ਭੱਟ ਨੇ ਕਿਹਾ ਹੈ—ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ।/ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ' (ਅ. ਗ੍ਰੰ. 1390)। 'ਚੰਡੀ ਦੀ ਵਾਰ' ਦੇ ਕਰਤਾ ਨੇ ਪਰਮਾਤਮਾ ਦੀ ਸਮਰਥਤਾ ਉਤੇ ਪ੍ਰਕਾਸ਼ ਪਾਉਂਦਿਆਂ ਲਿਖਿਆ ਹੈ—'ਤੈਥੋਂ-ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ।'

ਕੰਧਾਰ : ਕਾਬੁਲ ਤੋਂ ਲਗਭਗ 450 ਕਿ. ਮੀ. ਦੱਖਣ-ਪੱਛਮ ਵਲ ਸਥਿਤ ਕੰਧਾਰ ਅਫ਼ਗ਼ਾਨਿਸਤਾਨ ਦਾ ਇਕ ਪ੍ਰਮੁਖ ਨਗਰ ਹੈ। ਇਸ ਦੀ ਸਮੁੰਦਰ ਤਟ ਤੋਂ ਉੱਚਾਈ 3462 ਫੁਟ ਹੈ। ਪੁਰਾਣੇ ਸ਼ਹਿਰ ਦੇ ਇਰਦ ਗਿਰਦ 27 ਫੁਟ ਉੱਚੀ ਫਸੀਲ (ਦੀਵਾਰ) ਅਤੇ 24 ਫੁਟ ਚੌੜੀ ਅਤੇ 10 ਫੁਟ ਡੂੰਘੀ ਖਾਈ ਹੈ। ਇਸ ਇਲਾਕੇ ਦੀ ਜ਼ਮੀਨ ਕਾਫ਼ੀ ਉਪਜਾਊ ਹੈ। ਨਹਿਰਾਂ ਰਾਹੀਂ ਖੇਤੀ ਹੁੰਦੀ ਹੈ।

ਇਸ ਵਿਚ ਪਠਾਨਾਂ ਦੇ ਚਾਰ ਕਬੀਲੇ—ਦੁਰਾਨੀ, ਘਿਲਜ਼ਈ, ਪਾਰਸਿਵਨ ਅਤੇ ਕਾਕਾਰ—ਵੱਖਰੀ ਵੱਖਰੀ ਪਤੀ ਵਿਚ ਵਸੇ ਹੋਏ ਹਨ। ਮਹਾਭਾਰਤ-ਕਾਲ ਵਿਚ ਇਸ ਨੂੰ ਗਾਂਧਾਰ ਕਿਹਾ ਜਾਂਦਾ ਸੀ। ਧ੍ਰਿਤਰਾਸ਼ਟਰ ਦੀ ਪਤਨੀ ਅਤੇ ਦੁਰਯੋਧਨ ਦੀ ਮਾਤਾ ਇਸ ਇਲਾਕੇ ਦੀ ਹੋਣ ਕਾਰਣ 'ਗਾਂਧਾਰੀ' ਅਖਵਾਉਂਦੀ ਸੀ।

ਨਜਾਬਤ ਨੇ ਨਾਦਰ ਸ਼ਾਹ ਸੰਬੰਧੀ ਲਿਖੀ ਆਪਣੀ ਵਾਰ ਵਿਚ ਨਾਦਰ ਸ਼ਾਹ ਦੀਆਂ ਕੰਧਾਰ ਤੋਂ ਲੈ ਕੇ ਕਰਨਾਲ ਤਕ ਦੀਆਂ ਜਿੱਤਾਂ ਦਾ ਸਜੀਵ ਵਰਣਨ ਕੀਤਾ ਹੈ। ਅਹਿਮਦ ਸ਼ਾਹ ਦੁੱਰਾਨੀ (ਅਬਦਾਲੀ) ਨੇ ਇਸ ਨੂੰ ਸੰਨ 1747 ਈ. ਵਿਚ ਆਪਣੀ ਰਾਜਧਾਨੀ ਬਣਾ ਕੇ ਇਸ ਦੇ ਮਹੱਤਵ ਨੂੰ ਵਧਾਇਆ।

ਕੰਨ੍ਹੀਆ, ਭਾਈ : ਵੇਖ 'ਸੇਵਾ-ਪੰਥ'।

ਕੰਪਨੀ : ਵੇਖੋ 'ਈਸਟ-ਇੰਡੀਆ-ਕੰਪਨੀ'।

ਕ੍ਰਿਸ਼ਣ, ਅਵਤਾਰ : ਕ੍ਰਿਸ਼ਣ ਦਾ ਸ਼ਾਬਦਿਕ ਅਰਥ ਹੈ 'ਕਾਲਾ'। ਸ੍ਰੀ ਕ੍ਰਿਸ਼ਣ ਚੂੰਕਿ ਕਾਲੇ ਰੰਗ ਦੇ ਸਨ, ਇਸ ਲਈ ਇਨ੍ਹਾਂ ਨੂੰ 'ਕ੍ਰਿਸ਼ਣ' ਕਿਹਾ ਜਾਣ ਲਗਿਆ। ਇਨ੍ਹਾਂ ਦੇ ਜਨਮ ਬਾਰੇ 'ਮਹਾਭਾਰਤ' ਅਤੇ 'ਵਿਸ਼ਣੁ-ਪੁਰਾਣ' (ਅੰਸ਼ 5/1) ਵਿਚ ਇਕ ਆਖਿਆਨ ਦਰਜ ਹੈ ਕਿ ਵਿਸ਼ਣੂ ਨੇ ਇਕ ਵਾਰ ਆਪਣੇ ਦੋ ਵਾਲ ਪੁਟੇ ਜਿਨ੍ਹਾਂ ਵਿਚੋਂ ਇਕ ਦਾ ਰੰਗ ਚਿੱਟਾ ਸੀ ਅਤੇ ਦੂਜੇ ਦਾ ਕਾਲਾ। ਚਿੱਟਾ ਵਾਲ ਰੋਹਿਣੀ ਦੇ ਗਰਭ ਵਿਚ ਚਲਾ ਗਿਆ ਅਤੇ ਕਾਲਾ ਦੇਵਕੀ ਦੇ ਗਰਭ ਵਿਚ ਸਥਿਤ ਹੋ ਗਿਆ। ਫਲਸਰੂਪ ਰੋਹਿਣੀ ਨੇ ਗੋਰੇ ਰੰਗ ਦੇ ਬਲਰਾਮ ਨੂੰ ਜਨਮ ਦਿੱਤਾ ਅਤੇ ਦੇਵਕੀ ਨੇ ਕਾਲੇ ਰੰਗ ਦੇ ਕ੍ਰਿਸ਼ਣ ਨੂੰ ਜਨਮ ਦਿੱਤਾ।

'ਰਿਗ-ਵੇਦ' ਵਿਚ ਭਾਵੇਂ ਕ੍ਰਿਸ਼ਣ ਦਾ ਦੋ ਵਾਰ ਵਰਣਨ ਹੋਇਆ ਹੈ, ਪਰ ਉਥੇ ਇਕ ਵਰਣਨ ਦਾ ਸੰਬੰਧ ਕ੍ਰਿਸ਼ਣ-ਆਂਗਿਰਸ ਨਾਲ ਹੈ ਅਤੇ ਦੂਜੇ ਦਾ ਕ੍ਰਿਸ਼ਣਾਸੁਰ ਨਾਲ। ਇਸ ਲਈ ਉਨ੍ਹਾਂ ਦਾ ਅਵਤਾਰ ਪੁਰਸ਼ ਕ੍ਰਿਸ਼ਣ ਨਾਲ ਕੋਈ ਸਰੋਕਾਰ ਨਹੀਂ ਹੈ। ਦੇਵਕੀ ਪੁੱਤਰ ਕ੍ਰਿਸ਼ਣ ਦਾ ਸਭ ਤੋਂ ਪਹਿਲਾ ਉੱਲੇਖ 'ਛਾਂਦੋਗ੍ਯ ਉਪਨਿਸ਼ਦ' (3/17) ਵਿਚ ਇਕ ਵਿਦਵਾਨ ਅਥਵਾ ਗਿਆਨੀ ਰੂਪ ਵਿਚ ਹੋਇਆ ਹੈ। 'ਮਹਾਭਾਰਤ' ਅਤੇ ਪੁਰਾਣ-ਸਾਹਿੱਤ ਵਿਚ, ਖ਼ਾਸ ਕਰਕੇ 'ਹਰਿਵੰਸ਼-ਪੁਰਾਣ' ਅਤੇ 'ਭਾਗਵਤ-ਪੁਰਾਣ' ਵਿਚ ਸ੍ਰੀ ਕ੍ਰਿਸ਼ਣ ਦਾ ਚਿਤ੍ਰਣ ਵਿਸ਼ਣੂ ਦੇ ਅੱਠਵੇਂ ਅਵਤਾਰ ਅਤੇ ਸੋਲ੍ਹਾਂ ਕਲਾ-ਸੰਪੰਨ ਰੂਪ ਵਿਚ ਹੋਇਆ ਹੈ ਜੋ ਦੁਆਪਰ ਯੁਗ ਦੇ ਭਾਰਤੀ ਮਿਥਿਹਾਸ ਦਾ ਇਕ ਸ੍ਰੇਸ਼ਠ ਨਾਇਕ, ਨੀਤੀਵਾਨ, ਅਦੁੱਤੀ ਯੋਧਾ ਅਤੇ ਸਾਰਿਆਂ ਦੇਵਤਿਆਂ ਵਿਚੋਂ ਸ੍ਰੇਸ਼ਠ ਹੈ ਅਤੇ ਜਿਸ ਦੇ ਚਰਿਤ੍ਰ ਦੁਆਲੇ ਅਨੇਕ ਲੌਕਿਕ-ਅਲੌਕਿਕ ਕਹਾਣੀਆਂ ਦੀ ਸਿਰਜਨਾ ਹੋਈ ਹੈ। ਕੁਲ ਮਿਲਾ ਕੇ ਸ੍ਰੀ ਕ੍ਰਿਸ਼ਣ ਦਾ ਜੀਵਨ-ਬ੍ਰਿੱਤਾਂਤ ਕੁਝ ਇਸ ਪ੍ਰਕਾਰ ਹੈ :

ਰਾਜਾ ਉਗ੍ਰਸੈਨ ਦੇ ਭਰਾ ਦੇਵਕ ਦੀ ਪੁੱਤਰੀ ਅਤੇ ਉਗ੍ਰਸੈਨ ਦੁਆਰਾ ਗੋਦ ਲਈ ਆਪਣੀ ਚਚੇਰੀ ਭੈਣ ਦੇਵਕੀ ਨੂੰ ਯਦੁਵੰਸ਼ ਦੇ ਸੂਰ ਨਾਂ ਦੇ ਮੁਖੀਏ ਦੇ ਪੁੱਤਰ ਵਸੁਦੇਵ ਨਾਲ ਵਿਆਹੁਣ ਉਪਰੰਤ ਜਦੋਂ ਕੰਸ ਉਨ੍ਹਾਂ ਨੂੰ ਰਥ ਵਿਚ ਬਿਠਾ ਕੇ ਵਿਦਾ ਕਰਨ ਜਾ ਰਿਹਾ ਸੀ ਤਾਂ ਨਾਰਦ ਨੇ ਕੰਸ ਨੂੰ ਦਸਿਆ ਕਿ ਉਸ ਦੀ ਭੈਣ ਦੇਵਕੀ ਦੀ ਸੰਤਾਨ (ਖ਼ਾਸ ਤੌਰ ਤੇ ਅੱਠਵਾਂ ਬੱਚਾ) ਉਸ ਨੂੰ ਨਸ਼ਟ ਕਰੇਗਾ। ਕੰਸ ਨੇ ਤੁਰੰਤ ਆਪਣੀ ਭੈਣ ਅਤੇ ਬਹਿਨੋਈ ਨੂੰ ਕੈਦ ਵਿਚ ਸੁਟ ਦਿੱਤਾ। ਉਸ ਨੇ ਆਪਣੇ ਪਿਤਾ ਉਗ੍ਰਸੈਨ ਨੂੰ ਪਹਿਲਾਂ ਹੀ ਬੰਦੀ ਬਣਾਇਆ ਹੋਇਆ ਸੀ। ਦੇਵਕੀ ਨੇ ਸਮੇਂ ਸਮੇਂ ਛੇ ਬੱਚਿਆਂ ਨੂੰ ਜਨਮ ਦਿੱਤਾ ਜਿਨ੍ਹਾਂ ਨੂੰ ਉਦੋਂ ਹੀ ਕੰਸ ਮਰਵਾ ਦਿੰਦਾ ਰਿਹਾ। ਸੱਤਵੇਂ ਗਰਭ ਵਲੋਂ ਦੈਵੀ ਕ੍ਰਿਪਾ ਨਾਲ ਬੱਚੇ ਨੂੰ ਵਸੁਦੇਵ ਦੀ ਦੂਜੀ ਪਤਨੀ ਰੋਹਿਣੀ ਦੇ ਗਰਭ ਵਿਚ ਸਥਾਨਾਂਤਰਿਤ ਕਰ ਦਿੱਤਾ ਗਿਆ ਜੋ ਕਾਲਾਂਤਰ ਵਿਚ ਬਲਦੇਵ ਦੇ ਰੂਪ ਵਿਚ ਪੈਦਾ ਹੋਇਆ। ਅੱਠਵੀਂ ਵਾਰ ਜਦੋਂ ਰਾਤ ਵੇਲੇ ਦੇਵਕੀ ਨੇ ਕ੍ਰਿਸ਼ਣ ਰੂਪ ਬਾਲਕ ਨੂੰ ਜਨਮ ਦਿੱਤਾ ਤਾਂ ਵਸੁਦੇਵ ਨੇ ਰਾਤ ਦੇ ਹਨੇਰੇ ਦਾ ਲਾਭ ਉਠਾਂਦੇ ਹੋਇਆ ਬੱਚੇ ਨੂੰ ਯਮਨਾ ਨਦੀ ਤੋਂ ਪਾਰ ਗੋਕੁਲ ਵਿਚ ਨੰਦ ਗੋਪ ਦੇ ਘਰ ਪਹੁੰਚਾ ਦਿੱਤਾ ਅਤੇ ਉਸੇ ਰਾਤ ਨੰਦ ਦੀ ਪਤਨੀ ਯਸ਼ੋਦਾ ਦੁਆਰਾ ਜਨਮੀ ਬੱਚੀ ਨੂੰ ਲਿਆ ਕੇ ਦੇਵਕੀ ਦੀ ਗੋਦ ਵਿਚ ਪਾ ਦਿੱਤਾ। ਉਸ ਬਾਲਿਕਾ ਨੂੰ ਦੂਜੇ ਦਿਨ ਕੰਸ ਨੇ ਮਰਵਾ ਦਿੱਤਾ।

ਕੁਝ ਸਮਾਂ ਬੀਤਣ ਤੋਂ ਬਾਦ ਜਦੋਂ ਕੰਸ ਨੂੰ ਆਪਣੇ ਨਾਲ ਹੋਏ ਧੋਖੇ ਦਾ ਪਤਾ ਚਲਿਆ ਤਾਂ ਉਸ ਨੇ ਸਾਰੇ ਨਵਜਾਤ ਬੱਚਿਆਂ ਨੂੰ ਖ਼ਤਮ ਕਰਨ ਦੀ ਯੋਜਨਾ ਬਣਾਈ। ਅਨੇਕ ਬੱਚੇ ਮਾਰ ਦਿੱਤੇ ਗਏ, ਪਰ ਕ੍ਰਿਸ਼ਣ ਅਤੇ ਬਲਰਾਮ ਜਿਵੇਂ ਕਿਵੇਂ ਬਚੇ ਰਹੇ। ਫਿਰ ਕ੍ਰਿਸ਼ਣ ਨੂੰ ਮਾਰਨ ਲਈ ਪੂਤਨਾ ਨੂੰ ਭੇਜਿਆ ਗਿਆ, ਪਰ ਕ੍ਰਿਸ਼ਣ ਨੇ ਉਸ ਦਾ ਉੱਧਾਰ ਕਰ ਦਿੱਤਾ। ਇਸ ਤੋਂ ਬਾਦ ਸ੍ਰੀ ਕ੍ਰਿਸ਼ਣ ਨੇ ਸ਼ਕਟਾਸੁਰ, ਕਾਲੀ-ਨਾਗ ਆਦਿ ਨੂੰ ਮਾਰਿਆ; ਊਖਲ ਨਾਲ ਬੰਨ੍ਹੇ ਜਾਣ ਕਾਰਣ 'ਦਾਮੋਦਰ' ਅਖਵਾਇਆ ਅਤੇ ਯਮਲਾ-ਰਜੁਨ ਦਾ ਉੱਧਾਰ ਕੀਤਾ। ਇਸ ਤਰ੍ਹਾਂ ਦੀਆਂ ਅਨੇਕ ਬਾਲ-ਲੀਲਾਵਾਂ ਸ੍ਰੀ ਕ੍ਰਿਸ਼ਣ ਦੇ ਨਾਂ

ਨਾਲ ਪ੍ਰਸਿੱਧ ਹਨ। ਇਹ ਪੀਲੇ ਬਸਤ੍ਰ ਧਾਰਣ ਕਰਦੇ ਸਨ, ਜਦ ਕਿ ਬਲਰਾਮ ਨੀਲੇ। ਛੋਟੇ ਹੁੰਦਿਆਂ ਗਊਆਂ ਚਰਾਂਦੇ ਅਤੇ ਮੋਰਾਂ ਦੇ ਪੰਖਾਂ ਦੇ ਮੁਕੁਟ ਬਣਾ ਕੇ ਸਿਰ ਉਤੇ ਧਾਰਣ ਕਰਦੇ ਸਨ।

ਇੰਦਰ ਦੇ ਹੰਕਾਰ ਨੂੰ ਤੋੜਨ ਲਈ ਆਪ ਨੇ ਗੋਪ-ਗੋਪੀਆਂ ਤੋਂ ਉਸ ਦੀ ਪੂਜਾ ਬੰਦ ਕਰਵਾਈ ਅਤੇ ਗੋਵਰਧਨ ਪਰਬਤ ਨੂੰ ਚੁੱਕ ਕੇ ਬ੍ਰਜਵਾਸੀਆਂ ਦੀ ਰੱਖਿਆ ਕੀਤੀ। ਫਿਰ ਅਰਿਸ਼ਟ ਅਤੇ ਕੇਸ਼ੀ ਨਾਂ ਦੇ ਦੈਂਤਾਂ ਨੂੰ ਮਾਰਿਆ। ਬਲਰਾਮ ਸਹਿਤ ਕੰਸ ਦੇ ਦਰਬਾਰ ਵਿਚ ਪਹੁੰਚ ਕੇ ਚਾਣੂਰ, ਕੁਵਲਯਾਪੀੜ ਆਦਿ ਨੂੰ ਖ਼ਤਮ ਕੀਤਾ ਅਤੇ ਕੰਸ ਨੂੰ ਗੱਦੀਓਂ ਲਾਹ ਕੇ ਪ੍ਰਾਣ-ਦੰਡ ਦਿੱਤਾ ਅਤੇ ਆਪਣੇ ਨਾਨੇ ਉਗ੍ਰਸੈਨ ਨੂੰ ਗੱਦੀ ਉਤੇ ਬਿਠਾਇਆ। ਉਜਯਿਨੀ ਵਿਚ ਬਲਰਾਮ ਸਹਿਤ ਵੇਦ ਅਧਿਐਨ ਕੀਤਾ। ਯੁੱਧ ਅਤੇ ਧਨੁਸ਼ ਵਿਦਿਆ ਸੰਦੀਪਨੀ ਗੁਰੂ ਕੋਲੋਂ ਸਿਖੀ ਅਤੇ ਗੁਰੂ-ਦੱਛਣਾ ਵਜੋਂ ਉਸ ਦੇ ਪੁੱਤਰ ਨੂੰ ਪਾਤਾਲ ਲੋਕ ਵਿਚੋਂ ਲਭ ਕੇ ਪੁਨਰ-ਜੀਵਿਤ ਕੀਤਾ ਅਤੇ ਗੁਰੂ ਕੋਲ ਪਹੁੰਚਾਇਆ। ਫਿਰ ਨਰਕਾਸੁਰ, ਬਾਣਾਸੁਰ ਆਦਿ ਨੂੰ ਮਾਰਿਆ। ਰੁਕਮੀ ਨੂੰ ਹਰਾ ਕੇ ਚੇਦਿ ਨਰੇਸ਼ ਸ਼ਿਸ਼ੁਪਾਲ ਦੀ ਮੰਗੇਤਰ ਰੁਕਮਿਣੀ ਨੂੰ ਉਧਾਲ ਲਿਆਂਦਾ। ਕੰਸ ਦੇ ਸਹੁਰੇ ਰਾਜਾ ਜਰਾਸੰਧ ਨੇ ਆਪਣੇ ਜਵਾਈ ਦੀ ਹਤਿਆ ਕਾਰਣ ਕ੍ਰਿਸ਼ਣ ਤੋਂ ਬਦਲਾ ਲੈਣ ਦਾ ਫ਼ੈਸਲਾ ਕੀਤਾ ਅਤੇ ਸ਼ਿਸ਼ੁਪਾਲ ਦੀ ਮੱਦਦ ਨਾਲ ਮਥੁਰਾ ਉਤੇ ਅਨੇਕ ਵਾਰ ਹਮਲੇ ਕੀਤੇ, ਪਰ ਸਦਾ ਹਾਰ ਖਾਂਦਾ ਰਿਹਾ। ਨਿੱਤ ਦੇ ਇਸ ਕਲਹ-ਕਲੇਸ਼ ਤੋਂ ਤੰਗ ਆ ਕੇ ਸ਼੍ਰੀ ਕ੍ਰਿਸ਼ਣ ਮਥੁਰਾ ਛਡ ਕੇ ਦਵਾਰਿਕਾ ਚਲੇ ਗਏ ਅਤੇ ਉਥੇ ਸਮੁੰਦਰ ਦੇ ਕੰਢੇ ਇਕ ਨਵੇਂ ਰਾਜ ਦੀ ਸਥਾਪਨਾ ਕੀਤੀ ਅਤੇ ਹਰ ਪਾਸੇ ਆਪਣੀ ਯੋਗਤਾ ਦੀ ਛਾਪ ਛੱਡੀ। ਇਨ੍ਹਾਂ ਨੇ ਇੰਦਰ ਨੂੰ ਜਿੱਤ ਕੇ ਇੰਦਰਪੁਰੀ ਤੋਂ ਪਰਿਜਾਤ ਬ੍ਰਿਛ ਲੈ ਕੇ ਆਪਣੀ ਰਾਣੀ ਨੂੰ ਖ਼ੁਸ਼ ਕੀਤਾ।

ਹਸਤਨਾਪੁਰ ਵਿਚ ਕੌਰਵਾਂ ਅਤੇ ਪਾਂਡਵਾਂ ਵਿਚ ਰਾਜ ਦੇ ਵੰਡਾਰੇ ਬਾਰੇ ਵਿਵਾਦ ਚਲ ਪਿਆ। ਪਾਂਡਵਾਂ ਨਾਲ ਕ੍ਰਿਸ਼ਣ ਦੇ ਨੇੜੇ ਦੀ ਰਿਸ਼ਤੇਦਾਰੀ ਸੀ ਕਿਉਂਕਿ ਕ੍ਰਿਸ਼ਣ ਦੀ ਭੂਆ ਕੁੰਤੀ ਪਾਂਡੂ ਨੂੰ ਵਿਆਹੀ ਹੋਈ ਸੀ। ਕ੍ਰਿਸ਼ਣ ਨੇ ਪੂਰੀ ਕੋਸ਼ਿਸ਼ ਕੀਤੀ ਕਿ ਰਾਜ-ਵੰਡ ਦਾ ਸ਼ਾਂਤੀਪੂਰਵਕ ਨਿਪਟਾਰਾ ਹੋ ਜਾਏ, ਪਰ ਕਾਮਯਾਬੀ ਨਾ ਮਿਲੀ। ਕ੍ਰਿਸ਼ਣ ਤੋਂ ਦੁਰਯੋਧਨ ਅਤੇ ਯੁਧਿਸ਼ਠਿਰ ਦੋਹਾਂ ਨੇ ਸਹਾਇਤਾ ਦੀ ਮੰਗ ਕੀਤੀ। ਸ਼੍ਰੀ ਕ੍ਰਿਸ਼ਣ ਨੇ ਆਪਣਾ ਸਾਰਾ ਸੈਨਾ-ਬਲ ਦੁਰਯੋਧਨ ਨੂੰ ਸੌਂਪ ਦਿੱਤਾ ਅਤੇ ਆਪ ਅਰਜੁਨ ਦੇ ਰੱਥਵਾਨ ਬਣੇ। ਆਪਣੀ ਕੁਲ ਦੇ ਵੱਡੇ ਵਡੇਰਿਆਂ ਵਿਰੁੱਧ ਹਥਿਆਰ ਚੁਕਣ ਵਿਚ ਉਦਾਸੀਨਤਾ ਵਿਖਾਣ ਤੇ ਸ਼੍ਰੀ ਕ੍ਰਿਸ਼ਣ ਨੇ ਅਰਜੁਨ ਨੂੰ 'ਭਗਵਦ ਗੀਤਾ' ਦਾ ਉਪਦੇਸ਼ ਦੇ ਕੇ ਉਸ ਨੂੰ ਯੁੱਧ-ਕਰਮ ਵਲ ਰੁਚਿਤ ਕੀਤਾ। ਸਾਰੇ ਯੁੱਧ ਦੌਰਾਨ ਇਨ੍ਹਾਂ ਨੇ ਪਾਂਡਵਾਂ ਨੂੰ ਪੈਰ-ਪੈਰ ਤੇ ਅਗਵਾਈ ਦਿੱਤੀ, ਜਿਸ ਕਰਕੇ ਪਾਂਡਵ ਵਿਜਈ ਹੋਏ। ਜਿੱਤਣ ਤੋਂ ਬਾਦ ਪਾਂਡਵਾਂ ਨੇ ਰਾਜਸੂਯ ਯੱਗ ਕੀਤਾ ਜਿਸ ਵਿਚ ਕ੍ਰਿਸ਼ਣ ਨੇ ਮੁੱਖ ਰੂਪ ਵਿਚ ਯੋਗਦਾਨ ਪਾਇਆ ਅਤੇ ਆਪਣੇ ਪੁਰਾਣੇ ਵੈਰੀਆਂ—ਜਰਾਸੰਧ ਅਤੇ ਸ਼ਿਸ਼ੁਪਾਲ—ਦਾ ਵਿਨਾਸ਼ ਕਰਵਾਇਆ।

ਦਵਾਰਿਕਾ ਪਰਤ ਕੇ ਸ੍ਰੀ ਕ੍ਰਿਸ਼ਣ ਨੇ ਯਾਦਵਾਂ ਦੇ ਗ੍ਰਿਹ-ਯੁੱਧ ਨੂੰ ਖ਼ਤਮ ਕਰਨ ਦਾ ਪੂਰਾ ਯਤਨ ਕੀਤਾ, ਪਰ ਸਫਲ ਨਾ ਹੋ ਸਕੇ। ਆਖ਼ਿਰ ਪ੍ਰਭਾਸ ਖੇਤਰ ਵਿਚ ਇਕੱਠੇ ਹੋਏ ਸਾਰੇ ਯਾਦਵਾਂ ਨੇ ਮਦਿਰਾ ਪਾਨ ਕਰ ਕੇ ਆਪਸ ਵਿਚ ਲੜਾਈ ਕੀਤੀ ਅਤੇ ਸਾਰੇ ਹੀ ਮਾਰੇ ਗਏ। ਸ੍ਰੀ ਕ੍ਰਿਸ਼ਣ ਦਾ ਪੁੱਤਰ ਪ੍ਰਦ੍ਯੁਮਨ ਵੀ ਇਨ੍ਹਾਂ ਦੀਆਂ ਅੱਖਾਂ ਸਾਹਮਣੇ ਮਾਰਿਆ ਗਿਆ। ਇਸ ਘੋਰ ਸੰਕਟ ਤੋਂ ਉਹੀ ਬੱਚੇ ਜੋ ਉਦੋਂ ਦਵਾਰਿਕਾ ਤੋਂ ਬਾਹਰ ਰਹਿ ਰਹੇ ਸਨ। ਬਲਰਾਮ ਵੀ ਇਸ ਝਮੇਲੇ ਤੋਂ ਬਚ ਕੇ ਬਾਹਰ ਨਿਕਲ ਗਿਆ ਅਤੇ ਬਾਦ ਵਿਚ ਇਕ ਬ੍ਰਿਛ ਹੇਠਾਂ ਸ਼ਾਂਤੀ-ਪੂਰਵਕ ਸ਼ਰੀਰ ਛਡ ਦਿੱਤਾ। ਸ੍ਰੀ ਕ੍ਰਿਸ਼ਣ ਨੂੰ ਜੰਗਲ ਵਿਚ ਸੁਤਿਆਂ ਪਿਆਂ ਇਕ ਸ਼ਿਕਾਰੀ ਨੇ ਤੀਰ ਮਾਰ ਕੇ ਘਾਇਲ ਕਰ ਦਿੱਤਾ ਅਤੇ ਉਹ ਉਸੇ ਘਾਉ ਨਾਲ ਬ੍ਰਹਮ-ਲੀਨ ਹੋ ਗਏ। ਸ੍ਰੀ ਕ੍ਰਿਸ਼ਣ ਦੀ ਮ੍ਰਿਤੂ ਦਾ ਸਮਾਚਾਰ ਸੁਣ ਕੇ ਅਰਜੁਨ ਦਵਾਰਿਕਾ ਗਿਆ ਅਤੇ ਆਪ ਦਾ ਦਾਹ-ਸੰਸਕਾਰ ਕੀਤਾ। ਇਸ ਪਿਛੋਂ ਸਾਰੀ ਦਵਾਰਿਕਾ ਨਗਰੀ ਸਮੁੰਦਰ ਨੇ ਆਪਣੇ ਵਿਚ ਸਮੋ ਲਈ। ਸ੍ਰੀ ਕ੍ਰਿਸ਼ਣ ਕੁਲ 125 ਵਰ੍ਹੇ ਜੀਏ ਦਸੇ ਜਾਂਦੇ ਹਨ। ਇਨ੍ਹਾਂ ਦੀਆਂ ਮੁੱਖ ਰਾਣੀਆਂ ਕੇਵਲ ਅੱਠ ਮੰਨੀਆਂ ਜਾਂਦੀਆਂ ਹਨ, ਪਰ ਉਂਜ ਇਸਤਰੀਆਂ ਦੀ ਗਿਣਤੀ ਸੋਲ੍ਹਾਂ ਹਜ਼ਾਰ ਤੋਂ ਅਧਿਕ ਸੀ।

ਭਾਰਤੀ ਸਭਿਆਚਾਰ ਵਿਚ ਸ੍ਰੀ ਕ੍ਰਿਸ਼ਣ ਦਾ ਵਿਅਕਤਿਤ੍ਵ ਇਕ ਪ੍ਰਭਾਵਸ਼ਾਲੀ ਅਤੇ ਓਜਸਵੀ ਮਹਾਨਾਇਕ ਵਜੋਂ ਉਭਰਿਆ ਹੈ। ਇਹ ਰਾਜਨੀਤੀ ਵਿਚ ਪੂਰੀ ਤਰ੍ਹਾਂ ਨਿਪੁਣ ਹੀ ਨਹੀਂ, ਸਗੋਂ ਦਰਸ਼ਨ ਦੇ ਵੀ ਮਹਾਨ ਵਿਦਵਾਨ ਸਨ। ਧਾਰਮਿਕ ਜਗਤ ਵਿਚ ਇਨ੍ਹਾਂ ਨੇ ਭਾਗਵਤ-ਧਰਮ ਦਾ ਪ੍ਰਚਲਨ ਕੀਤਾ। ਆਪਣੀਆਂ ਵਿਸ਼ੇਸ਼ਤਾਵਾਂ ਕਾਰਣ ਇਹ ਇਕ ਯੁਗ-ਪੁਰਸ਼ ਹੋ ਨਿਬੜੇ। ਇਸ ਕਰਕੇ ਇਨ੍ਹਾਂ ਦੇ ਚਰਿੱਤ੍ਰ ਵਿਚ ਅਵਤਾਰੀ ਸ਼ਕਤੀਆਂ ਦਾ ਆਰੋਪ ਕੀਤਾ ਜਾਣ ਲਗਿਆ। ਕਾਲਾਂਤਰ ਵਿਚ ਇਨ੍ਹਾਂ ਨੂੰ ਭਾਗਵਤ-ਧਰਮ ਵਿਚ ਇਸ਼ਟਦੇਵ ਵਜੋਂ ਪੂਜਿਆ ਜਾਣਾ ਸ਼ੁਰੂ ਹੋਇਆ। ਪੁਰਾਣ-ਸਾਹਿੱਤ ਵਿਚ ਇਹ ਪੂਰਨ-ਬ੍ਰਹਮ ਦੇ ਰੂਪ ਵਿਚ ਸਥਾਪਿਤ ਹੋਏ। ਵੱਲਭਾਚਾਰਯ ਅਤੇ ਅਸ਼ਟਛਾਪ ਦੇ ਕਵੀਆਂ ਨੇ ਇਨ੍ਹਾਂ ਸੰਬੰਧੀ ਵਿਸ਼ੇਸ਼ ਕਾਵਿ-ਧਾਰਾ ਪ੍ਰਵਾਹਮਾਨ ਕੀਤੀ ਅਤੇ ਇਨ੍ਹਾਂ ਨਾਲ ਰਾਧਾ ਨੂੰ ਸ਼ਕਤੀ ਵਜੋਂ ਸੰਬੰਧਿਤ ਕੀਤਾ। ਕ੍ਰਿਸ਼ਣ ਦੇ ਕੌਤਕਾਂ ਅਤੇ ਲੀਲਾਵਾਂ ਨਾਲ ਸੰਬੰਧਿਤ ਅਨੇਕ ਨਾਂ ਪ੍ਰਚਲਿਤ ਹੋਏ ਹਨ, ਜਿਵੇਂ ਕਾਨ੍ਹ, ਦਾਮੋਦਰ, ਗੋਪਾਲ, ਨੰਦਨੰਦਨ, ਵਾਸੁਦੇਵ, ਯਸ਼ੋਦਾ-ਨੰਦਨ, ਆਦਿ।

ਗੁਰੂ ਨਾਨਕ ਦੇਵ ਨੇ 'ਆਸਾ ਦੀ ਵਾਰ' ਵਿਚ ਸ੍ਰੀ ਕ੍ਰਿਸ਼ਣ ਬਾਰੇ ਹਵਾਲਾ ਦਿੰਦਿਆਂ ਲਿਖਿਆ ਹੈ—'ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ।/ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ' (ਅ. ਗ੍ਰੰ. 470)।

ਕ੍ਰਿਸ਼ਣਾ : ਦ੍ਰੋਪਦੀ ਦਾ ਇਕ ਨਾਮਾਂਤਰ। ਵੇਖੋ 'ਦ੍ਰੋਪਦੀ'।

ਕ੍ਰਿਸਮਸ : ਵੇਖੋ 'ਵੱਡਾ-ਦਿਨ'।

ਕ੍ਰਿਤ-ਯੁਗ : ਸਤਿਯੁਗ ਦਾ ਇਕ ਨਾਮਾਂਤਰ। ਵੇਖੋ 'ਸਤਿਯੁਗ'।

ਖ

ਖਟ-ਸ਼ਾਸਤ੍ਰ : 'ਖਟ' ਤੋਂ ਭਾਵ ਹੈ ਛੇ ਅਤੇ ਸ਼ਾਸਤ੍ਰ ਤੋਂ ਭਾਵ ਹੈ ਜਿਸ ਰਾਹੀਂ ਸ਼ਾਸਨ, ਆਦੇਸ਼ ਜਾਂ ਸਿਖਿਆ ਦਿੱਤੀ ਜਾਏ। ਭਾਰਤੀ ਚਿੰਤਨ ਵਿਚ ਦਰਸ਼ਨ ਸੰਬੰਧੀ ਮੋਟੇ ਤੌਰ 'ਤੇ ਦੋ ਸਕੂਲ ਪ੍ਰਸਿੱਧ ਹਨ। ਇਕ ਨਾਸਤਿਕ, ਜੋ ਵੇਦ ਨੂੰ ਪ੍ਰਮਾਣ-ਵਾਕ ਨਹੀਂ ਮੰਨਦੇ। ਇਸ ਸਕੂਲ ਦੇ ਅੰਤਰਗਤ ਚਾਰਵਾਕ, ਬੁੱਧ ਅਤੇ ਜੈਨ ਮਤਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਦੂਜਾ ਆਸਤਿਕ, ਜੋ ਵੇਦ ਨੂੰ ਆਪ੍ਤ ਜਾਂ ਪ੍ਰਮਾਣ-ਵਾਕ ਵਜੋਂ ਅਹਿਮੀਅਤ ਦਿੰਦਾ ਹੈ। ਇਸ ਸਕੂਲ ਵਿਚ ਛੇ ਮਤਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ—'ਨਿਆਇ, ਵੈਸ਼ੇਸ਼ਿਕ, ਸਾਂਖ੍ਯ, ਯੋਗ, ਪੂਰਵ-ਮੀਮਾਂਸਾ ਅਤੇ ਵੇਦਾਂਤ ਦਰਸ਼ਨ (ਵੇਖੋ)। ਪੰਜਾਬੀ ਕਾਵਿ ਵਿਚ ਇਨ੍ਹਾਂ ਬਾਰੇ ਕਈ ਢੰਗਾਂ ਨਾਲ ਉੱਲੇਖ ਹੋਏ ਹਨ—'ਖਟੁ ਸਾਸਤ ਬਿਚਰਤ ਮੁਖਿ ਗਿਆਨਾ' (ਅ. ਗ੍ਰੰ. 98) ਅਤੇ 'ਖਟ ਦਰਸਨ ਵਰਤੇ ਵਰਤਾਰਾ' (ਅ. ਗ੍ਰੰ. 360)। ਸੁਲਤਾਨ ਬਾਹੂ ਨੇ ਇਨ੍ਹਾਂ ਨੂੰ 'ਛੇ ਹਰਫ਼' ਕਿਹਾ ਹੈ—'ਛੇ ਹਰਫ਼ਾਂ ਦੇ ਸੁਖਨ ਅਠਾਰਾਂ, ਓਥੋਂ ਦੋ ਦੋ ਮਾਅਨੀ ਧਰਦੇ ਹੂ।'

ਖਟ-ਕਰਮ : ਇਸ ਤੋਂ ਭਾਵ ਹੈ ਛੇ ਪ੍ਰਕਾਰ ਦੇ ਕਰਮ ਜਾਂ ਕ੍ਰਿਆਵਾਂ। ਇਨ੍ਹਾਂ ਦੀ ਵਿਵਸਥਾ 'ਹਠਯੋਗ' ਵਿਚ ਹੋਈ ਹੈ। 'ਹਠਯੋਗ-ਪ੍ਰਦੀਪਿਕਾ' (2/22) ਅਨੁਸਾਰ ਇਹ ਛੇ ਕਰਮ ਹਨ—ਧੌਤਿ, ਬਸਤਿ, ਨੇਤਿ, ਤ੍ਰਾਟਕ, ਨੌਲਿ ਅਤੇ ਕਪਾਲਭਾਤਿ। ਇਹ ਕਰਮ ਕਰਨ ਦੀ ਲੋੜ ਉਨ੍ਹਾਂ ਯੋਗ-ਅਭਿਆਸੀਆਂ ਨੂੰ ਪੈਂਦੀ ਹੈ ਜਿਨ੍ਹਾਂ ਦੇ ਸਰੀਰ ਵਿਚ ਕਫ਼ ਦੀ ਮਾਤ੍ਰਾ ਅਧਿਕ ਹੋਵੇ। ਇਨ੍ਹਾਂ ਕਰਮਾਂ ਨੂੰ ਕੀਤੇ ਬਿਨਾ ਯੋਗੀ ਪ੍ਰਾਣਾਯਾਮ ਜਾਂ ਮੁਦ੍ਰਾ ਵਿਚ ਸਮਰਥ ਨਹੀਂ ਹੋ ਸਕਦਾ। ਇਨ੍ਹਾਂ ਦਾ ਸਰੂਪ ਇਸ ਪ੍ਰਕਾਰ ਹੈ :

(1) 'ਧੌਤਿ'—ਇਸ ਕਰਮ ਨਾਲ ਕੰਠ, ਅੰਨ ਵਾਲੀ ਆਂਦਰ ਅਤੇ ਪੇਟ ਨੂੰ ਸਾਫ਼ ਕੀਤਾ ਜਾਂਦਾ ਹੈ। ਇਸ ਪ੍ਰਕਾਰਜ ਲਈ 4 ਉਂਗਲ ਚੌੜੀ ਅਤੇ 15 ਹੱਥ ਲੰਮੀ ਬਾਰੀਕ ਕਪੜੇ ਦੀ ਪੱਟੀ ਨੂੰ ਹਲਕੇ ਗਰਮ ਪਾਣੀ ਵਿਚ ਭਿਉਂ ਕੇ ਹੌਲੀ-ਹੌਲੀ ਨਿਗਲਿਆ ਜਾਂਦਾ ਹੈ ਅਤੇ ਫਿਰ ਉਸ ਨੂੰ ਸਹਿਜ ਢੰਗ ਨਾਲ ਬਾਹਰ ਖਿਚਿਆ ਜਾਂਦਾ ਹੈ। ਇਸ ਨਾਲ ਆਂਦਰਾਂ ਸਾਫ਼ ਹੋ ਜਾਂਦੀਆਂ ਹਨ।

(2) 'ਬਸਤਿ'—ਇਸ ਕ੍ਰਿਆ ਵਿਚ ਬਾਂਸ ਦੀ ਇਕ ਉਂਗਲ ਮੋਟੀ ਅਤੇ ਇਕ ਉਂਗਲ ਲੰਬੀ ਨਲਕੀ ਲੈ ਕੇ ਗੁਦਾ ਰਾਹੀਂ ਜਲ ਚੜ੍ਹਾ ਕੇ ਪੇਟ ਸਾਫ਼ ਕੀਤਾ ਜਾਂਦਾ ਹੈ।

(3) 'ਨੇਤਿ'—ਇਸ ਕ੍ਰਿਆ ਵਿਚ ਇਕ ਗਿਠ ਲੰਬੀ ਸੂਤਰ ਦੀ ਮੁਲਾਇਮ ਡੋਰੀ ਨੂੰ ਨੱਕ ਰਾਹੀਂ ਕੰਠ ਵਿਚੋਂ ਕੱਢਣਾ ਅਤੇ ਹੌਲੀ-ਹੌਲੀ ਖਿਚ ਕੇ ਨੱਕ ਅਤੇ ਕੰਠ ਦੀ ਸਫ਼ਾਈ ਕਰਨਾ ਸ਼ਾਮਲ ਹੈ।

(4) 'ਤ੍ਰਾਟਕ'—ਇਸ ਕਰਮ ਵਿਚ ਯੋਗੀ ਨੂੰ ਨਿਸ਼ਚਲ ਦ੍ਰਿਸ਼ਟੀ ਨਾਲ ਕਿਸੇ ਸੂਖਮ ਲਕ੍ਸ਼ ਵਲ ਉਦੋਂ ਤਕ ਵੇਖਦੇ ਰਹਿਣਾ ਚਾਹੀਦਾ ਹੈ, ਜਦ ਤਕ ਅੱਖਾਂ ਥਕ ਨਹੀਂ ਜਾਂਦੀਆਂ।

(5) 'ਨੌਲਿ'—ਇਸ ਕ੍ਰਿਆ ਦੁਆਰਾ ਪੇਟ ਨੂੰ ਸਜੇ ਖਬੇ ਘੁੰਮਾ ਕੇ ਉਸ ਦੇ ਵਿਕਾਰ

ਦੂਰ ਕੀਤੇ ਜਾਂਦੇ ਹਨ।

(6) 'ਕਪਾਲਭਾਤਿ'—ਇਸ ਕ੍ਰਿਆ ਦਾ ਸੰਬੰਧ ਪ੍ਰਾਣਾਯਾਮ ਨਾਲ ਹੈ। ਲੁਹਾਰ ਦੀ ਧੌਂਕਣੀ ਵਾਂਗ ਰੇਚਕ ਅਤੇ ਪੂਰਕ ਦੇ ਅਭਿਆਸ ਨਾਲ ਪ੍ਰਾਣਾਂ ਨੂੰ ਚੜ੍ਹਾਇਆ ਉਤਾਰਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਪ੍ਰਕਾਰ ਦੇ ਕਰਮਾਂ ਰਾਹੀਂ ਸੰਸਾਰ ਸਾਗਰ ਤੋਂ ਤਰਨਾ ਸੰਭਵ ਨਹੀਂ ਮੰਨਿਆ ਗਿਆ—'ਖਟੁ ਕਰਮਾ ਅਰੁ ਆਸਣੁ ਧੋਤੀ।/ਭਾਗਠਿ ਗ੍ਰਿਹਿ ਪੜੈ ਨਿਤ ਪੋਥੀ।/ਮਾਲਾ ਫੇਰੈ ਮੰਗੈ ਬਿਭੂਤ।/ਇਹ ਬਿਧਿ ਕੋਇ ਨ ਤਰਿਓ ਮੀਤ' (ਆ. ਗ੍ਰੰ. 888)।

ਖਟ-ਚੱਕਰ : 'ਹਠਯੋਗ' ਵਿਚ ਕਈ ਪ੍ਰਕਾਰ ਦੀਆਂ ਵਾਯੂਆਂ ਦੇ ਕੇਂਦਰ ਸਥਾਨਾਂ ਨੂੰ 'ਚੱਕਰ' ਕਿਹਾ ਜਾਂਦਾ ਹੈ। ਇਨ੍ਹਾਂ ਦੀ ਸਰਵ-ਪ੍ਰਵਾਨਿਤ ਗਿਣਤੀ ਛੇ (ਖਟ) ਹੈ। ਇਨ੍ਹਾਂ ਨੂੰ ਸ਼ਕਤੀ-ਸਥਲ ਵੀ ਮੰਨਿਆ ਜਾਂਦਾ ਹੈ। ਪ੍ਰਾਣਾਯਾਮ ਰਾਹੀਂ ਕੁੰਡਲਿਨੀ ਜਗਾ ਕੇ ਯੋਗੀ ਇਨ੍ਹਾਂ ਚੱਕਰਾਂ ਨੂੰ ਪਾਰ ਕਰਕੇ ਪਰਮ ਸ਼ਿਵ ਨਾਲ ਜਾ ਮਿਲਦਾ ਹੈ। ਇਹੀ ਕੈਵਲ੍ਯ (ਮੁਕਤੀ) ਦੀ ਅਵਸਥਾ ਹੈ। ਇਨ੍ਹਾਂ ਚੱਕਰਾਂ ਨੂੰ ਕਮਲ ਵੀ ਕਹਿੰਦੇ ਹਨ ਅਤੇ ਕਮਲ ਦੀਆਂ ਪੱਖੜੀਆਂ ਜਾਂ ਦਲਾਂ ਅਨੁਸਾਰ ਇਨ੍ਹਾਂ ਦੀ ਗਿਣਤੀ ਨਿਸ਼ਚਿਤ ਹੈ।

ਪਹਿਲੇ ਚੱਕਰ ਦਾ ਨਾਂ 'ਮੂਲਾਧਾਰ' ਜਾਂ 'ਅਗਨੀ' ਹੈ। ਇਸ ਵਿਚ ਚਾਰ ਦਲਾਂ ਵਾਲਾ ਪੀਲੇ ਰੰਗ ਦਾ ਮੂਧਾ ਕਮਲ ਹੈ। ਇਸ ਦਾ ਸਥਾਨ ਗੁਦਾ ਅਤੇ ਲਿੰਗ ਜਾਂ ਯੋਨੀ ਦੇ ਮੱਧ ਵਿਚ ਰੀੜ੍ਹ ਦੀ ਹੱਡੀ ਦੇ ਹੇਠਾਂ ਅਤੇ ਸੁਖਮਨਾ ਨਾੜੀ ਦੇ ਮੁਖ ਨਾਲ ਜੁੜਿਆ ਹੁੰਦਾ ਹੈ।

ਦੂਜੇ ਚੱਕਰ ਦਾ ਨਾਂ 'ਸ੍ਵਾਧਿਸ਼ਠਾਨ' ਹੈ ਜੋ ਨਾਭੀ ਦੇ ਹੇਠਾਂ ਲਿੰਗ ਦੇ ਮੂਲ ਵਿਚ ਸਥਿਤ ਹੈ। ਇਸ ਦੇ ਛੇ ਦਲ ਹਨ ਅਤੇ ਰੰਗ ਲਾਲ ਹੈ।

ਤੀਜੇ ਚੱਕਰ ਨੂੰ 'ਮਣਿਪੂਰਕ' ਕਿਹਾ ਜਾਂਦਾ ਹੈ। ਨੀਲੇ ਰੰਗ ਦੇ ਇਸ ਚੱਕਰ ਦਾ ਸਥਾਨ ਨਾਭੀ-ਪ੍ਰਦੇਸ਼ ਹੈ ਅਤੇ ਇਸ ਵਿਚ ਦਸ ਦਲ ਹੁੰਦੇ ਹਨ।

ਚੌਥਾ 'ਅਨਾਹਤ ਚੱਕਰ' ਹਿਰਦੇ ਦੇ ਨੇੜੇ ਹੁੰਦਾ ਹੈ। ਇਸ ਵਿਚ ਬਾਰ੍ਹਾਂ ਦਲ ਹਨ ਅਤੇ ਰੰਗ ਸੁਨਹਿਰੀ ਹੁੰਦਾ ਹੈ।

ਪੰਜਵਾਂ 'ਵਿਸ਼ੁੱਧ ਚੱਕਰ' 16 ਦਲਾਂ ਦਾ ਹੁੰਦਾ ਹੈ। ਇਸ ਦਾ ਸਥਾਨ ਕੰਠ ਵਿਚ ਹੁੰਦਾ ਹੈ ਅਤੇ ਰੰਗ ਲਾਲ ਹੈ।

ਛੇਵੇਂ ਚੱਕਰ ਦਾ ਨਾਂ 'ਆਗਿਆ' ਹੈ ਜੋ ਭਰਵਟਿਆਂ ਦੇ ਮੱਧ ਵਿਚ ਸਥਿਤ ਹੁੰਦਾ ਹੈ। ਇਸ ਵਿਚ ਦੋ ਦਲਾਂ ਦਾ ਕਮਲ ਹੁੰਦਾ ਹੈ ਅਤੇ ਇਸ ਦਾ ਰੰਗ ਸਫ਼ੈਦ ਹੁੰਦਾ ਹੈ।

ਉਪਰੋਕਤ ਛੇ ਚੱਕਰਾਂ ਤੋਂ ਇਲਾਵਾ ਇਕ ਹੋਰ ਚੱਕਰ ਵੀ ਹੈ ਜੋ 'ਆਗਿਆ ਚੱਕਰ' ਤੋਂ ਉਪਰ ਸੁਖਮਨਾ ਨਾੜੀ ਦੇ ਉਪਰਲੇ ਭਾਗ ਅਤੇ ਤਾਲੂ ਦੇ ਮੂਲ ਵਿਚ ਸਥਿਤ ਹੁੰਦਾ ਹੈ। ਚਿੱਟੇ ਰੰਗ ਦੇ ਇਸ ਚੱਕਰ ਵਿਚ 20 ਮੋਰੀਆਂ ਹੁੰਦੀਆਂ ਹਨ ਅਤੇ ਅਗੋਂ ਹਰ ਇਕ ਮੋਰੀ ਵਿਚ ਪੰਜਾਹ ਪੰਜਾਹ ਮਾਤ੍ਰਿਕਾਵਾਂ ਹਨ। ਇਨ੍ਹਾਂ ਸਭ ਦੀ ਕੁਲ ਗਿਣਤੀ 1000 ਬਣਦੀ ਹੈ। ਇਸ ਲਈ ਇਸ ਨੂੰ 'ਸਹਸ੍ਰਦਲ' ਵੀ ਕਿਹਾ ਜਾਂਦਾ ਹੈ। ਇਸ ਦੇ ਕਈ ਹੋਰ ਨਾਂ ਵੀ ਹਨ ਜਿਵੇਂ ਸ਼ੂਨ੍ਯ-ਚੱਕਰ, ਕੈਲਾਸ਼, ਗਗਨ-ਮੰਡਲ,

ਦਸ਼ਮ-ਦੁਆਰ, ਸਹਸ੍ਰਾਰ ਆਦਿ।

ਯੋਗੀ ਦੁਆਰਾ ਕੁੰਡਲਿਨੀ ਨੂੰ ਜਗਾਉਣ ਤੇ ਜੋ ਵਿਸਫੋਟ ਹੁੰਦਾ ਹੈ, ਉਸ ਨੂੰ 'ਨਾਦ' ਕਿਹਾ ਜਾਂਦਾ ਹੈ। ਮੂਲਾਧਾਰ ਚੱਕਰ ਤੋਂ ਉਠਿਆ ਇਹ ਨਾਦ ਸਹਸ੍ਰਦਲ ਕਮਲ ਵਿਚ ਜਾ ਕੇ ਲੀਨ ਹੋ ਜਾਂਦਾ ਹੈ। ਜਗਾਈ ਹੋਈ ਕੁੰਡਲਿਨੀ ਸੁਖਮਨਾ ਨਾੜੀ ਦੇ ਮਾਰਗ ਤੋਂ ਲੰਘਦੀ ਹੋਈ ਅਤੇ ਛੇ ਚੱਕਰਾਂ ਨੂੰ ਵਿੰਨ੍ਹਦੀ ਹੋਈ ਸਹਸ੍ਰਦਲ ਕਮਲ ਵਿਚ ਜਾ ਪਹੁੰਚਦੀ ਹੈ। ਇਸ ਵਿਚ ਚਿੱਤ ਨਿਰਲਿਪਤ ਹੋ ਕੇ ਸਥਿਰ ਹੋ ਜਾਂਦਾ ਹੈ। ਕਬੀਰ ਬਾਣੀ ਵਿਚ ਇਨ੍ਹਾਂ ਖਟ ਚੱਕਰਾਂ ਦਾ ਉੱਲੇਖ ਹੋਇਆ ਹੈ—'ਉਲਟਤ ਪਵਨ ਚਕ੍ਰ ਖਟ ਭੇਦੇ ਸੁਰਤਿ ਸੁੰਨ ਅਨਰਾਗੀ/ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ' (ਅ. ਗ੍ਰੰ. 333)।

ਖਟ-ਰਸ : ਜੀਭ ਦੇ ਸੁਆਦ ਲੈਣ ਦੀ ਸ਼ਕਤੀ ਦੇ ਆਧਾਰ ਤੇ ਪ੍ਰਾਚੀਨ ਵਿਦਵਾਨਾਂ ਨੇ ਸਾਰੇ ਪਦਾਰਥਾਂ ਦੇ ਰਸਾਂ ਨੂੰ ਛੇ ਸ਼੍ਰੇਣੀਆਂ ਵਿਚ ਵੰਡਿਆ ਹੈ, ਜਿਵੇਂ ਮਿਠਾ, ਸਲੂਣਾ, ਖੱਟਾ, ਚਟਪਟਾ, ਕੌੜਾ ਅਤੇ ਕਸੈਲਾ। ਗੁਰੂ ਅਮਰਦਾਸ ਨੇ ਇਨ੍ਹਾਂ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ' (ਅ. ਗ੍ਰੰ. 1413)। ਗੁਰਬਾਣੀ ਵਿਚ ਹਰਿਨਾਮ ਰਸ ਤੋਂ ਬਿਨ ਕਿਸੇ ਹੋਰ ਰਸ ਦਾ ਸੇਵਨ ਵਿਕਾਰ ਉਤਪੰਨ ਕਰਨ ਵਾਲਾ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ—'ਖਸਮੁ ਵਿਸਾਰਿ ਕੀਏ ਰਸ ਭੋਗ।/ਤਾਂ ਤਨਿ ਉਠਿ ਖਲੋਏ ਰੋਗ' (ਅ. ਗ੍ਰੰ. 1256)।

ਖਟ-ਲੱਖਣ : ਪੂਰਣ ਮਨੁੱਖ ਅਖਵਾਉਣ ਦਾ ਅਧਿਕਾਰੀ ਕੌਣ ਹੋ ਸਕਦਾ ਹੈ ਜਾਂ ਕਿਹੜੇ-ਕਿਹੜੇ ਲੱਛਣ (ਲਕ੍ਸ਼ਣ) ਧਾਰਨ ਕਰਨ ਤੇ ਕੋਈ ਪੂਰਣ ਮਨੁੱਖ ਬਣ ਸਕਦਾ ਹੈ ? ਇਨ੍ਹਾਂ ਲੱਛਣਾਂ ਦਾ ਵੇਰਵਾ ਗੁਰੂ ਅਰਜਨ ਦੇਵ ਨੇ ਚਾਲ੍ਹੀਵੇਂ ਸਹਸਕ੍ਰਿਤੀ ਸ਼ਲੋਕ ਵਿਚ ਇਸ ਤਰ੍ਹਾਂ ਦਿੱਤਾ ਹੈ—(1) ਸਰਵ-ਵਿਆਪੀ ਪਰਮਾਤਮਾ ਦਾ ਧਿਆਨ ਧਰ ਕੇ ਉਸ ਦਾ ਨਾਮ-ਜਪਣਾ, (2) ਸਥਿਰ ਬੁੱਧੀ ਨਾਲ ਜੀਵਨ ਬਤੀਤ ਕਰ ਕੇ ਦੁਖ-ਸੁਖ ਵਿਚ ਸਮਭਾਵੀ ਰਹਿਣਾ, (3) ਵਿਸ਼ਿਆਂ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਦਯਾ ਦੀ ਬਿਰਤੀ ਵਿਕਸਿਤ ਕਰਨਾ, (4) ਕੀਰਤਨ ਵਿਚ ਰੁਚੀ ਰਖਦੇ ਹੋਇਆਂ ਸੰਸਾਰ ਤੋਂ ਨਿਰਲਿਪਤ ਰਹਿਣਾ, (5) ਭਗਤੀ ਦਾ ਉਪਦੇਸ਼ ਵੈਰੀ ਅਤੇ ਮਿੱਤਰ ਨੂੰ ਸਮਾਨ ਭਾਵ ਨਾਲ ਦੇਣਾ, (6) ਨਿਮਰਤਾ ਦੀ ਭਾਵਨਾ ਰਖਦੇ ਹੋਇਆਂ ਪਰ-ਨਿੰਦਿਆ ਤੋਂ ਬਚਣਾ। ਇਨ੍ਹਾਂ ਛੇ ਲੱਛਣਾਂ ਨੂੰ ਧਾਰਣ ਕਰਨ ਨਾਲ ਹੀ ਕੋਈ ਵਿਅਕਤੀ ਪੂਰਣ ਪੁਰਖ ਬਣ ਸਕਦਾ ਹੈ— 'ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸੁਜਨਹ' (ਅ ਗ੍ਰੰ. 1357)।

ਖਡੂਰ ਸਾਹਿਬ : ਪੰਜਾਬ ਦਾ ਇਕ ਪ੍ਰਸਿੱਧ ਕਸਬਾ ਜਿਥੇ ਗੁਰੂ ਅੰਗਦ ਦੇਵ ਨਿਵਾਸ ਕਰਦੇ ਸਨ। ਇਥੋਂ ਹੀ ਗੁਰੂ ਅੰਗਦ ਦੇਵ ਭਾਈ ਲਹਿਣਾ ਦੇ ਰੂਪ ਵਿਚ ਗੁਰੂ ਨਾਨਕ ਦੇਵ ਦੇ ਦਰਸ਼ਨਾਂ ਲਈ ਕਰਤਾਰਪੁਰ ਜਾਂਦੇ ਸਨ। ਇਹ ਕਸਬਾ ਤਰਨਤਾਰਨ ਨਗਰ ਤੋਂ ਲਗਭਗ 16 ਕਿ. ਮੀ. ਦੀ ਵਿਥ ਉਤੇ ਹੈ। ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਸਮਾਉਣ ਤੋਂ ਬਾਦ ਜਦੋਂ ਗੁਰੂ ਅੰਗਦ ਦੇਵ ਗੁਰੂ-ਗੱਦੀ ਉਤੇ ਬੈਠੇ ਤਾਂ ਉਨ੍ਹਾਂ ਨੇ ਆਪਣਾ ਨਿਵਾਸ ਖਡੂਰ ਵਿਚ ਹੀ ਰਖਿਆ। ਇਥੇ ਹੀ ਗੁਰੂ ਅਮਰਦਾਸ ਉਨ੍ਹਾਂ ਦੀ ਸੇਵਾ ਕਰਦੇ ਕਰਦੇ ਗੁਰੂ-ਪਦ ਦੇ ਅਧਿਕਾਰੀ ਬਣੇ। ਇਥੇ ਗੁਰੂ ਅੰਗਦ ਦੇਵ ਦਾ ਦੇਹਰਾ ਅਤੇ ਕਈ

ਹੋਰ ਧਰਮ-ਧਾਮ ਹਨ। ਗੁਰੂ ਸਾਹਿਬਾਨ ਦੇ ਨਿਵਾਸ ਕਾਰਣ ਇਸ ਨਾਲ 'ਸਾਹਿਬ' ਸ਼ਬਦ ਆਦਰ ਵਾਚਕ ਹੈ। ਰਾਇ ਬਲਵੰਡ ਅਤੇ ਸਤਾ ਡੂਮ ਦੀ ਰਚੀ ਵਾਰ ਵਿਚ ਇਸ ਕਸਬੇ ਦਾ ਹਵਾਲਾ ਮਿਲਦਾ ਹੈ—'ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ ।/ ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ' (ਆ. ਗ੍ਰੰ. 967)।

ਖ਼ਤਨਾ : ਵੇਖੋ 'ਸੁੰਨਤ'।

ਖਤ੍ਰੀ : ਵੇਖੋ 'ਵਰਣ'।

ਖ਼ਦੀਜਾ : ਹਜ਼ਰਤ ਮੁਹੰਮਦ ਦੀ ਪਹਿਲੀ ਪਤਨੀ ਜੋ ਮੱਕੇ ਵਿਚ ਰਹਿ ਕੇ ਵਪਾਰ ਕਰਦੀ ਸੀ। ਇਸ ਦੇ ਪਹਿਲੇ ਪਤੀ ਦੀ ਮ੍ਰਿਤੂ ਹੋ ਜਾਣ ਕਾਰਣ ਇਹ ਆਪਣੇ ਕਾਰੋਬਾਰ ਦਾ ਖ਼ੁਦ ਹੀ ਸੰਚਾਲਨ ਕਰਦੀ ਸੀ। ਹਜ਼ਰਤ ਮੁਹੰਮਦ ਨੇ 20 ਵਰ੍ਹਿਆਂ ਦੀ ਉਮਰ ਵਿਚ ਇਸ ਧਨਾਢ ਇਸਤਰੀ ਦੀ ਨੌਕਰੀ ਕਰ ਲਈ। ਨੌਕਰੀ ਦੌਰਾਨ ਹਜ਼ਰਤ ਦਮਿਸ਼ਕ, ਬਸਰਾ ਆਦਿ ਅਨੇਕ ਥਾਵਾਂ ਤੇ ਗਏ। ਆਪ ਦੀ ਈਮਾਨਦਾਰੀ ਤੋਂ ਪ੍ਰਭਾਵਿਤ ਹੋ ਕੇ 40 ਵਰ੍ਹਿਆਂ ਦੀ ਖ਼ਦੀਜਾ ਨੇ 20 ਸਾਲ ਦੇ ਹਜ਼ਰਤ ਨਾਲ ਵਿਆਹ ਕਰ ਲਿਆ। ਇਸ ਵਿਆਹ-ਸੰਬੰਧ ਤੋਂ ਦੋ ਲੜਕੇ ਅਤੇ ਚਾਰ ਲੜਕੀਆਂ ਪੈਦਾ ਹੋਈਆਂ। 50 ਵਰ੍ਹਿਆਂ ਦੀ ਉਮਰ ਵਿਚ ਇਸ ਦਾ ਦੇਹਾਂਤ ਹੋ ਗਿਆ। ਇਨ੍ਹਾਂ ਲੜਕੀਆਂ ਵਿਚੋਂ ਇਕ (ਫ਼ਾਤਿਮਾ) ਦਾ ਵਿਆਹ ਹਜ਼ਰਤ ਅਲੀ ਨਾਲ ਹੋਇਆ।

ਜਦੋਂ ਹਜ਼ਰਤ ਨੂੰ 'ਕੁਰਾਨ ਸ਼ਰੀਫ਼' ਦੀਆਂ ਆਇਤਾਂ ਉਤਰੀਆਂ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਖ਼ਦੀਜਾ ਨੂੰ ਹੀ ਸੁਣਾਈਆਂ। ਇਹੀ ਉਨ੍ਹਾਂ ਦੀ ਪਹਿਲੀ ਅਨੁਯਾਈ ਬਣੀ। ਇਸਲਾਮ ਦੇ ਵਿਕਾਸ ਵਿਚ ਖ਼ਦੀਜਾ ਨੇ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਈ ਹੈ ਕਿਉਂਕਿ ਇਸ ਨਾਲ ਵਿਆਹ ਕਰ ਲੈਣ ਨਾਲ ਹਜ਼ਰਤ ਮੁਹੰਮਦ ਦੁਆਰਾ ਚਲਾਏ ਧਾਰਮਿਕ ਅੰਦੋਲਨ ਨੂੰ ਕਿਸੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਨਾ ਪਿਆ।

ਖਰ : ਖਰ ਦੇ ਨਾਲ ਦੂਖਣ (ਦੂਸ਼ਣ) ਦਾ ਨਾਂ ਵੀ ਆਉਂਦਾ ਹੈ। ਇਹ ਵਿਸ਼੍ਰਵਸੁ ਨਾਂ ਦੇ ਮੁਨੀ ਦੇ ਘਰ ਸੁਮਾਲੀ ਰਾਖਸ਼ ਦੀ ਪੁੱਤਰੀ ਰਾਖਾ ਦੀ ਕੁੱਖੋਂ ਪੈਦਾ ਹੋਇਆ ਸੀ। ਦੂਖਣ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਉਹ ਖਰ ਦਾ ਭਰਾ ਸੀ ਅਤੇ ਦੂਜੇ ਮਤ ਅਨੁਸਾਰ ਸੈਨਾਪਤੀ। ਇਹ ਦੋਵੇਂ ਰਾਵਣ ਦੀ ਸੇਵਾ ਵਿਚ ਸਨ ਅਤੇ ਉਸ ਦੀ ਆਗਿਆ ਨਾਲ ਦੱਖਣ ਭਾਰਤ ਦੇ ਜੰਗਲਾਂ ਵਿਚ ਰਹਿ ਕੇ ਲੰਕਾ ਦੀ ਰੱਖਿਆ ਕਰਦੇ ਸਨ। ਇਹ ਵਿਚਾਰ ਵੀ ਪ੍ਰਚਲਿਤ ਹੈ ਕਿ ਸੂਰਪਣਖਾ ਖਰ ਦੀ ਭੈਣ ਸੀ। ਇਹੀ ਕਾਰਣ ਹੈ ਕਿ ਜਦੋਂ ਪੰਚਵਟੀ ਵਿਚ ਲੱਛਮਣ ਨੇ ਸੂਰਪਣਖਾ ਦੇ ਨਕ ਅਤੇ ਕੰਨ ਵੱਢ ਦਿੱਤੇ ਤਾਂ ਉਸ ਦਾ ਬਦਲਾ ਲੈਣ ਲਈ ਦੂਖਣ ਅਤੇ ਤ੍ਰਿਸ਼ਿਰਾ ਨੂੰ ਨਾਲ ਲੈ ਕੇ ਖਰ ਰਾਮ ਅਤੇ ਲੱਛਮਣ ਨਾਲ ਯੁੱਧ ਕਰਨ ਗਿਆ। ਉਥੇ ਸਾਰੇ ਸ੍ਰੀ ਰਾਮ ਦੇ ਹੱਥੋਂ ਮਾਰੇ ਗਏ।

ਖਰਾ-ਸੌਦਾ : ਵੇਖੋ 'ਸੱਚਾ-ਸੌਦਾ'।

ਖ਼ਲੀਫ਼ਾ : ਅਰਬੀ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਕਿਸੇ ਦੇ ਪਿਛੋਂ ਜਾਂ ਗ਼ੈਰ-ਹਾਜ਼ਰੀ ਵਿਚ ਪ੍ਰਤਿਨਿਧ ਵਜੋਂ ਕੰਮ ਕਰਨ ਵਾਲਾ ਉੱਤਰਾਧਿਕਾਰੀ। ਇਸਲਾਮ ਦੇ ਪੈਗ਼ੰਬਰ ਹਜ਼ਰਤ ਮੁਹੰਮਦ ਦੇ ਦੇਹਾਂਤ ਤੋਂ ਬਾਦ ਜਿਨ੍ਹਾਂ ਨੇ ਰਾਜ ਅਤੇ ਧਰਮ-ਪ੍ਰਚਾਰ

ਦਾ ਕਾਰਜ-ਭਾਰ ਸੰਭਾਲਿਆ, ਉਨ੍ਹਾਂ ਮੁਖੀਆਂ ਨੂੰ ਖ਼ਲੀਫ਼ਾ ਕਿਹਾ ਜਾਂਦਾ ਹੈ। ਇਨ੍ਹਾਂ ਖ਼ਲੀਫ਼ਿਆਂ ਦੇ ਸ਼ਾਸਨ ਨੂੰ 'ਖ਼ਿਲਾਫ਼ਤ' ਨਾਂ ਦਿੱਤਾ ਜਾਂਦਾ ਹੈ। ਮੁਸਲਮਾਨਾਂ ਦੇ ਇਤਿਹਾਸ ਵਿਚ ਛੇ ਕਿਸਮ ਦੀਆਂ ਖ਼ਿਲਾਫ਼ਤਾਂ ਮਿਲਦੀਆਂ ਹਨ ਜੋ, ਅਸਲ ਵਿਚ, ਵੱਖ ਵੱਖ ਵੰਸ਼ਾਂ ਦੇ ਰਾਜ-ਅਧਿਕਾਰ ਦੇ ਵਿਕਾਸ-ਕ੍ਰਮ ਅਤੇ ਕਾਰਜ-ਕਾਲ ਨਾਲ ਸੰਬੰਧਿਤ ਹਨ। ਇਨ੍ਹਾਂ ਛੇਆਂ ਵਿਚ ਕੁਝ ਬੁਨਿਆਦੀ ਫ਼ਰਕ ਵੀ ਹਨ। ਵੀਹਵੀਂ ਸਦੀ ਤਕ ਪਹੁੰਚਦੇ-ਪਹੁੰਚਦੇ ਖ਼ਿਲਾਫ਼ਤ ਦਾ ਮਹੱਤਵ ਲਗਭਗ ਖ਼ਤਮ ਹੋ ਗਿਆ ਹੈ।

ਇਨ੍ਹਾਂ ਛੇ ਖ਼ਿਲਾਫ਼ਤਾਂ ਵਿਚੋਂ ਸਭ ਤੋਂ ਮਹੱਤਵਪੂਰਣ ਹੈ ਸੰਨ 632 ਤੋਂ 661 ਈ. ਦੀ ਖ਼ਿਲਾਫ਼ਤ। ਇਸ ਖ਼ਿਲਾਫ਼ਤ ਦਾ ਸੰਬੰਧ ਪਹਿਲੇ ਚਾਰ ਖ਼ਲੀਫ਼ਿਆਂ—ਅਬੂ ਬਕਰ (632-634 ਈ.), ਉਮਰ (634-644 ਈ.), ਉਸਮਾਨ (644-656 ਈ.) ਅਤੇ ਅਲੀ (656-661 ਈ.)—ਨਾਲ ਹੈ ਜੋ ਹਜ਼ਰਤ ਮੁਹੰਮਦ ਦੇ ਚੁਣੇ ਹੋਏ ਸਾਥੀ ਸਨ ਅਤੇ ਜਿਨ੍ਹਾਂ ਨੇ ਨੱਬੀ ਵਾਂਗ ਹੀ ਬੜਾ ਸਾਦਾ ਜੀਵਨ ਬਤੀਤ ਕੀਤਾ ਸੀ। ਸੁੰਨੀ ਮੁਸਲਮਾਨ ਇਨ੍ਹਾਂ ਪ੍ਰਤਿ ਵਿਸ਼ੇਸ਼ ਰੂਪ ਵਿਚ ਨਿਸ਼ਠਾਵਾਨ ਹਨ ਅਤੇ ਇਨ੍ਹਾਂ ਦੇ ਆਦੇਸ਼ਾਂ ਜਾਂ ਨਿਰਣਿਆਂ ਨੂੰ ਪੂਰਾ ਸਨਮਾਨ ਦਿੰਦੇ ਹਨ। ਇਨ੍ਹਾਂ ਨੂੰ ਹਜ਼ਰਤ ਮੁਹੰਮਦ ਦੇ 'ਚਾਰ ਯਾਰ' ਵੀ ਕਿਹਾ ਜਾਂਦਾ ਹੈ। ਵਾਰਿਸ ਸ਼ਾਹ ਨੇ ਆਪਣੀ 'ਹੀਰ' ਦੇ ਆਰੰਭ ਵਿਚ ਇਨ੍ਹਾਂ ਦਾ ਹਵਾਲਾ ਦਿੱਤਾ ਹੈ—'ਚਾਰੇ ਯਾਰ ਰਸੂਲ ਦੇ ਚਾਰ ਗੌਹਰ, ਸਭੇ ਇਕ ਥੀਂ ਇਕ ਚੜ੍ਹੰਦੜੇ ਨੇ। ਅਬੂ ਬਕਰ ਤੇ ਉਮਰ ਉਸਮਾਨ ਅਲੀ, ਆਪੋ ਆਪਣੇ ਗੁਣੀਂ ਸੁਹੰਦੜੇ ਨੇ।'

ਗ਼ੁਲਾਮ ਰਸੂਲ ਕ੍ਰਿਤ 'ਅਹਸਨੁਲ ਕਸਸ' ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤ ਦੇ ਪ੍ਰਸੰਗ ਵਿਚ ਇਨ੍ਹਾਂ ਚਾਰ ਯਾਰਾਂ (ਖ਼ਲੀਫ਼ਿਆਂ) ਦੇ ਨਾਂ ਇਸ ਤਰ੍ਹਾਂ ਗਿਣਾਏ ਗਏ ਹਨ—'ਖ਼ਾਸ ਖ਼ਵਾਸ ਅਜ਼ੀਜ਼ਾਂ ਯਾਰਾਂ, ਯਾਰ ਕਬਾਰ ਅਹਬਾਬਾਂ। / ਸਭ ਥੀਂ ਅੱਵਲ ਬਾਅਦ ਨੱਬਆਂ, ਸੱਦੀਕਾਂ ਵਿਚ ਅਕਬਰ। / ਅਬੂ ਬਕਰ ਬਿਨ ਅਬੀ ਮੁਹਾਫ਼ਾ, ਨਾਇਬ ਜਾਇ ਪੈਗ਼ੰਬਰ।/ ਉਮਰ ਖ਼ਤਾਬ ਖ਼ਲੀਫ਼ਾ ਸਾਨੀ, ਓਹ ਫ਼ਾਰੂਕ ਪਿਆਰਾ।/ ਜਿਸ ਦੀ ਤੇਗ਼ ਅਦਾਲਤ ਵਾਲੀ, ਕੀਤਾ ਕਤਲ ਕੁਫ਼ਾਰਾ।/ ਜ਼ੁਲ ਨੂਰੈਨ (ਉਸਮਾਨ) ਕਰਨ ਦਾ ਪੂਰਾ, ਉਹ ਫ਼ਾਰੂਕ ਹੱਕਾਨੀ।/ ਹਿਲਮ ਹਯਾ ਗ਼ਿਨਾ ਸਖਾਓਂ, ਹੋਰ ਨ ਉਸ ਦਾ ਸਾਨੀ।/ ਚੌਥਾ ਜ਼ੋਜ ਬਤੂਲ ਬਹਾਦਰ, ਬੂ ਤਾਲਿਬ ਘਰ ਜਾਇਆ।/ ਅਸਦੁੱਲਾ ਅਲ ਗ਼ਾਲਿਬ ਗ਼ਾਜ਼ੀ, ਅਲੀ ਜੋ ਆਲੀ ਪਾਇਆ।/ ਹਸਨ ਹੁਸੈਨ ਦੋ ਸਾਹਿਬਜ਼ਾਦੇ, ਸ਼ਾਹ ਬਹਿਸ਼ਤ ਜਵਾਨਾਂ।/ ਜ਼ੁਹਰਾਂ ਬਿਨਤ ਨਬੀ ਦੇ ਜਾਏ, ਉਨ੍ਹਾਂ ਵਡੇਰੀਆਂ ਸ਼ਾਨਾਂ।'

ਖ਼ਲੀਲ-ਅਲੀ : ਹਜ਼ਰਤ ਇਬਰਾਹੀਮ ਦਾ ਇਕ ਵਿਸ਼ੇਸ਼ ਨਾਂ। ਵੇਖੋ 'ਇਬਰਾਹੀਮ'।

ਖ਼ਲੀਲ-ਜਿਬ੍ਰਾਨ : ਵੇਖੋ 'ਜਿਬ੍ਰਾਨ-ਖ਼ਲੀਲ'।

ਖਾਣੀ : ਵੇਖੋ 'ਚਾਰ-ਖਾਣੀਆਂ'।

ਖ਼ਾਲਸਾ : ਗੁਰੂ ਗੋਬਿੰਦ ਸਿੰਘ ਦੁਆਰਾ ਚਲਾਇਆ ਇਕ ਨਵਾਂ ਭਾਈਚਾਰਾ ਜੋ ਹੁਣ ਸੁਤੰਤਰ ਕੌਮ ਦੇ ਰੂਪ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਾ ਰਿਹਾ ਹੈ। ਇਸ ਦੇ ਇਤਿਹਾਸਿਕ ਪਰਿਪੇਖ ਨੂੰ ਵੇਖਦਿਆਂ ਪਤਾ ਚਲਦਾ ਹੈ ਕਿ ਗੁਰੂ ਤੇਗ ਬਹਾਦਰ ਦੇ ਮਹਾ ਬਲੀਦਾਨ ਤੋਂ ਬਾਦ ਆਤਮ-ਰੱਖਿਆ ਦੀ ਗੰਭੀਰ ਸਮਸਿਆ ਸਾਹਮਣੇ ਆਈ।

ਇਸ ਦਾ ਸਮਾਧਾਨ ਗੁਰੂ ਜੀ ਨੇ ਇਕ ਨਵੇਂ ਭਾਈਚਾਰੇ ਦੀ ਸਥਾਪਨਾ ਰਾਹੀਂ ਕੀਤਾ।

ਸੰਨ 1699 ਈ. ਨੂੰ ਪਹਿਲੀ ਵਿਸਾਖ ਵਾਲੇ ਦਿਨ ਆਨੰਦਪੁਰ ਵਿਚ ਕੇਸਗੜ੍ਹ ਵਾਲੇ ਸਥਾਨ ਤੇ ਇਕ ਭਾਰੀ ਦੀਵਾਨ ਕੀਤਾ ਗਿਆ। ਪਾਠ, ਕਥਾ, ਕੀਰਤਨ ਤੋਂ ਬਾਦ ਗੁਰੂ ਜੀ ਇਕ ਨੇੜੇ ਲਗੇ ਤੰਬੂ ਵਿਚ ਗਏ ਅਤੇ ਕੁਝ ਚਿਰ ਪਿਛੋਂ ਨੰਗੀ ਕ੍ਰਿਪਾਣ ਸਹਿਤ ਪ੍ਰਚੰਡ ਵੀਰ ਰੂਪ ਵਿਚ ਮੰਚ ਉਤੇ ਆਏ ਅਤੇ ਸੰਗਤ ਨੂੰ ਸੰਬੋਧਨ ਕਰਕੇ ਇਕ ਸੀਸ ਦੀ ਭੇਂਟ ਮੰਗੀ ('ਕੇਸਗੜ੍ਹ ਦੀ ਸਿਖਰੋਂ ਲਿਸ਼ਕੀ, / ਤੇਗ ਜਦੋਂ ਨੂਰਾਨੀ'—'ਭਨਾਂ ਦੀ ਰਾਤ')।

ਇਸ ਨਿਰਾਲੀ ਪਰ ਭਿਆਨਕ ਮੰਗ ਨੂੰ ਸੁਣ ਕੇ ਸਾਰੀ ਸੰਗਤ ਵਿਚ ਖ਼ਾਮੋਸ਼ੀ ਪਸਰ ਗਈ। ਉੱਤਰ ਨਾ ਮਿਲਣ 'ਤੇ ਗੁਰੂ ਜੀ ਨੇ ਆਪਣੀ ਮੰਗ ਦੂਜੀ ਵਾਰ ਅਤੇ ਫਿਰ ਤੀਜੀ ਵਾਰ ਦੋਹਰਾਈ। ਆਖ਼ਰ ਲਾਹੌਰ ਦਾ ਇਕ ਖਤਰੀ ਸਿੱਖ ਭਾਈ ਦਯਾ ਰਾਮ ਹੱਥ ਜੋੜ ਕੇ ਸੀਸ ਭੇਟ ਕਰਨ ਲਈ ਉਠ ਖੜੋਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ ਅਤੇ ਕੁਝ ਦੇਰ ਬਾਦ ਲਹੂ ਸਿੰਮਦੀ ਕ੍ਰਿਪਾਣ ਨਾਲ ਫਿਰ ਸਟੇਜ ਉਤੇ ਉਪਸਥਿਤ ਹੋਏ। ਲੋਕਾਂ ਨੂੰ ਭਾਈ ਦਯਾ ਰਾਮ ਦੀ ਹਤਿਆ ਹੋ ਜਾਣ ਦਾ ਅਹਿਸਾਸ ਹੋ ਗਿਆ। ਹਰ ਪਾਸੇ ਸਹਿਮ ਛਾ ਗਿਆ। ਗੁਰੂ ਜੀ ਨੇ ਫਿਰ ਇਕ ਸੀਸ ਦੀ ਭੇਟ ਮੰਗੀ ਅਤੇ ਇਹ ਪ੍ਰਕ੍ਰਿਆ ਚਾਰ ਵਾਰ ਦੋਹਰਾਈ ਗਈ। ਇਸ ਤਰ੍ਹਾਂ ਭਾਈ ਦਯਾ ਰਾਮ ਜੀ ਤੋਂ ਬਾਦ ਕ੍ਰਮਵਾਰ ਦਿੱਲੀ ਨਿਵਾਸੀ ਇਕ ਜੱਟ ਸਿੱਖ ਭਾਈ ਧਰਮ ਦਾਸ, ਦੁਆਰਕਾ ਨਿਵਾਸੀ ਇਕ ਛੀਂਬਾ ਸਿੱਖ ਭਾਈ ਮੋਹਕਮ ਚੰਦ, ਬਿਦਰ ਨਿਵਾਸੀ ਇਕ ਨਾਈ ਸਿੱਖ ਭਾਈ ਸਾਹਿਬ ਚੰਦ ਅਤੇ ਜਗਨ-ਨਾਥ ਪੁਰੀ ਨਿਵਾਸੀ ਇਕ ਝੀਵਰ ਸਿੱਖ ਭਾਈ ਹਿੰਮਤ ਰਾਇ ਨੇ ਆਪਣੇ ਸੀਸ ਭੇਟ ਕੀਤੇ।

ਕੁਝ ਦੇਰ ਬਾਦ ਗੁਰੂ ਸਾਹਿਬ ਨੇ ਸੀਸ ਭੇਟ ਕਰਨ ਵਾਲੇ ਪੰਜ ਸਿੱਖਾਂ ਨੂੰ ਨਵੇਂ ਅਤੇ ਇਕ ਸਮਾਨ ਸੁੰਦਰ ਬਸਤ੍ਰ ਪਵਾ ਕੇ ਅਤੇ ਨਵੇਂ ਸ਼ਸਤ੍ਰ ਧਾਰਣ ਕਰਵਾ ਕੇ ਮੰਚ ਉਤੇ ਸੰਗਤ ਦੇ ਸਨਮੁਖ ਪੇਸ਼ ਕੀਤਾ। ਫਿਰ ਇਕ ਸਰਬਲੋਹ ਦੇ ਬਾਟੇ ਵਿਚ ਸਵੱਛ ਜਲ ਪਾਇਆ ਗਿਆ। ਉਸ ਵਿਚ ਸਰਬਲੋਹ ਦਾ ਖੰਡਾ ਫੇਰ ਕੇ ਅਤੇ ਨਾਲ ਨਾਲ ਪੰਜ ਬਾਣੀਆਂ ਦਾ ਪਾਠ ਕਰਕੇ ਉਸ ਜਲ ਵਿਚ ਸ਼ਕਤੀ ਅਤੇ ਅਧਿਆਤਮਿਕਤਾ ਦਾ ਸੰਚਾਰ ਕੀਤਾ ਗਿਆ ਅਤੇ ਫਿਰ ਪਤਾਸੇ ਪਾ ਕੇ ਪਰਸਪਰ ਪ੍ਰੇਮ-ਭਾਵ ਨੂੰ ਦ੍ਰਿੜ੍ਹ ਕੀਤਾ ਗਿਆ।

ਇਸ ਵਿਧੀ ਨਾਲ ਤਿਆਰ ਕੀਤਾ ਅੰਮ੍ਰਿਤ ਪਹਿਲਾਂ ਗੁਰੂ ਜੀ ਨੇ ਪੰਜ ਸਿੱਖਾਂ ਨੂੰ ਛਕਾ ਕੇ, ਫਿਰ ਉਨ੍ਹਾਂ ਤੋਂ ਆਪ ਛਕਿਆ। ਉਸ ਦਿਨ ਉਨ੍ਹਾਂ ਪੰਜ ਸਿੱਖਾਂ ਦੇ ਰੂਪ ਵਿਚ ਖ਼ਾਲਸੇ ਦਾ ਜਨਮ ਹੋਇਆ ਅਤੇ ਉਹ ਸਾਰੇ ਸਿੱਖ ਦੀ ਥਾਂ ਸਿੰਘ ਅਖਵਾਏ। ਸਿੱਖ ਇਤਿਹਾਸ ਵਿਚ ਇਹ 'ਪੰਜ ਪਿਆਰੇ' ਨਾਂ ਨਾਲ ਪ੍ਰਸਿੱਧ ਹੋਏ। ਇਸ ਤਰ੍ਹਾਂ ਇਕ ਨਵੇਂ ਭਾਈਚਾਰੇ ਦਾ ਆਰੰਭ ਹੋਇਆ। ਗੁਰੂ ਗੋਬਿੰਦ ਸਿੰਘ ਨੇ, ਗੁਰੂ ਅਤੇ ਚੇਲਾ, ਦੋਹਾਂ ਰੂਪਾਂ ਵਿਚ ਸਾਹਮਣੇ ਆ ਕੇ ਅਧਿਆਤਮਿਕ ਸਾਧਨਾ ਦੇ ਖੇਤਰ ਵਿਚ ਇਕ ਨਵਾਂ ਮੋੜ ਲਿਆਂਦਾ। ਕਵੀ ਗੁਰਦਾਸ ਸਿੰਘ ਅਨੁਸਾਰ—'ਗੁਰੁਬਰ ਅਕਾਲ ਕੇ ਹੁਕਮ ਸਿਉ

ਉਪਜਿਓ ਬਿਗਿਆਨਾ। / ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।/...ਵਿਉਂ ਤੀਸਰ ਪੰਥ ਚਲਾਇਅਨੁ ਵਡ ਸੂਰ ਸਹੇਲਾ।/ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।' ਗੁਰੂ ਜੀ ਨੇ ਖ਼ਾਲਸੇ ਦੇ ਮਹੱਤਵ ਨੂੰ ਦਸਦਿਆਂ ਇਸ ਨੂੰ ਆਪਣਾ ਅਭਿੰਨ ਅੰਗ ਦਸਿਆ—'ਖਾਲਸਾ ਮੇਰੋ ਰੂਪ ਹੈ ਖਾਸ।/ਖਾਲਸੇ ਮੇਂ ਹੌਂ ਕਰੋਂ ਨਿਵਾਸ।'

ਖ਼ਾਲਸੇ ਦੀ ਸਾਜਨਾ ਦੇ ਇਸ ਇਤਿਹਾਸਿਕ ਮੌਕੇ ਤੇ ਗੁਰੂ ਜੀ ਨੇ ਇਕ ਨਿਰਕਾਰ ਇਸ਼ਟ ਵਿਚ ਯਕੀਨ ਰੱਖਣ, ਜਾਤਿ ਭੇਦ-ਭਾਵ ਮਿਟਾ ਕੇ ਸਾਰੀ ਮਨੁੱਖਤਾ ਨੂੰ ਇਕ ਸਮਾਨ ਸਮਝਣ, ਆਤਮ-ਗੌਰਵ ਦੀ ਭਾਵਨਾ ਨੂੰ ਸਦਾ ਕਾਇਮ ਰੱਖਣ ਅਤੇ ਧਰਮ-ਯੁੱਧ ਲਈ ਸਦਾ ਤਤਪਰ ਰਹਿਣ ਦਾ ਉਪਦੇਸ਼ ਦਿੱਤਾ। ਸਦਾਚਾਰ ਅਤੇ ਪ੍ਰੇਮ ਭਾਵਨਾ ਨੂੰ ਵਿਕਸਿਤ ਕਰਨ ਤੋਂ ਇਲਾਵਾ ਪੰਜ ਕੱਕਾਰਾਂ—ਕ੍ਰਿਪਾਣ, ਕੇਸ, ਕੜਾ, ਕੰਘਾ ਅਤੇ ਕਛਹਿਰਾ—ਦੀ ਰਹਿਤ ਰੱਖਣ 'ਤੇ ਬਲ ਦਿੱਤਾ। ਮਾੜੇ ਕਰਮਾਂ, ਦੁਰਾਚਾਰਾਂ ਅਤੇ ਕੁਰਹਿਤਾਂ ਤੋਂ ਦੂਰ ਰਹਿਣ ਲਈ ਪਕਿਆਈ ਕੀਤੀ। ਇਸ ਤਰ੍ਹਾਂ ਅੰਮ੍ਰਿਤਪਾਨ ਕਰਵਾ ਕੇ 'ਖ਼ਾਲਸਾ' ਭਾਈਚਾਰੇ ਦੀ ਸਥਾਪਨਾ ਕੀਤੀ ਜੋ ਮੌਤ ਦੇ ਭੈ ਤੋਂ ਸਦਾ ਲਈ ਮੁਕਤ ਹੋ ਗਿਆ।

ਡਾ. ਗੋਕੁਲ ਚੰਦ ਨਾਰੰਗ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਜਾਤਿ-ਭੇਦ ਭਾਵ ਦੇ ਬੰਧਨ ਤੋੜ ਕੇ, ਇਕ ਦੂਜੇ ਨੂੰ ਬਰਾਬਰੀ ਦਾ ਹੱਕ ਦੇ ਕੇ ਸਾਂਝੀ ਭਗਤੀ, ਸਾਂਝੇ ਧਰਮ-ਧਾਮ, ਸਾਂਝੇ ਆਦਰਸ਼ ਅਤੇ ਇਕ-ਸਮਾਨ ਮਰਯਾਦਾ ਦੀ ਪਾਲਨਾ ਦੀ ਵਿਧੀ ਦਸ ਕੇ, ਸਿੱਖਾਂ ਅੰਦਰ ਇਕ ਅਜਿਹੀ ਏਕਤਾ ਦੀ ਭਾਵਨਾ ਭਰੀ ਕਿ ਉਨ੍ਹਾਂ ਨੇ ਉਸ ਸਮੇਂ ਦੀ ਸ਼ਕਤੀਸ਼ਾਲੀ ਸਰਕਾਰ ਨੂੰ ਇਕ-ਮੁੱਠ ਹੋ ਕੇ ਵੰਗਾਰ ਦਿੱਤਾ। ਇਹ ਦੇਸ਼ ਦੀ ਸੁਤੰਤਰਤਾ-ਪ੍ਰਾਪਤੀ ਲਈ ਚੁੱਕਿਆ ਗਿਆ ਪਹਿਲਾ ਵਿਵਸਥਿਤ ਕਦਮ ਸਿੱਧ ਹੋਇਆ।

ਖ਼ਿਆਮ : ਵੇਖੋ 'ਉਮਰ-ਖ਼ਿਆਮ'।

ਖ਼ਿਜ਼ਰ, ਖ਼੍ਵਾਜਾ : ਮੁਸਲਮਾਨਾਂ ਦੇ ਵਿਸ਼ਵਾਸ ਅਨੁਸਾਰ ਇਹ ਜਲ ਦਾ ਦੇਵਤਾ/ਪੀਰ ਹੈ। ਇਸ ਨੂੰ ਪ੍ਰਤਿਸ਼ਠਿਤ ਪੰਜ ਪੀਰਾਂ ਵਿਚ ਵੀ ਗਿਣਿਆ ਜਾਂਦਾ ਹੈ। 'ਖ਼ਿਜ਼ਰ' ਅਰਬੀ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਹਰਾ ਰੰਗ। ਚੂੰਕਿ ਇਹ ਪੀਰ ਹਰੇ ਰੰਗ ਦੇ ਬਸਤ੍ਰ ਪਹਿਨਦਾ ਸੀ, ਇਸ ਲਈ ਇਸ ਨੂੰ 'ਖ਼ਿਜ਼ਰ' ਉਪਾਧੀ ਨਾਲ ਵਿਸ਼ਿਸ਼ਟ ਕੀਤਾ ਜਾਣ ਲਗਿਆ।

ਇਕ ਮਾਨਤਾ ਅਨੁਸਾਰ ਇਸ ਨੇ 'ਆਬਿਹਯਾਤ' (ਅੰਮ੍ਰਿਤ) ਦਾ ਸੇਵਨ ਕਰਕੇ ਅਮਰਤਾ ਪ੍ਰਾਪਤ ਕੀਤੀ ਸੀ ਅਤੇ ਹੁਣ ਤਕ ਵੀ ਜੀਵਿਤ ਹੈ। ਕੁਝ ਵਿਦਵਾਨ ਇਸ ਸੰਬੰਧੀ ਕਥਾਨਕ ਰੂੜ੍ਹੀਆਂ ਨੂੰ ਯੂਨਾਨੀ ਸਾਹਿੱਤ ਵਿਚ ਲਭਦਿਆਂ ਇਸ ਦਾ ਸਾਮੰਜਸ ਸਿਕੰਦਰ ਦੇ ਵਜ਼ੀਰ ਜਾਂ ਰਸੋਈਏ ਨਾਲ ਕੀਤਾ ਹੈ ਜਿਸ ਨੇ ਆਬਿਹਯਾਤ ਦਾ ਉਹ ਸੋਮਾ (ਚਸ਼ਮਾ) ਲਭ ਲਿਆ, ਜਿਸ ਨੂੰ ਸਿਕੰਦਰ ਲੱਭਣ ਦਾ ਚਾਹਵਾਨ ਸੀ ਪਰ ਕਾਮਯਾਬ ਨਾ ਹੋ ਸਕਿਆ।

ਪੰਜਾਬੀ ਲੋਕ-ਸਭਿਆਚਾਰ ਵਿਚ ਇਸ ਨੂੰ ਦਰਿਆਵਾਂ ਦਾ ਦੇਵਤਾ ਮੰਨਿਆ ਜਾਂਦਾ ਹੈ। ਦਰਿਆਵਾਂ ਦੇ ਕੰਢੇ ਵਸਣ ਵਾਲੇ ਲੋਕ ਇਸ ਦੀ ਵਿਸ਼ੇਸ਼ ਰੂਪ ਵਿਚ ਪੂਜਾ ਕਰਦੇ ਹਨ। ਮਲਾਹ ਲੋਕ ਬੇੜੀ ਨੂੰ ਦਰਿਆ ਵਿਚ ਠੇਲਣ ਤੋਂ ਪਹਿਲਾਂ ਖ਼ਿਜ਼ਰ ਨੂੰ ਮੰਨਦੇ

ਹਨ। ਖ਼ਿਜ਼ਰ ਦੇ ਸੰਪ੍ਰਦਾਇਕ ਅਨੁਯਾਈ ਹਰੇ ਬਸਤ੍ਰ ਧਾਰਣ ਕਰਦੇ ਹਨ। ਇਸ ਲਈ ਉਨ੍ਹਾਂ ਨੂੰ 'ਸਬਜ਼ਪੋਸ਼' ਕਿਹਾ ਜਾਂਦਾ ਹੈ।

ਹਿੰਦੂ ਅਤੇ ਮੁਸਲਮਾਨ ਦੋਵੇਂ ਇਸ ਪ੍ਰਤਿ ਆਪਣੀ ਸ਼ਰਧਾ ਅਰਪਿਤ ਕਰਦੇ ਹਨ। ਹਿੰਦੂ ਮਤ ਵਿਚ ਇਸ ਦੇ ਸਮਾਨਾਂਤਰ 'ਵਰੁਣ' (ਵੇਖੋ) ਦੇਵਤਾ ਦੀ ਕਲਪਨਾ ਕੀਤੀ ਗਈ ਹੈ।

'ਪੁਰਾਤਨ ਜਨਮਸਾਖੀ' ਵਿਚ ਸੈਦੋ ਅਤੇ ਸੀਹੋ ਨੇ ਇਹ ਸੋਚ ਕੇ ਕਿ ਬਾਬੇ ਨੇ 'ਖੋਆਜੇ ਤੇ ਪਾਈ ਹੈ', ਖ੍ਵਾਜਾ ਖ਼ਿਜ਼ਰ ਦੀ ਸੇਵਾ ਲਈ ਨਿਕਲ ਪਏ। ਅਗੋਂ ਉਨ੍ਹਾਂ ਦੀ ਖ਼ਿਜ਼ਰ ਨਾਲ ਭੇਂਟ ਹੋਈ, ਤਾਂ ਉਸ ਨੇ ਦਸਿਆ ਕਿ ਉਹ ਖ਼ੁਦ ਬਾਬੇ ਨਾਨਕ ਦਾ ਸੇਵਕ ਹੈ—'ਏ ਸਾਹਿਬ ਕੇ ਲੋਕ। ਮੈਂ ਪਾਣੀ ਹਾਂ, ਅਤੇ ਓਹੁ ਪਉਣੁ ਗੁਰੂ ਹੈ, ਮੈਂ ਕਈ ਵਾਰ ਉਸ ਤੇ ਉਪਜਿਆ ਹਾਂ, ਅਰ ਕਈ ਵਾਰ ਉਸ ਮਹਿ ਸਮਾਇ ਗਇਆ ਹਾਂ।' ਸੁਲਤਾਨ ਬਾਹੂ ਅਨੁਸਾਰ – 'ਭਰ ਪਿਆਲਾ ਖ਼ਿਜ਼ਰੋਂ ਪੀਤਾ ਬਾਹੂ ਆਬਿਹਯਾਤ ਵਾਲਾ ਹੂ।'

ਕਈ ਵਾਰ ਜ਼ਿਲਾ ਮੁਜ਼ਫ਼ਰਗੜ੍ਹ (ਪਾਕਿਸਤਾਨ) ਵਿਚ ਜ਼ਿੰਦ ਪੀਰ ਦੇ ਨਾਂ ਨਾਲ ਮੰਨੇ ਜਾਂਦੇ ਇਕ ਦਰਿਆਈ ਪੀਰ ਨੂੰ ਖ੍ਵਾਜਾ ਖ਼ਿਜ਼ਰ ਨਾਲ ਮੇਲ ਦਿੱਤਾ ਜਾਂਦਾ ਹੈ, ਪਰ ਜ਼ਿੰਦ ਪੀਰ ਇਕ ਸਥਾਨਕ ਪੀਰ ਹੈ, ਖ੍ਵਾਜਾ ਖ਼ਿਜ਼ਰ ਨਹੀਂ। ਭਾਈ ਗੁਰਦਾਸ ਨੇ ਸੰਕੇਤ ਕਰਦਿਆਂ ਲਿਖਿਆ ਹੈ—'ਦਉਤਲ ਖਾਂ ਨੰਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ।' (11/13)।

ਖਿਦਰ : ਵੇਖੋ 'ਖ਼ਿਜ਼ਰ-ਖ੍ਵਾਜਾ'।

ਖੀਰ-ਸਮੁੰਦਰ : ਇਕ ਮਿਥਕ ਸਾਗਰ, ਜਿਸ ਦੀ ਭੂਗੋਲਿਕ ਸਥਿਤੀ ਬਾਰੇ ਕੋਈ ਸਪੱਸ਼ਟ ਜਾਣਕਾਰੀ ਪੁਰਾਣ ਸਾਹਿੱਤ ਵਿਚ ਉਪਲਬਧ ਨਹੀਂ। ਇਸ ਦੀ ਗਿਣਤੀ 'ਸਪਤ ਸਾਗਰ' (ਵੇਖੋ) ਵਿਚ ਕੀਤੀ ਜਾਂਦੀ ਹੈ ਅਤੇ ਇਸ ਨੂੰ ਦੁੱਧ ਦਾ ਸਮੁੰਦਰ ਮੰਨਿਆ ਜਾਂਦਾ ਹੈ।

ਕਲਪਨਾ ਹੈ ਕਿ ਇਸ ਸਮੁੰਦਰ ਵਿਚ ਨਾਰਾਇਣ (ਵਿਸ਼ਣੂ) ਸ਼ੇਸ਼ਨਾਗ ਦੇ ਫਣਾਂ ਉਤੇ ਆਰਾਮ ਕਰਦਾ ਹੈ। ਜਦੋਂ ਦੇਵਤਿਆਂ ਉਤੇ ਭੀੜ ਬਣਦੀ ਹੈ ਅਤੇ ਪਾਪਾਂ ਦੇ ਭਾਰ ਨੂੰ ਸਹਾਰਨ ਦੇ ਧਰਤੀ ਅਸਮਰਥ ਹੋ ਜਾਂਦੀ ਹੈ ਤਾਂ ਸਭ ਇਕੱਠੇ ਹੋ ਕੇ ਆਪਣੇ ਪਰਿਤ੍ਰਾਣ ਲਈ ਵਿਸ਼ਣੂ ਕੋਲ ਜਾਂਦੇ ਹਨ। ਵਿਸ਼ਣੂ ਅਵਤਾਰ ਧਾਰਣ ਕਰਕੇ ਦੁਖੀਆਂ ਦਾ ਕਲਿਆਣ ਕਰਦਾ ਹੈ। ਵਿਸ਼ਣੂ ਦਾ ਨਿਵਾਸ ਸਵਰਗ ਅਥਵਾ ਬੈਕੁੰਠ ਵਿਚ ਮੰਨੇ ਜਾਣ ਕਾਰਣ ਖੀਰ-ਸਾਗਰ ਦੀ ਸਥਿਤੀ ਸਵਰਗ ਵਿਚ ਪ੍ਰਤੀਤ ਹੁੰਦੀ ਹੈ। ਇਸ ਸਮੁੰਦਰ ਨੂੰ ਰਿੜਕ ਕੇ ਦੇਵਤਿਆਂ ਅਤੇ ਦੈਂਤਾਂ ਨੇ 'ਚੌਦਾਂ ਰਤਨ' (ਵੇਖੋ) ਕੱਢੇ ਸਨ। ਭਾਈ ਗੁਰਦਾਸ ਨੇ ਇਸ ਵਲ ਸੰਕੇਤ ਕੀਤਾ ਹੈ—'ਖੀਰ ਸਮੁੰਦੁ ਵਿਰੋਲਿ ਕੈ ਕਢਿ ਰਤਨ ਚਉਦਹ ਵੰਡ ਲੀਤੇ।' (26/23)।

ਖੀਵੀ, ਮਾਤਾ : ਦੂਜੇ ਸਿੱਖ ਗੁਰੂ ਸ੍ਰੀ ਅੰਗਦ ਦੇਵ ਦੀ ਪਤਨੀ ਜੋ ਖਡੂਰ ਦੇ ਨਿਵਾਸੀ ਦੇਵੀ ਚੰਦ ਖਤਰੀ ਦੀ ਸੁਪੁੱਤਰੀ ਸੀ। ਇਸ ਦਾ ਗੁਰੂ ਅੰਗਦ ਦੇਵ ਨਾਲ ਵਿਆਹ

ਸੰਨ 1519 ਈ. (1576 ਬਿ.) ਵਿਚ ਹੋਇਆ। ਇਹ ਗੁਰੂ ਅੰਗਦ ਦੇਵ ਤੋਂ ਬਾਦ ਕਾਫ਼ੀ ਸਮਾਂ ਜੀਉਂਦੀ ਰਹੀ ਅਤੇ ਸੰਨ 1582 ਈ. (1639 ਬਿ.) ਵਿਚ ਦੇਹਾਂਤ ਹੋਇਆ। ਗੁਰੂ ਨਾਨਕ ਦੇਵ ਤੋਂ ਗੁਰੂ-ਗੱਦੀ ਦੀ ਦਾਤ ਪ੍ਰਾਪਤ ਕਰਕੇ ਜਦ ਗੁਰੂ ਅੰਗਦ ਦੇਵ ਖਡੂਰ ਆ ਟਿਕੇ ਤਾਂ ਮਾਤਾ ਖੀਵੀ ਨੇ ਬੜੀ ਮਗਨਤਾ ਅਤੇ ਉਦਾਰਤਾ ਨਾਲ ਸਾਧ-ਸੰਗਤ ਦੀ ਸੇਵਾ ਕੀਤੀ। ਇਨ੍ਹਾਂ ਦੀ ਕੁੱਖੋਂ ਦੋ ਪੁੱਤਰਾਂ (ਦਾਸੂ ਅਤੇ ਦਾਤੂ) ਅਤੇ ਦੋ ਪੁੱਤਰੀਆਂ (ਬੀਬੀ ਅਮਰੋ ਅਤੇ ਬੀਬੀ ਅਣੋਖੀ) ਨੇ ਜਨਮ ਲਿਆ। ਕਵੀ ਬਲਵੰਡ ਅਤੇ ਸਤੇ ਨੇ ਰਾਮਕਲੀ ਦੀ ਵਾਰ ਵਿਚ ਮਾਤਾ ਖੀਵੀ ਦਾ ਜ਼ਿਕਰ ਕੀਤਾ ਹੈ—'ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ।/ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ' (ਅ. ਗ੍ਰੰ. 967)।

ਖੁਸਰੋ, ਸ਼ਹਿਜ਼ਾਦਾ : ਵੇਖੋ 'ਜਹਾਂਗੀਰ, ਬਾਦਸ਼ਾਹ'।

ਖ਼ੁਰਾਸਾਨ : ਈਰਾਨ ਦੇਸ਼ ਦਾ ਇਕ ਪ੍ਰਾਂਤ ਜਿਸ ਦੇ ਪੂਰਵ ਵਿਚ ਅਫ਼ਗਾਨਿਸਤਾਨ, ਉੱਤਰ ਵਿਚ ਤੁਰਕੀ ਅਤੇ ਰੂਸ ਅਤੇ ਦੱਖਣ ਵਿਚ ਹਿੰਦੂਕੁਸ਼ ਪਰਬਤ ਹੈ। ਇਸ ਦਾ ਵਿਸਤਾਰ ਉੱਤਰ-ਦੱਖਣ ਵਲ 800 ਕਿ. ਮੀ. ਅਤੇ ਪੂਰਵ-ਪੱਛਮ ਵਲ 480 ਕਿ. ਮੀ. ਹੈ। ਇਸ ਦਾ ਬਹੁਤਾ ਹਿੱਸਾ ਪਹਾੜੀ, ਰੇਤੀਲਾ ਜਾਂ ਕਲਰਾ ਹੈ। ਪਹਾੜੀਆਂ ਦੀ ਉੱਚਾਈ 13000 ਫ਼ੁਟ ਤਕ ਹੈ। ਇਸ ਵਿਚ ਕਿਤੇ ਕਿਤੇ ਨਖ਼ਲਿਸਤਾਨ ਵੀ ਮਿਲਦੇ ਹਨ। ਮੇਸ਼ੇਦ, ਹਿਰਾਤ, ਮਸ਼ਹਦ ਆਦਿ ਇਸ ਦੇ ਪ੍ਰਸਿੱਧ ਨਗਰ ਹਨ।

ਬਾਬਰ ਨੇ ਹਿੰਦੁਸਤਾਨ ਉਤੇ ਹਮਲਾ ਕਰਨ ਵੇਲੇ ਪਹਿਲਾਂ ਖ਼ੁਰਾਸਾਨ ਦੇ ਇਲਾਕੇ ਨੂੰ ਜਿੱਤਿਆ ਅਤੇ ਫਿਰ ਹਿੰਦੁਸਤਾਨ ਉਤੇ ਹਮਲਾ ਕੀਤਾ। ਸੰਨ 1521 ਈ. ਵਿਚ ਉਸ ਵੱਲੋਂ ਕੀਤੇ ਹਮਲੇ ਨਾਲ ਸੈਦਪੁਰ (ਐਮਨਾਬਾਦ) ਵਿਚ ਜੋ ਜ਼ੁਲਮ ਅਤੇ ਬਰਬਾਦੀ ਹੋਈ, ਉਸ ਦਾ ਅੱਖੀਂ ਡਿਠਾ ਚਿਤ੍ਰਣ ਗੁਰੂ ਨਾਨਕ ਦੇਵ ਨੇ ਬੜੀ ਤਲੀਨਤਾ ਨਾਲ ਕੀਤਾ ਹੈ। ਉਸੇ ਪ੍ਰਸੰਗ ਵਿਚ ਖੁਰਾਸਾਨ ਦਾ ਉੱਲੇਖ ਵੀ ਹੋਇਆ ਹੈ—'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ ।/ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ' (ਅ. ਗ੍ਰੰ. 360)।

ਭਾਈ ਕਾਨ੍ਹ ਸਿੰਘ ਅਨੁਸਾਰ ਬਾਬਰ ਬਾਦਸ਼ਾਹ ਲਿਖਦਾ ਹੈ ਕਿ ਹਿੰਦੁਸਤਾਨ ਦੇ ਲੋਕ ਸਿੰਧੁ ਤੋਂ ਪੱਛਮ ਵਲ ਦੇ ਦੇਸ਼ਾਂ ਨੂੰ 'ਖ਼ੁਰਾਸਾਨ' ਹੀ ਆਖਦੇ ਹਨ। ਸੰਭਵ ਹੈ ਉਪਰੋਕਤ ਤੁਕ ਵਿਚ ਗੁਰੂ ਨਾਨਕ ਜੀ ਦਾ ਸੰਕੇਤ ਕਿਸੇ ਖ਼ਾਸ ਇਲਾਕੇ ਦੀ ਥਾਂ, ਖੁਲ੍ਹੇ ਅਰਥਾਂ ਦਾ ਲਖਾਇਕ ਹੋਵੇ।

ਖੂਹਣਿ : ਵੇਖੋ 'ਅਕ੍ਸ਼ੌਹਿਣੀ, ਸੈਨਾ'।

ਖੇਤਰਪਾਲ : ਪੰਜਾਬੀ ਲੋਕ-ਸਭਿਆਚਾਰ ਅਨੁਸਾਰ ਇਕ ਸਥਾਨਿਕ ਭੂਮੀ-ਦੇਵਤਾ ਜੋ ਖੇਤਾਂ ਦੀ ਰੱਖਿਆ ਕਰਦਾ ਹੈ। ਇਸ ਧਾਰਣਾ ਨੂੰ ਸਮੂਰਤ ਕਰਨ ਲਈ ਪੁਰਾਣੇ ਸਮੇਂ ਤੋਂ ਖੇਤਾਂ ਵਿਚ ਮਨੁੱਖੀ ਸ਼ਕਲ ਦੇ ਢਾਂਚੇ ਖੜੇ ਕਰ ਦਿੱਤੇ ਜਾਂਦੇ ਸਨ ਜਾਂ ਵੱਡੇ ਆਕਾਰ ਦੇ ਪੱਥਰ ਤੇ ਮਨੁੱਖੀ ਨਕਸ਼ ਉਤਾਰ ਦਿੱਤੇ ਜਾਂਦੇ ਸਨ। ਅੱਜ ਕਲ ਖੇਤਾਂ ਵਿਚ ਲਗਾਇਆ ਜਾਣ ਵਾਲਾ 'ਡਰਨਾ', ਅਸਲ ਵਿਚ, ਖੇਤਰਪਾਲ ਦਾ ਹੀ ਵਿਗੜਿਆ ਹੋਇਆ ਰੂਪ ਹੈ,

ਜਾਂ ਇਸ ਵਿਸ਼ਵਾਸ-ਪਰੰਪਰਾ ਦਾ ਬਚ ਚੁਕਿਆ ਚਿੰਨ੍ਹ ਹੈ। ਹੁਣ ਵੀ ਕੁਝ ਇਲਾਕਿਆਂ ਵਿਚ ਖੇਤ ਬੀਜਣ ਤੋਂ ਪਹਿਲਾਂ ਖੇਤਰਪਾਲ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਫਸਲ ਪੱਕਣ ਤੇ ਖੇਤਰਪਾਲ ਦੇ ਹਿੱਸੇ ਦੀ ਫਸਲ ਵੱਢਣੋਂ ਛਡ ਦਿੱਤੀ ਜਾਂਦੀ ਹੈ।

ਭੂਮੀ-ਦੇਵਤਾ ਤੋਂ ਇਲਾਵਾ ਇਹ ਭੈਰਵ ਦੇਵਤਾ ਦਾ ਇਕ ਭੇਦ ਵੀ ਹੈ ਜੋ ਕਾਲੀ ਦੇਵੀ ਦਾ ਪੱਛਮੀ ਦਿਸ਼ਾ ਵਲ ਸਥਿਤ ਦ੍ਵਾਰਪਾਲ ਹੈ। ਇਸ ਨੂੰ ਪ੍ਰਸੰਨ ਕਰਨ ਲਈ ਦੁੱਧ ਅਤੇ ਮਿੱਠੇ ਪਦਾਰਥ ਤਿਆਰ ਕਰਕੇ ਪ੍ਰਸਾਦ ਵਜੋਂ ਚੜ੍ਹਾਏ ਜਾਂਦੇ ਹਨ। ਇਸ ਨੂੰ ਪ੍ਰਸੰਨ ਕਰਨ ਲਈ ਬਲਦ ਜਾਂ ਕਿਸੇ ਹੋਰ ਪਸ਼ੂ ਦੀ ਬਲੀ ਦੇਣ ਦਾ ਰਵਾਜ ਵੀ ਹੈ। ਕਿਸੇ ਚੰਦਰੀ ਰੂਹ ਤੋਂ ਵੀ ਖੇਤਰਪਾਲ ਲੋਕਾਂ ਦੀ ਰੱਖਿਆ ਕਰਦਾ ਹੈ। ਸੰਖੇਪ ਵਿਚ ਇਹ ਇਕ ਭੂਤ ਜੂਨ ਹੈ। ਭਾਈ ਗੁਰਦਾਸ ਅਨੁਸਾਰ—ਮਹਾਦੇਉ ਅਉਧੂਤੁ ਹੋਇ ਤਾਮਸ ਅੰਦਰਿ ਜੋਗੁ ਨਾ ਜਾਣੈ।/ਭੈਰਉ ਭੂਤ ਕੁਸੂਤ ਵਿਚਿ ਖੇਤ੍ਰਪਾਲ ਬੇਤਾਲ ਧਿਙਾਣੈ (12/9)।

ਖ਼ੈਬਰ : ਇਕ ਪਹਾੜੀ ਦੱਰਾ ਜਾਂ ਘਾਟੀ ਜੋ ਪਾਕਿਸਤਾਨ ਦੇ ਪੱਛਮੋਤਰੀ ਪ੍ਰਾਂਤ ਦੇ ਪਿਸ਼ਾਵਰ ਜ਼ਿਲੇ ਅਤੇ ਅਫ਼ਗਾਨਿਸਤਾਨ ਦੇ ਵਿਚਾਲੇ ਸਥਿਤ ਹੈ। ਇਹ ਘਾਟੀ ਪਿਸ਼ਾਵਰ ਨਗਰ ਤੋਂ ਪੱਛਮ ਵਾਲੇ ਪਾਸੇ ਲਗਭਗ 16 ਕਿ. ਮੀ. ਤੋਂ ਆਰੰਭ ਹੁੰਦੀ ਹੈ। ਹਿੰਦੁਸਤਾਨ ਉਤੇ ਬਾਹਰਲੇ ਆਕ੍ਰਮਣਕਾਰੀ ਪਹਿਲਾਂ ਸਿੰਧ ਪ੍ਰਾਂਤ ਵਲੋਂ ਹਮਲੇ ਕਰਦੇ ਸਨ, ਪਰ ਦਸਵੀਂ ਸਦੀ ਤੋਂ ਇਸ ਘਾਟੀ ਵਿਚੋਂ ਲੰਘ ਕੇ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋਇਆ। ਇਸ ਦੱਰੇ ਦੇ ਖੁਲ੍ਹਣ ਨਾਲ ਮੁਸਲਮਾਨ ਹਮਲਾਵਰਾਂ ਨੂੰ ਬਹੁਤ ਲੰਬਾ ਪੰਧ ਮਾਰਨ ਦੀ ਥਾਂ, ਗ਼ਜ਼ਨੀ ਤੋਂ ਪਿਸ਼ਾਵਰ ਪਹੁੰਚਣਾ ਸਰਲ ਹੋ ਗਿਆ।

ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਨਾਲ ਬਾਹਰਲੇ ਹਮਲਿਆਂ ਦੀ ਸਥਿਤੀ ਬਿਲਕੁਲ ਬਦਲ ਗਈ। ਸ. ਹਰੀ ਸਿੰਘ ਨਲਵਾ ਨੇ ਪਿਸ਼ਾਵਰ ਨੂੰ ਸਿੱਖ ਰਾਜ ਵਿਚ ਸ਼ਾਮਲ ਕਰਕੇ ਦੱਰਾ ਖ਼ੈਬਰ ਦੇ ਸਿਰੇ ਉਤੇ ਜਮਰੌਦ ਨਾਂ ਦਾ ਕਿਲਾ ਉਸਾਰਿਆ ਅਤੇ ਖ਼ੈਬਰ ਦੇ ਦੱਰੇ ਤੋਂ ਆਉਣ ਵਾਲਿਆਂ ਹਮਲਾਵਰਾਂ ਨੂੰ ਠਲ੍ਹ ਪਾ ਦਿੱਤੀ। ਇਸੇ ਕਿਲੇ ਤੋਂ ਪਠਾਣਾਂ ਦਾ ਖ਼ੈਬਰ ਦੱਰੇ ਤਕ ਪਿੱਛਾ ਕਰਦਿਆਂ ਸ. ਹਰੀ ਸਿੰਘ ਨਲਵਾ ਨੇ ਸੰਨ 1837 ਈ. ਵਿਚ ਵੀਰ-ਗਤੀ ਪ੍ਰਾਪਤ ਕੀਤੀ ਸੀ ਅਤੇ ਉਸ ਦੀ ਸਮਾਧ ਜਮਰੌਦ ਦੇ ਕਿਲੇ ਵਿਚ ਕਾਇਮ ਹੈ। ਖ਼ੈਬਰ ਦੇ ਦੱਰੇ ਉਤੇ ਹਮਲਾਵਰਾਂ ਨੂੰ ਰੋਕਣਾ ਸਿੱਖਾਂ ਲਈ ਇਕ ਗੌਰਵ-ਚਿੰਨ੍ਹ ਬਣ ਗਿਆ ਹੈ। ਤਦ ਹੀ ਉਤਮ ਸਿੰਘ ਤੇਜ ਨੇ ਲਿਖਿਆ ਹੈ—'ਅਸੀਂ ਸ਼ੇਰ ਬਘੇਲੇ ਨਲੂਏ ਤੇ ਰਾਣੇ। /ਅਸੀਂ ਖ਼ੈਬਰ ਹਿੱਕਾਂ ਤਾਣ ਕੇ ਰੋਕੇ ਜਰਵਾਣੇ।'

ਖੰਡ : ਵੇਖੋ 'ਨੌ-ਖੰਡ'।

ਗ

ਗਇਆ : ਵੇਖੋ 'ਗਯਾ'।

ਗਜਇੰਦ੍ਰ/ਗਜੇਂਦ੍ਰ : ਇਕ ਸ਼ਿਰੋਮਣੀ ਹਾਥੀ ਜੋ ਵਰੁਣ ਦੇ ਰਿਤੁਮਾਨ ਨਾਂ ਦੇ ਬਾਗ਼

ਵਿਚ ਆਪਣੀਆਂ ਹੱਥਣੀਆਂ ਅਤੇ ਬੱਚਿਆਂ ਨਾਲ ਰਹਿੰਦਾ ਸੀ । 'ਭਾਗਵਤ ਪੁਰਾਣ' ਅਨੁਸਾਰ ਇਕ ਵਾਰ ਦ੍ਰਵਿੜ ਦੇਸ਼ ਦਾ ਰਾਜਾ ਇੰਦ੍ਰਦ੍ਯੁਮਨ ਰਾਜ-ਪਾਟ ਛਡ ਕੇ ਬਨ ਵਿਚ ਤਪਸਿਆ ਕਰਨ ਚਲਾ ਆਇਆ । ਜਦੋਂ ਉਹ ਤਪੱਸਿਆ ਵਿਚ ਮਗਨ ਸੀ ਤਾਂ ਉਥੇ ਅਗਸਤ (ਅਗਸ੍ਤ੍ਯ) ਮੁਨੀ ਆਪਣੇ ਚੇਲਿਆਂ ਸਮੇਤ ਆ ਪਹੁੰਚਿਆ । ਰਾਜਾ ਚੂੰਕਿ ਭਗਤੀ ਵਿਚ ਲੀਨ ਸੀ, ਇਸ ਲਈ ਉਸ ਨੇ ਅਗਸਤ ਦਾ ਅਤਿਥੀ-ਸਤਿਕਾਰ ਨਾ ਕੀਤਾ । ਇਸ ਤੋਂ ਨਾਰਾਜ਼ ਹੋ ਕੇ ਮੁਨੀ ਨੇ ਉਸ ਨੂੰ ਸਥੂਲ ਬੁੱਧੀ ਵਾਲਾ ਹਾਥੀ ਬਣ ਜਾਣ ਦਾ ਸਰਾਪ ਦਿੱਤਾ । ਪਰ ਰਾਜਾ ਭਗਵਾਨ ਦਾ ਭਗਤ ਸੀ, ਉਸ ਨੇ ਹਾਥੀ ਬਣ ਕੇ ਵੀ ਭਜਨ-ਬੰਦਗੀ ਨਾ ਛੱਡੀ ।

ਇਕ ਦਿਨ ਉਹ ਹਾਥੀ ਰੂਪ ਰਾਜਾ ਜਲ ਪੀਣ ਲਈ ਸਰੋਵਰ ਵਿਚ ਗਿਆ । ਉਥੇ ਉਸ ਦੀ ਟੰਗ ਨੂੰ ਇਕ ਗ੍ਰਾਹ ਜਾਂ ਤੇਂਦੂਏ ਨੇ ਪਕੜ ਲਿਆ । ਇਹ ਗ੍ਰਾਹ ਪੂਰਵ ਜਨਮ ਵਿਚ ਇੰਦਰ ਸਭਾ ਦਾ 'ਹੂ ਹੂ' ਨਾਂ ਦਾ ਇਕ ਗੰਧਰਵ ਸੀ ਜੋ ਦੇਵਲ ਰਿਸ਼ੀ ਦੇ ਸਰਾਪ ਨਾਲ ਗ੍ਰਾਹ ਬਣਿਆ ਹੋਇਆ ਸਰੋਵਰ ਵਿਚ ਬੈਠਾ ਸੀ । ਉਸ ਦੇ ਮੂੰਹ ਤੋਂ ਹਾਥੀ ਨੇ ਟੰਗ ਛੁੜਾਉਣ ਦਾ ਬਹੁਤ ਯਤਨ ਕੀਤਾ, ਪਰ ਇਕ ਸਾਲ ਦੇ ਸੰਘਰਸ਼ ਕਰਨ ਤੋਂ ਬਾਦ ਵੀ ਉਹ ਕਾਮਯਾਬ ਨਾ ਹੋ ਸਕਿਆ । ਅੰਤ ਵਿਚ ਉਹ ਥਕ ਕੇ ਨਿਢਾਲ ਹੋ ਗਿਆ । ਉਸ ਨੇ ਭਗਵਾਨ ਦਾ ਸਿਮਰਨ ਕੀਤਾ । ਭਗਵਾਨ ਨੇ ਤੁਰਤ ਪਹੁੰਚ ਕੇ ਉਸ ਨੂੰ ਪਾਣੀ ਤੋਂ ਬਾਹਰ ਖਿਚ ਲਿਆ ਅਤੇ ਸੁਦਰਸ਼ਨ ਚੱਕਰ ਨਾਲ ਗ੍ਰਾਹ ਦਾ ਮੂੰਹ ਚੀਰ ਕੇ ਹਾਥੀ ਦੀ ਟੰਗ ਬਾਹਰ ਕੱਢੀ । ਭਗਵਾਨ ਦੀ ਮਿਹਰ ਨਾਲ ਉਹ ਗ੍ਰਾਹ ਮੁਕਤ ਹੋ ਕੇ ਗੰਧਰਵ ਲੋਕ ਨੂੰ ਚਲਾ ਗਿਆ । ਉਧਰ ਰਾਜਾ ਵੀ ਸਰਾਪ ਤੋਂ ਮੁਕਤ ਹੋ ਗਿਆ । ਗੁਰੂ ਅਰਜਨ ਦੇਵ ਨੇ ਹਰਿ-ਭਗਤੀ ਦੀ ਮਹਾਨਤਾ ਦੇ ਇਸ ਪ੍ਰਸੰਗ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਗਨਿਕਾ ਉਧਰੀ ਹਰਿ ਹੈ ਤੋਤ ।ਗਜਇੰਦ੍ ਧਿਆਇਓ ਹਰਿ ਕੀਓ ਮੋਖ ।' (ਅ. ਗ੍ਰੰ. 1192) ।

ਗਜ-ਗ੍ਰਾਹ : ਵੇਖੋ 'ਗਜਇੰਦ੍/ਗਜੇਂਦ੍' ।

ਗ਼ਜ਼ਨੀ : ਅਫ਼ਗ਼ਾਨਿਸਤਾਨ ਦਾ ਇਕ ਪ੍ਰਸਿੱਧ ਨਗਰ ਜਿਸ ਨੂੰ ਮਹਿਮੂਦ ਗ਼ਜ਼ਨਵੀ ਨੇ ਸੰਨ 1000 ਈ. ਦੇ ਨੇੜੇ-ਤੇੜੇ ਆਪਣੀ ਰਾਜਧਾਨੀ ਬਣਾ ਕੇ ਖ਼ੈਬਰ ਦੱਰੇ ਰਾਹੀਂ ਹਿੰਦੁਸਤਾਨ ਉਤੇ ਬਹੁਤ ਵਾਰ ਹਮਲੇ ਕੀਤੇ । ਇਹ ਨਗਰ ਕਾਬਲ ਤੋਂ ਲਗਭਗ 145 ਕਿ. ਮੀ. ਦੀ ਵਿਥ ਤੇ ਪਹਾੜੀ ਸਥਾਨ ਉਤੇ ਵਸਿਆ ਹੈ । ਇਸ ਦੇ ਨਾਂ 'ਤੇ ਹੀ ਮਹਿਮੂਦ 'ਗ਼ਜ਼ਨਵੀ' ਕਰਕੇ ਪ੍ਰਸਿੱਧ ਹੋਇਆ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਤਕ ਬਾਹਰਲੇ ਹਮਲਾਵਰ ਗ਼ਜ਼ਨੀ ਜਾਂ ਕਾਬਲ ਵਿਚ ਇਕੱਠੇ ਹੋ ਕੇ ਹਿੰਦੁਸਤਾਨ ਉਤੇ ਹਮਲਿਆਂ ਦੀਆਂ ਯੋਜਨਾਵਾਂ ਬਣਾਉਂਦੇ ਸਨ । ਸ. ਹਰੀ ਸਿੰਘ ਨਲਵਾ ਨੇ ਪਿਸ਼ਾਵਰ ਨੂੰ ਜਿੱਤ ਕੇ ਖ਼ੈਬਰ ਦੱਰੇ ਦੇ ਸਿਰ ਉਤੇ ਜਮਰੌਦ ਦਾ ਕਿਲਾ ਬਣਵਾਇਆ ਅਤੇ ਉਧਰੋਂ ਆਉਂਦੇ ਹਮਲਾਵਰ ਸਦਾ ਲਈ ਰੋਕ ਦਿੱਤੇ । ਸ. ਹਰੀ ਸਿੰਘ ਅਤੇ ਲਾਹੌਰ ਦਰਬਾਰ ਦੀ ਸਿੱਖ ਫ਼ੌਜ ਦਾ ਦਬਦਬਾ ਹਰ ਪਾਸੇ ਮਹਿਸੂਸ ਹੋਣ ਲਗਾ । ਇਸ ਬਾਰੇ ਪ੍ਰੀਤਮ ਸਿੰਘ ਕਾਸਦ ਨੇ ਲਿਖਿਆ ਹੈ—

'ਲੰਡਨ ਗ਼ਜ਼ਨੀ ਤੇ ਕਾਬਲ ਦੇ ਤਖ਼ਤ ਕੰਬੇ, ਜਦੋਂ ਸੂਰਮੇ ਚੜ੍ਹੇ ਗੋਬਿੰਦ ਸਿੰਘ ਦੇ।'

ਗਣ : ਇਹ ਵੈਦਿਕ ਸ਼ਬਦ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਹੈ ਸਮੂਹ, ਜਿਵੇਂ ਦੇਵਗਣ, ਪਿਤਰਗਣ, ਰਿਸ਼ੀਗਣ ਆਦਿ। ਪਰ 'ਗਣ' ਸ਼ਬਦ 'ਪੁਰਾਣ-ਸਾਹਿੱਤ ਵਿਚ ਰੁਦ੍ਰ ਦੇ ਸੇਵਕਾਂ ਲਈ ਰੂੜ੍ਹ ਹੋ ਗਿਆ ਹੈ। ਇਨ੍ਹਾਂ ਨੂੰ ਉਪ-ਦੇਵਤਾ ਜਾਂ ਅਧੀਨ-ਦੇਵਤਾ ਵੀ ਕਿਹਾ ਜਾਂਦਾ ਹੈ। ਗਣੇਸ਼ (ਵੇਖ) ਇਨ੍ਹਾਂ ਦਾ ਸੁਆਮੀ ਜਾਂ ਨਾਇਕ ਹੈ। ਇਨ੍ਹਾਂ ਗਣਾਂ ਨੂੰ ਆਮ ਤੌਰ ਤੇ ਨੌਂ ਵਰਗਾਂ ਵਿਚ ਵੰਡਿਆ ਜਾਂਦਾ ਹੈ ਅਤੇ ਵਰਗ ਅਨੁਸਾਰ ਗਣਾਂ ਦੀ ਗਿਣਤੀ ਇਸ ਪ੍ਰਕਾਰ ਹੈ—ਮਰੁਤ/ਅਨਿਲ (49), ਆਦਿਤ੍ਯ/ਸੂਰਜ (12), ਆਭਾਸੁਰ (64), ਸਾਧ੍ਯ (12), ਤੁਸ਼ਿਤ (36), ਮਹਾਰਾਜਿਕ (220), ਰੁਦ੍ਰ (11), ਵਸੁ (8), ਵਿਸ਼੍ਵਦੇਵ (10)। ਮਰੁਤਾਂ ਦੇ ਗਣ ਇੰਦਰ ਅਤੇ ਰੁਦ੍ਰ ਦੋਹਾਂ ਦੇ ਸੈਨਿਕ ਹਨ।

'ਜੋਤਿਸ਼ ਰਤਨਮਾਲਾ' ਵਿਚ ਅਸ਼੍ਵਿਨੀ ਆਦਿ ਜਨਮ-ਨੱਛਤ੍ਰਾਂ ਅਨੁਸਾਰ ਦੇਵ, ਮਨੁੱਖ ਅਤੇ ਰਾਖਸ਼ ਤਿੰਨ ਗਣ ਮੰਨੇ ਗਏ ਹਨ। ਮੱਧ-ਯੁਗ ਦੇ ਸੰਤਾਂ ਨੇ ਦੇਵਤਿਆਂ ਵਾਂਗ ਉਨ੍ਹਾਂ ਦੇ ਸੇਵਕ-ਗਣਾਂ ਨੂੰ ਵੀ ਕੋਈ ਮਹੱਤਵ ਪ੍ਰਦਾਨ ਨਹੀਂ ਕੀਤਾ। ਗੁਰੂ ਅਮਰਦਾਸ ਨੇ ਇਨ੍ਹਾਂ ਗਣਾਂ ਦਾ ਉੱਧਾਰ ਵੀ ਨਾਮ-ਸਿਮਰਨ ਰਾਹੀਂ ਸੰਭਵ ਮੰਨਿਆ ਹੈ—'ਗਣ ਗੰਧਰਬ ਨਾਮੇ ਸਭਿ ਉਧਰੇ ਗੁਰ ਕਾ ਸਬਦੁ ਵੀਚਾਰਿ।' (ਅ. ਗ੍ਰੰ. 1259)।

ਗਣਪਤਿ/ਗਣਪਤੀ : ਵੇਖ 'ਗਣੇਸ਼'।

ਗਣਿਕਾ, ਵੇਸਵਾ : ਇਸ ਦਾ ਸ਼ਾਬਦਿਕ ਅਰਥ ਹੈ ਬਹੁਤਿਆਂ ਦਾ ਸੰਜੋਗ ਮਾਣਨ ਵਾਲੀ, ਭਾਵ ਵੇਸਵਾ। ਪਰ ਇਹ ਸ਼ਬਦ ਇਕ ਖ਼ਾਸ ਵੇਸਵਾ ਲਈ ਰੂੜ੍ਹ ਹੋ ਗਿਆ ਹੈ।

ਪੁਰਾਣ-ਕਥਾ ਅਨੁਸਾਰ ਇਕ ਵੇਸਵਾ ਲੋਕਾਂ ਦੀ ਕਾਮ-ਪੂਰਤੀ ਕਰਕੇ ਆਪਣਾ ਜੀਵਨ ਬਤੀਤ ਕਰਦੀ ਸੀ। ਇਸ ਪਾਪ-ਕਰਮ ਦਾ ਉਸ ਨੂੰ ਕੋਈ ਪਛਤਾਵਾ ਨਹੀਂ ਸੀ ਅਤੇ ਨਾ ਹੀ ਉਸ ਨੂੰ ਇਸਤਰੀ ਮਰਯਾਦਾ ਦਾ ਕੋਈ ਧਿਆਨ ਸੀ। ਇਕ ਦਿਨ ਅਚਾਨਕ ਉਸ ਦੇ ਦੁਆਰ ਤੇ ਕੋਈ ਸਾਧੂ ਆਇਆ। ਗਣਿਕਾ ਨੇ ਉਸ ਨੂੰ ਆਪਣਾ ਗਾਹਕ ਸਮਝ ਕੇ ਹਾਵ-ਭਾਵ ਵਿਖਾਏ। ਸਾਤਵਿਕ ਰੁਚੀ ਵਾਲੇ ਸਾਧੂ ਨੂੰ ਉਸ ਉਤੇ ਦਇਆ ਆ ਗਈ। ਉਸ ਦੇ ਉੱਧਾਰ ਦੀ ਗੱਲ ਸੋਚ ਕੇ ਉਸ ਸਾਧੂ ਨੇ ਆਪਣਾ ਪਾਲਿਤ ਤੋਤਾ ਦੇ ਦਿੱਤਾ ਅਤੇ ਕਿਹਾ ਕਿ ਇਸ ਨੂੰ ਰਾਮ-ਨਾਮ ਬੋਲਣ ਦਾ ਅਭਿਆਸ ਕਰਵਾਇਆ ਕਰ। ਵੇਸਵਾ ਦੇ ਅਜਿਹਾ ਕਰਨ ਨਾਲ ਸਹਿਜੇ-ਸਹਿਜੇ ਉਸ ਦੀ ਬਿਰਤੀ ਨਾਮ-ਸਿਮਰਨ ਵਿਚ ਲਗ ਗਈ। ਇਸ ਤਰ੍ਹਾਂ ਉਸ ਨੇ ਪਾਪ ਦਾ ਧੰਦਾ ਛਡ ਦਿੱਤਾ ਅਤੇ ਹਰਿ-ਭਗਤੀ ਕਰ ਕੇ ਮੁਕਤੀ ਪ੍ਰਾਪਤ ਕੀਤੀ।

ਸੰਤ-ਸਾਹਿੱਤ ਵਿਚ ਇਸ ਦਾ ਹਵਾਲਾ ਦੇ ਕੇ ਜਿਗਿਆਸੂਆਂ ਨੂੰ ਹਰਿ-ਭਗਤੀ ਵਲ ਪ੍ਰੇਰਿਆ ਜਾਂਦਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਅਨੁਸਾਰ—'ਮਨ ਰੇ ਪ੍ਰਭ ਕੀ ਸਰਨਿ ਬਿਚਾਰੋ।/ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ।' (ਅ. ਗ੍ਰੰ. 632)।

ਗਣੇਸ਼ : ਹਿੰਦੂ ਧਰਮ ਦੇ ਇਕ ਪ੍ਰਸਿੱਧ ਦੇਵਤਾ ਜਿਸ ਨੂੰ 'ਗਣਪਤੀ' ਵੀ ਕਿਹਾ ਜਾਂਦਾ ਹੈ। ਇਸ ਨੂੰ ਬੁੱਧੀ ਦਾ ਦੇਵਤਾ ਅਤੇ ਵਿਘਨ ਹਰਨ ਵਾਲਾ ਮੰਨਿਆ ਜਾਂਦਾ ਹੈ।

ਇਸ ਦੀ ਪੂਜਾ ਮੰਗਲਮਈ ਕਾਰਜਾਂ ਵੇਲੇ ਵਿਸ਼ੇਸ਼ ਤੌਰ ਤੇ ਕੀਤੀ ਜਾਂਦੀ ਹੈ। ਇਸ ਦੇ ਕਈ ਨਾਮਾਂਤਰ ਪ੍ਰਚਲਿਤ ਹਨ ਜਿਵੇਂ ਵਿਘਨੇਸ੍ਵਰ, ਪਰਸ਼ੁਪਾਣੀ, ਗਜਾਨਨ, ਇਕਦੰਤ, ਲੰਬੋਦਰ ਆਦਿ।

ਗਣੇਸ਼ ਦੀ ਪੂਜਾ ਦਾ ਆਰੰਭ ਕਦੋਂ ਸ਼ੁਰੂ ਹੋਇਆ, ਇਸ ਸੰਬੰਧ ਵਿਚ ਕਈ ਮਤ ਪ੍ਰਚਲਿਤ ਹਨ। ਇਕ ਰਵਾਇਤ ਅਨੁਸਾਰ ਆਦਿਮ ਯੁਗ ਵਿਚ ਕਿਸੇ ਯਕ੍ਸ਼ ਰਾਖਸ਼ ਬਾਰੇ ਲੋਕਾਂ ਦਾ ਵਿਸ਼ਵਾਸ ਸੀ ਕਿ ਵਿਘਨ ਬਣ ਕੇ ਉਨ੍ਹਾਂ ਨੂੰ ਦੁੱਖੀ ਕਰਦਾ ਹੈ, ਉਹੀ ਯਕ੍ਸ਼ ਕਾਲਾਂਤਰ ਵਿਚ ਗਣੇਸ਼ ਰੂਪ ਵਿਚ ਪੂਜਿਆ ਜਾਣ ਲਗਿਆ। ਇਸ ਤਰ੍ਹਾਂ ਉਸ ਦੇ ਅਨੁਕੂਲ ਹੋਣ ਦੀ ਆਸ ਹੁੰਦੀ ਸੀ। ਫਲਸਰੂਪ ਉਸ ਦਾ ਨਾਂ ਵਿਘਨੇਸ੍ਵਰ ਪ੍ਰਚਲਿਤ ਹੋਇਆ ਹੋਵੇਗਾ।

ਦੂਜੀ ਰਵਾਇਤ ਅਨੁਸਾਰ ਇਸ ਦਾ ਸੰਬੰਧ ਸ਼ਿਵ ਨਾਲ ਜੁੜਦਾ ਹੈ। ਅਨੁਮਾਨ ਹੈ ਕਿ ਲੋਕ ਵਿਚ ਜਿਤਨੇ ਯਕ੍ਸ਼ ਰਾਖਸ਼ ਸਨ, ਉਹ ਸਭ ਸ਼ਿਵ ਦੇ ਗਣ ਬਣ ਗਏ ਅਤੇ ਸ਼ਿਵ ਜਾਂ ਰੁਦ੍ਰ ਉਨ੍ਹਾਂ ਦਾ ਮੁਖੀਆ ਜਾਂ ਗਣਪਤੀ ਜਾਂ ਗਣੇਸ਼ ਬਣ ਗਿਆ। ਗਣ-ਬੁਨਿਆਦੀ ਤੌਰ ਤੇ ਉਪਦ੍ਰਵੀ ਹਨ, ਪਰ ਗਣਪਤੀ ਦੇ ਕਾਬੂ ਹੋਣ ਕਰਕੇ ਭਲੇਮਾਣਸ ਬਣ ਜਾਂਦੇ ਹਨ।

ਗਣੇਸ਼ ਨੂੰ 'ਗਜਾਨਨ' ਇਸ ਲਈ ਕਿਹਾ ਜਾਂਦਾ ਹੈ ਕਿ ਇਸ ਦਾ ਮੂੰਹ ਹਾਥੀ ਵਰਗਾ ਸੀ। ਇਸ ਸੰਬੰਧ ਵਿਚ ਪ੍ਰਚਲਿਤ ਕਥਾ ਅਨੁਸਾਰ ਪਾਰਬਤੀ ਨੂੰ ਆਪਣੇ ਬੱਚੇ ਗਣੇਸ਼ ਉਤੇ ਬਹੁਤ ਮਾਣ ਸੀ। ਇਸ ਲਈ ਉਸ ਨੇ ਗਣੇਸ਼ ਨੂੰ ਸ਼ਨੀਗ੍ਰਹਿ ਤੋਂ ਵੇਖਣ ਲਈ ਕਿਹਾ। ਸ਼ਨੀ ਦੀ ਨਜ਼ਰ ਪੈਂਦਿਆਂ ਹੀ ਉਸ ਦਾ ਸਿਰ ਭਸਮ ਹੋ ਗਿਆ। ਪੁੱਤਰ ਦੀ ਇਸ ਹਾਲਤ ਤੋਂ ਦੁੱਖੀ ਹੋਈ ਪਾਰਬਤੀ ਨੂੰ ਵੇਖ ਕੇ ਬ੍ਰਹਮਾ ਨੇ ਕਿਹਾ ਜੋ ਵੀ ਸਭ ਤੋਂ ਪਹਿਲਾਂ ਸਿਰ ਮਿਲੇ, ਉਸ ਨੂੰ ਗਣੇਸ਼ ਦੇ ਉਪਰ ਰਖ ਦਿੱਤਾ ਜਾਵੇ। ਪਾਰਬਤੀ ਨੂੰ ਸਭ ਤੋਂ ਪਹਿਲਾਂ ਇਕ ਹਾਥੀ ਦਾ ਸਿਰ ਮਿਲਿਆ। ਉਸ ਨੂੰ ਪਾਰਬਤੀ ਨੇ ਗਣੇਸ਼ ਦੀ ਗਰਦਨ ਉਪਰ ਰਖ ਦਿੱਤਾ। ਇਸ ਕਰਕੇ ਉਸ ਦਾ ਨਾਂ ਗਣੇਸ਼ ਪ੍ਰਚਲਿਤ ਹੋਇਆ।

ਇਸ ਬਾਰੇ ਇਕ ਹੋਰ ਆਖਿਆਨ ਵੀ ਪ੍ਰਚਲਿਤ ਹੈ ਕਿ ਇਕ ਵਾਰ ਪਾਰਬਤੀ ਇਸ਼ਨਾਨ ਕਰਨ ਗਈ ਅਤੇ ਉਦੋਂ ਹੀ ਆਪਣੇ ਸ਼ਰੀਰ ਦੀ ਮੈਲ ਤੋਂ ਪੈਦਾ ਕੀਤੇ ਗਣੇਸ਼ ਨੂੰ ਦਰਵਾਜ਼ੇ ਉਤੇ ਚੌਕਸੀ ਲਈ ਬਿਠਾ ਗਈ। ਇਸੇ ਦੌਰਾਨ ਸ਼ਿਵ ਆ ਗਿਆ ਅਤੇ ਪਾਰਬਤੀ ਦੇ ਭਵਨ ਵਿਚ ਪ੍ਰਵੇਸ਼ ਕਰਨ ਲਗਾ। ਗਣੇਸ਼ ਨੇ ਉਸ ਨੂੰ ਰੋਕਿਆ ਪਰ ਸ਼ਿਵ ਨਾ ਰੁਕਿਆ ਅਤੇ ਗੁੱਸੇ ਵਿਚ ਆ ਕੇ ਉਸ ਨੇ ਗਣੇਸ਼ ਦਾ ਸਿਰ ਵੱਢ ਦਿੱਤਾ। ਜਦੋਂ ਪਾਰਬਤੀ ਨੂੰ ਇਸ ਘਟਨਾ ਦਾ ਪਤਾ ਲਗਾ ਤਾਂ ਉਹ ਬਹੁਤ ਦੁੱਖੀ ਹੋਈ। ਉਸ ਨੇ ਪਾਰਬਤੀ ਨੂੰ ਖੁਸ਼ ਕਰਨ ਲਈ ਹਾਥੀ ਦਾ ਸਿਰ ਲਿਆ ਕੇ ਗਣੇਸ਼ ਦੇ ਧੜ ਨਾਲ ਲਗਾ ਦਿੱਤਾ। ਇਕ ਹੋਰ ਕਥਾ ਅਨੁਸਾਰ ਪਾਰਬਤੀ ਨੇ ਆਪਣੀ ਕਲਪਨਾ ਨਾਲ ਗਣੇਸ਼ ਦਾ ਸਿਰ ਹਾਥੀ ਵਰਗਾ ਬਣਾਇਆ।

ਗਣੇਸ਼ ਦੇ 'ਇਕਦੰਤ' ਨਾਂ ਪ੍ਰਚਲਿਤ ਹੋਣ ਬਾਰੇ ਕਥਾ ਦਾ ਸੰਖੇਪ ਇਸ ਪ੍ਰਕਾਰ ਹੈ

ਕਿ ਇਕ ਵਾਰ ਪਰਸ਼ੁਰਾਮ ਕੈਲਾਸ਼ ਪਰਬਤ ਉਤੇ ਸ਼ਿਵ ਨੂੰ ਮਿਲਣ ਗਿਆ। ਸ਼ਿਵ-ਭਵਨ ਦੇ ਦੁਆਰ ਉਤੇ ਪਹਿਰੇ ਉਤੇ ਬੈਠੇ ਗਣੇਸ਼ ਨੇ ਉਸ ਨੂੰ ਰੋਕਿਆ। ਫਲਸਰੂਪ ਦੋਹਾਂ ਵਿਚ ਯੁੱਧ ਹੋਇਆ। ਪਰਸ਼ੁਰਾਮ ਦੇ ਪਰਸੂ (ਕੁਹਾੜੇ) ਨਾਲ ਗਣੇਸ਼ ਦਾ ਇਕ ਦੰਦ ਟੁੱਟ ਗਿਆ। ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕ ਕਥਾਵਾਂ ਪ੍ਰਸਿੱਧ ਹਨ। ਇਨ੍ਹਾਂ ਕਥਾਵਾਂ ਦੇ, ਅਸਲ ਵਿਚ, ਪ੍ਰਤੀਕਾਤਮਕ ਅਰਥ ਹਨ।

ਗਣੇਸ਼ ਦੇ ਸਰੂਪ ਸੰਬੰਧੀ ਕਲਪਨਾ ਇਸ ਪ੍ਰਕਾਰ ਹੈ। ਇਹ ਮੋਟੇ ਪਰ ਮਧਰੇ ਸ਼ਰੀਰ ਵਾਲਾ ਹੈ ਅਤੇ ਇਸ ਦਾ ਰੰਗ ਲਾਲ ਜਾਂ ਪੀਲਾ ਹੈ। ਇਸ ਦਾ ਪੇਟ ਲੰਬਾ ਅਤੇ ਸਿਰ ਹਾਥੀ ਦਾ ਹੈ ਜਿਸ ਵਿਚ ਇਕ ਹੀ ਦੰਦ ਹੈ। ਇਸ ਦੇ ਚਾਰ ਹੱਥ ਹਨ ਅਤੇ ਉਨ੍ਹਾਂ ਹੱਥਾਂ ਵਿਚ ਸੰਖ, ਚਕ੍ਰ, ਗਦਾ ਅਤੇ ਕਮਲ ਪਕੜੇ ਹੋਏ ਹਨ। ਇਹ ਚੂਹੇ ਦੀ ਸਵਾਰੀ ਕਰਦਾ ਹੈ। ਲੱਡੂ ਇਸ ਦਾ ਪ੍ਰਿਯ ਭੋਜਨ ਹੈ। ਇਸ ਲਈ ਆਮ ਤੌਰ ਤੇ ਇਸ ਨੂੰ ਲੱਡੂਆਂ ਦਾ ਭੋਗ ਲਗਵਾਇਆ ਜਾਂਦਾ ਹੈ। ਸਿੱਧੀ ਅਤੇ ਬੁੱਧੀ ਇਸ ਦੀਆਂ ਦੋ ਪਤਨੀਆਂ ਹਨ। ਕਿਤੇ-ਕਿਤੇ ਪੁਸ਼ਟੀ ਨੂੰ ਇਸ ਦੀ ਤੀਜੀ ਇਸਤਰੀ ਮੰਨਿਆ ਗਿਆ ਹੈ। ਇਸ ਦੇ ਖੱਬੇ ਪਾਸੇ ਸਿੱਧੀ ਅਤੇ ਸੱਜੇ ਪਾਸੇ ਬੁੱਧੀ ਦੇ ਬੈਠਣ ਦੀ ਵਿਵਸਥਾ ਹੈ। ਕਹਿੰਦੇ ਹਨ ਕਿ ਵਿਆਸ ਨੇ 'ਮਹਾਭਾਰਤ' ਦੀ ਲਿਖਾਈ ਦਾ ਕੰਮ ਗਣੇਸ਼ ਤੋਂ ਕਰਵਾਇਆ ਸੀ। ਇਸ ਤਰ੍ਹਾਂ ਹਰ ਇਕ ਮੰਗਲ ਕਾਰਜ ਲਈ ਸਭ ਤੋਂ ਪਹਿਲਾਂ ਗਣੇਸ਼ ਪ੍ਰਤਿ ਆਸਥਾ ਪ੍ਰਗਟ ਕੀਤੀ ਜਾਂਦੀ ਹੈ। ਦੱਖਣ ਵਿਚ ਇਸ ਦੀ ਵਿਸ਼ੇਸ਼ ਤੌਰ ਤੇ ਪੂਜਾ ਕੀਤੀ ਜਾਂਦੀ ਹੈ।

ਤਾਂਤ੍ਰਿਕਾਂ ਨੇ ਗਣੇਸ਼ ਦੀ ਪੂਜਾ ਦਾ ਜੋ ਵਿਧਾਨ ਕੀਤਾ ਹੈ ਉਸ ਵਿਚ ਗਣੇਸ਼-ਚਕ੍ਰ ਦਾ ਵਿਸ਼ੇਸ਼ ਮਹੱਤਵ ਹੈ। ਤੰਤ੍ਰ-ਸ਼ਾਸਤ੍ਰ ਅਨੁਸਾਰ ਹਰ ਇਕ ਦੇਵਤੇ ਦਾ ਵੱਖਰਾ-ਵੱਖਰਾ ਯੰਤ੍ਰ-ਚਕ੍ਰ ਹੁੰਦਾ ਹੈ। ਉਪਾਸਨਾ ਵੇਲੇ ਜਿਗਿਆਸੂ ਆਪਣੇ ਆਪਣੇ ਦੇਵਤੇ ਦਾ ਯੰਤ੍ਰ-ਚਕ੍ਰ ਬਣਾ ਕੇ ਪੂਜਦੇ ਹਨ। ਗਣੇਸ਼-ਚਕ੍ਰ ਲਈ ਉਪਾਸਕ ਲੋਕ ਆਟੇ, ਸੰਧੂਰ ਆਦਿ ਨਾਲ ਬਾਰ੍ਹਾਂ ਜਾਂ ਅੱਠ ਦਲਾਂ ਦੇ ਕਮਲ ਵਿਚ ਛੇ ਕੋਨਿਆਂ ਦਾ, ਸੰਘਾੜੇ ਦੇ ਆਕਾਰ ਦਾ, ਯੰਤ੍ਰ ਬਣਾਉਂਦੇ ਹਨ। ਇਸ ਪ੍ਰਕਾਰ ਦੇ ਕਰਮ-ਕਾਂਡਾਂ ਵਿਚ ਮੱਧ-ਯੁਗ ਦੇ ਨਿਰਗੁਣ ਸਾਧਕ ਵਿਸ਼ਵਾਸ ਨਹੀਂ ਕਰਦੇ ਸਨ। ਬੇਣੀ ਭਗਤ ਨੇ ਅਜਿਹਾ ਨਾ ਕਰਨ ਲਈ ਉਪਦੇਸ਼ ਦਿੱਤਾ ਹੈ—'ਸਿਲ ਪੂਜਸਿ ਚਕ੍ਰ ਗਣੇਸੰ। / ਨਿਸਿ ਜਾਗਸਿ ਭਗਤਿ ਪ੍ਰਵੇਸੰ। / ਪਗ ਨਾਚਸਿ ਚਿਤੁ ਅਕਰਮੰ। / ਏ ਲੰਪਟ ਨਾਚ ਅਧਰਮੰ।' (ਅ. ਗ੍ਰੰ. 1351)।

ਗ਼ਦਰ-1857 : ਗ਼ਦਰ ਦੀ ਇਹ ਘਟਨਾ ਸੰਨ 1857 ਈ. ਵਿਚ ਉਦੋਂ ਹੋਈ ਜਦੋਂ ਹਿੰਦੁਸਤਾਨ ਵਿਚ ਲਾਰਡ ਕੈਨਿੰਗ ਗਵਰਨਰ-ਜਨਰਲ ਸੀ। ਇਸ ਨੂੰ 'ਸਿਪਾਹੀਆਂ ਦੀ ਬਗ਼ਾਵਤ' ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਮੁੱਖ ਤੌਰ ਤੇ ਅਸੰਤੁਸ਼ਟ ਸਿਪਾਹੀਆਂ ਨੇ ਹੀ ਭਾਗ ਲਿਆ ਸੀ।

ਗ਼ਦਰ ਦੇ ਸ਼ੁਰੂ ਹੋਣ ਦੇ ਕਈ ਕਾਰਣ ਸਨ। ਪਹਿਲਾ ਇਹ ਕਿ ਹਿੰਦੁਸਤਾਨੀ ਅਤੇ ਬਰਤਾਨਵੀ ਸੈਨਿਕਾਂ ਵਿਚ ਤਨਖ਼ਾਹ, ਭਤਿਆਂ ਅਤੇ ਤਰਕੀਆਂ ਸੰਬੰਧੀ ਬਹੁਤ ਵਿਤਕਰਾ ਸੀ। ਦੂਜਾ ਇਹ ਕਿ ਜਦੋਂ ਹਿੰਦੁਸਤਾਨੀ ਸਿਪਾਹੀਆਂ ਨੂੰ ਬਰਤਾਨਵੀ ਸਰਕਾਰ ਦੀ ਸੇਵਾ

ਕਰਨ ਲਈ ਹਿੰਦੁਸਤਾਨ ਤੋਂ ਬਾਹਰ ਭੇਜਿਆ ਜਾਂਦਾ ਤਾਂ ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਦੀ ਮਰਯਾਦਾ ਦੇ ਖੰਡਿਤ ਹੋਣ ਦਾ ਸੰਦੇਹ ਬਣਿਆ ਰਹਿੰਦਾ। ਤੀਜਾ ਪਸ਼ੂਆਂ ਦੀ ਚਰਬੀ ਲਗੇ ਕਾਰਤੂਸਾਂ ਨੂੰ ਦੰਦਾਂ ਨਾਲ ਕੱਟਣ ਵੇਲੇ ਧਰਮ ਦੀ ਹਾਨੀ ਦਾ ਡਰ ਪੈਂਦਾ ਹੋ ਜਾਂਦਾ। ਚੌਥਾ ਈਸਾਈ ਧਰਮ ਦੇ ਪ੍ਰਚਾਰ ਨੇ ਲੋਕਾਂ ਨੂੰ ਆਪਣੇ ਧਰਮਾਂ ਦੀ ਰੱਖਿਆ ਲਈ ਸਚੇਤ ਕਰ ਦਿੱਤਾ। ਪੰਜਵਾਂ ਫ਼ੌਜਾਂ ਵਿਚ ਪੱਛਮੀ ਢੰਗ ਦੀ ਸਿਖਲਾਈ ਅਤੇ ਨਿਸ਼ਚਿਤ ਅਨੁਸ਼ਾਸਨ ਦੀ ਪਾਬੰਦੀ ਨੂੰ ਦੇਸੀ ਸਿਪਾਹੀਆਂ ਦੁਆਰਾ ਸਵੀਕਾਰ ਕਰਨਾ ਔਖਾ ਹੋ ਗਿਆ।

ਉਪਰੋਕਤ ਕਾਰਨਾਂ ਤੋਂ ਇਲਾਵਾ ਕੁਝ ਰਾਜਨੈਤਿਕ ਕਾਰਣ ਵੀ ਸਨ। ਇਕ ਇਹ ਕਿ ਕੰਪਨੀ ਦੇ ਰਾਜ ਦੀ ਵਿਵਸਥਾ ਵਿਚ ਕੁਝ ਤੰਗ-ਨਜ਼ਰੀ ਆਉਣ ਨਾਲ ਪ੍ਰਜਾ ਅਸੰਤੁਸ਼ਟ ਹੋਣ ਲਗੀ। ਦੂਜਾ, ਬਹੁਤ ਸਾਰੀਆਂ ਦੇਸੀ ਰਿਆਸਤਾਂ ਨੂੰ ਅਨੁਚਿਤ ਢੰਗ ਨਾਲ ਅਧੀਨ ਕਰਨ ਅਤੇ ਉਨ੍ਹਾਂ ਦੇ ਰਜਵਾੜਿਆਂ ਜਾਂ ਨਵਾਬਾਂ ਦੀ ਸੁਤੰਤਰਤਾ ਖ਼ਤਮ ਕਰਨ ਨਾਲ, ਉਨ੍ਹਾਂ ਦੇ ਮਨ ਵਿਚ ਫਿਰ ਤੋਂ ਸੱਤਾ ਪ੍ਰਾਪਤ ਕਰਨ ਦੀ ਰੁਚੀ ਦਾ ਵਿਕਾਸ ਹੋਣ ਲਗਾ। ਤੀਜਾ, ਪੱਛਮੀ ਢੰਗ ਦੀ ਤਾਲੀਮ ਦਿੱਤੇ ਜਾਣ ਦਾ ਵੀ ਵਿਰੋਧ ਹੋਇਆ। ਫਲਸਰੂਪ ਚਿਰਾਂ ਤੋਂ ਅਸੰਤੋਸ਼ ਦੀ ਸੁਲਗਦੀ ਅੱਗ ਗ਼ਦਰ ਦੇ ਭਾਂਬੜ ਵਜੋਂ ਸਾਹਮਣੇ ਆਈ।

ਇਸ ਵਿਦਰੋਹ ਦੀ ਅਗਵਾਈ ਗੱਦੀਓਂ ਲੱਥੇ ਰਜਵਾੜਿਆਂ, ਨਵਾਬਾਂ ਜਾਂ ਅਸੰਤੁਸ਼ਟ ਜਾਗੀਰਦਾਰਾਂ ਨੇ ਕੀਤੀ। ਸਭ ਤੋਂ ਪਹਿਲਾਂ ਫਰਵਰੀ ਅਤੇ ਮਾਰਚ 1857 ਈ. ਵਿਚ ਬੰਗਾਲ ਅਤੇ ਬੰਬਈ ਦੀਆਂ ਛਾਵਣੀਆਂ ਵਿਚ ਕੁਝ ਗੜਬੜ ਹੋਈ, ਪਰ ਇਸ ਦਾ ਸਹੀ ਆਰੰਭ 10 ਮਈ, 1857 ਈ. ਨੂੰ ਮੇਰਠ ਵਿਚ ਹੋਇਆ। ਉਥੇ ਬਾਗ਼ੀ ਸਿਪਾਹੀਆਂ ਨੇ ਆਪਣੇ ਅੰਗ੍ਰੇਜ਼ ਅਫ਼ਸਰਾਂ ਨੂੰ ਮਾਰ ਦਿੱਤਾ ਅਤੇ ਦੂਜੇ ਦਿਨ ਦਿੱਲੀ ਵਿਚ ਅੰਗ੍ਰੇਜ਼ ਅਫ਼ਸਰਾਂ ਨੂੰ ਮਾਰ ਕੇ ਬਹਾਦਰ ਸ਼ਾਹ ਜ਼ਫ਼ਰ ਨੂੰ ਹਿੰਦੁਸਤਾਨ ਦਾ ਸਮ੍ਰਾਟ ਘੋਸ਼ਿਤ ਕੀਤਾ। ਜੂਨ ਮਹੀਨੇ ਦੇ ਅੰਤ ਤਕ ਇਹ ਵਿਦਰੋਹ ਉਨ੍ਹਾਂ ਸਾਰੀਆਂ ਛਾਵਣੀਆਂ ਵਿਚ ਪਸਰ ਗਿਆ ਜਿਥੇ ਅੰਗ੍ਰੇਜ਼ ਸੈਨਿਕ ਨਹੀਂ ਸਨ। ਇਸ ਵਿਦਰੋਹ ਦਾ ਮੁੱਖ ਖੇਤਰ ਦੱਖਣ ਵਿਚ ਨਰਮਦਾ ਨਦੀ ਤਕ, ਉੱਤਰ ਵਿਚ ਨੇਪਾਲ ਦੀ ਤਰਾਈ ਤਕ, ਪੂਰਵ ਵਿਚ ਦਿੱਲੀ ਤੋਂ ਪੱਛਮੀ ਬਿਹਾਰ ਤਕ ਪਸਰਿਆ ਹੋਇਆ ਸੀ। ਇਸ ਖੇਤਰ ਦੇ ਵਿਦਰੋਹ ਦਾ ਸੰਚਾਲਨ ਸੱਤਾ ਤੋਂ ਵਾਂਝੇ ਰਜਵਾੜਿਆਂ ਅਤੇ ਨਵਾਬਾਂ ਦੇ ਸੰਗਠਨ ਦੁਆਰਾ ਹੋ ਰਿਹਾ ਸੀ। ਪਰ ਇਸ ਖੇਤਰ ਤੋਂ ਬਾਹਰਲੇ ਸੂਬਿਆਂ ਵਿਚ ਵੀ ਬਾਗ਼ੀ ਸਿਪਾਹੀਆਂ ਨੇ ਕਿਤੇ-ਕਿਤੇ ਵਿਦਰੋਹ ਕੀਤੇ ਸਨ। ਹਾਂ, ਮਦ੍ਰਾਸ ਵਿਚ ਇਹ ਵਿਦਰੋਹ ਨਾ ਹੋ ਸਕਿਆ ਕਿਉਂਕਿ ਭਾਸ਼ਾਈ ਸੀਮਾਵਾਂ ਕਾਰਣ ਲੋਕਾਂ ਵਿਚ ਜਾਗ੍ਰਿਤੀ ਪੈਦਾ ਨਾ ਕੀਤੀ ਜਾ ਸਕੀ।

ਅੰਗ੍ਰੇਜ਼ ਅਧਿਕਾਰੀਆਂ ਨੇ ਬੜੀ ਸੂਝ ਨਾਲ ਆਪਣੇ ਵਫ਼ਾਦਾਰ ਰਾਜਿਆਂ, ਜ਼ਮੀਨ-ਦਾਰਾਂ, ਨਵਾਬਾਂ ਦੀ ਮੱਦਦ ਨਾਲ ਇਸ ਵਿਦਰੋਹ ਨੂੰ ਦਬਾਣਾ ਸ਼ੁਰੂ ਕੀਤਾ ਅਤੇ ਹੌਲੀ-ਹੌਲੀ ਬਹੁਤ ਸਾਰੀਆਂ ਛਾਵਣੀਆਂ ਉਤੇ ਕਾਬੂ ਪਾ ਲਿਆ ਗਿਆ। ਬਹਾਦੁਰ ਸ਼ਾਹ ਨੂੰ ਪਕੜ ਲਿਆ ਗਿਆ ਅਤੇ ਉਸ ਦੇ ਪੁੱਤਰਾਂ ਨੂੰ ਮਾਰ ਦਿੱਤਾ ਗਿਆ। ਇਸੇ ਤਰ੍ਹਾਂ ਕਈ

ਗਾਜ਼ੀ ਜਾਂ ਨਵਾਬ ਇਧਰ ਉਧਰ ਲੁਕ ਗਏ, ਕੁਝ ਮਾਰੇ ਗਏ ਅਤੇ ਕੁਝ ਨੇ ਪ੍ਰਾਣ ਬਚਾਉਣ
ਲਈ ਬਾਹਰਲੇ ਮੁਲਕਾਂ ਵਿਚ ਸ਼ਰਣ ਲਈ। ਬਹੁਤ ਸਾਰੇ ਸੈਨਿਕ ਪਕੜ ਲਏ ਗਏ।
ਜੇਲ੍ਹਾਂ ਕੈਦੀਆਂ ਨਾਲ ਭਰ ਗਈਆਂ। ਬਹੁਤ ਸਾਰੇ ਸੈਨਿਕਾਂ ਨੂੰ ਦਰਖ਼ਤਾਂ ਨਾਲ ਫ਼ਾਂਸੀ
ਦਿੱਤੀ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਉਥੇ ਹੀ ਟੰਗੀਆਂ ਰਹਿਣ ਦਿੱਤੀਆਂ ਗਈਆਂ।
ਇਸ ਤਰ੍ਹਾਂ ਲੱਖਾਂ ਸੈਨਿਕ ਅਤੇ ਸ਼ਹਿਰੀ ਇਸ ਗ਼ਦਰ ਵਿਚ ਮਾਰੇ ਗਏ।

ਆਖ਼ਰ 10, ਨਵੰਬਰ 1858 ਈ. ਨੂੰ ਗ਼ਦਰ ਦੀ ਸਮਾਪਤੀ ਹੋਈ। ਇਸ ਤੋਂ ਬਾਦ
ਹਿੰਦੁਸਤਾਨ ਵਿਚ ਈਸਟ ਇੰਡੀਆ ਕੰਪਨੀ ਦਾ ਸ਼ਾਸਨ ਖ਼ਤਮ ਕਰ ਦਿੱਤਾ ਗਿਆ ਅਤੇ
ਸਾਰਾ ਪ੍ਰਸ਼ਾਸਨਿਕ ਪ੍ਰਬੰਧ ਸਿਧਾ ਮਲਿਕਾ ਵਿਕਟੋਰੀਆ ਅਧੀਨ ਹੋ ਗਿਆ। ਅਗੇ ਤੋਂ
ਵਿਦਰੋਹ ਦੀਆਂ ਸੰਭਾਵਨਾ ਖ਼ਤਮ ਕਰਨ ਲਈ ਬ੍ਰਿਟਿਸ਼ ਸਰਕਾਰ ਨੇ ਕਈ ਨਵੇਂ ਕਾਨੂੰਨ
ਬਣਾਏ, ਜਿਸ ਨਾਲ ਅਸੰਤੋਸ਼ ਹੋਰ ਵਧਿਆ। ਇਸੇ ਅਸੰਤੋਸ਼ ਨੇ ਹੌਲੀ ਹੌਲੀ ਰਾਸ਼ਟਰੀ
ਭਾਵਨਾ ਦਾ ਵਿਕਾਸ ਕੀਤਾ। ਇਸ ਵਿਦਰੋਹ ਦੀ ਅਸਫਲਤਾ ਦੇ ਮੁੱਖ ਕਾਰਣ ਸਨ—
ਯੋਗ ਅਗਵਾਈ ਦੀ ਘਾਟ, ਰਾਸ਼ਟਰੀ ਚੇਤਨਾ ਦਾ ਅਭਾਵ ਅਤੇ ਆਰਥਿਕ ਤੇ ਸੈਨਿਕ
ਸਾਧਨਾਂ ਦੀ ਥੁੜ੍ਹ।

ਗ਼ਨਕਾ/ਗ਼ਨਿਕਾ : ਵੇਖੋ 'ਗਣਿਕਾ, ਵੇਸਵਾ'।

ਗ਼ਨੀ ਖ਼ਾਂ-ਨੱਬੀ ਖ਼ਾਂ : ਕਸਬਾ ਮਾਛੀਵਾੜਾ (ਵੇਖੋ) ਦੇ ਵਸਨੀਕ ਦੋ ਰੁਹੇਲੇ ਪਠਾਣ
ਭਰਾ ਜਿਨ੍ਹਾਂ ਵਿਚੋਂ ਨੱਬੀ ਖ਼ਾਂ ਵੱਡਾ ਸੀ ਅਤੇ ਛੋਟੇ ਦਾ ਨਾਂ ਗ਼ਨੀ ਖ਼ਾਂ ਸੀ। ਪਹਿਲਾਂ ਇਹ
ਦੋਵੇਂ ਗੁਰੂ ਗੋਬਿੰਦ ਸਿੰਘ ਦੀ ਨੌਕਰੀ ਵਿਚ ਆਨੰਦਪੁਰ ਸਾਹਿਬ ਰਹੇ ਸਨ, ਪਰ ਬਾਦ
ਵਿਚ ਨੌਕਰੀ ਛੱਡ ਕੇ ਇਨ੍ਹਾਂ ਨੇ ਘੋੜਿਆਂ ਦਾ ਵਪਾਰ ਸ਼ੁਰੂ ਕਰ ਦਿੱਤਾ। ਅਕਸਰ ਇਹ
ਗੁਰੂ ਜੀ ਨੂੰ ਘੋੜੇ ਲਿਆ ਕੇ ਦਿੰਦੇ ਸਨ।

ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਦ ਗੁਰੂ ਜੀ ਮਾਛੀਵਾੜੇ ਗੁਲਾਬ ਚੰਦ ਮਸੰਦ ਦੇ
ਘਰ ਪਹੁੰਚੇ ਅਤੇ ਉਸ ਕੋਲ ਕੁਝ ਸਮਾਂ ਟਿਕੇ, ਪਰ ਮੁਗ਼ਲ ਫ਼ੌਜ ਨੇ ਮਾਛੀਵਾੜੇ ਦੇ
ਜੰਗਲ ਨੂੰ ਘੇਰ ਲਿਆ। ਉਦੋਂ ਆਪਣੀ ਪੁਰਾਣੀ ਵਫ਼ਾਦਾਰੀ ਨਿਭਾਉਣ ਲਈ ਇਹ
ਦੋਵੇਂ ਪਠਾਣ ਭਰਾ ਗੁਰੂ ਜੀ ਦੀ ਸਹਾਇਤਾ ਲਈ ਪਹੁੰਚੇ। ਇਨ੍ਹਾਂ ਨੇ ਗੁਰੂ ਜੀ ਦੇ
ਤਿੰਨ ਸਿੱਖਾਂ ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ—
ਨਾਲ ਸਲਾਹ ਕਰਕੇ ਗੁਰੂ ਜੀ ਨੂੰ ਫ਼ੌਜੀ ਘੇਰੇ ਵਿਚੋਂ ਬਾਹਰ ਕੱਢਣ ਦੀ ਯੋਜਨਾ ਬਣਾਈ।
ਗੁਰੂ ਜੀ ਅਤੇ ਸਿੱਖਾਂ ਨੂੰ ਉੱਚ ਦੇ ਪੀਰਾਂ ਵਾਲਾ ਬਾਣਾ ਪਵਾਇਆ ਅਤੇ ਬੜੀ ਸਾਵਧਾਨੀ
ਨਾਲ ਗੁਰੂ ਜੀ ਨੂੰ 'ਉਚ ਕਾ ਪੀਰ' (ਵੇਖੋ) ਦਸ ਕੇ ਘੇਰੇ ਤੋਂ ਬਾਹਰ ਕੱਢ ਲੈ ਗਏ।

ਗੁਰੂ ਜੀ ਨੇ ਸ਼ੁਕਰਾਨੇ ਵਜੋਂ ਇਨ੍ਹਾਂ ਨੂੰ ਇਕ ਜੋੜੀ ਸੋਨੇ ਦੇ ਕੜਿਆਂ ਦੀ ਬਖ਼ਸ਼ੀ
ਅਤੇ ਇਕ 'ਹੁਕਮਨਾਮਾ' ਵੀ ਦਿੱਤਾ ਜਿਸ ਵਿਚ ਇਨ੍ਹਾਂ ਦੋਹਾਂ ਭਰਾਵਾਂ ਨੂੰ ਪੁੱਤਰਾਂ ਤੁਲ
ਮੰਨਿਆ ਗਿਆ ਹੈ। ਇਸੇ ਕਰਕੇ ਸਿੱਖ ਧਰਮ ਦੇ ਅਨੁਯਾਈਆਂ ਵਿਚ ਇਨ੍ਹਾਂ ਭਰਾਵਾਂ
ਅਤੇ ਫਿਰ ਇਨ੍ਹਾਂ ਦੀ ਸੰਤਾਨ ਦਾ ਬਹੁਤ ਆਦਰ ਰਿਹਾ ਹੈ। ਸਿੱਖ ਰਿਆਸਤਾਂ ਵੱਲੋਂ
ਵੀ ਇਨ੍ਹਾਂ ਨੂੰ ਵਜ਼ੀਫ਼ਾ ਮਿਲਦਾ ਰਿਹਾ ਹੈ। ਪਾਕਿਸਤਾਨ ਬਣਨ ਤੋਂ ਬਾਦ ਇਹ
ਖ਼ਾਨਦਾਨ ਭਾਵੇਂ ਮਾਛੀਵਾੜੇ ਤੋਂ ਚਲਾ ਗਿਆ, ਪਰ ਇਨ੍ਹਾਂ ਦੇ ਘਰ ਵਿਚ ਹੁਣ ਵੀ

ਗੁਰਦੁਆਰਾ ਕਾਇਮ ਹੈ। ਇਨ੍ਹਾਂ ਦੀ ਯਾਦ ਵਿਚ ਇਕ ਗੇਟ ਵੀ ਬਣਿਆ ਹੋਇਆ ਹੈ।

ਗਯਾ, ਤੀਰਥ : ਹਿੰਦੂਆਂ ਦੇ ਪਿਤਰਾਂ ਦੇ ਪਿੰਡ-ਦਾਨ ਕਰਨ ਦਾ ਇਕ ਤੀਰਥ ਜੋ ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕੰਢੇ ਵਸਿਆ ਹੋਇਆ ਹੈ। ਇਸ ਦਾ 'ਮਹਾਭਾਰਤ' ਆਦਿ ਪੁਰਾਤਨ ਗ੍ਰੰਥਾਂ ਵਿਚ ਉੱਲੇਖ ਮਿਲਣ ਕਾਰਣ ਇਸ ਦਾ ਇਤਿਹਾਸਿਕ ਮਹੱਤਵ ਸਪੱਸ਼ਟ ਹੈ। ਇਸ ਦਾ ਇਹ ਨਾਂ ਕਿਉਂ ਪਿਆ, ਇਸ ਬਾਰੇ 'ਭਾਗਵਤ ਪੁਰਾਣ' ਵਿਚ ਲਿਖਿਆ ਹੈ ਕਿ ਤ੍ਰੇਤਾਯੁਗ ਵਿਚ 'ਗਯਾ' ਨਾਂ ਦੇ ਰਾਜੇ ਕਰ ਕੇ ਇਸ ਦਾ ਨਾਂ 'ਗਯਾ' ਪ੍ਰਚਲਿਤ ਹੋਇਆ।

'ਵਾਯੂ ਪੁਰਾਣ' ਅਨੁਸਾਰ ਗਯ ਅਸੁਰ (ਗਯਾਸੁਰ) ਦੇ ਨਾਂ ਤੇ ਇਹ ਨਗਰ ਵਸਿਆ ਹੈ। ਕਾਰਣ ਇਹ ਹੈ ਕਿ ਉਸ ਨੇ ਆਪਣੀ ਤਪਸਿਆ ਦੇ ਬਲ ਤੇ ਸਿੱਧੀ ਪ੍ਰਾਪਤ ਕੀਤੀ। ਉਸ ਦੇ ਦਰਸ਼ਨ ਕਰਨ ਜਾਂ ਉਸ ਦੀ ਛੋਹ ਪ੍ਰਾਪਤ ਕਰਨ ਨਾਲ ਹੀ ਲੋਕੀਂ ਸਵਰਗ ਜਾਣ ਲਗੇ। ਫਲਸਰੂਪ ਦੇਵਤੇ ਅਤੇ ਯਮਰਾਜ ਚਿੰਤਾਗ੍ਰਸਤ ਹੋ ਗਏ। ਵਿਸ਼ਣੂ ਦੇ ਸਮਝਾਉਣ ਤੇ ਉਸ ਅਸੁਰ ਨੇ ਪ੍ਰਾਚੀਨ ਗਯਾ ਨਗਰ ਵਿਚ ਆਪਣੇ ਪ੍ਰਾਣ ਤਿਆਗ ਦਿੱਤੇ। ਇਸ ਤੇ ਵਿਸ਼ਣੂ ਨੇ ਵਰ ਦਿੱਤਾ ਕਿ ਇਹ ਸਥਾਨ ਸੰਸਾਰ ਭਰ ਵਿਚ ਪਰਮ ਪਵਿੱਤਰ ਹੋਵੇਗਾ ਅਤੇ ਦੇਵਤੇ ਇਥੇ ਬਿਸ੍ਰਾਮ ਕਰਨਗੇ। ਇਥੇ ਜੋ ਵੀ ਦਾਹ ਸੰਸਕਾਰ ਜਾਂ ਪਿੰਡ-ਦਾਨ ਕਰੇਗਾ ਉਹ ਆਪਣੇ ਪੂਰਵਜਾਂ ਸਹਿਤ ਬ੍ਰਹਮ-ਲੋਕ ਵਿਚ ਜਾਏਗਾ। ਇਸੇ ਲਈ ਹਰ ਸਾਲ ਹਜ਼ਾਰਾਂ ਹਿੰਦੂ ਮੁਕਤੀ ਦੀ ਪ੍ਰਾਪਤੀ ਲਈ ਆਪਣੇ ਪਿਤਰਾਂ ਦਾ ਸਰਾਧ ਕਰਨ ਲਈ ਇਥੋਂ ਦੇ ਵਿਸ਼ਣੂਪਾਦ ਮੰਦਿਰ ਵਿਚ ਆਉਂਦੇ ਹਨ।

ਪਿਤਰਾਂ ਦੇ ਦਾਨ ਸੰਬੰਧੀ ਅਤੇ ਗਯਾ ਦੇ ਧਾਰਮਿਕ ਮਹੱਤਵ ਬਾਰੇ ਪੁਰਾਣਾਂ ਵਿਚ ਕਾਫ਼ੀ ਬ੍ਰਿੱਤਾਂਤ ਅਤੇ ਆਖਿਆਨ ਦਰਜ ਹਨ। ਮੱਧ-ਯੁਗ ਦੇ ਸੰਤਾਂ ਨੇ ਗਯਾ ਆਦਿ ਤੀਰਥਾਂ ਉਤੇ ਪਿੰਡ ਭਰਨ ਦੀ ਗੱਲ ਨੂੰ ਵਿਅਰਥ ਦਸ ਕੇ ਪਰਮਾਤਮਾ ਦੇ ਨਾਮ-ਸਿਮਰਨ ਉਤੇ ਬਲ ਦਿੱਤਾ ਹੈ। ਨਾਮਦੇਵ ਜੀ ਅਨੁਸਾਰ—'ਗਇਆ ਪਿੰਡੁ ਭਰਤਾ।/ਬਨਾਰਸਿ ਅਸਿ ਬਸਤਾ।/ਮੁਖਿ ਬੇਦ ਚਤੁਰ ਪੜਤਾ।/...ਮਨ ਛਡਿ ਛੋਡਿ ਸਗਲ ਭੇਦੰ।/ਸਿਮਰਿ ਸਿਮਰਿ ਗੋਬਿੰਦ।/ਭਜੁ ਨਾਮਾ ਤਰਸਿ ਭਵ ਸਿੰਧੰ' (ਆ. ਗ੍ਰੰ. 873)।

ਗਯਾ ਤੋਂ ਲਗਭਗ 12 ਕਿ. ਮੀ. ਦੱਖਣ ਵਲ ਬੋਧ-ਗਯਾ ਨਾਂ ਦਾ ਸਥਾਨ ਹੈ ਜਿਥੇ ਪਿਪਲ ਦੇ ਬ੍ਰਿਛ ਹੇਠਾਂ ਭਗਵਾਨ ਬੁੱਧ ਨੂੰ ਨਿਰਵਾਣ ਜਾਂ ਬੁੱਧਤ੍ਵ ਪ੍ਰਾਪਤ ਹੋਇਆ ਸੀ। ਇਸ ਤਰ੍ਹਾਂ ਬੋਧ-ਗਯਾ ਬੋਧੀਆਂ ਦਾ ਬੜਾ ਪਵਿੱਤਰ ਸਥਾਨ ਹੈ। ਹੁਣ ਇਸ ਦੇ ਨੇੜੇ ਮਗਧ ਯੂਨੀਵਰਸਿਟੀ ਕਾਇਮ ਕੀਤੀ ਗਈ ਹੈ।

ਗਰੁੜ : ਇਕ ਪੰਛੀ ਜੋ ਵਿਸ਼ਣੂ ਦੇ ਵਾਹਨ ਵਜੋਂ ਪ੍ਰਸਿੱਧ ਹੈ। ਪੁਰਾਣ-ਕਥਾ ਅਨੁਸਾਰ ਗਰੁੜ ਦੀ ਮਾਤਾ ਵਿਨਤਾ ਅਤੇ ਸੱਪਾਂ ਦੀ ਮਾਤਾ ਕਦਰੂ ਦੋਵੇਂ ਕਸ਼ਯਪ ਦੀਆਂ ਪਤਨੀਆਂ ਸਨ। ਉਨ੍ਹਾਂ ਵਿਚ ਸੌਂਕਣ ਸਾੜਾ ਬਣਿਆ ਰਹਿੰਦਾ ਸੀ। ਇਕ ਵਾਰ ਦੋਹਾਂ ਵਿਚ ਸ਼ਰਤ ਲਗ ਗਈ। ਵਿਨਤਾ ਨੇ ਕਿਹਾ ਕਿ ਸੂਰਜ ਦੇ ਘੋੜਿਆਂ ਦਾ ਰੰਗ ਸਫ਼ੇਦ ਹੈ, ਪਰ ਕਦਰੂ ਨੇ ਕਿਹਾ ਕਿ ਕਾਲਾ ਹੈ। ਜਦੋਂ ਸੂਰਜ ਨਿਕਲਿਆ ਤਾਂ ਕਦਰੂ ਦੇ ਪੁੱਤਰ ਸੱਪ ਸੂਰਜ ਦੇ ਘੋੜਿਆਂ ਦੇ ਅੰਗਾਂ ਨਾਲ ਲਿਪਟ ਗਏ ਜਿਸ ਕਰਕੇ ਘੋੜਿਆਂ ਦਾ

ਰੰਗ ਕਾਲਾ ਦਿਸਣ ਲਗਿਆ। ਸ਼ਰਤ ਵਿਚ ਹਾਰਨ ਕਰਕੇ ਵਿਨਤਾ ਨੇ ਕਦਰੂ ਦੀ ਦਾਸੀ ਹੋਣਾ ਸਵੀਕਾਰ ਕਰ ਲਿਆ। ਨਾਗ ਵੀ ਗਰੁੜ ਉਪਰ ਸਵਾਰੀ ਕਰਨ ਲਗੇ। ਦੁੱਖੀ ਗਰੁੜ ਨੇ ਇਸ ਅਪਮਾਨਜਨਕ ਸਥਿਤੀ ਤੋਂ ਛੁਟਕਾਰਾ ਪਾਉਣ ਲਈ ਮਾਤਾ ਵਿਨਤਾ ਨੂੰ ਉਪਾ ਦਸਣ ਲਈ ਕਿਹਾ। ਮਾਤਾ ਨੇ ਸਵਰਗ ਤੋਂ ਅੰਮ੍ਰਿਤ ਦਾ ਘੜਾ ਲਿਆਉਣ ਦਾ ਸੁਝਾ ਦਿੱਤਾ। ਗਰੁੜ ਨੇ ਸਵਰਗ ਵਿਚ ਜਾ ਕੇ ਅੰਮ੍ਰਿਤ ਦੇ ਰੱਖਿਅਕ ਗੰਧਰਵਾਂ ਨਾਲ ਘੋਰ ਯੁੱਧ ਕੀਤਾ ਅਤੇ ਅੰਮ੍ਰਿਤ ਦਾ ਘੜਾ ਉਨ੍ਹਾਂ ਤੋਂ ਖੋਹ ਲਿਆ। ਇਸ ਤਰ੍ਹਾਂ ਉਹ ਸੱਪਾਂ ਦੀ ਗੁਲਾਮੀ ਤੋਂ ਮੁਕਤ ਹੋਇਆ।

ਇਸ ਘਟਨਾ ਤੋਂ ਬਾਦ ਗਰੁੜ ਅਤੇ ਸੱਪਾਂ ਦਾ ਸਥਾਈ ਵੈਰ ਚਲ ਪਿਆ। ਜਦੋਂ ਇਹ ਅੰਮ੍ਰਿਤ ਦਾ ਘੜਾ ਲਿਆ ਰਿਹਾ ਸੀ ਤਾਂ ਵਿਸ਼ਣੂ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ। ਗਰੁੜ ਨੇ ਵਿਸ਼ਣੂ ਨੂੰ ਕਿਹਾ ਕਿ ਮੈਨੂੰ ਵਰ ਦਿਉ ਕਿ ਮੈਂ ਸਦਾ ਤੁਹਾਡੇ ਉਪਰ ਰਹਾਂ। ਪਰ ਬਾਦ ਵਿਚ ਖਿਆਲ ਆਇਆ ਕਿ ਇਹ ਵਰ ਵਿਸ਼ਣੂ ਲਈ ਹੇਠੀ ਦਾ ਕਾਰਣ ਹੈ। ਇਸ ਲਈ ਉਸ ਨੇ ਵਿਸ਼ਣੂ ਨੂੰ ਫਿਰ ਪੁਛਿਆ ਕਿ ਇਸ ਬਾਰੇ ਤੁਹਾਡੀ ਕੀ ਇੱਛਾ ਹੈ। ਵਿਸ਼ਣੂ ਨੇ ਕਿਹਾ ਕਿ ਤੂੰ ਮੇਰੀ ਸਵਾਰੀ ਬਣ ਜਾ। ਇਹ ਗੱਲ ਗਰੁੜ ਲਈ ਵੀ ਉਚਿਤ ਨਹੀਂ ਸੀ। ਫਲਸਰੂਪ ਗਰੁੜ ਵਿਸ਼ਣੂ ਦੀ ਸਵਾਰੀ ਬਣਿਆ ਰਿਹਾ, ਪਰ ਉਸ ਦਾ ਮਾਣ ਕਾਇਮ ਰਖਣ ਲਈ ਵਿਸ਼ਣੂ ਨੇ ਉਸ ਦਾ ਚਿੰਨ੍ਹ ਆਪਣੇ ਝੰਡੇ ਉਤੇ ਵੀ ਬਣਾ ਦਿੱਤਾ। ਇਸ ਤਰਾਂ ਦੋਹਾਂ ਦੀ ਰਹਿ ਆਈ।

ਪੁਰਾਣ-ਸਾਹਿੱਤ ਵਿਚ ਇਹ ਵੀ ਕਥਾ ਮਿਲਦੀ ਹੈ ਕਿ ਵਿਸ਼ਣੂ ਸੂਰਜ ਦੇ ਹੀ ਸਰਵ-ਵਿਆਪੀ ਰੂਪ ਹਨ। ਸੂਰਜ ਸਦਾ ਆਕਾਸ਼ ਦਾ ਚੱਕਰ ਲਗਾਉਂਦਾ ਰਹਿੰਦਾ ਹੈ। ਇਸ ਲਈ ਉਸ ਨੂੰ ਇਕ ਅਜਿਹੇ ਸ਼ਕਤੀਸ਼ਾਲੀ ਅਤੇ ਤੇਜ਼ ਚਾਲ ਵਾਲੇ ਵਾਹਨ ਦੀ ਲੋੜ ਸੀ। ਵਿਸ਼ਣੂ ਦੇ ਵਾਹਨ ਰੂਪ ਵਿਚ ਗਰੁੜ ਦੀ ਕਲਪਨਾ ਇਸੇ ਦਾ ਸਿੱਟਾ ਹੈ। ਗਰੁੜ ਨੂੰ ਪੰਛੀਆਂ ਦਾ ਰਾਜਾ ਜਾਂ ਨਾਇਕ ਵੀ ਮੰਨਿਆ ਗਿਆ ਹੈ।

ਗਰੁੜ ਦਾ ਸਿਰ, ਖੰਭ, ਨਹੁੰ ਅਤੇ ਚੁੰਜ ਪੰਛੀ ਵਰਗੇ ਹਨ ਅਤੇ ਬਾਕੀ ਸਾਰਾ ਸ਼ਰੀਰ ਮਨੁੱਖ ਵਰਗਾ ਹੈ। ਇਸ ਦਾ ਸਿਰ ਸਫੈਦ, ਖੰਭ ਲਾਲ ਅਤੇ ਸ਼ਰੀਰ ਸੁਨਹਿਰੇ ਰੰਗ ਦਾ ਹੈ। ਇਸ ਦੀ ਜਨਮ ਵੇਲੇ ਤੋਂ ਹੀ ਇਤਨੀ ਚਮਕ ਸੀ ਕਿ ਦੇਵਤੇ ਇਸ ਨੂੰ ਅਗਨੀ ਸਮਝ ਕੇ ਇਸ ਦੀ ਪੂਜਾ ਕਰਨ ਲਗ ਪਏ। ਇਸ ਦੀ ਪਤਨੀ ਦਾ ਨਾਂ ਉੱਨਤਿ ਜਾਂ ਵਿਨਾਯਕਾ ਹੈ ਅਤੇ ਇਸ ਦੇ ਪੁੱਤਰ ਦਾ ਨਾਂ ਸੰਪਾਤਿ ਹੈ। ਪਿਤਾ ਅਤੇ ਮਾਤਾ ਦੇ ਆਧਾਰ ਤੇ ਇਸ ਨੂੰ 'ਕਾਸ਼੍ਯਪੀ' ਅਤੇ 'ਵੈਨਤੇਯ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਵੀ ਇਸ ਦੇ ਕਈ ਹੋਰ ਨਾਂ ਪ੍ਰਚੱਲਿਤ ਹਨ। ਤਾਤਵਿਕ ਦ੍ਰਿਸ਼ਟੀ ਤੋਂ ਗਰੁੜ ਜੋਤਿ/ਪ੍ਰਕਾਸ਼ ਦਾ ਦੇਵਤਾ ਹੈ ਅਤੇ ਸੱਪ (ਨਾਗ) ਹਨੇਰੇ ਦਾ ਪ੍ਰਤੀਕ ਹੈ। ਪ੍ਰਕਾਸ਼ ਅਤੇ ਅੰਧਕਾਰ ਦਾ ਸੰਘਰਸ਼ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ ਅਤੇ ਇਹੀ ਗਰੁੜ ਅਤੇ ਨਾਗਾਂ ਦੇ ਵੈਰ ਦਾ ਮੂਲ ਕਾਰਣ ਹੈ।

ਸੰਤ-ਸਾਹਿੱਤ ਵਿਚ ਗਰੁੜ ਦਾ ਉੱਲੇਖ ਵਿਸ਼ਣੂ ਦੇ ਵਾਹਨ ਵਜੋਂ ਹੋਇਆ ਹੈ। ਨਾਮਦੇਵ ਦੇ ਕਥਨ ਅਨੁਸਾਰ—'ਅਪਨੇ ਭਗਤ ਪਰਿ ਕੀ ਪ੍ਰਤਿਪਾਲ।/ਗਰੁੜ ਚੜ੍ਹੇ

ਆਏ ਗੋਪਾਲ' (ਅ. ਗ੍ਰੰ. 1166)। ਇਸ ਦੀ ਗੁਰੂ-ਸ਼ਬਦ ਨਾਲ ਤਦਾਕਾਰਤਾ ਦਸਦੇ ਹੋਇਆਂ ਹਉਮੈ ਰੂਪੀ ਸੱਪ ਦੀ ਜ਼ਹਿਰ ਨੂੰ ਉਤਾਰਨ ਲਈ ਕਾਰਗਰ ਦਵਾਈ ਦਸਿਆ ਗਿਆ ਹੈ—'ਹਉਮੈ ਬਿਖੁ ਮਨੁ ਮੋਹਿਆ, ਲਦਿਆ ਅਜਗਰੁ ਭਾਰੀ।/ਗਰੁੜ ਸਬਦੁ ਮੁਖਿ ਪਾਇਆ, ਹਉਮੈ ਬਿਖੁ ਹਰਿ ਮਾਰੀ' (ਅ. ਗ੍ਰੰ. 983)। ਸੱਪ ਦੀ ਵਿਸ਼ ਨੂੰ ਉਤਾਰਨ ਵਾਲੇ ਮੰਤ੍ਰ ਜਾਂ ਮਾਂਦਰੀ ਨੂੰ ਗਰੁੜ ਦੇ ਨਾਂ ਤੇ 'ਗਾਰੜੂ' ਕਿਹਾ ਜਾਂਦਾ ਹੈ—'ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ।/ਗੁਰਮੁਖਿ ਕੋਈ ਗਾਰੜੂ, ਤਿਨਿ ਮਲਿ ਦਲਿ ਲਾਇ ਪਾਇ' (ਅ. ਗ੍ਰੰ. 510)।

ਗਵਾਲੀਅਰ : ਮੱਧ ਭਾਰਤ ਦੀ ਇਕ ਪ੍ਰਸਿੱਧ ਰਿਆਸਤ ਜਿਸ ਦੀ ਰਾਜਧਾਨੀ ਦਾ ਨਾਂ ਵੀ 'ਗਵਾਲੀਅਰ' ਹੀ ਸੀ। ਪ੍ਰਾਚੀਨ ਗਵਾਲੀਅਰ ਨਗਰ ਕਿਲੇ ਦੇ ਹੇਠਲੇ ਪਾਸੇ ਵਸਿਆ ਹੋਇਆ ਹੈ। ਇਸ ਨਗਰ ਦੀ ਸਥਾਪਨਾ ਕਦ ਹੋਈ ਅਤੇ ਇਸ ਦੇ ਨਾਂ ਦਾ ਕੀ ਪਿਛੋਕੜ ਹੈ, ਇਸ ਬਾਰੇ ਕੋਈ ਪ੍ਰਮਾਣਿਕ ਸਾਮਗ੍ਰੀ ਭਾਵੇਂ ਨਹੀਂ ਮਿਲਦੀ, ਪਰ 'ਮਹਾਭਾਰਤ' ਵਿਚ ਇਸ ਦਾ ਉੱਲੇਖ 'ਗੋਪਰਾਸ਼ਟਰ' ਵਜੋਂ ਹੋਇਆ ਹੈ। ਇਸ ਨੂੰ ਕਿਸੇ 'ਗ੍ਵਲਿਪ' ਨਾਂ ਦੇ ਸਾਧੂ ਦੇ ਵਰਦਾਨ ਨਾਲ ਵੀ ਸੰਬੰਧਿਤ ਕੀਤਾ ਜਾਂਦਾ ਹੈ।

ਇਸ ਨਗਰ ਦੀ ਇਤਿਹਾਸਿਕ ਜਾਣਕਾਰੀ ਮੋਰੀਆ ਕਾਲ ਤੋਂ ਸ਼ੁਰੂ ਹੁੰਦੀ ਹੈ। ਅਨੇਕ ਹਿੰਦੂ ਰਾਜਿਆਂ ਦੇ ਅਧਿਕਾਰ ਵਿਚ ਰਹਿਣ ਉਪਰੰਤ ਸੰਨ 1232 ਈ. ਵਿਚ ਇਹ ਮੁਸਲਮਾਨ ਸ਼ਾਸਕਾਂ ਅਧੀਨ ਹੋ ਗਿਆ। ਸੰਨ 1398 ਈ. ਵਿਚ ਇਸ ਉਤੇ ਤੋਮਰ ਵੰਸ਼ ਦੇ ਰਾਜਪੂਤਾਂ ਦਾ ਕਬਜ਼ਾ ਹੋ ਗਿਆ। ਸੰਨ 1525 ਈ. ਵਿਚ ਇਸ ਉਤੇ ਇਬ੍ਰਾਹੀਮ ਲੋਦੀ ਨੇ ਅਧਿਕਾਰ ਜਮਾ ਲਿਆ। ਸੰਨ 1559 ਈ. ਤੋਂ ਲਗਭਗ ਦੋ ਸਦੀਆਂ ਤਕ ਮੁਗ਼ਲ ਬਾਦਸ਼ਾਹਾਂ ਦੇ ਕਬਜ਼ੇ ਵਿਚ ਰਿਹਾ। ਸੰਨ 1754 ਈ. ਵਿਚ ਇਸ ਉਤੇ ਮਰਹਟਿਆਂ ਨੇ ਕਬਜ਼ਾ ਕਰ ਲਿਆ। ਸੰਨ 1777 ਈ. ਦੇ ਨੇੜੇ-ਤੇੜੇ ਪੇਸ਼ਵਾ ਨੇ ਗਵਾਲੀਅਰ ਨੂੰ ਸਿੰਧੀਆ ਵੰਸ਼ ਵਾਲੇ ਰਜਵਾੜਿਆਂ ਨੂੰ ਸੌਂਪ ਦਿੱਤਾ। ਉਦੋਂ ਤੋਂ ਲੈ ਕੇ ਸੰਨ 1947 ਈ. ਤਕ ਇਹ ਕਿਸੇ ਨਾ ਕਿਸੇ ਰੂਪ ਵਿਚ ਸਿੰਧੀਆ ਵੰਸ਼ ਅਧੀਨ ਹੀ ਰਿਹਾ। ਪੁਰਾਤਨ ਨਗਰ ਤੋਂ ਤਿੰਨ ਕਿ. ਮੀ. ਦੀ ਵਿਥ ਤੇ ਲਸ਼ਕਰ ਨਾਂ ਦਾ ਨਗਰ ਅਤੇ ਕਿਲੇ ਦੇ ਪੂਰਵ ਵਲ ਮੁਰਾਰ ਛਾਵਨੀ ਇਕ ਪ੍ਰਕਾਰ ਦੇ ਗਵਾਲੀਅਰ ਦੇ ਹੀ ਵਿਸਤ੍ਰਿਤ ਭਾਗ ਹਨ।

ਇਸ ਨਗਰ ਦੇ ਨਾਲ ਲਗਦੀ ਲਗਭਗ 300 ਫੁਟ ਉੱਚੀ ਖ਼ੁਸ਼ਕ ਪਹਾੜੀ ਉਤੇ ਇਕ ਇਤਿਹਾਸ-ਪ੍ਰਸਿੱਧ ਕਿਲਾ ਹੈ ਜਿਸ ਦੀ ਹੋਂਦ ਛੇਵੀਂ ਸਦੀ ਤੋਂ ਮੰਨੀ ਜਾਂਦੀ ਹੈ। ਇਸ ਕਿਲੇ ਦੀਆਂ ਕੰਧਾਂ 30 ਫੁਟ ਉੱਚੀਆਂ ਹਨ ਅਤੇ ਲੰਬਾਈ ਅਤੇ ਚੌੜਾਈ ਕ੍ਰਮਵਾਰ 2 ਕਿ. ਮੀ. ਅਤੇ 2800 ਫੁਟ ਹੈ। ਇਸ ਵਿਚਲੇ ਕੁਝ ਮਹੱਲ ਅਤੇ ਮੰਦਿਰ ਆਪਣੇ ਯੁਗ ਦੀ ਕਲਾ ਦੇ ਸੁੰਦਰ ਨਮੂਨੇ ਪੇਸ਼ ਕਰਦੇ ਹਨ।

ਮੁਗ਼ਲ-ਕਾਲ ਵਿਚ ਇਸ ਕਿਲੇ ਨੂੰ ਰਾਜਸੀ ਕੈਦੀਆਂ ਨੂੰ ਨਜ਼ਰਬੰਦ ਕਰਨ ਲਈ ਵਰਤਿਆ ਜਾਂਦਾ ਸੀ। ਜਹਾਂਗੀਰ ਬਾਦਸ਼ਾਹ ਨੇ ਕੁਝ ਵਿਰੋਧੀਆਂ ਦੁਆਰਾ ਕੰਨ ਭਰੇ ਜਾਣ ਤੇ ਗੁਰੂ ਹਰਿਗੋਬਿੰਦ ਨੂੰ ਇਸ ਕਿਲੇ ਵਿਚ ਕੈਦ ਰਖਿਆ ਸੀ। ਇਸ ਘਟਨਾ ਵਲ

ਭਾਈ ਗੁਰਦਾਸ ਨੇ ਸੰਕੇਤ ਕੀਤਾ ਹੈ—'ਪਾਸਿਤਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।' ਇਥੇ 'ਗੜ' ਗਵਾਲੀਅਰ ਕਿਲੇ ਲਈ ਵਰਤਿਆ ਗਿਆ ਹੈ। ਇਥੋਂ ਮੁਕਤ ਹੋਣ ਸਮੇਂ ਉਸ ਕਿਲੇ ਵਿਚ ਕੈਦ ਹੋਰ ਅਨੇਕ ਰਾਜਸੀ ਬੰਦਿਆਂ ਨੂੰ ਗੁਰੂ ਜੀ ਨੇ ਆਪਣੇ ਨਾਲ ਕਿਲੇ ਤੋਂ ਬਾਹਰ ਲਿਆਉਂਦਾ। ਕੁਝ ਇਤਿਹਾਸਕਾਰ ਇਨ੍ਹਾਂ ਰਾਜਸੀ ਕੈਦੀਆਂ ਦੀ ਗਿਣਤੀ 52 ਦਸਦੇ ਹਨ। ਉਸ ਦਿਨ ਤੋਂ ਗੁਰੂ ਹਰਿਗੋਬਿੰਦ ਦਾ ਇਕ ਨਾਂ 'ਬੰਦੀਛੋੜ' ਵੀ ਪ੍ਰਚਲਿਤ ਹੋਇਆ। ਉਥੇ ਗੁਰੂ ਜੀ ਦੀ ਯਾਦ ਵਿਚ ਇਕ ਧਰਮ-ਧਾਮ ਮੌਜੂਦ ਹੈ। ਗਵਾਲੀਅਰ ਅਤੇ ਲਸ਼ਕਰ ਵਿਚ ਵਸਦੇ ਗੁਰੂ ਸਾਹਿਬ ਦੇ ਕੁਝ ਕੁ ਮੁੱਖੀ ਸਿੱਖਾਂ ਵਲ ਭਾਈ ਗੁਰਦਾਸ ਨੇ ਸੰਕੇਤ ਕੀਤਾ ਹੈ 'ਲਸਕਰਿ ਭਾਈ ਤੀਰਥਾ ਗੁਆਲੀਏਰ ਸੁਹਿਨੀ ਹਰਿਦਾਸ' (11/30)। ਜਿਸ ਦਿਨ ਗੁਰੂ ਸਾਹਿਬ ਗਵਾਲੀਅਰ ਤੋਂ ਅੰਮ੍ਰਿਤਸਰ ਪਹੁੰਚੇ, ਉਸ ਦਿਨ ਦਿਵਾਲੀ ਸੀ; ਬਾਬਾ ਬੁਢਾ ਨੇ ਗੁਰੂ ਸਾਹਿਬ ਦੀ ਆਮਦ ਦੀ ਖ਼ੁਸ਼ੀ ਵਿਚ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਵਿਚ ਦੀਵੇ ਜਗਾ ਕੇ ਰੌਸ਼ਨੀ ਕਰਨ ਦੀ ਪ੍ਰਥਾ ਚਲਾਈ।

ਗਾਇਤ੍ਰੀ : ਗਾਇਤ੍ਰੀ (ਗਾਯਤ੍ਰੀ) ਮੂਲ ਰੂਪ ਵਿਚ ਇਕ ਛੰਦ ਦਾ ਨਾਂ ਹੈ ਜਿਸ ਦੀ ਵਰਤੋਂ 'ਰਿਗ ਵੇਦ' ਵਿਚ ਹੋਈ ਹੈ। ਇਸ ਵਿਚ ਅੱਠ ਅੱਠ ਅੱਖਰਾਂ ਦੇ ਤਿੰਨ ਚਰਣ ਹੁੰਦੇ ਹਨ। 'ਰਿਗ ਵੇਦ' ਵਿਚ ਇਸ ਛੰਦ ਦੀ ਸਭ ਤੋਂ ਵੱਧ ਵਰਤੋਂ ਹੋਈ ਹੈ। ਇਸ ਦਾ ਅਰਥ ਹੈ—'ਗਾਉਣ ਵਾਲੇ ਦੀ ਰੱਖਿਆ ਕਰਨ ਵਾਲੀ' (ਗਾਯੰਤੰ ਤ੍ਰਾਯਤੇ ਇਤਿ)। ਜਦ ਛੰਦ ਜਾਂ ਵਾਕ ਦੇ ਰੂਪ ਵਿਚ ਸ੍ਰਿਸ਼ਟੀ ਦੇ ਪ੍ਰਤੀਕ ਦੀ ਕਲਪਨਾ ਕੀਤੀ ਜਾਣ ਲਗੀ ਤਾਂ ਇਸ ਵਿਸ਼ਵ ਨੂੰ ਤ੍ਰਿਪਦਾ ਗਾਯਤ੍ਰੀ ਦਾ ਸਰੂਪ ਮੰਨਿਆ ਗਿਆ। ਜਦ ਗਾਯਤ੍ਰੀ ਦੇ ਰੂਪ ਵਿਚ ਜੀਵਨ ਦੀ ਪ੍ਰਤੀਕਾਤਮਕ ਵਿਆਖਿਆ ਹੋਣ ਲਗੀ ਤਦ ਗਾਯਤ੍ਰੀ ਛੰਦ ਦੀ ਵੱਧਦੀ ਹੋਈ ਮਹਿਮਾ ਦੇ ਅਨੁਰੂਪ ਇਕ ਵਿਸ਼ੇਸ਼ ਛੰਦ (ਮੰਤ੍ਰ) ਦੀ ਰਚਨਾ ਹੋਈ ਜਿਸ ਦਾ ਪਾਠ ਇਸ ਪ੍ਰਕਾਰ ਹੈ—'ਤਤ੍ ਸਵਿਤੁਰ੍ ਵਰੇਣ੍ਯੰ, ਭਰ੍ਗੋ ਦੇਵਸ੍ਯ ਧੀਮਹਿ, ਧਿਯੋ ਯੋ ਨ: ਪ੍ਰ ਚੋਦਯਾਤ' ('ਰਿਗ-ਵੇਦ' 4.62.10)। ਮਹਾਨ ਕੋਸ਼ਕਾਰ ਨੇ ਇਸ ਦਾ ਅਰਥ ਇਸ ਪ੍ਰਕਾਰ ਕੀਤਾ ਹੈ—"ਜੋ ਸੂਰਜ ਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁੱਖਾਂ ਤੋਂ ਛੁੜਵਾਉਂਦਾ ਹੈ, ਪ੍ਰਕਾਸ਼ ਰੂਪ ਹੈ, ਵੇਨਤੀ ਕਰਨ ਯੋਗ੍ਯ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧ੍ਯਾਨ ਕਰਦੇ ਹਾਂ।" ਡਾ. ਰਾਜ ਬਲੀ ਪਾਂਡੇਯ ਅਨੁਸਾਰ ਇਸ ਦਾ ਅਰਥ ਇੰਜ ਹੈ—"ਅਸੀਂ ਸਵਿਤਾ ਦੇਵ ਦੇ ਪ੍ਰਾਰਥਨਾ ਕਰਨ ਯੋਗ ਪ੍ਰਕਾਸ਼ ਨੂੰ ਧਾਰਣ ਕਰਦੇ ਹਾਂ। ਉਹ ਸਾਡੀ ਬੁੱਧੀ ਨੂੰ ਪ੍ਰੇਰਿਤ ਕਰਦਾ ਹੈ।"

ਉਪਰੋਕਤ ਮੰਤ੍ਰ ਡਾ. ਵਾਸੁਦੇਵ ਸ਼ਰਣ ਅਗ੍ਰਵਾਲ ਅਨੁਸਾਰ ਚਹੁੰਆਂ ਵੇਦਾਂ ਵਿਚ ਮਿਲਦਾ ਹੈ। ਇਸ ਦਾ ਰਿਸ਼ੀ ਵਿਸ਼ਵਾਮਿਤਰ ਹੈ ਅਤੇ ਦੇਵਤਾ ਸਵਿਤਾ (ਸੂਰਜ) ਹੈ। ਉਂਜ ਤਾਂ ਇਹ ਮੰਤ੍ਰ ਵਿਸ਼ਵਾਮਿਤਰ ਦੇ ਇਸ ਸੂਕਤ ਦੇ 18 ਮੰਤ੍ਰਾਂ ਵਿਚ ਕੇਵਲ ਇਕ ਹੈ, ਪਰ ਅਰਥ ਦੀ ਦ੍ਰਿਸ਼ਟੀ ਤੋਂ ਇਸ ਦੀ ਮਹਿਮਾ ਦਾ ਅਨੁਭਵ ਆਰੰਭ ਵਿਚ ਹੀ ਰਿਸ਼ੀਆਂ ਨੇ ਕਰ ਲਿਆ ਸੀ ਅਤੇ ਸੰਪੂਰਣ 'ਰਿਗ ਵੇਦ' ਦੇ 10 ਹਜ਼ਾਰ ਮੰਤ੍ਰਾਂ ਵਿਚ

ਇਸ ਮੰਤ੍ਰ ਦੇ ਅਰਥ ਦੀ ਗੰਭੀਰ ਅਭਿਵਿਅਕਤੀ ਸਭ ਨਾਲੋਂ ਅਧਿਕ ਕੀਤੀ ਹੈ। ਇਸ ਮੰਤ੍ਰ ਵਿਚ 24 ਅੱਖਰ ਹਨ। ਅੱਠ-ਅੱਠ ਅੱਖਰਾਂ ਦੇ ਇਸ ਵਿਚ ਤਿੰਨ ਚਰਣ ਹਨ ਪਰ ਬ੍ਰਾਹਮਣ ਗ੍ਰੰਥਾਂ ਵਿਚ ਅਤੇ ਬਾਦ ਦੇ ਸਾਰੇ ਸਾਹਿੱਤ ਵਿਚ ਇਨ੍ਹਾਂ ਅੱਖਰਾਂ ਤੋਂ ਪਹਿਲਾਂ ਤਿੰਨ ਉਕਤੀਆਂ (ਵਿਵਾਹ੍ਰਿਤੀਆਂ) ਅਤੇ ਉਨ੍ਹਾਂ ਤੋਂ ਪਹਿਲਾਂ ਓਅੰਕਾਰ ਨੂੰ ਜੋੜ ਦਿੱਤਾ ਗਿਆ ਹੈ—"ਓਂ ਭੂ:ਭੁਵ: ਸ੍ਵ: ।" ਹੁਣ ਇਹੀ ਗਾਯਤ੍ਰੀ ਜਪ ਦਾ ਪਾਠ ਹੈ।

ਇਸ ਦਾ ਇਕ ਨਾਂ 'ਸਾਵਿਤ੍ਰੀ' ਵੀ ਹੈ। ਇਸ ਨਾਂ ਬਾਰੇ 'ਪਦਮ ਪੁਰਾਣ' ਵਿਚ ਲਿਖਿਆ ਹੈ ਕਿ ਇਕ ਵਾਰ ਯੱਗ ਕਰਨ ਵਾਲੇ ਬ੍ਰਹਮਾ ਨੇ ਆਪਣੀ ਅਰਧਾਂਗਿਨੀ ਨੂੰ ਬੁਲਾਉਣ ਲਈ ਇੰਦਰ ਨੂੰ ਭੇਜਿਆ। ਪਰ ਆਪਣੀਆਂ ਸਹੇਲੀਆਂ ਤੋਂ ਬਿਨਾ ਆਉਣ ਤੋਂ ਸਾਵਿਤ੍ਰੀ ਨੇ ਨਾਂਹ ਕਰ ਦਿੱਤੀ। ਤਾਂ ਇੰਦਰ ਨੇ ਬ੍ਰਹਮਾ ਦੇ ਆਦੇਸ਼ ਅਨੁਸਾਰ ਮਾਤ-ਲੋਕ ਤੋਂ ਗਾਯਤ੍ਰੀ ਨਾਂ ਦੀ ਇਕ ਗਵਾਲਨ ਲਿਆਉਂਦੀ ਜਿਸ ਨਾਲ ਬ੍ਰਹਮਾ ਨੇ ਗੰਧਰਵ ਵਿਆਹ ਕਰਕੇ ਯੱਗ ਦੀ ਮਰਯਾਦਾ ਪੂਰੀ ਕੀਤੀ। ਇਸ ਤਰ੍ਹਾਂ ਗਾਯਤ੍ਰੀ 'ਸਾਵਿਤ੍ਰੀ' ਨਾਂ ਨਾਲ ਵੀ ਜਾਣੀ ਜਾਣ ਲਗੀ।

ਗਾਯਤ੍ਰੀ ਮੰਤ੍ਰ ਦੇ ਤਿੰਨ ਚਰਣ ਕਿਉਂ ਹਨ, ਇਸ ਬਾਰੇ ਰਵਾਇਤ ਹੈ ਕਿ ਵਿਸ਼ਵਾਮਿਤਰ ਵਸਿਸ਼ਠ ਮੁਨੀ ਦੇ ਪੁੱਤਰਾਂ ਨੂੰ ਮਾਰਨ ਦਾ ਪਾਪ ਗਾਯਤ੍ਰੀ ਮੰਤ੍ਰ ਦੇ ਜਪ ਨਾਲ ਦੂਰ ਕਰ ਲੈਂਦਾ ਸੀ। ਇਸ ਦੀ ਪ੍ਰਤਿਕ੍ਰਿਆ ਵਜੋਂ ਵਸਿਸ਼ਠ ਨੇ ਇਸ ਮੰਤ੍ਰ ਦਾ ਇਕ ਚਰਣ ਭੰਗ ਕਰ ਦਿੱਤਾ ਜਿਸ ਕਰਕੇ ਇਸ ਦੀ ਸ਼ਕਤੀ ਘਟ ਗਈ।

ਗਾਯਤ੍ਰੀ ਬਾਰੇ ਇਹ ਕਥਾ ਵੀ ਪ੍ਰਚਲਿਤ ਹੈ ਕਿ ਬ੍ਰਹਮਾ ਦੀ ਪਤਨੀ ਹੋਣ ਨਾਤੇ ਜਦੋਂ ਗਾਯਤ੍ਰੀ ਨੂੰ ਹੰਕਾਰ ਹੋ ਗਿਆ ਤਾਂ ਇਹ ਗਊ ਦੀ ਜੂਨ ਵਿਚ ਪੈ ਗਈ ਅਤੇ ਜਦੋਂ ਇਕ ਵਾਰ ਉਹ ਲਧੇ ਜੱਟ ਦੇ ਖੇਤ ਵਿਚ ਚਰ ਰਹੀ ਸੀ ਤਾਂ ਜੱਟ ਨੇ ਉਸ ਦੀ ਡਾਂਗ ਨਾਲ ਲਤ ਭੰਨ ਦਿੱਤੀ। ਇਸ ਬਾਰੇ ਨਾਮਦੇਵ ਜੀ ਨੇ ਕਿਹਾ ਹੈ—'ਪਾਂਡੇ ਤੁਮਰੀ ਗਾਇਤ੍ਰੀ, ਲੋਧੇ ਕਾ ਖੇਤੁ ਖਾਤੀ ਥੀ।/ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ' (ਅ. ਗ੍ਰੰ. 875)। ਗੁਰੂ ਅਮਰਦਾਸ ਨੇ ਸਤਿ ਸਰੂਪ ਪਰਮਾਤਮਾ ਦੀ ਵਾਸਤਵਿਕਤਾ ਤੋਂ ਬਿਨਾ ਸੰਧਿਆ, ਤਰਪਣ ਅਤੇ ਗਾਇਤ੍ਰੀ ਜਪ ਵਿਅਰਥ ਦਸੇ ਸਨ—'ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ' (ਅ. ਗ੍ਰੰ. 603)।

ਗਾਂਗੇਯ : ਰਾਜਾ ਸ਼ਾਂਤਨੂ ਦੇ ਘਰ ਗੰਗਾ ਦੀ ਕੁੱਖੋਂ ਪੈਦਾ ਹੋਇਆ ਇਕ ਬਾਲਕ। ਇਕ ਵਾਰ ਸ਼ਾਂਤਨੂ ਨੇ ਗੰਗਾ ਦੇ ਕੰਢੇ ਜਾ ਕੇ ਵੇਖਿਆ ਕਿ ਉਸ ਦੀ ਧਾਰਾ ਬੜੀ ਹਲਕੀ ਹੈ ਕਿਉਂਕਿ ਉਥੇ ਕੋਈ ਬਾਲਕ ਦੈਵੀ ਸ਼ਸਤ੍ਰਾਂ-ਅਸਤ੍ਰਾਂ ਦਾ ਅਭਿਆਸ ਕਰ ਰਿਹਾ ਸੀ। ਉਦੋਂ ਹੀ ਗੰਗਾ ਨੇ ਪ੍ਰਗਟ ਹੋ ਕੇ ਸ਼ਾਂਤਨੂ ਨੂੰ ਦਸਿਆ ਕਿ ਇਹ ਬਾਲਕ ਉਸ ਦਾ ਆਪਣਾ ਪੁੱਤਰ ਗੰਗਾਦੱਤ ਜਾਂ ਦੇਵਵ੍ਰਤ ਹੈ। ਗੰਗਾ ਤੋਂ ਪੈਦਾ ਹੋਣ ਜਾਂ ਸੰਬੰਧਿਤ ਹੋਣ ਕਾਰਣ ਹੀ ਇਸ ਦਾ ਇਕ ਨਾਮਾਂਤਰ 'ਗਾਂਗੇਵ' ਪ੍ਰਸਿੱਧ ਹੋਇਆ।

ਗੰਗਾ ਦੇ ਚੱਲਣ ਤੇ ਰਾਜਾ ਸ਼ਾਂਤਨੂ ਉਸ ਵੀਰ ਬਾਲਕ ਨੂੰ ਆਪਣੇ ਨਗਰ ਵਿਚ ਲੈ ਆਇਆ ਅਤੇ ਯੁਵਰਾਜ ਬਣਾਇਆ। ਬਾਦ ਵਿਚ ਰਾਜਾ ਇਕ ਭੀਲ ਕੰਨਿਆ ਸਤ੍ਯਵਤੀ ਉਤੇ ਮੋਹਿਤ ਹੋ ਗਿਆ। ਭੀਲ ਨੇ ਵਿਆਹ ਤੋਂ ਪਹਿਲਾਂ ਇਹ ਸ਼ਰਤ

ਰਖੀ ਕਿ ਸਤ੍ਯਵਤੀ ਤੋਂ ਪੈਦਾ ਹੋਇਆ ਪੁੱਤਰ ਹੀ ਯੁਵਰਾਜ-ਪਦ ਗ੍ਰਹਿਣ ਕਰੇਗਾ। ਸ਼ਾਂਤਨੂ ਨਾ ਇਹ ਸ਼ਰਤ ਮੰਨ ਸਕਿਆ ਅਤੇ ਨਾ ਹੀ ਸਤ੍ਯਵਤੀ ਦਾ ਮੋਹ ਤਿਆਗ ਸਕਿਆ। ਜਦ ਦੇਵਵ੍ਰਤ ਨੂੰ ਪਤਾ ਲਗਾ ਤਾਂ ਉਹ ਤੁਰਤ ਭੀਲ ਕੋਲ ਗਿਆ ਅਤੇ ਪ੍ਰਤਿਗਿਆ ਕੀਤੀ ਕਿ ਉਹ ਨਾ ਵਿਆਹ ਕਰੇਗਾ ਅਤੇ ਨਾ ਹੀ ਰਾਜ ਗ੍ਰਹਿਣ ਕਰੇਗਾ। ਇਸ ਭੀਸ਼ਮ ਪ੍ਰਤਿਗਿਆ ਕਰਕੇ ਹੀ ਦੇਵਵ੍ਰਤ 'ਭੀਸ਼ਮ' ਨਾਂ ਨਾਲ ਪ੍ਰਸਿੱਧ ਹੋਇਆ। ਭੀਸ਼ਮ ਨੇ ਯਤਨ ਕਰਕੇ ਸ਼ਾਂਤਨੂ ਨਾਲ ਸਤ੍ਯਵਤੀ ਦਾ ਵਿਆਹ ਕਰਾਇਆ। ਸ਼ਾਂਤਨੂ ਨੇ ਪ੍ਰਸੰਨ ਹੋ ਕੇ ਭੀਸ਼ਮ ਨੂੰ ਮਨ-ਮਰਜ਼ੀ ਅਨੁਸਾਰ ਮਰਨ ਦਾ ਵਰਦਾਨ ਦਿੱਤਾ। ਸਤ੍ਯਵਤੀ ਨੇ ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ ਨਾਂ ਦੇ ਪੁੱਤਰਾਂ ਨੂੰ ਜਨਮ ਦਿੱਤਾ। ਸ਼ਾਂਤਨੂ ਦੀ ਮ੍ਰਿਤੂ ਤੋਂ ਬਾਦ ਚਿਤ੍ਰਾਂਗਦ ਇਕ ਗੰਧਰਵ ਹੱਥੋਂ ਮਾਰਿਆ ਗਿਆ ਅਤੇ ਵਿਚਿਤ੍ਰਵੀਰਯ ਰਾਜ-ਗੱਦੀ ਉਤੇ ਬੈਠਾ। ਭੀਸ਼ਮ ਰਾਜ ਦੀ ਦੇਖ-ਭਾਲ ਕਰਦਾ ਰਿਹਾ। ਵਿਚਿਤ੍ਰਵੀਰਯ ਦੇ ਘਰ ਧ੍ਰਿਤਰਾਸ਼ਟਰ ਅਤੇ ਪਾਂਡੂ ਨਾਂ ਦੇ ਪੁੱਤਰ ਪੈਦਾ ਹੋਏ ਜਿਨ੍ਹਾਂ ਤੋਂ ਕੌਰਵ ਅਤੇ ਪਾਂਡਵ ਖ਼ਾਨਦਾਨ ਚਲੇ।

ਪਾਂਡਵਾਂ ਪ੍ਰਤਿ ਕੌਰਵਾਂ ਦੇ ਮਾੜੇ ਸਲੂਕ ਕਰਕੇ ਯੁੱਧ ਦੀ ਸਥਿਤੀ ਪੈਦਾ ਹੋ ਗਈ। ਭੀਸ਼ਮ ਨੇ ਦੋਹਾਂ ਧਿਰਾਂ ਨੂੰ ਬਹੁਤ ਸਮਝਾਇਆ, ਪਰ ਹੋਣਹਾਰ ਨਾ ਟਲੀ। ਅੰਤ ਵਿਚ ਭੀਸ਼ਮ ਦੋ ਸ਼ਰਤਾਂ ਮੰਨਵਾ ਕੇ ਕੌਰਵਾਂ ਦਾ ਸੈਨਾਪਤੀ ਬਣਨ ਲਈ ਰਜ਼ਾਮੰਦ ਹੋਇਆ। ਇਕ ਸ਼ਰਤ ਇਹ ਕਿ ਉਹ ਕਿਸੇ ਪਾਂਡੂ-ਪੁੱਤਰ ਨੂੰ ਨਹੀਂ ਮਾਰੇਗਾ ਅਤੇ ਨਾ ਹੀ ਸ਼ਿਖੰਡੀ ਨੂੰ ਮਾਰੇਗਾ। ਦੂਜੀ ਇਹ ਕਿ ਉਹ ਜਦ ਤਕ ਲੜੇਗਾ, ਕਰਣ (ਅੰਗ-ਰਾਜ) ਯੁੱਧ ਵਿਚ ਸ਼ਾਮਲ ਨਹੀਂ ਹੋਏਗਾ। ਦੁਰਯੋਧਨ ਦੇ ਵਿਅੰਗ ਕਸਣ 'ਤੇ ਕਿ ਭੀਸ਼ਮ ਪਾਂਡਵਾਂ ਦਾ ਪੱਖ ਪੂਰ ਰਿਹਾ ਹੈ, ਭੀਸ਼ਮ ਯੁੱਧ-ਭੂਮੀ ਵਿਚ ਡਟ ਗਿਆ। ਨੌਂ ਦਿਨ ਭਿਆਨਕ ਯੁੱਧ ਹੋਇਆ। ਕਿਸੇ ਤਰ੍ਹਾਂ ਵੀ ਯੁੱਧ-ਭੂਮੀ ਤੋਂ ਨਾ ਟਲਣ ਵਾਲੇ ਭੀਸ਼ਮ ਨੂੰ ਮਾਰਨ ਲਈ ਕ੍ਰਿਸ਼ਣ ਨੇ ਸਲਾਹ ਕਰਕੇ ਭੀਸ਼ਮ ਤੋਂ ਹੀ ਇਸ ਦਾ ਉਪਾ ਪੁਛਿਆ। ਅੰਤ ਵਿਚ ਅਰਜੁਨ ਨੇ ਸ਼ਿਖੰਡੀ ਦੀ ਓਟ ਲੈ ਕੇ ਭੀਸ਼ਮ ਦਾ ਸ਼ਰੀਰ ਤੀਰਾਂ ਨਾਲ ਵਿੰਨ੍ਹ ਸੁਟਿਆ ਅਤੇ ਉਹ ਯੁੱਧ-ਭੂਮੀ ਵਿਚ ਹੀ ਬਾਣਾਂ ਦੀ ਸੇਜ ਉਤੇ ਲੇਟ ਗਿਆ। ਬਾਵਾ ਬਲਵੰਤ ਨੇ 'ਹਮਦਰਦਣ ਨੂੰ' ਨਾਂ ਦੀ ਕਵਿਤਾ ਵਿਚ ਸੰਕੇਤ ਕੀਤਾ ਹੈ—'ਤੁਰਨ ਦੇ ਜਜ਼ਬੇ ਉਮੰਗੀ ਬਿਜਲੀਆਂ ਦੇ ਤੇਜ ਤੇ,/ਰਹਿਣ ਦੇ ਭੀਸ਼ਮ ਨੂੰ ਤੀਖਣ ਬਰਛੀਆਂ ਦੀ ਸੇਜ ਤੇ।'

ਲਗਭਗ 58 ਦਿਨ ਬਾਣਾਂ ਦੀ ਸੇਜ ਉਤੇ ਲੇਟਣ ਉਪਰੰਤ ਭੀਸ਼ਮ ਨੇ ਆਪਣੀ ਮਰਜ਼ੀ ਅਨੁਸਾਰ ਪ੍ਰਾਣ ਤਿਆਗੇ। ਕੌਰਵਾਂ ਅਤੇ ਪਾਂਡਵਾਂ ਵਿਚ ਸਭ ਤੋਂ ਉਮਰ ਅਤੇ ਰਿਸ਼ਤੇ ਵਿਚ ਵੱਡਾ ਹੋਣ ਕਾਰਣ ਉਸ ਨੂੰ 'ਪਿਤਾਮਾ' ਵੀ ਕਿਹਾ ਜਾਂਦਾ ਸੀ।

ਆਪਣੇ ਤਪ, ਤਿਆਗ ਅਤੇ ਪ੍ਰਤਿਗਿਆ-ਪਾਲਨ ਦੇ ਗੌਰਵ ਕਰਕੇ ਭੀਸ਼ਮ ਦਾ ਨਾਂ ਭਾਰਤੀ ਧਰਮ ਅਤੇ ਸਾਹਿੱਤ ਵਿਚ ਆਦਰ ਨਾਲ ਲਿਆ ਜਾਂਦਾ ਹੈ। ਭੱਟਾਂ ਦੇ ਸਵੈਯਾਂ ਵਿਚ ਭੀਸ਼ਮ ਦੀ ਗੌਰਵਤਾ ਦਾ ਕਾਰਣ ਉਸ ਵਲੋਂ ਨਾਮ-ਸਾਧਨਾ ਦਾ ਫਲ ਹੈ—'ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ, ਜਤੀ ਤਪੀਸਰੁ ਮਨਿ ਵਸਿਆ।/ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ, ਚਰਣ ਚਿਤ ਅੰਮ੍ਰਿਤ ਰਸਿਆ' (ਅ. ਗ੍ਰੰ. 1393)।

ਗਾਂਧਾਰੀ : 'ਮਹਾਭਾਰਤ' (ਆਦਿ ਅਤੇ ਸ਼ਲ੍ਯ ਪਰਵ) ਅਨੁਸਾਰ ਗਾਂਧਾਰ ਦੇ ਰਾਜਾ ਸੁਬਲ ਦੀ ਪੁੱਤਰੀ ਦਾ ਨਾਂ ਗਾਂਧਾਰੀ ਸੀ। ਉਸ ਨੇ ਸ਼ਿਵ ਨੂੰ ਪ੍ਰਸੰਨ ਕਰਕੇ ਸੌ ਪੁੱਤਰਾਂ ਦਾ ਵਰਦਾਨ ਪ੍ਰਾਪਤ ਕੀਤਾ। ਭੀਸ਼ਮ ਨੇ ਧ੍ਰਿਤਰਾਸ਼ਟਰ ਦਾ ਵਿਆਹ ਗਾਂਧਾਰੀ ਨਾਲ ਕੀਤਾ। ਜਦੋਂ ਗਾਂਧਾਰੀ ਨੇ ਸੁਣਿਆ ਕਿ ਧ੍ਰਿਤਰਾਸ਼ਟਰ ਅੰਨ੍ਹਾ ਹੈ ਤਾਂ ਉਸ ਨੇ ਵੀ ਪਤੀਬ੍ਰਤ ਧਰਮ ਦੀ ਪਾਲਣਾ ਲਈ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਲਈ।

ਇਕ ਵਾਰ ਵਿਆਸ ਰਿਸ਼ੀ ਦੀ ਸੇਵਾ ਕਰਨ ਤੇ ਵਿਆਸ ਨੇ ਗਾਂਧਾਰੀ ਨੂੰ ਸੌ ਪੁੱਤਰਾਂ ਦਾ ਵਰਦਾਨ ਦਿੱਤਾ। ਗਾਂਧਾਰੀ ਨੂੰ ਗਰਭ ਧਾਰਣ ਕੀਤਿਆਂ ਦੋ ਵਰ੍ਹੇ ਹੋ ਗਏ, ਪਰ ਕਿਸੇ ਸੰਤਾਨ ਦਾ ਜਨਮ ਨਾ ਹੋਇਆ, ਜਦ ਕਿ ਕੁੰਤੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਸੀ। ਗਾਂਧਾਰੀ ਨੇ ਈਰਖਾ ਵਸ ਆਪਣੇ ਪੇਟ ਉਤੇ ਮੁੱਕਾ ਮਾਰਿਆ। ਫਲਸਰੂਪ ਉਸ ਦੇ ਪੇਟ ਵਿਚੋਂ ਇਕ ਮਾਸ ਦਾ ਲੋਥੜਾ ਨਿਕਲਿਆ। ਉਦੋਂ ਉਥੇ ਆਏ ਵਿਆਸ ਨੂੰ ਗਾਂਧਾਰੀ ਨੇ ਸਾਰੀ ਗੱਲ ਦਸੀ। ਵਿਆਸ ਨੇ ਇਕ ਸੌ ਇਕ ਮਟਕੇ ਮੰਗਵਾ ਕੇ ਉਨ੍ਹਾਂ ਨੂੰ ਗੁਪਤ ਸਥਾਨ ਵਿਚ ਰਖਵਾਇਆ ਅਤੇ ਮਾਸ ਦੇ ਲੋਥੜੇ ਦੇ ਇਕ ਸੌ ਇਕ ਟੁਕੜੇ ਕਰਕੇ ਹਰ ਇਕ ਮਟਕੇ ਵਿਚ ਇਕ-ਇਕ ਰਖਵਾਇਆ। ਕਾਲਾਂਤਰ ਵਿਚ ਉਨ੍ਹਾਂ ਮਟਕਿਆਂ ਤੋਂ ਛੱਪਣੀਆਂ ਉਤਾਰਨ ਤੇ ਇਕ-ਇਕ ਬਾਲਕ ਨੇ ਜਨਮ ਲਿਆ। ਅੰਤਿਮ ਮਟਕੇ ਵਿਚੋਂ ਲੜਕੀ ਪੈਦਾ ਹੋਈ ਜਿਸ ਦਾ ਨਾਂ 'ਦੁੱਸ਼ਲਾ' ਰਖਿਆ ਗਿਆ ਅਤੇ ਜਯਦ੍ਰਥ ਨਾਲ ਉਸ ਦਾ ਵਿਆਹ ਹੋਇਆ। ਪਹਿਲੇ ਮਟਕੇ ਵਿਚੋਂ ਦੁਰਯੋਧਨ ਪੈਦਾ ਹੋਇਆ। ਉਸ ਵੇਲੇ ਹੋਏ ਮਾੜੇ ਸ਼ਗਨਾਂ ਕਰਕੇ ਪੰਡਿਤਾਂ ਨੇ ਬਾਲਕ ਨੂੰ ਤਿਆਗਣ ਦੀ ਸਲਾਹ ਦਿੱਤੀ। ਪਰ ਮੋਹ ਵਸ ਧ੍ਰਿਤਰਾਸ਼ਟਰ ਅਤੇ ਗਾਂਧਾਰੀ ਉਸ ਨੂੰ ਤਿਆਗ ਨਾ ਸਕੇ।

ਮਹਾਭਾਰਤ ਦੇ ਯੁੱਧ ਉਪਰੰਤ ਗਾਂਧਾਰੀ ਪਾਂਡਵਾਂ 'ਤੇ ਬਹੁਤ ਨਾਰਾਜ਼ ਸੀ, ਪਰ ਵਿਆਸ ਦੇ ਸਮਝਾਉਣ ਤੇ ਉਸ ਨੇ ਪਾਂਡਵਾਂ ਨੂੰ ਮਾਫ਼ ਕਰ ਦਿੱਤਾ ਪਰ ਸ੍ਰੀ ਕ੍ਰਿਸ਼ਣ ਨੂੰ ਸਰਾਪ ਦਿੱਤਾ ਕਿ ਸਾਰੇ ਯਾਦਵ ਆਪਸ ਵਿਚ ਲੜ ਕੇ ਮਰ ਜਾਣ ਅਤੇ ਕ੍ਰਿਸ਼ਣ ਦੀ ਮ੍ਰਿਤੂ ਬੜੇ ਅਸ਼ੋਭਨੀਕ ਢੰਗ ਨਾਲ ਜੰਗਲ ਵਿਚ ਹੋਵੇ। ਸਰਾਪ ਦਾ ਕਾਰਣ ਇਹ ਦਸਿਆ ਕਿ ਕ੍ਰਿਸ਼ਣ ਕੌਰਵਾਂ-ਪਾਂਡਵਾਂ ਦੀ ਲੜਾਈ ਰੋਕਣ ਦੇ ਸਮਰਥ ਸਨ, ਪਰ ਉਨ੍ਹਾਂ ਨੇ ਅਜਿਹਾ ਨਾ ਕੀਤਾ ਜਿਸ ਕਰਕੇ ਕੁਰੂ ਵੰਸ਼ ਨਾਸ ਹੋ ਗਿਆ।

ਆਖ਼ੀਰਲੀ ਉਮਰ ਵਿਚ ਧ੍ਰਿਤਰਾਸ਼ਟਰ ਅਤੇ ਗਾਂਧਾਰੀ ਜੰਗਲ ਵਿਚ ਰਹਿਣ ਲਗੇ। ਇਕ ਵਾਰ ਜੰਗਲ ਵਿਚ ਲਗੀ ਅੱਗ ਨੇ ਇਤਨਾ ਭਿਆਨਕ ਰੂਪ ਧਾਰਣ ਕਰ ਲਿਆ ਕਿ ਇਹ ਦੋਵੇਂ ਉਸ ਵਿਚ ਸੜ ਮੋਏ। ਗਾਂਧਾਰੀ ਦੇ ਸਰਵੰ-ਤਿਆਗ ਵਲ ਇਸ਼ਾਰਾ ਕਰਦਿਆਂ ਕਵੀ ਕੇਦਾਰ ਨਾਥ 'ਬਾਗੀ' ਨੇ ਭਾਰਤੀ ਨਾਰੀ ਨੂੰ ਸੰਬੋਧਨ ਕੀਤਾ ਹੈ—'ਪੂਰਬ ਦੀ ਆਗੂ ਕੁੜੀਏ ਨੀ,/ਪੱਛਮ ਦੇ ਪਿਛੇ ਜਾਵੀਂ ਨਾ।/...ਗਾਂਧਰੀਏ ਤਾਰਾ-ਰਾਣੀ ਜਹੇ,/ ਤਾਰੇ ਦੀ ਆਬ ਗਵਾਈਂ ਨਾ।'

ਗਾਂਧੀ, ਮਹਾਤਮਾ : ਭਾਰਤ ਦੇਸ਼ ਦੇ ਰਾਸ਼ਟਰ-ਪਿਤਾ ਵਜੋਂ ਪ੍ਰਤਿਸ਼ਠਿਤ ਮੋਹਨਚੰਦ ਕਰਮਚੰਦ ਗਾਂਧੀ ਆਮ ਤੌਰ ਤੇ ਮਹਾਤਮਾ ਗਾਂਧੀ ਦੇ ਨਾਂ ਨਾਲ ਜਾਣੇ ਜਾਂਦੇ ਹਨ। ਭਾਰਤ ਦੀ ਆਜ਼ਾਦੀ ਲਈ ਕੀਤੇ ਗਏ ਕਾਂਗ੍ਰਸ ਦੇ ਅੰਦੋਲਨ ਵਿਚ ਇਨ੍ਹਾਂ ਨੇ ਮਹੱਤਵ-

ਪੂਰਣ ਭੂਮਿਕਾ ਨਿਭਾਈ ਹੈ। ਭਾਰਤ ਦੇ ਰਾਜਨੈਤਿਕ ਹੀ ਨਹੀਂ, ਸਮਾਜਿਕ, ਧਾਰਮਿਕ, ਨੈਤਿਕ, ਆਰਥਿਕ ਆਦਿ ਖੇਤਰਾਂ ਵਿਚ ਵੀ ਇਸ ਸ਼ਖ਼ਸੀਅਤ ਦਾ ਵਿਸ਼ੇਸ਼ ਪ੍ਰਭਾਵ ਅਤੇ ਯੋਗਦਾਨ ਰਿਹਾ ਹੈ।

ਗਾਂਧੀ ਦਾ ਜਨਮ 2 ਅਕਤੂਬਰ, 1869 ਈ. ਨੂੰ ਪੋਰਬੰਦਰ (ਕਾਠੀਆਵਾੜ) ਵਿਚ ਹੋਇਆ। ਇਨ੍ਹਾਂ ਦੇ ਪਿਤਾ ਕਰਮਚੰਦ ਗਾਂਧੀ ਉਦੋਂ ਪੋਰਬੰਦਰ ਵਿਚ ਦੀਵਾਨ ਸਨ। ਇਨ੍ਹਾਂ ਨੇ ਸੰਨ 1887 ਈ. ਵਿਚ ਦਸਵੀਂ ਪਾਸ ਕੀਤੀ, ਫਿਰ ਸ਼ਿਆਮਲਦਾਸ ਕਾਲਜ ਭਾਵਨਗਰ ਵਿਚ ਦਾਖ਼ਲ ਹੋਏ। ਸੰਨ 1888 ਈ. ਵਿਚ ਇਹ ਵਕਾਲਤ ਪੜ੍ਹਨ ਲਈ ਵਲਾਇਤ ਗਏ। ਸੰਨ 1891 ਈ. ਵਿਚ ਬੈਰਿਸਟਰੀ ਦੀ ਪਰੀਖਿਆ ਪਾਸ ਕਰਕੇ ਦੇਸ਼ ਪਰਤੇ। ਵਕਾਲਤ ਦਾ ਕੰਮ ਸ਼ੁਰੂ ਕੀਤਾ ਪਰ ਸੰਨ 1893 ਈ. ਵਿਚ ਸੇਠ ਅਬਦੁਲ ਕਰੀਮ ਜਵੇਰੀ ਨਾਲ ਦੱਖਣੀ ਅਫ਼ਰੀਕਾ ਚਲੇ ਗਏ। ਉਥੋਂ ਦੇ ਭਾਰਤੀਆਂ ਦੀ ਸਥਿਤੀ ਵਿਚ ਸੁਧਾਰ ਲਿਆਉਣ ਲਈ ਸੰਨ 1894 ਈ. ਵਿਚ ਨੇਟਾਲ ਇੰਡੀਅਨ ਕਾਂਗ੍ਰਸ ਦੀ ਸਥਾਪਨਾ ਕੀਤੀ। ਸੰਨ 1901 ਈ. ਵਿਚ ਭਾਰਤੀ ਰਾਸ਼ਟਰੀ ਕਾਂਗ੍ਰਸ ਦੇ ਕਲਕੱਤਾ ਸਮਾਗਮ ਵਿਚ ਸ਼ਾਮਲ ਹੋਏ ਅਤੇ ਹੋਰ ਕਈ ਸੁਧਾਰਵਾਦੀ ਅਤੇ ਮਾਨਵਤਾਵਾਦੀ ਕਾਰਜਾਂ ਵਿਚ ਹਿੱਸਾ ਪਾਇਆ। ਅਫ਼ਰੀਕਾ ਵਿਚ ਸੰਨ 1914 ਈ. ਤਕ ਇਨ੍ਹਾਂ ਨੇ ਅਨੇਕ ਅੰਦੋਲਨਾਂ ਵਿਚ ਆਪਣਾ ਯੋਗਦਾਨ ਪਾਇਆ।

ਸੰਨ 1915 ਈ. ਵਿਚ ਗਾਂਧੀ ਜੀ ਭਾਰਤ ਪਰਤੇ। ਸਰਕਾਰ ਨੇ ਇਨ੍ਹਾਂ ਨੂੰ 'ਕੈਸਰੇ-ਹਿੰਦ' ਦਾ ਪਦਕ ਪ੍ਰਦਾਨ ਕੀਤਾ। ਭਾਰਤ ਵਿਚ ਇਨ੍ਹਾਂ ਦਾ ਸਭ ਤੋਂ ਪਹਿਲਾਂ ਮਹੱਤਵ-ਪੂਰਣ ਕਾਰਜ ਚੰਪਾਰਨ ਦੇ ਕਿਸਾਨਾਂ ਅਤੇ ਮਿਲ-ਮਜ਼ਦੂਰਾਂ ਦੀ ਅਗਵਾਈ ਕਰਕੇ ਉਨ੍ਹਾਂ ਦੇ ਹੱਕ ਦਿਵਾਉਣਾ ਸੀ। ਇਸੇ ਦੌਰਾਨ ਇਨ੍ਹਾਂ ਨੇ ਸਾਬਰਮਤੀ ਆਸ਼੍ਰਮ ਦੀ ਨੀਂਹ ਰਖੀ। ਪਹਿਲੇ ਵਿਸ਼ਵ-ਯੁੱਧ ਵਿਚ ਭਰਤੀ ਦੁਆਰਾ ਅੰਗ੍ਰੇਜ਼ ਸਰਕਾਰ ਦੀ ਮੱਦਦ ਕੀਤੀ। ਪਰ ਵਿਸ਼ਵ-ਯੁੱਧ ਦੀ ਸਮਾਪਤੀ ਉਪਰੰਤ ਭਾਰਤੀਆਂ ਦੇ ਅਧਿਕਾਰ ਘਟਾਉਣ ਲਈ ਰੋਲਟ ਬਿਲ ਪਾਸ ਹੋਇਆ। ਇਸ ਦਾ ਇਨ੍ਹਾਂ ਵਲੋਂ ਡੱਟ ਕੇ ਵਿਰੋਧ ਕੀਤਾ ਗਿਆ। ਸੰਨ 1920 ਈ. ਵਿਚ ਨਾਗਪੁਰ ਕਾਂਗ੍ਰਸ ਵਿਚ ਗਾਂਧੀ ਜੀ ਨੇ ਅਸਹਿਯੋਗ ਅੰਦੋਲਨ ਦਾ ਕਾਰਜਕ੍ਰਮ ਪੇਸ਼ ਕੀਤਾ ਜੋ ਪ੍ਰਵਾਨ ਕਰ ਲਿਆ ਗਿਆ। ਸੰਨ 1921 ਈ. ਵਿਚ ਅਹਿਮਦਾਬਾਦ ਵਿਚ ਹੋਏ ਕਾਂਗ੍ਰਸ ਦੇ ਇਜਲਾਸ ਵਿਚ ਇਨ੍ਹਾਂ ਨੂੰ ਇਸ ਅੰਦੋਲਨ ਦਾ ਡਿਕਟੇਟਰ ਬਣਾਇਆ ਗਿਆ ਪਰ ਕੁਝ ਹਿੰਸਕ ਕਾਰਵਾਈਆਂ ਹੋ ਜਾਣ ਕਾਰਣ ਅੰਦੋਲਨ ਮੁਲਤਵੀ ਕਰ ਦਿੱਤਾ ਗਿਆ। 10 ਮਾਰਚ, 1922 ਈ. ਨੂੰ ਗਾਂਧੀ ਜੀ ਨੂੰ ਰਾਜ-ਧ੍ਰੋਹ ਦੇ ਜੁਰਮ ਵਿਚ ਪਕੜ ਲਿਆ ਗਿਆ। ਸੰਨ 1924 ਈ. ਵਿਚ ਹਿੰਦੂ-ਮੁਸਲਿਮ ਏਕਤਾ ਲਈ 21 ਦਿਨ ਮਰਨ-ਵਰਤ ਰਖਿਆ।

ਸੰਨ 1929 ਈ. ਵਿਚ ਸਾਈਮਨ ਕਮਿਸ਼ਨ ਭਾਰਤ ਆਇਆ। ਉਸ ਦਾ ਕਠੋਰ ਵਿਰੋਧ ਕਰਨ ਲਈ ਗਾਂਧੀ ਜੀ ਨੇ ਜਨਤਾ ਨੂੰ ਉਚਿਤ ਅਗਵਾਈ ਦਿੱਤੀ। 31 ਦਸੰਬਰ, 1929 ਈ. ਨੂੰ ਲਾਹੌਰ ਵਿਚ ਹੋਈ ਕਾਂਗ੍ਰਸ ਦੀ ਕਾਨਫ਼੍ਰੰਸ ਵਿਚ ਪੂਰਣ ਸੁਤੰਤਰਤਾ ਦਾ ਪ੍ਰਸਤਾਵ ਰਖਿਆ ਗਿਆ। ਗਾਂਧੀ ਜੀ ਨੂੰ ਇਸ ਉੱਦੇਸ਼ ਦੀ ਪ੍ਰਾਪਤੀ ਲਈ ਸਰਵ-ਸਾਂਝਾ

ਨੇਤਾ ਚੁਣਿਆ ਗਿਆ। ਸੰਨ 1930 ਈ. ਵਿਚ ਨਮਕ-ਅੰਦੋਲਨ ਸ਼ੁਰੂ ਹੋਇਆ। ਇਸ ਅੰਦੋਲਨ ਨਾਲ ਵਿਆਪਕ ਜਨ-ਚੇਤਨਾ ਪੈਦਾ ਹੋਈ। ਹੜਤਾਲਾਂ ਹੋਈਆਂ, ਜਲੂਸ ਕੱਢੇ ਗਏ। ਸਰਕਾਰ ਵਲੋਂ ਵੀ ਅਨੇਕ ਦਮਨਕਾਰੀ ਕਦਮ ਚੁੱਕੇ ਗਏ। ਸੰਨ 1931 ਈ. ਵਿਚ 'ਗਾਂਧੀ ਇਰਵਿਨ ਸਮਝੌਤਾ' ਹੋਇਆ। ਇਸੇ ਦੌਰਾਨ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ। ਕਾਂਗ੍ਰਸ ਵਿਚ ਗਾਂਧੀ ਜੀ ਦੇ ਨਰਮ ਦਲ ਦੇ ਨਾਲ-ਨਾਲ ਗਰਮ ਦਲ ਵੀ ਕਾਇਮ ਹੋ ਗਿਆ ਜਿਸ ਦਾ ਮੁੱਖੀ ਸੁਭਾਸ਼ਚੰਦ੍ਰ ਬੋਸ (ਵੇਖੋ) ਸੀ। ਕੁਝ ਹੋਰ ਵੱਡੇ ਨਿੱਕੇ ਅੰਦੋਲਨ ਚਲਦੇ ਰਹੇ। ਇਸੇ ਸਾਲ ਅਛੂਤਾਂ ਨਾਲ ਸੰਬੰਧਿਤ ਕੁਝ ਸਰਕਾਰੀ ਕਾਨੂੰਨ ਬਣਾਏ ਗਏ ਜਿਨ੍ਹਾਂ ਦਾ ਕਾਂਗ੍ਰਸ ਵਲੋਂ ਵਿਰੋਧ ਹੋਇਆ। ਇਸ ਉੱਦੇਸ਼ ਦੀ ਪੂਰਤੀ ਲਈ ਸੰਨ 1933 ਈ. ਵਿਚ ਗਾਂਧੀ ਜੀ ਨੇ 21 ਦਿਨਾਂ ਦਾ ਵਰਤ ਰਖਿਆ ਅਤੇ ਹਰਿਜਨਾਂ ਦੇ ਉੱਧਾਰ ਲਈ ਕਈ ਠੋਸ ਕਾਰਜ ਕੀਤੇ। ਸੰਨ 1934 ਈ. ਵਿਚ ਬਿਹਾਰ ਵਿਚ ਆਏ ਭੂਚਾਲ ਵੇਲੇ ਪੀੜਤਾਂ ਦੀ ਬਹੁਤ ਸਹਾਇਤਾ ਕੀਤੀ।

ਸੰਨ 1937 ਈ. ਵਿਚ ਪ੍ਰਾਂਤਕ ਵਿਧਾਇਕ ਸਭਾਵਾਂ ਦੀਆਂ ਚੋਣਾਂ ਵਿਚ ਕਾਂਗ੍ਰਸ ਦੀ ਜਿੱਤ ਹੋਈ ਅਤੇ 11 ਵਿਚੋਂ 9 ਪ੍ਰਾਂਤਾਂ ਵਿਚ ਕਾਂਗ੍ਰਸ ਸਰਕਾਰਾਂ ਕਾਇਮ ਹੋਈਆਂ। ਇਨ੍ਹਾਂ ਸਾਰੇ ਮੰਤਰੀ-ਮੰਡਲਾਂ ਦੇ ਮਹਾਤਮਾ ਗਾਂਧੀ ਗ਼ੈਰ-ਸਰਕਾਰੀ ਸਲਾਹਕਾਰ ਬਣਾਏ ਗਏ। ਸੰਨ 1939 ਈ. ਵਿਚ ਦੂਜਾ ਵਿਸ਼ਵ-ਯੁੱਧ ਸ਼ੁਰੂ ਹੋਇਆ। ਵਾਇਸਰਾਇ ਦੇ ਰੁਖੇ ਅਤੇ ਅਨੁਦਾਰ ਵਿਵਹਾਰ ਕਾਰਣ ਕਾਂਗ੍ਰਸ ਨੇ ਦੋ ਸਾਲ ਦੇ ਸ਼ਾਸਨ-ਕਾਲ ਤੋਂ ਬਾਦ ਤਿਆਗ-ਪੱਤਰ ਦੇ ਕੇ ਸਰਕਾਰਾਂ ਤੋੜ ਦਿੱਤੀਆਂ। ਸਤਿਆਗ੍ਰਹਿ ਸ਼ੁਰੂ ਹੋਇਆ ਜਿਸ ਕਰਕੇ ਹਜ਼ਾਰਾਂ ਵਿਅਕਤੀ ਪਕੜੇ ਗਏ। ਬਾਦ ਵਿਚ ਸਮਝੌਤੇ ਦੀ ਆਸ ਵਿਚ ਸਭ ਨੂੰ ਮੁਕਤ ਕਰ ਦਿੱਤਾ ਗਿਆ। ਸੰਨ 1942 ਈ. ਵਿਚ ਸਮਝੌਤੇ ਦਾ ਪ੍ਰਸਤਾਵ ਲੈ ਕੇ ਸਰ ਸਟੈਫਰਡ ਕ੍ਰਿਪਸ ਭਾਰਤ ਆਇਆ। ਉਸ ਨਾਲ ਕੋਈ ਸਮਝੌਤਾ ਨਾ ਹੋ ਸਕਿਆ।

ਇਸ ਤੋਂ ਬਾਦ 'ਭਾਰਤ ਛੋੜੋ' ਅੰਦੋਲਨ ਸ਼ੁਰੂ ਕੀਤਾ ਗਿਆ। ਗਾਂਧੀ ਜੀ ਸਮੇਤ ਹਜ਼ਾਰਾਂ ਲੋਕ ਕੈਦੀ ਬਣਾਏ ਗਏ। ਅਨੇਕ ਥਾਵਾਂ ਤੇ ਸਰਕਾਰ ਵਲੋਂ ਅਮਨ ਪ੍ਰਸਤ ਲੋਕਾਂ ਉਤੇ ਅਤਿਆਚਾਰ ਕੀਤੇ ਗਏ। 22 ਫ਼ਰਵਰੀ, 1944 ਈ. ਨੂੰ ਗਾਂਧੀ ਜੀ ਦੀ ਪਤਨੀ ਕਸਤੂਰਬਾ ਦਾ ਦੇਹਾਂਤ ਹੋਇਆ। ਕੁਝ ਸਮੇਂ ਬਾਦ ਵਿਸ਼ਵ-ਯੁੱਧ ਸਮਾਪਤ ਹੋਇਆ। ਪ੍ਰਾਂਤਿਕ ਅਤੇ ਕੇਂਦਰੀ ਧਾਰਾ-ਸਭਾਵਾਂ ਦੀਆਂ ਚੋਣਾਂ ਹੋਈਆਂ। ਕਾਂਗ੍ਰਸ ਨੂੰ ਬਹੁਤ ਅਧਿਕ ਸਫਲਤਾ ਮਿਲੀ। ਸੰਨ 1946 ਈ. ਵਿਚ ਇਕ ਬ੍ਰਿਟਿਸ਼ ਮੰਤਰੀ ਦਲ ਭਾਰਤ ਆਇਆ। ਵਿਸ਼ਵ-ਯੁੱਧ ਕਰਕੇ ਅੰਗ੍ਰੇਜ਼ ਸਰਕਾਰ ਦੀ ਆਰਥਿਕ ਸਥਿਤੀ ਬਹੁਤ ਡਾਂਵਾਂਡੋਲ ਹੋ ਚੁੱਕੀ ਸੀ। ਉਨ੍ਹਾਂ ਨੂੰ ਭਾਰਤ ਉਤੇ ਹਕੂਮਤ ਬਣਾਈ ਰਖਣ ਲਈ ਆਪਣੀ ਸ਼ਕਤੀ ਕਮਜ਼ੋਰ ਜਾਪਣ ਲਗੀ। ਇਸ ਲਈ ਉਨ੍ਹਾਂ ਨੇ ਭਾਰਤ ਛੱਡਣ ਦਾ ਮਨ ਬਣਾ ਲਿਆ। ਅਸਥਾਈ ਸੰਘ ਸਰਕਾਰ ਬਣਾਉਣ ਦਾ ਪ੍ਰਸਤਾਵ ਸਵੀਕਾਰ ਹੋਇਆ। ਪਰ ਕਾਂਗ੍ਰਸ ਨੇ ਅਸਥਾਈ ਸਰਕਾਰ ਵਾਲੀ ਯੋਜਨਾ ਨੂੰ ਨਾ ਮੰਨਿਆ ਅਤੇ 'ਸਿਧੀ ਕਾਰਵਾਈ'

ਕਰਨ ਦਾ ਫ਼ੈਸਲਾ ਕੀਤਾ। ਫਲਸਰੂਪ ਬੰਗਾਲ ਅਤੇ ਬਿਹਾਰ ਵਿਚ ਭਿਆਨਕ ਦੰਗੇ ਹੋਏ। ਇਨ੍ਹਾਂ ਦੰਗਿਆਂ ਨੂੰ ਠਲ੍ਹ ਪਾਉਣ ਲਈ ਗਾਂਧੀ ਜੀ ਉਥੇ ਗਏ। ਇਹ ਦੰਗੇ ਅਜੇ ਮਠੇ ਪਏ ਹੀ ਸਨ ਕਿ ਸੀਮਾ-ਪ੍ਰਾਂਤ ਅਤੇ ਪੰਜਾਬ ਵਿਚ ਸੰਪ੍ਰਦਾਇਕ ਦੰਗੇ ਸ਼ੁਰੂ ਹੋ ਗਏ। ਫਲਸਰੂਪ ਸ਼ਾਂਤੀ ਕਾਇਮ ਕਰਨ ਲਈ ਦੇਸ਼-ਵੰਡ ਦੀ ਮੰਗ ਨੂੰ ਸਵੀਕਾਰ ਕਰਨਾ ਪਿਆ ਅਤੇ 15 ਅਗਸਤ, 1947 ਈ. ਨੂੰ ਅੰਗ੍ਰੇਜ਼ਾਂ ਨੇ ਭਾਰਤ ਛਡ ਦਿੱਤਾ।

ਆਜ਼ਾਦੀ ਦੀ ਪ੍ਰਾਪਤੀ 'ਤੇ ਗਾਂਧੀ ਜੀ ਨੂੰ ਆਤਮਿਕ ਸ਼ਾਂਤੀ ਨਾ ਮਿਲੀ ਕਿਉਂਕਿ ਦੇਸ਼ ਦੀ ਵੰਡ ਇਨ੍ਹਾਂ ਲਈ ਅਸਹਿ ਸੀ। ਇਨ੍ਹਾਂ ਨੇ ਦਿੱਲੀ ਵਿਚ ਰਹਿ ਕੇ ਸ਼ਾਂਤੀ ਕਾਇਮ ਕਰਨ ਦੇ ਉੱਦਮ ਸ਼ੁਰੂ ਕੀਤੇ। ਇਸ ਉੱਦੇਸ਼ ਦੀ ਪੂਰਤੀ ਲਈ 13 ਜਨਵਰੀ, 1948 ਈ. ਨੂੰ ਇਨ੍ਹਾਂ ਨੇ ਮਰਨ-ਵਰਤ ਸ਼ੁਰੂ ਕੀਤਾ। 18 ਜਨਵਰੀ ਨੂੰ ਦੋਹਾਂ ਸੰਪ੍ਰਦਾਵਾਂ ਦੇ ਲੋਕਾਂ ਵੱਲੋਂ ਸ਼ਾਂਤੀ ਸਥਾਪਿਤ ਕਰਨ ਲਈ ਵਿਸ਼ਵਾਸ ਦਿਵਾਉਣ ਤੇ ਮਰਨ-ਵਰਤ ਛਡਿਆ ਗਿਆ। ਉਹ ਨਿੱਤ ਬਿਰਲਾ ਭਵਨ ਦੇ ਸਭਾ-ਮੰਡਪ ਤੋਂ ਸੰਪ੍ਰਦਾਇਕ ਸ਼ਾਂਤੀ ਲਈ ਪ੍ਰਵਚਨ ਦਿੰਦੇ ਰਹੇ। 30 ਜਨਵਰੀ ਨੂੰ ਸਭਾ-ਮੰਡਪ ਦੇ ਨੇੜੇ ਗਾਂਧੀ ਜੀ ਉਤੇ ਨਥੂ ਰਾਮ ਗੌਡਸੇ ਵਲੋਂ ਤਿੰਨ ਗੋਲੀਆਂ ਚਲਾਈਆਂ ਗਈਆਂ ਜਿਸ ਦੇ ਫਲਸਰੂਪ ਇਨ੍ਹਾਂ ਦੀ ਉਸੇ ਦਿਨ ਸ਼ਾਮ ਨੂੰ ਮ੍ਰਿਤੂ ਹੋ ਗਈ। 13 ਦਿਨਾਂ ਤਕ ਸਾਰੇ ਦੇਸ਼ ਵਿਚ ਸੋਗ ਮੰਨਾਇਆ ਗਿਆ।

ਗਾਂਧੀ ਜੀ ਨੇ ਇਕ ਯੁਗ ਪੁਰਸ਼ ਵਜੋਂ ਸਾਰੀ ਭਾਰਤੀ ਜਨਤਾ ਦੇ ਮਨ ਉਤੇ ਆਪਣੀ ਛਾਪ ਛਡੀ ਹੈ। ਬਾਹਰਲੇ ਦੇਸ਼ਾਂ ਵਿਚ ਵੀ ਗਾਂਧੀ ਜੀ ਦਾ ਅਪਾਰ ਆਦਰ ਅਤੇ ਸਤਿਕਾਰ ਰਿਹਾ ਹੈ। ਇਨ੍ਹਾਂ ਦਾ ਸਾਰਾ ਜੀਵਨ ਰਾਸ਼ਟਰੀਅਤਾ ਦੀ ਭਾਵਨਾ ਨਾਲ ਭਰਪੂਰ ਸੀ। ਜੋ ਵੀ ਕਦਮ ਇਨ੍ਹਾਂ ਨੇ ਚੁਕਿਆ, ਉਸ ਦਾ ਉੱਦੇਸ਼ ਰਾਸ਼ਟਰੀ ਹਿਤ ਹੀ ਰਿਹਾ। ਇਸ ਲਈ ਗਾਂਧੀ ਜੀ ਭਾਰਤੀ ਇਤਿਹਾਸ ਵਿਚ ਰਾਸ਼ਟਰੀਅਤਾ ਦੇ ਪ੍ਰਤੀਕ ਵਜੋਂ ਪ੍ਰਤਿਸ਼ਠਿਤ ਹੋਏ। ਸਤਿਕਾਰ ਵਜੋਂ ਇਨ੍ਹਾਂ ਨੂੰ ਰਾਸ਼ਟਰ-ਪਿਤਾ, ਮਹਾਤਮਾ ਅਤੇ ਬਾਪੂ ਵਜੋਂ ਸੰਬੋਧਨ ਕੀਤਾ ਜਾਂਦਾ ਹੈ। ਪੰਜਾਬੀ ਦੇ ਰਾਸ਼ਟਰੀ ਭਾਵਨਾ ਵਾਲੀ ਕਵਿਤਾ ਵਿਚ ਗਾਂਧੀ ਜੀ ਬਾਰੇ ਅਨੇਕ ਹਵਾਲੇ ਮਿਲਦੇ ਹਨ। ਡਾ. ਦੀਵਾਨਾ ਨੇ 'ਇਕੋਤਰ ਦਾ ਉਤਰ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਕਿਹੜੇ ਗਾਂਧੀ ਟੈਗੋਰ ਦਾ ਸਿਦਕ ਰਹਿਆ, ਕੀਹ ਦੀ ਪ੍ਰੇਮ ਫਾਸੀ ਨਹੀਂ ਫਸਿਆ ਮੈਂ'।

ਗਾਰਗੀ : ਇਕ ਪ੍ਰਸਿੱਧ ਵਿਦਵਾਨ ਇਸਤਰੀ ਜਿਸ ਦਾ ਉੱਲੇਖ 'ਬ੍ਰਿਹਦਾਰਣ੍ਯਕ ਉਪਨਿਸ਼ਦ' ਦੇ 'ਯਾਗ੍ਯਵਲੀਯ ਕਾਂਡ' ਵਿਚ ਹੋਇਆ ਹੈ। ਰਾਜਾ ਜਨਕ ਨੇ ਇਕ ਵਾਰ ਯੱਗ ਕੀਤਾ ਜਿਸ ਵਿਚ ਕੁਰੂ ਅਤੇ ਪਾਂਚਾਲ ਦੇਸ਼ ਦੇ ਬ੍ਰਾਹਮਣ ਇਕੱਠੇ ਹੋਏ ਸਨ। ਜਨਕ ਨੇ ਉਸ ਸਭਾ ਵਿਚ ਘੋਸ਼ਣਾ ਕੀਤੀ ਕਿ ਜੋ ਆਪਣੇ ਆਪ ਨੂੰ ਬ੍ਰਹਮ-ਗਿਆਨੀ ਸਿੱਧ ਕਰੇਗਾ, ਉਸ ਨੂੰ ਸੋਨੇ ਦੇ ਪਤਰਿਆਂ ਨਾਲ ਮੜ੍ਹੇ ਹੋਏ ਸਿੰਗਾਂ ਵਾਲੀਆਂ ਇਕ ਹਜ਼ਾਰ ਗਊਆਂ ਇਨਾਮ ਵਜੋਂ ਦਿੱਤੀਆਂ ਜਾਣਗੀਆਂ। ਇਸ ਚਣੌਤੀ ਨੂੰ ਸਵੀਕਾਰ ਕਰਨੋਂ ਸਾਰੇ ਬ੍ਰਾਹਮਣ ਸੰਕੋਚ ਕਰਨ ਲਗੇ, ਪਰ ਯਾਗ੍ਯਵਲਕ੍ਯ ਨੇ ਆਪਣੇ ਸ਼ਿਸ਼ ਨੂੰ ਆਸ਼੍ਰਮ ਵਲ ਗਊਆਂ ਹਕ ਲੈ ਜਾਣ ਲਈ ਆਗਿਆ ਦੇ ਦਿੱਤੀ। ਫਲਸਰੂਪ ਸਭਾ ਵਿਚ ਮੌਜੂਦ ਸਾਰੇ

ਵਿਦਵਾਨ ਉਸ ਉਤੇ ਪ੍ਰਸ਼ਨ ਕਰਨ ਲਗੇ । ਉਸ ਨੇ ਬੜੀ ਵਿਦਵਤਾ ਨਾਲ ਸਾਰਿਆਂ ਦਾ ਸ਼ੰਕਾ-ਸਮਾਧਾਨ ਕੀਤਾ ।

ਉਸ ਸਭਾ ਵਿਚ ਗਾਰਗੀ ਨਾਂ ਦੀ ਇਕ ਵਿਦਵਾਨ ਇਸਤਰੀ ਵੀ ਮੌਜੂਦ ਸੀ ਜਿਸ ਨੇ ਯਾਗ੍ਯਵਲ੍ਕਯ ਤੋਂ ਪ੍ਰਸ਼ਨ ਪੁਛੇ ਸਨ । ਉਸ ਦੇ ਪ੍ਰਸ਼ਨ ਬਹੁਤ ਕਠਿਨ ਸਨ । ਉਸ ਨੇ ਪੁਛਿਆ ਕਿ ਉਹ ਅੱਖਰ ਤੱਤ੍ਵ ਬ੍ਰਹਮ ਕੀ ਹੈ ਜਿਸ ਵਿਚ ਆਕਾਸ਼ ਆਦਿ ਸਾਰੀ ਸ੍ਰਿਸ਼ਟੀ ਸਮੋਈ ਹੋਈ ਹੈ ? ਯਾਗ੍ਯਵਲ੍ਕਯ ਜੇ ਇਸ ਪ੍ਰਸ਼ਨ ਦਾ ਉੱਤਰ ਦਿੰਦਾ ਹੋਇਆ ਅੱਖਰ ਤੱਤ੍ਵ ਦਾ ਵਰਣਨ ਕਰੇ ਤਾਂ ਅਵਾਚ੍ਯ ਦਾ ਵਰਣਨ ਕਰਨ ਦਾ ਦੋਸ਼ ਹੁੰਦਾ ਹੈ ਅਤੇ ਜੇ ਵਰਣਨ ਹੀ ਨਾ ਕਰੇ ਤਾਂ ਗਾਰਗੀ ਦੀ ਪੁਛ ਦਾ ਉੱਤਰ ਨਾ ਦੇ ਸਕਣ ਕਰਕੇ ਉਸ ਦੀ ਹਾਰ ਹੁੰਦੀ ਹੈ । ਫਲਸਰੂਪ ਉਸ ਨੇ ਗਾਰਗੀ ਦੇ ਪ੍ਰਸ਼ਨ ਦਾ ਉੱਤਰ ਦੇਣ ਲਈ ਹੀ ਆਪਣੇ ਦਰਸ਼ਨ ਦੀ ਵਿਆਖਿਆ ਕੀਤੀ । ਸਾਫ਼ ਹੈ ਕਿ ਗਾਰਗੀ ਬੜੀ ਦਲੀਲ ਨਾਲ ਵਿਚਾਰ-ਚਰਚਾ ਕਰਨ ਵਾਲੀ ਇਕ ਗੰਭੀਰ ਇਸਤਰੀ ਸੀ ।

ਸ਼ੰਕਰਾਚਾਰਯ ਅਨੁਸਾਰ ਗਾਰਗੀ ਦਾ ਮੂਲ ਨਾਂ 'ਵਾਚਕਨਵੀ' ਸੀ ਅਤੇ ਉਹ ਵਚਕਨੁ ਦੀ ਪੁੱਤਰੀ ਸੀ । ਇਸ ਦਾ ਗਾਰਗੀ ਨਾਂ ਸ਼ਾਇਦ ਇਸ ਕਰਕੇ ਪਿਆ ਕਿਉਂਕਿ ਇਹ ਆਚਾਰਯ ਗਰਗ ਦੇ ਗੋਤ ਵਿਚ ਪੈਦਾ ਹੋਈ ਸੀ । ਇਸ ਨੇ ਸਾਰੀ ਉਮਰ ਬ੍ਰਹਮ-ਗਿਆਨ ਦੀ ਪ੍ਰਾਪਤੀ ਵਿਚ ਲਗਾ ਦਿੱਤੀ । ਪ੍ਰੋ. ਪੂਰਨ ਸਿੰਘ ਨੇ 'ਖੁਲ੍ਹੇ ਮੈਦਾਨ' ਕਾਵਿ ਸੰਗ੍ਰਹਿ ਵਿਚ ਗਾਰਗੀ ਉਪਰ ਇਕ ਪੂਰੀ ਕਵਿਤਾ ਲਿਖੀ ਹੈ ।

ਗਾਰੜੂ : ਵੇਖ 'ਗਰੁੜ' ।

ਗਿਲਮਾਨ : ਇਸਲਾਮੀ ਰਵਾਇਤ ਅਨੁਸਾਰ ਜੋ ਧਰਮ-ਕਰਮ ਵਿਚ ਪੱਕੇ ਮੁਸਲਮਾਨ ਹੁੰਦੇ ਹਨ, ਉਨ੍ਹਾਂ ਨੂੰ ਜੰਨਤ (ਸਵਰਗ) ਵਿਚ ਹੋਰ ਸੁਖ-ਸੁਵਿਧਾਵਾਂ ਤੋਂ ਇਲਾਵਾ ਸੇਵਾ ਕਰਨ ਲਈ ਹੂਰਾਂ ਅਤੇ ਬਿਨਾ ਮਸ ਫੁਟੇ ਸੁੰਦਰ ਮੁੰਡੇ (ਗਿਲਮਾਨ) ਮਿਲਦੇ ਹਨ । ਇਨ੍ਹਾਂ ਦਾ ਕਰਤੱਵ ਮੋਮਿਨਾਂ ਦੇ ਹਰ ਹੁਕਮ ਦੀ ਪਾਲਨਾ ਕਰਨੀ ਹੁੰਦੀ ਹੈ ।

ਗੀਤ-ਗੋਬਿੰਦ : ਸੰਸਕ੍ਰਿਤ ਵਿਚ ਲਿਖਿਆ ਇਕ ਮਹੱਤਵਪੂਰਣ ਕ੍ਰਿਸ਼ਣ-ਕਾਵਿ ਜਿਸ ਦੀ ਰਚਨਾ ਭਗਤ ਜੈਦੇਵ (ਵੇਖ) ਨੇ ਕੀਤੀ ਸੀ । ਇਹ ਕਾਵਿ ਬਾਰ੍ਹਾਂ ਸਰਗਾਂ ਵਿਚ ਵੰਡਿਆ ਹੋਇਆ ਹੈ ਅਤੇ ਇਸ ਵਿਚ ਸ੍ਰੀ ਕ੍ਰਿਸ਼ਣ ਅਤੇ ਰਾਧਾ ਦੀਆਂ ਮਨਮੋਹਕ ਲੀਲਾਵਾਂ ਦਾ ਵਰਣਨ ਬੜੀ ਰੋਚਕ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਹੋਇਆ ਹੈ । ਗੀਤਾਂ ਤੋਂ ਇਲਾਵਾ, ਸਰਗਾਂ ਨੂੰ ਆਪਸ ਵਿਚ ਮਿਲਾਉਣ ਲਈ ਅਤੇ ਕਥਾ ਦੇ ਸੂਤਰਾਂ ਨੂੰ ਦਸਣ ਲਈ ਕੁਝ ਕੁ ਵਰਣਨਾਤਮਕ ਪੱਦ ਵੀ ਮਿਲ ਜਾਂਦੇ ਹਨ ।

ਸੰਸਕ੍ਰਿਤ ਭਾਸ਼ਾ ਦੀ ਮਧੁਰਤਾ ਅਤੇ ਸੁੰਦਰਤਾ ਇਸ ਕਾਵਿ ਵਿਚ ਆਪਣੇ ਸਿਖਰ ਨੂੰ ਛੋਂਹਦੀ ਹੈ । ਅਜਿਹੀ ਕੋਮਲ, ਰਸ-ਯੁਕਤ ਅਤੇ ਮਿੱਠੀ ਸ਼ਬਦਾਵਲੀ ਦਾ ਕਾਲੀਦਾਸ ਦੀ ਕਵਿਤਾ ਵਿਚ ਵੀ ਅਭਾਵ ਹੈ । ਰਾਧਾ ਦੇ ਵਿਯੋਗ-ਵਰਣਨ ਵਿਚ ਕਵੀ ਬੇਜੋੜ ਹੈ । ਅਲੰਕਾਰ ਯੋਜਨਾ ਵੇਲੇ ਕਵੀ ਦਾ ਉਪਮਾਨ-ਵਿਧਾਨ ਜਿਸ ਸਜੀਵਤਾ ਨੂੰ ਪੇਸ਼ ਕਰ ਸਕਿਆ ਹੈ, ਉਸ ਦੇ ਦਰਸ਼ਨ ਸੰਸਕ੍ਰਿਤ ਕਾਵਿ ਵਿਚ ਬਹੁਤ ਘਟ ਹੁੰਦੇ ਹਨ । ਇਸ ਵਿਚ ਸ਼ਬਦਾਂ ਦੀ ਚੋਣ, ਸੰਗੀਤ ਦੀ ਮਧੁਰਤਾ ਅਤੇ ਭਾਵਾਂ ਦੀ ਤੀਬਰਤਾ ਅਦੁੱਤੀ ਹੈ ।

ਇਸ ਰਚਨਾ ਵਿਚ ਸ਼ਿੰਗਾਰ ਰਸ ਦੇ ਨਾਲ-ਨਾਲ ਭਗਤੀ ਭਾਵ ਦੀ ਸੁੰਦਰ ਅਭਿਵਿਅਕਤੀ ਕਾਰਣ ਗੌੜੀਯ ਸੰਪ੍ਰਦਾਇ ਵਾਲੇ ਇਸ ਨੂੰ ਆਪਣੀ ਭਗਤੀ-ਭਾਵਨਾ ਦਾ ਪ੍ਰਬਲ ਸਰੋਤ ਮੰਨਦੇ ਹਨ। ਇਸ ਦਾ ਪ੍ਰਚਾਰ ਇਤਨਾ ਅਧਿਕ ਹੋਇਆ ਹੈ ਕਿ ਪੰਦਰ੍ਹਵੀਂ ਸਦੀ ਦੇ ਅੰਤ ਵਿਚ ਉੜੀਸਾ ਦੇ ਇਕ ਰਾਜੇ ਨੇ ਆਦੇਸ਼ ਜਾਰੀ ਕੀਤਾ ਸੀ ਕਿ ਹਰ ਰੋਜ਼ ਸ਼ਾਮ ਵੇਲੇ ਜਗੰਨ-ਨਾਥ ਦੇ ਮੰਦਿਰ ਵਿਚ 'ਗੀਤ-ਗੋਬਿੰਦ' ਦੇ ਪਦਿਆਂ ਨੂੰ ਗਾਇਆ ਜਾਏ। ਇਸ ਗ੍ਰੰਥ ਦਾ ਪ੍ਰਭਾਵ ਮਹਾਰਾਸ਼ਟਰ, ਗੁਜਰਾਤ ਅਤੇ ਕੰਨੜ ਪ੍ਰਾਂਤਾਂ ਦੇ ਸਾਹਿੱਤ ਉਤੇ ਵੀ ਪਿਆ ਹੈ ਅਤੇ ਇਸ ਦੀ ਵਿਆਖਿਆ ਕਰਨ ਦੇ ਯਤਨ ਵੀ ਕੀਤੇ ਗਏ ਹਨ। ਚੈਤਨ੍ਯ ਮਹਾਪ੍ਰਭੂ ਵਰਗੇ ਵੀ ਇਸ ਰਚਨਾ ਤੋਂ ਪ੍ਰਭਾਵਿਤ ਹੋਏ ਦਸੇ ਜਾਂਦੇ ਹਨ। ਪੰਜਾਬੀ ਸਾਹਿੱਤ ਵਿਚ ਵੀ ਇਸ ਦੇ ਹਵਾਲੇ ਮਿਲਦੇ ਹਨ। ਭਾਈ ਗੁਰਦਾਸ ਨੇ ਇਸ ਦਾ ਉੱਲੇਖ ਕਰਦਿਆਂ ਲਿਖਿਆ ਹੈ —'ਗੀਤ ਗ੍ਵਿਦ ਸੰਪੂਰਣੋਂ ਪੜਿ ਪੜਿ ਲਿਖਿਆ ਅੰਤੁ ਨ ਪਾਵੈ।'

ਗੀਤਾ : ਮਹਾਭਾਰਤ ਦੇ ਯੁੱਧ ਵੇਲੇ ਸ੍ਰੀ ਕ੍ਰਿਸ਼ਣ ਨੇ ਅਰਜੁਨ ਦਾ ਮੋਹ ਤੋੜਨ ਲਈ ਜੋ ਉਪਦੇਸ਼ ਦਿੱਤਾ, ਉਹ 'ਭੀਸ਼ਮ-ਪਰਵ' ਦਾ ਇਕ ਅੰਗ ਹੈ ਅਤੇ 'ਗੀਤਾ' ਜਾਂ 'ਭਗਵਦ ਗੀਤਾ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਵਿਚ ਕੁਲ 18 ਅਧਿਆਇ ਅਤੇ 700 ਸ਼ਲੋਕ ਹਨ। ਇਸ ਦੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਪਰੰਪਰਾਗਤ ਮਤ ਅਨੁਸਾਰ ਇਸ ਦੀ ਰਚਨਾ 'ਮਹਾਭਾਰਤ' ਦੇ ਨਾਲ ਹੀ ਹੋਈ ਸੀ ਅਤੇ ਦੂਜੇ ਮਤ ਅਨੁਸਾਰ ਇਹ ਈਸਵੀ ਸੰਨ ਦੇ ਸ਼ੁਰੂ ਹੋਣ ਦੇ ਨੇੜੇ-ਤੇੜੇ ਲਿਖੀ ਗਈ ਸੀ। ਅੱਠਵੀਂ ਸਦੀ ਵਿਚ ਸ਼ੰਕਰਾਚਾਰਯ ਨੇ ਗੀਤਾ ਉਤੇ ਜੋ ਭਾਸ਼੍ਯ ਲਿਖਿਆ, ਉਸ ਕੋਲ ਅਜੋਕਾ ਵਰਤਮਾਨ ਪਾਠ ਉਪਲਬਧ ਸੀ।

ਹਿੰਦੂ ਧਰਮ ਵਿਚ ਗੀਤਾ ਦਾ ਆਦਰਯੋਗ ਸਥਾਨ ਹੈ। ਇਸ ਦੀ ਪ੍ਰਸਥਾਨਤ੍ਰਈ (ਉਪਨਿਸ਼ਦ, ਬ੍ਰਹਮ-ਸੂਤ੍ਰ ਅਤੇ ਗੀਤਾ) ਵਿਚ ਗਿਣਤੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਭਾਰਤੀ ਦਰਸ਼ਨ-ਪਰੰਪਰਾ ਅਨੁਸਾਰ ਗੀਤਾ ਦਾ ਸਥਾਨ ਬ੍ਰਹਮਸੂਤ੍ਰ ਅਤੇ ਉਪਨਿਸ਼ਦਾਂ ਦੇ ਬਰਾਬਰ ਹੈ। ਇਸ ਦਾ ਭਾਰਤੀ ਧਰਮ ਉਤੇ ਅਮਿਟ ਪ੍ਰਭਾਵ ਹੈ। ਇਸ ਦੀ ਭਾਰਤੀ ਅਤੇ ਪੱਛਮੀ ਸਾਰੇ ਵਿਦਵਾਨਾਂ ਨੇ ਪ੍ਰਸ਼ੰਸਾ ਕੀਤੀ ਹੈ। ਇਸ ਦੇ ਵਿਸ਼ਵ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ। ਮੱਧ-ਕਾਲ ਦੇ ਸਾਰੇ ਆਚਾਰਯਾਂ ਨੇ ਇਸ ਉਤੇ ਭਾਸ਼੍ਯ ਲਿਖ ਕੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ।

ਗੀਤਾ ਵਿਚ ਮੋਖ (ਮੁਕਤੀ) ਦੇ ਤਿੰਨ ਸਾਧਨ ਦਸੇ ਗਏ ਹਨ। ਸਭ ਤੋਂ ਪਹਿਲਾ ਗਿਆਨ-ਮਾਰਗ ਹੈ ਜੋ ਉਪਨਿਸ਼ਦਾਂ ਅਤੇ ਸਾਂਖ੍ਯ ਦਰਸ਼ਨ ਵਿਚ ਵਿਸਤਾਰ ਨਾਲ ਵਰਣਿਤ ਹੈ। ਦੂਜਾ ਸਾਧਨ ਕਰਮ-ਮਾਰਗ ਹੈ। ਇਹ ਪ੍ਰਾਚੀਨ ਕਾਲ ਤੋਂ ਹਿੰਦੂ ਧਰਮ ਵਿਚ ਪ੍ਰਚਲਿਤ ਚਲਿਆ ਆ ਰਿਹਾ ਹੈ। ਇਸ ਬਾਰੇ ਗੀਤਾ ਦਾ ਇਹ ਸਿੱਧਾਂਤ ਹੈ ਕਿ ਧਰਮ ਗ੍ਰੰਥਾਂ ਵਿਚ ਵਰਣਿਤ ਕਰਮ ਕੇਵਲ ਛਿਣ ਭਰ ਦੇ ਸੁਖ ਜਾਂ ਸਵਰਗ ਦਿਵਾ ਸਕਦਾ ਹੈ ਜਦ ਕਿ ਨਿਸ਼ਕਾਮ ਭਾਵ ਨਾਲ ਕੀਤਾ ਕਰਮ ਮੋਖ ਪ੍ਰਾਪਤ ਕਰਾਉਂਦਾ ਹੈ। ਅਜਿਹੇ ਢੰਗ ਨਾਲ ਕੀਤੇ ਕਰਮ ਦੀ ਵਿਧੀ ਨੂੰ ਕਰਮਯੋਗ ਦਾ ਨਾਂ ਦਿੱਤਾ ਗਿਆ ਹੈ।

ਤੀਜਾ ਸਾਧਨਾ ਮਾਰਗ ਭਗਤੀ-ਮਾਰਗ ਹੈ। ਸੰਪੂਰਣ ਚਿੱਤਵ੍ਰਿੱਤੀ ਨਾਲ ਪਰਮਾਤਮਾ ਦਾ ਪ੍ਰੇਮ-ਪੂਰਵਕ ਭਜਨ ਜਾਂ ਪੂਜਾ ਕਰਨਾ ਮੁਕਤੀ ਦਾ ਸਾਧਨ ਹੈ।

ਗੀਤਾ ਵਿਚ ਹਿੰਦੂ ਧਰਮ ਦੇ ਪ੍ਰਮੁਖ ਆਦਰਸ਼ਾਂ ਦੀ ਪਾਲਨਾ ਉਤੇ ਬਲ ਦਿੱਤਾ ਗਿਆ ਹੈ। ਇਸ ਵਿਚ ਹਿੰਦੂ ਧਰਮ ਦੇ ਲਗਭਗ ਸਾਰੇ ਮਹੱਤਵਪੂਰਣ ਸਿੱਧਾਂਤਾਂ ਦਾ ਸਰੂਪ ਸੰਖੇਪ ਵਿਚ ਦਰਜ ਹੈ ਅਤੇ ਜਿਥੇ ਕਿਤੇ ਯੁਗ ਦੀ ਸਥਿਤੀ ਅਨੁਸਾਰ ਕੋਈ ਸੋਧ ਜਾਂ ਸੁਧਾਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਹੈ, ਉਥੇ ਹਰ ਪ੍ਰਕਾਰ ਦੇ ਅੰਤਰ ਵਿਰੋਧਾਂ ਨੂੰ ਖ਼ਤਮ ਕਰਕੇ ਯੁਗ ਦੀ ਨੁਹਾਰ ਅਨੁਸਾਰ ਢਾਲਿਆ ਗਿਆ ਹੈ। ਗੀਤਾ ਕਿਤੇ ਵੀ ਵਰਣਾਸ਼੍ਰਮ ਧਰਮ ਦਾ ਵਿਰੋਧ ਨਹੀਂ ਕਰਦੀ। ਪਰ ਧਿਆਨ ਰਹੇ, ਗੀਤਾ ਹੋਰਨਾਂ ਧਾਰਮਿਕ ਸੰਪ੍ਰਦਾਵਾਂ ਅਨੁਸਾਰ ਕੇਵਲ ਗ੍ਰਿਹਸਥ ਧਰਮ ਦਾ ਤਿਆਗ ਕਰਕੇ ਸੰਨਿਆਸੀ ਬਣਨ ਵਾਲਿਆਂ ਨੂੰ ਹੀ ਮੁਕਤੀ ਪ੍ਰਾਪਤੀ ਦਾ ਵਿਸ਼ਵਾਸ ਨਹੀਂ ਦਿਵਾਉਂਦੀ, ਸਗੋਂ ਉਨ੍ਹਾਂ ਇਸਤਰੀ-ਪੁਰਸ਼ਾਂ ਨੂੰ ਵੀ ਮੁਕਤੀ ਪ੍ਰਾਪਤ ਕਰਨ ਦਾ ਅਧਿਕਾਰੀ ਸਮਝਦੀ ਹੈ ਜੋ ਸੰਸਾਰਿਕ ਕਰਮਾਂ ਵਿਚ ਲੀਨ ਹਨ। ਅਰਥਾਤ ਗੀਤਾ ਅਨੁਸਾਰ ਮੁਕਤੀ ਦੀ ਪ੍ਰਾਪਤੀ ਲਈ ਸੰਨਿਆਸ ਧਾਰਣ ਕਰਨਾ ਜ਼ਰੂਰੀ ਨਹੀਂ। ਸਪੱਸ਼ਟ ਹੈ ਕਿ ਗੀਤਾ ਪਰੰਪਰਾ ਦਾ ਪਾਲਨ ਕਰਦੀ ਹੋਈ ਵੀ ਯੁਗ-ਬੋਧ ਅਤੇ ਯੁਗ-ਲੋੜ ਦੀ ਪੂਰਤੀ ਕਰਦੀ ਹੈ। ਫਲਸਰੂਪ, ਇਸ ਨੂੰ ਹਿੰਦੂ ਧਰਮ ਦਾ ਆਧਾਰ-ਗ੍ਰੰਥ ਸਮਝਿਆ ਜਾਂਦਾ ਹੈ।

ਭਗਤੀ-ਕਾਵਿ ਵਿਚ ਸੰਤ ਲੋਕਾਂ ਨੇ ਇਸ ਦੇ ਹਵਾਲੇ ਦਿੱਤੇ ਹਨ। ਨਾਮਦੇਵ ਜੀ ਅਨੁਸਾਰ—'ਗੁਰਮਤਿ ਰਾਮ ਨਾਮ ਗਹੁ ਮੀਤਾ।/ਪ੍ਰਣਵੈ ਨਾਮਾ ਇਉ ਕਹੈ ਗੀਤਾ' (ਅ. ਗ੍ਰੰ. 874)। ਪੰਜਾਬੀ ਸਾਹਿੱਤ ਵਿਚ ਇਸ ਦਾ ਉੱਲੇਖ ਅਨੇਕ ਪ੍ਰਸੰਗਾਂ ਵਿਚ ਹੋਇਆ ਹੈ, ਜਿਵੇਂ ਆਜ਼ਾਦੀ ਦੀ ਪ੍ਰੇਰਨਾ ਦੇਣ ਲਈ ਰਚੀ ਗਈ ਕਵਿਤਾ 'ਸਾਂਝਾ ਹਿੰਦੁਸਤਾਨ' ਵਿਚ ਲਿਖਿਆ ਹੈ—'ਕਰੋੜਾਂ ਤਾਰਿਆਂ ਦਾ ਜਿਸ ਤਰ੍ਹਾਂ ਆਸਮਾਨ ਸਾਂਝਾ ਹੈ/ਇਵੇਂ ਸਭ ਹਿੰਦੀਆਂ ਦਾ ਸਾਰਾ ਹਿੰਦੁਸਤਾਨ ਸਾਂਝਾ ਹੈ/ਕੁਰਾਨ ਅੰਜੀਲ ਗੀਤਾ ਗ੍ਰੰਥ ਆਪਣੇ ਸਮਝਦੇ ਵੀਰੋ/ਇਹ ਤੁਹਾਡੇ ਹੀ ਸਹੀ ਐਪਰ ਇਨ੍ਹਾਂ ਦਾ ਗਿਆਨ ਸਾਂਝਾ ਹੈ।'

ਗੁੱਗਾ ਨੌਮੀ : ਵੇਖੋ 'ਛਪਾਰ ਦਾ ਮੇਲਾ'।

ਗੁੱਗਾ ਪੀਰ : ਵੇਖੋ 'ਛਪਾਰ ਦਾ ਮੇਲਾ'।

ਗੁਜਰੀ ਮਾਤਾ : ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ ਜਿਨ੍ਹਾਂ ਦੀ ਕੁੱਖ ਤੋਂ ਗੁਰੂ ਗੋਬਿੰਦ ਸਿੰਘ ਨੇ ਜਨਮ ਲਿਆ। ਇਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਸੁਭਿਖੀਆ ਖਤਰੀ ਦੇ ਘਰ ਬਿਸ਼ਨ ਕੌਰ ਦੀ ਕੁੱਖੋਂ ਪੈਦਾ ਹੋਈ। ਇਨ੍ਹਾਂ ਦਾ ਵਿਆਹ ਸੰਨ 1629 ਈ. (15 ਅਸੂ, 1686 ਬਿ.) ਵਿਚ ਗੁਰੂ ਤੇਗ ਬਹਾਦਰ ਨਾਲ ਹੋਇਆ। ਪਟਨਾ ਨਗਰ ਤੋਂ ਪਰਤਣ ਉਪਰੰਤ ਇਹ ਅਧਿਕਤਰ ਆਨੰਦਪੁਰ ਵਿਚ ਹੀ ਰਹੇ।

ਸੰਨ 1704 ਈ (1761 ਬਿ.) ਵਿਚ ਆਨੰਦਪੁਰ ਦਾ ਕਿਲ੍ਹਾ ਤਿਆਗਣ ਵੇਲੇ ਜਦੋਂ ਸਾਰਾ ਗੁਰੂ-ਪਰਿਵਾਰ ਖੇਰੂੰ-ਖੇਰੂੰ ਹੋ ਗਿਆ ਤਾਂ ਇਹ ਦੋਹਾਂ ਛੋਟੇ ਸਾਹਿਬਜ਼ਾਦਿਆਂ—ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ—ਨੂੰ ਨਾਲ ਲੈ ਕੇ ਗੰਗੂ ਰਸੋਈਏ ਦੇ ਘਰ ਖੇੜੀ

ਪਿੰਡ (ਨੇੜੇ ਮੋਰਿੰਡਾ) ਵਿਚ ਆ ਗਏ। ਗੰਗੂ ਨੇ ਲਾਲਚ ਵਸ ਤਿਨਾਂ ਨੂੰ ਨਵਾਬ ਸਰਹਿੰਦ ਦੇ ਹਵਾਲੇ ਕਰ ਦਿੱਤਾ। ਨਵਾਬ ਨੇ ਇਨ੍ਹਾਂ ਨੂੰ ਕਿਲੇ ਦੇ ਇਕ ਬੁਰਜ ਵਿਚ ਕੈਦ ਕਰ ਦਿੱਤਾ। ਸਾਹਿਬਜ਼ਾਦਿਆਂ ਦੇ ਦੀਵਾਰ ਵਿਚ ਚਿਣੇ ਜਾਣ ਦਾ ਦੁਖਦ ਸਮਾਚਾਰ ਸੁਣ ਕੇ ਇਨ੍ਹਾਂ ਨੇ ਪ੍ਰਾਣ ਤਿਆਗ ਦਿੱਤੇ। ਜਿਸ ਬੁਰਜ ਵਿਚ ਇਹ ਸਾਹਿਬਜ਼ਾਦਿਆਂ ਸਹਿਤ ਟਿਕੇ ਸਨ, ਉਸ ਦਾ ਨਾਂ ਹੁਣ 'ਮਾਤਾ ਗੁਜਰੀ ਦਾ ਬੁਰਜ' ਹੈ। ਇਨ੍ਹਾਂ ਦਾ ਅੰਤਿਮ ਸੰਸਕਾਰ ਸਾਹਿਬਜ਼ਾਦਿਆਂ ਦੇ ਨਾਲ ਜੋਤਿ-ਸਰੂਪ ਗੁਰਦੁਆਰੇ ਵਾਲੇ ਸਥਾਨ ਤੇ ਕੀਤਾ ਗਿਆ। ਸਿੱਖ-ਇਤਿਹਾਸ ਵਿਚ ਇਨ੍ਹਾਂ ਦੀ ਬੜੀ ਪ੍ਰਤਿਸ਼ਠਾ ਹੈ।

ਗੁਰਦਾਸ, ਭਾਈ : ਸਿੱਖ-ਧਰਮ ਦੇ ਪ੍ਰਮੁਖ ਪ੍ਰਚਾਰਕ ਅਤੇ ਪ੍ਰਵੱਕਤਾ, ਜਿਨ੍ਹਾਂ ਦਾ ਜਨਮ ਸੰਨ 1543-1553 ਈ. (1600-1610 ਬਿ.) ਦੇ ਵਿਚਾਲੇ ਮੰਨਿਆ ਜਾਂਦਾ ਹੈ। ਕੇਸਰ ਸਿੰਘ ਛਿੱਬਰ ਅਨੁਸਾਰ ਆਪ ਦਾ ਜਨਮ ਗੁਰੂ ਅਮਰਦਾਸ ਦੇ ਚਚੇਰੇ ਭਰਾ ਈਸ਼ਰ ਦਾਸ ਦੇ ਘਰ ਗਿਲਵਾਲੀ ਪਿੰਡ ਵਿਚ ਹੋਇਆ। ਇਨ੍ਹਾਂ ਦੇ ਮਾਤਾ-ਪਿਤਾ ਦਾ ਦੇਹਾਂਤ ਬਚਪਨ ਵਿਚ ਹੀ ਹੋ ਗਿਆ ਸੀ। ਗੁਰੂ ਅਮਰਦਾਸ ਦੁਆਰਾ ਗੋਇੰਦਵਾਲ ਵਸਾਉਣ ਤੇ ਸਾਰਾ ਭੱਲਾ ਖ਼ਾਨਦਾਨ ਉਥੇ ਹੀ ਜਾ ਵਸਿਆ। ਉਥੇ ਹੀ ਆਪ ਨੇ ਮੁੱਢਲੀ ਵਿਦਿਆ ਪ੍ਰਾਪਤ ਕਰਨ ਉਪਰੰਤ ਅਨੇਕ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ।

ਆਪ ਸਿੱਖ-ਧਰਮ ਦੇ ਪ੍ਰਚਾਰ ਲਈ ਆਗਰਾ ਅਤੇ ਬਨਾਰਸ ਗਏ ਅਤੇ ਇਸੇ ਦੌਰਾਨ ਬੁਰਹਾਨਪੁਰ ਅਤੇ ਲਖਨਊ ਵਿਚ ਵੀ ਗਏ। ਜਦੋਂ ਸੰਨ 1581 ਈ. (1638 ਬਿ.) ਵਿਚ ਗੁਰੂ ਰਾਮਦਾਸ ਜੋਤੀ ਜੋਤਿ ਸਮਾਏ ਤਾਂ ਆਪ ਗੁਰੂ ਅਰਜਨ ਦੇਵ ਪਾਸ ਅੰਮ੍ਰਿਤਸਰ (ਰਾਮਦਾਸਪੁਰ) ਆ ਕੇ ਟਿਕ ਗਏ। ਗੁਰੂ ਅਰਜਨ ਦੇਵ ਦੇ ਵੱਡੇ ਭਰਾ ਪ੍ਰਿਥੀਚੰਦ ਦੁਆਰਾ ਖੜੇ ਕੀਤੇ ਬਖੇੜਿਆਂ ਨੂੰ ਬਾਬੇ ਬੁੱਢੇ ਨਾਲ ਮਿਲ ਕੇ ਖ਼ਤਮ ਕੀਤਾ। ਗੁਰੂ-ਦਰਬਾਰ ਦੇ ਆਰਥਿਕ ਸੰਕਟ ਨੂੰ ਦੂਰ ਕਰਨ ਲਈ ਦਸਵੰਧ ਦੀ ਪਿਰਤ ਪਾਈ। ਗੁਰੂ ਅਰਜਨ ਦੇਵ ਦੁਆਰਾ ਗੁਰਬਾਣੀ-ਸੰਪਾਦਨ ਦੇ ਕੰਮ ਵਿਚ ਲਿਖਾਰੀ ਵਜੋਂ ਆਪਣਾ ਯੋਗਦਾਨ ਪਾਇਆ ਅਤੇ ਸੰਨ 1604 ਈ. (1661 ਬਿ.) ਨੂੰ ਬੀੜ ਲਿਖ ਕੇ ਤਿਆਰ ਕੀਤੀ। ਗੁਰੂ ਅਰਜਨ ਦੇਵ ਦੀ ਸ਼ਹੀਦੀ (ਸੰਨ 1606 ਈ.) ਤੋਂ ਬਾਦ ਆਪ ਛੇਵੇਂ ਗੁਰੂ ਦੀ ਸੇਵਾ ਵਿਚ ਰਹੇ। ਗੁਰੂ ਜੀ ਨੇ ਅਕਾਲ ਬੁੰਗੇ (ਅਕਾਲ-ਤਖ਼ਤ) ਦੀ ਉਸਾਰੀ ਦਾ ਕੰਮ ਆਪ ਦੇ ਜ਼ਿੰਮੇ ਲਾਇਆ।

ਜਦੋਂ ਗੁਰੂ ਹਰਿਗੋਬਿੰਦ ਦਿੱਲੀ ਗਏ ਅਤੇ ਕੈਦ ਕਰਕੇ ਆਗਰੇ ਦੇ ਕਿਲੇ ਵਿਚ ਭੇਜ ਦਿੱਤੇ ਗਏ, ਉਦੋਂ ਭਾਈ ਸਾਹਿਬ ਨੇ ਅੰਮ੍ਰਿਤਸਰ ਰਹਿ ਕੇ ਗੁਰੂ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੰਭਾਲੀ ਅਤੇ ਅਨੇਕ ਸਿੱਖ ਸ਼ਰਧਾਲੂਆਂ ਸਹਿਤ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਗਰੇ ਗਏ। ਆਗਰੇ ਦੇ ਕਿਲੇ ਤੋਂ ਪਰਤਣ ਉਪਰੰਤ ਜਦੋਂ ਛੇਵੇਂ ਗੁਰੂ ਕਰਤਾਰਪੁਰ ਨਿਵਾਸ ਕਰਨ ਲਗੇ ਤਦ ਵੀ ਆਪ ਨੇ ਅੰਮ੍ਰਿਤਸਰ ਦਾ ਸਾਰਾ ਕੰਮਕਾਰ ਸੰਭਾਲੀ ਰਖਿਆ। ਬਾਬੇ ਬੁੱਢੇ ਤੋਂ ਬਾਦ ਆਪ ਗੁਰੂ-ਗੱਦੀ ਦੇ ਪ੍ਰਮੁਖ ਵਿਵਸਥਾਪਕ ਬਣ ਗਏ ਸਨ। ਆਪ ਦਾ ਦੇਹਾਂਤ ਸੰਨ 1629 ਈ. (1686 ਬਿ.) ਵਿਚ ਗੋਇੰਦਵਾਲ ਵਿਚ

ਹੋਇਆ ।

ਆਪ ਨੇ ਸਿੱਖ-ਧਰਮ ਦੇ ਪ੍ਰਚਾਰ ਲਈ ਪੰਜਾਬੀ ਵਿਚ 40 ਵਾਰਾਂ ਅਤੇ ਬ੍ਰਜ ਭਾਸ਼ਾ ਵਿਚ 675 ਕਬਿੱਤ-ਸਵੈਯੇ ਲਿਖੇ । ਆਪ ਜੀ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਨੇ 'ਗੁਰਬਾਣੀ ਦੀ ਕੁੰਜੀ' ਕਹਿ ਕੇ ਗੌਰਵ ਬਖ਼ਸ਼ਿਆ । ਆਪ ਦਾ ਵਿਅਕਤਿਤ੍ਵ ਬਹੁਤ ਮਹਾਨ ਸੀ । ਆਪ ਗੁਰਮਤਿ ਦੀ ਵਿਆਖਿਆ ਬੜੇ ਦਲੀਲ ਭਰੇ ਢੰਗ ਨਾਲ ਕਰ ਕੇ ਵਿਰੋਧੀ ਨੂੰ ਨਿਰੁੱਤਰ ਕਰ ਦਿੰਦੇ ਸਨ । ਵੱਖ-ਵੱਖ ਧਰਮ-ਗ੍ਰੰਥਾਂ ਦੀ ਆਪ ਨੂੰ ਭਰਪੂਰ ਜਾਣਕਾਰੀ ਸੀ । ਆਪ ਦੀ ਵਿਦਵੱਤਾ ਸਾਹਮਣੇ ਚੰਗੇ-ਚੰਗੇ ਪੰਡਿਤ ਟਿਕ ਨਹੀਂ ਸਕਦੇ ਸਨ । ਸੰਸਕ੍ਰਿਤ ਵਿਚ ਲਿਖੇ ਛੇ ਅਨੁਸ਼ਟੁਪ ਛੰਦਾਂ ਵਿਚ ਆਪ ਵਲੋਂ ਕੀਤੀ 'ਵਾਹਿਗੁਰੂ' ਪਦ ਦੀ ਵਿਆਖਿਆ ਨੂੰ ਸੁਣ ਕੇ ਪੰਡਿਤਾਂ ਨੇ ਕਿਹਾ ਸੀ—'ਜੈ ਗੁਰਦਾਸ ਵਿਮਲ ਮਤਿ ਗ੍ਯਾਨੀ,/ਅਬ ਹਮਰੇ ਮਨ ਨਿਸਚੈ ਠਾਨੀ' ('ਗੁਰਪ੍ਰਤਾਪ ਸੂਰਜ') ।

ਗੁਰਦਿਤ ਸਿੰਘ, ਬਾਬਾ : ਵੇਖੋ 'ਬਜਬਜ-ਘਾਟ', 'ਕੋਮਾ-ਗਾਟਾ-ਮਾਰੂ' ।

ਗੁਰਬਖ਼ਸ਼ ਸਿੰਘ : ਬੰਦਾ ਬਹਾਦਰ ਦਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਖਿਆ ਨਾਂ । ਵੇਖੋ 'ਬੰਦਾ ਬਹਾਦਰ' ।

ਗੁਰੂ : ਭਾਰਤੀ ਅਧਿਆਤਮਿਕ ਸਾਧਨਾ ਵਿਚ ਸ਼ੁਰੂ ਤੋਂ ਹੀ ਗੁਰੂ ਦਾ ਬਹੁਤ ਅਧਿਕ ਮਹੱਤਵ ਰਿਹਾ ਹੈ । ਸੰਸਕ੍ਰਿਤ ਮੂਲ ਦੇ ਇਸ ਸ਼ਬਦ ਦਾ ਵਿਉਤਪੱਤੀ-ਮੂਲਕ ਅਰਥ ਹੈ 'ਜੋ ਧਰਮ ਦਾ ਉਪਦੇਸ਼ ਕਰੇ ਜਾਂ ਅਗਿਆਨ ਨੂੰ ਦੂਰ ਕਰੇ ਜਾਂ ਦੇਵ, ਗੰਧਰਵ ਆਦਿ ਦੁਆਰਾ ਪ੍ਰਸ਼ੰਸਿਤ ਹੋਵੇ, ਉਹ ਗੁਰੂ ਹੈ । 'ਅਦ੍ਵਯਤਾਰਕ ਉਪਨਿਸ਼ਦ' (10) ਵਿਚ 'ਗੁਰੂ' ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ —'ਗੁ' ਦਾ ਅਰਥ ਅੰਧਕਾਰ ਅਤੇ 'ਰੁ' ਦਾ ਅਰਥ ਹੈ ਦੂਰ ਕਰਨ ਵਾਲਾ । ਇਸ ਤਰ੍ਹਾਂ ਗੁਰੂ ਉਹ ਹੈ ਜੋ ਆਪਣੇ ਸੇਵਕ ਜਾਂ ਸ਼ਿਸ਼ ਦੇ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰੇ । ਮਹਾਨ ਕੋਸ਼ਕਾਰ ਨੇ ਇਸ ਦਾ ਅਰਥ 'ਅਗਿਆਨ ਨੂੰ ਨਿਗਲਣ ਵਾਲਾ' ਕੀਤਾ ਹੈ ।

ਇਸ ਸ਼ਬਦ ਦੀ ਵਰਤੋਂ ਭਾਰਤੀ ਸਾਹਿੱਤ ਵਿਚ ਪ੍ਰਾਚੀਨ ਕਾਲ ਤੋਂ ਹੁੰਦੀ ਆ ਰਹੀ ਹੈ । ਵੈਦਿਕ ਕਾਲ ਵਿਚਲਾ ਪੁਰੋਹਿਤ ਹੌਲੀ-ਹੌਲੀ ਉਪਨਿਸ਼ਦਾਂ ਤਕ ਪਹੁੰਚਦਿਆਂ ਰਿਸ਼ੀ ਵਿਚ ਬਦਲ ਗਿਆ । ਬੁੱਧ-ਮਤ, ਤੰਤ੍ਰ-ਸਾਧਨਾ, ਸਿੱਧ-ਸਾਧਨਾ, ਨਾਥ-ਮਤ ਆਦਿ ਵਿਚ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਵਰਗੇ ਵਿਅਕਤਿਤ੍ਵ ਦੀ ਲੋੜ ਮੌਜੂਦ ਰਹੀ ਹੈ । ਸੰਤ-ਸਾਹਿੱਤ, ਰਾਮ-ਭਗਤੀ ਅਤੇ ਕ੍ਰਿਸ਼ਣ-ਭਗਤੀ ਵਿਚ ਵੀ ਗੁਰੂ ਦੀ ਦੇਣ ਸਵੀਕਾਰ ਕੀਤੀ ਗਈ ਹੈ । ਸੂਫ਼ੀ-ਮਤ ਵਿਚ ਮੁਰਸ਼ਿਦ ਦੇ ਸਰੂਪ ਵਿਚ ਗੁਰੂ ਦੀ ਮਹੱਤਵ-ਸਥਾਪਨਾ ਹੋਈ ਹੈ । ਬਾਬਾ ਫ਼ਰੀਦ ਨੇ ਤਾਂ ਮੁਰਸ਼ਿਦ ਦੇ ਸਥਾਨ ਤੇ 'ਗੁਰੂ' ਸ਼ਬਦ ਦੀ ਵਰਤੋਂ ਵੀ ਕੀਤੀ ਹੈ—'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ।/ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ' (ਆ. ਗ੍ਰੰ. 488) । ਸਪੱਸ਼ਟ ਹੈ ਕਿ ਮੱਧ-ਯੁਗ ਦੀ ਧਰਮ-ਸਾਧਨਾ ਵਿਚ, ਚਾਹੇ ਉਹ ਨਿਰਗੁਣ ਹੋਵੇ, ਚਾਹੇ ਸਗੁਣ, ਗੁਰੂ ਦਾ ਸਥਾਨ ਗੌਰਵਸ਼ਾਲੀ ਸੀ । ਇਸ ਨੂੰ ਸਤਿਗੁਰੂ ਜਾਂ ਸਦਗੁਰੂ ਵੀ ਕਿਹਾ ਜਾਂਦਾ ਸੀ ।

ਸਿੱਖ ਧਰਮ-ਸਾਧਨਾ ਵਿਚ ਗੁਰੂ ਦਾ ਸਥਾਨ ਸ਼ਰੀਰ ਵਿਚ ਰੀੜ੍ਹ ਦੀ ਹੱਡੀ ਵਰਗਾ

ਹੈ। ਇਸ ਤੋਂ ਬਿਨਾ ਸਿੱਖ-ਧਰਮ ਦੀ ਕਲਪਨਾ ਕਰਨਾ ਵੀ ਸਰਲ ਨਹੀਂ ਹੈ। ਸਿੱਖ-ਗੁਰੂ ਨਵੀਨ ਚੇਤਨਾ ਦੇ ਪ੍ਰਤੀਕ ਵਜੋਂ ਉਭਰ ਕੇ ਸਾਹਮਣੇ ਆਏ ਅਤੇ ਧਰਮ ਦੇ ਦੁਆਰ ਹਰ ਪ੍ਰਕਾਰ ਦੇ ਲੋਕਾਂ ਅਤੇ ਜਾਤੀਆਂ ਲਈ ਖੋਲ੍ਹ ਦਿੱਤੇ। ਇਹ ਗੁਰੂ ਇਕ ਨਹੀਂ, ਦਸ ਸਨ। ਇਨ੍ਹਾਂ ਨੇ ਉੱਤਰੋਤਰ ਆਪਣੇ ਅਨੁਯਾਈਆਂ ਦਾ ਮਾਰਗ-ਦਰਸ਼ਨ ਕੀਤਾ।

ਗੁਰੂ ਨਾਨਕ ਦੇਵ ਦੀ ਬਾਣੀ ਵਿਚ ਗੁਰੂ ਦੀ ਬਹੁਤ ਅਧਿਕ ਮਹਿਮਾ ਗਾਈ ਗਈ ਹੈ। ਇਤਿਹਾਸ ਅਨੁਸਾਰ ਉਨ੍ਹਾਂ ਨੇ ਕੋਈ ਗੁਰੂ ਧਾਰਣ ਨਹੀਂ ਕੀਤਾ ਸੀ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਗੁਰੂ ਦਾ ਸਰੂਪ ਚਿਤ੍ਰਣ ਸਿੱਧਾਂਤਗਤ ਹੈ। 'ਆਸਾ ਦੀ ਵਾਰ' ਵਿਚ ਉਨ੍ਹਾਂ ਨੇ ਗੁਰੂ ਅਤੇ ਪਰਮਾਤਮਾ ਨੂੰ ਅਭਿੰਨ ਮੰਨਿਆ ਹੈ - 'ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।' ਅਸਲ ਵਿਚ, ਪਰਮਾਤਮਾ ਦਾ ਸਥੂਲ ਰੂਪ 'ਗੁਰੂ' ਹੈ ਅਤੇ 'ਗੁਰੂ' ਦਾ ਸੂਖਮ ਰੂਪ ਪਰਮਾਤਮਾ ਹੈ। ਪਰਮਾਤਮਾ ਹੀ ਧਰਤੀ ਉਤੇ ਗੁਰੂ ਦੇ ਰੂਪ ਵਿਚ ਵਿਚਰ ਕੇ ਸਿੱਖ ਦਾ ਪਾਰ ਉਤਾਰਾ ਕਰ ਰਿਹਾ ਹੈ।

ਗੁਰੂ ਨਾਨਕ ਦੇਵ ਤੋਂ ਬਾਦ ਅਗਲੇ ਨੌਂ ਗੁਰੂਆਂ ਲਈ ਗੁਰੂ ਦਾ ਸਰੂਪ ਸੰਸਥਾਗਤ ਹੋ ਗਿਆ ਹੈ। ਇਹ ਨੌਂ ਗੁਰੂ– ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ, ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ —ਉੱਤਰੋਤਰ ਆਪਣਾ ਕਰਤੱਵ ਨਿਭਾਉਂਦੇ ਰਹੇ ਹਨ। ਪਰ ਦਸਮ ਗੁਰੂ ਨੇ ਆਪਣੀ ਭੌਤਿਕ ਲੀਲਾ ਸਮਾਪਤ ਕਰਨ ਵੇਲੇ ਸ਼ਰੀਰਧਾਰੀ ਗੁਰੂ ਦੀ ਸੰਸਥਾ ਨੂੰ ਖ਼ਤਮ ਕਰ ਕੇ ਸ਼ਬਦ (ਗੁਰਬਾਣੀ) ਨੂੰ ਸਥਾਈ ਗੁਰੂ-ਪਦ ਪ੍ਰਦਾਨ ਕੀਤਾ। ਇਸ ਤਰ੍ਹਾਂ ਸ਼ਬਦ ਰਾਹੀਂ ਗੁਰ-ਉਪਦੇਸ਼ ਪ੍ਰਾਪਤ ਕਰਨ ਦੀ ਇਹ ਵਿਲੱਖਣ, ਪਰ ਸੁਅਸਥ ਪ੍ਰਥਾ ਚਲੀ। ਸਮੁੱਚੇ ਤੌਰ ਤੇ ਸਿੱਖ-ਸਾਧਨਾ-ਪੱਧਤੀ ਅਨੁਸਾਰ ਗੁਰੂ ਦਾ ਕਰਤੱਵ ਇਸ ਪ੍ਰਕਾਰ ਹੈ—'ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ' (ਅ. ਗ੍ਰੰ. 72)।

ਗੋਇੰਦਵਾਲ : ਸਿੱਖ ਧਰਮ ਦਾ ਇਕ ਪ੍ਰਸਿੱਧ ਤੀਰਥ-ਸਥਾਨ ਜੋ ਤਰਨਤਾਰਨ ਤੋਂ ਪੂਰਵ ਵਲ ਲਗਭਗ 24 ਕਿ. ਮੀ. ਦੀ ਵਿਥ ਤੇ ਬਿਆਸ ਨਦੀ ਦੇ ਕੰਢੇ ਉਤੇ ਸਥਿਤ ਹੈ।

ਰਵਾਇਤ ਹੈ ਕਿ ਇਥੇ ਪਹਿਲਾਂ ਵਣਜ-ਵਪਾਰ ਦਾ ਇਕ ਵੱਡਾ ਕੇਂਦਰ ਅਤੇ ਕਸਬਾ ਰਹਿ ਚੁਕਿਆ ਹੈ। ਕਦੇ ਲਾਹੌਰ ਤੋਂ ਦਿੱਲੀ ਜਾਣ ਵਾਲੀ ਸੜਕ ਇਸ ਨਗਰ ਪਾਸੋਂ ਲੰਘਦੀ ਸੀ ਪਰ ਸ਼ੇਰ ਸ਼ਾਹ ਸੂਰੀ ਨੇ ਜਦ ਦੀ ਜਰਨੈਲੀ ਸੜਕ ਇਸ ਨਗਰ ਤੋਂ ਦੂਰ ਬਣਾ ਦਿੱਤੀ ਤਦ ਤੋਂ ਇਸ ਦਾ ਗੌਰਵ ਘਟ ਗਿਆ ਅਤੇ ਹੌਲੀ-ਹੌਲੀ ਇਹ ਕਸਬਾ ਗ਼ੈਰ-ਆਬਾਦ ਹੋ ਗਿਆ।

ਗੋਂਦਾ (ਗੋਇੰਦਾ) ਨਾਂ ਦੇ ਇਕ ਮਰਵਾਹੇ ਖਤ੍ਰੀ ਸਿੱਖ ਨੇ ਗੁਰੂ ਅੰਗਦ ਦੇਵ ਨੂੰ ਬੇਨਤੀ ਕੀਤੀ ਕਿ ਉਸ ਪੁਰਾਤਨ ਨਗਰ ਦੇ ਨੇੜੇ ਉਸ ਦੀ ਜ਼ਮੀਨ ਵਿਚ ਫਿਰ ਤੋਂ ਇਕ ਨਗਰ ਵਸਾਇਆ ਜਾਏ। ਗੁਰੂ ਅੰਗਦ ਦੇ ਆਦੇਸ਼ ਦੀ ਪਾਲਣਾ ਕਰਦੇ ਹੋਇਆਂ ਗੁਰੂ ਅਮਰਦਾਸ ਨੇ ਨਵਾਂ ਨਗਰ ਵਸਾਇਆ ਅਤੇ ਇਥੇ ਹੀ ਆਪਣਾ ਨਿਵਾਸ ਬਣਾਇਆ। ਇਸ ਨਵੇਂ ਨਗਰ ਦਾ ਨਾਂ ਗੋਇੰਦਾ ਸਿੱਖ ਦੇ ਨਾਂ ਤੇ ਗੋਇੰਦਵਾਲ ਪ੍ਰਚਲਿਤ

ਹੋਇਆ । ਆਪਣੇ ਗੁਰਿਆਈ ਕਾਲ ਦਾ ਅਧਿਕ ਸਮਾਂ ਗੁਰੂ ਅਮਰਦਾਸ ਨੇ ਇਥੇ ਹੀ ਬਿਤਾਇਆ ।

ਕਰਤਾਰਪੁਰ ਤੋਂ ਬਾਦ ਅਤੇ ਅੰਮ੍ਰਿਤਸਰ ਦੀ ਸਥਾਪਨਾ ਤੋਂ ਪਹਿਲਾਂ ਤਕ ਇਹ ਨਗਰ ਸਿੱਖ ਧਰਮ ਦਾ ਮੁੱਖ ਕੇਂਦਰ ਬਣਿਆ ਰਿਹਾ । ਇਸ ਵਿਚ ਗੁਰੂ ਅਮਰਦਾਸ ਨੇ ਸੰਨ 1559 ਈ. (1616 ਬਿ.) ਵਿਚ ਚੌਰਾਸੀ ਪੌੜੀਆਂ ਵਾਲੀ ਇਕ ਬਾਉਲੀ ਬਣਵਾਈ ਜਿਥੇ ਹਰ ਸਾਲ ਪਹਿਲੇ ਸਰਾਧ ਵਾਲੇ ਦਿਨ ਭਾਰੀ ਸਮਾਗਮ ਹੁੰਦਾ ਹੈ ।

ਇਸ ਨਗਰ ਵਿਚ ਗੁਰੂ ਰਾਮਦਾਸ ਦਾ ਵਿਆਹ ਬੀਬੀ ਭਾਨੀ ਨਾਲ ਹੋਇਆ । ਇਥੇ ਹੀ ਉਨ੍ਹਾਂ ਦੇ ਤਿੰਨ ਪੁੱਤਰਾਂ (ਪ੍ਰਿਥੀਚੰਦ, ਮਹਾਂਦੇਵ ਅਤੇ ਅਰਜਨ ਦੇਵ) ਦਾ ਜਨਮ ਹੋਇਆ । ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਇਥੇ ਹੀ ਗੁਰੂ-ਗੱਦੀ ਉਤੇ ਬੈਠੇ । ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਤੋਂ ਇਲਾਵਾ ਬੀਬੀ ਭਾਨੀ ਦਾ ਵੀ ਇਸੇ ਨਗਰ ਵਿਚ ਦੇਹਾਂਤ ਹੋਇਆ । ਇਥੇ ਹੀ ਭੱਟ ਕਵੀ ਗੁਰੂ-ਦਰਬਾਰ ਵਿਚ ਹਾਜ਼ਰ ਹੋਏ । ਨਲ੍ਹ ਭੱਟ ਨੇ ਇਸ ਮਹਾਨ ਗੁਰੂ-ਧਾਮ ਦੀ ਮਹਾਨਤਾ ਬਾਰੇ ਲਿਖਿਆ ਹੈ—'ਗੋਇੰਦਵਾਲੁ ਗੋਬਿੰਦਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ' (ਅ. ਗ੍ਰੰ. 1400) । ਇਥੋਂ ਹੀ ਬਾਬਾ ਮੋਹਨ ਤੋਂ ਗੁਰਬਾਣੀ ਦੀਆਂ ਪੋਥੀਆਂ ਲੈਣ ਲਈ ਗੁਰੂ ਅਰਜਨ ਦੇਵ ਅੰਮ੍ਰਿਤਸਰੋਂ ਚਲ ਕੇ ਆਏ ।

ਗੁਰੂ-ਇਤਿਹਾਸ ਨਾਲ ਸੰਬੰਧਿਤ ਇਥੇ ਅਨੇਕ ਸਥਾਨ ਹੁਣ ਮੌਜੂਦ ਹਨ ਅਤੇ ਕਈ ਹੋਰ ਇਤਿਹਾਸਿਕ ਮਹੱਤਵ ਵਾਲੀਆਂ ਵਸਤੂਆਂ ਵੀ ਸੁਰੱਖਿਅਤ ਹਨ । ਇਸ ਨਗਰ ਦੀ ਇਤਿਹਾਸਿਕ ਮਹਾਨਤਾ ਨੂੰ ਸਾਹਮਣੇ ਰਖਦਿਆਂ ਇਸ ਨੂੰ ਇਕ ਵੱਡਾ ਉਦਯੋਗਿਕ ਕੇਂਦਰ ਬਣਾਇਆ ਜਾ ਰਿਹਾ ਹੈ । ਇਸ ਦੇ ਨੇੜੇ ਬਿਆਸ ਨਦੀ ਉਤੇ ਪੁਲ ਬਣ ਜਾਣ ਕਾਰਣ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ ।

ਗੋਕਲ : ਵੈਸ਼ਣਵ ਹਿੰਦੂਆਂ ਦਾ ਇਕ ਪ੍ਰਸਿੱਧ ਤੀਰਥ ਜੋ ਮਥੁਰਾ ਤੋਂ 10 ਕਿ. ਮੀ. ਦੀ ਵਿਥ ਤੇ ਜਮਨਾ ਨਦੀ ਦੇ ਕੰਢੇ ਤੇ ਸਥਿਤ ਹੈ । ਰਵਾਇਤ ਹੈ ਕਿ ਸ੍ਰੀ ਕ੍ਰਿਸ਼ਣ ਇਥੇ ਆਪਣੇ ਪਾਲਕ ਪਿਤਾ ਨੰਦ ਕੋਲ ਰਹਿੰਦੇ ਸਨ ਅਤੇ ਗਊਆਂ ਚਰਾਉਂਦੇ ਸਨ । ਕ੍ਰਿਸ਼ਣ ਦੀਆਂ ਬਾਲ-ਲੀਲਾਵਾਂ ਨਾਲ ਸੰਬੰਧਿਤ ਹੋਣ ਕਰਕੇ ਇਹ ਸਨਾਤਨੀ ਹਿੰਦੂਆਂ ਲਈ ਪੂਜਣਯੋਗ ਧਾਮ ਹੈ । ਹਰ ਸਾਲ ਹਜ਼ਾਰਾਂ ਲੋਕ ਯਾਤ੍ਰਾ ਕਰਨ ਲਈ ਇਥੇ ਆਉਂਦੇ ਹਨ ।

ਇਥੇ ਆਪਣੇ ਸਮੇਂ ਵਿਚ ਵੱਲਭਾਚਾਰਯ ਅਤੇ ਉਸ ਦੇ ਪੁੱਤਰ ਬਿੱਠਲਨਾਥ ਨੇ ਬਹੁਤ ਧਰਮ-ਪ੍ਰਚਾਰ ਕੀਤਾ । ਉਨ੍ਹਾਂ ਦੇ ਨਾਂ ਤੇ ਇਥੇ ਹੁਣ ਵੀ ਕਈ ਸਥਾਨ ਅਤੇ ਬੈਠਕਾਂ ਬਣੀਆਂ ਹੋਈਆਂ ਹਨ । ਕ੍ਰਿਸ਼ਣ-ਭਗਤਾਂ ਵਿਚ ਇਸ ਸਥਾਨ ਦਾ ਵਿਸ਼ੇਸ਼ ਮਹੱਤਵ ਹੈ । ਡਾ. ਮੋਹਨ ਸਿੰਘ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ— 'ਉਹਨਾਂ ਦਾ ਕੀ ਕਹਿਣਾ ਭਾਈ ਰਬ ਜਿਨ੍ਹਾਂ ਦੀਆਂ ਮੰਨੇ/ਮਥਰਾ ਤੋਂ ਗੋਕਲ ਨੂੰ ਧਾਵੇ, ਲਾਵੇ ਬੇੜੀ ਬੰਨੇ ।'

ਗੋਬਿੰਦ ਸਿੰਘ, ਗੁਰੂ : ਸਿੱਖ-ਧਰਮ ਦੇ ਦਸਵੇਂ ਗੁਰੂ ਅਤੇ ਖ਼ਾਲਸੇ ਦੇ ਜਨਮਦਾਤਾ,

ਜਿਨ੍ਹਾਂ ਦਾ ਜਨਮ 22 ਦਸੰਬਰ, 1666 ਈ. (ਪੋਹ ਸੁਦੀ ਸਪਤਮੀ, 1723 ਬਿ.) ਨੂੰ ਪਟਨਾ ਨਗਰ ਵਿਚ ਗੁਰੂ ਤੇਗ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ ਹੋਇਆ। ਖ਼ਾਲਸੇ ਦੇ ਜਨਮ ਅਥਵਾ ਅੰਮ੍ਰਿਤ-ਸੰਚਾਰ ਸਮਾਗਮ ਤਕ ਆਪ ਦਾ ਨਾਂ 'ਗੋਬਿੰਦ ਰਾਇ' ਰਿਹਾ ਸੀ। ਆਪ ਬਚਪਨ ਤੋਂ ਬੜੇ ਤੇਜਸਵੀ ਅਤੇ ਪ੍ਰਭਾਵਸ਼ਾਲੀ ਵਿਅਕਤਿਤ੍ਵ ਵਾਲੇ ਸਨ। ਜਨਮ ਤੋਂ ਛੇ ਵਰ੍ਹਿਆਂ ਤਕ ਆਪ ਪਟਨੇ ਵਿਚ ਹੀ ਰਹੇ ਅਤੇ ਸਾਥੀਆਂ ਨਾਲ ਮਿਲ ਕੇ ਗੰਗਾ ਦੇ ਕੰਢੇ ਖ਼ੂਬ ਖੇਡਦੇ ਅਤੇ ਕਦੇ-ਕਦੇ ਬਣਾਵਟੀ ਯੁੱਧ ਵੀ ਕਰਦੇ ਰਹਿੰਦੇ। ਪਟਨੇ ਦੇ ਰਾਜਾ ਫਤਹਿ ਚੰਦ ਮੈਨੀ ਅਤੇ ਉਸ ਦੀ ਰਾਣੀ ਆਪ ਦੇ ਸਰੂਪ ਵਿਚ ਦੇਸ਼ ਲਈ ਉਜਲੇ ਭਵਿਖ ਦੀ ਕਲਪਨਾ ਕਰਨ ਲਗੇ।

ਸੰਨ 1672 ਈ. ਵਿਚ ਆਪ ਨੂੰ ਗੁਰੂ ਤੇਗ ਬਹਾਦਰ ਨੇ ਆਨੰਦਪੁਰ ਵਿਚ ਬੁਲਵਾ ਲਿਆ। ਆਨੰਦਪੁਰ ਪਹੁੰਚਣ ਤੇ ਆਪ ਨੂੰ ਫ਼ਾਰਸੀ, ਸੰਸਕ੍ਰਿਤ, ਆਦਿ ਕਲਾਸਕੀ ਭਾਸ਼ਾਵਾਂ ਪੜ੍ਹਾਉਣ ਦੀ ਵਿਵਸਥਾ ਕੀਤੀ ਗਈ। ਇਸ ਦੇ ਨਾਲ ਹੀ ਆਪ ਨੂੰ ਘੋੜ-ਸਵਾਰੀ, ਤੀਰ-ਅੰਦਾਜ਼ੀ, ਸ਼ਸਤ੍ਰ-ਪ੍ਰਯੋਗ ਅਤੇ ਸ਼ਸਤ੍ਰ-ਪ੍ਰਹਾਰ ਦੀ ਸਿਖਲਾਈ ਕਰਾਈ ਗਈ।

ਸੰਨ 1675 ਈ. ਵਿਚ ਆਪਣੇ ਧਰਮ ਦੀ ਰੱਖਿਆ ਨਿਮਿਤ ਕਸ਼ਮੀਰੀ ਪੰਡਿਤਾਂ ਦੇ ਆਉਣ ਤੇ ਨੌਂ ਵਰ੍ਹਿਆਂ ਦੀ ਉਮਰ ਵਿਚ ਆਪ ਨੇ ਗੁਰੂ-ਪਿਤਾ ਨੂੰ ਮਹਾਬਲੀਦਾਨ ਲਈ ਪ੍ਰਾਰਥਨਾ ਕੀਤੀ। ਗੁਰੂ ਤੇਗ ਬਹਾਦਰ ਦੇ ਜੋਤੀ-ਜੋਤਿ ਸਮਾਉਣ ਤੋਂ ਬਾਦ 11 ਨਵੰਬਰ, 1675 ਈ. (12 ਮਘਰ, 1732 ਬਿ.) ਨੂੰ ਆਪ ਗੁਰ-ਗੱਦੀ ਉਤੇ ਸੁਸ਼ੋਭਿਤ ਹੋਏ। ਗੱਦੀ ਉਤੇ ਬਹਿੰਦਿਆਂ ਹੀ ਆਪ ਨੇ ਸੈਨਿਕ ਗਤਿਵਿਧੀ ਤੇਜ਼ ਕਰ ਦਿੱਤੀ ਅਤੇ ਸ਼ਾਹੀ ਠਾਠ-ਬਾਠ ਨਾਲ ਰਹਿਣ ਲਗੇ। ਸ਼ਰਧਾਲੂਆਂ ਤੋਂ ਵੀ ਸ਼ਸਤ੍ਰਾਂ, ਘੋੜਿਆਂ ਅਤੇ ਹੋਰ ਜੰਗੀ ਵਸਤੂਆਂ ਨੂੰ ਸਵੀਕਾਰਨ ਵਲ ਰੁਚਿਤ ਹੋਏ। ਨਾਹਨ ਦੇ ਰਾਜੇ ਦੇ ਸਦੇ ਤੇ ਆਪ ਆਨੰਦਪੁਰ ਤੋਂ ਕੁਝ ਸਮੇਂ ਲਈ ਯਮੁਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਾਲੇ ਸਥਾਨ ਉਤੇ ਜਾ ਟਿਕੇ। ਸੈਨਿਕ ਸਿਖਲਾਈ ਦੇ ਨਾਲ-ਨਾਲ ਸਾਹਿੱਤ-ਸਿਰਜਨਾ ਦਾ ਮਹਾ-ਯੱਗ ਵੀ ਸ਼ੁਰੂ ਕਰ ਦਿੱਤਾ। ਇਥੇ ਗੁਰੂ ਸਾਹਿਬ ਦੇ ਦਰਬਾਰ ਵਿਚ 52 ਕਵੀਆਂ ਦੀ ਹੋਂਦ ਵੀ ਮੰਨੀ ਜਾਂਦੀ ਹੈ। ਇਥੇ ਹੀ ਪੱਤਣ ਪਾਰ ਕਰਨ ਵੇਲੇ ਪਹਾੜੀ ਰਾਜਿਆਂ ਨਾਲ ਗੁਰੂ ਸਾਹਿਬ ਦਾ ਭੰਗਾਣੀ ਵਾਲੇ ਸਥਾਨ ਤੇ ਯੁੱਧ ਹੋਇਆ। ਪਹਾੜੀ ਰਾਜੇ ਹਾਰ ਕੇ ਭਜ ਗਏ।

ਇਸ ਤੋਂ ਬਾਦ ਗੁਰੂ ਸਾਹਿਬ ਆਨੰਦਪੁਰ ਨੂੰ ਪਰਤੇ ਅਤੇ ਆਨੰਦਪੁਰ ਦੀ ਰੱਖਿਆ ਲਈ ਪੰਜ ਕਿਲੇ––ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ, ਫਤਹਗੜ੍ਹ ਅਤੇ ਹੋਲਗੜ੍ਹ— ਬਣਵਾਏ। ਇਸੇ ਦੌਰਾਨ ਪਹਾੜੀ ਰਾਜਿਆਂ ਤੋਂ ਕਰ ਵਸੂਲ ਕਰਨ ਲਈ ਅਲਿਫ਼ਖ਼ਾਨ ਮੁਗ਼ਲ-ਸੈਨਾ ਲੈ ਕੇ ਆਇਆ। ਪਹਾੜੀ ਰਾਜਿਆਂ ਦੀ ਮੱਦਦ ਲਈ ਗੁਰੂ ਸਾਹਿਬ ਨੇ ਕਾਂਗੜੇ ਤੋਂ 32 ਕਿ. ਮੀ. ਦੂਰ ਬਿਆਸ ਨਦੀ ਦੇ ਕੰਢੇ ਨਦੌਣ ਦੇ ਮੁਕਾਮ ਤੇ ਮੁਗ਼ਲ-ਸੈਨਾ ਨੂੰ ਹਰਾਇਆ। ਸੰਨ 1696 ਈ. ਵਿਚ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਲਈ ਔਰੰਗਜ਼ੇਬ ਨੇ ਆਪਣੇ ਪੁੱਤਰ ਮੁਅਜ਼ਮ ਨੂੰ ਇਕ ਵੱਡੇ ਸੈਨਾ-ਦਲ

ਸਹਿਤ ਪੰਜਾਬ ਵਲ ਭੇਜਿਆ, ਪਰ ਉਹ ਗੁਰੂ ਸਾਹਿਬ ਦੀ ਅਜ਼ਮਤ ਤੋਂ ਕਾਇਲ ਹੋ ਗਿਆ।

ਸਿੱਖ ਅਨੁਯਾਈਆਂ ਦੇ ਮਾਨਸਿਕ ਧਰਾਤਲ ਨੂੰ ਦ੍ਰਿੜ੍ਹ ਕਰਨ ਲਈ ਗੁਰੂ ਸਾਹਿਬ ਨੇ ਸਾਹਿੱਤ-ਰਚਨਾ ਦੀ ਪ੍ਰਕ੍ਰਿਆ ਫਿਰ ਸ਼ੁਰੂ ਕਰ ਦਿੱਤੀ। ਇਸ ਸਾਰੇ ਸਾਹਿੱਤ ਦੀ ਪ੍ਰਮੁਖ ਪ੍ਰਵ੍ਰਿੱਤੀ ਰਾਸ਼ਟਰੀ ਚੇਤਨਾ ਸੀ। ਕਹਿੰਦੇ ਹਨ, ਇਸ ਸਾਰੇ ਸਾਹਿੱਤ ਨੂੰ 'ਵਿਦਿਆ ਸਾਗਰ' ਗ੍ਰੰਥ ਵਿਚ ਦਰਜ ਕੀਤਾ ਗਿਆ। ਸਾਹਿੱਤ-ਸਿਰਜਨਾ ਦੇ ਨਾਲ-ਨਾਲ ਗੁਰੂ ਸਾਹਿਬ ਨੇ ਦੇਸ਼ ਦੀ ਗ਼ੁਲਾਮੀ ਨੂੰ ਖ਼ਤਮ ਕਰਨ ਲਈ ਸੰਨ 1699 ਈ. ਵਿਚ ਖ਼ਾਲਸੇ ਦੀ ਸਿਰਜਨਾ ਕੀਤੀ। ਇਸ ਦੇ ਨਾਲ ਹੀ ਸੈਨਿਕ ਵਿਵਸਥਾ ਦੀ ਮਜ਼ਬੂਤੀ ਵਲ ਵਿਸ਼ੇਸ਼ ਧਿਆਨ ਦਿੱਤਾ।

ਸੰਨ 1700 ਈ. ਵਿਚ ਪੈਂਦੇ ਖ਼ਾਨ ਅਤੇ ਦੀਨਾ ਬੇਗ ਨਾਂ ਦੇ ਸੈਨਾ-ਨਾਇਕਾਂ ਅਧੀਨ ਮੁਗ਼ਲ-ਸੈਨਾ ਨੇ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਆਨੰਦਪੁਰ ਕਿਲੇ ਨੂੰ ਘੇਰਨ ਦਾ ਯਤਨ ਕੀਤਾ, ਪਰ ਕਾਮਯਾਬ ਨਾ ਹੋਏ। ਗੁਰੂ ਸਾਹਿਬ ਕੁਝ ਸਮੇਂ ਲਈ ਨਿਰਮੋਹ ਅਤੇ ਬਸਾਲੀ ਵਲ ਚਲੇ ਗਏ ਅਤੇ ਕੁਝ ਸਮਾਂ ਉਥੇ ਟਿਕ ਕੇ ਪਰਤ ਆਏ। ਤਿੰਨ ਸਾਲ ਬਾਦ ਖਿਝੇ ਹੋਏ ਪਹਾੜੀ ਰਾਜਿਆਂ ਨੇ ਔਰੰਗਜ਼ੇਬ ਨੂੰ ਪ੍ਰੇਰਿਤ ਕਰ ਕੇ ਆਨੰਦਪੁਰ ਉਤੇ ਹਮਲਾ ਕਰਵਾ ਦਿੱਤਾ। ਮੁਗ਼ਲ-ਸੈਨਾ ਨੇ ਕਈ ਮਹੀਨੇ ਆਨੰਦਪੁਰ ਨੂੰ ਘੇਰੀ ਰਖਿਆ, ਪਰ ਕਬਜ਼ਾ ਕਰਨ ਵਿਚ ਸਫਲ ਨਾ ਹੋ ਸਕੇ। ਆਖ਼ਿਰ ਕਸਮਾਂ ਚੁੱਕ ਕੇ ਗੁਰੂ ਸਾਹਿਬ ਤੋਂ ਕਿਲਾ ਖ਼ਾਲੀ ਕਰਵਾਇਆ, ਪਰ ਧੋਖੇ ਨਾਲ ਗੁਰੂ ਜੀ ਦੀ ਸੈਨਾ ਉਤੇ ਰਾਤ ਵੇਲੇ ਹਮਲਾ ਕਰ ਦਿੱਤਾ। ਅਗੋਂ ਸਰਸਾ ਨਦੀ ਚੜ੍ਹੀ ਹੋਈ ਸੀ। ਸਾਰਾ ਕੀਮਤੀ ਸਾਮਾਨ, ਸਾਹਿਤਿਕ ਰਚਨਾਵਾਂ ਆਦਿ ਨਦੀ ਦੀ ਭੇਂਟ ਹੋ ਗਈਆਂ। ਅਨੇਕਾਂ ਸਿੰਘ ਸ਼ਹੀਦ ਹੋ ਗਏ। ਗੁਰੂ ਸਾਹਿਬ ਦਾ ਪਰਿਵਾਰ ਨਿਖੜ ਗਿਆ। ਚਾਲੀ ਸਿੱਖਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਹਿਤ ਗੁਰੂ ਜੀ ਚਮਕੌਰ ਪਹੁੰਚੇ ਜਿਥੇ ਮੁਗ਼ਲ-ਸੈਨਾ ਨਾਲ ਲੜਦੇ ਹੋਏ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਉਥੋਂ ਗੁਰੂ ਸਾਹਿਬ ਮਾਛੀਵਾੜੇ ਪਹੁੰਚੇ ਅਤੇ 'ਉੱਚ ਕਾ ਪੀਰ' ਬਣ ਕੇ ਮੁਗ਼ਲ ਸੈਨਾ ਦੇ ਘੇਰੇ ਤੋਂ ਨਿਕਲ ਕੇ ਮਾਲਵੇ ਦੇ ਇਲਾਕੇ ਵਿਚ ਦੀਨਾ-ਕਾਂਗੜ ਪਹੁੰਚੇ ਅਤੇ ਔਰੰਗਜ਼ੇਬ ਦੇ ਘਟੀਆ ਕਾਰਨਾਮਿਆਂ ਦਾ ਚਿੱਠਾ 'ਜ਼ਫ਼ਰਨਾਮਾ' ਨਾਂ ਦੀ ਰਚਨਾ ਵਿਚ ਲਿਖ ਕੇ ਭੇਜਿਆ। ਫਿਰ ਖਿਦਰਾਣੇ ਦੀ ਢਾਬ ਤੇ ਮੁਗ਼ਲ-ਸੈਨਾ ਨਾਲ ਯੁੱਧ ਕੀਤਾ ਅਤੇ ਚਾਲੀ ਮੁਕਤਿਆਂ ਦੀ ਭੁਲ ਬਖ਼ਸ਼ੀ।

ਸਰਸਾ ਨਦੀ ਨੂੰ ਪਾਰ ਕਰਨ ਉਪਰੰਤ ਛੋਟੇ ਦੋ ਸਾਹਿਬਜ਼ਾਦੇ, ਮਾਤਾ ਗੁਜਰੀ ਨਾਲ ਗੰਗੂ ਬ੍ਰਾਹਮਣ ਦੇ ਪਿੰਡ ਖੇੜੀ (ਸਹੇੜੀ) ਪਹੁੰਚੇ। ਗੰਗੂ ਨੇ ਧਨ ਲੁਟਣ ਦੀ ਦੁਰਭਾਵਨਾ ਨਾਲ ਉਨ੍ਹਾਂ ਨੂੰ ਪਕੜਵਾ ਦਿੱਤਾ। ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਨੇ ਦੋਹਾਂ ਬੱਚਿਆਂ ਨੂੰ 25 ਦਸੰਬਰ, 1704 ਈ. ਵਿਚ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ।

ਖਿਦਰਾਣੇ ਦੀ ਢਾਬ ਦੇ ਯੁੱਧ ਤੋਂ ਬਾਦ ਗੁਰੂ ਜੀ ਕੁਝ ਸਮਾਂ ਦਮਦਮਾ ਸਾਹਿਬ ਠਹਿਰੇ। ਫਿਰ ਰਾਜਸਥਾਨ ਵਿਚੋਂ ਹੁੰਦੇ ਹੋਏ ਨਾਂਦੇੜ ਪਹੁੰਚੇ। ਉਥੇ ਰਹਿ ਕੇ ਆਪ ਨੇ

ਧਰਮ-ਪ੍ਰਚਾਰ ਸ਼ੁਰੂ ਕੀਤਾ। ਪੰਜਾਬ ਵਿਚ ਧਰਮ-ਯੁੱਧ ਨੂੰ ਜਾਰੀ ਰੱਖਣ ਲਈ ਬਾਬਾ ਬੰਦਾ ਬਹਾਦਰ ਨੂੰ ਭੇਜਿਆ। ਉਥੇ ਰਹਿੰਦਿਆਂ ਇਕ ਪਠਾਣ ਦੇ ਹੱਥੋਂ ਘਾਇਲ ਹੋਏ। ਠੀਕ ਹੋਣ ਤੇ ਜਦੋਂ ਫਿਰ ਕਮਾਨ ਦਾ ਚਿੱਲਾ ਚੜ੍ਹਾਉਣ ਲਗੇ ਤਾਂ ਪਹਿਲੇ ਕੱਚੇ ਜ਼ਖਮ ਖੁਲ੍ਹ ਗਏ ਅਤੇ ਆਪ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਕੇ 42 ਵਰ੍ਹਿਆਂ ਦੀ ਉਮਰ ਵਿਚ 7 ਅਕਤੂਬਰ, 1708 ਈ. (ਕਤਕ ਸੁਦੀ 5, ਸੰਮਤ 1765 ਬਿ.) ਨੂੰ ਮਹਾ-ਪ੍ਰਸਥਾਨ ਦੀ ਤਿਆਰੀ ਕਰ ਲਈ। ਇਸ ਤਰ੍ਹਾਂ ਮੁਰਦਾ ਕੌਮ ਦੇ ਲਹੂ ਵਿਚ ਇਕ ਵਾਰ ਫਿਰ ਗਰਮੀ ਲਿਆ ਕੇ ਦੇਸ਼ ਵਿਚ ਰਾਸ਼ਟਰੀ ਚੇਤਨਾ ਪੈਦਾ ਕੀਤੀ ਅਤੇ ਅਧਿਆਤਮਿਕਤਾ ਦਾ ਰਾਹ ਮੋਕਲਾ ਕੀਤਾ। ਆਪ ਨੇ ਕੁਲ 32 ਵਰ੍ਹੇ, 10 ਮਹੀਨੇ 26 ਦਿਨ ਗੁਰਿਆਈ ਕੀਤੀ। ਆਪ ਦੇ ਸਸਕਾਰ ਵਾਲੀ ਥਾਂ ਤੇ ਹੁਣ ਗੁਰਦੁਆਰਾ ਅਬਚਲ ਨਗਰ—ਹਜ਼ੂਰ ਸਾਹਿਬ—ਉਸਾਰਿਆ ਹੋਇਆ ਹੈ ਅਤੇ ਸਿੱਖਾਂ ਦੇ ਤਖ਼ਤਾਂ ਵਿਚ ਗਿਣਿਆ ਜਾਂਦਾ ਹੈ। ਆਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਵਿਚ ਰਚੇ ਗਏ ਸਾਹਿੱਤ ਦਾ ਬਚ ਰਿਹਾ ਅੰਸ਼ ਹੁਣ 'ਦਸਮ-ਗ੍ਰੰਥ' (ਵੇਖੋ) ਵਿਚ ਸੰਕਲਿਤ ਹੈ।

ਅਨੇਕ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਆਪ ਸੰਬੰਧੀ ਹਵਾਲੇ ਦੇ ਕੇ ਸ਼ਰਧਾ ਅਰਪਿਤ ਕੀਤੀ ਹੈ। ਪ੍ਰੀਤਮ ਸਿੰਘ ਕਾਸਦ ਅਨੁਸਾਰ—'ਅਸਾਂ ਵੰਗਾਂ ਨਹੀਂ ਬਾਹਾਂ ਵਿਚ ਪਾ ਰਖੀਆਂ, ਪਾਏ ਹੋਏ ਨੇ ਕੜੇ ਗੋਬਿੰਦ ਸਿੰਘ ਦੇ।'

ਗੋਦਾਵਰੀ : ਇਸ ਦਾ ਸ਼ਾਬਦਿਕ ਅਰਥ ਹੈ ਸਵਰਗ ਦੇਣ ਵਾਲੀ (ਗੋ-ਦਾਵਰੀ)। ਇਹ, ਅਸਲ ਵਿਚ, ਦੱਖਣ ਭਾਰਤ ਵਿਚ ਵਗਣ ਵਾਲੀ ਇਕ ਨਦੀ ਦਾ ਨਾਂ ਹੈ ਜੋ ਪੂਰਵੀ ਘਾਟ ਤੋਂ ਤ੍ਰਿਅੰਬਕ ਦੇ ਮੁਕਾਮ ਤੋਂ ਨਿਕਲਦੀ ਹੋਈ ਪੂਰਵੀ ਅਤੇ ਪੱਛਮੀ ਗੋਦਾਵਰੀ ਨਾਂ ਦੇ ਜ਼ਿਲਿਆਂ ਵਿਚੋਂ ਲੰਘ ਕੇ ਬੰਗਾਲ ਦੀ ਖਾੜੀ ਵਿਚ ਡਿਗਦੀ ਹੈ। ਇਸ ਨੂੰ ਦੱਖਣ ਭਾਰਤ ਦੀ ਗੰਗਾ ਵੀ ਕਿਹਾ ਜਾਂਦਾ ਹੈ ਕਿਉਂਕਿ ਭਾਰਤ ਦੀਆਂ ਪਵਿੱਤਰ ਨਦੀਆਂ ਵਿਚ ਇਸ ਦਾ ਤੀਜਾ ਸਥਾਨ ਹੈ।

'ਬਾਲਮੀਕਿ ਰਾਮਾਇਣ' (ਅਰਣੑਯ ਕਾਂਡ) ਵਿਚ ਦਸਿਆ ਗਿਆ ਹੈ ਕਿ ਪੰਚਵਟੀ ਪ੍ਰਦੇਸ਼ ਗੋਦਾਵਰੀ ਨਦੀ ਦੇ ਨੇੜੇ ਅਤੇ ਅਗਸਤੑਯ ਰਿਸ਼ੀ ਦੇ ਆਸ਼੍ਰਮ ਤੋਂ ਦੋ ਯੋਜਨਾਂ ਦੀ ਵਿਥ ਉਤੇ ਹੈ। 'ਮਹਾਭਾਰਤ' ਦੇ ਵਨ-ਪਰਵ ਵਿਚ ਵੀ ਇਸ ਦਾ ਉੱਲੇਖ ਹੋਇਆ ਹੈ।

ਪੁਰਾਣ-ਸਾਹਿੱਤ ਵਿਚ ਗੋਦਾਵਰੀ ਬਾਰੇ ਵਿਸਤਾਰ ਸਹਿਤ ਚਰਚਾ ਹੋਈ ਹੈ। 'ਬ੍ਰਹਮ ਪੁਰਾਣ' (70/175) ਵਿਚ ਇਸ ਦੇ ਕੰਢੇ ਉਤੇ ਤੀਰਥ ਅਸਥਾਨਾਂ ਦਾ ਵਿਸਤਾਰ-ਪੂਰਵਕ ਵਰਣਨ ਹੋਇਆ ਹੈ। ਪ੍ਰਾਚੀਨ ਕਾਲ ਵਿਚ ਇਨ੍ਹਾਂ ਤੀਰਥਾਂ ਉਤੇ ਬਹੁਤ ਅਧਿਕ ਗਿਣਤੀ ਵਿਚ ਮੰਦਿਰ ਬਣੇ ਹੋਏ ਸਨ। ਉਨ੍ਹਾਂ ਵਿਚੋਂ ਹੁਣ ਬਹੁਤੇ ਡਿਗ ਗਏ ਹਨ। ਇਸ ਦੇ ਕੰਢੇ ਪ੍ਰਸਿੱਧ ਤੀਰਥ ਇਹ ਹਨ—ਨਾਸਿਕ, ਗੋਵਰਧਨ, ਪੰਚਵਟੀ ਅਤੇ ਜਨਮ ਸਥਾਨ। ਇਸ ਨਦੀ ਦੁਆਰਾ ਸਿੰਜਿਆ ਖੇਤਰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਸ ਵਿਚ ਕੀਤੇ ਇਸ਼ਨਾਨ ਦਾ ਵੀ ਬਹੁਤ ਮਹਾਤਮ ਹੈ।

ਇਸ ਦੀ ਉਤਪੱਤੀ ਬਾਰੇ ਕਈ ਪੁਰਾਣਾਂ ਵਿਚ ਪ੍ਰਸੰਗ ਮਿਲਦੇ ਹਨ ਜਿਨ੍ਹਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਗੌਤਮ ਰਿਸ਼ੀ ਇਕ ਮੋਈ ਹੋਈ ਗਊ ਨੂੰ ਜਿਵਾਉਣ ਲਈ

ਸ਼ਿਵ ਦੀਆਂ ਜਟਾਵਾਂ ਵਿਚੋਂ ਜੋ ਗੰਗਾ ਦੀ ਧਾਰਾ ਬ੍ਰਹਮ-ਗਿਰੀ ਵਿਚ ਸਥਿਤ ਆਪਣੇ ਆਸ਼੍ਰਮ ਕੋਲ ਲਿਆਇਆ, ਉਹੀ 'ਗੋਦਾਵਰੀ' ਨਦੀ ਨਾਂ ਨਾਲ ਪ੍ਰਸਿੱਧ ਹੋਈ। ਇਸੇ ਲਈ ਇਸ ਨੂੰ ਦੱਖਣ ਦੀ ਗੰਗਾ ਵੀ ਕਿਹਾ ਜਾਂਦਾ ਹੈ। ਚੂੰਕਿ ਇਸ ਨੂੰ ਗੌਤਮ ਰਿਸ਼ੀ ਨੇ ਲਿਆਉਂਦਾ ਸੀ, ਇਸ ਲਈ ਇਸ ਦਾ ਇਕ ਨਾਂ 'ਗੌਤਮੀ' ਵੀ ਪ੍ਰਚਲਿਤ ਹੈ।

ਭਗਤ ਨਾਮਦੇਵ ਨੇ ਇਸ ਦਾ ਹਵਾਲਾ ਦਿੰਦਿਆ ਕਿਹਾ ਹੈ ਕਿ ਰਾਮ-ਨਾਮ ਦੇ ਸਿਮਰਨ ਦੀ ਬਰਾਬਰੀ ਨਹੀਂ ਹੋ ਸਕਦੀ, ਭਾਵੇਂ 'ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ' (ਆ. ਗ੍ਰੰ. 973)।

ਪੰਜਾਬੀ ਸਾਹਿੱਤ ਵਿਚ ਇਸ ਦਾ ਉਚੇਚਾ ਉੱਲੇਖ ਇਸ ਕਰਕੇ ਹੋਇਆ ਹੈ ਕਿਉਂਕਿ ਇਸ ਦੇ ਕੰਢੇ ਨਾਂਦੇੜ ਸ਼ਹਿਰ ਕੋਲ ਸਿੱਖ ਧਰਮ ਦਾ ਚੌਥਾ ਤਖ਼ਤ ਸਥਿਤ ਹੈ। ਗੁਰੂ ਗੋਬਿੰਦ ਸਿੰਘ ਨੇ ਇਸ ਸਥਾਨ 'ਤੇ ਸੰਨ 1708 ਈ. ਵਿਚ ਮਹਾ-ਪ੍ਰਸਥਾਨ ਕੀਤਾ ਸੀ। ਇਥੇ ਗੁਰੂ ਜੀ ਦੀ ਯਾਦ ਨਾਲ ਸੰਬੰਧਿਤ ਹੋਰ ਵੀ ਕਈ ਧਰਮ-ਧਾਮ ਹਨ, ਜਿਵੇਂ ਸ਼ਿਕਾਰ ਘਾਟ, ਹੀਰਾ ਘਾਟ, ਨਗੀਨਾ ਘਾਟ, ਗੋਬਿੰਦ ਬਾਗ, ਮਾਲਟੇਕਰੀ, ਸਥਾਨ ਮਾਤਾ ਸਾਹਿਬ ਕੌਰ, ਸਥਾਨ ਬੰਦਾ ਬਹਾਦੁਰ ਆਦਿ।

ਭਾਈ ਵੀਰ ਸਿੰਘ ਨੇ ਉਚੇਚੇ ਤੌਰ ਤੇ ਗੋਦਾਵਰੀ ਨਾਲ ਸੰਬੰਧਿਤ ਕੁਝ ਕਵਿਤਾਵਾਂ ਲਿਖੀਆਂ ਹਨ।

ਗੋਧੂਲੀ : ਵੇਖੋ 'ਆਕਾਸ਼-ਗੰਗਾ'।

ਗੋਪੀ : ਗੋਪ (ਗਵਾਲਾ) ਦੇ ਇਸਤਰੀ ਲਿੰਗ ਵਜੋਂ 'ਗੋਪੀ' (ਗਵਾਲਨ, ਅਹੀਰਨ) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਕ੍ਰਿਸ਼ਣ ਭਗਤੀ-ਪਰੰਪਰਾ ਵਿਚ 'ਗੋਪੀ' ਦਾ ਆਪਣਾ ਹੀ ਸਰੂਪ ਅਤੇ ਮਹੱਤਵ ਹੈ।

ਵੈਸ਼ਣਵ ਪੁਰਾਣਾਂ ਵਿਚੋਂ ਭਾਗਵਤ, ਹਰਿਵੰਸ਼ ਅਤੇ ਵਿਸ਼ਣੂ ਪੁਰਾਣਾਂ ਵਿਚ ਸ੍ਰੀ ਕ੍ਰਿਸ਼ਣ ਦੇ ਜੀਵਨ ਦਾ ਵਿਸਤਾਰ ਨਾਲ ਬ੍ਰਿੱਤਾਂਤ ਮਿਲਦਾ ਹੈ। ਇਨ੍ਹਾਂ ਵਿਚੋਂ ਵੀ 'ਭਾਗਵਤ ਪੁਰਾਣ' ਵਿਚ ਸ੍ਰੀ ਕ੍ਰਿਸ਼ਣ ਦੀ ਬਾਲ ਅਤੇ ਜਵਾਨ ਅਵਸਥਾਵਾਂ ਦਾ ਅਧਿਕ ਚਿਤ੍ਰਣ ਹੋਇਆ ਹੈ ਅਤੇ ਗੋਪੀਆਂ ਨਾਲ ਕ੍ਰੀੜਾ ਦੇ ਪ੍ਰਸੰਗ ਅਧਿਕ ਵਿਸਤਾਰ ਨਾਲ ਲਿਖੇ ਗਏ ਹਨ। ਅਧਿਆਤਮਿਕ ਦ੍ਰਿਸ਼ਟੀ ਤੋਂ ਗੋਪੀਆਂ ਅਦ੍ਵੈਤੀ ਭਗਤੀ ਦਾ ਪ੍ਰਤੀਕ ਹਨ। ਇਸ ਤਰ੍ਹਾਂ ਗੋਪੀ-ਭਾਵ ਦਾ ਅਰਥ ਹੈ ਅਦ੍ਵੈਤੀ-ਭਗਤੀ।

ਗੋਪੀ-ਭਾਵ ਜਾਂ ਗੋਪੀ-ਤੱਤ੍ਵ ਦੇ ਬੀਜ 'ਰਿਗਵੇਦ' ਦੇ "ਵਿਸ਼ਣੂ ਸੂਕ੍ਤ" ਵਿਚ ਲਭੇ ਜਾ ਸਕਦੇ ਹਨ। 'ਮਹਾਭਾਰਤ' ਵਿਚ ਕ੍ਰਿਸ਼ਣ ਅਤੇ ਵਿਸ਼ਣੂ ਦੀ ਇਕਮਿਕਤਾ ਤਾਂ ਸਥਾਪਿਤ ਹੋ ਚੁੱਕੀ ਸੀ, ਪਰ ਕ੍ਰਿਸ਼ਣ ਦੀ ਬਾਲ-ਲੀਲਾ ਦਾ ਪ੍ਰਸੰਗ ਨਾ ਹੋਣ ਕਾਰਣ ਉਸ ਵਿਚ ਗੋਪੀਆਂ ਸੰਬੰਧੀ ਪ੍ਰਸੰਗ ਨਹੀਂ ਹਨ। ਗੋਪੀ-ਭਾਵ ਦਾ ਸਹੀ ਵਿਕਾਸ ਮੱਧ-ਯੁਗ ਦੇ ਕ੍ਰਿਸ਼ਣ-ਸਾਹਿੱਤ ਵਿਚ ਹੋਇਆ। 'ਭਾਗਵਤ ਪੁਰਾਣ' ਵਿਚ ਗੋਪੀਆਂ ਦਾ ਰੂਪਕਾਤਮਕ ਚਿਤ੍ਰਣ ਕੀਤਾ ਗਿਆ ਹੈ ਕਿ ਗੋਪੀਆਂ ਦੇਵ-ਪਤਨੀਆਂ ਸਨ ਅਤੇ ਭਗਵਾਨ ਕ੍ਰਿਸ਼ਣ ਦੀ ਪ੍ਰਸੰਨਤਾ ਲਈ ਹੀ ਅਵਤਰਿਤ ਹੋਈਆਂ ਸਨ। 'ਬ੍ਰਹਮਵੈਵਰਤ ਪੁਰਾਣ' ਅਤੇ 'ਪਦਮ ਪੁਰਾਣ' ਵਿਚ ਗੋਪੀ-ਕਲਪਨਾ ਅਤੇ ਗੋਪੀ-ਭਾਵਨਾ ਦਾ ਵਿਸਤਾਰ

ਨਾਲ ਵਰਣਨ ਕਰਦਿਆਂ ਗੋਲੋਕ, ਨਿੱਤ ਬਿੰਦਰਾਬਨ, ਨਿੱਤ ਰਾਮਲੀਲਾ, ਰਾਧਾ ਆਦਿ ਉਤੇ ਰਹੱਸਾਤਮਕ ਝਾਤ ਪਾਈ ਗਈ ਹੈ। ਮੱਧ-ਯੁਗ ਦੇ ਕ੍ਰਿਸ਼ਣ ਭਗਤ ਕਵੀਆਂ ਨੇ ਗੋਪੀ ਭਾਵ ਨੂੰ ਹੋਰ ਅਧਿਕ ਉਤਸਾਹਿਤ ਕੀਤਾ ਅਤੇ ਅਨੰਤ ਪ੍ਰਕਾਰ ਦੀਆਂ ਕਲਪਨਾਵਾਂ ਕੀਤੀਆਂ ਗਈਆਂ। ਸਨਕਾਦਿਕ ਸੰਪ੍ਰਦਾਇ ਦੇ ਆਚਾਰਯ ਨਿੰਬਾਰਕ ਨੇ ਕ੍ਰਿਸ਼ਣ ਨੂੰ ਪੂਰਣ ਬ੍ਰਹਮ ਮੰਨਦੇ ਹੋਇਆਂ ਉਸ ਦੀਆਂ ਦੋ ਸ਼ਕਤੀਆਂ ਦੀ ਕਲਪਨਾ ਕੀਤੀ ਹੈ—ਇਕ ਐਸ਼ਵਰਯ, ਜਿਸ ਵਿਚ ਰਮਾ, ਲੱਛਮੀ ਆਦਿ ਨੂੰ ਗਿਣਿਆ ਜਾਂਦਾ ਹੈ ਅਤੇ ਦੂਜੀ ਮਾਧੁਰਯ, ਜਿਸ ਵਿਚ ਰਾਧਾ ਅਤੇ ਹੋਰ ਗੋਪੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਚੈਤਨ੍ਯ ਮਤ ਅਤੇ ਪੁਸ਼ਟੀ-ਮਾਰਗ ਵਾਲੇ ਸਾਧਕਾਂ ਨੇ ਗੋਪੀ-ਭਾਵ ਦਾ ਸੂਖਮ ਵਿਸ਼ਲੇਸ਼ਣ ਕਰਦੇ ਹੋਇਆਂ ਗੋਪੀਆਂ ਦੀ ਚਾਰ ਵਰਗਾਂ—ਬ੍ਰਜਬਾਲਾ, ਸ਼੍ਰੁਤਿਗਣ, ਮੁਨੀਗਣ ਅਤੇ ਗੋਪ-ਬਾਲਾ—ਵਿਚ ਵੰਡ ਕੀਤੀ ਹੈ। ਗੋਪਬਾਲਾ ਵਰਗ ਦੀਆਂ ਗੋਪੀਆਂ ਦੇ ਨਾਂ ਇਸ ਪ੍ਰਕਾਰ ਹਨ—ਚੰਦ੍ਰਾਵਲੀ, ਚੰਦ੍ਰਿਕਾ, ਕਾਂਚਨਮਾਲਾ, ਰੁਕਮ-ਮਾਲਾ, ਚੰਦ੍ਰਾਨਨਾ, ਚੰਦ੍ਰਰੇਖਾ, ਚਾਂਦ੍ਰਵਾਪੀ, ਚੰਦ੍ਰਮਾਲਾ, ਚੰਦ੍ਰਪ੍ਰਭਾ, ਚੰਦ੍ਰਕਲਾ, ਸੌਵਰਣਮਾਲਾ, ਮਣਿਮਾਲਿਕਾ, ਵਰਣ-ਪ੍ਰਭਾ, ਸ਼ੁੱਧ ਕਾਂਚਨ-ਸੰਨਿਭਾ, ਮਾਲਤੀ, ਯੂਥੀ, ਵਾਸੰਤੀ ਨਵਮਲਿਕਾ, ਮੱਲੀ, ਨਵਮੱਲੀ, ਸ਼ੇਫਾਲਿਕਾ, ਸੌਗੰਧਿਕਾ, ਕਸਤੂਰੀ, ਪਦਮਿਨੀ, ਕੁਮੁਦ੍ਵਤੀ, ਗੋਪਾਲੀ, ਰਸਾਲਾ, ਸੁਰਸਾ, ਮਧੁਮੰਜਰੀ, ਰੰਭਾ, ਉਰਵਸ਼ੀ, ਸੁਰੇਖਾ, ਸਵਰਣ ਰੇਖਿਕਾ, ਵਸੰਤਤਿਲਕਾ ਆਦਿ।

ਮੱਧ-ਯੁਗ ਦੇ ਭਗਤੀ-ਕਾਵਿ ਵਿਚ ਗੋਪੀਆਂ ਦਾ ਅਨੇਕ ਪ੍ਰਸੰਗਾਂ ਵਿਚ ਉੱਲੇਖ ਹੋਇਆ ਹੈ। ਗੁਰੂ ਰਾਮਦਾਸ ਨੇ ਇਨ੍ਹਾਂ ਵਿਚ ਪ੍ਰਭੂ ਨੂੰ ਹੀ ਪ੍ਰਤਿਬਿੰਬਤ ਵੇਖਿਆ ਹੈ—'ਆਪੇ ਗੋਪੀ ਆਪੇ ਕਾਨ੍ਹਾ ॥ ਆਪੇ ਗਊ ਚਰਾਵੈ ਬਾਨਾ' (ਅ. ਗ੍ਰੰ. 1083)।

ਗੋਪੀਚੰਦ, ਰਾਜਾ : ਪਾਲ ਰਾਜਵੰਸ਼ ਨਾਲ ਸੰਬੰਧਿਤ ਬੰਗਾਲ ਪ੍ਰਾਂਤ ਦੇ ਰੰਗਪੁਰ ਜਾਂ ਰੰਗਵਤੀ ਖੇਤਰ ਦਾ ਰਾਜਾ ਜਿਸ ਨੇ ਯੋਗ-ਮਤ ਦੇ ਪ੍ਰਭਾਵ ਅਧੀਨ ਆਪਣਾ ਰਾਜ-ਭਾਗ ਛੱਡ ਦਿੱਤਾ ਅਤੇ ਜਾਲੰਧਰ ਨਾਂ ਦੇ ਯੋਗੀ ਦਾ ਚੇਲਾ ਬਣ ਗਿਆ। ਇਸ ਦੇ ਪਿਤਾ ਦਾ ਨਾਂ ਮਾਣਕਚੰਦ ਅਤੇ ਮਾਤਾ ਦਾ ਨਾਂ ਮੈਨਾਵਤੀ ਸੀ ਜੋ ਭਰਥਰੀ ਹਰੀ (ਭਰਤ੍ਰਿ-ਹਰਿ) ਦੀ ਭੈਣ ਸੀ।

ਕੁਝ ਵਿਦਵਾਨਾਂ ਨੇ ਇਸ ਨੂੰ ਸਿੱਧ ਕਿਹਾ ਹੈ ਅਤੇ ਕੁਝ ਨੇ ਨਾਥ-ਯੋਗੀ। ਅਸਲ ਵਿਚ, ਗੋਪੀ ਚੰਦ ਉਸ ਯੁਗ ਵਿਚ ਪੈਦਾ ਹੋਇਆ ਸੀ ਜਦੋਂ ਸਿੱਧਾਂ ਦੀ ਵਾਮ-ਮਾਰਗੀ ਬਿਰਤੀ ਦੀ ਪ੍ਰਤਿਕ੍ਰਿਆ ਵਜੋਂ ਨਾਥ ਮਤ ਦਾ ਉਦਭਵ ਹੋ ਰਿਹਾ ਸੀ। ਇਸ ਦਾ ਇਕ ਨਾਮਾਂਤਰ 'ਗੋਵਿੰਦਰਚੰਦ' ਵੀ ਦਸਿਆ ਜਾਂਦਾ ਹੈ। ਇਸ ਨੇ ਇਕ ਥਾਂ ਆਪਣੇ ਆਪ ਨੂੰ ਚਰਪਟ ਨਾਥ ਦਾ ਗੁਰਭਾਈ ਵੀ ਦਸਿਆ ਹੈ—'ਗੁਰੂ ਹਮਾਰੇ ਗੋਰਖ ਬੋਲਿਯੇ, ਚਰਪਟ ਹੈ ਗੁਰ ਭਾਈ।' ਇਸ ਦੇ ਜਨਮ-ਸੰਮਤ ਬਾਰੇ ਠੀਕ ਜਾਣਕਾਰੀ ਨਹੀਂ ਮਿਲਦੀ। ਪਰ ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਯਾਰ੍ਹਵੀਂ ਸਦੀ ਦੇ ਨੇੜੇ-ਤੇੜੇ ਪੂਰਵੀ ਭਾਰਤ ਵਿਚ ਕਿਤੇ ਪੈਦਾ ਹੋਇਆ ਸੀ।

ਇਕ ਲੋਕ-ਕਥਾ ਅਨੁਸਾਰ ਗੋਪੀਚੰਦ ਦਾ ਜਨਮ ਗੋਰਖ ਨਾਥ ਦੇ ਵਰਦਾਨ ਨਾਲ ਹੋਇਆ ਕਿਉਂਕਿ ਰਾਜਾ ਮਾਣਕਚੰਦ ਦੇ ਮਰਨ ਤੇ ਮੈਨਾਵਤੀ ਨੇ ਆਪਣੀ ਯੋਗ-ਸ਼ਕਤੀ ਨਾਲ ਯਮਪੁਰੀ ਨੂੰ ਘੇਰ ਲਿਆ। ਇਸ ਮੌਕੇ ਤੇ ਪਹੁੰਚ ਕੇ ਗੋਰਖਨਾਥ ਨੇ ਪੁੱਤਰ ਦਾ ਵਰਦਾਨ ਦਿੱਤਾ ਸੀ।

ਗੋਪੀਚੰਦ ਆਪਣੇ ਪਿਤਾ ਦੀ ਗੱਦੀ ਉਤੇ ਬੈਠਾ, ਪਰ ਉਸ ਦੀ ਮਾਤਾ ਨੂੰ ਇਸ ਗੱਲ ਦਾ ਬੋਧ ਸੀ ਕਿ ਜੇ ਗੋਪੀਚੰਦ ਨੇ ਰਾਜਗੱਦੀ ਨਾ ਤਿਆਗੀ ਤਾਂ ਉਹ ਜੀਵਿਤ ਨਹੀਂ ਰਹਿ ਸਕੇਗਾ। ਇਸ ਲਈ ਉਸ ਨੇ ਸਦਾ ਗੋਪੀਚੰਦ ਨੂੰ ਵੈਰਾਗ ਦਾ ਹੀ ਉਪਦੇਸ਼ ਦਿੱਤਾ ਅਤੇ ਅੰਤ ਵਿਚ ਉਸ ਨੇ ਸਭ ਕੁਝ ਤਿਆਗ ਕੇ ਵੈਰਾਗ ਧਾਰਣ ਕਰ ਲਿਆ। ਉਸ ਦੀਆਂ ਦੋਹਾਂ ਰਾਣੀਆਂ—ਉਦਯਨੀ ਅਤੇ ਪਦਮਿਨੀ—ਨੇ ਐਸ਼ਵਰਜ ਵਾਲਾ ਜੀਵਨ ਨਾ ਤਿਆਗਣ ਲਈ ਬੜੇ ਤਰਲੇ ਲਏ, ਪਰ ਗੋਪੀਚੰਦ ਵੈਰਾਗ ਧਾਰਣ ਕਰਨ ਦੇ ਫੈਸਲੇ ਉਤੇ ਦ੍ਰਿੜ ਰਿਹਾ। ਉਸ ਨੇ ਆਪਣੀ ਇਕ 'ਸ਼ਬਦੀ' ਵਿਚ ਲਿਖਿਆ ਹੈ ਕਿ—'ਤਜਿਲਾ ਬੰਗਾਲ ਦੇਸ਼ ਮੈਨਾਵੰਤੀ ਮਾਈ,/ਜਲੰਧ੍ਰੀ ਪ੍ਰਸਾਦੇ ਗੋਪੀਚੰਦ ਚੌਪਦੀ ਗਾਈ।'

ਗੋਪੀਚੰਦ ਦੇ ਤਿਆਗ ਨਾਲ ਸੰਬੰਧਿਤ ਅਨੇਕ ਲੋਕ-ਕਥਾਵਾਂ ਪ੍ਰਚਲਿਤ ਹਨ, ਖ਼ਾਸ ਕਰਕੇ ਬੰਗਾਲ ਅਤੇ ਉਸ ਦੇ ਨਾਲ ਲਗਦਿਆਂ ਖੇਤਰਾਂ ਵਿਚ। ਗੁਰੂ ਨਾਨਕ ਦੇਵ ਨੇ ਉਦਾਸੀ ਦਾ ਸਰੂਪ-ਲੱਛਣ ਸਪੱਸ਼ਟ ਕਰਦਿਆਂ ਦਸਿਆ ਹੈ—'ਸੋ ਉਦਾਸੀ ਜਿ ਪਾਲੇ ਉਦਾਸੁ।/ਅਰਧ ਉਰਧ ਕਰੇ ਨਿਰੰਜਨ ਵਾਸੁ।/ਚੰਦ ਸੂਰਜ ਕੀ ਪਾਏ ਗੰਢਿ।/ਤਿਸੁ ਉਦਾਸੀ ਕਾ ਪੜੈ ਨਾ ਕੰਧੁ।/ਬੋਲੈ ਗੋਪੀਚੰਦੁ ਸਤਿ ਸਰੂਪੁ।/ਪਰਮ ਤੰਤ ਮਹਿ ਰੇਖ ਨ ਰੂਪੁ' (ਆ. ਗ੍ਰੰ. 952)।

ਗੋਮਤੀ : ਇਸ ਨਾਂ ਦੀਆਂ ਕਈ ਨਦੀਆਂ ਹਨ। ਇਸ ਦਾ ਉੱਲੇਖ 'ਰਿਗਵੇਦ' ਦੇ ਦਸਵੇਂ ਮੰਡਲ (ਨਦੀਸੂਕ੍ਤ) ਵਿਚ ਵੀ ਮਿਲਦਾ ਹੈ। ਹੁਣ ਜਿਸ ਨਦੀ ਦੀ ਅਧਿਕ ਪ੍ਰਸਿੱਧੀ ਇਸ ਨਾਂ ਨਾਲ ਹੈ, ਉਹ ਉੱਤਰ ਪ੍ਰਦੇਸ਼ ਦੇ ਪੀਲੀਭੀਤ ਜ਼ਿਲੇ ਵਿਚ ਸ਼ਾਹਜਹਾਨ-ਪੁਰ ਦੀ ਝੀਲ ਵਿਚੋਂ ਨਿਕਲ ਕੇ ਅਤੇ ਲਖੀਮਪੁਰ ਖੇੜੀ, ਲਖਨਊ, ਜੌਨਪੁਰ ਤੋਂ ਹੁੰਦੀ ਹੋਈ ਅਤੇ ਲਗਭਗ 800 ਕਿ. ਮੀ. ਵਗਦੀ ਹੋਈ, ਬਨਾਰਸ ਦੇ ਨੇੜੇ ਸੈਦਪੁਰ ਦੇ ਸਥਾਨ ਤੇ ਗੰਗਾ ਨਦੀ ਵਿਚ ਜਾ ਰਲਦੀ ਹੈ। ਇਸ ਦਾ ਇਕ ਨਾਮਾਂਤਰ 'ਵਾਸਿਸ਼ਠੀ' ਵੀ ਹੈ।

ਇਸ ਨੂੰ ਹਿੰਦੂ ਧਰਮ ਵਿਚ ਆਦਰਯੋਗ ਸਥਾਨ ਪ੍ਰਾਪਤ ਹੈ ਕਿਉਂਕਿ ਇਸ ਵਿਚ ਕੀਤੇ ਇਸ਼ਨਾਨ ਦਾ ਮਹਾਤਮ ਬਹੁਤ ਅਧਿਕ ਹੈ। ਪਰ ਮੱਧ-ਯੁਗ ਦੇ ਸੰਤਾਂ ਨੇ ਆਪਣੇ ਜੀਵਨ ਦਰਸ਼ਨ ਵਿਚ ਤੀਰਥ-ਇਸ਼ਨਾਨ ਨੂੰ ਕੋਈ ਮਹੱਤਵ ਨਾ ਦੇ ਕੇ ਪਰਮਾਤਮਾ ਦੇ ਨਾਮ ਨੂੰ ਹੀ ਸਰਵ-ਸ੍ਰੇਸ਼ਠ ਮੰਨਿਆ ਹੈ। ਭਗਤ ਨਾਮਦੇਵ ਅਨੁਸਾਰ—'ਗੰਗਾ ਜਉ ਗੋਦਾਵਰਿ ਜਾਈਐ, ਕੁੰਭਿ ਜਉ ਕੇਦਾਰ ਨਾਈਐ।/ਗੋਮਤੀ ਸਹਸ ਗਊਦਾਨੁ ਕੀਜੈ।/ਕੋਟਿ ਜਉ ਤੀਰਥ ਕਰੈ ਤਨ ਜਉ ਹਿਵਾਲੇ ਗਾਰੈ।/ਰਾਮ ਨਾਮ ਸਰਿ ਤਊ ਨ ਪੂਜੈ' (ਆ. ਗ੍ਰੰ. 973)।

ਗੋਰਖਨਾਥ : ਇਕ ਪ੍ਰਮੁਖ ਨਾਥ-ਯੋਗੀ ਜਿਸ ਦੇ ਸਮੇਂ ਅਤੇ ਜਨਮ-ਸਥਾਨ ਬਾਰੇ

ਪ੍ਰਮਾਣਿਕ ਢੰਗ ਨਾਲ ਨਹੀਂ ਕਿਹਾ ਜਾ ਸਕਦਾ। ਵਿਦਵਾਨਾਂ ਨੇ ਇਸ ਨੂੰ ਸੱਤਵੀਂ ਸਦੀ ਤੋਂ ਲੈ ਕੇ ਬਾਰ੍ਹਵੀਂ ਸਦੀ ਤਕ ਹੋਇਆ ਮੰਨਿਆ ਹੈ। ਪਰ ਨਵੀਂ ਖੋਜ ਅਨੁਸਾਰ ਇਸ ਨੂੰ ਯਾਰ੍ਹਵੀਂ ਜਾਂ ਬਾਰ੍ਹਵੀਂ ਸਦੀ ਵਿਚ ਹੋਇਆ ਦਸਿਆ ਜਾਂਦਾ ਹੈ। ਨਾਥ-ਸੰਪ੍ਰਦਾਇ ਵਿਚ ਪਹਿਲਾਂ ਨਾਂ ਆਦਿ-ਨਾਥ ਦਾ ਹੈ ਜੋ ਅੱਠਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਇਹ ਵੀ ਧਾਰਨਾ ਹੈ ਕਿ ਉਹ ਸ਼ਿਵ ਦਾ ਅਵਤਾਰ ਸੀ। ਆਦਿ-ਨਾਥ ਦਾ ਸ਼ਿਸ਼ ਮਛੰਦਰ ਨਾਥ (ਮਤ੍ਸਯੇਂਦ੍ਰ ਨਾਥ) ਸੀ ਅਤੇ ਮਛੰਦਰ ਨਾਥ ਦਾ ਸ਼ਿਸ਼ ਗੋਰਖਨਾਥ ਸੀ।

ਨੌਂ ਨਾਥਾਂ ਵਿਚੋਂ ਗੋਰਖਨਾਥ ਵਿਸ਼ੇਸ਼ ਪ੍ਰਸਿੱਧੀ ਦਾ ਮਾਲਕ ਹੈ। ਇਸ ਦੀ ਪ੍ਰਸਿੱਧੀ ਅਤੇ ਮਹੱਤਵ ਸੰਬੰਧੀ ਇਕ ਦੰਦ-ਕਥਾ ਪ੍ਰਚਲਿਤ ਹੈ ਕਿ ਇਸ ਦਾ ਗੁਰੂ ਮਛੰਦਰ ਨਾਥ ਇਕ ਵਾਰ ਤ੍ਰਿਆ ਦੇਸ (ਕਾਵਰੂ ਦੇਸ) ਵਿਚ ਗਿਆ ਅਤੇ ਉਥੇ ਵਿਲਾਸ ਕ੍ਰੀੜਾ ਵਿਚ ਫਸ ਗਿਆ। ਜਦੋਂ ਗੋਰਖਨਾਥ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਇਸ ਨੇ ਆਪਣੇ ਗੁਰੂ ਨੂੰ ਤ੍ਰਿਆ-ਜਾਲ ਵਿਚੋਂ ਮੁਕਤ ਕਰਾਇਆ। ਇਹ ਆਪਣੇ ਸਮੇਂ ਦਾ ਬਹੁਤ ਪ੍ਰਤਾਪੀ ਅਤੇ ਤੇਜਸਵੀ ਸਾਧਕ ਸੀ। ਇਸ ਨੇ ਸਾਰੇ ਭਾਰਤ, ਤਿੱਬਤ ਅਤੇ ਨੇਪਾਲ ਤਕ ਭ੍ਰਮਣ ਕਰਕੇ ਆਪਣੇ ਮਤ ਦਾ ਪ੍ਰਚਾਰ ਕੀਤਾ ਅਤੇ ਹਰ ਪਾਸੇ ਜੋਗਮਤ ਦੀ ਧਾਕ ਜਮਾਈ। ਕਈ ਰਾਜੇ ਵੀ ਇਸ ਤੋਂ ਪ੍ਰਭਾਵਿਤ ਹੋਏ ਅਤੇ ਆਪਣਾ ਰਾਜ ਭਾਗ ਛਡ ਕੇ ਇਸ ਦੇ ਪਿਛੇ ਲਗ ਤੁਰੇ। ਉਂਜ ਤਾਂ ਸਾਰੇ ਦੇਸ਼ ਵਿਚ ਇਸ ਦੇ ਨਾਂ ਨਾਲ ਸੰਬੰਧਿਤ ਸਥਾਨ ਅਤੇ ਮੰਦਿਰ ਮਿਲ ਜਾਂਦੇ ਹਨ, ਪਰ ਇਸ ਦਾ ਮੁੱਖ ਧਾਮ ਉੱਤਰ ਪ੍ਰਦੇਸ਼ ਦੇ ਗੋਰਖਪੁਰ ਨਗਰ ਵਿਚ ਹੈ। ਇਥੇ ਗੋਰਖਨਾਥ ਨੇ ਬਹੁਤ ਅਧਿਕ ਤਪਸਿਆ ਕੀਤੀ ਸੀ ਅਤੇ ਇਥੇ ਹੀ ਇਸ ਨੂੰ ਸਮਾਧੀ ਦਿੱਤੀ ਗਈ ਸੀ। ਇਥੇ ਹੁਣ ਨਾਥ ਜੋਗੀ ਕੰਨਪਾਟੇ ਸਾਧੂ ਰਹਿੰਦੇ ਹਨ। ਇਸ ਦਾ ਸਾਧਨਾ-ਮਾਰਗ ਪਾਤੰਜਲਿ ਦੀ ਜੋਗ-ਵਿਧੀ ਅਤੇ ਹਠ-ਜੋਗ ਦੀ ਪ੍ਰਕ੍ਰਿਆ ਦੇ ਸੁਮੇਲ ਵਿਚੋਂ ਪੈਦਾ ਹੋਇਆ ਹੈ।

ਨੇਪਾਲ ਵਿਚ ਇਸ ਨੂੰ ਪਸ਼ੁਪਤਿ ਦਾ ਅਵਤਾਰ ਮੰਨਿਆ ਜਾਂਦਾ ਹੈ। ਅਨੇਕ ਥਾਵਾਂ ਤੇ ਇਸ ਦੇ ਨਾਂ ਨਾਲ ਸੰਬੰਧਿਤ ਆਸ਼੍ਰਮ ਬਣੇ ਹੋਏ ਹਨ। ਇਸ ਦੇਸ਼ ਦੇ ਸਿੱਕਿਆਂ ਉਤੇ ਵੀ ਸ੍ਰੀਗੋਰਖਨਾਥ ਲਿਖਿਆ ਹੁੰਦਾ ਹੈ। ਗੋਰਖਨਾਥ ਦੀ ਮਾਨਤਾ ਕਰਕੇ ਹੀ ਨੇਪਾਲ ਵਿਚ ਗੋਰਖਾ ਜਾਤਿ ਪ੍ਰਸਿੱਧ ਹੋਈ ਜਿਸ ਦਾ ਪ੍ਰਾਂਤ ਵੀ ਗੋਰਖਾ ਅਖਵਾਉਂਦਾ ਹੈ।

ਗੋਰਖਨਾਥ ਨੇ ਆਪਣੇ ਮਤ ਦੇ ਵਿਵਸਥਿਤ ਪ੍ਰਚਾਰ ਲਈ ਸਾਰੇ ਅਨੁਯਾਈਆਂ ਨੂੰ ਬਾਰ੍ਹਾਂ ਪੰਥਾਂ ਵਿਚ ਵੰਡ ਦਿੱਤਾ; ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਸਤ੍ਯਨਾਥੀ, ਧਰਮਨਾਥੀ, ਰਾਮ-ਪੰਥ, ਨਟੇਸ਼੍ਵਰੀ, ਕਨ੍ਹਣ, ਕਪਿਲਾਨੀ, ਵੈਰਾਗੀ, ਮਾਨ-ਨਾਥੀ, ਆਈ-ਪੰਥ, ਪਾਗਲ-ਪੰਥ, ਧਜਪੰਥ ਅਤੇ ਗੰਗਾਨਾਥੀ। ਗੋਰਖਨਾਥ ਨੇ ਆਪਣੇ ਵਿਚਾਰਾਂ ਨੂੰ ਪ੍ਰਚਾਰਨ ਲਈ ਕੁਝ ਰਚਨਾਵਾਂ ਵੀ ਤਿਆਰ ਕੀਤੀਆਂ ਜਿਨ੍ਹਾਂ ਦੀ ਗਿਣਤੀ 40 ਤਕ ਦਸੀ ਜਾਂਦੀ ਹੈ ਅਤੇ ਜੋ ਡਾ. ਪੀਤਾਂਬਰ ਦੱਤ ਬੜਥਵਾਲ ਨੇ 'ਗੋਰਖ-ਬਾਣੀ' ਨਾਂ ਅਧੀਨ ਸੰਪਾਦਿਤ ਕੀਤੀਆਂ ਹਨ, ਪਰ ਇਨ੍ਹਾਂ ਵਿਚੋਂ ਅਧਿਕਾਂਸ਼ ਰਚਨਾਵਾਂ ਪਰਵਰਤੀ ਨਾਥਾਂ ਦੀਆਂ ਹਨ। ਅਸਲ ਵਿਚ, ਕਿਸੇ ਅਧਿਕਾਰੀ ਸਰੋਤ ਤੋਂ ਪ੍ਰਾਪਤ ਨਾ ਹੋਣ ਕਾਰਣ ਇਨ੍ਹਾਂ ਦਾ ਕਰਤ੍ਰਿਤਵ

ਸੰਦਿਗਧ ਹੈ।

ਗੋਰਖਨਾਥ ਦੇ ਅਨੁਯਾਈ ਪਹਿਲਾਂ ਸ਼ਿਵ ਦੇ ਨਾਂ ਦਾ ਜਾਪ ਕਰਦੇ ਸਨ, ਪਰ ਬਾਦ ਵਿਚ ਗੋਰਖਨਾਥ ਦੇ ਨਾਂ ਦਾ ਵੀ ਜਾਪ ਕਰਨ ਲਗ ਗਏ ਹਨ। ਇਸ ਤੱਥ ਵਲ ਗੁਰੂ ਰਾਮਦਾਸ ਨੇ ਸੰਕੇਤ ਕੀਤਾ ਹੈ—'ਪੰਡਿਤੁ ਸਾਸਤ ਸਿਮ੍ਰਿਤਿ ਪੜਿਆ।/ਜੋਗੀ ਗੋਰਖੁ ਗੋਰਖੁ ਕਰਿਆ।/ਮੈ ਮੂਰਖ ਹਰਿ ਹਰਿ ਜਪੁ ਪੜਿਆ' (ਅ. ਗ੍ਰੰ. 163)।

ਗੋਰਖਪੁਰ : ਵੇਖ 'ਗੋਰਖ-ਨਾਥ'।

ਗੋਵਰਧਨ, ਪਰਬਤ : ਉੱਤਰ-ਪ੍ਰਦੇਸ਼ ਦੇ ਮਥੁਰਾ ਜ਼ਿਲੇ ਵਿਚ ਸਥਿਤ ਇਕ ਪਹਾੜ ਜਿਸ ਦੀ ਪ੍ਰਸਿੱਧੀ ਕ੍ਰਿਸ਼ਣ-ਲੀਲਾ ਕਾਰਣ ਹੋਈ। ਇਹ ਪਹਾੜ ਬਿੰਦਰਾਬਨ (ਵ੍ਰਿੰਦਾਵਨ) ਤੋਂ ਲਗਭਗ 29 ਕਿ. ਮੀ. ਦੀ ਵਿੱਥ ਉਤੇ ਹੈ। ਇਸ ਉਤੇ ਘਾਹ ਆਦਿ ਆਮ ਮਿਲਣ ਕਾਰਣ ਇਸ ਨੂੰ ਗਊਆਂ ਦੇ ਵਿਕਾਸ ਵਿਚ ਸਹਾਇਕ ਮੰਨਿਆ ਗਿਆ ਹੈ। ਇਸੇ ਲਈ ਇਸ ਦਾ ਨਾਂ 'ਗੋਵਰਧਨ' ਪਿਆ ਪ੍ਰਤੀਤ ਹੁੰਦਾ ਹੈ।

'ਭਾਗਵਤ ਪੁਰਾਣ' (ਸਕੰਧ 10) ਅਨੁਸਾਰ ਬ੍ਰਜ-ਭੂਮੀ ਦੇ ਨਿਵਾਸੀ ਪ੍ਰਾਚੀਨ ਕਾਲ ਤੋਂ ਇੰਦਰ ਦੀ ਪੂਜਾ ਕਰਦੇ ਆ ਰਹੇ ਸਨ। ਇਸ ਕਰਕੇ ਇੰਦਰ ਨੂੰ ਬਹੁਤ ਹੰਕਾਰ ਹੋ ਗਿਆ। ਉਸ ਦੇ ਹੰਕਾਰ ਨੂੰ ਦੂਰ ਕਰਨ ਲਈ ਸ੍ਰੀ ਕ੍ਰਿਸ਼ਣ ਨੇ ਲੋਕਾਂ ਨੂੰ ਪ੍ਰੇਰਿਆ ਕਿ ਉਹ ਇੰਦਰ ਦੀ ਪੂਜਾ ਦੀ ਥਾਂ ਤੇ ਗਿਰੀ (ਪਰਬਤ) ਦੀ ਪੂਜਾ ਕਰਨ। ਬ੍ਰਜ-ਵਾਸੀਆਂ ਨੇ ਜਦ ਇੰਦਰ ਦੀ ਪੂਜਾ ਛੱਡ ਦਿੱਤੀ ਤਾਂ ਉਸ ਨੇ ਬਦਲਾਂ ਨੂੰ ਬ੍ਰਜ ਵਲ ਚੜ੍ਹਾ ਦਿੱਤਾ। ਬਹੁਤ ਅਧਿਕ ਵਰਸ਼ਾ ਕਾਰਣ ਬ੍ਰਜ-ਭੂਮੀ ਜਲ-ਥਲ ਹੋ ਗਈ। ਬ੍ਰਜ-ਵਾਸੀਆਂ ਨੇ ਕ੍ਰਿਸ਼ਣ ਪਾਸ ਸਹਾਇਤਾ ਲਈ ਪੁਕਾਰ ਕੀਤੀ। ਸ੍ਰੀ ਕ੍ਰਿਸ਼ਣ ਨੇ ਸਭ ਨੂੰ, ਪਸ਼ੂਆਂ ਸਹਿਤ, ਗੋਵਰਧਨ ਪਰਬਤ ਉਤੇ ਸ਼ਰਣ ਲੈਣ ਲਈ ਕਿਹਾ। ਤਦ-ਉਪਰੰਤ ਕ੍ਰਿਸ਼ਣ ਨੇ ਗੋਵਰਧਨ ਪਰਬਤ ਨੂੰ ਆਪਣੇ ਹੱਥ (ਜਾਂ ਉਂਗਲੀ) ਉਤੇ ਸੱਤ ਦਿਨ ਚੁੱਕੀ ਰਖਿਆ। ਜਦ ਇੰਦਰ ਦੀ ਸ੍ਰੀ ਕ੍ਰਿਸ਼ਣ ਦੀ ਯੋਗ ਮਾਯਾ ਅਗੇ ਕੁਝ ਨਾ ਚਲੀ ਤਾਂ ਉਸ ਨੇ ਬਦਲਾਂ ਨੂੰ ਵਾਪਸ ਬੁਲਾ ਲਿਆ ਅਤੇ ਸ੍ਰੀ ਕ੍ਰਿਸ਼ਣ ਕੋਲੋਂ ਮਾਫ਼ੀ ਮੰਗੀ। ਉਸ ਦਿਨ ਤੋਂ ਬ੍ਰਜਵਾਸੀਆਂ ਵਿਚ ਗੋਵਰਧਨ ਪੂਜਾ ਦੀ ਪਰੰਪਰਾ ਚਲ ਪਈ।

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਇਸ ਘਟਨਾ ਵਲ ਸੰਕੇਤ ਕੀਤਾ ਹੈ—'ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ।/ ਗੁਰਮਤਿ ਸਾਇਰਿ ਪਾਹਣ ਤਾਰੇ' (ਅ. ਗ੍ਰੰ. 1041)।

ਗੌਸ : ਵੇਖ 'ਅਬਦਾਲ'।

ਗੌਤਮ, ਨਿਆਇਸ਼ਾਸਤ੍ਰੀ : ਵੇਖ 'ਨਿਆਇ-ਸ਼ਾਸਤ੍ਰ'।

ਗੌਤਮ-ਬੁੱਧ : ਵੇਖ 'ਬੁੱਧ-ਮਤ'।

ਗੌਤਮ, ਮੁਨੀ : 'ਸ਼ਰਦਵਤ' ਨਾਂ ਦਾ ਇਕ ਪ੍ਰਸਿੱਧ ਮੁਨੀ ਜਿਸ ਦਾ ਵਿਆਹ ਅਹਿਲਿਆ (ਅਹਲਯਾ) ਨਾਂ ਦੀ ਸੁੰਦਰੀ ਨਾਲ ਹੋਇਆ ਸੀ। 'ਬਾਲਮੀਕੀ ਰਾਮਾਇਣ' (ਬਾਲ-ਕਾਂਡ) ਅਨੁਸਾਰ ਗੌਤਮ ਆਪਣੀ ਪਤਨੀ ਅਹਿਲਿਆ ਨਾਲ ਬਨ ਵਿਚ ਤਪ ਕਰਦਾ ਸੀ। ਇਕ ਦਿਨ ਗੌਤਮ ਦੀ ਗ਼ੈਰ-ਹਾਜ਼ਰੀ ਵਿਚ ਉਸੇ ਦਾ ਹੀ ਭੇਸ ਧਾਰਣ

ਕਰਕੇ ਇੰਦਰ ਅਹਲਿਆ ਕੋਲ ਆਇਆ ਅਤੇ ਸੰਭੋਗ ਦੀ ਇੱਛਾ ਪ੍ਰਗਟ ਕੀਤੀ। ਅਹਲਿਆ ਨੇ ਇੰਦਰ ਨੂੰ ਖ਼ੁਦ ਆਇਆ ਵੇਖ ਕੇ ਉਸ ਦੀ ਗੱਲ ਮੰਨ ਲਈ। ਸੰਭੋਗ ਉਪਰੰਤ ਇੰਦਰ ਪਰਤਣ ਲਗਿਆ ਤਾਂ ਉਪਰੋਂ ਗੌਤਮ ਆ ਗਿਆ। ਉਸ ਨੇ ਇੰਦਰ ਨੂੰ ਇਸ ਘਿਰਣਿਤ ਕਰਮ ਲਈ ਸਰਾਪ ਦਿੱਤਾ। ਸਰਾਪ ਨਾਲ ਇੰਦਰ ਦੇ ਅੰਡਕੋਸ਼ ਨਸ਼ਟ ਹੋ ਗਏ। ਅਹਲਿਆ ਆਪਣਾ ਸ਼ਰੀਰ ਤਿਆਗ ਕੇ ਅਤੇ ਸਾਰਿਆਂ ਪ੍ਰਾਣੀਆਂ ਤੋਂ ਅਦ੍ਰਿਸ਼ ਹੋ ਕੇ ਆਸ਼੍ਰਮ ਵਿਚ ਹੀ ਹਵਾ ਫਕਦੀ ਸੁਆਹ ਦੇ ਢੇਰ ਉਤੇ ਕਈ ਹਜ਼ਾਰ ਵਰ੍ਹੇ ਲੇਟੀ ਰਹੀ। ਗੌਤਮ ਨੇ ਉਸ ਨੂੰ ਇਸ ਸਥਿਤੀ ਵਿਚ ਵੇਖ ਕੇ ਕਿਹਾ ਕਿ ਮੁਕਤੀ ਉਸੇ ਸੂਰਤ ਵਿਚ ਮਿਲੇਗੀ ਜਦੋਂ ਦਸ਼ਰਥ ਪੁੱਤਰ ਰਾਮ ਇਥੇ ਆਉਣਗੇ।

ਤਦ-ਉਪਰੰਤ ਗੌਤਮ ਹਿਮਾਲਾ ਪਰਬਤ ਦੀ ਕਿਸੇ ਸਿਖਰ ਤੇ ਤਪਸਿਆ ਕਰਨ ਚਲਿਆ ਗਿਆ। ਇਧਰ ਇੰਦਰ ਨੇ ਸਾਰੀ ਗੱਲ ਦੇਵਤਿਆਂ ਨੂੰ ਦਸੀ ਕਿ ਕਿਵੇਂ ਉਸ ਨੇ ਗੌਤਮ ਨੂੰ ਸਰਾਪ ਦੇਣ ਲਈ ਅਵਸਰ ਜੁਟਾ ਕੇ ਉਸ ਦੇ ਤਪ ਦੇ ਪ੍ਰਭਾਵ ਨੂੰ ਘਟਾਇਆ ਹੈ। ਦੇਵਤਿਆਂ ਨੇ ਇੰਦਰ ਦੇ ਨਸ਼ਟ ਹੋਏ ਅੰਡਕੋਸ਼ਾਂ ਦੀ ਥਾਂ ਤੇ ਭੇਡੂ ਦੇ ਅੰਡਕੋਸ਼ ਰਖ ਦਿੱਤੇ। ਉਧਰ ਰਾਮ ਅਤੇ ਲੱਛਮਣ ਨੇ ਅਹਲਿਆ ਦੀ ਮਹਿਮਾਨੀ ਸਵੀਕਾਰ ਕਰਕੇ ਉਸ ਨੂੰ ਸਰਾਪ ਤੋਂ ਮੁਕਤ ਕੀਤਾ ਅਤੇ ਉਹ ਗੌਤਮ ਨਾਲ ਆਨੰਦਪੂਰਵਕ ਰਹਿਣ ਲਗੀ।

'ਬਾਲਮੀਕੀ ਰਾਮਾਇਣ' (ਉੱਤਰ-ਕਾਂਡ) ਵਿਚ ਲਿਖਿਆ ਹੈ ਕਿ ਜਦੋਂ ਬ੍ਰਹਮਾ ਸਾਰੀ ਪ੍ਰਜਾ ਦੀ ਰਚਨਾ ਕਰ ਚੁਕਿਆ ਤਾਂ ਉਸ ਉਪਰੰਤ ਇਕ ਪਰਮ ਸੁੰਦਰੀ ਦੀ ਰਚਨਾ ਕੀਤੀ ਅਤੇ ਉਸ ਦਾ ਨਾਂ 'ਅਹਲਿਆ' ਰਖਿਆ। ਬ੍ਰਹਮਾ ਨੇ ਉਹ ਗੌਤਮ ਮੁਨੀ ਨੂੰ ਵਿਆਹ ਦਿੱਤੀ। ਇੰਦਰ ਉਸ ਨਾਲ ਵਿਆਹ ਕਰਨਾ ਚਾਹੁੰਦਾ ਸੀ, ਇਸ ਲਈ ਉਸ ਨੇ ਗੌਤਮ ਦਾ ਰੂਪ ਧਾਰਣ ਕਰਕੇ ਅਹਲਿਆ ਨਾਲ ਸੰਜੋਗ ਕੀਤਾ। ਗੌਤਮ ਨੇ ਨਾਰਾਜ਼ ਹੋ ਕੇ ਦੋਹਾਂ ਨੂੰ ਸਰਾਪ ਦਿੱਤਾ। ਪਰ ਅਹਲਿਆ ਨਾਲ ਚੂੰਕਿ ਧੋਖੇ ਨਾਲ ਸੰਯੋਗ ਹੋਇਆ ਸੀ, ਇਸ ਲਈ ਉਸ ਨੂੰ ਇਤਨੀ ਛੋਟ ਦੇ ਦਿੱਤੀ ਕਿ ਰਾਮਚੰਦਰ ਜੀ ਦੇ ਦਰਸ਼ਨ ਕਰਨ ਨਾਲ ਉਹ ਪਾਪ-ਮੁਕਤ ਹੋ ਜਾਏਗੀ। 'ਬ੍ਰਹਮ ਪੁਰਾਣ' (ਅ. 87) ਵਿਚ ਵੀ ਇਸ ਨਾਲ ਮਿਲਦਾ ਜੁਲਦਾ ਆਖਿਆਨ ਦਰਜ ਹੈ। ਕੁਝ ਆਖਿਆਨਾਂ ਜਾਂ ਦੰਦ-ਕਥਾਵਾਂ ਵਿਚ ਸਰਾਪਾਂ ਬਾਰੇ ਦਿੱਤੇ ਵਿਵਰਣਾਂ ਵਿਚ ਅੰਤਰ ਹੈ।

ਇਕ ਰਵਾਇਤ ਅਨੁਸਾਰ ਗੌਤਮ ਨੇ ਇਹ ਸਰਾਪ ਦਿੱਤਾ ਕਿ ਤੂੰ ਇਕ 'ਭਗ' ਲਈ ਇਥੇ ਆਇਆ ਹੈਂ, ਤੇਰੇ ਸ਼ਰੀਰ ਉਤੇ ਹਜ਼ਾਰਾਂ 'ਭਗ' ਹੋ ਜਾਣ। ਪਰ ਬਾਦ ਵਿਚ ਇਹ ਭਗ-ਚਿੰਨ੍ਹ ਅੱਖਾਂ ਦੇ ਰੂਪ ਵਿਚ ਬਦਲ ਗਏ। ਕੁਝ ਪ੍ਰਸੰਗਾਂ ਵਿਚ ਇੰਦਰ ਵਲੋਂ ਛਲ ਨਾਲ ਸੰਯੋਗ ਕਰਨ ਵਿਚ ਚੰਦ੍ਰਮਾ ਦੀ ਵੀ ਸਹਾਇਤਾ ਰਹੀ ਹੈ ਕਿਉਂਕਿ ਉਸ ਨੇ ਮੁਰਗੇ ਦਾ ਰੂਪ ਧਾਰਣ ਕਰਕੇ ਪ੍ਰਭਾਤ ਤੋਂ ਪਹਿਲਾਂ ਹੀ ਬਾਂਗ ਦੇ ਦਿੱਤੀ ਸੀ, ਜਿਸ ਕਰਕੇ ਮੁਨੀ ਸਮੇਂ ਤੋਂ ਪਹਿਲਾਂ ਹੀ ਜਾਗ ਕੇ ਇਸ਼ਨਾਨ ਕਰਨ ਨੂੰ ਤੁਰ ਗਿਆ ਸੀ ਅਤੇ ਪਿਛੋਂ ਇੰਦਰ ਨੂੰ ਅਹਲਿਆ ਦਾ ਸੰਯੋਗ ਮਾਣਨ ਦਾ ਮੌਕਾ ਮਿਲ ਗਿਆ। ਇਸ ਸਾਰੀ ਘਟਨਾ ਦਾ ਉੱਲੇਖ ਗੁਰੂ ਨਾਨਕ ਬਾਣੀ ਵਿਚ ਇਸ ਪ੍ਰਕਾਰ ਹੋਇਆ

ਹੈ—'ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ।। ਸਹਸ ਸਰੀਰ ਚਿਹਨ ਭਗ ਹੂਏ ਤਾਂ ਮਨਿ ਪਛੋਤਾਇਆ' (ਅ. ਗ੍ਰੰ. 1343-44)।

ਗੌਰੀ : ਪਾਰਬਤੀ ਦਾ ਇਕ ਨਾਮਾਂਤਰ। ਵੇਖੋ 'ਪਾਰਬਤੀ'।

ਗੰਗਾ : ਭਾਰਤ ਦੀ ਇਕ ਪ੍ਰਮੁਖ ਅਤੇ ਪ੍ਰਸਿੱਧ ਨਦੀ ਜਿਸ ਨੂੰ ਹਿੰਦੂ ਮਤ ਵਿਚ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਸੇ ਲਈ ਇਸ ਨੂੰ ਹਿੰਦੂ ਲੋਕ ਗੰਗਾ-ਮਈਆ ਕਹਿ ਕੇ ਸਤਿਕਾਰ ਦੀ ਭਾਵਨਾ ਅਰਪਿਤ ਕਰਦੇ ਹਨ। ਇਸ ਦੇ ਕੰਢੇ ਉਤੇ ਹਰਿਦੁਆਰ, ਪ੍ਰਯਾਗ, ਬਨਾਰਸ, ਪਟਨਾ ਆਦਿ ਮਹੱਤਵਪੂਰਣ ਨਗਰ ਵਸੇ ਹੋਏ ਹਨ ਅਤੇ ਸਾਰੇ ਹੀ ਤੀਰਥਾਂ ਵਜੋਂ ਪੂਜਣਯੋਗ ਹਨ। ਇਨ੍ਹਾਂ ਨਗਰਾਂ ਅਤੇ ਹੋਰ ਅਨੇਕ ਘਾਟਾਂ ਜਾਂ ਕੰਢੇ ਉਤੇ ਬਣੇ ਮੰਦਿਰਾਂ ਦੀ ਯਾਤ੍ਰਾ ਕਰਨ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਹੈ। ਹਿੰਦੂ ਮਤ ਵਿਚ ਇਹ ਪੱਕਾ ਵਿਸ਼ਵਾਸ ਹੈ ਕਿ ਗੰਗਾ ਵਿਚ ਇਸ਼ਨਾਨ ਕਰਨ ਨਾਲ ਹਰ ਪ੍ਰਕਾਰ ਦੇ ਪਾਪ ਅਤੇ ਰੋਗ ਖ਼ਤਮ ਹੋ ਜਾਂਦੇ ਹਨ। ਇਹ ਵੀ ਵਿਸ਼ਵਾਸ ਹੈ ਕਿ ਜਿਨ੍ਹਾਂ ਲੋਕਾਂ ਦਾ ਦਾਹ-ਸੰਸਕਾਰ ਇਸ ਨਦੀ ਦੇ ਕੰਢੇ ਹੁੰਦਾ ਹੈ, ਉਹ ਸਵਰਗ ਜਾਂ ਮੁਕਤੀ ਪ੍ਰਾਪਤ ਕਰਦੇ ਹਨ। ਉੱਤਰੀ ਭਾਰਤ ਦੇ ਲੋਕ ਮ੍ਰਿਤਕਾਂ ਦੀਆਂ ਅਸਥੀਆਂ ਨੂੰ ਹਰਿਦੁਆਰ ਵਿਚ ਜਲ ਪ੍ਰਵਾਹ ਇਸੇ ਦ੍ਰਿਸ਼ਟੀ ਤੋਂ ਕਰਦੇ ਹਨ ਕਿ ਗੰਗਾ ਦੇ ਜਲ ਦੀ ਛੋਹ ਨਾਲ ਉਹ ਮੁਕਤੀ ਪ੍ਰਾਪਤ ਕਰਨ ਦੇ ਅਧਿਕਾਰੀ ਬਣ ਸਕਣ।

ਇਹ ਨਦੀ ਹਿਮਾਲੇ ਵਿਚ 13800 ਫ਼ੁਟ ਦੀ ਉੱਚਾਈ 'ਤੇ ਸਥਿਤ ਗੰਗੋਤ੍ਰੀ ਦੇ ਨੇੜੇ ਹਿਮਗੁਫਾ ਵਿਚੋਂ ਨਿਕਲਦੀ ਹੈ। ਉਥੇ ਇਸ ਨੂੰ 'ਭਾਗੀਰਥੀ' ਕਹਿੰਦੇ ਹਨ। ਫਿਰ ਜਾਹਨਵੀ ਅਤੇ ਅਲਕਨੰਦਾ ਨਾਂ ਦੀਆਂ ਨਦੀਆਂ ਇਸ ਵਿਚ ਮਿਲਦੀਆਂ ਹਨ। ਉਦੋਂ ਇਸ ਦਾ ਨਾਂ 'ਗੰਗਾ' ਹੋ ਜਾਂਦਾ ਹੈ। ਇਹ ਹਰਿਦੁਆਰ ਦੇ ਨੇੜੇ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦੀ ਹੈ। ਇਸ ਵਿਚ ਅਨੇਕ ਹੋਰ ਨਦੀਆਂ—ਰਾਮਗੰਗਾ, ਯਮਨਾ, ਗੋਮਤੀ, ਘਾਘਾਰਾ, ਸੋਨ, ਗੰਡਕ, ਕੋਸੀ, ਬ੍ਰਹਮ-ਪੁੱਤਰ ਆਦਿ ਵੀ ਮਿਲਦੀਆਂ ਜਾਂਦੀਆਂ ਹਨ। ਲਗਭਗ 2500 ਕਿ. ਮੀ. ਮਾਰਗ ਚਲ ਕੇ ਗੰਗਾ ਅੰਤ ਵਿਚ ਬੰਗਾਲ ਦੀ ਖਾੜੀ ਵਿਚ ਜਾ ਡਿਗਦੀ ਹੈ।

ਗੰਗਾ ਦੀ ਉਤਪੱਤੀ ਅਤੇ ਮਹਾਤਮ ਸੰਬੰਧੀ ਪੁਰਾਣ-ਸਾਹਿੱਤ ਵਿਚ ਅਨੇਕ ਪ੍ਰਕਾਰ ਦੀ ਕਥਾਵਾਂ ਲਿਖੀਆਂ ਹਨ। 'ਮਾਰਕੰਡੇਯ ਪੁਰਾਣ' ਅਨੁਸਾਰ ਗੰਗਾ ਦੀ ਉਤਪੱਤੀ ਨਾਰਾਇਣ ਦੇ ਧ੍ਰੁਵਾਰ ਨਾਮਕ ਪਦ ਤੋਂ ਹੋਈ। ਉਥੋਂ ਚਲ ਕੇ ਉਹ ਜਲ ਦੇ ਆਧਾਰਭੂਤ ਚੰਦ੍ਰਮੰਡਲ ਵਿਚ ਦਾਖ਼ਲ ਹੋਈ। ਅਤਿਅੰਤ ਪਵਿੱਤਰ ਰੂਪ ਵਿਚ ਉਹ ਮੇਰੁ ਪਰਬਤ ਉਤੇ ਡਿਗੀ। ਫਿਰ ਚਾਰ ਧਾਰਾਵਾਂ ਵਿਚ ਵੰਡੀ ਗਈ ਅਤੇ ਮੇਰੂ, ਮੰਦਰ, ਹਿਮਾਲਾ, ਗੰਧਮਾਦਨ ਨਾਂ ਦੇ ਵੱਡੇ-ਵੱਡੇ ਪਰਬਤਾਂ ਨੂੰ ਚੀਰਦੀ ਹੋਈ ਅਗੇ ਵੱਧੀ। ਮਾਨਸਰੋਵਰ ਨੂੰ ਜਲ ਨਾਲ ਭਰ ਕੇ ਫਿਰ ਸ਼ੈਲਰਾਜ ਹਿਮਾਲਾ ਦੇ ਰਮਣੀਕ ਸ਼ਿਖਰ ਉਤੇ ਪਹੁੰਚੀ। ਗੰਗਾ ਦੇ ਹਿਮਾਲਾ ਉਤੇ ਪਹੁੰਚਣ 'ਤੇ ਸ਼ਿਵ ਨੇ ਉਸ ਨੂੰ ਆਪਣੇ ਸਿਰ ਉਤੇ ਧਾਰਣ ਕੀਤਾ। ਰਾਜਾ ਭਗੀਰਥ ਨੇ ਤਪਸਿਆ ਰਾਹੀਂ ਸ਼ਿਵ ਨੂੰ ਪ੍ਰਸੰਨ ਕਰਕੇ ਗੰਗਾ ਦੀ ਯਾਚਨਾ ਕੀਤੀ। ਸ਼ਿਵ ਨੇ ਗੰਗਾ ਨੂੰ ਛੱਡ ਦਿੱਤਾ। ਉਹ ਸੱਤ ਧਾਰਾਵਾਂ ਵਿਚ ਵੰਡ ਕੇ ਚਲਣ ਲਗੀ। ਗੰਗਾ

ਦੀਆਂ ਤਿੰਨ ਧਾਰਾਵਾਂ ਪੂਰਵ ਵਲ ਅਤੇ ਤਿੰਨ ਪੱਛਮ ਵਲ ਵਧੀਆਂ, ਅਤੇ ਇਕ ਧਾਰਾ ਭਗੀਰਥ ਦੇ ਪਿਛੇ-ਪਿਛੇ ਚਲੀ। ਸਥਾਨਾਂ ਦੇ ਅੰਤਰ ਨਾਲ ਉਸ ਦੇ ਨਾਂ ਬਦਲਦੇ ਗਏ। ਭਗੀਰਥ ਦੁਆਰਾ ਗੰਗਾ ਨੂੰ ਧਰਤੀ ਤੇ ਲਿਆਏ ਜਾਣ ਕਾਰਣ ਇਸ ਦਾ ਇਕ ਨਾਂ ਭਾਗੀਰਥੀ ਪਿਆ।

ਜਦੋਂ ਗੰਗਾ ਸਵਰਗ ਤੋਂ ਉਤਰੀ ਤਾਂ ਜਹਨੂ ਰਿਸ਼ੀ ਯੱਗ ਕਰ ਰਿਹਾ ਸੀ। ਉਸ ਦੇ ਯੱਗ ਵਿਚ ਵਿਘਨ ਪੈਣ ਕਰਕੇ ਉਸ ਨੇ ਗੰਗਾ ਨੂੰ ਪੀ ਲਿਆ ਪਰ ਬਾਦ ਵਿਚ ਇਸ ਨੂੰ ਕੰਨਾਂ ਰਾਹੀਂ ਵਗਣ ਦੀ ਆਗਿਆ ਦਿੱਤੀ। ਇਸ ਕਰਕੇ ਇਸ ਨੂੰ 'ਜਾਹ੍ਨਵੀ' ਵੀ ਕਿਹਾ ਜਾਂਦਾ ਹੈ।

'ਬਾਲਮੀਕੀ ਰਾਮਾਇਣ' ਵਿਚ ਲਿਖਿਆ ਹੈ ਕਿ ਹਿਮਾਲਾ ਪਰਬਤ ਦੇ ਘਰ ਸੁਮੇਰੂ ਦੀ ਪੁੱਤਰੀ ਮੇਨਕਾ ਦੀ ਕੁੱਖੋਂ ਗੰਗਾ ਅਤੇ ਉਮਾ ਦੋ ਭੈਣਾਂ ਪੈਦਾ ਹੋਈਆਂ। ਇਕ ਵਾਰ ਸ਼ਿਵ ਨੇ ਆਪਣਾ ਵੀਰਜ ਗੰਗਾ ਵਿਚ ਪਾਇਆ, ਪਰ ਗੰਗਾ ਉਸ ਨੂੰ ਧਾਰਣ ਨਾ ਕਰ ਸਕੀ ਅਤੇ ਬ੍ਰਹਮਾ ਦੇ ਕਮੰਡਲ ਵਿਚ ਜਾ ਰਹੀ ਅਤੇ ਫਿਰ ਭਗੀਰਥ ਦੀ ਪ੍ਰਾਰਥਨਾ ਨਾਲ ਉਹ ਕੰਡਲ ਤੋਂ ਨਿਕਲ ਕੇ ਧਰਤੀ ਉਤੇ ਆਈ।

'ਮਹਾਭਾਰਤ' ਵਿਚ ਗੰਗਾ ਦੀ ਕੁੱਖ ਤੋਂ ਰਾਜਾ ਸ਼ਾਂਤਨੂ ਦੇ ਘਰ ਭੀਸ਼ਮ (ਪਿਤਾਮਾ) ਦਾ ਜਨਮ ਹੋਇਆ ਲਿਖਿਆ ਹੈ ਜਿਸ ਕਰਕੇ ਭੀਸ਼ਮ ਨੂੰ 'ਗਾਂਗੇਯ' ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਥਾਵਾਂ ਲਿਖੀਆਂ ਹਨ ਜਿਨ੍ਹਾਂ ਦਾ ਸਰੂਪ ਪ੍ਰਤੀਕਾਤਮਕ ਹੈ। ਯੋਗ ਮਤ ਵਾਲਿਆਂ ਨੇ ਇੜਾ ਨਾੜੀ ਦਾ ਨਾਂ ਗੰਗਾ ਰਖਿਆ ਹੈ। ਮੱਧ-ਯੁਗ ਦੇ ਸੰਤਾਂ ਨੇ ਗੰਗਾ ਨਾਲੋਂ ਆਪਣੇ ਗੁਰੂ ਦੇ ਚਰਣਾਂ ਨੂੰ ਜ਼ਿਆਦਾ ਪਵਿੱਤਰ ਮੰਨਿਆ ਹੈ। ਗੁਰੂ ਅਰਜਨ ਦੇਵ ਨੇ ਹਰਿ ਵਿਚ ਲੀਨ ਸਾਧਕ ਦੇ ਚਰਣਾਂ ਨੂੰ ਗੰਗਾ ਦੇ ਕੰਢੇ ਸਥਿਤ ਕਰੋੜਾਂ ਤੀਰਥਾਂ ਤੋਂ ਸ੍ਰੇਸ਼ਠ ਮੰਨਿਆ ਹੈ—'ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ' (ਅ. ਗ੍ਰੰ. 828)।

ਗੰਗਾ ਤੇਲੀ : ਇਹ ਪੰਜਾਬੀ ਦੇ ਇਕ ਅਖਾਣ—'ਕਿਥੇ ਰਾਜਾ ਭੋਜ, ਕਿਥੇ ਗੰਗਾ ਤੇਲੀ'—ਦਾ ਪਾਤਰ ਹੈ। ਇਹ ਅਖਾਣ, ਅਸਲ ਵਿਚ, ਮਾਲਵ ਪ੍ਰਦੇਸ਼ ਤੋਂ ਪੰਜਾਬ ਵਿਚ ਆਇਆ ਹੈ। ਉਥੇ ਇਸ ਦਾ ਰੂਪ ਹੈ—'ਕਹਾਂ ਰਾਜਾ ਭੋਜ ਔਰ ਕਹਾਂ ਗਾਂਗਲੀ ਤੇਲਨ।' ਲੋਕ-ਕਥਾ ਅਨੁਸਾਰ ਧਾਰਾ ਨਗਰ ਵਿਚ ਗਾਂਗੀ ਅਥਵਾ ਗਾਂਗਲੀ ਨਾਂ ਦੀ ਇਕ ਤੇਲਣ ਰਹਿੰਦੀ ਸੀ। ਉਸ ਦੀ ਤਕੜੀ ਦਾ ਆਕਾਰ-ਪ੍ਰਕਾਰ ਬਹੁਤ ਵੱਡਾ ਸੀ। ਉਹ ਆਪ ਵੀ ਬਹੁਤ ਵੱਡੇ ਆਕਾਰ ਦੀ ਰਾਖਸ਼ੀ ਜਿਹੀ ਲਗਦੀ ਸੀ। ਉਸ ਦੇ ਲਹਿੰਗੇ ਦੇ ਝਾੜਨ ਨਾਲ ਡਿਗੀ ਰੇਤ ਦੀ ਧਾਰਾ ਅਤੇ ਮਾਂਡੂ ਵਿਚਲੀ ਪਹਾੜੀ ਬਣ ਗਈ ਦਸੀ ਜਾਂਦੀ ਹੈ। ਇਹੀ ਕਾਰਣ ਹੈ ਕਿ ਉਸ ਪਹਾੜੀ ਨੂੰ 'ਤੇਲਨ-ਟੇਕਰੀ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਤਨਾ ਕੁਝ ਹੋਣ ਦੇ ਬਾਵਜੂਦ ਉਹ ਮੱਧਰੇ ਕਦ ਦੇ ਰਾਜੇ ਭੋਜ ਦੀ ਬਰਾਬਰੀ ਕਰਨ ਦੇ ਯੋਗ ਨਹੀਂ ਸੀ, ਕਿਉਂਕਿ ਰਾਜਾ ਫਿਰ ਵੀ ਰਾਜਾ ਹੈ; ਉਸ ਦੀ ਆਪਣੀ ਪ੍ਰਤਿਸ਼ਠਾ ਹੈ।

ਪੰਜਾਬੀ ਸਭਿਆਚਾਰ ਵਿਚ 'ਗਾਂਗਲੀ ਤੇਲਨ' ਦੀ ਥਾਂ 'ਗੰਗਾ ਤੇਲੀ' ਬਣ ਗਿਆ।

ਦੋ ਵਿਅਕਤੀਆਂ ਵਿਚ ਸਪੱਸ਼ਟ ਮਹਿਸੂਸ ਹੁੰਦੀ ਨਾਬਰਾਬਰੀ ਦਰਸਾਉਣ ਵੇਲੇ ਇਹ ਅਖਾਣ ਵਰਤਿਆ ਜਾਂਦਾ ਹੈ।

ਗੰਗੇਵ : ਵੇਖੋ 'ਗਾਂਗੇਯ'।

ਗੰਧਰਬ/ਗੰਧਰਵ : ਦੇਵ-ਲੋਕ ਦੇ ਗਵਈਏ ਨੂੰ 'ਗੰਧਰਵ' (ਗੰਧਰਬ) ਕਿਹਾ ਜਾਂਦਾ ਹੈ। ਇਹ ਅਰਧ-ਦੇਵ ਯੋਨੀ ਹੈ। ਜਟਾਧਰ ਅਨੁਸਾਰ ਗੰਧਰਵ ਮੁੱਖ ਤੌਰ ਤੇ ਅੱਠ ਪ੍ਰਕਾਰ ਦੇ ਹਨ—ਹਾਹਾ, ਹੂਹੂ, ਚਿਤ੍ਰਰਥ, ਹੰਸ, ਵਿਸ਼ਾਵਸੁ, ਗੋਮਾਯੁ, ਤੁੰਬਰੁ ਅਤੇ ਨੰਦਿ, ਪਰ 'ਅਗਨੀ ਪੁਰਾਣ' ਵਿਚ ਇਨ੍ਹਾਂ ਦੇ ਯਾਰ੍ਹਾਂ ਵਰਗ ਲਿਖੇ ਹਨ। 'ਸ਼ਬਦਾਰਥ-ਚਿੰਤਾਮਣਿ' ਵਿਚ ਦੋ ਵਰਗਾਂ ਦਾ ਵਰਣਨ ਹੈ—ਦਿਵ੍ਯ ਅਤੇ ਮ੍ਰਿਤ੍ਯ। 'ਸਕੰਦ ਪੁਰਾਣ' ਵਿਚ ਗੰਧਰਵਾਂ ਦਾ ਵਿਸਤਾਰ ਸਹਿਤ ਵਰਣਨ ਹੋਇਆ ਹੈ। ਇਨ੍ਹਾਂ ਸਾਰਿਆਂ ਵਰਗਾਂ ਦੇ ਗੰਧਰਵਾਂ ਦੀ ਗਿਣਤੀ 6333 ਬਣਦੀ ਹੈ।

ਪੁਰਾਣ-ਸਾਹਿੱਤ ਵਿਚ ਉੱਲੇਖ ਮਿਲਦੇ ਹਨ ਕਿ ਦਕ੍ਸ਼ ਪ੍ਰਜਾਪਤੀ ਦੀਆਂ ਦੋ ਪੁੱਤਰੀਆਂ—ਮੁਨਿ ਅਤੇ ਪ੍ਰਧਾ—ਜੋ ਕਣਵ ਰਿਸ਼ੀ ਨੂੰ ਵਿਆਹੀਆਂ ਸਨ, ਤੋਂ ਗੰਧਰਵ ਪੈਦਾ ਹੋਏ। 'ਹਰਿਵੰਸ਼ ਪੁਰਾਣ' ਵਿਚ ਲਿਖਿਆ ਹੈ ਕਿ ਦਕ੍ਸ਼ ਪ੍ਰਜਾਪਤੀ ਦੀ ਅਰਿਸ਼੍ਟਾ ਨਾਂ ਦੀ ਪੁੱਤਰੀ, ਜੋ ਕਸ਼੍ਯਪ ਰਿਸ਼ੀ ਨੂੰ ਵਿਆਹੀ ਸੀ, ਨੇ ਗੰਧਰਵਾਂ ਨੂੰ ਜਨਮ ਦਿੱਤਾ। ਪਰ 'ਵਿਸ਼ਣੁ ਪੁਰਾਣ' ਅਨੁਸਾਰ ਗੰਧਰਵਾਂ ਦੀ ਉਤਪੱਤੀ ਬ੍ਰਹਮਾ ਤੋਂ ਹੋਈ ਸੀ।

ਇਨ੍ਹਾਂ ਗੰਧਰਵਾਂ ਵਿਚੋਂ ਹਾਹਾ ਅਤੇ ਹੂਹੂ ਨੂੰ ਪ੍ਰਮੁਖ ਗੰਧਰਵ ਮੰਨਿਆ ਜਾਂਦਾ ਸੀ, ਪਰੰਤੂ ਦੇਵਲ ਰਿਸ਼ੀ ਨੇ ਇਨ੍ਹਾਂ ਦਾ ਵਿਦਿਆ-ਅਭਿਮਾਨ ਖ਼ਤਮ ਕਰਨ ਲਈ ਗਜਰਾਜ ਅਤੇ ਤੰਦੂਆ ਦੀਆਂ ਜੂਨਾਂ ਵਿਚ ਪੈਣ ਦਾ ਸਰਾਪ ਦਿੱਤਾ ਸੀ। ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਇਨ੍ਹਾਂ ਗੰਧਰਵਾਂ ਵਲ ਸੰਕੇਤ ਕੀਤਾ ਹੈ—'ਪ੍ਰਿਅ ਕੀ ਸੇਭ ਸੁਹਾਵਨੀ ਨੀਕੀ।ਹਾਹਾ, ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ' (ਆ. ਗ੍ਰੰ. 1272)।

ਗੰਧਰਬ-ਨਗਰ : ਵੇਖੋ 'ਹਰਿਸ਼ਚੰਦਰ, ਰਾਜਾ'।

ਗ੍ਰਹ : ਇਸ ਦਾ ਸ਼ਾਬਦਿਕ ਅਰਥ ਹੈ ਪਕੜਨਾ, ਰੋਕਣਾ। ਪਰ ਇਸ ਦੀ ਰੂੜ੍ਹ ਰੂਪ ਵਿਚ ਵਰਤੋਂ ਪ੍ਰਸਿੱਧ ਨੌਂ ਗ੍ਰਹਿਆਂ ਲਈ ਹੁੰਦੀ ਹੈ। ਇਹ ਨੌਂ ਗ੍ਰਹ ਹਨ—ਸੂਰਜ, ਚੰਦ੍ਰਮਾ, ਮੰਗਲ, ਬੁੱਧ, ਬ੍ਰਿਹਸਪਤੀ, ਸ਼ੁਕ੍ਰ, ਸ਼ਨੀ, ਰਾਹੂ ਅਤੇ ਕੇਤੂ। ਇਨ੍ਹਾਂ ਵਿਚੋਂ ਕੁਝ ਗ੍ਰਹ ਸ਼ੁਭ ਹਨ ਅਤੇ ਕੁਝ ਅਸ਼ੁਭ। ਅਸ਼ੁਭ ਗ੍ਰਹਿਆਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਕਈ ਉਪਾ ਵੀ ਕੀਤੇ ਜਾਂਦੇ ਹਨ। ਇਹ ਗ੍ਰਹ, ਅਸਲ ਵਿਚ, ਵਿਸ਼ੇਸ਼ ਪ੍ਰਕਾਰ ਦੇ ਚਮਕਦੇ ਸਿਤਾਰੇ ਹਨ। ਇਨ੍ਹਾਂ ਗ੍ਰਹਿਆਂ ਜਾਂ ਨੱਛਤ੍ਰਾਂ ਦਾ ਹਿੰਦੂਆਂ ਦੇ ਧਾਰਮਿਕ ਕ੍ਰਿਤਾਂ ਨਾਲ ਡੂੰਘਾ ਸੰਬੰਧ ਹੈ। ਹਰ ਇਕ ਧਾਰਮਿਕ ਕਾਰਜ ਲਈ ਸ਼ੁਭ ਮਹੂਰਤ ਦੀ ਲੋੜ ਹੈ। ਵਿਆਹ ਜਾਂ ਯੱਗ ਆਦਿ ਸ਼ੁਭ ਕਾਰਜਾਂ ਤੋਂ ਪਹਿਲਾਂ ਨੌਂ ਗ੍ਰਹਿਆਂ ਦੀ ਪੂਜਾ ਕਰਨ ਦਾ ਵਿਧਾਨ ਹੈ। ਜੋਤਿਸ਼-ਸ਼ਾਸਤ੍ਰ ਅਨੁਸਾਰ ਬੱਚੇ ਦੇ ਜਨਮ ਵੇਲੇ ਇਨ੍ਹਾਂ ਸਿਤਾਰਿਆਂ ਦੀ ਗਤਿ-ਵਿਧੀ ਅਨੁਸਾਰ ਬੱਚੇ ਦੀ ਕਿਸਮਤ ਬਣਦੀ ਹੈ। ਇਸ ਪ੍ਰਕਾਰ

ਦੀਆਂ ਕਈ ਮਾਨਤਾਵਾਂ ਗ੍ਰਹਿਆਂ ਨਾਲ ਜੁੜੀਆਂ ਹੋਈਆਂ ਹਨ। ਮੱਧ-ਯੁਗ ਦੇ ਧਰਮ ਸਾਧਕਾਂ ਨੇ ਇਨ੍ਹਾਂ ਨੂੰ ਕੋਈ ਵਿਸ਼ੇਸ਼ ਮਹੱਤਵ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਅਨੁਸਾਰ ਹਰਿ-ਕੀਰਤਨ ਕਰਨ ਨਾਲ ਗ੍ਰਹਿਆਂ ਦੇ ਪ੍ਰਭਾਵ ਦਾ ਆਪਣੇ ਆਪ ਨਿਵਾਰਣ ਹੋ ਜਾਂਦਾ ਹੈ—'ਸੂਖ ਸਹਜ ਅਨਦੁ ਘਣਾ, ਹਰਿ ਕੀਰਤਨ ਗਾਉ। ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ' (ਅ. ਗ੍ਰੰ. 400)।

ਗ੍ਰਹਸਥ : ਵੇਖੋ 'ਆਸ਼੍ਰਮ'।

ਗ੍ਰੰਥ ਸਾਹਿਬ, ਗੁਰੂ : ਸਿੱਖ-ਧਰਮ ਦਾ ਪਵਿੱਤਰ ਗ੍ਰੰਥ ਜਿਸ ਵਿਚ ਪੰਜ ਸੌ ਸਾਲਾਂ ਦੀ ਅਵਧੀ ਵਿਚ ਵਿਚਰੇ ਧਰਮ-ਸਾਧਕਾਂ ਦੇ ਅਨੁਭਵ ਉਨ੍ਹਾਂ ਦੇ ਆਪਣੇ ਹੀ ਬੋਲਾਂ ਰਾਹੀਂ ਪ੍ਰਮਾਣਿਕ ਰੂਪ ਵਿਚ ਸੰਕਲਿਤ ਹਨ। ਇਸ ਤੋਂ ਇਲਾਵਾ ਭਾਰਤੀ ਸਭਿਆਚਾਰ, ਸਾਮੀ ਧਾਰਮਿਕ ਪਰੰਪਰਾਵਾਂ, ਸਾਂਝੀਵਾਲਤਾ, ਮਾਨਵ-ਕਲਿਆਣ ਆਦਿ ਨਾਲ ਸੰਬੰਧਿਤ ਗੰਭੀਰ ਅਤੇ ਸਵੈ-ਅਨੁਭੂਤ ਚਿੰਤਨ ਇਸ ਵਿਚਲੀ ਬਾਣੀ ਵਿਚ ਸਮਾਹਿਤ ਹੈ। ਸਾਹਿਤਿਕ ਖੇਤਰ ਵਿਚ ਵੀ ਇਸ ਦਾ ਆਪਣਾ ਮੌਲਿਕ ਮਹੱਤਵ ਹੈ ਕਿਉਂਕਿ ਇਸ ਵਿਚ ਅਨੇਕ ਪਰੰਪਰਾਗਤ ਕਾਵਿ-ਰੂਪਾਂ, ਬਿੰਬਾਂ, ਪ੍ਰਤੀਕਾਂ, ਕਾਵਿ-ਸ਼ੈਲੀਆਂ ਰਾਹੀਂ ਕਾਵਿ ਦਾ ਵਿਕਾਸ-ਕ੍ਰਮ ਨਿਸਚਿਤ ਹੁੰਦਾ ਹੈ। ਇਸ ਵਿਚ ਭਾਸ਼ਾ ਦੀ ਵੰਨ-ਸੁਵੰਨਤਾ ਭਾਸ਼ਾਈ ਤੰਗ-ਨਜ਼ਰੀ ਤੋਂ ਉੱਚੀ ਉਠ ਕੇ ਭਾਵ-ਸੰਚਾਰ ਦੇ ਸਰਵ-ਗ੍ਰਾਹੀ ਸਾਧਨ ਵਜੋਂ ਸਾਹਮਣੇ ਆਈ ਹੈ। ਭਾਰਤੀ ਅਤੇ ਦੇਸੀ ਰਾਗਾਂ ਦੀ ਵਰਤੋਂ ਦੁਆਰਾ ਸੰਗੀਤ ਜਗਤ ਲਈ ਵੀ ਇਸ ਗ੍ਰੰਥ ਦੀ ਵਿਸ਼ੇਸ਼ ਅਹਿਮੀਅਤ ਹੈ।

ਇਸ ਗ੍ਰੰਥ ਦੇ ਸੰਪਾਦਨ ਦਾ ਆਪਣਾ ਇਤਿਹਾਸ ਹੈ। ਗੁਰਬਾਣੀ ਦੀ ਰਚਨਾ ਦਾ ਆਰੰਭ ਗੁਰੂ ਨਾਨਕ ਦੇਵ ਤੋਂ ਸ਼ੁਰੂ ਹੋ ਗਿਆ ਸੀ। ਜਨਮਸਾਖੀ ਸਾਹਿੱਤ ਵਿਚ ਅਜਿਹੇ ਉੱਲੇਖ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਦੀ ਬਾਣੀ ਸਿੱਖਾਂ ਦੁਆਰਾ ਨਾਲ-ਨਾਲ ਲਿਖੀ ਜਾਂਦੀ ਰਹੀ ਸੀ। 'ਪਟੀ ਲਿਖੀ' ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਰਚਨਾ ਲਿਖਿਤ ਰੂਪ ਵਿਚ ਮੌਜੂਦ ਸੀ। ਭਾਈ ਗੁਰਦਾਸ ਦਾ 'ਕਿਤਾਬ ਕਛ' ਦਾ ਉੱਲੇਖ ਅਤੇ 'ਪੁਰਾਤਨ ਜਨਮਸਾਖੀ' ਦਾ 'ਪੋਥੀ ਜ਼ੁਬਾਨਿ ਗੁਰੂ ਅੰਗਦ ਜੋਗ ਮਿਲੀ' ਵਾਲਾ ਹਵਾਲਾ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਪਾਸ ਆਪਣੀ ਬਾਣੀ ਦਾ ਸੰਕਲਨ ਮੌਜੂਦ ਸੀ ਜੋ ਉਨ੍ਹਾਂ ਤੋਂ ਬਾਦ ਗੁਰੂ ਅੰਗਦ ਦੇਵ ਤਕ ਪਹੁੰਚਿਆ।

ਗੁਰੂ ਅੰਗਦ ਦੀ ਰਚਨਾ ਸਹਿਤ ਇਹ ਬਾਣੀ ਸੰਗ੍ਰਹਿ ਗੁਰੂ ਅਮਰਦਾਸ ਤਕ ਪਹੁੰਚਿਆ, ਜਿਨ੍ਹਾਂ ਨੇ ਆਪਣੀ ਅਤੇ ਭਗਤਾਂ ਦੀ ਬਾਣੀ ਸਹਿਤ ਨਵਾਂ ਸੰਕਲਨ ਤਿਆਰ ਕਰਨ ਦਾ ਕੰਮ ਆਪਣੇ ਪੋਤਰੇ ਸਹੰਸਰਾਮ ਨੂੰ ਸੌਂਪਿਆ। ਇਹ ਸੰਕਲਨ ਕਾਲਾਂਤਰ ਵਿਚ ਬਾਬੇ ਮੋਹਨ ਵਾਲੀਆਂ ਪੋਥੀਆਂ ਅਥਵਾ ਗੋਇੰਦਵਾਲ ਵਾਲੀਆਂ ਪੋਥੀਆਂ ਦੇ ਨਾਂ ਨਾਲ ਪ੍ਰਸਿੱਧ ਹੋਇਆ। ਗੁਰੂ ਅਰਜਨ ਦੇਵ ਦੇ ਗੱਦੀ ਉਤੇ ਬੈਠਣ ਤਕ ਪ੍ਰਿਥੀਚੰਦ ਅਤੇ ਹੋਰ ਈਰਖਾਲੂਆਂ ਵੱਲੋਂ ਬਾਣੀ ਵਿਚ ਰਲੇ ਪਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਸੀ। ਇਸ ਲਈ ਗੁਰੂ ਅਰਜਨ ਦੇਵ ਨੇ ਬਾਣੀ ਦਾ ਸ਼ੁੱਧ ਸਰੂਪ ਰਖਣ ਲਈ ਨਵਾਂ ਸੰਕਲਨ ਤਿਆਰ ਕਰਨ ਦੀ ਯੋਜਨਾ ਬਣਾਈ। ਉਨ੍ਹਾਂ ਪਾਸ ਗੁਰੂ ਰਾਮਦਾਸ ਦੀ ਅਤੇ ਆਪਣੀ ਬਾਣੀ

ਮੌਜੂਦ ਸੀ। ਗੁਰੂ ਅਮਰਦਾਸ ਵਾਲੀਆਂ ਪੋਥੀਆਂ ਨੂੰ ਬੜੇ ਉਚੇਚ ਨਾਲ ਬਾਬੇ ਮੋਹਨ ਪਾਸੋਂ ਗੋਇੰਦਵਾਲ ਤੋਂ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਹੋਰ ਹਰ ਪਾਸੇ ਵੀ ਸੁਨੇਹੇ ਭੇਜ ਕੇ ਰਬਾਬੀਆਂ, ਸ਼ਰਧਾਲੂਆਂ ਆਦਿ ਕੋਲ ਪਈ ਜਾਂ ਕੰਠਸਥ ਹੋਈ ਬਾਣੀ ਨੂੰ ਵੀ ਇਕੱਠਾ ਕਰਵਾਇਆ।

ਇਸ ਪ੍ਰਕਾਰ ਇਕੱਠੀ ਕੀਤੀ ਸਾਰੀ ਬਾਣੀ ਨੂੰ, ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ, ਚਾਰ ਸਿੱਖਾਂ (ਭਾਈ ਸੰਤ ਦਾਸ, ਹਰੀਆ, ਸੁਖਾ ਅਤੇ ਮਨਸਾ ਰਾਮ) ਤੋਂ ਨਕਲ ਕਰਵਾਇਆ। ਇਹ ਕੰਮ ਸੰਨ 1601 ਈ. ਵਿਚ ਨਿਪਟਿਆ। ਉਸ ਤੋਂ ਬਾਦ ਗੁਰੂ ਜੀ ਨੇ ਸਾਰੀ ਬਾਣੀ ਖੁਦ ਵਾਚੀ ਅਤੇ ਉਸ ਨੂੰ ਰਲਿਆਂ ਤੋਂ ਮੁਕਤ ਕਰ ਕੇ ਸਹੀ ਰੂਪ ਦਿੱਤਾ ਅਤੇ ਅਪ੍ਰਮਾਣਿਕ ਬਾਣੀ ਨੂੰ ਤਿਆਗ ਦਿੱਤਾ। ਸੋਧੀ ਹੋਈ ਬਾਣੀ ਦੇ ਆਧਾਰ ਤੇ ਭਾਈ ਗੁਰਦਾਸ ਨੇ ਸੰਨ 1604 ਈ. ਵਿਚ ਬੀੜ ਤਿਆਰ ਕੀਤੀ ਜਿਸ ਨੂੰ ਹਰਿਮੰਦਿਰ ਸਾਹਿਬ ਵਿਚ ਸਥਾਪਿਤ ਕੀਤਾ ਗਿਆ। ਬਾਬਾ ਬੁੱਢਾ ਇਸ ਬੀੜ ਦੇ ਪਹਿਲੇ ਗ੍ਰੰਥੀ ਲਗਾਏ ਗਏ। ਕਾਲਾਂਤਰ ਵਿਚ ਇਸ ਦੇ ਉਤਾਰੇ ਹੋਣ ਲਗੇ। ਇਸ ਦਾ ਸਭ ਤੋਂ ਪਹਿਲਾ ਉਤਾਰਾ ਭਾਈ ਬੰਨੋ ਦੁਆਰਾ ਕਰਵਾਇਆ ਗਿਆ ਮੰਨਿਆ ਜਾਂਦਾ ਹੈ।

ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਨਹੀਂ ਕੀਤੀ। ਨੌਵੇਂ ਗੁਰੂ ਸਾਹਿਬ ਦੇ ਰਚੇ 59 ਸ਼ਬਦਾਂ ਅਤੇ 57 ਸ਼ਲੋਕਾਂ ਨੂੰ ਇਸ ਗ੍ਰੰਥ ਵਿਚ ਸ਼ਾਮਲ ਕਰਨ ਦਾ ਉੱਦਮ ਗੁਰੂ ਗੋਬਿੰਦ ਸਿੰਘ ਨੇ ਸੰਨ 1699 ਈ. ਵਿਚ ਖਾਲਸਾ ਸਾਜਣ ਤੋਂ ਕਾਫ਼ੀ ਸਮਾਂ ਪਹਿਲਾਂ ਆਨੰਦਪੁਰ ਸਥਿਤ ਦਮਦਮਾ ਸਾਹਿਬ ਵਿਚ ਕੀਤਾ। ਇਸ ਅੰਤਿਮ ਸਰੂਪ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੀ ਸੰਸਾਰਿਕ ਲੀਲਾ ਸਮਾਪਤ ਕਰਨ ਤੋਂ ਪਹਿਲਾਂ 7 ਅਕਤੂਬਰ, 1708 ਈ. ਨੂੰ ਹਜ਼ੂਰ ਸਾਹਿਬ ਵਿਚ ਗੁਰੂ-ਪਦ ਪ੍ਰਦਾਨ ਕੀਤਾ। ਉਦੋਂ ਤੋਂ ਇਹ ਗ੍ਰੰਥ ਸਿੱਖ ਧਰਮ ਦਾ ਪਵਿੱਤਰ ਅਤੇ ਪ੍ਰਤਿਸ਼ਠਿਤ 'ਗੁਰੂ' ਰੂਪ ਹੈ। ਕਵੀ ਕੇਦਾਰ ਨਾਥ 'ਬਾਗੀ' ਨੇ ਗੁਰਬਾਣੀ ਪ੍ਰਤਿ ਸ਼ਰਧਾ ਪ੍ਰਗਟਾਉਂਦੇ ਹੋਇਆਂ ਲਿਖਿਆ ਹੈ—'ਮੁਕਤ, ਭੁਗਤ, ਦੀ ਦਾਤੀ ਫਿਰ ਤੂੰ, ਆ ਅੰਮ੍ਰਿਤ ਦੀ ਖਾਣੀ ਪੜ੍ਹ ਲਾ।/ ਗੁਰੂ ਗਰੰਥ ਨੂੰ ਟੇਕ ਕੇ ਮਥਾ, ਗੁਰ ਨਾਨਕ ਦੀ ਬਾਣੀ ਪੜ੍ਹ ਲਾ।'

ਗੁਰੂ ਅਰਜਨ ਦੇਵ ਨੇ ਬੜੀ ਨੀਝ ਨਾਲ ਇਸ ਗ੍ਰੰਥ ਦਾ ਸੰਪਾਦਨ ਕੀਤਾ ਹੈ। ਉਨ੍ਹਾਂ ਨੇ ਹਰ ਸ਼ਬਦ, ਅਸ਼ਟਪਦੀ, ਜਾਂ ਪਉੜੀ-ਸ਼ਲੋਕ ਦੇ ਅੰਤ ਉਤੇ ਸੰਖਿਆ-ਅੰਕ ਦਿੱਤਾ ਹੈ ਅਤੇ ਨਾਲ-ਨਾਲ ਕੁਲ-ਜੋੜ ਵੀ ਦਿੱਤਾ ਹੈ। ਇਸ ਤਰ੍ਹਾਂ ਪਦਿਆਂ ਆਦਿ ਦੀ ਗਿਣਤੀ ਨਿਸਚਿਤ ਕਰ ਕੇ ਰੱਲਿਆਂ ਦੀ ਸੰਭਾਵਨਾ ਖ਼ਤਮ ਕੀਤੀ ਹੈ। ਹਰ ਸ਼ਬਦ/ ਬਾਣੀ ਦੇ ਆਰੰਭ ਵਿਚ ਰਚੈਤਾ ਦੀ ਸੂਚਨਾ ਦਿੱਤੀ ਹੋਈ ਹੈ ਅਤੇ ਪੂਰਾ ਜਾਂ ਸੰਖਿਪਤ ਮੂਲ-ਮੰਤਰ ਵੀ ਲਿਖਿਆ ਹੈ।

ਇਸ ਗ੍ਰੰਥ ਦੀ ਬਾਣੀ ਨੂੰ ਮੁੱਖ ਤੌਰ ਤੇ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਨਿੱਤ-ਨੇਮ ਦੀਆਂ ਬਾਣੀਆਂ ਹਨ। ਇਨ੍ਹਾਂ ਵਿਚ ਜਪੁਜੀ, ਸੋਦਰੁ-ਸੋਪੁਰਖੁ ਦੇ ਨੌਂ ਸ਼ਬਦ ਅਤੇ ਸੋਹਿਲੇ ਦੇ ਪੰਜ ਸ਼ਬਦ ਸ਼ਾਮਲ ਹਨ।

ਦੂਜਾ ਭਾਗ ਰਾਗ-ਬੱਧ ਬਾਣੀ ਦਾ ਹੈ। ਇਸ ਵਿਚ 31 ਰਾਗਾਂ (ਸਿਰੀ,

ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ) ਅਧੀਨ ਸਾਰੀ ਬਾਣੀ ਨੂੰ ਇਕ ਵਿਸ਼ੇਸ਼ ਕ੍ਰਮ ਅਤੇ ਵਿਧਾਨ ਅਨੁਸਾਰ ਸਥਾਨ ਦਿੱਤਾ ਗਿਆ ਹੈ। ਸਭ ਤੋਂ ਪਹਿਲਾਂ 'ਸ਼ਬਦ' (ਚਉਪਦੇ) ਹਨ ਫਿਰ ਅਸ਼ਟਪਦੀਆਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਤੋਂ ਬਾਦ ਵਿਸ਼ੇਸ਼ ਬਾਣੀਆਂ, ਛੰਤ, ਵਾਰਾਂ ਆਦਿ ਸੰਕਲਿਤ ਹਨ। ਮਾਰੂ ਰਾਗ ਵਿਚ ਅਸ਼ਟਪਦੀਆਂ ਤੋਂ ਬਾਦ 'ਸੋਲਹੇ' ਵੀ ਆਏ ਹਨ। ਵਾਰਾਂ ਤੋਂ ਪਿਛੇ ਭਗਤ-ਬਾਣੀ ਸ਼ਾਮਲ ਕੀਤੀ ਗਈ ਹੈ। ਸਾਰੀ ਗੁਰਬਾਣੀ ਗੁਰੂ-ਕ੍ਰਮ ਅਨੁਸਾਰ ਹੈ, ਪਰ 22 ਰਾਗਾਂ ਵਿਚ ਆਈ ਭਗਤ-ਬਾਣੀ ਵਿਚ ਭਗਤਾਂ ਦੇ ਇਤਿਹਾਸਿਕ ਕ੍ਰਮ ਨੂੰ ਮੁਖ ਨਹੀਂ ਰਖਿਆ ਗਿਆ। ਬਿਹਾਗੜਾ ਰਾਗ ਵਿਚ ਤਿੰਨ ਸ਼ਲੋਕ ਭਾਈ ਮਰਦਾਨੇ ਦੇ ਨਾਂ ਨਾਲ ਸੰਬੰਧਿਤ ਹਨ। ਰਾਮਕਲੀ ਰਾਗ ਵਿਚ ਬਾਬਾ ਸੁੰਦਰ ਦਾ ਲਿਖਿਆ ਇਕ 'ਸਦ' ਹੈ ਅਤੇ ਗੁਰੂ-ਉਸਤਤ ਵਿਚ ਲਿਖੀ ਸਤੇ-ਬਲਵੰਡ ਦੀ ਇਕ ਵਾਰ ਹੈ।

ਤੀਜੇ ਭਾਗ ਵਿਚ ਰਾਗ-ਮੁਕਤ ਬਾਣੀ ਸੰਕਲਿਤ ਹੋਈ ਹੈ। ਇਹ ਬਾਣੀ-ਕ੍ਰਮ ਇਸ ਪ੍ਰਕਾਰ ਹੈ—ਸਹਸਕ੍ਰਿਤੀ ਸ਼ਲੋਕ, ਗਾਥਾ, ਫੁਨਹੇ, ਚਉਬੋਲੇ, ਸਲੋਕ ਭਗਤ ਕਬੀਰ ਅਤੇ ਫਰੀਦ, ਸਵਯੇ, ਸਲੋਕ ਵਾਰਾ ਤੇ ਵਧੀਕ, ਸਲੋਕ ਮ. ੯, ਮੁੰਦਾਵਣੀ ਅਤੇ ਰਾਗਮਾਲਾ।

ਭਾਰਤੀ ਧਰਮ-ਸਾਧਨਾ, ਸਾਹਿੱਤ ਅਤੇ ਸੰਪਾਦਨ ਦੇ ਇਤਿਹਾਸ ਵਿਚ ਇਸ ਗ੍ਰੰਥ ਦਾ ਮਹੱਤਵਪੂਰਣ ਸਥਾਨ ਹੈ। ਇਹ ਭਾਰਤ ਦੀ ਵਿਸ਼ਵ ਸਾਹਿੱਤ ਨੂੰ ਸਥਾਈ ਦੇਣ ਹੈ।

ਘ

ਘੁਹਰਾਮ : ਪਟਿਆਲੇ ਤੋਂ ਲਗਭਗ 29 ਕਿ. ਮੀ. ਦੀ ਵਿਥ ਉਤੇ ਵਸਿਆ ਇਕ ਪੁਰਾਤਨ ਨਗਰ, ਜਿਥੇ ਤ੍ਰੇਤਾ ਯੁਗ ਵਿਚ ਭਗਵਾਨ ਰਾਮ ਦਾ ਨਾਨਾ ਕੌਸ਼ਲ ਰਾਜ ਕਰਦਾ ਸੀ। ਉਸ ਦੇ ਘਰ ਪੈਦਾ ਹੋਈ ਪੁੱਤਰੀ ਦਾ ਨਾਂ ਕੌਸ਼ਲਿਆ ਰਖਿਆ ਗਿਆ। ਕਾਲਾਂਤਰ ਵਿਚ ਉਸ ਦਾ ਵਿਆਹ ਅਯੋਧਿਆ ਦੇ ਰਾਜਾ ਦਸ਼ਰਥ ਨਾਲ ਹੋਇਆ। ਕੌਸ਼ਲਿਆ ਦੀ ਕੁੱਖੋਂ ਰਾਮ ਚੰਦਰ ਨੇ ਜਨਮ ਲਿਆ। ਇਸ ਦ੍ਰਿਸ਼ਟੀ ਤੋਂ ਇਹ ਰਾਮ ਚੰਦਰ ਜੀ ਦਾ ਨਾਨਕਾ ਨਗਰ ਹੈ।

ਇਸ ਨਗਰ ਬਾਰੇ 'ਦਸਮ-ਗ੍ਰੰਥ' ਵਿਚ ਸੰਕਲਿਤ ''ਰਾਮਾਵਤਾਰ'' ਵਿਚ ਇਸ ਤਰ੍ਹਾਂ ਉੱਲੇਖ ਹੈ—'ਕੁਹਰਾਮ ਜਹਾਂ ਸੁਨੀਐ ਸਹਰੰ।/ਤਹ ਕੌਸ਼ਲ ਰਾਜ ਨ੍ਰਿਪੇਸ ਬਰੰ।/ਉਪਜੀ ਤਿਹ ਧਾਮ ਸੁਤਾ ਕੁਸਲੰ।/ਜਿਹ ਜੀਤ ਲਈ ਸਸਿ ਅੰਸ ਕਲੰ।/ਜਬ ਹੀ ਸੁਧਿ ਪਾਇ

ਸੁਯੰਬ੍ਰ ਕਰਿਓ। ਅਵਧੇਸ ਨਰੇਸਹਿ ਚੀਨਿ ਬਰਿਓ।' ਇਸ ਰਵਾਇਤ ਕਰਕੇ ਇਸ ਦੇ ਪੁਰਾਣੇ ਥੇਹ ਨੂੰ 'ਕੋਹੇਰਾਮ' ਕਿਹਾ ਜਾਂਦਾ ਹੈ। 'ਘੁੜਾਮ' ਕੋਹੇਰਾਮ ਦਾ ਹੀ ਵਿਗੜਿਆ ਹੋਇਆ ਰੂਪ ਹੈ।

ਇਕ ਹੋਰ ਰਵਾਇਤ ਅਨੁਸਾਰ ਇਥੇ ਕਦੇ ਕੋਈ 'ਕੁਹੜਮ' ਨਾਂ ਦਾ ਪ੍ਰਤਾਪੀ ਰਾਜਾ ਰਾਜ ਕਰਦਾ ਸੀ। ਉਸੇ ਦੇ ਨਾਂ ਤੇ ਇਹ ਨਗਰ ਹੁਣ 'ਘੁੜਾਮ' ਕਰਕੇ ਜਾਣਿਆ ਜਾਂਦਾ ਹੈ। ਇਸ ਨਗਰ ਉਤੇ ਸੰਨ 1193 ਈ. ਵਿਚ ਮੁਹੰਮਦ ਗੌਰੀ ਨੇ ਹਮਲਾ ਕੀਤਾ ਅਤੇ ਜਿਤ ਕੇ ਕੁਤਬੁੱਦੀਨ ਨੂੰ ਇਸ ਦਾ ਕਿਲੇਦਾਰ ਬਣਾਇਆ।

ਭਾਈ ਕਾਨ੍ਹ ਸਿੰਘ ਅਨੁਸਾਰ ਇਥੇ ਬਹੁਤ ਹੰਕਾਰੀ ਪਠਾਣ ਰਹਿੰਦੇ ਸਨ। ਉਨ੍ਹਾਂ ਨੂੰ ਸੋਧਣ ਲਈ ਬਾਬਾ ਬੰਦਾ ਬਹਾਦਰ ਨੇ ਸੰਨ 1709 ਈ. ਵਿਚ ਇਸ ਉਤੇ ਹਮਲਾ ਕੀਤਾ ਅਤੇ ਖ਼ਾਲਸੇ ਦੇ ਵਿਰੋਧੀਆਂ ਨੂੰ ਕਠੋਰ ਦੰਡ ਦਿੱਤਾ।

ਇਸ ਨਗਰ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨਾਲ ਸੰਬੰਧਿਤ ਕਈ ਧਰਮ-ਧਾਮ ਹਨ।

ਚ

ਚਉਦਹ-ਰਤਨ : ਵੇਖੋ 'ਚੌਦਾਂ-ਰਤਨ'।

ਚਉਦਹ-ਲੋਕ : ਵੇਖੋ 'ਲੋਕ'।

ਚਉਰਾਸੀ-ਆਸਨ : ਅਸ਼ਟਾਂਗ-ਯੋਗ ਦਾ ਤੀਜਾ ਅੰਗ 'ਆਸਨ' ਅਖਵਾਉਂਦਾ ਹੈ। ਵੇਖੋ 'ਅਸ਼ਟਾਂਗ-ਯੋਗ'।

ਚਉਰਾਸੀ-ਸਿੱਧ : ਵੇਖੋ 'ਸਿੱਧ-ਯੋਗੀ'।

ਚਉਰਾਸੀ-ਲਖ-ਜੂਨ : 'ਜੂਨ' ਸੰਸਕ੍ਰਿਤ ਦੇ 'ਯੋਨਿ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ। ਇਸ ਪ੍ਰਸੰਗ ਵਿਚ ਇਸ ਦਾ ਅਰਥ ਹੈ ਜੀਵਾਂ ਦੀਆਂ ਵੱਖ-ਵੱਖ ਜਾਤੀਆਂ। ਪੁਰਾਤਨ ਭਾਰਤੀ ਗ੍ਰੰਥਾਂ ਅਤੇ ਪੁਰਾਣਾਂ ਵਿਚ ਇਨ੍ਹਾਂ ਦੀ ਗਿਣਤੀ 84 ਲੱਖ ਦਸੀ ਗਈ ਹੈ। ਇਨ੍ਹਾਂ ਵਿਚ ਜਲ, ਥਲ, ਵਾਯੂ ਅਤੇ ਆਕਾਸ਼ ਵਿਚ ਉੱਡਣ ਵਾਲੇ ਸਾਰੇ ਪ੍ਰਾਣੀ ਸ਼ਾਮਲ ਹਨ। ਇਨ੍ਹਾਂ ਵਿਚੋਂ ਨੌਂ ਲੱਖ ਜਲ-ਵਾਸੀ, ਦਸ ਲੱਖ ਵਾਯੂ ਵਿਚ ਉੱਡਣ ਵਾਲੇ, ਵੀਹ ਲੱਖ ਸਥਿਰ ਰਹਿਣ ਵਾਲੇ ਬ੍ਰਿਛ ਆਦਿ, ਤੀਹ ਲੱਖ ਪਸ਼ੂ, ਯਾਰ੍ਹਾਂ ਲੱਖ ਰੀਂਗਣ ਵਾਲੇ ਅਤੇ ਚਾਰ ਲੱਖ ਮਨੁੱਖ ਜਾਤਿ ਵਰਗੇ ਸਾਰੇ ਜੀਵ ਜਿਵੇਂ ਬੰਦਰ, ਲੰਗੂਰ, ਬਨਮਾਨਸ ਆਦਿ ਸ਼ਾਮਲ ਹਨ।

ਕੁਝ ਗ੍ਰੰਥਾਂ ਵਿਚ ਇਸ ਵਰਗ-ਗਿਣਤੀ ਵਿਚ ਫ਼ਰਕ ਵੀ ਹੈ। ਜੈਨ-ਮਤ ਵਾਲਿਆਂ ਨੇ ਇਹ ਵਰਗ-ਗਿਣਤੀ ਆਪਣੇ ਢੰਗ ਨਾਲ ਕੁਝ ਵਿਲੱਖਣ ਜਿਹੀ ਕੀਤੀ ਹੈ। ਆਮ ਤੌਰ ਤੇ ਉਪਰੋਕਤ ਵੰਡ ਹੀ ਪ੍ਰਵਾਨ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਨੇ ਇਨ੍ਹਾਂ ਜੂਨਾਂ ਦੀ ਅਨੰਤਤਾ ਬਾਰੇ ਸੰਕੇਤ ਕੀਤਾ ਹੈ—'ਕਈ ਜਨਮ ਭਏ ਕੀਟ ਪਤੰਗਾ।/ਕਈ

ਜਨਮ ਗਜ ਮੀਨ ਕੁਰੰਗਾ ।/ਕਈ ਜਨਮ ਪੰਖੀ ਸਰਪ ਹੋਇਓ ।/ਕਈ, ਜਨਮ ਹੈਵਰ ਬ੍ਰਿਖ ਜੋਇਓ' (ਅ. ਗ੍ਰੰ. 176)।

ਇਨ੍ਹਾਂ ਪ੍ਰਾਣੀਆਂ (ਜੂਨਾਂ) ਦੀ ਉਤਪੱਤੀ ਵਿਧੀ ਨੂੰ ਪ੍ਰਮੁਖ ਤੌਰ ਤੇ ਚਾਰ ਖਾਣੀਆਂ ਵਿਚ ਵੰਡਿਆ ਗਿਆ ਹੈ—ਅੰਡਜ (ਅੰਡੇ ਤੋਂ ਪੈਦਾ ਹੋਣ ਵਾਲੇ ਪ੍ਰਾਣੀ), ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ ਪ੍ਰਾਣੀ), ਉਦਭਿਜ (ਧਰਤੀ ਵਿਚੋਂ ਉੱਗਣ ਵਾਲੇ ਪ੍ਰਾਣੀ) ਅਤੇ ਸ੍ਵੇਤਜ (ਪਸੀਨੇ ਤੋਂ ਪੈਦਾ ਹੋਣ ਵਾਲੇ ਪ੍ਰਾਣੀ)। ਗੁਰੂ ਨਾਨਕ ਦੇਵ ਨੇ ਇਨ੍ਹਾਂ ਦਾ ਹਵਾਲਾ ਦਿੱਤਾ ਹੈ—ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ' (ਅ. ਗ੍ਰੰ. 596)।

ਮੱਧ-ਯੁਗ ਦੇ ਸੰਤਾਂ, ਭਗਤਾਂ ਨੇ 84 ਲੱਖ ਜੂਨਾਂ ਦੀ ਗਿਣਤੀ ਨੂੰ ਸਵੀਕਾਰ ਕੀਤਾ ਹੈ। ਗੁਰੂ ਅਮਰਦਾਸ ਅਨੁਸਾਰ ਪਰਮਾਤਮਾ ਦੀ ਕ੍ਰਿਪਾ ਨਾਲ ਇਨ੍ਹਾਂ ਜੂਨਾਂ ਦੇ ਚੱਕਰ ਤੋਂ ਬਚਿਆ ਜਾ ਸਕਦਾ ਹੈ—'ਲਖ ਚਉਰਾਸੀਹ ਜੀਅ ਉਪਾਏ ।/ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ' (ਅ. ਗ੍ਰੰ. 111)। ਇਨ੍ਹਾਂ ਸਾਰੀਆਂ ਜੂਨਾਂ ਵਿਚ ਮਨੁੱਖ ਦੀ ਜੂਨ ਸਭ ਤੋਂ ਉੱਤਮ ਮੰਨੀ ਗਈ ਹੈ—'ਅਵਰਿ ਜੋਨਿ ਤੇਰੀ ਪਨਿਹਾਰੀ ।/ਇਸੁ ਧਰਤੀ ਮਹਿ ਤੇਰੀ ਸਿਕਦਾਰੀ' (ਅ. ਗ੍ਰੰ. 374) ।

ਚਕ੍ਰਵ੍ਯੂਹ : ਇਕ ਪੁਰਾਤਨ ਰਣ-ਕਲਾ, ਜਿਸ ਦਾ ਪ੍ਰਯੋਜਨ ਕਿਸੇ ਵਸਤੂ ਜਾਂ ਵਿਅਕਤੀ ਦੀ ਰੱਖਿਆ ਕਰਨਾ ਜਾਂ ਵਿਰੋਧੀ ਦਲ ਵਾਲਿਆਂ ਨੂੰ ਫਸਾਉਣਾ ਹੁੰਦਾ ਸੀ। ਵ੍ਯੂਹ ਰਚਨਾ ਵਿਚ ਸੈਨਾ ਦੇ ਦਲ ਇਸ ਤਰ੍ਹਾਂ ਚੱਕਰਾਕਾਰ ਸੰਗਠਿਤ ਕੀਤੇ ਜਾਂਦੇ ਸਨ ਕਿ ਆਕ੍ਰਮਣਕਾਰੀ ਉਨ੍ਹਾਂ ਦੀ ਪੇਚੀਦਗੀ ਨੂੰ ਭਾਂਪ ਨਾ ਸਕੇ ਅਤੇ ਉਸ ਵਿਚ ਉਲਝਿਆ ਅੰਤ ਵਿਚ ਪਕੜ ਲਿਆ ਜਾਵੇ। ਇਸ ਪ੍ਰਕਾਰ ਦੇ ਚਕ੍ਰਵ੍ਯੂਹ ਦੀ ਜੇ ਪੂਰੀ ਸਾਵਧਾਨੀ ਨਾਲ ਰਚਨਾ ਕੀਤੀ ਜਾਏ ਤਾਂ ਇਸ ਨੂੰ ਵਿੰਨ੍ਹ ਜਾਂ ਭੇਦ ਸਕਣਾ ਸੰਭਵ ਨਹੀਂ ਹੁੰਦਾ।

ਮਹਾਭਾਰਤ ਦੇ ਯੁੱਧ ਵਿਚ ਕੌਰਵ ਸੈਨਾ ਦੇ ਨਾਇਕ ਦ੍ਰੋਣਾਚਾਰਯ ਨੇ ਵ੍ਯੂਹ ਰਚਨਾ ਕਰਕੇ ਅਭਿਮਨ੍ਯੁ ਨੂੰ ਫਸਾਇਆ ਸੀ ਅਤੇ ਅੰਤ ਵਿਚ ਉਹ ਮਾਰਿਆ ਗਿਆ ਸੀ। ਕਹਿੰਦੇ ਹਨ ਕਿ ਅਭਿਮਨ੍ਯੁ ਨੇ ਗਰਭ ਅਵਸਥਾ ਵੇਲੇ ਆਪਣੇ ਪਿਤਾ ਅਰਜੁਨ ਤੋਂ ਮਾਤਾ ਨਾਲ ਗੱਲ ਕਰਦਿਆਂ ਚਕ੍ਰਵ੍ਯੂਹ ਵਿਚ ਪ੍ਰਵੇਸ਼ ਕਰਨ ਬਾਰੇ ਤਾਂ ਸੁਣਿਆ ਸੀ, ਪਰ ਉਸ ਨੂੰ ਤੋੜ ਕੇ ਬਾਹਰ ਨਿਕਲਣ ਦੀ ਗੱਲ ਦਸਣੀ ਵਿਚੇ ਰਹਿ ਗਈ ਸੀ। ਇਸ ਲਈ ਅਭਿਮਨ੍ਯੁ ਨੇ ਵੀਰਤਾ-ਪੂਰਵਕ ਬੜੇ ਸਾਹਸ ਨਾਲ ਚਕ੍ਰਵ੍ਯੂਹ ਵਿਚ ਪ੍ਰਵੇਸ਼ ਕਰਕੇ ਆਪਣੀ ਰਣ-ਕਲਾ ਦਾ ਪਰਿਚਯ ਦਿੱਤਾ ਸੀ, ਪਰ ਵ੍ਯੂਹ-ਭੇਦਨ ਦੀ ਵਿਦਿਆ ਨਾ ਜਾਣਨ ਕਰਕੇ ਮਾਰਿਆ ਗਿਆ ਸੀ।

ਚਤਰਾਲ : ਵੇਖੋ 'ਚਿਤ੍ਰਾਲ'।

ਚਤੁਰਾਂਗਾ : ਵੇਖੋ 'ਚਤੁਰੰਗਿਣੀ, ਸੈਨਾ'।

ਚਤੁਰਾਨਨ : ਬ੍ਰਹਮਾ ਦਾ ਇਕ ਨਾਮਾਂਤਰ। ਵੇਖੋ 'ਬ੍ਰਹਮਾ'।

ਚਤੁਰੰਗਿਣੀ, ਸੈਨਾ : ਇਸ ਦਾ ਸ਼ਾਬਦਿਕ ਅਰਥ ਹੈ ਚਾਰ ਅੰਗਾਂ ਵਾਲੀ। ਭਾਰਤ ਦੇ ਸੈਨਿਕ ਇਤਿਹਾਸ ਵਿਚ ਚਾਰ ਅੰਗਾਂ ਵਾਲੀ ਸੈਨਾ ਨੂੰ 'ਚਤੁਰੰਗਿਣੀ' ਸੈਨਾ ਕਿਹਾ

ਗਿਆ ਹੈ। ਇਸ ਦੇ ਚਾਰ ਅੰਗ ਇਸ ਪ੍ਰਕਾਰ ਹਨ—ਹਾਥੀ, ਰਥ, ਘੋੜੇ ਅਤੇ ਪੈਦਲ। ਇਸ ਨੂੰ 'ਚਤੁਰੰਗ-ਬਲ' ਵੀ ਕਿਹਾ ਗਿਆ ਹੈ। ਇਸ ਵਿਚ ਹਰ ਇਕ ਅੰਗ ਦੀ ਗਿਣਤੀ ਦਾ ਸਾਧਾਰਣ ਨਿਯਮ ਇਸ ਪ੍ਰਕਾਰ ਹੈ। ਇਕ ਰਥ ਨਾਲ 10 ਹਾਥੀ, ਹਰ ਇਕ ਹਾਥੀ ਨਾਲ 10 ਘੋੜੇ, ਹਰ ਇਕ ਘੋੜੇ ਨਾਲ 10 ਪੈਦਲ ਸੈਨਿਕ ਰੱਖਿਅਕ ਰੂਪ ਵਿਚ ਰਹਿੰਦੇ ਹਨ। 'ਮਹਾਭਾਰਤ' (ਸ਼ਾਂਤਿ-ਪਰਵ) ਵਿਚ ਜਿਸ ਅਸ਼ਟਾਂਗ ਸੈਨਾ ਦਾ ਉੱਲੇਖ ਹੋਇਆ ਹੈ ਉਸ ਵਿਚ ਵੀ ਪਹਿਲੇ ਚਾਰ ਅੰਗ ਚਤੁਰੰਗਿਣੀ ਸੈਨਾ ਦੇ ਹੀ ਲਖਾਇਕ ਹਨ।

ਗੁਰੂ ਅਰਜਨ ਦੇਵ ਨੇ ਸੰਸਾਰਿਕ ਐਸ਼ਵਰਜ ਅਤੇ ਸ਼ਾਨੋ-ਸ਼ੌਕਤ ਦੇ ਪ੍ਰਸੰਗ ਵਿਚ ਚਤੁਰੰਗਿਣੀ ਸੈਨਾ ਦਾ ਹਵਾਲਾ ਦਿੰਦਿਆਂ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਕਿ ਅੰਤ ਕਾਲ ਵੇਲੇ ਇਨ੍ਹਾਂ ਵਿਚੋਂ ਕੁਝ ਵੀ ਨਾਲ ਨਹੀਂ ਜਾਇਗਾ—'ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ।/ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ' (ਅ. ਗ੍ਰੰ. 700)।

ਚਨਾਬ, ਨਦੀ : ਵੇਖੋ 'ਝਨਾਂ'।

ਚਮਕੌਰ ਦੀ ਗੜ੍ਹੀ : ਸਿੱਖ-ਇਤਿਹਾਸ ਨਾਲ ਸੰਬੰਧਿਤ ਇਕ ਸਥਾਨ ਜਿਥੇ ਗੁਰੂ ਗੋਬਿੰਦ ਸਿੰਘ ਨੇ ਸੰਨ 1704 ਈ. ਵਿਚ ਆਨੰਦਪੁਰ ਕਿਲਾ ਛੱਡਣ ਤੋਂ ਬਾਦ ਠਿਕਾਣਾ ਕੀਤਾ। ਮੁਗ਼ਲ ਫ਼ੌਜਾਂ ਵਲੋਂ ਘਿਰ ਜਾਣ ਕਾਰਣ ਗੁਰੂ ਜੀ ਨੇ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ—ਅਜੀਤ ਸਿੰਘ ਅਤੇ ਜੁਝਾਰ ਸਿੰਘ—ਅਤੇ 40 ਸਿੱਖਾਂ ਸਹਿਤ ਇਥੇ ਇਕ ਹਵੇਲੀ ਅਥਵਾ ਕੱਚੀ ਗੜ੍ਹੀ ਵਿਚ ਪ੍ਰਵੇਸ਼ ਕੀਤਾ। ਦਿਨ ਭਰ ਵੈਰੀਆਂ ਨੂੰ ਹਵੇਲੀ ਤੋਂ ਦੂਰ ਰਖਣ ਲਈ ਯੁੱਧ ਚਲਦਾ ਰਿਹਾ; ਪੰਜ-ਪੰਜ ਸਿੰਘਾਂ ਦੇ ਜੱਥਿਆਂ ਨੇ ਵੈਰੀ ਫ਼ੌਜ ਵਲੋਂ ਗੁਰੂ ਸਾਹਿਬ ਨੂੰ ਪਕੜਨ ਲਈ ਬਣਾਏ ਸਾਰੇ ਮਨਸੂਬਿਆਂ ਨੂੰ ਕਾਮਯਾਬ ਨਾ ਹੋਣ ਦਿੱਤਾ। ਇਸ ਲੜਾਈ ਵਿਚ ਦੋਹਾਂ ਸਾਹਿਬਜ਼ਾਦਿਆਂ ਨੇ ਯੁੱਧ-ਭੂਮੀ ਵਿਚ ਨਿਤਰ ਕੇ ਅਤੇ ਅਦੁੱਤੀ ਵੀਰਤਾ ਦੇ ਚਮਤਕਾਰ ਵਿਖਾ ਕੇ ਵੀਰ-ਗਤੀ ਪ੍ਰਾਪਤ ਕੀਤੀ।

ਰਾਤ ਪੈਣ ਤਕ ਗੁਰੂ ਸਾਹਿਬ ਪਾਸ ਕੇਵਲ ਪੰਜ ਸਿੰਘ ਰਹਿ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਹਵੇਲੀ ਛਡ ਜਾਣ ਲਈ ਬੇਨਤੀ ਕੀਤੀ। ਪੰਚ-ਪ੍ਰਧਾਨੀ ਖਾਲਸੇ ਦੀ ਆਗਿਆ ਮੰਨ ਕੇ ਰਾਤ ਨੂੰ ਗੁਰੂ ਜੀ ਆਪਣੇ ਤਿੰਨ ਸਿੰਘਾਂ—ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ—ਸਹਿਤ ਹਵੇਲੀ ਤੋਂ ਨਿਕਲ ਗਏ। ਪਰ ਵੈਰੀ ਫ਼ੌਜ ਦੇ ਪਿਛਾ ਕਰਨ 'ਤੇ ਸਾਥੀ ਸਿੰਘਾਂ ਨਾਲੋਂ ਨਿਖੜ ਕੇ ਗੁਰੂ ਜੀ ਮਾਛੀਵਾੜੇ ਜਾ ਪਹੁੰਚੇ। ਹਵੇਲੀ ਵਿਚ ਪਿਛੇ ਰਹੇ ਦੋ ਸਿੰਘਾਂ ਵਿਚੋਂ ਭਾਈ ਸੰਗਤ ਸਿੰਘ ਦੀ ਸ਼ਕਲ ਗੁਰੂ ਸਾਹਿਬ ਨਾਲ ਮਿਲਦੀ ਸੀ। ਉਸ ਨੇ ਕਲਗੀ ਲਗਾ ਕੇ ਵੈਰੀਆਂ ਨੂੰ ਗੁਰੂ ਸਾਹਿਬ ਦੇ ਹਵੇਲੀ ਅੰਦਰ ਹੋਣ ਦਾ ਭੁਲੇਖਾ ਪਾਈ ਰਖਿਆ, ਪਰ ਉਸ ਦੀ ਸ਼ਹਾਦਤ 'ਤੇ ਅਸਲੀ ਗੱਲ ਸਪੱਸ਼ਟ ਹੋ ਗਈ। ਖਿਝੇ ਹੋਏ ਵੈਰੀ ਦਲ ਨੇ ਗੁਰੂ ਸਾਹਿਬ ਨੂੰ ਪਕੜਨ ਲਈ ਮਾਛੀਵਾੜੇ ਦੇ ਜੰਗਲ ਵਲ ਮੂੰਹ ਕੀਤਾ।

ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸੰਬੰਧਿਤ ਹੋਣ ਕਾਰਣ ਇਸ

ਧਰਮ-ਧਾਮ ਦੀ ਸਿੱਖ ਜਗਤ ਵਿਚ ਬਹੁਤ ਮਾਨਤਾ ਹੈ। ਹਰ ਸਾਲ ਦਸੰਬਰ ਮਹੀਨੇ ਦੇ ਅੰਤ ਵਿਚ ਇਥੇ ਬਹੁਤ ਵੱਡਾ ਮੇਲਾ ਲਗਦਾ ਹੈ। ਇਸ ਦਾ ਹਵਾਲਾ ਦਿੰਦਿਆਂ ਕਵੀ ਹਰਿੰਦਰ ਮਹਿਬੂਬ ਨੇ ਲਿਖਿਆ ਹੈ—'ਰਾਤੀਂ ਨਿਕਲ ਚਮਕੌਰ ਦੀ ਗੜ੍ਹੀ ਵਿਚੋਂ/ਛਾਲੇ ਹੋਏ ਵਿਚ ਕੰਡਿਆ ਉਗਿਆ ਮੈਂ।'

ਚਰਪਟ-ਨਾਥ : ਇਸ ਨੂੰ ਕਈ ਥਾਵਾਂ ਤੇ 'ਚਰਪਟੀਨਾਥ' ਵੀ ਲਿਖਿਆ ਹੈ। ਇਹ ਇਕ ਪ੍ਰਸਿੱਧ ਨਾਥ-ਜੋਗੀ ਸੀ ਜਿਸ ਨੂੰ ਗੋਪੀਚੰਦ (ਵੇਖੋ) ਨੇ ਆਪਣਾ ਗੁਰ-ਭਾਈ ਦਸਿਆ ਹੈ। ਪੰ. ਰਾਹੁਲ ਸਾਂਕ੍ਰਿਤ੍ਯਾਯਨ ਨੇ ਇਸ ਨੂੰ ਸਿੱਧਾਂ ਦੀ ਸੂਚੀ ਵਿਚ ਗਿਣਿਆ ਹੈ। ਪਰ ਉਂਜ ਇਹ ਉਸ ਯੁੱਗ ਵਿਚ ਪੈਦਾ ਹੋਇਆ ਸੀ ਜਦੋਂ ਸਿੱਧਾਂ ਦਾ ਪ੍ਰਭਾਵ ਖ਼ਤਮ ਹੋ ਰਿਹਾ ਸੀ ਅਤੇ ਉਨ੍ਹਾਂ ਵਿਚੋਂ ਹੀ ਸਾਤਵਿਕ ਰੁਚੀਆਂ ਵਾਲੇ ਨਾਥ-ਮਤ ਦਾ ਵਿਕਾਸ ਹੋ ਰਿਹਾ ਸੀ।

ਇਸ ਨੂੰ ਗੋਰਖਨਾਥ ਦਾ ਸ਼ਿਸ਼ ਮੰਨਿਆ ਜਾਂਦਾ ਹੈ ਅਤੇ ਇਸ ਦਾ ਜੀਵਨ-ਕਾਲ ਗਿਆਰ੍ਹਵੀਂ ਸਦੀ ਦੇ ਨੇੜੇ-ਤੇੜੇ ਦਸਿਆ ਜਾਂਦਾ ਹੈ। ਕੁਝ ਪ੍ਰਸੰਗਾਂ ਵਿਚ ਇਸ ਨੂੰ ਮਛੰਦਰਨਾਥ ਦਾ ਚੇਲਾ ਅਤੇ ਗੋਰਖਨਾਥ ਦਾ ਗੁਰਭਾਈ ਵੀ ਲਿਖਿਆ ਹੈ। ਕੁਝ ਨੇ ਇਸ ਨੂੰ ਜਾਲੰਧਰਨਾਥ ਦਾ ਮੁੱਖ ਚੇਲਾ ਮੰਨਿਆ ਹੈ। ਸਪੱਸ਼ਟ ਹੈ ਕਿ ਚਰਪਟ-ਨਾਥ ਸੰਬੰਧੀ ਸਹੀ ਤੱਥਾਂ ਦਾ ਅਭਾਵ ਹੈ। ਫਿਰ ਵੀ ਯਾਰ੍ਹਵੀਂ ਸਦੀ ਦੇ ਨੇੜੇ-ਤੇੜੇ ਦਾ ਇਹ ਇਕ ਬਹੁ-ਚਰਚਿਤ ਯੋਗੀ ਸੀ।

ਇਸ ਦੇ ਨਾਂ ਨਾਲ ਸੰਬੰਧਿਤ ਕੁਝ ਸਬਦੀਆਂ ਅਤੇ ਸ਼ਲੋਕ ਮਿਲਦੇ ਹਨ। ਇਨ੍ਹਾਂ ਸਬਦੀਆਂ ਵਿਚੋਂ ਇਸ ਦੇ ਜੀਵਨ ਬਾਰੇ ਤਿੰਨ ਤੱਥ ਸਾਹਮਣੇ ਆਉਂਦੇ ਹਨ। ਇਕ ਇਹ ਕਿ ਇਹ ਅਵਧੂਤ ਸੀ। ਦੂਜਾ ਇਹ ਕਿ ਇਹ ਨਾਗਾਰਜੁਨ ਦਾ ਸਮਕਾਲੀ ਸੀ। ਤੀਜਾ ਇਹ ਕਿ ਇਹ ਪਹਿਲਾਂ ਕੋਈ ਰਾਜਾ ਰਿਹਾ ਸੀ—'ਸਤ ਸਤ ਭਾਸੰਤ ਸ੍ਰੀ ਚਰਪਟ ਰਾਵ'। ਇਸ ਆਧਾਰ ਤੇ ਡਾ. ਪੀਤਾਂਬਰ ਦੱਤ ਬੜਥਵਾਲ ਨੇ ਚਰਪਟ ਨੂੰ ਚੰਬਾ ਰਿਆਸਤ ਦੇ ਰਾਜਵੰਸ਼ ਨਾਲ ਜੋੜਿਆ ਹੈ। ਰਜਬਦਾਸ ਦੀ 'ਸਰਬਾਂਗੀ' ਵਿਚ ਇਸ ਨੂੰ ਕਿਸੇ ਚਾਰਣੀ ਦੀ ਕੁੱਖੋਂ ਜੰਮਿਆ ਮੰਨਿਆ ਗਿਆ ਹੈ। ਇਸ ਦੇ ਨਾਂ ਨਾਲ ਅਨੇਕਾਂ ਕਰਾਮਾਤਾਂ ਪ੍ਰਚਲਿਤ ਹਨ।

'ਸਿਧ ਗੋਸਟਿ' ਵਿਚ ਗੁਰੂ ਨਾਨਕ ਦੇਵ ਨੇ ਇਸ ਵੱਲੋਂ ਕੀਤਾ ਪ੍ਰਸ਼ਨ ਇਸ ਪ੍ਰਕਾਰ ਲਿਖਿਆ ਹੈ—'ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ।/ ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ' (ਅ. ਗ੍ਰੰ. 938)। ਇਸ ਗੋਸਟਿ ਵਿਚ ਚਰਪਟ ਦੇ ਨਾਂ ਦੇ ਉੱਲੇਖ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਚਰਪਟ ਗੁਰੂ ਨਾਨਕ ਦੇਵ ਦਾ ਸਮਕਾਲੀ ਸੀ ਕਿਉਂਕਿ ਇਸ ਗੋਸਟਿ ਵਿਚ ਗੁਰੂ ਜੀ ਨੇ ਯੋਗੀਆਂ ਦੇ ਮੁੱਖ ਮੁੱਖ ਸਿੱਧਾਂਤਾਂ ਨੂੰ ਉਸ ਮਤ ਦੇ ਕੁਝ ਮੁਖੀਆਂ ਰਾਹੀਂ ਪ੍ਰਸ਼ਨ ਰੂਪ ਵਿਚ ਅਖਵਾ ਕੇ ਉਨ੍ਹਾਂ ਦੇ ਉੱਤਰ ਖ਼ੁਦ ਦਿੱਤੇ ਹਨ। ਇਕ ਹੋਰ ਪ੍ਰਸੰਗ ਵਿਚ ਪਾਖੰਡੀ ਦੇ ਸਰੂਪ-ਚਿਤ੍ਰਣ ਵਿਚ ਇਸ ਦੇ ਨਾਂ ਦਾ ਉੱਲੇਖ ਹੋਇਆ ਹੈ : 'ਸੋ ਪਾਖੰਡੀ ਜਿ ਕਾਇਆ ਪਖਾਲੇ ।/ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ।/ਸੁਪਨੈ ਬਿੰਦੁ ਨ ਦੇਈ ਝਰਣਾ ।/ਤਿਸੁ ਪਾਖੰਡੀ ਜਰਾ ਨ ਮਰਣਾ ।/ਬੋਲੈ

ਚਰਪਟੁ ਸਤਿ ਸਰੂਪ ।/ਪਰਮ ਤੰਤ ਮਹਿ ਰੇਖ ਨ ਰੂਪ' (ਅ. ਗ੍ਰੰ. 925)।

ਚਾਕ : ਰਾਂਝੇ ਦਾ ਇਕ ਨਾਮਾਂਤਰ । ਵੇਖੋ 'ਹੀਰ-ਰਾਂਝਾ' ।

ਚਾਣਕ੍ਯ : ਪ੍ਰਸਿੱਧ ਨੀਤੀਵਾਨ ਚਾਣਕ੍ਯ ਦਾ ਜਨਮ ਤਕ੍ਸ਼-ਸ਼ਿਲਾ ਦੇ ਨੇੜੇ-ਤੇੜੇ ਗਾਂਧਾਰ ਪ੍ਰਦੇਸ਼ ਵਿਚ ਹੋਇਆ ਸੀ। ਇਸ ਦਾ ਮੁੱਢਲਾ ਪਰਿਵਾਰਿਕ ਨਾਂ ਵਿਸ਼ਣੂ-ਗੁਪਤ ਸੀ, ਪਰ ਚਣਕ ਨਾਮਕ ਸਥਾਨ ਦਾ ਰਹਿਣ ਵਾਲਾ ਹੋਣ ਕਰਕੇ ਚਾਣਕ੍ਯ ਅਖਵਾਇਆ।

ਕੁਝ ਵਿਦਵਾਨਾਂ ਅਨੁਸਾਰ ਇਸ ਦੇ ਪਿਤਾ ਦਾ ਨਾਂ ਚਣਕ ਹੋਣ ਕਰਕੇ ਇਹ ਚਾਣਕ੍ਯ ਨਾਂ ਨਾਲ ਪ੍ਰਸਿੱਧ ਹੋਇਆ। ਇਸ ਨੂੰ ਕੌਟਿਲ੍ਯ ਵੀ ਕਿਹਾ ਜਾਂਦਾ ਹੈ। ਇਸ ਤੱਥ ਬਾਰੇ ਵੀ ਦੋ ਧਾਰਣਾਵਾਂ ਹਨ। ਇਕ ਧਾਰਣਾ ਅਨੁਸਾਰ ਇਹ ਕੁਟਿਲ ਗੋਤ੍ਰ ਵਿਚੋਂ ਹੋਣ ਕਰਕੇ 'ਕੌਟਿਲ੍ਯ' ਨਾਂ ਨਾਲ ਜਾਣਿਆ ਜਾਣ ਲਗਾ। ਦੂਜੇ ਮਤ ਅਨੁਸਾਰ ਕੂਟ ਜਾਂ ਕੁਟਿਲ ਨੀਤੀ ਦਾ ਮੋਢੀ ਹੋਣ ਕਰਕੇ ਇਹ 'ਕੌਟਿਲ੍ਯ' ਅਖਵਾਇਆ।

ਤਕ੍ਸ਼ਸ਼ਿਲਾ ਵਿਦਿਆ-ਮੰਦਿਰ ਵਿਚ ਰਹਿ ਕੇ ਇਸ ਨੇ ਰਾਜਨੀਤੀ ਦਾ ਡੂੰਘਾ ਅਧਿਐਨ ਕੀਤਾ ਅਤੇ ਇਸ ਵਿਸ਼ੇ ਦਾ ਆਚਾਰਯ ਬਣਿਆ। ਇਹ ਨੰਦ ਦੇ ਅਨੈਤਿਕ ਸਾਮ੍ਰਾਜ ਅਤੇ ਦੇਸ਼ ਉਤੇ ਹੋ ਰਹੇ ਬਾਹਰਲਿਆਂ ਹਮਲਿਆਂ ਤੋਂ ਪੈਦਾ ਹੋਈ ਸਥਿਤੀ ਕਰਕੇ ਬਹੁਤ ਚਿੰਤਿਤ ਸੀ। ਇਸ ਦੇ ਸਾਹਮਣੇ ਮੁੱਖ ਤੌਰ ਤੇ ਤਿੰਨ ਪ੍ਰਸ਼ਨ ਸਨ—(1) ਯਵਨਾਂ ਜਾਂ ਬਾਹਰਲੇ ਆਕ੍ਰਮਣਕਾਰੀਆਂ ਨੂੰ ਦੇਸੋਂ ਬਾਹਰ ਕੱਢਣਾ, (2) ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਖ਼ਤਮ ਕਰਨਾ, (3) ਸ਼ੋਸ਼ਣ ਅਤੇ ਅਤਿਆਚਾਰ ਤੇ ਆਧਾਰਿਤ ਨੰਦ-ਸਾਮ੍ਰਾਜ ਨੂੰ ਖ਼ਤਮ ਕਰਕੇ ਇਕ ਸਸ਼ਕਤ ਲੋਕ-ਰਾਜ ਕਾਇਮ ਕਰਨਾ। ਇਨ੍ਹਾਂ ਉੱਦੇਸ਼ਾਂ ਦੀ ਪੂਰਤੀ ਲਈ ਚਾਣਕ੍ਯ ਕਿਸੇ ਯੋਗ ਵਿਅਕਤਿਤ੍ਵ ਦੀ ਖੋਜ ਵਿਚ ਦੇਸ਼ ਵਿਚ ਇਧਰ-ਉਧਰ ਘੁੰਮਦਾ ਰਿਹਾ। ਆਖ਼ਰ ਇਸ ਨੂੰ ਪਿੱਪਲੀਵਨ ਵਿਚ ਮੌਰੀਆ ਵੰਸ਼ ਦਾ ਚੰਦ੍ਰ-ਗੁਪਤ ਮਿਲਿਆ ਜਿਸ ਨੂੰ ਇਸ ਨੇ ਆਪਣੇ ਮੰਤਵਾਂ ਦੀ ਪੂਰਤੀ ਲਈ ਨਾਇਕ ਬਣਾਇਆ। ਪੰਚਨਦ ਪ੍ਰਦੇਸ਼ ਵਿਚ ਇਕ ਵਿਸ਼ਾਲ ਸੈਨਾ ਦਲ ਤਿਆਰ ਕਰਕੇ ਇਸ ਨੇ ਚੰਦ੍ਰਗੁਪਤ ਨੂੰ ਨੰਦ ਸਾਮ੍ਰਾਜ ਉਤੇ ਹਮਲਾ ਕਰਨ ਲਈ ਪ੍ਰੇਰਿਆ ਅਤੇ ਨੰਦ ਵੰਸ਼ ਦਾ ਵਿਨਾਸ਼ ਕਰਕੇ ਈਸਵੀ ਸੰਨ ਤੋਂ 321 ਵਰ੍ਹੇ ਪਹਿਲਾਂ ਚੰਦ੍ਰਗੁਪਤ ਨੂੰ ਰਾਜ-ਸਿੰਘਾਸਨ ਉਤੇ ਬਿਠਾਇਆ।

ਇਸ ਘਟਨਾ ਤੋਂ ਬਾਦ ਚਾਣਕ੍ਯ ਦੇ ਜੀਵਨ ਬਾਰੇ ਦੋ ਵਿਚਾਰ ਪ੍ਰਚੱਲਿਤ ਹਨ। ਇਕ ਇਹ ਕਿ ਤਦਉਪਰੰਤ ਇਸ ਨੇ ਸੰਨਿਆਸ ਗ੍ਰਹਿਣ ਕਰ ਲਿਆ। ਦੂਜਾ ਇਹ ਕਿ ਚਾਣਕ੍ਯ ਚੰਦ੍ਰਗੁਪਤ ਦਾ ਪ੍ਰਧਾਨ ਮੰਤਰੀ ਰਿਹਾ ਅਤੇ ਮ੍ਰਿਤੂ ਤੋਂ ਬਾਦ ਵੀ ਉਸ ਦੇ ਲੜਕੇ ਬਿੰਦੁਸਾਰ ਦਾ ਪ੍ਰਧਾਨ ਮੰਤਰੀ ਰਿਹਾ। ਇਸ ਦੀ ਸਰਵ-ਪ੍ਰਮੁਖ ਰਚਨਾ 'ਕੌਟਿਲ੍ਯ ਅਰਥ ਸ਼ਾਸਤ੍ਰ' ਹੈ ਜਿਸ ਵਿਚ ਰਾਜਨੀਤੀ ਅਤੇ ਆਰਥਿਕ ਵਿਵਸਥਾ ਦਾ ਬੜੀ ਗੰਭੀਰਤਾ ਨਾਲ ਵਿਸ਼ਲੇਸ਼ਣ ਹੋਇਆ ਹੈ। ਇਸ ਗ੍ਰੰਥ ਨੇ ਬਾਦ ਵਿਚ ਰਾਜ-ਧਰਮ-ਸ਼ਾਸਤ੍ਰ ਨੂੰ ਵੀ ਪ੍ਰਭਾਵਿਤ ਕੀਤਾ। ਇਸ ਦੇ ਨਾਂ ਨਾਲ 'ਚਾਣਕ੍ਯ ਨੀਤੀ' ਨਾਮਕ ਰਚਨਾ ਵੀ ਸੰਬੰਧਿਤ ਕੀਤੀ ਜਾਂਦੀ ਹੈ। ਪੰਜਾਬੀ ਕਾਵਿ ਵਿਚ ਇਕ ਨੀਤੀਵਾਨ ਵਜੋਂ ਇਸ ਦਾ ਉੱਲੇਖ

ਹੋਇਆ ਹੈ ।

ਚਾਣੂਰ : ਮਥੁਰਾ ਰਾਜ ਦਰਬਾਰ ਦਾ ਇਕ ਪ੍ਰਸਿੱਧ ਪਹਿਲਵਾਨ ਜੋ ਕੰਸ ਦੇ ਵਿਸ਼ੇਸ਼ ਪਹਿਲਵਾਨਾਂ ਵਿਚ ਗਿਣਿਆ ਜਾਂਦਾ ਸੀ । ਪੁਰਾਣ-ਸਾਹਿੱਤ ਅਨੁਸਾਰ ਜਦ ਬਲਰਾਮ ਅਤੇ ਸ੍ਰੀ ਕ੍ਰਿਸ਼ਣ ਨੇ ਕੁਵਲੀਯਾਪੀੜ ਨਾਂ ਦੇ ਹਾਥੀ ਨੂੰ ਮਾਰ ਦਿੱਤਾ ਤਾਂ ਉਸ ਦੇ ਦੰਦ ਉਖਾੜ ਕੇ ਮੋਢਿਆਂ ਉਤੇ ਰਖ ਲਏ ਅਤੇ ਕੰਸ ਦੇ ਦਰਬਾਰ ਵਲ ਵੱਧ ਤੁਰੇ । ਕੰਸ ਨੇ ਉਨ੍ਹਾਂ ਨੂੰ ਮਾਰਨ ਲਈ ਆਪਣੇ ਨਾਮੀ ਪਹਿਲਵਾਨਾਂ, ਜਿਵੇਂ ਚਾਣੂਰ, ਮੁਸ਼ਟਕ ਆਦਿ, ਨੂੰ ਭੇਜਿਆ । ਕ੍ਰਿਸ਼ਣ ਨੇ ਚਾਣੂਰ ਨਾਲ ਅਤੇ ਬਲਰਾਮ ਨੇ ਮੁਸ਼ਟਕ ਨਾਲ ਮੱਲ-ਯੁੱਧ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ । ਚਾਣੂਰ ਜਿਤਨਾ ਜ਼ਿਆਦਾ ਉਲ੍ਹਰ ਕੇ ਸ੍ਰੀ ਕ੍ਰਿਸ਼ਣ ਨਾਲ ਸੰਘਰਸ਼ ਕਰਨ ਲਈ ਝਪਟਦਾ ਸੀ, ਉਤਨਾ ਹੀ ਉਸ ਦਾ ਬਲ ਘਟਦਾ ਜਾਂਦਾ ਸੀ । ਇਸ ਤਰ੍ਹਾਂ ਜਦੋਂ ਚਾਣੂਰ ਦਾ ਬਲ ਬਹੁਤ ਘਟ ਗਿਆ, ਤਾਂ ਕ੍ਰਿਸ਼ਣ ਨੇ ਉਸ ਨੂੰ ਧਰਤੀ ਉਤੇ ਪਟਕ ਕੇ ਮਾਰ ਦਿੱਤਾ ।

ਮੱਧ-ਯੁਗ ਦੇ ਸੰਤ ਕਵੀਆਂ ਨੇ ਪ੍ਰਭੂ ਵਲੋਂ ਦੁਸ਼ਟ-ਸੰਘਾਰਨ ਦੇ ਪ੍ਰਸੰਗਾਂ ਵਿਚ ਚਾਣੂਰ ਦਾ ਹਵਾਲਾ ਦਿੱਤਾ ਹੈ । ਗੁਰੂ ਰਾਮਦਾਸ ਅਨੁਸਾਰ—'ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ' (ਅ. ਗ੍ਰੰ. 606) ।

ਚਾਂਦ੍ਰਾਯਣ : ਹਿੰਦੂ ਧਰਮ ਵਿਚ ਪ੍ਰਚਲਿਤ ਇਕ ਪੁਰਾਤਨ ਬ੍ਰਤ (ਵਰਤ) ਜਾਂ ਅਨੁਸ਼-ਠਾਨ । ਇਸ ਬਾਰੇ ਧਰਮ-ਸ਼ਾਸਤ੍ਰੀਆਂ ਦੀ ਸਥਾਪਨਾ ਹੈ ਕਿ ਜਿਸ ਪਾਪ ਦਾ ਪ੍ਰਾਸਚਿਤ ਕਿਸੇ ਉਪਾ ਰਾਹੀਂ ਸੰਭਵ ਨਹੀਂ, ਉਸ ਦੇ ਪ੍ਰਭਾਵ ਨੂੰ ਨਸ਼ਟ ਕਰਨ ਲਈ ਚਾਂਦ੍ਰਾਯਣ ਬ੍ਰਤ ਧਾਰਣ ਕਰਨਾ ਚਾਹੀਦਾ ਹੈ । ਮਹੀਨਾ ਭਰ ਚਲਣ ਵਾਲੇ ਇਸ ਬ੍ਰਤ ਦੇ ਸ਼ਾਸਤ੍ਰਾਂ ਵਿਚ ਦੋ ਭੇਦ ਦਸੇ ਗਏ ਹਨ —ਯਵਮਧ੍ਯ ਅਤੇ ਪਿਪੀਲਿਕਾ-ਮਧ੍ਯ ।

'ਯਵਮਧ੍ਯ' ਵਿਚ ਚਾਨਣੀ ਏਕਮ ਨੂੰ ਤਿੰਨ ਵੇਲੇ ਇਸ਼ਨਾਨ ਕਰਕੇ ਸ਼ਾਮ ਵੇਲੇ ਮੋਰ ਦੇ ਅੰਡੇ ਦੇ ਆਕਾਰ ਜਿੰਨੀ ਇਕ ਗਿਰਾਹੀ ਖਾਵੇ, ਦੂਜ ਨੂੰ ਦੋ ਗਿਰਾਹੀਆਂ ਅਤੇ ਇਸ ਤਰ੍ਹਾਂ ਕ੍ਰਮ-ਵਾਰ ਨਿਤ ਇਕ ਗਿਰਾਹੀ ਵੱਧਾਉਂਦੇ ਹੋਇਆਂ ਪੂਰਣਮਾਸ਼ੀ ਵਾਲੇ ਦਿਨ 15 ਗਿਰਾਹੀਆਂ ਖਾਵੇ । ਉਸ ਤੋਂ ਬਾਦ ਹਨੇਰੇ ਪੱਖ ਦੀ ਏਕਮ ਨੂੰ ਚੌਦਾਂ ਗਿਰਾਹੀਆਂ, ਦੂਜ ਨੂੰ 13 ਅਤੇ ਇਸੇ ਤਰ੍ਹਾਂ ਕ੍ਰਮਵਾਰ ਘਟਾਉਂਦੇ ਹੋਇਆਂ ਚੌਦਵੀਂ ਨੂੰ ਇਕ ਗਿਰਾਹੀ ਅਤੇ ਮਸਿਆ ਵਾਲੇ ਦਿਨ ਪੂਰੀ ਤਰ੍ਹਾਂ ਨਿਰਾਹਾਰ ਰਹੇ ।

'ਪਿਪੀਲਿਕਾ-ਮਧ੍ਯ' ਵਿਚ ਹਨੇਰੇ ਪੱਖ ਦੀ ਏਕਮ ਨੂੰ 14 ਗਿਰਾਹੀਆਂ ਅਤੇ ਕ੍ਰਮਵਾਰ ਘਟਾਉਂਦੇ ਹੋਇਆਂ ਚੌਦਵੀਂ ਨੂੰ ਇਕ ਗਿਰਾਹੀ ਖਾਵੇ ਅਤੇ ਮਸਿਆ ਨੂੰ ਪੂਰਣ ਤੌਰ ਤੇ ਕੁਝ ਨਾ ਖਾਏ ਅਤੇ ਇਸ ਪਿਛੋਂ ਚਾਂਦਨੀ ਏਕਮ ਨੂੰ ਇਕ ਗਿਰਾਹੀ, ਦੂਜ ਨੂੰ ਦੋ ਗਿਰਾਹੀਆਂ, ਅਤੇ ਇਸ ਤਰ੍ਹਾਂ ਕ੍ਰਮਵਾਰ ਇਕ-ਇਕ ਵਾਧਉਂਦੇ ਹੋਇਆਂ ਪੂਰਣਮਾਸ਼ੀ ਨੂੰ 15 ਗਿਰਾਹੀਆਂ ਖਾਏ ।

ਪਹਿਲੇ ਭੇਦ ਅਨੁਸਾਰ ਮੱਧ ਵਿਚ ਅਧਿਕ ਗਿਰਾਹੀਆਂ ਖਾਣੀਆਂ ਹਨ ਅਤੇ ਸ਼ੁਰੂ ਤੇ ਆਖੀਰ ਵਿਚ ਅਲਪ ਆਹਾਰ ਕਰਨਾ ਹੈ ਅਤੇ ਦੂਜੇ ਭੇਦ ਵਿਚ ਆਦਿ-ਅੰਤ ਵਿਚ ਅਧਿਕ ਗਿਰਾਹੀਆਂ ਖਾਣੀਆਂ ਹਨ ਅਤੇ ਮੱਧ ਵਿਚ ਅਲਪ ਆਹਾਰ ਕਰਨਾ

ਹੈ। ਇਸ ਬ੍ਰਤ ਵਿਚ ਹਰ ਰੋਜ਼ ਤਰਪਣ ਅਤੇ ਹੋਮ ਕਰਨ ਦੀ ਵੀ ਤਾਕੀਦ ਕੀਤੀ ਗਈ ਹੈ।

ਮੱਧ-ਯੁਗ ਦੇ ਸੰਤ-ਕਾਵਿ ਵਿਚ ਇਸ ਪ੍ਰਕਾਰ ਦੇ ਬ੍ਰਤਾਂ (ਵਰਤਾਂ) ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ। ਗੁਰਬਾਣੀ ਅਨੁਸਾਰ ਇਨ੍ਹਾਂ ਵਰਤਾਂ ਰਾਹੀਂ ਹਰਿ-ਭਗਤੀ ਵਿਚ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਗੁਰੂ ਅਰਜਨ ਦੇਵ ਅਨੁਸਾਰ—'ਖਟੁ ਦਰਸਨ ਭ੍ਰਮਤੇ ਫਿਰਹਿ ਨ ਮਿਲੀਐ ਭੇਖੰ।/ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ' (ਅ. ਗ੍ਰੰ. 1099)।

ਚਾਰ-ਅਗਨਿ : ਭਾਰਤੀ ਸੰਸਕ੍ਰਿਤੀ ਵਿਚ ਪ੍ਰਕ੍ਰਿਤੀ ਦੇ ਤੱਤ੍ਵਾਂ ਦਾ ਦੇਵੀਕਰਣ ਕਰਦਿਆਂ ਅੱਗ ਨੂੰ 'ਅਗਨਿ ਦੇਵਤਾ' (ਵੇਖੋ) ਮੰਨਿਆ ਗਿਆ ਹੈ। ਪ੍ਰਾਕ੍ਰਿਤਿਕ ਤੱਤ੍ਵ ਵਜੋਂ ਇਸ ਦੇ ਚਾਰ ਭੇਦ ਦਸੇ ਜਾਂਦੇ ਹਨ—(1) ਦਾਵਾ ਅਗਨਿ, ਜੋ ਧਰਤੀ ਉਤੇ ਬਲਦੀ ਹੈ, ਜੰਗਲਾਂ ਵਿਚ ਲਗਦੀ ਹੈ ਅਤੇ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਇਸ ਨੂੰ 'ਦਾਵਾਨਲ' ਵੀ ਕਿਹਾ ਜਾਂਦਾ ਹੈ। (2) ਅਬਿੰਧਨਾਗਨਿ, ਜੋ ਜਲ ਵਿਚ ਲਗਦੀ ਹੈ। ਸਮੁੰਦਰ ਦੀ ਅੱਗ (ਬੜਵਾਨਲ) ਅਤੇ ਬਿਜਲੀ ਇਸੇ ਭੇਦ ਵਿਚ ਸ਼ਾਮਲ ਹਨ। (3) ਆਕਰਜਾਗਨਿ, ਜੋ ਖਾਨਾਂ ਵਿਚੋਂ ਨਿਕਲਦੀ ਹੈ। (4) ਜਠਰਾਗਨਿ, ਜੋ ਪੇਟ ਵਿਚਲੇ ਖਾਧ ਪਦਾਰਥਾਂ ਨੂੰ ਪਚਾਂਦੀ ਹੈ।

ਭਗਤੀ ਕਾਵਿ ਵਿਚ ਇਨ੍ਹਾਂ ਚਾਰ ਅਗਨੀਆਂ ਤੋਂ ਭਿੰਨ ਚਾਰ ਹੋਰ ਅਗਨੀਆਂ ਦੀ ਸਥਾਪਨਾ ਕੀਤੀ ਗਈ ਹੈ। ਗੁਰੂ ਨਾਨਕ ਦੇਵ ਨੇ ਹਿੰਸਾ, ਮੋਹ, ਲੋਭ ਅਤੇ ਗੁੱਸੇ ਨੂੰ ਚਾਰ ਅਗਨੀਆਂ ਦਾ ਨਾਂ ਦਿੱਤਾ ਹੈ—'ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।/ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ' (ਅ. ਗ੍ਰੰ. 147)। ਇਨ੍ਹਾਂ ਅਗਨੀਆਂ ਨੂੰ ਗੁਰਮੁਖ ਵਿਅਕਤੀ ਹਰਿ-ਨਾਮ ਦੇ ਜਲ ਰਾਹੀਂ ਸ਼ਾਂਤ ਕਰ ਕੇ ਜੀਵਨ-ਮੁਕਤ ਹੋ ਜਾਂਦਾ ਹੈ—'ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ' (ਅ. ਗ੍ਰੰ. 21)। ਮਹਾਨ ਕੋਸ਼ਕਾਰ ਨੇ ਇਸ ਤੁਕ ਵਿਚਲੀਆਂ ਅਗਨੀਆਂ ਦੀ ਵੱਖਰੇ ਢੰਗ ਨਾਲ ਕਲਪਨਾ ਕੀਤੀ ਹੈ—ਈਰਖਾ ਅਗਨਿ, ਹੋਮੈ ਅਗਨਿ, ਕ੍ਰੋਧ ਅਗਨਿ ਅਤੇ ਤ੍ਰਿਸ਼ਣਾ ਅਗਨਿ। ਅਸਲ ਵਿਚ, ਮਾਨਸਿਕ ਵਿਕਾਰਾਂ ਨੂੰ ਭਗਤੀ-ਕਾਵਿ ਵਿਚ ਅਗਨਿ-ਤੁਲ ਦਸ ਕੇ ਇਨ੍ਹਾਂ ਤੋਂ ਬਚਣ ਦੀ ਪ੍ਰੇਰਣਾ ਦਿੱਤੀ ਗਈ ਹੈ।

ਚਾਰ-ਆਸ਼੍ਰਮ : 'ਵੇਖੋ 'ਆਸ਼੍ਰਮ'।

ਚਾਰ-ਕਿਲਵਿਖ : 'ਕਿਲਵਿਖ' ਦਾ ਸ਼ਾਬਦਿਕ ਅਰਥ ਹੈ ਪਾਪ। ਸਮ੍ਰਿਤੀਆਂ ਅਨੁਸਾਰ ਬ੍ਰਹਮ-ਹਤਿਆ, ਸੁਰਾ-ਪਾਨ, ਚੋਰੀ ਅਤੇ ਗੁਰੂ-ਇਸਤ੍ਰੀ-ਗਮਨ, ਇਹ ਚਾਰ ਮੁੱਖ ਪਾਪ ਹਨ। ਪਰ ਇਨ੍ਹਾਂ ਵਿਚ ਕਿਤੇ-ਕਿਤੇ ਅੰਤਰ ਵੀ ਹੈ।

ਭਗਤੀ-ਕਾਵਿ ਦਾ ਮੁੱਖ ਉੱਦੇਸ਼ ਮਨੁੱਖ ਨੂੰ ਸਹੀ ਮਨੁੱਖ ਬਣਨ ਦੀ ਪ੍ਰੇਰਣਾ ਦੇਣਾ ਹੈ। ਜੋ ਕੰਮ ਸਹੀ ਨਹੀਂ ਹਨ ਜਾਂ ਮਨੁੱਖਤਾ ਦੇ ਕਲਿਆਣ ਲਈ ਸਹਾਇਕ ਨਹੀਂ ਹਨ ਅਤੇ ਜੋ ਮਨੁਖ ਦੇ ਵਰਤਮਾਨ ਅਤੇ ਅਧਿਆਤਮਿਕ ਭਵਿਖ ਨੂੰ ਉਜਲਾ ਨਹੀਂ ਕਰਦੇ, ਉਹ ਸਭ ਪਾਪ ਹਨ। ਇਸ ਤਰ੍ਹਾਂ ਪਾਪਾਂ ਦੀ ਗਿਣਤੀ ਅਨੰਤ ਹੈ। ਹਰ ਇਕ ਸਾਧਕ ਨੇ

ਆਪਣੇ-ਆਪਣੇ ਢੰਗ ਨਾਲ ਚਾਰ ਪਾਪਾਂ ਦੇ ਸਰੂਪ ਨੂੰ ਸਪੱਸ਼ਟ ਕੀਤਾ ਹੈ। ਗੁਰੂ ਅਮਰਦਾਸ ਨੇ ਬ੍ਰਹਮ-ਹਤਿਆ, ਗਊ-ਹਤਿਆ, ਕਨਿਆ-ਹਤਿਆ ਅਤੇ ਚਰਿਤ੍ਰ-ਹੀਨ ਦਾ ਅੰਨ, ਨੂੰ ਚਾਰ ਮੁੱਖ ਪਾਪਾਂ ਵਿਚ ਗਿਣਿਆ ਹੈ—'ਬ੍ਰਹਮਣ ਕੈਲੀ ਘਾਤੁ ਕੰਞਕਾ, ਅਣਚਾਰੀ ਕਾ ਧਾਨੁ।/ਫਿਟਕ ਫਿਟਕਾ ਕੋੜੁ ਬਦੀਆ, ਸਦਾ ਸਦਾ ਅਭਮਾਨੁ' (ਅ. ਗ੍ਰੰ. 1413)।

ਗੁਰੂ ਅਰਜਨ ਦੇਵ ਨੇ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਮਾਨਸਿਕ ਵਿਕਾਰਾਂ, ਚੌਹਾਂ ਪਾਪਾਂ ਅਤੇ ਹਰ ਪ੍ਰਕਾਰ ਦੇ ਗਿਆਨ ਤੋਂ ਵਾਂਝਿਆਂ ਵਿਅਕਤੀ ਵੀ ਹਰਿ-ਨਾਮ ਨੂੰ ਚੇਤੇ ਕਰਨ ਨਾਲ ਭਵ-ਸਾਗਰ ਤਰ ਜਾਂਦਾ ਹੈ—'ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ। ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ' (ਅ. ਗ੍ਰੰ. 70)।

ਚਾਰ-ਖਾਣੀਆਂ : 'ਖਾਣੀ' ਤੋਂ ਭਾਵ ਹੈ ਭੇਦ, ਪ੍ਰਕਾਰ। ਭਾਰਤੀ ਚਿੰਤਕਾਂ ਨੇ ਸ੍ਰਿਸ਼ਟੀ ਦੇ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੀ ਉਤਪੱਤੀ ਦੀ ਪ੍ਰਕ੍ਰਿਆ ਦੇ ਸਰੂਪ ਤੋਂ ਚਾਰ ਮੁੱਖ ਭੇਦਾਂ ਵਿਚ ਵੰਡਿਆ ਹੈ—ਅੰਡਜ, ਜੇਰਜ, ਸਵੇਦਜ (ਸੇਤਜ) ਅਤੇ ਉਤਭਿਜ (ਉਤਭੁਜ)। ਅੰਡੇ ਤੋਂ ਪੈਦਾ ਹੋਣ ਵਾਲੇ ਜੀਵ 'ਅੰਡਜ' ਅਖਵਾਂਦੇ ਹਨ। ਜੇਰ ਤੋਂ ਪੈਦਾ ਹੋਣ ਵਾਲੇ ਪ੍ਰਾਣੀ 'ਜੇਰਜ' ਕਹੇ ਜਾਂਦੇ ਹਨ। ਪਸੀਨੇ ਤੋਂ ਪੈਦਾ ਹੋਣ ਵਾਲੇ ਜੰਤੂ 'ਸਵੇਦਜ' ਮੰਨੇ ਜਾਂਦੇ ਹਨ ਅਤੇ ਧਰਤੀ ਵਿਚ ਜੰਮਣ ਵਾਲੇ ਬ੍ਰਿਛ, ਬੇਲਾਂ ਆਦਿ 'ਉਤਭਿਜ' ਦੇ ਭੇਦ ਵਿਚ ਰਖੇ ਜਾਂਦੇ ਹਨ। ਗੁਰੂ ਨਾਨਕ ਦੇਵ ਨੇ ਚਾਰ ਖਾਣੀਆਂ ਦਾ ਹਵਾਲਾ ਦਿੰਦਿਆਂ ਕਿਹਾ ਹੈ—'ਖਾਣੀ ਚਾਰੇ ਬਾਣੀ ਭੇਦਾ' (ਅ. ਗ੍ਰੰ. 839)।

ਗੁਰਮਤਿ ਕਾਵਿ ਵਿਚ ਸ੍ਰਿਸ਼ਟੀ ਨੂੰ ਅਨੰਤ ਮੰਨਦੇ ਹੋਇਆਂ, ਹਰ ਵਸਤੂ ਨੂੰ ਕਿਸੇ ਗਿਣਤੀ ਸੀਮਾ ਵਿਚ ਰਖਣੋਂ ਸੰਕੋਚ ਕੀਤਾ ਗਿਆ ਹੈ। ਖਾਣੀਆਂ ਦੀ ਗਿਣਤੀ ਵੀ ਕਰੋੜਾਂ ਵਿਚ ਦਸੀ ਗਈ ਹੈ। ਗੁਰੂ ਅਰਜਨ ਦੇਵ ਨੇ 'ਸੁਖਮਨੀ' ਬਾਣੀ ਵਿਚ ਕਿਹਾ ਹੈ—'ਕਈ ਕੋਟਿ ਖਾਣੀ ਅਰੁ ਖੰਡ। ਕਈ ਕੋਟਿ ਅਕਾਸ ਬ੍ਰਹਮੰਡ' (ਅ. ਗ੍ਰੰ. 276)।

ਚਾਰ-ਜੁਗ : ਵੇਖੋ 'ਯੁਗ'।

ਚਾਰ-ਪਦਾਰਥ : ਇਨ੍ਹਾਂ ਪਦਾਰਥਾਂ ਦਾ ਸੰਬੰਧ 'ਪੁਰੁਸ਼ਾਰਥ' ਨਾਲ ਹੈ। ਪੁਰੁਸ਼ਾਰਥ ਤੋਂ ਭਾਵ ਹੈ—'ਪੁਰਸ਼ ਦੁਆਰਾ ਪ੍ਰਾਪਤ ਕਰਨ ਯੋਗ।' ਹਿੰਦੂ ਧਰਮ ਦੇ ਚਿੰਤਕਾਂ ਨੇ ਚਾਰ ਪੁਰੁਸ਼ਾਰਥ ਮੰਨੇ ਹਨ—ਧਰਮ, ਅਰਥ, ਕਾਮ ਅਤੇ ਮੋਕਸ਼। ਇਨ੍ਹਾਂ ਨੂੰ ਹੀ 'ਚਾਰ ਪਦਾਰਥ' ਕਿਹਾ ਜਾਂਦਾ ਹੈ। 'ਧਰਮ' ਦਾ ਅਰਥ ਹੈ ਜੀਵਨ ਦੇ ਕਰਤੱਵ ਨੂੰ ਪਾਲਣ ਵਾਲੇ ਤੱਤ੍ਵ। 'ਅਰਥ' ਤੋਂ ਭਾਵ ਹੈ ਜੀਵ ਦੇ ਭੌਤਿਕ ਸਾਧਨ। 'ਕਾਮ' ਦਾ ਅਰਥ ਹੈ ਜੀਵਨ ਦੀਆਂ ਜਾਇਜ਼ ਜਾਂ ਉਚਿਤ ਕਾਮਨਾਵਾਂ। 'ਮੋਕਸ਼' ਦਾ ਅਰਥ ਹੈ ਸੰਸਾਰਿਕ ਬੰਧਨਾਂ ਤੋਂ ਖਲਾਸੀ। ਇਨ੍ਹਾਂ ਵਿਚੋਂ ਪਹਿਲੇ ਤਿੰਨ ਦਾ ਸੰਬੰਧ ਸੰਸਾਰਿਕਤਾ ਨਾਲ ਹੈ ਅਤੇ ਚੌਥੇ ਦਾ ਸੰਬੰਧ ਪਰਮ-ਪਦ ਦੀ ਪ੍ਰਾਪਤੀ ਨਾਲ। ਇਨ੍ਹਾਂ ਚੌਹਾਂ ਪਦਾਰਥਾਂ ਵਿਚ ਇਕ ਵਿਕਾਸ-ਕ੍ਰਮ ਹੈ। ਇਕ ਦੇ ਪੂਰਾ ਹੋਣ ਤੋਂ ਬਾਦ ਦੂਜੇ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਨੂੰ ਚਾਰ ਆਸ਼੍ਰਮਾਂ ਨਾਲ ਵੀ ਸੰਬੰਧਿਤ ਕੀਤਾ ਗਿਆ ਹੈ।

ਮੱਧ-ਯੁਗ ਦੇ ਧਰਮ-ਸਾਧਕਾਂ ਨੇ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਨਾਲੋਂ ਸਾਧ-ਸੰਗਤ

ਵਿਚ ਜਾਣਾ ਅਧਿਕ ਲਾਭਦਾਇਕ ਮੰਨਿਆ ਹੈ। ਕਿਉਂਕਿ ਗੁਰੂ ਅਰਜਨ ਦੇਵ ਅਨੁਸਾਰ ਅਜਿਹੇ ਪਦਾਰਥ ਸਾਧ-ਸੰਗਤ ਦੁਆਰਾ ਸਹਿਜ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ—'ਸਾਧ ਸੰਗਿ ਆਰਾਧਨਾ ਹਰਿ ਨਿਧਿ ਆਪਾਰ ।/ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ' (ਆ. ਗ੍ਰੰ. 816)।

ਚਾਰ-ਬਾਣੀਆਂ : ਭਾਰਤੀ ਚਿੰਤਕਾਂ ਨੇ ਬਾਣੀ ਅਥਵਾ ਸ਼ਬਦ ਦੇ ਚਾਰ ਭੇਦ ਮੰਨੇ ਹਨ, ਜਿਵੇਂ ਪਰਾ, ਪਸ਼੍ਯੰਤੀ, ਮਧ੍ਯਮਾ ਅਤੇ ਵੈਖਰੀ। ਮੂਲਾਧਾਰ ਵਿਚ ਸਥਿਤ ਰਹਿਣ ਵਾਲਾ ਨਾਦ-ਰੂਪ ਸ਼ਬਦ 'ਪਰਾ' ਹੈ। ਇਸ ਨੂੰ ਸ਼ਬਦ ਦਾ ਸੂਖਮ ਰੂਪ ਕਿਹਾ ਜਾਂਦਾ ਹੈ। ਮੂਲਾਧਾਰ ਤੋਂ ਉਠ ਕੇ ਵਾਯੂ ਦੇ ਸੰਯੋਗ ਨਾਲ ਨਾਭੀ ਵਿਚ ਆਇਆ ਸ਼ਬਦ 'ਪਸ਼੍ਯੰਤੀ' ਹੈ। ਪਰਾ ਅਤੇ ਪਸ਼੍ਯੰਤੀ ਸ਼ਬਦ ਭੇਦ ਕੇਵਲ ਯੋਗੀਆਂ ਲਈ ਹੀ ਗੋਚਰ ਹੁੰਦੇ ਹਨ। ਨਾਭੀ ਤੋਂ ਉਠ ਕੇ ਹਿਰਦੇ ਤਕ ਪਹੁੰਚਿਆ ਸ਼ਬਦ 'ਮਧ੍ਯਮਾ' ਅਖਵਾਉਂਦਾ ਹੈ। ਹਿਰਦੇ ਤੋਂ ਕੰਠ ਤਕ ਪਹੁੰਚ ਕੇ ਉਚਾਰਿਆ ਜਾਣ ਵਾਲਾ ਸ਼ਬਦ 'ਵੈਖਰੀ' ਹੈ। ਅਸਲ ਵਿਚ, ਇਕ ਹੀ ਸ਼ਬਦ ਮੂਲਾਧਾਰ, ਨਾਭੀ, ਹਿਰਦੇ ਅਤੇ ਕੰਠ ਦੇ ਸੰਯੋਗ ਨਾਲ ਪਰਾ, ਪਸ਼੍ਯੰਤੀ, ਮਧ੍ਯਮਾ ਅਤੇ ਵੈਖਰੀ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਨੇ ਇਨ੍ਹਾਂ ਚਾਰ ਬਾਨੀ-ਭੇਦਾਂ ਦਾ ਹਵਾਲਾ ਦਿੱਤਾ ਹੈ—'ਰਉਥਿ ਉਪਾਏ ਚਾਰੇ ਵੇਦਾ ।/ਖਾਣੀ ਚਾਰੇ ਬਾਣੀ ਭੇਦਾ' (ਆ. ਗ੍ਰੰ. 839)।

ਗੁਰਮਤਿ ਕਾਵਿ ਵਿਚ ਸ੍ਰਿਸ਼ਟੀ ਨੂੰ ਅਨੰਤ ਮੰਨਦੇ ਹੋਇਆਂ, ਹਰ ਇਕ ਵਸਤੂ ਨੂੰ ਕਿਸੇ ਗਿਣਤੀ-ਸੀਮਾ ਵਿਚ ਨਹੀਂ ਰਖਿਆ। ਜਪੁਜੀ ਦੇ 'ਗਿਆਨ-ਖੰਡ' ਪ੍ਰਸੰਗ ਵਿਚ ਕਿਤਨੀਆਂ ਹੀ ਬਾਣੀਆਂ ਦੇ ਹੋਣ ਦੀ ਸਥਾਪਨਾ ਹੋਈ ਹੈ—'ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।'

ਚਾਰ-ਮਜ਼ਹਬ : ਵੇਖੋ 'ਇਮਾਮ'।

ਚਾਰ ਮੁਕਤੀਆਂ : ਵੇਖੋ 'ਮੁਕਤੀ'।

ਚਾਰ-ਯਾਰ : ਵੇਖੋ 'ਖ਼ਲੀਫ਼ਾ'।

ਚਾਰ-ਵਰਣ : ਵੇਖੋ 'ਵਰਣ'।

ਚਾਰਵਾਕ ਦਰਸ਼ਨ : ਇਹ ਪਦਾਰਥਵਾਦੀ ਦਰਸ਼ਨ ਹੈ ਅਤੇ ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਕੇਵਲ ਇਹੀ ਸ਼ੁੱਧ ਪਦਾਰਥ-ਵਾਦੀ ਦਰਸ਼ਨ ਕਿਹਾ ਜਾ ਸਕਦਾ ਹੈ। ਇਸ ਦਰਸ਼ਨ ਦਾ ਆਧਾਰ ਗ੍ਰੰਥ ਕਿਹੜਾ ਹੈ, ਇਸ ਬਾਰੇ ਅਜੇ ਤਕ ਪ੍ਰਮਾਣਿਕ ਤੌਰ ਤੇ ਕੋਈ ਤੱਥ ਸਾਹਮਣੇ ਨਹੀਂ ਆਇਆ, ਨਾ ਹੀ ਇਸ ਦਰਸ਼ਨ ਦੇ ਮੋਢੀ ਬਾਰੇ ਕੋਈ ਸਹੀ ਜਾਣਕਾਰੀ ਮਿਲਦੀ ਹੈ।

ਕੁਝ ਵਿਦਵਾਨਾਂ ਦਾ ਮਤ ਹੈ ਕਿ ਚਾਰਵਾਕ ਨਾਂ ਦਾ ਕੋਈ ਰਿਸ਼ੀ ਹੀ ਇਸ ਦਰਸ਼ਨ ਦਾ ਪਹਿਲਾ ਆਚਾਰਯ ਸੀ। ਉਸੇ ਦੇ ਨਾਂ 'ਤੇ ਹੀ ਇਸ ਦਰਸ਼ਨ ਦਾ ਨਾਂ ਪ੍ਰਸਿੱਧ ਹੋਇਆ। ਕੁਝ ਵਿਦਵਾਨ ਇਸ ਸ਼ਬਦ ਦਾ ਅਰਥ ਚਾਰੁ-ਵਾਕ (ਮਧੁਰ ਵਾਕ) ਕਰਕੇ ਇਹ ਸਿੱਧ ਕਰਦੇ ਸਨ ਕਿ ਇਸ ਦਰਸ਼ਨ ਦੀਆਂ ਗੱਲਾਂ ਸਾਧਾਰਣ ਜਨਤਾ ਲਈ ਬੜੀਆਂ ਸੁਖਾਵੀਆਂ ਹਨ।

ਇਸ ਸ਼ਬਦ ਦੀ ਵਿਉਤਪੱਤੀ 'ਚਰਣ' ਧਾਤੂ (ਅਰਥਾਤ ਖਾਣਾ, ਚਬਾਣਾ) ਤੋਂ ਮੰਨਣ ਵਾਲੇ ਕੁਝ ਵਿਦਵਾਨਾਂ ਦੀ ਇਹ ਸਥਾਪਨਾ ਹੈ ਕਿ ਇਹ ਦਰਸ਼ਨ ਭੋਜਨ ਨੂੰ ਹੀ ਜੀਵਨ ਦਾ ਇਕ ਮਾਤ੍ਰ ਉੱਦੇਸ਼ ਮੰਨਦਾ ਹੈ, ਇਸ ਲਈ ਇਸ ਦਰਸ਼ਨ ਦਾ ਨਾਂ ਚਾਰਵਾਕ ਹੋਣਾ ਸੁਭਾਵਿਕ ਹੈ।

ਇਸ ਦਰਸ਼ਨ ਅਨੁਸਾਰ ਪ੍ਰਤੱਖ ਹੀ ਕੇਵਲ ਪ੍ਰਮਾਣ ਹੈ। ਅਨੁਮਾਨ, ਸ਼ਬਦ ਆਦਿ ਜਿਤਨੇ ਅਪ੍ਰਤੱਖ ਪ੍ਰਮਾਣ ਹਨ, ਇਹ ਸਾਰੇ ਭਰਮ-ਪੂਰਣ ਹਨ। ਇਸ ਲਈ ਪ੍ਰਤੱਖ ਤੋਂ ਗਿਆਤ ਹੋਣ ਵਾਲੀਆਂ ਵਸਤੂਆਂ ਤੋਂ ਬਿਨਾ ਹੋਰ ਕਿਸੇ ਦੀ ਵੀ ਹੋਂਦ ਨਹੀਂ ਹੈ।

ਪ੍ਰਤੱਖ ਰਾਹੀਂ ਸਾਨੂੰ ਇਸ ਭੌਤਿਕ ਜਗਤ ਦਾ ਬੋਧ ਹੁੰਦਾ ਹੈ। ਇਹ ਭੌਤਿਕ ਜਾਂ ਪਦਾਰਥਕ ਜਗਤ ਚਾਰ ਤੱਤ੍ਹਾਂ ਨਾਲ ਬਣਿਆ ਹੈ—ਅਗਨੀ, ਜਲ, ਵਾਯੂ ਅਤੇ ਧਰਤੀ। ਇਨ੍ਹਾਂ ਚਾਰ ਭੌਤਿਕ ਤੱਤ੍ਹਾਂ ਦਾ ਗਿਆਨ ਇੰਦਰੀਆਂ ਰਾਹੀਂ ਹੁੰਦਾ ਹੈ। ਸੰਸਾਰ ਦੇ ਜਿਤਨੇ ਪਦਾਰਥ ਹਨ, ਉਹ ਸਭ ਇਨ੍ਹਾਂ ਚਾਰ ਤੱਤ੍ਹਾਂ ਤੋਂ ਬਣੇ ਹਨ। ਆਤਮਾ ਦੀ ਹੋਂਦ ਦਾ ਕੋਈ ਸਬੂਤ ਨਹੀਂ ਹੈ। ਮਨੁੱਖ ਵੀ ਪੂਰੀ ਤਰ੍ਹਾਂ ਇਨ੍ਹਾਂ ਭੌਤਿਕ ਪਦਾਰਥਾਂ ਤੋਂ ਬਣਿਆ ਹੋਇਆ ਹੈ। ਮਨੁੱਖ ਵਿਚ ਚੈਤਨ੍ਯ (ਗਿਆਨ, ਬੋਧ) ਹੈ, ਪਰ ਇਹ ਮਨੁੱਖ ਸ਼ਰੀਰ ਦਾ ਵਿਸ਼ਿਸ਼ ਗੁਣ ਹੈ। ਚੈਤਨ੍ਯ ਦੀ ਉਤਪੱਤੀ ਵੀ ਭੌਤਿਕ ਤੱਤ੍ਹਾਂ ਤੋਂ ਹੁੰਦੀ ਹੈ।

ਕੁਝ ਵਿਦਵਾਨਾਂ ਦਾ ਮਤ ਹੈ ਕਿ ਜੇ ਭੌਤਿਕ ਤੱਤ੍ਹ ਅਚੇਤਨ ਹਨ ਤਾਂ ਉਨ੍ਹਾਂ ਨਾਲ ਬਣੀਆਂ ਵਸਤੂਆਂ ਵਿਚ ਚੇਤਨਾ ਕਿਥੋਂ ਆ ਸਕਦੀ ਹੈ। ਪਰ ਇਸ ਤਰਕ ਦਾ ਨਿਖੇਧ ਕਰਦਿਆਂ ਕਿਹਾ ਜਾਂਦਾ ਹੈ ਕਿ ਜਦੋਂ ਕਈ ਪਦਾਰਥ ਮਿਲਾ ਕੇ ਕੋਈ ਨਵੀਂ ਵਸਤੂ ਪੈਦਾ ਕੀਤੀ ਜਾਂਦੀ ਹੈ ਤਾਂ ਉਸ ਵਿਚ ਕਈ ਨਵੇਂ ਗੁਣ ਸ਼ਾਮਲ ਹੋ ਜਾਂਦੇ ਹਨ। ਉਦਾਹਰਣ ਲਈ ਪਾਨ ਚਬਾਉਣ ਨਾਲ ਲਾਲ ਰੰਗ ਪੈਦਾ ਹੁੰਦਾ ਹੈ। ਪਰ ਲਾਲ ਰੰਗ ਨਾ ਪਾਨ ਵਿਚ ਹੈ, ਨਾ ਸੁਪਾਰੀ ਵਿਚ, ਨਾ ਹੀ ਚੂਨੇ ਵਿਚ, ਫਿਰ ਵੀ ਉਨ੍ਹਾਂ ਦੇ ਸੰਯੋਗ ਨਾਲ ਲਾਲ ਰੰਗ ਪੈਦਾ ਹੋ ਜਾਂਦਾ ਹੈ। ਇਸ ਤਰ੍ਹਾਂ ਭੌਤਿਕ ਪਦਾਰਥਾਂ ਨੂੰ ਜਦੋਂ ਵਿਸ਼ੇਸ਼ ਢੰਗ ਨਾਲ ਮਿਲਾਇਆ ਜਾਂਦਾ ਹੈ, ਤਾਂ ਜੀਵ-ਸ਼ਰੀਰ ਦਾ ਨਿਰਮਾਣ ਹੁੰਦਾ ਹੈ ਅਤੇ ਉਸ ਵਿਚ ਚੈਤਨ੍ਯ ਦਾ ਸੰਚਾਰ ਵੀ ਹੋ ਜਾਂਦਾ ਹੈ। ਜਦੋਂ ਭੌਤਿਕ ਪਦਾਰਥਾਂ ਤੋਂ ਬਣਿਆ ਸ਼ਰੀਰ ਨਸ਼ਟ ਹੋ ਜਾਂਦਾ ਹੈ ਤਾਂ ਚੈਤਨ੍ਯ ਵੀ ਆਪਣੇ ਆਪ ਖ਼ਤਮ ਹੋ ਜਾਂਦਾ ਹੈ। ਮਰਨ ਤੋਂ ਬਾਦ ਫਿਰ ਕੁਝ ਵੀ ਨਹੀਂ ਰਹਿ ਜਾਂਦਾ ਹੈ। ਅਜਿਹੀ ਸਥਿਤੀ ਵਿਚ ਕਰਮ-ਫਲ ਭੋਗਣ ਦੀ ਸੰਭਾਵਨਾ ਵੀ ਮੁਕ ਜਾਂਦੀ ਹੈ।

ਈਸ਼ਵਰ ਦੀ ਹੋਂਦ ਵੀ ਸੱਚ ਨਹੀਂ ਹੈ ਕਿਉਂਕਿ ਉਸ ਦਾ ਪ੍ਰਤੱਖ ਗਿਆਨ ਨਹੀਂ ਹੁੰਦਾ। ਜਦ ਈਸ਼ਵਰ ਦੀ ਹੋਂਦ ਹੀ ਨਹੀਂ, ਤਾਂ ਫਿਰ ਉਸ ਦੁਆਰਾ ਸੰਸਾਰ ਦੀ ਰਚਨਾ ਦਾ ਸੁਆਲ ਹੀ ਨਹੀਂ ਉਠਦਾ। ਇਸ ਲਈ ਈਸ਼ਵਰ ਦੀ ਭਗਤੀ ਅਤੇ ਸਵਰਗ ਵਿਚ ਜਾਣ ਦੀ ਇੱਛਾ ਵਿਅਰਥ ਹੈ। ਵੇਦਾਂ ਜਾਂ ਪੁਰੋਹਿਤਾਂ ਵਿਚ ਸ਼ਰਧਾ ਰਖਣਾ ਵੀ ਕਿਸੇ ਕੰਮ ਨਹੀਂ ਕਿਉਂਕਿ ਪੁਰੋਹਿਤ ਤਾਂ ਲੋਕਾਂ ਦੇ ਮਨ ਵਿਚ ਆਪਣੇ ਪ੍ਰਤਿ ਸ਼ਰਧਾ ਪੈਦਾ ਕਰਕੇ ਰੋਟੀ ਦਾ ਸਾਧਨ ਬਣਾਉਂਦੇ ਹਨ। ਅਜਿਹੀ ਸਥਿਤੀ ਵਿਚ ਸਿਆਣੇ ਲੋਕਾਂ ਨੂੰ

ਚਾਹੀਦਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਸੁਖ ਨੂੰ ਪ੍ਰਾਪਤ ਕਰਨਾ ਆਪਣੇ ਜੀਵਨ ਦਾ ਮਨੋਰਥ ਬਣਾਉਣ। ਸੁਖਾਂ ਨੂੰ ਇਸ ਲਈ ਨਹੀਂ ਛੱਡਣਾ ਚਾਹੀਦਾ ਕਿਉਂਕਿ ਉਹ ਦੁੱਖਾਂ ਨਾਲ ਮਿਲੇ ਹੁੰਦੇ ਹਨ। ਤਰਕ ਇਹ ਹੈ ਕਿ ਤੂੜੀ ਕਰਕੇ ਉਸ ਵਿਚਲੇ ਅੰਨ ਨੂੰ ਨਹੀਂ ਛੱਡਣਾ ਚਾਹੀਦਾ। ਅਸਲ ਵਿਚ, ਸ਼ਰੀਰਿਕ ਸੁਖ ਹੀ ਇਕ ਮਾਤ੍ਰ ਸੁਖ ਹੈ। ਅਵਾਸਤਵਿਕ ਪਰਲੌਕਿਕ ਸੁਖ ਜਾਂ ਸ਼ਾਂਤੀ ਦੀ ਆਸ ਵਿਚ ਇਸ ਜੀਵਨ ਦੇ ਸੁਖ ਜਾਂ ਸ਼ਾਂਤੀ ਨੂੰ ਤਿਆਗਣਾ ਮੂਰਖਤਾ ਹੈ। ਇਸ ਲਈ ਜਿਤਨਾ ਸਮਾਂ ਜੀਉਣਾ ਹੈ ਸੁਖ-ਪੂਰਵਕ ਜੀਣਾ ਚਾਹੀਦਾ ਹੈ—'ਯਾਵੱਜੀਵੇਤ ਸੁਖੰ ਜੀਵੇਤ।'

ਚਾਰ-ਵੇਦ : ਵੇਖੋ 'ਵੇਦ'।

ਚਾਲੀ ਮੁਕਤੇ : ਮੁਕਤੀ-ਪ੍ਰਾਪਤ ਵਿਅਕਤੀ ਨੂੰ 'ਮੁਕਤ' ਜਾਂ 'ਮੁਕਤਾ' ਕਿਹਾ ਜਾਂਦਾ ਹੈ। ਸਿੱਖ-ਇਤਿਹਾਸ ਵਿਚ ਚਾਲੀ ਮੁਕਤਿਆਂ ਦਾ ਪ੍ਰਸੰਗ ਬਹੁਤ ਪ੍ਰਸਿੱਧ ਹੈ ਜਿਨ੍ਹਾਂ ਦੀ ਯਾਦ ਵਿਚ ਮੁਕਤਸਰ (ਵੇਖੋ) ਦੀ ਸਥਾਪਨਾ ਹੋਈ। ਜਦੋਂ ਗੁਰੂ ਗੋਬਿੰਦ ਸਿੰਘ ਧਰਮ-ਯੁੱਧ ਕਰਦੇ ਹੋਏ ਮੁਗ਼ਲ ਸੈਨਾ ਦੁਆਰਾ ਆਨੰਦਪੁਰ ਦੇ ਕਿਲੇ ਵਿਚ ਘਿਰ ਗਏ ਤਾਂ ਕੁਝ ਸਿੰਘ ਭੁਖੇ ਤਿਹਾਏ ਹੋਣ ਕਾਰਣ ਦਿਲ ਛੱਡ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਕਿਲਾ ਛਡ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਅਜੇ ਹੋਰ ਉਡੀਕਣ ਲਈ ਆਦੇਸ਼ ਦਿੱਤਾ। ਪਰ ਉਹ ਕਿਲੇ ਤੋਂ ਬਾਹਰ ਜਾਣ ਲਈ ਬਜ਼ਿਦ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਬੇਦਾਵਾ (ਸੰਬੰਧ-ਤਿਆਗ) ਲਿਖ ਕੇ ਦੇ ਜਾਣ ਲਈ ਕਿਹਾ। ਸ. ਮਹਾਂ ਸਿੰਘ ਦੀ ਜੱਥੇਬੰਦੀ ਅਧੀਨ 40 ਸਿੱਖਾਂ ਨੇ ਬੇਦਾਵਾ ਲਿਖ ਦਿੱਤਾ ਅਤੇ ਕਿਲਾ ਛਡ ਕੇ ਮਾਝੇ ਦੇ ਇਲਾਕੇ ਵਿਚ ਆਪਣੇ ਘਰਾਂ ਨੂੰ ਚਲੇ ਗਏ। ਕੁਝ ਸਮੇਂ ਬਾਦ ਪ੍ਰਤਿਕੂਲ ਸਥਿਤੀ ਨੂੰ ਵੇਖਦੇ ਹੋਇਆਂ ਗੁਰੂ ਜੀ ਨੇ ਵੀ ਕਿਲਾ ਛੱਡ ਦਿੱਤਾ। ਮੁਗ਼ਲ ਸੈਨਾ ਨਾਲ ਜੂਝਦਿਆਂ ਅਤੇ ਬਿਖੜੇ ਮਾਰਗ ਚਲਦਿਆਂ ਗੁਰੂ ਜੀ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਕੋਲ ਪਹੁੰਚੇ।

ਉਧਰ ਉਹ 40 ਸਿੰਘ ਜਦੋਂ ਘਰਾਂ ਵਿਚ ਪਹੁੰਚੇ ਤਾਂ ਘਰ ਵਾਲਿਆਂ ਨੇ ਬੁਰਾ ਮੰਨਾਇਆ, ਤਾਹਨੇ ਦਿੱਤੇ, ਵਿਅੰਗ ਕਸੇ। ਸ਼ਰਮਸਾਰ ਹੋ ਕੇ ਉਹ ਮਾਈ ਭਾਗੋ ਦੀ ਅਗਵਾਈ ਵਿਚ ਗੁਰੂ ਸਾਹਿਬ ਤੋਂ ਖਿਮਾ ਮੰਗਣ ਅਤੇ ਟੁੱਟੇ ਸੰਬੰਧਾਂ ਨੂੰ ਫਿਰ ਤੋਂ ਜੋੜਨ ਲਈ ਟੁਰ ਪਏ। ਕਿਲਾ ਛਡ ਚੁੱਕੇ ਗੁਰੂ ਜੀ ਨੂੰ ਲੱਭਦੇ ਲੱਭਦੇ ਉਹ ਖਿਦਰਾਣੇ ਦੀ ਢਾਬ ਕੋਲ ਪਹੁੰਚੇ ਅਤੇ ਗੁਰੂ ਸਾਹਿਬ ਦਾ ਪਿਛਾ ਕਰ ਰਹੀ ਮੁਗ਼ਲ ਸੈਨਾ ਨਾਲ ਸੰਨ 1705 ਈ. (1762 ਬਿ.) ਵਿਚ ਅਦੁੱਤੀ ਯੁੱਧ ਕਰਕੇ ਵੀਰਗਤੀ ਪ੍ਰਾਪਤ ਕੀਤੀ। ਯੁੱਧ ਉਪਰੰਤ ਅੰਤਿਮ ਸੁਆਸਾਂ ਤੇ ਪਹੁੰਚੇ ਜੱਥੇਦਾਰ ਮਹਾਂ ਸਿੰਘ ਨੂੰ ਗੁਰੂ ਜੀ ਨੇ ਜਲ ਛਿੜਕ ਕੇ ਸੁਚੇਤ ਕੀਤਾ। ਉਸ ਦੀ ਅੰਤਿਮ ਇੱਛਾ ਪੁੱਛੀ ਜਿਸ ਅਨੁਸਾਰ ਗੁਰੂ ਜੀ ਨੇ ਬੇਦਾਵਾ ਫਾੜ ਕੇ ਉਨ੍ਹਾਂ ਸਿੰਘਾਂ ਨੂੰ ਮੁਕਤੀ ਪ੍ਰਦਾਨ ਕਰਦੇ ਹੋਇਆਂ ਆਪਣੇ ਹੱਥ ਨਾਲ ਉਨ੍ਹਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ ਅਤੇ ਉਨ੍ਹਾਂ ਦੀ ਯਾਦ ਵਿਚ ਉਸ ਢਾਬ ਦਾ ਨਾਂ 'ਮੁਕਤਸਰ' ਰਖਿਆ। ਉਥੇ ਹਰ ਸਾਲ ਮਾਘੀ ਦੇ ਅਵਸਰ 'ਤੇ ਬਹੁਤ ਵੱਡਾ ਮੇਲਾ ਲਗਦਾ ਹੈ।

ਚਿਤ੍ਰ-ਗੁਪਤ : ਇਸ ਸੰਯੁਕਤ ਸ਼ਬਦ ਬਾਰੇ ਦੋ ਵਿਚਾਰ ਪ੍ਰਚਲਿਤ ਹਨ। ਇਕ ਇਹ ਕਿ ਇਹ ਦੋਵੇਂ ਸ਼ਬਦ ਧਰਮ-ਰਾਜ ਦੇ ਦੋ ਲੇਖਾ-ਕਾਰਾਂ ਦੇ ਨਾਂ ਹਨ ਜੋ ਮਨੁੱਖ ਦੇ ਸੱਜੇ ਅਤੇ ਖੱਬੇ ਮੋਢਿਆਂ 'ਤੇ ਬੈਠ ਕੇ ਉਸ ਦੇ ਕਰਮਾਂ ਦਾ ਲੇਖਾ-ਜੋਖਾ ਤਿਆਰ ਕਰਦੇ ਜਾਂਦੇ ਹਨ। ਦੂਜੇ ਵਿਚਾਰ ਅਨੁਸਾਰ ਲੇਖਾਕਾਰ ਦਾ ਨਾਂ ਕੇਵਲ 'ਚਿਤ੍ਰ' ਹੈ ਜੋ ਗੁਪਤ ਢੰਗ ਨਾਲ ਸਾਰਾ ਲੇਖਾ ਲਿਖਦਾ ਰਹਿੰਦਾ ਹੈ।

ਇਸ ਸੰਬੰਧ ਵਿਚ 'ਸਕੰਦ ਪੁਰਾਣ' ਵਿਚ ਲਿਖਿਆ ਹੈ ਕਿ ਇਕ 'ਚਿਤ੍ਰ' ਨਾਂ ਦਾ ਰਾਜਾ ਸੀ ਜੋ ਹਿਸਾਬ ਕਿਤਾਬ ਦੇ ਮਾਮਲੇ ਵਿਚ ਬੇਜੋੜ ਸੀ। ਉਸ ਦੀ ਇਸ ਵਿਸ਼ੇਸ਼ਗਤਾ ਨੂੰ ਸਾਹਮਣੇ ਰਖਦੇ ਹੋਇਆਂ ਧਰਮ-ਰਾਜ ਨੇ ਉਸ ਨੂੰ ਉਦੋਂ ਚੁਕਵਾ ਲਿਆ ਜਦੋਂ ਉਹ ਨਦੀ ਵਿਚ ਇਸ਼ਨਾਨ ਕਰਨ ਲਈ ਵੜਿਆ ਸੀ।

'ਭਵਿਸ਼ ਪੁਰਾਣ' ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਥੋੜਾ ਟਿਕਿਆ ਤਾਂ ਉਸ ਦੇ ਸ਼ਰੀਰ ਵਿਚੋਂ ਸਹਿਜ ਸੁਭਾ ਇਕ ਚਿਤਕਬਰੇ ਬੰਦੇ ਦਾ ਜਨਮ ਹੋਇਆ ਜਿਸ ਦੇ ਹੱਥ ਵਿਚ ਕਲਮ-ਦਵਾਤ ਸੀ। ਬ੍ਰਹਮਾ ਦੀ ਅੱਖ ਖੁਲ੍ਹਣ ਤੇ ਉਸ ਨੇ ਬ੍ਰਹਮਾ ਤੋਂ ਆਪਣਾ ਨਾਂ ਅਤੇ ਕੰਮ-ਕਾਰ ਪੁਛਿਆ। ਬ੍ਰਹਮਾ ਨੇ ਉੱਤਰ ਦਿੱਤਾ ਕਿ ਮੇਰੀ ਕਾਇਆ ਤੋਂ ਪੈਦਾ ਹੋਣ ਕਾਰਣ ਤੇਰਾ ਨਾਂ 'ਕਾਇਸਥ' ਹੋਇਆ। ਦੂਜਾ ਤੇਰੇ ਪਾਸ ਕਲਮ–ਦਵਾਤ ਹੈ ਇਸ ਲਈ ਜੀਵਾਂ ਦੇ ਕਰਮਾਂ ਦਾ ਹਿਸਾਬ-ਕਿਤਾਬ ਲਿਖਣਾ ਤੇਰਾ ਕੰਮ ਹੋਵੇਗਾ। ਇਹੀ ਕਾਰਣ ਹੈ ਕਿ 'ਕਾਇਸਥ' ਲੋਕ ਇਸ ਨੂੰ ਆਪਣਾ ਬਜ਼ੁਰਗ ਮੰਨਦੇ ਹਨ।

ਪੁਰਾਣਾਂ ਵਿਚ ਇਹ ਵੀ ਲਿਖਿਆ ਹੈ ਕਿ ਚਿਤ੍ਰ-ਗੁਪਤ ਦੀ ਪੁਰੀ ਧਰਮਰਾਜ ਦੀ ਪੁਰੀ ਦੇ ਨੇੜ, ਵੱਖਰੀ ਹੈ। ਇਸਲਾਮ ਧਰਮ ਵਿਚ ਵੀ ਇਸ ਪ੍ਰਕਾਰ ਦੇ ਲੇਖਾਕਾਰਾਂ ਦੀ ਕਲਪਨਾ ਹੈ ਜਿਨ੍ਹਾਂ ਨੂੰ 'ਕਿਰਾਮਨ ਕਾਤਿਬੀਨ' (ਕਰਾਮਨ ਕਾਤਬੀਨ) ਕਿਹਾ ਗਿਆ ਹੈ। ਗੁਰਬਾਣੀ ਵਿਚ ਦਸਿਆ ਗਿਆ ਹੈ ਕਿ ਹਰਿ ਭਗਤੀ ਦੇ ਫਲਸਰੂਪ ਚਿਤ੍ਰ-ਗੁਪਤ ਦੇ ਲੇਖੇ ਦਾ ਅਸਰ ਖ਼ਤਮ ਹੋ ਜਾਂਦਾ ਹੈ—'ਚਿਤ੍ਰ ਗੁਪਤ ਕਾ ਕਾਗਦੁ ਫਾਰਿਆ, ਜਮਦੂਤਾ ਕਛੂ ਨ ਚਲੀ' (ਅ. ਗ੍ਰੰ. 79)।

ਚਿਤ੍ਰਾਲ : ਪਾਕਿਸਤਾਨ ਦੀ ਉੱਤਰ-ਪੱਛਮੀ ਸੀਮਾ ਉਤੇ ਸਥਿਤ ਇਕ ਕਸਬਾ ਜਿਥੇ ਅੰਗ੍ਰੇਜ਼ੀ ਰਾਜ ਵੇਲੇ ਅਫ਼ਰੀਦੀਆਂ ਜਾਂ ਪਠਾਣਾਂ ਉਤੇ ਨਜ਼ਰ ਰਖਣ ਲਈ ਚੌਕੀ ਕਾਇਮ ਕੀਤੀ ਗਈ ਸੀ। ਇਸ ਦੇ ਉੱਤਰ ਵਲ ਅਫ਼ਗ਼ਾਨਿਸਤਾਨ ਅਤੇ ਉੱਤਰ-ਪੂਰਵ ਵਲ ਕਸ਼ਮੀਰ ਦਾ ਇਲਾਕਾ ਹੈ। ਇਥੇ 20 ਹਜ਼ਾਰ ਫੁਟ ਦੀਆਂ ਉੱਚੀਆਂ ਬਰਫ਼ੀਲੀਆਂ ਪਹਾੜੀਆਂ ਹਨ। ਇਥੇ ਇਰਦ-ਗਿਰਦ ਦੇ ਇਲਾਕੇ ਲਈ ਫਲ, ਅਨਾਜ ਅਤੇ ਕਪੜੇ ਦਾ ਕਾਰ-ਵਪਾਰ ਹੁੰਦਾ ਹੈ।

ਇਸ ਚੌਕੀ ਉਪਰ ਕੀਤੇ ਗਏ ਪਠਾਣਾਂ ਦੇ ਹਮਲੇ ਨੂੰ ਜਿਸ ਬਹਾਦਰੀ ਨਾਲ ਉਥੇ ਨਿਯੁਕਤ ਸਿੱਖ ਸੈਨਿਕਾਂ ਨੇ ਪਛਾੜਿਆ, ਉਹ ਸੂਰਵੀਰਤਾ ਦੇ ਇਤਿਹਾਸ ਦਾ ਇਕ ਪ੍ਰਸਿੱਧ ਸਾਕਾ ਬਣ ਗਿਆ। ਇਸ ਸਾਕੇ ਨਾਲ ਸੰਬੰਧਿਤ ਕੁਝ ਕੁ ਫ਼ੌਜੀ ਜਵਾਨਾਂ ਅਤੇ ਕਵੀਸ਼ਰਾਂ ਨੇ ਸੰਨ 1900 ਈ. ਦੇ ਨੇੜੇ–ਤੇੜੇ ਕਈ ਪ੍ਰਸੰਗ ਲਿਖੇ ਹਨ।

ਚਿੰਤਾਮਣੀ : ਭਾਰਤੀ ਮਿਥਿਹਾਸ ਵਿਚ ਇਕ ਅਜਿਹੀ ਮਣੀ ਦੀ ਕਲਪਨਾ ਕੀਤੀ ਗਈ ਹੈ ਜਿਸ ਦੇ ਸਨਮੁਖ ਬੈਠ ਕੇ ਜਿਸ ਚੀਜ਼ ਦੀ ਚਿੰਤਾ ਜਾਂ ਇੱਛਾ ਕੀਤੀ ਜਾਏ, ਉਹ ਪੂਰੀ ਹੋ ਜਾਂਦੀ ਹੈ। ਇਸ ਤਰ੍ਹਾਂ 'ਚਿੰਤਾਮਣੀ' ਇਕ ਦੈਵੀ ਮਣੀ ਅਥਵਾ ਰਤਨ ਹੈ ਜੋ ਯਾਚਕ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੀ ਹੈ। ਗੁਰਬਾਣੀ ਵਿਚ ਪਰਮਾਤਮਾ ਉਤੇ ਵੀ ਚਿੰਤਾਮਣੀ ਦੇ ਗੁਣਾਂ ਦਾ ਆਰੋਪ ਕੀਤਾ ਗਿਆ ਹੈ—'ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ' (ਅ. ਗ੍ਰੰ. 632)।

ਚੀਨ : ਪੂਰਵੀ ਏਸ਼ੀਆ ਦਾ ਇਕ ਵੱਡੇ ਆਕਾਰ ਵਾਲਾ ਦੇਸ਼ ਜਿਸ ਦੀਆਂ ਸੀਮਾਵਾਂ ਦੱਖਣ ਵਿਚ ਤਿੱਬਤ, ਪਾਕਿਸਤਾਨ, ਭਾਰਤ, ਨੇਪਾਲ, ਬਰਮਾ ਆਦਿ ਦੇਸ਼ਾਂ ਨਾਲ ਲਗਦੀਆਂ ਹਨ ਅਤੇ ਜਿਸ ਦੇ ਉੱਤਰ-ਪੱਛਮ ਵਲ ਰੂਸ ਅਤੇ ਮੰਗੋਲੀਆ ਦੇਸ਼ ਹਨ। ਇਸ ਦੇ ਪੂਰਵ ਵਲ ਪੂਰਵੀ ਚੀਨ ਸਾਗਰ ਅਤੇ ਦੱਖਣੀ ਚੀਨ ਸਾਗਰ ਹਨ ਅਤੇ ਦੱਖਣ-ਪੱਛਮ ਵਲ ਕਰਾਕੁਰਮ ਅਤੇ ਹਿਮਾਲਾ ਪਰਬਤ ਦੀਆਂ ਸ਼੍ਰੇਣੀਆਂ ਹਨ। ਖੇਤਰੀ ਵਿਸਤਾਰ ਦੀ ਦ੍ਰਿਸ਼ਟੀ ਤੋਂ ਇਹ ਵਿਸ਼ਵ ਵਿਚ ਰੂਸ ਅਤੇ ਕੈਨੇਡਾ ਤੋਂ ਬਾਦ ਤੀਜੇ ਨੰਬਰ 'ਤੇ ਆਉਂਦਾ ਹੈ। ਪਰ ਜਨ-ਸੰਖਿਆ ਦੇ ਪੱਖ ਤੋਂ ਇਹ ਸੰਸਾਰ ਵਿਚ ਪਹਿਲੇ ਨੰਬਰ ਤੇ ਹੈ ਅਤੇ ਕੁਲ ਮਨੁੱਖਤਾ ਦਾ ਲਗਭਗ 23 ਫ਼ੀਸਦੀ ਹਿੱਸਾ ਇਸ ਦੇਸ਼ ਵਿਚ ਵਸਦਾ ਹੈ।

ਇਸ ਦੇਸ਼ ਦੀ ਸਭਿਅਤਾ ਦਾ ਇਤਿਹਾਸ ਲਗਭਗ ਚਾਰ ਹਜ਼ਾਰ ਸਾਲ ਪੁਰਾਣਾ ਹੈ। ਬੁੱਧ ਮਤ ਦਾ ਇਸ ਦੇਸ਼ ਵਿਚ ਕਾਫ਼ੀ ਪ੍ਰਚਾਰ ਰਿਹਾ ਹੈ। ਛਪਾਈ, ਕਾਗ਼ਜ਼, ਰੇਸ਼ਮ, ਗੋਲਾ-ਬਾਰੂਦ ਅਤੇ ਚੀਨੀ ਮਿੱਟੀ ਇਸ ਦੇਸ਼ ਦੀਆਂ ਪੁਰਾਤਨ ਕਾਢਾਂ ਹਨ। ਇਸ ਦਾ ਮੂਲ ਨਾਂ 'ਚੁੰਗ ਹ੍ਵਾ ਮਿਨ ਕੁਓ' (ਸੰਖਿਪਤ-'ਚੁੰਗ ਕੁਓ') (ਅਰਥਾਤ ਮੱਧ-ਵਰਤੀ ਦੇਸ਼) ਹੈ, ਅਤੇ 'ਚੀਨ' ਨਾਂ ਚੀਨ-ਰਾਜ-ਵੰਸ਼ ਤੋਂ ਪਿਆ ਹੈ। ਇਸ ਵਿਚ ਦੋ ਪਰਬਤ-ਸ਼੍ਰੇਣੀਆਂ ਵਿਸ਼ੇਸ਼ ਉੱਲੇਖ ਯੋਗ ਹਨ। ਇਕ ਪੂਰਵ-ਪੱਛਮ ਦੀ ਦਿਸ਼ਾ ਵਿਚ ਮੱਧ-ਵਰਤੀ ਹੈ ਅਤੇ ਦੂਜੀ ਉੱਤਰ-ਪੂਰਵ ਵਲ ਸਮੁੰਦਰ ਦੇ ਕੰਢੇ ਹੈ। ਇਹ ਦੋਵੇਂ ਇਕ ਦੂਜੀ ਨੂੰ ਕਟਦੀਆਂ ਹਨ। ਚੀਨ ਦਾ ਸਮੁੰਦਰੀ ਕੰਢਾ ਲਗਭਗ 9100 ਕਿ. ਮੀ. ਲੰਬਾ ਹੈ ਜੋ ਦੱਖਣ ਵਿਚ ਟੌਂਗਕਿੰਗ ਤਕ ਅਤੇ ਉੱਤਰ ਵਿਚ ਯਾਲੂ ਨਦੀ ਤਕ ਪਸਰਿਆ ਹੋਇਆ ਹੈ। ਇਸ ਵਿਚ ਲਗਭਗ ਡੇਢ ਦਰਜਨ ਪ੍ਰਸਿੱਧ ਬੰਦਰ-ਗਾਹਵਾਂ ਹਨ। ਵਿਸ਼ਾਲ ਦੇਸ਼ ਹੋਣ ਕਾਰਣ ਇਥੋਂ ਦਾ ਹਵਾ-ਪਾਣੀ, ਬਨਸਪਤੀ, ਕੁਦਰਤੀ ਦਸ਼ਾਵਾਂ ਵੱਖਰੀ-ਵੱਖਰੀ ਕਿਸਮ ਦੀਆਂ ਹਨ। ਇਹ ਦੇਸ਼ ਅਧਿਕਤਰ ਖੇਤੀ-ਪ੍ਰਧਾਨ ਹੈ। ਅਨੇਕ ਪ੍ਰਕਾਰ ਦੇ ਖਣਜ ਪਦਾਰਥ ਇਸ ਦੇਸ਼ ਵਿਚ ਮਿਲਣ ਕਾਰਣ ਇਹ ਕਾਫ਼ੀ ਸਵੈ-ਨਿਰਭਰ ਹੈ।

ਚੀਨ ਵਿਚ ਅਨੇਕ ਵੰਸ਼ਾਂ ਦਾ ਰਾਜ ਰਿਹਾ, ਪਰ ਵੀਹਵੀਂ ਸਦੀ ਦੇ ਪੂਰਵਾਰਧ ਵਿਚ ਇਸ ਦੀ ਰਾਜਨੈਤਿਕ ਵਿਵਸਥਾ ਬਹੁਤੀ ਸਥਿਰ ਨਾ ਰਹੀ। ਦੂਜੇ ਮਹਾਯੁੱਧ ਤੋਂ ਬਾਦ ਇਥੋਂ ਦੇ ਲੋਕਾਂ ਵਿਚ ਚੇਤਨਾ ਦੀ ਲਹਿਰ ਦੌੜ ਗਈ। ਫਲਸਰੂਪ 1 ਅਕਤੂਬਰ, 1949 ਈ. ਵਿਚ ਚੀਨ ਵਿਚ ਸਾਮ੍ਯਵਾਦੀ ਜਨ-ਤੰਤ੍ਰ ਕਾਇਮ ਹੋਇਆ। ਦੇਸ਼ ਨੂੰ ਫਿਰ ਤੋਂ ਆਪਣੇ ਪੈਰਾਂ 'ਤੇ ਖੜਾ ਕਰਨ ਲਈ ਮਾਓ ਦਾ ਬਹੁਤ ਯੋਗਦਾਨ ਰਿਹਾ ਹੈ। ਜਿਉਂ ਜਿਉਂ ਇਸ ਦੀ ਸੈਨਿਕ ਸ਼ਕਤੀ ਮਜ਼ਬੂਤ ਹੁੰਦੀ ਗਈ, ਇਸ ਨੇ ਵਿਸਤਾਰਵਾਦੀ ਬਿਰਤੀ ਨੂੰ ਵਿਕਸਿਤ

ਕੀਤਾ ਅਤੇ ਭਾਰਤ ਦੇ ਕੁਝ ਇਲਾਕਿਆਂ ਉੱਤੇ ਆਪਣਾ ਹਕ ਦਸਿਆ। ਦੋਹਾਂ ਦੇਸ਼ਾਂ ਵਿਚ ਸੀਮਾਵਾਂ ਦਾ ਮਾਮਲਾ ਲੈ ਕੇ ਕਾਫ਼ੀ ਤਨਾਓ ਵਧਿਆ। ਸੰਨ 1954 ਈ. ਵਿਚ ਪੰਚਸ਼ੀਲ ਦੇ ਸਿੱਧਾਂਤ ਨੂੰ ਦੋਹਾਂ ਦੇਸ਼ਾਂ ਵੱਲੋਂ ਸਵੀਕਾਰਿਆ ਗਿਆ, ਪਰ ਉਸ 'ਤੇ ਠੀਕ ਢੰਗ ਨਾਲ ਅਮਲ ਨਾ ਕੀਤਾ ਗਿਆ। ਫਲਸਰੂਪ ਅਕਤੂਬਰ, 1962 ਈ. ਵਿਚ ਚੀਨ ਅਤੇ ਭਾਰਤ ਵਿਚ ਯੁੱਧ ਛਿੜ ਗਿਆ ('ਚੀਨ ਹੈ ਤਾਂ ਡੱਡੂ ਹੀ ਖਾਣ ਵਾਲਾ, ਧਰ ਕੇ ਫਕੀਆਂ ਅਸੀਂ ਉਡਾ ਦਿਆਂਗੇ'—ਪ੍ਰੀਤਮ ਦਾਸ ਠਾਕੁਰ)। ਕੁਝ ਦਿਨਾਂ ਬਾਦ ਯੁੱਧ ਤਾਂ ਭਾਵੇਂ ਬੰਦ ਹੋ ਗਿਆ, ਪਰ ਚੀਨ ਨੇ ਭਾਰਤ ਦਾ ਕਾਫ਼ੀ ਇਲਾਕਾ ਜ਼ਬਰਦਸਤੀ ਦਬ ਲਿਆ। ਹੁਣ ਤਕ ਵੀ ਦੋਹਾਂ ਦੇਸ਼ਾਂ ਵਿਚ ਸੀਮਾ ਸੰਬੰਧੀ ਕਈ ਵਿਵਾਦ ਜਾਰੀ ਹਨ।

ਅੱਜ ਕਲ ਪੇਕਿੰਗ ਚੀਨ ਦੀ ਰਾਜਧਾਨੀ ਹੈ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਦਸਿਆ ਹੈ ਕਿ 'ਮਹਾਰਾਜਾ ਰਣਜੀਤ ਸਿੰਘ ਨੇ ਲੱਦਾਖ ਅਤੇ ਚੀਨ ਤਕ ਆਪਣੇ ਰਾਜ ਦੀਆਂ ਸੀਮਾਵਾਂ ਦਾ ਵਿਸਤਾਰ ਕਰ ਲਿਆ ਸੀ—'ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾ ਗਿਆ।'

ਚੀਨੀ-ਕੰਧ : ਇਕ ਵਿਸ਼ਾਲ ਦੀਵਾਰ ਜੋ ਚੀਨ ਨੂੰ ਮੰਗੋਲੀਆ ਵੱਲੋਂ ਹੂਣਾਂ ਅਤੇ ਹੋਰ ਖ਼ੂਨਖ਼ਾਰ ਜਾਤੀਆਂ ਦੇ ਹਮਲਿਆਂ ਤੋਂ ਸੁਰੱਖਿਅਤ ਕਰਨ ਲਈ ਚਿਨ ਖ਼ਾਨਦਾਨ ਦੇ ਸ਼ੀ ਯੂਾਂਗ ਤਿ (Shih Huang Ti) ਬਾਦਸ਼ਾਹ ਨੇ ਆਪਣੇ ਰਾਜਕਾਲ (246-209 ਈਸਾ-ਪੂਰਵ) ਵਿਚ ਬਣਵਾਇਆ ਸੀ। ਕਹਿੰਦੇ ਹਨ ਇਸ ਨੂੰ ਬਣਵਾਉਣ ਤੇ 18 ਸਾਲ ਲਗੇ ਸਨ। ਲੱਖਾਂ ਸਰਕਾਰੀ ਸੈਨਿਕਾਂ ਤੋਂ ਇਲਾਵਾ ਵਿਗਾਰ ਲਈ ਜਬਰੀ ਪਕੜੇ ਬੇਸ਼ੁਮਾਰ ਮਜ਼ਦੂਰਾਂ ਨੇ ਵੀ ਇਸ ਦੀ ਉਸਾਰੀ ਵਿਚ ਹਿੱਸਾ ਪਾਇਆ ਸੀ। ਕੁਝ ਇਤਿਹਾਸਕਾਰਾਂ ਦੀ ਇਹ ਧਾਰਣਾ ਵੀ ਹੈ ਕਿ ਸ਼ੀ ਯੂਾਂਗ ਤਿ ਬਾਦਸ਼ਾਹ ਤੋਂ ਪਹਿਲਾਂ ਵੀ ਇਸ ਦੀਵਾਰ ਦੇ ਕੁਝ ਭਾਗ ਬਣੇ ਹੋਏ ਸਨ। ਉਸ ਬਾਦਸ਼ਾਹ ਨੇ ਤਾਂ ਉਨ੍ਹਾਂ ਭਾਗਾਂ ਨੂੰ ਪਰਸਪਰ ਜੋੜਿਆ ਅਤੇ ਉਨ੍ਹਾਂ ਦੀ ਲੋੜੀਂਦੀ ਮੁਰੰਮਤ ਕਰਵਾਈ।

ਮੂਲ ਰੂਪ ਵਿਚ ਇਸ ਦੀਵਾਰ ਦੀ ਲੰਬਾਈ 2400 ਕਿ. ਮੀ. ਸੀ। ਪੱਥਰਾਂ ਅਤੇ ਵੱਡੀਆਂ ਸਿਲਾਂ ਨਾਲ ਬਣੀ ਇਸ ਦੀਵਾਰ ਦੀਆਂ ਨੀਹਾਂ 15 ਫੁਟ ਤੋਂ 25 ਫੁਟ ਤਕ ਚੌੜੀਆਂ ਹਨ ਅਤੇ ਸਿਖਰ ਤੇ ਇਸ ਦੀ ਚੌੜਾਈ 12 ਫੁਟ ਰਹਿ ਗਈ ਹੈ। ਇਸ ਦੀ ਉੱਚਾਈ ਇਕ-ਸਮਾਨ ਨਹੀਂ; 20 ਫੁਟ ਤੋਂ ਲੈ ਕੇ 50 ਫੁਟ ਤਕ ਉੱਚੀ ਮਿਲਦੀ ਹੈ। ਇਸ ਵਿਚ ਹਰ 200 ਗਜ਼ ਤੋਂ ਬਾਦ ਸੰਤਰੀ ਦੇ ਠਹਿਰਣ ਲਈ ਬੁਰਜੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਬੁਰਜੀਆਂ ਉਤੇ ਨਿਯੁਕਤ ਕੀਤੇ ਸੰਤਰੀਆਂ ਨੂੰ ਆਪਣੇ ਗੁਜ਼ਾਰੇ ਲਈ ਨੇੜੇ ਹੀ ਭੂਮੀ ਦੇਣ ਦੀ ਵਿਵਸਥਾ ਕੀਤੀ ਹੋਈ ਸੀ।

ਇਸ ਦੀਵਾਰ ਦੇ ਬਣਨ ਤੋਂ ਹੁਣ ਤਕ ਕਈ ਪ੍ਰਕਾਰ ਦੇ ਸੁਧਾਰ ਅਤੇ ਮੁਰੰਮਤਾਂ ਹੋ ਚੁਕੀਆਂ ਹਨ, ਖ਼ਾਸ ਤੌਰ ਤੇ ਮਿੰਗ ਵੰਸ਼ (ਰਾਜ-ਕਾਲ 1368-1644 ਈ.) ਦੇ ਬਾਦਸ਼ਾਹਾਂ ਨੇ ਇਸ ਦੇ ਖ਼ਸਤਾ ਹੋਏ ਹਿੱਸਿਆਂ ਨੂੰ ਫਿਰ ਤੋਂ ਬਣਵਾਇਆ ਅਤੇ ਕਮਜ਼ੋਰ ਭਾਗਾਂ ਨੂੰ ਦ੍ਰਿੜ੍ਹ ਕਰਵਾਇਆ। ਇਸ ਦਾ ਹਵਾਲਾ ਦਿੰਦਿਆਂ ਬਾਵਾ ਬਲਵੰਤ ਨੇ ਆਪਣੀ ਕਵਿਤਾ 'ਉਡ ਚਲੀਏ' ਵਿਚ ਲਿਖਿਆ ਹੈ—'ਉੱਡਣਾ ਹੈ ਬਣ ਪਵਨ-ਬੁਖ਼ਾਰ,/ਮਹਿਲਾਂ ਦੀ

ਸਰਹੱਦ ਤੋਂ ਬਾਹਰ,/ਜੇਤਸ਼-ਚੀਨੀ-ਕੰਧ ਤੋਂ ਪਾਰ।'

ਚੀਫ਼-ਖ਼ਾਲਸਾ-ਦੀਵਾਨ : ਵੇਖੋ 'ਸਿੰਘ-ਸਭਾ'।

ਚੂਚਕ : ਸਿਆਲ ਜਾਤਿ ਦਾ ਇਕ ਚੌਧਰੀ ਜੋ ਝੰਗ-ਸਿਆਲ ਦਾ ਨਿਵਾਸੀ ਸੀ। ਇਸ ਦੇ ਘਰ ਪਿਛਲੀ ਉਮਰ ਵਿਚ ਹੀਰ ਨਾਂ ਦੀ ਅਤਿ ਸੁੰਦਰ ਲੜਕੀ ਪੈਦਾ ਹੋਈ ਜਿਸ ਦਾ ਜਵਾਨ ਹੋਣ 'ਤੇ ਰਾਂਝੇ ਨਾਲ ਇਸ਼ਕ ਹੋ ਗਿਆ। ਰਾਂਝੇ ਨੂੰ ਉਸ ਨੇ ਆਪਣੇ ਪਿਤਾ ਕੋਲ ਚਾਕ (ਚਰਵਾਹਾ) ਰਖਵਾਇਆ। ਹੀਰ-ਰਾਂਝੇ ਦੇ ਇਸ਼ਕ ਦੀ ਗੱਲ ਧੁੰਮ ਗਈ। ਲੋਕ-ਵਾਦ ਤੋਂ ਡਰਦਿਆਂ ਚੂਚਕ ਨੇ ਹੀਰ ਨੂੰ ਉਸ ਦੀ ਮਰਜ਼ੀ ਦੇ ਵਿਰੁੱਧ ਸੈਦੇ ਖੇੜੇ ਨਾਲ ਵਿਆਹ ਦਿੱਤਾ ਪਰ ਹੀਰ ਖ਼ਾਵੰਦ ਨਾਲ ਵਸ ਨਾ ਸਕੀ।

ਚੂਚਕ ਦੀ ਆਪਣੇ ਇਲਾਕੇ ਵਿਚ ਕਾਫ਼ੀ ਮਾਨਤਾ ਸੀ। ਇਕ ਰਵਾਇਤ ਅਨੁਸਾਰ ਝੰਗ ਸਿਆਲ ਚੂਚਕ ਨੇ ਵਸਾਇਆ ਸੀ। ਇਸ ਦਾ ਛੋਟਾ ਭਰਾ ਕੈਦੋਂ (ਵੇਖੋ) ਸੀ ਜਿਸ ਨੇ ਹੀਰ ਤੇ ਰਾਂਝੇ ਦੇ ਪ੍ਰੇਮ ਸੰਬੰਧਾਂ ਦੀ ਸਭ ਤੋਂ ਪਹਿਲਾਂ ਸੂਹ ਕੱਢੀ ਅਤੇ ਰਜ ਕੇ ਭੰਡੀ ਕੀਤੀ। ਬੁਲ੍ਹੇ ਸ਼ਾਹ ਨੇ ਚੂਚਕ ਦਾ ਸੰਕੇਤ ਵਰਤਿਆ ਹੈ—'ਚੂਚਕ ਦਾ ਉਸ ਚਾਕ ਸਦਾਇਆ ਉਹ ਆਹਾ ਸਾਹਿਬ ਸਫ਼ਾਈ।'

ਚੌਦਾਂ ਤਬਕ : ਅਰਬੀ ਭਾਸ਼ਾ ਦੇ 'ਤਬਕ' ਸ਼ਬਦ ਦਾ ਅਰਥ ਹੈ ਪਰਦਾ; ਦੇਸ਼, ਲੋਕ। ਸਾਮੀ ਚਿੰਤਕਾਂ ਨੇ ਚੌਦਾਂ ਤਬਕਾਂ ਦੀ ਕਲਪਨਾ ਕੀਤੀ ਹੈ ਅਤੇ ਭਾਰਤੀ ਚਿੰਤਕਾਂ ਨੇ ਚੌਦਾਂ ਲੋਕਾਂ—ਸੱਤ ਪਾਤਾਲ ਅਤੇ ਸਤ ਆਕਾਸ਼—ਦੀ ਕਲਪਨਾ ਕੀਤੀ ਹੈ।

ਇਹ ਚੌਦਾਂ ਤਬਕ ਅਸਲ ਵਿਚ ਦੋ-ਦੋ ਦੇ ਜੁੱਟ ਹਨ। ਸੱਤ ਆਸਮਾਨਾਂ ਵਿਚ ਸੱਤ ਧਰਤੀਆਂ ਅਥਵਾ ਸਿਤਾਰੇ ਸਥਿਤ ਹਨ। ਇਨ੍ਹਾਂ ਦਾ ਸੰਖੇਪ ਵਿਚ ਵੇਰਵਾ ਇਸ ਪ੍ਰਕਾਰ ਹੈ—(1) ਪਹਿਲੇ ਆਸਮਾਨ ਵਿਚ ਸਥਿਤ ਧਰਤੀ ਨੂੰ 'ਕਮਰ' ਕਿਹਾ ਜਾਂਦਾ ਹੈ। (2) ਦੂਜੇ ਆਸਮਾਨ ਵਿਚ ਰਹਿਣ ਵਾਲੀ ਧਰਤੀ 'ਅਤਾਰਦ' ਅਖਵਾਂਦੀ ਹੈ। (3) ਤੀਜੇ ਆਸਮਾਨ ਵਿਚ ਸਥਿਤ ਧਰਤੀ 'ਜ਼ੁਹਰਾ' ਕਹੀ ਜਾਂਦੀ ਹੈ। (4) 'ਸ਼ਮਸ' ਨਾਂ ਦੀ ਧਰਤੀ ਚੌਥੇ ਆਸਮਾਨ ਵਿਚ ਸਥਿਤ ਹੈ। (5) ਪੰਜਵੇਂ ਆਸਮਾਨ ਵਿਚ ਸਥਿਤ ਧਰਤੀ ਨੂੰ 'ਮਰੀਖ਼' ਕਿਹਾ ਜਾਂਦਾ ਹੈ। (6) 'ਮੁਸ਼ਤਰੀ' ਛੇਵੇਂ ਆਸਮਾਨ ਵਿਚ ਟਿਕੀ ਧਰਤੀ ਨੂੰ ਕਹਿੰਦੇ ਹਨ। (7) ਸੱਤਵੇਂ ਆਸਮਾਨ ਵਿਚਲੀ ਧਰਤੀ ਨੂੰ 'ਜ਼ੁਹਲ' ਕਿਹਾ ਜਾਂਦਾ ਹੈ। ਭਾਰਤੀ ਵਿਦਵਾਨਾਂ ਨੇ ਇਨ੍ਹਾਂ ਧਰਤੀਆਂ ਦੇ ਮੁਕਾਬਲੇ ਸੱਤ ਦਿਨਾਂ ਦੇ ਨਾਵਾਂ ਵਾਲੇ ਸਿਤਾਰਿਆਂ ਦੀ ਸਥਾਪਨਾ ਕੀਤੀ ਹੈ ਜਿਵੇਂ ਸੋਮ, ਮੰਗਲ, ਬੁੱਧ, ਬ੍ਰਿਹਸਪਤੀ, ਸ਼ੁਕ੍ਰ, ਛਨਿਚਰ ਅਤੇ ਰਵਿ। ਇਸ ਤਰ੍ਹਾਂ ਸੱਤ ਆਸਮਾਨਾਂ ਅਤੇ ਸੱਤ ਧਰਤੀਆਂ ਨੂੰ ਕੁਲ ਚੌਦਾਂ ਤਬਕ' ਕਿਹਾ ਗਿਆ ਹੈ। ਸੁਲਤਾਨਬਾਹੂ ਨੇ ਇਨ੍ਹਾਂ ਤਬਕਾਂ ਦੀ ਸਥਿਤੀ ਅੰਦਰ-ਵਰਤੀ ਮੰਨੀ ਹੈ—'ਚੌਦਾਂ ਤਬਕ ਕਿਲੇ ਦੇ ਅੰਦਰ ਆਤਿਸ਼ ਲਾਏ ਹੁਜਰੇ ਹੂ।'

ਚੌਦਾਂ-ਰਤਨ : 'ਬਾਲਮੀਕੀ ਰਾਮਾਇਣ' (ਬਾਲ-ਕਾਂਡ), 'ਭਾਗਵਤ ਪੁਰਾਣ' (ਅੱਠਵਾਂ ਸਕੰਧ) ਅਤੇ 'ਮਹਾਭਾਰਤ' (ਆਦਿ-ਪਰਵ) ਅਨੁਸਾਰ ਸੱਤਯੁਗ ਵਿਚ ਅਜਰ ਅਤੇ ਅਮਰ ਹੋਣ ਲਈ ਦੈਂਤਾਂ ਅਤੇ ਦੇਵਤਿਆਂ ਨੇ 'ਖੀਰ ਸਮੁੰਦਰ' (ਵੇਖੋ) ਨੂੰ ਰਿੜਕਣ ਦੀ ਯੋਜਨਾ

ਬਣਾਈ। ਵਾਸੁਕੀ ਨਾਗ ਨੂੰ ਰਿੜਕਣ ਲਈ ਨੇਤਰਾ, ਮੰਦਰਾਚਲ (ਪਰਬਤ) ਨੂੰ ਮਧਾਣੀ ਅਤੇ ਕੱਛਪ ਨੂੰ ਆਧਾਰ ਬਣਾ ਕੇ ਰਿੜਕਣ ਦਾ ਕੰਮ ਸ਼ੁਰੂ ਕੀਤਾ। ਵਾਸੁਕੀ ਨਾਗ ਦੇ ਮੂੰਹ ਨੂੰ ਦੈਂਤਾਂ ਨੇ ਅਤੇ ਪੂਛਲ ਨੂੰ ਦੇਵਤਿਆਂ ਨੇ ਪਕੜਿਆ। ਰਿੜਕਣ ਦੌਰਾਨ ਵਾਸੁਕੀ ਦੇ ਮੂੰਹ ਵਿਚੋਂ ਵਿਸ਼ ਅਥਵਾ ਅੱਗ ਨਿਕਲੀ ਜਿਸ ਦਾ ਵਾਤਾਵਰਨ ਉਤੇ ਭਿਆਨਕ ਪ੍ਰਭਾਵ ਪੈਣ ਲਗਾ। ਰਿੜਕਣ ਦੌਰਾਨ ਕ੍ਰਮਵਾਰ ਚੰਦ੍ਰਮਾ, ਲੱਛਮੀ, ਕੌਸਤੁਭ ਮਣੀ, ਪਾਰਿਜਾਤ ਬ੍ਰਿਛ, ਕਾਮਧੇਨੁ ਗਊ, ਉੱਚੈਸ਼੍ਰਵਾ ਘੋੜਾ, ਅੰਮ੍ਰਿਤ ਦਾ ਕਲਸ, ਧਨਵੰਤਰਿ ਅਤੇ ਐਰਾਵਤ ਹਾਥੀ ਦੀ ਪ੍ਰਾਪਤੀ ਹੋਈ। ਆਖੀਰ ਵਿਚ ਕਾਲਕੂਟ ਵਿਸ਼ ਨਿਕਲਿਆ। ਜਗਤ ਦੇ ਕਲਿਆਣ ਲਈ ਉਸ ਨੂੰ ਸ਼ਿਵ ਨੇ ਧਾਰਣ ਕੀਤਾ ਜਿਸ ਕਰਕੇ ਸ਼ਿਵ ਦਾ ਇਕ ਨਾਮਾਂਤਰ 'ਨੀਲ-ਕੰਠ' ਹੋਇਆ। ਇਨ੍ਹਾਂ ਤੋਂ ਇਲਾਵਾ, ਅਪੱਛਰਾਵਾਂ, ਵਾਰੁਣੀ (ਮੱਦ), ਸੰਖ ਅਤੇ ਸਾਰੰਗ ਧਨੁਸ਼ ਪੈਦਾ ਹੋਏ। ਵੱਖ-ਵੱਖ ਆਖਿਆਨਾਂ ਵਿਚ ਰਤਨ ਦੇ ਵਿਵਰਣ-ਕ੍ਰਮ ਵਿਚ ਅੰਤਰ ਹੈ।

ਅੰਮ੍ਰਿਤ ਦੀ ਪ੍ਰਾਪਤੀ ਲਈ ਦੇਵ-ਅਸੁਰ ਸੰਗ੍ਰਾਮ ਹੋਇਆ। ਵਿਸ਼ਨੂ ਨੇ ਮੋਹਿਨੀ ਦਾ ਰੂਪ ਧਾਰਣ ਕਰਕੇ ਅਤੇ ਦੈਂਤਾਂ ਨੂੰ ਫੁਸਲਾ ਕੇ ਅੰਮ੍ਰਿਤ ਦੇਵਤਿਆਂ ਵਿਚ ਵੰਡਣਾ ਸ਼ੁਰੂ ਕੀਤਾ। ਤਦ ਰਾਹੂ ਨਾਂ ਦੇ ਦੈਂਤ ਨੇ ਭੇਸ ਬਦਲ ਕੇ ਦੇਵਤਿਆਂ ਦੀ ਪੰਗਤ ਵਿਚ ਬੈਠ ਕੇ ਅੰਮ੍ਰਿਤ ਪ੍ਰਾਪਤ ਕਰ ਲਿਆ। ਇਸ ਗੱਲ ਦੀ ਸੂਚਨਾ ਚੰਦ੍ਰਮਾ ਅਤੇ ਸੂਰਜ ਨੇ ਵਿਸ਼ਨੂ ਨੂੰ ਦਿੱਤੀ। ਵਿਸ਼ਨੂ ਨੇ ਰਾਹੂ ਦਾ ਸਿਰ ਕਟ ਦਿੱਤਾ। ਕੁਝ ਅੰਮ੍ਰਿਤ ਅੰਦਰ ਚਲੇ ਜਾਣ ਕਾਰਣ ਰਾਹੂ ਪੂਰੀ ਤਰ੍ਹਾਂ ਖ਼ਤਮ ਨਾ ਕੀਤਾ ਜਾ ਸਕਿਆ ਅਤੇ ਉਹ ਸਿਰ ਅਤੇ ਧੜ ਦੇ ਦੋ ਹਿੱਸਿਆਂ ਕਰਕੇ ਰਾਹੂ ਅਤੇ ਕੇਤੂ (ਵੇਖੋ) ਦੋ ਵਜੂਦਾਂ ਵਾਲਾ ਬਣ ਗਿਆ। ਉਸ ਦਿਨ ਤੋਂ ਰਾਹੂ ਦਾ ਸੂਰਜ ਅਤੇ ਚੰਦ੍ਰਮਾ ਨਾਲ ਵੈਰ ਚਲਿਆ ਆ ਰਿਹਾ ਹੈ। ਭਾਈ ਗੁਰਦਾਸ ਨੇ ਇਨ੍ਹਾਂ ਰਤਨਾਂ ਦੀ ਵੰਡ ਦਾ ਵਿਵਰਣ ਦਿੰਦਿਆਂ ਲਿਖਿਆ ਹੈ—'ਖੀਰ ਸਮੁੰਦੁ ਵਿਰੋਲਿ ਕੈ ਕਢਿ ਰਤਨ ਚਉਦਹ ਵੰਡਿ ਲੀਤੇ।/ਮਣਿ ਲਖਮੀ ਪਾਰਜਾਤ ਸੰਖੁ ਸਾਰੰਗ ਧਣਖੁ ਬਿਸਨੁ ਵਸਿ ਕੀਤੇ।/ਕਾਮਧੇਣੁ ਤੇ ਅਪਛਰਾ ਐਰਾਪਤਿ ਇੰਦ੍ਰਾਸਣਿ ਸੀਤੇ।/ਕਾਲਕੂਟ ਤੇ ਅਰਧ ਚੰਦੁ ਮਹਾਦੇਵ ਮਸਤਕਿ ਧਰਿ ਪੀਤੇ।/ਘੋੜਾ ਮਿਲਿਆ ਸੂਰਜੈ ਮਦੁ ਅੰਮ੍ਰਿਤੁ ਦੇਵ ਦਾਨਵ ਗੀਤੇ।/ਕਰੇ ਧਨੰਤਰੁ ਵੈਦਗੀ ਡਸਿਆ ਤਛਕਿ ਮਤਿ ਬਿਪਰੀਤੇ।/(26/23)।

ਰਾਮਕਲੀ ਰਾਗ ਵਿਚ ਰਾਇ ਬਲਵੰਡਿ ਅਤੇ ਸਤੈ ਡੂਮਿ ਦੀ ਉਚਾਰੀ ਵਾਰ ਵਿਚ ਇਨ੍ਹਾਂ ਰਤਨਾਂ ਦੇ ਭਾਵੀਕ੍ਰਿਤ ਅਰਥ ਕਰਕੇ ਗੁਰੂ ਨਾਨਕ ਦੇਵ ਦੁਆਰਾ ਸ਼ਬਦ-ਸਾਗਰ ਨੂੰ ਰਿੜਕਣ ਦਾ ਸੰਕੇਤ ਹੈ—'ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।/ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ। (ਅ. ਗ੍ਰੰ. 967)।

ਚੌਦਾਂ-ਲੋਕ : ਵੇਖੋ 'ਲੋਕ'।

ਚੌਰਾਸੀ-ਸਿੱਧ : ਵੇਖੋ 'ਸਿੱਧ-ਜੋਗੀ'।

ਚੌਰਾਸੀ-ਲੱਖ-ਜੂਨ : ਵੇਖੋ 'ਚਉਰਾਸੀ-ਲੱਖ-ਜੂਨ'।

ਚੰਗੇਜ਼ ਖ਼ਾਂ : ਸੰਨ 1162 ਈ. ਵਿਚ ਪੈਦਾ ਹੋਇਆ ਚੰਗੇਜ਼ ਖ਼ਾਂ ਮੰਗੋਲ ਕਬੀਲੇ ਦਾ

ਇਕ ਦ੍ਰਿੜ੍ਹ, ਨਿਰਦਈ ਅਤੇ ਕਠੋਰ ਦਿਗਵਿਜਈ ਸੀ । ਇਸ ਦੇ ਪਿਤਾ ਯੇਸੂਕਾਇ ਨੂੰ ਇਸ ਦੇ ਜਨਮ ਦਾ ਸਮਾਚਾਰ ਉਦੋਂ ਮਿਲਿਆ ਜਦੋਂ ਉਹ ਤਾਤਾਰ ਦੇ ਸਰਦਾਰ ਤੇਮੂਚਿਨ ਨੂੰ ਜਿਤ ਕੇ ਘਰ ਪਰਤਿਆ । ਬਾਲਕ ਦੀ ਤੱਲੀ 'ਤੇ ਜੰਮਿਆ ਲਹੂ ਦਾ ਇਕ ਦਾਗ਼ ਵੇਖ ਕੇ ਯੇਸੂਕਾਇ ਨੇ ਇਸ ਚਿੰਨ੍ਹ ਦਾ ਸੰਬੰਧ ਤੇਮੂਚਿਨ ਉਤੇ ਪ੍ਰਾਪਤ ਕੀਤੀ ਜਿੱਤ ਦੇ ਨਾਲ ਸਥਾਪਿਤ ਕੀਤਾ ਅਤੇ ਬੱਚੇ ਦਾ ਨਾਂ ਵੀ ਤੇਮੂਚਿਨ (ਧਰਤੀ ਦੀ ਸ੍ਰੇਸ਼ਠ ਸ਼ਖ਼ਸੀਅਤ) ਰਖ ਦਿੱਤਾ ।

ਇਸ ਨੂੰ ਬਚਪਨ ਵਿਚ ਕੁਲ ਪਰੰਪਰਾ ਅਨੁਸਾਰ ਸੈਨਿਕ ਸਿਖਿਆ ਵਿਚ ਨਿਪੁਣ ਬਣਾਇਆ ਗਿਆ । 13 ਵਰ੍ਹਿਆਂ ਦੀ ਉਮਰ ਵਿਚ ਤੇਮੂਚਿਨ ਉੱਤਰੀ ਗੋਬੀ ਖੇਤਰ ਦਾ ਸ਼ਾਸਕ ਬਣਿਆ । ਪਰ ਛੋਟੀ ਉਮਰ ਦਾ ਹੋਣ ਕਾਰਣ ਬਹੁਤੇ ਕਬੀਲਾ-ਸਰਦਾਰ ਉਸ ਤੋਂ ਪਰ੍ਹੇ ਹਟਦੇ ਗਏ ਅਤੇ ਤੈਦਜੁਤ ਕਬੀਲੇ ਦੇ ਇਕ ਸਰਦਾਰ ਨੇ ਇਸ ਨੂੰ ਆਪਣੇ ਰਾਜ ਅਧਿਕਾਰ ਤੋਂ ਵਾਂਝਿਆ ਕਰ ਦਿੱਤਾ । ਆਪਣੀ ਜਾਨ ਬਚਾਉਣ ਲਈ ਭਾਵੇਂ ਇਸ ਨੂੰ ਕਈ ਵਰ੍ਹੇ ਲੁਕਣਾ ਛਿਪਣਾ ਪਿਆ, ਪਰ ਇਸ ਨੇ ਕਦੇ ਹੌਂਸਲਾ ਨਾ ਹਾਰਿਆ ਅਤੇ ਨਾ ਹੀ ਕਿਸੇ ਦੀ ਸਹਾਇਤਾ ਪ੍ਰਾਪਤ ਕਰਨ ਲਈ ਸੋਚਿਆ । 17 ਵਰ੍ਹਿਆਂ ਦੀ ਉਮਰ ਵਿਚ ਇਸ ਨੇ ਬੋਰਤਾਈ ਨਾਲ ਵਿਆਹ ਕੀਤਾ ਅਤੇ ਆਪਣੇ ਸਹਿਯੋਗੀ ਸਰਦਾਰਾਂ ਨਾਲ ਮਿਲ ਕੇ ਆਪਣੀ ਪਿਦਰੀ ਹਕੂਮਤ ਪ੍ਰਾਪਤ ਕੀਤੀ ਅਤੇ ਖਿੰਡੇ ਹੋਏ ਲੜਾਕੂ ਕਬੀਲਿਆਂ ਨੂੰ ਇਕੱਠਾ ਕਰਕੇ ਇਕ ਤਕੜਾ ਸੈਨਾ-ਦਲ ਬਣਾਉਣ ਦਾ ਉੱਦਮ ਕੀਤਾ । ਸੰਨ 1206 ਈ. ਵਿਚ ਸਾਰਿਆਂ ਕਬੀਲਿਆਂ ਨੇ ਇਕੱਠੇ ਹੋ ਕੇ ਤੇਮੂਚਿਨ ਨੂੰ ਉੱਤਰੀ ਏਸ਼ੀਆ ਦਾ ਸ਼ਾਸਕ ਚੁਣ ਕੇ ਇਸ ਨੂੰ ਚੰਗੇਜ਼ ਖ਼ਾਂ (ਮਹਾਨ ਬਾਦਸ਼ਾਹ) ਦੀ ਪਦਵੀ ਪ੍ਰਦਾਨ ਕੀਤੀ । ਉਸ ਦਿਨ ਤੋਂ ਸਾਰੇ ਲੜਾਕੂ ਕਬੀਲੇ ਮੰਗੋਲ ਅਖਵਾਉਣ ਲਗੇ ।

ਇਨ੍ਹਾਂ ਕਬੀਲਿਆਂ ਨੂੰ ਅਨੁਸ਼ਾਸਨ ਅਧੀਨ ਰਖਣ ਲਈ ਚੰਗੇਜ਼ ਖ਼ਾਂ ਨੇ 'ਯਾਸਾ' (ਯੱਸਾ) ਨਾਂ ਦੀ ਇਕ ਵਿਧੀ-ਸੰਘਤਾ ਤਿਆਰ ਕੀਤੀ ਜਿਸ ਵਿਚ ਇਸ ਨੇ ਸੰਗਠਿਤ ਕਬੀਲਿਆਂ ਦੀਆਂ ਪਰੰਪਰਿਕ ਪ੍ਰਥਾਵਾਂ ਵਿਚੋਂ ਮਨਮਰਜ਼ੀ ਅਨੁਸਾਰ ਕਾਨੂੰਨ ਸੰਕਲਿਤ ਕੀਤੇ । ਇਸ ਤੋਂ ਬਾਦ ਉਸ ਨੇ ਦਿਗਵਿਜਈ ਹੋਣ ਦੀਆਂ ਯੋਜਨਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ । ਸਭ ਤੋਂ ਪਹਿਲਾਂ ਇਸ ਨੇ ਨੈਮਨ ਕਬੀਲੇ ਦੇ ਸਰਦਾਰ ਪੋਲ ਅਤੇ ਉਸ ਦੇ ਪੁੱਤਰ ਕੋਸ਼ਲੋਕ ਨੂੰ ਹਰਾਇਆ । ਫਿਰ ਇਸ ਨੇ ਚੀਨ ਨੂੰ ਜਿੱਤਣ ਲਈ ਉੱਦਮ ਕਰਨੇ ਸ਼ੁਰੂ ਕੀਤੇ ਅਤੇ ਸੰਨ 1214 ਈ. ਤਕ ਇਸ ਨੇ ਚੀਨ ਦੇ ਅਧਿਕਾਸ਼ ਖੇਤਰ ਨੂੰ ਆਪਣੇ ਅਧੀਨ ਕਰ ਲਿਆ । ਇਸ ਤੋਂ ਬਾਦ ਵੀ ਚੀਨ ਦੇ ਕੁਝ ਮੁਖੀਏ ਵਿਰੋਧ ਕਰਦੇ ਰਹੇ ਪਰ ਚੰਗੇਜ਼ ਖ਼ਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁਚਲਿਆ । ਇਸ ਦੌਰਾਨ ਇਸ ਨੇ ਏਸ਼ੀਆ ਦੇ ਅਨੇਕ ਦੇਸ਼ ਜਿੱਤ ਲਏ ਅਤੇ ਆਪਣੇ ਵਿਰੋਧੀਆਂ ਨੂੰ ਕਠੋਰਤਾ ਨਾਲ ਦਬਾਇਆ ।

ਸੰਨ 1223 ਈ. ਵਿਚ ਇਸ ਨੇ ਦੱਖਣੀ ਚੀਨ ਦੇ ਸੁੰਗ ਪ੍ਰਦੇਸ਼ ਨੂੰ ਜਿੱਤਣ ਦੀਆਂ ਮੁਹਿੰਮਾਂ ਸ਼ੁਰੂ ਕੀਤੀਆਂ । ਇਸ ਨੂੰ ਸੰਨ 1227 ਈ. ਵਿਚ ਗ੍ਰਹਿ-ਚਾਲ ਆਪਣੇ ਅਨੁਕੂਲ ਨਾ ਲਗੀ ਅਤੇ ਕਰਾਕੁਰਮ ਨੂੰ ਵਾਪਸ ਪਰਤਿਆ, ਪਰ ਰਸਤੇ ਵਿਚ ਹੀ ਸੰਨ 1227

ਈ. ਵਿਚ ਇਸ ਦੀ ਮ੍ਰਿਤੂ ਹੋ ਗਈ ।

ਮ੍ਰਿਤੂ ਵੇਲੇ ਇਸ ਦਾ ਰਾਜ ਚੀਨ-ਸਾਗਰ ਤੋਂ ਲੈ ਕੇ ਨੀਪਰ ਨਦੀ ਤਕ ਪਸਰਿਆ ਹੋਇਆ ਸੀ । ਇਹ ਇਕ ਕਠੋਰ ਅਤੇ ਲੜਾਕੂ ਰੁਚੀ ਵਾਲਾ ਵਿਜੇਤਾ ਸੀ । ਜਿਧਰੋਂ ਵੀ ਇਹ ਲੰਘ ਜਾਂਦਾ, ਉਥੇ ਲਾਸ਼ਾਂ ਦੇ ਢੇਰ ਲਗ ਜਾਂਦੇ, ਮਹੱਲ ਅਤੇ ਕਿਲੇ ਉਜੜ ਜਾਂਦੇ, ਕਲਾ ਅਤੇ ਸਭਿਆਚਾਰਕ ਮਹੱਤਵ ਵਾਲੀਆਂ ਵਸਤੂਆਂ ਨਸ਼ਟ ਹੋ ਜਾਂਦੀਆਂ । ਇਕ ਨਿਰਦਈ ਅਤੇ ਭਿਆਨਕ ਸ਼ਾਸਕ ਵਜੋਂ ਇਸ ਦਾ ਨਾਂ ਜਨ-ਮਨ ਵਿਚ ਸਦਾ ਲਈ ਲਿਖਿਆ ਗਿਆ । ਪੰਜਾਬੀ ਕਾਵਿ ਵਿਚ ਇਸ ਦੇ ਨਾਂ ਦਾ ਉੱਲੇਖ ਹੋਇਆ ਹੈ । ਹਰਿੰਦਰ ਮਹਿਬੂਬ ਨੇ 'ਝਨਾਂ ਦੀ ਰਾਤ' ਵਿਚ ਲਿਖਿਆ ਹੈ—'ਥਿੰਦੇ ਸੋ ਬਰਸਾਂ ਦੇ ਬੂਹੇ/ ਕਿਸ ਚੰਗੇਜ਼ ਹਲਾਕੂ ਲੂਹੇ ।'

ਚੰਡ-ਮੁੰਡ : ਦੋ ਦੈਂਤ ਭਰਾ ਜੋ, 'ਮਾਰਕੰਡੇਯ ਪੁਰਾਣ' (ਅ. 84) ਅਨੁਸਾਰ ਦੇਵ-ਅਸੁਰ ਸੰਗ੍ਰਾਮ ਵੇਲੇ ਸੁੰਭ-ਨਿਸੁੰਭ ਵੱਲੋਂ ਸੈਨਾ-ਨਾਇਕਾਂ ਦੇ ਰੂਪ ਵਿਚ ਦੁਰਗਾ ਨਾਲ ਲੜੇ ਸਨ । ਧੂਮ੍ਰਲੋਚਨ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਸੁੰਭ-ਨਿਸੁੰਭ ਨੇ ਇਨ੍ਹਾਂ ਨੂੰ ਦੇਵੀ ਨਾਲ ਯੁੱਧ ਕਰਨ ਲਈ ਭੇਜਿਆ । ਇਨ੍ਹਾਂ ਨੂੰ ਆਇਆ ਵੇਖ ਕੇ ਦੇਵੀ ਨੇ ਭਿਆਨਕ ਰੂਪ ਧਾਰਣ ਕਰ ਲਿਆ । ਉਸ ਦਾ ਰੰਗ ਕਾਲਾ ਪੈ ਗਿਆ । ਅਸਲ ਵਿਚ, ਦੇਵੀ 'ਕਾਲੀ' ਦੇ ਰੂਪ ਵਿਚ ਪ੍ਰਗਟ ਹੋ ਗਈ । ਉਹ ਲਲਕਾਰਦੀ ਹੋਈ ਦੋਹਾਂ ਦੈਂਤਾਂ ਵਲ ਵਧੀ । ਦੋਹਾਂ ਦੈਂਤਾਂ ਨੂੰ ਮਾਰ ਕੇ ਉਨ੍ਹਾਂ ਦੇ ਸਿਰਾਂ ਨੂੰ ਕਾਲੀ ਨੇ ਦੁਰਗਾ ਨੂੰ ਅਰਪਿਤ ਕੀਤਾ ਅਤੇ ਕਿਹਾ ਕਿ ਕਿਸੁੰਭ-ਨਿਸੁੰਭ ਨੂੰ ਉਹ ਖ਼ੁਦ ਮਾਰੇ । ਚੰਡ ਅਤੇ ਮੁੰਡ ਨੂੰ ਮਾਰਨ ਕਾਰਣ ਦੁਰਗਾ ਨੇ 'ਕਾਲੀ' ਨੂੰ 'ਚਾਮੁੰਡਾ' ਨਾਂ ਪ੍ਰਦਾਨ ਕੀਤਾ ਅਤੇ ਚੰਡ ਨੂੰ ਮਾਰਨ ਕਰਕੇ ਆਪ 'ਚੰਡੀ' ਜਾਂ 'ਚੰਡਿਕਾ' ਨਾਂ ਨਾਲ ਪ੍ਰਸਿੱਧ ਹੋਈ ।

'ਚੰਡੀ ਦੀ ਵਾਰ' ਵਿਚ ਇਨ੍ਹਾਂ ਦੇ ਯੁੱਧ ਦਾ ਵਿਵਰਣ ਦਿੱਤਾ ਹੋਇਆ ਹੈ । ਵਾਰਿਸ ਸ਼ਾਹ ਨੇ ਆਪਣੇ ਰਚੇ 'ਹੀਰ' ਦੇ ਕਿੱਸੇ ਵਿਚ ਇਨ੍ਹਾਂ ਦੋਹਾਂ ਦਾ ਉੱਲੇਖ ਕੀਤਾ ਹੈ—'ਕਹਿਰ ਕਰੀ ਜਿਉ ਭਦ੍ਰਕਾ ਕੂਕ ਮਾਰੀ, ਚੰਡ ਮੁੰਡ ਮਹਿਖੇ ਉਤੇ ਧਾਇਆ ਈ ।'

ਚੰਡਿਕਾ : ਦੇਵੀ ਦਾ ਇਕ ਨਾਮਾਂਤਰ । ਵੇਖੋ 'ਦੇਵੀ' ।

ਚੰਡੀ : ਦੇਵੀ ਦਾ ਇਕ ਨਾਮਾਂਤਰ । ਵੇਖੋ 'ਦੇਵੀ' ।

ਚੰਡੂਰ : ਵੇਖੋ 'ਚਾਣੂਰ' ।

ਚੰਦ੍ਰ : ਵੇਖੋ 'ਚੰਦ੍ਰਮਾ' ।

ਚੰਦ੍ਰ-ਸ਼ੇਖਰ, ਆਜ਼ਾਦ : ਭਗਤ ਸਿੰਘ ਦਾ ਇਕ ਕ੍ਰਾਂਤੀਕਾਰੀ ਸਾਥੀ । ਵੇਖੋ 'ਭਗਤ ਸਿੰਘ, ਸ਼ਹੀਦ' ।

ਚੰਦ੍ਰਹਾਂਸ : 'ਮਹਾਭਾਰਤ' ਵਿਚ ਵਰਣਿਤ ਇਕ ਆਖਿਆਨ ਅਨੁਸਾਰ ਚੰਦ੍ਰਹਾਂਸ ਦੱਖਣ ਦੇਸ਼ ਦਾ ਇਕ ਰਾਜਕੁਮਾਰ ਸੀ । ਬਚਪਨ ਵਿਚ ਹੀ ਇਸ ਦੇ ਮਾਤਾ-ਪਿਤਾ ਮਰ ਗਏ । ਚਾਲਾਕ ਵਜ਼ੀਰ ਧ੍ਰਿਸ਼ਟ-ਬੁੱਧੀ ਨੇ ਸਾਰਾ ਰਾਜ ਅਧਿਕਾਰ ਆਪ ਦਬ ਲਿਆ ਅਤੇ ਰਾਜਕੁਮਾਰ ਨਾਲ ਆਪਣੇ ਅਧੀਨਾਂ ਵਾਂਗ ਵਿਵਹਾਰ ਕਰਨ ਲਗਾ ।

ਕਹਿ ਵਾਰ ਕਿਸੇ ਜੋਤਿਸ਼ੀ ਨੇ ਚੰਦ੍ਰਹਾਂਸ ਨੂੰ ਦਸਿਆ ਕਿ ਉਸ ਦੀ ਕਿਸਮਤ ਵਿਚ

ਚਕ੍ਰਵਰਤੀ ਰਾਜਾ ਬਣਨ ਦਾ ਯੋਗ ਹੈ। ਜਦੋਂ ਵਜ਼ੀਰ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਰਾਜਕੁਮਾਰ ਨੂੰ ਮਾਰਨ ਦੇ ਕਈ ਯਤਨ ਕੀਤੇ ਪਰ ਸਫਲ ਨਾ ਹੋ ਸਕਿਆ। ਆਖ਼ਰ ਸੋਚ ਕੇ ਚੰਦ੍ਰਹਾਸ ਹੱਥੀਂ ਆਪਣੇ ਪੁੱਤਰ ਮਦਨ ਨੂੰ ਚਿੱਠੀ ਭੇਜੀ ਜਿਸ ਵਿਚ ਲਿਖਿਆ ਸੀ ਕਿ ਚੰਦ੍ਰਹਾਸ ਨੂੰ 'ਵਿਸ਼' ਦੇ ਦਿਉ। ਚੰਦ੍ਰਹਾਸ ਮਦਨ ਦੇ ਮਹੱਲ ਵਿਚ ਪਹੁੰਚ ਕੇ ਚਿੱਠੀ ਦੇਣ ਤੋਂ ਪਹਿਲਾਂ ਬਾਗ਼ ਦੇ ਇਕ ਬ੍ਰਿਛ ਹੇਠਾਂ ਥਕੇਵਾਂ ਉਤਾਰਨ ਲਈ ਲੇਟ ਗਿਆ।

ਬਾਗ਼ ਵਿਚ ਸੁੱਤੇ ਪਏ ਚੰਦ੍ਰਹਾਸ ਨੂੰ ਵੇਖ ਕੇ ਧ੍ਰਿਸ਼ਟਬੁੱਧੀ ਦੀ ਧੀ ਅਤੇ ਮਦਨ ਦੀ ਭੈਣ, 'ਵਿਸ਼ਯਾ', ਉਸ ਉਤੇ ਮੋਹਿਤ ਹੋ ਗਈ। ਸ਼ਨਾਖ਼ਤ ਲਈ ਚੰਦ੍ਰਹਾਸ ਦੇ ਬਸਤ੍ਰਾਂ ਦੀ ਫੋਲਾ-ਫਾਲੀ ਕਰਨ 'ਤੇ ਧ੍ਰਿਸ਼ਟਬੁੱਧੀ ਦੀ ਚਿੱਠੀ ਮਿਲੀ। ਪੜ੍ਹ ਕੇ ਵਿਸ਼ਯਾ ਕਾਫ਼ੀ ਮਾਯੂਸ ਹੋਈ। ਉਸ ਨੇ ਚਾਲਾਕੀ ਕਰਕੇ ਅੱਖਾਂ ਦੇ ਸੁਰਮੇ ਨਾਲ 'ਵਿਸ਼' ਦਾ 'ਵਿਸ਼ਯਾ' ਸ਼ਬਦ ਬਣਾ ਦਿੱਤਾ ਅਤੇ ਚਿੱਠੀ ਉਸੇ ਤਰ੍ਹਾਂ ਚੰਦ੍ਰਹਾਸ ਦੀ ਚੁਕ ਨਾਲ ਬੰਨ੍ਹ ਕੇ ਚਲੀ ਗਈ। ਜਦੋਂ ਜਾਗ ਕੇ ਚੰਦ੍ਰਹਾਸ ਨੇ ਚਿੱਠੀ ਮਦਨ ਤਕ ਪਹੁੰਚਾਈ, ਤਾਂ ਮਦਨ ਨੇ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਇਆਂ ਆਪਣੀ ਭੈਣ ਵਿਸ਼ਯਾ ਦਾ ਵਿਆਹ ਚੰਦ੍ਰਹਾਸ ਨਾਲ ਕਰ ਦਿੱਤਾ। ਇਹ ਗੱਲ ਸੁਣ ਕੇ ਧ੍ਰਿਸ਼ਟਬੁੱਧੀ ਬਹੁਤ ਦੁੱਖੀ ਹੋਇਆ। ਉਸ ਨੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਉਹ ਮੰਦਿਰ ਵਿਚ ਪੂਜਾ ਲਈ ਜਾਣ ਵੇਲੇ ਚੰਦ੍ਰਹਾਸ ਨੂੰ ਮਾਰ ਦੇਣ। ਪਰ ਚੰਦ੍ਰਹਾਸ ਤੋਂ ਪਹਿਲਾਂ ਉਥੇ ਮਦਨ ਪਹੁੰਚ ਗਿਆ ਜਿਸ ਨੂੰ ਜਲਾਦਾਂ ਨੇ ਤੁਰਤ ਮਾਰ ਦਿੱਤਾ। ਇਸ ਤਰ੍ਹਾਂ ਮਾੜੇ ਕਰਮ ਕਰਨ ਤੇ ਧ੍ਰਿਸ਼ਟਬੁੱਧੀ ਨੇ ਆਪਣਾ ਘਰ ਹੀ ਬਰਬਾਦ ਕਰ ਲਿਆ। ਗੁਰੂ ਰਾਮਦਾਸ ਨੇ ਕੀਤੇ ਦਾ ਫਲ ਪਾਣ ਦੀ ਗੱਲ ਕਰਦਿਆਂ ਉਪਰੋਕਤ ਘਟਨਾ ਵਲ ਸੰਕੇਤ ਕੀਤਾ ਹੈ—'ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ।/ਜਿਉ ਜਨ ਚੰਦ੍ਰਹਾਂਸ ਦੁਖਿਆ ਧ੍ਰਿਸਟਬੁਧਿ ਅਪੁਨਾ ਘਰੁ ਲੂਕੀ ਜਾਰੇ' (ਅ. ਗ੍ਰੰ. 982)।

ਚੰਦ੍ਰਮਾ : ਇਕ ਪ੍ਰਮੁਖ ਦੇਵਤਾ, ਜਿਸ ਨੂੰ 'ਚੰਦ੍ਰ' ਅਤੇ 'ਸੋਮ' ਵੀ ਕਹਿੰਦੇ ਹਨ। 'ਚੰਦ੍ਰ' ਰੂਪ ਵਿਚ ਇਹ ਨੱਛਤ੍ਰ ਦਾ ਦੈਵੀਕਰਣ ਹੈ ਅਤੇ 'ਸੋਮ' ਰੂਪ ਵਿਚ ਇਹ ਸੋਮ-ਰਸ ਪਾਨ ਕਰਨ ਵਾਲੇ ਦੇਵਤਾ ਦੀ ਪ੍ਰਤਿਨਿਧਤਾ ਕਰਦਾ ਹੈ।

ਪੁਰਾਣ-ਸਾਹਿੱਤ ਵਿਚ ਇਸ ਦਾ ਮਾਨਵੀਕਰਣ ਕਰਦਿਆਂ ਇਸ ਨੂੰ ਰਿਸ਼ੀ-ਪੁੱਤਰ' ਮੰਨਿਆ ਗਿਆ ਹੈ। 'ਭਾਗਵਤ-ਪੁਰਾਣ' (ਸਕੰਧ 9) ਅਤੇ 'ਵਿਸ਼ਣੂ-ਪੁਰਾਣ' (ਅੰਸ਼ 4) ਵਿਚ ਲਿਖਿਆ ਹੈ ਬ੍ਰਹਮਾ ਦੇ ਪੁੱਤਰ ਅਤ੍ਰਿ ਰਿਸ਼ੀ ਦੀਆਂ ਅੱਖਾਂ ਵਿਚੋਂ ਚੰਦ੍ਰਮਾ ਪੈਦਾ ਹੋਇਆ। ਬ੍ਰਹਮਾ ਨੇ ਚੰਦ੍ਰਮਾ ਨੂੰ ਬ੍ਰਾਹਮਣ, ਔਸ਼ਧ ਅਤੇ ਨੱਛਤ੍ਰਾਂ ਦਾ ਸੁਆਮੀ ਬਣਾ ਦਿੱਤਾ। ਇਸ ਨੇ ਤਿੰਨਾ ਲੋਕਾਂ ਉਤੇ ਜਿੱਤ ਪ੍ਰਾਪਤ ਕਰਕੇ ਰਾਜਸੂਯ ਯੱਗ ਕੀਤਾ ਅਤੇ ਆਪਣੀ ਸ਼ਕਤੀ ਕਰ ਕੇ ਬਹੁਤ ਅਭਿਮਾਨੀ ਹੋ ਗਿਆ। ਇਸ ਨੇ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਦੀ ਪਤਨੀ ਤਾਰਾ ਨੂੰ ਉਧਾਲ ਲਿਆ। ਦੇਵਤਿਆਂ ਨੇ ਬ੍ਰਿਹਸਪਤੀ ਦਾ ਸਾਥ ਦਿੱਤਾ ਅਤੇ ਚੰਦ੍ਰਮਾ ਨਾਲ ਘੋਰ ਯੁੱਧ ਕੀਤਾ। ਦੈਂਤਾਂ ਦੇ ਗੁਰੂ ਸ਼ੁਕ੍ਰਾਚਾਰਯ ਦਾ ਬ੍ਰਿਹਸਪਤੀ ਨਾਲ ਵੈਰ ਸੀ। ਫਲਸਰੂਪ ਉਸ ਨੇ ਆਪਣੇ ਦਲ-ਬਲ ਸਹਿਤ ਚੰਦ੍ਰਮਾ ਦੀ

ਮੱਦਦ ਕੀਤੀ। ਜਦੋਂ ਯੁੱਧ ਦਾ ਅੰਤ ਹੁੰਦਾ ਨਜ਼ਰ ਨਾ ਆਇਆ ਤਾਂ ਬ੍ਰਹਮਾ ਨੇ ਵਿਚ ਪੈ ਕੇ ਯੁੱਧ ਰੁਕਵਾਇਆ ਅਤੇ ਚੰਦ੍ਰਮਾ ਤੋਂ ਤਾਰਾ ਨੂੰ ਮੁੜਵਾਇਆ। ਚੰਦ੍ਰਮਾ ਦੇ ਸੰਪਰਕ ਵਿਚ ਰਹਿਣ ਕਾਰਣ ਗਰਭਵਤੀ ਹੋਈ ਤਾਰਾ ਨੇ ਕਾਲਾਂਤਰ ਵਿਚ ਇਕ ਬਾਲਕ ਨੂੰ ਜਨਮ ਦਿੱਤਾ ਜੋ ਚੰਦ੍ਰਮਾ ਦਾ ਪੁੱਤਰ 'ਬੁੱਧ' ਅਖਵਾਇਆ।

'ਸ਼ਿਵ-ਪੁਰਾਣ' (ਸੰਹਿਤਾ 8) ਅਨੁਸਾਰ ਦਕ੍ਸ਼ ਪ੍ਰਜਾਪਤੀ ਨੇ ਆਪਣੀਆਂ ਕੰਨਿਆਵਾਂ ਵਿਚੋਂ 27 ਦਾ ਵਿਆਹ ਚੰਦ੍ਰਮਾ ਨਾਲ ਕਰ ਦਿੱਤਾ। ਚੰਦ੍ਰਮਾ ਉਨ੍ਹਾਂ ਵਿਚੋਂ ਰੋਹਿਣੀ ਨੂੰ ਅਧਿਕ ਪ੍ਰੇਮ ਕਰਦਾ ਸੀ। ਬਾਕੀਆਂ ਨੇ ਖਿਝ ਕੇ ਆਪਣੇ ਪਿਤਾ ਅਗੇ ਸ਼ਿਕਾਇਤ ਕੀਤੀ। ਦਕ੍ਸ਼ ਨੇ ਨਾਰਾਜ਼ ਹੋ ਕੇ ਚੰਦ੍ਰਮਾ ਨੂੰ ਪਤਿਤ ਅਥਵਾ ਨਸ਼ਟ ਹੋਣ ਦਾ ਸਰਾਪ ਦਿੱਤਾ। ਚੰਦ੍ਰਮਾ ਨੇ ਸਰਾਪ ਤੋਂ ਮੁਕਤੀ ਲਈ ਬ੍ਰਹਮਾ ਅਗੇ ਬੇਨਤੀ ਕੀਤੀ। ਬ੍ਰਹਮਾ ਦੇ ਕਹੇ ਤੇ ਚੰਦ੍ਰਮਾ ਨੇ ਪ੍ਰਭਾਸ ਖੇਤਰ ਵਿਚ ਸ਼ਿਵਲਿੰਗ ਦੀ ਸਥਾਪਨਾ ਕਰ ਕੇ ਛੇ ਮਹੀਨੇ ਤਪਸਿਆ ਕੀਤੀ। ਸ਼ਿਵ ਨੇ ਪ੍ਰਸੰਨ ਹੋ ਕੇ ਉਸ ਨੂੰ ਹਰ ਮਹੀਨੇ ਘਟਣ ਵੱਧਣ ਦੀ ਵਿਵਸਥਾ ਪ੍ਰਦਾਨ ਕੀਤੀ ਕਿਉਂਕਿ ਦਕ੍ਸ਼ ਦੇ ਸਰਾਪ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਸੰਭਵ ਨਹੀਂ ਸੀ। ਇਹੀ ਕਾਰਣ ਹੈ ਕਿ ਚੰਦ੍ਰਮਾ ਹਰ ਮਹੀਨੇ ਵੱਧਣ-ਘਟਣ ਦੇ ਪ੍ਰਕਾਰਜ ਵਿਚ ਰੁਝਿਆ ਰਹਿੰਦਾ ਹੈ।

ਪੁਰਾਣ-ਸਾਹਿੱਤ ਵਿਚ ਚੰਦ੍ਰਮਾ ਅਥਵਾ ਸੋਮ ਬਾਰੇ ਅਨੇਕ ਪ੍ਰਸੰਗ ਮਿਲ ਜਾਂਦੇ ਹਨ। ਅਹਿਲਿਆ ਨੂੰ ਪਤਿਤ ਕਰਨ ਲਈ ਉਤਾਰੂ ਇੰਦਰ ਦੀ ਚੰਦ੍ਰਮਾ ਵੱਲੋਂ ਕੀਤੀ ਗਈ ਮੱਦਦ ਦਾ ਬ੍ਰਿੱਤਾਂਤ ਵੀ ਮਿਲਦਾ ਹੈ। ਚੰਦ੍ਰਮਾ ਦੇ ਰਥ ਬਾਰੇ ਪੁਰਾਣਾਂ ਵਿਚ ਉੱਲੇਖ ਹੈ ਕਿ ਉਸ ਦੇ ਤਿੰਨ ਪਹੀਏ ਹਨ ਅਤੇ ਦਸ ਚਿੱਟੇ ਰੰਗ ਦੇ ਘੋੜੇ ਉਸ ਨੂੰ ਖਿਚਦੇ ਹਨ। 'ਨਿਸ਼ਾਕਰ', 'ਸਸਿ', 'ਨੱਛਤ੍ਰਨਾਥ', ਆਦਿ ਕੁਝ ਹੋਰ ਨਾਮਾਂਤਰ ਵੀ ਪ੍ਰਚਲਿਤ ਹਨ।

ਸਮੁੰਦਰ ਰਿੜਕਣ ਵੇਲੇ ਨਿਕਲੇ ਚੌਦਾਂ ਰਤਨਾਂ ਵਿਚ ਵੀ ਚੰਦ੍ਰਮਾ ਨੂੰ ਸ਼ਾਮਲ ਕੀਤਾ ਗਿਆ ਹੈ। ਭਾਈ ਗੁਰਦਾਸ ਅਨੁਸਾਰ ਇਸ ਦੇ ਅਰਧ-ਸਰੂਪ ਨੂੰ ਸ਼ਿਵ ਨੇ ਆਪਣੇ ਮਸਤਕ ਉਤੇ ਧਾਰਣ ਕੀਤਾ ਸੀ—'ਕਾਲਕੂਟ ਤੇ ਅਰਧ ਚੰਦੁ ਮਹਾਦੇਵ ਮਸਤਕਿ ਧਰਿ ਪੀਤੇ।' (26/23)। ਗੁਰੂ ਨਾਨਕ ਦੇਵ ਨੇ ਇਸ ਨੂੰ ਪਰਮਾਤਮਾ ਦੇ ਹੁਕਮ ਵਿਚ ਆਪਣੇ ਕਾਰਜ ਵਿਚ ਲੀਨ ਮੰਨਿਆ ਹੈ—'ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।/ਕੋਹ ਕਰੋੜੀ ਚਲਤ ਨ ਅੰਤੁ' (ਅ. ਗ੍ਰੰ. 464)।

ਯੋਗ-ਸਾਧਨਾ ਦੇ ਪ੍ਰਸੰਗ ਵਿਚ ਚੰਦ੍ਰਮਾ ਨੂੰ ਇੜਾ ਦਾ ਅਤੇ ਸੂਰਜ ਨੂੰ ਪਿੰਗਲਾ ਦਾ ਪ੍ਰਤੀਕ ਮੰਨਿਆ ਗਿਆ ਹੈ—'ਚੰਦ ਸੂਰਜ ਕੀ ਪਾਏ ਗੰਢਿ।/ਤਿਸੁ ਉਦਾਸੀ ਕਾ ਪੜੈ ਨ ਕੰਧੁ।' (ਅ. ਗ੍ਰੰ. 952)।

ਚੰਦ੍ਰਵੰਸ਼ : ਚੰਦ੍ਰਮਾ ਅਥਵਾ ਸੋਮ ਤੋਂ ਚਲਣ ਵਾਲੀ ਵੰਸ਼-ਪਰੰਪਰਾ ਨੂੰ 'ਚੰਦ੍ਰਵੰਸ਼' ਕਿਹਾ ਜਾਂਦਾ ਹੈ। ਇਸ ਦੀਆਂ ਵੀ ਸੂਰਜ-ਵੰਸ਼ ਵਾਂਗ ਦੋ ਪ੍ਰਮੁਖ ਸ਼ਾਖਾਵਾਂ ਹਨ। ਯਦੁ ਤੋਂ ਚਲੀ ਸ਼ਾਖਾ ਵਾਲੇ ਯਾਦਵ ਅਖਵਾਏ। ਇਸ ਸ਼ਾਖਾ ਵਿਚ ਸ੍ਰੀ ਕ੍ਰਿਸ਼ਣ, ਦਸ਼ੁਕੇਤ ਆਦਿ ਮਹਾਪ੍ਰਤਾਪੀ ਪੁਰਸ਼ ਪੈਦਾ ਹੋਏ। ਦੂਜੀ ਸ਼ਾਖਾ ਪੁਰੂ ਤੋਂ ਚਲੀ ਜਿਸ ਵਿਚ ਅਗੋਂ ਪਾਂਡਵਾਂ, ਕੌਰਵਾਂ ਦਾ ਵਿਕਾਸ ਹੋਇਆ। ਇਸ ਵੰਸ਼ ਦੀਆਂ ਸੂਚੀਆਂ ਕਈ ਪੁਰਾਣਾਂ

ਵਿਚ ਮਿਲਦੀਆਂ ਹਨ, ਪਰ ਉਨ੍ਹਾਂ ਵਿਚ ਨਾਵਾਂ ਅਤੇ ਕ੍ਰਮ ਵਿਚ ਫ਼ਰਕ ਹੈ। ਭਾਈ ਗੁਰਦਾਸ ਨੇ ਇਸ ਵੰਸ਼ ਦਾ ਉੱਲੇਖ ਕਰਦਿਆਂ ਲਿਖਿਆ ਹੈ—'ਸੂਰਜਵੰਸੀ ਆਖੀਅਨਿ ਸੋਮਵੰਸੁ ਸੂਰਵੀਰ ਸਿਪਾਹੀ' (8/10)।

ਚੰਦ੍ਰਾਇਣ : ਵੇਖੋ 'ਚਾਂਦ੍ਰਾਯਣ'।

ਚੰਦ੍ਰਾਵਲਿ/ਚੰਦ੍ਰਾਵਲੀ : ਇਕ ਪ੍ਰਸਿੱਧ ਗੋਪੀ (ਵੇਖ) ਜੋ ਚੰਦ੍ਰਭਾਨ ਦੇ ਘਰ ਵਿੰਦ੍ਰਮਤੀ ਦੀ ਕੁੱਖੋਂ ਪੈਦਾ ਹੋਈ। ਇਸ ਦਾ ਵਿਆਹ ਗੋਵਰਧਨ ਮੱਲ ਨਾਲ ਹੋਇਆ ਜੋ ਕਰੇਲਾ ਨਾਂ ਦੇ ਪਿੰਡ ਵਿਚ ਰਹਿੰਦਾ ਸੀ। ਇਸ ਉਤੇ ਸ੍ਰੀ ਕ੍ਰਿਸ਼ਣ ਮੋਹਿਤ ਹੋ ਗਏ ਅਤੇ ਅਨੇਕ ਪ੍ਰਕਾਰ ਦੇ ਵਲ ਛਲ ਕਰਕੇ ਇਸ ਨੂੰ ਪ੍ਰਾਪਤ ਕਰਨ ਦੇ ਉਪਾ ਕੀਤੇ। ਜਦੋਂ ਚੰਦ੍ਰਾਵਲੀ ਕਾਬੂ ਵਿਚ ਨਾ ਆਈ, ਤਾਂ ਕ੍ਰਿਸ਼ਣ ਗੋਪੀ ਦਾ ਭੇਸ ਬਦਲ ਕੇ ਉਸ ਦੇ ਘਰ ਗਏ ਅਤੇ ਮਿੱਠੇ ਅਤੇ ਰੋਮਾਂਟਿਕ ਬੋਲਾਂ ਨਾਲ ਉਸ ਨੂੰ ਰਿਝਾ ਲਿਆ। ਦੋਵੇਂ ਨਿਘੀਆਂ ਸਹੇਲੀਆਂ ਬਣ ਗਈਆਂ। ਆਪਸ ਵਿਚ ਹਾਸ-ਵਿਲਾਸ ਚਲਦਾ ਰਿਹਾ। ਰਾਤ ਨੂੰ ਦੋਵੇਂ ਇਕੱਠੀਆਂ ਸੁਤੀਆਂ। ਕ੍ਰਿਸ਼ਣ ਨੇ ਆਪਣੀ ਮਾਯਾ ਦੇ ਪ੍ਰਭਾਵ ਨਾਲ ਸਮੇਂ ਦੀ ਗਤੀ ਰੋਕ ਕੇ ਛੇ ਮਹੀਨਿਆਂ ਤਕ ਚੰਦ੍ਰਾਵਲੀ ਦਾ ਸੰਯੋਗ ਸੁਖ ਮਾਣਿਆ।

ਇਸ ਬਾਰੇ, ਪੁਰਾਣ-ਕਥਾ ਤੋਂ ਛੁਟ, ਅਨੇਕ ਦੰਦ-ਕਥਾਵਾਂ ਵੀ ਮਿਲ ਜਾਂਦੀਆਂ ਹਨ। ਗੁਰੂ ਨਾਨਕ ਦੇਵ ਨੇ 'ਆਸਾ ਦੀ ਵਾਰ' ਵਿਚ ਇਸ ਘਟਨਾ-ਪ੍ਰਸੰਗ ਦਾ ਉੱਲੇਖ ਕੀਤਾ ਹੈ—'ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ' (ਆ. ਗ੍ਰੰ. 470)।

ਚੰਬਾ, ਰਿਆਸਤ : ਇਕ ਪਹਾੜੀ ਰਿਆਸਤ ਜੋ ਛੇਵੀਂ ਸਦੀ ਵਿਚ ਹੋਂਦ ਵਿਚ ਆਈ ਦਸੀ ਜਾਂਦੀ ਹੈ। ਇਸ ਦੇ ਉੱਤਰ-ਪੱਛਮ ਵਿਚ ਕਸ਼ਮੀਰ ਅਤੇ ਦੱਖਣ ਵਿਚ ਕਾਂਗੜੇ ਦਾ ਇਲਾਕਾ ਹੈ। ਇਸ ਦੇ ਉੱਤਰ ਅਤੇ ਪੂਰਵ ਵਲ ਲੱਦਾਖ ਅਤੇ ਲਾਹੁਲ ਸਿਪਤੀ ਪ੍ਰਦੇਸ਼ ਹਨ। ਇਹ ਅਧਿਕਤਰ ਸੁਤੰਤਰ ਹੀ ਰਹੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਉਤੇ ਵਿਜੈ ਪ੍ਰਾਪਤ ਕਰਕੇ ਇਸ ਨੂੰ ਆਪਣੇ ਰਾਜ ਦੇ ਕਸ਼ਮੀਰ ਸੂਬੇ ਵਿਚ ਸ਼ਾਮਲ ਕਰ ਲਿਆ।

ਪੰਜਾਬ ਉਤੇ ਆਪਣਾ ਅਧਿਕਾਰ ਕਾਇਮ ਕਰਨ ਉਪਰੰਤ ਅੰਗ੍ਰੇਜ਼ਾਂ ਨੇ ਸੰਨ 1846 ਈ. ਵਿਚ ਇਸ ਨੂੰ ਕਸ਼ਮੀਰ ਪ੍ਰਾਂਤ ਤੋਂ ਵੱਖ ਕਰ ਲਿਆ। ਸੰਨ 1948 ਈ. ਵਿਚ ਜਦੋਂ ਦੇਸੀ ਰਿਆਸਤਾਂ ਨੂੰ ਮੁੱਖ ਧਾਰਾ ਵਿਚ ਸ਼ਾਮਲ ਕੀਤਾ ਗਿਆ ਤਾਂ ਇਸ ਦੀ ਵੀ ਹੋਂਦ ਖ਼ਤਮ ਹੋ ਗਈ। ਹੁਣ ਇਹ ਹਿਮਾਚਲ ਪ੍ਰਦੇਸ਼ ਦਾ ਇਕ ਜ਼ਿਲਾ ਹੈ। ਇਸ ਦਾ ਪ੍ਰਧਾਨ ਨਗਰ ਚੰਬਾ ਹੈ ਜੋ 920 ਈ. ਵਿਚ ਸਾਹਿਲ ਵਰਮਾ ਨੇ ਰਾਵੀ ਦਰਿਆ ਦੇ ਕੰਢੇ ਵਸਾਇਆ ਸੀ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਇਸ ਦੀ ਜਿੱਤ ਵਲ ਸੰਕੇਤ ਕੀਤਾ ਹੈ—'ਮੁਲਤਾਨ ਕਸ਼ਮੀਰ ਪਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾ ਗਿਆ।'

ਛ

ਛੱਜੂ, ਭਗਤ : ਵੇਖੋ 'ਭਗਤ ਛੱਜੂ'।

ਛਤੀਹ-ਅੰਮ੍ਰਿਤ : ਛੱਤੀ ਪ੍ਰਕਾਰ ਦੇ ਖਾਣ ਯੋਗ ਪਦਾਰਥਾਂ ਨੂੰ 'ਛੱਤੀ ਅੰਮ੍ਰਿਤ' ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਸੁਆਦਾਂ ਜਾਂ ਰਸਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਕੁਲ ਰਸ ਛੇ ਹਨ—ਮਿੱਠਾ, ਕੌੜਾ, ਖਟਾ, ਕਸੈਲਾ, ਸਲੂਣਾ ਅਤੇ ਚਟਪਟਾ। ਭਾਈ ਗੁਰਦਾਸ ਨੇ ਇਕ ਇਕ ਰਸ ਦੇ ਪਰਸਪਰ ਮੇਲ ਤੋਂ ਛੇ ਛੇ ਰਸਾਂ ਦੇ ਬਣਨ ਦੀ ਜੁਗਤ ਨਾਲ 'ਛਤੀਹ' ਗਿਣਤੀ ਪੂਰੀ ਕੀਤੀ ਹੈ—'ਖਟੁ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ' (17/8)। ਗੁਰਬਾਣੀ ਵਿਚ ਪਰਮਾਤਮਾ ਦੇ ਉਪਕਾਰਾਂ ਵਿਚ ਛੱਤੀ ਸੁਆਦਾਂ ਵਾਲੇ ਭੋਜਨ ਪ੍ਰਦਾਨ ਕਰਨ ਦਾ ਉੱਲੇਖ ਮਿਲਦਾ ਹੈ—'ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।/ਤਿਸੁ ਠਾਕੁਰ ਕਉ ਰਖੁ ਮਨ ਮਾਹਿ' (ਆ. ਗ੍ਰੰ. 269)।

ਛੱਤੀ ਪ੍ਰਕਾਰ ਦੇ ਰਸ ਹਰ ਇਕ ਦੇਸ਼ ਵਿਚ ਮਿਲ ਜਾਂਦੇ ਹਨ। ਪਰ ਜ਼ਰੂਰੀ ਨਹੀਂ ਕਿ ਇਨ੍ਹਾਂ ਰਸਾਂ ਨਾਲ ਸੰਬੰਧਿਤ ਭੋਜਨ ਹਰ ਇਕ ਦੇਸ਼ ਵਿਚ ਇਕ-ਸਮਾਨ ਹੋਣ। ਭਾਰਤੀ ਵਿਦਵਾਨਾਂ ਨੇ ਜਿਨ੍ਹਾਂ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਉੱਲੇਖ ਕੀਤਾ ਹੈ, ਉਨ੍ਹਾਂ ਦੀ ਸੂਚੀ 'ਸੰਖਿਆ ਕੋਸ਼' ਅਨੁਸਾਰ ਇਸ ਪ੍ਰਕਾਰ ਹੈ—(1) ਹਰ ਕਿਸਮ ਦੀ ਰੋਟੀ, (2) ਹਰ ਤਰ੍ਹਾਂ ਦੀ ਪੂਰੀ, (3) ਕਚੌਰੀ, (4) ਪੂੜੇ, (5) ਹਰ ਪ੍ਰਕਾਰ ਦੇ ਚਾਵਲ, (6) ਦਾਲਾਂ, (7) ਸਾਗ, ਸਬਜ਼ੀਆਂ, ਭੁਰਜੀਆਂ, (8) ਕੜ੍ਹੀਆਂ, (9) ਵੜੀਆਂ, (10) ਸੇਵੀਆਂ, (11) ਖਿਚੜੀ, (12) ਸਭ ਤਰ੍ਹਾਂ ਦੀਆਂ ਸਲੂਣੀਆਂ ਚੀਜ਼ਾਂ, ਚਣੇ, ਪਕੌੜੇ ਆਦਿ, (13) ਚਟਣੀਆਂ, (14) ਆਚਾਰ, (15) ਮੁਰੱਬੇ, (16) ਬੂੰਦੀ, ਭੱਲੇ, ਦਹੀ, ਆਦਿ, (17) ਰਾਇਤੇ, (18) ਪਾਪੜ, (19) ਕੜਾਹ, (20) ਖੀਰਾਂ, (21) ਕਚਾਰ, ਸਤੂ, ਪੰਜੀਰੀ ਅਤੇ ਚੂਰਮਾ, (22) ਲੱਡੂ, ਜਲੇਬੀ, ਅੰਮ੍ਰਿਤੀ, ਪੇੜਾ, ਸ਼ੀਰਨੀਆਂ ਆਦਿ, (23) ਲਾਪਸੀ, (24) ਰਬੜੀ, (25) ਮਲਾਈ, (26) ਮਿਸਰੀ, ਮੱਖਣ ਆਦਿ, (27) ਸਿਖਰਣੀ, (28) ਬੁਧ ਮਿਸ਼ਰਤ ਆਂਬਰਸਾ, (29) ਦਧਿਤਕਰ, (30) ਕਾਂਜੀ, (31) ਫਲ, (32) ਮੇਵਾ, (33) ਮਠੀ, ਮਠੇ, (34) ਫੇਣੀਆਂ, (35) ਘੇਵਰ, (36) ਚੂਰਣ ਸੁਆਦ।

ਛਤੀਹ ਜੁਗ : ਭਾਰਤੀ ਚਿੰਤਨ ਅਨੁਸਾਰ ਕਾਲ-ਪ੍ਰਮਾਣ ਨੂੰ ਯੁਗ ਕਿਹਾ ਜਾਂਦਾ ਹੈ। ਯੁਗ (ਵੇਖੋ) ਗਿਣਤੀ ਵਿਚ ਚਾਰ ਹਨ। ਵਿਦਵਾਨਾਂ ਨੇ ਹਰ ਇਕ ਯੁਗ ਦੀਆਂ ਨੌਂ ਨੌਂ ਚੌਕੜੀਆਂ ਕਲਪਿਤ ਕੀਤੀਆਂ ਹਨ। ਇਸ ਤਰ੍ਹਾਂ ਯੁਗਾਂ ਦੀ ਗਿਣਤੀ ਛੱਤੀ ਹੋ ਜਾਂਦੀ ਹੈ।

ਇਕ ਹੋਰ ਵਿਚਾਰ ਅਨੁਸਾਰ ਯੁਗਾਂ ਦੇ ਅੰਤ 'ਤੇ ਮਹਾ ਪਰਲੋ ਵੇਲੇ ਹਰ ਪਾਸੇ ਸੁੰਨ ਅਵਸਥਾ ਛਾ ਜਾਂਦੀ ਹੈ। ਇਹ ਸਥਿਤੀ 36 ਯੁਗਾਂ ਤਕ ਬਣੀ ਰਹਿੰਦੀ ਹੈ। ਕਿਉਂਕਿ ਪਰਲੋ ਵੇਲੇ ਬ੍ਰਹਮਾ ਨਾਭਿ-ਕਮਲ ਰਾਹੀਂ ਹੇਠਾਂ ਉਤਰਦਾ ਹੈ ਅਤੇ ਸ੍ਰਿਸ਼ਟੀ ਦੀ ਦੋਬਾਰਾ ਰਚਨਾ ਵੇਲੇ ਉਪਰ ਨੂੰ ਆਉਂਦਾ ਹੈ। ਉਸ ਨੂੰ ਉਤਰਨ ਅਤੇ ਉਭਰਨ ਲਈ 18,

18 ਜੁਗਾਂ ਦਾ ਸਮਾਂ ਲਗਦਾ ਹੈ। ਇਸ ਲਈ 36 ਜੁਗਾਂ ਤਕ ਸੁੰਨ ਅਵਸਥਾ ਦੇ ਬਣੇ ਰਹਿਣ ਦੀ ਗੱਲ ਗੁਰੂ ਅਮਰਦਾਸ ਨੇ ਕਹੀ ਹੈ—'ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ।/ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ' (ਅ. ਗ੍ਰੰ. 949)।

ਛਤੀਹ ਪਾਖੰਡ : ਜਿਵੇਂ ਹਉਮੈ ਦੀਆਂ ਕਿਸਮਾਂ ਅਨੇਕ ਹਨ, ਉਸੇ ਤਰ੍ਹਾਂ ਵਾਸਤਵਿਕਤਾ ਤੋਂ ਹਟ ਕੇ ਦਿਖਾਵਾ ਕਰਨ ਦੀਆਂ ਵਿਧੀਆਂ ਵੀ ਅਨੇਕ ਹਨ। ਇਹ ਦਿਖਾਵਾ ਧਰਮ ਦੇ ਖੇਤਰ ਵਿਚ ਦੰਭ ਜਾਂ ਪਾਖੰਡ ਵਜੋਂ ਜਾਣਿਆਂ ਜਾਂਦਾ ਹੈ। ਜੋ ਕਰਮ ਸੱਚੇ ਦਿਲੋਂ ਸ਼ੁੱਧ ਭਾਵਨਾ ਨਾਲ ਨਹੀਂ ਕੀਤਾ ਜਾਂਦਾ ਉਹ 'ਪਾਖੰਡ' ਹੈ। ਇਸ ਵਿਚ ਦਿਖਾਵੇ ਵਾਲੀਆਂ ਸਾਧਨਾ-ਵਿਧੀਆਂ, ਸੰਸਕਾਰ, ਪੁੰਨ-ਦਾਨ, ਅਨੁਸ਼ਠਾਨ ਆਦਿ ਸ਼ਾਮਲ ਕੀਤੇ ਜਾਂਦੇ ਹਨ। ਪਾਖੰਡ ਕਰਨ ਵਾਲੇ ਨੂੰ 'ਪਾਖੰਡੀ' ਕਿਹਾ ਜਾਂਦਾ ਹੈ। ਬੁੱਧ ਨੇ ਆਪਣੇ ਮਤ ਤੋਂ ਭਿੰਨ ਧਰਮੀਆਂ ਨੂੰ 'ਪਾਖੰਡੀ' ਕਿਹਾ ਹੈ। ਇਸ ਤਰ੍ਹਾਂ ਹਿੰਦੂ ਧਰਮ-ਸ਼ਾਸਤ੍ਰ ਵਿਚ ਬੋਧੀਆਂ ਅਤੇ ਜੈਨੀਆਂ ਨੂੰ ਪਾਖੰਡੀ ਦਸਿਆ ਗਿਆ ਹੈ। ਇਥੇ ਇਸ ਸ਼ਬਦ ਦੀ ਵਰਤੋਂ ਨਿੰਦਾ ਸੂਚਕ ਨਹੀਂ, ਸਗੋਂ ਵੇਦ ਮਾਰਗ ਤੋਂ ਭਿੰਨ ਮਤ ਦਾ ਅਨੁਯਾਈ ਹੋਣ ਦਾ ਭਾਵ ਹੈ। ਆਮ ਬੋਲ-ਚਾਲ ਵਿਚ ਭਿੰਨ ਮਤ ਵਾਲਿਆਂ ਜਾਂ ਕਰਨੀ ਅਤੇ ਕਥਨੀ ਵਿਚ ਅੰਤਰ ਰੱਖਣ ਵਾਲਿਆਂ ਲਈ ਵੀ ਪਾਖੰਡੀ ਸ਼ਬਦ ਵਰਤ ਲਿਆ ਜਾਂਦਾ ਹੈ।

'ਪਦਮ ਪੁਰਾਣ' ਵਿਚ ਪਾਖੰਡ ਦੀ ਉਤਪੱਤੀ ਸੰਬੰਧੀ ਲਿਖਿਆ ਹੈ ਕਿ ਲੋਕਾਂ ਨੂੰ ਭ੍ਰਸ਼ਟ ਕਰਨ ਲਈ ਸ਼ਿਵ ਦੀ ਦੁਹਾਈ ਦੇ ਕੇ ਪਾਖੰਡੀਆਂ ਨੇ ਆਪਣਾ 'ਪਾਖੰਡ ਮਤ' ਪ੍ਰਚਲਿਤ ਕੀਤਾ। ਤੰਤ੍ਰ-ਸਾਹਿੱਤ ਵਿਚ ਇਸ ਨੂੰ ਸ਼ੈਵ ਮਤ ਦਾ ਇਕ ਰੂਪ ਮੰਨਿਆ ਗਿਆ ਹੈ। ਇਸ ਮਤ ਦੇ ਅਨੁਯਾਈ ਨੂੰ ਵੀ 'ਪਾਖੰਡੀ' ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਨੇ ਸੱਚੇ ਪਾਖੰਡੀ ਦਾ ਸਰੂਪ ਚਿੱਤ੍ਰਣ ਕਰਦਿਆਂ ਲਿਖਿਆ ਹੈ—'ਸੋ ਪਾਖੰਡੀ ਜਿ ਕਾਇਆ ਪਖਾਲੇ ।/ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ।/ਸੁਪਨੈ ਬਿੰਦੁ ਨ ਦੇਈ ਝਰਣਾ ।/ਤਿਸੁ ਪਾਖੰਡੀ ਜਰਾ ਨ ਮਰਣਾ' (ਅ. ਗ੍ਰੰ. 952)।

ਉਪਰੋਕਤ ਪਾਖੰਡ-ਮਤ ਵਿਚ ਪਾਖੰਡ ਦੇ ਪ੍ਰਕਾਰਾਂ ਦਾ ਵੀ ਨਿਰਣਾ ਕੀਤਾ ਗਿਆ ਹੈ। ਮਹਾਨ-ਕੋਸ਼ਕਾਰ ਅਨੁਸਾਰ ਚੀਨੀ ਯਾਤ੍ਰੀ 'ਫਾਹਿਯਾਨ' ਨੇ ਆਪਣੇ ਯਾਤ੍ਰਾ-ਵਿਵਰਣ ਵਿਚ ਉਦੋਂ ਮੱਧ ਦੇਸ਼ ਅੰਦਰ 96 ਪਾਖੰਡਾਂ ਦੇ ਵਰਤਾਰੇ ਦਾ ਉੱਲੇਖ ਕੀਤਾ ਹੈ। ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਦੇ ਆਗਮਨ ਤੋਂ ਪਹਿਲਾ ਦੀ ਸਥਿਤੀ ਦਾ ਚਿੱਤ੍ਰਣ ਕਰਦਿਆਂ ਭੇਖਾਂ ਦੇ ਉੱਲੇਖ ਵਿਚ ਪਾਖੰਡਾਂ ਦੀ ਗਿਣਤੀ 36 ਦਿੱਤੀ ਹੈ—'ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ' (1/19)।

ਛਤੀਹ-ਭੋਜਨ : ਵੇਖੋ 'ਛਤੀਹ ਅੰਮ੍ਰਿਤ'।

ਛਤ੍ਰੀ : ਵੇਖੋ 'ਵਰਣ'।

ਛਪਾਰ ਦਾ ਮੇਲਾ : ਪੰਜਾਬ ਦੇ ਮਾਲਵਾ ਖੇਤਰ ਦਾ ਇਕ ਪ੍ਰਸਿੱਧ ਮੇਲਾ ਜੋ ਲੁਧਿਆਣਾ ਜ਼ਿਲੇ ਦੇ ਛਪਾਰ ਨਾਂ ਦੇ ਪਿੰਡ ਦੀ ਦੱਖਣੀ ਨੁਕਰ ਵਿਚ ਇਕ ਮਾੜੀ 'ਤੇ ਭਾਦੋਂ ਮਹੀਨੇ ਦੀ ਚਾਨਣੀ ਚੌਦਸ ਨੂੰ ਲਗਦਾ ਹੈ। ਤਿੰਨ ਦਿਨ ਖ਼ੂਬ ਗਹਿਮਾ-ਗਹਿਮ ਰਹਿੰਦੀ ਹੈ। ਇਸ ਮੇਲੇ ਦੇ ਪਿਛੋਕੜ ਬਾਰੇ ਮੁੱਖ ਤੌਰ ਤੇ ਦੋ ਰਵਾਇਤਾਂ ਪ੍ਰਚਲਿਤ ਹਨ। ਸ੍ਰੀ

ਦੇਵ ਭਾਰਦਵਾਜ ਅਨੁਸਾਰ ਛਪਾਰ ਪਿੰਡ ਵਿਚ ਲਗਭਗ 250 ਵਰ੍ਹੇ ਪਹਿਲਾਂ ਭਾਦੋਂ ਦੀ ਚਾਨਣੀ ਚੌਦਸ ਨੂੰ ਇਕ ਘਟਨਾ ਵਾਪਰੀ ਸੀ। ਸੇਖੋਂ ਗੋਤ ਦੇ ਇਕ ਕਿਸਾਣ ਦੇ ਘਰ ਇਕ ਵਿਚਿਤ੍ਰ ਬਾਲਕ ਨੇ ਜਨਮ ਲਿਆ ਜਿਸ ਨੂੰ ਉਸ ਦੀ ਮਾਂ ਟੋਕਰੀ ਵਿਚ ਲਿਟਾ ਕੇ ਬੇਰੀ ਦੀ ਛਾਂ ਹੇਠ ਰਖ ਦਿੰਦੀ ਸੀ ਅਤੇ ਆਪ ਖੇਤੀ ਦੇ ਕੰਮ ਵਿਚ ਮਗਨ ਹੋ ਜਾਂਦੀ ਸੀ। ਜਦੋਂ ਪਰਛਾਵਾਂ ਢਲਣ ਨਾਲ ਬੱਚੇ ਦੇ ਮੂੰਹ ਉਤੇ ਧੁੱਪ ਆ ਜਾਂਦੀ ਤਾਂ ਇਕ ਨਾਗ ਬੱਚੇ ਦੇ ਮੂੰਹ ਉਤੇ ਆਪਣੇ ਫੰਨ ਨਾਲ ਛਾਂ ਕਰ ਦਿੰਦਾ। ਇਕ ਵਾਰ ਕਿਸੇ ਰਾਹਗੀਰ ਨੇ ਬੱਚੇ ਨੂੰ ਬਚਾਉਣ ਲਈ ਸੱਪ ਨੂੰ ਮਾਰ ਦਿੱਤਾ। ਕੁਝ ਛਿਣਾਂ ਬਾਦ ਉਹ ਬੱਚਾ ਵੀ ਮਰ ਗਿਆ। ਬਾਦ ਵਿਚ ਬੱਚਾ ਸੁਪਨੇ ਵਿਚ ਆਪਣੀ ਮਾਂ ਨੂੰ ਦਸਦਾ ਹੈ ਕਿ ਉਹ ਗੁੱਗੇ ਦਾ ਅਵਤਾਰ ਸੀ ਅਤੇ ਨਾਗ ਉਸ ਦਾ ਅੰਗ ਰੱਖਿਅਕ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਘਟਨਾ ਵਾਲੀ ਥਾਂ ਤੇ ਇਕ ਗੁੰਬਦ ਉਸਾਰਿਆ ਜਾਵੇ; ਜੋ ਉਥੇ ਸ਼ਰਧਾ ਨਾਲ ਆਵੇਗਾ ਉਸ ਦੀ ਮਨੋ-ਕਾਮਨਾ ਪੂਰੀ ਹੋਵੇਗੀ; ਸੱਪ ਦੇ ਕੱਟੇ ਦਾ ਇਲਾਜ ਹੋਵੇਗਾ; ਨਿਰਸੰਤਾਨਾਂ ਨੂੰ ਸੰਤਾਨ ਦੀ ਪ੍ਰਾਪਤੀ ਹੋਵੇਗੀ। ਇੰਜ ਹਰ ਸਾਲ ਮੇਲਾ ਲੱਗਣ ਦੀ ਪਿਰਤ ਪੈ ਗਈ। ਵਾਰਿਸ ਸ਼ਾਹ ਨੇ 'ਹੀਰ' ਵਿਚ ਸੰਕੇਤ ਕਰਦਿਆਂ ਲਿਖਿਆ ਹੈ—'ਇਕੋ ਬੋਲਦਾ ਪੀਰ ਬਗਦਾਦ ਗੁੱਗਾ, ਮੇਲੇ ਆਣ ਬੈਠਾ ਵਾਰਿਸ ਸ਼ਾਹ ਮੈਨੂੰ।'

ਗਿਆਨੀ ਗੁਰਦਿਤ ਸਿੰਘ ਅਨੁਸਾਰ ਗੁੱਗਾ ਇਕ ਚੌਹਾਨ ਰਾਜਪੂਤ ਸੀ ਜੋ ਗੋਰਖਨਾਥ ਦੇ ਵਰ ਨਾਲ ਪੈਦਾ ਹੋਇਆ। ਗੁੱਗੇ ਦਾ ਪਿਉ ਜੈਮਲ, ਬੀਕਾਨੇਰ ਦਾ ਰਾਜਾ ਸੀ। ਉਸ ਨੇ ਗੁੱਗੇ ਦੀ ਮਾਂ, ਬਾਛਲ, ਦੇ ਚਰਿਤ੍ਰ ਉਤੇ ਸ਼ਕ ਕਰਕੇ ਗੁੱਗੇ ਨੂੰ ਮਹੱਲ ਵਿਚ ਨਾ ਵੜਨ ਦਿੱਤਾ। ਸਮਾਂ ਬੀਤਣ ਨਾਲ ਜਦੋਂ ਗੁੱਗਾ ਜੁਆਨ ਹੋ ਗਿਆ ਤਾਂ ਇਕ ਦਿਨ ਉਹ ਮੱਲੋ-ਚੋਰੀ ਮਹੱਲ ਵਿਚ ਜਾ ਵੜਿਆ। ਉਸ ਦੀ ਕੁੜਮਾਈ ਸਿਲੀਅਰ (ਸ਼ਿਰਿਯਾਲ) ਨਾਂ ਦੀ ਸੁੰਦਰੀ ਨਾਲ ਹੋ ਗਈ ਜੋ ਉਸ ਦੇ ਮਾਸੀ ਦੇ ਪੁੱਤਰਾਂ, ਅਰਜਨ ਅਤੇ ਸੁਰਜਨ, ਨੂੰ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਇਹ ਕੁੜਮਾਈ ਛੁੜਵਾ ਦਿੱਤੀ। ਦੁੱਖੀ ਗੁੱਗੇ ਨੇ ਪੀਰ ਮੰਨਾਏ। ਪੀਰਾਂ ਨੇ ਉਸ ਦੀ ਸਹਾਇਤਾ ਲਈ ਨਾਗ ਭੇਜੇ। ਇਕ ਨਾਗ ਨੇ ਸਿਲੀਅਰ ਨੂੰ ਡੰਗ ਮਾਰਿਆ ਅਤੇ ਖੁਦ ਬੰਦਾ ਬਣ ਕੇ ਉਥੇ ਹੀ ਬੈਠ ਗਿਆ। ਉਸ ਨੇ ਸੱਪ-ਡੰਗੇ ਨੂੰ ਠੀਕ ਕਰਨ ਦੀ ਆਪਣੀ ਸਮਰਥਾ ਦਸੀ। ਸਿਲੀਅਰ ਦੀ ਮਾਂ ਨੇ ਉਸ ਦੇ ਠੀਕ ਹੋ ਜਾਣ ਤੇ ਉਸ ਦਾ ਗੁੱਗੇ ਨਾਲ ਵਿਆਹ ਕਰਨਾ ਮੰਨ ਲਿਆ। ਸਿਲੀਅਰ ਜੀ ਪਈ। ਉਸ ਦਾ ਵਿਆਹ ਗੁੱਗੇ ਨਾਲ ਹੋ ਗਿਆ। ਅਰਜਨ ਤੇ ਸੁਰਜਨ ਗੁੱਗੇ ਨਾਲ ਯੁੱਧ ਕਰਦਿਆਂ ਮਾਰੇ ਗਏ। ਆਪਣੇ ਭਣੇਵਿਆਂ ਨੂੰ ਮਰਿਆਂ ਵੇਖ ਗੁੱਗੇ ਦੀ ਮਾਂ ਬਹੁਤ ਦੁੱਖੀ ਹੋਈ। ਨਮੋਸ਼ੀ ਦੇ ਮਾਰੇ ਗੁੱਗੇ ਨੇ ਧਰਤੀ ਵਿਚ ਗਰਕ ਹੋਣ ਦਾ ਯਤਨ ਕੀਤਾ ਪਰ ਧਰਤੀ ਨੇ ਸਵੀਕਾਰਨੋਂ ਨਾਂਹ ਕਰ ਦਿੱਤੀ ਕਿਉਂਕਿ ਧਰਤੀ ਵਿਚ ਦਫਨ ਤਾਂ ਕੇਵਲ ਮੁਸਲਮਾਨ ਹੁੰਦੇ ਹਨ। ਇਹ ਸੁਣ ਕੇ ਗੁੱਗਾ ਬਠਿੰਡੇ ਕੋਲ ਰਹਿੰਦੇ ਪੀਰ ਹਾਜੀ ਰਤਨ ਪਾਸ ਜਾ ਕੇ ਮੁਸਲਮਾਨ ਬਣਿਆ ਅਤੇ ਘੋੜੇ ਸਮੇਤ ਧਰਤੀ ਵਿਚ ਸਮਾ ਗਿਆ। ਉਥੇ ਹੀ ਬੀਕਾਨੇਰ ਨੇੜੇ ਉਸ ਦੀ ਸਮਾਧ ਬਣਾਈ ਗਈ ਜੋ 'ਮਾੜੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸੇ ਮਾੜੀ ਤੋਂ ਗੁੱਗੇ ਦੇ ਭਗਤਾਂ ਨੇ ਮਿੱਟੀ

ਲਿਆ ਕੇ ਛਪਾਰ ਵਾਲੀ ਮਾੜੀ ਕਾਇਮ ਕੀਤੀ। ਇਸ ਦੀ ਕਾਇਮੀ ਕੁਝ ਵਿਦਵਾਨ ਅਨੁਸਾਰ ਸੰਨ 1833 ਈ. (1890 ਬਿ.) ਵਿਚ ਹੋਈ ਸੀ। ਭਾਈ ਕਾਨ੍ਹ ਸਿੰਘ ਅਨੁਸਾਰ ਗੁੱਗੇ ਦਾ ਜਨਮ ਬੀਕਾਨੇਰ ਰਿਆਸਤ ਦੇ ਓਡੇਰੋ ਪਿੰਡ ਵਿਚ ਅਤੇ ਮ੍ਰਿਤੂ ਤੇਹਰ ਨਗਰ ਵਿਚ ਹੋਈ। ਇਹ ਘਟਨਾ ਈਸਾ ਦੀ ਯਾਰ੍ਹਵੀਂ ਸਦੀ ਦੀ ਮੰਨੀ ਜਾਂਦੀ ਹੈ।

ਹੁਣ ਸ਼ਰਧਾਲੂ ਲੋਕਾਂ ਵਿਚ ਗੁੱਗੇ ਨੂੰ ਸੱਪਾਂ ਦੇ ਸੁਆਮੀ ਵਜੋਂ ਪੂਜਿਆ ਜਾਂਦਾ ਹੈ। ਗੁੱਗੇ ਦੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਦੂਰੋਂ-ਪਾਰੋਂ ਇਕੱਠੇ ਹੋ ਕੇ ਗੁੱਗੇ ਦੀ ਮਾੜੀ ਨੇੜਿਉਂ ਸੱਤ ਵਾਰ ਮਿੱਟੀ ਕੱਢਦੇ ਹਨ ਅਤੇ ਗੁੱਗੇ ਦੀ ਮਿਹਰ ਦੀ ਕਾਮਨਾ ਕਰਦੇ ਹਨ। ਇਸ ਤਰ੍ਹਾਂ ਇਹ ਮੇਲਾ ਸਰਪ-ਪੂਜਾ ਦਾ ਪੁਰਬ (ਪਰਵ) ਬਣ ਗਿਆ ਹੈ। ਸ਼ਰਧਾਲੂ ਲੋਕ ਮੋਰ ਪੰਖਾਂ ਦੇ ਝੰਡੇ ਹੱਥਾਂ ਵਿਚ ਲੈ ਕੇ ਚੌਂਕੀ ਭਰਦਿਆਂ ਉੱਚੀ ਉੱਚੀ ਕਹਿੰਦੇ ਹਨ—'ਗੁੱਗੇ ਰਾਜੇ ਦੇ ਦਰਬਾਰ/ਜਿਥੇ ਧਰੇ ਨਗਾਰੇ ਚਾਰ/ਚੌਂਹੀਂ ਕੂੰਟੀ ਤੇਰਾ ਰਾਜ/ਪਰਜਾ ਵਸੇ ਸੁਖਾਲੀ ਹੋ।' ਮਾੜੀ ਦਾ ਮੁੱਖ ਪੁਜਾਰੀ ਇਸ ਮੌਕੇ 'ਤੇ ਆਪਣੇ ਆਪ ਨੂੰ ਵਿਸ਼ੇਸ਼ ਰੂਪ ਵਿਚ ਸਜਾਉਂਦਾ ਹੈ।

ਭਾਵੇਂ ਮੂਲ ਰੂਪ ਵਿਚ ਇਹ ਮੇਲਾ ਗੁੱਗੇ ਦੇ ਭਗਤਾਂ ਦਾ ਹੈ, ਪਰ ਹੌਲੀ-ਹੌਲੀ ਇਸ ਨੇ ਪੰਜਾਬ ਦੇ ਇਕ ਸਭਿਆਚਾਰਕ ਇਕੱਠ ਦਾ ਰੂਪ ਧਾਰਣ ਕਰ ਲਿਆ ਹੈ। ਇਸ ਵਿਚ ਧਰਮਾਂ ਅਤੇ ਜਾਤਾਂ ਦੀਆਂ ਸੀਮਾਵਾਂ ਤੋਂ ਉੱਚੇ ਉਠ ਕੇ ਸਭ ਲੋਕ ਆਪਣੀ ਭਾਵਨਾਤਮਕ ਏਕਤਾ ਦਾ ਦ੍ਰਿਸ਼ ਪੇਸ਼ ਕਰਦੇ ਹਨ। ਜ਼ਰੂਰੀ ਚੀਜ਼ਾਂ ਦੀ ਖ਼ਰੀਦਾਰੀ ਤੋਂ ਇਲਾਵਾ ਇਥੇ ਲੋਕਾਂ ਦੀਆਂ ਅਨੇਕ ਪ੍ਰਕਾਰ ਦੀਆਂ ਕੁੰਠਿਤ ਭਾਵਨਾਵਾਂ ਅੰਗੜਾਈ ਲੈ ਕੇ ਜਾਗ ਪੈਂਦੀਆਂ ਹਨ। ਇਸ ਮੌਕੇ 'ਤੇ ਨਕਲੀਏ, ਨਚਾਰ ਅਤੇ ਬਾਈਆਂ ਆਪਣੇ ਪਿੜ ਬੰਨ੍ਹਦੇ ਹਨ। ਹੋਰ ਵੀ ਕਈ ਸ਼ੌਕੀਨ ਆਪਣੇ ਕਰਤਬ ਵਿਖਾਉਂਦੇ ਹਨ।

ਇਥੋਂ ਦਾ ਗਿੱਧਾ ਖ਼ਾਸ ਤੌਰ ਤੇ ਪ੍ਰਸਿੱਧ ਹੈ। ਇਸ ਨਾਚ ਦਾ ਜਨਮ ਭਾਵੇਂ ਕਿਤੇ ਹੋਇਆ ਹੋਵੇ, ਪਰ ਇਸ ਦਾ ਵਿਕਾਸ ਛਪਾਰ ਦੇ ਮੇਲੇ ਦੀ ਹੀ ਦੇਣ ਹੈ। ਇਸ ਮੇਲੇ ਵਿਚ ਗਿੱਧਾ ਮੁੰਡਿਆਂ ਦੁਆਰਾ ਹੀ ਪਾਇਆ ਜਾਂਦਾ ਹੈ। ਬੋਲੀਆਂ ਦਾ ਖ਼ੂਬ ਮੁਕਾਬਲਾ ਹੁੰਦਾ ਹੈ। ਆਂਚਲਿਕ ਕਥਾ-ਸਾਹਿੱਤ ਅਤੇ ਲੋਕ-ਗੀਤਾਂ ਵਿਚ ਇਸ ਮੇਲੇ ਦਾ ਉੱਲੇਖ ਆਮ ਹੁੰਦਾ ਹੈ—'ਆਰੀ ਆਰੀ ਆਰੀ/ਮੇਲਾ ਤਾਂ ਛਪਾਰ ਲਗਦਾ, ਜਿਹੜਾ ਲਗਦਾ ਜਗਤ ਤੋਂ ਭਾਰੀ/ਕੱਠ ਮੁਸ਼ਟੰਡਿਆਂ ਦਾ ਉਥੇ ਬੋਤਲਾਂ ਮੰਗਾ ਲੀਆਂ ਚਾਲੀ।'

ਗੁੱਗੇ ਨਾਲ ਸੰਬੰਧਿਤ ਗੁੱਗਾ ਨੌਮੀ ਇਕ ਤਿਉਹਾਰ ਵੀ ਹੈ। ਇਸ ਦਿਨ ਸੇਵੀਆਂ ਨੂੰ, ਹੱਥ ਅਤੇ ਮਸ਼ੀਨ ਦੋਹਾਂ ਢੰਗਾਂ ਨਾਲ ਵਟ ਕੇ, ਸੁਕਾਇਆ, ਭੁੰਨਿਆ ਅਤੇ ਰਿੰਨ੍ਹਿਆ ਜਾਂਦਾ ਹੈ। ਸ਼ਾਇਦ ਇਸ ਕਰਕੇ ਕਿ ਸੇਵੀਆਂ ਦਾ ਆਕਾਰ-ਪ੍ਰਕਾਰ ਸਰਪ-ਆਕਾਰ ਨਾਲ ਮੇਲ ਖਾਂਦਾ ਹੈ। ਉਸ ਦਿਨ ਸਹਿਆਂ ਜਾਂ ਸੱਪਾਂ ਦੀਆਂ ਸੰਭਾਵੀ ਖੁੱਡਾਂ/ਵਰਮੀਆਂ ਉਤੇ ਕੱਚੀ ਲੱਸੀ ਵੀ ਪਾਈ ਜਾਂਦੀ ਹੈ ਕਿ ਗੁੱਗਾ ਪੀਰ ਖ਼ੁਸ਼ ਰਹੇ। ਗੁੱਗੇ ਨੂੰ ਮਨਾਉਣ ਸੰਬੰਧੀ ਅਨੇਕ ਲੋਕ-ਗੀਤ ਪ੍ਰਚਲਿਤ ਹਨ।

ਛੜਿਆਂ ਦਾ ਰਾਹ : ਵੇਖੋ 'ਆਕਾਸ਼-ਗੰਗਾ'।

ਛਿਹਰਟਾ : ਇਕ ਸਿੱਖ ਧਰਮ-ਧਾਮ ਜਿਸ ਦਾ ਸੰਬੰਧ ਗੁਰੂ ਅਰਜਨ ਦੇਵ ਨਾਲ ਹੈ। ਗੁਰੂ ਅਰਜਨ ਦੇਵ ਨੇ ਵਡਾਲੀ ਪਿੰਡ ਨੇੜੇ ਇਕ ਵੱਡਾ ਖੂਹ ਪੁਟਵਾਇਆ ਤਾਂ ਜੋ ਲੋਕਾਂ ਨੂੰ ਪੀਣ ਦੇ ਪਾਣੀ ਦੀ ਸਹੂਲਤ ਹੋ ਸਕੇ। ਇਸ ਖੂਹ ਉੱਤੇ ਛੇ ਹਰਟ ਚਲਦੇ ਸਨ। ਛੇ ਹਰਟਾਂ ਦੇ ਚਲਣ ਕਾਰਣ ਇਸ ਖੂਹ ਨੂੰ 'ਛਿਹਰਟਾ' ਕਿਹਾ ਜਾਣ ਲਗਾ। ਇਥੇ ਗੁਰੂ ਸਾਹਿਬ ਦੀ ਯਾਦ ਵਿਚ ਬਣੇ ਗੁਰੂ-ਧਾਮ ਅਤੇ ਵਸੋਂ ਨੂੰ ਵੀ 'ਛਿਹਰਟਾ' ਕਿਹਾ ਜਾਣ ਲਗਾ। ਇਥੇ ਹਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ ਨੂੰ ਮੇਲਾ ਲਗਦਾ ਹੈ, ਪਰ ਮਾਘ ਸੁਦੀ ਪੰਚਮੀ ਦੀ ਬਹੁਤ ਮਾਨਤਾ ਕਾਰਣ ਉਸ ਦਿਨ ਉਥੇ ਬਹੁਤ ਭਾਰੀ ਮੇਲਾ ਲਗਦਾ ਹੈ ਜਿਸ ਵਿਚ ਸ਼ਾਮਲ ਹੋਣ ਲਈ ਦੂਰ-ਦੂਰ ਤੋਂ ਲੋਕੀਂ ਅਤੇ ਸ਼ਰਧਾਲੂ ਆਉਂਦੇ ਹਨ।

ਛੀਰ-ਸਾਗਰ : ਵੇਖੋ 'ਖੀਰ-ਸਮੁੰਦਰ'।

ਛੇ-ਦਰਸ਼ਨ : ਵੇਖੋ 'ਖਟ-ਦਰਸ਼ਨ'।

ਜ

ਜਸਰਥ : ਵੇਖੋ 'ਦਸ਼ਰਥ'।

ਜਹਾਂਗੀਰ, ਬਾਦਸ਼ਾਹ : ਭਾਰਤ ਦਾ ਚੌਥਾ ਮੁਗ਼ਲ ਬਾਦਸ਼ਾਹ ਜੋ ਅਕਬਰ ਬਾਦਸ਼ਾਹ ਦੇ ਘਰ ਬਿਹਾਰੀ ਮੱਲ ਕਛਵਾਹੇ ਰਾਜਪੂਤ ਦੀ ਪੁੱਤਰੀ ਜੋਧਬਾਈ (ਮਰੀਅਮ ਜ਼ਮਾਨੀ) ਦੀ ਕੁੱਖੋਂ 31 ਅਗਸਤ, 1569 ਵਿਚ ਫ਼ਤਹਿਪੁਰ ਸੀਕਰੀ ਵਿਚ ਪੈਦਾ ਹੋਇਆ। ਇਸ ਦਾ ਜਨਮ ਚੂੰਕਿ ਸੀਕਰੀ ਦੇ ਪ੍ਰਸਿੱਧ ਫ਼ਕੀਰ ਸ਼ੇਖ਼ ਸਲੀਮ ਚਿਸ਼ਤੀ ਦੀ ਦੁਆ ਨਾਲ ਹੋਇਆ ਸੀ, ਇਸ ਲਈ ਸ਼ਹਿਜ਼ਾਦੇ ਦਾ ਨਾਂ ਸਲੀਮ ਰਖਿਆ ਗਿਆ। 30 ਵਰ੍ਹਿਆਂ ਦੀ ਉਮਰ ਵਿਚ ਇਸ ਨੇ ਕੁਝ ਦਰਬਾਰੀਆਂ ਦੇ ਬਹਿਕਾਵੇ ਤੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੀ ਯੋਜਨਾ ਬਣਾਈ ਅਤੇ ਸੰਨ 1599 ਈ. ਵਿਚ ਇਲਾਹਾਬਾਦ ਵਿਚ ਬਗ਼ਾਵਤ ਕਰ ਦਿੱਤੀ। ਆਪਣੇ ਪਿਤਾ ਤੋਂ ਰਾਜ ਅਧਿਕਾਰ ਖੋਹਣ ਲਈ ਆਗਰੇ ਉਤੇ ਹਮਲਾ ਕਰਨ ਦੀ ਮਨਸ਼ਾ ਨਾਲ ਅਗੇ ਵਧਿਆ, ਪਰ ਸਫਲ ਨਾ ਹੋ ਸਕਿਆ। ਕੁਝ ਸਮੇਂ ਬਾਦ ਬੈਰਮ ਖ਼ਾਂ ਦੀ ਵਿਧਵਾ ਬੇਗਮ ਸੁਲੀਮਾ ਸੁਲਤਾਨ ਦੀ ਵਿਚੋਲਗੀ ਸਦਕਾ ਪਿਉ-ਪੁੱਤਰ ਵਿਚ ਸੁਲਹ ਹੋ ਗਈ। ਪਰ ਇਸੇ ਦੌਰਾਨ ਜਹਾਂਗੀਰ ਨੇ ਅਕਬਰ ਦੇ ਵਿਸ਼ਵਸਤ ਮੰਤਰੀ ਅਬੁਲਫ਼ਜ਼ਲ ਨੂੰ ਸ਼ਕ ਦੀ ਬਿਨਾ ਤੇ ਕਤਲ ਕਰਵਾ ਦਿੱਤਾ।

ਸੰਨ 1605 ਈ. ਵਿਚ ਅਕਬਰ ਦੀ ਮ੍ਰਿਤੂ ਹੋ ਗਈ ਅਤੇ ਜਹਾਂਗੀਰ 'ਅਬੁਲ ਮੁਜ਼ੱਫ਼ਰ ਨੂਰੁੱਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ-ਏ-ਗ਼ਾਜ਼ੀ' ਦੇ ਨਾਂ ਨਾਲ ਰਾਜ-ਗੱਦੀ ਉਤੇ ਬੈਠਾ। ਇਕ ਵਰ੍ਹੇ ਬਾਦ ਹੀ ਜਹਾਂਗੀਰ ਦਾ ਪੁੱਤਰ ਖੁਸਰੋ ਬਾਗ਼ੀ ਹੋ ਗਿਆ, ਪਰ ਸੱਤਾ ਹਥਿਆਉਣ ਵਿਚ ਕਾਮਯਾਬ ਨਾ ਹੋ ਸਕਿਆ। ਅੰਤ ਵਿਚ ਉਸ ਨੂੰ ਚਨਾਬ ਦਰਿਆ ਦੇ ਕੰਢੇ ਤੋਂ ਪਕੜ ਲਿਆ ਗਿਆ। ਉਸ ਦੇ ਸਾਥੀਆਂ ਨੂੰ ਕਤਲ ਕਰਵਾ ਦਿੱਤਾ ਗਿਆ

ਅਤੇ ਉਸ ਦੀਆਂ ਅੱਖਾਂ ਮਿਲਵਾ ਦਿੱਤੀਆਂ ਗਈਆਂ। ਅਨੇਕ ਪ੍ਰਕਾਰ ਦੇ ਦੁੱਖ ਸਹਿੰਦੇ ਹੋਇਆਂ ਉਸ ਦਾ ਦੇਹਾਂਤ ਸੰਨ 1623 ਈ. ਵਿਚ ਹੋਇਆ।

ਕਹਿੰਦੇ ਹਨ ਕਿ ਖੁਸਰੋ ਬਾਗ਼ੀ ਹੋਣ ਉਪਰੰਤ ਗੁਰੂ ਅਰਜਨ ਦੇਵ ਕੋਲ ਅਸੀਸ ਲੈਣ ਲਈ ਆਇਆ। ਗੁਰੂ ਜੀ ਦੇ ਵਿਰੋਧੀਆਂ ਨੇ ਇਸ ਮੌਕੇ ਦਾ ਲਾਭ ਉਠਾ ਕੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ ਕਿ ਗੁਰੂ ਜੀ ਨੇ ਖੁਸਰੋ ਨੂੰ ਅਸੀਸ ਹੀ ਨਹੀਂ ਦਿੱਤੀ, ਮਾਇਕ ਸਹਾਇਤਾ ਵੀ ਕੀਤੀ ਹੈ। ਜਹਾਂਗੀਰ ਅਗੇ ਹੀ ਗੁਰੂ ਜੀ ਦੀ ਸ਼ੋਹਰਤ ਤੋਂ ਪਰੇਸ਼ਾਨ ਸੀ। ਇਸ ਲਈ ਬਾਗ਼ੀ ਨੂੰ ਪਨਾਹ ਦੇਣ ਦਾ ਬਹਾਨਾ ਬਣਾ ਕੇ ਗੁਰੂ ਜੀ ਨੂੰ ਅਨੇਕ ਪ੍ਰਕਾਰ ਦੇ ਦੁੱਖ ਦੇ ਕੇ ਸ਼ਹੀਦ ਕਰਾ ਦਿੱਤਾ।

ਰਾਜ-ਗੱਦੀ ਉਤੇ ਬੈਠਣ ਤੋਂ ਲਗਭਗ ਛੇ ਵਰ੍ਹੇ ਬਾਦ ਜਹਾਂਗੀਰ ਨੇ ਈਰਾਨ ਦੇ ਵਪਾਰੀ ਮਿਰਜ਼ਾ ਗ਼ਯਾਸ ਬੇਗ ਦੀ ਪੁੱਤਰੀ ਨੂਰਜਹਾਂ ਨਾਲ, ਉਸ ਦੇ ਪਤੀ ਸ਼ੇਰ ਅਫ਼ਗ਼ਨ ਖ਼ਾਂ ਦਾ ਕਤਲ ਕਰਵਾ ਕੇ, ਵਿਆਹ ਕਰ ਲਿਆ। ਵਿਆਹ ਤੋਂ ਬਾਦ ਰਾਜ ਦਾ ਬਹੁਤਾ ਕੰਮ-ਕਾਰ ਨੂਰਜਹਾਂ ਹੀ ਚਲਾਉਂਦੀ ਰਹੀ। ਇਸ ਪੱਖੋਂ ਉਹ ਬਹੁਤ ਕਾਮਯਾਬ ਸਾਬਤ ਹੋਈ। ਸੰਨ 1623 ਈ. ਵਿਚ ਸ਼ਹਿਜ਼ਾਦਾ ਖ਼ੁੱਰਮ ਨੇ ਬਗ਼ਾਵਤ ਕੀਤੀ, ਪਰ ਸੈਨਾ-ਨਾਇਕ ਮਹਾਬਤ ਖ਼ਾਂ ਨੇ ਉਸ ਨੂੰ ਦਬਾ ਦਿੱਤਾ। ਸੰਨ 1626 ਈ. ਵਿਚ ਖ਼ੁੱਰਮ ਅਤੇ ਮਹਾਬਤ ਖ਼ਾਂ ਨੇ ਮਿਲ ਕੇ ਬਗ਼ਾਬਤ ਕਰਨ ਦੀ ਯੋਜਨਾ ਬਣਾਈ, ਪਰ ਉਸ ਦੇ ਸਿਰੇ ਚੜ੍ਹਨ ਤੋਂ ਪਹਿਲਾਂ ਜਹਾਂਗੀਰ ਦੀ 28 ਅਕਤੂਬਰ, 1627 ਈ. ਨੂੰ ਮ੍ਰਿਤੂ ਹੋ ਗਈ ਅਤੇ ਇਸ ਤਰ੍ਹਾਂ ਮੁਗ਼ਲ ਦਰਬਾਰ ਵਿਚ ਨੂਰਜਹਾਂ ਦਾ ਦਬਦਬਾ ਖ਼ਤਮ ਹੋ ਗਿਆ।

ਜਹਾਂਗੀਰ ਸ਼ੁਰੂ ਵਿਚ ਧਾਰਮਿਕ ਕੱਟੜਪੁਣੇ ਤੋਂ ਪ੍ਰਭਾਵਿਤ ਰਿਹਾ, ਪਰ ਬਾਦ ਵਿਚ ਉਹ ਜਬਰ ਅਤੇ ਜ਼ੁਲਮ ਦੀ ਥਾਂ ਨਿਆਇਸ਼ੀਲਤਾ ਵਲ ਝੁਕਿਆ ਅਤੇ ਨਿਆਂ ਹਾਸਲ ਕਰਨ ਦੇ ਚਾਹਵਾਨ ਲੋਕਾਂ ਜਾਂ ਫ਼ਰਿਆਦੀਆਂ ਦੀ ਸਹੂਲਤ ਲਈ ਆਪਣੇ ਮਹੱਲ ਦੇ ਮੁੱਖ ਦੁਆਰ ਤੇ ਇਕ ਘੰਟੀ ਦੀ ਵਿਵਸਥਾ ਕਰ ਦਿੱਤੀ ਜਿਸ ਦੇ ਵਜਣ ਤੇ ਉਹ ਖ਼ੁਦ ਫ਼ਰਿਆਦੀ ਦੀ ਗੱਲ ਸੁਣਨ ਲਈ ਬਾਹਰ ਆਉਂਦਾ ਸੀ। ਇਹ ਸ਼ਿਕਾਰ ਅਤੇ ਸੈਰ ਸਪਾਟੇ ਵਿਚ ਬਹੁਤ ਰੁਚੀ ਰਖਦਾ ਸੀ ਅਤੇ ਕਲਾ ਤੇ ਸਾਹਿੱਤ ਨੂੰ ਵੀ ਉੱਨਤ ਕਰਨ ਦੀ ਇੱਛਾ ਰਖਦਾ ਸੀ। ਸ਼ਰਾਬ ਪੀਣਾ ਇਸ ਦੀ ਸਭ ਤੋਂ ਵੱਡੀ ਕੰਮਜ਼ੋਰੀ ਸੀ ਜਿਸ ਕਰਕੇ ਇਹ ਰਾਜਸੀ ਜ਼ਿੰਮੇਵਾਰੀਆਂ ਤੋਂ ਵੀ ਕਈ ਵਾਰ ਬੇਮੁਖ ਹੋ ਜਾਂਦਾ ਰਿਹਾ ਹੈ।

ਜਹੰਨਮ : ਵੇਖੋ 'ਦੋਜ਼ਖ਼'।

ਜ਼ਕਰੀਆ, ਪੈਗ਼ੰਬਰ : ਇਕ ਪੈਗ਼ੰਬਰ ਜੋ ਹਜ਼ਰਤ ਈਸਾ ਤੋਂ ਕੁਝ ਸਮਾਂ ਪਹਿਲਾਂ ਹੋਇਆ ਸੀ। ਯਹੂਦੀਆਂ ਦਾ ਇਸ ਨਾਲ ਸ਼ੁਰੂ ਤੋਂ ਵਿਰੋਧ ਸੀ। ਇਸ ਦਾ ਇਕ ਕਾਰਣ ਇਹ ਸੀ ਕਿ ਯਹੂਦੀਆਂ ਨੂੰ ਸ਼ੱਕ ਹੋ ਗਿਆ ਕਿ ਹਜ਼ਰਤ ਈਸਾ ਦੀ ਮਾਤਾ ਮਰੀਅਮ ਨੂੰ ਕੰਵਾਰੀ ਅਵਸਥਾ ਵਿਚ ਗਰਭ ਠਹਿਰਾਉਣ ਵਾਲਾ ਜ਼ਕਰੀਆ ਹੀ ਸੀ ਕਿਉਂਕਿ ਮਰੀਅਮ ਉਦੋਂ ਯੇਰੋਸ਼ਲਮ ਵਿਚ ਜ਼ਕਰੀਏ ਕੋਲ ਹੀ ਸੇਵਿਕਾ ਦੇ ਰੂਪ ਵਿਚ ਰਹਿੰਦੀ ਸੀ। ਦੂਜਾ ਕਾਰਣ ਇਹ ਸੀ ਕਿ ਇਸ ਦੀ ਵਿਚਾਰਧਾਰਾ ਅਤੇ ਪ੍ਰਚਾਰ ਤੋਂ ਯਹੂਦੀ ਲੋਕ ਬਹੁਤ ਵੱਟ ਖਾਂਦੇ ਸਨ। ਆਖ਼ਰ ਉਨ੍ਹਾਂ ਨੇ ਇਸ ਨੂੰ ਖ਼ਤਮ ਕਰਨ ਦਾ

ਫ਼ੈਸਲਾ ਕਰ ਲਿਆ। ਜਦੋਂ ਜ਼ਕਰੀਆ ਨੂੰ ਇਸ ਗੱਲ ਦੀ ਸੂਹ ਲਗੀ ਤਾਂ ਜਾਨ ਬਚਾ ਕੇ ਖਿਸਕ ਗਿਆ।

ਭਜਦੇ ਜਾਂਦੇ ਨੂੰ ਰਸਤੇ ਵਿਚ ਇਕ ਬੋਹੜ ਦਾ ਵੱਡਾ ਦਰਖ਼ਤ ਦਿਸਿਆ। ਰੱਬ ਦੀ ਮਿਹਰ ਨਾਲ ਉਸ ਬੋਹੜ ਦਾ ਮੋਟਾ ਤਣਾ ਖੁਲ੍ਹ ਗਿਆ ਅਤੇ ਜ਼ਕਰੀਆ ਉਸ ਵਿਚ ਬੈਠ ਗਿਆ। ਦਰਖ਼ਤ ਦਾ ਤਣਾ ਫਿਰ ਪਹਿਲਾਂ ਵਾਂਗ ਭਿਚ ਗਿਆ ਅਤੇ ਜ਼ਕਰੀਆ ਇਲਾਹੀ ਬੰਦਗੀ ਵਿਚ ਲੀਨ ਹੋ ਗਿਆ। ਪਰ ਹਜ਼ਰਤ ਦੇ ਬਸਤ੍ਰ ਦੀ ਕੋਈ ਚੂਕ ਬਾਹਰ ਰਹਿ ਗਈ। ਜਦੋਂ ਯਹੂਦੀ ਇਸ ਦਾ ਪਿਛਾ ਕਰਦੇ ਹੋਏ ਬੋਹੜ ਕੋਲ ਪਹੁੰਚੇ ਤਾਂ ਉਨ੍ਹਾਂ ਨੇ ਕਪੜੇ ਦੀ ਚੂਕ ਨੂੰ ਪਛਾਣ ਲਿਆ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਦਰਖ਼ਤ ਨੂੰ ਆਰੇ ਨਾਲ ਚੀਰ ਦਿੱਤਾ ਜਾਏ। ਜਦੋਂ ਦਰਖ਼ਤ ਨੂੰ ਆਰੇ ਨਾਲ ਚੀਰਿਆ ਗਿਆ ਤਾਂ ਜ਼ਕਰੀਆ ਵੀ ਨਾਲ ਹੀ ਚੀਰ ਦਿੱਤਾ ਗਿਆ। ਚੀਰੇ ਜਾਣ ਦੀ ਸਾਰੀ ਪ੍ਰਕ੍ਰਿਆ ਵੇਲੇ ਇਸ ਨੇ ਸੀ ਤਕ ਨਾ ਕੀਤੀ ਅਤੇ ਰੱਬ ਦੀ ਬੰਦਗੀ ਵਿਚ ਮਗਨ ਰਿਹਾ। ਅਲੀ ਹੈਦਰ ਨੇ ਇਸ ਘਟਨਾ ਦਾ ਹਵਾਲਾ ਦਿੰਦਿਆਂ ਕਿਹਾ ਹੈ—'ਜ਼ਕਰੀਆ ਯਾਰ ਦਾ ਵਿਰਦ ਕਮਾਵੇ, ਆਰੇ ਹੇਠ ਚੀਰੇ'ਦਿਆਂ ਨੂੰ।'

ਜ਼ਕ੍ਹਾਤ : ਇਸਲਾਮ ਦੇ ਪੰਜ ਧਾਰਮਿਕ ਪ੍ਰਤਿਬੰਧਾਂ ਵਿਚੋਂ ਇਕ ਜਿਸ ਨੂੰ ਸ਼ਰੀਅਤ ਦੇ ਅੰਤਰਗਤ ਮੰਨਿਆ ਜਾਂਦਾ ਹੈ। ਆਮ ਤੌਰ ਤੇ ਇਸ ਦਾ ਭਾਵ ਹੈ ਧਾਰਮਿਕ ਕਰ, ਅਰਥਾਤ ਧਰਮ-ਅਰਥ ਕਾਰਜਾਂ ਲਈ ਆਪਣੀ ਮਾਲੀਅਤ ਜਾਂ ਆਮਦਨ ਵਿਚੋਂ ਕੁੱਝ ਹਿੱਸਾ ਵੱਖਰਾ ਕਰਨਾ। 'ਜ਼ਕ੍ਹਾਤ' ਦਾ ਸ਼ਾਬਦਿਕ ਅਰਥ ਹੈ ਪਵਿੱਤਰਤਾ, ਸ਼ੁੱਧੀ। ਧਾਰਮਿਕ ਮਾਨਤਾ ਅਨੁਸਾਰ ਆਮਦਨ ਵਿਚੋਂ 'ਜ਼ਕ੍ਹਾਤ' ਕੱਢ ਦਿੱਤੇ ਜਾਣ ਨਾਲ ਬਾਕੀ ਧਨ-ਮਾਲ ਪਵਿੱਤਰ ਹੋ ਜਾਂਦਾ ਹੈ। ਜੋ ਮੁਸਲਮਾਨ ਜ਼ਕ੍ਹਾਤ ਨਹੀਂ ਕਢਦਾ ਉਸ ਦਾ ਧਨ-ਮਾਲ ਪਵਿੱਤਰ ਨਹੀਂ ਮੰਨਿਆ ਜਾਂਦਾ।

'ਕੁਰਾਨ' (ਸੂਰਤ ਬਕ੍ਰ) ਵਿਚ ਇਸ ਮਰਯਾਦਾ ਦੀ ਪਾਲਣਾ ਦਾ ਜ਼ਿਕਰ ਹੈ। ਪਰ ਜ਼ਕ੍ਹਾਤ ਦਾ ਹਿੱਸਾ ਕਿਤਨਾ ਹੈ, ਇਸ ਬਾਰੇ ਕੋਈ ਉੱਲੇਖ ਨਹੀਂ। ਹਦੀਸਾਂ ਵਿਚ ਜ਼ਕ੍ਹਾਤ ਬਾਰੇ ਕਾਫ਼ੀ ਵੇਰਵੇ ਮਿਲ ਜਾਂਦੇ ਹਨ। ਇਹ ਉਸ ਮਾਲ ਤੇ ਲਗਾਇਆ ਇਕ ਪ੍ਰਕਾਰ ਦਾ ਧਾਰਮਿਕ ਕਰ ਹੈ, ਜੋ ਕਿਸੇ ਵਿਅਕਤੀ ਦੇ ਕਬਜ਼ੇ ਵਿਚ ਘਟ-ਘਟ ਇਕ ਸਾਲ ਰਿਹਾ ਹੋਵੇ। ਇਸ ਤੋਂ ਘਟ ਸਮੇਂ ਰਹਿਣ ਵਾਲੇ ਮਾਲ ਤੇ ਜ਼ਕ੍ਹਾਤ ਨਹੀਂ ਲਗਾਈ ਜਾਂਦੀ। ਹਰ ਇਕ ਵਸਤੂ ਉਤੇ ਜ਼ਕ੍ਹਾਤ ਲਗਾਉਣ ਵੇਲੇ ਕੁਝ ਛੋਟਾਂ ਵੀ ਹਨ ਜਿਵੇਂ ਜਿਸ ਵਿਅਕਤੀ ਪਾਸ ਚਾਰ ਊਠ ਹੋਣ ਉਸ ਉਪਰ ਕੋਈ ਜ਼ਕ੍ਹਾਤ ਨਹੀਂ ਪਰ ਜਿਸ ਕੋਲ ਪੰਜ ਊਠ ਹੋਣ ਉਸ ਨੂੰ ਇਕ ਬਕਰਾ ਜਾਂ ਭੇਡ ਜ਼ਕ੍ਹਾਤ ਵਜੋਂ ਦੇਣੀ ਪੈਂਦੀ ਹੈ। ਇਸੇ ਤਰ੍ਹਾਂ ਹੋਰਨਾਂ ਪਸ਼ੂਆਂ ਬਾਰੇ ਵੀ ਜ਼ਕ੍ਹਾਤ ਨਿਸ਼ਚਿਤ ਹੈ। ਦੋ ਸੌ ਦਿਰਮ (ਚਾਂਦੀ ਦਾ ਇਕ ਸਿੱਕਾ) ਤਕ ਜ਼ਕ੍ਹਾਤ ਮਾਫ਼ ਹੈ, ਪਰ ਜੇ ਇਸ ਤੋਂ ਵੱਧ ਹੋਵੇ ਤਾਂ 5 ਪ੍ਰਤਿਸ਼ਤ ਜ਼ਕ੍ਹਾਤ ਦੇਣੀ ਹੁੰਦੀ ਹੈ। ਇਸੇ ਤਰ੍ਹਾਂ ਸੋਨੇ ਦੇ ਸਿੱਕਿਆਂ ਉਤੇ ਵੀ ਜ਼ਕ੍ਹਾਤ ਦੀ ਵਿਵਸਥਾ ਹੈ। ਦੋ ਸੌ ਦਿਰਮ ਤੋਂ ਵੱਧ ਮਾਲੀਅਤ ਦੇ ਘਰ ਦੇ ਸਾਮਾਨ ਤੇ ਜੋ ਵਰਤੋਂ ਵਿਚ ਨਹੀਂ ਆਉਂਦਾ, ਢਾਈ ਪ੍ਰਤਿਸ਼ਤ ਜ਼ਕ੍ਹਾਤ ਦੇਣੀ ਪੈਂਦੀ ਹੈ।

ਜ਼ਕ਼ਾਤ ਨੂੰ ਵੰਡਣ ਲਈ ਵੀ ਹਦੀਸਾਂ ਵਿਚ ਹਦਾਇਤਾਂ ਦਿੱਤੀਆਂ ਹੋਈਆਂ ਹਨ। ਮੁੱਖ ਤੌਰ ਤੇ ਇਸ ਨੂੰ ਸੱਤ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਇਕ ਹਿੱਸਾ ਫ਼ਕੀਰਾਂ ਵਿਚ, ਦੂਜਾ ਅਨਾਥਾਂ ਵਿਚ, ਤੀਜਾ ਜ਼ਕ਼ਾਤ ਉਗਰਾਉਣ ਵਾਲਿਆਂ ਵਿਚ, ਚੌਥਾ ਗ਼ੁਲਾਮਾਂ ਨੂੰ ਮੁਕਤ ਕਰਾਉਣ ਵਿਚ, ਪੰਜਵਾਂ ਕਰਜ਼ਦਾਰਾਂ ਦਾ ਕਰਜ਼ ਚੁਕਾਉਣ ਵਿਚ, ਛੇਵਾਂ ਧਰਮ-ਯੁੱਧ ਵਿਚ ਅਤੇ ਸੱਤਵਾਂ ਧਨ-ਹੀਨ ਮੁਸਾਫ਼ਰਾਂ ਵਿਚ।

ਹੁਣ ਪ੍ਰਚਲਿਤ ਰਵਾਇਤ ਅਨੁਸਾਰ ਆਮਦਨ ਦਾ 40ਵਾਂ ਹਿੱਸਾ ਜ਼ਕ਼ਾਤ ਲਈ ਕਢਿਆ ਜਾਂਦਾ ਹੈ। ਸੂਫ਼ੀ ਸਾਧਕ ਜਾਂ ਦਰਵੇਸ਼ ਇਸ ਨੂੰ ਸ਼ਰੀਅਤ ਦੀ ਜ਼ਕ਼ਾਤ ਕਹਿੰਦੇ ਹਨ। ਤਰੀਕਤ ਦੀ ਜ਼ਕ਼ਾਤ ਵਿਚ ਕੇਵਲ 40ਵਾਂ ਹਿੱਸਾ ਆਪਣੇ ਕੋਲ ਰਖਿਆ ਜਾਂਦਾ ਹੈ ਅਤੇ ਬਾਕੀ 39 ਹਿੱਸਿਆਂ ਦੀ ਜ਼ਕ਼ਾਤ ਦਿੱਤੀ ਜਾਂਦੀ ਹੈ। ਹਕੀਕਤ ਦੀ ਜ਼ਕ਼ਾਤ ਵਿਚ ਸਭ ਕੁਝ ਰੱਬ ਦੇ ਨਾਂ 'ਤੇ ਦਾਨ ਕਰ ਦਿੱਤਾ ਜਾਂਦਾ ਹੈ। ਸੁਲਤਾਨ ਬਾਹੂ ਨੇ ਸੱਚੀ ਸਾਧਨਾ ਨੂੰ ਜ਼ਕ਼ਾਤ ਨਾਲੋਂ ਅਧਿਕ ਮਹੱਤਵ ਦਿੱਤਾ ਹੈ—'ਬਾਝੋਂ ਕ਼ਲਬ ਹਜ਼ੂਰ ਨਾ ਹੋਵੇ, ਤੋੜੇ ਕੱਢਣ ਸੈ ਜ਼ਕ਼ਾਤਾਂ ਹੂ।'

ਜ਼ੱਖ : ਵੇਖੋ 'ਜਕ੍ਸ਼'।

ਜਗਨਨਾਥ : ਵੇਖੋ 'ਜਗੰਨਾਥ'।

ਜਗਮਾਤਾ : ਦੇਵੀ ਦਾ ਇਕ ਨਾਮਾਂਤਰ। ਵੇਖੋ 'ਦੇਵੀ'।

ਜਗਰਾਉਂ ਦੀ ਰੌਸ਼ਨੀ : ਜਗਰਾਉਂ ਲੁਧਿਆਣਾ ਜ਼ਿਲੇ ਦੀ ਇਕ ਤਹਿਸੀਲ ਅਤੇ ਨਗਰ ਦਾ ਨਾਂ ਹੈ। ਇਸ ਨੂੰ ਰਾਇ ਕਮਾਲੁੱਦੀਨ ਨੇ ਸਤਾਰ੍ਹਵੀਂ ਸਦੀ ਦੇ ਮੱਧ ਵਿਚ ਆਬਾਦ ਕੀਤਾ ਸੀ। ਇਸ ਦੇ ਪੁੱਤਰ ਰਾਇ ਕਲ੍ਹਾ ਉਤੇ ਗੁਰੂ ਗੋਬਿੰਦ ਸਿੰਘ ਦੀ ਬੜੀ ਕ੍ਰਿਪਾ ਸੀ ਕਿਉਂਕਿ ਮਾਛੀਵਾੜੇ ਤੋਂ 'ਉਚ ਕਾ ਪੀਰ' (ਵੇਖੋ) ਬਣ ਕੇ ਨਿਕਲੇ ਗੁਰੂ ਸਾਹਿਬ ਦੀ ਇਸ ਨੇ ਬਹੁਤ ਸੇਵਾ ਕੀਤੀ ਅਤੇ ਆਪਣੇ ਘਰ ਠਹਿਰਾਇਆ। ਸਰਹਿੰਦ ਵਿਚ ਸ਼ਹੀਦ ਹੋਏ ਨਿੱਕੇ ਸਾਹਿਬਜ਼ਾਦਿਆਂ ਦਾ ਦੁੱਖਦ ਸਮਾਚਾਰ ਵੀ ਇਸੇ ਨੇ ਆਪਣੇ ਸਾਧਨਾਂ ਰਾਹੀਂ ਪ੍ਰਾਪਤ ਕਰਕੇ ਗੁਰੂ ਜੀ ਤਕ ਪਹੁੰਚਾਇਆ। ਗੁਰੂ ਜੀ ਵਲੋਂ ਇਸ ਨੂੰ ਬਖ਼ਸ਼ੀ ਇਕ ਤਲਵਾਰ ਪਹਿਲਾਂ ਇਸ ਦੇ ਪਰਿਵਾਰ ਪਾਸ ਰਹੀ ਪਰ ਬਾਦ ਵਿਚ ਨਾਭਾ ਰਿਆਸਤ ਦੇ ਰਾਜਾ ਜਸਵੰਤ ਸਿੰਘ (1783-1840 ਈ.) ਨੇ ਮਲੇਰਕੋਟਲੇ ਦੇ ਨਵਾਬ ਦੀ ਸਹਾਇਤਾ ਨਾਲ ਗੁਰਦੁਆਰਾ ਸਿਰੋਪਾਉ (ਕਿਲਾ ਨਾਭਾ) ਵਿਚ ਸੰਭਾਲ ਦਿੱਤੀ।

ਇਸ ਨਗਰ ਵਿਚ ਹਰ ਸਾਲ 13, 14 ਅਤੇ 15 ਫੱਗਣ ਨੂੰ ਇਕ ਭਾਰੀ ਮੇਲਾ ਲਗਦਾ ਹੈ। ਇਸ ਮੇਲੇ ਦਾ ਆਰੰਭ ਕਦ ਹੋਇਆ, ਇਸ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦਾ। ਅਨੁਮਾਨ ਹੈ ਕਿ ਇਸ ਦਾ ਆਰੰਭ ਇਕ ਸੂਫ਼ੀ ਫ਼ਕੀਰ ਮੋਹਕਮਦੀਨ (ਨਾਮਾਂਤਰ ਧੌਣਿਆਂ ਵਾਲਾ ਫ਼ਕੀਰ) ਦੇ ਮਜ਼ਾਰ ਉਤੇ ਆਪਣੀਆਂ ਮਨੋਕਾਮਨਾਵਾਂ ਅਤੇ ਸੁਖਣਾਂ ਪੂਰੀਆਂ ਹੋਣ 'ਤੇ ਸ਼ਰਧਾਲੂਆਂ ਵੱਲੋਂ ਭਰੀਆਂ ਚੌਕੀਆਂ ਤੋਂ ਹੋਇਆ ਹੈ। ਲੋਕਾਂ ਦੀਆਂ ਮਨੋਕਾਮਨਾਵਾਂ ਵਿਚੋਂ ਮੁੱਖ ਹੈ ਪੁੱਤਰ-ਪ੍ਰਾਪਤੀ। ਇਹ ਪਰੰਪਰਾ ਲਗਭਗ ਦੋ ਸੌ ਵਰ੍ਹੇ ਪੁਰਾਣੀ ਦਸੀ ਜਾਂਦੀ ਹੈ।

ਇਸ ਮੇਲੇ ਦਾ ਮੂਲਾਧਾਰ ਭਾਵੇਂ ਮੁਸਲਮਾਨੀ ਹੈ, ਪਰ ਹੁਣ ਇਹ ਪੰਜਾਬੀਆਂ ਦੇ

ਸਭਿਆਚਾਰ ਦਾ ਪ੍ਰਤੀਕ ਬਣ ਗਿਆ ਹੈ। ਇਸ ਮੌਕੇ ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਤੋਂ ਇਲਾਵਾ ਪਾਕਿਸਤਾਨ ਤੋਂ ਵੀ ਸ਼ਰਧਾਲੂ ਆਉਂਦੇ ਹਨ। ਇਸ ਤਰ੍ਹਾਂ ਇਹ ਮੇਲਾ ਧਾਰਮਿਕ ਤੰਗ-ਨਜ਼ਰੀ ਤੋਂ ਉੱਚਾ ਉਠਿਆ ਹੋਇਆ ਸਹੀ ਅਰਥਾਂ ਵਿਚ ਪੰਜਾਬੀਅਤ ਦਾ ਪ੍ਰਤੀਕ ਹੈ।

ਮੇਲੇ ਦੇ ਪਹਿਲੇ ਦਿਨ ਸ਼ਰਧਾਲੂਆਂ ਵੱਲੋਂ ਮਨੋਕਾਮਨਾਵਾਂ ਪੂਰੀਆਂ ਹੋਣ ਤੇ ਫ਼ਕੀਰ ਦੀ ਕੱਬਰ ਉਤੇ ਨਿਆਜ਼ ਚੜ੍ਹਾਏ ਜਾਂਦੇ ਹਨ ਅਤੇ ਦੀਵੇ (ਚਰਾਗ) ਵੀ ਜਗਾਏ ਜਾਂਦੇ ਹਨ। ਇਸ ਲਈ ਇਸ ਨੂੰ 'ਰੌਸ਼ਨੀ ਦਾ ਮੇਲਾ' ਕਿਹਾ ਜਾਂਦਾ ਹੈ। ਇਸ ਮੌਕੇ ਉਤੇ ਹਜ਼ਾਰਾਂ ਬਾਂਝ ਇਸਤਰੀਆਂ, ਪੁੱਤਰ-ਪ੍ਰਾਪਤੀ ਦੀ ਕਾਮਨਾ ਪੂਰੀ ਹੋਣ 'ਤੇ ਕਾਗਜ਼ ਦਾ ਬਣਿਆ ਹੋਇਆ ਇਕ ਬੂਟਾ ਅਤੇ ਚਾਵਲਾਂ ਦੀ ਨਿਆਜ਼ ਚੜ੍ਹਾਉਂਦੀਆਂ ਹਨ। ਫ਼ਕੀਰ ਦੀ ਦਰਗਾਹ ਤੋਂ ਅਸੀਸ ਲੈ ਕੇ ਫਿਰ ਸ਼ਰਧਾਲੂ ਮਾਈ ਜੀਨਾ ਦੇ ਮਕਬਰੇ ਤੇ ਬਣੀ ਖ਼ਾਨਗਾਹ ਤੇ ਵੀ ਜਾਂਦੇ ਹਨ। ਦੂਜੇ ਅਤੇ ਤੀਜੇ ਦਿਨ ਮੇਲੇ ਦਾ ਸਰੂਪ ਧਾਰਮਿਕ ਵਲਗਣ ਵਿਚੋਂ ਨਿਕਲ ਕੇ ਪੰਜਾਬੀਅਤ ਦੇ ਸਾਂਝੇ ਮੇਲੇ ਵਿਚ ਵਟ ਜਾਂਦਾ ਹੈ। ਹਰ ਧਰਮ ਦੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚ ਕੇ ਮਨੋਰੰਜਨ ਦਾ ਵਾਤਾਵਰਣ ਸਿਰਜ ਦਿੰਦੇ ਹਨ। ਕਿਤੇ ਸੰਗੀਤ ਦਾ ਸੁਰ ਨਿਕਲ ਰਿਹਾ ਹੁੰਦਾ ਹੈ ਅਤੇ ਕਿਤੇ ਬੋਲੀਆਂ ਪਾਉਣ ਵਾਲੇ ਆਪਣੇ ਲੋਕ-ਨਾਚਾਂ ਦਾ ਸਮਾਂ ਬੰਨ੍ਹ ਰਹੇ ਹੁੰਦੇ ਹਨ। ਇਸ ਮੇਲੇ ਨਾਲ ਸੰਬੰਧਿਤ ਅਨੇਕ ਬੋਲੀਆਂ ਪ੍ਰਚਲਿਤ ਹਨ ਜਿਵੇਂ—ਆਰੀ ਆਰੀ ਆਰੀ/ਵਿਚ ਜਗਰਾਵੇਂ ਦੇ ਬਈ ਲਗਦੀ ਰੌਸ਼ਨੀ ਭਾਰੀ/ਦੂਰ ਦੂਰ ਤੋਂ ਗਭਰੂ ਆਉਂਦੇ ਘੋੜੇ ਊਂਠ ਸ਼ਿੰਗਾਰੀ/ਲੰਮੇ ਚਾਦਰੇ ਕੁੰਡੀਆਂ ਮੁੱਛਾਂ ਮੋਢੇ ਡਾਂਗ ਉਲਾਰੀ...।' ਪੰਜਾਬੀ ਦੇ ਆਂਚਲਿਕ ਸਾਹਿੱਤ ਵਿਚ ਇਸ ਮੇਲੇ ਦਾ ਆਮ ਉੱਲੇਖ ਹੋਇਆ ਹੈ।

ਜੱਗਾ, ਡਾਕੂ : ਪੰਜਾਬ ਦਾ ਇਕ ਪ੍ਰਸਿੱਧ ਧਾੜਵੀ ਲੋਕ ਨਾਇਕ ਜਿਸ ਦੀ ਬਹਾਦਰੀ ਦੀਆਂ ਅਨੇਕ ਦੰਦ-ਕਥਾਵਾਂ ਪ੍ਰਚਲਿਤ ਹਨ। ਇਹ ਆਮ ਤੌਰ ਤੇ ਜਾਗੀਰਦਾਰਾਂ ਅਤੇ ਸਾਹੂਕਾਰਾਂ ਜਾਂ ਧਨਵਾਨਾਂ ਨੂੰ ਲੁਟਦਾ ਅਤੇ ਲੁਟ ਵਿਚ ਪ੍ਰਾਪਤ ਹੋਏ ਮਾਲ-ਧਨ ਨੂੰ ਗ਼ਰੀਬਾਂ ਵਿਚ ਵੰਡ ਕੇ ਅਤੇ ਦੁੱਖੀਆਂ ਦੀ ਮੱਦਦ ਕਰ ਕੇ ਜਸ ਖਟਦਾ ਸੀ। ਇਸ ਨੇ ਕਈ ਗ਼ਰੀਬ ਕੰਨਿਆਵਾਂ ਦਾ ਵਿਆਹ ਕੀਤਾ। ਗ਼ਰੀਬਾਂ ਨੂੰ ਦੁਖਾਉਣ ਵਾਲੇ ਅਤੇ ਉਨ੍ਹਾਂ ਦੀਆਂ ਬੱਚੀਆਂ ਦੀ ਇਜ਼ਤ ਲੁਟਣ ਵਾਲਿਆਂ ਲਈ ਇਹ ਇਕ ਹਊਆ ਸੀ। ਇਹ ਕਿਸੇ ਗੱਲ ਨੂੰ ਦੈਵੀ ਕਰੋਪ ਵਜੋਂ ਨਾ ਲੈ ਕੇ ਉਸ ਲਈ ਜੂਝਣ ਦੀ ਸਮਰੱਥਾ ਰਖਦਾ ਸੀ। ਕਿਸੇ ਵੱਲੋਂ ਕੀਤੀ ਜ਼ਿਆਦਤੀ ਦਾ ਇਹ ਬਦਲਾ ਜ਼ਰੂਰ ਲੈਂਦਾ ਸੀ।

ਇਸ ਦੇ ਸੂਰਵੀਰਤਾ ਭਰੇ ਕਾਰਨਾਮੇ ਲੋਕ-ਸਭਿਆਚਾਰ ਦਾ ਅੰਗ ਬਣ ਗਏ ਹਨ। ਇਸ ਬਾਰੇ ਮਾਲਵੇ ਦੇ ਕਵੀਸ਼ਰਾਂ ਨੇ ਚਿੱਠੇ ਅਤੇ ਪ੍ਰਸੰਗ ਲਿਖੇ ਹਨ। ਪੰਜਾਬੀ ਲੋਕ-ਗੀਤਾਂ ਵਿਚ ਇਸ ਦੇ ਅਨੇਕ ਹਵਾਲੇ ਮਿਲਦੇ ਹਨ। ਨਮੂਨੇ ਵਜੋਂ—'ਜੱਗਾ ਜੰਮਿਆ, ਤੇ ਮਿਲਣ ਵਧਾਈਆਂ/ ਵੱਡਾ ਹੋ ਕੇ ਡਾਕੇ ਮਾਰਦਾ.../ਜੱਗਾ ਤੁਰਿਆ,/ ਜੱਗਾ ਤੁਰਿਆ ਤੇ ਧਰਤੀ ਕੰਬ ਗਈ/ ਰਾਠਾਂ ਦੇ ਦਿਲ ਡੋਲ ਗਏ।/ ਪੂਰਨਾ, ਪੂਰਨਾ ਕਿ ਮੌਤ ਨੇ ਚਬ ਲਿਆ,/ ਐਡਾ ਵੱਡਾ ਸੂਰਮਾ।'

ਜਗੰਨਾਥ, ਪੁਰੀ : ਭਾਰਤ ਦੇ ਉੜੀਸਾ (ਵੇਖੋ) ਪ੍ਰਾਂਤ ਦੇ ਸਮੁੰਦਰੀ ਕੰਢੇ ਉਤੇ ਵਸੇ ਪੁਰੀ ਨਗਰ ਦਾ ਮਹੱਤਵ ਉਸ ਵਿਚ ਬਣੇ ਜਗੰਨਾਥ (ਜਗਨ–ਨਾਥ) ਦੇ ਵਿਸ਼ਾਲ ਮੰਦਿਰ ਕਰਕੇ ਹੈ। ਇਸ ਨੂੰ ਪੁਰਸ਼ੋਤਮ-ਤੀਰਥ ਅਤੇ ਸ਼ੰਖ–ਖੇਤਰ ਵੀ ਕਿਹਾ ਜਾਂਦਾ ਹੈ। ਹਿੰਦੂ ਧਰਮ ਵਿਚ ਇਸ ਖੇਤਰ ਨੂੰ ਪਾਪ-ਨਾਸ਼ਕ ਅਤੇ ਮੁਕਤੀ-ਦਾਇਕ ਮੰਨਿਆ ਗਿਆ ਹੈ।

ਜਗੰਨਾਥ ਦਾ ਮੰਦਿਰ ਇਕ ਨਿੱਕੀ ਜਿਹੀ ਪਹਾੜੀ ਉਤੇ ਬਣਿਆ ਹੋਇਆ ਹੈ, ਜੋ ਸਮੁੰਦਰ ਤੋਂ 20 ਫੁਟ ਉੱਚੀ ਹੈ। ਸਮੁੰਦਰ ਉਥੋਂ ਲਗਭਗ 4600 ਫੁਟ ਦੂਰ ਹੈ। ਇਸ ਪਹਾੜੀ ਦਾ ਹੁਣ ਕੁਲ ਰਕਬਾ 410760 ਵਰਗ ਫੁਟ ਹੈ (652 ਫੁਟ ਲੰਬਾ ਅਤੇ 630 ਫੁਟ ਚੌੜਾ)। ਮੰਦਿਰ ਦੀ ਉਚਾਈ 192 ਫੁਟ ਹੈ। ਇਸ ਖੇਤਰ ਵਿਚ ਹਿੰਦੂ ਧਰਮ ਦੀਆਂ ਮਾਨਤਾਵਾਂ ਨਾਲ ਸੰਬੰਧਿਤ ਨਿੱਕੇ ਵੱਡੇ 120 ਮੰਦਿਰ ਹਨ ਜਿਨ੍ਹਾਂ ਵਿਚ 13 ਮੰਦਿਰ ਸ਼ਿਵ ਦੇ, ਕੁਝ ਕੁ ਪਾਰਬਤੀ ਦੇ ਅਤੇ ਇਕ ਮੰਦਿਰ ਸੂਰਜ ਦਾ ਹੈ। ਬਾਕੀ ਮੰਦਿਰਾਂ ਦਾ ਸੰਬੰਧ ਵੈਸ਼ਣਵ ਭਾਵਨਾ ਨਾਲ ਹੈ। ਸ਼ਿਵ ਅਤੇ ਵਿਸ਼ਣੂ ਮੰਦਿਰਾਂ ਦੀ ਇਕੱਠੀ ਮੌਜੂਦਗੀ ਇਨ੍ਹਾਂ ਦੋਹਾਂ ਮਤਾਂ ਦਾ ਸਮਨਵਿਤ ਰੂਪ ਪੇਸ਼ ਕਰਦੀ ਹੈ।

ਇਨ੍ਹਾਂ ਸਾਰਿਆਂ ਮੰਦਿਰਾਂ ਵਿਚੋਂ ਪ੍ਰਮੁਖ ਜਗੰਨਾਥ ਦਾ ਮੰਦਿਰ ਹੈ। ਇਸ ਮੰਦਿਰ ਦੇ ਚਾਰ ਹਿੱਸੇ ਹਨ। ਪਹਿਲਾ ਹਿੱਸਾ 'ਭੋਗ-ਮੰਦਿਰ' ਅਖਵਾਉਂਦਾ ਹੈ ਜਿਥੇ ਭਗਵਾਨ ਨੂੰ ਭੋਗ ਲਗਾਇਆ ਜਾਂਦਾ ਹੈ। ਦੂਜਾ ਹਿੱਸਾ 'ਰੰਗ-ਮੰਦਿਰ' ਹੈ, ਜਿਸ ਵਿਚ ਨਾਚ, ਗੀਤ ਆਦਿ ਹੁੰਦੇ ਹਨ। ਤੀਜੇ ਹਿੱਸੇ ਨੂੰ 'ਸਭਾ-ਮੰਡਪ' ਕਿਹਾ ਜਾਂਦਾ ਹੈ ਜਿਸ ਵਿਚ ਦਰਸ਼ਨ ਅਭਿਲਾਸ਼ੀ ਬਹਿੰਦੇ ਹਨ। ਚੌਥਾ ਹਿੱਸਾ 'ਅੰਤਰਾਲ' ਅਖਵਾਉਂਦਾ ਹੈ ਜਿਥੇ ਸ੍ਰੀ ਕ੍ਰਿਸ਼ਣ (ਜਗੰਨਾਥ) ਦੀ ਮੂਰਤੀ ਸਥਿਤ ਹੈ। ਉਸ ਦੇ ਨਾਲ ਬਲਰਾਮ ਅਤੇ ਸੁਭਦ੍ਰਾ ਦੀਆਂ ਮੂਰਤੀਆਂ ਵੀ ਸਥਾਪਿਤ ਹਨ। ਅੰਤਰਾਲ ਦੇ ਹਰ ਪਾਸੇ ਇਕ ਇਕ ਵੱਡਾ ਦੁਆਰ ਹੈ ਜਿਨ੍ਹਾਂ ਵਿਚੋਂ ਪੂਰਵ ਦਿਸ਼ਾ ਵਾਲਾ ਸਭ ਨਾਲੋਂ ਵੱਡਾ ਹੈ। ਪ੍ਰਵੇਸ਼ ਦੁਆਰ ਉਤੇ ਸ਼ੇਰ ਦੀ ਇਕ ਵੱਡੀ ਮੂਰਤੀ ਬਣੀ ਹੋਣ ਕਾਰਣ ਉਸ ਨੂੰ ਸਿੰਘ-ਦੁਆਰ ਦਾ ਨਾਂ ਦਿੱਤਾ ਜਾਂਦਾ ਹੈ।

ਜਗੰਨਾਥ ਮੰਦਿਰ ਵਿਚ ਪਕਾਏ ਹੋਏ ਚਾਵਲਾਂ ਦਾ ਮਹਾ-ਪ੍ਰਸਾਦਿ ਚੜ੍ਹਾਇਆ ਜਾਂਦਾ ਹੈ। ਪੁਰੀ ਵਿਚ ਮਨਾਏ ਜਾਣ ਵਾਲੇ 24 ਪੁਰਬਾਂ (ਪਰਵਾਂ) ਵਿਚੋਂ ਸਭ ਤੋਂ ਮਹੱਤਵਪੂਰਣ ਪਰਵ 'ਰਥ ਯਾਤ੍ਰਾ' ਹੈ ਜੋ ਹਾੜ ਦੇ ਮਹੀਨੇ ਦੀ ਸੁਦੀ ਦੋ ਨੂੰ ਸ਼ੁਰੂ ਹੁੰਦੀ ਹੈ। ਇਸ ਯਾਤ੍ਰਾ ਵਿਚ ਤਿੰਨ ਰਥ ਸ਼ਾਮਲ ਹੁੰਦੇ ਹਨ। ਭਗਵਾਨ ਜਗੰਨਾਥ ਦੇ ਰਥ ਦਾ ਵਰਗਾਕਾਰ 35 ਫੁਟ ਹੁੰਦਾ ਹੈ। 45 ਫੁੱਟ ਉੱਚੇ ਇਸ ਰਥ ਹੇਠ 7 ਫੁਟ ਵਿਆਸ ਦੇ 16 ਪਹੀਏ ਹੁੰਦੇ ਹਨ। ਇਸ ਵਿਚ ਭਗਵਾਨ ਜਗੰਨਾਥ ਦੀ ਮੂਰਤੀ ਰਖੀ ਜਾਂਦੀ ਹੈ। ਦੂਜਾ ਰਥ ਸੁਭਦ੍ਰਾ ਦਾ ਹੁੰਦਾ ਹੈ ਜਿਸ ਹੇਠ 12 ਪਹੀਏ ਹੁੰਦੇ ਹਨ। ਚੌਦਾਂ ਪਹੀਇਆਂ ਵਾਲਾ ਤੀਜਾ ਰਥ ਬਲਰਾਮ ਦਾ ਹੁੰਦਾ ਹੈ। ਇਨ੍ਹਾਂ ਦੋਹਾਂ ਵਿਚ ਸੁਭਦ੍ਰਾ ਅਤੇ ਬਲਰਾਮ ਦੀਆਂ ਮੂਰਤੀਆਂ ਰਖੀਆਂ ਹੁੰਦੀਆਂ ਹਨ। ਇਹ ਦੋਵੇਂ ਰਥ ਭਗਵਾਨ ਦੇ ਰਥ ਨਾਲੋਂ ਆਕਾਰ ਵਿਚ ਛੋਟੇ ਅਤੇ ਉਚਾਈ ਵਿਚ ਘੱਟ ਹੁੰਦੇ ਹਨ। ਇਨ੍ਹਾਂ ਰਥਾਂ ਨੂੰ ਆਮ ਤੌਰ ਤੇ ਸ਼ਰਧਾਲੂ ਖਿਚਦੇ ਹਨ, ਪਰ ਲੋੜ-ਪੈਣ ਤੇ ਮਜ਼ਦੂਰ ਵੀ ਲਗਾਏ ਜਾਂਦੇ ਹਨ।

ਪ੍ਰਾਚੀਨ ਕਾਲ ਵਿਚ ਇਨ੍ਹਾਂ ਰਥਾਂ ਦੇ ਪਹੀਇਆਂ ਹੇਠਾਂ ਆ ਕੇ ਪ੍ਰਾਣ ਤਿਆਗਣ ਦਾ ਬਹੁਤ ਮਹਾਤਮ ਸਮਝਿਆ ਜਾਂਦਾ ਸੀ।

ਜਗੰਨਾਥ ਦੀ ਮੂਰਤੀ, ਅਸਲ ਵਿਚ, ਸ੍ਰੀ ਕ੍ਰਿਸ਼ਣ ਦੀ ਮੂਰਤੀ ਹੈ ਜਿਸ ਦੀ ਸਥਾਪਨਾ ਦਾ ਸੰਬੰਧ, 'ਬ੍ਰਹਮ ਪੁਰਾਣ' (ਅ. 43-44) ਅਨੁਸਾਰ, ਉਜੈਨ ਦੇ ਵਿਦਵਾਨ ਰਾਜਾ ਇੰਦ੍ਰਦਿਉਮਨ ਨਾਲ ਜੋੜਿਆ ਜਾਂਦਾ ਹੈ। ਉਸ ਨੇ ਵੇਦ-ਸ਼ਾਸਤ੍ਰ ਦੇ ਅਧਿਐਨ ਨਾਲ ਨਿਸਚਿਤ ਕੀਤਾ ਕਿ ਵਾਸੁਦੇਵ (ਕ੍ਰਿਸ਼ਣ) ਹੀ ਸਰਵ-ਸ੍ਰੇਸ਼ਠ ਦੇਵਤਾ ਹੈ। ਉਹ ਆਪਣੀ ਸੈਨਾ ਸਹਿਤ ਸਮੁੰਦਰ ਕੰਢੇ ਵਾਸੁਦੇਵ ਖੇਤਰ ਵਿਚ ਪਹੁੰਚਿਆ। ਉਥੇ ਅਸ਼੍ਵਮੇਧ ਯੱਗ ਕਰਕੇ ਇਕ ਬਹੁਤ ਵੱਡਾ ਮੰਦਿਰ ਬਣਵਾਇਆ।

'ਸਕੰਦ ਪੁਰਾਣ' (ਉਤਕਲ-ਖੰਡ) ਅਨੁਸਾਰ ਸੁਪਨੇ ਵਿਚ ਰਾਜੇ ਨੂੰ ਭਗਵਾਨ ਕ੍ਰਿਸ਼ਣ ਦੇ ਦਰਸ਼ਨ ਹੋਏ ਅਤੇ ਮੰਦਿਰ ਵਿਚ ਮੂਰਤੀ ਸਥਾਪਿਤ ਕਰਨ ਦਾ ਆਦੇਸ਼ ਹੋਇਆ। ਉਸ ਮੂਰਤੀ ਦੇ ਨਿਰਮਾਣ ਲਈ ਰਾਜੇ ਨੇ ਵਿਸ਼ਵਕਰਮਾ ਨੂੰ ਬੇਨਤੀ ਕੀਤੀ। ਵਿਸ਼ਵਕਰਮਾ ਇਸ ਸ਼ਰਤ ਤੇ ਮੰਨਿਆ ਕਿ ਮੂਰਤੀ ਨੂੰ ਨਿਰਮਾਣ-ਕਾਲ ਵੇਲੇ ਰਾਜਾ ਨਹੀਂ ਵੇਖੇਗਾ। ਰਾਜਾ ਮੰਨ ਗਿਆ, ਪਰ 15 ਦਿਨਾਂ ਬਾਦ ਹੀ ਉਤਾਵਲਾ ਹੋ ਕੇ ਮੂਰਤੀ ਵੇਖਣ ਲਈ ਜਾ ਪਹੁੰਚਿਆ। ਉਦੋਂ ਨੀਲ ਮਣੀ ਵਰਣ ਵਾਲੀ ਮੂਰਤੀ ਦੇ ਹੱਥ ਪੈਰ ਨਹੀਂ ਲਗੇ ਸਨ। ਵਿਸ਼ਵਕਰਮਾ ਨੇ ਨਾਰਾਜ਼ ਹੋ ਕੇ ਮੂਰਤੀ ਵਿਚੇ ਛਡ ਦਿੱਤੀ। ਬਾਦ ਵਿਚ ਰਾਜੇ ਵਲੋਂ ਬ੍ਰਹਮਾ ਅਗੇ ਪ੍ਰਾਰਥਨਾ ਕਰਨ ਤੇ, ਉਸ ਨੇ ਮੂਰਤੀ ਨੂੰ ਅੱਖਾਂ ਲਗਾਈਆਂ ਅਤੇ ਉਸ ਨੂੰ ਸਾਰੇ ਜਗਤ ਦਾ ਨਾਥ (ਜਗਨ-ਨਾਥ) ਕਹਿ ਕੇ ਸਥਾਪਿਤ ਕੀਤਾ। ਉਸ ਦੇ ਨਾਲ ਸੁਭਦ੍ਰਾ ਅਤੇ ਬਲਰਾਮ ਦੀਆਂ ਮੂਰਤੀਆਂ ਵੀ ਰਾਜੇ ਨੇ ਸਥਾਪਿਤ ਕੀਤੀਆਂ ਪਰ ਇਤਿਹਾਸਿਕ ਹਵਾਲਿਆਂ ਅਨੁਸਾਰ ਇਹ ਮੰਦਿਰ ਰਾਜਾ ਅਨੰਤ-ਵਰਮਾ ਨੇ ਬਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਬਣਵਾਇਆ ਸੀ। ਤਾਂਤ੍ਰਿਕ ਭਾਵਨਾ ਅਧੀਨ ਇਸ ਮੰਦਿਰ ਦੀਆਂ ਕੰਧਾਂ ਉਤੇ ਅਨੇਕ ਨਗਨ ਮੂਰਤੀਆਂ ਕਾਮੁਕ ਦਸ਼ਾਵਾਂ ਵਿਚ ਬਣੀਆਂ ਹੋਈਆਂ ਹਨ। ਬੇਣੀ ਭਗਤ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਜਗੰਨਾਥ ਸਿਉ ਗੋਸਟਿ ਕਰੈ।'

ਜਨਮਸਾਖੀ ਸਾਹਿੱਤ ਵਿਚ ਗੁਰੂ ਨਾਨਕ ਦੇਵ ਵੱਲੋਂ ਇਸ ਮੰਦਿਰ ਦੇ ਪੰਡਿਆਂ/ ਪੁਜਾਰੀਆਂ ਨੂੰ ਉਪਦੇਸ਼ ਦੇਣ ਦਾ ਉੱਲੇਖ ਹੈ। 'ਗਗਨ ਮੈ ਥਾਲ' ਵਾਲਾ ਆਰਤੀ ਵਾਚਕ ਸ਼ਬਦ ਇਥੇ ਹੀ ਉਚਾਰਿਆ ਮੰਨਿਆ ਜਾਂਦਾ ਹੈ। ਇਥੇ ਸਮੁੰਦਰ ਕੰਢੇ ਅਤੇ ਜਗੰਨਾਥ ਮੰਦਿਰ ਵਿਚਾਲੇ 'ਮੰਗੂਮਟ' ਨਾਂ ਦਾ ਗੁਰੂਧਾਮ ਹੈ ਜਿਥੇ ਮਿੱਠੇ ਪਾਣੀ ਦੀ ਇਕ ਬਾਵਲੀ ਬਣੀ ਹੋਈ ਹੈ। ਦਮੋਦਰ ਪਾਂਡੇ ਦੇ ਪਰਿਵਾਰ ਪਾਸ ਤਾਂਬ੍ਰ ਪੱਤਰਾਂ 'ਤੇ ਗੁਰੂ ਨਾਨਕ ਦੇ ਕੁਝ ਸ਼ਬਦ ਉਕਰੇ ਮਿਲਦੇ ਹਨ।

ਜਜ਼ੀਆ : ਇਹ ਮੂਲ ਅਰਬੀ ਭਾਸ਼ਾ ਦੇ ਸ਼ਬਦ 'ਜਿਜ਼ੀਯਹ' ਦਾ ਤਦਭਵ ਰੂਪ ਹੈ। ਅਰਬ ਤੋਂ ਬਾਹਰਲੇ ਦੇਸ਼ਾਂ ਵਿਚ ਜਦੋਂ ਇਸਲਾਮ ਦਾ ਪ੍ਰਸਾਰ ਹੋਇਆ ਤਾਂ ਉਨ੍ਹਾਂ ਦੇਸ਼ਾਂ ਦੇ ਜਿਨ੍ਹਾਂ ਲੋਕਾਂ ਨੇ ਇਸਲਾਮ ਧਾਰਣ ਨਾ ਕੀਤਾ, ਉਨ੍ਹਾਂ ਨੂੰ ਕਰ ਵਜੋਂ ਜਜ਼ੀਆ ਦੇਣਾ ਪੈਂਦਾ ਸੀ। ਇਹ ਹਰ ਇਕ ਬਾਲਗ ਵਿਅਕਤੀ ਨੂੰ ਦੇਣਾ ਪੈਂਦਾ ਸੀ, ਪਰ ਇਸਤਰੀਆਂ

ਇਸ ਤੋਂ ਮੁਕਤ ਸਨ। ਇਸ ਦੀਆਂ ਤਿੰਨ ਦਰਾਂ ਨਿਸਚਿਤ ਸਨ—ਗ਼ਰੀਬਾਂ, ਮਜ਼ਦੂਰਾਂ ਨੂੰ 12 ਦਿਰਹਮ, ਮੱਧ ਵਰਗ ਨੂੰ 24 ਦਿਰਹਮ ਅਤੇ ਅਮੀਰਾਂ ਨੂੰ 48 ਦਿਰਹਮ ਸਾਲਾਨਾ ਦੇਣੇ ਪੈਂਦੇ ਸਨ।

ਸਮੇਂ ਸਮੇਂ ਜਜ਼ੀਏ ਦੀ ਰਕਮ ਵਿਚ ਵਾਧਾ ਘਾਟਾ ਵੀ ਹੁੰਦਾ ਰਿਹਾ ਹੈ। ਬਹੁਤੇ ਗ਼ਰੀਬ ਜਾਂ ਸ਼ਰੀਰਕ ਤੌਰ ਤੇ ਅਸਮਰਥ ਬੰਦਿਆਂ ਨੂੰ ਜਜ਼ੀਆ ਮਾਫ਼ ਸੀ। ਜਜ਼ੀਏ ਦਾ ਸਰੂਪ ਸਪੱਸ਼ਟ ਕਰਦਿਆਂ ਅਲਾਉੱਦੀਨ ਨੂੰ ਇਕ ਕਾਜ਼ੀ ਨੇ ਦਸਿਆ ਕਿ ਇਮਾਮ ਹਨੀਫ਼ਾ ਦੇ ਕਥਨ ਅਨੁਸਾਰ ਜਜ਼ੀਆ ਮੌਤ ਦੀ ਸਜ਼ਾ ਦੇ ਬਰਾਬਰ ਹੈ ਕਿਉਂਕਿ ਜੋ ਇਸਲਾਮ ਕਬੂਲ ਨਹੀਂ ਕਰਦਾ, ਉਹ ਕਤਲ ਕਰ ਦੇਣ ਯੋਗ ਹੈ। ਪਰ ਉਸ ਕਾਫ਼ਿਰ ਉਤੇ ਰਹਿਮ ਕਰਦੇ ਹੋਇਆਂ ਉਸ ਨੂੰ ਮਾਰਨ ਦੀ ਥਾਂ ਜਜ਼ੀਆ ਲਗਾਇਆ ਜਾਂਦਾ ਹੈ। ਇਸ ਨਾਲ ਉਸ ਦੀ ਜਾਨ ਬਖ਼ਸ਼ੀ ਹੋ ਜਾਂਦੀ ਹੈ। ਇਸ ਲਈ ਜਦ ਵੀ ਕਿਸੇ ਗ਼ੈਰ-ਮੁਸਲਮਾਨ ਜਾਂ ਹਿੰਦੂ ਤੋਂ ਜਜ਼ੀਆ ਮੰਗਿਆ ਜਾਏ ਤਾਂ ਉਸ ਨੂੰ ਸ਼ੁਕਰ ਗੁਜ਼ਾਰੀ ਸਹਿਤ ਦੇਣਾ ਚਾਹੀਦਾ ਹੈ।

ਭਾਰਤ ਵਿਚ ਜਜ਼ੀਆ ਲਗਾਉਣ ਦਾ ਆਰੰਭ ਮੁਹੰਮਦ ਬਿਨ ਕਾਸਿਮ ਨੇ ਸਿੰਧ ਪ੍ਰਦੇਸ਼ ਨੂੰ ਜਿੱਤਣ ਉਪਰੰਤ ਸੰਨ 713 ਈ. ਦੇ ਨੇੜੇ-ਤੇੜੇ ਗ਼ੈਰ-ਮੁਸਲਮਾਨਾਂ ਉਤੇ ਲਗਾਇਆ। ਦਿੱਲੀ ਦੇ ਸੁਲਤਾਨਾਂ ਨੇ ਵੀ ਇਸ ਨੂੰ ਜਾਰੀ ਰਖਿਆ, ਪਰ ਬ੍ਰਾਹਮਣਾਂ ਨੂੰ ਇਸ ਤੋਂ ਛੋਟ ਸੀ। ਫ਼ਿਰੋਜ਼ਸ਼ਾਹ ਤੁਗ਼ਲਕ ਨੇ ਤਾਂ ਬ੍ਰਾਹਮਣਾਂ ਤੋਂ ਵੀ ਜਜ਼ੀਆ ਵਸੂਲ ਕਰਨ ਦੇ ਆਦੇਸ਼ ਦਿੱਤੇ ਸਨ। ਸੰਨ 1564 ਈ. ਵਿਚ ਅਕਬਰ ਨੇ ਜਜ਼ੀਆ ਲਗਾਉਣ ਦੀ ਪ੍ਰਥਾ ਸਮਾਪਤ ਕਰ ਦਿੱਤੀ। ਪਰ ਸੰਨ 1679 ਈ. ਵਿਚ ਔਰੰਗਜ਼ੇਬ ਨੇ ਬੜੇ ਵਿਵਸਥਿਤ ਰੂਪ ਨਾਲ ਇਸ ਨੂੰ ਫਿਰ ਤੋਂ ਲਾਗੂ ਕਰ ਦਿੱਤਾ। ਉਸ ਦਾ ਹੁਕਮ ਸੀ ਕਿ ਹਰ ਇਕ ਕਾਫ਼ਿਰ (ਗ਼ੈਰ-ਮੁਸਲਿਮ) ਅਦਾਲਤ ਵਿਚ ਖ਼ੁਦ ਹਾਜ਼ਰ ਹੋ ਕੇ ਆਪਣੇ ਹੱਥੀਂ, ਜਜ਼ੀਆ ਅਦਾ ਕਰਿਆ ਕਰੇ। ਉਦੋਂ ਉਹ ਮੋਮਿਨਾਂ ਵਰਗੇ ਬਸਤ੍ਰ ਨਾ ਪਹਿਨੇ। ਸੰਨ 1713 ਈ. ਵਿਚ ਫ਼ਰੁਖ਼ਸੀਅਰ ਨੇ ਇਸ ਨੂੰ ਰੋਕ ਦਿੱਤਾ ਅਤੇ ਸੰਨ 1719 ਈ. ਵਿਚ ਮੁਹੰਮਦ ਸ਼ਾਹ ਨੇ ਇਸ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ।

ਗੁਰੂ ਅਰਜਨ ਦੇਵ ਨੇ ਇਸ ਦਾ ਹਵਾਲਾ ਦਿੰਦਿਆਂ ਦਸਿਆ ਹੈ ਕਿ ਸਤਿਗੁਰੂ ਦੀ ਕ੍ਰਿਪਾ ਨਾਲ ਪਰਮਾਤਮਾ ਦੀ ਦਰਗਾਹ ਤੋਂ ਜਜ਼ੀਆ-ਬਖ਼ਸ਼ੀ ਦਾ ਪ੍ਰਮਾਣ-ਪੱਤਰ ਪ੍ਰਾਪਤ ਹੋ ਜਾਂਦਾ ਹੈ—'ਜੇਜੀਆ ਡੰਨੁ ਕੋ ਲਏ ਨ ਜਗਾਤਿ।/ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ' (ਆ. ਗ੍ਰੰ. 430)।

ਜਟਾਯੂ : ਗਿੱਧ ਦੀ ਸ਼ਕਲ ਦਾ ਇਕ ਪੰਛੀ ਜੋ ਸੰਪਾਤੀ (ਵੇਖੋ) ਦਾ ਛੋਟਾ ਭਰਾ ਸੀ। ਪੁਰਾਤਨ ਸਾਹਿੱਤ ਵਿਚ ਇਸ ਨੂੰ ਗਰੁੜ ਦਾ ਪੁੱਤਰ ਦਸਿਆ ਗਿਆ ਹੈ, ਪਰ ਕਿਤੇ-ਕਿਤੇ ਅਰੁਣ ਨੂੰ ਵੀ ਇਨ੍ਹਾਂ ਦਾ ਪਿਤਾ ਮੰਨਿਆ ਗਿਆ ਹੈ।

'ਬਾਲਮੀਕੀ ਰਾਮਾਇਣ' (ਕਿਸ਼ਕਿੰਧਾ-ਕਾਂਡ) ਵਿਚ ਲਿਖਿਆ ਹੈ ਕਿ ਵ੍ਰਿੱਤਾਸੁਰ ਨੂੰ ਮਾਰਨ ਉਪਰੰਤ ਦੋਵੇਂ ਭਰਾ ਇਤਨੇ ਹੰਕਾਰੇ ਗਏ ਕਿ ਇਨ੍ਹਾਂ ਨੇ ਆਕਾਸ਼ ਵਿਚ ਉੱਡ ਕੇ ਸੂਰਜ ਦਾ ਵਿੰਧਿਆਚਲ ਤਕ ਪਿਛਾ ਕਰਨਾ ਚਾਹਿਆ। ਸੂਰਜ ਦੀ ਤਪਸ਼ ਨਾਲ ਜਟਾਯੂ ਦੇ ਖੰਭ ਸੜਨ ਲਗੇ। ਵੱਡੇ ਭਰਾ ਸੰਪਾਤੀ ਨੇ ਇਸ ਨੂੰ ਆਪਣੇ ਖੰਭਾਂ ਦੀ ਓਟ ਵਿਚ ਲੈ

ਲਿਆ। ਜਟਾਯੂ ਦੇ ਖੰਭ ਤਾਂ ਸੜਨੋਂ ਬਚ ਗਏ, ਪਰ ਸੰਪਾਤੀ ਆਪਣੇ ਖੰਭ ਸੜਵਾ ਬੈਠਾ। ਇਕ ਵਾਰ ਜਦੋਂ ਰਾਵਣ ਸੀਤਾ ਨੂੰ ਉਧਾਲ ਕੇ ਲੰਕਾ ਵਲ ਭਜੀ ਜਾ ਰਿਹਾ ਸੀ ਤਾਂ ਇਸ ਨੇ ਵੇਖ ਲਿਆ। ਰਾਵਣ ਦੀ ਇਸ ਨਾਲ ਖ਼ੂਬ ਝੜਪ ਹੋਈ ਅਤੇ ਇਸ ਨੂੰ ਬੁਰੀ ਤਰ੍ਹਾਂ ਘਾਇਲ ਕਰਕੇ ਰਾਵਣ ਚਲਦਾ ਬਣਿਆ। ਸੀਤਾ ਦੀ ਭਾਲ ਵਿਚ ਨਿਕਲੇ ਰਾਮ ਅਤੇ ਲੱਛਮਣ ਨੇ ਇਸ ਨੂੰ ਵੇਖ ਕੇ ਇਸ ਦੇ ਕੋਲ ਆਏ। ਇਸ ਨੇ ਸੀਤਾ ਦੇ ਰਾਵਣ ਦੁਆਰਾ ਕੀਤੇ ਅਪਹਰਣ ਦੀ ਸੂਚਨਾ ਦਿੱਤੀ। ਰਾਮ ਨੇ ਇਸ ਦਾ ਸਸਕਾਰ ਕਰਕੇ ਸਵਰਗ ਵਿਚ ਭੇਜ ਦਿੱਤਾ।

ਪੁਰਾਣ-ਸਾਹਿੱਤ ਵਿਚ ਇਸ ਨੂੰ ਰਾਜਾ ਦਸ਼ਰਥ ਦਾ ਮਿੱਤਰ ਵੀ ਦਸਿਆ ਗਿਆ ਹੈ ਕਿਉਂਕਿ ਸ਼ਨੀ ਵਲੋਂ ਰਾਜੇ ਦੇ ਰਥ ਨੂੰ ਸਾੜਨ ਜਾਂ ਸਵਰਗੋਂ ਹੇਠਾਂ ਸੁਟਣ ਵੇਲੇ ਜਟਾਯੂ ਬਹੁਤ ਸਹਾਇਕ ਸਿੱਧ ਹੋਇਆ। ਪੰਜਾਬੀ ਰਾਮ-ਕਾਵਿ ਵਿਚ ਇਸ ਦੇ ਉੱਲੇਖ ਮਿਲਦੇ ਹਨ।

ਜਤੀ : ਵੇਖੋ 'ਯਤੀ'।

ਜਨਕ : ਇਕ ਸੂਰਜਵੰਸ਼ੀ ਮਹਾਤਮਾ ਪੁਰਸ਼ ਜੋ ਮਿਥਿਲਾ ਦਾ ਰਾਜਾ ਸੀ। ਕਹਿੰਦੇ ਹਨ ਜਦੋਂ ਇਸ ਦੇ ਪੂਰਵਜ ਨਿਮਿ ਦੀ ਬਿਨਾ ਸੰਤਾਨ ਮ੍ਰਿਤੂ ਹੋ ਗਈ ਤਾਂ ਰਿਸ਼ੀਆਂ ਨੇ ਉਸ ਦੇ ਸ਼ਰੀਰ ਨੂੰ ਰਗੜ ਕੇ ਉਸ ਵਿਚੋਂ ਇਕ ਰਾਜਕੁਮਾਰ ਪੈਦਾ ਕੀਤਾ ਜਿਸ ਦਾ ਨਾਂ 'ਜਨਕ' ਸੀ ਕਿਉਂਕਿ ਇਹ ਆਪਣੇ ਪਿਤਾ ਤੋਂ ਬਿਨਾ ਜੰਮਿਆ ਸੀ।

'ਬਾਲਮੀਕੀ ਰਾਮਾਇਣ' (ਬਾਲ-ਕਾਂਡ) ਅਨੁਸਾਰ ਜਨਕ ਦੇ ਦਾਦਾ ਦਾ ਨਾਂ ਨਿਮਿ ਅਤੇ ਪਿਤਾ ਦਾ ਨਾਂ ਮਿਥਿ ਸੀ। ਇਸ ਵੰਸ਼-ਪਰੰਪਰਾ ਵਿਚ ਸਭ ਤੋਂ ਪਹਿਲਾਂ ਜਨਕ ਹੀ ਰਾਜਾ ਬਣਿਆ। ਇਸ ਤੋਂ ਅਗੇ ਜਨਕ ਵੰਸ਼ ਦਾ ਵਿਕਾਸ ਹੋਇਆ। ਇਸੇ ਵੰਸ਼ ਵਿਚ ਵੀਹਵੀਂ ਥਾਂ ਦੇ ਵਿਦੇਹ ਜਨਕ ਦਾ ਜਨਮ ਹੋਇਆ। ਕੁਲ-ਪਰੰਪਰਾ ਦਾ ਵੇਰਵਾ ਇਸ ਪ੍ਰਕਾਰ ਹੈ—ਉਦਾਵਸੁ, ਨੰਦਿਵਰਧਨ, ਸੁਕੇਤੁ, ਦੇਵਰਾਤ, ਬ੍ਰਿਹਦ੍ਰਥ, ਮਹਾਵੀਰ, ਸੁਧ੍ਰਿਤਿ, ਧ੍ਰਿਸ਼ਟਕੇਤੁ, ਹਰ੍ਯਸ਼੍ਵ, ਮਰੁ, ਪ੍ਰਤੀਂਧਕ, ਕੀਰ੍ਤਿਰਥ, ਦੇਵਮੀੜ੍ਹ, ਵਿਬੁਧ, ਮਹੀਧ੍ਰਕ, ਕੀਰ੍ਤਿਰਾਤ, ਮਹਾਰੋਮਾ, ਸ੍ਵਰ੍ਣਰੋਮਾ, ਹ੍ਰਸ੍ਵਰੋਮਾ। ਇਨ੍ਹਾਂ ਵਿਚੋਂ ਦੇਵਰਾਤ ਨੂੰ ਸ਼ਿਵ ਨੇ ਆਪਣਾ ਧਨੁਸ਼ ਸੰਭਾਲ ਕੇ ਰਖਣ ਲਈ ਦਿੱਤਾ ਸੀ ਜਿਸ ਨੂੰ ਬਾਦ ਵਿਚ ਸ੍ਰੀ ਰਾਮ ਚੰਦਰ ਨੇ ਸੀਤਾ ਦੇ ਸੁਅੰਬਰ ਵੇਲੇ ਤੋੜਿਆ ਸੀ। ਹ੍ਰਸ੍ਵਰੋਮਾ ਦੇ ਦੋ ਪੁੱਤਰ ਸਨ—ਵੱਡਾ ਸੀਰਧ੍ਵਜ ਅਤੇ ਛੋਟਾ ਕੁਸ਼ਧ੍ਵਜ। ਕੁਲ-ਪਰੰਪਰਾ ਦੇ ਆਧਾਰ ਤੇ ਸੀਰਧ੍ਵਜ 'ਜਨਕ' ਨਾਂ ਨਾਲ ਪ੍ਰਸਿੱਧ ਹੋਇਆ। ਇਸ ਨੂੰ ਵਿਦੇਹ ਪ੍ਰਦੇਸ਼ ਦਾ ਰਾਜਾ ਹੋਣ ਕਾਰਣ 'ਵਿਦੇਹਰਾਜ ਜਨਕ' ਵੀ ਕਿਹਾ ਜਾਂਦਾ ਹੈ। ਇਸ ਦੀਆਂ ਦੋ ਪੁੱਤਰੀਆਂ ਸਨ—ਸੀਤਾ ਅਤੇ ਉਰਮਿਲਾ। ਇਨ੍ਹਾਂ ਵਿਚੋਂ ਸੀਤਾ ਦਾ ਵਿਆਹ ਰਾਮ ਚੰਦਰ ਨਾਲ ਹੋਇਆ ਸੀ ਅਤੇ ਉਰਮਿਲਾ ਦਾ ਲੱਛਮਣ ਨਾਲ। ਇਸ ਦੇ ਛੋਟੇ ਭਰਾ ਕੁਸ਼ਧ੍ਵਜ ਦੀਆਂ ਵੀ ਦੋ ਹੀ ਪੁੱਤਰੀਆਂ ਸਨ—ਮਾਂਡਵੀ ਅਤੇ ਸ਼੍ਰੁਤਿਕੀਰਤਿ। ਇਨ੍ਹਾਂ ਵਿਚੋਂ ਪਹਿਲੀ ਭਰਤ ਨੂੰ ਅਤੇ ਦੂਜੀ ਸ਼ਤ੍ਰੂਘਨ ਨੂੰ ਵਿਆਹੀ ਸੀ।

ਜਨਕ ਆਪਣੇ ਵਿਸ਼ਾਲ ਗਿਆਨ ਅਤੇ ਧਰਮ-ਅਰਥ ਕਾਰਜਾਂ ਲਈ ਬਹੁਤ ਪ੍ਰਸਿੱਧ

ਰਿਹਾ ਹੈ। ਇਸ ਦੀ ਸਭਾ ਤੱਤ੍ਵ-ਗਿਆਨੀਆਂ ਅਤੇ ਰਿਸ਼ੀਆਂ ਨਾਲ ਭਰੀ ਰਹਿੰਦੀ ਸੀ। ਰਾਜਾ ਹੁੰਦਾ ਹੋਇਆ ਵੀ ਇਹ ਸੰਨਿਆਸੀਆਂ ਵਾਂਗ ਵਿਚਰਦਾ ਸੀ। ਇਸੇ ਲਈ ਇਸ ਨੂੰ ਰਾਜ-ਰਿਸ਼ੀ ਵੀ ਕਹਿੰਦੇ ਹਨ। ਇਸ ਦਾ ਨਾਂ ਸ਼ੀਰਧ੍ਵਜ ਇਸ ਲਈ ਪਿਆ ਕਿਉਂਕਿ ਇਸ ਦੇ ਝੰਡੇ ਉਤੇ ਹਲ ਦਾ ਚਿੰਨ੍ਹ ਸੀ। ਇਸ ਦੀ ਪੁੱਤਰੀ ਸੀਤਾ ਹਲ ਚਲਾਉਣ ਸਮੇਂ ਧਰਤੀ ਵਿਚੋਂ ਸਿਆੜ ਦੇ ਹੇਠੋਂ ਪੈਦਾ ਹੋਈ ਸੀ। ਯਾਗ੍ਯਵਲ੍ਕ੍ਯ ਰਿਸ਼ੀ ਇਸ ਦਾ ਪੁਰੋਹਿਤ ਸੀ। ਇਹ ਬੜੇ ਉਦਾਰ ਵਿਚਾਰਾਂ ਵਾਲਾ ਧਰਮਾਤਮਾ ਪੁਰਸ਼ ਸੀ। ਇਹ ਯੱਗਾਂ ਵੇਲੇ ਪੁਰੋਹਿਤਾਂ ਦੇ ਗ਼ਲਬੇ ਤੋਂ ਮੁਕਤ ਹੋਣ ਦਾ ਪੱਖਪਾਤੀ ਸੀ। ਇਹ ਆਪਣੇ ਸਦਾਚਾਰੀ ਅਤੇ ਨੈਤਿਕ ਕੰਮਾਂ ਕਰਕੇ ਹੀ ਰਾਜ-ਰਿਸ਼ੀਆਂ ਵਿਚ ਗਿਣਿਆ ਜਾਣ ਲਗਾ।

'ਪਦਮ ਪੁਰਾਣ' (30-31) ਵਿਚ ਲਿਖਿਆ ਹੈ ਕਿ ਇਸ ਨੇ ਯੋਗ-ਸਾਧਨਾ ਰਾਹੀਂ ਆਪਣੇ ਸਥੂਲ ਸ਼ਰੀਰ ਨੂੰ ਤਿਆਗ ਦਿੱਤਾ। ਵਿਮਾਨ ਵਿਚ ਬਿਠਾ ਕੇ ਇਸ ਨੂੰ ਸਵਰਗ-ਲੋਕ ਲੈ ਜਾਇਆ ਗਿਆ। ਉਥੋਂ ਇਸ ਨੂੰ ਕਾਲ-ਪੁਰੀ ਵਿਚ ਪਹੁੰਚਾਇਆ ਗਿਆ ਜਿਥੇ ਬਹੁਤ ਸਾਰੇ ਲੋਕ ਨਰਕਾਂ ਵਿਚ ਪਏ ਦੁੱਖ ਪਾ ਰਹੇ ਸਨ। ਜਨਕ ਦੀ ਮੌਜੂਦਗੀ ਵਿਚ ਉਨ੍ਹਾਂ ਲੋਕਾਂ ਨੇ ਸੁਖ ਦਾ ਸਾਹ ਲਿਆ। ਜਦੋਂ ਜਨਕ ਉਥੋਂ ਜਾਣ ਲਗਿਆ ਤਾਂ ਉਨ੍ਹਾਂ ਨੇ ਰੁਕਣ ਲਈ ਜ਼ੋਰ ਦਿੱਤਾ। ਉਨ੍ਹਾਂ ਦੀ ਸਥਿਤੀ ਨੂੰ ਵੇਖਦੇ ਹੋਇਆਂ ਜਨਕ ਉਥੇ ਰੁਕ ਗਿਆ। ਇਸੇ ਦੌਰਾਨ ਕਾਲ ਵੀ ਪਾਪੀਆਂ ਨੂੰ ਦੰਡ ਦੇਣ ਦੇ ਕੰਮ ਨੂੰ ਵੇਖਣ ਲਈ ਉਥੇ ਪਹੁੰਚਿਆ। ਜਦੋਂ ਜਨਕ ਤੋਂ ਉਸ ਨੇ ਉਥੇ ਠਹਿਰੇ ਰਹਿਣ ਦਾ ਕਾਰਣ ਪੁਛਿਆ ਤਾਂ ਜਨਕ ਨੇ ਸਾਰੇ ਪਾਪੀਆਂ ਨੂੰ ਮੁਕਤ ਕਰਨ ਦਾ ਪ੍ਰਸਤਾਵ ਰਖਿਆ। ਕਾਲ ਨੇ ਸੁਝਾ ਦਿੱਤਾ ਕਿ ਜੇ ਜਨਕ ਆਪਣੇ ਪੁੰਨ ਕੁਝ ਉਨ੍ਹਾਂ ਨੂੰ ਦੇ ਦੇਏ ਤਾਂ ਉਨ੍ਹਾਂ ਦੀ ਮੁਕਤੀ ਹੋ ਸਕਦੀ ਹੈ। ਜਨਕ ਨੇ ਆਪਣੇ ਪੁੰਨ ਉਨ੍ਹਾਂ ਲਈ ਦੇ ਕੇ ਉਨ੍ਹਾਂ ਨੂੰ ਨਰਕ ਤੋਂ ਮੁਕਤ ਕਰਾਇਆ।

ਮੱਧ-ਕਾਲ ਦੇ ਭਗਤੀ-ਕਾਵਿ ਵਿਚ ਜਨਕ ਨੂੰ ਇਕ ਸਾਧਕ ਅਤੇ ਧਰਮ-ਪਰਾਇਣ ਰਾਜੇ ਵਜੋਂ ਚਿਤਰਿਆ ਗਿਆ ਹੈ। ਗੁਰੂ ਰਾਮਦਾਸ ਨੇ ਇਸ ਦੀ ਨਾਮ-ਸਾਧਨਾ ਵਲ ਸੰਕੇਤ ਕੀਤਾ ਹੈ—'ਜਪਿਓ ਨਾਮੁ ਸੁਕ ਜਨਕ ਗੁਰਬਚਨੀ ਹਰਿ ਹਰਿ ਸਰਣਿ ਪਰੇ' (ਅ. ਗ੍ਰੰ. 995)। ਕਲ੍ਹ ਭੱਟ ਨੇ ਗੁਰੂ ਨਾਨਕ ਦੇਵ ਨੂੰ ਰਾਜਾ ਜਨਕ ਦਾ ਅਵਤਾਰ ਦਰਸਾਇਆ ਹੈ—'ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਰਹਹਿ ਜਗਤ੍ਰ ਜਲ ਪਦਮ ਬੀਚਾਰ' (ਅ. ਗ੍ਰੰ. 1391)

ਜਨਮ-ਅਸ਼ਟਮੀ : ਸ੍ਰੀ ਕ੍ਰਿਸ਼ਣ ਦਾ ਜਨਮ-ਦਿਨ। ਵੇਖੋ 'ਕ੍ਰਿਸ਼ਣ, ਅਵਤਾਰ'।

ਜਨਮੇਜਯ : ਵੈਦਿਕ ਅਤੇ ਪੌਰਾਣਿਕ ਸਾਹਿੱਤ ਵਿਚ ਅਨੇਕ ਜਨਮੇਜਿਆਂ ਦਾ ਉੱਲੇਖ ਹੋਇਆ ਹੈ, ਪਰ ਜਿਸ ਜਨਮੇਜਯ ਦਾ ਉੱਲੇਖ ਮੱਧ-ਯੁਗ ਦੇ ਸੰਤਾਂ ਜਾਂ ਭਗਤਾਂ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ, ਉਹ ਕੁਰੂ-ਵੰਸ਼ੀ ਅਰਜੁਨ ਦਾ ਪੜਪੋਤਾ, ਅਭਿਮਨ੍ਯੁ ਦਾ ਪੋਤਾ ਅਤੇ ਪਰੀਕ੍ਸ਼ਿਤ ਦਾ ਪੁੱਤਰ ਸੀ।

'ਦੇਵੀ ਭਾਗਵਤ ਪੁਰਾਣ' (2/10-12) ਅਨੁਸਾਰ ਜਦੋਂ ਇਹ ਰਾਜਾ ਬਣਿਆ ਤਾਂ ਉਤੰਕ ਮੁਨੀ ਤੋਂ ਇਸ ਨੂੰ ਪਤਾ ਲਗਾ ਕਿ ਇਸ ਦੇ ਪਿਤਾ ਦੀ ਮ੍ਰਿਤੂ ਤਕ੍ਸ਼ਕ ਦੇ ਡਸਣ

ਨਾਲ ਹੋਈ ਸੀ। ਫਲਸਰੂਪ ਜਨਮੇਜਯ ਬਹੁਤ ਕ੍ਰੋਧਵਾਨ ਹੋਇਆ। ਉਤੰਕ ਮੁਨੀ ਦੀ ਪ੍ਰੇਰਣਾ ਨਾਲ ਇਸ ਨੇ 'ਸਰਪਸਤ੍ਰ' ਨਾਂ ਦਾ ਯੱਗ ਸ਼ੁਰੂ ਕੀਤਾ। ਅਨੇਕ ਸੱਪ ਬੁਲਾਉਣ 'ਤੇ ਅਗਨੀ ਵਿਚ ਡਿਗਣ ਲਗੇ। ਡਰ ਦੇ ਮਾਰੇ ਤਕ੍ਸ਼ਕ ਨੇ ਇੰਦਰ ਦੀ ਸ਼ਰਣ ਲਈ। ਉਤੰਕ ਨੇ ਇੰਦਰ ਸਹਿਤ ਤਕ੍ਸ਼ਕ ਨੂੰ ਬੁਲਾਇਆ। ਉਸ ਵਿਰਾਟ ਯੱਗ ਨੂੰ ਵੇਖ ਕੇ ਇੰਦਰ ਤਕ੍ਸ਼ਕ ਨੂੰ ਉਥੇ ਇਕੱਲਾ ਛਡ ਕੇ ਪਰਤ ਗਿਆ। ਉਦੋਂ ਜਰਤ੍ਕਾਰੂ ਦਾ ਧਰਮਾਤਮਾ ਪੁੱਤਰ ਆਸਤੀਕ ਵਾਸੁਕਿ ਨਾਗ ਦੀ ਪ੍ਰੇਰਣਾ ਨਾਲ ਉਥੇ ਪਹੁੰਚਿਆ ਅਤੇ ਰਾਜੇ ਤੋਂ ਮਨ-ਇਛਿਆ ਵਰ ਮੰਗਿਆ। ਉਸ ਦੇ ਕਹਿਣ ਤੇ ਜਨਮੇਜਯ ਨੇ ਯੱਗ ਸਮਾਪਤ ਕਰ ਦਿੱਤਾ। ਇਸ ਨਾਲ ਆਸਤੀਕ ਤਾਂ ਸੰਤੁਸ਼ਟ ਹੋ ਗਿਆ ਪਰ ਰਾਜੇ ਦਾ ਮਨ ਅਸ਼ਾਂਤ ਰਹਿਣ ਲਗਿਆ ਕਿਉਂਕਿ ਅਸ਼੍ਵਮੇਧ ਯੱਗ ਦੌਰਾਨ ਉਸ ਨੂੰ ਬ੍ਰਹਮ-ਹਤਿਆ ਦਾ ਦੋਸ਼ ਲਗ ਗਿਆ ਸੀ। ਕੁਝ ਪ੍ਰਸੰਗਾਂ ਵਿਚ ਹਤਿਆ ਇਕ ਬ੍ਰਾਹਮਣ ਦੀ ਹੋਈ ਲਿਖੀ ਹੈ ਅਤੇ ਕੁਝ ਆਖਿਆਨਾਂ ਵਿਚ ਇਕ ਦੀ ਥਾਂ ਅਠਾਰ੍ਹਾਂ ਬ੍ਰਾਹਮਣ ਲਿਖੇ ਹਨ।

ਮਨ ਦੀ ਸ਼ਾਂਤੀ ਲਈ ਰਾਜ ਛਡ ਕੇ ਜਨਮੇਜਾ (ਜਨਮੇਜਯ) ਬਨ ਵਿਚ ਚਲਾ ਗਿਆ। ਉਥੇ ਇੰਦ੍ਰੋਤ ਮੁਨੀ ਨਾਲ ਮੇਲ ਹੋਇਆ। ਮੁਨੀ ਨੇ ਸ਼ਾਂਤੀਪੂਰਵਕ ਪ੍ਰਾਸਚਿਤ ਕਰਨ ਲਈ ਕਿਹਾ। ਅੰਤ ਵਿਚ ਉਸ ਨੇ ਵਿਆਸ ਤੋਂ ਸਾਰੀ 'ਮਹਾਭਾਰਤ' ਸੁਣੀ। ਵਿਆਸ ਨੇ ਹੋਣੀ ਦੇ ਅਟਲ ਸਰੂਪ ਨੂੰ ਸਪੱਸ਼ਟ ਕੀਤਾ ਅਤੇ ਉਸ ਨੇ ਦਿਬ-ਦ੍ਰਿਸ਼ਟੀ ਨਾਲ ਅਨੁਭਵ ਕਰਕੇ ਦਸਿਆ ਕਿ ਭਵਿਸ਼ ਵਿਚ ਰਾਜੇ ਉਤੇ ਕਿਹੜੀ ਬਿਪਤਾ ਪੈਣ ਵਾਲੀ ਹੈ। ਰਾਜੇ ਨੇ ਉਸ ਬਿਪਤਾ ਤੋਂ ਬਚਣ ਦੇ ਅਨੇਕ ਉਪਾ ਕੀਤੇ ਪਰ ਹੋਣੀ ਟਲ ਨਾ ਸਕੀ। ਵਿਆਸ ਨੇ ਰਾਜੇ ਨੂੰ ਅਨੇਕ ਸਲਾਹਾਂ ਦਿੱਤੀਆਂ, ਪਰ ਸਮਾਂ ਆਉਣ ਤੇ ਰਾਜੇ ਨੇ ਰਿਸ਼ੀ ਦੀਆਂ ਸਲਾਹਾਂ ਦੇ ਉਲਟ ਕਾਰਵਾਈ ਕੀਤੀ। ਸਿੱਟੇ ਵਜੋਂ ਰਾਜੇ ਨੂੰ ਦੁਖ-ਸੰਤਾਪ ਸਹਿਣਾ ਪਿਆ। ਪਰ 'ਮਹਾਭਾਰਤ' ਦੀ ਪੂਰੀ ਕਥਾ ਸੁਣਨ ਨਾਲ ਉਹ ਪਾਪ-ਮੁਕਤ ਹੋ ਗਿਆ।

ਗੁਰੂ ਨਾਨਕ ਦੇਵ ਨੇ ਜਨਮੇਜੇ ਵਲੋਂ ਗੁਰੂ ਦਾ ਉਪਦੇਸ਼ ਨਾ ਮੰਨ ਦੇ ਕੁਰਾਹੇ ਪੈਣ ਦੀ ਘਟਨਾ ਦਾ ਹਵਾਲਾ ਦਿੱਤਾ ਹੈ—'ਹੰਢੈ ਜਨਮੇਜਾ ਖੁਇ ਗਇਆ।/ਇਕੀ ਕਾਰਣਿ ਪਾਪੀ ਭਇਆ' (ਅ. ਗ੍ਰੰ. 654)। 'ਜਨਮੇਜੈ ਗੁਰਸਬਦੁ ਨਾ ਜਾਨਿਆ।/ਕਿਉ ਸੁਖੁ ਪਾਵੈ ਭਰਮਿ ਭੁਲਾਨਿਆ' (ਅ. ਗ੍ਰੰ. 225)।

ਜਨੇਊ : 'ਜਨੇਊ' ਦਾ ਮੂਲ ਨਾਂ 'ਯੱਗੋਪਵੀਤ' ਹੈ। ਇਸ ਤੋਂ ਭਾਵ ਹੈ 'ਯੱਗ ਦੇ ਅਵਸਰ ਤੇ ਉਪਰੋਂ ਲਪੇਟਿਆ ਹੋਇਆ ਬਸਤ੍ਰ' (ਮ੍ਰਿਗਚਰਮ)। ਇਸ ਨੂੰ ਧਾਰਣ ਕਰਨ ਨਾਲ ਯੱਗ ਕਰਨ ਦੀ ਯੋਗਤਾ ਦਾ ਅਧਿਕਾਰ ਪ੍ਰਾਪਤ ਹੁੰਦਾ ਸੀ। ਸਮੇਂ ਦੇ ਬੀਤਣ ਨਾਲ ਇਸ ਦਾ ਅਰਥ 'ਪਵਿੱਤਰ ਸੂਤਰ' ਹੋ ਗਿਆ ਜੋ ਯੱਗੋਪਵੀਤ ਦੇ ਚਿੰਨ੍ਹ ਵਜੋਂ ਧਾਰਣ ਕੀਤਾ ਜਾਣ ਲਗਿਆ।

ਇਹ ਹਿੰਦੂਆਂ ਦਾ ਇਕ ਸਮਾਰਤ (ਸਮ੍ਰਿਤੀ ਅਨੁਸਾਰੀ) ਸੰਸਕਾਰ ਹੈ। ਇਸ ਨੂੰ ਮੂਲ ਰੂਪ ਵਿਚ 'ਉਪਨਯਨ' ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ (ਵਿਦਿਆ ਅਭਿਆਸ ਅਤੇ ਨੈਤਿਕ ਸ਼ਿਸ਼ਟਤਾ ਲਈ ਪਿਤਾ ਜਾਂ ਉਸ ਦੀ ਗੈਰ-ਮੌਜੂਦਗੀ ਵਿਚ ਕਿਸੇ ਸਰਪ੍ਰਸਤ

ਦੁਆਰਾ ਬਾਲਕ ਨੂੰ) ਆਚਾਰਯ ਦੇ ਨੇੜੇ ਲੈ ਕੇ ਜਾਣਾ ਹੈ। ਇਸ ਲਈ ਮੁੱਖ ਰੂਪ ਵਿਚ ਇਹ ਸਿਖਿਆ (ਵਿਦਿਆ) ਪ੍ਰਾਪਤ ਕਰਨ ਸੰਬੰਧੀ ਸੰਸਕਾਰ ਹੈ। ਇਸ ਦੁਆਰਾ ਬਾਲਕ ਜਾਤੀਗਤ ਗਿਆਨ ਅਤੇ ਆਚਾਰ-ਵਿਚਾਰ ਵਿਚ ਦੀਕ੍ਸ਼ਿਤ ਹੋ ਕੇ ਸਮਾਜਿਕ ਕਰਤੱਵਾਂ ਦੀ ਪਾਲਣਾ ਕਰਨ ਦੇ ਯੋਗ ਬਣਦਾ ਹੈ। ਇਹ ਇਕ ਤਰ੍ਹਾਂ ਨਾਲ ਬਾਲਕ ਦਾ ਦੂਜਾ ਜਨਮ ਹੁੰਦਾ ਹੈ ਕਿਉਂਕਿ ਮਾਤਾ ਪਿਤਾ ਉਸ ਨੂੰ ਭੌਤਿਕ ਜਨਮ ਦਿੰਦੇ ਹਨ ਅਤੇ ਆਚਾਰਯ ਉਸ ਨੂੰ ਬੌਧਿਕ ਅਤੇ ਨੈਤਿਕ ਜਨਮ ਦਿੰਦਾ ਹੈ। ਇਹੀ ਕਾਰਣ ਹੈ ਕਿ ਉਪਨਯਨ ਸੰਸਕਾਰ ਕਰ ਚੁੱਕਣ ਵਾਲੇ ਬਾਲਕ ਨੂੰ ਦ੍ਵਿਜ (ਦੋ ਜਨਮਾ) ਕਿਹਾ ਜਾਂਦਾ ਹੈ।

ਵੱਖ-ਵੱਖ ਵਰਣਾਂ ਵਾਲਿਆਂ ਬਾਲਕਾਂ ਦਾ ਵੱਖਰੀ-ਵੱਖਰੀ ਉਮਰ ਵਿਚ ਉਪਨਯਨ ਸੰਸਕਾਰ ਹੁੰਦਾ ਹੈ ਜਿਵੇਂ ਬ੍ਰਾਹਮਣ ਬਾਲਕ ਦਾ ਅੱਠਵੇਂ ਵਰ੍ਹੇ ਵਿਚ, ਛਤ੍ਰੀ ਬਾਲਕ ਦਾ ਯਾਰ੍ਹਵੇਂ ਵਰ੍ਹੇ ਵਿਚ ਅਤੇ ਵੈਸ਼ ਬਾਲਕ ਦਾ ਬਾਰ੍ਹਵੇਂ ਵਰ੍ਹੇ ਵਿਚ ਹੋਣਾ ਚਾਹੀਦਾ ਹੈ। ਲੋੜ ਅਤੇ ਸਥਿਤੀ ਅਨੁਸਾਰ ਉਮਰ ਦੀਆਂ ਸੀਮਾਵਾਂ ਨੂੰ ਘਟਾਇਆ ਵਧਾਇਆ ਵੀ ਜਾ ਸਕਦਾ ਹੈ। ਸ਼ੂਦਰ ਬਾਲਕ ਅਤੇ ਸਾਰਿਆਂ ਵਰਣਾਂ ਦੀਆਂ ਬਾਲਕਾਵਾਂ ਨੂੰ ਯੱਗੋਪਵੀਤ ਧਾਰਣ ਕਰਨ ਦਾ ਅਧਿਕਾਰ ਨਹੀਂ ਹੈ।

ਉਪਨਯਨ ਲਈ ਵਰਣਾਂ ਅਨੁਸਾਰ ਸਮ੍ਰਿਤੀਕਾਰਾਂ ਨੇ ਰੁਤਾਂ ਵੀ ਨਿਸ਼ਚਿਤ ਕੀਤੀਆਂ ਹਨ। ਇਸ ਸੰਸਕਾਰ ਦਾ ਆਰੰਭ ਮੁੰਡਨ ਅਤੇ ਫਿਰ ਇਸ਼ਨਾਨ ਤੋਂ ਹੁੰਦਾ ਹੈ। ਬਾਲਕ ਬ੍ਰਹਮਚਾਰੀ ਨੂੰ ਆਚਾਰਯ ਵਲੋਂ ਅਨੁਕੂਲ ਬਸਤ੍ਰ ਦਿੱਤੇ ਜਾਂਦੇ ਹਨ। ਸਭ ਤੋਂ ਪਹਿਲਾਂ ਲੰਗੋਟ ਬੰਨ੍ਹਵਾਇਆ ਜਾਂਦਾ ਹੈ। ਸ਼ਰੀਰ ਸੰਬੰਧੀ ਸਮਾਜਿਕ ਚੇਤਨਾ ਦਾ ਇਹ ਪਹਿਲਾ ਕਦਮ ਹੈ। ਫਿਰ ਬ੍ਰਹਮਚਾਰੀ ਨੂੰ ਮੇਖਲਾ ਪਵਾਈ ਜਾਂਦੀ ਹੈ। ਇਸ ਨਾਲ ਸ਼ਰੀਰ ਵਿਚ ਚੁਸਤੀ ਅਤੇ ਕਮਰ ਨੂੰ ਪੁਸ਼ਟੀ ਮਿਲਦੀ ਹੈ। ਮੇਖਲਾ ਤੋਂ ਬਾਦ ਯੱਗੋਪਵੀਤ ਧਾਰਣ ਕਰਵਾਇਆ ਜਾਂਦਾ ਹੈ। ਇਹ ਇਤਨਾ ਮਹੱਤਵਪੂਰਣ ਹੈ ਕਿ ਅੱਜ ਉਪਨਯਨ ਸੰਸਕਾਰ ਦਾ ਨਾਂ ਹੀ 'ਯੱਗੋਪਵੀਤ-ਸੰਸਕਾਰ' ਪ੍ਰਚੱਲਿਤ ਹੋ ਗਿਆ ਹੈ।

ਆਮ ਤੌਰ ਤੇ ਯੱਗੋਪਵੀਤ ਤਿੰਨ-ਲੜਾ ਹੁੰਦਾ ਹੈ ਅਤੇ ਕਪਾਹ ਦਾ ਸਭ ਲਈ ਚਲਦਾ ਹੈ, ਪਰ ਸ਼ਾਸਤ੍ਰਾਂ ਵਿਚ ਬ੍ਰਾਹਮਣ ਲਈ ਕਪਾਹ ਦਾ, ਛਤ੍ਰੀ ਲਈ ਸਣ (ਅਲਸੀ) ਦਾ ਅਤੇ ਵੈਸ਼ ਲਈ ਉਨ ਦਾ ਯੱਗੋਪਵੀਤ ਦਸਿਆ ਗਿਆ ਹੈ। ਇਹ ਖੱਬੇ ਮੋਢੇ ਤੋਂ ਸੱਜੀ ਵੱਖੀ ਵਲ ਲਟਕਾਇਆ ਜਾਂਦਾ ਹੈ।

ਮੱਧ-ਯੁਗ ਤਕ ਪਹੁੰਚਦੇ-ਪਹੁੰਚਦੇ ਯੱਗੋਪਵੀਤ ਨਾਲ ਸੰਬੰਧਿਤ ਪਵਿੱਤਰ ਭਾਵਨਾ ਖ਼ਤਮ ਹੋ ਗਈ ਅਤੇ ਇਹ ਸੰਸਕਾਰ ਇਕ ਰਸਮ ਜਾਂ ਰੂੜ੍ਹੀ ਬਣ ਕੇ ਰਹਿ ਗਿਆ। ਇਸ ਲਈ ਨਵੀਂ ਚੇਤਨਾ ਦੇ ਯੁਗ-ਪੁਰਸ਼ ਗੁਰੂ ਨਾਨਕ ਦੇਵ ਨੇ ਯੱਗੋਪਵੀਤ ਦੇ ਰੂੜ੍ਹ ਰੂਪ ਨੂੰ ਤਿਆਗ ਕੇ ਇਸ ਦੀ ਵਾਸਤਵਿਕ ਭਾਵਨਾ ਨੂੰ ਸਮਝਣ ਲਈ ਜਿਗਿਆਸੂ ਨੂੰ ਉਪਦੇਸ਼ ਦਿੱਤਾ ਹੈ ਅਤੇ 'ਆਸਾ ਦੀ ਵਾਰ' ਵਿਚ ਇਸ ਦੇ ਭਾਵੀਕ੍ਰਿਤ ਰੂਪ ਨੂੰ ਇਸ ਤਰ੍ਹਾਂ ਬਿਆਨਿਆ—'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ।/ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ' (ਅ. ਗ੍ਰੰ. 471)।

ਜਪੁ, ਬਾਣੀ : ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਇਹ ਇਕ ਮਹੱਤਵਪੂਰਣ

ਬਾਣੀ ਹੈ ਕਿਉਂਕਿ ਇਸ ਵਿਚ ਗੁਰਮਤਿ ਅਤੇ ਸਿੱਖ-ਧਰਮ ਦੇ ਦਾਰਸ਼ਨਿਕ ਅਤੇ ਧਾਰਮਿਕ ਸਿੱਧਾਂਤ ਸਮੋਏ ਹੋਏ ਹਨ। ਇਹ ਨਿੱਤ-ਨੇਮ ਦੀਆਂ ਬਾਣੀਆਂ ਵਿਚ ਵੀ ਸ਼ਾਮਲ ਹੈ। ਇਸ ਬਾਣੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਾਰ-ਤੱਤ੍ਵ ਹੈ ਜਾਂ ਇੰਜ ਕਹੋ ਕਿ ਸਾਰੀ ਗੁਰਬਾਣੀ ਇਸ ਦੀ ਵਿਆਖਿਆ-ਮਾਤਰ ਹੈ।

ਇਸ ਬਾਣੀ ਦੀ ਰਚਨਾ ਕਦ ਹੋਈ, ਇਸ ਬਾਰੇ ਕੋਈ ਨਿਸ਼ਚਿਤ ਤੱਥ ਸਾਹਮਣੇ ਨਹੀਂ ਆਉਂਦਾ। 'ਪੁਰਾਤਨ ਜਨਮਸਾਖੀ' ਦੀ 10ਵੀਂ ਸਾਖੀ ਅਨੁਸਾਰ ਵੇਈਂ ਪ੍ਰਵੇਸ਼ ਉਪਰੰਤ ਪਰਮਾਤਮਾ ਨਾਲ ਹੋਏ ਸਾਖਿਆਕਾਰ ਤੋਂ ਬਾਦ ਗੁਰੂ ਨਾਨਕ ਦੇਵ ਨੇ ਇਸ ਬਾਣੀ ਦਾ ਉੱਚਾਰਣ ਕੀਤਾ ਸੀ। ਇਸੇ ਜਨਮਸਾਖੀ ਦੀ 53ਵੀਂ ਸਾਖੀ ਦੇ ਆਧਾਰ ਤੇ ਇਸ ਬਾਣੀ ਦੀ ਰਚਨਾ ਗੁਰੂ ਨਾਨਕ ਦੇਵ ਨਾਲ ਹੋਈ ਗੁਰੂ ਅੰਗਦ ਦੀ ਪਹਿਲੀ ਭੇਂਟ ਤੋਂ ਪਹਿਲਾਂ ਹੋ ਚੁਕੀ ਸੀ ਕਿਉਂਕਿ ਖਡੂਰ ਨਿਵਾਸੀ ਇਕ ਸਿੱਖ ਤੋਂ ਇਹ ਬਾਣੀ ਸੁਣ ਕੇ ਹੀ ਭਾਈ ਲਹਿਣਾ (ਗੁਰੂ ਅੰਗਦ) ਦੇ ਮਨ ਵਿਚ ਇਸ ਦੇ ਰਚੈਤਾ ਨੂੰ ਮਿਲਣ ਦੀ ਤਾਂਘ ਪੈਦਾ ਹੋਈ ਸੀ।

'ਮਿਹਰਬਾਨ-ਜਨਮਸਾਖੀ ਦੀ ਹਰਿ-ਜੀ ਪੋਥੀ ਦੀ 41ਵੀਂ ਗੋਸਟਿ ਅਨੁਸਾਰ ਗੁਰੂ ਨਾਨਕ ਦੇਵ ਦੀ ਬਾਣੀ ਵਿਚੋਂ ਚੋਣਵੇਂ ਸ਼ਬਦਾਂ ਅਥਵਾ ਪਉੜੀਆਂ ਦਾ ਗੁਰੂ ਅੰਗਦ ਦੁਆਰਾ ਤਿਆਰ ਕੀਤਾ ਸਮੁੱਚ ਹੀ ਇਸ ਬਾਣੀ ਦੇ ਰੂਪ ਵਿਚ ਸਾਹਮਣੇ ਆਇਆ। ਇਹ ਸ਼ਬਦ-ਚੋਣ ਗੁਰੂ ਨਾਨਕ ਦੇਵ ਦੀ ਹਜ਼ੂਰੀ ਵਿਚ ਕੀਤੀ ਗਈ ਸੀ। ਬਾਲੇ ਵਾਲੀ ਜਨਮਸਾਖੀ ਵਿਚ ਇਸ ਨੂੰ ਗੁਰੂ ਨਾਨਕ ਦੇਵ ਦੇ ਅੰਤਲੇ ਸਮੇਂ ਦੀ ਰਚਨਾ ਮੰਨਿਆ ਗਿਆ ਹੈ।

ਇਸ ਬਾਣੀ ਦੀ ਵਿਚਾਰ-ਗੰਭੀਰਤਾ ਅਤੇ ਸਿੱਧਾਂਤਿਕ ਪਰਪਕਤਾ ਨੂੰ ਵੇਖਦੇ ਹੋਇਆਂ ਇਹ ਗੱਲ ਸਰਲਤਾ-ਪੂਰਵਕ ਕਹੀ ਜਾ ਸਕਦੀ ਹੈ ਕਿ ਇਸ ਦੀ ਰਚਨਾ ਗੁਰੂ ਜੀ ਨੇ ਪ੍ਰੌੜ੍ਹ ਅਵਸਥਾ ਵਿਚ ਕੀਤੀ ਹੋਵੇਗੀ। ਇਸ ਤਰ੍ਹਾਂ ਇਸ ਬਾਣੀ ਦੀ ਰਚਨਾ ਸੰਨ 1530 ਈ. ਦੇ ਨੇੜੇ-ਤੇੜੇ, ਕਰਤਾਰਪੁਰ ਵਿਚ ਹੋਈ ਮੰਨੀ ਜਾ ਸਕਦੀ ਹੈ।

ਇਸ ਬਾਣੀ ਨੂੰ ਜਪੁ, ਜਪੁਜੀ, ਜਪੁ-ਨੀਸਾਣ ਆਦਿ ਨਾਂ ਦਿੱਤੇ ਜਾਂਦੇ ਹਨ। 'ਜਪੁ' ਇਸ ਦਾ ਮੂਲ ਨਾਂ ਹੈ। 'ਜੀ' ਪਦ ਸਤਿਕਾਰ-ਵਾਚਕ ਹੈ। 'ਨੀਸਾਣ' ਸ਼ਬਦ ਦਾ ਅਰਥ ਵਿਦਵਾਨਾਂ ਨੇ ਸ਼ਿਰੋਮਣੀ ਜਾਂ ਧੁਜਾ ਕਰ ਕੇ ਇਸ ਬਾਣੀ ਨੂੰ ਸਰਵਪ੍ਰਮੁਖ ਮੰਨਿਆ ਹੈ। ਪਰ ਅਸਲੀਅਤ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਤਿਆਰ ਕਰਨ ਵੇਲੇ ਗੁਰੂ ਅਰਜਨ ਦੇਵ ਨੇ ਇਸ ਬਾਣੀ ਨੂੰ ਜਿਸ ਪੋਥੀ ਤੋਂ ਨਕਲ ਕਰਵਾਇਆ, ਉਸ ਦੇ ਆਰੰਭ ਵਿਚ ਗੁਰੂ ਰਾਮਦਾਸ ਦੇ ਨੀਸਾਣ ਅੰਕਿਤ ਸਨ ਅਤੇ ਨਕਲ ਕਰਨ ਵੇਲੇ ਇਸ ਤੱਥ ਵਲ ਸੰਕੇਤ ਵੀ ਕਰ ਦਿੱਤਾ ਗਿਆ। ਛਪੀਆਂ ਹੋਈਆਂ ਬੀੜਾਂ ਵਿਚ ਇਹ ਸੰਕੇਤ ਨਹੀਂ ਮਿਲਦਾ, ਬਸ ਤਤਕਰੇ ਵਿਚ ਕੇਵਲ 'ਨੀਸਾਣ' ਪਦ ਲਿਖਿਆ ਰਹਿ ਗਿਆ ਹੈ। ਤਤਕਰੇ ਤੋਂ ਭਿੰਨ ਇਹ ਪਦ ਹੋਰ ਕਿਤੇ ਨਹੀਂ ਮਿਲਦਾ। ਫਲਸਰੂਪ, ਇਸ ਦਾ ਬਾਣੀ ਦੇ ਨਾਂ ਨਾਲ ਕੋਈ ਸੰਬੰਧ ਨਹੀਂ। ਇਸ ਦਾ ਮੂਲ ਨਾਂ 'ਜਪੁ' ਹੀ ਹੈ।

ਜਪੁਜੀ ਵਿਚ ਕੁਲ ਦੋ ਸ਼ਲੋਕ ਅਤੇ 38 ਪਉੜੀਆਂ ਹਨ। ਦੋਹਾਂ ਸ਼ਲੋਕਾਂ ਵਿਚੋਂ

ਇਕ ਸ਼ੁਰੂ ਵਿਚ ਅਤੇ ਇਕ ਆਖ਼ੀਰ ਵਿਚ ਹੈ। ਇਸ ਤਰ੍ਹਾਂ ਇਹ ਬਾਣੀ 40 ਪਦਾਂ ਦਾ ਸਮੁੱਚ ਹੈ ਅਤੇ ਇਸ ਦਾ ਰਚਨਾ-ਪ੍ਰਬੰਧ ਕੜਵਕ ਸ਼ੈਲੀ ਵਾਲਾ ਹੈ। ਇਨ੍ਹਾਂ 40 ਪਦਾਂ ਦੇ ਅਗੋਂ ਚਾਰ-ਚਾਰ ਪਦਾਂ ਦੇ ਦਸ ਭਾਵ-ਜੁੱਟ ਹਨ ਜਿਨ੍ਹਾਂ ਉਤੇ ਸਮੁੱਚੀ ਬਾਣੀ ਦਾ ਵਿਚਾਰ-ਭਵਨ ਉਸਾਰਿਆ ਹੈ। ਇਸ ਦੇ ਆਰੰਭ ਵਿਚ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਤੁਕ ਰਾਹੀਂ ਸਮੱਸਿਆ ਦਾ ਸੰਕੇਤ ਕਰ ਕੇ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਨਾਲ ਉਸ ਦਾ ਸਮਾਧਾਨ ਦਸਿਆ ਗਿਆ ਹੈ ਅਤੇ ਅੰਤਿਮ ਸ਼ਲੋਕ ਵਿਚ 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।/ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।' ਕਹਿ ਕੇ ਨਾਮ-ਸਾਧਨਾ ਦੁਆਰਾ ਹੋਣ ਵਾਲੀ ਪ੍ਰਾਪਤੀ ਦੀ ਸੂਚਨਾ ਦਿੱਤੀ ਗਈ ਹੈ।

ਇਸ ਬਾਣੀ ਦੇ ਅੰਤ 'ਤੇ ਪੰਜ-ਖੰਡਾਂ ਦਾ ਵਰਣਨ ਕੀਤਾ ਗਿਆ ਹੈ। ਇਹ ਖੰਡ ਗੁਰੂ ਨਾਨਕ ਦੇਵ ਦੀ ਅਧਿਆਤਮਿਕ ਅਨੁਭੂਤੀ ਦੀ ਮੌਲਿਕ ਅਭਿਵਿਅਕਤੀ ਹੈ। ਇਹ ਖੰਡ—ਧਰਮ, ਗਿਆਨ, ਸਰਮ, ਕਰਮ ਅਤੇ ਸਚ—ਉਤਰੋਤਰ ਸੂਖਮ ਹੁੰਦੇ ਗਏ ਹਨ। ਇਸ ਤਰ੍ਹਾਂ ਇਨ੍ਹਾਂ ਦਾ ਪ੍ਰਕਾਰਜ ਸਥੂਲਤਾ ਤੋਂ ਸੂਖਮਤਾ ਵਲ ਹੈ। ਇਹ ਯਾਤ੍ਰਾ ਬਾਹਰਵਰਤੀ ਨਹੀਂ, ਅੰਦਰਵਰਤੀ ਹੈ। ਇਸ ਨਾਲ ਜਿਗਿਆਸੂ ਦੀ ਅਧਿਆਤਮਿਕ ਉੱਨਤੀ ਸੰਭਵ ਹੁੰਦੀ ਹੈ।

ਕਲਾਤਮਕ ਪੱਖ ਤੋਂ ਜਪੁ-ਜੀ ਸੂਤ੍ਰਿਕ ਸ਼ੈਲੀ ਦੀ ਰਚਨਾ ਹੈ। ਹਰ ਇਕ ਪਉੜੀ ਪੂਰਵ-ਪਰ ਸੰਬੰਧ ਕਾਇਮ ਰਖਦੀ ਹੋਈ ਮੂਲ ਭਾਵ ਦਾ ਸਹੀ ਢੰਗ ਨਾਲ ਵਿਕਾਸ ਕਰਦੀ ਹੈ। ਛੰਦ-ਬੱਧ ਹੋਣ ਦੇ ਬਾਵਜੂਦ ਇਹ ਕਿਸੇ ਪ੍ਰਕਾਰ ਦੇ ਛੰਦ ਦੇ ਬੰਧਨ ਨੂੰ ਸਵੀਕਾਰ ਨਹੀਂ ਕਰਦੀ। ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਸਧੁੱਕੜੀ ਕਹੀ ਜਾ ਸਕਦੀ ਹੈ। ਇਸ ਰਚਨਾ ਤੋਂ ਗੁਰੂ ਜੀ ਦੇ ਵਿਸ਼ਾਲ ਗਿਆਨ ਅਤੇ ਗੰਭੀਰ ਆਤਮ-ਅਨੁਭਵ ਦਾ ਪਰਿਚਯ ਮਿਲਦਾ ਹੈ। ਸਿੱਖ ਧਰਮ-ਸਾਧਨਾ ਵਿਚ ਇਸ ਬਾਣੀ ਦੇ ਨਿੱਤ-ਪਾਠ ਨੂੰ ਆਵੱਸ਼ਕ ਮੰਨਿਆ ਗਿਆ ਹੈ। ਭਾਈ ਗੁਰਦਾਸ ਨੇ ਅਜਿਹਾ ਸੰਕੇਤ ਕਰਦਿਆਂ ਲਿਖਿਆ ਹੈ—'ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤ੍ਰੁ ਜਪਾਇਆ' (36/4)। ਕਵੀ ਕੇਦਾਰ ਨਾਥ 'ਬਾਗ਼ੀ' ਨੇ ਦੇਸ਼-ਵੰਡ ਵੇਲੇ ਪਾਕਿਸਤਾਨ ਵਿਚ ਰਹਿ ਗਈ ਇਕ ਨਾਰ ਦੀ ਭਾਵ-ਅਭਿਵਿਅਕਤੀ ਵੇਲੇ ਇਸ ਬਾਣੀ ਦਾ ਹਵਾਲਾ ਇਉਂ ਦਿੱਤਾ ਹੈ—"ਤੈਨੂੰ ਕੀ, ਜੇ ਰਾਵਣ ਲੈ ਗਿਆ, ਚੁਕ ਕੇ ਤੇਰੀ ਸੀਤਾ ਨੂੰ।/ਪੜ੍ਹਾਂ ਨਮਾਜ਼ਾਂ, ਛਡ ਕੇ 'ਜਪੁਜੀ', 'ਸੁਖਮਨੀ' 'ਭਗਵਤ ਗੀਤਾ' ਨੂੰ।"

ਜ਼ਬੂਰ : ਹਜ਼ਰਤ ਦਾਊਦ ਨੂੰ ਆਵੇਸ਼ਿਤ ਧਰਮ-ਗ੍ਰੰਥ। ਵੇਖੋ 'ਬਾਈਬਲ', 'ਕਤੇਬ'।

ਜ਼ਮ : ਵੇਖੋ 'ਯਮ'।

ਜ਼ਮਜ਼ਮ : ਇਕ ਖੂਹ ਅਥਵਾ ਚਸ਼ਮਾ ਜੋ ਮੱਕੇ ਅੰਦਰ ਕਾਅਬੇ ਦੇ ਪਰਿਸਰ ਵਿਚ ਹੈ। ਇਸ ਨੂੰ ਮੁਸਲਮਾਨਾਂ ਵਿਚ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਹੱਜ ਉਤੇ ਜਾਣ ਵਾਲੇ ਲੋਕ ਇਸ ਵਿਚੋਂ ਜਲ-ਪਾਨ ਕਰਦੇ ਹਨ ਅਤੇ ਵਾਪਸੀ ਤੇ ਆਪਣੇ ਸੰਬੰਧੀਆਂ ਅਤੇ ਮਿੱਤਰਾਂ ਲਈ ਲੈ ਵੀ ਆਉਂਦੇ ਹਨ ਜੋ ਕਿਸੇ ਕਾਰਣ ਵਸ ਹੱਜ ਉਤੇ ਨਾ ਜਾ ਸਕਦੇ

ਹਨ। ਕਿਸੇ ਵਿਅਕਤੀ ਦੇ ਮਰਨ ਵੇਲੇ ਵੀ ਮੁਸਲਮਾਨ ਲੋਕ ਜ਼ਮਜ਼ਮ ਦਾ ਜਲ ਉਸ ਦੇ ਮੂੰਹ ਵਿਚ ਪਾ ਕੇ ਪਵਿੱਤਰ ਕਰਦੇ ਹਨ।

ਕਹਿੰਦੇ ਹਨ ਕਿ ਹਜ਼ਰਤ ਇਬਰਾਹੀਮ ਦੀ ਦੂਜੀ ਪਤਨੀ ਹਾਜਿਰਾ ਨੇ ਜਦੋਂ ਇਸਮਾਈਲ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ ਤਾਂ ਪਹਿਲੀ ਪਤਨੀ 'ਸਾਰਾਹ' ਨੇ ਈਰਖਾ ਵਸ ਅਤੇ ਸੌਂਕਣ ਸਾੜੇ ਕਰਕੇ ਇਬਰਾਹੀਮ ਉਤੇ ਜ਼ੋਰ ਪਾ ਕੇ ਉਨ੍ਹਾਂ ਦੋਹਾਂ (ਮਾਂ-ਪੁੱਤਰ) ਨੂੰ ਘਰੋਂ ਕੱਢਵਾ ਦਿੱਤਾ। ਅਰਬ ਦੇ ਰੇਗਿਸਤਾਨ ਵਿਚ ਫਿਰਦਿਆਂ ਹਾਜਿਰਾ ਦੇ ਪੁੱਤਰ ਇਸਮਾਈਲ ਨੂੰ ਬਹੁਤ ਪਿਆਸ ਲਗੀ। ਕਿਤੇ ਵੀ ਪਾਣੀ ਨਾ ਮਿਲਣ ਕਾਰਣ ਮਾਂ ਨੇ ਰੱਬ ਅਗੇ ਪਾਣੀ ਲਈ ਪ੍ਰਾਰਥਨਾ ਕੀਤੀ। ਤਾਂ ਜਬਰਾਈਲ ਫ਼ਰਿਸ਼ਤਾ ਉਥੇ ਆਇਆ ਅਤੇ ਜੰਨਤ ਤੋਂ ਜ਼ਮਜ਼ਮ ਨਾਂ ਦਾ ਚਸ਼ਮਾ ਧਰਤੀ ਉਤੇ ਉਤਾਰਿਆ। ਇਸ ਵਿਚੋਂ ਪਾਣੀ ਪੀ ਕੇ ਇਸਮਾਈਲ ਨੇ ਪਿਆਸ ਬੁਝਾਈ। ਉਦੋਂ ਤੋਂ ਇਹ ਚਸ਼ਮਾ ਧਰਤੀ ਉਤੇ ਕਾਅਬੇ ਦੇ ਪਰਿਸਰ ਵਿਚ ਸਥਿਤ ਹੈ।

ਇਕ ਹੋਰ ਰਵਾਇਤ ਅਨੁਸਾਰ ਜਦੋਂ ਪਿਆਸੀ ਹਾਜਿਰਾ ਆਪਣੇ ਪੁੱਤਰ ਸਮੇਤ ਰੇਗਿਸਤਾਨ ਵਿਚ ਪਾਣੀ ਦੀ ਭਾਲ ਵਿਚ ਫਿਰ ਰਹੀ ਸੀ ਤਾਂ ਉਸ ਨੂੰ ਇਕ ਖੂਹ ਨਜ਼ਰੀ ਪਿਆ ਜੋ, ਅਸਲ ਵਿਚ, ਆਤਿਸ਼-ਪ੍ਰਸਤਾਂ ਦਾ ਅਗਨ-ਕੁੰਡ ਸੀ। ਉਸ ਵਿਚ ਪਾਣੀ ਨਾ ਵੇਖ ਕੇ ਨਿਰਾਸ਼ ਹੋਈ ਅਤੇ ਰੱਬ ਅਗੇ ਅਰਜ਼ ਕੀਤੀ ਕਿ ਅਗਨ-ਕੁੰਡ ਨੂੰ ਜਲ ਨਾਲ ਭਰਿਆ ਜਾਏ। ਰੱਬੀ ਮਿਹਰ ਨਾਲ ਕੁੰਡ ਜਲ ਨਾਲ ਭਰ ਗਿਆ ਅਤੇ ਦੋਹਾਂ ਨੇ ਰੱਜ ਕੇ ਪਾਣੀ ਪੀਤਾ। 'ਜ਼ਮ' ਦਾ ਅਰਥ 'ਭਰਨਾ' ਕਰਨ ਵਾਲੇ, ਕੁੰਡ ਦੇ ਜਲ ਨਾਲ ਭਰੇ ਜਾਣ ਕਾਰਣ ਉਸ ਦਾ ਨਾਂ 'ਜ਼ਮਜ਼ਮ' ਪਿਆ ਦਸਦੇ ਹਨ। ਇਸ ਖੂਹ ਦਾ ਪਾਣੀ ਕਦੇ ਸੁਕਦਾ ਨਹੀਂ। ਕਵੀ ਹਰਿੰਦਰ ਮਹਿਬੂਬ ਨੇ ਇਸ ਵਲ ਸੰਕੇਤ ਇੰਜ ਕੀਤਾ ਹੈ—'ਜ਼ਮਜ਼ਮ ਕੋਲ ਮੈਂ ਰੋ ਨਾ ਸਕਿਆ,/ਸਿਖਰ ਦੁਪਹਿਰਾਂ ਵੇਲੇ।'

ਜਮਦਗਨਿ : ਇਕ ਬ੍ਰਹਮ-ਰਿਸ਼ੀ ਜੋ ਭ੍ਰਿਗੂ ਦਾ ਪੋਤਰਾ ਅਤੇ ਰਿਚੀਕ ਦਾ ਪੁੱਤਰ ਸੀ। ਇਸ ਦੀ ਮਾਤਾ, ਸਤ੍ਯਵਤੀ ਛਤ੍ਰੀ ਵੰਸ਼ ਦੇ ਰਾਜਾ ਗਾਧਿ ਦੀ ਪੁੱਤਰੀ ਸੀ। ਇਸ ਦਾ ਸਭ ਤੋਂ ਪਹਿਲਾ ਉੱਲੇਖ 'ਰਿਗਵੇਦ' ਵਿਚ ਮਿਲਦਾ ਹੈ ਜਿਥੇ ਇਸ ਨੂੰ ਧਾਰਮਿਕ ਰਿਸ਼ੀਆਂ ਵਿਚ ਗਿਣਿਆ ਗਿਆ ਹੈ। ਇਸ ਦਾ ਨਾਂ ਕੁਝ ਮੰਤ੍ਰਾਂ ਦੇ ਰਚੈਤਾਂ ਵਜੋਂ ਵੀ ਆਇਆ ਹੈ।

ਪੌਰਾਣਿਕ ਸਾਹਿੱਤ ਵਿਚ ਇਸ ਦੀ ਤਪਸਿਆ ਦਾ ਉੱਲੇਖ ਆਉਂਦਾ ਹੈ। ਵੇਦ ਅਭਿਆਸ ਤੋਂ ਬਾਦ ਇਸ ਨੇ ਸੂਰਜ ਵੰਸ਼ੀ ਰਾਜਾ ਰੇਣੁ (ਜਾਂ ਪ੍ਰਸੇਨਜਿਤ) ਤੋਂ ਉਸ ਦੀ ਪੁੱਤਰੀ ਰੇਣੁਕਾ ਦਾ ਹੱਥ ਮੰਗਿਆ, ਜੋ ਸਵੀਕਾਰ ਕਰ ਲਿਆ ਗਿਆ। ਇਸ ਤੋਂ ਜਮਦਗਨਿ ਦੇ ਘਰ ਪੰਜ ਪੁੱਤਰ—ਰੁਮਨਵਾਨ, ਸੁਸ਼ੇਣ, ਵਸੁ, ਵਿਸ਼੍ਵਾਵਸੁ ਅਤੇ ਪਰਸ਼ੁਰਾਮ—ਪੈਦਾ ਹੋਏ। ਇਕ ਵਾਰ ਰੇਣੁਕਾ ਦਾ ਮਨ ਰਾਜਾ ਚਿਤ੍ਰਰਥ ਨੂੰ ਆਪਣੀਆਂ ਰਾਣੀਆਂ ਨਾਲ ਕਲੋਲ ਕਰਦਿਆਂ ਵੇਖ ਕੇ ਵਿਚਲਿਤ ਹੋ ਗਿਆ। ਜਮਦਗਨਿ ਨੂੰ ਯੋਗ ਬਲ ਨਾਲ ਇਸ ਦਾ ਬੋਧ ਹੋ ਗਿਆ। ਉਸ ਨੇ ਆਪਣੇ ਪੁੱਤਰਾਂ ਨੂੰ ਮਾਤਾ ਦਾ ਵੱਧ ਕਰਨ ਲਈ ਵਾਰੋ-ਵਾਰੀ ਕਿਹਾ, ਪਰ ਪਹਿਲੇ ਚੋਹਾਂ ਵਿਚੋਂ ਕਿਸੇ ਨੇ ਨਾ ਮੰਨਿਆ।

ਆਖਿਰ ਪਰਸ਼ੁਰਾਮ ਨੇ ਪਿਤਾ ਦੀ ਆਗਿਆ ਮੰਨ ਕੇ ਮਾਤਾ ਦਾ ਵੱਧ ਕੀਤਾ। ਇਸ ਆਗਿਆ-ਪਾਲਣ ਤੋਂ ਪ੍ਰਸੰਨ ਹੋ ਕੇ ਜਮਦਗਨਿ ਨੇ ਵਰ ਮੰਗਣ ਲਈ ਕਿਹਾ। ਪਰਸ਼ੁਰਾਮ ਨੇ ਮਾਤਾ ਰੇਣੁਕਾ ਦੇ ਪੁਨਰ-ਜੀਵਿਤ ਹੋ ਜਾਣ ਦਾ ਵਰ ਮੰਗਿਆ ਜੋ ਪੂਰਾ ਕਰ ਦਿੱਤਾ ਗਿਆ।

ਇਕ ਵਾਰ ਜਮਦਗਨਿ ਦਾ ਸਾਂਢੂ ਰਾਜਾ ਕਾਰ੍ਤਵੀਰਯ (ਨਾਮਾਂਤਰ ਸਹਸ੍ਰਬਾਹੁ) ਆਪਣੀ ਸੈਨਾ ਸਮੇਤ ਇਸ ਦੇ ਆਸ਼੍ਰਮ ਵਿਚ ਆਇਆ। ਜਮਦਗਨਿ ਨੇ ਕਾਮਧੇਨੁ ਗਊ ਦੀ ਸਹਾਇਤਾ ਨਾਲ ਰਾਜੇ ਦੀ ਬਹੁਤ ਸੇਵਾ ਕੀਤੀ। ਰਾਜੇ ਨੇ ਉਹ ਗਊ ਪ੍ਰਾਪਤ ਕਰਨ ਲਈ ਪ੍ਰਸਤਾਵ ਰਖਿਆ। ਨਾਂਹ ਹੋ ਜਾਣ ਤੇ ਉਹ ਗਊ ਨੂੰ ਜ਼ਬਰਦਸਤੀ ਲੈ ਗਿਆ। ਪਰਸ਼ੁਰਾਮ ਨੂੰ ਜਦੋਂ ਇਸ ਘਟਨਾ ਦਾ ਪਤਾ ਲਗਾ ਤਾਂ ਉਸ ਨੇ ਕਾਰ੍ਤਵੀਰਯ ਨੂੰ ਮਾਰ ਦਿੱਤਾ। ਪਿਤਾ ਦਾ ਬਦਲਾ ਲੈਣ ਲਈ ਕਾਰ੍ਤਵੀਰਯ ਦੇ ਪੁੱਤਰਾਂ ਨੇ ਜਮਦਗਨਿ ਨੂੰ ਆਸ਼੍ਰਮ ਵਿਚ ਆ ਕੇ ਮਾਰ ਦਿੱਤਾ (ਇਕ ਪ੍ਰਸੰਗ ਅਨੁਸਾਰ ਕਾਰ੍ਤਵੀਰਯ ਨੇ ਜਮਦਗਨਿ ਨੂੰ ਖ਼ੁਦ ਮਾਰਿਆ ਸੀ)। ਪਰਸ਼ੁਰਾਮ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ 21 ਵਾਰ ਛਤ੍ਰੀਆਂ ਦਾ ਵਿਨਾਸ਼ ਕੀਤਾ। ਇਸ ਰਿਸ਼ੀ ਦੇ ਨਾਂ ਦਾ ਉੱਲੇਖ ਭੱਟਾਂ ਦੇ ਸਵਯੀਇਆਂ ਵਿਚ ਹੋਇਆ ਹੈ—'ਗਾਵੈ ਜਮਦਗਨਿ ਪਰਸਰਾਮੇਸਰ ਕਰਿ ਕੁਠਾਰੁ ਰਘੁ ਤੇਜ ਰਹਿਓ' (ਅ. ਗ੍ਰੰ. 1389)।

ਜਮਨਾ : ਵੇਖੋ 'ਯਮਨਾ', 'ਯਮੀ'।

ਜਮਰਾਜ : ਵੇਖੋ 'ਯਮ'।

ਜਮਰੋਦ : ਵੇਖੋ 'ਹਰੀ ਸਿੰਘ ਨਲਵਾ'।

ਜਮਾਲ : ਵੇਖੋ 'ਮੂਸਨ'।

ਜਯਦ੍ਰਥ : ਵੇਖੋ 'ਜੈਦ੍ਰਥ'।

ਜਰਗ ਦਾ ਮੇਲਾ : ਪਟਿਆਲਾ ਜ਼ਿਲੇ ਦੀ ਪਾਇਲ ਤਹਿਸੀਲ ਦਾ ਇਕ ਪਿੰਡ (ਹੁਣ ਜ਼ਿਲਾ ਲੁਧਿਆਣਾ ਵਿਚ) ਜੋ ਇਸ ਵਿਚ ਲਗਦੇ ਮੇਲੇ ਕਰਕੇ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹੈ। ਇਸ ਮੇਲੇ ਦਾ ਸੰਬੰਧ ਸੀਤਲਾ ਦੇਵੀ ਦੀ ਪੂਜਾ ਨਾਲ ਹੈ। ਸੀਤਲਾ ਦੇਵੀ ਨੂੰ ਸੀਤਲਾ ਮਾਤਾ ਵੀ ਕਿਹਾ ਜਾਂਦਾ ਹੈ। ਬਸੰਤ ਦੀ ਰੁਤ ਵਿਚ ਇਸ ਦਾ ਦਿਨ ਮੰਨਾਏ ਜਾਣ ਕਾਰਣ ਇਸ ਨੂੰ ਬਸੰਤੀ ਮਾਤਾ ਵੀ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਚੇਚਕ ਦੀ ਮਾਤਾ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰਵਾਰ ਸੀਤਲਾ ਮਾਤਾ ਦੇ ਛੋਟੇ-ਛੋਟੇ ਸਥਾਨ ਬਣੇ ਹੋਏ ਮਿਲਦੇ ਹਨ। ਇਨ੍ਹਾਂ ਸਥਾਨਾਂ ਉਤੇ ਸੋਮਵਾਰ ਨੂੰ ਕੱਚਾ ਅਤੇ ਪੱਕਾ ਅਨਾਜ, ਵੰਗਾਂ, ਸੰਧੂਰ ਆਦਿ ਚੜ੍ਹਾਇਆ ਜਾਂਦਾ ਹੈ।

ਮਹਾਨ-ਕੋਸ਼ਕਾਰ ਅਨੁਸਾਰ ਇਸ ਦੇਵੀ ਦਾ ਸਰੂਪ ਇਸ ਪ੍ਰਕਾਰ ਹੈ—ਸੁਨਹਿਰੀ ਰੰਗ, ਖੋਤੇ ਤੇ ਸਵਾਰ, ਹੱਥ ਵਿਚ ਝਾੜੂ, ਮੱਥੇ ਉਪਰ ਛੱਜ ਅਤੇ ਲਾਲ ਰੰਗ ਦੇ ਬਸਤ੍ਰ। ਜਦੋਂ ਬਾਲਕਾਂ ਨੂੰ ਚੇਚਕ ਨਿਕਲਦੀ ਹੈ ਤਾਂ ਉਸ ਦੇ ਮਾੜੇ ਅਸਰ ਤੋਂ ਬਚਾਉਣ ਲਈ ਸੀਤਲਾ ਦੀ ਪੂਜਾ ਕੀਤੀ ਜਾਂਦੀ ਹੈ, ਖੋਤੇ ਨੂੰ ਦਾਣਾ ਚਰਾਇਆ ਜਾਂਦਾ ਹੈ। ਇਸ ਦੀ ਪੂਜਾ ਦਾ ਖ਼ਾਸ ਦਿਨ ਚੇਤ ਵਦੀ 8 (ਸ਼ੀਤਲਾ ਅਸ਼ਟਮੀ) ਹੈ। ਇਸ ਬਾਰੇ ਭਗਤ

ਨਾਮਦੇਵ ਨੇ ਸੰਕੇਤ ਕੀਤਾ ਹੈ—'ਭੈਰਉ ਭੂਤ ਸੀਤਲਾ ਧਾਵੈ ।/ਖਰ ਬਾਹਨ ਉਹੁ ਛਾਰ ਉਡਾਵੈ' (ਅ. ਗ੍ਰੰ. 874)।

ਸ੍ਰੀ ਦੇਵ ਭਾਰਦਵਾਜ ਅਨੁਸਾਰ ਲਗਭਗ ਦੋ ਸੌ ਸਾਲ ਪਹਿਲਾਂ ਜਰਗ ਪਿੰਡ ਦੇ ਦੱਖਣ ਵਲ ਮਾਤਾ ਸੀਤਲਾ ਦੀਆਂ ਨਿੱਕੀਆਂ-ਨਿੱਕੀਆਂ ਮਾਟੀਆਂ ਸਨ ਜਿਨ੍ਹਾਂ ਦੀ ਪਿੰਡ ਦੇ ਲੋਕਾਂ ਵਲੋਂ ਪੂਜਾ ਕੀਤੀ ਜਾਂਦੀ ਸੀ। ਇਕ ਵਾਰ ਇਸ ਪਿੰਡ ਦੇ ਇਕ ਵਾਸੀ ਧਰਮ ਸਿੰਘ ਨੇ ਪ੍ਰਣ ਲਿਆ ਕਿ ਜੇ ਉਸ ਦੇ ਘਰ ਪੁੱਤਰ ਪੈਦਾ ਹੋਇਆ ਤਾਂ ਉਹ ਦੇਵੀ ਦੇ ਸਥਾਨ 'ਤੇ ਮੰਦਿਰ ਬਣਵਾ ਦੇਵੇਗਾ। ਉਸ ਦੀ ਮੁਰਾਦ ਪੂਰੀ ਹੋ ਗਈ ਅਤੇ ਉਸ ਨੇ ਮਾਟੀਆਂ ਵਾਲੀ ਥਾਂ 'ਤੇ ਚਾਰ ਮੰਦਿਰ ਉਸਰਵਾ ਦਿੱਤੇ। ਉਥੇ ਹੀ ਹਰ ਸਾਲ ਲੋਕੀਂ ਮੇਲੇ ਦੇ ਰੂਪ ਵਿਚ ਇਕੱਠੇ ਹੁੰਦੇ ਹਨ।

ਨਿੱਕੇ ਬੱਚਿਆਂ ਨੂੰ ਅਕਸਰ ਚੇਚਕ ਨਿਕਲ ਆਉਂਦੀ ਹੈ। ਉਸ ਨੂੰ ਲੋਕੀਂ ਸੀਤਲਾ ਮਾਤਾ ਦੀ ਮਿਹਰ ਸਮਝਦੇ ਹਨ। ਇਸ ਲਈ ਸੀਤਲਾ ਮਾਤਾ ਦੇ ਸ਼ਰਧਾਲੂ ਸ਼ੁਕਰਾਨੇ ਵਜੋਂ ਦੂਰੋਂ-ਦੂਰੋਂ ਚਲ ਕੇ ਜਰਗ ਪਹੁੰਚਦੇ ਹਨ। ਮੁੱਖ ਰੂਪ ਵਿਚ ਇਹ ਮੇਲਾ ਹਰ ਸਾਲ ਚੇਤਰ ਮਹੀਨੇ ਦੇ ਪਹਿਲੇ ਮੰਗਲਵਾਰ ਲਗਦਾ ਹੈ। ਪਰ ਚੇਤਰ ਦੇ ਦੂਜੇ ਮੰਗਲ-ਵਾਰ ਨੂੰ ਵੀ ਕੇਵਲ ਇਸਤਰੀਆਂ ਦਾ ਮੇਲਾ ਲਗਦਾ ਹੈ। ਇਹ ਮੇਲਾ ਇਕ ਟੋਭੇ ਦੁਆਲੇ ਲਗਦਾ ਹੈ। ਸ਼ਰਧਾਲੂ ਟੋਭੇ ਵਿਚੋਂ ਮਿੱਟੀ ਕੱਢ ਕੇ ਇਕ ਮਟੀਲਾ ਜਿਹਾ ਖੜਾ ਕਰ ਲੈਂਦੇ ਹਨ। ਇਸ ਮਟੀਲੇ ਨੂੰ ਮਾਤਾ ਦਾ ਰੂਪ ਸਮਝ ਕੇ ਪੂਜਿਆ ਜਾਂਦਾ ਹੈ। ਪੁਆਧ ਦੇ ਇਲਾਕੇ ਦਾ ਇਹ ਮਹੱਤਵਪੂਰਣ ਮੇਲਾ ਮੰਨਿਆ ਜਾਂਦਾ ਹੈ।

ਗਿਆਨੀ ਗੁਰਦਿਤ ਸਿੰਘ ਅਨੁਸਾਰ ਇਸ ਨੂੰ ਬਾਸੜੀਏ ਦਾ ਮੇਲਾ ਵੀ ਕਿਹਾ ਜਾਂਦਾ ਹੈ। ਬਾਸੜੀਏ ਤੋਂ ਭਾਵ ਹੈ 'ਬੇਹਾ ਅੰਨ'। ਚੇਤਰ ਦੇ ਮੰਗਲਵਾਰ ਤੋਂ ਇਕ ਦਿਨ ਪਹਿਲਾਂ ਗੁਲਗੁਲੇ ਪਕਾਏ ਜਾਂਦੇ ਹਨ। ਰਾਤ ਨੂੰ ਸੁੱਚੇ ਰਖ ਕੇ ਦੂਜੇ ਦਿਨ ਬੇਹੇ ਹੋ ਜਾਣ ਤੇ ਮਾਤਾ ਰਾਣੀ ਨੂੰ ਚੜ੍ਹਾ ਕੇ ਫਿਰ ਪਹਿਲਾਂ ਮਾਤਾ ਦੇ ਵਾਹਨ ਗਧੇ ਨੂੰ ਅਤੇ ਫਿਰ ਘਰ ਦੇ ਜੀਆਂ ਨੂੰ ਵਰਤਾਏ ਜਾਂਦੇ ਹਨ। ਗੁਲਗੁਲੇ ਖਾ ਕੇ ਰਜੇ ਹੋਏ ਗਧੇ ਜਦੋਂ ਹੀਂਗਦੇ ਹਨ ਤਾਂ ਸ਼ਰਧਾਲੂ ਆਪਣੀ ਆਸ ਪੂਰੀ ਹੋਣ ਦੀ ਖ਼ੁਸ਼ੀ ਵਿਚ ਮਾਤਾ ਰਾਣੀ ਦਾ ਧੰਨਵਾਦ ਕਰਦੇ ਹਨ।

ਬੱਚਿਆਂ ਦੀ ਬੀਮਾਰੀ ਅਤੇ ਉਸ ਬੀਮਾਰੀ ਤੋਂ ਮੁਕਤੀ ਪ੍ਰਾਪਤ ਕਰਨ ਲਈ ਜੋ ਸੁਖਣਾ ਸੁਖੀ ਜਾਂਦੀ ਹੈ, ਉਸ ਨੂੰ ਪੂਰਾ ਕਰਨ ਲਈ ਇਸ ਮੇਲੇ ਵਿਚ ਔਰਤਾਂ ਵੀ ਖ਼ੂਬ ਸਜ-ਧਜ ਕੇ ਜਾਂਦੀਆਂ ਹਨ। ਇਸ ਲਈ ਰਸਿਕ ਮੁੰਡੇ ਕਹਿ ਦਿੰਦੇ ਹਨ—'ਜਿਹਾ ਦੇਖਿਆ ਜਰਗ ਦਾ ਮੇਲਾ, ਜੇਹੀ ਤੇਰੀ ਗੁੱਤ ਵੇਖ ਲੀ।' ਕਈ ਵਾਰ ਜਰਗ ਦੇ ਮੇਲੇ 'ਤੇ ਜਾਣੋਂ ਸੰਕੋਚ ਕਰਨ ਵਾਲੀਆਂ ਔਰਤਾਂ ਨੂੰ ਬੱਚਾ ਚੁਕਾਉਣ ਦਾ ਲਾਲਚ ਵੀ ਦੇ ਦਿੱਤਾ ਜਾਂਦਾ ਹੈ—'ਚਲ ਚਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁਕ ਲੂੰ।' ਇਸ ਪ੍ਰਕਾਰ ਹੋਰ ਵੀ ਕਈ ਲੋਕ-ਗੀਤਾਂ ਅਤੇ ਆਂਚਲਿਕ ਕਥਾ-ਸਾਹਿੱਤ ਵਿਚ ਜਰਗ ਦੇ ਮੇਲੇ ਦਾ ਉੱਲੇਖ ਮਿਲਦਾ ਹੈ।

ਜਰਾਸੰਧ : ਇਕ ਚੰਦ੍ਰਵੰਸ਼ੀ ਰਾਜਾ ਜੋ ਮਗਧ ਦੇ ਰਾਜਾ ਬ੍ਰਿਹਦ੍ਰਥ (ਬ੍ਰਿਹਦ੍ਰਥ) ਦਾ ਪੁੱਤਰ

ਸੀ। ਰਾਜਾ ਬ੍ਰਿਹਦ੍ਰਥ ਨੇ ਕਾਸ਼ੀ ਦੇ ਰਾਜੇ ਦੀਆਂ ਜੁੜਵਾਂ ਪੁੱਤਰੀਆਂ ਨਾਲ ਵਿਆਹ ਕੀਤਾ। ਬਹੁਤ ਲੰਬੇ ਸਮੇਂ ਤਕ ਜਦੋਂ ਕਿਸੇ ਪੁੱਤਰ ਦੀ ਪ੍ਰਾਪਤੀ ਦੀ ਖ਼ੁਸ਼ੀ ਹਾਸਲ ਨਾ ਹੋਈ ਤਾਂ ਉਸ ਨੇ ਕਾਕ੍ਸ਼ੀਵਾਨ ਦੇ ਪੁੱਤਰ ਮੁਨੀ ਚੰਡ ਕੌਸ਼ਿਕ ਦੀ ਸੇਵਾ ਕੀਤੀ। ਮੁਨੀ ਨੇ ਪ੍ਰਸੰਨ ਹੋ ਕੇ ਉਸ ਨੂੰ ਇਕ ਫਲ ਪ੍ਰਸਾਦ ਰੂਪ ਵਿਚ ਦਿੱਤਾ। ਰਾਜੇ ਨੇ ਉਸ ਫਲ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੋਹਾਂ ਰਾਣੀਆਂ ਨੂੰ ਖਵਾ ਦਿੱਤਾ। ਸਮਾਂ ਆਉਣ ਤੇ ਦੋਹਾਂ ਰਾਣੀਆਂ ਨੇ ਅੱਧੇ-ਅੱਧੇ ਆਕਾਰ (ਭਾਵ ਅੱਧਾ ਸਿਰ, ਇਕ ਬਾਂਹ, ਇਕ ਟੰਗ, ਇਕ ਪੈਰ) ਵਾਲੇ ਦੋ ਬਾਲਕਾਂ ਨੂੰ ਜਨਮ ਦਿੱਤਾ। ਉਨ੍ਹਾਂ ਅਰਧ-ਬਾਲਕਾਂ ਤੋਂ ਨਿਰਾਸ਼ ਹੋ ਕੇ ਰਾਜੇ ਨੇ ਉਨ੍ਹਾਂ ਨੂੰ ਬਾਹਰ ਸੁਟਵਾ ਦਿੱਤਾ। ਮਾਸ-ਆਹਾਰ ਦੀ ਖੋਜ ਵਿਚ ਫਿਰਦੀ 'ਜਰਾ' ਨਾਂ ਦੀ ਰਾਖਸ਼ੀ ਨੇ ਉਨ੍ਹਾਂ ਨੂੰ ਵੇਖਿਆ ਅਤੇ ਦੋਹਾਂ ਹਿੱਸਿਆਂ ਨੂੰ ਪਰਸਪਰ ਜੋੜ ਦਿੱਤਾ ਜੋ ਇਕ ਸੁੰਦਰ ਬਾਲਕ ਦੇ ਰੂਪ ਵਿਚ ਪ੍ਰਸਤੁਤ ਹੋਏ। ਜਰਾ ਨੇ ਉਹ ਬਾਲਕ ਰਾਜੇ ਨੂੰ ਦੇ ਦਿੱਤਾ ਅਤੇ ਕਿਹਾ ਕਿ ਬਹੁਤ ਪ੍ਰਤਾਪੀ ਹੋਏਗਾ। ਜਦ ਤਕ ਇਸ ਦਾ ਜੋੜ ਕਾਇਮ ਰਹੇਗਾ, ਇਸ ਨੂੰ ਕੋਈ ਮਾਰ ਨਹੀਂ ਸਕੇਗਾ। ਜਰਾ ਰਾਖਸ਼ੀ ਦੁਆਰਾ ਜੋੜੇ ਜਾਣ ਕਰਕੇ ਇਸ ਦਾ ਨਾਂ 'ਜਰਾਸੰਧ' ਪ੍ਰਸਿੱਧ ਹੋਇਆ।

ਜਰਾਸੰਧ ਦੀਆਂ ਦੋ ਕੰਨਿਆਵਾਂ—ਅਸ੍ਤਿ ਅਤੇ ਪ੍ਰਾਪ੍ਤਿ—ਦਾ ਵਿਆਹ ਕੰਸ (ਵੇਖੋ) ਨਾਲ ਹੋਇਆ। ਜਰਾਸੰਧ ਦੀ ਮੱਦਦ ਨਾਲ ਕੰਸ ਨੇ ਆਪਣੇ ਪਿਤਾ ਨੂੰ ਰਾਜ-ਗੱਦੀ ਤੋਂ ਉਤਾਰ ਕੇ ਖ਼ੁਦ ਰਾਜਾ ਬਣ ਬੈਠਾ। ਅਧਿਕ ਅਤਿਆਚਾਰੀ ਹੋਣ ਕਾਰਣ ਉਸ ਤੋਂ ਛੁਟਕਾਰਾ ਪਾਉਣ ਲਈ ਕ੍ਰਿਸ਼ਣ ਅਤੇ ਬਲਰਾਮ ਨੇ ਕੰਸ ਨੂੰ ਮਾਰ ਦਿੱਤਾ। ਉਸ ਦੀਆਂ ਪਤਨੀਆਂ ਨੇ ਆਪਣੇ ਪਿਤਾ ਅਗੇ ਪੁਕਾਰ ਕੀਤੀ। ਜਰਾਸੰਧ ਨੇ ਇਕ ਵੱਡੀ ਸੈਨਾ ਇਕੱਠੀ ਕਰਕੇ ਅਤੇ ਆਪਣੇ ਮਿੱਤਰ ਕਾਲਯਵਨ ਨੂੰ ਨਾਲ ਲੈ ਕੇ ਮਥੁਰਾ ਉਤੇ ਹਮਲਾ ਕਰ ਦਿੱਤਾ। ਮਥੁਰਾ ਤੋਂ ਸਾਰੇ ਲੋਕ ਭਜ ਗਏ। ਕਾਲਯਵਨ (ਵੇਖੋ) ਨੂੰ ਕ੍ਰਿਸ਼ਣ ਨੇ ਚਾਲਾਕੀ ਨਾਲ ਮੁਚਕੁੰਦ ਰਿਸ਼ੀ ਦੀ ਗੁਫ਼ਾ ਵਿਚ ਲੈ ਜਾ ਕੇ ਭਸਮ ਕਰਵਾਇਆ। ਫਿਰ ਪਾਂਡਵਾਂ ਵਲੋਂ ਕੀਤੇ ਰਾਜਸੂਯ ਯੱਗ ਦੌਰਾਨ ਕ੍ਰਿਸ਼ਣ, ਭੀਮ ਅਤੇ ਅਰਜੁਨ ਬ੍ਰਾਹਮਣੀ ਭੇਸ ਵਿਚ ਜਰਾਸੰਧ ਦੇ ਮਹਿਮਾਨ ਬਣੇ। ਰਾਜੇ ਨੇ ਭਾਵੇਂ ਉਨ੍ਹਾਂ ਨੂੰ ਪਛਾਣ ਲਿਆ, ਪਰ ਬ੍ਰਾਹਮਣੀ ਭੇਸ ਵਿਚ ਹੋਣ ਕਰਕੇ ਭਿਖਿਆ ਦੇਣ ਲਈ ਤਿਆਰ ਹੋ ਗਿਆ। ਉਨ੍ਹਾਂ ਨੇ ਯੁੱਧ ਕਰਨ ਦੀ ਭਿਖਿਆ ਮੰਗੀ। ਰਾਜੇ ਨੇ ਭੀਮ ਨਾਲ ਦੁਅੰਦ ਯੁੱਧ ਕਰਨ ਦੀ ਗੱਲ ਮੰਨ ਲਈ। ਅੱਠਾਈ ਦਿਨ ਯੁੱਧ ਹੁੰਦਾ ਰਿਹਾ ਪਰ ਗੱਲ ਕਿਸੇ ਪਾਸੇ ਨਾ ਲਗੀ। ਆਖ਼ਰ ਕ੍ਰਿਸ਼ਣ ਨੇ ਇਕ ਤਿਨਕਾ ਚੁਕਿਆ ਅਤੇ ਉਸ ਨੂੰ ਵਿਚੋਂ ਚੀਰ ਕੇ ਜਰਾਸੰਧ ਨੂੰ ਮਾਰਨ ਦਾ ਭੀਮ ਨੂੰ ਢੰਗ ਦਸਿਆ। ਭੀਮ ਨੇ ਮੌਕਾ ਤਾੜ ਕੇ, ਦੋਹਾਂ ਟੰਗਾਂ ਨੂੰ ਫੜ ਕੇ ਜਰਾਸੰਧ ਨੂੰ ਜੋੜ ਵਾਲੀ ਥਾਂ ਤੋਂ ਚੀਰ ਦਿੱਤਾ ਅਤੇ ਦੋਹਾਂ ਟੁਕੜਿਆਂ ਨੂੰ ਵੱਖਰੇ-ਵੱਖਰੇ ਪਾਸੇ ਸੁਟ ਦਿੱਤਾ। ਇਸ ਤਰ੍ਹਾਂ ਬਲਵਾਨ ਜਰਾਸੰਧ ਦਾ ਅੰਤ ਹੋ ਗਿਆ।

ਮੱਧ-ਯੁਗ ਦੇ ਕਾਵਿ ਵਿਚ ਇਸ ਦਾ ਉੱਲੇਖ ਹੰਕਾਰੀ ਰਾਜੇ ਵਜੋਂ ਹੋਇਆ ਹੈ। ਗੁਰੂ ਨਾਨਕ ਦੇਵ ਨੇ ਪ੍ਰਭੂ ਨੂੰ ਸਰਵ-ਪ੍ਰਹਾਰੀ ਦਸਦਿਆਂ ਜਿਨ੍ਹਾਂ ਹੰਕਾਰੀ ਰਾਜਿਆਂ ਦਾ ਜ਼ਿਕਰ ਕੀਤਾ, ਉਨ੍ਹਾਂ ਵਿਚ ਜਰਾਸੰਧ ਦੇ ਨਾਂ ਦਾ ਵੀ ਹਵਾਲਾ ਦਿੱਤਾ ਹੈ—'ਜਰਾਸੰਧਿ

ਕਾਲ ਜਮੁਨ ਸੰਘਾਰੇ ।/ਰਕਤਬੀਜੁ ਕਾਲੁਨੇਮੁ ਬਿਦਾਰੇ' (ਅ. ਗ੍ਰੰ. 224)।

ਜਲਾਲੀ : ਰੱਭੇ ਦੀ ਪ੍ਰੇਮਿਕਾ। ਵੇਖ 'ਰੱਭਾ-ਜਲਾਲੀ'।

ਜਲ੍ਹਿਆਂ ਵਾਲਾ ਬਾਗ਼ : ਅੰਮ੍ਰਿਤਸਰ ਨਗਰ ਵਿਚ ਦਰਬਾਰ ਸਾਹਿਬ ਦੇ ਨੇੜੇ ਸਥਿਤ ਇਸ ਬਾਗ਼ ਦਾ ਇਤਿਹਾਸਿਕ ਮਹੱਤਵ ਹੈ। 13 ਅਪ੍ਰੈਲ, 1919 ਈ. ਨੂੰ ਵਿਸਾਖੀ ਵਾਲੇ ਦਿਨ ਇਸ ਬਾਗ਼ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਇਕੱਠੇ ਹੋਏ। ਲੋਕਾਂ ਦੇ ਇਕੱਠੇ ਹੋਣ ਦਾ ਪ੍ਰਯੋਜਨ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨਾ ਸੀ ਕਿਉਂਕਿ ਰੌਲਟ ਐਕਟ ਦੇ ਵਿਰੋਧ ਵਿਚ ਰਾਸ਼ਟਰ-ਵਿਆਪੀ ਅੰਦੋਲਨ ਨੂੰ ਦਬਾਉਣ ਲਈ ਅੰਗ੍ਰੇਜ਼ ਸਰਕਾਰ ਨੇ ਕਈ ਸਖ਼ਤ ਕਦਮ ਉਠਾਏ ਅਤੇ ਉੱਘੇ ਨੇਤਾਵਾਂ ਨੂੰ ਨਜ਼ਰਬੰਦ ਕਰ ਦਿੱਤਾ। ਪੰਜਾਬ ਵਿਚ ਡਾ. ਸਤ੍ਯਪਾਲ ਅਤੇ ਡਾ. ਕਿਚਲੂ ਨੂੰ ਵੀ ਪਕੜ ਲਿਆ ਗਿਆ। ਇਸ ਅੰਦੋਲਨ ਵਿਚ ਪੰਜਾਬ ਨੇ ਵੱਧ ਚੜ੍ਹ ਕੇ ਹਿੱਸਾ ਲਿਆ। 9 ਅਪ੍ਰੈਲ, 1919 ਈ. ਨੂੰ ਰਾਮਨੌਮੀ ਵਾਲੇ ਦਿਨ ਹਿੰਦੂਆਂ-ਮੁਸਲਮਾਨਾਂ ਨੇ ਇਕ ਸਾਂਝਾ ਜਲੂਸ ਕਢਿਆ ਅਤੇ ਆਪਣੇ ਹਰਮਨ ਪਿਆਰੇ ਉਕਤ ਦੋਹਾਂ ਨੇਤਾਵਾਂ ਦੀ ਰਿਹਾਈ ਦੀ ਮੰਗ ਕੀਤੀ। ਇਸ ਸ਼ਾਂਤਮਈ ਜਲੂਸ ਉਤੇ ਸਰਕਾਰ ਵਲੋਂ ਗੋਲੀ ਚਲਾਈ ਗਈ। ਸਿੱਟੇ ਵਜੋਂ ਜਨਤਾ ਬਹੁਤ ਭੜਕ ਗਈ ਅਤੇ ਆਪਣਾ ਰੋਸ ਪ੍ਰਗਟ ਕਰਨ ਲਈ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ਼ ਵਿਚ ਇਕ ਭਾਰੀ ਜਲਸਾ ਆਯੋਜਿਤ ਕੀਤਾ ਗਿਆ। ਸਰਕਾਰ ਨੇ ਜਨਤਾ ਦੀ ਆਵਾਜ਼ ਨੂੰ ਬੰਦ ਕਰਨ ਲਈ ਇਕ ਗਿਣੀ ਮਿਥੀ ਸਾਜ਼ਿਸ਼ ਅਧੀਨ, ਹਰ ਪਾਸਿਓਂ ਉੱਚੀਆਂ ਦੀਵਾਰਾਂ ਨਾਲ ਘਿਰੇ ਹੋਏ ਜਲ੍ਹਿਆਂ ਵਾਲੇ ਬਾਗ਼ ਵਿਚ ਇਕੱਠੇ ਹੋਏ ਲੋਕਾਂ ਉਤੇ ਇਕ ਭੀੜੇ ਰਸਤੇ ਤੋਂ ਦਾਖ਼ਲ ਹੋ ਕੇ ਅੰਨ੍ਹੇਵਾਹ ਗੋਲੀ ਚਲਾ ਦਿੱਤੀ। ਇਸ ਗੋਲੀ ਕਾਂਡ ਦਾ ਇਨਚਾਰਜ ਮਾਰਸ਼ਲ-ਲਾ ਪ੍ਰਸ਼ਾਸਕ ਜਨਰਲ ਡਾਇਰ ਉਦੋਂ ਤਕ ਗੋਰੇ ਸੈਨਿਕਾਂ ਤੋਂ ਗੋਲੀ ਚਲਵਾਉਂਦਾ ਰਿਹਾ, ਜਦ ਤਕ ਗੋਲੀ-ਸਿੱਕਾ ਖ਼ਤਮ ਨਾ ਹੋ ਗਿਆ। ਗੋਲੀ ਚਲਣ ਨਾਲ ਲੋਕਾਂ ਵਿਚ ਭਗਦੜ ਮਚ ਗਈ। ਕਈਆਂ ਨੇ ਜਾਨ ਬਚਾਉਣ ਲਈ ਬਾਗ਼ ਵਿਚ ਸਥਿਤ ਖੂਹ ਵਿਚ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਗੰਵਾਈਆਂ। ਉਸ ਦਿਨ ਸਰਕਾਰੀ ਕਥਨ ਅਨੁਸਾਰ 379 ਬੰਦੇ ਮਰੇ ਅਤੇ 1200 ਜ਼ਖ਼ਮੀ ਹੋਏ। ਪਰ ਗ਼ੈਰ-ਸਰਕਾਰੀ ਸੂਤਰਾਂ ਅਨੁਸਾਰ ਉਸ ਦਿਨ ਮਰਨ ਅਤੇ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਉਪਰੋਕਤ ਨਾਲੋਂ ਕਈ ਗੁਣਾਂ ਅਧਿਕ ਸੀ। ਉਸ ਦਿਨ ਸ਼ਹਿਰ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ਕੋਈ ਵੀ ਕਿਸੇ ਦੀ ਸਹਾਇਤਾ ਲਈ ਨਾ ਪਹੁੰਚ ਸਕਿਆ—'ਬੁਰਜ ਸ਼ਹੀਦਾਂ ਦੇਖਦੇ ਵਡ ਬਲੀ ਨਿਰਾਸੇ।/ਜੱਲ੍ਹਿਆਂ ਵਾਲੇ ਬਾਗ ਦੇ, ਉਹ ਸ਼ੇਰ ਪਿਆਸੇ। ('ਖੂਨੀ ਦੀ ਰਾਤ')।

ਇਸ ਸਾਕੇ ਨੇ ਸਾਰੇ ਹਿੰਦੁਸਤਾਨ ਨੂੰ ਝੰਜੋੜ ਦਿੱਤਾ। ਇਸ ਨਾਲ ਪਹਿਲੀ ਵਾਰ ਹਿੰਦੁਸਤਾਨੀਆਂ ਅੰਦਰ ਰਾਸ਼ਟਰੀ ਭਾਵਨਾ ਨੇ ਪਰਪਕ ਰੂਪ ਧਾਰਣ ਕੀਤਾ। ਇਹ ਸਾਕਾ ਆਜ਼ਾਦੀ ਦੀ ਪ੍ਰਾਪਤੀ ਲਈ ਕੀਤੀ ਜਾ ਰਹੀ ਕੁਰਬਾਨੀ ਦਾ ਪ੍ਰਤੀਕ ਬਣ ਗਿਆ। ਉਦੋਂ ਜ਼ਖ਼ਮੀਆਂ ਦੀ ਦੇਖ-ਭਾਲ ਕਰ ਰਹੇ ਸੁਨਾਮ ਦੇ ਜੰਮ-ਪਲ ਸ. ਉਧਮ ਸਿੰਘ (ਵੇਖ) ਨੇ ਇਹ ਦਰਦਨਾਕ ਸਾਕਾ ਵੇਖਿਆ। ਲਾਸ਼ਾਂ ਦੇ ਢੇਰ ਵਿਚ ਖੜੇ ਹੋ ਕੇ ਉਸ ਨੇ ਪ੍ਰਤਿਗਿਆ

ਕੀਤੀ ਕਿ ਮੈਂ ਇਸ ਹਤਿਆ-ਕਾਂਡ ਦਾ ਬਦਲਾ ਲਵਾਂਗਾ। ਬਸ ਫਿਰ ਉਹ ਕ੍ਰਾਂਤੀ-ਕਾਰੀਆਂ ਵਿਚ ਜਾ ਰਲਿਆ। ਵੀਹ ਸਾਲ ਤਕ ਉਹ ਬਦਲਾ ਲੈਣ ਲਈ ਮੌਕਾ ਲਭਦਾ ਰਿਹਾ। ਆਖਰ 13 ਮਾਰਚ, 1940 ਈ. ਨੂੰ ਇੰਡੀਆ ਹਾਊਸ ਵਿਚ ਲੈਕਚਰ ਕਰਦਿਆਂ ਸਰ ਮਾਈਕਲ ਓ'ਡਵਾਇਰ ਨੂੰ ਗੋਲੀ ਮਾਰ ਕੇ ਆਪਣਾ ਪ੍ਰਣ ਪੂਰਾ ਕੀਤਾ। ਓ'ਡਵਾਇਰ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਵੇਲੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ ਅਤੇ ਇਸ ਦੀ ਆਗਿਆ ਨਾਲ ਜਨਰਲ ਡਾਇਰ ਨੇ ਗੋਲੀ ਚਲਾਈ ਸੀ।

31 ਜੁਲਾਈ, 1940 ਈ. ਨੂੰ ਸ. ਊਧਮ ਸਿੰਘ ਨੂੰ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ ਗਿਆ। ਉਸ ਦਿਨ ਤੋਂ ਸ. ਊਧਮ ਸਿੰਘ ਨੂੰ ਸ਼ਹੀਦ ਊਧਮ ਸਿੰਘ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਜਲੰਧਰ-ਵ੍ਰਿੰਦਾ : ਵੇਖੋ 'ਤੁਲਸੀ-ਸਾਲਗ੍ਰਾਮ'।

ਜਵਾਹਰ ਲਾਲ, ਨਹਿਰੂ : ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ 14 ਨਵੰਬਰ, 1889 ਈ. ਨੂੰ ਇਲਾਹਾਬਾਦ ਦੇ ਪ੍ਰਸਿੱਧ ਵਕੀਲ ਪੰਡਿਤ ਮੋਤੀਲਾਲ ਨਹਿਰੂ ਦੇ ਘਰ ਮਾਤਾ ਸਰੂਪ ਰਾਨੀ ਦੀ ਕੁੱਖੋਂ ਹੋਇਆ। ਨਹਿਰੂ ਪਰਿਵਾਰ ਦਾ ਸਾਰਾ ਵਾਤਾਵਰਣ ਪੂਰੀ ਤਰ੍ਹਾਂ ਅਮੀਰੀ ਠਾਠ ਵਾਲਾ ਅਤੇ ਅੰਗ੍ਰੇਜ਼ੀ ਸਭਿਅਤਾ ਤੋਂ ਪ੍ਰਭਾਵਿਤ ਸੀ। ਜਵਾਹਰ ਲਾਲ ਦੀ ਪੜ੍ਹਾਈ ਦੀ ਵਿਵਸਥਾ ਅੰਗ੍ਰੇਜ਼ ਅਧਿਆਪਕਾਂ ਦੁਆਰਾ ਘਰ ਵਿਚ ਹੀ ਕੀਤੀ ਗਈ।

ਪੰਦਰ੍ਹਾਂ ਸਾਲ ਦੀ ਉਮਰ ਵਿਚ ਇਸ ਨੂੰ ਇੰਗਲੈਂਡ ਵਿਚ ਪੜ੍ਹਨ ਲਈ ਭੇਜਿਆ ਗਿਆ। ਅੱਠ ਵਰ੍ਹੇ ਉਥੇ ਪੜ੍ਹਨ ਉਪਰੰਤ ਬੈਰਿਸਟਰੀ ਦੀ ਡਿਗਰੀ ਲੈ ਕੇ ਸੰਨ 1912 ਈ. ਵਿਚ ਇਹ ਦੇਸ਼ ਪਰਤਿਆ ਅਤੇ ਆਪਣੇ ਪਿਤਾ ਦੇ ਜੂਨੀਅਰ ਵਜੋਂ ਵਕਾਲਤ ਦਾ ਕੰਮ ਸ਼ੁਰੂ ਕੀਤਾ। ਪਰ ਇਹ ਆਪਣੇ ਕੰਮ ਵਿਚ ਖੁਭ ਨਾ ਸਕਿਆ ਕਿਉਂਕਿ ਇਹ ਅੱਠ ਸਾਲ ਸੁਤੰਤਰ ਦੇਸ਼ ਵਿਚ ਰਹਿ ਕੇ ਆਇਆ ਸੀ, ਇਸ ਲਈ ਇਸ ਤੋਂ ਆਪਣੇ ਦੇਸ਼ ਦੀ ਗ਼ੁਲਾਮ ਅਵਸਥਾ ਨੂੰ ਸਹਿਣ ਕਰਨਾ ਸਰਲ ਨਹੀਂ ਸੀ। ਹੌਲੀ-ਹੌਲੀ ਇਹ ਵਕਾਲਤ ਦੇ ਨਾਲ-ਨਾਲ ਰਾਜਨੈਤਿਕ ਗਤਿਵਿਧੀ ਵਿਚ ਵੀ ਹਿੱਸਾ ਲੈਣ ਲਗ ਗਿਆ ਅਤੇ ਸੰਨ 1916 ਈ. ਵਿਚ ਗਾਂਧੀ ਜੀ ਦੇ ਸੰਪਰਕ ਵਿਚ ਆਇਆ। ਇਸ ਤਰ੍ਹਾਂ ਅੰਗ੍ਰੇਜ਼ੀ ਸਭਿਆਚਾਰ ਵਿਚ ਢਲੇ ਜਵਾਹਰ ਲਾਲ ਦੇ ਜੀਵਨ ਵਿਚ ਬੁਨਿਆਦੀ ਤਬਦੀਲੀ ਹੋਣੀ ਸ਼ੁਰੂ ਹੋਈ।

ਸੰਨ 1916 ਈ. ਵਿਚ ਜਵਾਹਰ ਲਾਲ ਦਾ ਵਿਆਹ ਕਮਲਾ ਨਾਲ ਹੋਇਆ ਜਿਸ ਨੇ ਸੰਨ 1918 ਈ. ਵਿਚ ਇੰਦਿਰਾ ਨੂੰ ਜਨਮ ਦਿੱਤਾ ਜਿਹੜੀ ਕਾਲਾਂਤਰ ਵਿਚ ਭਾਰਤ ਦੀ ਪ੍ਰਧਾਨ-ਮੰਤਰੀ ਬਣੀ। ਕਮਲਾ ਨਹਿਰੂ ਨੇ ਆਪਣੇ ਪਤੀ ਦੇ ਰਾਜਨੈਤਿਕ ਮਾਮਲਿਆਂ ਵਿਚ ਪੂਰੀ ਰੁਚੀ ਵਿਖਾਈ ਅਤੇ ਕੁਝ ਸਮੇਂ ਬਾਦ ਪੰਡਿਤ ਮੋਤੀ ਲਾਲ ਨਹਿਰੂ ਵੀ ਕਾਂਗ੍ਰਸ ਵਲੋਂ ਚਲਾਏ ਦੇਸ਼ ਦੀ ਸੁਤੰਤਰਤਾ ਦੇ ਅੰਦੋਲਨ ਵਿਚ ਸ਼ਾਮਲ ਹੋ ਗਿਆ। ਸੰਨ 1918 ਈ. ਵਿਚ ਜਵਾਹਰ ਲਾਲ ਸਰਵ-ਭਾਰਤੀ ਕਾਂਗ੍ਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ। ਸੰਨ 1919 ਈ. ਵਿਚ ਰੋਲਟ ਐਕਟ ਦੇ ਵਿਰੋਧ ਵਿਚ ਹੋਏ ਅੰਦੋਲਨ ਵਿਚ ਵਿਸ਼ੇਸ਼ ਹਿੱਸਾ ਲਿਆ ਅਤੇ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੀ

ਜਾਂਚ ਲਈ ਬਣਾਈ ਗਈ ਕਮੇਟੀ ਦਾ ਉਤਸਾਹੀ ਕਾਰਜ-ਕਰਤਾ ਰਿਹਾ। ਇਨ੍ਹਾਂ ਘਟਨਾਵਾਂ ਦਾ ਜਵਾਹਰ ਲਾਲ ਦੇ ਮਨ ਉਤੇ ਬਹੁਤ ਅਸਰ ਪਿਆ।

ਇਸ ਨੇ ਸੰਨ 1920 ਈ. ਤੋਂ ਲੈ ਕੇ ਸੰਨ 1942 ਈ. ਤਕ ਕਾਂਗ੍ਰਸ ਵਲੋਂ ਚਲਾਏ ਹਰ ਇਕ ਅੰਦੋਲਨ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਸੰਨ 1927 ਈ. ਵਿਚ ਬ੍ਰਸੇਲਸ ਵਿਚ ਗ਼ੁਲਾਮ ਅਤੇ ਪਛੜੇ ਹੋਏ ਦੇਸ਼ਾਂ ਦੇ ਅੰਤਰ-ਰਾਸ਼ਟਰੀ ਸੰਮੇਲਨ ਵਿਚ ਇਸ ਨੇ ਕਾਂਗ੍ਰਸ ਦੀ ਪ੍ਰਤਿਨਿਧਤਾ ਕੀਤੀ ਅਤੇ ਭਾਰਤ ਦੀ ਸਥਿਤੀ ਤੋਂ ਹੋਰਨਾਂ ਦੇਸ਼ਾਂ ਨੂੰ ਜਾਣੂ ਕੀਤਾ। ਸੰਨ 1929 ਈ. ਵਿਚ ਲਾਹੌਰ ਵਿਚ ਹੋਈ ਕਾਂਗ੍ਰਸ ਦੀ ਕਾਨਫ੍ਰੰਸ ਦੀ ਪ੍ਰਧਾਨਗੀ ਕੀਤੀ ਅਤੇ ਰਾਵੀ ਨਦੀ ਦੇ ਕੰਢੇ ਉਤੇ ਤ੍ਰਿਰੰਗਾ ਝੁਲਾਂਦਿਆਂ ਪੂਰਣ ਆਜ਼ਾਦੀ ਦੀ ਘੋਸ਼ਣਾ ਕੀਤੀ।

ਸੰਨ 1933 ਈ. ਵਿਚ ਜਦੋਂ ਇਹ ਰੂਸ ਗਿਆ ਅਤੇ ਉਥੋਂ ਦੀ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ, ਤਾਂ ਇਸ ਨੇ ਆਪਣੇ ਦੇਸ਼ ਵਿਚ ਵੀ ਸਮਾਜਵਾਦ ਨੂੰ ਸਥਾਪਿਤ ਕਰਨ ਦੀ ਵਿਉਂਤ ਬਣਾਈ, ਪਰ ਇਹ ਸਮਾਜਵਾਦ ਦੇਸ਼ ਦੀਆਂ ਸੀਮਾਵਾਂ, ਭਾਵਨਾਵਾਂ ਅਤੇ ਲੋੜਾਂ ਅਨੁਸਾਰ ਸੋਚਿਆ ਗਿਆ। ਸੰਨ 1942 ਈ. ਵਿਚ 'ਭਾਰਤ ਛੋੜੋ' ਅੰਦੋਲਨ ਰਾਹੀਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਜ਼ਾਦੀ ਦੀ ਲੋੜ ਨੂੰ ਮਹਿਸੂਸ ਕਰਵਾਇਆ। ਫਲਸਰੂਪ ਚੋਣਾਂ ਹੋਈਆਂ ਅਤੇ 2 ਸਤੰਬਰ, 1946 ਈ. ਵਿਚ ਅੰਤਰਿਮ ਸਰਕਾਰ ਬਣੀ। 15 ਅਗਸਤ, 1947 ਈ. ਨੂੰ ਦੇਸ਼ ਆਜ਼ਾਦ ਹੋਇਆ। ਉਦੋਂ ਤੋਂ ਲੈ ਕੇ ਮ੍ਰਿਤੂ ਤਕ ਇਹ ਦੇਸ਼ ਦੇ ਪ੍ਰਧਾਨ-ਮੰਤਰੀ ਪਦ ਉਤੇ ਸੁਸ਼ੋਭਿਤ ਰਿਹਾ। 18 ਵਰ੍ਹਿਆਂ ਦੀ ਇਸ ਅਵਧੀ ਵਿਚ ਪੰਡਿਤ ਨਹਿਰੂ ਨੇ ਦੇਸ਼ ਨੂੰ ਹਰ ਪੱਖੋਂ ਵਿਕਾਸ ਦੇ ਮਾਰਗ ਉਤੇ ਅਗੇ ਵਧਾਇਆ। ਦੇਸ਼ ਅਤੇ ਵਿਦੇਸ਼ਾਂ ਵਿਚ ਹੋਈਆਂ ਕਾਨਫ੍ਰੰਸਾਂ ਵਿਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕੀਤਾ ਅਤੇ ਕਾਂਗ੍ਰਸ ਪਾਰਟੀ ਨੂੰ ਸੱਚੇ ਅਰਥਾਂ ਵਿਚ ਜਨਤਾ ਦੀ ਸੇਵਾ ਅਤੇ ਹਿਤ ਵਿਚ ਜੁਟਾਈ ਰਖਿਆ।

ਪਰ ਪੰਚ-ਸ਼ੀਲ ਅਤੇ ਸਹਿਹੋਂਦ ਦੇ ਸਿੱਧਾਂਤਾਂ ਨੂੰ ਚੀਨ ਵਲੋਂ ਤੋੜਨ 'ਤੇ ਜਵਾਹਰ ਲਾਲ ਦਾ ਮਨ ਬਹੁਤ ਬੁਝਿਆ। ਇਸ ਸਦਮੇ ਨਾਲ ਇਹ ਅੰਦਰੋਂ ਅੰਦਰ ਝੁਰਦਾ ਰਿਹਾ। ਫਲਸਰੂਪ 27 ਮਈ, 1964 ਈ. ਨੂੰ ਜਵਾਹਰ ਲਾਲ ਨਹਿਰੂ ਦਾ ਦੇਹਾਂਤ ਹੋ ਗਿਆ। ਭਾਰਤ ਦੀ ਆਜ਼ਾਦੀ ਲਈ ਕੀਤੇ ਗਏ ਅੰਦੋਲਨ ਵਿਚ ਇਸ ਦਾ ਸਥਾਨ ਇਕ ਉਪਕਾਰੀ ਅਤੇ ਪਰਸੁਆਰਥੀ ਲੋਕ-ਨੇਤਾ ਵਾਲਾ ਰਿਹਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਨਹਿਰੂ ਦਾ ਰਾਸ਼ਟਰੀ ਨੇਤਾ ਵਜੋਂ ਹਵਾਲਾ ਦਿੰਦਿਆਂ ਲਿਖਿਆ ਹੈ—'ਨਹਿਰੂ ਦੇ ਵਾਰਸੋ ਤੁਸਾਂ/ਜੇ ਇਹ ਆਵਾਜ਼ ਨਾ ਸੁਣੀ।/ ਤਾਂ ਇਹ ਅਵਾਜ਼ ਪੱਥਰਾਂ ਦਾ/ਰੂਪ ਧਾਰ ਜਾਏਗੀ।'

ਜਵਾਲਾਮੁਖੀ : ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲੇ ਵਿਚ ਸਥਿਤ ਦੇਵੀ ਉਪਾਸਕਾਂ ਦਾ ਇਕ ਧਰਮ-ਧਾਮ, ਜਿਥੇ ਪਹਾੜ ਵਿਚੋਂ ਗੈਸ ਨਿਕਲਦੀ ਹੈ ਅਤੇ ਅਗਨੀ ਦੇ ਸੰਜੋਗ ਨਾਲ ਲਾਟਾਂ ਦਾ ਰੂਪ ਧਾਰਣ ਕਰ ਲੈਂਦੀ ਹੈ। ਸ਼ਰਧਾਵਾਨ ਲੋਕ ਇਸ ਨੂੰ ਜਵਾਲਾ ਦੇਵੀ ਦਾ ਚਮਤਕਾਰ ਸਮਝ ਕੇ ਇਥੇ ਪੂਜਾ ਲਈ ਆਉਂਦੇ ਹਨ। ਇਹ ਸਥਾਨ ਕਾਂਗੜਾ ਤੋਂ

35 ਕਿ. ਮੀ. ਦੱਖਣ ਵਲ ਸਥਿਤ ਹੈ। ਮੰਦਿਰ ਵਾਲੇ ਸਥਾਨ ਦੇ ਇਰਦ-ਗਿਰਦ ਵਸੇ ਕਸਬੇ ਨੂੰ ਵੀ 'ਜਵਾਲਾਮੁਖੀ' ਕਹਿੰਦੇ ਹਨ। ਤੰਤ੍ਰ-ਸ਼ਾਸਤ੍ਰ ਅਨੁਸਾਰ ਇਸ ਸਥਾਨ ਉਤੇ ਸਤੀ (ਵੇਖ) ਦੇ ਸੜੇ ਹੋਏ ਸ਼ਰੀਰ ਤੋਂ ਜੀਭ ਡਿਗੀ ਸੀ।

ਇਕ ਰਵਾਇਤ ਅਨੁਸਾਰ ਜਦੋਂ ਦੇਵੀ ਨੇ ਜਾਲੰਧਰ ਨਾਂ ਵਾਲੇ ਦੈਂਤ ਨੂੰ ਮਾਰਿਆ ਤਾਂ ਉਸ ਦਾ ਸਿਰ ਬੈਜਨਾਥ ਵਿਚ, ਧੁੰਨੀ ਕਾਂਗੜੇ ਵਿਚ, ਮੱਥੇ ਤਰਲੋਕ-ਨਾਥ ਅਤੇ ਜਵਾਲਾਮੁਖੀ ਵਿਚ ਅਤੇ ਪੈਰ ਗੁਲੇਰ ਵਿਚ ਡਿਗੇ। ਇਸ ਤਰ੍ਹਾਂ ਉਸ ਦੀ ਦੇਹ ਲਗਭਗ 80 ਵਰਗ ਕਿ. ਮੀ. ਦੇ ਘੇਰੇ ਵਿਚ ਡਿਗੀ। ਜਾਲੰਧਰ ਦੈਂਤ ਦੀ ਇੱਛਾ ਅਨੁਸਾਰ ਦੇਵੀ ਨੇ ਵਰ ਦਿੱਤਾ ਕਿ ਜੋ ਵਿਅਕਤੀ ਇਸ ਘੇਰੇ ਵਿਚ ਪ੍ਰਾਣ ਤਿਆਗੇਗਾ ਉਸ ਦੇ ਸਾਰੇ ਪਾਪ ਕਟੇ ਜਾਣਗੇ। ਇਹੀ ਕਾਰਣ ਹੈ ਕਿ ਦੇਵੀ ਉਪਾਸਕ ਇਸ ਖੇਤਰ ਨੂੰ ਪਵਿੱਤਰ ਸਮਝਦੇ ਹਨ।

ਜਵਾਲਾ ਦੇਵੀ ਦੇ ਮੁਖ ਵਿਚੋਂ ਨਿਕਲਣ ਵਾਲੀ ਅਗਨੀ, ਜਾਲੰਧਰ ਦੇ ਮੂੰਹ ਵਿਚੋਂ ਨਿਕਲਦੀਆਂ ਲਾਟਾਂ ਦਸੀਆਂ ਜਾਂਦੀਆਂ ਹਨ। ਪਰ ਸ਼ੈਵਮਤ ਵਾਲਿਆਂ ਦੀ ਧਾਰਣਾ ਹੈ ਕਿ ਜਦੋਂ ਸ਼ਿਵ ਨੇ ਪਹਾੜ ਸੁਟ ਕੇ ਜਾਲੰਧਰ ਦੈਂਤ ਨੂੰ ਢੇਹ ਦਿੱਤਾ ਤਾਂ ਉਸ ਦੇ ਮੂੰਹ ਵਿਚੋਂ ਅਗਨੀ ਦੀਆਂ ਲਾਟਾਂ ਨਿਕਲਣ ਲਗੀਆਂ। ਹੁਣ ਜਿਸ ਕੁੰਡ ਵਿਚੋਂ ਅਗਨੀ ਨਿਕਲਦੀ ਹੈ, ਉਹ ਜਾਲੰਧਰ ਦੈਂਤ ਦਾ ਮੁਖ ਹੀ ਹੈ। ਬਾਵਾ ਬਲਵੰਤ ਨੇ 'ਫੇਰ ਪਾਰੋ ਨੇ ਕਿਹਾ' ਨਾਂ ਦੀ ਕਵਿਤਾ ਵਿਚ ਇਸ ਵਲ ਸੰਕੇਤ ਕੀਤਾ ਹੈ—'ਮਸਤੀਆਂ ਦੇ ਫ਼ਰਸ਼ ਤੇ ਆਏ ਭੂਚਾਲ;/ ਜਿਸਮ ਦੇ ਜ੍ਵਾਲਾਮੁਖੀ 'ਚੋਂ ਖ਼ੂਨ ਦਾ ਲਾਵਾ ਵਗੇ,/ ਉਲਟ ਕੇ ਰੱਖ ਦੇਵੇ ਉਹ ਭੂਮੀ ਦੀ ਸਫ਼/ ਜਿਸ ਦੀ ਖੁਲ੍ਹ ਜਾਂਦੀ ਏ ਅੱਖ,/ ਤੀਸਰੇ ਮੱਥੇ ਦੀ ਅੱਖ।'

ਜਾਹਨਵੀ : ਵੇਖ 'ਗੰਗਾ'।

ਜਾਤਕ : ਮਹਾਤਮਾ ਬੁੱਧ ਦੇ ਪੂਰਵ-ਜਨਮ ਨਾਲ ਸੰਬੰਧਿਤ ਕਥਾਵਾਂ। ਵੇਖ 'ਅਵਦਾਨ'।

ਜਾਦਵ : ਵੇਖ 'ਯਾਦਵ'।

ਜਾਂਬਵਾਨ/ਜਾਂਬਵੰਤ : 'ਬਾਲਮੀਕੀ ਰਾਮਾਇਣ' (ਯੁੱਧ-ਕਾਂਡ) ਅਨੁਸਾਰ ਜਾਂਬਵਾਨ ਦਾ ਜਨਮ ਅਗਨੀ ਦੇਵਤਾ ਦੁਆਰਾ ਇਕ ਗੰਧਰਵ ਕੰਨਿਆ ਦੀ ਕੁੱਖੋਂ ਹੋਇਆ। ਇਸ ਨੂੰ ਜਨਮ ਦੇਣ ਦਾ ਉੱਦੇਸ਼ ਦੇਵ-ਅਸੁਰ-ਸੰਗ੍ਰਾਮ ਵੇਲੇ ਦੇਵਤਿਆਂ ਦੀ ਮੱਦਦ ਕਰਨਾ ਸੀ। ਕਾਲਾਂਤਰ ਵਿਚ ਇਹ ਰਿੱਛਾਂ ਦਾ ਸਰਦਾਰ ਬਣਿਆ। ਰਾਮ-ਰਾਵਣ ਯੁੱਧ ਵਿਚ ਇਸ ਨੇ ਰਾਮ ਚੰਦਰ ਦੀ ਬਹੁਤ ਸਹਾਇਤਾ ਕੀਤੀ। ਰਾਮ ਨੇ ਜਿੱਤ ਤੋਂ ਬਾਦ ਜਾਂਬਵਾਨ ਨੂੰ ਵਰ ਦਿੱਤਾ ਕਿ ਉਹ ਵਿਸ਼ਣੂ ਤੋਂ ਬਿਨਾ ਹੋਰ ਕਿਸੇ ਦੇ ਹੱਥੋਂ ਨਹੀਂ ਮਰੇਗਾ। ਫਲਸਰੂਪ ਉਹ ਦੁਆਪਰ ਯੁਗ ਤਕ ਜੀਉਂਦਾ ਰਿਹਾ ਅਤੇ ਵਿਸ਼ਣੂ ਦੇ ਅਵਤਾਰ ਸ੍ਰੀ ਕ੍ਰਿਸ਼ਣ ਹੱਥੋਂ ਮਾਰਿਆ ਗਿਆ।

ਪੁਰਾਣ-ਸਾਹਿੱਤ ਅਨੁਸਾਰ ਯਾਦਵ ਕੁਲ ਦੇ ਇਕ ਦੁਆਰਿਕਾ ਨਿਵਾਸੀ ਸਤ੍ਰਾਜਿਤ ਨੇ ਭਾਰੀ ਤਪਸਿਆ ਕਰਕੇ ਸੂਰਜ ਤੋਂ ਸ੍ਯਾਮੰਤਕ ਮਣੀ ਪ੍ਰਾਪਤ ਕੀਤੀ। ਪਰ ਉਸ ਨੂੰ ਸਦਾ

ਡਰ ਬਣਿਆ ਰਹਿੰਦਾ ਕਿ ਉਹ ਮਣੀ ਉਸ ਤੋਂ ਕ੍ਰਿਸ਼ਣ ਖੋਹ ਨਾ ਲਏ। ਇਸ ਲਈ ਉਸ ਨੇ ਉਹ ਮਣੀ ਆਪਣੇ ਭਰਾ ਪ੍ਰਸੇਨਜਿਤ ਨੂੰ ਦੇ ਦਿੱਤੀ। ਉਸ ਮਣੀ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਉਹ ਚੰਗੇ ਚਰਿਤ੍ਰ ਵਾਲਿਆਂ ਲਈ ਸਹਾਇਕ ਅਤੇ ਮਾੜੇ ਚਰਿਤ੍ਰ ਵਾਲਿਆਂ ਲਈ ਵਿਨਾਸ਼ਕ ਦੀ ਭੂਮਿਕਾ ਨਿਭਾਉਂਦੀ ਸੀ। ਇਕ ਵਾਰ ਪ੍ਰਸੇਨ, ਜਿਸ ਦਾ ਚਰਿਤ੍ਰ ਦੂਸ਼ਿਤ ਸੀ, ਮਣੀ ਸਹਿਤ ਸ਼ਿਕਾਰ ਨੂੰ ਗਿਆ। ਉਸ ਨੂੰ ਇਕ ਸ਼ੇਰ ਨੇ ਮਾਰ ਦਿੱਤਾ ਅਤੇ ਮਣੀ ਉਸ ਤੋਂ ਖੋਹ ਲਈ। ਮਣੀ ਲੈ ਜਾਂਦੇ ਸ਼ੇਰ ਨੂੰ ਵੇਖ ਕੇ ਜਾਂਬਵਾਨ ਨੇ ਉਸ ਨੂੰ ਮਾਰ ਕੇ ਮਣੀ ਖੋਹ ਲਈ ਅਤੇ ਆਪਣੀ ਗੁਫਾ ਵਿਚ ਚਲਾ ਗਿਆ। ਜਦੋਂ ਪ੍ਰਸੇਨ ਨਾ ਪਰਤਿਆ ਤਾਂ ਸਤ੍ਰਾਜਿਤ ਨੇ ਕ੍ਰਿਸ਼ਣ ਉਤੇ ਉਸ ਨੂੰ ਮਾਰਨ ਦਾ ਸ਼ਕ ਕੀਤਾ।

ਕ੍ਰਿਸ਼ਣ ਨੇ ਆਪਣੇ ਸ਼ਕ ਦੇ ਨਿਵਾਰਣ ਲਈ ਪ੍ਰਸੇਨ ਦੀ ਪੈੜ ਫੜਦਿਆਂ, ਜਾਂਬਵਾਨ ਦੀ ਗੁਫਾ ਵਿਚ ਪ੍ਰਵੇਸ਼ ਕੀਤਾ। ਅੰਦਰ ਜਾ ਕੇ ਜਾਂਬਵਾਨ ਨਾਲ 21 ਦਿਨ ਯੁੱਧ ਹੁੰਦਾ ਰਿਹਾ। ਜਦੋਂ ਜਾਂਬਵਾਨ ਨੂੰ ਪ੍ਰਤੀਤ ਹੋਇਆ ਕਿ ਕ੍ਰਿਸ਼ਣ ਵਿਸ਼ਣੂ ਦਾ ਅਵਤਾਰ ਹੈ, ਤਾਂ ਉਸ ਨੇ ਕ੍ਰਿਸ਼ਣ ਦੀ ਅਧੀਨਗੀ ਸਵੀਕਾਰ ਕਰਕੇ ਮਣੀ ਭੇਂਟ ਕਰ ਦਿੱਤੀ ਅਤੇ ਨਾਲ ਹੀ ਆਪਣੀ ਕੰਨਿਆ ਜਾਂਬਵਤੀ ਨੂੰ ਵੀ ਕ੍ਰਿਸ਼ਣ ਨਾਲ ਪਰਣਾ ਦਿੱਤਾ। ਕ੍ਰਿਸ਼ਣ ਨੇ ਉਹ ਮਣੀ ਲਿਆ ਕੇ ਸਤ੍ਰਾਜਿਤ ਨੂੰ ਭੇਂਟ ਕੀਤੀ ਅਤੇ ਆਪਣੇ ਸ਼ਕ ਦਾ ਨਿਵਾਰਣ ਕੀਤਾ। ਸਤ੍ਰਾਜਿਤ ਨੇ ਖਿਮਾ ਯਾਚਨਾ ਕਰਦੇ ਹੋਇਆਂ ਆਪਣੀ ਪੁੱਤਰੀ ਸਤਿਭਾਮਾ (ਸਤ੍ਰਯਭਾਮਾ) ਦਾ ਵਿਆਹ ਕ੍ਰਿਸ਼ਣ ਨਾਲ ਕਰ ਦਿੱਤਾ।

ਜਿਊਣਾ, ਮੌੜ : ਪੰਜਾਬ ਦੇ ਮਾਲਵੇ ਖੇਤਰ ਦਾ ਇਕ ਡਾਕੂ ਨਾਇਕ ਜਿਸ ਦਾ ਜਨਮ ਸੰਗਰੂਰ ਦੇ ਪਿੰਡ ਮੌੜ ਦੇ ਨਿਵਾਸੀ ਖੜਗ ਸਿੰਘ ਦੇ ਘਰ ਹੋਇਆ। ਇਹ ਦੋ ਭਰਾ ਸਨ ਅਤੇ ਦੋਵੇਂ ਬੜੇ ਨਿਡਰ ਅਤੇ ਸੂਰਵੀਰ ਸਨ। ਇਨ੍ਹਾਂ ਦੋਹਾਂ ਦੀ ਮਾਲਵੇ ਅਤੇ ਦੁਆਬੇ ਵਿਚ ਬੜੀ ਦਹਿਸ਼ਤ ਸੀ। ਇਹ ਦੋਵੇਂ ਆਮ ਤੌਰ ਤੇ ਅਮੀਰ ਜ਼ਮੀਨਦਾਰਾਂ ਜਾਂ ਸ਼ਾਹੂਕਾਰਾਂ ਦੇ ਘਰ ਡਾਕੇ ਮਾਰਦੇ ਸਨ ਅਤੇ ਲੋੜ ਪੈਣ ਤੇ ਗ਼ਰੀਬਾਂ ਦੀ ਮੱਦਦ ਕਰਦੇ ਸਨ। ਅਜਿਹੀ ਸਹਾਇਤਾ ਬਾਰੇ ਕਈ ਦੰਦ-ਕਥਾਵਾਂ ਪ੍ਰਚਲਿਤ ਹਨ। ਹਰ ਪਾਸੇ ਇਨ੍ਹਾਂ ਦਾ ਆਤੰਕ ਛਾਇਆ ਰਹਿੰਦਾ।

ਅਹਿਮਦ ਖ਼ਾਂ ਡੋਗਰ ਨੇ ਪੁਲਿਸ ਨੂੰ ਸੂਚਿਤ ਕਰਕੇ ਜਿਊਣੇ ਮੌੜ ਦੇ ਭਰਾ ਕਿਸ਼ਨ ਸਿੰਘ ਨੂੰ ਪਕੜਵਾਇਆ ਅਤੇ ਉਸ ਨੂੰ ਕਾਲੇਪਾਣੀ ਦੀ ਸਜ਼ਾ ਹੋਈ। ਜਿਊਣੇ ਨੇ ਆਪਣੇ ਭਰਾ ਦਾ ਬਦਲਾ ਲੈਣ ਲਈ ਅਹਿਮਦ ਖ਼ਾਂ ਡੋਗਰ ਨੂੰ ਕਤਲ ਕਰ ਦਿੱਤਾ। ਉਸ ਨੇ ਕਈ ਬਰਾਤਾਂ ਲੁਟੀਆਂ ਅਤੇ ਆਪਣੀ ਕਿੜ ਕੱਢਣ ਲਈ ਕਈਆਂ ਦੇ ਸ਼ਿਕੰਜੇ ਕਸੇ। ਉਹ ਇਸ ਹੱਦ ਤਕ ਸਾਹਸੀ ਸੀ ਕਿ ਨਾਭੇ ਦੇ ਮਹਾਰਾਜਾ ਹੀਰਾ ਸਿੰਘ (ਰਾਜਕਾਲ 1871-1911 ਈ.) ਦੀ ਬਕੀ ਘੋੜੀ ਅਸਤਬਲ ਵਿਚੋਂ ਕੱਢ ਲੈ ਗਿਆ। ਪੁਲਿਸ ਨੇ ਉਸ ਨੂੰ ਫੜਿਆ ਪਰ ਜੇਲ੍ਹੋਂ ਭਜ ਗਿਆ। ਪੁਲਿਸ ਮੁਖ਼ਬਰਾਂ ਦੀ ਸਹਾਇਤਾ ਨਾਲ ਸਦਾ ਇਸ ਦੇ ਮਗਰ ਪਈ ਰਹਿੰਦੀ।

ਕਹਿੰਦੇ ਹਨ ਜਿਊਣਾ ਦੇਵੀ ਨੂੰ ਛੱਤਰ ਚੜ੍ਹਾਉਣ ਲਈ ਨੈਣਾ ਦੇਵੀ ਗਿਆ, ਪਰ ਉੱਥੇ ਪੁਲਿਸ ਨੇ ਘੇਰ ਲਿਆ। ਘੇਰੇ ਵਿਚੋਂ ਨਿਕਲਣ ਲਈ ਇਸ ਨੇ ਛਾਲ ਮਾਰੀ ਪਰ

ਡਿਗ ਕੇ ਮਰ ਗਿਆ। ਪਰ ਲੋਕ-ਮਨ ਜਿਉਣੇ ਦਾ ਅੰਤ ਇਸ ਤਰ੍ਹਾਂ ਨਾ ਮੰਨ ਕੇ ਉਸ ਦੀ ਸੂਰਵੀਰਾਂ ਵਾਂਗ ਲੜਾਈ ਕਰਾਉਂਦਾ ਹੈ ਅਤੇ ਡੂੰਘੀ ਢਾਬ ਕੋਲ ਵਣ ਬ੍ਰਿਛਾਂ ਦੇ ਓਹਲੇ ਮਰਵਾਉਂਦਾ ਹੈ।

ਦੇਵੀ ਭਗਤ ਹੋਣ ਕਾਰਨ ਜਿਉਣੇ ਦੀ ਸਮਾਧ ਉਤੇ ਲੋਕੀਂ ਸੁਖਣਾ ਸੁਖਦੇ ਹਨ, ਖ਼ਾਸ ਤੌਰ ਤੇ ਨਿਰਸੰਤਾਨ ਔਰਤਾਂ ਪੁੱਤਰ ਦੀ ਅਭਿਲਾਖਾ ਪੂਰੀ ਕਰਨ ਲਈ ਸਮਾਧ ਉਤੇ ਜਾਂਦੀਆਂ ਹਨ। ਲੋਕਾਂ-ਗੀਤਾਂ ਵਿਚ ਇਕ ਅਦੁੱਤੀ ਨਾਇਕ ਵਜੋਂ ਇਸ ਦਾ ਉੱਲੇਖ ਹੁੰਦਾ ਹੈ—'ਘਰ ਘਰ ਪੁੱਤ ਜੰਮਦੇ ਜਿਉਣਾ ਮੌੜ ਨਾ ਕਿਸੇ ਬਣ ਜਾਣਾ।' ਮਾਲਵੇ ਦੇ ਕੁਝ ਕੁ ਕਵੀਸ਼ਰਾਂ ਨੇ ਇਸ ਬਾਰੇ ਚਿੱਠੇ ਲਿਖੇ ਹਨ।

ਜਿੰਦ-ਪੀਰ : ਵੇਖੋ 'ਖ਼ਿਜ਼ਰ ਖ਼੍ਵਾਜਾ'।

ਜਿੱਨਾ, ਮੁਹੰਮਦ ਅਲੀ : ਵੇਖੋ 'ਮੁਹੰਮਦ ਅਲੀ ਜਿੱਨਾ'।

ਜਿੰਨ : ਆਮ ਤੌਰ ਤੇ ਜਿੰਨ ਨੂੰ ਭੂਤਾਂ, ਪ੍ਰੇਤਾਂ ਦੇ ਵਰਗ ਵਿਚ ਸ਼ਾਮਲ ਕੀਤਾ ਜਾਂਦਾ ਹੈ। ਸੈਮੇਟਿਕ ਜਾਤੀਆਂ ਦੇ ਸਭਿਆਚਾਰਾਂ ਵਿਚ ਜਿੰਨ ਦੀ ਹੋਂਦ ਸੰਬੰਧੀ ਵਿਸ਼ਵਾਸ ਪ੍ਰਚਲਿਤ ਹੈ। ਕਹਿੰਦੇ ਹਨ ਕਿ ਇਸ ਦੀ ਉਤਪੱਤੀ ਆਦਮ ਤੋਂ ਕਈ ਹਜ਼ਾਰ ਸਾਲ ਪਹਿਲਾਂ ਅੱਗ ਤੋਂ ਹੋਈ ਸੀ ਅਤੇ ਉਸ ਅੱਗ ਵਿਚੋਂ ਧੂੰਆਂ ਨਹੀਂ ਨਿਕਲਦਾ ਸੀ। ਇਸ ਦੇ ਸਰੂਪ ਬਾਰੇ ਕਈ ਪ੍ਰਕਾਰ ਦੀਆਂ ਧਾਰਨਾਵਾਂ ਪ੍ਰਚਲਿਤ ਹਨ। ਇਲ-ਕਾਜ਼ਵੀਨੀ ਅਨੁਸਾਰ ਇਹ ਹਵਾ ਵਿਚ ਉੱਡਣ ਵਾਲੀ ਅਮਾਨਵੀ ਜੂਨ ਹੈ।

ਜਿੰਨ ਦਾ ਸ਼ਰੀਰ ਪਾਰਦਰਸ਼ੀ ਹੁੰਦਾ ਹੈ ਅਤੇ ਆਪਣੀ ਇੱਛਾ ਅਨੁਸਾਰ ਕਈ ਪ੍ਰਕਾਰ ਦੇ ਰੂਪ ਧਾਰਣ ਕਰ ਲੈਂਦਾ ਹੈ। ਇਹ ਆਮ ਤੌਰ ਤੇ ਨਜ਼ਰ ਨਹੀਂ ਆਉਂਦਾ, ਪਰ ਜੇ ਇਹ ਕੋਈ ਠੋਸ ਰੂਪ ਧਾਰਣ ਕਰੇ, ਤਾਂ ਦਿਸ ਵੀ ਪੈਂਦਾ ਹੈ। ਠੋਸ ਰੂਪਾਂ ਵਿਚ ਜਿੰਨ ਗਿਦੜ, ਸ਼ੇਰ, ਬਘਿਆੜ, ਸੱਪ, ਬ੍ਰਿਛ, ਵਾਵਰੋਲਾ ਆਦਿ ਸ਼ਕਲਾਂ ਧਾਰਣ ਕਰਦਾ ਹੈ। ਕਈ ਵਾਰ ਮਨੁੱਖ ਰੂਪ ਵਿਚ ਵੀ ਪ੍ਰਗਟ ਹੋ ਜਾਂਦਾ ਹੈ। ਆਦਮ ਤੋਂ ਪਹਿਲਾਂ ਜਿੰਨਾਂ ਦਾ ਹੀ ਹਰ ਪਾਸੇ ਸਾਮ੍ਰਾਜ ਸੀ। ਇਨ੍ਹਾਂ ਦੇ ਆਪਣੇ ਪੈਗ਼ੰਬਰ ਸਨ। ਪਰ ਇਨ੍ਹਾਂ ਨੇ ਆਪਣੇ ਪੈਗ਼ੰਬਰਾਂ ਦਾ ਅਨਾਦਰ ਕਰਕੇ ਮਾੜੀਆਂ ਬ੍ਰਿੱਤੀਆਂ ਨੂੰ ਸੰਸਾਰ ਵਿਚ ਪਸਾਰਿਆ। ਪਰ ਰੱਬ ਨੇ ਫ਼ਰਿਸ਼ਤਿਆਂ ਦੀ ਸੈਨਾ ਭੇਜ ਕੇ ਇਨ੍ਹਾਂ ਨੂੰ ਧਰਤੀ ਤੋਂ ਭਜਾ ਦਿੱਤਾ। ਬਹੁਤ ਸਾਰੇ ਮਾਰੇ ਗਏ ਅਤੇ ਕਈ ਪਕੜੇ ਗਏ। ਪਕੜੇ ਗਏ ਜਿੰਨਾਂ ਵਿਚੋਂ ਅਜ਼ਾਜ਼ੀਲ ਪ੍ਰਮੁਖ ਸੀ ਜੋ ਬਾਦ ਵਿਚ ਇਬਲੀਸ ਦੇ ਨਾਂ ਨਾਲ ਪ੍ਰਸਿੱਧ ਹੋਇਆ। ਫ਼ਰਿਸ਼ਤਿਆਂ ਦੇ ਸੰਪਰਕ ਵਿਚ ਰਹਿਣ ਕਾਰਣ ਇਹ ਬਹੁਤ ਗਿਆਨਵਾਨ ਹੋ ਗਿਆ। ਜਦੋਂ ਰੱਬ ਨੇ ਆਦਮ ਦੀ ਸਿਰਜਨਾ ਕਰਕੇ ਫ਼ਰਿਸ਼ਤਿਆਂ ਨੂੰ ਪ੍ਰਣਾਮ ਕਰਨ ਲਈ ਕਿਹਾ ਤਾਂ ਬਾਕੀ ਫ਼ਰਿਸ਼ਤਿਆਂ ਨੇ ਤਾਂ ਪ੍ਰਣਾਮ ਕੀਤਾ ਪਰ ਇਬਲੀਸ ਨੇ ਨਾਂਹ ਕਰ ਦਿੱਤੀ। ਇਹ ਇਬਲੀਸ ਹੀ ਬਾਦ ਵਿਚ 'ਸ਼ੈਤਾਨ' ਨਾਂ ਨਾਲ ਵੀ ਪ੍ਰਸਿੱਧ ਹੋਇਆ।

ਜਿੰਨ ਵਰਗ ਦੀਆਂ ਹੋਰ ਅਮਾਨਵੀ ਸ਼ਕਤੀਆਂ ਵਿਚ ਸ਼ੈਤਾਨ, ਅਫ਼ਰੀਤ, ਮਾਰੀਦ ਆਦਿ ਗਿਣੇ ਜਾਂਦੇ ਹਨ। ਸਾਮੀ ਪ੍ਰਭਾਵ ਅਧੀਨ ਪੰਜਾਬੀ ਲੋਕ-ਸਭਿਆਚਾਰ ਦਾ ਜਿੰਨ ਇਕ ਅੰਗ ਬਣ ਚੁੱਕਿਆ ਹੈ। ਗੁਰੂ ਨਾਨਕ ਦੇਵ ਨੇ ਕਲਿਯੁਗ ਵਿਚ ਮਨੁੱਖਾਂ ਦੀ ਬਿਰਤੀ

ਜਿਨਾਂ ਵਰਗੀ ਦਰਸਾਈ ਹੈ—'ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ ।/ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰੁ' (ਆ. ਗ੍ਰੰ. 556)।

ਜਿਪਸੀ : ਇਕ ਖ਼ਾਨਾਬਦੋਸ਼ ਜਾਤਿ ਜੋ ਸੰਸਾਰ ਦੇ ਮੁੱਖ ਦੇਸ਼ਾਂ ਵਿਚ ਮਿਲ ਜਾਂਦੀ ਹੈ, ਪਰ ਖ਼ਾਸ ਤੌਰ ਤੇ ਪੱਛਮੀ ਏਸ਼ੀਆ, ਯੋਰਪ ਅਤੇ ਉੱਤਰੀ ਅਫਰੀਕਾ ਵਿਚ ਵਸਦੀ ਹੈ। ਇਸ ਨੂੰ ਵੱਖ-ਵੱਖ ਦੇਸ਼ਾਂ ਵਿਚ ਉਥੋਂ ਦੀ ਭਾਸ਼ਾ ਅਤੇ ਸਭਿਆਚਾਰ ਅਨੁਸਾਰ ਭਿੰਨ-ਭਿੰਨ ਨਾਂ ਦਿੱਤੇ ਗਏ ਹਨ। 'ਜਿਪਸੀ' ਨਾਂ ਮੂਲ ਰੂਪ ਵਿਚ ਮਿਸਰ ਨਾਲ ਸੰਬੰਧਿਤ ਅੰਗ੍ਰੇਜ਼ੀ ਸੰਵਿਧਾਨ ਵਿਚ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ। ਇਕੱਲੇ ਯੋਰਪ ਵਿਚ ਜਿਪਸੀਆਂ ਦੀ ਗਿਣਤੀ ਦਸ ਲੱਖ ਤੋਂ ਵੱਧ ਹੈ ਅਤੇ ਇਨ੍ਹਾਂ ਦੀ ਭਾਸ਼ਾ ਦਾ ਮੂਲ ਵੀ ਇਕੋ ਜਿਹਾ ਹੈ। ਇਨ੍ਹਾਂ ਦੀ ਭਾਸ਼ਾ ਦੀਆਂ ਕਈ ਬੁਨਿਆਦੀ ਵਿਸ਼ੇਸ਼ਤਾਵਾਂ ਭਾਰਤੀ ਭਾਸ਼ਾਵਾਂ ਦੇ ਬਹੁਤ ਨੇੜੇ ਹਨ, ਅਧਿਕ ਅੰਤਰ ਉਥੇ ਹੈ ਜਿਥੇ ਜਿਪਸੀਆਂ ਨੇ ਸੰਪਰਕ ਵਿਚ ਆਉਣ ਵਾਲੀਆਂ ਹੋਰ ਜਾਤੀਆਂ ਦੇ ਸਭਿਆਚਾਰ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ।

ਜਿਪਸੀਆਂ ਦੀ ਡੀਲ-ਡੌਲ ਹੋਰਨਾਂ ਯੋਰਪੀ ਜਾਤੀਆਂ ਨਾਲੋਂ ਵੱਖਰੀ ਕਿਸਮ ਦੀ ਹੈ। ਇਨ੍ਹਾਂ ਦੇ ਸ਼ਰੀਰ ਅਕਸਰ ਇਕਹਿਰੇ ਅਤੇ ਚੁਸਤ ਹੁੰਦੇ ਹਨ। ਇਨ੍ਹਾਂ ਦੇ ਸਰੀਰ ਦਾ ਰੰਗ ਭੂਰਾ, ਮੁਖ ਗੋਲ ਅਤੇ ਛੋਟੇ, ਅੱਖਾਂ ਕਾਲੀਆਂ ਅਤੇ ਚਮਕੀਲੀਆਂ, ਵਾਲ ਲੰਬੇ ਅਤੇ ਕਾਲੇ ਹੁੰਦੇ ਹਨ। ਨਵੀਂ ਵਿਗਿਆਨਿਕ ਖੋਜ ਇਸ ਨਿਰਣੇ ਤੇ ਪਹੁੰਚੀ ਹੈ ਕਿ ਇਹ ਕਿਸੇ ਭਾਰਤੀ ਆਦਿਵਾਸੀ ਜਾਤਿ ਦੇ ਬਚੇ-ਖੁਚੇ ਰੂਪ ਹਨ। ਇਹੀ ਕਾਰਣ ਹੈ ਕਿ ਇਨ੍ਹਾਂ ਦੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਭਾਰਤੀ ਭਾਸ਼ਾਵਾਂ ਨਾਲ ਮੇਲ ਖਾਂਦੀਆਂ ਹਨ।

ਇਨ੍ਹਾਂ ਨੂੰ ਸਥਾਈ ਢੰਗ ਨਾਲ ਵਸਾਉਣ ਲਈ ਕਈ ਦੇਸ਼ਾਂ ਵਿਚ ਯਤਨ ਹੋਏ ਹਨ, ਪਰ ਕਾਮਯਾਬੀ ਘੱਟ ਹੀ ਮਿਲੀ ਹੈ। ਹਾਂ ਕਿਤੇ-ਕਿਤੇ ਖੇਤੀ ਕਰਨ ਵਿਚ ਇਨ੍ਹਾਂ ਦੀ ਰੁਚੀ ਦਾ ਵਿਕਾਸ ਹੋਇਆ ਹੈ। ਇਨ੍ਹਾਂ ਨੂੰ ਬਹੁਤੇ ਦੇਸ਼ਾਂ ਅੰਦਰ ਆਦਰ ਸਤਿਕਾਰ ਨਹੀਂ ਦਿੱਤਾ ਜਾਂਦਾ ਕਿਉਂਕਿ ਇਨ੍ਹਾਂ ਵਿਚ ਚੋਰੀ ਕਰਨ ਦੀ ਆਦਤ ਦਸੀ ਜਾਂਦੀ ਹੈ। ਕਈ ਦੇਸ਼ਾਂ ਦੇ ਰਾਜਿਆਂ ਨੇ ਇਨ੍ਹਾਂ ਨੂੰ ਹੁਕਮਨ ਦੇਸੋਂ ਬਾਹਰ ਕਢਿਆ ਹੈ। ਬਾਵਾ ਬਲਵੰਤ ਨੇ 'ਇਕ-ਤਾਰੇ ਵੇਚਣ ਵਾਲਾ' ਨਾਂ ਦੀ ਕਵਿਤਾ ਵਿਚ ਇਸ ਜਾਤਿ ਵਲ ਸੰਕੇਤ ਕੀਤਾ ਹੈ—'ਇਹ ਇਕਤਾਰ ਵਜਾਵਣ ਵਾਲਾ,/ਰੂਹ ਵਿਚ ਜਗਤ ਨੁਹਾਵਣ ਵਾਲਾ,/'ਜਿਪਸੀ' ਏ ਜਾਂ ਦੇਵ ਕੋਈ ਏ,/ਦਰਦੀ ਸੁਰ ਜਿਸਨੇ ਛੋਹੀ ਏ ?'

ਜਿਬ੍ਰਾਨ ਖ਼ਲੀਲ : ਵਿਸ਼ਵ ਪ੍ਰਸਿੱਧ ਲੇਖਕ ਜਿਬ੍ਰਾਹਨ ਦਾ ਜਨਮ ਸੰਨ 1883 ਈ. ਵਿਚ ਲੇਬਨਾਨ ਵਿਚ ਬਸ਼ੇਰੀ ਨਾਂ ਦੇ ਉਪ-ਨਗਰ ਵਿਚ ਹੋਇਆ। ਬਾਰ੍ਹਾਂ ਵਰ੍ਹਿਆਂ ਦੀ ਆਯੂ ਵਿਚ ਇਹ ਆਪਣੇ ਪਰਿਵਾਰ ਨਾਲ ਅਮਰੀਕਾ ਚਲਾ ਗਿਆ ਅਤੇ ਸੰਨ 1895 ਈ. ਵਿਚ ਬੋਸਟਨ ਨਗਰ ਵਿਚ ਰਹਿਣ ਲਗਾ। ਕੁਝ ਸਾਲ ਉਥੇ ਪੜ੍ਹਨ ਉਪਰੰਤ ਇਹ ਲੇਬਨਾਨ ਦੇ 'ਮਦਰਸਤੁਲ ਹਿਕਮਤ' ਵਿਚ ਸਿਖਿਆ ਹਾਸਲ ਕਰਨ ਲਈ ਆ ਗਿਆ। ਉਥੋਂ ਪੜ੍ਹ ਕੇ ਇਹ ਸੀਰੀਆ ਅਤੇ ਲੇਬਨਾਨ ਦੇ ਇਤਿਹਾਸਿਕ ਸਥਾਨਾਂ ਦੀ ਯਾਤ੍ਰਾ ਕਰਦਾ ਸੰਨ 1902 ਈ. ਵਿਚ ਬੋਸਟਨ ਪਰਤ ਗਿਆ। ਉਸੇ ਸਾਲ ਆਪਣੀ ਭੈਣ ਅਤੇ ਇਕ ਸਾਲ ਬਾਦ ਮਾਤਾ ਦੇ ਦੇਹਾਂਤ ਨੇ ਇਸ ਨੂੰ ਗ਼ਮਗੀਨ ਬਣਾ ਦਿੱਤਾ ਅਤੇ ਸਦਾ

ਆਪਣੇ ਵਿਚਾਰਾਂ ਵਿਚ ਹੀ ਗ਼ਰਕ ਰਹਿਣ ਲਗਾ।

ਇਹ ਵਿਚਿਤ੍ਰ ਕਿਸਮ ਦਾ ਚਿੰਤਕ ਅਤੇ ਰਸਿਆ ਹੋਇਆ ਸ਼ੈਲੀਕਾਰ ਸੀ। ਇਸ ਦੀ ਚਿੱਤਰਕਲਾ ਵਿਚ ਵਿਸ਼ੇਸ਼ ਰੁਚੀ ਸੀ। ਇਸੇ ਲਈ ਇਸ ਨੇ ਸੰਨ 1908 ਈ. ਵਿਚ ਪੈਰਿਸ ਦੀ ਫ਼ਾਈਨ ਆਰਟਸ ਅਕੈਡਮੀ ਵਿਚ ਮੂਰਤੀਕਲਾ ਬਾਰੇ ਸਿਖਿਆ ਪ੍ਰਾਪਤ ਕੀਤੀ। ਪੈਰਿਸ ਤੋਂ ਪਰਤ ਕੇ ਇਹ ਨਿਊਯਾਰਕ ਵਿਚ ਰਹਿਣ ਲਗਿਆ। ਇਸ ਦੀਆਂ ਰਚਨਾਵਾਂ ਵਿਚਲੇ ਪ੍ਰੇਮ ਦੇ ਸੁਨੇਹੇ ਨੇ ਇਸ ਨੂੰ ਸੰਸਾਰ ਭਰ ਵਿਚ ਪ੍ਰਸਿੱਧ ਕਰ ਦਿੱਤਾ। ਇਸ ਦੀਆਂ ਅਰਬੀ ਭਾਸ਼ਾ ਦੀਆਂ ਰਚਨਾਵਾਂ ਅੰਗ੍ਰੇਜ਼ੀ ਵਿਚ ਅਨੁਵਾਦ ਕਰਕੇ ਛਾਪੀਆਂ ਗਈਆਂ। ਇਸ ਦਾ ਪ੍ਰੇਮ-ਸੰਦੇਸ਼ ਦੇਸ਼, ਰਾਸ਼ਟਰ ਜਾਂ ਧਰਮ ਦੀਆਂ ਸੀਮਾਵਾਂ ਤੋਂ ਉੱਚਾ ਇਕ ਅਜਿਹਾ ਪ੍ਰੇਮ ਹੈ ਜੋ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਹੀ ਕਾਰਣ ਹੈ ਕਿ ਮੂਲ ਰੂਪ ਵਿਚ ਭਾਵੇਂ ਇਹ ਅਰਬੀ ਭਾਸ਼ਾ ਦਾ ਲੇਖਕ ਰਿਹਾ ਹੋਵੇ ਪਰ ਇਸ ਦੀ ਪ੍ਰਸਿੱਧੀ ਇਸ ਨੂੰ ਭਾਸ਼ਾ-ਸੀਮਾ ਤੋਂ ਬਹੁਤ ਬਾਹਰ ਲੈ ਜਾਂਦੀ ਹੈ। ਇਕ ਚਿੰਤਕ ਅਤੇ ਪ੍ਰੇਮ-ਸੰਦੇਸ਼ੀ ਵਜੋਂ ਇਸ ਦਾ ਉੱਲੇਖ ਪੰਜਾਬੀ ਕਾਵਿ ਵਿਚ ਹੋਇਆ ਮਿਲਦਾ ਹੈ।

ਜੀਵਣ/ਜੀਵਨ ਕਾਜ਼ੀ : ਮੱਕੇ ਦੇ ਇਕ ਕਾਜ਼ੀ ਦਾ ਨਾਂ। ਗੁਰੂ ਨਾਨਕ ਦੇਵ ਜਦੋਂ ਉਦਾਸੀਆਂ ਦੌਰਾਨ ਮੱਕੇ ਗਏ ਤਾਂ ਰਾਤ ਵੇਲੇ ਕਾਅਬੇ ਵਲ ਲੱਤਾਂ ਪਸਾਰ ਕੇ ਸੌਂ ਗਏ। ਜਦ ਸਵੇਰੇ 'ਜੀਵਣ' ਨਾਂ ਦਾ ਕਾਜ਼ੀ ਆਇਆ ਤਾਂ ਗੁਰੂ ਜੀ ਨੂੰ ਇਸ ਤਰ੍ਹਾਂ ਸੁਤਿਆਂ ਵੇਖ ਕੇ ਉਸ ਨੂੰ ਬਹੁਤ ਗੁੱਸਾ ਚੜ੍ਹਿਆ। ਉਸ ਨੇ ਲੱਤ ਮਾਰ ਕੇ ਗੁਰੂ ਜੀ ਨੂੰ ਜਗਾਇਆ ਅਤੇ ਖ਼ੁਦਾ ਦੇ ਘਰ ਵਲ ਟੰਗਾਂ ਕਰਕੇ ਸੌਣ ਦਾ ਕਾਰਣ ਪੁਛਿਆ। ਉਸ ਨੇ ਗੁਰੂ ਜੀ ਨੂੰ 'ਕਾਫ਼ਿਰ' ਤਕ ਕਿਹਾ—'ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ' (1/32)।

ਗੁਰੂ ਜੀ ਨੇ ਬੜੇ ਠਹਿਰੰਮੇ ਨਾਲ ਉੱਤਰ ਦਿੱਤਾ ਕਿ ਜਿਧਰ ਖ਼ੁਦਾ ਦਾ ਘਰ ਨਹੀਂ, ਉਧਰ ਵਲ ਟੰਗਾਂ ਕਰ ਦਿਓ। ਇਹ ਉੱਤਰ ਪ੍ਰਾਪਤ ਕਰਕੇ ਖਿਝੇ ਹੋਏ ਕਾਜ਼ੀ ਨੇ ਗੁਰੂ ਜੀ ਦੀਆਂ ਟੰਗਾਂ ਘਸੀਟ ਕੇ ਦੂਜੇ ਪਾਸੇ ਵਲ ਮੋੜ ਦਿੱਤੀਆਂ ਤਾਂ ਕਾਅਬਾ ਵੀ ਉਧਰ ਵਲ ਘੁੰਮ ਗਿਆ। ਇਹ ਕੌਤਕ ਵੇਖ ਕੇ ਸਾਰੇ ਹੈਰਾਨ ਹੋ ਗਏ। 'ਜੀਵਣ' ਦਾ ਹਵਾਲਾ ਵਰਤਦਿਆਂ ਜਸਬੀਰ ਸਿੰਘ ਆਹਲੂਵਾਲੀਆ ਨੇ ਆਪਣੀ ਕਵਿਤਾ 'ਬਚਾਅ ਵਿਚ ਹੀ ਬਚਾਅ ਹੈ' ਵਿਚ ਲਿਖਿਆ ਹੈ—'ਮੈਥੋਂ ਕੱਦ ਮੱਕਾ ਘੁੰਮਣਾ ਸੀ।/ਐਵੇਂ 'ਜੀਵਨ' ਦੀ ਲੱਤ ਕਿਧਰੇ ਕਸੂਤੀ ਜਾ ਵਜਦੀ।'

ਭਾਈ ਕਾਨ੍ਹ ਸਿੰਘ ਨੇ 'ਜੀਵਣ' ਸ਼ਬਦ ਵਿਅਕਤੀ ਵਾਚਕ ਨਾ ਮੰਨ ਕੇ ਇਸ ਨੂੰ ਸੰਸਕ੍ਰਿਤ ਦੇ 'ਜ੍ਰਿੰਭਣ' ਸ਼ਬਦ ਤੋਂ ਵਿਉਤਪੰਨ ਮੰਨਿਆ ਹੈ ਅਤੇ ਇਸ ਦਾ ਅਰਥ 'ਠੋਕਰ' ਕੀਤਾ ਹੈ।

ਜੁਗ : ਵੇਖੋ 'ਯੁਗ'।

ਜੁਝਾਰ ਸਿੰਘ, ਬਾਬਾ : ਵੇਖੋ 'ਸਾਹਿਬਜ਼ਾਦੇ'।

ਜੁਧਿਸ਼ਠਰ : ਵੇਖੋ 'ਯੁਧਿਸ਼ਠਿਰ'।

ਜ਼ੁਲੇਖਾਂ : ਯੂਸਫ਼ ਦੀ ਪ੍ਰੇਮਿਕਾ । ਵੇਖੋ 'ਯੂਸਫ਼' ।
ਜ਼ੇਜ਼ਵਾ : ਵੇਖੋ 'ਜਜ਼ੀਆ' ।
ਜ਼ੇਜ਼ੀਆ : ਵੇਖੋ 'ਜਜ਼ੀਆ' ।
ਜ਼ੇਰਜ : ਵੇਖੋ 'ਖਾਣੀਆਂ' ।
ਜੈਤੋ ਦਾ ਮੋਰਚਾ : ਆਜ਼ਾਦੀ ਤੋਂ ਪਹਿਲਾਂ ਜੈਤੋ ਨਾਂ ਦਾ ਕਸਬਾ ਰਿਆਸਤ ਨਾਭਾ ਵਿਚ ਸ਼ਾਮਲ ਸੀ । ਇਹ ਬਠਿੰਡਾ ਨਗਰ ਤੋਂ ਲਗਭਗ 27 ਕਿ. ਮੀ. ਦੀ ਵਿਥ ਉਤੇ ਬਠਿੰਡਾ-ਫ਼ਰੀਦਕੋਟ ਸੜਕ ਉਤੇ ਹੈ । 9 ਜੁਲਾਈ, 1923 ਈ. ਨੂੰ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ, ਗੁਰਦੁਆਰਾ ਸੁਧਾਰ ਲਹਿਰ ਦਾ ਪੱਖੀ ਹੋਣ ਕਰਕੇ ਅਤੇ ਮਹਾਰਾਜਾ ਪਟਿਆਲਾ ਨਾਲ ਚਲੇ ਵਿਵਾਦ ਕਾਰਣ, ਗੱਦੀ ਛੱਡਣ ਲਈ ਮਜਬੂਰ ਹੋਣਾ ਪਿਆ । ਸ਼ਿਰੋਮਣੀ ਕਮੇਟੀ ਨੇ ਮਹਾਰਾਜੇ ਦੇ ਹਕ ਵਿਚ ਆਵਾਜ਼ ਉਠਾਈ; ਜਲਸੇ ਹੋਏ ਅਤੇ ਜਲੂਸ ਕਢੇ ਗਏ । ਸਰਕਾਰ ਨੇ ਸ਼ਿਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਲਗਭਗ 60 ਮੈਂਬਰ 13-14 ਅਕਤੂਬਰ, 1923 ਈ. ਦੀ ਰਾਤ ਨੂੰ ਫੜ ਲਏ ।

ਉਧਰ ਜੈਤੋ ਦੇ ਸਥਾਨਕ ਸਿੱਖਾਂ ਨੇ 14 ਸਤੰਬਰ, 1923 ਈ. ਨੂੰ ਗੁਰਦੁਆਰਾ ਗੰਗਸਰ ਵਿਖੇ ਅਖੰਡ-ਪਾਠ ਰਖ ਦਿੱਤਾ । ਸਰਕਾਰ ਨੇ ਉਥੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਪਾਠੀ ਸਿੰਘ ਨੂੰ ਚੁਕਵਾ ਦਿੱਤਾ ਅਤੇ ਗੁਰਦੁਆਰੇ ਵਿਚ ਦਾਖ਼ਲ ਹੋਣ 'ਤੇ ਪਾਬੰਦੀ ਲਗਾ ਦਿੱਤੀ । ਅਖੰਡ-ਪਾਠ ਵਿਚ ਵਿਘਨ ਪੈਣ ਅਤੇ ਗੁਰਦੁਆਰੇ ਵਿਚ ਦਾਖ਼ਲ ਨਾ ਹੋ ਸਕਣ ਦੇ ਵਿਰੋਧ ਵਿਚ ਸਿੱਖਾਂ ਨੇ ਮੋਰਚਾ ਲਗਾ ਦਿੱਤਾ । ਇਸ ਮੋਰਚੇ ਦਾ ਉਦੇਸ਼ ਸੀ ਕਿ ਅਖੰਡ-ਪਾਠ ਫਿਰ ਸ਼ੁਰੂ ਕੀਤਾ ਜਾਏ । 25 ਸਤੰਬਰ, 1923 ਈ. ਤੋਂ ਅਖੰਡ-ਪਾਠ ਆਰੰਭ ਕਰਨ ਲਈ ਹਰ ਰੋਜ਼ ਅਕਾਲ-ਤਖ਼ਤ ਤੋਂ 25, 25 ਸਿੱਖਾਂ ਦੇ ਜੱਥੇ ਜਾਣੇ ਸ਼ੁਰੂ ਹੋਏ । ਇਨ੍ਹਾਂ ਸਿੱਖਾਂ ਨੂੰ ਪਕੜ ਕੇ ਰਾਜਸਥਾਨ ਵਿਚ ਛੱਡ ਦਿੱਤਾ ਜਾਂਦਾ ।

9 ਫ਼ਰਵਰੀ, 1924 ਈ. ਨੂੰ ਬਸੰਤ-ਪੰਚਮੀ ਵਾਲੇ ਦਿਨ 25 ਦੀ ਥਾਂ 500 ਸਿੱਖਾਂ ਦਾ ਜੱਥਾ ਅਕਾਲ-ਤਖ਼ਤ ਤੋਂ ਤੋਰਿਆ ਗਿਆ ਜੋ 21 ਫ਼ਰਵਰੀ, 1924 ਈ. ਨੂੰ ਜੈਤੋ ਪਹੁੰਚਿਆ । ਸਰਕਾਰ ਵਲੋਂ ਜੱਥੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਜਦੋਂ ਜੱਥਾ ਨਾ ਰੁਕਿਆ ਤਾਂ ਗੋਲੀ ਚਲਾ ਦਿੱਤੀ ਗਈ । ਫਲਸਰੂਪ, ਸ਼ਿਰੋਮਣੀ ਕਮੇਟੀ ਦੇ ਕਥਨ ਅਨੁਸਾਰ ਇਕ ਸੌ ਸਿੰਘ ਅਤੇ ਹੋਰਨਾਂ ਅਨੁਸਾਰ ਪੰਜਾਹ ਸਿੰਘ ਸ਼ਹੀਦ ਹੋਏ । ਜ਼ਖ਼ਮੀਆਂ ਦੀ ਵੀ ਕਾਫ਼ੀ ਗਿਣਤੀ ਸੀ । ਬਾਕੀ ਦੇ ਸਿੰਘ ਫੜ ਲਏ ਗਏ । ਇਸ ਤੋਂ ਬਾਦ ਵੀ ਜੱਥੇ ਜਾਂਦੇ ਰਹੇ । ਆਖ਼ਿਰ 7 ਜੁਲਾਈ, 1925 ਈ. ਨੂੰ ਗੁਰਦੁਆਰਾ ਐਕਟ ਨੰ. 8 ਪਾਸ ਹੋਇਆ ਅਤੇ 1 ਨਵੰਬਰ, 1925 ਈ. ਨੂੰ ਲਾਗੂ ਕੀਤਾ ਗਿਆ । 9 ਜੁਲਾਈ, 1925 ਈ. ਨੂੰ ਜੈਤੋ ਵਿਖੇ ਅਖੰਡ-ਪਾਠ ਦੀ ਖੁਲ੍ਹ ਦੇ ਦਿੱਤੀ ਗਈ । 21 ਜੁਲਾਈ, 1925 ਈ. ਨੂੰ ਇਕ ਸੌ ਇਕ ਅਖੰਡ-ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਜਿਸ ਦਾ ਭੋਗ 6 ਅਗਸਤ, 1925 ਈ. ਨੂੰ ਪਿਆ । ਭੋਗ ਉਪਰੰਤ ਸਾਰੇ ਜੱਥੇ ਜੈਤੋ ਤੋਂ ਚਲ ਕੇ 9 ਅਗਸਤ, 1925 ਈ. ਨੂੰ ਤਰਨਤਾਰਨ ਇਕੱਠੇ ਹੋਏ ਅਤੇ ਉਥੋਂ ਮੋਰਚੇ ਦੀ ਕਾਮਯਾਬੀ ਵਜੋਂ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਪਹੁੰਚੇ ਜਿਥੇ ਉਨ੍ਹਾਂ ਨੂੰ ਸਨਮਾਨਿਤ ਕੀਤਾ

ਗਿਆ। ਕਵੀ ਹਰਿੰਦਰ ਮਹਿਬੂਬ ਨੇ ਇਸ ਘਟਨਾ ਦਾ ਸੰਕੇਤ ਕਰਦਿਆਂ ਅੰਕਿਤ ਕੀਤਾ ਹੈ—'ਹਾਂ ! ਹਾਂ ! ਟਿੱਬਿਆਂ ਉਹਲੇ ਸਿਖਰ ਦੁਪਹਿਰੇ/ਜੈਤੋ 'ਚ ਮਾਹੀ ਦਾ ਭਾਣਾ ਮੰਨਦੇ।'

ਜੈਦੇਵ, ਭਗਤ : 'ਗੀਤ-ਗੋਬਿੰਦ' ਦਾ ਰਚੈਤਾ ਇਕ ਪ੍ਰਸਿੱਧ ਭਗਤ-ਕਵੀ ਜਿਸ ਦੇ ਜਨਮ ਦੇ ਸਹੀ ਸਮੇਂ ਬਾਰੇ ਜਾਣਕਾਰੀ ਨਹੀਂ ਮਿਲਦੀ। ਇਤਨਾ ਪਤਾ ਲਗਦਾ ਹੈ ਕਿ ਇਹ ਬੰਗਾਲ ਦੇ ਸੈਨ-ਵੰਸ਼ੀ ਰਾਜਾ ਲਕ੍ਸ਼ਮਣ ਸੇਨ (ਰਾਜ-ਕਾਲ 1179 ਤੋਂ 1205 ਈ.) ਦਾ ਦਰਬਾਰੀ ਕਵੀ ਸੀ। ਇਸ ਤਰ੍ਹਾਂ ਇਸ ਦਾ ਜਨਮ ਬਾਰ੍ਹਵੀਂ ਸਦੀ ਦੇ ਉੱਤਰਾਰਧ ਵਿਚ ਮੰਨਿਆ ਜਾ ਸਕਦਾ ਹੈ।

ਇਸ ਦਾ ਜਨਮ, ਇਕ ਮਤ ਅਨੁਸਾਰ, ਬੰਗਾਲ ਦੇ ਵੀਰ-ਭੂਮੀ ਜ਼ਿਲੇ ਦੇ 'ਕਿੰਦੂ-ਬਿਲਵ' ਨਾਂ ਦੇ ਪਿੰਡ ਵਿਚ ਹੋਇਆ ਸੀ। ਇਸ ਪਿੰਡ ਦਾ ਉੱਲੇਖ 'ਗੀਤ-ਗੋਬਿੰਦ' ਵਿਚ ਵੀ ਹੋਇਆ ਹੈ। ਇਸ ਪਿੰਡ ਵਿਚ ਜੈਦੇਵ ਦੀ ਸਮਾਧ ਵੀ ਬਣੀ ਹੋਈ ਹੈ ਜਿਸ ਉਤੇ ਹਰ ਸਾਲ ਮਾਘੀ ਦੇ ਮੌਕੇ ਵੈਸ਼ਣਵਾਂ ਦਾ ਕਾਫ਼ੀ ਇਕੱਠ ਹੁੰਦਾ ਹੈ। ਦੂਜੇ ਮਤ ਅਨੁਸਾਰ ਇਹ ਉੜੀਸਾ ਪ੍ਰਾਂਤ ਵਿਚ ਪੁਰੀ ਦੇ ਨੇੜੇ ਕਿਸੇ ਪਿੰਡ ਦਾ ਰਹਿਣ ਵਾਲਾ ਸੀ। ਉਥੇ ਇਸ ਦੀ ਹੁਣ ਵੀ ਤਕੜੀ ਮਾਨਤਾ ਹੈ। ਅਜਿਹੀ ਸਥਿਤੀ ਵਿਚ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਬੰਗਾਲ ਤੋਂ ਉੜੀਸਾ ਵਲ ਆਇਆ ਹੋਵੇਗਾ ਜਾਂ ਉੜੀਸਾ ਤੋਂ ਬੰਗਾਲ ਵਲ ਗਿਆ ਹੋਵੇਗਾ।

ਜੈ ਦੇਵ ਨੇ 'ਗੀਤ-ਗੋਬਿੰਦ' ਦੇ ਅੰਤ ਤੇ ਆਪਣੇ ਪਿਤਾ ਦਾ ਨਾਂ ਭੋਜਦੇਵ ਅਤੇ ਮਾਤਾ ਦਾ ਨਾਂ ਰਾਧਾਦੇਵੀ ਲਿਖਿਆ ਹੈ। ਇਹ ਆਪਣੇ ਪਿੰਡ ਤੋਂ ਬਾਹਰ ਕੱਖਾਂ ਦੀ ਕੁਲੀ ਵਿਚ ਰਹਿੰਦਾ ਸੀ। ਉਥੇ ਹੀ ਭਗਵਾਨ ਜਗਨਨਾਥ ਦੀ ਪ੍ਰੇਰਣਾ ਨਾਲ ਇਕ ਬ੍ਰਾਹਮਣ ਆਪਣੀ ਕੰਨਿਆ ਭੇਂਟ ਕਰਨ ਲਈ ਆਇਆ, ਪਰ ਜੈਦੇਵ ਦੇ ਸੰਕੋਚ ਨੂੰ ਵੇਖ ਕੇ ਉਸ ਨੂੰ ਉਥੇ ਹੀ ਛਡ ਗਿਆ।

ਬਾਦ ਵਿਚ ਜੈਦੇਵ ਨੇ ਉਸ ਕੰਨਿਆ ਨਾਲ ਵਿਆਹ ਕਰ ਲਿਆ। ਆਪਣੇ ਸੁਖਮਈ ਪਰਿਵਾਰਿਕ ਜੀਵਨ ਦੌਰਾਨ ਇਸ ਨੇ 'ਗੀਤ-ਗੋਬਿੰਦ' ਦੀ ਰਚਨਾ ਕੀਤੀ ਜਿਸ ਕਰਕੇ ਇਸ ਦੀ ਪ੍ਰਸਿੱਧੀ ਦੂਰ-ਦੂਰ ਤਕ ਹੋ ਗਈ। ਇਹ ਬਿਰਧ ਅਵਸਥਾ ਤਕ ਜੀਉਂਦਾ ਰਿਹਾ ਅਤੇ ਸਦਾ ਭਗਤੀ-ਭਾਵ ਵਿਚ ਮਗਨ ਰਿਹਾ।

ਜੈਦੇਵ ਦੀ ਰਚਨਾ 'ਗੀਤ-ਗੋਬਿੰਦ' ਸੰਸਕ੍ਰਿਤ ਕਾਵਿ ਦੀ ਇਕ ਅਨੁਪਮ ਰਚਨਾ ਹੈ। ਇਸ ਵਿਚ ਸ਼ਿੰਗਾਰ ਰਸ ਦੇ ਨਾਲ-ਨਾਲ ਭਗਤੀ ਭਾਵ ਦੀ ਸੁੰਦਰ ਅਭਿਵਿਅਕਤੀ ਹੋਈ ਹੈ। ਸ੍ਰੀ ਕ੍ਰਿਸ਼ਣ ਅਤੇ ਰਾਧਿਕਾ ਦੀ ਪ੍ਰੇਮ-ਲੀਲਾ ਦਾ ਜਿਤਨਾ ਸੁੰਦਰ ਅਤੇ ਮਰਮ-ਸਪਰਸ਼ੀ ਵਰਣਨ ਇਸ ਰਚਨਾ ਵਿਚ ਹੋਇਆ ਹੈ, ਉਤਨਾ ਹੋਰ ਕਿਤੇ ਲਭਣਾ ਸਰਲ ਨਹੀਂ ਹੈ।

'ਗੀਤ-ਗੋਬਿੰਦ' ਤੋਂ ਇਲਾਵਾ ਜੈਦੇਵ ਦੇ ਨਾਂ ਤੇ ਦੋ ਪਦੇ (ਸ਼ਬਦ) ਗੁਰੂ ਗ੍ਰੰਥ ਸਾਹਿਬ ਦੇ ਗੂਜਰੀ ਅਤੇ ਮਾਰੂ ਰਾਗਾਂ ਵਿਚ ਸੰਕਲਿਤ ਮਿਲਦੇ ਹਨ। ਗੂਜਰੀ ਰਾਗ ਵਾਲੇ ਪਦੇ ਵਿਚ ਪਰਮਾਤਮਾ ਦੇ ਨਾਮ-ਸਿਮਰਨ ਉਤੇ ਬਲ ਦਿੱਤਾ ਗਿਆ ਹੈ। ਮਾਰੂ

ਰਾਗ ਵਾਲੇ ਪਦੇ ਵਿਚ ਯੋਗ-ਸਾਧਨਾ ਦੀ ਪਰਿਭਾਸ਼ਿਕ ਸ਼ਬਦਾਵਲੀ ਰਾਹੀਂ ਜਿਗਿਆਸੂ ਨੂੰ ਹਠ-ਸਾਧਨਾ ਵਲੋਂ ਹਟਾ ਕੇ ਸਹਿਜ-ਭਗਤੀ ਵਲ ਪ੍ਰੇਰਿਆ ਗਿਆ ਹੈ। ਇਨ੍ਹਾਂ ਸ਼ਬਦਾਂ ਦੀ ਭਾਵ-ਭੂਮੀ ਤੋਂ ਸਪੱਸ਼ਟ ਹੁੰਦਾ ਹੈ ਕਿ 'ਗੀਤ-ਗੋਬਿੰਦ' ਵਿਚ ਜੈਦੇਵ ਦੀ ਭਗਤੀ-ਭਾਵਨਾ ਭਾਵੇਂ ਵੈਸ਼ਨਵ ਨੁਹਾਰ ਵਾਲੀ ਸੀ, ਪਰ ਸਹਿਜੇ-ਸਹਿਜੇ ਉਸ ਦਾ ਵਿਕਾਸ ਹੁੰਦਾ ਗਿਆ ਅਤੇ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਨਿਰਾਕਾਰ ਅਤੇ ਨਿਰਗੁਣ ਪਰਮਾਤਮਾ ਦੀ ਭਗਤੀ ਵਿਚ ਕਵੀ ਦਾ ਮਨ ਲੀਨ ਹੋ ਗਿਆ। ਮੱਧ-ਯੁਗ ਵਿਚ ਵਿਕਸਿਤ ਹੋਈ ਭਗਤੀ-ਲਹਿਰ ਦੀ ਭੂਮਿਕਾ ਜੈਦੇਵ ਦੀਆਂ ਰਚਨਾਵਾਂ ਵਿਚ ਵੇਖੀ ਜਾ ਸਕਦੀ ਹੈ। ਇਸੇ ਲਈ ਸੰਤ ਕਬੀਰ ਨੇ ਕਿਹਾ ਹੈ—'ਗੁਰਪਰਸਾਦੀ ਜੈਦੇਉ ਨਾਮਾਂ ।/ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ' (ਅ. ਗ੍ਰੰ. 330)।

ਜੈਦ੍ਰਥ : ਇਹ ਸਿੰਧ (ਸੁਰਾਸ਼ਟ੍ਰ) ਦੇ ਰਾਜੇ ਵ੍ਰਿਧਕ੍ਸ਼ਤ੍ਰ ਦਾ ਪੁੱਤਰ ਅਤੇ ਧ੍ਰਿਤਰਾਸ਼ਟਰ ਦਾ ਜਵਾਈ ਸੀ। ਇਸ ਨੂੰ ਵਿਆਹੀ ਧ੍ਰਿਤਰਾਸ਼ਟਰ ਦੀ ਪੁੱਤਰੀ ਦਾ ਨਾਂ 'ਦੁਸ਼ਲਾ' ਸੀ। 'ਮਹਾਭਾਰਤ' (ਵਨ-ਪਰਵ) ਅਨੁਸਾਰ ਬਨਵਾਸ ਦੌਰਾਨ ਇਕ ਵਾਰ ਪਾਂਡਵ ਸ਼ਿਕਾਰ 'ਤੇ ਗਏ ਹੋਏ ਸਨ, ਤਾਂ ਪਿਛੋਂ ਆਪਣੇ ਕੁਝ ਸਾਥੀਆਂ ਸਹਿਤ ਜੈਦ੍ਰਥ ਉਨ੍ਹਾਂ ਦੇ ਆਸ਼੍ਰਮ ਵਿਚ ਪਹੁੰਚਿਆ। ਦੁਆਰ ਵਿਚ ਖੜੀ ਦ੍ਰੋਪਦੀ ਨੂੰ ਵੇਖ ਕੇ ਮੋਹਿਤ ਹੋ ਗਿਆ। ਪਾਂਡਵਾਂ ਦੀ ਤਰਸਯੋਗ ਆਰਥਿਕ ਹਾਲਤ ਦਸ ਕੇ ਉਸ ਨੂੰ ਆਪਣੇ ਨਾਲ ਚਲਣ ਲਈ ਕਿਹਾ। ਦ੍ਰੋਪਦੀ ਨੇ ਉਸ ਨੂੰ ਫਟਕਾਰਿਆ, ਪਰ ਜੈਦ੍ਰਥ ਉਸ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਿਆ। ਪਾਂਡਵਾਂ ਨੂੰ ਜਦੋਂ ਸ਼ਿਕਾਰ ਤੋਂ ਪਰਤਣ ਤੇ ਪਤਾ ਲਗਾ ਤਾਂ ਉਨ੍ਹਾਂ ਨੇ ਉਸ ਦਾ ਪਿਛਾ ਕੀਤਾ। ਉਸ ਦੇ ਸਾਰੇ ਸਾਥੀ ਮਾਰ ਦਿੱਤੇ। ਉਸ ਨੂੰ ਵੀ ਮਾਰਨ ਲਗੇ ਸਨ, ਪਰ ਦੁਸ਼ਲਾ, ਜੋ ਉਨ੍ਹਾਂ ਦੀ ਭੈਣ ਹੀ ਸੀ, ਦੇ ਵਿਧਵਾ ਹੋਣ ਦੇ ਡਰ ਤੋਂ ਉਸ ਨੂੰ ਛੱਡ ਦਿੱਤਾ।

ਭੀਮ ਨੇ ਉਸ ਦਾ ਸਿਰ-ਮੂੰਹ ਮੁੰਨ ਦਿੱਤਾ। ਨਮੋਸ਼ੀ ਦਾ ਮਾਰਿਆ ਜੈਦ੍ਰਥ ਹਰਿ-ਦੁਆਰ ਚਲਾ ਗਿਆ ਅਤੇ ਘੋਰ ਤਪੱਸਿਆ ਕਰਕੇ ਸ਼ਿਵ ਤੋਂ ਵਰ ਮੰਗਿਆ ਕਿ ਉਹ ਪਾਂਡਵਾਂ ਨੂੰ ਯੁੱਧ ਵਿਚ ਜਿੱਤ ਸਕੇ। ਸ਼ਿਵ ਨੇ ਅਜਿਹਾ ਹੋਣਾ ਸੰਭਵ ਨਾ ਮੰਨਿਆ, ਪਰ ਇਤਨਾ ਜ਼ਰੂਰ ਕਹਿ ਦਿੱਤਾ ਕਿ ਕੇਵਲ ਇਕ ਦਿਨ ਲਈ ਅਰਜੁਨ ਨੂੰ ਛਡ ਕੇ ਉਹ ਬਾਕੀ ਚਾਰ ਪਾਂਡਵਾਂ ਨੂੰ ਯੁੱਧ ਵਿਚ ਅਗੇ ਵੱਧਣ ਤੋਂ ਰੋਕ ਸਕੇਗਾ।

'ਮਹਾਭਾਰਤ' (ਦ੍ਰੋਣ-ਪਰਵ) ਅਨੁਸਾਰ ਯੁੱਧ ਦੇ ਤੇਰ੍ਹਵੇਂ ਦਿਨ ਅਭਿਮਨ੍ਯੁ ਨੇ ਦ੍ਰੋਣਾਚਾਰਯ ਦੇ ਰਚੇ ਚਕ੍ਰ-ਵ੍ਯੂਹ ਵਿਚ ਪ੍ਰਵੇਸ਼ ਕੀਤਾ। ਉਸ ਦਿਨ ਅਰਜੁਨ ਦੱਖਣ ਦਿਸ਼ਾ ਵਿਚ ਯੁੱਧ ਕਰ ਰਿਹਾ ਸੀ, ਇਸ ਲਈ ਜੈਦ੍ਰਥ ਨੇ ਚੌਹਾਂ ਪਾਂਡਵਾਂ ਨੂੰ ਚਕ੍ਰਵ੍ਯੂਹ ਦੇ ਅੰਦਰ ਨਾ ਵੜਨ ਦਿੱਤਾ। ਫਲਸਰੂਪ ਕੌਰਵਾਂ ਨੇ ਅਭਿਮਨ੍ਯੁ ਨੂੰ ਘੇਰ ਕੇ ਮਾਰ ਦਿੱਤਾ। ਸ਼ਾਮ ਨੂੰ ਪਰਤਣ ਤੇ ਜਦੋਂ ਅਰਜੁਨ ਨੂੰ ਆਪਣੇ ਪੁੱਤਰ ਦੀ ਹਤਿਆ ਦਾ ਪਤਾ ਚਲਿਆ ਤਾਂ ਉਸ ਨੇ ਪ੍ਰਤਿਗਿਆ ਕੀਤੀ ਕਿ ਉਹ ਅਗਲੇ ਦਿਨ ਸ਼ਾਮ ਤਕ ਜੈਦ੍ਰਥ ਨੂੰ ਮਾਰ ਦੇਵੇਗਾ, ਜੇ ਨਾ ਮਾਰ ਸਕਿਆ ਤਾਂ ਆਤਮ-ਹਤਿਆ ਕਰ ਲਏਗਾ। ਜੈਦ੍ਰਥ ਡਰ ਦੇ ਮਾਰੇ ਆਪਣੇ ਦੇਸ਼ ਵਲ ਭਜਣਾ ਚਾਹੁੰਦਾ ਸੀ, ਪਰ ਦ੍ਰੋਣਾਚਾਰਯ ਨੇ ਅਗਲੇ ਦਿਨ ਪਦਮ-ਵ੍ਯੂਹ ਦੀ ਰਚਨਾ ਕਰ ਕੇ ਉਸ ਨੂੰ ਸੁਰੱਖਿਅਤ ਕਰ ਦਿੱਤਾ। ਉਧਰ ਕ੍ਰਿਸ਼ਣ ਨੇ

ਅਰਜੁਨ ਦੇ ਰਥ ਨੂੰ ਜੈਦ੍ਰਥ ਦੇ ਨੇੜੇ ਪਹੁੰਚਾ ਦਿੱਤਾ ਅਤੇ ਮਾਯਾਵੀ ਅੰਧਕਾਰ ਫੈਲਾ ਕੇ ਕੌਰਵਾਂ ਨੂੰ ਸੂਰਜ ਵਲ ਦੇਖਣ ਵਿਚ ਰੁਝਾ ਦਿੱਤਾ । ਉਸ ਵੇਲੇ ਅਰਜੁਨ ਨੇ ਤੀਰ (ਦੈਵੀ ਅਸਤ੍ਰ) ਮਾਰ ਕੇ ਜੈਦ੍ਰਥ ਦਾ ਸਿਰ ਉੱਡਾ ਦਿੱਤਾ ਜੋ ਤਪੱਸਿਆ ਕਰ ਰਹੇ ਉਸ ਦੇ ਪਿਤਾ ਦੀ ਗੋਦ ਵਿਚ ਜਾ ਕੇ ਡਿਗਿਆ । ਇਸ ਦਾ ਹਵਾਲਾ ਬਾਵਾ ਬਲਵੰਤ ਨੇ ਆਪਣੀ ਕਵਿਤਾ 'ਬਾਗੀ' ਵਿਚ ਇਉਂ ਦਿੱਤਾ ਹੈ—'ਮੈਂ ਉਹ ਬਾਣ ਜੈਦਰਥ ਲਈ ਜੋ ਸੀ ਤਣਿਆ;/ਮੈਂ ਉਹ ਤੀਰ ਜੋ ਕ੍ਰਿਸ਼ਨ ਦੀ ਮੌਤ ਬਣਿਆ ।'

ਜੈਨ-ਮਤ : ਇਹ ਇਕ ਨਾਸਤਿਕ ਮਤ ਹੈ ਕਿਉਂਕਿ ਇਸ ਵਿਚ ਵੇਦ ਨੂੰ ਪ੍ਰਮਾਣ ਵਾਕ ਨਹੀਂ ਮੰਨਿਆ ਜਾਂਦਾ । ਇਸ ਮਤ ਨੇ ਲੋਕਾਂ ਸਾਹਮਣੇ ਇਕ ਨਵੀਂ ਜੀਵਨ-ਦ੍ਰਿਸ਼ਟੀ ਰਖੀ ਅਤੇ ਵੈਦਿਕ ਧਰਮ ਦੇ ਮੁਕਾਬਲੇ ਇਕ ਜੀਵੰਤ ਪਰੰਪਰਾ ਦਾ ਪ੍ਰਚਲਨ ਕੀਤਾ । ਵੈਦਿਕ ਪਰੰਪਰਾ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ ਇਸ ਮਤ ਦਾ ਭਾਰਤੀ ਚਿੰਤਨ ਦੇ ਵਿਕਾਸ ਵਿਚ ਮਹੱਤਵਪੂਰਣ ਸਥਾਨ ਹੈ ।

'ਜੈਨ' ਸ਼ਬਦ ਦੀ ਵਿਉਤਪੱਤੀ 'ਜਿਨ' ਸ਼ਬਦ ਤੋਂ ਹੋਈ ਹੈ ਜੋ 'ਜਿ' ਧਾਤੂ ਤੋਂ ਬਣਿਆ ਹੈ ਅਤੇ ਜਿਸ ਦਾ ਅਰਥ ਹੈ 'ਜਿੱਤ' । ਸਾਧਨਾ ਦੇ ਬਲ ਨਾਲ ਵਾਸ਼ਨਾਵਾਂ ਅਤੇ ਇੰਦ੍ਰੀਆਂ ਨੂੰ ਜਿੱਤਣ ਵਾਲਾ ਸਾਧਕ 'ਜਿਨ' ਹੈ । 'ਜਿਨ' ਦਾ ਇਕ ਨਾਮਾਂਤਰ 'ਤੀਰਥਾਂ-ਕਰ' ਹੈ, ਜਿਸ ਦਾ ਅਰਥ ਹੈ ਪਥਪ੍ਰਦਰਸ਼ਕ । ਜੋ ਸਾਧਕ ਮਨੁੱਖੀ ਸਮਾਜ ਨੂੰ ਨਵੇਂ ਮਾਰਗ ਉਤੇ ਤੋਰਦਾ ਹੈ, ਉਹ 'ਤੀਰਥਾਂਕਰ' ਅਖਵਾਉਂਦਾ ਹੈ ।

ਜੈਨ-ਮਤ ਦਾ ਆਰੰਭ ਕਦ ਹੋਇਆ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਬੁੱਧ ਧਰਮ ਤੋਂ ਪ੍ਰਾਚੀਨ ਹੈ । ਇਸ ਧਰਮ ਵਿਚ ਕੁਲ 24 ਤੀਰਥਾਂਕਰ ਹੋਏ ਦਸੇ ਜਾਂਦੇ ਹਨ ਜਿਨ੍ਹਾਂ ਵਿਚ ਰਿਸ਼ਭ ਦੇਵ ਪਹਿਲੇ ਤੀਰਥਾਂਕਰ ਸਨ ਅਤੇ ਮਹਾਵੀਰ ਸੁਆਮੀ ਅੰਤਿਮ । ਆਮ ਤੌਰ ਤੇ ਮਹਾਵੀਰ ਸੁਆਮੀ ਨੂੰ ਹੀ ਇਸ ਮਤ ਦਾ ਮੋਢੀ ਮੰਨਿਆ ਜਾਂਦਾ ਹੈ । ਇਨ੍ਹਾਂ ਦਾ ਜਨਮ ਈਸਾ ਪੂਰਵ ਛੇਵੀਂ ਸਦੀ ਵਿਚ ਵੈਸ਼ਾਲੀ (ਬਿਹਾਰ) ਵਿਚ ਹੋਇਆ ਸੀ ।

ਤੀਰਥਾਂਕਰ ਭਾਵੇਂ ਸਾਰੇ ਖਤਰੀ ਸਨ, ਪਰ ਹੁਣ ਜੈਨ-ਮਤ ਅਨੁਯਾਈ ਅਧਿਕਤਰ ਵੈਸ਼ ਹਨ । ਸਮੇਂ ਦੇ ਬੀਤਣ ਨਾਲ ਜੈਨ ਧਰਮ ਮੁੱਖ ਤੌਰ ਤੇ ਦੋ ਸੰਪ੍ਰਦਾਵਾਂ ਵਿਚ ਵੰਡਿਆ ਗਿਆ—ਦਿਗੰਬਰ ਅਤੇ ਸ੍ਵੇਤਾਂਬਰ । ਸਿੱਧਾਂਤਿਕ ਪੱਖ ਤੋਂ ਇਨ੍ਹਾਂ ਦੋਹਾਂ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ । ਪਰ ਵਿਵਹਾਰਿਕ ਦ੍ਰਿਸ਼ਟੀ ਤੋਂ ਤਿਆਗ ਅਤੇ ਵੈਰਾਗ ਦੀ ਪਾਲਣਾ ਬਾਰੇ ਦਿਗੰਬਰ ਬੜੇ ਕਠੋਰ ਸਨ, ਜਦ ਕਿ ਸ੍ਵੇਤਾਂਬਰ ਇਸ ਪੱਖੋਂ ਸਹਿਜ ਭਾਵ ਨੂੰ ਅਪਣਾਉਂਦੇ ਸਨ । ਦਿਗੰਬਰ ਜੈਨ ਸਾਧਕ ਨੂੰ ਕਿਸੇ ਵੀ ਦੁਨਿਆਵੀ ਵਸਤੂ ਪ੍ਰਤਿ ਮੋਹ ਨਾ ਰੱਖਣ ਦੀ ਕੜੀ ਚੇਤਾਵਨੀ ਸੀ, ਉਸ ਨੂੰ ਬਸਤ੍ਰ ਤਕ ਧਾਰਣ ਕਰਨ ਦੀ ਆਗਿਆ ਨਹੀਂ ਸੀ ਕਿਉਂਕਿ ਦੁਨਿਆਵੀ ਵਸਤੂਆਂ ਦਾ ਮੋਹ ਅਤੇ ਪ੍ਰੇਮ ਮੁਕਤੀ ਦੀ ਰਾਹ ਵਿਚ ਬਹੁਤ ਰੁਕਾਵਟ ਹਨ । ਇਹ ਸੰਪ੍ਰਦਾਇ ਇਸਤਰੀਆਂ ਦੀ ਮੁਕਤੀ ਵਿਚ ਵਿਸ਼ਵਾਸ ਨਹੀਂ ਰਖਦਾ । ਸ੍ਵੇਤਾਂਬਰ ਜੈਨ ਸਾਧਕ ਬਸਤ੍ਰ ਧਾਰਣ ਕਰਨ ਦੇ ਪੱਖ ਵਿਚ ਹਨ ਅਤੇ ਭਿਖਿਆ ਦੁਆਰਾ ਆਪਣਾ ਜੀਵਨ ਨਿਰਵਾਹ ਕਰਦੇ ਹਨ । ਇਹ ਇਸਤਰੀਆਂ ਦੀ

ਮੁਕਤੀ ਸੰਭਵ ਮੰਨਦੇ ਹਨ।

ਜੈਨ-ਮਤ ਅਨੁਸਾਰ 'ਗਿਆਨ' ਪਦਾਰਥ ਦੀ ਯਥਾਰਥ ਧਾਰਣਾ ਨੂੰ ਕਿਹਾ ਜਾਂਦਾ ਹੈ। ਇਸ ਦੀ ਉਤਪੱਤੀ ਗਿਆਤਾ ਅਤੇ ਗੇਯ ਦੇ ਸੰਬੰਧ ਤੋਂ ਹੁੰਦੀ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੇ ਨਾ ਹੋਣ ਨਾਲ ਗਿਆਨ ਦੀ ਉਤਪੱਤੀ ਨਹੀਂ ਹੋ ਸਕਦੀ। ਆਤਮਾ ਗਿਆਤਾ ਹੈ ਅਤੇ ਗਿਆਨ ਉਸ ਦਾ ਸੁਭਾਵਿਕ ਗੁਣ ਹੈ। ਗਿਆਨ ਦੋ ਪ੍ਰਕਾਰ ਦਾ ਹੈ—ਪ੍ਰਤੱਖ ਅਤੇ ਪਰੋਖ। ਜਿਸ ਗਿਆਨ ਦੀ ਪ੍ਰਾਪਤੀ ਲਈ ਆਤਮਾ ਖੁਦ ਕਾਰਣ-ਭੂਤ ਹੈ, ਕਿਸੇ ਹੋਰ ਦੀ ਸਹਾਇਤਾ ਦੀ ਮੁਹਤਾਜੀ ਨਹੀਂ, ਉਹ 'ਪ੍ਰਤੱਖ ਗਿਆਨ' ਹੈ। ਇਹ ਆਪਣੇ ਆਪ ਪ੍ਰਮਾਣਿਤ ਹੈ। ਜਿਸ ਗਿਆਨ ਦੀ ਪ੍ਰਾਪਤੀ ਇੰਦ੍ਰੀਆਂ ਅਤੇ ਮਨ ਰਾਹੀਂ ਹੁੰਦੀ ਹੈ, ਉਹ 'ਪਰੋਖ' ਗਿਆਨ ਹੈ। ਇਹ ਹੋਰਨਾਂ ਦੁਆਰਾ ਪ੍ਰਮਾਣਿਤ ਹੁੰਦਾ ਹੈ। ਇਸ ਦੇ ਅਗੋਂ ਦੋ ਭੇਦ ਹਨ—ਮਤਿ (ਪੰਜ ਗਿਆਨ ਇੰਦ੍ਰੀਆਂ ਅਤੇ ਮਨ ਦੀ ਸਹਾਇਤਾ ਨਾਲ ਜੋ ਗਿਆਨ ਪ੍ਰਾਪਤ ਹੁੰਦਾ ਹੈ) ਅਤੇ ਸ਼੍ਰੁਤ (ਸ਼ਬਦ ਤੋਂ ਉਤਪੰਨ ਹੋਣ ਵਾਲਾ ਗਿਆਨ)। ਇਸ ਤਰ੍ਹਾਂ ਜੈਨੀ ਵਿਚਾਰਕ ' ਗਿਆਨ ਪ੍ਰਾਪਤੀ ਲਈ ਪ੍ਰਤੱਖ, ਅਨੁਮਾਨ ਅਤੇ ਸ਼ਬਦ ਇਨ੍ਹਾਂ ਤਿੰਨ ਤਰ੍ਹਾਂ ਦੇ ਪ੍ਰਮਾਣਾਂ ਨੂੰ ਮੰਨਦੇ ਹਨ। ਗਿਆਨ ਦੀ ਪ੍ਰਾਪਤੀ ਲਈ ਮਾਰਗ ਦੀਆਂ ਰੁਕਾਵਟਾਂ—ਕ੍ਰੋਧ, ਦ੍ਵੇਸ ਅਤੇ ਵਾਸਨਾ—ਨੂੰ ਦੂਰ ਕਰਨਾ ਜ਼ਰੂਰੀ ਹੈ।

ਪ੍ਰਮਾਣ ਤੋਂ ਇਲਾਵਾ ਗਿਆਨ ਪ੍ਰਾਪਤੀ ਦਾ ਦੂਜਾ ਉਪਾ ਜੈਨ ਮਤ ਅਨੁਸਾਰ 'ਨਯ' ਹੈ। ਦੇਸ਼ ਅਤੇ ਕਾਲਗਤ ਦ੍ਰਿਸ਼ਟੀਕੋਣ ਕਰਕੇ ਇਕ ਹੀ ਵਸਤੂ ਦੇ ਸੰਬੰਧ ਵਿਚ ਭਿੰਨ-ਭਿੰਨ ਵਾਕ ਕਹੇ ਜਾ ਸਕਦੇ ਹਨ। ਇਸ ਲਈ ਹਰ ਇਕ ਵਾਕ ਦੇ ਪਿਛੋਕੜ ਵਿਚ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਰਹਿੰਦਾ ਹੈ। ਵਾਕ ਦੇ ਇਸੇ ਦ੍ਰਿਸ਼ਟੀਕੋਣ ਨੂੰ 'ਨਯ' ਕਿਹਾ ਜਾਂਦਾ ਹੈ। ਅਵਸਥਾ ਦੀ ਅਨੰਤ ਵਿਚਿਤ੍ਰਤਾ ਕਰਕੇ ਨਯ ਵੀ ਅਨੰਤ ਹਨ। ਪਰ ਸਾਧਾਰਣ ਤੌਰ ਤੇ ਇਹ ਦ੍ਰਿਸ਼ਟੀਕੋਣ ਸੱਤ ਕਿਸਮਾਂ ਦਾ ਹੁੰਦਾ ਹੈ, ਇਸ ਲਈ ਨਯ ਵੀ ਸੱਤਭੰਗੀ ਹੈ। ਇਨ੍ਹਾਂ ਵਿਚ ਕਿਹੜਾ ਦ੍ਰਿਸ਼ਟੀਕੋਣ ਸੰਭਵ ਹੈ ? ਇਸ ਦੇ ਨਿਰਣੇ ਲਈ ਜੈਨ-ਮਤ ਵਾਲਿਆਂ ਨੇ 'ਸ੍ਯਾਦਵਾਦ' ਦੀ ਕਲਪਨਾ ਕੀਤੀ ਹੈ। 'ਸ੍ਯਾਦ' ਦਾ ਅਰਥ ਹੈ ਸੰਭਵ। ਇਸ ਤਰ੍ਹਾਂ ਸੱਤਭੰਗੀ ਨਯ ਅਨੁਸਾਰ ਸੱਤ ਤਰ੍ਹਾਂ ਦੇ ਸੰਭਾਵਿਤ ਵਿਧਾਨ ਹਨ—(1) ਸੰਭਵ ਹੈ, (2) ਸੰਭਵ ਨਹੀਂ, (3) ਸੰਭਵ ਹੈ ਵੀ ਅਤੇ ਨਹੀਂ ਵੀ, (4) ਸੰਭਵ ਅਕਥਨੀ, (5) ਸੰਭਵ ਹੈ ਅਤੇ ਅਕਥਨੀ, (6) ਸੰਭਵ ਨਹੀਂ ਅਤੇ ਅਕਥਨੀ, (7) ਸੰਭਵ ਹੈ, ਨਹੀਂ ਹੈ ਅਤੇ ਅਕਥਨੀ। ਇਕ ਵਿਅਕਤੀ ਕਿਸੇ ਪਦਾਰਥ ਨੂੰ ਵੇਖ ਕੇ ਆਪਣੀ ਰਾਏ ਬਣਾਉਂਦਾ ਹੈ, ਇਸੇ ਤਰ੍ਹਾਂ ਹੋਰ ਵੀ ਬਣਾਉਂਦੇ ਹਨ। ਹਰ ਇਕ ਨੂੰ ਆਪਣੀ ਰਾਏ ਉਤੇ ਯਕੀਨ ਹੈ। ਇਸ ਲਈ ਦੂਜੇ ਦੀ ਰਾਏ ਨੂੰ ਨਿੰਦਣ ਦੀ ਥਾਂ ਇਹ ਮੰਨਣਾ ਜ਼ਿਆਦਾ ਠੀਕ ਹੁੰਦਾ ਹੈ ਕਿ ਇਹ ਵੀ ਹੋ ਸਕਦਾ ਹੈ ਅਤੇ ਉਹ ਵੀ ਹੋ ਸਕਦਾ ਹੈ। ਅਜਿਹੀ ਵਿਚਾਰਧਾਰਾ ਨਾਲ ਦੂਜੇ ਦੀ ਗੱਲ ਦੀ ਕਦਰ ਕਰਨ ਦੀ ਭਾਵਨਾ ਵੱਧਦੀ ਹੈ ਅਤੇ ਆਪਸੀ ਵਿਰੋਧਾਂ ਨੂੰ ਮਿਟਾਉਣ ਦੀ ਰੁਚੀ ਦਾ ਵੀ ਵਿਕਾਸ ਹੁੰਦਾ ਹੈ।

ਜੈਨ-ਮਤ ਅਨੁਸਾਰ 'ਦ੍ਰਵ੍ਯ' ਉਹ ਹੈ ਜਿਸ ਦੇ ਗੁਣ ਅਤੇ ਪਰਯਾਯ ਹਨ। ਇਸ

ਲਈ ਦ੍ਰਵ੍ਯ ਸਗੁਣ ਜਾਂ ਗੁਣਯੁਕਤ ਹੈ। ਗੁਣ ਤੋਂ ਬਿਨਾ ਦ੍ਰਵ੍ਯ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜਿਨ੍ਹਾਂ ਗੁਣਾਂ ਦਾ ਦ੍ਰਵ੍ਯ ਨਾਲ ਨਿੱਤ ਸੰਬੰਧ ਨਹੀਂ ਅਤੇ ਜੋ ਸਥਿਤੀ ਅਨੁਸਾਰ ਪਰਿਵਰਤਨਸ਼ੀਲ ਹਨ, ਉਨ੍ਹਾਂ ਨੂੰ 'ਪਰਯਾਯ' ਕਿਹਾ ਜਾਂਦਾ ਹੈ। ਇਸ ਲਈ ਦ੍ਰਵ੍ਯ ਸਗੁਣ ਦੇ ਨਾਲ ਨਾਲ ਕ੍ਰਿਆਸ਼ੀਲ ਵੀ ਹੁੰਦੇ ਹਨ। ਦ੍ਰਵ੍ਯ ਇਕ ਨਹੀਂ, ਅਨੇਕ ਹਨ। ਇਨ੍ਹਾਂ ਵਿਚ ਭਾਵੇਂ ਆਪਸੀ ਸੰਬੰਧ ਹੁੰਦਾ ਹੈ, ਫਿਰ ਵੀ ਹਰ ਇਕ ਦ੍ਰਵ੍ਯ ਦੀ ਆਪਣੀ ਸੁਤੰਤਰ ਸੱਤਾ ਹੈ। ਮੁੱਖ ਤੌਰ ਤੇ ਇਨ੍ਹਾਂ ਦ੍ਰਵ੍ਯਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ—ਜੀਵ ਅਤੇ ਅਜੀਵ। ਚੇਤਨ ਦ੍ਰਵ੍ਯ ਜੀਵ ਹੈ ਅਤੇ ਅਚੇਤਨ ਦ੍ਰਵ੍ਯ ਅਜੀਵ। ਜੀਵ ਇਕ ਨਹੀਂ, ਬਹੁਤ ਹਨ। ਇਨ੍ਹਾਂ ਨੂੰ ਮੁੱਖ ਤੌਰ ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ—ਮੁਕਤ ਅਤੇ ਬੱਧ। ਜੋ ਜਨਮ ਅਤੇ ਮਰਣ ਦੇ ਅਧੀਨ ਹਨ, ਉਹ ਬੱਧ ਜੀਵ ਹਨ ਅਤੇ ਜੋ ਇਨ੍ਹਾਂ ਤੋਂ ਪਰ੍ਹੇ ਜਾਂ ਵਿਦੇਹ ਹਨ, ਉਹ ਮੁਕਤ ਜੀਵ ਹਨ। ਬੱਧ ਜੀਵ ਵੀ ਅਗੋਂ ਦੋ ਤਰ੍ਹਾਂ ਦੇ ਹਨ—ਵਿਚਰਨ ਕਰਨ ਵਾਲੇ ਅਤੇ ਸਥਾਵਰ (ਬ੍ਰਿਛ, ਲਤਾ, ਨਦੀ, ਮਿੱਟੀ ਆਦਿ)।

ਅਜੀਵ ਦ੍ਰਵ੍ਯ ਵੀ ਪੰਜ ਤਰ੍ਹਾਂ ਦੇ ਹਨ—ਕਾਲ, ਆਕਾਸ਼, ਧਰਮ, ਅਧਰਮ ਅਤੇ ਪੁਦ੍ਗਲ। ਕਾਲ, ਆਕਾਸ਼, ਧਰਮ ਅਤੇ ਅਧਰਮ ਇਨ੍ਹਾਂ ਚੌਹਾਂ ਦੀ ਸੱਤਾ ਦਾ ਅਹਿਸਾਸ ਅਨੁਮਾਨ ਦੀ ਸਹਾਇਤਾ ਨਾਲ ਹੁੰਦਾ ਹੈ। ਇੰਦ੍ਰੀਆਂ ਦੁਆਰਾ ਪ੍ਰਾਪਤ ਹੋਣ ਵਾਲੇ ਪ੍ਰਤੱਖ ਗਿਆਨ ਦਾ ਇਹ ਵਿਸ਼ਾ ਨਹੀਂ ਹਨ। ਪੁਦ੍ਗਲ ਜੜ ਦ੍ਰਵ੍ਯ ਨੂੰ ਕਹਿੰਦੇ ਹਨ। ਜੋ ਚੇਤਨਾਹੀਨ ਹੈ, ਉਹ ਜੜ ਦ੍ਰਵ੍ਯ ਹੈ। ਇਸ ਦੀਆਂ ਵੀ ਅਗੋਂ ਦੋ ਅਵਸਥਾਵਾਂ ਹਨ—ਸਥੂਲ ਅਤੇ ਸੂਖਮ। ਜਿਨ੍ਹਾਂ ਜੜ ਦ੍ਰਵ੍ਯਾਂ ਦੇ ਅਗੋਂ ਟੁਕੜੇ ਹੋ ਸਕਦੇ ਹਨ, ਉਹ ਸਥੂਲ ਹਨ। ਜੋ ਪਰਮਾਣੂ ਰੂਪ ਹਨ ਪਰ ਜਿਨ੍ਹਾਂ ਦੇ ਅਗੋਂ ਟੁਕੜੇ ਨਹੀਂ ਕੀਤੇ ਜਾ ਸਕਦੇ ਉਹ ਸੂਖਮ ਜੜ ਦ੍ਰਵ੍ਯ ਹਨ। ਸਾਰੇ ਪਰਮਾਣੂ ਕ੍ਰਿਆਸ਼ੀਲ ਹਨ, ਇਸ ਲਈ ਪਰਸਪਰ ਆਕਰਸ਼ਿਤ ਅਤੇ ਵਿਕਰਸ਼ਿਤ ਹੋ ਕੇ ਸਥੂਲ ਜੜ ਦ੍ਰਵ੍ਯਾਂ ਦਾ ਨਿਰਮਾਣ ਕਰਦੇ ਰਹਿੰਦੇ ਹਨ।

ਜੈਨ-ਮਤ ਵਿਚ ਆਤਮਾ ਦੀ ਸੱਤਾ ਨੂੰ ਮੰਨਿਆ ਜਾਂਦਾ ਹੈ। ਇਹ ਚੇਤਨ, ਸਰਵੱਗ, ਕਰਤਾ ਅਤੇ ਭੋਗਤਾ ਹੈ। ਇਹ ਸਨਾਤਨ ਹੈ, ਜਨਮ ਮਰਨ ਤੋਂ ਪਰ੍ਹੇ ਹੈ। ਸਾਰੇ ਗਿਆਨ ਇਸੇ ਵਿਚ ਲੁਪਤ ਰਹਿੰਦੇ ਹਨ। ਕਾਮਨਾ ਅਤੇ ਵਾਸਨਾ ਆਤਮਾ ਉਤੇ ਆਪਣਾ ਪ੍ਰਭਾਵ ਪਾ ਕੇ ਇਸ ਦੇ ਸ਼ੁੱਧ ਸਰੂਪ ਨੂੰ ਢਕ ਲੈਂਦੀਆਂ ਹਨ। ਇਸ ਤਰ੍ਹਾਂ ਸਰਵੱਗ ਆਤਮਾ ਅਗਿਆਨ ਭਰਪੂਰ ਕਰਮਾਂ ਨੂੰ ਕਰਨ ਕਰਕੇ ਦੇਹ ਵਿਚ ਆ ਕੇ ਬੰਨ੍ਹੀ ਜਾਂਦੀ ਹੈ। ਦੇਹ ਅਚੇਤਨ ਹੈ, ਇਸ ਲਈ ਉਹ ਆਤਮਾ ਨਹੀਂ, ਆਤਮਾ ਦੇ ਭੋਗ ਅਤੇ ਕ੍ਰਿਆ ਦਾ ਸਾਧਨ ਹੈ। ਇਸ ਲਈ ਦੇਹ ਨੂੰ ਕ੍ਰਿਆਸ਼ੀਲ ਰਖਣ ਵਾਲੀ ਸੱਤਾ ਆਤਮਾ ਹੈ। ਆਤਮਾ ਇਕ ਨਹੀਂ ਅਨੇਕ ਹਨ, ਹਰ ਇਕ ਜੀਵ ਦੀ ਵੱਖਰੀ-ਵੱਖਰੀ ਆਤਮਾ ਹੈ। ਸਥਾਵਰ ਜੀਵਾਂ ਵਿਚ ਆਤਮਿਕ ਸ਼ਕਤੀ ਦਾ ਵਿਕਾਸ ਬਹੁਤ ਘਟ ਹੁੰਦਾ ਹੈ। ਇਹ ਮਤ ਸਵਰਗ ਅਤੇ ਨਰਕ ਵਿਚ ਵਿਸ਼ਵਾਸ ਰਖਦਾ ਹੋਇਆ ਸਵਰਗ ਵਿਚ ਦੇਵਤਿਆਂ ਦਾ ਨਿਵਾਸ ਮੰਨਦਾ ਹੈ, ਜੋ ਵਿਕਸਿਤ ਆਤਮਿਕ ਸ਼ਕਤੀ ਵਾਲੇ ਜੀਵ ਹਨ। ਨਰਕ ਵਿਚ ਪਾਪੀ ਜੀਵ ਨਿਵਾਸ

ਕਰਦੇ ਹਨ ।

ਕਰਮਵਾਦ ਨੂੰ ਜੈਨ ਮਤ ਵਿਚ ਸਵੀਕਾਰ ਕੀਤਾ ਗਿਆ ਹੈ । ਜੋ ਵਿਅਕਤੀ ਜਿਹੋ ਜਿਹਾ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਮਿਲਦਾ ਹੈ । ਸਕਾਮ ਕਰਮ ਬੰਧਨ ਦਾ ਅਤੇ ਨਿਸ਼ਕਾਮ ਕਰਮ ਮੋਕਸ਼ ਦਾ ਕਾਰਣ ਹਨ । ਕਰਮਾਂ ਅਨੁਸਾਰ ਜੀਵ ਨੂੰ ਵੱਖ-ਵੱਖ ਜਨਮ ਲੈਣੇ ਪੈਂਦੇ ਹਨ, ਇਸ ਤਰ੍ਹਾਂ ਜੈਨ-ਮਤ ਜਨਮਾਂਤਰਵਾਦ ਵਿਚ ਯਕੀਨ ਰਖਦਾ ਹੈ । ਕਾਮਨਾ ਅਤੇ ਵਾਸਨਾ ਦੇ ਖ਼ਤਮ ਹੋਣ ਨਾਲ ਜੀਵ ਬੰਧਨ-ਮੁਕਤ ਹੋ ਸਕਦਾ ਹੈ । ਅਸਲ ਵਿਚ, ਵਾਸਨਾ-ਜਨਿਤ ਕਰਮ ਹੀ ਆਤਮਾ ਦੇ ਬੰਧਨ ਦਾ ਕਾਰਣ ਹੈ । ਕਰਮਸ਼ਕਤੀ ਜਿਸ ਉਪਾ ਦੁਆਰਾ ਆਤਮਾ ਨੂੰ ਆਪਣਾ ਆਸਰਾ ਬਣਾਉਂਦੀ ਹੈ, ਉਸ ਨੂੰ 'ਆਸ਼੍ਰਵ' ਕਿਹਾ ਜਾਂਦਾ ਹੈ ਅਤੇ ਜੀਵ ਜਿਸ ਉਪਾ ਰਾਹੀਂ ਕਰਮ ਦੇ ਪ੍ਰਭਾਵ ਨੂੰ ਨਸ਼ਟ ਕਰ ਸਕਦਾ ਹੈ, ਉਸ ਨੂੰ 'ਸੰਵਰ' ਕਹਿੰਦੇ ਹਨ । ਜੀਵ ਦੀ ਬੰਧਨ-ਮੁਕਤੀ ਲਈ ਸੰਵਰ ਦੀ ਸਹਾਇਤਾ ਅਤਿ ਆਵੱਸ਼ਕ ਹੈ । ਇਸ ਨਾਲ ਜੀਵ ਦੀ ਆਤਮਾ ਕਦੇ ਮੈਲੀ ਨਹੀਂ ਹੁੰਦੀ । ਸੰਵਰਾਂ ਵਿਚ ਅਹਿੰਸਾ ਪ੍ਰਤਿ ਜੈਨ ਸਾਧਕਾਂ ਦਾ ਉਚੇਚਾ ਉਲਾਰ ਹੈ । ਪਰ ਮਹਾਵੀਰ ਸੁਆਮੀ ਅਨੁਸਾਰ ਸੱਚੀ ਅਹਿੰਸਾ ਤਾਂ ਇੰਦ੍ਰੀਆਂ ਦੇ ਦਮਨ, ਬ੍ਰਿਤੀਆਂ ਦੀ ਰੋਕ ਅਤੇ ਵਿਕਾਰਾਂ ਦੇ ਵਿਨਾਸ਼ ਵਿਚ ਹੈ । ਜਿਸ ਉਪਾ ਨਾਲ ਜੀਵ ਪਿਛਲੇ ਜਨਮਾਂ ਦੇ ਕਿਰਤ ਕਰਮਾਂ ਦਾ ਫਲ ਨਸ਼ਟ ਕਰ ਸਕਦਾ ਹੈ, ਉਸ ਨੂੰ 'ਨਿਰਜਰਾ' ਕਿਹਾ ਜਾਂਦਾ ਹੈ । ਇਸ ਤਰ੍ਹਾਂ 'ਸੰਵਰ' ਅਤੇ 'ਨਿਰਜਰਾ' ਦੀ ਸਹਾਇਤਾ ਨਾਲ ਜੀਵ ਇਸ ਜੀਵਨ ਵਿਚ ਸਥਾਈ ਮੁਕਤੀ ਪ੍ਰਾਪਤ ਕਰ ਸਕਦਾ ਹੈ ।

ਜੈਨ ਮਤ ਈਸ਼ਵਰ ਦੀ ਸੱਤਾ ਵਿਚ ਯਕੀਨ ਨਹੀਂ ਰਖਦਾ ਕਿਉਂਕਿ ਇਹ ਸੱਤਾ ਕਿਸੇ ਪ੍ਰਮਾਣ ਦੀ ਮੱਦਦ ਨਾਲ ਪ੍ਰਮਾਣਿਤ ਨਹੀਂ ਕੀਤੀ ਜਾ ਸਕਦੀ । ਜਗਤ ਦੀ ਵਿਆਖਿਆ ਕਰਨ ਲਈ ਈਸ਼ਵਰ ਦੀ ਸੱਤਾ ਨੂੰ ਸਿੱਧ ਕਰਨ ਦੀ ਲੋੜ ਹੀ ਨਹੀਂ ਕਿਉਂਕਿ ਜੀਵ ਅਤੇ ਜਗਤ ਨਿੱਤ ਹਨ ਅਤੇ ਇਨ੍ਹਾਂ ਦੇ ਕਰਤਾ ਦੀ ਲੋੜ ਨਹੀਂ ਹੈ । ਜੀਵ ਦੇ ਕਰਮ ਨਾਲ ਪੈਦਾ ਹੋਈ ਅਦ੍ਰਿਸ਼ਟ ਸ਼ਕਤੀ ਪੁਦ੍ਗਲ ਦੀ ਸਹਾਇਤਾ ਨਾਲ ਜਗਤ ਦੀ ਰਚਨਾ ਕਰਦੀ ਹੈ । ਮੁਕਤ ਜੀਵ ਜਿਸ ਨੂੰ ਉਹ 'ਜਿਨ' ਕਹਿੰਦੇ ਹਨ, ਹੀ ਉਨ੍ਹਾਂ ਲਈ ਈਸ਼ਵਰ ਹੈ । ਮੁਕਤ ਅਵਸਥਾ ਆਨੰਦ ਅਤੇ ਸ਼ਾਂਤੀ ਦੇ ਨਾਲ-ਨਾਲ ਅਨੰਤ ਗਿਆਨ ਅਤੇ ਅਨੰਤ ਦਰਸ਼ਨ ਦੀ ਅਵਸਥਾ ਹੈ । ਇਹੀ ਜੀਵ ਦਾ ਪਰਮ ਉੱਦੇਸ਼ ਹੈ । ਮੋਕਸ਼ ਲਈ ਚਿੱਤ ਦੀ ਸ਼ੁੱਧੀ ਦੀ ਅਤਿਅੰਤ ਆਵੱਸ਼ਕਤਾ ਹੈ । ਜੋ ਇੰਦ੍ਰੀਆਂ ਦਾ ਦਾਸ ਹੈ, ਉਸ ਦਾ ਚਿੱਤ ਸ਼ੁੱਧ ਨਹੀਂ ਹੋ ਸਕਦਾ । ਚਿੱਤ ਦੀ ਸ਼ੁੱਧੀ ਲਈ ਸੰਜਮ, ਸਤਿਵਾਦਤਾ, ਪਵਿੱਤਰਤਾ, ਬ੍ਰਹਮਚਰਯ, ਤਪ, ਦਰਵੇਸ਼ੀ ਆਦਿ ਅੱਠ ਧਰਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ । ਮੋਕਸ਼ ਪ੍ਰਾਪਤੀ ਲਈ ਜੈਨ ਸ਼ਾਸਤ੍ਰ ਵਿਚ ਤ੍ਰਿਰਤਨ ਮਾਰਗ ਉਤੇ ਚਲਣ ਤੇ ਵੀ ਬਲ ਦਿੱਤਾ ਗਿਆ ਹੈ । ਇਹ ਤਿੰਨ ਰਤਨ ਹਨ—ਸਮਿਅਕ (ਠੀਕ) ਗਿਆਨ, ਸਮਿਅਕ ਦਰਸ਼ਨ (ਵਿਸ਼ਵਾਸ) ਅਤੇ ਸਮਿਅਕ ਚਰਿਤ੍ਰ । ਇਨ੍ਹਾਂ ਵਿਚੋਂ ਕਿਸੇ ਇਕ ਦੀ ਘਾਟ ਨਾਲ ਮੋਕਸ਼ ਸੰਭਵ ਨਹੀਂ ਹੋ ਸਕਦਾ ।

ਸੰਖੇਪ ਵਿਚ ਜੈਨ ਮਤ ਇਕ ਨੈਤਿਕ ਜੀਵਨ-ਦ੍ਰਿਸ਼ਟੀ ਹੈ । ਸ੍ਰੇਸ਼ਠ ਆਚਾਰ ਇਸ

ਮਤ ਦਾ ਹਿਰਦਾ ਹੈ। ਇਸ ਦੇ ਆਚਾਰ-ਸ਼ਾਸਤ੍ਰ ਦੇ ਦੋ ਪ੍ਰਮੁਖ ਆਧਾਰ ਹਨ—ਕਰਮ ਅਤੇ ਅਹਿੰਸਾ। ਇਹ ਇਕ ਕਠੋਰ ਤਪਸਿਆ ਵਾਲਾ ਧਰਮ ਹੈ। ਮੋਕਸ਼ ਇਸ ਧਰਮ ਦਾ ਪਰਮਾਰਥ ਹੈ। ਇਹ ਇਕ ਪੁਰਸ਼ਾਰਥ ਪ੍ਰਧਾਨ ਦਰਸ਼ਨ ਹੈ। ਇਸ ਵਿਚ ਵਿਅਕਤੀ ਦੀ ਸਵਾਧੀਨਤਾ ਨੂੰ ਬਲ ਮਿਲਿਆ ਹੈ। ਜੀਵ ਆਪਣੀ ਅਨੰਤ ਸ਼ਕਤੀ ਦੇ ਆਧਾਰ ਤੇ ਬੰਧ ਤੋਂ ਮੁਕਤ ਅਵਸਥਾ ਦੀ ਧਾਰ੍ਨਾ ਕਰ ਸਕਦਾ ਹੈ। ਗੁਰੂ ਅਰਜਨ ਦੇਵ ਨੇ ਇਸ ਨੂੰ ਅਤਿ ਸੰਜਮ ਵਾਲੀ ਸਾਧਨਾ ਪੱਧਤੀ ਕਿਹਾ ਹੈ—'ਜੈਨ ਮਾਰਗ ਸੰਜਮ ਅਤਿ ਸਾਧਨ' (ਗ੍ਰ. ਗ੍ਰੰ. 265)।

ਜੈ-ਬਿਜੈ : ਪੁਰਾਣ-ਸਾਹਿੱਤ ਅਨੁਸਾਰ ਜੈ ਅਤੇ ਬਿਜੈ ਨਾਂ ਦੇ ਦੋਵੇਂ ਭਰਾ ਵਿਸ਼ਣੂ ਦੇ ਸੇਵਕ ਸਨ ਅਤੇ ਉਸ ਕੋਲ ਬੈਕੁੰਠ ਵਿਚ ਰਹਿੰਦੇ ਸਨ। ਇਨ੍ਹਾਂ ਨੂੰ ਵਿਸ਼ਣੂ ਨੇ ਦੁਆਰ-ਪਾਲ ਦਾ ਕੰਮ ਸੌਂਪਿਆ ਹੋਇਆ ਸੀ। ਇਕ ਵਾਰ ਬ੍ਰਹਮਾ ਦੇ ਚਾਰੇ ਮਾਨਸ ਪੁੱਤਰ —ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ—ਘੁੰਮਦੇ-ਘੁੰਮਾਂਦੇ ਬੈਕੁੰਠ ਵਿਚ ਪਹੁੰਚੇ। ਉਨ੍ਹਾਂ ਨੇ ਵਿਸ਼ਣੂ ਨੂੰ ਮਿਲਣਾ ਚਾਹਿਆ ਪਰ ਦੁਆਰਪਾਲਾਂ ਨੇ ਅੰਦਰ ਨਾ ਜਾਣ ਦਿੱਤਾ। ਸਨਕਾਦਿਕਾ ਨੇ ਕਰੋਧ ਕਰਕੇ ਉਨ੍ਹਾਂ ਨੂੰ ਧਰਤੀ ਉਤੇ ਚਲੇ ਜਾਣ ਦਾ ਸਰਾਪ ਦੇ ਦਿੱਤਾ। ਫਲਸਰੂਪ ਉਹ ਬੈਕੁੰਠ ਤੋਂ ਧਰਤੀ ਤੇ ਆ ਡਿਗੇ ਅਤੇ ਹਿਰਣ੍ਯਾਕ੍ਸ਼ ਅਤੇ ਹਿਰਣ੍ਯਕਸ਼ਿਪੁ ਦੇ ਰੂਪ ਵਿਚ ਪ੍ਰਗਟ ਹੋਏ। ਇਨ੍ਹਾਂ ਬਾਰੇ ਭਾਈ ਗੁਰਦਾਸ ਨੇ ਹਵਾਲਾ ਦਿੱਤਾ ਹੈ—'ਬਾਲ ਬੁਧਿ ਸਨਕਾਦਿਕਾ ਬਾਲ ਸੁਭਾਉ ਨਵਿਰਤੀ ਹਾਣੇ ।/ਜਾਇ ਬੈਕੁੰਠ ਕਰੋਧੁ ਕਰਿ ਦੇਇ ਸਰਾਪੁ ਜੈ ਬਿਜੈ ਧਿਙਾਣੇ' (12/11)।

ਜੈਮਲ ਫਤੇ : ਦੋ ਉੱਘੇ ਰਾਜਪੂਤ ਯੋਧੇ ਜੋ ਚਤੌੜ ਦੇ ਕਿਲੇ ਦੀ ਰੱਖਿਆ ਕਰਦੇ ਸਨ। ਜਦ ਸੰਨ 1567 ਈ. ਵਿਚ ਅਕਬਰ ਬਾਦਸ਼ਾਹ ਨੇ ਚਤੌੜ ਉਤੇ ਹਮਲਾ ਕੀਤਾ ਤਾਂ ਰਾਣਾ ਉਦੈ ਸਿੰਘ ਮੁਕਾਬਲਾ ਕਰਨ ਦੇ ਸਮਰੱਥ ਨਾ ਹੋਣ ਕਾਰਣ ਕਿਲੇ ਵਿਚੋਂ ਗੁਪਤ ਰਸਤੇ ਰਾਹੀਂ ਨਿਕਲ ਗਿਆ। ਕਿਲੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਇਆਂ ਦੋਹਾਂ ਵੀਰਾਂ ਨੇ ਪ੍ਰਾਣ ਤਿਆਗ ਦਿੱਤੇ, ਪਰ ਜੀਉਂਦੇ-ਜੀ ਅਕਬਰ ਦੀਆਂ ਫ਼ੌਜਾਂ ਨੂੰ ਕਿਲੇ ਉਤੇ ਅਧਿਕਾਰ ਨਾ ਕਰਨ ਦਿੱਤਾ। ਉਨ੍ਹਾਂ ਦੀ ਵੀਰਤਾ ਦੇ ਸਾਕੇ ਨੂੰ ਲੈ ਕੇ ਕਈ ਢਾਢੀਆਂ ਜਾਂ ਕਵੀਆਂ ਨੇ ਵਾਰਾਂ ਲਿਖੀਆਂ ਹਨ ਜਿਨ੍ਹਾਂ ਵਲ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਸੰਕੇਤ ਕੀਤਾ ਹੈ—'ਦੁੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ, ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।'

ਜੈਮਿਨੀ : ਵੇਖੋ 'ਮੀਮਾਂਸਾ'।

ਜੋਧੇ ਵੀਰੈ ਪੂਰਬਾਣੀ ਕੀ ਧੁਨੀ : ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚਲੀ ਮਹਲੇ ਤੀਜੇ ਦੀ ਵਾਰ ਨੂੰ ਜੋਧੇ ਵੀਰੈ ਪੂਰਬਾਣੀ ਦੀ ਵਾਰ ਦੀ ਧੁਨੀ ਉਤੇ ਗਾਉਣ ਦਾ ਆਦੇਸ਼ ਅੰਕਿਤ ਹੈ।

ਰਵਾਇਤ ਅਨੁਸਾਰ ਪੂਰਬਾਣ ਨਾਂ ਦੇ ਰਾਜਪੂਤ ਦੇ ਦੋ ਬਹੁਤ ਬਹਾਦਰ ਪੁੱਤਰ ਸਨ, ਜਿਨ੍ਹਾਂ ਵਿਚੋਂ ਇਕ ਦਾ ਨਾਂ ਜੋਧਾ ਅਤੇ ਦੂਜੇ ਦਾ ਨਾਂ ਵੀਰਾ ਸੀ। ਇਹ ਲੱਖੀ ਜੰਗਲ ਵਿਚ ਲੁਕ ਛਿਪ ਕੇ ਡਾਕੇ ਮਾਰਦੇ ਸਨ। ਅਕਬਰ ਬਾਦਸ਼ਾਹ ਨੇ ਇਨ੍ਹਾਂ ਦੀ ਬਹਾਦਰੀ

ਦੇ ਕਾਰਨਾਮੇ ਸੁਣ ਕੇ ਇਨ੍ਹਾਂ ਨੂੰ ਆਪਣੀ ਫ਼ੌਜ ਵਿਚ ਨੌਕਰੀ ਕਰਨ ਲਈ ਸੁਝਾਉ ਦਿੱਤਾ। ਪਰ ਅਣਖੀ ਰਾਜਪੂਤਾਂ ਨੇ ਇਹ ਪ੍ਰਸਤਾਉ ਇਹ ਕਹਿ ਕੇ ਠੁਕਰਾ ਦਿੱਤਾ ਕਿ ਉਹ ਧੀਆਂ ਦੇ ਡੋਲੇ ਦੇ ਕੇ ਬਾਦਸ਼ਾਹ ਦੀ ਨੌਕਰੀ ਹਾਸਲ ਕਰਨ ਵਾਲੇ ਰਾਜਪੂਤਾਂ ਤੋਂ ਵੱਖਰੀ ਕਿਸਮ ਦੇ ਹਨ।

ਅਕਬਰ ਬਾਦਸ਼ਾਹ ਨੇ ਉਨ੍ਹਾਂ ਦਾ ਹੰਕਾਰ ਤੋੜਨ ਲਈ ਫ਼ੌਜ ਚੜ੍ਹਾ ਦਿੱਤੀ। ਦੋਹਾਂ ਨੇ ਅਦੁੱਤੀ ਵੀਰਤਾ ਦਿਖਾ ਕੇ ਵੀਰਗਤੀ ਪ੍ਰਾਪਤੀ ਕੀਤੀ। ਉਨ੍ਹਾਂ ਦੇ ਇਸ ਸਾਕੇ ਨੂੰ ਢਾਡੀਆਂ ਨੇ ਬੜੀ ਰੁਚੀ ਨਾਲ ਵਾਰ ਰਾਹੀਂ ਗਾਇਆ। ਉਸ ਵਾਰ ਦੀ ਹਰ-ਮਨ-ਪ੍ਰਿਯਤਾ ਨੂੰ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚਲੀ ਮਹੱਲੇ ਤੀਜੇ ਦੀ ਵਾਰ ਨੂੰ ਇਸ ਵਾਰ ਦੀ ਤਰਜ਼ ਉਤੇ ਗਾਉਣ ਦਾ ਆਦੇਸ਼ ਦਿੱਤਾ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ—'ਜੋਧ ਵੀਰ ਪੂਰਬਾਣੀਏ ਦੋ ਗੱਲਾਂ ਕਰੀ ਕਰਾਰੀਆਂ,/ਫ਼ੌਜ ਚੜ੍ਹਾਈ ਬਾਦਸ਼ਾਹ ਅਕਬਰ ਰਣ ਭਾਰੀਆਂ,/ਸਨਮੁਖ ਹੋਏ ਰਾਜਪੂਤ ਸੁਤਰੀ ਰਣ-ਕਾਰੀਆਂ,/ਧੂਹ ਮਿਆਨੋਂ ਕੱਢੀਆਂ ਬਿਜੁੱਲ ਚਮਕਾਰੀਆਂ,/ਇੰਦਰ ਸਣੇ ਅਪੱਛਰਾਂ ਮਿਲ ਕਰਨ ਜੁਹਾਰੀਆਂ,/ਇਹੀ ਕੀਤੀ ਜੋਧ ਵੀਰ ਪਾਤਸ਼ਾਹੀ ਗੱਲਾਂ ਸਾਰੀਆਂ।'

ਜੋਰਾਵਰ ਸਿੰਘ, ਬਾਬਾ : ਵੇਖੋ 'ਸਾਹਿਬਜ਼ਾਦੇ'।

ਜੰਗਮ : ਸ਼ੈਵ-ਮਤ ਅਨੁਯਾਈ ਯੋਗੀਆਂ ਦਾ ਇਕ ਸੰਪ੍ਰਦਾਇ। ਇਸ ਦੀ ਉਤਪੱਤੀ ਬਾਰੇ ਕਈ ਰਵਾਇਤਾਂ ਪ੍ਰਚਲਿਤ ਹਨ, ਪਰ ਅਧਿਕ ਪ੍ਰਸਿੱਧ ਦੋ ਹਨ। ਇਕ ਇਹ ਕਿ ਜਦੋਂ ਸ਼ਿਵ ਦਾ ਵਿਆਹ ਹੋਇਆ ਤਾਂ ਉਸ ਦੇ ਦਾਨ ਨੂੰ ਕੋਈ ਸਵੀਕਾਰਨ ਲਈ ਤਿਆਰ ਨਹੀਂ ਸੀ। ਫਲਸਰੂਪ ਸ਼ਿਵ ਨੇ ਦਾਨ ਕਬੂਲਣ ਲਈ ਆਪਣੀ ਸੱਜੀ ਜੰਘ ਵਿਚੋਂ ਇਕ ਮਨੁੱਖ ਪੈਦਾ ਕੀਤਾ। ਜੰਘ ਵਿਚੋਂ ਪੈਦਾ ਹੋਣ ਕਾਰਣ ਉਸ ਦਾ ਨਾਂ 'ਜੰਗਮ' ਪ੍ਰਚਲਿਤ ਹੋਇਆ।

ਦੂਜੀ ਰਵਾਇਤ ਇਹ ਹੈ ਕਿ ਸ਼ਿਵ ਦੇ ਪ੍ਰਤੀਕ ਲਿੰਗ ਦੀ ਉਪਾਸਨਾ ਕਰਨ ਵਾਲੇ ਲਿੰਗਮ ਦੇ ਨਾਂ ਨਾਲ ਪ੍ਰਸਿੱਧ ਹੋਏ। ਇਹ ਸ਼ਬਦ ਬਾਦ ਵਿਚ 'ਜੰਗਮ' ਵਿਚ ਬਦਲ ਗਿਆ। ਇਹ ਲੋਕ ਸਿਰ ਉਤੇ ਸਰਪ ਦੀ ਸ਼ਕਲ ਦੀ ਰਸੀ ਅਤੇ ਧਾਤ ਦਾ ਬਣਿਆ ਚੰਦ੍ਰਮਾ ਧਾਰਣਾ ਕਰਦੇ ਹਨ। ਕੰਨਾਂ ਵਿਚ ਪਿੱਤਲ ਦੇ ਫੁਲ ਪਹਿਨਦੇ ਹਨ ਜਿਨ੍ਹਾਂ ਨੂੰ ਅਕਸਰ ਮੋਰ-ਪੰਖਾਂ ਨਾਲ ਸਜਾਇਆ ਜਾਂਦਾ ਹੈ। ਇਹ ਸਦਾ ਇਕ ਟੱਲੀ ਖੜਕਾਂਦੇ ਰਹਿੰਦੇ ਹਨ ਅਤੇ ਸ਼ਿਵ ਦੀ ਮਹਿਮਾ ਗਾਉਂਦੇ ਰਹਿੰਦੇ ਹਨ।

ਜੰਗਮ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਵਿਰਕਤ ਅਤੇ ਦੂਜੇ ਗ੍ਰਿਹਸਥੀ। ਵਿਰਕਤਾਂ ਨੂੰ ਧਰਮ ਪ੍ਰਚਾਰ ਦਾ ਕਰਤੱਵ ਪਾਲਣ ਲਈ ਜੀਵਨ ਭਰ ਬ੍ਰਹਮਚਾਰੀ ਰਹਿਣਾ ਪੈਂਦਾ ਹੈ। ਇਹ ਲੋਕ ਅਧਿਕਤਰ ਮੱਠਾਂ ਵਿਚ ਰਹਿ ਕੇ ਜਾਂ ਘੁੰਮ ਫਿਰ ਕੇ ਆਪਣਾ ਜੀਵਨ ਬਤੀਤ ਕਰਦੇ ਹਨ। ਦੂਜੀ ਤਰ੍ਹਾਂ ਦੇ ਜੰਗਮ ਵਿਆਹ ਕਰਦੇ ਹਨ ਅਤੇ ਕੰਮਕਾਰ ਕਰਕੇ ਬੱਚਿਆਂ ਨੂੰ ਪਾਲਦੇ ਹਨ। ਸ਼ੈਵ ਮਤ ਦਾ ਲਿੰਗਾਇਤ ਸੰਪ੍ਰਦਾਇ ਇਨ੍ਹਾਂ ਜੰਗਮਾਂ ਦੇ ਅਧੀਨ ਹੁੰਦਾ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ 'ਜੰਗਮ' ਦਾ ਉੱਲੇਖ ਕੀਤਾ ਹੈ—'ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ' (ਅ. ਗ੍ਰੰ. 992)।

ਜੰਞੂ : ਵੇਖੋ 'ਜਨੇਊ'।

ਜੰਨਤ : ਵੇਖੋ 'ਬਹਿਸ਼ਤ'।

ਜੰਮੂ : ਇਕ ਪਹਾੜੀ ਰਿਆਸਤ ਜੋ ਅੱਜ ਕਲ 'ਜੰਮੂ ਅਤੇ ਕਸ਼ਮੀਰ' ਨਾਂ ਦੇ ਪ੍ਰਾਂਤ ਦਾ ਇਕ ਪ੍ਰਮੁਖ ਭਾਗ ਹੈ। ਇਸ ਵਿਚ ਜੰਮੂ, ਕਠੂਆ, ਊਧਮਪੁਰ, ਡੋਡਾ, ਪੁੰਛ ਆਦਿ ਜ਼ਿਲੇ ਸ਼ਾਮਲ ਹਨ। ਦੇਸ਼ ਦੀ ਵੰਡ ਤਕ ਇਸ ਉਤੇ ਡੋਗਰੇ ਰਾਜਪੂਤਾਂ ਦਾ ਰਾਜ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਜਿੱਤ ਕੇ ਆਪਣੇ ਰਾਜ ਦੇ ਕਸ਼ਮੀਰ ਸੂਬੇ ਦਾ ਅੰਗ ਬਣਾਇਆ ਸੀ। ਇਥੋਂ ਦਾ ਡੋਗਰਾ ਰਾਜਪੂਤ ਧਿਆਨ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਰਿਹਾ ਹੈ। ਉਸ ਦੇ ਦੋ ਹੋਰ ਭਰਾ, ਗੁਲਾਬ ਸਿੰਘ ਅਤੇ ਸੁਚੇਤ ਸਿੰਘ, ਵੀ ਲਾਹੌਰ ਦਰਬਾਰ ਵਿਚ ਉੱਚੇ ਔਹਦਿਆਂ ਉਤੇ ਲਗੇ ਹੋਏ ਸਨ। ਪੰਜਾਬ ਉਤੇ ਕਬਜ਼ਾ ਕਰਨ ਉਪਰੰਤ ਅੰਗ੍ਰੇਜ਼ਾਂ ਨੇ ਕਸ਼ਮੀਰ ਦਾ ਸੂਬਾ ਰਾਜਾ ਗੁਲਾਬ ਸਿੰਘ ਨੂੰ ਜੰਮੂ ਸਮੇਤ 75 ਲੱਖ ਰੁਪਏ ਵਿਚ ਵੇਚ ਦਿੱਤਾ। ਉਸੇ ਦੀ ਸੰਤਾਨ ਇਸ ਉਤੇ ਕਾਬਜ਼ ਰਹੀ।

ਸੰਨ 1947 ਈ. ਵਿਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਦੋਂ ਦੇ ਮਹਾਰਾਜਾ ਹਰੀ ਸਿੰਘ ਨੇ ਕਸ਼ਮੀਰ ਨੂੰ ਸੁਤੰਤਰ ਰਖਣ ਦਾ ਯਤਨ ਕੀਤਾ, ਪਰ ਕਬਾਇਲੀਆਂ ਵੱਲੋਂ ਹਮਲਾ ਕੀਤੇ ਜਾਣ ਕਾਰਣ ਮਹਾਰਾਜਾ ਹਰੀ ਸਿੰਘ ਨੇ ਭਾਰਤ ਨਾਲ ਰਲਣ ਦਾ ਫੈਸਲਾ ਕੀਤਾ। ਸੰਨ 1952 ਈ. ਵਿਚ ਕਸ਼ਮੀਰ ਵਿਚ ਰਾਜ-ਸੱਤਾ ਖ਼ਤਮ ਕਰ ਦਿੱਤੀ ਗਈ ਅਤੇ ਸੰਨ 1957 ਈ. ਵਿਚ ਇਸ ਨੂੰ ਭਾਰਤੀ ਸੰਵਿਧਾਨ ਅਧੀਨ ਲਿਆ ਕੇ ਇਸ ਰਾਜ ਦਾ ਨਾਂ 'ਜੰਮੂ ਅਤੇ ਕਸ਼ਮੀਰ' ਰਖਿਆ ਗਿਆ ਅਤੇ ਇਸ ਨੂੰ ਹੋਰਨਾਂ ਪ੍ਰਾਂਤਾਂ ਨਾਲੋਂ ਕੁਝ ਵੱਖਰਾ ਦਰਜਾ ਦਿੱਤਾ ਗਿਆ।

ਜੰਮੂ ਖੇਤਰ ਦਾ ਮੁੱਖ ਨਗਰ ਜੰਮੂ ਹੈ ਜੋ ਤਵੀ ਨਦੀ ਦੇ ਸੱਜੇ ਕੰਢੇ ਉਤੇ ਵਸਿਆ ਹੈ। ਪਹਿਲਾਂ ਇਹ ਨਦੀ ਦੇ ਕੇਵਲ ਸੱਜੇ ਕੰਢੇ ਉਤੇ ਵਸਿਆ ਸੀ ਪਰ ਬਾਦ ਵਿਚ ਦੋਹਾਂ ਪਾਸੇ ਇਹ ਨਗਰ ਪਸਰ ਗਿਆ ਹੈ। ਰਵਾਇਤ ਅਨੁਸਾਰ ਇਹ ਨਗਰ ਰਾਜਾ ਜਾਂਬੂ ਲੋਚਨ ਨੇ ਵਸਾਇਆ ਸੀ ਜੋ ਰਘੂ ਕੁਲ ਦਾ ਸੂਰਜਵੰਸ਼ੀ ਰਾਜਾ ਸੀ। ਤਵੀ ਨਦੀ ਦੇ ਸੱਜੇ ਕੰਢੇ ਤੇ ਵਸਣ ਵਾਲੇ ਰਾਜਪੂਤ 'ਜਮਵਾਲ' ਅਖਵਾਉਂਦੇ ਸਨ ਅਤੇ ਖੱਬੇ ਕੰਢੇ ਵਾਲੇ 'ਬਾਹਵਾਲ'।

'ਰਾਜਤਰੰਗਣੀ' ਅਨੁਸਾਰ ਦਸਵੀਂ-ਯਾਰ੍ਹਵੀਂ ਸਦੀਆਂ ਤੋਂ ਜੰਮੂ ਨਗਰ ਰਿਆਸਤ ਦਾ ਸਦਰ-ਮੁਕਾਮ ਚਲਿਆ ਆਉਂਦਾ ਹੈ। ਦਰਵਾਜ਼ਿਆਂ ਦੇ ਖੰਡਰਾਂ ਤੋਂ ਪਤਾ ਚਲਦਾ ਹੈ ਕਿ ਕਦੇ ਇਸ ਨਗਰ ਦੇ ਇਰਦ-ਗਿਰਦ ਪ੍ਰਕੋਟਾ ਬਣਿਆ ਹੋਇਆ ਸੀ। ਇਹ ਜੰਮੂ ਅਤੇ ਕਸ਼ਮੀਰ ਪ੍ਰਾਂਤ ਦੀ ਸਰਦੀਆਂ ਦੀ ਰਾਜਧਾਨੀ ਵੀ ਹੈ। ਨਗਰ ਵਿਚ ਥਾਂ-ਥਾਂ ਖਿਲਰੇ ਪਏ ਖੰਡਰ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਇਹ ਨਗਰ ਬਹੁਤ ਪੁਰਾਤਨ ਹੈ।

ਤਵੀ ਨਦੀ ਦੇ ਖੱਬੇ ਕੰਢੇ 'ਤੇ ਪੁਰਾਣਾ ਕਿਲਾ ਹੈ ਜੋ ਨਦੀ ਦੇ ਜਲ ਤੋਂ ਲਗਭਗ 15 ਫੁਟ ਉੱਚਾ ਬਣਿਆ ਹੋਇਆ ਹੈ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਇਸ ਦੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਜਾਣ ਦਾ ਉੱਲੇਖ ਕੀਤਾ ਹੈ—'ਮੁਲਤਾਨ

ਕਸ਼ਮੀਰ ਪਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।'

ਝ

ਝਨਾਂ, ਦਰਿਆ : ਪੰਜਾਬ ਦਾ ਇਕ ਪ੍ਰਸਿੱਧ ਦਰਿਆ ਜਿਸ ਦਾ ਇਕ ਨਾਮਾਂਤਰ 'ਚਨਾਬ' ਹੈ। 'ਪੰਜਾਬ' ਨੂੰ ਪੰਜ ਪਾਣੀਆਂ ਵਾਲਾ ਦੇਸ਼ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਪੰਜ ਦਰਿਆ ਵਗਦੇ ਹਨ, ਜਿਵੇਂ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ। ਹਿਮਾਲਾ ਦੇ ਚੰਦ੍ਰ-ਭਾਗ ਪਰਬਤ ਤੋਂ ਨਿਕਲਣ ਕਰਕੇ ਇਸ ਦਾ ਇਕ ਨਾਂ 'ਚੰਦ੍ਰਭਾਗਾ' ਵੀ ਹੈ। 'ਚਨਾਬ' ਨਾਂ 'ਚੰਦ੍ਰਭਾਗਾ' ਦਾ ਹੀ ਵਿਗੜਿਆ ਹੋਇਆ ਰੂਪ ਪ੍ਰਤੀਤ ਹੁੰਦਾ ਹੈ।

ਅਖਨੂਰ, ਕਿਸ਼ਟਵਾਰ, ਚੰਬਾ ਆਦਿ ਪਹਾੜੀ ਸ਼੍ਰੇਣੀਆਂ ਨੂੰ ਪਾਰ ਕਰਦਾ ਹੋਇਆ ਇਹ ਦਰਿਆ ਸਿਆਲਕੋਟ ਦੇ ਜ਼ਿਲੇ ਵਿਚ ਮੈਦਾਨੀ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਅਤੇ ਲਗਭਗ 945 ਕਿ. ਮੀ. ਦਾ ਸਫ਼ਰ ਕਰਕੇ ਜੇਹਲਮ ਦਰਿਆ ਨਾਲ ਜਾ ਰਲਦਾ ਹੈ। ਫਿਰ ਇਨ੍ਹਾਂ ਨਾਲ ਰਾਵੀ ਨਦੀ ਮਿਲਦੀ ਹੈ ਅਤੇ ਆਖ਼ਰ ਵਿਚ ਇਹ ਸਾਰੀਆਂ ਨਦੀਆਂ ਪੰਜ-ਨਦ ਕੋਲ ਸਤਲੁਜ ਨਾਲ ਰਲ ਕੇ 80 ਕਿ. ਮੀ. ਦੀ ਵਿਥ ਤੇ ਮਿਠਨ-ਕੋਟ ਵਾਲੇ ਸਥਾਨ ਤੇ ਸਿੰਧ ਦਰਿਆ ਵਿਚ ਸ਼ਾਮਲ ਹੁੰਦੀਆਂ ਹਨ।

ਪੰਜਾਬੀ ਕਾਵਿ ਵਿਚ ਇਸ ਦਰਿਆ ਦਾ ਮਹੱਤਵ ਰੁਮਾਨੀ ਕਥਾ-ਪ੍ਰਸੰਗਾਂ ਵਿਚ ਕੁਦਰਤੀ ਪਿਛੋਕੜ ਜੁਟਾਉਣ ਅਤੇ ਪਿਆਰ ਦੇ ਸੰਯੋਗ ਪੱਖ ਦੀ ਭੂਮਿਕਾ ਨਿਭਾਉਣ ਕਰਕੇ ਹੈ, ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ ਦੇ ਕਿੱਸਿਆਂ ਵਿਚ। ਇਸ ਲਈ ਕਿੱਸਾਕਾਰਾਂ ਨੇ ਇਸ ਦਰਿਆ ਦੇ ਪਾਣੀ ਵਿਚ ਜਾਦੂਮਈ ਸ਼ਕਤੀ ਮੰਨੀ ਹੈ। ਕਾਦਰਯਾਰ ਅਨੁਸਾਰ—'ਪਾਣੀ ਇਸ਼ਕ ਝਨਾਊਂ ਦਾ ਜਾਦੂਗਰ ਵਹੈ।/ਇਸ਼ਕ ਝਨਾਵੋਂ ਲਭਦਾ ਜੇ ਕੋਈ ਮੁਲ ਲਹੈ।'

ਕਵੀ ਮੋਹਨ ਸਿੰਘ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਉਸ ਦੇ ਮਰਨ ਤੋਂ ਬਾਦ ਫੁੱਲਾਂ ਨੂੰ ਝਨਾਂ ਨਦੀ ਵਿਚ ਪਾਇਆ ਜਾਏ, ਕਿਉਂਕਿ—'ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ,/ਕਦਰ ਇਹਨਾਂ ਦੀ ਕੋਈ ਆਸ਼ਕ ਪਾਵੇ/ਗੰਗਾ ਬਾਹਮਣੀ ਕੀ ਜਾਣੇ/ਮੇਰੇ ਫੁੱਲ ਝਨਾਂ ਵਿਚ ਪਾਣੇ।'

ਝਾਂਸੀ ਵਾਲੀ, ਰਾਨੀ : ਵੇਖੋ 'ਲਕ੍ਸ਼ਮੀ ਬਾਈ, ਰਾਣੀ'।

ਟ

ਟੀਪੂ ਸੁਲਤਾਨ : ਦੱਖਣ ਭਾਰਤ ਦੇ ਮੈਸੂਰ ਪ੍ਰਦੇਸ਼ ਦਾ ਇਕ ਬਾਦਸ਼ਾਹ ਅਥਵਾ

ਸੁਲਤਾਨ ਜਿਸ ਦਾ ਜਨਮ ਹੈਦਰ ਅਲੀ ਦੇ ਘਰ ਸੰਨ 1750 ਈ. ਵਿਚ ਹੋਇਆ । ਇਸ ਦਾ ਮੂਲ ਨਾਂ ਫਤਹਿ ਅਲੀ ਸੀ, ਪਰ ਇਸ ਦਾ 'ਟੀਪੂ' ਨਾਂ ਇਕ ਸਮਕਾਲੀ ਦਰਵੇਸ਼ ਟੀਪੂ ਮਸਤਾਨ ਔਲੀਆਂ ਦੇ ਨਾਂ ਉਤੇ ਪ੍ਰਚਲਿਤ ਹੋਇਆ । ਇਸ ਨੇ 15 ਸਾਲ ਦੀ ਉਮਰ ਵਿਚ ਪਹਿਲੇ ਅੰਗ੍ਰੇਜ਼-ਮੈਸੂਰ-ਯੁੱਧ ਵਿਚ ਆਪਣੇ ਪਿਤਾ ਦੀ ਅਗਵਾਈ ਵਿਚ ਭਾਗ ਲਿਆ ਅਤੇ ਆਪਣੀ ਵੀਰਤਾ ਦਾ ਪ੍ਰਭਾਵ ਪਾਇਆ । ਦੂਜੇ ਅੰਗ੍ਰੇਜ਼-ਮੈਸੂਰ-ਯੁੱਧ ਵਿਚ ਇਸ ਨੇ ਕਰਨਲ ਬੇਲੀ ਨੂੰ ਬੁਰੀ ਤਰ੍ਹਾਂ ਹਾਰ ਦੇ ਕੇ ਅਰਕਾਟ ਅਤੇ ਅੰਬਰ ਦੇ ਇਲਾਕਿਆਂ ਨੂੰ ਆਪਣੇ ਅਧੀਨ ਕੀਤਾ ।

ਆਪਣੇ ਪਿਤਾ ਦੀ ਮ੍ਰਿਤੂ ਤੋਂ ਬਾਦ ਇਹ ਰਾਜ ਗੱਦੀ ਉਤੇ ਬੈਠਾ ਅਤੇ ਬੇਦਨੂਰ ਦਾ ਇਲਾਕਾ ਜਿੱਤਿਆ । ਮੈਸੂਰ-ਮਰਾਠਾ-ਯੁੱਧ ਤੋਂ ਬਾਦ ਇਸ ਨੇ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਿਤ ਕਰਦੇ ਹੋਇਆਂ ਮੁਗ਼ਲ ਸਰਕਾਰ ਦੀ ਅਧੀਨਗੀ ਤੋਂ ਮੁਕਤ ਕਰ ਲਿਆ । ਗਵਰਨਰ-ਜਨਰਲ ਕਾਰਨਵਾਲਿਸ ਦੀ ਅਗਵਾਈ ਅਧੀਨ ਅੰਗ੍ਰੇਜ਼ ਫ਼ੌਜ ਨਾਲ ਹੋਏ ਯੁੱਧ ਵਿਚ ਇਸ ਨੂੰ ਹਾਰ ਖਾਣੀ ਪਈ ਅਤੇ ਯੁੱਧ-ਦੰਡ ਭਰਨ ਤੋਂ ਇਲਾਵਾ ਅਗੋਂ ਲਈ ਚੰਗਾ ਵਿਵਹਾਰ ਕਰਨ ਦੀ ਜ਼ਮਾਨਤ ਵਜੋਂ ਦੋ ਪੁੱਤਰਾਂ ਨੂੰ ਅੰਗ੍ਰੇਜ਼ਾਂ ਕੋਲ ਬੰਧਕ ਵਜੋਂ ਰਖਣਾ ਪਿਆ । ਸਮਾਂ ਪਾ ਕੇ ਇਸ ਨੇ ਫਿਰ ਆਪਣੀ ਸੈਨਿਕ ਸ਼ਕਤੀ ਵਧਾਣੀ ਸ਼ੁਰੂ ਕੀਤੀ ਪਰ ਗਵਰਨਰ-ਜਨਰਲ ਵੇਲਜ਼ਲੀ ਦੇ ਵਿਰੁੱਧ ਲੜਦਾ ਹੋਇਆ ਆਪਣੀ ਰਾਜਧਾਨੀ ਵਿਚ ਹੀ ਸੰਨ 1799 ਈ. ਵਿਚ ਮਾਰਿਆ ਗਿਆ ।

ਇਹ ਇਕ ਨਿਡਰ, ਉਦਾਰ ਅਤੇ ਪ੍ਰਗਤੀਸ਼ੀਲ ਸ਼ਾਸਕ ਸੀ । ਇਸ ਨੇ ਭਵਿਸ਼ ਵਿਚ ਅੰਗ੍ਰੇਜ਼ੀ ਸੱਤਾ ਤੋਂ ਪੈਦਾ ਹੋਣ ਵਾਲੇ ਸੰਕਟ ਨੂੰ ਸਭ ਤੋਂ ਪਹਿਲਾਂ ਮਹਿਸੂਸ ਕੀਤਾ ਅਤੇ ਉਨ੍ਹਾਂ ਨਾਲ ਡੱਟ ਕੇ ਲੋਹਾ ਲਿਆ । ਇਸ ਨੇ ਫਰਾਂਸੀਸੀ ਸੈਨਾਪਤੀਆਂ ਦੀ ਅਗਵਾਈ ਵਿਚ ਆਪਣੀ ਫ਼ੌਜ ਨੂੰ ਆਧੁਨਿਕ ਢੰਗ ਨਾਲ ਸਿਖਲਾਈ ਦਿੱਤੀ । ਇਸ ਤੋਂ ਇਲਾਵਾ ਸਿਵਲ ਪ੍ਰਸ਼ਾਸਨ ਵਿਚ ਵੀ ਬਹੁਤ ਤਬਦੀਲੀਆਂ ਲਿਆਉਂਦੀਆਂ ਜਿਸ ਕਰਕੇ ਇਸ ਨੂੰ ਦੱਖਣ ਦਾ 'ਸ਼ੇਰਸ਼ਾਹ' ਕਿਹਾ ਜਾਂਦਾ ਹੈ ।

ਟੁੰਡੇ ਅਸਰਾਜੇ ਕੀ ਧੁਨੀ : ਗੁਰੂ ਨਾਨਕ ਦੇਵ ਜੀ ਦੁਆਰਾ ਲਿਖੀ 'ਆਸਾ ਦੀ ਵਾਰ' ਦੇ ਆਰੰਭ ਵਿਚ ਲਿਖਿਆ ਹੈ—'ਟੁੰਡੇ ਅਸਰਾਜੇ ਕੀ ਧੁਨੀ' । ਇਹ ਉਕਤੀ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਲਿਖੀ ਸੀ ।

ਰਵਾਇਤ ਅਨੁਸਾਰ ਰਾਜਾ ਸਾਰੰਗ ਦਾ ਪੁੱਤਰ ਅਸਰਾਜ ਜਦੋਂ ਜਵਾਨ ਹੋਇਆ ਤਾਂ ਉਸ ਦੀ ਨੌਜਵਾਨ ਮਤੇਈ ਮਾਂ ਉਸ ਨੂੰ ਵੇਖ ਕੇ ਮੋਹਿਤ ਹੋ ਗਈ ਅਤੇ ਅਸਰਾਜ ਅਗੇ ਆਪਣੇ ਮਨ ਦੀ ਕਾਮੁਕ ਭਾਵਨਾ ਪ੍ਰਗਟ ਕੀਤੀ । ਪਰ ਅਸਰਾਜ ਨੇ ਆਪਣੇ ਧਰਮ ਦੀ ਪਾਲਣਾ ਕਰਦਿਆਂ ਰਾਣੀ ਦੀ ਕਿਸੇ ਖ਼ਾਹਿਸ਼ ਨੂੰ ਪੂਰਾ ਕਰਨ ਤੋਂ ਨਾਂਹ ਕਰ ਦਿੱਤੀ । ਖਿਝੀ ਹੋਈ ਰਾਣੀ ਨੇ ਅਸਰਾਜ ਵਿਰੁੱਧ ਆਚਰਣ-ਹੀਨਤਾ ਦੇ ਦੂਸ਼ਣ ਲਗਾ ਕੇ ਰਾਜੇ ਨੂੰ ਅਜਿਹਾ ਭੜਕਾਇਆ ਕਿ ਉਸ ਨੇ ਤੁਰਤ ਅਸਰਾਜ ਨੂੰ ਕਤਲ ਕਰਨ ਲਈ ਜਲਾਦਾਂ ਨੂੰ ਬੁਲਾਇਆ । ਜਲਾਦ ਅਸਰਾਜ ਨੂੰ ਬਾਹਰ ਜੰਗਲ ਵਿਚ ਲੈ ਗਏ ਅਤੇ ਉਸ ਦੀ ਸੋਹਣੀ ਸੂਰਤ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਮਾਰਨ ਦੀ ਥਾਂ ਕੇਵਲ ਇਕ ਹੱਥ

ਵੱਢ ਕੇ ਖੂਹ ਵਿਚ ਸੁੱਟ ਦਿੱਤਾ ਅਤੇ ਵਢਿਆ ਹੋਇਆ ਹੱਥ ਸਾਰੰਗ ਨੂੰ ਕਤਲ ਕਰਨ ਦੀ ਨਿਸ਼ਾਨੀ ਵਜੋਂ ਵਿਖਾ ਦਿੱਤਾ।

ਕੁਝ ਸਮੇਂ ਬਾਦ ਵਣਜਾਰਿਆਂ ਦਾ ਇਕ ਕਾਫ਼ਿਲਾ ਉਸ ਖੂਹ ਕੋਲ ਉਤਰਿਆ। ਖੂਹ ਵਿਚੋਂ ਪਾਣੀ ਕੱਢਣ ਵੇਲੇ ਉਨ੍ਹਾਂ ਨੂੰ ਵਿਚੋਂ ਮਨੁੱਖੀ ਆਵਾਜ਼ ਸੁਣਾਈ ਦਿੱਤੀ। ਅੰਦਰ ਅਸਰਾਜ ਨੂੰ ਵੇਖ ਕੇ ਉਨ੍ਹਾਂ ਨੇ ਦਯਾ ਭਾਵ ਨਾਲ ਉਸ ਨੂੰ ਬਾਹਰ ਕਢਿਆ ਅਤੇ ਤੁਰਨ ਵੇਲੇ ਉਸ ਨੂੰ ਨਾਲ ਲੈ ਲਿਆ। ਅਗੇ ਇਕ ਨਗਰ ਦਾ ਰਾਜਾ ਉਦੋਂ ਹੀ ਨਿਰਸੰਤਾਨ ਮਰਿਆ ਸੀ। ਵਜ਼ੀਰਾਂ ਵਲੋਂ ਲਗਾਈ ਸ਼ਰਤ ਕਿ ਜੋ ਸਵੇਰੇ ਸਭ ਤੋਂ ਪਹਿਲਾ ਨਗਰ ਵਿਚ ਦਾਖ਼ਲ ਹੋਵੇ, ਉਸ ਨੂੰ ਗੱਦੀ ਉਤੇ ਬਿਠਾਇਆ ਜਾਏ, ਨੂੰ ਅਸਰਾਜ ਨੇ ਪੂਰਾ ਕੀਤਾ। ਵਜ਼ੀਰਾਂ ਨੇ ਉਸ ਨੂੰ ਰਾਜਾ ਬਣਾ ਦਿੱਤਾ। ਅਸਰਾਜ ਨੇ ਧਰਮ ਅਤੇ ਨੇਮ ਨਾਲ ਰਾਜ ਚਲਾਇਆ। ਜਦੋਂ ਉਸ ਦੀ ਸ਼ਕਤੀ ਵੱਧ ਗਈ ਤਾਂ ਉਸ ਨੇ ਆਪਣੇ ਮਤ੍ਰੇਏ ਭਰਾਵਾਂ—ਖ਼ਾਨ ਅਤੇ ਸੁਲਤਾਨ (ਨਾਮਾਂਤਰ ਸਰਦੂਲ ਰਾਏ ਅਤੇ ਸੁਲਤਾਨ ਖ਼ਾਨ)—ਉਤੇ ਚੜ੍ਹਾਈ ਕੀਤੀ। ਮਤੇਏ ਭਰਾ ਹਾਰ ਗਏ ਅਤੇ ਅਸਰਾਜ ਨੇ ਫਿਰ ਤੋਂ ਆਪਣਾ ਪਿਦਰੀ ਰਾਜ ਹਾਸਲ ਕਰ ਲਿਆ।

ਅਸਰਾਜ ਦੀ ਬਹਾਦਰੀ ਨੂੰ ਢਾਢੀਆਂ ਨੇ ਜਿਸ ਵਾਰ ਵਿਚ ਵਰਣਿਤ ਕੀਤਾ, ਉਸ ਦੀ ਤਰਜ਼ ਇਤਨੀ ਮਕਬੂਲ ਹੋਈ ਕਿ ਗੁਰੂ ਅਰਜਨ ਦੇਵ ਨੇ ਉਸ ਉਤੇ 'ਆਸਾ ਦੀ ਵਾਰ' ਨੂੰ ਗਾਉਣ ਦੀ ਤਾਕੀਦ ਕੀਤੀ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ — 'ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ,/ ਸੁਲਤਾਨ ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ,/ ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ,/ ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ,/ ਫਤੇ ਪਾਇ ਅਸਰਾਜ ਜੀ ਸ਼ਾਹੀ ਘਰ ਸੱਜੇ।'

ਟੁੰਡਾ-ਲਾਟ : ਸੰਨ 1844 ਤੋਂ 1848 ਈ. ਤਕ ਰਿਹਾ ਹਿੰਦੁਸਤਾਨ ਦਾ ਗਵਰਨਰ-ਜਨਰਲ ਲਾਰਡ ਹੈਨਰੀ ਹਾਰਡਿੰਗ, ਜਿਸ ਦੀ ਖੱਬੀ ਬਾਂਹ ਲਿਗਨੀ ਦੇ ਸਥਾਨ ਤੇ ਨਿਪੋਲੀਅਨ ਨਾਲ ਹੋਏ ਯੁੱਧ ਵਿਚ ਕਟੀ ਗਈ ਸੀ। ਇਹ ਘਟਨਾ 16 ਜੂਨ, 1815 ਈ. ਦੀ ਹੈ। ਜਦੋਂ ਅੰਗ੍ਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਹੋਈ ਤਾਂ ਉਦੋਂ ਇਹੀ ਗਵਰਨਰ-ਜਨਰਲ ਸੀ। ਇਸ ਵਲ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਸੰਕੇਤ ਕੀਤਾ ਹੈ —'ਟੁੰਡੇ ਲਾਟ ਨੇ ਚੁਕਿਆ ਆਣ ਬੀੜਾ, ਹਮ ਸਿੰਘ ਸਿਉਂ ਜਾਇ ਕੇ ਲੜੇਗਾ ਜੀ।'

ਟੈਕਸਲਾ : ਵੇਖੋ 'ਤਕ੍ਸ਼ਸ਼ਿਲਾ'।

ਟੈਗੋਰ, ਰਾਬਿੰਦਰ ਨਾਥ : ਵੇਖੋ 'ਰਾਬਿੰਦਰਨਾਥ, ਟੈਗੋਰ'।

ਡ

ਡਲ, ਝੀਲ : ਕਸ਼ਮੀਰ ਵਿਚ ਸ੍ਰੀਨਗਰ ਦੇ ਨੇੜੇ ਇਕ ਝੀਲ ਜਿਸ ਦੀ ਲੰਬਾਈ ਲਗਭਗ 6 ਕਿ. ਮੀ. ਅਤੇ ਚੌੜਾਈ 4 ਕਿ. ਮੀ. ਹੈ। ਪਹਾੜਾਂ ਨਾਲ ਘਿਰੀ ਇਹ ਝੀਲ

ਬਹੁਤ ਰਮਣੀਕ ਹੈ ਅਤੇ ਸੰਸਾਰ ਦੇ ਸੁੰਦਰ ਸਥਾਨਾਂ ਵਿਚ ਗਿਣੀ ਜਾਂਦੀ ਹੈ। ਇਸ ਦੇ ਨਜ਼ਾਰੇ ਨੂੰ ਮਾਣਨ ਲਈ ਦੂਰੋਂ-ਦੂਰੋਂ ਸੈਲਾਨੀ ਆਉਂਦੇ ਹਨ। ਇਸ ਦੇ ਨੇੜੇ ਹੀ ਅਕਬਰ ਬਾਦਸ਼ਾਹ ਦੁਆਰਾ ਬਣਾਇਆ ਨਸੀਮ-ਬਾਗ਼ ਹੈ। ਭਾਈ ਵੀਰ ਸਿੰਘ ਨੂੰ 'ਮਟਕ ਹੁਲਾਰੇ' ਨਾਂ ਦੇ ਕਾਵਿ-ਸੰਗ੍ਰਹਿ ਵਿਚ ਸੰਕਲਿਤ ਦੋ ਕਵਿਤਾਵਾਂ ਰਾਹੀਂ ਇਸ ਦੀ ਸੁੰਦਰਤਾ ਦਾ ਬੜੀ ਰੁਚੀ ਨਾਲ ਵਰਣਨ ਕੀਤਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ 'ਕਸ਼ਮੀਰ' ਨਾਂ ਦੀ ਕਵਿਤਾ ਵਿਚ ਇਸ ਵਲ ਸੰਕੇਤ ਕਰਦਿਆਂ ਆਪਣਾ ਪ੍ਰਭਾਵ ਇਸ ਤਰ੍ਹਾਂ ਦਿੱਤਾ ਹੈ—'ਡਲ ਵੇਖ ਕੇ ਮੈਂ ਕੰਬਿਆ, ਰੱਬਾ ਤੇਰੀ ਕੁਦਰਤ।/ ਬੇਅੰਤ ਹੈ ਬੇਅੰਤ, ਤੂੰ ਜਾਣ ਆਪਣੀ ਮਿਤ ਗਤ।'

ਡਾਂਟੇ : ਵੇਖੋ 'ਦਾਂਤੇ, ਆਲੀਗ੍ਯਾਰੀ'।

ਡੇਰਾ ਬਾਬਾ ਨਾਨਕ : ਵੇਖੋ 'ਕਰਤਾਰਪੁਰ—1'।

ਢ

ਢਾਕਾ : ਬੰਗਲਾ ਦੇਸ ਦਾ ਪ੍ਰਮੁਖ ਨਗਰ ਅਤੇ ਰਾਜਧਾਨੀ ਜੋ ਕਲਕੱਤੇ ਤੋਂ ਲਗਭਗ 400 ਕਿ. ਮੀ. ਉੱਤਰ-ਪੂਰਵ ਵਲ ਹੈ। ਇਹ ਨਗਰ ਪਦਮਾ (ਗੰਗਾ), ਮੇਹਾਨਾ ਆਦਿ ਨਦੀਆਂ ਨਾਲ ਘਿਰਿਆ ਹੋਇਆ ਹੈ। ਇਸ ਕਰਕੇ ਇਥੇ ਬਾੜ੍ਹ ਦਾ ਸਬੱਬ ਸਦਾ ਬਣਿਆ ਰਹਿੰਦਾ ਹੈ। ਧਰਤੀ ਬਹੁਤ ਉਪਜਾਊ ਹੈ। ਇਹ ਨਗਰ ਹੱਥ ਦੇ ਕੰਮ ਲਈ ਬਹੁਤ ਪ੍ਰਸਿੱਧ ਹੈ। ਢਾਕੇ ਦੀ ਮਲਮਲ ਸਾਰੇ ਭਾਰਤ ਵਿਚ ਪਸੰਦ ਕੀਤੀ ਜਾਂਦੀ ਸੀ। ਇਥੇ ਦੁਰਗਾ ਦਾ ਪ੍ਰਸਿੱਧ ਮੰਦਿਰ ਹੈ। ਪੂਰਵ ਦੀ ਉਦਾਸੀ ਵੇਲੇ ਗੁਰੂ ਨਾਨਕ ਦੇਵ ਢਾਕਾ ਨਗਰ ਵਿਚ ਸੰਨ 1507 ਈ. (1564 ਬਿ.) ਵਿਚ ਪਧਾਰੇ ਸਨ। ਉਥੇ ਗੁਰੂ ਸਾਹਿਬ ਦੀ ਯਾਦ ਵਿਚ ਗੁਰੂ-ਧਾਮ ਮੌਜੂਦ ਹੈ। ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋਏ ਸਿੱਖਾਂ ਦਾ ਇਕ ਵੱਡੇ ਮੇਲ ਜਾਂ ਸੰਗਤ ਦਾ ਉੱਲੇਖ ਸਿੱਖ-ਇਤਿਹਾਸ ਵਿਚ ਮਿਲਦਾ ਹੈ। ਗੁਰੂ ਹਰਿਗੋਬਿੰਦ ਦੇ ਇਕ ਢਾਕਾ ਨਿਵਾਸੀ ਸਿੱਖ ਵਲ ਭਾਈ ਗੁਰਦਾਸ ਨੇ ਸੰਕੇਤ ਕੀਤਾ ਹੈ – 'ਸੁੰਦਰ ਚਢਾ ਆਗਰੇ ਢਾਕੇ ਮੋਹਨਿ ਸੇਵ ਕਮਾਣੀ' (11/31)। ਅਸਾਮ ਪ੍ਰਦੇਸ਼ ਦੀ ਯਾਤ੍ਰਾ ਵੇਲੇ ਗੁਰੂ ਤੇਗ ਬਹਾਦਰ ਵੀ ਢਾਕੇ ਗਏ ਸਨ। ਉਥੇ ਉਨ੍ਹਾਂ ਦੀ ਯਾਦ ਵਿਚ ਇਕ ਗੁਰੂ-ਧਾਮ ਵੀ ਬਣਿਆ ਹੋਇਆ ਹੈ।

ਢੁਡਾ : ਵੇਖੋ 'ਹੋਲੀ'।

ਢੋਲਾ-ਸੰਮੀ : ਇਕ ਪ੍ਰੇਮੀ ਜੋੜਾ ਜਿਸ ਦਾ ਆਖਿਆਨ ਰਾਜਸਥਾਨ ਅਤੇ ਪੱਛਮੀ ਪੰਜਾਬ ਵਿਚ ਆਮ ਪ੍ਰਚਲਿਤ ਹੈ, ਪਰ ਵੱਖ-ਵੱਖ ਇਲਾਕਿਆਂ ਵਿਚ ਇਸ ਵਿਚ ਕਥਾ-ਭੇਦ ਪੈਦਾ ਹੋ ਗਏ ਹਨ। ਰਾਜਸਥਾਨ ਵਿਚ ਇਹ ਪ੍ਰੇਮ-ਆਖਿਆਨ 'ਢੋਲਾ-ਮਾਰੂ' ਨਾਂ ਨਾਲ ਪ੍ਰਸਿੱਧ ਹੈ ਅਤੇ ਪੰਜਾਬ ਵਿਚ 'ਮਾਰੂ' ਦੀ ਥਾਂ 'ਸੰਮੀ' ਨਾਂ ਪ੍ਰਚਲਿਤ ਹੋ ਗਿਆ ਹੈ।

ਰਾਜਸਥਾਨ ਵਿਚ ਇਸ ਪ੍ਰੇਮ-ਪ੍ਰਸੰਗ ਨੂੰ ਘੱਟ-ਘੱਟ ਇਕ ਹਜ਼ਾਰ ਸਾਲ ਪੁਰਾਤਨ

ਮੰਨਿਆ ਜਾਂਦਾ ਹੈ। ਇਸ ਦਾ ਇਤਿਹਾਸਿਕ ਆਧਾਰ ਵੀ ਹੈ। ਢੋਲਾ ਕਛਵਾਹਾ ਖ਼ਾਨਦਾਨ ਦੇ ਰਾਜਾ ਨਲ (ਸਮਾਂ 950 ਤੋਂ 1000 ਈ. ਦੇ ਵਿਚਾਲੇ) ਦਾ ਪੁੱਤਰ ਸੀ ਅਤੇ ਮਾਰੂ (ਮਾਰਵਣੀ) ਪੂਗਲ ਦੇ ਰਾਜਾ ਪਿੰਗਲ ਦੀ ਕੰਨਿਆ ਸੀ। ਇਕ ਵਾਰ ਪੂਗਲ ਦੇਸ਼ ਵਿਚ ਕਾਲ ਪੈ ਗਿਆ। ਰਾਜਾ ਪਿੰਗਲ ਆਪਣੇ ਪਰਿਵਾਰ ਸਹਿਤ ਰਾਜਾ ਨਲ ਕੋਲ ਚਲਾ ਗਿਆ। ਨਲ ਦੇ ਪੁੱਤਰ ਢੋਲਾ ਨੂੰ ਵੇਖ ਕੇ ਪਿੰਗਲ ਦੀ ਰਾਣੀ ਬਹੁਤ ਪ੍ਰਭਾਵਿਤ ਹੋਈ ਅਤੇ ਜ਼ੋਰ ਪਾ ਕੇ ਆਪਣੀ ਪੁੱਤਰੀ ਮਾਰਵਣੀ ਦਾ ਵਿਆਹ ਢੋਲਾ ਨਾਲ ਕਰ ਦਿੱਤਾ। ਢੋਲਾ ਦੀ ਮਲਵਾਣੀ ਨਾਂ ਦੀ ਪਹਿਲਾਂ ਵੀ ਇਕ ਪਤਨੀ ਸੀ। ਇਤਨੇ ਇਤਿਹਾਸਿਕ ਆਧਾਰ ਵਾਲੇ ਤੱਥ ਨੂੰ ਲੈ ਕੇ ਵੱਖ-ਵੱਖ ਕਵੀਆਂ ਨੇ ਅਨੇਕ ਕਾਲਪਨਿਕ ਉਦਭਾਵਨਾਵਾਂ ਸਹਿਤ ਇਸ ਆਖਿਆਨ ਦਾ ਵਿਕਾਸ ਕੀਤਾ। ਇਸ ਦੀ ਪਤਨੀ ਮਾਰਵਣ/ਮਾਰਵਣੀ ਨੂੰ ਸਿੰਧ ਖੇਤਰ ਦੇ ਇਕ ਅਮੀਰ ਵਲੋਂ ਖੋਹੇ ਜਾਣ ਦੀ ਕਲਪਨਾ ਵੀ ਕੀਤੀ ਗਈ। ਵਾਰਿਸ ਸ਼ਾਹ ਨੇ 'ਹੀਰ' ਵਿਚ ਲਿਖਿਆ ਹੈ—'ਫੱਗੂ ਉਮਰ ਬਾਦਸ਼ਾਹ ਖੁਆਰ ਹੋਏ, ਮਿਲੀ ਮਾਰਵਣ ਢੋਲ ਦਿਆਂ ਲਾਲਿਆਂ ਨੂੰ।'

ਰਾਜਸਥਾਨ ਤੋਂ ਪੰਜਾਬ ਵਿਚ ਰਾਜਪੂਤਾਂ ਦੇ ਆਉਣ ਨਾਲ ਪੰਜਾਬੀ ਸਭਿਆਚਾਰ ਵਿਚ ਇਸ ਆਖਿਆਨ ਨੇ ਵੀ ਪ੍ਰਵੇਸ਼ ਕੀਤਾ। ਸੰਮੀ ਨੂੰ ਗੜ੍ਹ ਮੰਡਿਆਲੇ ਦੇ ਇਕ ਜਾਗੀਰਦਾਰ ਦੀ ਲੜਕੀ ਵਜੋਂ ਅਤੇ ਢੋਲੇ ਨੂੰ ਨੇੜੇ ਦੇ ਇਕ ਹੋਰ ਜਾਗੀਰਦਾਰ ਦੇ ਪੁੱਤਰ ਵਜੋਂ ਪ੍ਰਵਾਨਗੀ ਮਿਲੀ। ਇਕ ਦਿਨ ਢੋਲਾ ਸ਼ਿਕਾਰ ਖੇਡਦਾ ਖੇਡਦਾ ਸੰਮੀ ਦੇ ਬਾਗ਼ ਵਲ ਨਿਕਲ ਗਿਆ, ਉਥੇ ਉਹ ਪੀਂਘ ਝੂਟ ਰਹੀ ਸੀ। ਦੋਹਾਂ ਵਿਚ ਪਿਆਰ ਪੈ ਗਿਆ। ਕੁਝ ਦਿਨ ਉਥੇ ਰਹਿ ਕੇ ਢੋਲਾ ਆਪਣੇ ਘਰ ਨੂੰ ਪਰਤ ਗਿਆ। ਸੰਮੀ ਉਸ ਦੇ ਵਿਯੋਗ ਵਿਚ ਗਾਉਣ ਅਤੇ ਨੱਚਣ ਲਗ ਗਈ। ਇਥੋਂ ਹੀ ਸੰਮੀ ਦਾ ਨਾਚ ਅਤੇ ਗੀਤ ਵਿਕਸਿਤ ਹੋਏ। 'ਚਰਿਤ੍ਰੋਪਾਖਿਆਨ' ਦੀ 161ਵੀਂ ਚਰਿਤ੍ਰ-ਕਥਾ ਵਿਚ ਇਸ ਨੂੰ ਢੋਲਾ-ਸ਼ਮਸ ਦੇ ਆਖਿਆਨ ਵਜੋਂ ਲਿਖਿਆ ਗਿਆ ਹੈ ਜਿਸ ਦਾ ਸਾਰਾਂਸ਼ ਇਸ ਪ੍ਰਕਾਰ ਹੈ :

ਇਕ ਵਾਰ ਗ੍ਰਹਿਣ ਦੇ ਅਵਸਰ ਤੇ ਨਰਵਰ ਕੋਟ ਦਾ ਰਾਜਾ ਬੀਰ ਸੈਨ, ਆਪਣੀ ਰਾਣੀ ਸੁਰਨਮਤੀ ਸਹਿਤ ਇਸ਼ਨਾਨ ਕਰਨ ਲਈ ਕੁਰੁਕ੍ਸ਼ੇਤਰ ਗਿਆ। ਉਥੇ ਮਾਰਵਾੜ ਦਾ ਰਾਜਾ ਸੂਰਸੈਨ ਵੀ ਆਪਣੀ ਰਾਣੀ ਬੀਰ-ਕਲਾ ਨਾਲ ਇਸ਼ਨਾਨ ਕਰਨ ਲਈ ਆਇਆ ਹੋਇਆ ਸੀ। ਦੋਹਾਂ ਦੀਆਂ ਰਾਣੀਆਂ ਗਰਭਵਤੀ ਸਨ। ਉਥੇ ਹੀ ਸੁਰਨਮਤੀ ਨੇ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਂ ਢੋਲਾ ਰਖਿਆ ਗਿਆ। ਬੀਰ-ਕਲਾ ਨੇ ਪੁੱਤਰੀ ਨੂੰ ਜਨਮ ਦਿੱਤਾ ਜਿਸ ਦਾ ਨਾਂ ਸ਼ਮਸ ਰਖਿਆ ਗਿਆ। ਦੋਹਾਂ ਦਾ ਉਥੇ ਹੀ ਖਾਰਿਆਂ ਵਿਚ ਪਾ ਕੇ ਵਿਆਹ ਕਰ ਦਿੱਤਾ ਗਿਆ।

ਸਮਾਂ ਬੀਤਣ ਤੇ ਜਦੋਂ ਢੋਲਾ ਵੱਡਾ ਹੋਇਆ ਤਾਂ ਉਸ ਦਾ ਵਿਆਹ ਕਿਸੇ ਹੋਰ ਰਾਜਕੁਮਾਰੀ ਨਾਲ ਕਰ ਦਿੱਤਾ ਗਿਆ। ਪਰ ਜਦੋਂ ਢੋਲੇ ਨੇ ਪੂਰੀ ਤਰ੍ਹਾਂ ਹੋਸ਼ ਸੰਭਾਲੀ ਤਾਂ ਉਸ ਨੂੰ ਬਚਪਨ ਵਿਚ ਕੀਤੇ ਵਿਆਹ ਦਾ ਧਿਆਨ ਆਇਆ। ਇਕ ਦਿਨ ਸ਼ਿਕਾਰ ਖੇਡਣ ਦੌਰਾਨ ਉਹ ਸ਼ਮਸ ਦੇ ਪੇਕੇ ਜਾ ਪਹੁੰਚਿਆ ਅਤੇ ਮੁਕਲਾਵਾ ਲੈ ਕੇ ਪਰਤਿਆ। ਉਧਰ ਪਹਿਲੀ ਪਤਨੀ ਨੇ ਸੌਂਕਣ ਸਾੜੇ ਵਸ ਆਪਣੇ ਸਹੁਰੇ ਨੂੰ ਚੁੱਕ ਚੁਕਾ ਕੇ ਢੋਲੇ ਨੂੰ

ਬਾਰ੍ਹਾਂ ਬਰਸ ਦਾ ਬਨਵਾਸ ਦਿਵਾ ਦਿੱਤਾ। ਤੇਰ੍ਹਵੇਂ ਵਰ੍ਹੇ ਰਾਜਾ ਬੀਰ ਸੈਨ ਮਰ ਗਿਆ ਅਤੇ ਢੋਲੇ ਨੇ ਰਾਜ-ਗੱਦੀ ਸੰਭਾਲ ਕੇ ਸ਼ਮਸ ਨਾਲ ਸੁਖ ਪੂਰਣ ਜੀਵਨ ਬਤੀਤ ਕੀਤਾ।

ਸਹਿਜੇ ਸਹਿਜੇ ਇਸ ਪ੍ਰੀਤ-ਕਥਾ ਨਾਲ ਨਾਚ ਅਤੇ ਗੀਤ ਜੁੜਨ ਲਗ ਗਏ। ਇਕ ਦੰਦ-ਕਥਾ ਅਨੁਸਾਰ ਢੋਲੇ ਨੇ ਇਕ ਵਿਸ਼ੇਸ਼ ਪ੍ਰਕਾਰ ਦੇ ਗੀਤ-ਰੂਪਾਕਾਰ ਨੂੰ ਜਨਮ ਦਿੱਤਾ। ਢੋਲਾ, ਅਸਲ ਵਿਚ, ਦੂਲ੍ਹਾ, ਦੂਲਹਾ ਆਦਿ ਸ਼ਬਦਾਂ ਦਾ ਇਲਾਕਾਈ ਭੇਦ ਹੈ। ਕਿਤੇ-ਕਿਤੇ 'ਢੋਲਨ' ਸ਼ਬਦ ਵੀ ਪ੍ਰਚਲਿਤ ਹੈ। ਕਾਲਾਂਤਰ ਵਿਚ ਇਹ ਸ਼ਬਦ ਪ੍ਰੇਮੀ ਜਾਂ ਪਤੀ ਲਈ ਰੂੜ੍ਹ ਹੋ ਗਿਆ। ਇਥੋਂ ਤਕ ਕਿ ਅਧਿਆਤਮਿਕ ਕਾਵਿ ਵਿਚ ਇਹ ਪ੍ਰਭੂ ਵਾਚਕ ਵੀ ਹੋ ਗਿਆ—'ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦਰੰਗ ਢੋਲਾ' (ਅ. ਗ੍ਰੰ. 729)।

ਸੰਮੀ ਨੇ ਇਕ ਵਿਸ਼ੇਸ਼ ਨਾਚ ਨੂੰ ਜਨਮ ਦਿੱਤਾ ਦਸਿਆ ਜਾਂਦਾ ਹੈ। ਇਸ ਤੱਥ ਦੇ ਪਿਛੋਕੜ ਵਿਚ ਜਾਂਦਿਆਂ ਪਤਾ ਚਲਦਾ ਹੈ ਕਿ ਸੰਸਕ੍ਰਿਤ ਵਿਚ 'ਸ਼ਮੀ' ਇਕ ਵਿਸ਼ੇਸ਼ ਬ੍ਰਿਛ ਨੂੰ ਕਹਿੰਦੇ ਹਨ। ਇਸ ਨੂੰ 'ਅਰਣੀ' ਵੀ ਕਿਹਾ ਜਾਂਦਾ ਹੈ। ਵੈਦਿਕ ਕਾਲ ਵਿਚ ਇਸ ਦੀਆਂ ਲਕੜੀਆਂ ਦੀ ਰਗੜ ਤੋਂ ਅਗਨੀ ਪੈਦਾ ਕੀਤੀ ਜਾਂਦੀ ਸੀ। ਯੱਗ ਆਦਿ ਮਾਂਗਲਿਕ ਕਾਰਜਾਂ ਲਈ ਸ਼ਮੀ ਦੀਆਂ ਲਕੜੀਆਂ ਤੋਂ ਪੈਦਾ ਕੀਤੀ ਅਗਨੀ ਸ਼ੁਭ ਸਮਝੀ ਜਾਂਦੀ ਸੀ।

ਪੰਜਾਬੀ ਸਭਿਆਚਾਰ ਵਿਚ ਇਸ ਦਰਖ਼ਤ ਨੂੰ 'ਜੰਡ' ਕਹਿੰਦੇ ਹਨ। ਜੰਡ ਵਿਚ ਅਗਨੀ ਦਾ ਨਿਵਾਸ ਮੰਨਿਆ ਜਾਂਦਾ ਹੈ। ਮਾਂਗਲਿਕ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਜੰਡ ਦੀਆਂ ਲਕੜੀਆਂ ਵੱਢੀਆਂ ਜਾਂਦੀਆਂ ਸਨ। ਵਿਆਹ ਤੋਂ ਪਹਿਲਾਂ ਲਾੜ੍ਹੇ ਦੁਆਰਾ ਜੰਡ ਨਾਲੋਂ ਲਕੜੀ ਕਟਣਾ ਉਸੇ ਪੁਰਾਤਨ ਰੀਤ ਦਾ ਅਵਸ਼ੇਸ਼ ਹੈ। ਆਦਿ-ਕਾਲ ਵਿਚ ਜਦੋਂ ਅਗਨੀ ਦੀ ਦੇਵਤਾ ਵੱਜੋਂ ਪੂਜਾ ਕੀਤੀ ਜਾਂਦੀ ਸੀ, ਤਾਂ ਉਦੋਂ ਅਗਨੀ ਨੂੰ ਪ੍ਰਗਟ ਕਰਨ ਤੋਂ ਪਹਿਲਾਂ ਜੰਡ ਦੇ ਬ੍ਰਿਛ ਦੁਆਲੇ ਗੋਲ ਦਾਇਰੇ ਵਿਚ ਇਸਤਰੀਆਂ ਦੁਆਰਾ ਨਾਚ ਕੀਤਾ ਜਾਂਦਾ ਸੀ। ਬਾਦ ਵਿਚ ਅਗਨੀ ਦਾ ਸੰਮੀ (ਜੰਡ) ਨਾਲ ਸਾਮੰਜਸ ਕਰਕੇ ਇਸ ਦਾ ਦੇਵੀ ਵੱਜੋਂ ਦੈਵੀਕਰਣ ਹੋ ਗਿਆ ਅਤੇ ਸੰਮੀ ਬ੍ਰਿਛ ਦੁਆਲੇ ਕੀਤਾ ਜਾਣ ਵਾਲਾ ਨਾਚ 'ਸੰਮੀ ਨਾਚ' ਵੱਜੋਂ ਪ੍ਰਸਿੱਧ ਹੋਇਆ। ਹੌਲੀ-ਹੌਲੀ ਸੰਮੀ' ਦਾ ਦੇਵੀ ਵੱਜੋਂ ਮਹੱਤਵ ਘਟਣ 'ਤੇ ਇਸ ਦਾ ਮਾਨਵੀਕਰਣ ਹੋ ਗਿਆ ਅਤੇ ਇਹ ਨਾਇਕਾ ਦਾ ਵਾਚਕ ਸ਼ਬਦ ਬਣ ਗਿਆ। ਨਾਇਕਾ ਵਲੋਂ ਵਿਯੋਗ ਪੀੜ ਨੂੰ ਸ਼ਾਂਤ ਕਰਨ ਲਈ ਕੀਤਾ ਗਿਆ ਨਾਚ ਸੰਮੀ ਨਾਚ ਦੇ ਰੂਪ ਪ੍ਰਚਲਿਤ ਹੋਇਆ। 'ਸਾਂਦਲ ਬਾਰ' ਵਿਚ ਇਸ ਨਾਚ ਦਾ ਵਿਸ਼ੇਸ਼ ਪ੍ਰਚਲਨ ਹੈ। ਇਸ ਦੇ ਨਾਲ ਕੁਝ ਗੀਤ ਵੀ ਗਾਏ ਜਾਂਦੇ ਹਨ, ਜਿਵੇਂ—'ਸਮੀ ਮੇਰੀ ਵਣ/ ਗਿਣ ਗਿਣ ਲਾਵਾਂ ਰੋਟੀਆਂ, ਵਣ ਸਮੀਆ/ ਸਮੀ ਮੇਰੀ ਵਣ, ਖਾਵਣ ਵਾਲੇ ਦੂਰ, ਵਣ ਸਮੀਆ।' ਸੰਮੀ ਨਾਚ ਦੇ ਵੀ ਕਈ ਭੇਦ ਪ੍ਰਚਲਿਤ ਹਨ। ਇਸ ਨਾਚ ਵੇਲੇ ਇਸਤਰੀਆਂ ਵਲੋਂ ਆਪਣੇ ਪ੍ਰੀਤਮ ਨੂੰ ਚਿਤਵਦੇ ਹੋਇਆਂ ਅਨੇਕ ਪ੍ਰਕਾਰ ਦੇ ਹਾਵ-ਭਾਵ ਪ੍ਰਗਟਾਏ ਜਾਂਦੇ ਹਨ। ਵਾਰਿਸ ਸ਼ਾਹ ਨੇ 'ਹੀਰ' ਵਿਚ ਸੰਮੀ ਨਾਚ ਦਾ ਜ਼ਿਕਰ ਕੀਤਾ ਹੈ—'ਨਾਹ ਕਿਕਲੀ ਪਾਉਂਦੀ ਨਾਹ ਸੰਮੀ, ਪਧੀ

ਮਾਰ ਨਾ ਧਰਤ ਕੰਬਾਊਂਦੀ ਏ।'

ਤ

ਤਸੱਵੁਫ਼ : ਸੂਫ਼ੀ ਰਹੱਸਵਾਦ ਦਾ ਨਾਮਾਂਤਰ। ਵੇਖੋ 'ਸੂਫ਼ੀਮਤ'।

ਤਕ੍ਸ਼ਸ਼ਿਲਾ : ਪ੍ਰਾਚੀਨ ਭਾਰਤ ਦਾ ਇਕ ਪ੍ਰਸਿੱਧ ਨਗਰ ਅਤੇ ਸ਼ਿਕਸ਼ਾ-ਕੇਂਦਰ ਜੋ ਗਾਂਧਾਰ ਪ੍ਰਦੇਸ਼ ਦੀ ਰਾਜਧਾਨੀ ਵੀ ਰਿਹਾ ਹੈ। ਸਭ ਤੋਂ ਪਹਿਲਾਂ 'ਬਾਲਮੀਕੀ ਰਾਮਾਇਣ' ਵਿਚ ਇਸ ਦੀ ਸਥਾਪਨਾ ਬਾਰੇ ਲਿਖਿਆ ਮਿਲਦਾ ਹੈ ਕਿ ਸ੍ਰੀ ਰਾਮਚੰਦਰ ਦੇ ਛੋਟੇ ਭਰਾ ਭਰਤ ਨੇ ਆਪਣੇ ਨਾਨੇ ਅਸ਼੍ਵਪਤਿ ਦੀ ਸਹਾਇਤਾ ਨਾਲ ਗਾਂਧਾਰ ਦੇਸ਼ ਨੂੰ ਜਿੱਤਿਆ ਅਤੇ ਆਪਣੇ ਦੋ ਪੁੱਤਰਾਂ—ਤਕ੍ਸ਼ ਅਤੇ ਪੁਸ਼ਕਲ—ਨੂੰ ਉਥੋਂ ਦਾ ਸ਼ਾਸਕ ਨਿਯੁਕਤ ਕੀਤਾ। ਤਕ੍ਸ਼ ਨੇ ਤਕ੍ਸ਼ਸ਼ਿਲਾ ਅਤੇ ਪੁਸ਼ਕਲ ਨੇ ਪੁਸ਼ਕਲਾਵਤੀ ਨਾਂ ਦੇ ਦੋ ਨਗਰ ਵਸਾਏ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੀਆਂ ਰਾਜਧਾਨੀਆਂ ਬਣਾਇਆ।

'ਮਹਾਭਾਰਤ' (ਸ੍ਵਰਗਾਰੋਹਣ-ਪਰਵ) ਦੇ ਯੁੱਧ ਤੋਂ ਬਾਦ ਪਰੀਕ੍ਸ਼ਿਤ ਦੀ ਸੰਤਾਨ ਨੇ ਕੁਝ ਪੀੜ੍ਹੀਆਂ ਤਕ ਇਥੇ ਰਾਜ ਕੀਤਾ। ਜਨਮੇਜਯ ਨੇ ਆਪਣਾ ਸਰਪ-ਯੱਗ ਵੀ ਇਥੇ ਹੀ ਕੀਤਾ। 'ਬਾ. ਰਾਮਾਇਣ' ਅਤੇ 'ਮਹਾਭਾਰਤ' ਵਿਚ ਇਸ ਦੇ ਸ਼ਿਕਸ਼ਾ-ਕੇਂਦਰ ਹੋਣ ਦਾ ਕੋਈ ਉੱਲੇਖ ਨਹੀਂ ਮਿਲਦਾ। ਪਰ ਈਸਾ-ਪੂਰਵ ਸੱਤਵੀਂ ਸਦੀ ਤਕ ਇਹ ਨਗਰ ਸ਼ਿਕਸ਼ਾ-ਕੇਂਦਰ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਚੁਕਿਆ ਸੀ।

ਸਿਕੰਦਰ ਦੇ ਹਮਲੇ ਵੇਲੇ ਇਥੋਂ ਦਾ ਰਾਜਾ ਅੰਭੀ ਸੀ ਜਿਸ ਨੇ ਸਿਕੰਦਰ ਨਾਲ ਸਮਝੌਤਾ ਕਰ ਲਿਆ। ਉਸ ਕਾਲ ਦੀਆਂ ਲਿਖਤਾਂ ਵਿਚ ਇਸ ਨਗਰ ਦੇ ਸ਼ਿਕਸ਼ਾ-ਕੇਂਦਰ ਹੋਣ ਬਾਰੇ ਹਵਾਲੇ ਮਿਲਦੇ ਹਨ। ਇਸ ਨਗਰ ਦੇ ਹੋਰ ਵੀ ਕਈ ਪੱਖਾਂ ਉਤੇ ਚਾਨਣਾ ਪਾਇਆ ਮਿਲਦਾ ਹੈ। ਰਾਜਗ੍ਰਿਹ, ਕਾਸ਼ੀ, ਮਿਥਿਲਾ, ਉਜੈਨ ਆਦਿ ਦੂਰ-ਦੁਰਾਡਿਓਂ ਰਾਜਕੁਮਾਰ ਇਥੇ ਆ ਕੇ ਹਰ ਪ੍ਰਕਾਰ ਦੀ ਵਿਦਿਆ ਪ੍ਰਾਪਤ ਕਰਦੇ ਸਨ। ਉਂਜ ਰਾਜਨੀਤੀ ਅਤੇ ਸ਼ਸਤ੍ਰ-ਵਿਦਿਆ ਦਾ ਇਹ ਅਦੁੱਤੀ ਕੇਂਦਰ ਸੀ। ਪਰ ਇਸ ਦੇ ਨਾਲ ਹੋਰ ਵੀ ਕਈ ਵਿਦਿਆਵਾਂ ਪੜ੍ਹਾਈਆਂ ਜਾਂਦੀਆਂ ਸਨ। ਚਾਣਕ੍ਯ ਇਥੋਂ ਦਾ ਵਿਦਿਆਰਥੀ ਅਤੇ ਅਧਿਆਪਕ ਸੀ। ਪਾਣਿਨਿ ਵੀ ਇਥੋਂ ਦਾ ਵਿਦਿਆਰਥੀ ਦਸਿਆ ਜਾਂਦਾ ਹੈ। ਇਥੋਂ ਦਾ ਧਨੁਰ-ਸ਼ਾਸਤ੍ਰ ਦਾ ਵਿਦਿਆਲਾ ਯੁੱਧ-ਵਿਦਿਆ ਲਈ ਬਹੁਤ ਹੀ ਪ੍ਰਸਿੱਧ ਸੀ। ਮੌਰੀਆ-ਕਾਲ ਵਿਚ ਇਸ ਨਗਰ ਦੀ ਪੂਰੀ ਚੜ੍ਹਤ ਸੀ।

ਇਥੋਂ ਦੇ ਸ਼ਿਕਸ਼ਾ-ਕੇਂਦਰ ਦੇ ਉਜਾੜੇ ਦਾ ਆਰੰਭ ਸ਼ਕਾਂ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੇ ਆਕ੍ਰਮਣਾਂ ਤੋਂ ਹੀ ਹੋ ਜਾਂਦਾ ਹੈ ਪਰ ਪੰਜਵੀਂ ਸਦੀ ਵਿਚ ਹੋਏ ਹੂਣਾਂ ਦੇ ਆਕ੍ਰਮਣ ਨਾਲ ਇਹ ਬਿਲਕੁਲ ਬਰਬਾਦ ਹੋ ਗਿਆ। ਸੱਤਵੀਂ ਸਦੀ ਵਿਚ ਜਦੋਂ ਚੀਨੀ ਯਾਤ੍ਰੀ ਹ੍ਵੇਨਸਾਂਗ ਇਥੇ ਆਇਆ ਤਾਂ ਉਦੋਂ ਤਕ ਸ਼ਿਕਸ਼ਾ-ਕੇਂਦਰ ਖ਼ਤਮ ਹੋ ਚੁਕਿਆ ਸੀ। ਫ਼ਾਹਿਯਾਨ ਨੇ ਵੀ ਇਸ ਦੇ ਵਿਦਿਆ-ਕੇਂਦਰ ਹੋਣ ਦੀ ਕੋਈ ਗੱਲ

ਨਹੀਂ ਕੀਤੀ। ਤਦ-ਉਪਰੰਤ ਇਸ ਦਾ ਮਹੱਤਵ ਖ਼ਤਮ ਹੋ ਗਿਆ।

ਇਸ ਦੇ ਖਿੰਡੇ-ਪੁੰਡੇ ਖੰਡਰਾਂ ਨੂੰ 'ਸ਼ਾਹਾਂ ਦੀ ਢੇਰੀ' ਕਿਹਾ ਜਾਣ ਲਗਿਆ। ਸਭ ਤੋਂ ਪਹਿਲਾਂ 1912 ਈ. ਵਿਚ ਜਨਰਲ ਕਨਿੰਘਮ ਨੇ ਇਸ ਨਗਰ ਦੇ ਖੰਡਰਾਂ ਦੀ ਖ਼ੁਦਾਈ ਦਾ ਕੰਮ ਸ਼ੁਰੂ ਕਰਵਾਇਆ ਅਤੇ ਬਾਦ ਵਿਚ ਇਸਦੀ ਪੁਰਾਣੀ ਗੌਰਵ-ਗਾਥਾ ਨੂੰ ਜਾਣਨ ਲਈ ਹੋਰ ਉਪਾ ਕੀਤੇ ਜਾਣ ਲਗੇ।

ਤਕ੍ਸ਼ਕ, ਨਾਗ : ਕਸ਼੍ਯਪ ਦੇ ਘਰ ਕਦਰੂ ਦੀ ਕੁੱਖੋਂ ਪੈਦਾ ਹੋਇਆ ਇਕ ਨਾਗ, ਜੋ ਆਮ ਤੌਰ ਤੇ ਨਾਗਾਂ ਦਾ ਰਾਜਾ ਮੰਨਿਆ ਜਾਂਦਾ ਹੈ। ਇਹ ਇੰਦਰ ਦਾ ਗਿਆ ਮਿੱਤਰ ਸੀ। ਇਸ ਨੇ ਰਿਸ਼ੀ ਸ਼੍ਰਿੰਗ ਦੁਆਰਾ ਪ੍ਰੇਰਿਤ ਹੋ ਕੇ ਅਰਜੁਨ ਦੇ ਪੋਤਰੇ ਅਤੇ ਅਭਿਮਨ੍ਯੁ ਦੇ ਪੁੱਤਰ ਪਰੀਕ੍ਸ਼ਿਤ ਨੂੰ ਡਸਿਆ ਸੀ। ਉਤੰਕ ਰਿਸ਼ੀ ਨਾਲ ਇਸ ਦਾ ਵਿਰੋਧ ਹੋਣ ਕਾਰਣ ਉਹ ਇਸ ਨੂੰ ਮਰਵਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਪਰੀਕ੍ਸ਼ਿਤ ਦੇ ਪੁੱਤਰ ਜਨਮੇਜਯ ਨੂੰ ਤਕ੍ਸ਼ਕ ਤੋਂ ਪਿਉ ਦਾ ਬਦਲਾ ਲੈਣ ਲਈ ਉਕਸਾਇਆ। ਜਨਮੇਜਯ ਵਲੋਂ ਸਰਪ-ਯੱਗ ਕਰਕੇ ਨਾਗ-ਪਰਿਵਾਰ ਦੀਆਂ 18 ਕੁਲਾਂ ਸਾੜ ਦੇਣ ਦੇ ਬਾਵਜੂਦ ਤਕ੍ਸ਼ਕ, ਆਸਤੀਕ ਰਿਸ਼ੀ ਦੀ ਸ਼ਰਣ ਵਿਚ ਜਾਣ ਕਾਰਣ, ਬਚ ਗਿਆ। ਕਹਿੰਦੇ ਹਨ ਕਿ ਅਜਿਹਾ ਕਰਨ ਵਿਚ ਇੰਦਰ ਨੇ ਵੀ ਸਹਾਇਤਾ ਕੀਤੀ ਸੀ। ਭਾਈ ਗੁਰਦਾਸ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਕਰੇ ਧਨੰਤਰੁ ਵੈਦਗੀ ਡਸਿਆ ਤਛਕਿ ਮਤਿ ਬਿਪਰੀਤੇ' (26/23)।

ਤਖ਼ਤ-ਹਜ਼ਾਰਾ : ਪਾਕਿਸਤਾਨ ਦੇ ਜ਼ਿਲਾ ਸ਼ਾਹਪੁਰ (ਸਰਗੋਧਾ) ਦਾ ਇਕ ਕਸਬਾ ਜੋ ਝਨਾਂ (ਚਨਾਬ) ਨਦੀ ਦੇ ਕੰਢੇ ਵਸਿਆ ਹੋਇਆ ਹੈ। ਇਸ ਦਾ ਤਖ਼ਤ-ਹਜ਼ਾਰਾ ਨਾਂ ਕਿਵੇਂ ਪਿਆ, ਇਸ ਬਾਰੇ ਰਵਾਇਤ ਹੈ ਕਿ ਪਹਿਲਾਂ ਇਹ ਇਕ ਬਹੁਤ ਵੱਡਾ ਨਗਰ ਸੀ ਜਿਹੜਾ ਹਜ਼ਾਰ ਤੋਂ ਵੱਧ ਏਕੜ ਦੇ ਰਕਬੇ ਵਿਚ ਪਸਰਿਆ ਹੋਇਆ ਸੀ। ਇਸ ਗੱਲ ਦੀ ਪੁਸ਼ਟੀ ਇਸ ਇਲਾਕੇ ਵਿਚ ਮਿਲਦੇ ਪੁਰਾਣੇ ਥੇਹਾਂ ਤੋਂ ਹੋ ਜਾਂਦੀ ਹੈ ਜੋ ਆਪਣੀ ਹੋਂਦ ਰਾਹੀਂ ਤਖ਼ਤ-ਹਜ਼ਾਰੇ ਦੇ ਬੀਤ ਚੁੱਕੇ ਇਤਿਹਾਸ ਦੀ ਜਾਣਕਾਰੀ ਦਿੰਦੇ ਹਨ। ਇਸ ਕਸਬੇ ਵਿਚ ਵਸਦੇ ਰਾਂਝਾ ਖ਼ਾਨਦਾਨ ਵਿਚ ਧੀਦੋ ਦਾ ਜਨਮ ਹੋਇਆ ਜੋ, ਭਰਜਾਈਆਂ ਦਾ ਸਤਾਇਆ ਜਾਂ ਕਿਰਸਾਣੀ ਦੇ ਕੰਮ ਤੋਂ ਟਲਦਾ ਘਰੋਂ ਨਿਕਲ ਕੇ ਹੀਰ ਦੇ ਪਿੰਡ ਜਾ ਪਹੁੰਚਿਆ। ਕਾਲਾਂਤਰ ਵਿਚ ਸੂਫ਼ੀ-ਕਵੀਆਂ ਨੇ ਅਧਿਆਤਮਿਕ ਭਾਵ-ਧਾਰਾ ਅਧੀਨ ਤਖ਼ਤ-ਹਜ਼ਾਰੇ ਨੂੰ ਪ੍ਰੀਤਮ ਦਾ ਦੇਸ਼ ਅਤੇ ਆਪਣੇ ਆਪ ਨੂੰ ਸਿਆਲਾਂ ਦੀਆਂ ਕੁੜੀਆਂ ਕਹਿਣਾ ਸ਼ੁਰੂ ਕੀਤਾ, ਜਿਵੇਂ ਸ਼ਾਹ ਹੁਸੈਨ ਅਨੁਸਾਰ—'ਜੇ ਤੂੰ ਤਖ਼ਤ ਹਜ਼ਾਰੇ ਦਾ ਸਾਈਂ,/ ਅਸੀਂ ਸਿਆਲਾਂ ਦੀਆਂ ਕੁੜੀਆਂ।'

ਤਬਕ : ਵੇਖੋ 'ਆਸਮਾਨ'।

ਤਰੀਕਤ : ਸੂਫ਼ੀ ਚਤੁਰਾਂਗ ਮਾਰਗ ਦਾ ਦੂਜਾ ਅੰਗ। 'ਵੇਖੋ ਸੂਫ਼ੀਮਤ'।

ਤਾਜ-ਮਹੱਲ : ਦੁਨੀਆ ਭਰ ਦੇ ਸੱਤ ਅਜੂਬਿਆਂ ਵਿਚ ਇਕ, ਜਿਸ ਦੀ ਉਸਾਰੀ ਸ਼ਾਹ-ਜਹਾਂ ਬਾਦਸ਼ਾਹ ਨੇ ਆਪਣੀ ਬੇਗਮ ਮੁਮਤਾਜ਼ ਮਹੱਲ (ਅਰਜਮੰਦ ਬਾਨੂ) ਦੀ ਯਾਦ ਵਿਚ ਆਗਰੇ ਸ਼ਹਿਰ ਤੋਂ ਕੁਝ ਬਾਹਰ ਯਮਨਾ ਨਦੀ ਦੇ ਕੰਢੇ ਤੇ ਕਰਵਾਈ ਸੀ। ਮੁਮਤਾਜ਼

ਮਹੱਲ ਦਾ ਜਨਮ ਸੰਨ 1592 ਈ. ਵਿਚ ਨੂਰਜਹਾਂ ਬੇਗਮ ਦੇ ਭਰਾ ਆਸਿਫ਼ ਖ਼ਾਂ ਦੇ ਘਰ ਹੋਇਆ ਸੀ। ਲਗਭਗ 20 ਸਾਲ ਦੀ ਉਮਰ ਵਿਚ ਇਸ ਦਾ ਵਿਆਹ ਸ਼ਾਹ-ਜਹਾਂ ਨਾਲ ਹੋਇਆ। ਬਾਦਸ਼ਾਹ ਇਸ ਨੂੰ ਬਹੁਤ ਪ੍ਰੇਮ ਕਰਦਾ ਸੀ। ਇਸ ਦਾ ਚੌਦਵੇਂ ਬੱਚੇ ਨੂੰ ਜਨਮ ਦੇਣ ਵੇਲੇ ਦੇਹਾਂਤ ਹੋ ਗਿਆ। ਸ਼ਾਹਜਹਾਂ ਲਈ ਇਹ ਸਦਮਾ ਸਹਿਨ ਕਰਨਾ ਬਹੁਤ ਕਠਿਨ ਸੀ। ਆਪਣੀ ਬੇਗਮ ਦੀ ਅੰਤਿਮ ਇੱਛਾ ਪੂਰੀ ਕਰਨ ਅਤੇ ਉਸ ਦੀ ਯਾਦ ਨੂੰ ਅਮਰ ਕਰਨ ਲਈ ਬਾਦਸ਼ਾਹ ਨੇ ਸੰਨ 1632 ਈ. ਵਿਚ ਇਹ ਰੌਜ਼ਾ ਬਣਵਾਉਣਾ ਸ਼ੁਰੂ ਕੀਤਾ ਅਤੇ ਗਿਆਰਾਂ ਵਰ੍ਹਿਆਂ ਦੀ ਲਗਾਤਾਰ ਮਿਹਨਤ ਤੋਂ ਬਾਦ ਸੰਨ 1643 ਈ. ਵਿਚ ਪੂਰਾ ਹੋਇਆ। ਇਸ ਦੀ ਉਸਾਰੀ ਮਹਾਬਤ ਖ਼ਾਨ ਅਤੇ ਮੀਰ ਅਬਦੁਲ ਕਰੀਮ ਦੀ ਨਿਗਰਾਨੀ ਵਿਚ ਹੋਈ ਅਤੇ ਇਸ ਦੀ ਬਨਾਵਟ ਦਾ ਸਰੂਪ ਨਿਰ-ਧਾਰਿਤ ਕਰਨ ਲਈ ਦੇਸ਼ ਅਤੇ ਵਿਦੇਸ਼ਾਂ ਤੋਂ ਭਵਨ-ਨਿਰਮਾਣ-ਕਲਾ ਦੇ ਵਿਸ਼ੇਸ਼ਗ ਮੰਗਵਾਏ ਗਏ। ਇਸ ਦੀ ਉਸਾਰੀ ਵਿਚ ਹਜ਼ਾਰਾਂ ਮਜ਼ਦੂਰਾਂ ਅਤੇ ਸੈਂਕੜੇ ਕਾਰੀਗਰਾਂ ਨੇ ਆਪਣਾ ਯੋਗਦਾਨ ਪਾਇਆ। ਇਸ ਉਤੇ ਕੁਲ 9 ਕਰੋੜ, 17 ਲੱਖ ਰੁਪਏ ਖ਼ਰਚ ਆਏ। (ਕੁਝ ਵਿਦਵਾਨਾਂ ਨੇ ਖਰਚੇ ਦਾ ਵੇਰਵਾ ਵੱਧ-ਘਟ ਵੀ ਦਸਿਆ ਹੈ।) ਇਸ ਦਾ ਮੂਲ ਨਾਂ 'ਰੌਜ਼ਾ ਮੁਮਤਾਜ਼ ਮਹੱਲ' ਸੀ, ਪਰ ਹੌਲੀ-ਹੌਲੀ ਸੰਖੇਪਤਾ ਦੀ ਰੁੱਚੀ ਅਧੀਨ ਇਹ 'ਤਾਜ ਮਹੱਲ' ਕਿਹਾ ਜਾਣ ਲਗਿਆ।

ਖ਼ੂਬਸੂਰਤ ਬਾਗ਼ ਵਿਚ ਬਣੇ ਇਸ ਮਕਰਬੇ ਵਿਚ ਦੋ ਮੰਜ਼ਿਲਾਂ ਹਨ। ਹੇਠਾਂ ਵਾਲੇ ਹਿੱਸੇ ਅੰਦਰ ਅੱਠ-ਕੋਨੇ ਕਮਰੇ ਵਿਚ ਬੇਗਮ ਦੀ ਅਸਲੀ ਕਬਰ ਹੈ ਅਤੇ ਉਸ ਦੇ ਨਾਲ ਹੀ ਸ਼ਾਹਜਹਾਂ ਦੀ ਕਬਰ ਹੈ, ਜਿਸ ਵਿਚ ਔਰੰਗਜ਼ੇਬ ਨੇ ਸੰਨ 1666 ਈ. ਵਿਚ ਸ਼ਾਹਜਹਾਂ ਦੀ ਦੇਹ ਨੂੰ ਦਬਵਾਇਆ ਸੀ। ਰੌਜ਼ੇ ਦੇ ਉਪਰਲੇ ਹਿੱਸੇ ਵਿਚ ਵੀ ਹੇਠਾਂ ਵਾਂਗ ਦੋ ਕਬਰਾਂ ਬਣੀਆਂ ਹੋਈਆਂ ਹਨ, ਪਰ ਇਹ ਦਿਖਾਵਟੀ ਹਨ। ਚਾਰ ਉੱਚੇ ਮੀਨਾਰਾਂ ਵਾਲਾ ਇਹ ਰੌਜ਼ਾ ਵਧੀਆ ਕਿਸਮ ਦੇ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ ਜਿਸ ਦੀ ਚਾਂਦਨੀ ਰਾਤ ਵਿਚ ਆਪਣੀ ਹੀ ਰਬ ਹੈ। ਇਸ ਨੂੰ 'ਸੰਗਮਰਮਰ ਦਾ ਸੁਪਨਾ', 'ਸੰਸਾਰ ਦੀ ਸੁੰਦਰ ਗਲ੍ਹ', 'ਕੁਦਰਤ ਦੇਵੀ ਦਾ ਇਕ ਹੰਝੂ' ਆਦਿ ਕਿਹਾ ਗਿਆ ਹੈ। ਪੰਜਾਬੀ ਦੇ ਅਨੇਕ ਕਵੀਆਂ ਨੇ ਇਸ ਦਾ ਹਵਾਲਾ ਦਿੱਤਾ ਹੈ ਅਤੇ ਮੋਹਨ ਸਿੰਘ ਨੇ ਚਾਨਣੀ ਰਾਤ ਵਿਚ ਇਸ ਦੇ ਨਜ਼ਾਰੇ ਨੂੰ ਬਿਆਨ ਕਰਦਿਆਂ ਲਿਖਿਆ ਹੈ—'ਦੁੱਧ ਚਿੱਟੀਆਂ, ਰੰਗਦਾਰ ਮਰਮਰਾਂ/ਦੇ ਗਲ ਘੱਤ ਕੇ ਬਾਹੀਂ।/ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ,/ਸੁੱਤੀਆਂ ਬੇਪ੍ਰਵਾਹੀ।'

ਤਾਂਡਵ-ਨਾਚ (ਨ੍ਰਿਤ) : ਤੰਡ ਰਿਸ਼ੀ ਦਾ ਬਣਾਇਆ ਇਕ ਨਾਚ ਜੋ ਸ਼ਿਵ ਨੂੰ ਬਹੁਤ ਪਸੰਦ ਸੀ। ਇਹ ਨਾਚ ਬਹੁਤ ਜੋਸ਼ੀਲਾ ਅਤੇ ਕੁਝ ਹਦ ਤਕ ਭਿਆਨਕ ਹੈ। ਇਸ ਵਿਚ ਸਰੀਰਿਕ ਸ਼ਕਤੀ ਨੂੰ ਉਛਲ-ਕੁਦ ਕੇ ਪੈਂਤੜਿਆਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਹੜਪਾ ਤੋਂ ਇਸ ਬਾਰੇ ਮਿਲੇ ਨਮੂਨਿਆਂ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਹ ਆਰਯਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਦਾ ਨਾਚ ਸੀ। ਇਸ ਲਈ ਇਹ ਭਾਰਤ ਦਾ ਆਦਿ-ਨਾਚ ਮੰਨਿਆ ਜਾਂਦਾ ਹੈ।

ਪੁਰਾਣ-ਸਾਹਿੱਤ ਵਿਚ ਉੱਲੇਖ ਹੈ ਕਿ ਸ੍ਰਿਸ਼ਟੀ ਦੇ ਅੰਤ ਵਿਚ ਸ਼ਿਵ ਤਾਂਡਵ ਨਾਚ ਨਚੇਗਾ। ਉਦੋਂ ਸਾਰੀ ਸ੍ਰਿਸ਼ਟੀ ਡੋਲਣ ਲਗ ਜਾਏਗੀ ਅਤੇ ਸਾਰਾ ਸੰਸਾਰ ਨਸ਼ਟ ਹੋ ਜਾਏਗਾ।

ਤਾਂਡਵ ਮਰਦਾਂ ਦਾ ਨਾਚ ਮੰਨਿਆ ਜਾਂਦਾ ਹੈ ਕਿਉਂਕਿ ਇਸਤਰੀਆਂ ਲਈ ਲਾਸ੍ਯ ਨਾਚ ਦੀ ਵਿਵਸਥਾ ਸੀ। ਕੁਝ ਲੋਕ ਪੰਜਾਬ ਦੇ ਭੰਗੜਾ ਨਾਚ ਨੂੰ ਹੀ ਤਾਂਡਵ ਨਾਚ ਦਾ ਹੀ ਬਦਲਿਆ ਹੋਇਆ ਜਾਂ ਵਿਕਸਿਤ ਰੂਪ ਮੰਨਦੇ ਹਨ। ਬਾਵਾ ਬਲਵੰਤ ਨੇ ਆਪਣੀ ਕਵਿਤਾ 'ਅਨਹਦ ਨਾਚ ਨਚਾਓ' ਕਵਿਤਾ ਵਿਚ ਲਿਖਿਆ ਹੈ—'ਬੇਹਰਕਤ ਤਨ, ਬੇਹਰਕਤ ਮਨ;/ਇਸ ਖਾਮੋਸ਼ ਜਗਤ ਵਿਚ, ਸਾਜਨ,/ਤਾਂਡਵ ਨ੍ਰਿਤ ਬਣ ਆਓ,/ ਅਨਹਦ ਨਾਚ ਨਚਾਓ।'

ਤਾਨਸੇਨ : ਮੁਗ਼ਲ ਬਾਦਸ਼ਾਹ ਅਕਬਰ ਦੇ ਦਰਬਾਰ ਦਾ ਪ੍ਰਮੁਖ ਗਾਇਕ ਜਿਸ ਦਾ ਨਾਂ ਨੌਂ-ਰਤਨਾਂ ਵਿਚ ਸ਼ਾਮਲ ਸੀ। ਇਸ ਦਾ ਜਨਮ ਕਦ, ਕਿਥੇ ਅਤੇ ਕਿਸ ਦੇ ਘਰ ਹੋਇਆ, ਇਸ ਬਾਰੇ ਕੋਈ ਤੱਥ-ਆਧਾਰਿਤ ਸਾਮਗ੍ਰੀ ਨਹੀਂ ਮਿਲਦੀ। ਫਿਰ ਵੀ ਇਧਰ-ਉਧਰ ਤੋਂ ਸੂਚਨਾ-ਸੂਤ੍ਰ ਜੋੜਨ 'ਤੇ ਜੋ ਤੱਥ ਸਾਹਮਣੇ ਆਉਂਦੇ ਹਨ, ਉਨ੍ਹਾਂ ਅਨੁਸਾਰ ਇਸ ਦਾ ਜਨਮ ਸੰਨ 1501 ਤੋਂ 1510 ਈ. ਦੇ ਵਿਚਾਲੇ ਇਕ ਕਲਾਵੰਤ ਮਕਰੰਦ ਪਾਂਡੇ ਦੇ ਘਰ ਗਵਾਲੀਅਰ ਤੋਂ ਲਗਭਗ 30 ਕਿ. ਮੀ. ਦੂਰ 'ਬੇਹਟ' ਨਾਂ ਦੇ ਪਿੰਡ ਵਿਚ ਹੋਇਆ। ਇਸ ਪਿੰਡ ਵਿਚ ਬਣੇ ਇਕ ਸ਼ਿਵ-ਮੰਦਿਰ ਦੇ ਚਬੂਤਰੇ ਤੇ ਬੈਠ ਕੇ ਇਹ ਬਾਲ-ਅਵਸਥਾ ਵਿਚ ਗਾਉਂਦਾ ਹੁੰਦਾ ਸੀ। ਇਸ ਦਾ ਮੂਲ ਨਾਂ ਤ੍ਰਿਲੋਚਨ ਅਤੇ ਜਾਤਿ ਦਾ ਬ੍ਰਾਹਮਣ ਸੀ। ਇਸ ਨੇ ਬਿੰਦਰਾਬਨ ਦੇ ਇਕ ਸਵਾਮੀ ਹਰਿਦਾਸ ਤੋਂ ਸੰਗੀਤ ਦੀ ਸ਼ਿਕਸ਼ਾ ਪ੍ਰਾਪਤ ਕੀਤੀ। ਸਭ ਤੋਂ ਪਹਿਲਾਂ ਇਹ ਗਵਾਲੀਅਰ ਦੇ ਰਾਜੇ ਵਿਕ੍ਰਮਾਜੀਤ ਸਿੰਘ ਤੋਮਰ ਦੇ ਦਰਬਾਰ ਵਿਚ ਰਿਹਾ। ਸੰਨ 1519 ਈ. ਵਿਚ ਜਦੋਂ ਇਬਰਾਹੀਮ ਲੋਦੀ ਨੇ ਗਵਾਲੀਅਰ ਨੂੰ ਜਿੱਤ ਲਿਆ ਤਾਂ ਹੋਰਨਾਂ ਦਰਬਾਰੀ ਕਲਾਕਾਰਾਂ ਨਾਲ ਇਹ ਵੀ ਗਵਾਲੀਅਰ ਛਡ ਕੇ ਇਧਰ ਉਧਰ ਭਟਕਦਾ ਰਿਹਾ। ਆਖ਼ਰ ਇਸ ਨੂੰ ਸ਼ੇਰਸ਼ਾਹ ਸੂਰੀ ਦੇ ਪੁੱਤਰ ਦੌਲਤ ਖ਼ਾਂ ਸੂਰੀ ਦੇ ਦਰਬਾਰ ਵਿਚ ਗਾਇਕ ਰਖਿਆ ਗਿਆ। ਦੌਲਤ ਖ਼ਾਂ ਦੇ ਮਰਨ ਉਪਰੰਤ ਇਹ ਬਾਂਧਵਗੜ੍ਹ ਦੇ ਰਾਜਾ ਰਾਮਚੰਦ੍ਰ ਸਿੰਘ ਦੇ ਦਰਬਾਰ ਵਿਚ ਆ ਗਿਆ। ਉਥੋਂ ਇਸ ਦਾ ਯਸ਼ ਦੂਰ-ਦੂਰ ਫੈਲਿਆ। ਅਕਬਰ ਬਾਦਸ਼ਾਹ ਨੇ ਇਸ ਦੀ ਸੰਗੀਤ-ਪ੍ਰਬੀਨਤਾ ਬਾਰੇ ਜਾਣ ਕੇ ਰਾਜਾ ਰਾਮਚੰਦ੍ਰ ਸਿੰਘ ਤੋਂ ਆਪਣੇ ਦਰਬਾਰ ਲਈ ਮੰਗ ਲਿਆ ਅਤੇ ਬਹੁਤ ਆਦਰ ਮਾਣ ਦਿੱਤਾ। 'ਆਈਨੇ ਅਕਬਰੀ' ਵਿਚ ਅਬੁੱਲਫ਼ਜ਼ਲ ਖ਼ਾਂ ਨੇ ਲਿਖਿਆ ਹੈ ਕਿ ਇਕ ਹਜ਼ਾਰ ਸਾਲ ਤਕ ਤਾਨਸੈਨ ਵਰਗਾ ਗਾਇਕ ਕੋਈ ਨਹੀਂ ਹੋਇਆ।

ਇਹ ਗਵਾਲੀਅਰ ਦੇ ਪੀਰ ਗ਼ੌਸ ਮੁਹੰਮਦ ਪ੍ਰਤਿ ਬਹੁਤ ਸ਼ਰਧਾ ਰਖਦਾ ਸੀ। ਉਸ ਦੇ ਸੰਪਰਕ ਕਾਰਣ ਹੀ ਇਸ ਨੇ ਇਸਲਾਮ ਵਿਚ ਪ੍ਰਵੇਸ਼ ਕੀਤਾ। ਇਸ ਦਾ ਦੇਹਾਂਤ ਗਵਾਲੀਅਰ ਵਿਚ 26 ਅਪ੍ਰੈਲ 1589, ਈ. ਵਿਚ ਹੋਇਆ ਅਤੇ ਉਥੇ ਹੀ ਇਸ ਨੂੰ ਦਫ਼ਨਾਇਆ ਗਿਆ। ਇਸ ਦੀ ਕਬਰ ਤੇ ਹਰ ਸਾਲ ਉਰਸ ਮੰਨਾਇਆ ਜਾਂਦਾ ਹੈ। ਗਾਇਕਾਂ ਜਾਂ ਸੰਗੀਤ ਵਿਚ ਰੁਚੀ ਰਖਣ ਵਾਲਿਆਂ ਲਈ ਇਹ ਯਾਤ੍ਰਾ-ਧਾਮ ਹੈ।

ਇਸ ਨੂੰ ਤਾਨਸੈਨ ਦਾ ਖ਼ਿਤਾਬ ਕਿਸ ਨੇ ਦਿੱਤਾ, ਇਸ ਬਾਰੇ ਕਈ ਰਾਵਾਂ ਪ੍ਰਚਲਿਤ ਹਨ ਜਿਨ੍ਹਾਂ ਦਾ ਸੰਬੰਧ ਰਾਜਾ ਵਿਕ੍ਰਮਾਜੀਤ ਸਿੰਘ, ਰਾਜਾ ਰਾਮਚੰਦਰ ਸਿੰਘ ਅਤੇ ਗ਼ੌਸ ਮੁਹੰਮਦ ਨਾਲ ਜੋੜਿਆ ਜਾਂਦਾ ਹੈ। ਇਸ ਦੀਆਂ ਸੰਗੀਤ ਸ਼ਾਸਤ੍ਰ ਨਾਲ ਸੰਬੰਧਿਤ ਦੋ ਪੁਸਤਕਾਂ—ਸੰਗੀਤਸਾਰ ਅਤੇ ਰਾਗਮਾਲਾ—ਵੀ ਮਿਲਦੀਆਂ ਹਨ। ਵਾਰਿਸ ਸ਼ਾਹ ਨੇ 'ਹੀਰ' ਵਿਚ ਇਸ ਦਾ ਹਵਾਲਾ ਦਿੱਤਾ ਹੈ--'ਤਾਨਸੈਨ ਜਿਹਾ ਰਾਗ ਨਹੀਂ ਹੁੰਦਾ, ਲੱਖ ਸਫ਼ਾਂ ਜੇ ਹੋਣ ਭਰਾਈਆਂ ਦੀਆਂ।'

ਤਾਰਕਾ/ਤਾੜਕਾ : ਇਕ ਰਾਖਸ਼ਣੀ ਜਿਸ ਦਾ ਸ੍ਰੀ ਰਾਮ ਚੰਦਰ ਦੇ ਹੱਥੋਂ ਉੱਧਾਰ ਹੋਇਆ। 'ਬਾਲਮੀਕੀ ਰਾਮਾਇਣ' ਅਤੇ ਪੁਰਾਣ-ਸਾਹਿੱਤ ਅਨੁਸਾਰ ਇਹ ਸੁਕੇਤੁ ਯਕ੍ਸ਼ ਦੀ ਪੁੱਤਰੀ ਸੀ। ਇਸ ਦਾ ਵਿਆਹ ਸੁੰਦ ਨਾਲ ਹੋਇਆ ਦਸਿਆ ਜਾਂਦਾ ਹੈ (ਕਿਤੇ-ਕਿਤੇ ਇਸ ਨੂੰ ਸੁੰਦ ਦੀ ਪੁੱਤਰੀ ਵੀ ਲਿਖਿਆ ਹੈ)। ਇਹ ਮਾਰੀਚ ਰਾਖਸ਼ ਦੀ ਮਾਂ ਸੀ।

ਕਹਿੰਦੇ ਹਨ ਕਿ ਅਗਸਤ ਰਿਸ਼ੀ ਦੇ ਸਰਾਪ ਨਾਲ ਇਹ ਰਾਖਸ਼ ਜੂਨ ਵਿਚ ਆਈ। ਇਸ ਨੂੰ ਬ੍ਰਹਮਾ ਦੇ ਵਰਦਾਨ ਨਾਲ ਇਕ ਹਜ਼ਾਰ ਹਾਥੀਆਂ ਦਾ ਬਲ ਪ੍ਰਾਪਤ ਹੋਇਆ। ਇਹ ਗੰਗਾ ਨਦੀ ਦੇ ਕੰਢੇ ਉਤੇ ਰਹਿੰਦੀ ਸੀ। ਲੋਕਾਂ ਨੂੰ ਦੁੱਖ ਦੇਣ ਕਾਰਣ ਅਤੇ ਵਿਅਰਥ ਵਿਚ ਇਰਦ-ਗਿਰਦ ਦੇ ਇਲਾਕੇ ਦਾ ਉਜਾੜਾ ਕਰਨ ਕਰਕੇ ਰਿਸ਼ੀ/ਮੁਨੀ ਇਸ ਤੋਂ ਬਹੁਤ ਤੰਗ ਸਨ। ਵਿਸ਼ਵਾਮਿਤਰ ਨੇ ਇਸ ਨੂੰ ਮਾਰਨ ਲਈ ਸ੍ਰੀ ਰਾਮ ਚੰਦਰ ਨੂੰ ਆਦੇਸ਼ ਦਿੱਤਾ। ਰਿਸ਼ੀ ਦੀ ਆਗਿਆ ਦਾ ਪਾਲਨ ਕਰਦੇ ਹੋਇਆਂ ਪਹਿਲਾਂ ਸ੍ਰੀ ਰਾਮ ਨੇ ਤਾੜਕਾ ਦੀਆਂ ਦੋਵੇਂ ਬਾਹਵਾਂ ਕਟ ਦਿੱਤੀਆਂ ਅਤੇ ਫਿਰ ਲੱਛਮਣ ਨੇ ਇਸ ਦਾ ਨਕ ਤੇ ਕੰਨ ਵੱਢ ਦਿੱਤੇ। ਫਲਸਰੂਪ ਇਸ ਨੇ ਬਹੁਤ ਗੁੱਸਾ ਖਾ ਕੇ ਹੋਰ ਉਜਾੜਾ ਕਰਨਾ ਸ਼ੁਰੂ ਕਰ ਦਿੱਤਾ। ਅੰਤ ਵਿਚ ਰਾਮ ਨੇ ਤੀਰ ਮਾਰ ਕੇ ਇਸ ਨੂੰ ਖ਼ਤਮ ਕਰ ਦਿੱਤਾ। ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਇਸ ਵਲ ਸੰਕੇਤ ਕੀਤਾ ਹੈ—'ਅਤ ਕਰੋਧ ਜੋ ਬਾਲੀ ਤੇ ਰਾਮ ਕੀਤਾ, ਅਤੇ ਤਾੜਕਾ ਪਕੜ ਚਿਰਵਾਇਆ ਈ'।

ਤਾਰਾ, ਰਾਣੀ : ਰਾਜਾ ਹਰਿਸ਼ਚੰਦਰ ਦੀ ਰਾਣੀ। ਵੇਖੋ 'ਹਰਿਸ਼ਚੰਦਰ, ਰਾਜਾ'।

ਤ੍ਰਿਨ-ਤਾਪ : 'ਤਾਪ' ਤੋਂ ਭਾਵ ਹੈ ਦੁੱਖ। ਸਾਂਖ੍ਯ ਅਤੇ ਕੁਝ ਹੋਰ ਸ਼ਾਸਤ੍ਰਾਂ ਵਿਚ ਦੁੱਖ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ—ਆਧਿਆਤਮਿਕ, ਆਧਿਭੌਤਿਕ ਅਤੇ ਆਧਿਦੈਵਿਕ' ਇਨ੍ਹਾਂ ਨੂੰ ਕ੍ਰਮਵਾਰ ਦੈਹਿਕ, ਭੌਤਿਕ ਅਤੇ ਦੈਵਿਕ ਵੀ ਕਿਹਾ ਜਾਂਦਾ ਹੈ। ਸਥੂਲ ਅਤੇ ਸੂਖਮ ਦੇਹ ਤੋਂ ਪੈਦਾ ਹੋਣ ਵਾਲਾ ਦੁੱਖ ਆਧਿਆਤਮਿਕ ਅਥਵਾ ਦੈਹਿਕ ਹੈ। ਸ਼ਰੀਰਕ ਅਤੇ ਮਾਨਸਿਕ ਆਧਿ-ਵਿਆਧਿ ਵਰਗੇ ਦੁੱਖ, ਜਿਵੇਂ ਰੋਗ, ਕ੍ਰੋਧ, ਚਿੰਤਾ, ਸੰਤਾਪ ਆਦਿ, ਇਸ ਵਿਚ ਸ਼ਾਮਲ ਹੁੰਦੇ ਹਨ। ਬਾਹਰਲੇ ਭੌਤਿਕ ਪਦਾਰਥਾਂ ਕਾਰਣ ਉਤਪੰਨ ਹੋਣ ਵਾਲੇ ਦੁੱਖ ਆਧਿਭੌਤਿਕ ਜਾਂ ਭੌਤਿਕ ਦੁੱਖ ਹਨ, ਜਿਵੇਂ ਸੂਈ ਦੇ ਚੁੱਭਣ, ਸੋਟੀ ਦੇ ਵਜਣ ਆਦਿ ਨਾਲ ਹੋਣ ਵਾਲੇ ਦੁੱਖ। ਆਧਿਦੈਵਿਕ ਜਾਂ ਦੈਵਿਕ ਦੁੱਖ ਉਹ ਹਨ ਜੋ ਬਾਹਰਲੇ ਅਲੌਕਿਕ ਕਾਰਣਾਂ ਕਰ ਕੇ ਪੈਦਾ ਹੁੰਦੇ ਹਨ, ਜਿਵੇਂ ਭੂਤਾਂ-ਪ੍ਰੇਤਾਂ ਦੇ ਦੁੱਖ, ਬਿਜਲੀ ਡਿਗਣ ਜਾਂ ਭੂਚਾਲ ਆਦਿ ਆਉਣ ਨਾਲ ਹੋਣ ਵਾਲੇ ਦੁੱਖ।

ਮੱਧ-ਯੁਗ ਦੇ ਸੰਤਾਂ/ਭਗਤਾਂ ਨੇ ਇਨ੍ਹਾਂ ਦੁੱਖਾਂ ਤੋਂ ਸਾਰੇ ਸੰਸਾਰ ਨੂੰ ਪੀੜਿਤ ਮੰਨਿਆ

ਹੈ। ਗੁਰੂ ਅਮਰਦਾਸ ਨੇ ਸੰਸਾਰ ਨੂੰ ਦੁੱਖਾਂ/ਤਾਪਾਂ ਨਾਲ ਸੜਦਾ ਦਸ ਕੇ ('ਜਗਤੁ ਜਲੰਦਾ ਰਖਿ ਲੈ....') ਉਸ ਦੇ ਉੱਧਾਰ ਲਈ ਹਰ ਸੰਭਵ ਢੰਗ ਵਰਤਣ ਲਈ ਪਰਮਾਤਮਾ ਨੂੰ ਪ੍ਰਾਰਥਨਾ ਕੀਤੀ ਹੈ। ਗੁਰੂ ਅਰਜਨ ਦੇਵ ਨੇ ਤਿਨ ਦੁੱਖਾਂ ਨੂੰ ਦੂਰ ਕਰਨ ਦਾ ਉਪਾ ਹਰਿ-ਸਿਮਰਨ ਵਿਚ ਦਸਿਆ ਹੈ—'ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ।/ ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ।/ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ' (ਅ. ਗ੍ਰੰ. 1223)।

ਤਿਲੋਤਮਾ : ਵੇਖੋ 'ਸੁੰਦ'।

ਤੀਆਂ : ਪੰਜਾਬ ਦਾ ਇਕ ਮੌਸਮੀ ਤਿਉਹਾਰ ਹੈ ਜਿਸ ਵਿਚ ਕੇਵਲ ਵਿਆਹੀਆਂ ਜਾਂ ਕੁਆਰੀਆਂ ਕੁੜੀਆਂ ਹੀ ਨੱਚ ਅਤੇ ਗਾ ਕੇ ਆਪਣੇ ਮਨ ਦੀਆਂ ਸਧਰਾਂ, ਅਰਮਾਨਾਂ ਅਤੇ ਤਣਾਵਾਂ ਨੂੰ ਖੁਲ੍ਹ ਕੇ ਪ੍ਰਗਟ ਕਰਦੀਆਂ ਹਨ। ਮਰਦਾਂ ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਹਾਂ, ਕੁਝ ਰਸਿਕ ਬਿਰਧ ਅਤੇ ਮਨਚਲੇ ਗਭਰੂ ਲੁਕ ਛਿਪ ਕੇ ਜਾਂ ਕੋਠਿਆਂ ਉਤੇ ਚੜ੍ਹ ਕੇ ਦੂਰੋਂ ਤੀਆਂ ਦੀ ਰੌਣਕ ਵੇਖ ਕੇ ਆਨੰਦ ਮਾਣਦੇ ਹਨ।

'ਤੀਆਂ' ਸ਼ਬਦ ਕਿਵੇਂ ਬਣਿਆ, ਇਸ ਬਾਰੇ ਭਾਸ਼ਾ ਵਿਗਿਆਨੀ ਦੋ ਮਤ ਰਖਦੇ ਹਨ। ਇਕ ਮਤ ਅਨੁਸਾਰ ਚੂੰਕਿ ਇਹ ਤਿਉਹਾਰ ਸਾਉਣ ਸੁਦੀ ਤਿੰਨ ਨੂੰ ਸ਼ੁਰੂ ਹੁੰਦਾ ਹੈ, ਇਸ ਲਈ ਇਹ ਸੰਸਕ੍ਰਿਤ ਦੇ ਸ਼ਬਦ 'ਤ੍ਰਿਤੀਯ' (ਤਿੰਨ) ਤੋਂ ਬਣਿਆ ਹੈ। ਦੂਜੇ ਮਤ ਅਨੁਸਾਰ ਚੂੰਕਿ ਇਸ ਤਿਉਹਾਰ ਵਿਚ ਕੇਵਲ ਇਸਤਰੀਆਂ ਸ਼ਾਮਲ ਹੁੰਦੀਆਂ ਹਨ, ਇਸ ਲਈ ਇਹ ਸ਼ਬਦ ਸੰਸਕ੍ਰਿਤ ਸ਼ਬਦ ਸ੍ਤ੍ਰੀ (ਇਸਤਰੀ) ਤੋਂ ਬਣਿਆ ਹੈ। ਸ਼ਬਦ ਦਾ ਪਿਛੋਕੜ ਕੁਝ ਵੀ ਰਿਹਾ ਹੋਵੇ, ਪਰ ਇਸ ਤਿਉਹਾਰ ਦਾ ਸੰਬੰਧ ਕੇਵਲ ਕੁੜੀਆਂ, ਅਧਿਕਤਰ ਵਿਆਹੀਆਂ ਹੋਈਆਂ, ਨਾਲ ਹੈ।

ਤੀਆਂ ਆਰੰਭ ਹੋਣ ਤੋਂ ਪਹਿਲਾਂ ਭਰਾ/ਵੀਰ ਆਪਣੀਆਂ ਭੈਣਾਂ ਨੂੰ ਸਹੁਰੇ ਘਰਾਂ ਤੋਂ ਲੈ ਕੇ ਆਉਂਦੇ ਹਨ। ਜਿਨ੍ਹਾਂ ਭੈਣਾਂ ਦੇ ਵੀਰ ਨਹੀਂ ਹੁੰਦੇ ਜਾਂ ਕਿਸੇ ਰੁਝੇਵੇਂ ਕਾਰਣ ਭੈਣ ਨੂੰ ਲੈਣ ਨਹੀਂ ਜਾ ਸਕਦੇ, ਉਹ ਭੈਣਾਂ ਕਾਫ਼ੀ ਉਦਾਸ ਹੁੰਦੀਆਂ ਹਨ ਅਤੇ ਸਹੁਰੇ ਘਰ ਵੀ ਉਨ੍ਹਾਂ ਦੀ ਮਾਨ-ਹਾਨੀ ਹੁੰਦੀ ਹੈ। ਜਿਹੜੀਆਂ ਭੈਣਾਂ ਪਰਿਵਾਰਿਕ ਮਜਬੂਰੀਆਂ ਜਾਂ ਕਿਸੇ ਹੋਰ ਕਾਰਣ ਤੀਆਂ ਵਾਲੇ ਦਿਨ ਪੇਕੀਂ ਨਹੀਂ ਜਾ ਸਕਦੀਆਂ ਉਨ੍ਹਾਂ ਨੂੰ ਪੇਕਿਆਂ ਵਲੋਂ ਸੰਧਾਰਾ (ਸੁਗਾਤ) ਭੇਜਿਆ ਜਾਂਦਾ ਹੈ। 'ਸੰਧਾਰਾ' ਪੇਕਿਆਂ ਦਾ ਧੀ ਪ੍ਰਤਿ ਸਨੇਹ ਦਾ ਪ੍ਰਤੀਕ ਹੈ। ਅਣ-ਮੁਕਲਾਈਆਂ ਕੁੜੀਆਂ ਨੂੰ ਸਹੁਰੇ ਘਰੋਂ ਸੰਧਾਰੇ ਆਉਂਦੇ ਹਨ। ਸੰਧਾਰੇ ਦਾ ਸਰੂਪ ਆਰਥਿਕ ਸਥਿਤੀ 'ਤੇ ਨਿਰਭਰ ਕਰਦਾ ਹੈ।

ਤੀਆਂ ਤੋਂ ਪਹਿਲੀ ਸ਼ਾਮ ਸਾਰੀਆਂ ਕੁੜੀਆਂ ਬੜੇ ਸ਼ੌਕ ਨਾਲ ਮਹਿੰਦੀ ਲਗਾਉਂਦੀਆਂ ਹਨ ਅਤੇ ਸੁਰੰਗੀਆਂ ਵੰਗਾਂ ਪਾਉਂਦੀਆਂ ਹਨ। ਅਗਲੇ ਦਿਨ ਤੀਆਂ ਦਾ ਆਰੰਭ ਹੁੰਦਾ ਹੈ। ਦਰਖ਼ਤਾਂ ਤੇ ਪਾਈਆਂ ਪੀਂਘਾਂ ਦੇ ਹੁਲਾਰੇ ਅਤੇ ਗਿੱਧੇ ਦੀ ਤਾੜੀ ਦੀ ਆਵਾਜ਼ ਅਤੇ ਨੱਚਣ ਵੇਲੇ ਅੱਡੀ ਦੀ ਧਮਕ ਨਾਲ ਚੌਗਿਰਦੇ ਉਲਾਸ ਛਾ ਜਾਂਦਾ ਹੈ, ਸਾਰਾ ਵਾਤਾਵਰਣ ਝੂਮ ਉਠਦਾ ਹੈ। ਬਿਨਾ ਕਿਸੇ ਧਾਰਮਿਕ ਜਾਂ ਸਮਾਜਿਕ ਵਿਥ ਜਾਂ

ਵਿਤਕਰੇ ਦੇ ਸਾਰੀਆਂ ਕੁੜੀਆਂ ਨਿਸੰਗ, ਇਕ-ਸਮਾਨ ਤੀਆਂ ਦਾ ਆਨੰਦ ਮਾਣਦੀਆਂ ਹਨ।

ਇਹ ਤਿਉਹਾਰ ਤੇਰ੍ਹਾਂ ਦਿਨ ਚਲਦਾ ਹੈ। ਤੇਰ੍ਹਵੇਂ ਦਿਨ, ਸਾਉਣ ਦੀ ਪੂਰਨਮਾਸ਼ੀ ਨੂੰ, ਭੈਣਾਂ ਆਪਣੇ ਭਰਾਵਾਂ ਨੂੰ ਰਖੜੀ ਬੰਨ੍ਹ ਕੇ ਵਿਦਾ ਹੁੰਦੀਆਂ ਹਨ। ਇਸ ਤਿਉਹਾਰ ਦੌਰਾਨ ਘਰਾਂ ਵਿਚ ਖ਼ੂਬ ਪਕਵਾਨ ਪਕਦੇ ਹਨ। ਕਦੇ ਮਾਲ-ਪੂੜ੍ਹੇ, ਕਦੇ ਸੇਵੀਆਂ, ਕਦੇ ਮਿੱਠੇ ਚਾਵਲ ਜਾਂ ਕੜਾਹ ਬਣਦਾ ਰਹਿੰਦਾ ਹੈ। ਕੁੜੀਆਂ ਦੇ ਨਾਲ-ਨਾਲ ਜਵਾਈਆਂ ਜਾਂ ਪਰਾਹੁਣਿਆਂ ਦੀ ਵੀ ਉਚੇਚੀ ਸੇਵਾ ਕੀਤੀ ਜਾਂਦੀ ਹੈ।

ਤੀਆਂ ਨਾਲ ਸੰਬੰਧਿਤ ਅਨੇਕ ਲੋਕ-ਗੀਤ ਪ੍ਰਚਲਿਤ ਹਨ। ਤੀਆਂ ਦਾ ਤਿਉਹਾਰ ਆਉਂਦਿਆਂ ਹੀ ਕੁੜੀਆਂ ਰਲ-ਮਿਲ ਕੇ ਗਾਉਣ ਲਗ ਜਾਂਦੀਆਂ ਹਨ—'ਰਲ ਆਓ ਸਈਓ ਨੀ ਸਭੇ ਤੀਆਂ ਖੇਡਣ ਜਾਈਏ/ਹੁਣ ਆ ਗਿਆ ਸਾਵਣ ਨੀ ਪੀਂਘਾਂ ਪਿੱਪਲ ਪਾਈਏ/ਪਈ ਕੂ ਕੂ ਕਰਦੀ ਨੀ ਸਹੀਓ ਕੋਇਲ ਹੰਝੂ ਡੋਲ੍ਹੇ/ਪਪੀਹਾ ਵੇਖ ਨੀ ਭੈੜਾ ਪੀਆ ਪੀਆ ਬੋਲੇ/ਲੈ ਪੈਲਾਂ ਪਾਂਦੇ ਨੀ ਬਾਗੀਂ ਮੋਰਾਂ ਸ਼ੋਰ ਮਚਾਇਆ/ ਖਿੜ ਖਿੜ ਫੁੱਲਾਂ ਨੇ ਸਾਨੂੰ ਮਾਹੀਆ ਯਾਦ ਕਰਾਇਆ।'

ਪੱਛਮੀ ਪੰਜਾਬ ਵਿਚ ਤੀਆਂ ਲਈ 'ਸਾਵੇ' ਸ਼ਬਦ ਵਰਤਿਆ ਜਾਂਦਾ ਹੈ। 'ਸਾਵਾ' ਤੋਂ ਭਾਵ ਹੈ ਹਰਾ, ਸ਼ਬਜ਼। ਸਾਉਣ ਦੀ ਹਰਿਆਵਲ ਨਾਲ ਇਕ-ਸੁਰ ਹੋ ਕੇ ਇਸ ਤਿਉਹਾਰ ਲਈ 'ਸਾਵੇ' ਸ਼ਬਦ ਵਰਤਿਆ ਗਿਆ ਪ੍ਰਤੀਤ ਹੁੰਦਾ ਹੈ। ਮੁਹੰਮਦ ਅਜ਼ੀਮ ਨੇ ਆਪਣੇ ਰਚੇ ਬਾਰਹਮਾਹ ਦੇ ਸਾਉਣ ਮਹੀਨੇ ਦੇ ਪ੍ਰਸੰਗ ਵਿਚ ਲਿਖਿਆ ਹੈ—'ਆਏ ਸਾਵੇ ਸਬਜ਼ ਬਹਾਰਾਂ, ਸਈਆਂ ਖੇਡਣ ਨਾਲ ਭਤਾਰਾਂ/ਲੈ ਅੰਗ ਲਾਵਣ ਹਾਰ ਸੀਗਾਰਾਂ, ਕੂਚੇ ਗਲੀ ਮਹਲ ਬਜ਼ਾਰਾਂ/'।

ਇਸ ਨੂੰ ਉੱਤਰੀ ਭਾਰਤ ਵਿਚ 'ਹਰਿਆਲੀ ਤੀਜ' ਵੀ ਕਿਹਾ ਜਾਂਦਾ ਹੈ। ਇਸ ਦਾ ਪਿਛੋਕੜ ਕੁਝ ਵਿਦਵਾਨਾਂ ਨੇ 'ਗੌਰੀ ਤ੍ਰਿਤੀਯ' ਨਾਲ ਜੋੜ ਕੇ ਪਾਰਬਤੀ ਦੇਵੀ ਦੀ ਪੂਜਾ ਦਾ ਵਿਧਾਨ ਵੀ ਕੀਤਾ ਹੈ। ਸ਼ਹਿਰਾਂ ਵਿਚ ਸਮੇਂ ਦੀ ਘਾਟ ਅਤੇ ਰੁਝੇਵਿਆਂ ਦੀ ਅਧਿਕਤਾ ਕਰਕੇ ਤੀਆਂ ਦਾ ਤੇਰ੍ਹਾਂ ਦਿਨਾਂ ਦਾ ਤਿਉਹਾਰ ਸੁੰਗੜ ਕੇ ਘੰਟੇ ਦੋ ਘੰਟੇ ਦੇ ਰੌਣਕ ਮੇਲੇ ਵਿਚ ਬਦਲ ਗਿਆ ਹੈ ਜੋ ਆਮ ਤੌਰ ਤੇ ਇਸਤਰੀ-ਕਲੱਬਾਂ ਵਿਚ ਮਨਾ ਲਿਆ ਜਾਂਦਾ ਹੈ।

ਤੀਰਥ : ਵੇਖੋ 'ਅਠਸਠ-ਤੀਰਥ'।

ਤੁਰਕ : ਸਾਧਾਰਣ ਤੌਰ ਤੇ ਮੱਧ-ਏਸ਼ੀਆ ਦੇ ਇਕ ਦੇਸ਼ 'ਤੁਰਕਿਸਤਾਨ' ਦੇ ਨਿਵਾਸੀਆਂ ਨੂੰ 'ਤੁਰਕ' ਕਿਹਾ ਜਾਂਦਾ ਹੈ। ਤੁਰਕੀ ਭਾਸ਼ੀ ਲੋਕ ਵੀ 'ਤੁਰਕ' ਅਖਵਾਉਂਦੇ ਹਨ। ਇਹ ਸ਼ੁਰੂ ਵਿਚ ਖ਼ਾਨਾਬਦੋਸ਼ ਸਨ। ਇਨ੍ਹਾਂ ਦੇ ਕੁਝ ਕਬੀਲੇ ਯੋਰੁਪ ਵਲ ਅਤੇ ਕੁਝ ਏਸ਼ੀਆ ਵਿਚ ਫੈਲੇ ਸਨ। ਇਨ੍ਹਾਂ ਦੀ ਹੋਂਦ ਈਸਾ ਪੂਰਵ ਦੇ 1300 ਵਰ੍ਹਿਆਂ ਤੋਂ ਪਿਛੇ ਨਹੀਂ ਜਾਂਦੀ। ਸਹਿਜੇ-ਸਹਿਜੇ ਸੰਗਠਿਤ ਹੋ ਕੇ ਇਨ੍ਹਾਂ ਨੇ ਆਪਣੀ ਹੋਂਦ ਕਾਇਮ ਕੀਤੀ। ਸ਼ੁਰੂ ਵਿਚ ਕੁਝ ਕਬੀਲੇ ਆਕਾਸ਼-ਪੂਜਾ ਕਰਦੇ ਸਨ ਅਤੇ ਕੁਝ ਅਗਨੀ-ਪੂਜਕ ਸਨ। ਕਾਲਾਂਤਰ ਵਿਚ ਇਨ੍ਹਾਂ ਦੇ ਕੁਝ ਕਬੀਲਿਆਂ ਨੇ ਬੁੱਧ-ਮਤ ਧਾਰਣ ਕੀਤਾ,

ਕੁਝ ਈਸਾਈ ਬਣੇ। ਪਰ ਬਾਦ ਵਿਚ ਸਾਰਿਆਂ ਨੇ ਇਸਲਾਮ ਧਰਮ ਵਿਚ ਪ੍ਰਵੇਸ਼ ਕੀਤਾ।

ਖ਼ਾਨਾਬਦੋਸ਼ ਹੋਣ ਕਰਕੇ ਇਹ ਲੋਕ ਬਹੁਤ ਕਠੋਰ, ਦ੍ਰਿੜ੍ਹ ਅਤੇ ਨਿਰਦਈ ਸਨ। ਇਨ੍ਹਾਂ ਦੇ ਮਨ ਵਿਚ ਕਿਸੇ ਕਿਸਮ ਦੇ ਤਰਸ ਦੀ ਭਾਵਨਾ ਪੈਦਾ ਨਹੀਂ ਹੁੰਦੀ ਸੀ। ਇਸੇ ਲਈ ਕਿਹਾ ਜਾਂਦਾ ਹੈ ਕਿ ਜਿਧਰੋਂ ਤੁਰਕ ਲੰਘ ਜਾਂਦੇ ਉਧਰ ਉਜਾੜਾ ਹੋ ਜਾਂਦਾ। ਚੰਗੇਜ਼ ਖ਼ਾਂ ਦੇ ਹਮਲਿਆਂ ਦੌਰਾਨ ਇਹ ਕੁਝ ਉਖੜੇ ਸਨ, ਪਰ ਬਾਦ 'ਤੇ ਫਿਰ ਸੰਗਠਿਤ ਹੋ ਗਏ। ਇਨ੍ਹਾਂ ਵਿਚ ਕੁਝ ਕਬੀਲਿਆਂ ਦੇ ਸਰਦਾਰਾਂ ਨੇ ਇਕੱਠੇ ਹੋ ਕੇ ਹਿੰਦੁਸਤਾਨ ਉਤੇ ਹਮਲੇ ਕਰਨੇ ਸ਼ੁਰੂ ਕੀਤੇ ਅਤੇ ਆਪਣਾ ਰਾਜ ਕਾਇਮ ਕੀਤਾ। ਇਹ ਬਾਦਸ਼ਾਹ ਲਈ 'ਸੁਲਤਾਨ' ਸ਼ਬਦ ਵਰਤਦੇ ਸਨ। ਇਨ੍ਹਾਂ ਦੇ ਤੁਗ਼ਲਕ, ਖ਼ਿਲਜੀ ਆਦਿ ਕਬੀਲਿਆਂ ਨੇ ਹਿੰਦੁਸਤਾਨ ਵਿਚ ਆਪਣੀਆਂ ਹਕੂਮਤਾਂ ਕਾਇਮ ਕੀਤੀਆਂ। ਇਨ੍ਹਾਂ ਦਾ ਹਿੰਦੂਆਂ ਪ੍ਰਤਿ ਰਵੱਈਆ ਤਾਂ ਬਹੁਤ ਕਠੋਰ ਸੀ ਹੀ, ਪਰ ਇਨ੍ਹਾਂ ਤੋਂ ਪਹਿਲਾਂ ਹਿੰਦੁਸਤਾਨ ਵਿਚ ਵਸ ਚੁਕੇ ਮੁਸਲਮਾਨਾਂ ਨੂੰ ਵੀ ਇਹ ਨੀਵਾਂ ਸਮਝਦੇ ਸਨ।

ਤੁਰਕ ਚੂੰਕਿ ਵਿਦੇਸ਼ੀ ਸਨ, ਇਸ ਲਈ ਪੱਛਮੀ ਅਤੇ ਉੱਤਰ ਪੱਛਮੀ ਦੇਸ਼ਾਂ 'ਤੋਂ ਆਉਣ ਵਾਲਿਆਂ ਸਾਰਿਆਂ ਲਈ ਸਮੁੱਚੇ ਤੌਰ ਤੇ 'ਤੁਰਕ' ਸ਼ਬਦ ਵਰਤਿਆ ਜਾਣ ਲਗਿਆ। ਚੂੰਕਿ ਤੁਰਕ ਮੁਸਲਮਾਨ ਸਨ, ਇਸ ਲਈ ਸਾਰਿਆਂ ਮੁਸਲਮਾਨਾਂ ਨੂੰ 'ਤੁਰਕ' ਪਦ ਨਾਲ ਵਿਸ਼ਿਸ਼ਟ ਕੀਤਾ ਜਾਣ ਲਗਿਆ, ਜਿਵੇਂ ਸੰਤ ਕਬੀਰ ਨੇ ਲਿਖਿਆ ਹੈ -- 'ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ' (ਅ. ਗ੍ਰੰ. 477)। ਇਸ ਤੋਂ ਇਲਾਵਾ ਸਾਰਿਆਂ ਮੁਸਲਮਾਨਾਂ ਦੀ ਭਾਸ਼ਾ ਨੂੰ ਵੀ 'ਤੋਰਕੀ' ਕਿਹਾ ਜਾਣ ਲਗਿਆ। 'ਪੁਰਾਤਨ-ਜਨਮਸਾਖੀ' ਵਿਚ ਗੁਰੂ ਨਾਨਕ ਦੇਵ ਨੂੰ ਤੋਰਕੀ ਪੜ੍ਹਨ ਲਈ ਮੁੱਲਾ ਪਾਸ ਭੇਜਿਆ ਗਿਆ ਲਿਖਿਆ ਹੈ। ਇਥੇ ਇਹ ਸ਼ਬਦ 'ਫ਼ਾਰਸੀ' ਦਾ ਵਾਚਕ ਹੈ।

ਤੁਲਸੀ-ਸਾਲਗ੍ਰਾਮ : ਇਨ੍ਹਾਂ ਨਾਲ ਸੰਬੰਧਿਤ ਪੌਰਾਣਿਕ ਉਪਾਖਿਆਨ, ਅਸਲ ਵਿਚ, 'ਜਲੰਧਰ-ਵ੍ਰਿੰਦਾ' ਆਖਿਆਨ ਦਾ ਪਰਿਣਾਮਕ ਰੂਪ ਹੈ। 'ਜਲੰਧਰ-ਵ੍ਰਿੰਦਾ' ਆਖਿਆਨ ਦਾ ਰੂਪਾਂਤਰਣ 'ਸੰਖਚੂੜ-ਤੁਲਸੀ' ਆਖਿਆਨ ਵਿਚ ਹੋਇਆ।

'ਸ਼ਿਵ ਪੁਰਾਣ' ਅਨੁਸਾਰ ਇਕ ਵਾਰ ਇੰਦਰ ਸਹਿਤ ਸਾਰਿਆਂ ਦੇਵਤਿਆਂ ਨੇ ਸ਼ਿਵ ਦੇ ਦਰਸ਼ਨ ਦੀ ਇੱਛਾ ਪ੍ਰਗਟ ਕੀਤੀ। ਸ਼ਿਵ ਆਪਣੇ ਮਾਇਆਵੀ ਸਰੂਪ ਵਿਚ ਪ੍ਰਗਟ ਹੋਇਆ ਜੋ ਬਹੁਤ ਭਿਆਨਕ ਸੀ। ਕਿਸੇ ਦੇਵਤੇ ਨੇ ਉਸ ਨੂੰ ਨਾ ਪਛਾਣਿਆ ਅਤੇ ਨਾ ਹੀ ਉਸ ਨੇ ਕਿਸੇ ਦੀ ਪੁੱਛ ਦਾ ਉੱਤਰ ਦਿੱਤਾ। ਇੰਦਰ ਨੇ ਗੁੱਸੇ ਵਿਚ ਆ ਕੇ ਉਸ ਉਤੇ ਵਜ੍ਰ ਨਾਲ ਹਮਲਾ ਕੀਤਾ। ਵਜ੍ਰ ਭਸਮ ਹੋ ਗਿਆ ਅਤੇ ਇੰਦਰ ਨੂੰ ਨਸ਼ਟ ਕਰਨ ਲਈ ਸ਼ਿਵ ਦੇ ਤੀਜੇ ਨੇਤਰ ਵਿਚੋਂ ਅੱਗ ਨਿਕਲੀ।

ਉਧਰ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਨੇ ਸ਼ਿਵ ਨੂੰ ਬੇਨਤੀ ਕੀਤੀ ਕਿ ਇੰਦਰ ਨੂੰ ਬਖ਼ਸ਼ ਦਿੱਤਾ ਜਾਵੇ। ਇੰਦਰ ਬਖ਼ਸ਼ਿਆ ਗਿਆ। ਸ਼ਿਵ ਨੇ ਤੀਜੇ ਨੇਤਰ ਵਿਚੋਂ ਨਿਕਲੀ ਅਗਨੀ ਨੂੰ ਸਮੁੰਦਰ ਵਿਚ ਸੁਟ ਦਿੱਤਾ ਜਿਸ ਤੋਂ ਜਲੰਧਰ ਦੈਂਤ ਪੈਦਾ ਹੋਇਆ। ਵਿਸ਼ਣੂ ਨੇ ਜਲੰਧਰ ਉਤੇ ਪ੍ਰਸੰਨ ਹੋ ਕੇ ਵਰ ਦਿੱਤਾ ਕਿ ਜਦ ਤਕ ਉਸ ਦੀ ਪਤਨੀ 'ਵ੍ਰਿੰਦਾ' ਦਾ

ਪਤੀਬ੍ਰਤ ਧਰਮ ਕਾਇਮ ਹੈ ਤਦ ਤਕ ਉਸ ਨੂੰ ਕੋਈ ਵੀ ਮਾਰ ਨਹੀਂ ਸਕੇਗਾ।

ਵਰ ਪ੍ਰਾਪਤ ਕਰਨ ਉਪਰੰਤ ਜਲੰਧਰ ਨੇ ਦੇਵਤਿਆਂ ਨੂੰ ਬਹੁਤ ਪਰੇਸ਼ਾਨ ਕੀਤਾ। ਇਥੋਂ ਤਕ ਕਿ ਉਸ ਨੇ ਨਾਰਦ ਦੇ ਝਾਂਸੇ ਵਿਚ ਆ ਕੇ ਸ਼ਿਵ ਤੋਂ ਪਾਰਬਤੀ ਦੀ ਮੰਗ ਕੀਤੀ। ਸਿੱਟੇ ਵਜੋਂ ਦੈਂਤਾਂ ਅਤੇ ਦੇਵਤਿਆਂ ਦਾ ਘੋਰ ਯੁੱਧ ਹੋਇਆ। ਵਿਸ਼ਣੂ ਨੇ ਜਲੰਧਰ ਦੇ ਭੇਸ ਵਿਚ ਵ੍ਰਿੰਦਾ ਦਾ ਸੱਤ ਭੰਗ ਕੀਤਾ ਅਤੇ ਸ਼ਿਵ ਨੇ ਤ੍ਰਿਸ਼ੂਲ ਨਾਲ ਜਲੰਧਰ ਨੂੰ ਮਾਰ ਦਿੱਤਾ। ਕਾਲਾਂਤਰ ਵਿਚ ਇਸੇ ਬ੍ਰਿੱਤਾਂਤ ਦੇ ਜਲੰਧਰ ਨੂੰ 'ਸ਼ੰਖਚੂੜ' ਅਤੇ ਵ੍ਰਿੰਦਾ ਨੂੰ 'ਤੁਲਸੀ' ਰੂਪ ਵਿਚ ਬਦਲ ਕੇ ਪੇਸ਼ ਕੀਤਾ ਗਿਆ।

ਸ਼ੰਖਚੂੜ ਨਾਂ ਦੇ ਦੈਂਤ ਨੇ ਕਠੋਰ ਤਪਸਿਆ ਕਰਕੇ ਵਰ ਪ੍ਰਾਪਤ ਕੀਤਾ ਕਿ ਜਦ ਤਕ ਉਸ ਦੀ ਪਤਨੀ ਵ੍ਰਿੰਦਾ ਦਾ ਪ੍ਰਤੀਬ੍ਰਤ ਧਰਮ ਕਾਇਮ ਹੈ, ਤਦ ਤਕ ਉਸ ਨੂੰ ਕੋਈ ਹਰਾ ਨਾ ਸਕੇ। ਵਰ-ਪ੍ਰਾਪਤੀ ਉਪਰੰਤ ਦੈਂਤ ਨੇ ਤ੍ਰਿਲੋਕੀ ਉਤੇ ਆਪਣਾ ਰਾਜ ਕਾਇਮ ਕਰ ਲਿਆ ਅਤੇ ਦੇਵਤੇ ਉਸ ਤੋਂ ਡਰਦਿਆਂ ਵਿਸ਼ਣੂ ਪਾਸ ਸਹਾਇਤਾ ਲਈ ਗਏ। ਵਿਸ਼ਣੂ ਨੇ ਸਾਰੀ ਗੱਲ ਸੁਣ ਕੇ ਸ਼ੰਖਚੂੜ ਦੀ ਸ਼ਕਤੀ ਖ਼ਤਮ ਕਰਨ ਲਈ ਮਨਸੂਬਾ ਬਣਾਇਆ ਅਤੇ ਸ਼ੰਖਚੂੜ ਦਾ ਰੂਪ ਧਾਰਣ ਕਰਕੇ ਵ੍ਰਿੰਦਾ ਨਾਲ ਸੰਯੋਗ ਕੀਤਾ। ਫਲਸਰੂਪ ਸ਼ੰਖਚੂੜ ਬਲਹੀਨ ਹੋ ਗਿਆ ਅਤੇ ਉਸ ਨੂੰ ਦੇਵਤਿਆਂ ਨੇ ਸਹਿਜੇ ਹੀ ਮਾਰ ਦਿੱਤਾ।

ਜਦੋਂ ਵ੍ਰਿੰਦਾ ਨੂੰ ਵਿਸ਼ਣੂ ਦੁਆਰਾ ਕੀਤੇ ਕਪਟ ਦਾ ਪਤਾ ਲਗਾ ਤਾਂ ਉਸ ਨੇ ਵਿਸ਼ਣੂ ਨੂੰ ਪੱਥਰ ਬਣ ਜਾਣ ਦਾ ਸਰਾਪ ਦਿੱਤਾ। ਵਿਸ਼ਣੂ ਸਾਲਗ੍ਰਾਮ (ਵੇਖੋ) ਦੇ ਰੂਪ ਵਿਚ ਪ੍ਰਤਿਸ਼ਠਿਤ ਹੋਇਆ। ਉਧਰ ਵਿਸ਼ਣੂ ਨੇ ਵ੍ਰਿੰਦਾ ਨੂੰ ਸਰਾਪ ਦਿੱਤਾ ਜਿਸ ਦੇ ਪਰਿਣਾਮ-ਸਰੂਪ ਵ੍ਰਿੰਦਾ ਦਾ ਸ਼ਰੀਰ ਗੰਡਕੀ ਨਦੀ ਬਣ ਗਿਆ ਅਤੇ ਕੇਸਾਂ ਨੇ ਤੁਲਸੀ ਦੇ ਬੂਟੇ ਦਾ ਰੂਪ ਧਾਰਣ ਕਰ ਲਿਆ।

ਹਿੰਦੂ ਮਤ ਵਿਚ ਸਾਲਗ੍ਰਾਮ ਅਤੇ ਤੁਲਸੀ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਵਿਸ਼ਣੂ ਨੂੰ ਪ੍ਰਸੰਨ ਕਰਨ ਲਈ ਦੋਹਾਂ ਦਾ ਬੜੀ ਰੁਚੀ ਨਾਲ ਵਿਆਹ ਕੀਤਾ ਜਾਂਦਾ ਹੈ। ਰਾਮ-ਭਗਤ ਸਾਲਗ੍ਰਾਮ ਨੂੰ ਰਾਮ ਅਤੇ ਤੁਲਸੀ ਨੂੰ ਸੀਤਾ ਰੂਪ ਵਿਚ ਪੂਜਦੇ ਹਨ। ਗੁਰੂ ਨਾਨਕ ਦੇਵ ਨੇ ਇਸ ਆਖਿਆਨ ਦਾ ਹਵਾਲਾ ਦਿੱਤਾ ਹੈ—'ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।/ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ' (ਅ. ਗ੍ਰੰ. 1171)।

ਤੁਲਾ-ਦਾਨ : ਦਾਨ ਦੀ ਇਕ ਕਿਸਮ ਜੋ ਆਮ ਤੌਰ ਤੇ ਹਿੰਦੂਆਂ ਵਿਚ ਪ੍ਰਚਲਿਤ ਹੈ। ਇਸ ਵਿਧੀ ਅਨੁਸਾਰ ਜਿਸ ਵਿਅਕਤੀ ਨੇ ਦਾਨ ਕਰਨਾ ਹੁੰਦਾ ਹੈ, ਉਹ ਆਪਣੇ ਭਾਰ ਜਿੰਨੀ ਸਾਮਗ੍ਰੀ ਤੋਲ ਕੇ ਗ਼ਰੀਬਾਂ ਜਾਂ ਲੋੜਵੰਦਾਂ ਵਿਚ ਵੰਡਦਾ ਹੈ। ਇਸ ਨਾਲ ਗ੍ਰਹਿਆਂ ਦਾ ਪ੍ਰਭਾਵ ਖ਼ਤਮ ਹੁੰਦਾ ਹੈ। ਗ੍ਰਹਿਆਂ ਅਨੁਸਾਰ ਦਾਨ ਕੀਤੀ ਜਾਣ ਵਾਲੀ ਸਾਮਗ੍ਰੀ ਵੀ ਬਦਲਦੀ ਜਾਂਦੀ ਹੈ। ਹੀਰੇ-ਪੰਨੇ, ਸੋਨਾ-ਚਾਂਦੀ, ਧਾਤਾਂ, ਸਿੱਕੇ, ਖਾਧ ਵਸਤੂਆਂ ਆਦਿ ਕੁਝ ਵੀ ਦਾਨ ਕੀਤਾ ਜਾ ਸਕਦਾ ਹੈ। ਕਈ ਵਾਰ ਨਿਰਸੰਤਾਨ ਲੋਕਾਂ ਵਲੋਂ ਸੰਤਾਨ ਹੋਣ 'ਤੇ ਤੁਲਾ-ਦਾਨ ਕਰਨ ਦੀ ਸੁਖਣਾ ਸੁਖੀ ਜਾਂਦੀ ਹੈ। ਮੁਗ਼ਲ ਬਾਦਸ਼ਾਹ (ਜਹਾਂਗੀਰ,

ਸ਼ਾਹਜਹਾਂ ਅਤੇ ਔਰੰਗਜ਼ੇਬ) ਵੀ ਤੁਲਾ-ਦਾਨ ਕਰਨ ਵਿਚ ਵਿਸ਼ਵਾਸ ਰਖਦੇ ਦਸੇ ਗਏ ਹਨ।

ਇਹ ਰਸਮ ਪੰਜਾਬ ਵਿਚ ਵੀ ਪ੍ਰਚਲਿਤ ਸੀ। ਮਹਾਰਾਜਾ ਸ਼ੇਰ ਸਿੰਘ ਦਾ ਲੜਕਾ ਕੰਵਰ ਪ੍ਰਤਾਪ ਸਿੰਘ ਜਦੋਂ ਲਹਿਣਾ ਸਿੰਘ ਸੰਧਾਵਾਲੀਏ ਹੱਥੋਂ ਮਾਰਿਆ ਗਿਆ, ਉਦੋਂ ਉਹ ਜਵਾਲਾ ਸਿੰਘ ਦੇ ਬਾਗ਼ ਵਿਚ ਤੁਲਾ-ਦਾਨ ਕਰਵਾ ਰਿਹਾ ਸੀ—'ਲਹਿਣਾ ਸਿੰਘ ਜੋ ਬਾਗ਼ ਦੀ ਤਰਫ਼ ਆਇਆ, ਅੱਗੇ ਕੌਰ ਜੋ ਹੋਮ ਕਰਾਂਵਦਾ ਸੀ।/...'ਸ਼ਾਹ ਮੁਹੰਮਦਾ ਓਸ ਨਾ ਇਕ ਮੰਨੀ, ਤੇਗ ਮਾਰ ਕੇ ਸੀਸ ਉਡਾਂਵਦਾ ਸੀ।'

ਤੁਲੰਬਾ : ਵੇਖੋ 'ਸੱਜਣ-ਠੱਗ'।

ਤੂਰ : ਵੇਖੋ 'ਕੋਹ-ਤੂਰ'।

ਤੇਗ ਬਹਾਦਰ, ਗੁਰੂ : ਸਿੱਖ ਧਰਮ ਦੇ ਨੌਵੇਂ ਗੁਰੂ ਜਿਨ੍ਹਾਂ ਦਾ ਜਨਮ ਛੇਵੇਂ ਗੁਰੂ ਹਰਿਗੋਬਿੰਦ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ 1 ਅਪ੍ਰੈਲ, 1621 ਈ. (ਵਿਸਾਖ ਵਦੀ 5, 1678 ਬਿ.) ਨੂੰ ਅੰਮ੍ਰਿਤਸਰ ਵਿਚ ਹੋਇਆ। ਆਪ ਬਚਪਨ ਤੋਂ ਹੀ ਵੈਰਾਗੀ ਰੁਚੀ ਵਾਲੇ ਗੰਭੀਰ ਧਰਮ-ਸਾਧਕ ਅਤੇ ਤਪਸਵੀ ਮਹਾਪੁਰਸ਼ ਸਨ। ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਲਾਲ ਚੰਦ ਦੀ ਸੁਪੁੱਤਰੀ ਗੁਜਰੀ ਜੀ ਨਾਲ ਸੰਨ 1632 ਈ. (15 ਅਸੂ, 1689 ਬਿ.) ਵਿਚ ਹੋਇਆ। ਪਿਤਾ ਗੁਰੂ ਹਰਿਗੋਬਿੰਦ ਦੇ ਮਹਾ-ਪ੍ਰਸਥਾਨ ਤੋਂ ਬਾਦ ਸੰਨ 1644 ਈ. ਵਿਚ ਆਪ ਆਪਣੀ ਪਤਨੀ ਅਤੇ ਮਾਤਾ ਸਹਿਤ ਬਕਾਲਾ ਪਿੰਡ ਵਿਚ ਆ ਵਸੇ ਜੋ ਕਾਲਾਂਤਰ ਵਿਚ ਇਨ੍ਹਾਂ ਦੇ ਨਾਂ ਤੇ 'ਬਾਬਾ ਬਕਾਲਾ' ਕਰਕੇ ਪ੍ਰਸਿੱਧ ਹੋਇਆ।

ਅੱਠਵੇਂ ਗੁਰੂ ਸ੍ਰੀ ਹਰਿਕ੍ਰਿਸ਼ਨ ਦੇ ਜੋਤੀ-ਜੋਤਿ ਸਮਾਉਣ 'ਤੇ ਆਪ 20 ਮਾਰਚ, 1665 ਈ. (ਚੇਤ ਸੁਦੀ 14, ਸੰਮਤ 1722 ਬਿ.) ਨੂੰ 43 ਵਰ੍ਹਿਆਂ ਦੀ ਉਮਰ ਵਿਚ ਗੁਰੂ-ਗੱਦੀ ਉਤੇ ਬੈਠੇ। ਗੁਰਗੱਦੀ ਉਤੇ ਬੈਠਣ ਉਪਰੰਤ ਕਈ ਗੁਰੂ-ਧਾਮਾਂ ਦੀ ਯਾਤ੍ਰਾ ਕਰਦੇ ਹੋਏ ਆਪ ਕੀਰਤਪੁਰ ਪਹੁੰਚੇ। ਕੁਝ ਸਮਾਂ ਉਥੇ ਟਿਕ ਕੇ ਆਪ ਨੇ ਨੈਣਾਦੇਵੀ ਪਰਬਤ ਦੇ ਨੇੜੇ ਸਤਲੁਜ ਨਦੀ ਦੇ ਕੰਢੇ ਮਾਖੋਵਾਲ ਪਿੰਡ ਦੀ ਧਰਤੀ ਪਹਾੜੀ ਰਾਜਿਆਂ ਤੋਂ ਖ਼ਰੀਦ ਕੇ ਸੰਨ 1666 ਈ. (ਸੰ. 1723 ਬਿ.) ਵਿਚ ਅਨੰਦਪੁਰ (ਵੇਖੋ) ਨਗਰ ਦੀ ਸਥਾਪਨਾ ਕੀਤੀ ਜੋ ਬਾਦ ਵਿਚ ਖ਼ਾਲਸੇ ਦੀ ਜਨਮਭੂਮੀ ਵੱਜੋਂ ਪ੍ਰਸਿੱਧ ਹੋਇਆ। ਇਸ ਤੋਂ ਬਾਦ ਆਪ ਧਰਮ-ਪ੍ਰਚਾਰ ਯਾਤ੍ਰਾ ਤੇ ਨਿਕਲ ਪਏ ਅਤੇ ਮਾਲਵਾ ਤੇ ਬਾਂਗਰ ਖੇਤਰ ਵਿਚੋਂ ਹੁੰਦੇ ਹੋਏ ਅਹੀਆਪੁਰ (ਇਲਾਹਾਬਾਦ) ਪਹੁੰਚੇ ਅਤੇ ਫਿਰ ਉਥੋਂ ਬਨਾਰਸ, ਪਟਨਾ ਅਤੇ ਗਯਾ ਆਦਿ ਥਾਵਾਂ 'ਤੇ ਗਏ। ਉਥੋਂ, ਪਰਿਵਾਰ ਨੂੰ ਪਟਨੇ ਛਡ ਕੇ, ਪਹਿਲਾਂ ਬੰਗਾਲ ਵਲ ਗਏ ਅਤੇ ਕੁਝ ਸਮੇਂ ਢਾਕੇ ਵਿਚ ਰਹੇ। ਫਿਰ ਜ਼ੋਧਪੁਰ ਦੇ ਰਾਜੇ ਰਾਮ ਸਿੰਘ ਨਾਲ ਅਸਾਮ ਦੀ ਮੁਹਿੰਮ ਤੇ ਚਲੇ ਗਏ ਅਤੇ ਉਥੋਂ ਦਾ ਸਾਰਾ ਮਾਮਲਾ ਸ਼ਾਂਤੀ ਪੂਰਵਕ ਢੰਗ ਨਾਲ ਹਲ ਕੀਤਾ। ਉਥੋਂ ਵਾਪਸ ਆ ਕੇ ਕੁਝ ਸਮਾਂ ਪਟਨਾ ਵਿਚ ਟਿਕੇ ਅਤੇ ਫਿਰ ਪਰਿਵਾਰ ਨੂੰ ਉਥੇ ਛਡ ਕੇ ਸੰਨ 1668 ਈ. ਵਿਚ ਅਨੰਦਪੁਰ ਪਰਤ ਆਏ ਅਤੇ ਸੰਨ 1672 ਈ. ਵਿਚ ਪਟਨੇ ਤੋਂ ਆਪਣੇ ਪਰਿਵਾਰ ਨੂੰ

ਵੀ ਉਥੇ ਹੀ ਬੁਲਵਾ ਲਿਆ।

ਸੰਨ 1675 ਈ. ਵਿਚ ਕਸ਼ਮੀਰੀ ਬ੍ਰਾਹਮਣਾਂ ਦੇ ਧਾਰਮਿਕ ਸੰਕਟ ਨੂੰ ਦੂਰ ਕਰਨ ਲਈ ਕੁਝ ਸਿੱਖਾਂ ਨੂੰ ਨਾਲ ਲੈ ਕੇ ਦਿੱਲੀ ਵਲ ਚਲ ਪਏ ਅਤੇ ਮਾਰਗ ਵਿਚ ਪੈਂਦੇ ਵੱਡੇ-ਵੱਡੇ ਕਸਬਿਆਂ ਵਿਚ ਧਰਮ-ਪ੍ਰਚਾਰ ਕਰਦੇ ਗਏ। ਦਿੱਲੀ ਪਹੁੰਚਣ ਤੋਂ ਪਹਿਲਾਂ ਆਗਰੇ ਵਿਚ ਆਪ ਨੂੰ ਬੰਦੀ ਬਣਾ ਲਿਆ ਗਿਆ। ਔਰੰਗਜ਼ੇਬ ਬਾਦਸ਼ਾਹ ਵਲੋਂ ਮੁਸਲਮਾਨ ਬਣਨ ਦੀ ਹਰ ਪੇਸ਼ਕਸ਼ ਨੂੰ ਠੁਕਰਾਉਂਦੇ ਹੋਇਆਂ ਆਪ ਨੇ 11 ਨਵੰਬਰ, 1675 ਈ. (ਮਘਰ ਸੁਦੀ 5, 1732 ਬਿ.) ਨੂੰ ਦਿੱਲੀ ਵਿਚ ਮਹਾ-ਬਲੀਦਾਨ ਦਿੱਤਾ। ਆਪ ਦੇ ਨਾਲ ਗਏ ਸਿੱਖਾਂ ਵਿਚੋਂ ਭਾਈ ਮਤੀਦਾਸ ਅਤੇ ਭਾਈ ਦਿਆਲਾ ਨੂੰ ਵੀ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਚਾਂਦਨੀ ਚੌਕ (ਦਿੱਲੀ) ਵਿਚ ਜਿਸ ਸਥਾਨ 'ਤੇ ਆਪ ਨੂੰ ਸ਼ਹੀਦ ਕੀਤਾ ਗਿਆ, ਉਥੇ ਹੁਣ ਗੁਰਦੁਆਰਾ ਸੀਸ-ਗੰਜ ਸਥਿਤ ਹੈ। ਆਪ ਦੇ ਸ਼ਰੀਰ (ਕੇਵਲ ਧੜ) ਦਾ ਸਸਕਾਰ ਭਾਈ ਲਖੀ ਸ਼ਾਹ ਨੇ ਰਾਇਸੀਨਾ ਪਿੰਡ ਵਿਚ ਆਪਣੇ ਘਰ ਅੰਦਰ ਉਸ ਸਥਾਨ ਤੇ ਕੀਤਾ ਜਿਥੇ ਹੁਣ ਰਕਾਬਗੰਜ (ਨਵੀਂ ਦਿੱਲੀ) ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਜੀ ਦਾ ਸੀਸ ਚਾਦਰ ਵਿਚ ਲਪੇਟ ਕੇ ਭਾਈ ਜੈਤਾ ਅਨੰਦਪੁਰ ਪਹੁੰਚਿਆ ਜਿਥੇ ਬਾਲਕ ਗੁਰੂ ਗੋਬਿੰਦ ਸਿੰਘ ਨੇ ਬੜੇ ਸਤਿਕਾਰ ਨਾਲ ਸਸਕਾਰ ਕੀਤਾ। 'ਬਚਿਤ੍ਰ-ਨਾਟਕ' ਵਿਚ ਸ਼ਹਾਦਤ ਦੀ ਇਸ ਘਟਨਾ ਬਾਰੇ ਲਿਖਿਆ ਹੈ—'ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ।/ ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ।' ਆਪ ਕੁਲ 10 ਵਰ੍ਹੇ, 7 ਮਹੀਨੇ ਅਤੇ 18 ਦਿਨ ਗੁਰਗੱਦੀ ਉਤੇ ਬਿਰਾਜਮਾਨ ਰਹੇ।

ਆਪ ਨੇ ਬਾਣੀ ਦੀ ਰਚਨਾ ਵੀ ਕੀਤੀ। ਆਪ ਦੇ ਗੁਰੂ ਗ੍ਰੰਥ ਸਾਹਿਬ ਵਿਚ 15 ਰਾਗਾਂ ਅਧੀਨ ਕੁਲ 59 ਸ਼ਬਦ ਅਤੇ ਅੰਤ ਉਤੇ 57 ਸ਼ਲੋਕ ਦਰਜ ਹਨ। ਪੰਜਾਬੀ ਪ੍ਰਭਾਵਿਤ ਬ੍ਰਜ-ਭਾਸ਼ਾ ਵਿਚ ਲਿਖੀ ਆਪ ਦੀ ਸਾਰੀ ਬਾਣੀ ਵਿਚ ਵੈਰਾਗਮਈ ਭਗਤੀ ਦਾ ਸੁਰ ਉਘੜਿਆ ਹੈ। ਸੰਸਾਰਿਕ ਪ੍ਰਪੰਚ ਅਤੇ ਮਾਯਾਵੀ ਪ੍ਰਲੋਭਨਾਂ ਤੋਂ ਮਨ ਨੂੰ ਮੋੜ ਕੇ ਈਸ਼ਵਰ ਵਲ ਰੁਚਿਤ ਕਰਨਾ ਆਪ ਦੀ ਬਾਣੀ ਦਾ ਸੰਦੇਸ਼ ਹੈ। ਆਚਰਣਿਕ ਦ੍ਰਿੜ੍ਹਤਾ ਨਾਲ ਅਸੰਭਵ ਵੀ ਸੰਭਵ ਹੋ ਸਕਦਾ ਹੈ, ਇਸ ਤੱਥ ਵਲ ਗੁਰੂ ਜੀ ਨੇ ਅਨੇਕ ਥਾਵਾਂ ਤੇ ਸੰਕੇਤ ਕੀਤਾ ਹੈ।

ਤੇਜੋ-ਤਨੋ : ਗੁਰੂ ਅਮਰਦਾਸ (ਵੇਖੋ) ਦਾ ਇਕ ਨਾਮਾਂਤਰ। ਗੁਰੂ ਜੀ ਬਾਸਰਕੇ, ਜ਼ਿਲਾ ਅੰਮ੍ਰਿਤਸਰ ਦੇ ਭੱਲਾ ਵੰਸ਼ ਵਿਚੋਂ ਸਨ। ਉਨ੍ਹਾਂ ਦੇ ਪਿਤਾ ਦਾ ਨਾਂ ਬਾਬਾ ਤੇਜ-ਭਾਨ ਸੀ, ਪਰ ਸੰਖੇਪ ਵਿਚ 'ਤੇਜੋ' ਨਾਂ ਨਾਲ ਜਾਣੇ ਜਾਂਦੇ ਸਨ। 'ਤਨੋ' ਦਾ ਅਰਥ ਹੈ ਪੁੱਤਰ। ਇਸ ਲਈ 'ਤੇਜੋ ਤਨੋ' ਤੋਂ ਭਾਵ ਹੈ ਗੁਰੂ ਅਮਰਦਾਸ। ਕਲ੍ਯ ਭੱਟ ਨੇ ਗੁਰੂ ਜੀ ਨੂੰ ਇਸ ਨਾਂ ਨਾਲ ਸੰਬੋਧਿਤ ਕੀਤਾ ਹੈ—'ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰ ਧ੍ਯਾਇਅਓ ।' (ਅ. ਗ੍ਰੰ. 1393)।

ਤੈਮੂਰ : ਕਠੋਰ ਅਤੇ ਨਿਰਦਈ ਰੁਚੀਆਂ ਵਾਲਾ ਇਕ ਬਾਦਸ਼ਾਹ ਜਿਸ ਨੂੰ 'ਤਿਮਰਲੰਗ' ਵੀ ਕਹਿੰਦੇ ਹਨ। ਕਿਉਂਕਿ ਇਹ ਲੰਗੜਾ ਸੀ। ਇਸ ਦਾ ਜਨਮ ਮੁਗ਼ਲ-ਵੰਸ਼ ਦੇ

ਤੁਰਗਾਈ ਬਰਲਸ ਦੇ ਘਰ ਤਕੀਨਾ ਖ਼ਾਤੂਨ ਦੀ ਕੁੱਖੋਂ ਸੰਨ 1336 ਈ. ਵਿਚ 'ਕੇਸ਼', 'ਕੁਸ਼' ਅਥਵਾ 'ਸ਼ਹਿਰੇ-ਸ਼ਬਜ਼' ਵਿਚ ਹੋਇਆ । ਇਹ ਸਥਾਨ ਆਮੂ ਅਤੇ ਸਰ ਨਦੀਆਂ ਦੇ ਵਿਚਾਲੇ ਸਮਰਕੰਦ ਦੇਸ਼ ਵਿਚ ਹੈ। ਇਸ ਦੇ ਪਿਤਾ ਨੇ ਇਸਲਾਮ ਧਰਮ ਵਿਚ ਪ੍ਰਵੇਸ਼ ਕਰਕੇ ਉਸ ਦਾ ਪ੍ਰਚਾਰ ਕੀਤਾ । ਫਲਸਰੂਪ ਤੈਮੂਰ ਇਸਲਾਮ ਧਰਮ ਦਾ ਕੱਟੜ ਅਨੁਯਾਈ ਬਣ ਗਿਆ ।

ਰਵਾਇਤ ਹੈ ਕਿ ਸ਼ੁਰੂ ਵਿਚ ਇਹ ਬਹੁਤ ਗ਼ਰੀਬ ਸੀ ਅਤੇ ਭੇਡਾਂ ਬਕਰੀਆਂ ਚਰਾ ਕੇ ਗੁਜ਼ਾਰਾ ਕਰਦਾ ਸੀ । ਪਰ ਇਸ ਨੂੰ ਇਕ ਵਾਰ ਰਾਤ ਵੇਲੇ ਸੁਪਨਾ ਆਇਆ ਕਿ ਇਕ ਥਾਂ ਤੇ ਖ਼ਜ਼ਾਨਾ ਦਬਿਆ ਹੋਇਆ ਹੈ । ਸਵੇਰੇ ਉਠ ਕੇ ਇਸ ਨੇ ਉਹ ਥਾਂ ਪੁਟੀ ਤਾਂ ਸੱਚਮੁਚ ਹੀ ਇਸ ਨੂੰ ਖ਼ਜ਼ਾਨਾ ਮਿਲ ਗਿਆ। ਉਸ ਖ਼ਜ਼ਾਨੇ ਦੀ ਮੱਦਦ ਨਾਲ ਇਸ ਨੇ ਤਾਕਤ ਇਕੱਠੀ ਕੀਤੀ ਅਤੇ ਸਮਰਕੰਦ ਦਾ ਬਾਦਸ਼ਾਹ ਬਣ ਗਿਆ । ਇਸ ਗੱਲ ਵਲ ਬਾਵਾ ਬਲਵੰਤ ਨੇ ਸੰਕੇਤ ਕਰਦਿਆਂ ਲਿਖਿਆ ਹੈ- 'ਅੱਤ ਗਰਮੀ ਵਿਚ ਜਿਵੇਂ ਅਚਾਨਕ/ਆਏ ਮਧਰ ਸਮੀਰ,/ਜਿਉਂ ਤੈਮੂਰ ਦੀ ਸੁਪਨੇ ਅੰਦਰ/ਜਾਗ ਪਈ ਤਕਦੀਰ ।'

ਸਮਰਕੰਦ ਦੀ ਰਾਜ-ਗੱਦੀ ਉਤੇ ਸੰਨ 1369 ਈ. ਵਿਚ ਬੈਠਣ ਉਪਰੰਤ ਇਸ ਦੇ ਮਨ ਵਿਚ ਸਿਕੰਦਰ ਵਾਂਗ ਸਾਰੇ ਸੰਸਾਰ ਨੂੰ ਜਿੱਤਣ ਦੀ ਧੁਨ ਸਵਾਰ ਹੋਈ । ਸੰਨ 1380 ਤੋਂ 1387 ਈ. ਵਿਚਾਲੇ ਇਸ ਨੇ ਖ਼ੁਰਾਸਾਨ, ਸੀਸਤਾਨ, ਅਫ਼ਗਾਨਿਸਤਾਨ, ਫ਼ਾਰਸ ਆਦਿ ਦੇਸ਼ਾਂ ਉਤੇ ਜਿੱਤ ਪ੍ਰਾਪਤ ਕੀਤੀ । ਸੰਨ 1393 ਈ. ਵਿਚ ਬਗ਼ਦਾਦ ਨੂੰ ਜਿੱਤਿਆ ਅਤੇ ਮੈਸੋਪੋਟਾਮੀਆ ਉਤੇ ਆਪਣਾ ਅਧਿਕਾਰ ਕਾਇਮ ਕੀਤਾ । ਫਿਰ ਇਸ ਨੇ ਹਿੰਦੁਸਤਾਨ ਉਤੇ ਹਮਲਾ ਕਰਨ ਦੀ ਯੋਜਨਾ ਬਣਾਈ। ਪਹਿਲਾਂ ਤਾਂ ਇਤਨੇ ਦੂਰਲੇ ਦੇਸ਼ ਉਤੇ ਹਮਲਾ ਕਰਨ ਲਈ ਇਸ ਦੇ ਅਮੀਰ ਅਤੇ ਸਰਦਾਰ ਸਹਿਮਤ ਨਾ ਹੋਏ, ਪਰ ਇਸਲਾਮ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਨਾਂ 'ਤੇ ਸਾਰੇ ਤਿਆਰ ਹੋ ਗਏ ।

ਇਸ ਨੇ ਅਪ੍ਰੈਲ, 1398 ਈ. ਵਿਚ ਹਿੰਦੁਸਤਾਨ ਉਤੇ ਹਮਲਾ ਕੀਤਾ। ਮੁਲਤਾਨ, ਤੁਲੰਬਾ, ਭਟਨੇਰ ਆਦਿ ਨਗਰਾਂ ਨੂੰ ਖ਼ੂਬ ਲੁਟਿਆ ਅਤੇ ਹਿੰਦੂਆਂ ਦੇ ਮੰਦਿਰਾਂ ਨੂੰ ਢਵਾਇਆ । ਸੰਨ 1398 ਈ. ਦੇ ਦਸੰਬਰ ਮਹੀਨੇ ਦੇ ਪਹਿਲੇ ਹਫ਼ਤੇ ਵਿਚ ਇਹ ਦਿੱਲੀ ਵਲ ਵਧਿਆ । ਦਿੱਲੀ ਤਖ਼ਤ ਉਤੇ ਬੈਠੇ ਤੁਗ਼ਲਕ ਬਾਦਸ਼ਾਹ ਨਾਸਿਰੁੱਦੀਨ ਮਹਿਮੂਦ ਨੂੰ 17 ਦਸੰਬਰ, 1398 ਈ. ਨੂੰ ਹਰਾ ਕੇ ਦਿੱਲੀ ਨਗਰ ਵਿਚ ਦਾਖ਼ਲ ਹੋਇਆ । ਪੰਜ ਦਿਨਾਂ ਤਕ ਸਾਰੇ ਸ਼ਹਿਰ ਨੂੰ ਲੁਟਿਆ । ਲਗਭਗ ਦੋ ਹਫ਼ਤੇ ਦਿੱਲੀ ਵਿਚ ਰਹਿਣ ਉਪਰੰਤ ਮੇਰਠ ਅਤੇ ਹਰਿਦੁਆਰ ਵਲ ਵਧਿਆ ਅਤੇ ਉਥੋਂ ਦੇ ਹਿੰਦੂ ਮੰਦਿਰ ਢਵਾਏ ਅਤੇ ਬੇਹਿਸਾਬਾ ਧਨ ਲੁਟਿਆ। ਫਿਰ ਕਾਂਗੜੇ ਪਹੁੰਚਿਆ ਅਤੇ ਬਹੁਤ ਲੁਟ-ਮਾਰ ਮਚਾਈ । ਆਖ਼ਰ ਜੰਮੂ ਨੂੰ ਲੁਟਦਾ ਹੋਇਆ 19 ਮਾਰਚ, 1399 ਈ. ਨੂੰ ਇਹ ਆਪਣੇ ਦੇਸ਼ ਪਰਤ ਗਿਆ ।

ਅਤਿ ਅਧਿਕ ਧਨ-ਦੌਲਤ ਤੋਂ ਇਲਾਵਾ ਇਹ ਆਪਣੇ ਨਾਲ ਬਹੁਤ ਸਾਰਿਆਂ ਲੜਕਿਆਂ, ਲੜਕੀਆਂ, ਕਾਰੀਗਰਾਂ ਆਦਿ ਨੂੰ ਗ਼ੁਲਾਮ ਬਣਾ ਕੇ ਲੈ ਗਿਆ । ਇਸ ਨੇ

ਹਿੰਦੁਸਤਾਨ ਉਤੇ ਕੀਤੇ ਹਮਲੇ ਦੌਰਾਨ ਲੱਖਾਂ ਹਿੰਦੂ ਕਤਲ ਕੀਤੇ ਅਤੇ ਅਨੇਕਾਂ ਮੰਦਿਰਾਂ ਨੂੰ ਬਰਬਾਦ ਕੀਤਾ। ਇਸ ਦਾ ਉੱਦੇਸ਼ ਹਿੰਦੁਸਤਾਨ ਉਤੇ ਹਕੂਮਤ ਕਰਨ ਦਾ ਨਹੀਂ ਸੀ, ਕੇਵਲ ਲੁਟ-ਮਾਰ ਕਰਨਾ ਹੀ ਇਸ ਦਾ ਆਸ਼ਾ ਸੀ। ਸਮਰਕੰਦ ਪਰਤਣ ਉਪਰੰਤ ਕੁਝ ਹੋਰ ਇਲਾਕੇ ਜਿੱਤੇ, ਪਰ ਜਦੋਂ ਇਹ ਚੀਨ ਨੂੰ ਜਿੱਤਣ ਦੀ ਯੋਜਨਾ ਬਣਾ ਰਿਹਾ ਸੀ, ਤਾਂ 28 ਫ਼ਰਵਰੀ, 1405 ਈ. ਨੂੰ ਇਸ ਦਾ ਦੇਹਾਂਤ ਹੋ ਗਿਆ।

ਇਤਿਹਾਸ ਵਿਚ ਇਹ ਚੰਗੇਜ਼ ਖ਼ਾਂ, ਹਲਾਕੂ ਵਾਂਗ ਜ਼ਾਲਮ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਹੈ। ਕਵੀ ਕੇਦਾਰ ਨਾਥ 'ਬਾਗ਼ੀ' ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ— 'ਤੇ ਖੋਪਰੀਆਂ ਦੇ ਦੀਵੇ ਹੁਣ,/ਬਾਲਾਂਗੇ ਅਸੀਂ ਮਸੀਤਾਂ 'ਚ।/ਤੈਮੂਰ ਲਿੰਗ ਦੇ ਵੇਲੇ ਤੋਂ,/ ਇਹ ਗਲ ਏ ਸਾਡੀਆਂ ਰੀਤਾਂ ਦੀ।'

ਤੌਰੇਤ : ਵੇਖੋ 'ਕਤੇਬ'।

ਤੰਤ੍ਰ-ਸ਼ਾਸਤ੍ਰ : ਇਹ ਸ਼ਾਸਤ੍ਰ 'ਆਗਮ' (ਵੇਖੋ) ਦੇ ਅੰਤਰਗਤ ਆਉਂਦਾ ਹੈ। ਇਸ ਵਿਚ ਜਾਦੂ ਅਤੇ ਟੂਣਿਆਂ ਦੀ ਸ਼ਕਤੀ ਦੇ ਵਰਣਨ ਦੇ ਨਾਲ-ਨਾਲ ਸ਼ਕਤੀ (ਦੇਵੀ) ਦੀ ਉਪਾਸਨਾ ਪ੍ਰਧਾਨ ਹੁੰਦੀ ਹੈ। ਇਸ ਸ਼ਾਸਤ੍ਰ ਦੀ ਵੱਡੀ ਵਿਸ਼ੇਸ਼ਤਾ ਦੇਵਤੇ ਦੀ ਇਸਤਰੀ ਨੂੰ ਵਿਸ਼ੇਸ਼ ਰੂਪ ਵਿਚ ਉਘਾੜਨਾ ਹੈ। ਇਸ ਲਈ ਸ਼ਿਵ ਦੀ ਸ਼ਕਤੀ (ਦੇਵੀ) ਦੀ ਉਪਾਸਨਾ ਦੀ ਇਸ ਸ਼ਾਸਤ੍ਰ ਵਿਚ ਪ੍ਰਧਾਨਤਾ ਹੈ। ਸ਼ਕਤੀ ਦੀ ਉਪਾਸਨਾ ਕਾਰਣ ਇਸ ਨੂੰ 'ਸ਼ਾਕ੍ਤ-ਮਤ' (ਵੇਖੋ) ਵੀ ਕਿਹਾ ਜਾਂਦਾ ਹੈ।

ਤੰਤ੍ਰ-ਪੂਜਾ-ਵਿਧੀ ਵਿਚ ਪੰਜ ਮਕਾਰ ਵਿਸ਼ੇਸ਼ ਮਹੱਤਵ ਰਖਦੇ ਹਨ—ਮਦ੍ਯ (ਮਦਿਰਾ), ਮਾਸ, ਮਤ੍ਸ੍ਯ (ਮੱਛੀ), ਮੁਦ੍ਰਾ (ਭੁਜੇ ਹੋਏ ਚਿੜਵੇ ਜਾਂ ਕਣਕ, ਚਣੇ ਆਦਿ ਦਾ ਭੁੰਨਿਆ ਹੋਇਆ ਬੇਰੜਾ, ਮੈਥੁਨ (ਸੰਭੋਗ)। ਹਰ ਸ਼ਕਤੀ ਦੇ ਦੋ ਰੂਪ ਹਨ— ਨਰਮ ਅਤੇ ਗਰਮ; ਅਥਵਾ ਸੌਮ੍ਯ ਅਤੇ ਭਿਆਨਕ। ਜਿਵੇਂ ਸ਼ਿਵ ਦੀ ਸ਼ਕਤੀ ਦਾ ਨਰਮ ਪੱਖ ਗੌਰੀ ਜਾਂ ਉਮਾ ਵਿਚ ਵੇਖਿਆ ਜਾ ਸਕਦਾ ਹੈ ਅਤੇ ਗਰਮ ਪੱਖ ਦੇ ਦਰਸ਼ਨ ਦੁਰਗਾ ਅਤੇ ਕਾਲੀ ਰੂਪ ਵਿਚ ਹੋ ਜਾਂਦੇ ਹਨ। ਸ਼ਕਤੀ ਦੇ ਉਪਾਸਕਾਂ ਦੇ ਵੀ ਦੋ ਮਾਰਗ ਹਨ—ਦਕ੍ਸ਼ਣ-ਮਾਰਗ ਅਤੇ ਵਾਮ-ਮਾਰਗ। ਦਕ੍ਸ਼ਣ ਮਾਰਗੀਆਂ ਦੀ ਪੂਜਾ-ਵਿਧੀ ਸਵੱਛ ਹੈ, ਪਰ ਵਾਮ-ਮਾਰਗੀਆਂ ਦੀ ਉਪਾਸਨਾ-ਵਿਧੀ ਵਿਚ ਅਨੇਕ ਪ੍ਰਕਾਰ ਦੀਆਂ ਘਿਰਣਿਤ ਅਤੇ ਦੁਰਾਚਾਰੀ ਪ੍ਰਵਿੱਤੀਆਂ ਦਾ ਬੋਲ-ਬਾਲਾ ਹੈ। ਮੱਧ-ਯੁਗ ਦੇ ਸੰਤਾਂ/ਭਗਤਾਂ ਨੇ ਤਾਂਤ੍ਰਿਕਾਂ ਅਥਵਾ ਸ਼ਾਕਤਾਂ ਦੀਆਂ ਮਾੜੀਆਂ ਰੁਚੀਆਂ ਕਾਰਣ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਆਦਰ ਨਹੀਂ ਦਿੱਤਾ।

ਤ੍ਰਿਸ਼ੰਕੂ : 'ਬਾਲਮੀਕੀ ਰਾਮਾਇਣ' ਅਤੇ ਪੁਰਾਣ-ਸਾਹਿੱਤ ਵਿਚ ਮਿਲਦੇ ਆਖਿਆਨਾਂ ਦੇ ਆਧਾਰ ਤੇ ਤ੍ਰਿਸ਼ੰਕੂ ਸੂਰਜ-ਵੰਸ਼ੀ ਰਾਜਾ ਮਾਂਧਾਤਾ ਦੇ ਵੰਸ਼ ਵਿਚ ਤ੍ਰੈਯਾਰੁਣਿ ਦੇ ਘਰ ਪੈਦਾ ਹੋਇਆ। ਇਸ ਦਾ ਮੂਲ ਨਾਂ ਸਤ੍ਯਵ੍ਰਤ ਸੀ। ਇਸ ਦੇ ਤ੍ਰਿਸ਼ੰਕੂ ਨਾਂ ਬਾਰੇ 'ਦੇਵੀ ਭਾਗਵਤ ਪੁਰਾਣ' (7) ਵਿਚ ਲਿਖਿਆ ਹੈ ਕਿ ਬ੍ਰਾਹਮਣ ਕੰਨਿਆ ਨੂੰ ਉਧਾਲਣ, ਰਾਜ ਤੋਂ ਨਿਰਵਾਸਿਤ ਹੋਣ ਅਤੇ ਵਸਿਸ਼ਠ ਦੀ ਗਊ ਦੀ ਹਤਿਆ ਕਰਨ ਕਰਕੇ ਇਸ ਦੇ ਮੱਥੇ ਤੇ ਤ੍ਰਿਸ਼ੰਕੂ ਚਿੰਨ੍ਹ ਬਣ ਗਿਆ। ਤਦ ਤੋਂ ਇਹ 'ਤ੍ਰਿਸ਼ੰਕੂ' ਕਿਹਾ ਜਾਣ ਲਗਿਆ।

ਸਤ੍ਯਵ੍ਰਤ ਦੇ ਮਨ ਵਿਚ ਇੱਛਾ ਪੈਂਦਾ ਹੋਈ ਕਿ ਉਹ ਸਰੀਰ ਸਹਿਤ ਸਵਰਗ ਵਿਚ ਜਾਵੇ। ਇਸ ਇੱਛਾ ਦੀ ਪੂਰਤੀ ਲਈ ਉਹ ਆਪਣੇ ਕੁਲ-ਗੁਰੂ ਵਸਿਸ਼ਠ ਰਿਸ਼ੀ ਕੋਲ ਗਿਆ। ਰਿਸ਼ੀ ਨੇ ਅਜਿਹਾ ਹੋਣਾ ਅਸੰਭਵ ਦਸਿਆ। ਫਿਰ ਉਹ ਦੱਖਣ ਵਿਚ ਉਸ ਦੇ ਸੌ ਤਪਸਵੀ ਪੁੱਤਰਾਂ ਕੋਲ ਗਿਆ, ਤਾਂ ਉਨ੍ਹਾਂ ਨੇ ਵੀ ਨਾਂਹ ਕਰ ਦਿੱਤੀ। ਜਦੋਂ ਸਤ੍ਯਵ੍ਰਤ ਨੇ ਉਨ੍ਹਾਂ ਨੂੰ ਇਸ ਕੰਮ ਲਈ ਕਿਸੇ ਹੋਰ ਪਾਸ ਜਾਣ ਦੀ ਗੱਲ ਕਹੀ ਤਾਂ ਰਿਸ਼ੀ ਪੁੱਤਰਾਂ ਨੇ ਉਸ ਨੂੰ ਚੰਡਾਲ ਹੋਣ ਦਾ ਸਰਾਪ ਦਿੱਤਾ। ਸਤ੍ਯਵ੍ਰਤ ਚੰਡਾਲ ਰੂਪ ਵਿਚ ਵਿਚਰਦਾ ਰਿਹਾ।

ਇਕ ਵਾਰ ਬਾਰ੍ਹਾਂ ਵਰ੍ਹੇ ਮੀਂਹ ਨਾ ਪੈਣ ਕਾਰਣ ਕਾਲ ਪੈ ਗਿਆ। ਕਾਲ ਦੌਰਾਨ ਇਸ ਨੇ ਮੁਨੀ ਵਿਸ਼ਵਾਮਿਤਰ ਅਤੇ ਉਸ ਦੇ ਪਰਿਵਾਰ ਦੀ ਬਹੁਤ ਸੇਵਾ ਕੀਤੀ ਅਤੇ ਖਾਣ ਦੀ ਸਾਮਗ੍ਰੀ ਜੁਟਾਉਣ ਦੀ ਵਿਵਸਥਾ ਕੀਤੀ। ਇਸ ਕਰਕੇ ਵਿਸ਼ਵਾਮਿਤਰ ਬਹੁਤ ਪ੍ਰਸੰਨ ਹੋਇਆ। ਉਸ ਨੇ ਸਤ੍ਯਵ੍ਰਤ ਨੂੰ ਸ਼ਰੀਰ ਸਹਿਤ ਸਵਰਗ ਭੇਜ ਦਿੱਤਾ, ਪਰ ਇੰਦਰ ਆਦਿ ਦੇਵਤਿਆਂ ਨੇ ਇਸ ਨੂੰ ਸਵਰਗ ਵਿਚ ਨਾ ਵੜਨ ਦਿੱਤਾ। ਵਿਸ਼ਵਾਮਿਤਰ ਨੇ ਆਪਣੀ ਤਪਸਿਆ ਦੇ ਬਲ ਨਾਲ ਇਸ ਨੂੰ ਹੇਠਾਂ ਵੀ ਨਾ ਡਿਗਣ ਦਿੱਤਾ। ਉਹ ਹੁਣ ਤਕ ਹੇਠਾਂ ਵਲ ਮੂਹ ਕੀਤੇ ਲਟਕਿਆ ਹੋਇਆ ਹੈ।

ਤ੍ਰਿਸ਼ੰਕੂ ਦੀ ਪਤਨੀ ਨੇ ਰਾਜਾ ਹਰਿਸ਼ਚੰਦਰ (ਵੇਖੋ) ਨੂੰ ਜਨਮ ਦਿੱਤਾ ਜੋ ਆਪਣੀ ਸਤਿਵਾਦਤਾ ਕਰਕੇ ਬਹੁਤ ਪ੍ਰਸਿੱਧ ਹੋਇਆ।

ਤ੍ਰਿਬੇਣੀ-ਸੰਗਮ : ਜਿਥੇ ਤਿੰਨ ਜਲ-ਧਾਰਾਵਾਂ ਜਾਂ ਨਦੀਆਂ ਮਿਲਣ, ਉਸ ਨੂੰ ਤ੍ਰਿਬੇਣੀ-ਸੰਗਮ ਕਿਹਾ ਜਾਂਦਾ ਹੈ। ਹੁਣ ਇਹ ਉਕਤੀ ਪ੍ਰਯਾਗ ਤੀਰਥ (ਇਲਾਹਾਬਾਦ) ਲਈ ਰੂੜ੍ਹ ਹੋ ਚੁੱਕੀ ਹੈ। ਇਥੇ ਗੰਗਾ, ਯਮਨਾ ਅਤੇ ਸਰਸ੍ਵਤੀ ਨਾਂ ਦੀਆਂ ਤਿੰਨ ਨਦੀਆਂ ਮਿਲਦੀਆਂ ਹਨ। ਇਨ੍ਹਾਂ ਤਿੰਨਾਂ ਵਿਚੋਂ ਸਰਸ੍ਵਤੀ (ਵੇਖੋ) ਗੁਪਤ ਰੂਪ ਵਿਚ ਮਿਲਦੀ ਦਸੀ ਜਾਂਦੀ ਹੈ।

ਹਿੰਦੂ ਧਰਮ ਵਿਚ ਨਦੀਆਂ ਦੇ ਸੰਗਮ ਨੂੰ ਪਵਿੱਤਰ ਸਮਝਿਆ ਜਾਂਦਾ ਹੈ। ਇਸ ਲਈ ਪ੍ਰਯਾਗ ਦੇ ਸੰਗਮ ਨੂੰ ਹਿੰਦੂ ਧਰਮ ਵਿਚ ਬੜਾ ਗੌਰਵ ਪ੍ਰਾਪਤ ਹੈ। ਇਥੇ ਮਾਘੀ ਦੇ ਇਸ਼ਨਾਨ ਦਾ ਵਿਸ਼ੇਸ਼ ਮਹਾਤਮ ਹੈ। ਹਰ ਬਾਰ੍ਹਾਂ ਸਾਲ ਬਾਦ ਇਥੇ ਕੁੰਭ ਦਾ ਮੇਲਾ ਵੀ ਲਗਦਾ ਹੈ ਜਿਸ ਵਿਚ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਵਿਅਕਤੀ ਸ਼ਾਮਲ ਹੋਣ ਲਈ ਆਉਂਦੇ ਹਨ। ਕੁੰਭ ਦੇ ਦਿਨਾਂ ਵਿਚ ਕੀਤਾ ਹੋਇਆ ਇਸ਼ਨਾਨ ਧਾਰਮਿਕ ਦ੍ਰਿਸ਼ਟੀ ਤੋਂ ਬੜਾ ਪਵਿੱਤਰ ਸਮਝਿਆ ਜਾਂਦਾ ਹੈ। ਪਰ ਗੁਰਬਾਣੀ ਵਿਚ ਇਸ ਇਸ਼ਨਾਨ ਨਾਲੋਂ ਸੰਤਾਂ ਦੀ ਚਰਣ-ਧੂੜ ਨੂੰ ਅਧਿਕ ਮਹੱਤਵ ਦਿੱਤਾ ਗਿਆ ਹੈ।

ਹਠ-ਯੋਗ ਵਿਚ ਇਨ੍ਹਾਂ ਤਿੰਨਾਂ ਨਦੀਆਂ ਦੇ ਪ੍ਰਤੀਕ ਵਜੋਂ ਇੜਾ ਪਿੰਗਲਾ ਅਤੇ ਸੁਖਮਨਾ ਨਾੜੀਆਂ ਨੂੰ ਮਨੁੱਖੀ ਸ਼ਰੀਰ ਦੇ ਅੰਦਰ ਹੀ ਮਿਲਾ ਕੇ ਤ੍ਰਿਬੇਣੀ-ਸੰਗਮ ਦੀ ਕਲਪਨਾ ਕੀਤੀ ਗਈ ਹੈ। ਗੁਰੂ ਨਾਨਕ ਦੇਵ ਨੇ ਮਾਰੂ ਰਾਗ ਵਿਚ ਇਸ ਦਾ ਹਵਾਲਾ ਦਿੱਤਾ ਹੈ—'ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ' (ਅ. ਗ੍ਰੰ. 1022)।

ਤ੍ਰਿਮੂਰਤੀ : ਇਸ ਤੋਂ ਭਾਵ ਹੈ ਤਿੰਨ ਦੇਵਤਿਆਂ ਦਾ ਸਮੂਹ। ਵੈਦਿਕ ਕਾਲ ਦੇ ਤਿੰਨ

ਮੁੱਖ ਦੇਵਤੇ ਸਨ—ਸੂਰਜ, ਅਗਨੀ ਅਤੇ ਵਾਯੂ। ਇਨ੍ਹਾਂ ਤਿੰਨਾਂ ਦੇ ਸਮੂੰਹ ਨੂੰ ਹੀ ਤ੍ਰਿਮੂਰਤੀ ਕਿਹਾ ਜਾਂਦਾ ਸੀ। ਪਰ 'ਮੈਤ੍ਰਾਯਣੀ ਉਪਨਿਸ਼ਦ' ਤੋਂ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਨੂੰ ਪ੍ਰਧਾਨ ਦੇਵਤਾ ਮੰਨਣ ਦੀ ਗੱਲ ਤੁਰ ਪਈ।

ਪੌਰਾਣਿਕ ਕਾਲ ਵਿਚ ਵੈਦਿਕ ਕਾਲ ਦੇ ਦੇਵਤਿਆਂ ਦਾ ਮਹੱਤਵ ਘੱਟ ਗਿਆ ਅਤੇ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਦੀ ਉਪਾਸਨਾ ਮੁੱਖ ਹੋ ਗਈ। ਤਿੰਨਾਂ ਦੇ ਆਪਣੇ-ਆਪਣੇ ਸੰਪ੍ਰਦਾਇ ਵੀ ਚਲ ਪਏ। ਇਨ੍ਹਾਂ ਤਿੰਨਾਂ ਵਿਚ ਇਕ-ਸੂਤਰਤਾ ਲਿਆਉਣ ਲਈ ਤ੍ਰਿਮੂਰਤੀ ਦਾ ਨਵਾਂ ਸੰਕਲਪ ਸਾਹਮਣੇ ਆਇਆ। ਇਹ ਸੰਕਲਪ ਵੈਦਿਕ ਸੰਕਲਪ ਤੋਂ ਭਿੰਨ ਹੈ। ਇਸ ਵਿਚ ਪਰਮਾਤਮਾ ਦੀਆਂ ਤਿੰਨ ਸਮਰਥਾਵਾਂ—ਸੰਸਾਰ ਦੀ ਉਤਪੱਤੀ, ਪਾਲਣਾ ਅਤੇ ਸੰਘਾਰ—ਦਾ ਮੂਰਤੀਕਰਣ ਹੋਇਆ ਹੈ। ਬ੍ਰਹਮਾ ਉਤਪੱਤੀ ਦਾ, ਵਿਸ਼ਣੂ ਪਾਲਣਾ ਦਾ ਅਤੇ ਸ਼ਿਵ ਸੰਘਾਰ ਦਾ ਦੇਵਤਾ ਮੰਨ ਕੇ ਇਨ੍ਹਾਂ ਤਿੰਨਾਂ ਪੱਖਾਂ ਨੂੰ ਇਕ ਵਿਚ ਸਮੋਇਆ ਗਿਆ ਹੈ। ਇਹ ਤਿੰਨੋਂ ਦੇਵਤਾ ਕ੍ਰਮਵਾਰ ਰਜੋ, ਸਤੋ ਅਤੇ ਤਮੋ ਗੁਣਾਂ ਦੇ ਪ੍ਰਤਿਨਿਧੀ ਹਨ। ਇਹ ਤਿੰਨੋਂ ਗੁਣ ਮਾਯਾ ਦੇ ਉਤਪੰਨ ਕੀਤੇ ਹਨ। ਇਸ ਲਈ ਤਿੰਨੋਂ ਦੇਵਤੇ ਵੀ ਮਾਯਾਵੀ ਗੁਣਾਂ ਦੇ ਪ੍ਰਤਿਨਿਧੀ ਹੋਣ ਕਾਰਣ ਮਾਯਾ ਦੁਆਰਾ ਪੈਦਾ ਕੀਤੇ ਹਨ। ਜਪੁਜੀ ਵਿਚ ਗੁਰੂ ਨਾਨਕ ਦੇਵ ਨੇ ਸਥਾਪਨਾ ਕੀਤੀ ਹੈ—'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।/ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।'

ਤ੍ਰਿਲੋਚਨ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਤ੍ਰਿਲੋਚਨ ਭਗਤ : ਇਕ ਭਗਤ ਜਿਸ ਨੂੰ ਭਗਤ ਨਾਮਦੇਵ ਦਾ ਸਮਕਾਲੀ ਅਥਵਾ ਸਤਿਸੰਗੀ ਦਸਿਆ ਜਾਂਦਾ ਹੈ। ਇਹ ਵੀ ਰਵਾਇਤ ਹੈ ਕਿ ਇਸ ਨੇ ਨਾਮ ਦੇਵ ਤੋਂ ਅਧਿਆਤਮਿਕ ਪ੍ਰੇਰਣਾ ਪ੍ਰਾਪਤ ਕੀਤੀ ਸੀ। ਨਾਭਾਦਾਸ ਨੇ 'ਭਗਤਮਾਲ' ਵਿਚ ਇਸ ਨੂੰ ਨਾਮਦੇਵ ਵਾਂਗ ਗਿਆਨਦੇਵ ਦਾ ਚੇਲਾ ਮੰਨਿਆ ਹੈ। ਇਸ ਦਾ ਜਨਮ ਮੈਕਾਲਿਫ ਅਨੁਸਾਰ ਸੰਨ 1267 ਈ. (1324 ਬਿ.) ਵਿਚ ਅਤੇ ਭਾਈ ਕਾਨ੍ਹ ਸਿੰਘ ਅਨੁਸਾਰ 1268 ਈ. (1325 ਬਿ.) ਵਿਚ ਮਹਾਰਾਸ਼ਟਰ ਦੇ ਜ਼ਿਲਾ ਸ਼ੋਲਾਪੁਰ ਦੇ ਬਾਰਸੀ ਕਸਬੇ ਵਿਚ ਹੋਇਆ ਸੀ ਅਤੇ ਉਥੇ ਹੀ ਇਸ ਨੇ ਆਪਣਾ ਜੀਵਨ ਬਤੀਤ ਕੀਤਾ। ਇਹ ਕੁਲ ਪਰੰਪਰਾ ਤੋਂ ਵੈਸ਼ ਸੀ। ਕੁਝ ਵਿਦਵਾਨ ਇਸ ਦਾ ਜੱਦੀ ਪਿੰਡ ਉੱਤਰ-ਪ੍ਰਦੇਸ਼ ਵਿਚ ਦਸਦੇ ਹਨ।

ਕਹਿੰਦੇ ਹਨ ਕਿ ਇਹ ਸਾਧੂਆਂ ਪ੍ਰਤਿ ਬਹੁਤ ਸ਼ਰਧਾ ਰਖਦਾ ਸੀ। ਪਰ ਸਾਧੂਆਂ ਨੂੰ ਭੋਜਨ ਕਰਾਉਣ ਦਾ ਕੰਮ ਇਸ ਦੀ ਪਤਨੀ ਤੋਂ ਇਕੱਲਿਆਂ ਨਹੀਂ ਸੰਭਾਲਿਆ ਜਾਂਦਾ ਸੀ। ਇਸ ਲਈ ਇਸ ਨੇ ਬਹੁਤ ਯਤਨ ਕਰਕੇ ਇਕ ਨੌਕਰ ਲਭਿਆ ਜਿਸ ਦਾ ਨਾਂ 'ਅੰਤਰਜਾਮੀ' ਸੀ। ਉਸ ਨੌਕਰ ਨਾਲ ਸ਼ਰਤ ਇਹ ਠਹਿਰੀ ਕਿ ਉਹ ਨਿੱਤ 5 ਜਾਂ 7 ਸੇਰ ਤੋਂ ਘੱਟ ਭੋਜਨ ਨਹੀਂ ਕਰੇਗਾ ਅਤੇ ਜੇ ਉਸ ਨੂੰ ਕਿਸੇ ਟੋਕਿਆ ਜਾਂ ਖਾਣ-ਪੀਣ ਬਾਰੇ ਇਤਰਾਜ਼ ਕੀਤਾ ਤਾਂ ਉਹ ਨੌਕਰੀ ਛਡ ਕੇ ਚਲਾ ਜਾਵੇਗਾ। ਉਸ ਨੌਕਰ ਨੇ ਸੇਵਾ ਇਤਨੀ ਰੁਚੀ ਅਤੇ ਪ੍ਰੇਮ-ਭਾਵਨਾ ਨਾਲ ਕੀਤੀ ਕਿ ਨਿੱਤ ਆਉਣ ਵਾਲੇ ਸਾਧੂਆਂ ਦੀ ਗਿਣਤੀ ਵਧ ਗਈ; ਫਲਸਰੂਪ ਉਨ੍ਹਾਂ ਲਈ ਭੋਜਨ ਤਿਆਰ ਕਰਨ ਦਾ ਕੰਮ ਵੀ ਵੱਧ ਗਿਆ। ਕੰਮ-

ਕਾਰ ਤੋਂ ਥਕੀ ਹੋਈ ਇਸ ਦੀ ਪਤਨੀ ਨੇ ਆਪਣੀ ਪੜੋਸਨ ਨੂੰ ਕਹਿ ਦਿੱਤਾ ਕਿ ਇਸ ਨੌਕਰ ਦੀ ਸੇਵਾ ਕਾਰਣ ਸਾਧੂਆਂ ਦੀ ਗਿਣਤੀ ਵੱਧ ਗਈ ਹੈ ਅਤੇ ਇਹ ਵੀ ਬੇਹਿਸਾਬਾ ਖਾਂਦਾ ਹੈ। ਇਸ ਗੱਲ ਦੇ ਪਤਾ ਲਗਣ ਤੇ ਨੌਕਰ ਚੁਪ-ਚਾਪ ਨੌਕਰੀ ਛੱਡ ਕੇ ਚਲਾ ਗਿਆ। ਬਾਦ ਵਿਚ ਪਤਾ ਲਗਾ ਕਿ ਉਹ ਨੌਕਰ ਤਾਂ ਖ਼ੁਦ ਅੰਤਰਯਾਮੀ (ਪ੍ਰਭੂ) ਸੀ। ਮਗਰੋਂ ਤ੍ਰਿਲੋਚਨ ਬਹੁਤ ਪਛਤਾਇਆ ਪਰ ਕੀ ਬਣ ਸਕਦਾ ਸੀ।

ਤ੍ਰਿਲੋਚਨ ਦੇ ਚਾਰ ਸ਼ਬਦ ਅਥਵਾ ਪਦ ਗੁਰੂ ਗ੍ਰੰਥ ਸਾਹਿਬ ਦੇ ਸਿਰੀ (1), ਗੂਜਰੀ (2) ਅਤੇ ਧਨਾਸਰੀ (1) ਰਾਗਾਂ ਵਿਚ ਸੰਕਲਿਤ ਹਨ ਜਿਨ੍ਹਾਂ ਵਿਚ ਮਾਯਾ-ਮੋਹ, ਪਾਖੰਡ-ਕਰਮ ਆਦਿ ਦਾ ਤਿਆਗ ਕਰਨਾ ਦਸਿਆ ਗਿਆ ਹੈ ਅਤੇ ਨਾਮ-ਸਿਮਰਨ ਉਤੇ ਬਲ ਦਿੱਤਾ ਗਿਆ ਹੈ।

ਸੰਤ ਕਬੀਰ ਨੇ ਆਪਣੀ ਬਾਣੀ ਵਿਚ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ— 'ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ' (ਆ. ਗ੍ਰੰ. 1376)।

ਤ੍ਰੇਤਾ-ਯੁਗ : ਭਾਰਤੀ ਚਿੰਤਕਾਂ ਅਤੇ ਪੁਰਾਣਕਾਰਾਂ ਨੇ ਸ੍ਰਿਸ਼ਟੀ ਦੇ ਕਾਲ-ਚੱਕਰ ਨੂੰ ਚਾਰ ਯੁਗਾਂ ਵਿਚ ਵੰਡਿਆ ਹੈ—ਸਤਯੁਗ, ਤ੍ਰੇਤਾ, ਦਵਾਪਰ ਅਤੇ ਕਲਿਯੁਗ'। ਸਪੱਸ਼ਟ ਹੈ ਕਿ ਤ੍ਰੇਤਾ ਕ੍ਰਮ ਵਿਚ ਦੂਜੀ ਥਾਂ 'ਤੇ ਹੈ। ਇਸ ਵਿਚ ਧਰਮ ਦੀ ਚੌਥੀ ਕਲਾ ਜਾਂ ਅੰਸ਼ ਘੱਟ ਜਾਂਦਾ ਹੈ ਅਤੇ ਧਰਮ-ਧੌਲ ਕੇਵਲ ਤਿੰਨ ਪੈਰਾਂ ਉਤੇ ਖੜਾ ਰਹਿੰਦਾ ਹੈ।

ਤ੍ਰੇਤਾ-ਯੁਗ ਦੇ ਲੋਕ ਸੱਚੇ ਅਤੇ ਧਾਰਮਿਕ ਸੰਸਕਾਰਾਂ ਵਾਲੇ ਸਨ। ਯੱਗਾਂ ਨੂੰ ਵਿਧੀ-ਪੂਰਵਕ ਪਵਿੱਤਰ ਕਰਮਾਂ ਵੱਜੋਂ ਕੀਤਾ ਜਾਂਦਾ ਸੀ। ਮਨੁੱਖ ਸਾਰੇ ਕਾਰਜ ਮਨੋਰਥ ਨਿਮਿਤ ਕਰਦੇ ਸਨ ਅਤੇ ਆਪਣੇ ਧਾਰਮਿਕ ਸੰਸਕਾਰਾਂ ਦੇ ਫਲ ਦੀ ਇੱਛਾ ਕਰਦੇ ਸਨ। ਇਸ ਯੁਗ ਦੀ ਮਿਆਦ ਵਿਦਵਾਨਾਂ ਅਨੁਸਾਰ 12,96,000 ਵਰ੍ਹੇ ਹੈ ਅਤੇ ਮਨੁੱਖ ਦੀ ਉਮਰ 300 ਵਰ੍ਹੇ ਹੈ। ਸਤਿਯੁਗ ਤੋਂ ਬਾਦ ਇਸੇ ਯੁਗ ਦਾ ਸਥਾਨ ਅਤੇ ਮਹੱਤਵ ਹੈ। ਮੱਧ-ਯੁਗ ਦੇ ਸੰਤਾਂ/ਭਗਤਾਂ ਨੇ ਇਸ ਦੇ ਵਰਣਨ ਵਿਚ ਅਧਿਕ ਰੁਚੀ ਨਹੀਂ ਲਈ।

ਗੁਰੂ ਨਾਨਕ ਦੇਵ ਨੇ ਇਸ ਯੁਗ ਵਿਚ ਧਰਮ ਦੀ ਇਕ ਕਲਾ ਦੇ ਨਸ਼ਟ ਹੋਣ ਅਤੇ ਧਰਮ ਧੌਲ ਦੇ ਤਿੰਨ ਪੈਰਾਂ ਉਤੇ ਟਿਕੇ ਹੋਣ ਦੀ ਗੱਲ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਮਨਮੁਖ ਵਿਅਕਤੀਆਂ ਨੂੰ ਇਸ ਯੁਗ ਵਿਚ ਈਸ਼ਵਰੀ ਗਿਆਨ ਘੱਟ ਹੀ ਪ੍ਰਾਪਤ ਹੁੰਦਾ ਹੈ—'ਤ੍ਰੇਤੈ ਧਰਮ ਕਲਾ ਇਕ ਚੂਕੀ।/ਤੀਨਿ ਚਰਣ ਇਕ ਦੁਬਿਧਾ ਸੂਕੀ।/ ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ' (ਆ. ਗ੍ਰੰ. 1023)।

ਤ੍ਰੈਗੁਣ : ਭਾਰਤੀ ਚਿੰਤਕਾਂ ਨੇ ਮਾਯਾ (ਵੇਖ) ਨੂੰ ਤ੍ਰੈਗੁਣਾਤਮਕ ਮੰਨਿਆ ਹੈ। ਇਹ ਤਿੰਨ ਗੁਣ ਹਨ—ਸਤੋ, ਰਜੋ ਅਤੇ ਤਮੋ। ਗੁਰੂ ਅਮਰਦਾਸ ਅਨੁਸਾਰ—'ਤ੍ਰੈਗੁਣ ਮਾਇਆ ਮੋਹੁ ਹੈ, ਗੁਰਮੁਖਿ ਚਉਥਾ ਪਦੁ ਪਾਇ' (ਆ. ਗ੍ਰੰ. 30)। ਮਾਯਾ ਨੂੰ 'ਅਵਿਦਿਆ' ਅਤੇ 'ਪ੍ਰਕ੍ਰਿਤੀ' ਵੀ ਕਿਹਾ ਗਿਆ ਹੈ। ਸਾਂਖ੍ਯ ਦਰਸ਼ਨ (ਵੇਖ) ਵਾਲਿਆਂ ਨੇ ਪ੍ਰਕ੍ਰਿਤੀ ਨੂੰ ਤ੍ਰੈਗੁਣਾਤਮਕ ਦਸਿਆ ਹੈ। ਇਨ੍ਹਾਂ ਤਿੰਨਾ ਗੁਣਾਂ ਨਾਲ ਹੀ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ। ਇਸ ਲਈ ਜਗਤ ਦਾ ਮੂਲ ਉਪਾਦਾਨ ਕਾਰਣ ਇਹ ਤਿੰਨ ਗੁਣ ਹੀ ਹਨ। ਇਹ ਤਿੰਨੋਂ ਕ੍ਰਮਵਾਰ ਪ੍ਰਕਾਸ਼, ਸ਼ਕਤੀ ਅਤੇ ਜੜਤਾ ਦੇ ਪ੍ਰਤੀਕ ਹਨ।

ਸੰਤ ਕਬੀਰ ਨੇ ਵੀ ਦਸਿਆ ਹੈ—'ਰਜ ਗੁਣ ਤਮ ਗੁਣ ਸਤ ਗੁਣ ਕਹੀਐ ਏਹ ਤੇਰੀ ਸਭ ਮਾਇਆ' (ਅ. ਗ੍ਰੰ. 1123)।

'ਮੈਤ੍ਰਾਯਣੀ ਉਪਨਿਸ਼ਦ' ਵਿਚ ਇਕ ਮਹਤ੍ ਸਤ੍ਯ ਦੇ ਤਿੰਨ ਰੂਪਾਂ—ਵਿਸ਼ਣੂ, ਬ੍ਰਹਮਾ ਅਤੇ ਸ਼ਿਵ—ਨੂੰ ਸਤੋਂ, ਰਜੋ ਅਤੇ ਤਮੋ ਦੇ ਰੂਪ ਵਿਚ ਦਰਸਾਇਆ ਗਿਆ ਹੈ। ਇਸ ਗੱਲ ਨੂੰ ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਇਕ ਮਾਈ ਦੇ ਤਿੰਨ ਚੇਲਿਆਂ ਦੀ ਕਲਪਨਾ ਕਰਕੇ ਸਪੱਸ਼ਟ ਕੀਤਾ ਹੈ—'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।/ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ' (ਅ. ਗ੍ਰੰ. 7)।

ਦ

ਦਸਹਿਰਾ/ਦੁਸਹਿਰਾ : ਹਿੰਦੂ-ਮਤ ਵਾਲਿਆਂ ਦਾ ਇਕ ਪ੍ਰਸਿੱਧ ਤਿਉਹਾਰ ਜੋ ਹਰ ਸਾਲ ਅਸੂ ਸੁਦੀ ਦਸ ਨੂੰ ਮਨਾਇਆ ਜਾਂਦਾ ਹੈ। ਇਸ ਦਾ ਨਾਂ 'ਦਸਹਿਰਾ' ਇਸ ਲਈ ਪਿਆ ਕਿ ਇਸ ਦਿਨ ਸ੍ਰੀ ਰਾਮ ਨੇ ਲੰਕਾ ਉਤੇ ਜਿੱਤ ਪ੍ਰਾਪਤ ਕਰਕੇ ਦਸ ਸਿਰਾਂ ਵਾਲੇ ਰਾਵਣ ਦਾ ਵਧ ਕੀਤਾ ਸੀ। ਇਸ ਨੂੰ 'ਵਿਜਯਾ-ਦਸ਼ਮੀ' ਵੀ ਕਿਹਾ ਜਾਂਦਾ ਹੈ।

ਇਹ ਤਿਉਹਾਰ ਉੱਤਰ-ਭਾਰਤ ਵਿਚ ਬੜੇ ਉਲਾਸ ਨਾਲ ਮਨਾਇਆ ਜਾਂਦਾ ਹੈ ਕਿਉਂ ਜੋ ਇਸ ਦਿਨ ਨੇਕੀ ਨੇ ਬਦੀ ਉਤੇ ਜਿੱਤ ਪ੍ਰਾਪਤ ਕੀਤੀ ਸੀ। ਅਸੂ ਸੁਦੀ ਇਕ ਤੋਂ ਨੌਂ ਤਕ ਦੇ ਨੌਂ ਦਿਨਾਂ ਨੂੰ 'ਨੌਰਾਤੇ' ਕਿਹਾ ਜਾਂਦਾ ਹੈ। ਉਨ੍ਹਾਂ ਦਿਨਾਂ ਵਿਚ ਦੇਵੀ-ਉਪਾਸਕਾਂ ਵਲੋਂ ਸਾਂਝੀ-ਦੇਵੀ (ਵੇਖੋ) ਦੀ ਵਿਸ਼ੇਸ਼ ਰੂਪ ਵਿਚ ਪੂਜਾ ਹੁੰਦੀ ਹੈ। ਉਸ ਦੇ ਸਮਾਨਾਂਤਰ ਰਾਮ-ਭਗਤਾਂ ਵਲੋਂ ਰਾਮ-ਲੀਲਾ ਖੇਡੀ ਜਾਂਦੀ ਹੈ।

'ਰਾਮ-ਲੀਲਾ', ਅਸਲ ਵਿਚ, ਰਾਮਾਇਣ ਦੀ ਕਥਾ ਦਾ ਨਾਟਕੀ ਰੂਪਾਂਤਰਣ ਹੈ। ਇਸ ਦਾ ਪ੍ਰਚਲਨ ਗੋਸੁਆਮੀ ਤੁਲਸੀ ਦਾਸ ਨੇ ਕ੍ਰਿਸ਼ਣ-ਭਗਤਾਂ ਵਲੋਂ ਕੀਤੀ ਜਾਣ ਵਾਲੀ ਰਾਸ-ਲੀਲਾ ਦੀ ਲੀਹ 'ਤੇ ਕਾਸ਼ੀ (ਬਨਾਰਸ) ਵਿਚ ਕੀਤਾ ਦਸਿਆ ਜਾਂਦਾ ਹੈ। ਬਲਵੰਤ ਗਾਰਗੀ ਦੇ ਵਿਚਾਰ ਅਨੁਸਾਰ ਤੁਲਸੀ ਦਾਸ ਦੇ ਦੇਹਾਂਤ ਤੋਂ ਦੋ ਸਾਲ ਬਾਦ ਮੇਘਾ ਭਗਤ ਨੇ 'ਰਾਮ-ਚਰਿਤ-ਮਾਨਸ' ਦੇ ਆਧਾਰ ਤੇ ਪੰਚ-ਕੋਸੀ ਯਾਤ੍ਰਾ ਸਮੇਂ ਪਹਿਲੀ ਵਾਰ ਰਾਮ-ਲੀਲਾ ਖੇਡੀ ਸੀ। ਰਾਮ-ਲੀਲਾ ਵਿਚ ਰਾਮਾਇਣ ਦੀਆਂ ਮੁੱਖ ਮੁੱਖ ਘਟਨਾਵਾਂ-ਰਾਮ ਜਨਮ, ਯੱਗ-ਰੱਖਿਆ, ਸੁਅੰਬਰ, ਬਨ-ਗਮਨ, ਸਰੂਪਣਖਾ ਦਾ ਨੱਕ ਕਟਣਾ, ਸੀਤਾ-ਹਰਣ, ਰਾਮ-ਸੁਗ੍ਰੀਵ-ਮਿੱਤਰਤਾ, ਸੀਤਾ ਦੀ ਖੋਜ, ਰਾਮ-ਰਾਵਣ-ਯੁੱਧ, ਭਰਤ-ਮਿਲਾਪ, ਰਾਮ ਦਾ ਰਾਜਗੱਦੀ ਉਤੇ ਬੈਠਣਾ ਆਦਿ—ਦੇ ਦ੍ਰਿਸ਼ਾਂ ਨੂੰ ਨਾਟਕੀ ਢੰਗ ਨਾਲ ਮੰਚਿਤ ਕੀਤਾ ਜਾਂਦਾ ਹੈ। ਸਾਰੇ ਭਾਰਤ ਵਿਚ ਕਾਸ਼ੀ ਅਤੇ ਰਾਮਨਗਰ ਦੀਆਂ ਰਾਮ-ਲੀਲਾਵਾਂ ਪ੍ਰਸਿੱਧ ਹਨ। ਬੀਤੇ ਸਮੇਂ ਵਿਚ ਰਾਮਨਗਰ ਵਿਚ ਰਾਮ-ਲੀਲਾ ਦੀ ਵਿਵਸਥਾ ਉਥੋਂ ਦੇ ਰਾਜੇ ਵਲੋਂ ਕੀਤੀ ਜਾਂਦੀ ਸੀ। ਰਾਮ-ਲੀਲਾ ਦੀ ਹਰ ਇਕ ਘਟਨਾ ਦੇ ਮੰਚਨ ਲਈ ਉਥੇ ਵੱਖ-ਵੱਖ ਸਥਾਨ ਬਣੇ ਹੋਏ ਹਨ।

ਪੰਜਾਬ ਵਿਚ ਵੀ ਰਾਮ-ਲੀਲਾ ਬੜੇ ਸ਼ੌਕ ਅਤੇ ਉਤਸਾਹ ਨਾਲ ਖੇਡੀ ਜਾਂਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਹ ਤਿਉਹਾਰ ਸ਼ਾਹੀ ਪੱਧਰ ਤੇ ਫ਼ੌਜੀ ਖੇਡਾਂ ਅਤੇ ਮਸਨੂਈ ਜੰਗਾਂ ਦੇ ਪ੍ਰਦਰਸ਼ਨ ਰਾਹੀਂ ਮਨਾਇਆ ਜਾਂਦਾ ਸੀ। ਪੰਜਾਬੀ ਭਾਸ਼ਾ ਵਿਚ ਲਿਖੀ ਗਈ ਰਾਮ-ਲੀਲਾ ਦੀ ਪਟ-ਕਥਾ ਦੇ ਸੰਕੇਤ ਇਤਿਹਾਸ ਵਿਚ ਭਾਵੇਂ ਮਿਲਦੇ ਹਨ, ਪਰ ਪੰਜਾਬ ਵਿਚ ਅੱਜਕਲ ਖੇਡੀ ਜਾਂਦੀ ਰਾਮ-ਲੀਲਾ ਦੀ ਪਟ-ਕਥਾ ਮੁੱਖ ਤੌਰ ਤੇ ਜਸਵੰਤ ਸਿੰਘ ਟੋਹਾਨਵੀ ਦੀ 'ਆਰੀਆ ਸੰਗੀਤ ਰਾਮਾਇਣ' 'ਤੇ ਆਧਾਰਿਤ ਹੈ। ਪੱਛਮੀ ਪੰਜਾਬ ਵਿਚ ਬਹਾਵਲਪੁਰ, ਝੰਗ ਅਤੇ ਮੁਲਤਾਨ ਦੇ ਇਲਾਕਿਆਂ ਦੇ ਨਿਵਾਸੀ ਲਹਿੰਦੀ ਉਪ-ਭਾਸ਼ਾ ਵਿਚ ਬੜੀ ਰੁਚੀ ਨਾਲ ਰਾਮ-ਲੀਲਾ ਖੇਡਦੇ ਸਨ। ਇਸ ਵਿਚ ਸ਼ਰਧਾਮਈ ਭਜਨਾਂ ਤੋਂ ਇਲਾਵਾ, ਸੰਵਾਦਾਂ ਵਿਚ ਹਾਸਾ-ਮਖ਼ੌਲ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਹੁਣ ਇਸ ਦਾ ਬਚਿਆ ਖੁਚਿਆ ਰੂਪ ਹਿਸਾਰ ਦੇ ਇਲਾਕੇ ਵਿਚ ਆਬਾਦ ਹੋਏ ਲਹਿੰਦੇ ਦੇ ਨਿਵਾਸੀਆਂ ਵਿਚ ਵੇਖਣ ਨੂੰ ਮਿਲਦਾ ਹੈ।

ਦਸਹਿਰੇ ਵਾਲੇ ਦਿਨ ਰਾਮ-ਲੀਲਾ ਦੀਆਂ ਝਾਕੀਆਂ ਦਾ ਜਲੂਸ ਕਢਿਆ ਜਾਂਦਾ ਹੈ। ਸ਼ਹਿਰ ਜਾਂ ਕਸਬੇ ਦੇ ਬਾਜ਼ਾਰਾਂ ਵਿਚ ਚੱਕਰ ਲਗਾ ਕੇ ਇਹ ਜਲੂਸ ਦਸਹਿਰਾ ਮਨਾਏ ਜਾਣ ਵਾਲੇ ਮੈਦਾਨ ਵਿਚ ਪਹੁੰਚਦਾ ਹੈ। ਉਥੇ ਰਾਮ ਅਤੇ ਰਾਵਣ ਦੀਆਂ ਫ਼ੌਜਾਂ ਵਿਚ ਹੋਏ ਯੁੱਧ ਦੀ ਝਾਕੀ ਵਿਖਾ ਕੇ ਸੂਰਜ ਡੁੱਬਣ ਵੇਲੇ ਰਾਵਣ ਦੀ ਹਾਰ ਵਿਖਾਈ ਜਾਂਦੀ ਹੈ। ਉਦੋਂ ਉਥੇ ਮੈਦਾਨ ਵਿਚ ਪਹਿਲਾਂ ਤੋਂ ਹੀ ਖੜੇ ਕੀਤੇ ਰਾਵਣ, ਮੇਘਨਾਦ ਅਤੇ ਕੁੰਭਕਰਣ ਦੇ ਕਾਗ਼ਜ਼ ਦੇ ਪੁਤਲਿਆਂ ਨੂੰ ਅੱਗ ਲਗਾਈ ਜਾਂਦੀ ਹੈ। ਇਨ੍ਹਾਂ ਪੁਤਲਿਆਂ ਵਿਚ ਰਖੇ ਪਟਾਖ਼ਿਆਂ ਦੇ ਚਲਣ ਨਾਲ ਖ਼ੂਬ ਰੌਲਾ ਪੈਂਦਾ ਹੈ ਅਤੇ ਲੋਕੀਂ ਮਲੋਜ਼ੋਰੀ ਰਾਵਣ ਆਦਿ ਦੇ ਪੁਤਲਿਆਂ ਦੇ ਕਿਸੇ ਨਾ ਕਿਸੇ ਅੰਸ਼ ਨੂੰ ਖਿਚਣ-ਖੋਹਣ ਦਾ ਯਤਨ ਕਰਦੇ ਹਨ। ਅਜਿਹਾ ਕਰਨ ਦਾ ਮਨੋਰਥ ਬਦੀ ਨੂੰ ਜੜ੍ਹੋਂ ਪੁਟਣ ਦਾ ਪ੍ਰਤੀਤ ਹੁੰਦਾ ਹੈ। ਅਜਿਹੇ ਸੜੇ ਹੋਏ ਅੰਸ਼ਾਂ ਨੂੰ ਲੋਕੀਂ ਆਪਣੇ ਘਰਾਂ ਵਿਚ ਲਿਆ ਰਖਦੇ ਹਨ ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਜਿਸ ਘਰ ਵਿਚ ਅਜਿਹਾ ਕੋਈ ਅੰਸ਼ ਮੌਜੂਦ ਰਹੇਗਾ, ਉਥੇ ਬਦੀ ਸਿਰ ਨਹੀਂ ਚੁੱਕ ਸਕੇਗੀ। ਮੌਸਮ ਦੇ ਪੱਖ ਤੋਂ ਦਸਹਿਰੇ ਵਾਲੇ ਦਿਨ ਗੰਨੇ ਦਾ ਰਸ ਪਕ ਗਿਆ ਮੰਨਿਆ ਜਾਂਦਾ ਹੈ। ਉਸ ਦਿਨ ਗਰੁੜ ਦੇ ਦਰਸ਼ਨ ਹੋ ਜਾਣ ਨੂੰ ਸ਼ੁਭ ਸਮਝਿਆ ਜਾਂਦਾ ਹੈ। 'ਰਾਮ-ਲੀਲਾ' ਵਲ ਸੰਕੇਤ ਕਰਦਿਆਂ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ—'ਕਾਮ ਦੇ ਦਿਉਤੇ ਦੀ/ਮੈਨੂੰ ਤਾਂ ਧੁਰੋਂ ਹੀ ਮਾਰ ਹੈ/ ਜਿਸਮ ਮੇਰਾ ਰਾਮ-ਲੀਲ੍ਹਾ,/ ਦਾ ਕੋਈ ਕਿਰਦਾਰ ਹੈ।'

ਦਸਮ-ਗ੍ਰੰਥ : ਗੁਰੂ ਗ੍ਰੰਥ ਸਾਹਿਬ ਤੋਂ ਬਾਦ ਸਿੱਖ-ਧਰਮ ਵਿਚ ਇਸ ਗ੍ਰੰਥ ਦਾ ਮਹੱਤਵਪੂਰਣ ਸਥਾਨ ਹੈ। ਇਸ ਵਿਚਲੀਆਂ ਰਚਨਾਵਾਂ ਵਿਚੋਂ ਜ਼ਫ਼ਰਨਾਮੇ ਨੂੰ ਛਡ ਕੇ ਬਾਕੀ ਸਾਰੀਆਂ ਗੁਰੂ ਗੋਬਿੰਦ ਸਿੰਘ ਦੁਆਰਾ ਅਨੰਦਪੁਰ ਨੂੰ ਛੱਡਣ ਤੋਂ ਪਹਿਲਾਂ ਹੋਂਦ ਵਿਚ ਆ ਚੁਕੀਆਂ ਸਨ ਅਤੇ ਇਨ੍ਹਾਂ ਨੂੰ ਇਕ ਵੱਡ ਗ੍ਰੰਥ, ਜਿਸ ਦਾ ਨਾਂ 'ਵਿਦਿਆ-ਧਰ' ਦਸਿਆ ਜਾਂਦਾ ਹੈ, ਸੰਕਲਿਤ ਕੀਤਾ ਗਿਆ ਸੀ। ਇਨ੍ਹਾਂ ਰਚਨਾਵਾਂ ਦੇ ਨਾਲ-ਨਾਲ ਉਤਾਰੇ ਵੀ ਹੁੰਦੇ ਰਹੇ ਜੋ ਸ਼ਰਧਾਲੂਆਂ ਨੇ ਆਪਣੇ ਕੋਲ ਸੰਭਾਲੇ ਹੋਏ ਸਨ। ਜਦੋਂ

ਗੁਰੂ ਜੀ ਨੇ ਅਨੰਦਪੁਰ ਛਡਿਆ ਤਾਂ ਹੋਰ ਅਨੇਕ ਪ੍ਰਕਾਰ ਦੇ ਸਾਮਾਨ ਨਾਲ ਸਾਹਿੱਤ-ਭੰਡਾਰ ਵੀ ਹੜ੍ਹੀ ਹੋਈ ਸਰਸਾ ਨਦੀ ਵਿਚ ਰੁੜ੍ਹ ਗਿਆ। ਰਵਾਇਤ ਅਨੁਸਾਰ ਰੁੜ੍ਹੇ ਜਾ ਰਹੇ ਸਾਹਿੱਤ ਵਿਚੋਂ ਕੁਝ ਪੱਤਰੇ ਸਿੱਖਾਂ ਦੇ ਹੱਥ ਲਗੇ ਜੋ ਸ਼ਾਇਦ 'ਵਿਦਿਆਧਰ' ਗ੍ਰੰਥ ਦੇ ਸਨ। ਇਹ ਪੱਤਰੇ ਹੁਣ ਕੁਝ ਕੁ ਪੁਰਾਤਨ ਬੀੜਾਂ ਵਿਚ ਲਗੇ ਹੋਏ ਹਨ।

ਗੁਰੂ ਗੋਬਿੰਦ ਸਿੰਘ ਦੇ ਮਹਾ-ਪ੍ਰਸਥਾਨ ਤੋਂ ਬਾਦ ਭਾਈ ਮਨੀ ਸਿੰਘ ਵਰਗੇ ਵਿਦਵਾਨ ਸਿੱਖਾਂ ਨੇ ਉੱਦਮ ਕਰਕੇ ਸ਼ਰਧਾਲੂਆਂ ਪਾਸ ਸੁਰਖਿਅਤ ਪਈਆਂ ਪੋਥੀਆਂ ਤੋਂ ਉਤਾਰੇ ਕਰਵਾ ਕੇ, ਉਨ੍ਹਾਂ ਨੂੰ ਸੰਭਾਲਣ ਦੀ ਦ੍ਰਿਸ਼ਟੀ ਤੋਂ ਇਸ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ। ਕਿਉਂਕਿ ਇਸ ਗ੍ਰੰਥ ਦਾ ਸੰਕਲਨ ਇਕ ਨਹੀਂ, ਅਨੇਕ ਵਿਦਵਾਨਾਂ ਨੇ ਵੱਖ-ਵੱਖ ਥਾਵਾਂ ਤੇ ਸੁਤੰਤਰ ਰੂਪ ਵਿਚ ਕੀਤਾ ਸੀ, ਇਸ ਲਈ ਇਨ੍ਹਾਂ ਬੀੜਾਂ ਵਿਚ ਬਾਣੀਆਂ ਅਥਵਾ ਰਚਨਾਵਾਂ ਦੀ ਤਰਤੀਬ ਇਕ-ਸਮਾਨ ਨਹੀਂ ਹੈ। ਬਾਦ ਵਿਚ ਤਿਆਰ ਹੋਈਆਂ ਬੀੜਾਂ ਵਿਚ ਕੁਝ ਵਾਧੂ ਬਾਣੀਆਂ ਅਥਵਾ ਰਚਨਾਵਾਂ ਵੀ ਪਾ ਦਿੱਤੀਆਂ ਗਈਆਂ। ਸ਼ਾਇਦ ਇਹ ਬਾਦ ਵਿਚ ਮਿਲੀਆਂ ਹੋਣਗੀਆਂ। ਇਸ ਗ੍ਰੰਥ ਨੂੰ ਪਹਿਲਾਂ 'ਬਚਿਤ੍ਰ-ਨਾਟਕ' ਗ੍ਰੰਥ ਕਿਹਾ ਜਾਂਦਾ ਸੀ, ਬਾਦ ਤੇ 'ਦਸਵੇਂ ਪਾਤਿਸ਼ਾਹ ਕਾ ਗ੍ਰੰਥ' ਕਿਹਾ ਜਾਣ ਲਗਿਆ। ਸਹਿਜੇ-ਸਹਿਜੇ ਸਰਲ ਅਤੇ ਸੰਖਿਪਤ ਨਾਂ ਦੀ ਰੁਚੀ ਅਧੀਨ ਇਸ ਨੂੰ ਹੁਣ 'ਦਸਮ-ਗ੍ਰੰਥ' ਕਿਹਾ ਜਾਣ ਲਗਿਆ।

ਇਸ ਗ੍ਰੰਥ ਦੀਆਂ ਹੁਣ ਅਨੇਕਾਂ ਹੱਥ-ਲਿਖਤ ਬੀੜਾਂ ਉਪਲਬਧ ਹਨ। ਪਰ ਇਤਿਹਾਸਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਬੀੜਾਂ ਅੱਧੇ ਦਰਜਨ ਤੋਂ ਵੱਧ ਨਹੀਂ। ਇਨ੍ਹਾਂ ਵਿਚੋਂ ਭਾਈ ਮਨੀ ਸਿੰਘ ਵਾਲੀ ਬੀੜ (ਨਵੀਂ ਦਿੱਲੀ), ਮੋਤੀਬਾਗ ਗੁਰਦੁਆਰੇ ਵਾਲੀ ਬੀੜ (ਪਟਿਆਲਾ), ਸੰਗਰੂਰ ਵਾਲੀ ਬੀੜ ਅਤੇ ਪਟਨੇ ਵਾਲੀ ਬੀੜ ਵਿਸ਼ੇਸ਼ ਉੱਲੇਖਯੋਗ ਹਨ। ਇਨ੍ਹਾਂ ਵਿਚੋਂ ਕੁਝ ਵਿਚ ਖ਼ਾਸ-ਦਸਖ਼ਤੀ-ਪੱਤਰੇ ਵੀ ਆਪਣੇ ਸਥਾਨ-ਕ੍ਰਮ ਉਤੇ ਸ਼ਾਮਲ ਹਨ। ਇਸ ਗ੍ਰੰਥ ਦੀਆਂ ਅਨੇਕ ਬੀੜਾਂ ਤਿਆਰ ਕਰਨ ਵੇਲੇ ਬਹੁਤ ਸਾਰੇ ਪਾਠਾਂਤਰ ਪੈਦਾ ਹੋ ਗਏ, ਜਿਨ੍ਹਾਂ ਨੂੰ ਸੋਧਣ ਲਈ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ', ਅੰਮ੍ਰਿਤਸਰ ਨੇ ਉੱਦਮ ਕਰਕੇ ਦਸਮ-ਗ੍ਰੰਥ ਦੀਆਂ 32 ਬੀੜਾਂ ਦੇ ਪਾਠਾਂ ਦਾ ਮਿਲਾਨ ਕੀਤਾ ਅਤੇ ਆਪਣੀ ਰਿਪੋਰਟ ਸੰਨ 1897 ਈ. ਵਿਚ ਪ੍ਰਕਾਸ਼ਿਤ ਕੀਤੀ।

ਉਪਰੋਕਤ ਸੋਧ ਕਮੇਟੀ ਦੀ ਸੋਧ-ਸੁਧਾਈ ਦੇ ਆਧਾਰ ਤੇ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੇ ਇਸ ਗ੍ਰੰਥ ਦਾ ਜੋ ਪ੍ਰਕਾਸ਼ਨ ਕੀਤਾ ਹੈ, ਉਸ ਵਿਚ ਬਾਣੀਆਂ ਅਥਵਾ ਰਚਨਾਵਾਂ ਦਾ ਕ੍ਰਮ ਇਸ ਪ੍ਰਕਾਰ ਹੈ—(1) ਜਾਪੁ, (2) ਅਕਾਲ-ਉਸਤਤਿ, (3) ਬਚਿਤ੍ਰ-ਨਾਟਕ (ਅਪਨੀ-ਕਥਾ), (4) ਚੰਡੀ-ਚਰਿਤ੍ਰ (ਉਕਤੀ ਬਿਲਾਸ), (4) ਚੰਡੀ-ਚਰਿਤ੍ਰ (ਦੂਜਾ), (6) ਵਾਰ ਸ੍ਰੀ ਭਗਉਤੀ ਜੀ ਕੀ, (7) ਗਿਆਨ-ਪ੍ਰਬੋਧ, (8) ਚੌਬੀਸ-ਅਵਤਾਰ, (9) ਬ੍ਰਹਮ-ਅਵਤਾਰ, (10) ਰੁਦ੍ਰ-ਅਵਤਾਰ, (11) ਬਿਸਨਪਦੇ ਰਾਮਕਲੀ ਪਾ. ੧੦, (12) ਸਵੈਯੇ, (13) ਖਾਲਸਾ-ਮਹਿਮਾ, (14) ਸ਼ਸਤ੍ਰ-ਨਾਮ-ਮਾਲਾ, (15) ਚਰਿਤ੍ਰੋਪਾਖਿਆਨ, (16) ਜ਼ਫ਼ਰਨਾਮਾ ਅਤੇ (17) ਹਿਕਾਇਤਾਂ।

ਇਨ੍ਹਾਂ ਬਾਣੀਆਂ ਵਿਚੋਂ ਕ੍ਰਮਾਂਕ 1, 2, 7, 11, 12 ਅਤੇ 13 ਵਾਲੀਆਂ ਰਚਨਾਵਾਂ ਦਾ ਸੰਬੰਧ ਭਗਤੀ-ਭਾਵਨਾ ਨਾਲ ਹੈ। 'ਸਸਤ੍ਰ-ਨਾਮ-ਮਾਲਾ (ਅੰਕ 14) ਵਿਚ ਭਿੰਨ-ਭਿੰਨ ਸਸਤ੍ਰਾਂ-ਅਸਤ੍ਰਾਂ ਦੇ ਨਾਂ ਦੇ ਕੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ। ਜ਼ਫ਼ਰਨਾਮਾ (ਅੰਕ 16) ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਵਿਚ ਲਿਖਿਆ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਇਤਿਹਾਸਿਕ ਪੱਤਰ ਹੈ ਅਤੇ ਹਿਕਾਇਤਾਂ (ਅੰਕ 17) ਇਸ ਰਚਨਾ ਦੀ ਅੰਤਿਕਾ ਵਜੋਂ ਪ੍ਰਸਿੱਧ ਹਨ। ਚਰਿਤ੍ਰੋਪਾਖਿਆਨ (ਅੰਕ 15) 'ਦਸਮ-ਗ੍ਰੰਥ ਦੇ 580 ਪੰਨਿਆਂ ਉਤੇ ਪਸਰੀ ਸੁਤੰਤਰ ਰਚਨਾ ਹੈ। ਇਸ ਵਿਚ 404 ਚਰਿਤ੍ਰ-ਕਥਾਵਾਂ ਵਰਣਿਤ ਹਨ, ਪ੍ਰਧਾਨਤਾ ਇਸਤਰੀ-ਚਰਿਤ੍ਰਾਂ ਦੀ ਹੈ। ਇਸ ਲਈ ਇਸ ਨੂੰ 'ਤ੍ਰਿਆ-ਚਰਿਤ੍ਰ' ਨਾਂ ਵੀ ਦਿੱਤਾ ਜਾਂਦਾ ਹੈ। ਇਸ ਵਿਚ ਇਤਿਹਾਸਿਕ, ਪੌਰਾਣਿਕ, ਦੇਸੀ, ਬਦੇਸ਼ੀ, ਕਾਲਪਨਿਕ ਆਦਿ ਅਨੇਕ ਚਰਿਤ੍ਰ-ਕਥਾਵਾਂ ਪੌਰਾਣਿਕ ਪਰੰਪਰਾ ਵਿਚ ਲਿਖੀਆਂ ਹੋਈਆਂ ਹਨ।

ਇਸ ਗ੍ਰੰਥ ਦੀਆਂ ਬਾਕੀ ਰਚਨਾਵਾਂ (ਅੰਕ 3, 4, 5, 8, 9 ਅਤੇ 10), ਅਸਲ ਵਿਚ, 'ਬਚਿਤ੍ਰ-ਨਾਟਕ' ਦਾ ਹੀ ਅੰਗ ਹਨ। 'ਬਚਿਤ੍ਰ ਨਾਟਕ' ਵਿਚਿਤ੍ਰ ਜਾਂ ਅਦਭੁਤ ਲੀਲਾਵਾਂ ਜਾਂ ਚਰਿਤ੍ਰਾਂ ਦਾ ਸੰਗ੍ਰਹਿ ਹੈ। ਇਸ ਵਿਚ ਸਭ ਤੋਂ ਪਹਿਲਾਂ 14 ਅਧਿਆਵਾਂ ਦੀ ਦਸਮ ਗੁਰੂ ਦੀ 'ਅਪਨੀ-ਕਥਾ' ਵਰਣਿਤ ਹੈ। ਫਿਰ ਅੱਠ-ਅੱਠ ਅਧਿਆਵਾਂ ਵਿਚ ਲਿਖੇ ਭਿੰਨ-ਭਿੰਨ ਸ਼ੈਲੀਆਂ ਵਾਲੇ ਦੋ ਚੰਡੀ ਚਰਿਤ੍ਰ ਹਨ। ਇਨ੍ਹਾਂ ਪਿਛੋਂ ਵਿਸ਼ਣੂ ਦੇ 'ਚੌਬੀਸ ਅਵਤਾਰ' ਹਨ। ਫਿਰ ਬ੍ਰਹਮਾ ਅਤੇ ਰੁਦ੍ਰ ਦੇ ਉਪਾਵਤਾਰਾਂ ਦਾ ਚਿਤ੍ਰਣ ਹੋਇਆ ਹੈ। ਅੰਕ 6 ਉਤੇ ਦਰਜ 'ਵਾਰ ਸ੍ਰੀ ਭਗਉਤੀ ਜੀ ਕੀ' ਦਾ ਸੰਬੰਧ ਅੰਕ 4 ਅਤੇ 5 ਵਾਲੇ ਚੰਡੀ-ਚਰਿਤ੍ਰਾਂ ਨਾਲ ਹੈ, ਪਰ ਇਹ ਪੰਜਾਬੀ ਭਾਸ਼ਾ ਵਿਚ ਲਿਖੀ ਹੈ। ਇਹ ਸਾਰੀਆਂ ਪੌਰਾਣਿਕ ਰਚਨਾਵਾਂ ਹਨ।

ਇਸ ਗ੍ਰੰਥ ਦੇ ਕਰਤ੍ਰਿਤਵ ਬਾਰੇ ਸ਼ੁਰੂ ਤੋਂ ਹੀ ਵਾਦ-ਵਿਵਾਦ ਚਲਿਆ ਆ ਰਿਹਾ ਹੈ। ਪੂਰਵ-ਪੱਖ ਦੇ ਵਿਦਵਾਨ ਇਸ ਗ੍ਰੰਥ ਦੀਆਂ ਸਮੁੱਚੀਆਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਦੇ ਹਨ, ਜਦ ਕਿ ਉੱਤਰ-ਪੱਖ ਦੇ ਵਿਦਵਾਨ ਇਸ ਵਿਚਲੀਆਂ ਕੁਝ ਕੁ ਭਗਤੀ-ਪ੍ਰਧਾਨ ਰਚਨਾਵਾਂ ਨੂੰ ਛਡ ਕੇ ਬਾਕੀ ਦੀਆਂ ਰਚਨਾਵਾਂ ਨੂੰ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਮੰਨਦੇ ਹਨ। ਇਹ ਵਿਵਾਦ ਅਜ ਤਕ ਚਲ ਰਿਹਾ ਹੈ। ਇਸ ਗ੍ਰੰਥ ਵਿਚਲੀ 'ਚਰਿਤ੍ਰੋਪਾਖਿਆਨ' ਨਾਂ ਦੀ ਰਚਨਾ ਦਾ ਵਿਸ਼ਾ ਅਤੇ ਸ਼ੈਲੀ ਅਤੇ ਅਵਤਾਰ-ਪ੍ਰਸੰਗਾਂ ਦੀ ਮੂਲ-ਭਾਵਨਾ ਗੁਰੂ ਗੋਬਿੰਦ ਸਿੰਘ ਦੇ ਵਿਅਕਤਿਤਵ ਨਾਲ ਮੇਲ ਨਹੀਂ ਖਾਂਦੀ। ਇਹੀ ਇਸ ਦੇ ਕਰਤ੍ਰਿਤਵ ਦੇ ਵਿਵਾਦ ਦਾ ਮੂਲ ਕਾਰਣ ਹੈ।

ਦਸਮ-ਦੁਆਰ : ਇਕ ਕਲਪਿਤ ਦੁਆਰ ਜਿਸ ਦੀ ਸਥਿਤੀ ਰਹੱਸਵਾਦੀ ਸਾਧਕਾਂ ਨੇ ਸ਼ਰੀਰ ਵਿਚ ਹੀ ਮੰਨੀ ਹੈ। ਕੁਝ ਵਿਦਵਾਨ 'ਬ੍ਰਹਮਰੰਧ੍ਰ' ਅਥਵਾ ਮਸਤਕ ਨੂੰ ਦਸਮ-ਦੁਆਰ ਮੰਨਦੇ ਹਨ, ਪਰ ਇਹ ਭ੍ਰਾਂਤ ਧਾਰਣਾ ਹੈ। ਮੱਧ-ਯੁਗ ਦੇ ਧਰਮ-ਸਾਧਕਾਂ ਨੇ ਸ਼ਰੀਰ ਵਿਚ ਨੌਂ ਦੁਆਰਾਂ ਜਾਂ ਛਿਦ੍ਰਾਂ ਦੀ ਗੱਲ ਕਹੀ ਹੈ। ਇਹ ਨੌਂ ਛਿਦ੍ਰ ਹਨ—ਦੋ

ਕੰਨ, ਦੋ ਅੱਖਾਂ, ਦੋ ਨਾਸਾਂ, ਇਕ ਮੂੰਹ, ਇਕ ਗੁਦਾ, ਇਕ ਲਿੰਗ ਜਾਂ ਭਗ। ਇਨ੍ਹਾਂ ਛਿਦ੍ਰਾਂ ਰਾਹੀਂ ਜੀਵਾਤਮਾ ਗਿਆਨ ਪ੍ਰਾਪਤ ਕਰਦੀ ਅਥਵਾ ਕਰਮ-ਲੀਨ ਹੁੰਦੀ ਹੈ। ਰਹੱਸਵਾਦੀ ਸਾਧਕਾਂ ਨੇ ਪਰਮਾਤਮਾ ਦੇ ਨਿਵਾਸ ਲਈ ਇਨ੍ਹਾਂ ਨੌਂ ਛਿਦ੍ਰਾਂ ਤੋਂ ਵੱਖ ਜਿਸ ਸਥਾਨ ਦੀ ਕਲਪਨਾ ਕੀਤੀ ਹੈ, ਉਹ ਉਨ੍ਹਾਂ ਦੀ ਭਾਸ਼ਾ ਵਿਚ 'ਦਸਮ-ਦੁਆਰ' ਹੈ। ਇਸ ਦੀ ਸ਼ਰੀਰ ਵਿਚ ਸਥਿਤੀ ਸਪੱਸ਼ਟ ਨਹੀਂ ਹੈ। ਅਸਲ ਵਿਚ, ਇਹ ਅਨੁਭਵ ਦੀ ਗੱਲ ਹੈ, ਤਰਕ ਰਾਹੀਂ ਸਿੱਧ ਨਹੀਂ ਕੀਤੀ ਜਾ ਸਕਦੀ। ਬੇਣੀ ਭਗਤ ਅਨੁਸਾਰ 'ਦਸਮ ਦੁਆਰਾ ਅਗਮ ਅਪਾਰਾ' ਹੈ।

ਗੁਰੂ ਅਮਰਦਾਸ ਨੇ 'ਅਨੰਦੁ' ਨਾਂ ਦੀ ਬਾਣੀ ਵਿਚ ਦਸਮ-ਦੁਆਰ ਦੇ ਸਰੂਪ ਨੂੰ ਸਪੱਸ਼ਟ ਕਰਦਿਆਂ ਉਸ ਦਾ ਅਹਿਸਾਸ ਗੁਰੂ ਦੁਆਰਾ ਸੰਭਵ ਦਸਿਆ ਹੈ—'ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ।/ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ।/ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ।/ਤਹ ਅਨੇਕ ਰੂਪ ਨਾਉ ਨਵਨਿਧਿ ਤਿਸ ਦਾ ਅੰਤੁ ਨ ਜਾਇ ਪਾਇਆ'....(ਅ. ਗ੍ਰੰ. 922)।

ਦਸਮੇਸ਼ : ਗੁਰੂ ਗੋਬਿੰਦ ਸਿੰਘ ਦਾ ਇਕ ਨਾਮਾਂਤਰ। ਵੇਖੋ 'ਗੋਬਿੰਦ ਸਿੰਘ, ਗੁਰੂ'।

ਦਸ਼ਰਥ : ਇਕ੍ਸ਼ਵਾਕੁ ਵੰਸ਼ ਵਿਚ ਅਜ ਰਾਜਾ ਦੇ ਘਰ ਪੈਦਾ ਹੋਇਆ ਦਸ਼ਰਥ ਸ੍ਰੀ ਰਾਮ ਚੰਦਰ ਦਾ ਪਿਤਾ ਸੀ। ਅਯੋਧਿਆ ਨਗਰੀ ਦੇ ਸੁਆਮੀ ਰਾਜਾ ਦਸ਼ਰਥ ਦੀਆਂ ਉਂਜ ਤਾਂ 353 ਰਾਣੀਆਂ ਸਨ, ਪਰ ਉਨ੍ਹਾਂ ਵਿਚੋਂ ਕੌਸ਼ਲਿਆ ਪਟਰਾਣੀ ਅਤੇ ਕੈਕਯੀ ਅਤੇ ਸੁਮਿਤ੍ਰਾ ਨੂੰ ਮੁੱਖ ਰਾਣੀਆਂ ਹੋਣ ਦਾ ਗੌਰਵ ਪ੍ਰਾਪਤ ਸੀ। ਦਸ਼ਰਥ ਦੇ ਘਰ ਕੋਈ ਔਲਾਦ ਨਹੀਂ ਸੀ। ਉਸ ਨੇ ਸੰਤਾਨ-ਪ੍ਰਾਪਤੀ ਲਈ ਅਸ਼੍ਵਮੇਧ ਯੱਗ ਕੀਤਾ। ਯੱਗ ਦੇ ਪੂਰਣ ਹੋਣ ਉਪਰੰਤ ਰਿਸ਼ੀਸ਼੍ਰਿੰਗ ਦੀ ਪ੍ਰੇਰਣਾ ਨਾਲ ਦਸ਼ਰਥ ਨੇ 'ਪੁਤ੍ਰੇਸ਼ਟੀ' ਯੱਗ ਕੀਤਾ।

ਯੱਗ ਦੇ ਅਗਨੀ ਕੁੰਡ ਵਿਚੋਂ ਇਕ ਮਹਾ ਤੇਜਸਵੀ ਪ੍ਰਾਣੀ ਪ੍ਰਗਟ ਹੋਇਆ। ਉਸ ਨੇ ਇਕ ਦੁੱਧ ਦਾ ਭਰਿਆ ਹੋਇਆ ਕਟੋਰਾ ਰਾਜੇ ਨੂੰ ਦਿੱਤਾ ਕਿ ਇਹ ਵਿਸ਼ਣੂ ਨੇ ਭੇਜਿਆ ਹੈ ਅਤੇ ਇਸ ਵਿਚਲਾ ਦੁੱਧ ਤਿੰਨਾਂ ਰਾਣੀਆਂ ਨੂੰ ਪੁੱਤਰ-ਪ੍ਰਾਪਤੀ ਲਈ ਪਿਲਾਇਆ ਜਾਣਾ ਹੈ। ਰਾਜੇ ਨੇ ਅੱਧਾ ਦੁੱਧ ਕੌਸ਼ਲਿਆਂ ਨੂੰ ਦੇ ਦਿੱਤਾ ਅਤੇ ਬਾਕੀ ਅੱਧਾ ਕੈਕਯੀ ਅਤੇ ਸੁਮਿਤ੍ਰਾ ਨੇ ਪੀਤਾ। ਕਾਲਾਂਤਰ ਵਿਚ ਕੌਸ਼ਲਿਆ ਨੇ ਰਾਮ ਨੂੰ ਕੈਕਯੀ ਨੇ ਭਰਤ ਨੂੰ ਅਤੇ ਸੁਮਿਤ੍ਰਾ ਨੇ ਲੱਛਮਣ ਅਤੇ ਸ਼ਤ੍ਰੂਘਨ ਨੂੰ ਜਨਮ ਦਿੱਤਾ।

'ਬਾਲਮੀਕੀ ਰਾਮਾਇਣ' ਦੇ ਇਕ ਆਖਿਆਨ ਅਨੁਸਾਰ ਰਾਵਣ ਨੇ ਜਦੋਂ ਦੇਵਤਿਆਂ ਨੂੰ ਦੁੱਖ ਦੇਣ ਦੀ ਹੱਦ ਕਰ ਦਿੱਤੀ ਤਾਂ ਦੇਵਤਿਆਂ ਦੁਆਰਾ ਪ੍ਰਾਰਥਨਾ ਕਰਨ ਤੇ ਵਿਸ਼ਣੂ ਨੇ ਵਿਸ਼ਵਾਸ ਦਿਵਾਇਆ ਕਿ ਉਹ ਰਾਵਣ ਦਾ ਵਿਨਾਸ਼ ਕਰਨ ਲਈ ਮਾਨਵ ਰੂਪ ਵਿਚ ਪ੍ਰਗਟ ਹੋਵੇਗਾ। ਉਸ ਬਚਨ ਨੂੰ ਪੂਰਾ ਕਰਨ ਲਈ ਵਿਸ਼ਣੂ ਨੇ ਯੱਗ ਦੇ ਅਗਨੀ ਕੁੰਡ ਤੋਂ ਨਿਕਲੇ ਪੁਰਸ਼ ਹੱਥੀਂ ਦੁੱਧ ਦਾ ਕਟੋਰਾ ਭੇਜਿਆ ਸੀ। ਉਸ ਦੁੱਧ ਨੂੰ ਪੀਣ ਨਾਲ ਰਾਮ ਚੰਦਰ ਵਿਸ਼ਣੂ ਦੇ ਅੱਧੇ ਅੰਸ਼ ਦੇ ਅਵਤਾਰ ਅਤੇ ਬਾਕੀ ਅੱਧ ਵਿਚੋਂ ਅੱਧੇ ਅੰਸ਼ ਦੇ ਭਰਤ ਅਤੇ ਰਹਿੰਦੀ ਚੌਥਾਈ ਅੰਸ਼ ਦੇ ਲੱਛਮਣ ਅਤੇ ਸ਼ਤ੍ਰੂਘਨ ਅਵਤਾਰ ਸਨ।

ਕਿਸੇ ਸਮੇਂ ਹੋਏ ਦੇਵ-ਅਸੁਰ ਸੰਗ੍ਰਾਮ ਵਿਚ ਇੰਦਰ ਦੀ ਮੱਦਦ ਲਈ ਰਾਜਾ ਦਸ਼ਰਥ ਨੇ ਕੈਕਯੀ ਸਮੇਤ ਯੁੱਧ ਵਿਚ ਭਾਗ ਲਿਆ। ਯੁੱਧ ਵਿਚ ਘਾਇਲ ਹੋਣ ਕਰਕੇ ਰਥ ਵਿਚ ਅਚੇਤ ਪਏ ਦਸ਼ਰਥ ਨੂੰ ਕੈਕਯੀ ਸਹੀ ਸਲਾਮਤ ਬਾਹਰ ਕੱਢ ਲਿਆਈ। ਕੈਕਯੀ ਦੇ ਇਸ ਕਾਰਨਾਮੇ 'ਤੇ ਪ੍ਰਸੰਨ ਹੋਏ ਦਸ਼ਰਥ ਨੇ ਰਾਣੀ ਨੂੰ ਦੋ ਵਰ ਮੰਗਣ ਲਈ ਕਿਹਾ। ਰਾਣੀ ਨੇ ਮੌਕਾ ਆਉਣ ਤੇ ਵਰ ਮੰਗਣ ਦਾ ਯਕੀਨ ਦਿਵਾਇਆ।

ਜਦੋਂ ਦਸ਼ਰਥ ਨੇ ਸ੍ਰੀ ਰਾਮ ਨੂੰ ਯੁਵਰਾਜ ਬਣਾਉਣ ਦਾ ਨਿਰਣਾ ਲਿਆ ਤਾਂ ਮੰਥਰਾ ਦਾਸੀ ਦੇ ਉਕਸਾਣ ਤੇ ਕੈਕਯੀ ਨੇ ਰਾਜੇ ਤੋਂ ਵਰਾਂ ਦੀ ਯਾਚਨਾ ਕੀਤੀ। ਇਕ ਵਰ ਅਨੁਸਾਰ ਭਰਤ ਨੂੰ ਯੁਵਰਾਜ ਬਣਾਇਆ ਜਾਵੇ ਅਤੇ ਦੂਜੇ ਵਰ ਅਨੁਸਾਰ ਰਾਮ ਚੰਦਰ ਨੂੰ ਚੌਦਾਂ ਵਰ੍ਹਿਆਂ ਲਈ ਬਨਬਾਸ ਦਿੱਤਾ ਜਾਵੇ। ਰਾਜਾ ਵਰ ਪ੍ਰਦਾਨ ਕਰਨ ਲਈ ਵਚਨਬੱਧ ਸੀ। ਰਾਮ ਚੰਦਰ ਨੇ ਪ੍ਰਸੰਨਤਾ ਪੂਰਵਕ ਪਿਤਾ ਦੀ ਆਗਿਆ ਦਾ ਪਾਲਨ ਕੀਤਾ, ਪਰ ਪੁੱਤਰ ਵਿਯੋਗ ਕਰਕੇ ਦਸ਼ਰਥ ਨੇ ਪ੍ਰਾਣ ਤਿਆਗ ਦਿੱਤੇ।

ਦਸ਼ਰਥ ਦੇ ਪੁੱਤਰ-ਵਿਜੋਗ ਕਾਰਣ ਮਰਨ ਪਿਛੇ ਸਰਵਣ (ਵੇਖੋ) ਦੇ ਅੰਨ੍ਹੇ ਮਾਤਾ-ਪਿਤਾ ਦਾ ਦਸ਼ਰਥ ਨੂੰ ਦਿੱਤਾ ਸਰਾਪ ਸੀ ਕਿਉਂਕਿ ਮਾਤਾ-ਪਿਤਾ ਵਾਸਤੇ ਪਾਣੀ ਲਿਆਉਣ ਲਈ ਗਿਆ ਸਰਵਣ ਦਸ਼ਰਥ ਦੇ ਤੀਰ ਦਾ ਸ਼ਿਕਾਰ ਬਣਿਆ ਸੀ। ਕਹਿੰਦੇ ਹਨ ਦਸ਼ਰਥ ਕਾਫ਼ੀ ਲੰਮੀ ਉਮਰ ਭੋਗ ਕੇ ਮਰਿਆ ਸੀ। ਭਗਤ ਨਾਮਦੇਵ ਨੇ ਆਪਣੀ ਬਾਣੀ ਵਿਚ ਜਸਰਥ (ਦਸ਼ਰਥ) ਵਲ ਸੰਕੇਤ ਕੀਤਾ ਹੈ—'ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ' (ਆ. ਗ੍ਰੰ. 973)। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਦਸ਼ਰਥ ਦਾ ਉੱਲੇਖ ਹੈ—'ਰੰਗ ਮਹਲ ਰੰਗ ਰੰਗ ਵਿਚਿ ਦਸਰਥੁ ਕਉਸਲਿਆ ਰਲੀਆਲੇ' (23/8)।

ਦਹਸਿਰ : ਵੇਖੋ 'ਰਾਵਣ'।

ਦਕ੍ਸ਼, ਪ੍ਰਜਾਪਤੀ : ਭਾਰਤੀ ਮਿਥਿਹਾਸ ਵਿਚ ਵਰਣਿਤ ਪ੍ਰਜਾਪਤੀਆਂ ਵਿਚੋਂ ਇਹ ਪ੍ਰਮੁਖ ਸੀ। ਇਸ ਦਾ ਜਨਮ 'ਮਹਾਭਾਰਤ' ਅਨੁਸਾਰ ਬ੍ਰਹਮਾ ਦੇ ਸੱਜੇ ਅੰਗੂਠੇ ਵਿਚੋਂ ਹੋਇਆ ਅਤੇ ਇਸ ਦੀ ਪਤਨੀ ਖੱਬੇ ਅੰਗੂਠੇ ਵਿਚੋਂ ਜੰਮੀ। ਕੁਝ ਕੁ ਪੌਰਾਣਿਕ ਆਖਿਆਨਾਂ ਵਿਚ ਇਸ ਦਾ ਵਿਆਹ ਮਨੂ ਦੀ ਪੋਤੀ ਅਤੇ ਪ੍ਰਿਯਵਰਤ ਦੀ ਧੀ 'ਪ੍ਰਸੂਤੀ' ਨਾਲ ਹੋਇਆ ਸੀ। ਪ੍ਰਸੂਤੀ ਦੀ ਕੁੱਖ ਤੋਂ ਅਨੇਕ ਧੀਆਂ ਪੈਦਾ ਹੋਈਆਂ ਜਿਨ੍ਹਾਂ ਦੀ ਗਿਣਤੀ ਇਕ ਸਮਾਨ ਨਹੀਂ ਦਿੱਤੀ ਹੋਈ। ਆਮ ਤੌਰ ਤੇ 25 ਤੋਂ ਲੈ ਕੇ 60 ਤਕ ਗਿਣਤੀ ਮਿਲਦੀ ਹੈ। 'ਮਹਾਭਾਰਤ' ਅਨੁਸਾਰ ਦਕ੍ਸ਼ ਨੇ ਇਨ੍ਹਾਂ ਵਿਚੋਂ 10 ਧੀਆਂ ਧਰਮ ਨੂੰ ਅਤੇ 13 ਧੀਆਂ ਕਸ਼੍ਯਪ ਨੂੰ ਵਿਆਹੀਆਂ ਜਿਨ੍ਹਾਂ ਤੋਂ ਸੰਸਾਰ ਦੇ ਸਾਰੇ ਚਰ-ਅਚਰ (ਜੜ ਅਤੇ ਚੇਤਨ) ਦੀ ਉਤਪੱਤੀ ਹੋਈ। ਇਸ ਤੋਂ ਇਲਾਵਾ 27 ਧੀਆਂ ਦਾ ਵਿਆਹ ਸੋਮ ਨਾਲ ਕੀਤਾ ਜੋ 27 ਨਛੱਤ੍ਰਾਂ ਦੇ ਰੂਪ ਵਿਚ ਸਾਹਮਣੇ ਆਈਆਂ। ਉਨ੍ਹਾਂ ਵਿਚੋਂ 'ਸਤੀ' ਨਾਂ ਦੀ ਇਕ ਧੀ ਦਾ ਵਿਆਹ ਸ਼ਿਵ ਨਾਲ ਹੋਇਆ।

'ਭਾਗਵਤ ਪੁਰਾਣ' (ਚੌਥਾ ਸਕੰਧ) ਅਤੇ 'ਸ਼ਿਵ ਪੁਰਾਣ' (2/22-38) ਅਨੁਸਾਰ ਦਕ੍ਸ਼ ਨੂੰ ਆਪਣੇ ਜਵਾਈ ਸ਼ਿਵ ਦਾ ਰੰਗ-ਢੰਗ, ਖਾਣ-ਪੀਣ, ਸ਼ਕਲ-ਸੂਰਤ ਪਸੰਦ ਨਹੀਂ

ਸੀ, ਇਸ ਲਈ ਉਸ ਨੂੰ ਲੋੜੀਂਦਾ ਸਤਿਕਾਰ ਨਹੀਂ ਦਿੰਦਾ ਸੀ। ਇਕ ਵਾਰ ਦਕਸ਼ ਨੇ ਯੱਗ ਕੀਤਾ, ਪਰ ਸ਼ਿਵ ਅਤੇ ਸਤੀ ਨੂੰ ਨਾ ਬੁਲਾਇਆ। ਸ਼ਿਵ ਤਾਂ ਨਾ ਗਿਆ ਪਰੰਤੂ ਸਤੀ, ਸ਼ਿਵ ਦੇ ਰੋਕਣ ਦੇ ਬਾਵਜੂਦ, ਚਲੀ ਗਈ। ਉਥੇ ਪਹੁੰਚਣ 'ਤੇ ਸਤੀ ਨੂੰ ਆਵੱਸ਼ਕ ਆਦਰ ਨਾ ਮਿਲਿਆ। ਉਸ ਨੇ ਖਿਝ ਕੇ ਯੱਗ-ਕੁੰਡ ਵਿਚ ਆਤਮ-ਦਾਹ ਕਰ ਲਿਆ। ਨਾਰਦ ਮੁਨੀ ਨੇ ਇਸ ਘਟਨਾ ਦਾ ਸਮਾਚਾਰ ਸ਼ਿਵ ਨੂੰ ਸੁਣਾਇਆ। ਉਸ ਨੇ ਕਰੋਧ-ਵਸ ਆਪਣੀ ਸਿਰ ਵਿਚੋਂ ਇਕ ਜਟਾ ਉਖਾੜ ਕੇ ਧਰਤੀ ਉਤੇ ਸੁਟ ਦਿੱਤੀ ਜਿਸ ਤੋਂ ਵੀਰਭਦ੍ਰ ਦਾ ਜਨਮ ਹੋਇਆ।

ਵੀਰਭਦ੍ਰ ਨੇ ਸਾਰਾ ਯੱਗ ਨਸ਼ਟ ਕਰ ਦਿੱਤਾ ਅਤੇ ਦਕ੍ਸ਼ ਦਾ ਸਿਰ ਵੱਢ ਦਿੱਤਾ। ਡਰ ਦੇ ਮਾਰੇ ਦੇਵਤੇ ਸ਼ਿਵ ਦੀ ਸ਼ਰਣ ਵਿਚ ਆ ਗਏ। ਸ਼ਿਵ ਨੇ ਦਕ੍ਸ਼ ਨੂੰ ਮਾਫ਼ ਕਰ ਦਿੱਤਾ ਅਤੇ ਉਸ ਨੂੰ ਜੀਵਿਤ ਕਰਨ ਲਈ ਬਕਰੇ ਦਾ ਸਿਰ ਕਟ ਕੇ ਉਸ ਦੇ ਧੜ ਨਾਲ ਜੋੜਿਆ ਕਿਉਂਕਿ ਉਸ ਦਾ ਆਪਣਾ ਸਿਰ ਲੁਪਤ ਹੋ ਗਿਆ ਸੀ ਜਾਂ ਯੱਗ-ਕੁੰਡ ਵਿਚ ਭਸਮ ਹੋ ਗਿਆ ਸੀ। ਦਕ੍ਸ਼ ਜੀਵਿਤ ਹੋ ਗਿਆ ਅਤੇ ਯੱਗ ਪੂਰਾ ਕੀਤਾ; ਅੱਗੋਂ ਲਈ ਯੱਗ ਵਿਚੋਂ ਸ਼ਿਵ ਦਾ ਭਾਗ ਕੱਢਣਾ ਨਿਸ਼ਚਿਤ ਹੋਇਆ। ਸਤੀ ਨੇ ਮਰਣ ਉਪਰੰਤ ਹਿਮਾਲਯ ਦੀ ਪਤਨੀ ਮੇਨਾ ਦੀ ਕੁੱਖੋਂ ਜਨਮ ਲੈ ਕੇ ਫਿਰ ਸ਼ਿਵ ਨਾਲ ਵਿਆਹ ਕੀਤਾ।

ਦੱਤਾਤ੍ਰੇਯ : ਇਹ ਅਤ੍ਰਿ ਰਿਸ਼ੀ ਦੇ ਘਰ ਅਨਸੂਯਾ ਦੀ ਕੁੱਖੋਂ ਪੈਦਾ ਹੋਇਆ। 'ਮਾਰਕੰਡੇਯ ਪੁਰਾਣ' (ਅ. 16-17) ਅਨੁਸਾਰ ਅਨਸੂਯਾ ਉਤੇ ਪ੍ਰਸੰਨ ਹੋਏ ਤ੍ਰਿ-ਦੇਵਾਂ ਨੇ ਉਸ ਦੇ ਘਰ ਜਨਮ ਲੈਣ ਦਾ ਵਰਦਾਨ ਦਿੱਤਾ। ਕਾਲਾਂਤਰ ਵਿਚ ਅਨਸੂਯਾ ਨੇ ਤਿੰਨ ਪੁੱਤਰਾਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚੋਂ ਸੋਮ (ਚੰਦ੍ਰਮਾ) ਬ੍ਰਹਮਾ ਦਾ, ਦੱਤ ਵਿਸ਼ਣੂ ਦਾ ਅਤੇ ਦੁਰਬਾਸਾ ਸ਼ਿਵ ਦਾ ਅਵਤਾਰ ਸੀ। ਇਹ ਵੀ ਮੰਨਿਆ ਗਿਆ ਹੈ ਕਿ ਇਹ ਅਯੋਨਿਜ ਸਨ।

'ਭਾਗਵਤ ਪੁਰਾਣ' ਵਿਚ ਵੀ ਦੱਤ ਨੂੰ ਵਿਸ਼ਣੂ ਦਾ ਅਵਤਾਰ ਮੰਨਿਆ ਗਿਆ ਹੈ। ਇਕ ਵਾਰ ਤ੍ਰੇਤਾ-ਯੁਗ ਵਿਚ ਜਦੋਂ ਵਰਣ-ਵਿਵਸਥਾ, ਧਰਮ ਅਤੇ ਵੈਦਿਕ ਕਰਮਾਂ ਦੀ ਹਾਨੀ ਹੋ ਗਈ ਤਾਂ ਸੰਸਾਰ ਦਾ ਸੰਤੁਲਨ ਬਣਾਏ ਰਖਣ ਲਈ ਦੱਤਾਤ੍ਰੇਯ ਨੇ ਸਭ ਦਾ ਪੁਨਰ-ਉੱਧਾਰ ਕੀਤਾ। ਇਸ ਤਰ੍ਹਾਂ ਦੱਤਾਤ੍ਰੇਯ ਦੇ ਅਵਤਾਰ ਧਾਰਣ ਕਰਨ ਦਾ ਉੱਲੇਖ ਲੋਕਾਂ ਨੂੰ ਧਰਮ ਅਤੇ ਵੈਦਿਕ ਕੰਮਾਂ ਵਲ ਮੋੜਨਾ ਸੀ। ਕਾਰ੍ਤਵੀਰਯ ਨੇ ਦੱਤਾਤ੍ਰੇਯ ਦੀ ਭਗਤੀ ਕਰਕੇ ਉਸ ਤੋਂ ਇਕ ਹਜ਼ਾਰ ਬਾਹਵਾਂ ਦਾ ਵਰ ਪ੍ਰਾਪਤ ਕੀਤਾ ਅਤੇ ਇਕ ਅਜਿਹੇ ਰਥ ਦੀ ਕਾਮਨਾ ਕੀਤੀ ਜੋ ਹਰ ਥਾਂ ਜਾ ਸਕਣ ਦੇ ਸਮਰਥ ਹੋਵੇ। ਇਨ੍ਹਾਂ ਵਰਾਂ ਦੀ ਪ੍ਰਾਪਤੀ ਨਾਲ ਕਾਰ੍ਤਵੀਰਯ ਬਹੁਤ ਬਲਵਾਨ ਹੋ ਗਿਆ। ਹਜ਼ਾਰ ਬਾਹਵਾਂ ਕਰਕੇ ਇਸ ਦੇ ਕਈ ਹੋਰ ਨਾਂ ਪ੍ਰਚਲਿਤ ਹੋ ਗਏ, ਜਿਵੇਂ ਸਹਸ੍ਰਬਾਹੁ, ਸਰਸ੍ਰਾਰਜੁਨ।

'ਭਾਗਵਤ ਪੁਰਾਣ' (ਸਕੰਧ 11) ਵਿਚ ਦੱਤ ਨੇ ਯਦੂ ਨਾਲ ਗੱਲ ਕਰਦਿਆਂ ਆਪਣੇ ਦੁਆਰਾ ਧਾਰਣ ਕੀਤੇ 24 ਗੁਰੂਆਂ ਦਾ ਜੋ ਵਿਵਰਣ ਦਿੱਤਾ, ਉਹ ਇਸ ਪ੍ਰਕਾਰ ਹੈ— ਪ੍ਰਿਥਵੀ, ਵਾਯੂ, ਆਕਾਸ਼, ਜਲ, ਅਗਨੀ, ਚੰਦ੍ਰਮਾ, ਸੂਰਜ, ਕਬੂਤਰ, ਸਮੁੰਦ੍ਰ, ਪਤੰਗਾ, ਭੌਰਾ (ਜਾਂ ਸ਼ਹਿਦ ਦੀ ਮੱਖੀ), ਹਾਥੀ, ਸ਼ਹਿਦ ਕੱਢਣ ਵਾਲੀ, ਹਰਨ, ਮੱਛਲੀ, ਪਿੰਗਲਾ ਵੇਸਵਾ,

ਕੁਰਰ ਪੰਛੀ, ਬਾਲਕ, ਕੰਵਾਰੀ ਕੰਨਿਆ, ਤੀਰ ਬਣਾਉਣ ਵਾਲਾ, ਮੱਕੜੀ ਅਤੇ ਭ੍ਰਿੰਗੀ ਕੀਟ (ਤਿਤਲੀ)।

'ਦਸਮ-ਗ੍ਰੰਥ' ਵਿਚ ਇਸ ਨੂੰ ਵਿਸ਼ਣੂ ਦੀ ਥਾਂ ਰੁਦ੍ਰ ਦਾ ਅਵਤਾਰ ਮੰਨਿਆ ਗਿਆ ਹੈ। ਉਥੇ ਇਸ ਦੇ ਅਵਤਰਨ ਬਾਰੇ ਲਿਖਿਆ ਹੈ ਕਿ 'ਕਾਲ-ਪੁਰਖ' ਦੀ ਆਗਿਆ ਅਨੁਸਾਰ ਰੁਦ੍ਰ ਨੇ ਆਪਣੇ ਹੰਕਾਰ ਦਾ ਨਿਵਾਰਣ ਕਰਨ ਲਈ ਅਤ੍ਰਿ ਦੀ ਪਤਨੀ ਅਨਸੂਯਾ ਦੇ ਹੱਥਾਂ ਵਿਚ ਅਯੋਨਿਜ ਰੂਪ ਵਿਚ ਜਨਮ ਲਿਆ। ਇਹ ਵੇਦਾਂ ਅਤੇ ਸ਼ਾਸਤ੍ਰਾਂ ਦਾ ਗੰਭੀਰ ਵਿਦਵਾਨ ਸੀ। 'ਕਾਲਦੇਵ' ਦੇ ਹੁਕਮ ਅਨੁਸਾਰ ਇਹ ਗੁਰੂ ਦੀ ਖੋਜ ਵਿਚ ਨਿਕਲਿਆ ਅਤੇ ਇਕ ਕਰੋੜ ਵਰ੍ਹੇ ਘੋਰ ਤਪਸਿਆ ਕਰਨ ਉਪਰੰਤ ਇਸ ਨੇ 'ਅਕਾਲ' ਨੂੰ ਹੀ ਆਪਣਾ ਪਹਿਲਾ ਗੁਰੂ ਧਾਰਣ ਕੀਤਾ। ਇਸ ਤੋਂ ਬਾਦ ਦੱਤ ਨੇ ਹੋਰ 23 ਗੁਰੂ ਧਾਰਣ ਕੀਤੇ, ਜਿਵੇਂ—ਮਨੁ, ਮਕਰਾ, ਬਕ, ਬਿੜਾਲ, ਧੋਂਜਾ, ਮਾਛੀ, ਚੇਰੀ, ਬਨਜਾਰਾ, ਕਾਛਨ, ਸੁਰਥ, ਬਾਲਿਕਾ, ਭ੍ਰਿਤ੍ਯ, ਇਸਤਰੀ, ਬਾਨਗਰ, ਇਲ, ਦੁਧੀਰਾ, ਮ੍ਰਿਗਹਾ, ਨਲਨੀ-ਸੁਕ, ਸਾਹ, ਤੋਤਾ ਲਈ ਬੈਠਾ ਵਿਅਕਤੀ, ਭੱਤਾ ਲੈ ਜਾਣ ਵਾਲੀ ਇਸਤਰੀ, ਯਕ੍ਸ਼ਿਣੀ ਅਤੇ ਦ੍ਵਿਜ। ਇਨ੍ਹਾਂ ਸਭ ਨੂੰ ਗੁਰੂ ਧਾਰਣ ਕਰਨ ਦਾ ਮੂਲ ਕਾਰਣ ਇਨ੍ਹਾਂ ਦੀ ਆਪਣੇ ਕਾਰਜ ਵਿਚ ਪੂਰੀ ਤਰ੍ਹਾਂ ਮਗਨਤਾ ਸੀ। 'ਭਾਗਵਤ ਪੁਰਾਣ' ਦੇ 24 ਗੁਰੂਆਂ ਅਤੇ 'ਦਸਮ-ਗ੍ਰੰਥ' ਦੇ 24 ਗੁਰੂਆਂ ਦੀ ਗਿਣਤੀ ਭਾਵੇਂ ਇਕ-ਸਮਾਨ ਹੈ, ਪਰ ਇਨ੍ਹਾਂ ਵਿਚ ਕ੍ਰਮ ਅਤੇ ਨਾਂਵਾਂ ਸੰਬੰਧੀ ਏਕਤਾ ਨਹੀਂ ਹੈ।

ਦਧੀਚ : ਇਕ ਵੈਦਿਕ ਰਿਸ਼ੀ, ਜਿਸ ਦੀਆਂ ਹੱਡੀਆਂ ਤੋਂ ਇੰਦਰ ਨੇ ਵਜ੍ਰ ਨਾਂ ਦਾ ਅਸਤ੍ਰ ਬਣਾਇਆ ਸੀ। ਅਥਰਵਾ ਨਾਂ ਦੇ ਪੁਰੋਹਿਤ ਦੇ ਘਰ ਸ਼ਾਂਤੀ ਦੀ ਕੁੱਖੋਂ ਪੈਦਾ ਹੋਇਆ ਦਧੀਚ ਬਹੁਤ ਤਪਸਵੀ ਸੀ। ਦਕ੍ਸ਼ ਪ੍ਰਜਾਪਤੀ ਦੁਆਰਾ ਕੀਤੇ ਯੱਗ ਵਿਚ ਇਹ ਮੌਜੂਦ ਸੀ ਅਤੇ ਇਸ ਨੇ ਯੱਗ ਵਿਚ ਸ਼ਿਵ ਦਾ ਭਾਗ ਕੱਢਣ ਲਈ ਦਕ੍ਸ਼ ਨੂੰ ਸੁਝਾਉ ਦਿੱਤਾ ਸੀ, ਪਰ ਦਕ੍ਸ਼ ਨੇ ਅਣਸੁਣੀ ਕਰ ਛਡੀ, ਜਿਸ ਦੇ ਫਲਸਰੂਪ ਵੀਰਭਦ੍ਰ ਨੇ ਯੱਗ ਭੰਗ ਕਰ ਦਿੱਤਾ।

ਇਸ ਦਾ ਇਕ ਪੁਰਾਤਨ ਨਾਂ 'ਦਧ੍ਯੰਚ' ਵੀ ਸੀ। ਇਸ ਦੀ ਤਪਸਿਆ ਕਾਰਣ ਦੈਂਤ ਇਸ ਦੀ ਸ਼ਕਲ ਨੂੰ ਵੇਖ ਕੇ ਹੀ ਸਹਿਮ ਦੇ ਮਾਰੇ ਸ਼ਾਂਤ ਰਹਿੰਦੇ ਸਨ। ਜਦੋਂ ਇਹ ਸਵਰਗ ਵਿਚ ਚਲਾ ਗਿਆ ਤਾਂ ਧਰਤੀ ਉਤੇ ਦੈਂਤ ਫਿਰ ਬਲਵਾਨ ਹੋ ਗਏ। ਇੰਦਰ ਨੇ ਦਧੀਚ ਦੀ ਕਿਸੇ ਬਚਦੀ ਵਸਤੂ ਦਾ ਖੁਰਾ ਖੋਜ ਕੱਢਣ ਦਾ ਬਹੁਤ ਯਤਨ ਕੀਤਾ। ਅੰਤ ਵਿਚ ਕੁਰੁਕ੍ਸ਼ੇਤਰ ਦੇ ਨੇੜੇ ਇਕ ਸਰੋਵਰ ਵਿਚੋਂ ਦਧੀਚ ਦੀਆਂ ਹੱਡੀਆਂ ਲਭ ਲਈਆਂ। ਇਨ੍ਹਾਂ ਹੱਡੀਆਂ ਦਾ ਵਜ੍ਰ ਨਾਂ ਦਾ ਅਸਤ੍ਰ ਤਿਆਰ ਕਰਕੇ ਇੰਦਰ ਨੇ ਦੈਂਤਾਂ ਦਾ ਨਾਸ਼ ਕੀਤਾ।

ਦਮਯੰਤੀ : ਰਾਜਾ ਨਲ ਦੀ ਪਤਨੀ। ਵੇਖੋ 'ਨਲ, ਰਾਜਾ'।

ਦਯਾਨੰਦ, ਸੁਆਮੀ : ਵੇਖੋ 'ਆਰਯਸਮਾਜ'।

ਦਰਬਾਰ ਸਾਹਿਬ : ਵੇਖੋ 'ਅੰਮ੍ਰਿਤਸਰ-2'।

ਦਰੂਦ : ਫ਼ਾਰਸੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਪ੍ਰਾਰਥਨਾ, ਬੇਨਤੀ। ਇਸ ਦੇ

ਹੋਰ ਵੀ ਕਈ ਅਰਥ ਕੀਤੇ ਜਾਂਦੇ ਹਨ ਜਿਵੇਂ ਰਹਿਮਤ, ਬਰਕਤ, ਉਸਤਤ। ਕਈ ਮੁਸਲਮਾਨ ਰੋਟੀ ਖਾਣ ਤੋਂ ਪਹਿਲਾਂ 'ਕੁਰਾਨ' ਵਿਚੋਂ ਪੜ੍ਹੀ ਜਾਣ ਵਾਲੀ ਇਕ ਆਇਤ ਨੂੰ 'ਦਰੂਦ' ਕਹਿੰਦੇ ਹਨ ਕਿਉਂਕਿ ਇਸ ਰਾਹੀਂ ਰੱਬ ਤੋਂ ਬਖਸ਼ਿਸ਼ ਮੰਗੀ ਜਾਂਦੀ ਹੈ। ਨਮਾਜ਼ ਦੌਰਾਨ ਜਾਂ ਪਿਛੋਂ ਪੜ੍ਹੇ ਜਾਣ ਵਾਲੇ ਦੁਆਈਆ ਕਲਾਮ ਨੂੰ ਵੀ 'ਦਰੂਦ' ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਨੇ ਕਿਹਾ ਹੈ ਕਿ ਪਹੁੰਚੇ ਹੋਏ ਸਾਧਕ ਰੱਬ ਦੇ ਦੁਆਰ ਤੇ ਸਦਾ ਦੁਆਈਆ ਕਲਾਮ ਪੜ੍ਹਦੇ ਰਹਿੰਦੇ ਹਨ—'ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ।/ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ' (ਅ. ਗ੍ਰੰ. 53)।

ਮੁਸਲਮਾਨਾਂ ਵਿਚ ਪ੍ਰਚਲਿਤ ਇਕ ਵਿਸ਼ੇਸ਼ ਰੀਤ ਨੂੰ ਵੀ 'ਦਰੂਦ' ਕਿਹਾ ਜਾਂਦਾ ਹੈ ਜਿਸ ਅਨੁਸਾਰ ਅੰਨ ਅਤੇ ਹੋਰ ਪਦਾਰਥ ਪਿਤਰਾਂ ਨਿਮਿਤ ਵੰਡੇ ਜਾਂਦੇ ਹਨ। ਇਹ ਰੀਤ ਆਮ ਤੌਰ ਤੇ ਭਿਖਿਆ ਮੰਗਣ ਆਏ ਫ਼ਕੀਰ ਲੋਕ ਕਰਦੇ ਹਨ। ਇਸ ਦਾ ਆਸ਼ਾ ਹੁੰਦਾ ਹੈ ਕਿ ਪਿਤਰਾਂ ਨਿਮਿਤ ਦਿੱਤਾ ਦਾਨ ਉਨ੍ਹਾਂ ਤਕ ਪਹੁੰਚੇ। ਦਰੂਦ ਪੜ੍ਹਨ ਦੀ ਰੀਤ ਦੀ ਪਾਲਨਾ ਈਦ-ਉਲ-ਫ਼ਿਤਰ ਦੇ ਮੌਕੇ ਉਚੇਚੇ ਤੌਰ ਤੇ ਕੀਤੀ ਜਾਂਦੀ ਹੈ।

ਦਰੋਪਦ : ਵੇਖੋ 'ਦ੍ਰੁਪਦ'।

ਦਲੀਪ ਸਿੰਘ, ਮਹਾਰਾਜਾ : ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਸ਼ਹਿਜ਼ਾਦਾ ਜਿਸ ਦੇ ਜਨਮ ਸਮੇਂ ਬਾਰੇ ਦੋ ਤਿਥੀਆਂ ਪ੍ਰਚਲਿਤ ਹਨ। ਇਕ ਇਹ ਕਿ ਉਹ ਫ਼ਰਵਰੀ, 1837 ਈ. ਵਿਚ ਪੈਦਾ ਹੋਇਆ ਅਤੇ ਦੂਜਾ ਇਹ ਕਿ ਉਹ 4 ਸਤੰਬਰ 1938 ਨੂੰ ਜਨਮਿਆ। ਰਾਣੀ ਜਿੰਦਾਂ (ਰਾਜਿੰਦਰ ਕੌਰ, ਜਾਂ ਜਿੰਦ ਕੌਰ) ਦੀ ਕੁੱਖੋਂ ਇਸ ਦਾ ਜਨਮ ਲਾਹੌਰ ਵਿਚ ਹੋਇਆ। ਮਹਾਰਾਜਾ ਸ਼ੇਰ ਸਿੰਘ ਦੇ ਮਰਨ ਉਪਰੰਤ 18 ਸਤੰਬਰ, 1843 ਈ. ਨੂੰ ਨਾਬਾਲਗ਼ ਅਵਸਥਾ ਵਿਚ ਇਸ ਨੂੰ ਗੱਦੀ ਉਤੇ ਬਿਠਾਇਆ ਗਿਆ ਅਤੇ ਮਹਾਰਾਣੀ ਜਿੰਦਾਂ ਇਸ ਦੀ ਸਰਪ੍ਰਸਤ ਬਣੀ।

ਲਾਹੌਰ ਸਰਕਾਰ ਦੇ ਸਵਾਰਥੀ ਅਤੇ ਧੋਖੇਬਾਜ਼ ਦਰਬਾਰੀਆਂ ਨੇ ਸਿੱਖ ਫ਼ੌਜ ਨੂੰ ਅੰਗ੍ਰੇਜ਼ਾਂ ਨਾਲ ਲੜਾਈ ਕਰਨ ਲਈ ਉਕਸਾਇਆ ਅਤੇ ਅੰਤ ਵਿਚ ਹਾਰ ਖਾਕੇ 9 ਮਾਰਚ, 1846 ਈ. ਨੂੰ ਸੰਧੀ ਕੀਤੀ ਗਈ। ਹੌਲੀ-ਹੌਲੀ ਅੰਗ੍ਰੇਜ਼ ਫ਼ੌਜ ਲਾਹੌਰ ਵਿਚ ਆਪਣੀ ਸ਼ਕਤੀ ਵਧਾਉਂਦੀ ਰਹੀ ਅਤੇ ਹਰ ਕੰਮ ਆਪਣੀ ਇੱਛਾ ਅਨੁਸਾਰ ਕਰਵਾਉਣ ਲਗ ਗਈ। ਪੱਛਮੀ ਪੰਜਾਬ ਵਿਚ ਬਚਦੀ ਸਿੱਖ ਫ਼ੌਜ ਨਾਲ ਅਪ੍ਰੈਲ, 1848 ਈ. ਵਿਚ ਅੰਗ੍ਰੇਜ਼ ਫ਼ੌਜ ਦੀ ਫਿਰ ਜੰਗ ਹੋਈ ਜਿਸ ਵਿਚ ਸਿੱਖ ਫੌਜਾਂ ਹਾਰ ਗਈਆਂ ਅਤੇ 29 ਮਾਰਚ, 1849 ਈ. ਨੂੰ ਮਹਾਰਾਜਾ ਦਲੀਪ ਸਿੰਘ ਨੂੰ ਰਾਜ-ਗੱਦੀ ਤੋਂ ਬੇਦਖ਼ਲ ਕਰਕੇ ਪੰਜਾਬ ਤੋਂ ਬਾਹਰ ਡਾ. ਜਾਨ ਲੌਗਨ ਦੀ ਨਿਗਰਾਨੀ ਵਿਚ ਫਤਹਿਗੜ੍ਹ (ਉੱਤਰ ਪ੍ਰਦੇਸ਼) ਵਿਚ ਭੇਜਿਆ ਗਿਆ। ਹੌਲੀ-ਹੌਲੀ ਉਸ ਨੂੰ ਈਸਾਈ ਧਰਮ ਨੂੰ ਗ੍ਰਹਿਣ ਕਰਨ ਵਲ ਪ੍ਰੇਰਿਆ ਗਿਆ। 8 ਮਾਰਚ, 1853 ਈ. ਨੂੰ ਦਲੀਪ ਸਿੰਘ ਈਸਾਈ ਬਣ ਗਿਆ ਅਤੇ 19 ਅਪ੍ਰੈਲ, 1854 ਈ. ਨੂੰ ਸਦਾ ਲਈ ਇੰਗਲੈਂਡ ਟੋਰਾ ਗਿਆ। ਕਵੀ ਹਰਿੰਦਰ ਮਹਿਬੂਬ ਨੇ ਇਸ ਘਟਨਾ ਵਲ ਸੰਕੇਤ ਕੀਤਾ ਹੈ—'ਜਿਦ ਮਾਸੂਮ ਦਲੀਪ ਦੀ,/ ਖੁਭੇ ਮਸੀਹੀ ਡੰਗ।/

ਬੂੰਦ ਸਜਨ ਦੇ ਦੇਸ ਦੀ, ਗਗਨ ਤੋਂ ਮਿਲੇ ਨ ਮੰਗ।'

ਦਲੀਪ ਸਿੰਘ ਨੂੰ ਜੀਵਨ-ਨਿਰਵਾਹ ਲਈ ਪੰਜ ਲੱਖ ਰੁਪਏ ਸਾਲਾਨਾ ਪੈਨਸ਼ਨ ਮਿਲਦੀ ਸੀ। ਉਸ ਨੇ ਪਹਿਲਾ ਵਿਆਹ 7 ਜੂਨ, 1864 ਈ. ਵਿਚ ਮਿਸ ਬੰਬਾ ਮੂਲਰ ਨਾਲ ਕੀਤਾ ਜਿਸ ਤੋਂ ਤਿੰਨ ਪੁੱਤਰ ਅਤੇ ਤਿੰਨ ਪੁੱਤਰੀਆਂ ਪੈਦਾ ਹੋਈਆਂ ਦਸੀਆਂ ਜਾਂਦੀਆਂ ਹਨ। ਬੰਬਾ ਮੂਲਰ ਦੀ ਮ੍ਰਿਤੂ ਸੰਨ 1890 ਈ. ਵਿਚ ਹੋਈ। ਦਲੀਪ ਸਿੰਘ ਨੇ ਦੂਜੀ ਸ਼ਾਦੀ ਇਕ ਅੰਗ੍ਰੇਜ਼ ਇਸਤਰੀ ਮਿਸ ਏ. ਡੀ. ਵੇਦ੍ਰਿਲ (A.D. Wetherill) ਨਾਲ ਕੀਤੀ ਜੋ ਉਸ ਦੇ ਮਰਨ ਤੋਂ ਬਾਦ ਵੀ ਕਾਫ਼ੀ ਸਮਾਂ ਜਿਊਂਦੀ ਰਹੀ।

ਦਲੀਪ ਸਿੰਘ ਨੇ ਆਪਣੇ ਦੇਸ਼ ਵਿਚ ਆਉਣਾ ਚਾਹਿਆ, ਪਰ ਅੰਗ੍ਰੇਜ਼ ਸਰਕਾਰ ਨੇ ਉਸ ਨੂੰ ਅਦਨ ਬੰਦਰਗਾਹ 'ਤੇ ਹੀ ਰੋਕ ਲਿਆ। ਇਸ ਘਟਨਾ ਤੋਂ ਨਾਰਾਜ਼ ਹੋ ਕੇ ਮਲਿਕਾ ਵਿਕਟੋਰੀਆ ਨੇ ਪੈਨਸ਼ਨ ਬੰਦ ਕਰ ਦਿੱਤੀ। ਦਲੀਪ ਸਿੰਘ ਨੂੰ ਕਾਫ਼ੀ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪਿਆ। ਆਖ਼ਿਰ ਮਲਿਕਾ ਪਾਸੋਂ ਮਾਫ਼ੀ ਮੰਗਣ ਤੇ ਪੈਨਸ਼ਨ ਬਹਾਲ ਕੀਤੀ ਗਈ। 22 ਅਕਤੂਬਰ, 1893 ਈ. ਵਿਚ ਦਲੀਪ ਸਿੰਘ ਦੀ ਮ੍ਰਿਤੂ ਪੈਰਿਸ ਦੇ ਗ੍ਰੈਂਡ ਹੋਟਲ ਵਿਚ ਹੋਈ। ਉਸ ਵਕਤ ਉਸ ਦੀ ਮਾਲੀ ਹਾਲਤ ਚੰਗੀ ਨਹੀਂ ਸੀ। ਉਸ ਦੀ ਦੇਹ ਨੂੰ ਇੰਗਲੈਂਡ ਲਿਆ ਕੇ ਉਸ ਦੇ ਨਿਵਾਸ-ਸਥਾਨ 'ਅਲਵਡਨ' ਵਿਚ ਦਫ਼ਨਾਇਆ ਗਿਆ।

ਦਾਊਦ, ਹਜ਼ਰਤ : ਇਹ ਜੈਸੀ (ਯਿਸ਼ੈ) ਦਾ ਪੁੱਤਰ ਅਤੇ ਹਜ਼ਰਤ ਸੁਲੇਮਾਨ ਦਾ ਪਿਤਾ ਸੀ। ਇਸ ਦੀ ਗਿਣਤੀ ਪੈਗ਼ੰਬਰਾਂ ਵਿਚ ਕੀਤੀ ਜਾਂਦੀ ਹੈ। ਕਿਉਂਕਿ ਇਸ ਨੂੰ ਰੱਬ ਵੱਲੋਂ 'ਜ਼ਬੂਰ' ਉਤਰੀ ਸੀ। ਇਹ ਇਸਰਾਈਲ ਵੰਸ਼ ਵਿਚ ਹੋਇਆ ਯੋਰੋਸ਼ਲਮ ਦਾ ਇਕ ਨਾਮੀ ਬਾਦਸ਼ਾਹ ਸੀ। 'ਬਾਈਬਲ' ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਨੇ ਹੀ ਯੋਰੋਸ਼ਲਮ ਨਗਰ ਵਸਾਇਆ ਸੀ। ਉਥੇ ਹੀ 70 ਵਰ੍ਹਿਆਂ ਦੀ ਉਮਰ ਵਿਚ ਇਸ ਦਾ ਦੇਹਾਂਤ ਹੋਇਆ ਅਤੇ ਉਥੇ ਹੀ ਇਸ ਨੂੰ ਦਫ਼ਨਾਇਆ ਗਿਆ। ਇਸ ਦੇ ਮਤ ਨੂੰ ਧਾਰਣ ਕਰਨ ਵਾਲੇ ਨੂੰ 'ਦਾਊਦੀ' ਕਿਹਾ ਜਾਂਦਾ ਹੈ। ਸੂਫ਼ੀ ਕਵੀ ਅਲੀ ਹੈਦਰ ਨੇ ਇਸ ਦਾ ਉੱਲੇਖ ਕਰਦਿਆਂ ਲਿਖਿਆ ਹੈ—'ਹੈਦਰ ਤੇਰੀ ਮੈਂ ਵਿੰਗੜਾ ਕਪੜਾ ਕੱਢਿਆ ਦਾਊਦ ਰੰਗੜਾ ਮੈਂ।'

ਦਾਂਤੇ, ਆਲੀਗ੍ਰਯਾਰੀ : ਸੰਨ 1265 ਈ. ਵਿਚ ਇਟਲੀ ਦੇਸ਼ ਦੇ ਫਲੋਰੈਂਸ ਨਾਂ ਦੇ ਨਗਰ ਵਿਚ ਪੈਦਾ ਹੋਇਆ ਇਕ ਮਹਾਨ ਕਵੀ ਅਤੇ ਚਿੰਤਕ ਜੋ ਰਾਜਨੈਤਿਕ ਖੇਤਰ ਵਿਚ ਨਰਗ ਦਲ ਦਾ ਸਮਰਥਕ ਸੀ ਪਰ ਸੰਨ 1301 ਦੀ ਕ੍ਰਾਂਤੀ ਵਿਚ ਇਸ ਦਲ ਦੇ ਹਾਰਨ ਕਾਰਣ ਆਪਣੇ ਸਾਥੀਆਂ ਸਮੇਤ ਦਾਂਤੇ ਨੂੰ ਦੇਸ-ਨਿਕਾਲਾ ਦਿੱਤਾ ਗਿਆ ਅਤੇ ਮਰਨ ਤਕ ਇਹ ਇਕ ਥਾਂ ਤੋਂ ਦੂਜੀ ਥਾਂ ਭਟਕਦਾ ਰਿਹਾ ਅਤੇ ਭਿਖਾਰੀਆਂ ਵਾਂਗ ਜੀਵਨ ਬਿਤਾ ਦਿੱਤਾ, ਪਰ ਅਪਮਾਨਜਨਕ ਸ਼ਰਤਾਂ 'ਤੇ ਦੇਸ਼ ਪਰਤਣ ਨੂੰ ਪ੍ਰਵਾਨ ਨਾ ਕੀਤਾ। ਇਸ ਤਰ੍ਹਾਂ ਦਰ-ਬਦਰ ਰੁਲਦਿਆਂ ਸੰਨ 1321 ਈ. ਵਿਚ ਇਸ ਦੀ ਮ੍ਰਿਤੂ ਰਾਵੇਨਾ ਨਗਰ ਵਿਚ ਹੋਈ ਅਤੇ ਉਥੇ ਹੀ ਇਸ ਨੂੰ ਦਫ਼ਨਾਇਆ ਗਿਆ।

ਦਾਂਤੇ ਦੇ ਜੀਵਨ ਵਿਚ ਦੋ ਇਸਤਰੀਆਂ ਦਾ ਵਿਸ਼ੇਸ਼ ਸਥਾਨ ਹੈ। ਇਕ ਹੈ

ਬੀਆਤ੍ਰਿਸ ਜੋ ਇਸ ਦੀ ਮੁੱਢਲੀ ਉਮਰ ਦੀ ਪ੍ਰੇਮਿਕਾ ਸੀ। ਪਰ ਉਸ ਦਾ ਵਿਆਹ ਸਾਈਮਨ-ਡੀ-ਬਾਰਡੀ ਨਾਲ ਕਰ ਦਿੱਤਾ ਗਿਆ ਅਤੇ ਸੰਨ 1290 ਈ. ਵਿਚ ਉਸ ਦੀ ਮ੍ਰਿਤੂ ਹੋ ਗਈ, ਪਰ ਦਾਂਤੇ ਉਸ ਦੇ ਪਿਆਰ ਵਿਚ ਹੀ ਡੁਬਿਆ ਰਿਹਾ। ਦੂਜੀ ਇਸਤਰੀ ਦਾਂਤੇ ਦੀ ਆਪਣੀ ਪਤਨੀ ਜੇਮਿਆ-ਦੋਨਾਤੀ ਸੀ ਜਿਸ ਨਾਲ ਇਸ ਦਾ ਵਿਆਹ 1277 ਈ. ਵਿਚ ਹੋਇਆ, ਪਰ ਦੇਸ਼-ਨਿਕਾਲੇ ਵੇਲੇ ਉਸ ਨੇ ਦਾਂਤੇ ਦਾ ਸਾਥ ਨਾ ਦਿੱਤਾ। ਫਲਸਰੂਪ ਉਸ ਪ੍ਰਤਿ ਦਾਂਤੇ ਦੇ ਮਨ ਵਿਚ ਨਫ਼ਰਤ ਭਰ ਗਈ।

ਦਾਂਤੇ ਦੀਆਂ ਕਵਿਤਾਵਾਂ ਨੂੰ ਆਲੋਚਕਾਂ ਨੇ ਤਿੰਨ ਦੌਰਾਂ ਵਿਚ ਵੰਡਿਆ ਹੈ। ਪਹਿਲਾ ਦੌਰ 1283 ਤੋਂ 1290 ਤਕ ਦਾ ਮੰਨਿਆ ਜਾਂਦਾ ਹੈ। ਇਸ ਦੌਰ ਦੀਆਂ ਅਧਿਕਾਂਸ਼ ਕਵਿਤਾਵਾਂ ਬੀਆਤ੍ਰਿਸ ਦੇ ਪ੍ਰੇਮ ਵਿਚ ਭਿਜ ਕੇ ਲਿਖੀਆਂ ਹੋਈਆਂ ਹਨ ਜਿਨ੍ਹਾਂ ਵਿਚ ਜਵਾਨੀ ਦਾ ਉਤਸਾਹ ਅਤੇ ਉੱਲਾਸ ਭਰਿਆ ਹੋਇਆ ਹੈ। 'ਵਿਟਾ ਨੁਓਵਾ' ਇਸ ਦੌਰ ਦੀ ਪ੍ਰਸਿੱਧ ਰਚਨਾ ਹੈ। ਇਸ ਦੀਆਂ ਸੰਨ 1291 ਤੋਂ 1313 ਈ. ਦੇ ਵਿਚਕਾਰਲੇ ਕਾਲ ਵਿਚ ਲਿਖੀਆਂ ਕਵਿਤਾਵਾਂ ਦੂਜੇ ਦੌਰ ਦੀਆਂ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਨਿਰਾਸ਼ਾ, ਦੁੱਖ ਅਤੇ ਭਵਿਸ਼ ਦੀ ਅਨਿਸਚਿਤਤਾ ਦੇ ਬਦਲ ਛਾਏ ਹੋਏ ਹਨ; ਦਾਂਤੇ ਦਾ ਵਿਸ਼ਵਾਸ ਅਤੇ ਸ਼ਰਧਾ ਮੰਦ ਹੋ ਕੇ ਬੁੱਧੀ ਅਤੇ ਦਰਸ਼ਨ ਵਲ ਝੁਕ ਗਈ ਹੈ। ਸਮ੍ਰਾਟ ਹੈਨਰੀ ਸੱਤਵੇਂ ਦੀ ਮ੍ਰਿਤੂ ਤੋਂ ਬਾਦ ਦਾਂਤੇ ਦੀ ਮਨੋਸਥਿਤੀ ਨਿਰਾਸ਼ਾ ਦੇ ਘੁਪ ਹਨੇਰੇ ਵਿਚੋਂ ਫਿਰ ਜ਼ਿੰਦਗੀ ਦੇ ਚਾਨਣ ਵਲ ਮੁੜੀ। ਪਹਿਲੇ ਦੌਰ ਵਾਲੀਆਂ ਬਿਰਤੀਆਂ ਫਿਰ ਜਾਗ ਪਈਆਂ। ਬੀਆਤ੍ਰਿਸ ਦੇ ਪ੍ਰੇਮ ਦੀ ਯਾਦ ਫਿਰ ਤਾਜ਼ੀ ਹੋ ਗਈ। ਬੁੱਧੀ ਨੇ ਫਿਰ ਅਧਿਆਤਮਿਕਤਾ ਲਈ ਰਾਹ ਖ਼ਾਲੀ ਕੀਤਾ। 'ਡਿਵਾਈਨ ਕਾਮਡੀ' ਨਾਂ ਦੀ ਰਚਨਾ ਵਿਚ ਇਹ ਪ੍ਰਵਿਰਤੀਆਂ ਵੇਖੀਆਂ ਜਾ ਸਕਦੀਆਂ ਹਨ। ਸੰਨ 1314 ਈ. ਤੋਂ 1321 ਈ. ਤਕ ਦਾ ਸਮਾਂ ਇਸ ਦੇ ਕਾਵਿ-ਜਗਤ ਦਾ ਤੀਜਾ ਅਤੇ ਆਖ਼ਰੀ ਦੌਰ ਸੀ।

ਦਾਂਤੇ ਦੀ ਕਾਵਿ-ਸਾਧਨਾ ਤੋਂ ਅਨੇਕ ਪਰਵਰਤੀ ਕਵੀ ਅਤੇ ਸਾਹਿੱਤਕਾਰ ਪ੍ਰਭਾਵਿਤ ਹੋਏ ਹਨ ਅਤੇ ਆਲੋਚਕਾਂ ਨੇ ਇਸ ਨੂੰ ਵਿਸ਼ਵ ਪੱਧਰ ਦੇ ਕਵੀਆਂ ਅਥਵਾ ਸਾਹਿੱਤਕਾਰਾਂ ਵਿਚ ਗਿਣਿਆ ਹੈ। ਬਾਵਾ ਬਲਵੰਤ ਨੇ ਵੀ ਆਪਣੀ ਕਵਿਤਾ 'ਸੁਨਹਿਰੀ ਸ਼ਾਮ' ਵਿਚ ਇਸ ਵਲ ਸੰਕੇਤ ਕੀਤਾ ਹੈ—'ਪੁਰਾਣੀ ਯਾਦ, ਕੀ ਆਖਾਂ, ਕਦੀ ਕਿਸ ਦੇਸ ਖੜਦੀ ਏ।/ ਖਿਆਲਾਂ ਵਿਚ ਕਦੇ ਮਿਲਟਨ ਤੇ ਡਾਂਟੇ ਦੇ ਨਹੀਂ ਆਇਆ।'

ਦਾਦੂ, ਭਗਤ : ਮੱਧ-ਯੁਗ ਦਾ ਇਕ ਪ੍ਰਸਿੱਧ ਧਰਮ-ਸਾਧਕ ਜਿਸ ਦੇ ਜੀਵਨ-ਬ੍ਰਿੱਤਾਂਤ ਬਾਰੇ ਤੱਥ-ਆਧਾਰਿਤ ਸਾਮਗ੍ਰੀ ਬਹੁਤ ਘੱਟ ਉਪਲਬਧ ਹੈ। ਵੱਖ-ਵੱਖ ਪ੍ਰਸੰਗਾਂ ਦੇ ਕਥਾ-ਸੂਤ੍ਰਾਂ ਨੂੰ ਜੋੜਨ ਤੋਂ ਬਾਦ ਸਪੱਸ਼ਟ ਹੁੰਦਾ ਹੈ ਕਿ ਦਾਦੂ ਦਾ ਜਨਮ ਗੁਜਰਾਤ ਦੇ ਅਹਿਮਦਾਬਾਦ ਨਗਰ ਵਿਚ ਸੰਨ 1544 ਈ. (ਫਗਣ ਸੁਦੀ 8, 1601 ਬਿ.) ਵਿਚ ਹੋਇਆ। ਇਹ ਜਾਤਿ ਦਾ ਪੇਂਜਾ ਸੀ। ਇਕ ਵਾਰ ਜਦੋਂ ਇਹ 11 ਵਰ੍ਹਿਆਂ ਦਾ ਸੀ, ਤਾਂ ਇਕ ਸਾਧੂ ਨੇ ਇਸ ਦੇ ਮੂੰਹ ਵਿਚ ਪਾਨ ਦੀ ਪੀਕ ਪਾ ਦਿੱਤੀ ਅਤੇ ਜਦੋਂ ਇਹ 18 ਵਰ੍ਹਿਆਂ ਦਾ ਹੋਇਆ ਤਾਂ ਉਸ ਸਾਧੂ ਨੇ ਫਿਰ ਦਰਸ਼ਨ ਦਿੱਤੇ ਅਤੇ ਇਸ ਨੂੰ ਆਪਣੇ

ਭਗਤੀ ਮਾਰਗ ਵਿਚ ਦੀਖਿਅਤ ਕੀਤਾ ।

ਜਦੋਂ ਇਹ 30 ਵਰ੍ਹਿਆਂ ਦਾ ਹੋਇਆ ਤਾਂ ਰਾਜਸਥਾਨ ਦੇ ਸਾਂਭਰ ਨਗਰ ਵਿਚ ਰਹਿਣ ਲਗਾ । ਉਥੇ ਛੇ ਵਰ੍ਹੇ ਰਹਿਣ ਉਪਰੰਤ ਆਮੇਰ ਆ ਗਿਆ ਅਤੇ ਉਥੇ ਇਸ ਨੇ 'ਬ੍ਰਹਮ-ਸੰਪ੍ਰਦਾਇ' ਦੀ ਸਥਾਪਨਾ ਕੀਤੀ ਜੋ ਕਾਲਾਂਤਰ ਵਿਚ ਦਾਦੂ-ਪੰਥ ਦੇ ਨਾਂ ਨਾਲ ਪ੍ਰਸਿੱਧ ਹੋਇਆ । ਕਹਿੰਦੇ ਹਨ ਇਸ ਦੇ ਦੋ ਪੁੱਤਰ-ਗਰੀਬਦਾਸ ਅਤੇ ਮਿਸਕੀਨਦਾਸ— ਅਤੇ ਦੋ ਪੁੱਤਰੀਆਂ— ਨਾਨੀ ਬਾਈ ਅਤੇ ਮਾਤਾ ਬਾਈ—ਸਨ । ਆਮੇਰ ਵਿਚ ਇਹ 14 ਵਰ੍ਹੇ ਰਿਹਾ । ਇਸੇ ਦੌਰਾਨ ਸੰਨ 1586 ਈ. (ਸੰਮਤ 1643) ਵਿਚ ਸੀਕਰੀ ਵਿਚ ਇਸ ਦੀ ਭੇਂਟ ਅਕਬਰ ਬਾਦਸ਼ਾਹ ਨਾਲ ਹੋਈ ਦਸੀ ਜਾਂਦੀ ਹੈ । ਸਾਂਭਰ ਅਤੇ ਆਮੇਰ ਦੇ ਨਿਵਾਸ ਸਮੇਂ ਇਸ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਜੋ ਵੱਖ-ਵੱਖ ਸੰਪਾਦਕਾਂ ਦੁਆਰਾ ਸੰਕਲਿਤ ਕੀਤੀ ਗਈ ਹੈ । ਪੰ. ਚੰਦ੍ਰਿਕਾ ਪ੍ਰਸਾਦ ਤ੍ਰਿਪਾਠੀ ਦੁਆਰਾ ਤਿਆਰ ਕੀਤੇ ਸੰਸਕਰਣ ਵਿਚ 2652 ਸਾਖੀਆਂ ਅਤੇ 445 ਪਦ ਸੰਕਲਿਤ ਹਨ ।

ਦਾਦੂ ਨੇ ਆਪਣੇ ਜੀਵਨ-ਕਾਲ ਵਿਚ ਰਾਜਸਥਾਨ, ਗੁਜਰਾਤ ਤੋਂ ਇਲਾਵਾ ਕਾਸ਼ੀ, ਬਿਹਾਰ, ਬੰਗਾਲ ਆਦਿ ਖੇਤਰਾਂ ਦੀ ਯਾਤ੍ਰਾ ਕੀਤੀ ਅਤੇ ਜਿਗਿਆਸੂਆਂ ਨੂੰ ਧਰਮ ਉਪਦੇਸ਼ ਦਿੱਤੇ । ਆਪਣੇ ਅੰਤ-ਕਾਲ ਵਿਚ ਸਾਂਭਰ ਦੇ ਨੇੜੇ ਨਰਾਣੇ ਦੀ ਕਿਸੇ ਗੁਫਾ ਵਿਚ ਭਗਤੀ ਕਰਦਿਆਂ ਇਸ ਨੇ ਸੰਨ 1603 ਈ. (ਜੇਠ ਵਦੀ 8, 1660 ਬਿ.) ਨੂੰ ਸਥਾਈ ਸਮਾਧੀ ਲੈ ਲਈ । ਇਸ ਦੇ ਦੇਹਾਂਤ ਤੋਂ ਬਾਦ ਅਨੁਯਾਈਆਂ ਨੇ ਦਾਦੂ-ਪੰਥ ਦੀ ਸਥਾਪਨਾ ਕੀਤੀ । ਇਸ ਦੇ 52 ਸ਼ਿਸ਼ਾਂ ਵਿਚੋਂ ਰੱਜਬ, ਗਰੀਬਦਾਸ, ਸੁੰਦਰਦਾਸ ਦੇ ਨਾਂ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ । ਇਸ ਸੰਪ੍ਰਦਾਇ ਦਾ ਪ੍ਰਧਾਨ ਸਥਾਨ (ਦਾਦੂ ਦੁਆਰਾ) ਨਰਾਣੇ ਵਿਚ ਹੈ ਜਿਥੇ ਉਨ੍ਹਾਂ ਦੀਆਂ ਕੁਝ ਵਸਤੂਆਂ ਅਤੇ ਬਾਣੀ-ਸੰਗ੍ਰਹਿ ਸੁਰਖਿਅਤ ਹਨ ।

ਦਾਦੂ ਸੁਭਾ ਦਾ ਬੜਾ ਕੋਮਲ, ਸੱਤਵਾਦੀ ਅਤੇ ਖਿਮਾਸ਼ੀਲ ਸਾਧਕ ਸੀ । ਇਸ ਲਈ ਇਸ ਦੇ ਨਾਂ ਨਾਲ 'ਦਿਆਲ' ਸ਼ਬਦ ਵੀ ਜੋੜ ਦਿੱਤਾ ਗਿਆ ਹੈ ।

ਸਿੱਖ-ਇਤਿਹਾਸ ਵਿਚ ਵੀ ਦਾਦੂ ਨਾਲ ਸੰਬੰਧਿਤ ਇਕ ਘਟਨਾ ਦਾ ਵਿਵਰਣ ਮਿਲਦਾ ਹੈ । ਕਹਿੰਦੇ ਹਨ ਕਿ ਸੰਨ 1707 ਈ. (ਸੰ. 1764 ਬਿ.) ਵਿਚ ਜਦੋਂ ਦੱਖਣ ਨੂੰ ਜਾਂਦਿਆਂ ਗੁਰੂ ਗੋਬਿੰਦ ਸਿੰਘ ਦਾਦੂ-ਦੁਆਰੇ ਕੋਲੋਂ ਲੰਘੇ ਤਾਂ ਉਨ੍ਹਾਂ ਨੇ ਉਸ ਵੇਲੇ ਦੇ ਮਹੰਤ ਨੂੰ ਦਾਦੂ ਦੀ ਬਾਣੀ ਦਾ ਕੁਝ ਅੰਸ਼ ਸੁਣਾਉਣ ਲਈ ਕਿਹਾ । ਤਾਂ ਉਸ ਨੇ ਇਕ ਸਾਖੀ (ਸ਼ਲੋਕ) ਸੁਣਾਈ—'ਦਾਦੂ ਦਾਵਾ ਦੂਰਿ ਕਰ ਕਲਿ ਕਾ ਲੀਜੈ ਭਾਇ ।/ ਜੋ ਕੋ ਮਾਰੇ ਈਂਟ ਫਿਸ ਲੀਜੈ ਸੀਸ ਚਢਾਇ ।' ਪਰ ਗੁਰੂ ਜੀ ਨੇ ਇਸ ਸ਼ਲੋਕ ਦੇ ਪਾਠ ਨੂੰ ਬਦਲ ਕੇ ਇਸ ਤਰ੍ਹਾਂ ਪੜ੍ਹਨ ਲਈ ਕਿਹਾ—'ਦਾਦੂ ਦਾਵਾ ਰਖ ਕੇ ਕਲਿ ਕਾ ਲੀਜੈ ਭਾਇ ।/ਜੋ ਕੋ ਮਾਰੈ ਈਂਟ ਫਿਸ ਪਾਥਰ ਹਨੈ ਰਿਸਾਇ ।' ਇਸ ਤੋਂ ਇਲਾਵਾ ਗੁਰੂ ਜੀ ਦੁਆਰਾ ਕਮਾਨ ਦੇ ਗੋਸ਼ੇ ਨਾਲ ਦਾਦੂ ਦੀ ਸਮਾਧ ਨੂੰ ਪ੍ਰਣਾਮ ਕਰਨ ਦੀ ਅਮਰਯਾਦਾ ਕਾਰਣ ਉਨ੍ਹਾਂ ਨੂੰ ਸਿੱਖਾਂ ਵੱਲੋਂ ਤਨਖਾਹੀਆ ਠਹਿਰਾਇਆ ਗਿਆ ।

ਦਾਨਵ : ਵੇਖੋ 'ਦੈਂਤ' ।

ਦਾਮੋਦਰ : ਸ੍ਰੀ ਕ੍ਰਿਸ਼ਨ ਦਾ ਇਕ ਨਾਮਾਂਤਰ । ਵੇਖੋ 'ਕ੍ਰਿਸ਼ਣ, ਅਵਤਾਰ' ।

ਦਾਰਾ ਸ਼ਕੋਹ : ਇਹ ਹਿੰਦੁਸਤਾਨ ਦੇ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਘਰ ਮਲਿਕਾ ਮੁਮਤਾਜ਼ ਮਹੱਲ ਦੀ ਕੁੱਖੋਂ 20 ਮਾਰਚ, 1615 ਈ. ਨੂੰ ਪੈਦਾ ਹੋਇਆ । ਸੰਨ 1633 ਈ. ਵਿਚ ਇਸ ਨੂੰ ਬਾਦਸ਼ਾਹ ਨੇ ਆਪਣਾ ਉੱਤਰਾਧਿਕਾਰੀ ਨਾਮਜ਼ਦ ਕੀਤਾ । ਇਹ ਸ਼ੁਰੂ ਤੋਂ ਹੀ ਧਰਮ-ਪਰਾਇਣ ਵਿਅਕਤੀ ਸੀ ਅਤੇ ਧਾਰਮਿਕ ਤੰਗ-ਨਜ਼ਰੀ ਤੋਂ ਉੱਚਾ, ਸਾਰੇ ਧਰਮਾਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲਾ ਇਕ ਦਰਵੇਸ਼ ਸ਼ਹਿਜ਼ਾਦਾ ਸੀ; ਸੂਫ਼ੀ ਫ਼ਕੀਰਾਂ ਪ੍ਰਤਿ ਇਸ ਦਾ ਵਿਸ਼ੇਸ਼ ਝੁਕਾ ਸੀ । ਇਸ ਨੂੰ ਸੰਨ 1645 ਈ. ਵਿਚ ਇਲਾਹਾਬਾਦ, ਸੰਨ 1647 ਈ. ਵਿਚ ਲਾਹੌਰ ਅਤੇ ਸੰਨ 1649 ਈ. ਵਿਚ ਗੁਜਰਾਤ ਦਾ ਸ਼ਾਸਕ ਨਿਯੁਕਤ ਕੀਤਾ ਗਿਆ । ਇਸ ਤਰ੍ਹਾਂ ਇਸ ਦੀ ਪ੍ਰਤਿਸ਼ਠਾ ਬਣੀ ਰਹੀ, ਪਰ ਸੰਨ 1653 ਈ. ਵਿਚ ਜਦੋਂ ਕੰਧਾਰ ਦੀ ਲੜਾਈ ਵਿਚ ਇਸ ਦੀ ਹਾਰ ਹੋਈ ਤਾਂ ਇਸ ਦੇ ਚੰਗੇ ਸ਼ਾਸਕ ਅਤੇ ਫ਼ੌਜੀ ਜਰਨੈਲ ਹੋਣ ਵਾਲੀ ਮਾਨਤਾ ਨੂੰ ਬਹੁਤ ਧੱਕਾ ਲਗਿਆ ।

ਸ਼ਾਹਜਹਾਂ ਦੇ ਬੀਮਾਰ ਹੋਣ 'ਤੇ ਔਰੰਗਜ਼ੇਬ ਅਤੇ ਮੁਰਾਦ ਨੇ ਬਗ਼ਾਵਤ ਕਰ ਦਿੱਤੀ । ਬਾਗ਼ੀ ਫ਼ੌਜਾਂ ਦੀਆਂ ਦਾਰਾ ਨਾਲ ਦੋ ਲੜਾਈਆਂ ਹੋਈਆਂ ਜਿਨ੍ਹਾਂ ਵਿਚ ਬਾਗ਼ੀ ਫ਼ੌਜਾਂ ਜਿੱਤ ਗਈਆਂ । ਔਰੰਗਜ਼ੇਬ ਨੇ ਪਹਿਲਾਂ ਮੁਰਾਦ ਨੂੰ ਆਪਣੇ ਰਸਤੇ ਤੋਂ ਹਟਾਇਆ ਅਤੇ ਫਿਰ ਦਾਰਾ ਨੂੰ ਵੀ 10 ਸਤੰਬਰ, 1659 ਈ. ਨੂੰ ਮਰਵਾ ਦਿੱਤਾ । ਇਸ ਤਰ੍ਹਾਂ ਇਕ ਫ਼ਕੀਰੀ ਅੰਦਾਜ਼ ਵਾਲੇ ਸ਼ਹਿਜ਼ਾਦੇ ਦਾ ਅੰਤ ਹੋਇਆ । ਇਹ ਫ਼ਾਰਸੀ ਭਾਸ਼ਾ ਦਾ ਇਕ ਪ੍ਰਤਿਭਾਵਾਨ ਲੇਖਕ ਸੀ । ਇਸ ਦੇ ਨਾਂ ਨਾਲ ਕਈ ਪੁਸਤਕਾਂ ਸੰਬੰਧਿਤ ਹਨ । ਇਸ ਨੇ 52 ਉਪਨਿਸ਼ਦਾਂ ਦਾ ਫ਼ਾਰਸੀ ਵਿਚ ਅਨੁਵਾਦ ਕਰਕੇ ਹਿੰਦੂ ਧਰਮ ਅਤੇ ਇਸਲਾਮ ਦੇ ਮੂਲ ਸਿੱਧਾਂਤਾਂ ਵਿਚ ਦੂਰ ਤਕ ਸਮਾਨਤਾ ਹੋਣ ਦੇ ਤੱਥ ਦੀ ਸਥਾਪਨਾ ਕੀਤੀ ਹੈ ।

ਦਿਗੰਬਰ : ਜੈਨ-ਮਤ ਦੀ ਇਕ ਸ਼ਾਖਾ ਜਿਸ ਦੇ ਸਾਧਕ ਦਿਸ਼ਾਵਾਂ ਨੂੰ ਹੀ ਆਪਣਾ ਅੰਬਰ ਅਥਵਾ ਬਸਤ੍ਰ ਸਮਝਦੇ ਹਨ । ਇਸ ਲਈ ਇਹ ਨੰਗੇ ਹੀ ਰਹਿੰਦੇ ਹਨ । ਇਹ ਨਾਗੇ ਸਾਧਾਂ ਤੋਂ ਵੱਖਰੇ ਹਨ ।

ਕਹਿੰਦੇ ਹਨ ਪਹਿਲੀ ਸਦੀ ਦੇ ਨੇੜੇ-ਤੇੜੇ ਜੈਨ-ਮਤ ਦੋ ਸ਼ਾਖਾਵਾਂ ਵਿਚ ਵੰਡਿਆ ਗਿਆ—ਇਕ ਦਿਗੰਬਰ ਅਤੇ ਦੂਜੀ ਸ੍ਵੇਤਾਂਬਰ । ਸਿੱਧਾਂਤਿਕ ਪੱਖ ਤੋਂ ਭਾਵੇਂ ਇਨ੍ਹਾਂ ਦੋਹਾਂ ਸ਼ਾਖਾਵਾਂ ਵਿਚ ਕੋਈ ਬੁਨਿਆਦੀ ਫ਼ਰਕ ਨਹੀਂ ਸੀ, ਪਰ ਵਿਵਹਾਰਿਕ ਦ੍ਰਿਸ਼ਟੀ ਤੋਂ ਤਿਆਗ ਅਤੇ ਵੈਰਾਗ ਦੀ ਪਾਲਨਾ ਬਾਰੇ ਦਿਗੰਬਰ ਬਹੁਤ ਕਠੋਰ ਸਨ ਜਦ ਕਿ ਸ੍ਵੇਤਾਂਬਰ ਉਦਾਰ ਅਤੇ ਸਹਿਜ-ਭਾਵੀ ਸਨ । ਸ੍ਵੇਤਾਂਬਰ ਸਾਧਕ ਬਸਤ੍ਰ ਧਾਰਣ ਕਰਨ ਦੇ ਪੱਖ ਵਿਚ ਹਨ ਅਤੇ ਭਿਖਿਆ ਦੁਆਰਾ ਆਪਣਾ ਜੀਵਨ ਨਿਰਵਾਹ ਕਰਦੇ ਹਨ । ਇਹ ਇਸਤਰੀਆਂ ਦੀ ਮੁਕਤੀ ਵਿਚ ਵੀ ਵਿਸ਼ਵਾਸ ਰਖਦੇ ਹਨ । ਦਿਗੰਬਰ ਸਾਧਕ ਨੂੰ ਕਿਸੇ ਵੀ ਦੁਨਿਆਵੀ ਵਸਤੂ ਪ੍ਰਤਿ ਮੋਹ ਨਾ ਰਖਣ ਦੀ ਕੜੀ ਚੇਤਾਵਨੀ ਹੈ; ਉਸ ਨੂੰ ਬਸਤ੍ਰ ਤਕ ਧਾਰਣ ਕਰਨ ਦੀ ਆਗਿਆ ਨਹੀਂ ਹੈ । ਕਿਉਂਕਿ ਦੁਨਿਆਵੀ ਵਸਤੂਆਂ ਦਾ ਮੋਹ ਅਤੇ ਪ੍ਰੇਮ ਮੋਕਸ਼ ਦੇ ਮਾਰਗ ਵਿਚ ਰੁਕਾਵਟਾਂ ਹਨ । ਇਹ ਲੋਕ ਇਸਤਰੀਆਂ ਦੀ ਮੁਕਤੀ ਵਿਚ ਵਿਸ਼ਵਾਸ

ਨਹੀਂ ਰਖਦੇ । ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਦਿਗੰਬਰ ਸਾਧਕ ਦਾ ਹਵਾਲਾ ਦਿੱਤਾ ਹੈ—'ਬਸਤ੍ਰ ਉਤਾਰਿ ਦਿਗੰਬਰੁ ਹੋਗੁ ।/ਜਟਾ ਧਾਰਿ ਕਿਆ ਕਮਾਵੈ ਜੋਗੁ' (ਅ. ਗ੍ਰੰ. 1169)।

ਦਿਤਿ/ਦਿਤੀ : ਇਸ ਦੀ ਕਲਪਨਾ ਵੇਦਾਂ ਵਿਚ ਹੋਈ ਹੈ। ਅਦਿਤੀ/ਅਦਿਤਿ (ਵੇਖ) ਵਾਂਗ ਵੀ ਇਹ ਕਿਸੇ ਦੈਵੀ ਸ਼ਕਤੀ ਦਾ ਮਾਨਵੀਕ੍ਰਿਤ ਰੂਪ ਹੈ। ਪੁਰਾਣ-ਸਾਹਿੱਤ ਅਨੁਸਾਰ ਇਹ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਅਤੇ ਕਸ਼੍ਯਪ ਦੀ ਪਤਨੀ ਸੀ। ਅਦਿਤੀ ਇਸ ਦੀ ਭੈਣ ਵੀ ਸੀ ਅਤੇ ਸੌਂਕਣ ਵੀ। ਅਦਿਤੀ ਦੇ ਪੁੱਤਰਾਂ ਨੇ ਇੰਦਰ ਦੀ ਅਗਵਾਈ ਵਿਚ ਦਿੱਤੀ ਦੇ ਪੁੱਤਰਾਂ ਦੀ ਹਤਿਆ ਕੀਤੀ।

'ਬਾਲਮੀਕੀ ਰਾਮਾਇਣ' (ਬਾਲ-ਕਾਂਡ/46-47) ਅਨੁਸਾਰ ਅਦਿਤੀ ਦੇ ਪੁੱਤਰਾਂ ਤੋਂ ਆਪਣੇ ਪੁੱਤਰਾਂ ਦੀ ਹਤਿਆ ਤੋਂ ਦੁੱਖੀ ਹੋ ਕੇ ਇਹ ਆਪਣੇ ਪਤੀ ਅਤੇ ਮਰੀਚ ਦੇ ਪੁੱਤਰ ਕਸ਼੍ਯਪ ਕੋਲ ਗਈ ਅਤੇ ਅਜਿਹੇ ਪੁੱਤਰ ਦੀ ਕਾਮਨਾ ਕੀਤੀ ਜੋ ਇੰਦਰ ਦੀ ਹਤਿਆ ਕਰ ਸਕੇ। ਕਸ਼੍ਯਪ ਨੇ ਦਿਤੀ ਦੀ ਪ੍ਰਾਰਥਨਾ ਮੰਨ ਲਈ। ਪੁੱਤਰ ਦਾ ਜਨਮ ਇਕ ਹਜ਼ਾਰ ਸਾਲ ਬਾਦ ਹੋਣਾ ਸੀ। ਇਸ ਲਈ ਕਸ਼੍ਯਪ ਦੇ ਦਸੇ ਅਨੁਸਾਰ ਇਸ ਨੇ ਪਵਿੱਤਰਤਾ ਦੀ ਧਾਲਨਾ ਲਈ ਕੁਸ਼ਪਲਵ ਨਾਂ ਦੇ ਬਨ ਵਿਚ ਤਪਸਿਆ ਸ਼ੁਰੂ ਕਰ ਦਿੱਤੀ। ਇਕ ਹਜ਼ਾਰ ਵਰ੍ਹੇ ਦੀ ਅਵਧੀ ਮੁਕਣ ਤੋਂ ਪਹਿਲਾਂ ਹੀ ਇੰਦਰ ਨੇ ਦਿਤੀ ਦੇ ਗਰਭ ਵਿਚ ਪ੍ਰਵੇਸ਼ ਕਰਕੇ ਵਜ੍ਰ ਨਾਲ ਬਾਲਕ ਦੇ ਸੱਤ ਟੋਟੇ ਕਰ ਦਿੱਤੇ। ਇਹੀ ਟੁਕੜੇ ਸੱਤ ਦੈਵੀ ਬਾਲਕਾਂ ਦੇ ਰੂਪ ਵਿਚ ਪੈਦਾ ਹੋਏ; ਇਨ੍ਹਾਂ ਦਾ ਨਾਂ 'ਮਰੁਤ' ਪ੍ਰਸਿੱਧ ਹੋਇਆ।

'ਭਾਗਵਤ ਪੁਰਾਣ' (3/14-18) ਅਨੁਸਾਰ ਯੱਗ ਵਿਚ ਰੁਝੇ ਹੋਏ ਕਸ਼੍ਯਪ ਮੁਨੀ ਪ੍ਰਤਿ ਦਿਤੀ ਨੇ ਸੰਭੋਗ ਲਈ ਬੇਨਤੀ ਕੀਤੀ। ਮੁਨੀ ਨੇ ਭਾਵੇਂ ਆਪਣੀ ਪਤਨੀ ਦੀ ਗੱਲ ਮੰਨ ਲਈ, ਪਰ ਇਹ ਵੀ ਕਹਿ ਦਿੱਤਾ ਕਿ ਅਨੁਚਿਤ ਸਮੇਂ ਸਮਾਗਮ ਕਰਨ ਕਰਕੇ ਪੁੱਤਰ ਦੈਂਤ ਹੋਣਗੇ ਅਤੇ ਭਗਵਾਨ ਦੇ ਹੱਥੋਂ ਮਾਰੇ ਜਾਣਗੇ। ਦਿਤੀ ਨੇ ਇਸ ਸ਼ੰਕਾ ਤੋਂ ਡਰ ਕੇ ਕਿ ਉਸ ਦੇ ਪੁੱਤਰ ਦੇਵਤਿਆਂ ਲਈ ਕਸ਼ਟ ਦਾ ਕਾਰਣ ਬਣਨਗੇ, ਉਨ੍ਹਾਂ ਨੂੰ ਇਕ ਸੌ ਵਰ੍ਹਿਆਂ ਤਕ ਆਪਣੀ ਕੁੱਖ ਵਿਚ ਹੀ ਸੰਭਾਲੀ ਰਖਿਆ। ਸਮਾਂ ਬੀਤਣ 'ਤੇ ਸ੍ਰਿਸ਼ਟੀ ਵਿਚ ਬਹੁਤ ਉਤਪਾਤ ਹੋਇਆ, ਮਗਰੋਂ ਦਿਤੀ ਨੇ ਹਿਰਣ੍ਯਕਸ਼ਿਪੁ ਅਤੇ ਹਿਰਣ੍ਯਾਕ੍ਸ਼ (ਵੇਖ) ਨੂੰ ਜਨਮ ਦਿੱਤਾ ਜੋ ਪੈਦਾ ਹੁੰਦਿਆਂ ਹੀ ਪਰਬਤ ਵਰਗੇ ਵਿਸ਼ਾਲ ਅਤੇ ਦ੍ਰਿੜ੍ਹ ਬਣ ਗਏ। ਇਨ੍ਹਾਂ ਦੀ ਮ੍ਰਿਤੂ ਵਿਸ਼ਣੂ ਦੇ ਅਵਤਾਰਾਂ ਰਾਹੀਂ ਹੋਈ। 'ਬਚਿਤ੍ਰ-ਨਾਟਕ' ਵਿਚ ਇਸ ਦਾ ਉੱਲੇਖ ਹੋਇਆ ਹੈ—'ਬਿਨਤਾ ਕਦ੍ਰੂ ਦਿਤਿ ਅਦਿਤਿ ਏ ਰਿਖਿ ਬਰੀ ਬਨਾਇ।'

ਦਿੱਲੀ : ਦਿੱਲੀ ਤੋਂ ਭਾਵ ਹੈ ਪੁਰਾਣੀ ਦਿੱਲੀ। ਨਵੀਂ ਦਿੱਲੀ ਤਾਂ ਸੰਨ 1912 ਈ. ਵਿਚ ਸਰਕਾਰੀ ਦਫ਼ਤਰਾਂ ਅਤੇ ਕਰਮਚਾਰੀਆਂ ਦੇ ਰਹਿਣ ਲਈ ਬਣਨੀ ਸ਼ੁਰੂ ਹੋਈ, ਜਦੋਂ ਅੰਗ੍ਰੇਜ਼ ਸਰਕਾਰ ਨੇ ਕਲਕੱਤਾ ਦੀ ਥਾਂ ਦਿੱਲੀ ਨੂੰ ਰਾਜਧਾਨੀ ਬਣਾਉਣ ਦਾ ਫ਼ੈਸਲਾ ਕੀਤਾ।

ਇਸ ਦਾ 'ਦਿੱਲੀ' ਨਾਂ ਕਿਵੇਂ ਪਿਆ, ਇਸ ਬਾਰੇ ਕੋਈ ਤੱਥ ਆਧਾਰਿਤ ਕਥਨ ਉਪਲਬਧ ਨਹੀਂ ਹੈ। ਮਹਾਨ-ਕੋਸ਼ਕਾਰ ਅਨੁਸਾਰ ਮਯੂਰਵੰਸ਼ ਦੇ ਰਾਜਾ ਦਿਲੂ ਨੇ ਇਸ

ਨੂੰ 'ਦਿੱਲੀ' ਨਾਂ ਦਿੱਤਾ। 'ਦਸਮ-ਗ੍ਰੰਥ' ਵਿਚ ਸੰਕਲਿਤ ਪਹਿਲੀ ਫ਼ਾਰਸੀ ਹਕਾਇਤ (ਛੰਦਾਂਕ 29) ਵਿਚ ਛੱਲਿਆਂ ਦੀ ਦਾਲ ਤੋਂ ਇਸ ਨੂੰ ਪੈਦਾ ਹੋਇਆ ਲਿਖਿਆ ਹੈ।

ਪੁਰਾਤਨ ਦਿੱਲੀ ਮੂਲ ਰੂਪ ਵਿਚ ਸੱਤ ਬਸਤੀਆਂ ਦਾ ਸਮੁੱਚ ਹੈ ਜੋ ਭਿੰਨ-ਭਿੰਨ ਸਮਿਆਂ ਵਿਚ ਵਿਭਿੰਨ ਹੁਕਮਰਾਨਾਂ ਨੇ ਵਸਾਈਆਂ ਸਨ। ਪਹਿਲਾਂ ਇਥੇ ਪਾਂਡਵਾਂ ਦੀ ਰਾਜਧਾਨੀ ਇੰਦਰਪ੍ਰਸਥ ਰਹੀ ਸੀ ਜਿਸ ਉਤੇ ਵੱਖ ਵੱਖ ਕਾਲਾਂ ਵਿਚ ਮੌਰੀਆ ਵੰਸ਼ ਦੇ ਰਾਜਿਆਂ, ਮਥੁਰਾ ਦੇ ਰਾਜਿਆਂ, ਆਦਿ ਨੇ ਰਾਜ ਕੀਤਾ। ਪਰ ਦਿੱਲੀ ਦੀ ਪਹਿਲੀ ਬਸਤੀ ਯਾਰ੍ਹਵੀਂ ਸਦੀ ਵਿਚ ਲਾਲ-ਕੋਟ ਦੇ ਨੇੜੇ-ਤੇੜੇ ਤੋਮਰ ਰਾਜਪੂਤਾਂ ਨੇ ਵਸਾਈ ਸੀ। ਇਨ੍ਹਾਂ ਵਿਚੋਂ ਹੀ ਸੂਰਜਪਾਲ ਨਾਂ ਦੇ ਸ਼ਾਸਕ ਨੇ ਸੂਰਜਕੁੰਡ ਦਾ ਨਿਰਮਾਣ ਵੀ ਕਰਵਾਇਆ ਜੋ ਹੁਣ ਤੁਗ਼ਲਕਾਬਾਦ ਦੇ ਨੇੜੇ ਦੱਖਣ ਦਿਸ਼ਾ ਵਿਚ ਹੈ। ਤੋਮਰ ਵੰਸ਼ ਤੋਂ ਬਾਦ ਚੌਹਾਨ ਵੰਸ਼ ਦੇ ਪ੍ਰਿਥਵੀਰਾਜ ਨੇ ਰਾਇਪਿਥੌਰਾ ਨਾਂ ਦਾ ਕਿਲਾ ਬਣਵਾ ਕੇ ਇਸ ਨੂੰ ਵਿਸਤਾਰ ਦਿੱਤਾ। ਗ਼ੁਲਾਮ ਵੰਸ਼ੀ ਕੁਤੁਬੁੱਦੀਨ ਐਬਕ ਨੇ ਲਾਲ-ਕੋਟ ਦੇ ਮੰਦਿਰਾਂ ਨੂੰ ਢਵਾ ਕੇ ਕੁਤੁਬਮੀਨਾਰ ਵਾਲੀ ਥਾਂ ਕੋਲ 'ਕੁਵੱਤੁਲ ਇਸਲਾਮ' ਮਸਜਿਦ ਤਾਮੀਰ ਕਰਵਾਈ। ਖ਼ਿਲਜੀ ਵੰਸ਼ੀ ਅਲਾਉੱਦੀਨ ਨੇ ਇਸ ਮਸਜਿਦ ਦਾ ਵਿਸਤਾਰ ਕੀਤਾ ਅਤੇ ਹੌਜ਼-ਖ਼ਾਸ ਦਾ ਨਿਰਮਾਣ ਕਰਵਾਇਆ। ਇਹ ਦਿੱਲੀ ਦੀ ਦੂਜੀ ਬਸਤੀ ਮੰਨੀ ਜਾਂਦੀ ਹੈ।

ਤੁਗ਼ਲਕ ਵੰਸ਼ ਦੇ ਗਿਆਸੁੱਦੀਨ (ਰਾਜ-ਕਾਲ 1320-25 ਈ.) ਨੇ ਤੁਗ਼ਲਕਾਬਾਦ ਨਾਂ ਦਾ ਨਗਰ ਵਸਾਇਆ। ਇਸ ਨੂੰ ਦਿੱਲੀ ਦੀ ਤੀਜੀ ਬਸਤੀ ਕਿਹਾ ਜਾਂਦਾ ਹੈ। ਇਸ ਤੋਂ ਬਾਦ ਮੁਹੰਮਦ ਤੁਗ਼ਲਕ ਨੇ ਜਹਾਂਪਨਾਹ ਨਾਂ ਦੀ ਚੌਥੀ ਬਸਤੀ ਬਣਵਾਈ। ਇਸ ਦੇ ਉੱਤਰਾਧਿਕਾਰੀ ਫ਼ਿਰੋਜ਼ਸ਼ਾਹ ਤੁਗ਼ਲਕ ਨੇ ਫ਼ਿਰੋਜ਼ਾਬਾਦ ਨਾਂ ਦੀ ਪੰਜਵੀਂ ਬਸਤੀ ਦੀ ਸਥਾਪਨਾ ਕਰਵਾਈ। ਇਹ ਹੁਣ ਕੋਟਲਾ ਫ਼ਿਰੋਜ਼ਸ਼ਾਹ ਦੇ ਨਾਂ ਨਾਲ ਪ੍ਰਸਿੱਧ ਹੈ। ਸਪੱਸ਼ਟ ਹੈ ਕਿ ਕੇਵਲ ਤੁਗ਼ਲਵੰਸ਼ ਨੇ ਦਿੱਲੀ ਦੀਆਂ ਤਿੰਨ ਬਸਤੀਆਂ ਬਣਵਾਈਆਂ ਸਨ।

ਮੁਗ਼ਲ ਬਾਦਸ਼ਾਹ ਹੁਮਾਯੂੰ ਨੇ ਕੋਟਲਾ ਫ਼ਿਰੋਜ਼ਸ਼ਾਹ ਕੋਲ ਦੀਨ-ਪਨਾਹ ਨਾਂ ਦੀ ਇਕ ਨਵੀਂ ਬਸਤੀ ਬਣਵਾਈ ਜਿਸ ਨੂੰ ਸ਼ੇਰਸ਼ਾਹ ਸੂਰੀ ਨੇ ਢਵਾ ਕੇ 'ਪੁਰਾਣਾ ਕਿਲਾ' ਨਾਂ ਨਾਲ ਪ੍ਰਸਿੱਧ ਛੇਵੀਂ ਬਸਤੀ ਕਾਇਮ ਕੀਤੀ। ਮੁਗ਼ਲ ਬਾਦਸ਼ਾਹ ਅਕਬਰ ਨੇ ਦਿੱਲੀ ਦੀ ਥਾਂ ਆਗਰੇ ਨੂੰ ਆਪਣੀ ਰਾਜਧਾਨੀ ਬਣਾਇਆ, ਪਰ ਸ਼ਾਹਜਹਾਂ (ਰਾਜ-ਕਾਲ 1626-57 ਈ.) ਨੇ ਆਗਰਾ ਦੀ ਥਾਂ ਦਿੱਲੀ ਨੂੰ ਰਾਜਧਾਨੀ ਬਣਾਉਣ ਦਾ ਫ਼ੈਸਲਾ ਕੀਤਾ ਅਤੇ ਹੁਣ ਵਾਲੀ ਪੁਰਾਣੀ ਦਿੱਲੀ ਵਾਲੇ ਸਥਾਨ ਤੇ ਸ਼ਾਹਜਹਾਨਾਬਾਦ ਨਾਂ ਦਾ ਨਗਰ ਵਸਾਇਆ। ਇਸ ਨਗਰ ਦੀ ਨੀਂਹ 16 ਅਪ੍ਰੈਲ, 1639 ਈ. ਨੂੰ ਰੱਖੀ ਗਈ ਅਤੇ ਨੌਂ ਸਾਲ ਬਾਦ ਇਸ ਦੀ ਉਸਾਰੀ ਖ਼ਤਮ ਹੋਈ। ਇਹ ਸੱਤਵੀਂ ਦਿੱਲੀ ਕਰਕੇ ਪ੍ਰਸਿੱਧ ਹੈ। ਸ਼ਾਹਜਹਾਨਾਬਾਦ ਨਾਂ ਬਹੁਤ ਪ੍ਰਚਲਿਤ ਨਾ ਹੋ ਸਕਿਆ ਅਤੇ ਦਿੱਲੀ ਦਾ ਨਾਂ ਆਖ਼ਰ ਦਿੱਲੀ ਹੀ ਰਿਹਾ। ਲਾਲ ਕਿਲਾ, ਜਾਮਾ ਮਸਜਿਦ ਆਦਿ ਹੋਰ ਵੀ ਕਈ ਇਮਾਰਤਾਂ ਸ਼ਾਹਜਹਾਂ ਨੇ ਬਣਵਾਈਆਂ।

ਧਿਆਨ ਪੂਰਵਕ ਵੇਖਿਆ ਜਾਏ ਤਾਂ ਲਾਲ ਕਿਲੇ ਤੋਂ ਲੈ ਕੇ ਤੁਗ਼ਲਕਾਬਾਦ ਅਤੇ ਕੁਤੁਬ-ਮੀਨਾਰ ਤਕ ਪੁਰਾਣੀ ਦਿੱਲੀ ਦੇ ਖੰਡਰਾਤ ਪਸਰੇ ਹੋਏ ਹਨ ਕਿਉਂਕਿ ਇਸ ਸਾਰੇ

ਖੇਤਰ ਵਿਚ ਕਿਲਿਆਂ, ਮਸਜਿਦਾਂ, ਮਕਬਰਿਆਂ ਦੇ ਖੰਡਰ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਬਹੁਤ ਸਾਰੇ ਸ਼ਾਸਕਾਂ ਨੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਈ ਰਖਿਆ ਹੈ। ਮੁਗ਼ਲ ਬਾਦਸ਼ਾਹ ਅਕਬਰ ਅਤੇ ਜਹਾਂਗੀਰ ਦੇ ਰਾਜਕਾਲ ਵੇਲੇ ਇਸ ਦਾ ਮਹੱਤਵ ਕੁਝ ਘਟਿਆ ਜਾਂ ਫਿਰ ਅੰਗ੍ਰੇਜ਼ਾਂ ਦੇ ਰਾਜ-ਕਾਲ ਵੇਲੇ ਜਦੋਂ ਉਨ੍ਹਾਂ ਨੇ ਕਲਕੱਤਾ ਨੂੰ ਰਾਜਧਾਨੀ ਬਣਾਇਆ ਸੀ। ਸੰਨ 1912 ਈ. ਤੋਂ ਇਸ ਨੇ ਫਿਰ ਤੋਂ ਰਾਜਧਾਨੀ ਬਣਨ ਦਾ ਗੌਰਵ ਪ੍ਰਾਪਤ ਕਰ ਲਿਆ ਸੀ।

ਰਾਜਨੈਤਿਕ ਕੇਂਦਰ ਹੋਣ ਕਾਰਣ ਇਸ ਨਗਰ ਦੀਆਂ ਕਈ ਘਟਨਾਵਾਂ ਦਾ ਸੰਬੰਧ ਸਿੱਖ ਇਤਿਹਾਸ ਨਾਲ ਵੀ ਰਿਹਾ ਹੈ। ਇਥੇ ਗੁਰੂ ਤੇਗ ਬਹਾਦਰ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ। ਬੰਦਾ ਬਹਾਦਰ ਅਤੇ ਉਸ ਦੇ ਹੋਰ ਕੈਦੀ-ਸਾਥੀਆਂ ਨੂੰ ਵੀ ਇਸ ਨਗਰ ਵਿਚ ਆਪਣਾ ਬਲੀਦਾਨ ਦੇਣਾ ਪਿਆ। ਇਸ ਨਗਰ ਵਿਚ ਸੀਸ-ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਮੋਤੀ-ਬਾਗ਼, ਦਮਦਮਾ ਸਾਹਿਬ, ਗੁਰਦੁਆਰਾ ਮਾਤਾ ਸੁੰਦਰੀ, ਗੁਰਦੁਆਰਾ ਮਜਨੂੰ ਟਿੱਲਾ, ਗੁਰਦੁਆਰਾ ਨਾਨਕ ਪਿਆਉ ਆਦਿ ਪ੍ਰਸਿੱਧ ਗੁਰੂ-ਧਾਮ ਹਨ। ਸੰਨ 1790 ਈ. ਵਿਚ ਕਰੋੜੀਆ ਮਿਸਲ ਦੇ ਜੱਥੇਦਾਰ ਬਘੇਲ ਸਿੰਘ ਨੇ ਦਿੱਲੀ ਉਤੇ ਆਕ੍ਰਮਣ ਕਰਕੇ ਜਿੱਤ ਪ੍ਰਾਪਤ ਕੀਤੀ ਅਤੇ ਗੁਰੂ-ਧਾਮਾਂ ਦੀ ਉਸਾਰੀ ਕਰਵਾ ਕੇ ਪੰਜਾਬ ਵਲ ਪਰਤ ਆਇਆ।

ਔਰੰਗਜ਼ੇਬ ਤੋਂ ਬਾਦ ਜਦੋਂ ਬਾਹਰੋਂ ਹਮਲਾਵਰ ਆਉਂਦੇ ਸਨ ਤਾਂ ਉਨ੍ਹਾਂ ਦਾ ਨਿਸ਼ਾਨਾ ਕੇਵਲ ਦਿੱਲੀ ਜਿੱਤਣਾ ਹੀ ਹੁੰਦਾ ਸੀ। ਕੋਈ ਉਥੋਂ ਤਕ ਪਹੁੰਚ ਜਾਂਦਾ, ਕੋਈ ਵਾਪਸ ਚਲਾ ਜਾਂਦਾ। ਕਈ ਇਸ ਨੂੰ ਜਿੱਤ ਕੇ ਵੀ ਲੁਟ ਮਾਰ ਕਰਨ ਉਪਰੰਤ ਜਾਂ ਨਜ਼ਰਾਨਾ ਲੈ ਕੇ ਪਰਤ ਜਾਂਦੇ। ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰਸ਼ਾਹ ਨੇ ਦਿੱਲੀ ਨੂੰ ਜਿੱਤ ਕੇ ਵੀ ਇਥੇ ਰਾਜ ਨਾ ਕੀਤਾ। ਦਿੱਲੀ ਬਾਰੇ ਅਨੇਕ ਹਵਾਲੇ ਪੰਜਾਬੀ ਕਾਵਿ ਵਿਚ ਮਿਲਦੇ ਹਨ। ਜਸਬੀਰ ਸਿੰਘ ਆਹਲੂਵਾਲੀਆ ਨੇ 'ਧਰਮ ਰਾਇ ਜਬ ਲੇਖਾ ਮਾਂਗੈ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਦਿਲੀ ਹਨੂਜ਼ ਦੂਰ ਹੈ ਮਿਰਗਜਲ ਦੀ ਭਾਲ ਹੈ/ ਰੰਗ ਨੇ ਕਸੁੰਭ ਦੇ, ਨਾ ਹੋਰ ਖ਼੍ਵਾਬ ਦੇ।'

ਦਿਵਾਲੀ/ਦੀਵਾਲੀ : ਇਹ ਹਿੰਦੂ ਮਤ ਵਾਲਿਆਂ ਦਾ ਇਕ ਮਹੱਤਵਪੂਰਣ ਤਿਉਹਾਰ ਹੈ। ਮੂਲ ਰੂਪ ਵਿਚ ਇਸ ਦਾ ਸੰਬੰਧ ਵਪਾਰੀ ਲੋਕਾਂ ਜਾਂ ਵੈਸ਼੍ਯ ਵਰਗ ਨਾਲ ਸੀ, ਪਰ ਹੁਣ ਇਸ ਨੂੰ ਲਗਭਗ ਸਾਰੇ ਹਿੰਦੂ ਮਨਾਉਂਦੇ ਹਨ। ਇਹ, ਅਸਲ ਵਿਚ, ਲਕ੍ਸ਼ਮੀ-ਪੂਜਾ ਦਾ ਤਿਉਹਾਰ ਹੈ ਜੋ ਕਤਕ ਮਹੀਨੇ ਦੀ ਮਸਿਆ ਨੂੰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਤੋਂ ਕੁਝ ਪਹਿਲਾਂ ਘਰਾਂ, ਦੁਕਾਨਾਂ ਦੀ ਸਫ਼ਾਈ ਕੀਤੀ ਜਾਂਦੀ ਹੈ, ਸਫ਼ੈਦੀ ਅਤੇ ਰੰਗ-ਰੋਗਨ ਵੀ ਕਰਵਾਇਆ ਜਾਂਦਾ ਹੈ। ਰਾਤ ਨੂੰ ਹਰ ਪਾਸੇ ਦੀਵੇ ਜਗਾਏ ਜਾਂਦੇ ਹਨ। ਇਸ ਲਈ ਇਸ ਨੂੰ 'ਦੀਪਾਵਲੀ' ਜਾਂ 'ਦੀਪਮਾਲਾ' ਵੀ ਕਿਹਾ ਜਾਂਦਾ ਹੈ। ਇਸ ਦਿਨ ਲਕ੍ਸ਼ਮੀ ਅਤੇ ਗਣੇਸ਼ ਦੀ ਪੂਜਾ ਹੁੰਦੀ ਹੈ। ਸਾਰੀ ਰਾਤ ਲੋਕੀਂ ਜੱਪ ਕਰਦੇ ਹਨ। ਆਮ ਤੌਰ ਤੇ ਵਪਾਰੀ ਲੋਕ ਇਸੇ ਦਿਨ ਆਪਣੀਆਂ ਨਵੀਆਂ ਵਹੀਆਂ ਸ਼ੁਰੂ ਕਰਦੇ ਸਨ। ਹੁਣ ਵੀ ਅਨੇਕ ਵਪਾਰੀ ਇਸੇ ਦਿਨ ਤੋਂ ਆਪਣਾ ਮਾਲੀ ਸਾਲ ਸ਼ੁਰੂ ਕਰਕੇ ਵਹੀਆਂ, ਖਾਤਿਆਂ

ਨੂੰ ਤਿਲਕ ਲਗਾਉਂਦੇ ਹਨ ਅਤੇ ਰਾਤ ਨੂੰ ਥਾਲਾਂ ਵਿਚ ਚਾਂਦੀ ਦੇ ਸਿਕੇ ਜਾਂ ਨੋਟਾਂ ਨੂੰ ਰਖ ਕੇ ਪੂਜਾ ਕਰਦੇ ਹਨ।

ਇਸ ਤੋਂ ਇਲਾਵਾ, ਉੱਤਰੀ ਭਾਰਤ ਵਿਚ ਇਸ ਤਿਉਹਾਰ ਦੇ ਪ੍ਰਚਲਨ ਦਾ ਇਕ ਹੋਰ ਕਾਰਣ ਵੀ ਮੰਨਿਆ ਜਾਂਦਾ ਹੈ। ਉਹ ਇਹ ਕਿ ਇਸ ਦਿਨ ਸ੍ਰੀ ਰਾਮ ਚੰਦਰ ਰਾਵਣ ਨੂੰ ਮਾਰ ਕੇ ਆਪਣੇ ਬਨਬਾਸ ਦੀ ਮਿਆਦ ਪੂਰੀ ਕਰਕੇ ਅਯੋਧਿਆ ਵਿਚ ਪਰਤੇ ਸਨ। ਉਦੋਂ ਲੋਕਾਂ ਨੇ ਖ਼ੁਸ਼ੀ ਨਾਲ ਦੀਵੇ ਜਗਾ ਕੇ ਸ੍ਰੀ ਰਾਮ ਦਾ ਸੁਆਗਤ ਕੀਤਾ ਸੀ। ਇਹ ਦਸਹਿਰੇ ਤੋਂ 20 ਦਿਨ ਬਾਦ ਆਉਂਦੀ ਹੈ। ਸ਼ਾਇਦ ਸ੍ਰੀ ਰਾਮ ਨੂੰ ਅਯੋਧਿਆ ਪਹੁੰਚਣ ਲਈ ਇਤਨੇ ਦਿਨ ਲਗੇ ਹੋਣਗੇ।

ਸਿੱਖ-ਧਰਮ ਵਿਚ ਵੀ ਦਿਵਾਲੀ ਨੂੰ ਉਤਸਾਹ-ਪੂਰਵਕ ਮਨਾਇਆ ਜਾਂਦਾ ਹੈ। ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਦਿਵਾਲੀ ਬਹੁਤ ਪ੍ਰਸਿੱਧ ਹੈ। ਸਿੱਖ-ਇਤਿਹਾਸ ਅਨੁਸਾਰ ਦਰਬਾਰ ਸਾਹਿਬ ਵਿਚ ਦਿਵਾਲੀ ਮਨਾਉਣ ਦੀ ਪਰੰਪਰਾ ਉਸ ਦਿਨ ਤੋਂ ਚਲੀ ਜਿਸ ਦਿਨ ਗੁਰੂ ਹਰਿਗੋਬਿੰਦ ਗਵਾਲੀਅਰ ਦੇ ਕਿਲੇ ਤੋਂ ਆਪਣੇ ਨਾਲ 52 ਰਾਜਿਆਂ ਨੂੰ ਮੁਕਤ ਕਰਾ ਕੇ ਅੰਮ੍ਰਿਤਸਰ ਪਹੁੰਚੇ ਸਨ। ਦੀਵੇ ਜਗਾ ਕੇ ਕੀਤੇ ਗਏ ਇਸ ਪ੍ਰਕਾਰ ਦੇ ਸੁਆਗਤ ਦਾ ਫੁਰਨਾ ਬਾਬਾ ਬੁੱਢਾ ਜੀ ਨੂੰ ਫੁਰਿਆ ਸੀ। ਪਰਿਸਥਿਤੀਆਂ ਦੀ ਨਜ਼ਾਕਤ ਨੂੰ ਵੇਖਦਿਆਂ ਗੁਰੂ ਹਰਿਗੋਬਿੰਦ ਕੀਰਤਪੁਰ ਜਾ ਵਸੇ। ਇਸ ਨਾਲ ਦਿਵਾਲੀ ਨੂੰ ਹਰ ਸਾਲ ਮਨਾਉਣ ਦੀ ਪਿਰਤ ਨਾ ਪੈ ਸਕੀ।

ਭਾਈ ਮਨੀ ਸਿੰਘ ਦੀ ਸ਼ਹੀਦੀ ਪਿਛੇ, ਅੰਮ੍ਰਿਤਸਰ ਵਿਚ ਦਿਵਾਲੀ ਮਨਾਉਣ ਦੀ ਯੋਜਨਾ ਦਾ ਲਾਹੌਰ ਦੇ ਸੂਬੇ ਵਲੋਂ ਅਸਫਲ ਕਰਨਾ ਅਤੇ ਫਿਰ ਵੀ ਕਰ ਹਾਸਲ ਕਰਨਾ, ਇਕ ਕਾਰਣ ਰਿਹਾ ਹੈ। ਇਸ ਸਾਕੇ ਪਿਛੋਂ ਸਿੱਖ ਮਿਸਲਾਂ ਦੇ ਸਰਦਾਰਾਂ/ਜੱਥੇਦਾਰਾਂ ਨੇ ਦਿਵਾਲੀ ਦੇ ਅਵਸਰ 'ਤੇ ਅੰਮ੍ਰਿਤਸਰ ਵਿਚ ਇਕੱਠੇ ਹੋਣ ਦਾ ਇਕ ਨਿਯਮ ਜਿਹਾ ਹੀ ਬਣਾ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਅੰਮ੍ਰਿਤਸਰ ਦੀ ਦੀਵਾਲੀ ਇਕ ਵੱਡੇ ਮੇਲੇ ਦਾ ਰੂਪ ਧਾਰਣ ਕਰ ਗਈ। ਇਸ ਅਵਸਰ ਤੇ ਮਾਲ ਮੰਡੀ ਵੀ ਲਗਾਈ ਜਾਣ ਲਗੀ। ਇਹ ਮੇਲਾ ਇਕ ਹਫ਼ਤੇ ਤੋਂ ਅਧਿਕ ਦੇਰ ਤਕ ਚਲਦਾ ਰਹਿੰਦਾ। ਹਰਿਮੰਦਿਰ ਸਾਹਿਬ ਦੀ ਪਰਿਕ੍ਰਮਾ ਵਿਚ ਅੱਠ-ਦਸ ਦਿਨ ਬਹੁਤ ਰੌਣਕ ਰਹਿੰਦੀ।

ਦਰਬਾਰ ਸਾਹਿਬ ਵਿਚ ਕੀਤੀ ਜਾਂਦੀ ਦਿਵਾਲੀ ਦੀ ਆਪਣੀ ਹੀ ਫੱਬ ਹੈ। ਪਹਿਲਾਂ ਕੇਵਲ ਦੀਵੇ ਜਗਾਏ ਜਾਂਦੇ ਸਨ। ਹੌਲੀ ਹੌਲੀ ਆਤਿਸ਼ਬਾਜ਼ੀ ਵੀ ਸ਼ਾਮਲ ਕੀਤੀ ਜਾਣ ਲਗੀ। ਅੰਮ੍ਰਿਤਸਰ ਵਿਚ ਬਿਜਲੀ ਲਗਣ ਨਾਲ ਦਰਬਾਰ ਸਾਹਿਬ ਵਿਚ ਬਿਜਲੀ ਦੇ ਬਲਬਾਂ ਨਾਲ ਦਿਵਾਲੀ ਮਨਾਈ ਜਾਣ ਲਗੀ, ਭਾਵੇਂ ਕੱਟੜ-ਪੰਥੀਆਂ ਨੇ ਇਸ ਦਾ ਸ਼ੁਰੂ ਵਿਚ ਵਿਰੋਧ ਵੀ ਕੀਤਾ ਸੀ। ਹੁਣ ਦਿਵਾਲੀ ਵਾਲੇ ਦਿਨ ਬਹੁਤ ਪਹਿਲਾਂ ਹੀ ਲੋਕੀਂ ਪਰਿਕ੍ਰਮਾ ਵਿਚ ਜਾ ਕੇ ਆਪਣੀਆਂ ਥਾਵਾਂ ਮਲ ਲੈਂਦੇ ਹਨ ਅਤੇ ਸ਼ਾਮ ਤਕ ਉਥੇ ਪੈਰ ਧਰਨ ਦੀ ਥਾਂ ਨਹੀਂ ਮਿਲਦੀ। ਆਵਾਜਾਈ ਦੀਆਂ ਸਹੂਲਤਾਂ ਕਰਕੇ ਹੁਣ ਅੰਮ੍ਰਿਤਸਰ ਵਿਚ ਦਿਵਾਲੀ ਦੀਆਂ ਰੌਣਕਾਂ ਤਿੰਨ ਚਾਰ ਦਿਨ ਹੀ ਰਹਿੰਦੀਆਂ ਹਨ।

ਦਿਵਾਲੀ ਦੀ ਸਰਣੀ 'ਤੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਜਨਮ-

ਪਰਵਾਂ ਉਤੇ ਵੀ ਲੋਕੀਂ ਘਰਾਂ ਅਤੇ ਗੁਰੂ-ਧਾਮਾਂ ਵਿਚ ਦੀਵੇ, ਮੋਮਬਤੀਆਂ ਅਤੇ ਬਲਬਾਂ ਨਾਲ ਰੌਸ਼ਨੀ ਕਰਦੇ ਹਨ।

ਦਿਵਾਲੀ ਦੇ ਮੌਕੇ ਨਵੇਂ ਬਰਤਨ ਖ਼ਰੀਦਣੇ, ਮਿਠਿਆਈਆਂ ਖਾਣੀਆਂ ਅਤੇ ਵੰਡਣੀਆਂ ਇਕ ਰਵਾਜ ਜਿਹਾ ਬਣ ਗਿਆ ਹੈ। ਦਿਵਾਲੀ ਵਾਲੀ ਰਾਤ ਨੂੰ ਜੂਆ ਖੇਡਣਾ ਵੀ ਸ਼ੁਭ ਸਮਝਿਆ ਜਾਂਦਾ ਹੈ, ਭਾਵੇਂ ਇਸ ਦਾ ਸਿੱਟਾ ਮਾੜਾ ਹੀ ਕਿਉਂ ਨਾ ਨਿਕਲੇ।

ਦੀਨ-ਇਲਾਹੀ : ਵੇਖੋ 'ਅਕਬਰ, ਬਾਦਸ਼ਾਹ'।

ਦੀਪ : ਵੇਖੋ 'ਸਪਤ-ਦੀਪ'।

ਦੁਆਦਸ-ਸਿਲਾ : ਇਸ ਤੋਂ ਭਾਵ ਹੈ ਪੱਥਰ ਦੀਆਂ ਬਣੀਆਂ ਦੇਵੀ-ਦੇਵਤਿਆਂ ਦੀਆਂ ਬਾਰ੍ਹਾਂ ਮੂਰਤੀਆਂ। ਇਹ ਮੂਰਤੀਆਂ ਕਿਸ-ਕਿਸ ਦੇਵੀ–ਦੇਵਤੇ ਦੀਆਂ ਹਨ, ਇਸ ਬਾਰੇ ਦੋ ਮਤ ਪ੍ਰਚਲਿਤ ਹਨ। ਸ਼ਿਵ-ਮਤ ਵਾਲੇ ਸ਼ਿਵ ਦੇ ਬਾਰ੍ਹਾਂ ਜੋਤਿਰ-ਲਿੰਗਾਂ ਨੂੰ 'ਦੁਆਦਸ-ਸਿਲਾ' ਮੰਨਦੇ ਹਨ ਅਤੇ ਸਮਨਵੈਵਾਦੀ ਹਿੰਦੂ ਬਾਰ੍ਹਾਂ ਪ੍ਰਮੁਖ ਦੇਵੀ-ਦੇਵਤਿਆਂ ਨੂੰ ਇਸ ਸੂਚੀ ਵਿਚ ਸ਼ਾਮਲ ਕਰਦੇ ਹਨ, ਜਿਵੇਂ—ਵਿਸ਼ਨੂ–ਲਕ੍ਸ਼ਮੀ, ਸ਼ਿਵ-ਪਾਰਬਤੀ, ਬ੍ਰਹਮਾ-ਸਰਸ੍ਵਤੀ, ਗਣੇਸ਼, ਕਾਲੀ, ਭੈਰਵ, ਸੂਰਜ, ਇੰਦਰ ਅਤੇ ਯਮ।

ਭਗਤ ਰਵਿਦਾਸ ਦੀ ਸਥਾਪਨਾ ਹੈ ਕਿ ਨਿੰਦਕ ਲਈ ਅਠਸਠ ਤੀਰਥਾਂ ਵਿਚ ਇਸ਼ਨਾਨ ਕਰਨਾ, ਬਾਰ੍ਹਾਂ ਮੂਰਤੀਆਂ ਨੂੰ ਪੂਜਣਾ ਅਤੇ ਲੋਕ-ਹਿਤ ਲਈ ਖੂਹ ਜਾਂ ਸਰੋਵਰ ਬਣਵਾਉਣਾ, ਸਭ ਕੁਝ ਵਿਅਰਥ ਹੈ—'ਜੇ ਓਹੁ ਅਠਿਸਠਿ ਤੀਰਥ ਨ੍ਹਾਵੈ।/ਜੇ ਓਹੁ ਦੁਆਦਸ ਸਿਲਾ ਪੂਜਾਵੈ।/ਜੇ ਓਹੁ ਕੂਪ ਤਟਾ ਦੇਵਾਵੈ।/ਕਰੈ ਨਿੰਦ ਸਭ ਬਿਰਥਾ ਜਾਵੈ' (ਅ. ਗ੍ਰੰ. 875)।

ਦੁਆਪੁਰ : ਵੇਖੋ 'ਦ੍ਵਾਪਰ, ਯੁਗ'।

ਦੁਆਰਕਾ : ਵੇਖੋ 'ਦ੍ਵਾਰਿਕਾ'।

ਦੁਸ਼੍ਯੰਤ/ਦੁਸ਼ੰਤ : ਪੁਰੂ ਦੇ ਵੰਸ਼ ਵਿਚ ਹੋਇਆ ਇਕ ਪਰਾਕ੍ਰਮੀ ਬਲਵਾਨ ਰਾਜਾ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਇਹ ਸ਼ਿਕਾਰ ਦਾ ਬਹੁਤ ਸ਼ੌਕੀਨ ਸੀ। ਇਕ ਵਾਰ ਸ਼ਿਕਾਰ ਖੇਡਣ ਗਿਆ ਤਾਂ ਭਟਕਦਾ ਹੋਇਆ ਕਣਵ ਰਿਸ਼ੀ ਦੇ ਆਸ਼੍ਰਮ ਵਿਚ ਜਾ ਪਹੁੰਚਿਆ। ਉਥੇ ਕਣਵ ਦੀ ਪਾਲਿਤ ਪੁੱਤਰੀ ਸ਼ਕੁੰਤਲਾ (ਵੇਖੋ) ਨਾਲ ਸਾਖਿਆਤਕਾਰ ਹੋਇਆ। ਦੁਸ਼੍ਯੰਤ ਨੇ ਉਸ ਉਤੇ ਰੀਝ ਕੇ ਉਸ ਨਾਲ ਗੰਧਰਵ ਵਿਆਹ ਕੀਤਾ ਅਤੇ ਜਲਦੀ ਹੀ ਮਹੱਲਾਂ ਵਿਚ ਬੁਲਾ ਲੈਣ ਦਾ ਵਿਸ਼ਵਾਸ ਦੇ ਕੇ ਚਲਾ ਗਿਆ। ਕਾਲਾਂਤਰ ਵਿਚ ਸ਼ਕੁੰਤਲਾ ਨੇ ਇਕ ਬਾਲਕ ਨੂੰ ਜਨਮ ਦਿੱਤਾ ਜਿਸ ਦਾ ਨਾਂ 'ਸਰਵ-ਦਮਨ' ਰਖਿਆ ਗਿਆ। ਬਾਰ੍ਹਾਂ ਵਰ੍ਹਿਆਂ ਦਾ ਹੋਣ ਤੇ ਉਸ ਨੂੰ ਨਾਲ ਲੈ ਕੇ ਸ਼ਕੁੰਤਲਾ ਦੁਸ਼੍ਯੰਤ ਪਾਸ ਗਈ। ਪਰ ਇਸ ਨੇ ਉਸ ਨੂੰ ਪਛਾਣਨੋਂ ਨਾਂਹ ਕਰ ਦਿੱਤੀ। ਓਦੋਂ ਹੀ ਆਕਾਸ਼ਬਾਣੀ ਹੋਈ ਅਤੇ ਰਾਜੇ ਨੇ ਦੋਹਾਂ ਨੂੰ ਸਵੀਕਾਰ ਕਰ ਲਿਆ। ਤਦ-ਉਪਰੰਤ ਦੁਸ਼੍ਯੰਤ ਨੇ ਆਪਣੀ ਸਭਾ ਦੇ ਮੈਂਬਰਾਂ ਨੂੰ ਸਪੱਸ਼ਟ ਕੀਤਾ ਕਿ ਸ਼ਕੁੰਤਲਾ ਦੀ ਪਵਿੱਤਰਤਾ ਨੂੰ ਪ੍ਰਮਾਣਿਤ ਕਰਨ ਲਈ ਹੀ ਨਾਂਹ ਕੀਤੀ ਸੀ। ਸਭ ਨੇ ਮਿਲ ਕੇ ਸਰਵ-ਦਮਨ ਦਾ ਨਾਂ ਭਰਤ ਰਖਿਆ ਜਿਸ ਨਾਂ ਤੇ ਹੀ ਸਾਡਾ ਦੇਸ਼ ਭਾਰਤ-ਵਰਸ਼ ਪ੍ਰਸਿੱਧ ਹੋਇਆ।

ਦੁਸ਼੍ਯੰਤ-ਸ਼ੰਕੁਤਲਾ ਦੇ ਆਖਿਆਨ ਦੇ ਆਧਾਰ ਤੇ ਮਹਾਕਾਵਿ ਕਾਲੀ ਦਾਸ ਨੇ 'ਅਭਿਗਿਆਨ ਸ਼ਕੁੰਤਲਮ੍' ਨਾਂ ਦੇ ਨਾਟਕ ਦੀ ਰਚਨਾ ਕੀਤੀ ਅਤੇ ਕਥਾਨਕ ਵਿਚ ਕੁਝ ਨਵੀਆਂ ਕਲਪਨਾਵਾਂ ਵੀ ਕੀਤੀਆਂ। ਖ਼ਾਸ ਤੌਰ ਤੇ ਕਣਵ ਆਸ਼੍ਰਮ ਵਿਚ ਗੰਧਰਵ ਵਿਆਹ ਕਰਨ ਉਪਰੰਤ ਰਾਜੇ ਨੇ ਸ਼ਕੁੰਤਲਾ ਨੂੰ ਪਛਾਣ-ਚਿੰਨ੍ਹ ਵਜੋਂ ਅੰਗੂਠੀ ਦਿੱਤੀ ਸੀ। ਬਾਦ ਵਿਚ ਦੁਰਬਾਸਾ ਰਿਸ਼ੀ ਆਇਆ ਅਤੇ ਉਸ ਨੇ ਸ਼ਕੁੰਤਲਾ ਨੂੰ ਪਤੀ ਦੁਆਰਾ ਭੁਲਾਏ ਜਾਣ ਦਾ ਸਰਾਪ ਦਿੱਤਾ। ਗਰਭਵਤੀ ਸ਼ਕੁੰਤਲਾ ਜਦੋਂ ਰਾਜੇ ਪਾਸ ਜਾਣ ਲਗੀ ਤਾਂ ਰਸਤੇ ਵਿਚ ਇਕ ਤੀਰਥ 'ਤੇ ਇਸ਼ਨਾਨ ਕਰਦਿਆਂ ਅੰਗੂਠੀ ਨਦੀ ਵਿਚ ਡਿਗ ਪਈ। ਅੰਗੂਠੀ ਦੇ ਅਭਾਵ ਵਿਚ ਰਾਜੇ ਨੇ ਸ਼ਕੁੰਤਲਾ ਨੂੰ ਨਾ ਪਛਾਣਿਆ। ਉਹ ਜੰਗਲ ਵਲ ਪਰਤ ਆਈ ਅਤੇ ਉਥੇ ਇਕ ਬਾਲਕ ਨੂੰ ਜਨਮ ਦਿੱਤਾ। ਕੁਝ ਸਮੇਂ ਬਾਦ ਇਕ ਮਛੇਰੇ ਨੇ ਇਕ ਵੱਡੀ ਮੱਛੀ ਪਕੜੀ ਜਿਸ ਦੇ ਪੇਟ ਵਿਚੋਂ ਦੁਸ਼੍ਯੰਤ ਨਾਂ ਵਾਲੀ ਅੰਗੂਠੀ ਨਿਕਲੀ; ਉਹ ਅੰਗੂਠੀ ਰਾਜੇ ਕੋਲ ਲੈ ਗਿਆ। ਰਾਜੇ ਨੇ ਅੰਗੂਠੀ ਪਛਾਣ ਲਈ ਅਤੇ ਸ਼ਕੁੰਤਲਾ ਅਤੇ ਬਾਲਕ ਨੂੰ ਆਪਣੇ ਪਾਸ ਬੁਲਾ ਕੇ ਢੁੱਕਵਾਂ ਸਨਮਾਨ ਦਿੱਤਾ।

ਦੁਸ਼ਾਸਨ : ਇਸ ਦਾ ਸ਼ਾਬਦਿਕ ਅਰਥ ਹੈ ਜਿਸ ਉਤੇ ਸ਼ਾਸਨ ਕਰਨਾ ਔਖਾ ਹੋਵੇ ਜੋ ਕਿਸੇ ਦੀ ਅਧੀਨਗੀ ਸਵੀਕਾਰ ਨਾ ਕਰੇ। 'ਦੁਸ਼ਾਸਨ' ਕੁਰੂਵੰਸ਼ੀ ਰਾਜਾ ਧ੍ਰਿਤਰਾਸ਼ਟਰ ਦਾ ਪੁੱਤਰ ਅਤੇ ਦੁਰਯੋਧਨ ਦਾ ਭਰਾ ਸੀ। ਇਹ ਬੜਾ ਬਲਵਾਨ ਅਤੇ ਨਿਡਰ ਯੋਧਾ ਸੀ। ਜਦੋਂ ਪਾਂਡਵ ਜੂਏ ਦੀ ਖੇਡ ਵਿਚ ਸਭ ਕੁਝ ਹਾਰ ਗਏ, ਇਥੋਂ ਤਕ ਕਿ ਦ੍ਰੋਪਤੀ ਨੂੰ ਵੀ ਹਾਰ ਬੈਠੇ, ਤਾਂ ਦੁਸ਼ਾਸਨ ਨੇ ਦ੍ਰੋਪਤੀ ਨੂੰ ਰਣਵਾਸ ਵਿਚੋਂ ਕੇਸਾਂ ਤੋਂ ਪਕੜ ਕੇ ਦਰਬਾਰ ਵਿਚ ਲਿਆਉਂਦਾ ਅਤੇ ਉਸ ਦੇ ਬਸਤ੍ਰ ਉਤਾਰਨ ਦੀ ਕੁਚੇਸ਼ਟਾ ਕੀਤੀ। ਭਾਈ ਗੁਰਦਾਸ ਅਨੁਸਾਰ—'ਅੰਦਰਿ ਸਭਾ ਦੁਸਾਸਣੈ ਮਥੈਵਾਲ ਦ੍ਰੋਪਤੀ ਆਂਦੀ।/ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ' (10/8)। ਨਾਮਦੇਵ ਜੀ ਨੇ ਵੀ ਦੁਸ਼ਾਸਨ ਦੁਆਰਾ ਚੀਰ-ਹਰਣ ਦੀ ਘਟਨਾ ਵਲ ਸੰਕੇਤ ਕੀਤਾ ਹੈ—'ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ' (ਮ. ਗ੍ਰੰ. 988)।

ਮਰਯਾਦਾ-ਵਸ ਮਜਬੂਰ ਭੀਮ ਸੈਨ ਭਾਵੇਂ ਉਸ ਵੇਲੇ ਹੋਰ ਕੁਝ ਨਾ ਕਰ ਸਕਿਆ, ਪਰ ਉਸ ਨੇ ਭਰੇ ਦਰਬਾਰ ਵਿਚ ਪ੍ਰਤਿਗਿਆ ਕੀਤੀ ਕਿ ਉਹ ਇਸ ਅਪਮਾਨ ਦਾ ਬਦਲਾ ਦੁਸ਼ਾਸਨ ਦਾ ਲਹੂ ਪੀ ਕੇ ਲਏਗਾ। ਕਾਲਾਂਤਰ ਵਿਚ ਮਹਾਭਾਰਤ ਦੀ ਲੜਾਈ ਦੇ ਸੋਲ੍ਹਵੇਂ ਦਿਨ ਭੀਮ ਨੇ ਯੁੱਧ-ਭੂਮੀ ਵਿਚ ਘੋਰ ਯੁੱਧ ਕਰਕੇ ਦੁਸ਼ਾਸਨ ਨੂੰ ਮਾਰਿਆ ਅਤੇ ਉਸ ਦਾ ਪੇਟ ਚੀਰ ਕੇ ਲਹੂ ਦੀਆਂ ਚੁਲੀਆਂ ਪੀਤੀਆਂ। ਇਸ ਤਰ੍ਹਾਂ ਭੀਮ ਨੇ ਆਪਣੀ ਪ੍ਰਤਿਗਿਆ ਪੂਰੀ ਕੀਤੀ। ਦ੍ਰੋਪਦੀ ਨੇ ਵੀ ਤਦ ਹੀ ਆਪਣਾ ਜੂੜਾ ਬੰਨ੍ਹ ਕੇ ਪ੍ਰਤਿਗਿਆ ਪੂਰੀ ਕੀਤੀ।

ਦੁਰਗਾ : ਦੇਵੀ ਦਾ ਇਕ ਨਾਮਾਂਤਰ। ਵੇਖੋ 'ਦੇਵੀ', 'ਪਾਰਬਤੀ'।

ਦੁਰਬਾਸਾ : ਇਕ ਰਿਸ਼ੀ ਜਿਸ ਦਾ ਜਨਮ, 'ਸ਼ਿਵ ਪੁਰਾਣ' (7/25-26) ਅਨੁਸਾਰ, ਬ੍ਰਹਮਾ ਦੇ ਪੁੱਤਰ ਅਤ੍ਰਿ ਦੇ ਘਰ ਅਨਸੂਯਾ ਦੀ ਕੁੱਖੋਂ ਹੋਇਆ। ਅਤ੍ਰਿ ਨੇ ਆਪਣੀ ਪਤਨੀ ਸਹਿਤ ਰਿਸ਼੍ਯਮੂਕ ਪਰਬਤ ਉਤੇ ਇਕ ਸੌ ਸਾਲ ਕਠੋਰ ਤਪਸਿਆ ਕੀਤੀ। ਉਨ੍ਹਾਂ

ਦੀ ਤਪਸਿਆ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਦੀ ਇੱਛਾ ਅਨੁਸਾਰ ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਨੇ ਆਪਣੇ ਆਪਣੇ ਅੰਸ਼ ਤੋਂ ਇਕ ਇਕ ਪੁੱਤਰ ਪ੍ਰਦਾਨ ਕੀਤਾ। ਬ੍ਰਹਮਾ ਦੇ ਅੰਸ਼ ਤੋਂ ਵਿਧੂ, ਵਿਸ਼ਣੂ ਦੇ ਅੰਸ਼ ਤੋਂ ਦੱਤ ਅਤੇ ਮਹੇਸ਼ ਦੇ ਅੰਸ਼ ਤੋਂ ਦੁਰਬਾਸਾ ਦਾ ਜਨਮ ਹੋਇਆ।

ਦੁਰਬਾਸਾ ਸੁਭਾ ਦਾ ਬਹੁਤ ਕਰੋਧੀ ਸੀ ਅਤੇ ਕਰੋਧ-ਵਸ ਇਹ ਸਰਾਪ ਵੀ ਬਹੁਤ ਦਿੰਦਾ ਸੀ। ਸ਼ਕੁੰਤਲਾ ਵੱਲੋਂ ਬਹੁਤ ਸਮਾਂ ਉਡੀਕਵਾਉਣ ਕਰਕੇ ਇਸ ਨੇ ਉਸ ਨੂੰ ਸਰਾਪ ਦਿੱਤਾ ਅਤੇ ਉਸ ਨੂੰ ਦੁਸ਼ੵੰਤ ਦਾ ਵਿਯੋਗ ਸਹਿਣਾ ਪਿਆ।

'ਵਿਸ਼ਣੂ ਪੁਰਾਣ' ਅਨੁਸਾਰ ਇੰਦਰ ਦੁਆਰਾ ਇਸ ਵਲੋਂ ਦਿੱਤੇ ਹਾਰ ਦਾ ਅਪਮਾਨ ਕਰਨ ਕਰ ਕੇ ਤਿੰਨ ਲੋਕਾਂ ਦੀ ਬਾਦਸ਼ਾਹੀ ਤੋਂ ਵਾਂਝਿਆ ਹੋਣਾ ਪਿਆ। ਸ੍ਰੀ ਕ੍ਰਿਸ਼ਣ ਦੁਆਰਾ ਬੇਹਿਸਾਬੀ ਮਹਿਮਾਨ-ਨਿਵਾਜ਼ੀ ਕਰਨ ਦੇ ਬਾਵਜੂਦ, ਕੇਵਲ ਪੈਰ ਨਾਲ ਲਗੀ ਰਹਿ ਗਈ ਜੂਠ ਨੂੰ ਸਾਫ਼ ਨਾ ਕਰਨ ਕਰਕੇ ਬੱਧਕ ਦੁਆਰਾ ਚਲਾਏ ਤੀਰ ਨਾਲ ਮਰਨਾ ਪਿਆ।

ਦੁਰਬਾਸਾ ਆਪਣੇ ਭਗਤਾਂ ਦੀ ਪਰੀਖਿਆ ਲੈ ਕੇ ਉਨ੍ਹਾਂ ਨੂੰ ਵਰ ਵੀ ਪ੍ਰਦਾਨ ਕਰਦਾ ਸੀ। ਕਹਿੰਦੇ ਹਨ ਇਕ ਵਾਰ ਇਸ਼ਨਾਨ ਕਰਨ ਵੇਲੇ ਦੁਰਬਾਸਾ ਦਾ ਲਕ ਬੰਨ੍ਹਣ ਵਾਲਾ ਪਰਨਾ ਰੁੜ੍ਹ ਗਿਆ। ਦ੍ਰੌਪਦੀ ਨੇ, ਜੋ ਨੇੜੇ ਹੀ ਇਸ਼ਨਾਨ ਕਰ ਰਹੀ ਸੀ, ਆਪਣੀ ਧੋਤੀ ਤੋਂ ਕੁਝ ਹਿੱਸਾ ਫਾੜ ਕੇ ਦੁਰਬਾਸਾ ਨੂੰ ਦਿੱਤਾ ਜਿਸ ਦੇ ਫਲਸਰੂਪ ਦ੍ਰੌਪਦੀ ਨੂੰ ਇਸ ਨੇ ਵਰ ਦਿੱਤਾ ਕਿ ਉਸ ਦੀ ਲਾਜ ਸਦਾ ਕਾਇਮ ਰਹੇਗੀ ਅਤੇ ਚੀਰ-ਹਰਣ ਵੇਲੇ ਇਸ ਵਰ ਦਾ ਫਲ ਦ੍ਰੌਪਦੀ ਨੂੰ ਪ੍ਰਾਪਤ ਹੋਇਆ। ਇਸ ਦੇ ਵਰ ਨਾਲ ਕੁੰਤੀ ਨੇ ਸੂਰਜ ਨਾਲ ਸੰਯੋਗ ਕਰਕੇ ਕਰਣ ਵਰਗੇ ਯੋਧੇ ਨੂੰ ਜਨਮ ਦਿੱਤਾ।

ਇਸ ਤਰ੍ਹਾਂ ਇਹ ਸਰਾਪ ਜਾਂ ਵਰਦਾਨ ਦੇਣ ਵਾਲਾ ਇਕ ਪ੍ਰਭਾਵੀ ਰਿਸ਼ੀ ਹੈ। ਸੁਭਾ ਦੇ ਬਹੁਤ ਵਿਲੱਖਣ ਹੋਣ ਕਾਰਣ ਇਸ ਦੇ ਮਨ ਦੀ ਸਥਿਤੀ ਬਾਰੇ ਅਨੁਮਾਨ ਲਗਾਉਣਾ ਔਖਾ ਸੀ। ਕਿਉਂਕਿ ਇਸ ਨੇ ਆਪਣੀ ਪਤਨੀ ਕੰਦਲਾ ਨੂੰ ਸਰਾਪ ਦੇ ਕੇ ਭਸਮ ਕਰ ਦਿੱਤਾ ਸੀ ਅਤੇ ਦੇਵਤਿਆਂ ਦੁਆਰਾ ਭੇਜੀ ਗਈ ਅਪੱਛਰਾਂ ਨੂੰ ਗਰੁੜ ਪੰਛੀ ਬਣਨ ਦਾ ਸਰਾਪ ਦਿੱਤਾ ਸੀ। ਕਹਿੰਦੇ ਹਨ ਕਿ ਇਕ ਵਾਰ ਇਹ ਦੁਆਰਕਾ ਗਿਆ। ਉਥੇ ਯਾਦਵਾਂ ਦੇ ਬਾਲਕ ਖੇਡ ਰਹੇ ਸਨ। ਇਸ ਦੀ ਸ਼ਕਲ ਸੂਰਤ ਵੇਖ ਕੇ ਉਨ੍ਹਾਂ ਨੂੰ ਇਸ ਨਾਲ ਮਖੌਲ ਕਰਨ ਦੀ ਗੱਲ ਫੁਰੀ। ਕ੍ਰਿਸ਼ਣ ਦੇ ਪੁੱਤਰ ਸਾਂਭ ਦੇ ਢਿਡ ਉਥੇ ਥਾਲੀ ਬੰਨ੍ਹ ਕੇ ਉਸ ਦੀ ਸ਼ਕਲ ਗਰਭਵਤੀ ਇਸਤਰੀ ਵਰਗੀ ਬਣਾ ਦਿੱਤੀ ਅਤੇ ਦੁਰਬਾਸਾ ਕੋਲੋਂ ਇਹ ਪੁੱਛਣ ਗਏ ਕਿ ਇਸ ਦੇ ਪੇਟ ਵਿਚੋਂ ਕੀ ਜੰਮੇਗਾ। ਰਿਸ਼ੀ ਨੇ ਕਰੋਧ ਵਿਚ ਆ ਕੇ ਕਿਹਾ ਕਿ ਇਸ ਦੀ ਕੁੱਖ ਵਿਚੋਂ ਪੈਦਾ ਹੋਈ ਚੀਜ਼ ਸਾਰੇ ਯਾਦਵ ਵੰਸ਼ ਲਈ ਘਾਤਕ ਹੋਵੇਗੀ।

ਜਦੋਂ ਕ੍ਰਿਸ਼ਣ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਨਦੀ ਕੰਢੇ ਬੈਠ ਕੇ ਉਸ ਥਾਲੀ ਨੂੰ ਰਗੜਵਾਉਣਾ ਸ਼ੁਰੂ ਕਰ ਦਿੱਤਾ। ਉਸ ਦੀ ਰਗੜ ਦੀ ਮੈਲ ਨਾਲ ਨਦੀ ਦੇ ਕੰਢੇ ਸਰਕੰਡਾ ਪੈਦਾ ਹੋ ਗਿਆ ਅਤੇ ਆਖੀਰ ਵਿਚ ਬਚਿਆ ਥਾਲੀ ਦਾ ਟੁੱਕੜਾ ਹੱਥੋਂ ਤਿਲ੍ਹਕ ਗਿਆ ਜਿਸ ਨੂੰ ਮੱਛੀ ਨੇ ਨਿਗਲ ਲਿਆ। ਕਾਲਾਂਤਰ ਵਿਚ ਯਾਦਵਾਂ ਨੇ ਪ੍ਰਭਾਸ ਖੇਤਰ ਵਿਚ ਇਸ਼ਨਾਨ ਕਰਨ ਉਪਰੰਤ ਸ਼ਰਾਬ ਪੀਤੀ ਅਤੇ ਨਸ਼ੇ ਵਿਚ ਬੇਸੁਧ ਹੋ ਕੇ

ਆਪਸ ਵਿਚ ਲੜ ਪਏ ਅਤੇ ਸਰਕੰਡੇ ਨਾਲ ਇਕ ਦੂਜੇ ਨੂੰ ਮਾਰ ਸੁਟਿਆ। ਬਾਲੀ ਦਾ ਜੋ ਟੁਕੜਾ ਮੱਛੀ ਨੇ ਨਿਗਲ ਲਿਆ ਸੀ, ਉਸ ਨੂੰ ਮੱਛੀ ਦਾ ਸ਼ਿਕਾਰ ਕਰਨ ਵਾਲੇ ਇਕ ਮਛੇਰੇ ਨੇ ਪੇਟ ਚੀਰਨ ਵੇਲੇ ਕੱਢ ਲਿਆ ਅਤੇ ਆਪਣੇ ਤੀਰ ਅਗੇ ਲਗਾ ਕੇ ਜੰਗਲ ਵਿਚ ਲੇਟੇ ਕ੍ਰਿਸ਼ਨ ਦੇ ਪੈਰ ਨੂੰ ਵਿੰਨ੍ਹ ਦਿੱਤਾ ਜਿਸ ਕਰਕੇ ਕ੍ਰਿਸ਼ਣ ਦਾ ਦੇਹਾਂਤ ਹੋ ਗਿਆ। ਇਸ ਘਟਨਾ ਵਲ ਸੰਕੇਤ ਕਰਦਿਆਂ ਭਗਤ ਨਾਮਦੇਵ ਨੇ ਲਿਖਿਆ ਹੈ—'ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ' (ਅ. ਗ੍ਰੰ. 693)।

ਦੁਰਯੋਧਨ : ਇਸ ਦਾ ਸ਼ਾਬਦਿਕ ਅਰਥ ਹੈ ਜਿਸ ਨੂੰ ਜਿੱਤਣਾ ਕਠਿਨ ਹੋਵੇ। 'ਮਹਾਭਾਰਤ' ਅਨੁਸਾਰ ਇਹ ਧ੍ਰਿਤਰਾਸ਼ਟਰ ਦੇ ਸੌ ਪੁੱਤਰਾਂ ਵਿਚੋਂ ਸਭ ਤੋਂ ਵੱਡਾ ਸੀ ਅਤੇ ਗਾਂਧਾਰੀ ਦੀ ਕੁੱਖੋਂ ਪੈਦਾ ਹੋਇਆ ਸੀ। ਪਾਂਡੂ ਦੇ ਮਰਨ 'ਤੇ ਜਦੋਂ ਧ੍ਰਿਤਰਾਸ਼ਟਰ ਉਸ ਦੇ ਪੰਜਾਂ ਪੁੱਤਰਾਂ ਨੂੰ ਆਪਣੇ ਕੋਲ ਲੈ ਆਇਆ ਅਤੇ ਉਨ੍ਹਾਂ ਨੂੰ ਸ਼ਸਤ੍ਰ-ਸ਼ਾਸਤ੍ਰ ਦੀ ਸਿਖਿਆ ਦੇਣੀ ਆਰੰਭ ਕੀਤੀ, ਤਾਂ ਧ੍ਰਿਤਰਾਸ਼ਟਰ ਦੇ ਪੁੱਤਰ ਉਨ੍ਹਾਂ ਨਾਲ ਖ਼ਾਰਬਾਜ਼ੀ ਖਾਣ ਲਗ ਪਏ। ਦੁਰਯੋਧਨ ਨੇ ਭੀਮ ਨਾਲ ਬਲਰਾਮ ਤੋਂ ਗਦਾ ਚਲਾਉਣ ਦੀ ਸਿਖਿਆ ਲਈ; ਇਸ ਕਰਕੇ ਦੋਹਾਂ ਦੀ ਆਪਸ ਵਿਚ ਬਹੁਤ ਖਟ-ਪਟ ਰਹਿੰਦੀ ਸੀ। ਇਸ ਨੇ ਉਸ ਨੂੰ ਇਕ ਵਾਰ ਜ਼ਹਿਰ ਦੇ ਕੇ ਮਾਰਨ ਦਾ ਵੀ ਯਤਨ ਕੀਤਾ।

ਜਦੋਂ ਧ੍ਰਿਤਰਾਸ਼ਟਰ ਨੇ ਯੁਧਿਸ਼ਠਿਰ ਨੂੰ ਆਪਣਾ ਉੱਤਰਾਧਿਕਾਰੀ ਬਣਾਉਣ ਦਾ ਫ਼ੈਸਲਾ ਕੀਤਾ ਤਾਂ ਕੌਰਵਾਂ ਦਾ ਪਾਂਡਵਾਂ ਪ੍ਰਤਿ ਵੈਰ ਹੋਰ ਵੱਧ ਗਿਆ। ਉਨ੍ਹਾਂ ਨੂੰ ਮਹੱਲ ਵਿਚ ਸਾੜ ਦੇਣ ਦਾ ਯਤਨ ਵੀ ਕੀਤਾ ਗਿਆ, ਪਰ ਉਹ ਬਚ ਗਏ। ਪਾਂਡਵਾਂ ਨੇ ਜਦੋਂ ਇੰਦਰਪ੍ਰਸਥ ਵਿਚ ਰਾਜ ਸਥਾਪਿਤ ਕਰਕੇ ਰਾਜਸੂਯ ਯੱਗ ਕੀਤਾ ਤਾਂ ਕੌਰਵਾਂ ਤੋਂ ਜਰਿਆ ਨਾ ਗਿਆ। ਆਪਣੇ ਮਾਮੇ ਸ਼ਕੁਨੀ ਦੀ ਸਹਾਇਤਾ ਨਾਲ ਪਾਂਡਵਾਂ ਤੋਂ ਜੂਏ ਵਿਚ ਸਭ ਕੁਝ ਜਿੱਤ ਲਿਆ। ਇਥੋਂ ਤਕ ਕਿ ਦ੍ਰੋਪਦੀ ਵੀ ਦਾਅ 'ਤੇ ਲਗ ਗਈ। ਦੁਰਯੋਧਨ ਨੇ ਦ੍ਰੋਪਦੀ ਨੂੰ ਸਭਾ ਵਿਚ ਅਪਮਾਨਿਤ ਕੀਤਾ, ਦੁਸ਼ਾਸਨ ਨੇ ਉਸ ਨੂੰ ਵਾਲਾਂ ਤੋਂ ਖਿਚਿਆ, ਦ੍ਰੋਪਦੀ ਦੇ ਬਸਤ੍ਰ ਉਤਰਵਾਉਣ ਦਾ ਯਤਨ ਵੀ ਕੀਤਾ ਗਿਆ। ਦੁਰਯੋਧਨ ਨੇ ਉਸ ਨੂੰ ਪੱਟ ਉਤੇ ਬੈਠਣ ਲਈ ਵੀ ਕਿਹਾ। ਇਸ ਅਪਮਾਨ ਕਾਰਣ ਭੀਮ ਨੇ ਦੁਰਯੋਧਨ ਦੀ ਪੱਟ ਨੂੰ ਚੂਰ ਚੂਰ ਕਰਨ ਦੀ ਪ੍ਰਤਿਗਿਆ ਕੀਤੀ।

ਜੂਏ ਵਿਚ ਹੋਈ ਹਾਰ ਦੇ ਫਲਸਰੂਪ ਪਾਂਡਵਾਂ ਨੂੰ ਬਾਰ੍ਹਾਂ ਵਰ੍ਹਿਆਂ ਦਾ ਬਨਵਾਸ ਅਤੇ ਇਕ ਸਾਲ ਦਾ ਗੁਪਤ-ਵਾਸ ਸਜ਼ਾ ਵਜੋਂ ਦਿੱਤੇ ਗਏ। ਬਨਵਾਸ ਤੋਂ ਬਾਦ ਪਾਂਡਵਾਂ ਨੇ ਆਪਣਾ ਹਿੱਸਾ ਮੰਗਿਆ। ਨਾ ਮਿਲਣ ਤੇ ਯੁੱਧ ਹੋਣਾ ਸੁਭਾਵਿਕ ਸੀ। ਮਹਾਭਾਰਤ ਦੇ ਯੁੱਧ ਵਿਚ ਦੁਰਯੋਧਨ ਦੇ ਲਗਭਗ ਸਾਰੇ ਯੋਧੇ ਮਾਰੇ ਗਏ। ਹਾਰੀ ਹੋਈ ਸਥਿਤੀ ਵਿਚ ਇਹ ਝੀਲ ਦੇ ਪਾਣੀ ਵਿਚ ਲੁਕ ਗਿਆ, ਪਰ ਇਸ ਨੂੰ ਲਭ ਕੇ ਭੀਮ ਨੇ ਯੁੱਧ ਕੀਤਾ। ਭਾਵੇਂ ਦੁਰਯੋਧਨ ਬੜੀ ਬਹਾਦਰੀ ਨਾਲ ਲੜਿਆ, ਪਰ ਭੀਮ ਨੇ ਇਸ ਦੀ ਪੱਟ ਤੇ ਗਦਾ ਦਾ ਵਾਰ ਕਰਕੇ ਉਸ ਨੂੰ ਚੂਰ-ਚੂਰ ਕਰ ਦਿੱਤਾ। ਡਿਗੇ ਹੋਏ ਨੂੰ ਭੀਮ ਨੇ ਠੁੱਡੇ ਮਾਰੇ। ਜ਼ਖ਼ਮੀ ਹਾਲਤ ਵਿਚ ਪਏ ਦੁਰਯੋਧਨ ਕੋਲ ਅਸ਼੍ਵੱਥਾਮਾ ਅਤੇ ਕੁਝ ਹੋਰ ਬਚੇ ਖੁਚੇ ਸੈਨਿਕ ਆਏ। ਇਸ ਨੇ ਉਨ੍ਹਾਂ ਨੂੰ ਪਾਂਡਵਾਂ ਨੂੰ ਮਾਰਨ ਲਈ ਕਿਹਾ ਅਤੇ ਭੀਮ ਦਾ ਸਿਰ

ਵੱਢ ਕੇ ਲਿਆਉਣ ਲਈ ਤਾਕੀਦ ਕੀਤੀ । ਅਸ਼੍ਵੱਥਾਮਾ ਪਾਂਡਵਾਂ ਦੇ ਪੰਜ ਪੁੱਤਰਾਂ ਨੂੰ ਮਾਰ ਕੇ ਉਨ੍ਹਾਂ ਦੇ ਸਿਰ ਦੁਰਯੋਧਨ ਕੋਲ ਲਿਆਇਆ । ਦੁਰਯੋਧਨ ਨੂੰ ਜਦੋਂ ਮਾਸੂਮਾਂ ਦੀ ਹਤਿਆ ਦਾ ਬੋਧ ਹੋਇਆ ਤਾਂ ਇਸ ਨੇ ਅਜਿਹੇ ਘਿਨੌਣੇ ਕਰਮ ਕਾਰਣ ਅਸ਼੍ਵੱਥਾਮਾ ਆਦਿ ਨੂੰ ਧਿੱਕਾਰਿਆ । ਇਸ ਪਿਛੋਂ ਦੁਰਯੋਧਨ ਨੇ ਪ੍ਰਾਣ ਤਿਆਗ ਦਿੱਤੇ । ਭਗਤ ਨਾਮਦੇਵ ਨੇ ਸੰਸਾਰਿਕ ਨਾਸ਼ਮਾਨਤਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ—'ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ।/ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹ ਗਿਰਝਨ ਖਾਈ' (ਅ. ਗ੍ਰੰ. 692) ।

ਦੁਰਾਨੀ : ਵੇਖੋ 'ਅਹਿਮਦ ਸ਼ਾਹ, ਅਬਦਾਲੀ' ।

ਦੁੱਲ੍ਹਾ-ਭੱਟੀ : ਪੰਜਾਬ ਦਾ ਇਕ ਲੋਕ-ਵੀਰ ਨਾਇਕ ਜੋ ਅਕਬਰ ਬਾਦਸ਼ਾਹ ਦੇ ਰਾਜ ਵੇਲੇ ਸਾਂਦਲ ਬਾਰ (ਰਾਵੀ ਅਤੇ ਚਨਾਬ ਨਦੀਆਂ ਦੇ ਵਿਚਾਲੇ ਦਾ ਖੇਤਰ) ਵਿਚ ਡਾਕੇ ਮਾਰਦਾ ਹੁੰਦਾ ਸੀ । ਇਸ ਭੱਟੀ ਰਾਜਪੂਤ ਦੀ ਇਹ ਵਿਸ਼ੇਸ਼ਤਾ ਸੀ ਕਿ ਅਮੀਰਾਂ ਨੂੰ ਲੁਟ ਕੇ ਉਨ੍ਹਾਂ ਤੋਂ ਪ੍ਰਾਪਤ ਹੋਏ ਧਨ-ਮਾਲ ਨਾਲ ਗ਼ਰੀਬ ਲੋਕਾਂ ਦੀ ਮੱਦਦ ਕਰਦਾ ਸੀ । ਇਸ ਦੀ ਇਸ ਸਖਾਵਤ ਬਾਰੇ ਅਨੇਕ ਦੰਦ-ਕਥਾਵਾਂ ਪ੍ਰਚਲਿਤ ਹਨ । ਇਕ ਬ੍ਰਾਹਮਣ ਦੀਆਂ ਦੋ ਕੰਨਿਆਵਾਂ—ਸੁੰਦਰੀ ਅਤੇ ਮੁੰਦਰੀ—ਦਾ ਮੁਸਲਮਾਨ ਹਾਕਮ ਤੋਂ ਉੱਧਾਰ ਕਰਨ ਅਤੇ ਫਿਰ ਉਨ੍ਹਾਂ ਨੂੰ ਵਿਆਹੁਣ ਬਾਰੇ ਲੋਕ-ਪ੍ਰਸਿੱਧ ਸਾਕੇ ਦੇ ਆਧਾਰ ਤੇ ਬਣੇ ਲੋਕ-ਗੀਤ ਨੂੰ ਲੋਹੜੀ (ਵੇਖੋ) ਮੰਗਣ ਵੇਲੇ ਬੱਚੇ ਬੜੇ ਜੋਸ਼ ਨਾਲ ਗਾਉਂਦੇ ਹਨ ।

ਰਵਾਇਤ ਅਨੁਸਾਰ ਦੁੱਲ੍ਹਾ ਫ਼ਰੀਦ ਖ਼ਾਨ ਭੱਟੀ ਦਾ ਪੁੱਤਰ ਸੀ, ਪਰ ਇਸ ਦਾ ਚਾਚਾ ਜਲਾਲੁੱਦੀਨ ਇਸ ਨਾਲ ਖ਼ਾਰ ਖਾਂਦਾ ਸੀ । ਉਸ ਨੇ ਆਪਣੀ ਕਿੜ ਕੱਢਣ ਲਈ ਅਕਬਰ ਬਾਦਸ਼ਾਹ ਅਗੇ ਸ਼ਿਕਾਇਤ ਕੀਤੀ ਕਿ ਦੁੱਲ੍ਹੇ ਨੇ ਇਲਾਕੇ ਵਿਚ ਬਹੁਤ ਲੁਟ-ਮਾਰ ਮਚਾਈ ਹੋਈ ਹੈ । ਦੁੱਲ੍ਹੇ ਨੂੰ ਫੜਨ ਲਈ ਅਕਬਰ ਨੇ ਮਿਰਜ਼ਾ ਅਲਾਉੱਦੀਨ ਨੂੰ ਬਾਰ੍ਹਾਂ ਹਜ਼ਾਰ ਸੈਨਿਕ ਦੇ ਕੇ ਭੇਜਿਆ । ਅਲਾਉੱਦੀਨ ਨੇ ਆਪਣੀ ਸੈਨਾ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ । ਇਕ ਸੈਨਿਕ ਟੁਕੜੀ ਆਪਣੇ ਅਧੀਨ ਰਖੀ ਅਤੇ ਨੈਨਾਬਾਸ ਨਾਂ ਦੇ ਪਿੰਡ ਵਿਚ ਪਹੁੰਚਿਆ ਜਿਥੇ ਦੁੱਲ੍ਹਾ ਹੋਲੀ ਮਨਾ ਰਿਹਾ ਸੀ ਅਤੇ ਦੂਜੀ ਟੁਕੜੀ ਜ਼ਿਆਉੱਦੀਨ ਦੀ ਕਮਾਨ ਹੇਠਾਂ ਦੁੱਲ੍ਹੇ ਦੇ ਪਿੰਡ ਨੂੰ ਭੇਜੀ । ਨੈਨਾਬਾਸ ਵਿਚ ਦੁੱਲ੍ਹੇ ਦੇ ਉਪਕਾਰ ਤੋਂ ਵਰੋਸਾਈ ਇਕ ਗਵਾਲਣ ਨੇ ਦੁੱਲ੍ਹੇ ਨੂੰ ਬਚਾਉਣ ਲਈ ਪਹਿਲਾਂ ਅਲਾਉੱਦੀਨ ਨੂੰ ਆਪਣੇ ਹੁਸਨ ਅਤੇ ਹਾਵਾਂ-ਭਾਵਾਂ ਨਾਲ ਮੋਹਿਆ ਅਤੇ ਫਿਰ ਕਤਲ ਕਰ ਦਿੱਤਾ । ਉਧਰ ਜ਼ਿਆਉੱਦੀਨ ਨੇ ਦੁੱਲ੍ਹੇ ਦੇ ਪਿੰਡ ਉਤੇ ਹਮਲਾ ਕਰਕੇ ਉਸ ਦੇ ਸਾਰੇ ਪਰਿਵਾਰ ਨੂੰ ਬੰਦੀ ਬਣਾ ਲਿਆ । ਜਦੋਂ ਦੁੱਲ੍ਹੇ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਆਪਣੇ ਸਾਥੀਆਂ ਸਮੇਤ ਪਿੰਡ ਪਹੁੰਚ ਕੇ ਜ਼ਿਆਉੱਦੀਨ ਨਾਲ ਯੁੱਧ ਕੀਤਾ ਅਤੇ ਆਪਣੇ ਪਰਿਵਾਰ ਨੂੰ ਮੁਕਤ ਕਰਵਾਇਆ । ਦੁੱਲ੍ਹੇ ਦੀ ਬਹਾਦਰੀ ਪੰਜਾਬੀ ਲੋਕ-ਸਭਿਆਚਾਰ ਦਾ ਅੰਗ ਬਣ ਚੁਕਣ ਕਾਰਣ ਇਸ ਦਾ ਆਮ ਉੱਲੇਖ ਹੁੰਦਾ ਹੈ । ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ—'ਦੁੱਲ੍ਹੇ ਭੱਟੀ ਨੂੰ ਗਾਂਵਦਾ ਜਗ ਸਾਰਾ, ਜੈਮਲ ਫਤੇ ਦੀਆਂ ਵਾਰਾਂ ਸਾਰੀਆਂ ਨੀਂ ।'

ਦੂਸ਼ਣ/ਦੂਖਣ : ਵੇਖੋ 'ਖਰ'।

ਦੇਵ : ਇਹ ਸ਼ਬਦ ਸੰਸਕ੍ਰਿਤ ਦੀ ਦਿਵ੍ ਧਾਤੂ ਤੋਂ ਬਣਿਆ ਹੈ ਅਤੇ ਇਸ ਦਾ ਅਰਥ ਹੈ ਚਮਕਣਾ। ਇਸ ਤਰ੍ਹਾਂ ਜੋ ਪ੍ਰਕਾਸ਼ਮਾਨ, ਹੈ ਤੇਜਸਵੀ ਹੈ, ਉਹ 'ਦੇਵ' ਹੈ। ਅੱਜ-ਕਲ ਦੇਵ ਅਤੇ ਦੇਵਤਾ ਦੋਵੇਂ ਸਮਾਨਾਰਥਕ ਸ਼ਬਦ ਬਣ ਚੁੱਕੇ ਹਨ, ਪਰ ਮੂਲ ਰੂਪ ਵਿਚ ਇਹ ਸਮਾਨਾਰਥਕ ਨਹੀਂ ਸਨ। ਦੇਵਤਾ ਸ਼ਬਦ ਇਸਤਰੀਲਿੰਗ ਹੈ ਅਤੇ ਦੇਵੀ ਦੇ ਅਰਥ ਵਿਚ ਵਰਤਿਆ ਜਾਂਦਾ ਰਿਹਾ ਹੈ। 'ਚੰਡੀ ਦੀ ਵਾਰ' ਵਿਚ ਵੀ ਇਸ ਦੀ ਦੇਵੀ ਦੇ ਅਰਥ ਵਿਚ ਵਰਤੋਂ ਹੋਈ ਹੈ—'ਏਵਡ ਮਾਰ ਵਿਹਾਣੀ ਉਪਰ ਰਾਕਸਾਂ। ਬਿਜਲ ਜਿਉਂ ਝਰਲਾਣੀ ਉਠੀ ਦੇਵਤਾ'।36।

ਦੇਵਗਣ ਕੌਣ ਹਨ ? ਇਸ ਸੰਬੰਧ ਵਿਚ ਡਾ. ਸੰਪੂਰਣਾਨੰਦ ਦੀ ਸਥਾਪਨਾ ਹੈ ਕਿ ਇਹ ਲੋਕ ਪੁਰਾਤਨ ਕਾਲ ਦੇ ਯੋਗੀ ਸਨ ਜਿਨ੍ਹਾਂ ਨੇ ਆਪਣੀ ਕਠੋਰ ਤਪਸਿਆ ਰਾਹੀਂ ਵਿਸ਼ਵ ਵਿਚ ਉੱਚਾ ਸਥਾਨ ਪ੍ਰਾਪਤ ਕੀਤਾ ਸੀ। ਜਿਸ ਨੇ ਜਿਸ ਸ਼ਕਤੀ ਦਾ ਵਿਸ਼ੇਸ਼ ਉਦ-ਬੋਧ ਕੀਤਾ ਹੈ, ਉਸ ਨੂੰ ਉਸੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਦੇਵ ਦੀ ਥਾਂ 'ਤੇ 'ਦੇਵਤਾ' ਸ਼ਬਦ ਦੇ ਪ੍ਰਚਲਨ ਬਾਰੇ ਵਿਦਵਾਨਾਂ ਦਾ ਮਤ ਹੈ ਕਿ ਜਦ ਤਕ ਵੈਦਿਕ ਯੱਗ ਹੁੰਦੇ ਰਹੇ, ਵੇਦਾਂ ਦਾ ਅਧਿਐਨ ਵੀ ਹੁੰਦਾ ਰਿਹਾ। ਬੌਧ-ਕਾਲ ਤੋਂ ਬਾਦ ਯੱਗਾਂ ਦਾ ਰਿਵਾਜ ਬਹੁਤ ਘੱਟ ਗਿਆ। ਫਲਸਰੂਪ ਮੰਤ੍ਰਾਂ ਵਲੋਂ ਵੀ ਲੋਕਾਂ ਦਾ ਧਿਆਨ ਹਟ ਗਿਆ। 'ਦੇਵਤਾ' ਸ਼ਬਦ ਦਾ ਲਕਸ਼ ਭੁਲ ਭੁਲਾ ਗਿਆ। ਦੇਵਤਿਆਂ ਦੇ ਪ੍ਰਤੀਕ ਰੂਪ ਵਿਚ ਇੰਦਰ ਆਦਿ ਨਾਂ ਪਹਿਲਾਂ ਤੋਂ ਹੀ ਪ੍ਰਚਲਿਤ ਸਨ। 'ਦੇਵਤਾ' ਸ਼ਬਦ ਦੇ ਇਸਤਰੀ-ਲਿੰਗ ਹੋਣ ਵਲੋਂ ਵੀ ਧਿਆਨ ਹਟ ਗਿਆ। ਪ੍ਰਤੀਕ ਮੂਲ ਬਣ ਗਏ। ਇੰਦਰ-ਦੇਵ, ਵਿਸ਼ਨੂ-ਦੇਵ, ਵਰੁਣ-ਦੇਵ ਦੀ ਥਾਂ ਇੰਦਰ ਦੇਵਤਾ, ਵਿਸ਼ਨੂ-ਦੇਵਤਾ, ਵਰੁਣ ਦੇਵਤਾ ਬਣ ਗਏ।

'ਦੇਵ' ਸ਼ਬਦ ਦੇ ਅਰਥ ਵਿਚ ਪਰਿਵਰਤਨ ਜਾਂ ਵਿਗਾੜ ਕਿਉਂ ਹੋਇਆ, ਇਸ ਦਾ ਆਪਣਾ ਹੀ ਇਤਿਹਾਸ ਹੈ। ਇਤਿਹਾਸਕਾਰਾਂ ਅਨੁਸਾਰ ਹਜ਼ਾਰਾਂ ਵਰ੍ਹੇ ਪਹਿਲਾਂ ਆਰਯਾਂ ਵਿਚ ਕੁਝ ਕੁ ਧਾਰਮਿਕ ਪ੍ਰਸ਼ਨਾਂ ਨੂੰ ਲੈ ਕੇ ਸੰਘਰਸ਼ ਚਲਿਆ। ਇਨ੍ਹਾਂ ਪ੍ਰਸ਼ਨਾਂ ਬਾਰੇ ਹੁਣ ਪੂਰੀ ਜਾਣਕਾਰੀ ਨਹੀਂ ਮਿਲਦੀ, ਪਰ ਇਨ੍ਹਾਂ ਵਿਚੋਂ ਇਕ ਪ੍ਰਸ਼ਨ ਇੰਦਰ ਨੂੰ ਦੇਵ-ਰਾਜ ਮੰਨਣ ਬਾਰੇ ਸੀ। ਜਿਹੜੇ ਇੰਦਰ ਨੂੰ ਦੇਵ-ਰਾਜ ਮੰਨਣ ਲਈ ਤਿਆਰ ਨਹੀਂ ਸਨ, ਉਹ ਦੇਸ ਛਡ ਕੇ, ਘੁੰਮਦੇ ਘੁਮਾਂਦੇ ਈਰਾਨ ਜਾ ਪਹੁੰਚੇ। ਪਾਰਸੀ ਉਨ੍ਹਾਂ ਦੇ ਹੀ ਵੰਸਜ ਮੰਨੇ ਜਾਂਦੇ ਹਨ। ਇਸੇ ਲਈ ਵੇਦਾਂ ਵਿਚ ਇੰਦਰ ਨੂੰ ਨਾ ਮੰਨਣ ਵਾਲਿਆਂ ਦੀ ਲਾਹਨਤ ਮਲਾਮਤ ਕੀਤੀ ਗਈ ਹੈ। ਧਾਰਮਿਕ ਵੈਰ ਵਿਰੋਧ ਦੇ ਸਿੱਟੇ ਵਜੋਂ ਕੁਝ ਕੁ ਮਹੱਤਵਪੂਰਣ ਧਾਰਮਿਕ ਸ਼ਬਦਾਂ ਦਾ ਵੀ ਵੰਡ-ਵੰਡਾਰਾ ਹੋ ਗਿਆ ਜਿਨ੍ਹਾਂ ਵਿਚ 'ਦੇਵ' ਅਤੇ 'ਅਸੁਰ' ਸ਼ਬਦ ਵੀ ਸ਼ਾਮਲ ਹਨ।

ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ 'ਦੇਵ' ਦਾ ਅਰਥ ਹੈ ਪ੍ਰਕਾਸ਼ਮਾਨ ਜਾਂ ਤੇਜਸਵੀ। ਆਚਾਰਯ ਸਾਯਣ ਨੇ 'ਅਸੁਰ' ਦੀ ਵਿਉਤਪੱਤੀ ਕਰਦਿਆਂ ਦਸਿਆ ਹੈ ਕਿ ਜੋ ਸਭ ਨੂੰ ਪਰੇ ਸੁਟ ਦਿੰਦਾ ਹੈ, ਉਹ 'ਅਸੁਰ' ਹੈ, ਅਰਥਾਤ ਪ੍ਰਬਲ ਹੈ। ਇਸ ਤਰ੍ਹਾਂ

ਸ਼ੁਰੂ ਵਿਚ 'ਦੇਵ' ਅਤੇ 'ਅਸੁਰ' ਦੋਹਾਂ ਦਾ ਵਾਚ੍ਯਾਰਥ ਇਕੋ ਹੀ ਸੀ। ਦੇਵ-ਗਣ ਤੇਜਸਵੀ ਵੀ ਸਨ ਅਤੇ ਪ੍ਰਬਲ ਵੀ, ਇਸ ਲਈ ਉਹ ਅਸੁਰ ਵੀ ਸਨ। ਇਸੇ ਅਰਥ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਵੇਦਾਂ ਵਿਚ ਹੋਈ ਹੈ।

ਧਾਰਮਿਕ ਵਿਰੋਧ ਨੇ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਵੀ ਵੰਡ ਦਿੱਤਾ। ਈਰਾਨੀਆਂ (ਪਾਰਸੀਆਂ) ਨੇ 'ਅਸੁਰ' ਸ਼ਬਦ ਨੂੰ ਅਪਣਾਇਆ ਅਤੇ ਭਾਰਤੀਆਂ ਨੇ 'ਦੇਵ' ਨੂੰ। ਫਲਸਰੂਪ ਈਰਾਨੀ ਸਮੁਦਾਇ ਵਿਚ 'ਦੇਵ' ਸ਼ਬਦ ਨਿੰਦਣਯੋਗ ਬਣ ਗਿਆ ਅਤੇ ਭਾਰਤੀਆਂ ਵਿਚ 'ਅਸੁਰ' ਸ਼ਬਦ ਦੀ ਵੀ ਇਹੀ ਦੁਰਗਤ ਹੋਈ। ਮੁਸਲਮਾਨ ਹਮਲਾਵਰਾਂ ਨਾਲ 'ਦੇਵ' (ਦੇਉ) ਸ਼ਬਦ ਨਿੰਦਣਯੋਗ ਅਰਥ ਸਹਿਤ ਮੁੜ ਹਿੰਦੁਸਤਾਨ ਵਿਚ ਆਇਆ। ਇਸ ਦੀ ਪ੍ਰਤਿਕ੍ਰਿਆ ਵਜੋਂ ਸਵਦੇਸ਼ੀ 'ਦੇਵ' ਸ਼ਬਦ ਆਪਣਾ ਮਹੱਤਵ ਖੋਹ ਬੈਠਾ ਅਤੇ ਭਾਰਤੀਆਂ ਨੇ ਇਸ ਲਈ ਆਪਣਾ ਹੋਰ ਸ਼ਬਦ 'ਦੇਵਤਾ' ਅਧਿਕ ਵਰਤਣਾ ਸ਼ੁਰੂ ਕਰ ਦਿੱਤਾ ਅਤੇ 'ਦੇਵ' ਸ਼ਬਦ ਆਪਣੇ ਮਾੜੇ ਅਰਥਾਂ ਵਿਚ ਜਨ-ਸਾਧਾਰਣ ਦੀ ਵਰਤੋਂ ਵਿਚ ਆ ਗਿਆ ਜਿਵੇਂ ਲਾਲ ਦੇਵ, ਕਾਲਾ ਦੇਵ। ਅਸਲੋਂ, ਇਹ ਇਕ ਭਿਆਨਕ ਸਰੂਪ ਅਤੇ ਚੰਗੀ ਕਦ-ਕਾਠ ਵਾਲੇ ਵਿਅਕਤੀ ਲਈ ਵਰਤਿਆ ਜਾਣ ਲਗਾ। ਇਸ ਨੂੰ 'ਦੇਉ' ਰੂਪ ਵਿਚ ਵੀ ਪੰਜਾਬੀ ਵਿਚ ਉਚਾਰਿਆ ਅਤੇ ਲਿਖਿਆ ਜਾਂਦਾ ਹੈ।

ਭਾਰਤੀ ਵਿਰਸੇ ਵਾਲੀਆਂ ਪੰਜਾਬੀ ਰਚਨਾਵਾਂ ਵਿਚ ਦੇਵ ਜਾਂ ਦੇਉ ਸ਼ਬਦ ਦੀ ਵਰਤੋਂ ਆਮ ਤੌਰ ਤੇ ਦੇਵਤਾ ਦੇ ਅਰਥਾਂ ਵਿਚ ਹੋਈ ਹੈ, ਜਿਵੇਂ 'ਚੰਡੀ ਦੀ ਵਾਰ' ਵਿਚ—'ਦਿਤੇ ਦੇਵ ਭਜਾਈ ਸਭਨਾ ਰਾਕਸਾਂ', 'ਦਿਤੇ ਦੇਉ ਭਜਾਈ ਮਿਲ ਕੈ ਰਾਕਸੀਂ'। ਪਰ ਮੁਸਲਮਾਨੀ ਪਿਛੋਕੜ ਵਾਲੀਆਂ ਪੰਜਾਬੀ ਰਚਨਾਵਾਂ ਵਿਚ ਇਹ ਸ਼ਬਦ ਵਿਪਰੀਤ ਅਰਥਾਂ ਵਿਚ ਵਰਤਿਆ ਗਿਆ ਹੈ। 'ਸੈਫੁਲ-ਮਲੂਕ' ਕਿੱਸੇ ਦੇ ਲੇਖਕ ਮੀਆਂ ਮੁਹੰਮਦ ਬਖ਼ਸ਼ ਨੇ ਤਾਂ ਇਸ ਨੂੰ ਸ਼ੈਤਾਨ ਦਾ ਸਮਾਨਾਰਥਕ ਦਸਿਆ ਹੈ—'ਦੇਵ ਆਦਮ ਦੇ ਦੁਸ਼ਮਣ ਮੁਢੋਂ ਨਾਹੀ ਤਕਿ ਸੁਖਾਂਦੇ।/ਜੇ ਛੁਪੇ ਤਾਂ ਮੁਸ਼ਕੇ ਲਗ ਕੇ ਹਰ ਹੀਲੇ ਫੜਿ ਖਾਂਦੇ।/ਜਿਸ ਦਿਨ ਮਿਹਤਰ ਆਦਮ ਅਗੇ ਰਬ ਸਜੂਦ ਕਰਾਇਆ।/ਸਭਨਾਂ ਮਲਕਾਂ ਸਿਜਦਾ ਕੀਤਾ, ਦੇਵ ਨਾ ਸੀਸ ਨਿਵਾਇਆ।/ਖ਼ੁਦਾਵੰਦ ਦਾ ਫ਼ੁਰਮਾਨ ਨਾ ਮੰਨਿਉਸ ਆਦਮ ਦਿਲੋਂ ਨਾ ਭਾਇਆ।/ਲੱਅਨਤ ਦਾ ਸ਼ੈਤਾਨ ਕਹਾ ਕੇ ਤੋਕ ਗਲੇ ਵਿਚ ਪਾਇਆ'। ਇਸ ਤਰ੍ਹਾਂ 'ਦੇਵ' ਸ਼ਬਦ ਦੋ ਭਾਵ-ਭੂਮੀਆਂ 'ਤੇ ਟਿਕਿਆ ਹੋਇਆ ਹੈ। ਹੋਰ ਵਿਸਤਾਰ ਲਈ ਵੇਖੋ 'ਦੇਵਤਾ'।

ਦੇਵਕੀ : ਇਹ ਸ੍ਰੀ ਕ੍ਰਿਸ਼ਣ ਦੀ ਮਾਤਾ, ਵਸੁਦੇਵ ਦੀ ਪਤਨੀ, ਯਦੁਵੰਸ਼ੀ ਰਾਜਾ ਦੇਵਕ ਦੀ ਧੀ ਅਤੇ ਕੰਸ ਦੇ ਚਾਚੇ ਦੀ ਪੁੱਤਰੀ ਸੀ। ਇਸ ਨੂੰ ਉਗ੍ਰਸੈਨ ਨੇ ਆਪਣੀ ਧੀ ਬਣਾ ਕੇ ਪਾਲਿਆ ਸੀ। ਇਸ ਨੂੰ ਅਦਿਤੀ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ। ਕੰਸ ਇਸ ਨੂੰ ਬਹੁਤ ਪਿਆਰ ਕਰਦਾ ਸੀ। ਜਦੋਂ ਵਿਆਹ ਤੋਂ ਬਾਦ ਵਸੁਦੇਵ ਇਸ ਨੂੰ ਆਪਣੇ ਘਰ ਲੈ ਜਾ ਰਿਹਾ ਸੀ ਤਾਂ ਕੰਸ ਨੇ ਉਨ੍ਹਾਂ ਦਾ ਰਥ ਚਲਾਇਆ। ਰਸਤੇ ਵਿਚ ਕੰਸ ਨੂੰ ਆਕਾਸ਼-ਵਾਣੀ ਹੋਈ ਕਿ ਦੇਵਕੀ ਦੀ ਸੰਤਾਨ ਹੱਥੋਂ ਉਸ ਦਾ ਬਧ ਹੋਵੇਗਾ। ਇਹ ਸੁਣਦਿਆਂ ਹੀ ਉਸ ਨੇ ਤਲਵਾਰ ਖਿਚ ਕੇ ਦੇਵਕੀ ਨੂੰ ਕਤਲ ਕਰਨਾ ਚਾਹਿਆ,

ਪਰ ਵਸੁਦੇਵ ਦੇ ਯਕੀਨ ਦਿਵਾਉਣ ਤੇ ਕਿ ਇਸ ਤੋਂ ਜੋ ਸੰਤਾਨ ਵੀ ਪੈਦਾ ਹੋਵੇਗੀ, ਉਹ ਕੰਸ ਦੇ ਹਵਾਲੇ ਕਰ ਦਿੱਤੀ ਜਾਵੇਗੀ, ਕੰਸ ਨੇ ਉਨ੍ਹਾਂ ਦੋਹਾਂ ਨੂੰ ਤੁਰਤ ਕੈਦਖਾਨੇ ਵਿਚ ਬੰਦ ਕਰ ਦਿੱਤਾ ਅਤੇ ਉਨ੍ਹਾਂ ਦੇ ਪਹਿਲੇ ਛੇ ਬੱਚੇ ਮਰਵਾ ਦਿੱਤੇ। ਸੱਤਵਾਂ ਬੱਚਾ ਬਲਰਾਮ ਵਸੁਦੇਵ ਦੀ ਦੂਜੀ ਪਤਨੀ ਰੋਹਿਣੀ ਦੀ ਕੁੱਖ ਵਿਚ ਸਥਾਨਾਂਤਰਿਤ ਹੋ ਗਿਆ। ਅੱਠਵਾਂ ਬਾਲਕ ਸ੍ਰੀ ਕ੍ਰਿਸ਼ਣ ਸੀ ਜਿਸ ਨੂੰ ਨੰਦ ਦੀ ਪਤਨੀ ਯਸ਼ੋਦਾ ਪਾਸ ਭੇਜ ਕੇ ਬਚਾਇਆ ਗਿਆ। ਬਾਲਕ ਕ੍ਰਿਸ਼ਣ ਭਗਵਾਨ ਦਾ ਅਵਤਾਰ ਸੀ। ਉਸ ਨੇ ਕੰਸ ਨੂੰ ਮਾਰ ਕੇ ਆਪਣੇ ਮਾਤਾ-ਪਿਤਾ ਨੂੰ ਉਸ ਦੀ ਕੈਦ ਤੋਂ ਮੁਕਤ ਕਰਾਇਆ ਅਤੇ ਰਾਜ-ਗੱਦੀ ਉਤੇ ਆਪਣੇ ਨਾਨੇ ਉਗ੍ਰਸੈਨ ਨੂੰ ਬਿਠਾਇਆ। ਇਸ ਘਟਨਾ ਵਲ ਭਗਤ ਨਾਮਦੇਵ ਨੇ ਸੰਕੇਤ ਕੀਤਾ ਹੈ—'ਧਨਿ ਧਨਿ ਤੂ ਮਾਤਾ ਦੇਵਕੀ।/ ਜਿਹ ਗ੍ਰਿਹਿ ਰਮਈਆ ਕਮਲਾਪਤੀ' (ਅ. ਗ੍ਰੰ. 988)।

ਦੇਵਤਾ : ਸੰਸਕ੍ਰਿਤ ਭਾਸ਼ਾ ਦਾ ਇਹ ਸ਼ਬਦ ਮੂਲ ਰੂਪ ਵਿਚ ਇਸਤਰੀ ਲਿੰਗ ਹੈ ਪਰ ਹਿੰਦੀ, ਪੰਜਾਬੀ ਆਦਿ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਇਸ ਦੀ ਵਰਤੋਂ ਪੁਲਿੰਗ ਵਿਚ ਹੁੰਦੀ ਹੈ। ਇਹ 'ਦੇਵ' ਦੇ ਵਾਚਕ ਵਜੋਂ ਵਰਤਿਆ ਜਾਂਦਾ ਹੈ। ਡਾ. ਰਾਜਬਲੀ ਪਾਂਡੇਯ ਦਾ ਮਤ ਹੈ ਕਿ ਮੂਲ ਰੂਪ ਵਿਚ ਦੇਵਤਿਆਂ ਦੀ ਗਿਣਤੀ 33 ਸੀ—12 ਆਦਿਤ੍ਯ, 8 ਵਸੁ ਅਤੇ 11 ਰੁਦ੍ਰ, ਅਗਨੀ ਅਤੇ ਪ੍ਰਿਥਵੀ। ਪਰ ਸਹਿਜੇ-ਸਹਿਜੇ ਇਨ੍ਹਾਂ ਦੀ ਗਿਣਤੀ 33 ਕਰੋੜ ਬਣ ਗਈ। 'ਪੁਰਾਤਨ ਜਨਮਸਾਖੀ' ਅਨੁਸਾਰ ਗੁਰੂ ਨਾਨਕ ਦੇਵ ਦੇ ਆਗਮਨ ਵੇਲੇ ਨਮਸਕਾਰ ਕਰਨ ਵਾਲਿਆਂ ਵਿਚ 33 ਕਰੋੜ ਦੇਵਤੇ ਵੀ ਸ਼ਾਮਲ ਸਨ—'ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ...ਜੋ ਵਡਾ ਭਗਤ ਜਗਤ ਨਿਸਤਾਰਣ ਕਉ ਆਇਆ' (ਸਾਖੀ 1)। ਗੁਰਬਾਣੀ ਵਿਚ ਵੀ ਆਇਆ ਹੈ ਕਿ 33 ਕਰੋੜ ਦੇਵਤੇ ਉਸ ਪਰਮਾਤਮਾ ਦੇ ਦਾਸ ਵਜੋਂ ਫ਼ਰਜ਼ ਨਿਭਾ ਰਹੇ ਹਨ—'ਤੇਤੀਸ ਕਰੋੜੀ ਦਾਸ ਤੁਮਾਰੇ ਰਿਧਿ ਸਿਧ ਪ੍ਰਾਣ ਅਧਾਰੀ' (ਅ. ਗ੍ਰੰ. 423)।

ਪੁਰਾਤਨ ਸਾਹਿੱਤ ਵਿਚ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਪਾਤਰ-ਵਰਗ ਹਨ—ਇਕ ਦੇਵਤਾ ਵਰਗ ਅਤੇ ਦੂਜਾ ਦੈਂਤ ਵਰਗ। ਇਹ ਦੋਵੇਂ ਕਸ਼੍ਯਪ ਦੀ ਸੰਤਾਨ ਹਨ। ਦਕ੍ਸ਼ ਪ੍ਰਜਾਪਤੀ ਦੀਆਂ ਜਿਹੜੀਆਂ 13 ਪੁੱਤਰੀਆਂ ਕਸ਼੍ਯਪ ਨੂੰ ਵਿਆਹੀਆਂ ਸਨ, ਉਨ੍ਹਾਂ ਵਿਚੋਂ ਅਦਿਤਿ/ਅਦਿਤੀ (ਵੇਖੋ) ਦੀ ਕੁੱਖ ਵਿਚੋਂ ਦੇਵਤੇ ਅਤੇ ਦਿਤਿ/ਦਿਤੀ (ਵੇਖੋ) ਦੀ ਕੁੱਖ ਵਿਚ ਦੈਂਤ ਪੈਦਾ ਹੋਏ ਸਨ। ਦਨੂ ਨਾਂ ਦੀ ਪੁੱਤਰੀ ਤੋਂ ਦਾਨਵ ਪੈਦਾ ਹੋਏ ਜਿਨ੍ਹਾਂ ਦਾ ਸੁਭਾ ਅਤੇ ਸਰੂਪ ਦੈਂਤਾਂ ਨਾਲ ਮੇਲ ਖਾਂਦਾ ਹੈ। ਇਸ ਤਰ੍ਹਾਂ ਦੇਵਤੇ, ਦੈਂਤ ਅਤੇ ਦਾਨਵ ਪਿਉ ਵਲੋਂ ਸੱਕੇ ਅਤੇ ਮਾਵਾਂ ਵਲੋਂ ਮੱਸੇਰੇ ਭਰਾ ਹਨ।

ਦੈਂਤ (ਵੇਖੋ) ਦੁਰਾਚਾਰੀ, ਕਪਟੀ, ਪਾਪੀ, ਅਵਸਰਵਾਦੀ ਅਤੇ ਸਾਰੀਆਂ ਬੁਰਾਈਆਂ ਦੇ ਪ੍ਰਤੀਕ ਹਨ। ਉਨ੍ਹਾਂ ਦਾ ਸਰੂਪ ਅਤੇ ਆਕਾਰ-ਪ੍ਰਕਾਰ ਭਿਆਨਕ ਹੈ, ਪਰ ਬਹਾਦਰੀ ਵਿਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਹੈ। ਦੇਵਤੇ ਸ਼ੁਰੂ ਤੋਂ ਹੀ ਸਹਿਜ ਸੁਭਾ ਵਾਲੇ ਅਤੇ ਚੰਗੀਆਂ ਆਦਤਾਂ ਦੇ ਪ੍ਰਤਿਨਿਧੀ ਹਨ, ਉਹ ਸੁੰਦਰ ਵੀ ਹਨ। ਉਨ੍ਹਾਂ ਦਾ ਨਾਇਕ ਜਾਂ ਦੇਵ-ਰਾਜ ਇੰਦਰ (ਵੇਖੋ) ਹੈ, ਕਿਤੇ-ਕਿਤੇ 'ਅਗਨੀ' (ਵੇਖੋ)

ਵੀ ਦੇਵਤਿਆਂ ਦਾ ਨੇਤਾ ਮੰਨਿਆ ਗਿਆ ਹੈ। ਵਜ੍ਰਧਾਰੀ ਇੰਦਰ ਸੁੰਦਰ ਅਤੇ ਸ਼ਕਤੀਸ਼ਾਲੀ ਹੈ। ਰਿਸ਼ੀਆਂ ਜਾਂ ਮੁਨੀਆਂ ਦੀਆਂ ਪਤਨੀਆਂ ਨਾਲ ਕਾਮ-ਭੋਗ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਪਰ ਦੈਂਤ ਵਰਗ ਅਗੇ ਉਸ ਦੀ ਕੁਝ ਨਹੀਂ ਚਲਦੀ, ਭੱਜ ਕੇ ਬ੍ਰਹਮਾ, ਵਿਸ਼ਣੂ ਜਾਂ ਦੇਵੀ ਦੀ ਸ਼ਰਣ ਲੈਂਦਾ ਹੈ। ਭਗਵਾਨ ਜੇ ਸਮੇਂ-ਸਮੇਂ ਅਵਤਾਰ ਧਾਰ ਕੇ ਦੇਵਤਿਆਂ ਦੀ ਸਹਾਇਤਾ ਨਾ ਕਰਦੇ ਤਾਂ ਦੈਂਤ ਦੇਵਤਿਆਂ ਦਾ ਮੂਲ ਨਸ਼ਟ ਕਰ ਦਿੰਦੇ।

ਪੁਰਾਣਾਂ ਵਿਚ ਭਗਵਾਨ ਵਿਸ਼ਣੂ ਦੇਵਤਿਆਂ ਦੇ ਪੱਖੀ ਹਨ। ਸ਼ਿਵ ਕਿਤੇ-ਕਿਤੇ ਦੈਂਤਾਂ ਦੇ ਵੀ ਇਸ਼ਟ-ਦੇਵ ਹਨ। ਦੈਂਤਾਂ ਨੇ ਆਪਣੀ ਅਦੁੱਤੀ ਭਗਤੀ ਨਾਲ ਸ਼ਿਵ ਨੂੰ ਪ੍ਰਸੰਨ ਕਰ ਕੇ ਕਈ ਵਾਰ ਵਰ ਪ੍ਰਾਪਤ ਕੀਤੇ, ਪਰ ਉਨ੍ਹਾਂ ਨੇ ਵਰ ਦੁਆਰਾ ਪ੍ਰਾਪਤ ਸ਼ਕਤੀ ਨੂੰ ਸਦਾ ਦੇਵਤਿਆਂ ਦੇ ਵਿਰੋਧ ਲਈ ਵਰਤਿਆ। ਰਿਸ਼ੀ ਮੁਨੀ ਵੀ ਅਧਿਕਤਰ ਦੇਵਤਿਆਂ ਦੀ ਹੀ ਸਹਾਇਤਾ ਕਰਦੇ ਸਨ।

ਸਮੁੱਚੇ ਤੌਰ ਤੇ ਪ੍ਰਾਚੀਨ ਕਾਲ ਤੋਂ ਸਤਿ ਅਤੇ ਅਸਤਿ ਦੋਹਾਂ ਬਿਰਤੀਆਂ ਦਾ ਦੇਵਤਾ ਅਤੇ ਦੈਂਤ ਦੇ ਪ੍ਰਤੀਕਾਂ ਰਾਹੀਂ ਸੰਘਰਸ਼ ਹੁੰਦਾ ਰਿਹਾ ਹੈ ਅਤੇ ਭਗਵਾਨ ਸਦਾ ਸਤਿ ਦੀ ਸਥਾਪਨਾ ਕਰਨ ਲਈ ਦੇਵਤਿਆਂ ਦੀ ਮੱਦਦ ਕਰਦੇ ਰਹੇ ਹਨ। 'ਬਚਿਤ੍ਰ-ਨਾਟਕ' ਵਿਚ ਇਸ ਗੱਲ ਨੂੰ ਸਪੱਸ਼ਟ ਕਰਦਿਆਂ ਕਿਹਾ ਗਿਆ ਹੈ ਕਿ ਮਾੜੇ ਕਰਮ ਕਰਨ ਵਾਲੇ ਅਸੁਰ (ਦੈਂਤ) ਹਨ ਅਤੇ ਚੰਗੇ ਕਰਮ ਕਰਨ ਵਾਲੇ ਦੇਵਤੇ ਹਨ—'ਸਾਧ ਕਰਮ ਜੋ ਪੁਰਖ ਕਮਾਵੈ ।/ ਨਾਮ ਦੇਵਤਾ ਜਗਤ ਕਹਾਵੈ ।/ ਕੁਕ੍ਰਿਤ ਕਰਮ ਜੇ ਜਗ ਮੈਂ ਕਰਹੀ ।/ ਨਾਮ ਅਸੁਰ ਤਿਨ ਕੋ ਸਭ ਧਰਹੀ ।' ਅਸਲ ਵਿਚ, ਦੇਵਤਿਆਂ ਅਤੇ ਦੈਂਤਾਂ ਵਾਲੀਆਂ ਬਿਰਤੀਆਂ ਵਾਲੇ ਲੋਕ ਹਰ ਯੁਗ ਅਤੇ ਹਰ ਦੇਸ਼ ਵਿਚ ਸਦਾ ਮੌਜੂਦ ਰਹਿੰਦੇ ਹਨ।

ਦੇਵਦਾਸੀ : ਦਾਸ-ਭਾਵਨਾ ਨਾਲ ਮੰਦਿਰ ਵਿਚ ਦੇਵਤੇ ਦੀ ਸੇਵਾ ਕਰਨ ਵਾਲੀਆਂ ਨੂੰ 'ਦੇਵਦਾਸੀ' ਕਿਹਾ ਜਾਂਦਾ ਹੈ। ਭਾਰਤ ਦੀ ਇਕ ਬਹੁਤ ਪੁਰਾਣੀ ਪ੍ਰਥਾ ਅਨੁਸਾਰ ਦੇਵਤਾ ਦੀ ਸੇਵਾ ਲਈ ਭਗਤ ਲੋਕ ਆਪਣੀਆਂ ਪੁੱਤਰੀਆਂ ਨੂੰ ਜਾਂ ਸ਼ਰਧਾਲੂ ਲੋਕ ਮੁਟਿਆਰਾਂ ਨੂੰ ਖ਼ਰੀਦ ਕੇ ਜਾਂ ਉੱਧਾਲ ਕੇ ਮੰਦਿਰਾਂ ਵਿਚ ਅਰਪਿਤ ਕਰ ਦਿੰਦੇ ਸਨ। ਇਨ੍ਹਾਂ ਦਾ ਕੰਮ ਮੰਦਿਰਾਂ ਦੀ ਸਫ਼ਾਈ ਕਰਨਾ, ਦੀਵੇ ਜਗਾਉਣਾ ਅਤੇ ਮੂਰਤੀਆਂ ਅਗੇ ਗਾਣਾ ਜਾਂ ਨਚਣਾ ਹੁੰਦਾ ਸੀ। ਇਹ ਪ੍ਰਥਾ ਉੱਤਰੀ ਭਾਰਤ ਨਾਲੋਂ ਦੱਖਣ ਵਿਚ ਜ਼ਿਆਦਾ ਪ੍ਰਚਲਿਤ ਸੀ। ਮਹਾਰਾਸ਼ਟਰ ਵਿਚ ਦੇਵਦਾਸੀ ਨੂੰ 'ਮੁਰਲੀ' ਅਤੇ ਆਂਧ੍ਰ ਪ੍ਰਦੇਸ਼ ਵਿਚ 'ਬਸਵਾ' ਕਿਹਾ ਜਾਂਦਾ ਹੈ। ਪੁਰਾਤਨ ਗ੍ਰੰਥਾਂ ਵਿਚ ਦੇਵਦਾਸੀਆਂ ਸੱਤ ਪ੍ਰਕਾਰ ਦੀਆਂ ਮੰਨੀਆਂ ਗਈਆਂ ਹਨ—ਦੱਤਾ, ਵਿਕ੍ਰੀਤਾ, ਭ੍ਰਿਤ੍ਯਾ, ਭਕਤਾ, ਹ੍ਰਿਤਾ, ਅਲੰਕਾਰਾ ਅਤੇ ਗੋਪਿਕਾ।'

ਇਸ ਪ੍ਰਥਾ ਦੇ ਪ੍ਰਚਲਨ ਦਾ ਮੁੱਖ ਕਾਰਣ ਭਗਤਾਂ ਦਾ ਉਲਾਰ ਸੀ। ਬਾਦ ਵਿਚ ਮਧੁਰ ਭਗਤੀ ਦੇ ਵਿਕਾਸ ਨਾਲ ਇਹ ਰਵਾਜ ਹੋਰ ਵਧਿਆ। ਪਰ ਮਨੁੱਖ ਦੀਆਂ ਕਮਜ਼ੋਰੀਆਂ ਨੇ ਇਸ ਪ੍ਰਥਾ ਨੂੰ ਕਲੰਕਿਤ ਕਰ ਦਿੱਤਾ ਅਤੇ ਭਗਤੀ ਦੀ ਆੜ ਵਿਚ

ਵਿਭਚਾਰ ਵੀ ਫੈਲਣ ਲਗਿਆ ਜਿਸ ਕਰਕੇ ਸੰਨ 1924 ਈ. ਤੋਂ ਇਸ ਪ੍ਰਥਾ ਨੂੰ ਖ਼ਤਮ ਕਰਨ ਦੇ ਅੰਦੋਲਨ ਸ਼ੁਰੂ ਹੋ ਗਏ। ਸੰਨ 1930 ਈ. ਤਕ ਕਈ ਪ੍ਰਾਂਤਾਂ ਵਿਚ ਵਿਧਾਨਕ ਢੰਗ ਨਾਲ ਇਸ ਨੂੰ ਰੋਕਣ ਦਾ ਯਤਨ ਵੀ ਕੀਤਾ ਗਿਆ ਹੈ। ਪਰ ਫਿਰ ਵੀ ਕਿਸੇ ਨਾ ਕਿਸੇ ਰੂਪ ਵਿਚ ਇਸ ਦੇ ਚਿੰਨ੍ਹ ਅਜੇ ਬਾਕੀ ਹਨ। ਸ਼ਿਵ ਕੁਮਾਰ ਬਟਾਲਵੀ ਨੇ ਇਸ ਪਰੰਪਰਾ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਮੈਨੂੰ ਉਹਦੀ ਦੇਵਦਾਸੀ ਭਟਕਣਾ/ ਅਕਸਰ ਡਰਾਂਦੀ ਸੀ/ ਤੇ ਉਹ ਦੀ ਅੱਖ ਦੀ ਵਹਿਸ਼ਤ ਜਿਵੇਂ ਸ਼ੀਸ਼ੇ ਨੂੰ ਖਾਂਦੀ ਸੀ।'

ਦੇਵਯਾਨੀ : ਸ਼ੁਕ੍ਰਾਚਾਰਯ ਦੀ ਪੁੱਤਰੀ ਅਤੇ ਰਾਜਾ ਯਯਾਤੀ ਦੀ ਪਤਨੀ। ਵੇਖੋ 'ਯਯਾਤੀ, ਰਾਜਾ'।

ਦੇਵਲ : ਵੇਖੋ 'ਅਸ਼ਟਾਵਕ੍ਰ'।

ਦੇਵੀ : ਦੇਵਤੇ ਦੀ ਪਤਨੀ ਨੂੰ 'ਦੇਵੀ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਹਰ ਦੇਵਤੇ ਨਾਲ ਕੋਈ ਨਾ ਕੋਈ ਦੇਵੀ ਸੰਬੰਧਿਤ ਹੈ। ਆਮ ਤੌਰ ਤੇ ਪ੍ਰਮੁਖ ਦੇਵਤਿਆਂ ਦਾ ਹੀ ਵਰਣਨ ਹੁੰਦਾ ਹੈ, ਇਸ ਲਈ ਉਨ੍ਹਾਂ ਦੇ ਨਾਵਾਂ ਦੇ ਨਾਲ ਉਨ੍ਹਾਂ ਦੀਆਂ ਦੇਵੀਆਂ ਦਾ ਵੀ ਜ਼ਿਕਰ ਆਉਂਦਾ ਹੈ, ਜਿਵੇਂ ਇੰਦਰ ਦੀ ਸ਼ਚੀ, ਵਿਸ਼ਣੂ ਦੀ ਲਕ੍ਸ਼ਮੀ, ਬ੍ਰਹਮਾ ਦੀ ਸਰਸ੍ਵਤੀ, ਸ਼ਿਵ ਦੀ ਪਾਰਬਤੀ, ਆਦਿ। ਇਨ੍ਹਾਂ ਦੇਵੀਆਂ ਦੀ ਆਪਣੀ-ਆਪਣੀ ਸੁਤੰਤਰ ਸੱਤਾ ਵੀ ਹੈ। ਪਰ ਸੰਤ-ਕਾਵਿ ਜਾਂ ਗੁਰਬਾਣੀ ਵਿਚ ਇਨ੍ਹਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ। ਗੁਰੂ ਨਾਨਕ ਦੇਵ ਨੇ ਕਿਹਾ ਹੈ—'ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।/ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ' (ਅ. ਗ੍ਰੰ. 637)।

ਸ਼ਾਕ੍ਤ-ਮਤ ਦੇ ਵਿਕਾਸ ਨਾਲ 'ਦੇਵੀ' ਸ਼ਬਦ ਸ਼ਿਵ ਦੀ ਸ਼ਕਤੀ ਪਾਰਬਤੀ ਜਾਂ ਉਸ ਦੇ ਅਨੇਕ ਰੂਪਾਂ ਲਈ ਰੂੜ੍ਹ ਹੋ ਗਿਆ। ਸ਼ਿਵ ਦੀ ਸ਼ਕਤੀ ਦੇ ਸਾਧਾਰਣ ਤੌਰ ਤੇ ਦੋ ਰੂਪ ਮੰਨੇ ਜਾਂਦੇ ਹਨ—(1) ਕੋਮਲ ਅਥਵਾ ਸੌਮ੍ਯ ਅਤੇ (2) ਭਿਆਨਕ। ਇਨ੍ਹਾਂ ਦੋਹਾਂ ਵਿਚੋਂ ਭਿਆਨਕ ਰੂਪ ਦੀ ਪੂਜਾ ਅਧਿਕ ਹੁੰਦੀ ਹੈ। ਕੋਮਲ ਰੂਪ ਵਿਚ ਦੇਵੀ ਉਮਾ, ਗੌਰੀ, ਪਾਰਬਤੀ, ਹੈਮਵਤੀ, ਜਗਮਾਤਾ, ਭਵਾਨੀ ਆਦਿ ਨਾਵਾਂ ਨਾਲ ਸਾਹਮਣੇ ਆਉਂਦੀ ਹੈ। ਭਿਆਨਕ ਰੂਪ ਵਿਚ ਇਸ ਦੇ ਕੁਝ ਕੁ ਪ੍ਰਸਿੱਧ ਨਾਂ ਇਸ ਪ੍ਰਕਾਰ ਹਨ—ਦੁਰਗਾ, ਕਾਲੀ, ਸ਼ਿਆਮਾ, ਚੰਡੀ, ਚੰਡਿਕਾ, ਭੈਰਵੀ, ਦਸ਼ਭੁਜਾ, ਸਿੰਘਾਵਾਹਿਨੀ, ਮਹਿਖਾਸੁਰ-ਮਰਦਿਨੀ, ਛਿੰਨ-ਮਸਤਕਾ, ਭਦ੍ਰਕਾਲੀ, ਮਹਾਕਾਲੀ, ਭੀਮਾ-ਦੇਵੀ ਆਦਿ। ਇਨ੍ਹਾਂ ਵਿਚੋਂ ਵੀ ਅਧਿਕ ਪੂਜਾ ਦੁਰਗਾ ਦੀ ਹੁੰਦੀ ਵੇਖੀ ਗਈ ਹੈ। ਇਸ ਦੀ ਪੂਜਾ ਪਸ਼ੂ-ਬਲੀ ਨਾਲ ਹੁੰਦੀ ਹੈ ਅਤੇ ਹੋਰ ਕਈ ਪ੍ਰਕਾਰ ਦੇ ਵਾਮਾਚਾਰ ਦੀਆਂ ਕ੍ਰਿਆਵਾਂ ਦਾ ਵਿਧਾਨ ਹੈ। ਇਸ ਦੇ ਦਸ ਹੱਥਾਂ ਦੀ ਕਲਪਨਾ ਕੀਤੀ ਜਾਂਦੀ ਹੈ ਜਿਸ ਵਿਚ ਇਸ ਨੇ ਸ਼ਸਤ੍ਰ ਅਤੇ ਅਸਤ੍ਰ ਧਾਰਣ ਕੀਤੇ ਹੁੰਦੇ ਹਨ। ਇਹ ਸ਼ੇਰ ਦੀ ਸਵਾਰੀ ਕਰਦੀ ਹੈ। ਇਸ ਨੂੰ ਮਹਾਮਾਯਾ ਵੀ ਕਹਿੰਦੇ ਹਨ ਜਿਸ ਨੇ ਸਾਰੇ ਸੰਸਾਰ ਨੂੰ ਵਸ ਕੀਤਾ ਹੋਇਆ ਹੈ। ਉਪਰੋਕਤ ਨਾਵਾਂ ਤੋਂ ਇਲਾਵਾ ਇਸ ਦੇ ਸ਼ਿਵ ਦੀ ਪਤਨੀ ਹੋਣ ਨਾਤੇ ਹੋਰ ਵੀ ਕਈ ਨਾਂ

ਪ੍ਰਚਲਿਤ ਹਨ ।

ਦੈਂਤ : 'ਮਾਰਕੰਡੇਯ ਪੁਰਾਣ' (104/3) ਅਨੁਸਾਰ ਕਸ਼੍ਯਪ (ਵੇਖੋ) ਨੇ ਦਕ੍ਸ਼ ਪ੍ਰਜਾਪਤੀ ਦੀਆਂ ਤੇਰ੍ਹਾਂ ਕੰਨਿਆਵਾਂ ਨਾਲ ਵਿਆਹ ਕੀਤਾ। ਹਰ ਇਕ ਪਤਨੀ ਤੋਂ ਵੱਖਰੀ-ਵੱਖਰੀ ਰੁਚੀ, ਬਿਰਤੀ ਅਤੇ ਸਰੂਪ ਵਾਲੇ ਬੱਚੇ ਪੈਦਾ ਹੋਏ। ਅਦਿਤੀ ਦੀ ਕੁੱਖ ਤੋਂ ਦੇਵਤੇ, ਦਿਤੀ ਦੀ ਕੁੱਖ ਤੋਂ ਦੈਂਤ ਅਤੇ ਦਨੂ ਦੀ ਕੁੱਖ ਤੋਂ ਦਾਨਵ ਪੈਦਾ ਹੋਏ। ਦੇਵਤੇ ਸਦ-ਬ੍ਰਿੱਤੀਆਂ ਦੇ ਧਾਰਨੀ ਸਨ ਅਤੇ ਦੈਂਤ ਅਤੇ ਦਾਨਵ ਕੁਰੁਚੀਆਂ ਦੇ ਮੁਜਸਮੇਂ ਸਨ। ਪਰ ਇਹ ਪਿਤਾ ਵਲੋਂ ਸੱਕੇ ਸਨ ਅਤੇ ਮਾਵਾਂ ਵਲੋਂ ਮੌਸੇਰੇ ਭਰਾ ਸਨ।

ਇਨ੍ਹਾਂ ਦਾ ਆਪਸ ਵਿਚ ਸਦਾ ਕਲੇਸ਼ ਰਹਿੰਦਾ ਸੀ। ਦੈਂਤਾਂ ਨੇ ਦੇਵਤਿਆਂ ਨੂੰ ਕਈ ਵਾਰ ਹਰਾਇਆ, ਪਰ ਦੈਵੀ ਸ਼ਕਤੀ ਰਾਹੀਂ ਉਹ ਫਿਰ ਜਿੱਤ ਜਾਂਦੇ ਰਹੇ। ਅਸਲ ਵਿਚ, ਇਹ ਦੋਵੇਂ ਵਿਰੋਧੀ ਰੁੱਚੀਆਂ ਦੇ ਪ੍ਰਤੀਕ ਵਜੋਂ ਚਿੱਤਰੇ ਗਏ ਹਨ। 'ਚੰਡੀ ਦੀ ਵਾਰ' ਵਿਚ ਦੈਂਤ ਅਤੇ ਦਾਨਵ ਸਮਾਨਾਰਥਕ ਸ਼ਬਦਾਂ ਵਜੋਂ ਵਰਤੇ ਗਏ ਹਨ। ਗੁਰਬਾਣੀ ਵਿਚ ਵੀ ਦੈਂਤ ਅਤੇ ਦਾਨਵ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਨੇ ਦੈਂਤਾਂ ਦਾ ਸੰਘਾਰ ਕਰਕੇ ਸੰਤਾਂ ਦਾ ਉੱਧਾਰ ਕੀਤਾ ਸੀ— 'ਦੈਂਤ ਸੰਘਾਰਿ ਸੰਤ ਨਿਸਤਾਰੇ' (ਅ. ਗ੍ਰੰ. 224)। ਜਪੁਜੀ ਦੀ ਛਬੀਵੀਂ ਪਉੜੀ ਵਿਚ ਦੇਵ ਦੇ ਨਾਲ ਦਾਨਵ ਸ਼ਬਦ ਦੀ ਵੀ ਵਰਤੋਂ ਹੋਈ ਹੈ—'ਆਖਹਿ ਦਾਨਵ ਆਖਹਿ ਦੇਵ'।

ਦੋਜਕ/ਦੋਜ਼ਖ਼ : ਮੁਸਲਮਾਨਾਂ ਵਿਚ ਪ੍ਰਚਲਿਤ ਇਕ ਮਾਨਤਾ ਕਿ ਜੋ ਲੋਕ ਇਸ ਸੰਸਾਰ ਵਿਚ ਰੱਬ ਨੂੰ ਨਹੀਂ ਮੰਨਦੇ ਅਤੇ ਇਸਲਾਮ ਵਿਚ ਦਸੇ ਗਏ ਧਾਰਮਿਕ ਸਿੱਧਾਂਤਾਂ ਜਾਂ ਹਜ਼ਰਤ ਮੁਹੰਮਦ ਦੇ ਆਦੇਸ਼ਾਂ ਦੀ ਪਾਲਨਾ ਨਹੀਂ ਕਰਦੇ ਅਤੇ ਖ਼ੁਦਾ ਦੀ ਥਾਂ ਕਿਸੇ ਹੋਰ ਦੇਵੀ-ਦੇਵਤਿਆਂ ਜਾਂ ਦੈਵੀ ਸ਼ਕਤੀਆਂ ਨੂੰ ਪੂਜਦੇ ਹਨ, ਉਨ੍ਹਾਂ ਨੂੰ ਦੰਡ ਦੇਣ ਲਈ ਮਰਨ ਤੋਂ ਬਾਦ ਦੋਜ਼ਖ਼ ਵਿਚ ਸੁਟਿਆ ਜਾਵੇਗਾ ਜਿਥੇ ਉਹ ਤਰ੍ਹਾਂ ਤਰ੍ਹਾਂ ਦੇ ਦੁੱਖ ਉਠਾਉਣਗੇ।

'ਦੋਜ਼ਖ਼' ਫ਼ਾਰਸੀ ਸ਼ਬਦ ਹੈ ਅਤੇ ਅਰਬੀ ਦੇ ਸ਼ਬਦ 'ਜਹੰਨੁਮ' ਦਾ ਸਮਾਨਾਰਥਕ ਹੈ। 'ਜਹੰਨੁਮ' ਸ਼ਬਦ ਦੀ ਵਰਤੋਂ ਕੁਰਾਨ ਵਿਚ ਹੋਈ ਹੈ ਅਤੇ ਇਸ ਤੋਂ ਭਾਵ ਹੈ ਅਜਿਹਾ ਸਥਾਨ ਜਿਥੇ ਅੱਗ ਹੀ ਅੱਗ ਹੋਵੇ। ਬਾਬਾ ਫ਼ਰੀਦ ਜੀ ਨੇ ਕਿਹਾ ਹੈ—'ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਾਹਾਹਾ' (ਅ. ਗ੍ਰੰ. 1383)।

ਇਸਲਾਮ ਵਿਚ ਇਹ ਮਾਨਤਾ ਵੀ ਪ੍ਰਚਲਿਤ ਹੈ ਕਿ ਇਹ ਦੰਡ ਹਮੇਸ਼ਾਂ ਲਈ ਨਹੀਂ, ਸਗੋਂ ਕਿਸੇ ਨਿਸ਼ਚਿਤ ਸਮੇਂ ਲਈ ਹੁੰਦਾ ਹੈ। ਜਦੋਂ ਕੋਈ ਵਿਅਕਤੀ ਦੰਡ ਭੁਗਤ ਲੈਂਦਾ ਹੈ, ਤਾਂ ਖ਼ੁਦਾ ਉਸ ਨੂੰ ਮਾਫ਼ ਕਰ ਦਿੰਦਾ ਹੈ ਅਤੇ ਉਸ ਨੂੰ ਦੋਜ਼ਖ਼ ਵਿਚੋਂ ਕੱਢ ਕੇ ਕਿਸੇ ਹੋਰ ਸਥਾਨ ਤੇ ਭੇਜ ਦਿੰਦਾ ਹੈ, ਜਿਸ ਨੂੰ 'ਏਰਾਫ਼' ਕਿਹਾ ਜਾਂਦਾ ਹੈ।

ਦੰਤ-ਬਕਤ/ਦੰਤ-ਬਕਤ੍ਰ : ਇਸ ਤੋਂ ਭਾਵ ਹੈ ਵੱਡੇ-ਵੱਡੇ ਦੰਦਾਂ ਵਾਲਾ ਅਥਵਾ ਟੇਢੇ ਦੰਦਾਂ ਵਾਲਾ। ਇਹ, ਅਸਲ ਵਿਚ, ਵ੍ਰਿਧਸ਼ਰਮਾ ਦੇ ਪੁੱਤਰ ਦਾ ਨਾਂ ਹੈ ਜੋ ਸ੍ਰੁਤਕੀਰਤੀ ਦੀ ਕੁੱਖੋਂ ਪੈਦਾ ਹੋਇਆ ਸੀ। ਇਹ ਕਰੂਸ਼ ਦੇਸ਼ ਦਾ ਰਾਜਾ ਅਤੇ ਸ਼ਿਸ਼ੁਪਾਲ (ਵੇਖੋ) ਦਾ ਭਰਾ ਸੀ। ਇਸ ਦਾ ਸ੍ਰੀ ਕ੍ਰਿਸ਼ਣ ਨਾਲ ਸ਼ੁਰੂ ਤੋਂ ਵੈਰ ਸੀ ਜਿਸ ਦੇ ਫਲਸਰੂਪ ਇਸ

ਦੀ ਮ੍ਰਿਤੂ ਸ੍ਰੀ ਕ੍ਰਿਸ਼ਣ ਦੇ ਹੱਥੋਂ ਦਤੀਹੇ ਨਗਰ ਵਿਚ ਹੋਈ। 'ਭਾਗਵਤ-ਪੁਰਾਣ' ਅਤੇ 'ਹਰਿਵੰਸ਼-ਪੁਰਾਣ' ਵਿਚ ਸੰਕੇਤ ਮਿਲਦੇ ਹਨ ਕਿ ਇਹ ਹਿਰਣ੍ਯਕਸ਼ਿਪੁ ਨਾਂ ਦੇ ਦੈਂਤ ਰਾਜਾ ਅਤੇ ਪ੍ਰਹਿਲਾਦ ਦੇ ਪਿਤਾ ਦਾ ਅਵਤਾਰ ਸੀ। ਭਾਈ ਗੁਰਦਾਸ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਦੰਤ ਬਕਤ੍ਰ ਸਿਸੁਪਾਲ ਦੇ ਦੰਦ ਹੋਏ ਖਟੇ।/ ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੇ' (35/5)।

ਦ੍ਰੁਪਦ : ਦ੍ਰੋਪਦੀ ਦਾ ਪਿਤਾ ਅਤੇ ਪ੍ਰਿਸ਼ਤ ਦਾ ਪੁੱਤਰ ਜੋ ਪੰਚਾਲ ਦੇਸ਼ ਦਾ ਰਾਜਾ ਸੀ। ਇਸ ਦਾ ਇਕ ਨਾਮਾਂਤਰ 'ਯੱਗਸੇਨ' ਵੀ ਸੀ।

'ਮਹਾਭਾਰਤ' ਅਨੁਸਾਰ ਇਹ ਦ੍ਰੋਣਾਚਾਰਯ ਦਾ ਸਹਿਪਾਠੀ ਅਤੇ ਮਿੱਤਰ ਰਿਹਾ ਸੀ, ਪਰ ਇਸ ਨੇ ਇਕ ਵਾਰ ਦ੍ਰੋਣ ਨਾਲ ਮਿੱਤਰ-ਧ੍ਰੋਹ ਕਰਕੇ ਹਾਨੀ ਪਹੁੰਚਾਈ। ਬਦਲਾ ਲੈਣ ਲਈ ਦ੍ਰੋਣਾਚਾਰਯ ਨੇ ਆਪਣੇ ਸ਼ਿਸ਼ਾਂ ਨੂੰ ਪ੍ਰੇਰਿਆ। ਯਤਨ ਕਰਨ ਦੇ ਬਾਵਜੂਦ ਕੌਰਵ ਇਸ ਨੂੰ ਪਕੜ ਨਾ ਸਕੇ, ਪਰ ਪਾਂਡਵਾਂ ਨੇ ਇਸ ਨੂੰ ਕੈਦ ਕਰ ਕੇ ਰਾਜ-ਭਾਗ ਖੋਹ ਲਿਆ। ਦ੍ਰੋਣਾਚਾਰਯ ਨੇ ਤਰਸ ਖਾ ਕੇ ਇਸ ਦੀ ਜ਼ਿੰਦਗੀ ਬਖ਼ਸ਼ ਦਿੱਤੀ ਅਤੇ ਅੱਧਾ ਰਾਜ ਵੀ ਮੋੜ ਦਿੱਤਾ।

ਦ੍ਰੁਪਦ ਮੁਕਤ ਹੋ ਕੇ ਘਰ ਪਰਤਿਆ। ਆਪਣੇ ਅਪਮਾਨ ਦਾ ਬਦਲਾ ਲੈਣ ਲਈ ਇਸ ਨੇ ਯੱਗ ਕੀਤਾ ਜਿਸ ਦੇ ਫਲਸਰੂਪ ਦੋ ਬੱਚੇ ਪੈਦਾ ਹੋਏ, ਇਕ ਪੁੱਤਰ ਧ੍ਰਿਸ਼ਟਦ੍ਯੁਮਨ ਅਤੇ ਦੂਜੀ ਪੁੱਤਰੀ ਕ੍ਰਿਸ਼ਣਾ। ਕ੍ਰਿਸ਼ਣਾ ਕਾਲਾਂਤਰ ਵਿਚ ਪਿਤਾ ਦੇ ਨਾਂ ਤੇ ਦ੍ਰੋਪਦੀ ਅਤੇ ਇਲਾਕੇ ਦੇ ਨਾਂ ਤੇ ਪੰਚਾਲੀ ਵਜੋਂ ਪ੍ਰਸਿੱਧ ਹੋਈ। ਸੁਅੰਬਰ ਵਿਚ ਅਰਜੁਨ ਨੇ ਸ਼ਰਤ ਪੂਰੀ ਕਰਕੇ ਦ੍ਰੋਪਦੀ ਨੂੰ ਪ੍ਰਾਪਤ ਕੀਤਾ। ਪਾਂਡਵਾਂ ਦਾ ਸੰਬੰਧੀ ਹੋਣ ਕਾਰਣ ਦ੍ਰੁਪਦ ਇਨ੍ਹਾਂ ਵਲੋਂ ਹੋ ਕੇ ਮਹਾਭਾਰਤ ਦੇ ਯੁੱਧ ਵਿਚ ਲੜਿਆ ਪਰ ਚੌਦਵੇਂ ਦਿਨ ਦ੍ਰੋਣਾਚਾਰਯ ਦੇ ਹੱਥੋਂ ਮਾਰਿਆ ਗਿਆ। ਅਗਲੇ ਦਿਨ ਧ੍ਰਿਸ਼ਟਦ੍ਯੁਮਨ ਨੇ ਦ੍ਰੋਣ ਨੂੰ ਮਾਰ ਕੇ ਆਪਣੇ ਪਿਤਾ ਦਾ ਬਦਲਾ ਲਿਆ। ਇਨ੍ਹਾਂ ਦੋ ਬੱਚਿਆਂ ਤੋਂ ਇਲਾਵਾ ਦ੍ਰੁਪਦ ਦੇ ਘਰ ਦੋ ਹੋਰ ਬੱਚੇ ਵੀ ਪੈਦਾ ਹੋਏ—ਇਕ ਲੜਕਾ ਸ਼ਿਖੰਡੀ ਅਤੇ ਇਕ ਲੜਕੀ ਸ਼ਿਖੰਡਿਨੀ।

ਸ਼ਿਵ ਕੁਮਾਰ ਬਟਾਲਵੀ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਠੀਕ ਕਿਸੇ ਦਰੋਪਦ ਦੀ ਜਾਈ/ਪੰਜ ਪਾਂਡਵਾਂ ਨਾਲ ਵਿਆਹੀ/ਝੂਠ ਹੈ ਉਹ ਨੂੰ ਅਰਜਨ ਬਾਝੋਂ/ਹੋਰ ਵੀ ਸ਼ਕਲਾਂ ਲਗਦੀਆਂ/ਹੁੱਸਣ ਚੰਗੀਆਂ।'

ਦ੍ਰੋਣਾਚਾਰਯ : ਕੌਰਵਾਂ ਅਤੇ ਪਾਂਡਵਾਂ ਦਾ ਸ਼ਸਤ੍ਰ-ਗੁਰੂ ਦ੍ਰੋਣ ਦਾ ਜਨਮ ਰਿਸ਼ੀ ਭਾਰਦ੍ਵਾਜ ਦੇ ਵੀਰਜ ਨਾਲ ਦ੍ਰੋਣੀ (ਡੋਲੂ ਜਾਂ ਬਾਲੀ) ਵਿਚੋਂ ਹੋਇਆ। ਕਹਿੰਦੇ ਹਨ ਕਿ ਭਾਰਦ੍ਵਾਜ ਦਾ, ਗੰਗਾ ਵਿਚ ਇਸ਼ਨਾਨ ਕਰਦੀ ਇਕ ਘ੍ਰਿਤਾਚੀ/ਅਪੱਛਰਾ ਨੂੰ ਵੇਖ ਕੇ, ਵੀਰਜ ਸਖਲਿਤ ਹੋ ਗਿਆ ਜਿਸ ਨੂੰ ਉਸ ਨੇ ਦ੍ਰੋਣੀ ਵਿਚ ਪਾ ਕੇ ਰਖ ਲਿਆ। ਕਾਲਾਂਤਰ ਵਿਚ ਉਸ ਤੋਂ ਪੈਦਾ ਹੋਇਆ ਬਾਲਕ ਦ੍ਰੋਣ ਅਖਵਾਇਆ। ਵੱਡੇ ਹੋ ਕੇ ਪੁੱਤਰ-ਪ੍ਰਾਪਤੀ ਦੀ ਕਾਮਨਾ ਨਾਲ ਇਸ ਨੇ ਕ੍ਰਿਪਾਚਾਰਯ ਦੀ ਭੈਣ ਕ੍ਰਿਪੀ ਨਾਲ ਵਿਆਹ ਕੀਤਾ ਜਿਸ ਤੋਂ ਅਸ਼੍ਵੱਥਾਮਾ ਨਾਂ ਦਾ ਪੁੱਤਰ ਪੈਦਾ ਹੋਇਆ। ਦ੍ਰੋਣ ਨੇ ਪਰਸ਼ੁਰਾਮ ਤੋਂ ਸ਼ਸਤ੍ਰ-ਸਿਖਿਆ

ਪ੍ਰਾਪਤ ਕੀਤੀ ਅਤੇ ਉਸ ਦੇ ਸ਼ਸਤ੍ਰਾਸਤ੍ਰ ਵੀ ਇਸੇ ਨੂੰ ਮਿਲੇ।

'ਮਹਾਭਾਰਤ' (ਆਦਿ-ਪਰਵ) ਅਨੁਸਾਰ ਇਹ ਇਕ ਵਾਰ ਪਾਂਚਾਲ ਦੇਸ਼ ਦੇ ਰਾਜਾ ਦ੍ਰੁਪਦ ਕੋਲ ਗਿਆ ਜੋ ਇਸ ਦਾ ਸਹਿਪਾਠੀ ਅਤੇ ਮਿੱਤਰ ਰਿਹਾ ਸੀ। ਪਰ ਨਿਰਧਨ ਹੋਣ ਕਰਕੇ ਦ੍ਰੁਪਦ ਨੇ ਇਸ ਦਾ ਸਤਿਕਾਰ ਨਾ ਕੀਤਾ। ਇਹ ਵਟ ਖਾ ਕੇ ਪਰਤ ਆਇਆ ਅਤੇ ਕਾਲਾਂਤਰ ਵਿਚ ਕੌਰਵਾਂ ਅਤੇ ਪਾਂਡਵਾਂ ਦਾ ਸ਼ਸਤ੍ਰ-ਗੁਰੂ ਬਣਿਆ। ਇਸ ਨੇ ਆਪਣੇ ਸ਼ਿਸ਼ਾਂ ਨੂੰ ਦ੍ਰੁਪਦ ਨੂੰ ਫੜਨ ਲਈ ਉਕਸਾਇਆ। ਇਸ ਕੰਮ ਵਿਚ ਕੌਰਵ ਸਫਲ ਨਾ ਹੋ ਸਕੇ, ਪਰ ਪਾਂਡਵਾਂ ਨੇ ਦ੍ਰੁਪਦ ਨੂੰ ਪਕੜ ਕੇ ਦ੍ਰੋਣ ਦੇ ਸਨਮੁਖ ਪੇਸ਼ ਕੀਤਾ। ਦ੍ਰੋਣ ਨੇ ਤਰਸ ਖਾ ਕੇ ਅੱਧਾ ਰਾਜ ਪਰਤਾ ਦਿੱਤਾ ਅਤੇ ਜਾਨ ਬਖ਼ਸ਼ੀ ਵੀ ਕਰ ਦਿੱਤੀ।

ਮਹਾਭਾਰਤ ਦੇ ਯੁੱਧ ਦੇ ਦਸਵੇਂ ਦਿਨ ਭੀਸ਼ਮ ਤੋਂ ਬਾਦ ਦ੍ਰੋਣਾਚਾਰਯ ਕੌਰਵਾਂ ਦਾ ਸੈਨਾ-ਨਾਇਕ ਬਣਿਆ। ਯੁੱਧ ਦੇ ਚੌਦਵੇਂ ਦਿਨ ਇਸ ਨੇ ਦ੍ਰੁਪਦ ਨੂੰ ਯੁੱਧ-ਭੂਮੀ ਵਿਚ ਮਾਰ ਦਿੱਤਾ। ਪਰ ਪੰਦ੍ਰਹਵੇਂ ਦਿਨ ਜਦੋਂ ਦ੍ਰੋਣ ਦੇ ਹਮਲੇ ਅਗੇ ਪਾਂਡਵਾਂ ਦਾ ਕੋਈ ਵਸ ਨਹੀਂ ਚਲ ਰਿਹਾ ਸੀ ਤਾਂ ਕ੍ਰਿਸ਼ਣ ਨੇ ਸਾਜ਼ਿਸ਼ ਨਾਲ ਯੁਧਿਸ਼ਠਿਰ ਤੋਂ 'ਅਸ਼੍ਵੱਥਾਮਾ ਮਾਰਿਆ ਗਿਆ' ਅਖਵਾ ਕੇ ਦ੍ਰੋਣ ਨੂੰ ਬਲਹੀਨ ਕਰ ਦਿੱਤਾ ਅਤੇ ਇਸ ਨੇ ਨਿਰਾਸ਼ ਹੋ ਕੇ ਸ਼ਸਤ੍ਰ ਤਿਆਗ ਦਿੱਤੇ। ਮੌਕਾ ਤਾੜ ਕੇ ਧ੍ਰਿਸ਼ਟਦ੍ਯੁਮਨ ਨੇ ਦ੍ਰੋਣ ਦਾ ਸਿਰ ਵੱਢ ਲਿਆ। ਇਸ ਦੇ ਮਾਰੇ ਜਾਣ ਨਾਲ ਕੌਰਵਾਂ ਦੇ ਹੌਂਸਲੇ ਢਹਿ-ਢੇਰੀ ਹੋ ਗਏ।

ਦ੍ਰੋਣਾਚਾਰਯ ਦਾ ਸਭ ਤੋਂ ਪਿਆਰਾ ਸ਼ਿਸ਼ ਅਰਜੁਨ ਸੀ। ਉਸ ਉਤੇ ਇਹ ਮਾਣ ਕਰਦਾ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਦ੍ਰੋਣਾਚਾਰਯ ਕੌਰਵਾਂ ਵਲੋਂ ਲੜਿਆ, ਪਰ ਇਸ ਦੀ ਹਮਦਰਦੀ ਸਦਾ ਪਾਂਡਵਾਂ ਨਾਲ ਸੀ। ਭਾਈ ਗੁਰਦਾਸ ਨੇ ਇਸ ਵਲ ਸੰਕੇਤ ਕੀਤਾ ਹੈ—ਭੀਖਮੁ ਦ੍ਰੋਣਾ ਕਰਣ ਤਜਿ ਸਭ ਸੀਗਾਰ ਵੱਡੇ ਮਾਨੁਖਾ' (10/7)।

ਦ੍ਰੋਪਤੀ/ਦ੍ਰੋਪਦੀ : ਪੰਜ ਪਾਂਡਵਾਂ ਦੀ ਪਤਨੀ ਦ੍ਰੋਪਦੀ ਜੋ ਰਾਜਾ ਦ੍ਰੁਪਦ ਦੀ ਪੁੱਤਰੀ ਸੀ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਜਦੋਂ ਦ੍ਰੋਣਾਚਾਰਯ ਨੇ ਦ੍ਰੁਪਦ ਤੋਂ ਉਸ ਦਾ ਅੱਧਾ ਰਾਜ ਹਥਿਆ ਲਿਆ ਤਾਂ ਉਹ ਬਹੁਤ ਦੁੱਖੀ ਹੋਇਆ। ਨਿਰਸੰਤਾਨ ਹੋਣ ਕਾਰਣ ਜਦੋਂ ਬਦਲਾ ਲੈਣਾ ਸੰਭਵ ਨਾ ਲਗਿਆ ਤਾਂ ਉਸ ਨੇ ਸੰਤਾਨ-ਉਤਪੱਤੀ ਲਈ ਯਾਜ ਅਤੇ ਉਪਯਾਜ ਨਾਂ ਦੇ ਮੰਤ੍ਰ-ਸਿੱਧ ਬ੍ਰਾਹਮਣਾਂ ਤੋਂ ਯੱਗ ਕਰਵਾਇਆ। ਜਦੋਂ ਹਵਿਸ਼੍ਯ (ਹਵਨ ਲਈ ਤਿਆਰ ਕੀਤੀ ਸਾਮਗ੍ਰੀ) ਨੂੰ ਧਾਰਣ ਕਰਨ ਲਈ ਦ੍ਰੁਪਦ-ਪਤਨੀ ਸਮੇਂ ਸਿਰ ਨਾ ਪਹੁੰਚੀ ਤਾਂ ਉਸ ਦੀ ਆਹੂਤੀ ਅਗਨ-ਕੁੰਡ ਵਿਚ ਪਾਈ ਗਈ। ਉਸ ਵਿਚੋਂ ਇਕ ਸਸ਼ਸਤ੍ਰ ਰਾਜਕੁਮਾਰ ਪੈਦਾ ਹੋਇਆ ਜਿਸ ਦਾ ਨਾਂ ਧ੍ਰਿਸ਼ਟਦ੍ਯੁਮਨ ਰਖਿਆ ਗਿਆ। ਤਦ ਉਪਰੰਤ ਵੇਦੀ ਵਿਚੋਂ ਇਕ ਕੰਨਿਆ ਪੈਦਾ ਹੋਈ ਜਿਸ ਦਾ ਨਾਂ 'ਕ੍ਰਿਸ਼ਣਾ' ਸੀ। ਇਹ ਦ੍ਰੁਪਦ ਦੀ ਪੁੱਤਰੀ ਹੋਣ ਕਾਰਣ 'ਦ੍ਰੋਪਦੀ' ਅਖਵਾਈ। ਪਹਿਲੇ ਜਨਮ ਵਿਚ ਇਹ ਕਿਸੇ ਰਿਸ਼ੀ ਦੀ ਕੰਨਿਆ ਸੀ। ਇਸ ਨੇ ਪਤੀ ਪ੍ਰਾਪਤ ਕਰਨ ਲਈ ਤਪਸਿਆ ਕੀਤੀ ਅਤੇ ਸ਼ੰਕਰ ਨੂੰ, ਯੋਗ ਪਤੀ ਪ੍ਰਾਪਤ ਕਰਨ ਲਈ, ਪੰਜ ਵਾਰ ਬੇਨਤੀ ਕੀਤੀ। ਪੰਜ ਵਾਰ ਇਕ ਇੱਛਾ ਦੋਹਰਾਉਣ ਕਾਰਣ ਸ਼ੰਕਰ ਨੇ ਪੰਜ ਭਰਤ-ਵੰਸ਼ੀ ਪਤੀ ਪ੍ਰਾਪਤ

ਹੋਣ ਦਾ ਵਰਦਾਨ ਦਿੱਤਾ ।

ਜਦੋਂ ਦ੍ਰੋਪਦੀ ਜਵਾਨ ਹੋਈ ਤਾਂ ਦ੍ਰੁਪਦ ਨੇ ਉਸ ਦੇ ਵਿਆਹ ਲਈ ਸੁਅੰਬਰ ਰਚਿਆ ਜਿਸ ਵਿਚ ਮੱਛੀ ਦੀ ਅੱਖ ਦਾ, ਅਕਸ ਵੇਖ ਕੇ, ਨਿਸ਼ਾਣਾ ਬਣਾਉਣਾ ਸੀ । ਉਥੇ ਬ੍ਰਾਹਮਣ ਭੇਸ ਵਿਚ ਪਾਂਡਵ ਵੀ ਪਹੁੰਚੇ । ਅਰਜੁਨ ਨੇ ਨਿਸ਼ਾਨਾ ਵਿੰਨ੍ਹ ਕੇ ਦ੍ਰੋਪਦੀ ਪ੍ਰਾਪਤ ਕੀਤੀ । ਜਦੋਂ ਪਾਂਡਵ ਦ੍ਰੋਪਦੀ ਨੂੰ ਲੈ ਕੇ ਆਪਣੀ ਮਾਤਾ ਕੁੰਤੀ ਪਾਸ ਕੁਟੀਆ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਭਿਖਿਆ ਵਿਚ ਕਿਸੇ ਅਦਭੁਤ ਵਸਤੂ ਦੀ ਪ੍ਰਾਪਤੀ ਦੀ ਸੂਚਨਾ ਦਿੱਤੀ । ਕੁੰਤੀ ਨੇ ਬਿਨਾ ਦੇਖੇ ਕਹਿ ਦਿੱਤਾ ਕਿ ਪੰਜੇ ਭਰਾ ਉਸ ਵਸਤੂ ਨੂੰ ਬਰਾਬਰ ਵੰਡ ਲਵੋ । ਫਲਸਰੂਪ ਦ੍ਰੋਪਦੀ ਨੂੰ ਪੰਜਾਂ ਪਾਂਡਵਾਂ ਦੀ ਸਾਂਝੀ ਪਤਨੀ ਬਣਨਾ ਪਿਆ । ਇਹ ਦੋ-ਦੋ ਦਿਨ ਇਕ-ਇਕ ਪਤੀ ਪਾਸ ਰਹਿੰਦੀ ਸੀ ।

ਦੁਰਯੋਧਨ ਨੇ ਯੁਧਿਸ਼ਟਰ ਨੂੰ ਜੂਏ ਵਿਚ ਹਰਾ ਕੇ ਉਸ ਦਾ ਰਾਜ-ਪਾਟ, ਧਨ-ਦੌਲਤ ਸਭ ਕੁਝ ਜਿੱਤ ਲਿਆ । ਇਥੋਂ ਤਕ ਕਿ ਦ੍ਰੋਪਦੀ ਵੀ ਹਾਸਲ ਕਰ ਲਈ । ਦੁਸ਼ਾਸਨ ਨੇ ਦ੍ਰੋਪਦੀ ਨੂੰ ਅਪਮਾਨਿਤ ਕਰਨ ਲਈ ਕੇਸੋਂ ਪਕੜ ਕੇ ਦਰਬਾਰ ਵਿਚ ਖਿਚ ਲਿਆਂਦਾ ਅਤੇ ਉਸ ਦੇ ਬਸਤ੍ਰ ਉਤਾਰਨ ਲਗਾ । ਇਸ ਨੂੰ ਵੇਖ ਕੇ ਭੀਮ ਸੈਨ ਨੇ ਪ੍ਰਤਿਗਿਆ ਕੀਤੀ ਕਿ ਉਹ ਦੁਸ਼ਾਸਨ ਦਾ ਲਹੂ ਪੀ ਕੇ ਦ੍ਰੋਪਦੀ ਦੇ ਅਪਮਾਨ ਦਾ ਬਦਲਾ ਲਏਗਾ । ਗੁਰੂ ਅਰਜਨ ਦੇਵ ਨੇ ਦ੍ਰੋਪਦੀ ਨੂੰ ਬਸਤ੍ਰਹੀਨ ਕਰਨ ਦੀ ਘਟਨਾ ਵਲ ਸੰਕੇਤ ਕੀਤਾ ਹੈ —'ਪ੍ਰਹਲਾਦ ਰਖੀ ਹਰਿ ਪੈਜ ਆਪ ।/ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ' (ਅ. ਗ੍ਰੰ. 1192) ।

ਬਨਬਾਸ ਦੌਰਾਨ ਵੀ ਦ੍ਰੋਪਦੀ ਨਾਲ ਇਕ ਅਹਿਮ ਹਾਦਸਾ ਹੋਇਆ । ਬਨਬਾਸ ਦਾ ਤੇਰ੍ਹਵਾਂ ਸਾਲ ਉਨ੍ਹਾਂ ਨੇ ਲੁਕ-ਛਿਪ ਕੇ 'ਗੁਪਤ-ਵਾਸ' ਵਜੋਂ ਗੁਜ਼ਾਰਨਾ ਸੀ । ਦ੍ਰੋਪਦੀ ਪਾਂਡਵਾਂ ਸਮੇਤ ਬਿਨਾ ਆਪਣੀ ਵਾਸਤਵਿਕਤਾ ਦਸੇ ਰਾਜਾ ਵਿਰਾਟ ਦੀ ਸੇਵਾ ਵਿਚ ਜਾ ਲਗੀ । ਦ੍ਰੋਪਦੀ ਰਾਣੀ ਦੀ ਸੇਵਿਕਾ ਸੀ । ਰਾਣੀ ਦਾ ਭਰਾ ਕੀਚਕ ਜੋ ਰਾਜ ਦਾ ਸੈਨਾਪਤੀ ਸੀ, ਦ੍ਰੋਪਦੀ ਦੀ ਸੁੰਦਰਤਾ ਨੂੰ ਵੇਖ ਕੇ ਉਸ ਦੇ ਪਿਛੇ ਪੈ ਗਿਆ । ਦ੍ਰੋਪਦੀ ਨੇ ਸਾਰੀ ਗੱਲ ਭੀਮ ਨੂੰ ਦਸੀ ਜਿਸ ਨੇ ਕੀਚਕ ਨੂੰ ਛਲ ਨਾਲ ਇਕ ਗੁਪਤ ਥਾਂ ਤੇ ਬੁਲਾ ਕੇ ਮਾਰ ਦਿੱਤਾ । ਕੀਚਕ ਨਾਲ ਦ੍ਰੋਪਦੀ ਨੂੰ ਸਤੀ ਹੋਣ ਲਈ ਮਜਬੂਰ ਕੀਤਾ ਗਿਆ, ਪਰ ਉਥੇ ਵੀ ਭੀਮ ਨੇ ਦ੍ਰੋਪਦੀ ਨੂੰ ਬਚਾ ਲਿਆ ।

ਮਹਾਭਾਰਤ ਦੇ ਯੁੱਧ ਦੇ ਸੋਲ੍ਹਵੇਂ ਦਿਨ ਭੀਮ ਸੈਨ ਨੇ ਦੁਸ਼ਾਸਨ ਨੂੰ ਯੁੱਧ-ਭੂਮੀ ਵਿਚ ਮਾਰ ਦਿੱਤਾ ਅਤੇ ਉਸ ਦਾ ਲਹੂ ਪੀਤਾ ਅਤੇ ਚੀਰ ਹਰਣ ਵੇਲੇ ਤੋਂ ਖੁਲ੍ਹੇ ਛੱਡੇ ਦ੍ਰੋਪਦੀ ਦੇ ਵਾਲਾਂ ਦੀ, ਦੁਸ਼ਾਸਨ ਦੇ ਲਹੂ ਨਾਲ ਲਿਬੜੇ ਹੱਥਾਂ ਨਾਲ, ਗੁਤ ਕੀਤੀ । ਯੁੱਧ ਦੀ ਅੰਤਿਮ ਰਾਤ ਨੂੰ, ਜਦੋਂ ਪਾਂਡਵ ਯੁੱਧ ਜਿੱਤ ਕੇ ਕੌਰਵਾਂ ਦੇ ਕੈਂਪ ਵਿਚ ਬਿਸਰਾਮ ਕਰ ਰਹੇ ਸਨ ਤਾਂ ਅਸ਼ੁੱਥਾਮਾ ਨੇ ਦ੍ਰੋਪਦੀ ਦੇ ਪੰਜਾਂ ਪੁੱਤਰਾਂ ਨੂੰ ਮਾਰ ਦਿੱਤਾ । ਉਹ ਹਰ ਇਕ ਪਾਂਡਵ ਤੋਂ ਇਕ-ਇਕ ਸਨ, ਜਿਵੇਂ ਯੁਧਿਸ਼ਠਿਰ ਦਾ ਪ੍ਰਤਿਵਿੰਧਯ, ਭੀਮ ਦਾ ਸੁਤਸੋਮ, ਅਰਜੁਨ ਦਾ ਸ਼ੁਤਕਰਮਾ, ਨਕੁਲ ਦਾ ਸਤਾਨੀਕ ਅਤੇ ਸਹਦੇਵ ਦਾ ਸ਼ੁਤਸੇਨ । ਦ੍ਰੋਪਦੀ ਦਾ ਦੁੱਖ ਉਦੋਂ ਸਮਾਪਤ ਹੋਇਆ ਜਦੋਂ ਅਸ਼ੁੱਥਾਮਾ ਦੇ ਮਸਤਕ ਤੋਂ ਮਣੀ ਕੱਢ ਕੇ ਉਸ ਨੂੰ

ਭੇਂਟ ਕੀਤੀ ਗਈ, ਜੋ ਬਾਦ ਵਿਚ ਉਸ ਨੇ ਯੁਧਿਸ਼ਠਿਰ ਨੂੰ ਦੇ ਦਿੱਤੀ। ਜਦੋਂ ਪਾਂਡਵ ਸੰਸਾਰ ਦਾ ਮੋਹ ਤਿਆਗ ਕੇ ਹਿਮਾਲਾ ਪਰਬਤ 'ਤੇ ਗਏ ਤਾਂ ਦ੍ਰੋਪਦੀ ਉਨ੍ਹਾਂ ਦੇ ਨਾਲ ਗਈ ਅਤੇ ਉਥੇ ਹੀ ਇਸ ਦਾ ਅੰਤ ਹੋ ਗਿਆ।

ਦ੍ਵਾਪਰ, ਯੁਗ : ਯੁਗਾਂ ਦੇ ਕ੍ਰਮ ਵਿਚ ਦ੍ਵਾਪਰ ਦਾ ਤੀਜਾ ਸਥਾਨ ਹੈ। ਇਸ ਵਿਚ ਧਰਮ ਰੂਪ ਬਲਦ ਦੇ ਦੋ ਪੈਰ ਹੀ ਰਹਿ ਜਾਂਦੇ ਹਨ, ਅਰਥਾਤ ਧਰਮ ਦੀ ਅੱਧੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਇਸ ਵਿਚ ਕੁਝ ਮਨੁੱਖ ਇਕ, ਦੋ, ਤਿੰਨ ਜਾਂ ਚਾਰ ਵੇਦਾਂ ਤਕ ਪੜ੍ਹਦੇ ਹਨ ਅਤੇ ਕੁਝ ਬਿਲਕੁਲ ਵੇਦ-ਪਾਠ ਨਹੀਂ ਕਰਦੇ। ਧਾਰਮਿਕ ਸੰਸਕਾਰਾਂ ਵਿਚ ਵੀ ਇਕਸੁਰਤਾ ਨਹੀਂ ਰਹਿੰਦੀ। ਬਹੁਤ ਥੋੜ੍ਹੇ ਲੋਕ ਸਚਾਈ ਦੇ ਮਾਰਗ ਉਤੇ ਚਲਦੇ ਹਨ। ਅਨੇਕ ਪ੍ਰਕਾਰ ਦੇ ਰੋਗ ਅਤੇ ਵਿਕਾਰ ਇਸ ਯੁਗ ਵਿਚ ਵਿਆਪਤ ਰਹਿੰਦੇ ਹਨ। ਦੁਖੀ ਹੋ ਕੇ ਲੋਕ ਤਪਸਿਆ ਵਲ ਝੁਕਦੇ ਹਨ, ਯੱਗ ਕਰਦੇ ਹਨ, ਪਰ ਚੰਗੇ ਅਮਲ ਨਾ ਕਰਨ ਕਰਕੇ ਆਮ ਤੌਰ ਤੇ ਪਤਿਤ ਅਵਸਥਾ ਵਿਚ ਰਹਿੰਦੇ ਹਨ।

ਇਸ ਯੁਗ ਦੀ ਮਿਆਦ ਵਿਦਵਾਨਾਂ ਨੇ 8,64,000 ਵਰ੍ਹੇ ਦਸੀ ਹੈ। ਇਸ ਵਿਚ ਮਨੁੱਖ ਦੀ ਉਮਰ ਦੋ ਸੌ ਵਰ੍ਹੇ ਮੰਨੀ ਗਈ ਹੈ। ਮੱਧ ਯੁਗ ਦੇ ਸੰਤਾਂ ਭਗਤਾਂ ਨੇ ਇਸ ਦਾ ਇਤਨਾ ਵਰਣਨ ਨਹੀਂ ਕੀਤਾ ਜਿਤਨਾ ਕਿ ਕਲਿਯੁਗ ਦਾ ਕਿਉਂਕਿ ਉਸ ਨਾਲ ਇਨ੍ਹਾਂ ਦਾ ਸਿੱਧਾ ਵਾਸਤਾ ਪਿਆ ਸੀ।

ਗੁਰੂ ਨਾਨਕ ਦੇਵ ਅਨੁਸਾਰ ਦ੍ਵਾਪਰ ਯੁਗ ਵਿਚ ਧਰਮ ਦੀ ਇਕ ਹੋਰ ਕਲਾ 'ਦਯਾ' ਦੇ ਨਸ਼ਟ ਹੋਣ ਨਾਲ ਧਰਮ ਦੀ ਸ਼ਕਤੀ ਅੱਧੀ ਰਹਿ ਜਾਂਦੀ ਹੈ ਅਤੇ ਧਰਤੀ ਨੂੰ ਧਾਰਣ ਕਰਨ ਵਾਲੇ ਬਲਦ ਦੇ ਕੇਵਲ ਦੋ ਪੈਰ ਬਾਕੀ ਰਹਿ ਜਾਂਦੇ ਹਨ। ਇਸ ਯੁਗ ਵਿਚ ਰਾਜੇ ਕੇਵਲ ਸੁਆਰਥ ਲਈ ਧਰਮ-ਕਰਮ ਕਰਦੇ ਹਨ। ਆਸ਼ਾਵਾਂ ਦੇ ਬੰਨ੍ਹੇ ਹੋਏ ਉਹ ਦਾਨ ਕਰਦੇ ਹਨ, ਪਰ ਬਿਨਾ ਰਾਮ-ਨਾਮ ਤੋਂ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕਦੀ— 'ਦਇਆ ਦੁਆਪੁਰਿ ਅਧੀ ਹੋਈ।/ਗੁਰਮੁਖਿ ਵਿਰਲਾ ਚੀਨੈ ਕੋਈ।/ ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ (ਅ. ਗ੍ਰੰ. 1024)।

ਦ੍ਵਾਰਿਕਾ : ਇਹ ਹਿੰਦੂ ਧਰਮ ਦੀਆਂ ਸੱਤ ਪਵਿੱਤਰ ਪੁਰੀਆਂ (ਵੇਖੋ) ਵਿਚੋਂ ਇਕ ਹੈ। ਇਹ ਗੁਜਰਾਤ ਪ੍ਰਾਂਤ ਦੇ ਪੱਛਮੀ ਭਾਗ ਕਾਠੀਆਵਾੜ ਵਿਚ ਸਮੁੰਦਰ ਕੰਢੇ ਸਥਿਤ ਇਕ ਪ੍ਰਸਿੱਧ ਨਗਰੀ ਹੈ। ਇਥੇ ਸ੍ਰੀ ਕ੍ਰਿਸ਼ਣ ਨੇ ਜੀਵਨ ਦਾ ਬਹੁਤ ਸਮਾਂ ਬਤੀਤ ਕੀਤਾ, ਭਾਵੇਂ ਸ੍ਰੀ ਕ੍ਰਿਸ਼ਣ ਦਾ ਜਨਮ ਮਥੁਰਾ ਵਿਚ ਹੋਇਆ ਸੀ ਅਤੇ ਉਨ੍ਹਾਂ ਨੇ ਆਪਣਾ ਬਚਪਨ ਬਿੰਦਰਾਬਨ ਵਿਚ ਗੁਜ਼ਾਰਿਆ ਸੀ। ਕੰਸ ਨੂੰ ਮਾਰਕੇ ਅਤੇ ਮਹਾਰਾਜ ਉਗ੍ਰਸੈਨ ਨੂੰ ਰਾਜ-ਗੱਦੀ ਉਤੇ ਬਿਠਾਉਣ ਉਪਰੰਤ ਉਹ ਆਪਣੇ ਸਕੇ ਅਤੇ ਸੰਬੰਧੀਆਂ ਸਹਿਤ ਦ੍ਵਾਰਿਕਾ ਆ ਵਸੇ।

ਉਹ ਬ੍ਰਜ ਪ੍ਰਦੇਸ਼ ਤੋਂ ਇਥੇ ਕਿਉਂ ਆਏ, ਇਸ ਸੰਬੰਧੀ ਦੋ ਧਾਰਣਾਵਾਂ ਪ੍ਰਚਲਿਤ ਹਨ। ਇਕ ਇਹ ਕਿ ਕੰਸ ਅਤੇ ਹੋਰ ਦੈਂਤਾਂ ਨੂੰ ਖ਼ਤਮ ਕਰਨ ਉਪਰੰਤ ਉਨ੍ਹਾਂ ਦਾ ਕਾਰਜ, ਜਿਸ ਲਈ ਆਪ ਨੇ ਅਵਤਾਰ ਲਿਆ ਸੀ, ਸਮਾਪਤ ਹੋ ਗਿਆ, ਇਸ ਲਈ ਆਪ ਉਥੋਂ ਚਲੇ ਆਏ।

ਦੂਜੀ ਇਹ ਕਿ ਜਰਾਸੰਧ ਦੇ ਲਗਾਤਾਰ ਹਮਲਿਆਂ ਤੋਂ ਤੰਗ ਆ ਕੇ ਸ੍ਰੀ ਕ੍ਰਿਸ਼ਣ ਬ੍ਰਜ ਪ੍ਰਦੇਸ਼ ਤੋਂ ਕਾਠੀਆਵਾੜ ਆ ਗਏ। ਇਸ ਖੇਤਰ ਵਿਚ 'ਰਣ ਛੋੜ ਰਾਇ' ਨਾਂ ਦੇ ਦੋ ਮੰਦਿਰ ਹਨ। ਇਕ ਦੁਆਰਿਕਾ ਵਿਚ ਤੇ ਦੂਜਾ ਡਾਕੋਰ ਵਿਚ। ਮੰਦਿਰਾਂ ਦੇ ਇਸ ਨਾਂ ਵਿਚ ਜਰਾਸੰਧ ਦੇ ਹਮਲਿਆਂ ਤੋਂ ਤੰਗ ਆ ਕੇ ਯੁੱਧ ਵਿਚੋਂ ਭਜਣ ਦੇ ਲੁਕੇ ਅਰਥ ਵੇਖੇ ਜਾ ਸਕਦੇ ਹਨ। ਇਸ ਸ਼ਬਦ ਦੀ ਅਰਥਗਤ ਇਕ ਹੋਰ ਵਿਆਖਿਆ ਵੀ ਮਿਲਦੀ ਹੈ ਕਿ ਬੋਢਾਣਾ ਨਾਂ ਦੇ ਭਗਤ ਦੇ ਪ੍ਰੇਮ ਵਸ, ਉਸ ਦੇ ਸਿਰ ਚੜ੍ਹੇ ਪੰਡਿਆਂ ਦੇ ਰਿਣ (ਕਰਜ਼ੇ) ਨੂੰ ਚੁਕਾਉਣ ਲਈ ਸ੍ਰੀ ਕ੍ਰਿਸ਼ਣ ਦੁਆਰਿਕਾ ਤੋਂ ਚੁਪ-ਚਾਪ ਡਾਕੋਰ ਚਲੇ ਆਏ। ਇਸ ਪ੍ਰਸੰਗ ਵਿਚ 'ਰਣ' ਸ਼ਬਦ ਰਿਣ ਤੋਂ ਵਿਗੜਿਆ ਦਸਿਆ ਜਾਂਦਾ ਹੈ।

ਸ੍ਰੀ ਕ੍ਰਿਸ਼ਣ ਨੇ ਇਥੇ ਆਪਣੀ ਰਾਜਧਾਨੀ ਬਣਾਈ। ਇਥੇ ਹੀ ਭਗਤ ਸੁਦਾਮਾ ਮਿਲਣ ਆਇਆ। ਸ੍ਰੀ ਕ੍ਰਿਸ਼ਣ ਤੋਂ ਬਾਦ ਕਾਫ਼ੀ ਸਮੇਂ ਲਈ ਇਹ ਯਾਦਵਾਂ ਦੀ ਰਾਜਧਾਨੀ ਰਹੀ। ਪਰ ਇਕ ਮਾਨਤਾ ਅਨੁਸਾਰ ਸ੍ਰੀ ਕ੍ਰਿਸ਼ਣ ਦੇ ਦੇਹਾਂਤ ਤੋਂ ਬਾਦ ਇਹ ਨਗਰੀ ਸਮੁੰਦਰ ਵਿਚ ਡੁਬ ਗਈ, ਕੇਵਲ ਸ੍ਰੀ ਕ੍ਰਿਸ਼ਣ ਦਾ ਮੰਦਿਰ ਨਾ ਡੁਬਿਆ। ਧਾਰਮਿਕ ਦ੍ਰਿਸ਼ਟੀ ਤੋਂ ਇਸ ਨਗਰੀ ਦਾ ਬਹੁਤ ਮਹਾਤਮ ਹੈ। ਇਸ ਨੂੰ ਹਿੰਦੂਆਂ ਦੇ ਚਾਰ ਧਾਮ-ਧਾਮਾਂ ਵਿਚ ਵੀ ਗਿਣਿਆ ਜਾਂਦਾ ਹੈ। ਭਗਤ ਨਾਮਦੇਵ ਨੇ ਇਸ ਨੂੰ ਸੱਚ ਬੋਲਣ ਦੀ ਥਾਂ ਦਸ ਕੇ ਇਸ ਦੀ ਧਾਰਮਿਕ ਅਹਿਮੀਅਤ ਪ੍ਰਗਟਾਈ ਹੈ—'ਕੁਜਾ ਆਮਦ ਕੁਜਾ ਰਫਤੀ ਕੁਜਾ ਮੇਰਵੀ।/ ਦੁਆਰਿਕ ਨਗਰੀ ਰਾਸਿ ਬੁਗੋਈ' (ਅ. ਗ੍ਰੰ. 727)।

ਧ

ਧਨਵੰਤ੍ਰੀ, ਅਵਤਾਰ : 'ਭਾਗਵਤ-ਪੁਰਾਣ' ਅਨੁਸਾਰ ਇਹ ਵਿਸ਼ਣੂ ਦਾ ਅਵਤਾਰ ਹੈ। ਸਮੁੰਦਰ ਰਿੜਕਣ ਦੇ ਆਖਿਆਨ ਅਨੁਸਾਰ ਸਮੁੰਦਰ ਵਿਚੋਂ ਨਿਕਲਣ ਵਾਲੇ ਚੌਦਾਂ ਰਤਨਾਂ ਵਿਚ ਇਹ ਵੀ ਸ਼ਾਮਲ ਸੀ ਅਤੇ ਆਪਣੇ ਹੱਥਾਂ ਵਿਚ ਅੰਮ੍ਰਿਤ ਦਾ ਕਲਸ ਲੈ ਕੇ ਪ੍ਰਗਟ ਹੋਇਆ ਸੀ। ਇਸ ਨੂੰ ਦੇਵਤਿਆਂ ਦਾ ਵੈਦ ਵੀ ਮੰਨਿਆ ਜਾਂਦਾ ਹੈ ਕਿਉਂਕਿ 'ਆਯੁਰਵੇਦ' ਦਾ ਇਹ ਮੁੱਢੀ ਆਚਾਰਯ ਸੀ।

'ਸੁਸ਼੍ਰੁਤ ਸੰਹਿਤਾ' ਵਿਚ ਲਿਖਿਆ ਹੈ ਕਿ ਬ੍ਰਹਮਾ ਨੇ ਸਭ ਤੋਂ ਪਹਿਲਾਂ ਇਕ ਲੱਖ ਸ਼ਲੋਕਾਂ ¯ ਦਾ 'ਆਯੁਰਵੇਦ' ਬਣਾਇਆ ਜਿਸ ਵਿਚ ਇਕ ਹਜ਼ਾਰ ਅਧਿਆਇ ਸਨ। ਉਸ ਗ੍ਰੰਥ ਨੂੰ ਪ੍ਰਜਾਪਤੀ ਨੇ ਪੜ੍ਹਿਆ। ਪ੍ਰਜਾਪਤੀ ਤੋਂ ਅਸ਼੍ਵਿਨੀ ਕੁਮਾਰਾਂ ਨੇ ਪੜ੍ਹਿਆ। ਉਨ੍ਹਾਂ ਤੋਂ ਇੰਦਰ ਨੇ ਪੜ੍ਹਿਆ ਅਤੇ ਇੰਦਰਦੇਵ ਤੋਂ ਧਨਵੰਤ੍ਰੀ ਨੇ ਪੜ੍ਹਿਆ। ਧਨਵੰਤ੍ਰੀ ਤੋਂ ਸੁਣ ਕੇ ਸੁਸ਼੍ਰੁਤ ਮੁਨੀ ਨੇ ਆਯੁਰਵੇਦ ਦੀ ਰਚਨਾ ਕੀਤੀ। ਇਸ ਨੇ ਸ਼ਲ੍ਯ-ਕ੍ਰਿਆ (surgery) ¯ ਦੀ ਸਿਖਿਆ ਇੰਦਰ ਤੋਂ ਪ੍ਰਾਪਤ ਕੀਤੀ। 'ਧਨਵੰਤ੍ਰੀ' ਦਾ ਸ਼ਾਬਦਿਕ ਅਰਥ ਵੀ ਉਸ ਵਿਅਕਤੀ ਦਾ ਸੂਚਕ ਹੈ ਜੋ ਸ਼ਲ੍ਯ-ਕ੍ਰਿਆ ਕਰਨ ਵਿਚ ਪ੍ਰਬੀਨ ਹੋਏ।

ਭਾਈ ਗੁਰਦਾਸ ਨੇ ਧਨਵੰਤ੍ਰੀ ਦਾ ਹਵਾਲਾ ਦਿੱਤਾ ਹੈ—'ਸਜੀਅਰੁ ਸਾਰੰਗ ਧਣਖੁ

ਮਦੁ ਕਉਸਤਕ ਲੱਛ ਧਨੰਤਰਿ ਪਾਵੈ' (17/1)।

ਧਨੰਤਰ : ਵੇਖੋ 'ਧਨਵੰਤ੍ਰੀ, ਅਵਤਾਰ'।

ਧਰਮ-ਰਾਇ/ਧਰਮ-ਰਾਜ : 'ਯਮ' ਜਾਂ 'ਯਮਰਾਜ' ਦਾ ਇਕ ਨਾਮਾਂਤਰ। ਵੇਖੋ 'ਯਮ'।

ਧਰੂ, ਭਗਤ : ਇਕ ਪ੍ਰਸਿੱਧ ਭਗਤ ਜੋ ਮਨੂ ਦੇ ਪੁੱਤਰ ਰਾਜਾ ਉੱਤਾਨ-ਪਾਦ ਦੇ ਘਰ ਪੈਦਾ ਹੋਇਆ। 'ਭਾਗਵਤ-ਪੁਰਾਣ' (ਚੌਥਾ ਸਕੰਧ) ਅਤੇ 'ਵਿਸ਼ਣੂ-ਪੁਰਾਣ' (ਅ. ੧) ਅਨੁਸਾਰ ਉੱਤਾਨਪਾਦ ਦੀਆਂ ਦੋ ਰਾਣੀਆਂ ਸਨ--ਸੁਰੁਚਿ ਅਤੇ ਸੁਨੀਤਿ। ਦੋਹਾਂ ਦਾ ਇਕ-ਇਕ ਪੁੱਤਰ ਸੀ। ਸੁਰੁਚਿ ਦੇ ਪੁੱਤਰ ਦਾ ਨਾਂ ਉੱਤਮ ਸੀ ਅਤੇ ਸੁਨੀਤਿ ਦੇ ਪੁੱਤਰ ਦਾ ਨਾਂ ਧਰੂ। ਰਾਜਾ ਸੁਰੁਚਿ ਨੂੰ ਜ਼ਿਆਦਾ ਪ੍ਰੇਮ ਕਰਦਾ ਸੀ। ਇਕ ਵਾਰ ਜਦੋਂ ਰਾਜਾ ਉੱਤਮ ਨੂੰ ਗੋਦ ਵਿਚ ਬਿਠਾ ਕੇ ਲਾਡ ਕਰ ਰਿਹਾ ਸੀ ਤਾਂ ਧਰੂ ਵੀ ਪਿਤਾ ਦੀ ਗੋਦ ਵਿਚ ਬੈਠਣ ਲਈ ਮਚਲ ਰਿਹਾ ਸੀ। ਪਰ ਸੁਰੁਚਿ ਨੇ ਉਸ ਨੂੰ ਪਰੇ ਹਟਾ ਦਿੱਤਾ ਅਤੇ ਕਿਹਾ ਕਿ ਸੌਂਕਣ ਦਾ ਪੁੱਤਰ ਰਾਜੇ ਦੀ ਗੋਦ ਵਿਚ ਬੈਠਣ ਦਾ ਅਧਿਕਾਰੀ ਨਹੀਂ। ਇਸ ਗੋਦ ਵਿਚ ਤਦੇ ਬੈਠਾ ਜਾ ਸਕਦਾ ਹੈ ਜੇ ਤਪਸਿਆ ਦੁਆਰਾ ਸੁਰੁਚਿ ਦੀ ਕੁੱਖ ਵਿਚ ਜਨਮ ਲੈਣ ਦਾ ਵਰ ਪ੍ਰਾਪਤ ਹੋਵੇ।

ਧਰੂ ਆਪਣੀ ਮਾਤਾ ਸੁਨੀਤਿ ਕੋਲ ਆਇਆ ਅਤੇ ਉਸ ਦੀ ਆਗਿਆ ਲੈ ਕੇ ਇਹ ਬਨ ਵਿਚ ਤਪਸਿਆ ਕਰਨ ਲਈ ਚਲਾ ਗਿਆ। ਪੰਜ ਵਰ੍ਹੇ ਘੋਰ ਤਪਸਿਆ ਕਰਨ ਉਪਰੰਤ ਇਸ ਨੂੰ ਸ੍ਰੀ ਹਰਿ ਨੇ ਦਰਸ਼ਨ ਦਿੱਤੇ ਅਤੇ ਰਾਜ-ਅਧਿਕਾਰ ਪ੍ਰਾਪਤ ਹੋਣ ਦਾ ਵਰ ਵੀ ਦਿੱਤਾ। ਧਰੂ ਘਰ ਪਰਤਿਆ। ਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਇਸ ਦਾ ਵਿਆਹ ਸ਼ਿਸ਼ੁਮਾਰ ਦੀ ਪੁੱਤਰੀ ਭ੍ਰਮਿ ਅਤੇ ਵਾਯੂ ਦੀ ਪੁੱਤਰੀ ਇਲਾ ਨਾਲ ਕੀਤਾ। ਪਹਿਲੀ ਤੋਂ ਕਲ੍ਪ ਅਤੇ ਵਤ੍ਸਰ ਨਾਂ ਦੇ ਦੋ ਪੁੱਤਰ ਪੈਦਾ ਹੋਏ ਅਤੇ ਦੂਜੀ ਤੋਂ ਉਤ੍ਕਲ ਨਾਂ ਦਾ ਪੁੱਤਰ ਅਤੇ ਇਕ ਪੁੱਤਰੀ ਪੈਦਾ ਹੋਈ।

ਧਰੂ ਦੇ ਬਨ ਵਿਚ ਹੋਣ ਦੌਰਾਨ ਸ਼ਿਕਾਰ ਖੇਡਣ ਗਿਆ ਉੱਤਮ ਯਕ੍ਸ਼ਾਂ ਹੱਥੋਂ ਮਾਰਿਆ ਗਿਆ। ਫਲਸਰੂਪ ਧਰੂ ਨੂੰ ਰਾਜਗੱਦੀ ਦਿੱਤੀ ਗਈ। ਇਸ ਨੇ ਆਪਣੇ ਭਰਾ ਨੂੰ ਮਾਰਨ ਵਾਲੇ ਯਕ੍ਸ਼ਾਂ ਨੂੰ ਬਹੁਤ ਸਜ਼ਾ ਦਿੱਤੀ। ਫਿਰ ਬੜੀ ਧਾਰਮਿਕ ਨਿਆਇ-ਸ਼ੀਲਤਾ ਨਾਲ ਰਾਜ ਕੀਤਾ ਅਤੇ ਆਪਣੇ ਪੁੱਤਰ ਵਤ੍ਸਰ ਨੂੰ ਰਾਜ ਦੇ ਕੇ ਬਦਰਿਕਾਸ਼੍ਰਮ ਵਿਚ ਭਗਤੀ ਕਰਨ ਚਲਾ ਗਿਆ। ਉਥੋਂ ਸ੍ਰੀ ਹਰਿ ਇਸ ਨੂੰ ਵਿਮਾਨ ਵਿਚ ਬਿਠਾ ਕੇ ਬੈਕੁੰਠ ਲੈ ਗਏ ਅਤੇ ਉਸ ਨੂੰ ਸਥਾਈ ਤੌਰ ਤੇ ਧਰੂ-ਲੋਕ (ਧਰੂ-ਤਾਰਾ) ਪ੍ਰਦਾਨ ਕੀਤਾ। ਇਸ ਦੇ ਨਾਮਾਂਤਰ 'ਗ੍ਰਹਧਾਰ' ਅਤੇ 'ਔਤਾਨਪਾਦਿ' ਵੀ ਹਨ।

ਭਗਤੀ ਕਾਵਿ ਵਿਚ ਧਰੂ ਦੀ ਅਦੁੱਤੀ ਭਗਤੀ ਦੇ ਹਵਾਲੇ ਦਿੱਤੇ ਮਿਲਦੇ ਹਨ। ਗੁਰੂ ਤੇਗ ਬਹਾਦਰ ਅਨੁਸਾਰ—'ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ' (ਅ. ਗ੍ਰੰ. 632)।

ਧਾਰਣਾ : ਅਸ਼ਟਾਂਗ-ਯੋਗ ਦਾ ਛੇਵਾਂ ਅੰਗ। ਵੇਖੋ 'ਅਸ਼ਟਾਂਗ-ਯੋਗ'।

ਧਿਆਨ : ਅਸ਼ਟਾਂਗ-ਯੋਗ ਦਾ ਸੱਤਵਾਂ ਅੰਗ। ਵੇਖੋ 'ਅਸ਼ਟਾਂਗ-ਯੋਗ'।

ਧੌਮ/ਧੌਮ੍ਯ : ਧੂਮ ਰਿਸ਼ੀ ਦਾ ਪੁੱਤਰ ਜੋ ਦੇਵਲ ਰਿਸ਼ੀ ਦਾ ਛੋਟਾ ਭਰਾ ਸੀ। ਇਹ ਉਦਾਲਕ ਦਾ ਗੁਰੂ ਵੀ ਮੰਨਿਆ ਜਾਂਦਾ ਹੈ। ਇਹ ਪਾਂਡਵਾਂ ਦਾ ਕੁਲ ਪੁਰੋਹਿਤ ਸੀ। ਭੱਟ ਕਵੀ ਨੇ ਗੁਰੂ ਨਾਨਕ ਦੇਵ ਦੇ ਯਸ਼ਗਾਨ ਕਰਨ ਵਾਲਿਆਂ ਵਿਚ ਧੌਮ ਦਾ ਨਾਂ ਵੀ ਗਿਣਾਇਆ ਹੈ –'ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ' (ਅ. ਗ੍ਰੰ. 1389)।

ਧੌਲ, ਬਲਦ : ਪੁਰਾਣ-ਸਾਹਿੱਤ ਵਿਚ ਇਕ ਰੂਪਕ-ਕਲਪਨਾ ਰਾਹੀਂ ਦਸਿਆ ਗਿਆ ਹੈ ਕਿ ਇਸ ਧਰਤੀ ਦੇ ਹੇਠਾਂ ਕਛੂਏ ਦੀ ਪੀਠ ਉਤੇ ਖਲੋਤੇ ਬਲਦ ਨੇ ਸਾਰੀ ਧਰਤੀ ਦੇ ਭਾਰ ਨੂੰ ਆਪਣੇ ਇਕ ਸਿੰਗ ਉਤੇ ਚੁਕਿਆ ਹੋਇਆ ਹੈ। ਰਵਾਇਤ ਹੈ ਕਿ ਜਦੋਂ ਕਦੇ ਵੀ ਉਹ ਇਕ ਸਿੰਗ ਤੋਂ ਦੂਜੇ ਸਿੰਗ ਉਤੇ ਭਾਰ ਨੂੰ ਬਦਲਦਾ ਹੈ ਤਾਂ ਧਰਤੀ ਡੋਲਦੀ ਹੈ। ਇਸੇ ਨੂੰ 'ਭੂਚਾਲ' ਕਿਹਾ ਜਾਂਦਾ ਹੈ। ਇਸ ਬਲਦ ਦਾ ਰੰਗ ਚਿੱਟਾ ਹੈ ਅਤੇ ਇਹ ਧਰਮ ਦਾ ਪ੍ਰਤੀਕ ਹੈ। ਸਤਿਯੁਗ ਵਿਚ ਇਸ ਬਲਦ ਦੇ ਚਾਰ ਪੈਰ ਕਛੂਏ ਦੀ ਪਿਠ ਉਤੇ ਟਿਕੇ ਹੁੰਦੇ ਹਨ। ਤ੍ਰੇਤਾ-ਯੁਗ ਵਿਚ ਇਹ ਇਕ ਪੈਰ ਚੁੱਕ ਲੈਂਦਾ ਹੈ, ਦੁਆਪਰ ਵਿਚ ਦੋ ਅਤੇ ਕਲਿਯੁਗ ਵਿਚ ਤਿੰਨ ਪੈਰ ਆਧਾਰ ਤੋਂ ਹਟਾ ਲੈਂਦਾ ਹੈ। ਇਸ ਤਰ੍ਹਾਂ ਕਲਿਯੁਗ ਵਿਚ ਇਹ ਕੇਵਲ ਇਕ ਪੈਰ 'ਤੇ ਖੜਾ ਹੈ। ਧਰਮ ਦਾ ਪ੍ਰਤੀਕ ਹੋਣ ਕਾਰਣ ਸਤਿਯੁਗ ਤੋਂ ਬਾਦ ਉਤਰੋਤਰ ਧਰਮ ਦੀ ਸਥਿਤੀ ਘਟਦੀ ਜਾਂਦੀ ਹੈ। ਕਲਿਯੁਗ ਤਕ ਪਹੁੰਚ ਕੇ ਧਰਮ ਦੀ ਸਥਿਤੀ ਕੇਵਲ ਇਕ-ਚੌਥਾਈ ਰਹਿ ਜਾਂਦੀ ਹੈ। ਇਸ ਲਈ ਕਲਿਯੁਗ ਨੂੰ ਸਭ ਤੋਂ ਘਟੀਆ ਯੁਗ ਮੰਨਿਆ ਗਿਆ ਹੈ। 'ਜਪੁ-ਜੀ' ਵਿਚ ਗੁਰੂ ਨਾਨਕ ਦੇਵ ਨੇ ਧੌਲ ਦਾ ਭਾਵੀਕਰਣ ਕੀਤਾ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਦੇ ਆਗਮਨ ਵੇਲੇ ਸੰਸਾਰ ਦੀ ਸਥਿਤੀ ਦਾ ਚਿਤ੍ਰਣ ਕਰਦਿਆਂ ਇਸ ਦਾ ਹਵਾਲਾ ਦਿੱਤਾ ਹੈ—'ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ' (1/29)।

ਧੰਨਾ, ਭਗਤ : ਇਕ ਭਗਤ ਜਿਸ ਦਾ ਕੰਮ ਖੇਤੀ ਕਰਨਾ ਸੀ, ਇਸ ਲਈ ਇਸ ਨੂੰ 'ਧੰਨਾ ਜੱਟ' ਵੀ ਕਿਹਾ ਜਾਂਦਾ ਹੈ। ਇਸ ਦੇ ਜੀਵਨ ਬਾਰੇ ਤੱਥਾਂ ਦਾ ਅਭਾਵ ਹੈ। ਮੈਕਾਲਿਫ਼ ਅਤੇ ਭਾਈ ਕਾਨ੍ਹ ਸਿੰਘ ਨੇ ਇਸ ਦਾ ਜਨਮ ਪੰਦਰ੍ਹਵੀਂ ਸਦੀ ਈਸਵੀ ਦੇ ਦੂਜੇ ਦਹਾਕੇ ਵਿਚ ਹੋਇਆ ਦਸਿਆ ਹੈ ਜਦ ਕਿ ਪੰਡਿਤ ਪਰਸ਼ੁਰਾਮ ਚਤੁਰਵੇਦੀ ਨੇ ਦਲੀਲਾਂ ਦੇ ਕੇ ਇਸ ਦਾ ਜਨਮ ਸੋਲ੍ਹਵੀਂ ਸਦੀ ਦੀ ਪਹਿਲੀ ਜਾਂ ਦੂਜੀ ਦਸ਼ਾਬਦੀ ਵਿਚ ਮੰਨਿਆ ਹੈ।

ਇਹ ਰਾਜਸਥਾਨ ਪ੍ਰਦੇਸ਼ ਦੇ ਟਾਂਕ ਖੇਤਰ ਦੇ ਧੁਆਨ ਪਿੰਡ ਵਿਚ ਰਿਹਾ ਕਰਦਾ ਸੀ। ਇਹ ਪਿੰਡ ਦੇਵਲੀ ਤੋਂ ਲਗਭਗ 32 ਕਿ. ਮੀ. ਦੀ ਵਿਥ 'ਤੇ ਹੈ। ਇਹ ਇਕ ਸਾਧਾਰਣ ਕਿਸਾਨ ਪਰਿਵਾਰ ਵਿਚ ਪੈਦਾ ਹੋਇਆ ਸੀ। ਇਹ ਬੜੇ ਸਰਲ ਸੁਭਾ ਵਾਲਾ ਨਿਰਛਲ ਬਾਲਕ ਸੀ। ਬ੍ਰਾਹਮਣਾਂ ਦੁਆਰਾ ਕੀਤੀ ਜਾਂਦੀ ਮੂਰਤੀ-ਪੂਜਾ ਵੇਖ ਕੇ ਇਸ ਨੇ ਭਗਵਾਨ ਪ੍ਰਾਪਤ ਕਰਨ ਦੀ ਜ਼ਿਦ ਕੀਤੀ। ਪੁਜਾਰੀ ਨੇ ਇਕ ਸਾਲਗ੍ਰਾਮ (ਪੱਥਰ) ਇਸ ਨੂੰ ਦੇ ਦਿੱਤਾ। ਇਸ ਨੇ ਬੜੀ ਲੀਨਤਾ ਨਾਲ ਉਸ ਪੱਥਰ ਦੀ ਪੂਜਾ ਕੀਤੀ। ਇਸ ਦੀ ਸੱਚੀ ਅਤੇ ਨਿਸ਼ਕਾਮ ਭਗਤੀ ਨੂੰ ਵੇਖ ਕੇ ਭਗਵਾਨ ਨੇ ਦਰਸ਼ਨ ਦਿੱਤੇ ਅਤੇ ਧੰਨੇ ਵਲੋਂ ਭੇਟ

ਕੀਤਾ ਅੰਨ-ਜਲ ਗ੍ਰਹਿਣ ਕੀਤਾ । ਇਸ 'ਤੇ ਧੰਨੇ ਨੂੰ ਅਪਾਰ ਪ੍ਰਸੰਨਤਾ ਹੋਈ । ਭਾਵੇਂ ਇਸ ਨੇ ਸਾਲਗ੍ਰਾਮ ਨੂੰ ਹੀ ਭੋਜਨ ਕਰਾਇਆ, ਪਰ ਇਸ ਦੀ ਭਗਤੀ ਵਿਚ ਸਗੁਣ ਦੀ ਥਾਂ ਨਿਰਗੁਣ ਭਾਵਨਾ ਪ੍ਰਬਲ ਹੈ ।

ਇਸ ਦੇ ਨਾਂ ਨਾਲ ਕਈ ਕਰਾਮਤਾਂ ਪ੍ਰਚਲਿਤ ਹਨ । ਨਮੂਨੇ ਵਜੋਂ ਇਕ ਘਟਨਾ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ । ਇਕ ਵਾਰ ਇਸ ਨੇ ਖੇਤ ਬੀਜਣ ਲਈ ਸੁਥਰੀ ਕਣਕ ਲਿਆ ਕੇ ਰਖੀ, ਪਰ ਸਾਧੂਆਂ ਦੇ ਆਉਣ ਤੇ ਉਸ ਦਾ ਭੋਜਨ ਤਿਆਰ ਕਰ ਕੇ ਛਕਾ ਦਿੱਤਾ । ਪਿਤਾ ਤੋਂ ਡਰਦਿਆਂ ਬਿਨਾ ਬੀਜ ਪਾਏ ਖੇਤ ਵਾਹ ਦਿੱਤਾ, ਪਰ ਹਰਿ-ਕ੍ਰਿਪਾ ਨਾਲ ਆਪਣੇ ਆਪ ਖ਼ੂਬ ਫ਼ਸਲ ਜੰਮੀ ।

ਇਸ ਨੇ ਗ੍ਰਿਹਸਥ ਜੀਵਨ ਬਤੀਤ ਕੀਤਾ ਅਤੇ ਖੇਤੀ ਅਤੇ ਪਸ਼ੂ ਚਾਰਨ ਦਾ ਰੁਝੇਵਾਂ ਜੀਵਨ-ਭਰ ਬਣਾਈ ਰਖਿਆ । ਇਸ ਨੂੰ ਗੁਰੂ ਅਰਜਨ ਦੇਵ ਨੇ 'ਬਾਲ ਬੁੱਧੀ' ਵਾਲਾ ਨਿਸ਼ਕਪਟ ਸਾਧਕ ਮੰਨਿਆ ਹੈ—'ਧੰਨੈ ਸੇਵਿਆ ਬਾਲ ਬੁਧਿ' (ਅ. ਗ੍ਰੰ. 1192)। ਇਸ ਦੇ ਤਿੰਨ ਸ਼ਬਦ ਅਥਵਾ ਪਦ ਗੁਰੂ ਗ੍ਰੰਥ ਸਾਹਿਬ ਦੇ ਆਸਾ (2) ਅਤੇ ਧਨਾਸਰੀ (1) ਰਾਗਾਂ ਵਿਚ ਦਰਜ ਹਨ । ਉਨ੍ਹਾਂ ਵਿਚ ਵਿਚਾਰਧਾਰਾ ਦਾ ਮੁੱਖ ਸੁਰ ਪ੍ਰੇਮ-ਭਗਤੀ ਵਾਲਾ ਹੈ । ਈਸ਼ਵਰ ਵਿਚ ਅਡਿਗ ਵਿਸ਼ਵਾਸ ਇਸ ਦੀ ਰਚਨਾ ਦੀ ਮੁੱਖ ਬਿਰਤੀ ਹੈ । ਇਸ ਦੀ ਸਰਲ-ਸਾਧਨਾ ਨੇ ਪੰਜਾਬ ਦੇ ਕਿਸਾਨੀ ਪ੍ਰਧਾਨ ਸਭਿਆਚਾਰ ਉਤੇ ਮਹੱਤਵਪੂਰਣ ਪ੍ਰਭਾਵ ਪਾਇਆ ਸੀ । ਇਥੋਂ ਤਕ ਕਿ ਵਾਰਿਸ ਸ਼ਾਹ ਵਰਗੇ ਮੁਸਲਮਾਨ ਕਿੱਸਾਕਾਰਾਂ ਨੇ ਵੀ ਆਪਣੀ ਰਚਨਾ 'ਹੀਰ' ਵਿਚ ਇਸ ਦਾ ਹਵਾਲਾ ਦਿੱਤਾ ਹੈ—'ਨਾਲ ਸਿਦਕ ਯਕੀਨ ਦੇ ਬੰਨ੍ਹ ਤਕਵਾ, ਧੰਨੇ ਰੱਬ ਨੂੰ ਪਥਰੋਂ ਪਾਇਆ ਈ ।'

ਧ੍ਰਿਸਟਬੁੱਧੀ : ਵੇਖੋ 'ਚੰਦ੍ਰਹਾਂਸ' ।

ਧ੍ਰਿਤਰਾਸ਼ਟਰ : ਰਾਜਾ ਵਿਚਿਤ੍ਰਵੀਰਯ ਦਾ ਪੁੱਤਰ ਜੋ ਵਿਆਸ ਦੁਆਰਾ ਅੰਬਿਕਾ ਦੀ ਕੁੱਖੋਂ ਪੈਦਾ ਹੋਇਆ ਸੀ । ਅੰਬਿਕਾ ਕਾਸ਼ੀ ਦੇ ਰਾਜੇ ਦੀ ਧੀ ਸੀ ਜਿਸ ਨੂੰ ਭੀਸ਼ਮ ਪਿਤਾਮਾ ਨੇ ਵਿਚਿਤ੍ਰਵੀਰਯ ਲਈ ਜਿੱਤ ਲਿਆਂਦਾ ਸੀ । ਧ੍ਰਿਤਰਾਸ਼ਟਰ ਜਨਮ ਤੋਂ ਹੀ ਅੰਨ੍ਹਾ ਸੀ । ਇਸ ਦਾ ਵਿਆਹ ਗਾਂਧਾਰੀ ਨਾਲ ਹੋਇਆ ਜਿਸ ਨੇ ਪਤੀ ਦੇ ਅੰਨ੍ਹੇ ਹੋਣ ਕਰਕੇ ਸਾਰੀ ਉਮਰ ਆਪਣੀਆਂ ਅੱਖਾਂ ਉਤੇ ਪਟੀ ਬੰਨ੍ਹੀ ਰਖੀ । ਇਸ ਨੇ ਇਕ ਸੌ ਪੁੱਤਰਾਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚੋਂ ਦੁਰਯੋਧਨ ਸਭ ਤੋਂ ਵੱਡਾ ਸੀ ।

ਪਾਂਡੂ ਦੁਆਰਾ ਰਾਜ-ਗੱਦੀ ਛੱਡਣ ਤੇ ਇਹ ਗੱਦੀ ਉਤੇ ਬੈਠਾ । ਇਸ ਦੀ ਹਮਦਰਦੀ ਸਦਾ ਆਪਣੇ ਪੁੱਤਰਾਂ ਪ੍ਰਤਿ ਰਹੀ ਜਿਸ ਕਰ ਕੇ ਇਹ ਪਾਂਡਵਾਂ ਨਾਲ ਨਿਆਂਇਸ਼ੀਲ ਵਿਵਹਾਰ ਨਾ ਕਰ ਸਕਿਆ । ਫਲਸਰੂਪ ਮਹਾਭਾਰਤ ਦਾ ਯੁੱਧ ਹੋਇਆ । ਯੁੱਧ ਨੂੰ ਟਾਲਣ ਲਈ ਇਸਨੇ ਆਪਣੇ ਪੁੱਤਰਾਂ ਨੂੰ ਸਿੱਧੇ ਮਾਰਗ ਉਤੇ ਪਾਣ ਦਾ ਕੋਈ ਉੱਦਮ ਨਾ ਕੀਤਾ ।

ਯੁੱਧ ਵਿਚ ਦੁਰਯੋਧਨ ਦੀ ਮ੍ਰਿਤੂ ਤੋਂ ਬਾਦ ਇਹ ਪ੍ਰਾਣ ਤਿਆਗਣ ਲਈ ਤਿਆਰ ਹੋ ਗਿਆ । ਪਰ ਵਿਦੁਰ ਅਤੇ ਵਿਆਸ ਦੇ ਸਮਝਾਉਣ ਤੇ ਅਜਿਹਾ ਕਰਨੋਂ ਟਲ ਗਿਆ । ਪਾਂਡਵਾਂ ਨੇ ਇਸ ਦੀ ਬਹੁਤ ਸੇਵਾ ਕੀਤੀ ਪਰ ਕੁਝ ਸਮੇਂ ਬਾਦ ਇਸ ਨੇ ਬਨ

ਵਿਚ ਗਾਂਧਾਰੀ ਸਹਿਤ ਜਾਣ ਦਾ ਨਿਰਣਾ ਲਿਆ। ਪਾਂਡਵਾਂ ਦੀ ਮਾਤਾ ਕੁੰਤੀ ਵੀ ਇਨ੍ਹਾਂ ਦੇ ਨਾਲ ਹੀ ਬਨ ਨੂੰ ਗਈ। ਪਹਿਲਾਂ ਇਹ ਕੁਰੁਕਸ਼ੇਤ੍ਰ ਵਿਚ ਸ਼ਤਯੂਪ ਰਿਸ਼ੀ ਦੇ ਆਸ਼੍ਰਮ ਵਿਚ ਠਹਿਰੇ। ਉਥੇ ਇਨ੍ਹਾਂ ਨੂੰ ਮਿਲਣ ਲਈ ਪੰਜੇ ਪਾਂਡਵ ਪਰਿਵਾਰ ਸਹਿਤ ਪਹੁੰਚੇ। ਇਸੇ ਦੌਰਾਨ ਵਿਦੁਰ ਦਾ ਦੇਹਾਂਤ ਹੋ ਗਿਆ। ਪਾਂਡਵਾਂ ਦੇ ਪਰਤਣ ਤੇ ਧ੍ਰਿਤਰਾਸ਼ਟਰ ਗਾਂਧਾਰੀ ਅਤੇ ਕੁੰਤੀ ਸਹਿਤ ਹਰਿਦਵਾਰ ਚਲਿਆ ਗਿਆ ਅਤੇ ਉਥੇ ਜੰਗਲ ਵਿਚ ਲਗੀ ਅੱਗ ਵਿਚ ਤਿੰਨੇ ਸੜ ਮੋਏ। ਪਾਂਡਵਾਂ ਨੇ, ਪਤਾ ਲਗਣ ਤੇ ਇਨ੍ਹਾਂ ਤਿੰਨਾਂ ਦੇ ਫੂਲ ਚੁਣ ਕੇ ਗੰਗਾ ਵਿਚ ਪਾਏ ਅਤੇ ਹੋਰ ਕ੍ਰਿਆ-ਕਰਮ ਕੀਤੇ।

ਧ੍ਰੂਹ : ਵੇਖੋ 'ਧ੍ਰੂ'।

ਨ

ਨਉ-ਖੰਡ : ਪੁਰਾਣ-ਸਾਹਿੱਤ ਵਿਚ ਪ੍ਰਿਥਵੀ ਨੂੰ ਨੌਂ ਖੰਡਾਂ ਅਥਵਾ ਭਾਗਾਂ ਵਿਚ ਵੰਡਿਆ ਲਿਖਿਆ ਹੈ, ਜਿਵੇਂ ਭਰਤ, ਇਲਾਵ੍ਰਿਤ, ਕਿੰਪੁਰਸ਼, ਭਦ੍ਰ, ਕੇਤੁਮਾਲ, ਹਰਿ, ਹਿਰਣ੍ਯ, ਰਮ੍ਯ ਅਤੇ ਕੁਸ਼। ਇਹ ਵੰਡ ਪ੍ਰਾਚੀਨ ਵਿਦਵਾਨਾਂ ਦੀ ਸੋਚ ਅਨੁਸਾਰ ਹੈ। ਨਾਮ-ਸਿਮਰਨ ਦੇ ਮਹੱਤਵ ਦੀ ਸਥਾਪਨਾ ਕਰਦਿਆਂ ਗੁਰੂ ਅਰਜਨ ਦੇਵ ਨੇ ਨਉ-ਖੰਡਾਂ ਦਾ ਉੱਲੇਖ ਕੀਤਾ ਹੈ—'ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ।/ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ' (ਅ. ਗ੍ਰੰ. 712)।

ਸੰਤ ਕਬੀਰ ਨੇ ਜੁਲਾਹੇ ਦੀ ਖਡੀ ਦੇ ਰੂਪਕ ਰਾਹੀਂ ਸ਼ਰੀਰ ਸਥਿਤ ਸਠ ਨਾੜੀਆਂ ਅਤੇ ਨੌਂ ਪ੍ਰਮੁਖ ਜੋੜਾਂ ਨੂੰ ਤਾਣਾ ਅਤੇ 72 ਪ੍ਰਧਾਨ ਨਾੜੀਆਂ ਨੂੰ ਪੇਟਾ ਮੰਨ ਕੇ ਜਿਸ ਨਵੇਂ ਸ਼ਰੀਰ ਦੀ ਕਲਪਨਾ ਕੀਤੀ ਹੈ, ਉਸ ਵਿਚ ਨੌਂ ਪ੍ਰਮੁਖ ਜੋੜਾਂ ਨੂੰ 'ਨਵਖੰਡ' ਕਿਹਾ ਹੈ—'ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ' (ਅ. ਗ੍ਰੰ. 335)।

ਨਉ-ਦੁਆਰ/ਨਉ-ਦਰਵਾਜ਼ੇ : ਇਸ ਦਾ ਸਾਧਾਰਣ ਅਰਥ ਹੈ ਨੌਂ ਦਰਵਾਜ਼ੇ, ਪਰ ਅਧਿਆਤਮਿਕ ਕਾਵਿ ਵਿਚ ਇਸ ਦਾ ਭਾਵ ਹੈ ਸ਼ਰੀਰ ਵਿਚ ਖੁਲ੍ਹਣ ਵਾਲੇ ਨੌਂ ਛਿਦ੍ਰ ਜਾਂ ਸੁਰਾਖ। ਇਨ੍ਹਾਂ ਨੂੰ 'ਗੋਲਕ' ਵੀ ਕਿਹਾ ਜਾਂਦਾ ਹੈ। ਇਹ ਨੌਂ ਛਿਦ੍ਰ ਇਸ ਪ੍ਰਕਾਰ ਹਨ—ਦੋ ਅੱਖਾਂ, ਦੋ ਕੰਨ, ਦੋ ਨੱਕ, ਇਕ ਮੁਖ, ਇਕ ਗੁਦਾ ਅਤੇ ਇਕ ਲਿੰਗ ਅਥਵਾ ਭਗ। ਇਨ੍ਹਾਂ ਨੂੰ ਕਈ ਵਾਰ ਇੰਦਰੀਆਂ ਵੀ ਕਹਿ ਦਿੱਤਾ ਜਾਂਦਾ ਹੈ।

ਗੁਰੂ ਅਮਰਦਾਸ ਨੇ ਦਸਿਆ ਹੈ ਕਿ ਪਰਮਾਤਮਾ ਨੇ ਜੀਵਾਤਮਾ ਨੂੰ ਸ਼ਰੀਰ ਰੂਪੀ ਗੁਫਾ ਵਿਚ ਰਖ ਕੇ ਸੁਆਸਾਂ ਦਾ ਸਿਲਸਿਲਾ ਚਲਾਇਆ ਹੈ ਅਤੇ ਨੌਂ ਦੁਆਰ ਪ੍ਰਗਟ ਕਰਕੇ ਦਸ਼ਮ ਦੁਆਰ ਨੂੰ ਗੁਪਤ ਹੀ ਰਖਿਆ ਹੈ—'ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ।/ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ' (ਅ. ਗ੍ਰੰ. 922)।

ਨਉ-ਮੁਨੀ : 'ਮੁਨੀ' ਦਾ ਅਰਥ, 'ਰਿਗਵੇਦ' ਦੇ ਇਕ ਮੰਤ੍ਰ ਵਿਚ, ਸੰਨਿਆਸੀ ਕੀਤਾ

ਗਿਆ ਹੈ ਜੋ ਦੈਵੀ ਜਾਂ ਅਲੌਕਿਕ ਸ਼ਕਤੀ ਰਖਦਾ ਹੈ। ਉਪਨਿਸ਼ਦਾਂ ਅਨੁਸਾਰ ਅਧਿਐਨ, ਤਪ, ਯੱਗ, ਬ੍ਰਤ ਅਤੇ ਸ਼ਰਧਾ ਰਾਹੀਂ ਬ੍ਰਹਮ-ਗਿਆਨ ਪ੍ਰਾਪਤ ਕਰਾਉਣ ਵਾਲਾ ਵਿਅਕਤੀ 'ਮੁਨੀ' ਹੈ। 'ਭਗਵਦ-ਗੀਤਾ' (2/56) ਵਿਚ ਮੁਨੀ ਉਸ ਨੂੰ ਕਿਹਾ ਗਿਆ ਹੈ ਜਿਸ ਦਾ ਮਨ ਦੁੱਖਾਂ ਵਿਚ ਨਹੀਂ ਡੋਲਦਾ ਅਤੇ ਜਿਸ ਦੇ ਰਾਗ, ਭੈ, ਕ੍ਰੋਧ ਆਦਿ ਨਸ਼ਟ ਹੋ ਗਏ ਹੋਣ। ਇਸ ਤਰ੍ਹਾਂ 'ਮੁਨੀ' ਸ਼ਬਦ ਇਕ ਧਰਮੀ ਅਤੇ ਵਿਦਵਾਨ ਪੁਰਸ਼ ਦਾ ਸੂਚਕ ਹੈ ਜਿਸ ਕੋਲ ਥੋੜੀ ਬਹੁਤ ਦੈਵੀ ਸ਼ਕਤੀ ਵੀ ਹੋਵੇ ਜਾਂ ਜਿਸ ਨੇ ਮਨਨ ਅਥਵਾ ਚਿੰਤਨ ਰਾਹੀਂ ਇਹ ਪਦਵੀ ਪ੍ਰਾਪਤ ਕੀਤੀ ਹੋਵੇ। ਇਹ ਪਦਵੀ ਪ੍ਰਾਚੀਨ ਕਾਲ ਵਿਚ ਰਿਸ਼ੀਆਂ ਅਤੇ ਸ੍ਰੇਸ਼ਠ ਗ੍ਰੰਥਾਂ ਦੇ ਰਚੈਤਿਆਂ ਨੂੰ ਦਿੱਤੀ ਜਾਂਦੀ ਸੀ। ਕਿਤੇ-ਕਿਤੇ ਇਹ ਸ਼ਬਦ ਰਿਸ਼ੀ ਨਾਲ ਰਲਗਡ ਹੋਇਆ ਵੀ ਪ੍ਰਤੀਤ ਹੁੰਦਾ ਹੈ।

ਗੁਰਬਾਣੀ ਵਿਚ ਮਨ ਦੀ ਦੁਬਿਧਾ ਨੂੰ ਮਾਰ ਕੇ ਬ੍ਰਹਮ ਦਾ ਵਿਚਾਰ ਕਰਨ ਵਾਲੇ ਵਿਅਕਤੀ ਨੂੰ ਮੁਨੀ ਨਾਂ ਦਿੱਤਾ ਗਿਆ ਹੈ—'ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ।/ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ' (ਅ. ਗ੍ਰੰ. 1128)। ਗੁਰਬਾਣੀ ਵਿਚ ਨਉ (ਨੌਂ) ਮੁਨੀਆਂ ਦਾ ਹਵਾਲਾ ਵੀ ਮਿਲਦਾ ਹੈ—'ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ' (ਅ. ਗ੍ਰੰ. 1309)। ਭਾਰਤੀ ਧਾਰਮਿਕ ਸਾਹਿੱਤ ਵਿਚ ਮੁਨੀਆਂ ਦੇ ਨਾਂ ਤਾਂ ਬਹੁਤ ਲਿਖੇ ਹਨ, ਪਰ 'ਭਾਗਵਤ-ਪੁਰਾਣ' (ਸਕੰਧ 4) ਅਨੁਸਾਰ ਸ੍ਰੇਸ਼ਠ ਮੁਨੀ ਕੇਵਲ ਨੌਂ ਹਨ—ਮਰੀਚਿ, ਅਤ੍ਰਿ, ਅੰਗਿਰਾ, ਪੁਲਸਤ੍ਯ, ਪੁਲਹ, ਕ੍ਰਤੁ, ਭ੍ਰਿਗੁ, ਵਸਿਸ਼ਠ ਅਤੇ ਅਥਰਵਣਿ।

ਨਹਿਰੂ, ਜਵਾਹਰ ਲਾਲ : ਵੇਖੋ 'ਜਵਾਹਰ ਲਾਲ, ਨਹਿਰੂ'।

ਨਹੁਸ਼ : ਇਕ ਚੰਦ੍ਰਵੰਸੀ ਰਾਜਾ ਜੋ ਪਾਂਡਵਾਂ ਦਾ ਪੂਰਵਜ ਅਤੇ ਯਯਾਤੀ ਦਾ ਪਿਤਾ ਸੀ। ਇਸ ਨੇ ਆਪਣੀ ਤਪਸਿਆ ਦੇ ਬਲ ਤੇ ਇੰਦਰਾਸਣ ਪ੍ਰਾਪਤ ਕੀਤਾ।

'ਦੇਵੀ-ਭਾਗਵਤ-ਪੁਰਾਣ' (6/7-9) ਅਨੁਸਾਰ ਇੰਦਰ ਨੇ ਇਕ ਵਾਰ ਵ੍ਰਿਤ੍ਰਾਸੁਰ ਅਤੇ ਤ੍ਰਿਸ਼ਿਰਾ ਦੀ ਧੋਖੇ ਨਾਲ ਹਤਿਆ ਕਰ ਦਿੱਤੀ। ਇਸ ਵਿਸ਼ਵਾਸਘਾਤ ਅਤੇ ਬ੍ਰਹਮ-ਹਤਿਆ ਦੇ ਡਰੋਂ ਉਹ ਕਮਲ ਦੀ ਨਾਲ ਵਿਚ ਜਾ ਲੁਕਿਆ। ਰਾਜ ਵਿਚ ਅਰਾਜਕਤਾ ਪਸਰਨ ਕਰਕੇ ਦੇਵਤਿਆਂ ਨੇ ਨਹੁਸ਼ ਨੂੰ ਇੰਦਰਾਸਣ ਉਤੇ ਬਿਠਾ ਦਿੱਤਾ। ਨਹੁਸ਼ ਨੇ ਕਾਮ-ਵਸ ਇੰਦਰਾਣੀ ਨੂੰ ਤਲਬ ਕੀਤਾ। ਬ੍ਰਿਹਸਪਤੀ ਦੀ ਸਲਾਹ ਨਾਲ ਇੰਦਰਾਣੀ ਨੇ ਕਹਿ ਦਿੱਤਾ ਕਿ ਜਦ ਤਕ ਇੰਦਰ ਦੇ ਪ੍ਰਗਟ ਹੋਣ ਦੀ ਸੰਭਾਵਨਾ ਮੁਕ ਨਹੀਂ ਜਾਂਦੀ, ਤਦ ਤਕ ਉਹ ਆਤਮ-ਸਮਰਪਣ ਨਹੀਂ ਕਰੇਗੀ। ਇਹ ਗੱਲ ਦੇਵਤਿਆਂ ਨੇ ਇੰਦਰ ਨੂੰ ਜਾ ਦਸੀ।

ਵਿਸ਼ਣੂ ਨੇ ਇੰਦਰ ਨੂੰ ਸੁਝਾ ਦਿੱਤਾ ਕਿ ਉਹ ਪਹਿਲਾਂ ਅਸ਼੍ਵਮੇਧ ਯੱਗ ਕਰਕੇ ਬ੍ਰਹਮ-ਹਤਿਆ ਦੇ ਲਗੇ ਪਾਪ ਨੂੰ ਨਸ਼ਟ ਕਰੇ। ਇੰਦਰ ਨੇ ਇੰਜ ਹੀ ਕੀਤਾ, ਪਰ ਉਚਿਤ ਸਮੇਂ ਦੀ ਉਡੀਕ ਵਿਚ ਉਹ ਕਮਲ-ਨਾਲ ਵਿਚ ਹੀ ਲੁਕਿਆ ਰਿਹਾ। ਇਧਰ ਇੰਦਰਾਣੀ ਨੇ ਇੰਦਰ ਨਾਲ ਸਲਾਹ ਕਰ ਕੇ ਨਹੁਸ਼ ਨੂੰ ਕਿਹਾ ਕਿ ਉਹ ਇਸ ਸ਼ਰਤ ਤੇ ਨਹੁਸ਼ ਨੂੰ ਮਿਲਣ ਲਈ ਤਿਆਰ ਹੈ ਜੇ ਨਹੁਸ਼ ਰਿਸ਼ੀਆਂ ਦੁਆਰਾ ਚੁੱਕੀ ਸੁਖਪਾਲ ਵਿਚ ਬੈਠ ਕੇ

ਉਸ ਕੋਲ ਆਏ। ਨਹੁਸ਼ ਨੇ ਬਿਨਾ ਸੋਚੇ ਰਿਸ਼ੀਆਂ ਅਤੇ ਤਪਸਵੀਆਂ ਤੋਂ ਆਪਣੀ ਪਾਲਕੀ ਚੁਕਵਾਈ। ਰਸਤੇ ਵਿਚ ਇਸ ਨੇ ਰਿਸ਼ੀਆਂ ਨੂੰ ਕੋੜੇ ਮਾਰ-ਮਾਰ ਕੇ ਚਲਾਇਆ। ਇਕ ਥਾਂ ਤੇ ਇਸ ਨੇ ਅਗਸਤ ਰਿਸ਼ੀ (ਜਾਂ ਵਾਤਾਪੀ) ਨੂੰ ਕੋੜਾ ਮਾਰ ਕੇ 'ਸਰਪ-ਸਰਪ' (ਤੇਜ਼ ਚਲੋ) ਕਿਹਾ। ਨਾਰਾਜ਼ ਹੋਏ ਰਿਸ਼ੀ ਨੇ ਇਸ ਨੂੰ 'ਸਰਪ' (ਨਾਗ) ਹੋ ਜਾਣ ਦਾ ਸਰਾਪ ਦਿੱਤਾ। ਇਹ ਸਵਰਗ ਤੋਂ ਧਰਤੀ ਤੇ ਡਿਗਾ ਅਤੇ ਸੱਪ ਦੀ ਜੂਨ ਜਿਉਣ ਲਗਾ। 'ਮਹਾਭਾਰਤ' ਅਨੁਸਾਰ ਯੁਧਿਸ਼ਠਿਰ ਨੇ ਇਸ ਨੂੰ ਸਰਾਪ ਤੋਂ ਮੁਕਤ ਕੀਤਾ।

ਨਕਸਲਬਾੜੀ : ਬੰਗਾਲ ਪ੍ਰਦੇਸ਼ ਦਾ ਇਕ ਪਿੰਡ ਜਿਥੋਂ ਸੀ. ਪੀ. (ਐਮ. ਐਲ.) ਦੀਆਂ ਮਾਨਤਾਵਾਂ ਅਨੁਸਾਰ ਜਾਗੀਰਦਾਰਾਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਭੂਮੀਹੀਨਾਂ ਵਿਚ ਵੰਡਣ ਦੇ ਅੰਦੋਲਨ ਦਾ ਆਰੰਭ ਹੋਇਆ ਸੀ। ਇਹ ਅੰਦੋਲਨ ਸੰਨ 1967 ਈ. ਵਿਚ ਸ਼ੁਰੂ ਹੋਇਆ ਜਦੋਂ ਬੰਗਾਲ ਵਿਚ ਸੀ.ਪੀ.ਐਮ. ਦੀ ਸਰਕਾਰ ਸੀ। ਅਸਲ ਵਿਚ ਇਹ ਅੰਦੋਲਨ ਉਨ੍ਹਾਂ ਲੋਕਾਂ ਦੁਆਰਾ ਚਲਾਇਆ ਗਿਆ ਜੋ ਸੀ. ਪੀ. ਐਮ. ਦੀ ਇਨਕਲਾਬ ਲਿਆਉਣ ਦੀ ਨੀਤੀ ਤੋਂ ਅਸੰਤੁਸ਼ਟ ਸਨ। ਇਹ ਇਕ ਪ੍ਰਕਾਰ ਦੀ ਸ਼ਸਤ੍ਰ ਪਰ ਗੁਪਤ ਕ੍ਰਾਂਤੀ ਸੀ। ਇਹ ਕ੍ਰਾਂਤੀਕਾਰੀ ਧੜਾ ਰੂਸ ਨਾਲੋਂ ਚੀਨ ਦੀ ਵਿਚਾਰਧਾਰਾ ਵਲ ਜ਼ਿਆਦਾ ਝੁਕਿਆ ਹੋਇਆ ਸੀ। ਇਸ ਦੀ ਧਾਰਨਾ ਸੀ ਕਿ ਕ੍ਰਾਂਤੀ ਲਿਆਉਣ ਲਈ ਕਿਸਾਨ ਹੀ ਪ੍ਰਮੁਖ ਰੂਪ ਵਿਚ ਸਮਰਥ ਹਨ। ਇਹ ਲੋਕ ਕ੍ਰਾਂਤੀ ਦੀ ਮਸ਼ਾਲ ਪਿੰਡਾਂ ਤੋਂ ਸ਼ਹਿਰਾਂ ਵਲ ਲੈ ਜਾਣ ਦੇ ਹਕ ਵਿਚ ਸਨ ਅਤੇ ਸ਼ਹਿਰਾਂ ਦੀਆਂ ਮਿਲਾਂ ਅਤੇ ਫ਼ੈਕਟਰੀਆਂ ਦੇ ਕਾਮਿਆਂ ਨੂੰ ਗੌਣ ਮਹੱਤਵ ਦਿੰਦੇ ਸਨ।

ਇਨ੍ਹਾਂ ਲੋਕਾਂ ਦੇ ਵੀ ਅਗੋਂ ਦੋ ਵਰਗ ਸਨ—ਇਕ ਵਰਗ ਪਿੰਡਾਂ ਦੇ ਅਨਪੜ੍ਹ ਲੋਕਾਂ ਦਾ ਸੀ ਜੋ ਆਪਣੇ ਨੇਤਾ ਦੀ ਆਗਿਆ ਦਾ ਕੇਵਲ ਪਾਲਨ ਕਰਨਾ ਹੀ ਜਾਣਦੇ ਸਨ ਅਤੇ ਦੂਜਾ ਧੜਾ ਉਨ੍ਹਾਂ ਪੜ੍ਹੇ ਲਿਖੇ ਲੋਕਾਂ ਦਾ ਸੀ ਜੋ ਮਾਰਕਸ, ਲੈਨਿਨ, ਸਟਾਲਿਨ ਅਤੇ ਮਾਓ ਵਿਚੋਂ ਕਿਸੇ ਇਕ ਦੀ ਵਿਚਾਰਧਾਰਾ ਨੂੰ ਇੰਨ-ਬਿੰਨ ਨਾ ਮੰਨ ਕੇ ਉਨ੍ਹਾਂ ਦੇ ਆਧਾਰ ਤੇ ਇਕ ਨਵੇਂ ਵਿਚਾਰਧਾਰਕ ਵਿਧਾਨ ਨੂੰ ਤਿਆਰ ਕਰਨ ਦੇ ਹਕ ਵਿਚ ਸਨ ਜੋ ਭਾਰਤ ਦੀਆਂ ਲੋੜਾਂ ਅਤੇ ਸੀਮਾਵਾਂ ਦੇ ਅਨੁਰੂਪ ਹੋਵੇ। ਯੂਨੀਵਰਸਿਟੀਆਂ, ਕਾਲਜਾਂ ਦੇ ਅਧਿਆਪਕਾਂ ਅਤੇ ਹੋਰ ਬੁੱਧੀ-ਜੀਵੀਆਂ ਨੇ ਇਸ ਅੰਦੋਲਨ ਨੂੰ ਕਾਫ਼ੀ ਤੇਜ਼ ਕੀਤਾ। ਬੰਗਾਲ ਵਿਚ ਯਾਦਵਪੁਰ ਯੂਨੀਵਰਸਿਟੀ ਅਤੇ ਆਂਧ੍ਰ ਪ੍ਰਦੇਸ਼ ਦੇ ਤਲਿੰਗਾਨਾ ਖੇਤਰ ਵਿਚ ਇਸ ਅੰਦੋਲਨ ਦੇ ਪ੍ਰਮੁਖ ਕੇਂਦਰ ਸਨ। ਪੰਜਾਬ ਵਿਚ ਪ੍ਰੋ. ਹਰਭਜਨ ਸਿੰਘ ਸੋਹੀ ਹੋਰਾਂ ਨੇ ਇਸ ਦੇ ਪ੍ਰਚਾਰ ਦਾ ਬੀੜਾ ਚੁਕਿਆ ਸੀ। ਇਸ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ, ਹਰਿਭਜਨ ਹਲਵਾਰਵੀ ਆਦਿ ਨੇ ਕਾਫ਼ੀ ਵਿਦਰੋਹੀ ਸੁਰ ਵਾਲੀਆਂ ਕਵਿਤਾਵਾਂ ਲਿਖੀਆਂ। ਇਸ ਵਿਚਾਰਧਾਰਾ ਵਿਚ ਯਕੀਨ ਰਖਣ ਵਾਲੇ ਨੂੰ 'ਨਕਸਲਵਾੜੀਆ' ਅਤੇ ਇਸ ਸਿੱਧਾਂਤ ਨੂੰ 'ਨਕਸਲਵਾਦ' ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਇਸ ਲਹਿਰ ਵਲ ਸੰਕੇਤ ਕਰਦਿਆਂ ਅੰਕਿਤ ਕੀਤਾ ਹੈ—'ਜਾਂ ਨਕਸਲਬਾੜੀਆ ਕੋਈ/ਕਿਸੇ ਨੂੰ ਕਤਲ ਜਦ ਕਰਦੈ/ਤਾਂ ਮੇਰੇ

ਘਰ ਦੀਆਂ ਕੰਧਾਂ ਨੂੰ/ਉਸ ਪਲ ਤਾਪ ਆ ਚੜ੍ਹਦੇ...।'

ਨਕੀਰ : ਵੇਖੋ 'ਮੁਨਕਰ-ਨਕੀਰ'।

ਨਖਿਅਤ੍ਰ/ਨਕ੍ਸ਼ਤ੍ਰ : ਇਹ ਸ਼ਬਦ 'ਰਿਗਵੇਦ' ਵਿਚ ਤਾਰੇ ਲਈ ਵਰਤਿਆ ਗਿਆ ਸੀ ਪਰ ਬਾਦ ਦੇ ਸੰਘਿਤਾ-ਗ੍ਰੰਥਾਂ ਵਿਚ ਇਸ ਦੀ ਵਰਤੋਂ ਚੰਦ੍ਰ-ਸਥਾਨਾਂ ਲਈ ਹੋਣ ਲਗ ਗਈ। ਇਹ, ਅਸਲ ਵਿਚ, ਜੋਤਿਸ਼-ਸ਼ਾਸਤ੍ਰ ਅਨੁਸਾਰ ਤਾਰਿਆਂ ਦਾ ਸਮੂਚ ਜਾਂ ਪਿੰਡ ਹੈ ਜੋ ਖਗੋਲ ਵਿਚ ਚੰਦ੍ਰਮਾ ਦਾ ਮਾਰਗ ਬਣਾਉਂਦਾ ਹੈ। ਇਸ ਲਈ ਨਕ੍ਸ਼ਤ੍ਰਾਂ ਨੂੰ 'ਚੰਦ੍ਰ ਸਥਾਨ' ਕਿਹਾ ਜਾਂਦਾ ਹੈ। ਇਹ ਚੰਦ੍ਰਮਾ ਦੀਆਂ ਕਲਾਵਾਂ ਵਜੋਂ ਵੀ ਪ੍ਰਸਿੱਧ ਹਨ।

ਕਾਲਾਂਤਰ ਵਿਚ ਇਨ੍ਹਾਂ ਦਾ ਚੰਦ੍ਰਮਾ ਨਾਲ ਵਿਵਾਹਿਕ ਸੰਬੰਧ ਵੀ ਦਸਿਆ ਜਾਣ ਲਗਾ। ਇਨ੍ਹਾਂ ਦੀ ਗਿਣਤੀ ਮੁੱਖ ਤੌਰ 'ਤੇ 27 ਹੈ। ਇਹ ਵੀ ਕਲਪਨਾ ਹੈ ਕਿ ਇਹ ਦਕ੍ਸ਼ ਪ੍ਰਜਾਪਤੀ ਦੀਆਂ ਪੁੱਤਰੀਆਂ ਸਨ। ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਕ੍ਰਿੱਤਿਕਾ, ਰੋਹਿਣੀ, ਮ੍ਰਿਗਸ਼ੀਰਸ਼ (ਮ੍ਰਿਗਸ਼ਿਰਾ), ਆਰਦ੍ਰਾ, ਪੁਨਰਵਸੁ, ਤਿਸ਼੍ਯ (ਪੁਸ਼੍ਯ), ਆਸ਼੍ਲੇਸ਼ਾ, ਮਘਾ, ਫਾਲ੍ਗੁਨੀ (ਪੂਰਵ ਅਤੇ ਉੱਤਰ) ਹਸ੍ਤ, ਚਿਤ੍ਰਾ, ਸ੍ਵਾਤੀ (ਨਿਸ਼੍ਟ੍ਯਾ), ਵਿਸ਼ਾਖਾ, ਅਨੁਰਾਧਾ, ਜ੍ਯੇਸ਼ਠਾਗਨਿ (ਜ੍ਯੇਸ਼ਠਾ), ਵਿਕ੍ਰਿਤੌ (ਮੂਲ), ਆਸ਼ਾੜ੍ਹਾ (ਪੂਰਵ ਅਤੇ ਉੱਤਰ), ਸ਼੍ਰੋਣਾ (ਸ਼੍ਰਵਣ), ਸ਼੍ਰਵਿਸ਼ਠਾ (ਧਨਿਸ਼੍ਠਾ), ਸ਼ਤਭਿਸ਼ਕ (ਸ਼ਤਭਿਸ਼ਾ), ਪ੍ਰੋਸ਼ਠਪਦਾ ਜਾਂ ਭਾਦ੍ਰਪਦਾ (ਪੂਰਵ ਅਤੇ ਉੱਤਰ), ਰੇਵਤੀ, ਅਸ਼੍ਵਯੁਜੌ ਅਤੇ ਭਰਣੀ।

ਕਾਠਕ ਅਤੇ ਤੈਤਿਰੀਯ ਸੰਘਿਤਾਵਾਂ ਵਿਚ ਚੰਦ੍ਰ-ਸਥਾਨਾਂ ਦੀ ਗਿਣਤੀ ਭਾਵੇਂ ਨਿਸ਼ਚਿਤ ਰੂਪ ਵਿਚ ਨਹੀਂ ਦਿੱਤੀ ਗਈ, ਪਰ ਫਿਰ ਵੀ 27 ਗਿਣਤੀ ਪ੍ਰਸਿੱਧ ਹੈ। ਕੁਝ ਵਿਦਵਾਨ ਇਹ ਗਿਣਤੀ 28 ਮੰਨਦੇ ਹਨ। ਪਰ ਇਹ ਠੀਕ ਨਹੀਂ, ਕਿਉਂਕਿ ਤੈਤਿਰੀਯ ਸੰਘਿਤਾ' ਵਿਚ 'ਅਭਿਜਿਤ' ਨਕ੍ਸ਼ਤ੍ਰ ਨਵਾਂ ਹੈ, ਨਾਲੇ ਇਹ ਬਾਕੀਆਂ ਨਾਲੋਂ ਘੱਟ ਜੋਤਿ ਵਾਲਾ ਹੈ। ਇਨ੍ਹਾਂ ਦੀ 27 ਗਿਣਤੀ ਉਦੋਂ ਸਹਿਜ ਵਿਚ ਸਮਝ ਆ ਜਾਂਦੀ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਚੰਦ੍ਰਮਾ ਦੇ ਮਹੀਨੇ ਵਿਚ 27 ਜਾਂ 28 ਦਿਨ ਹੁੰਦੇ ਹਨ। ਅਧਿਕਤਰ ਇਹ ਗਿਣਤੀ 27 ਹੀ ਹੁੰਦੀ ਹੈ। ਲਾਟ੍ਯਾਯਨ ਅਤੇ ਨਿਦਾਨਸੂਤ੍ਰ ਵਿਚ ਮਹੀਨੇ ਦੇ 27 ਦਿਨ, 12 ਮਹੀਨਿਆਂ ਦਾ ਸਾਲ ਅਤੇ ਸਾਲ ਵਿਚ ਕੁਲ 324 ਦਿਨ ਮੰਨੇ ਗਏ ਹਨ। ਨਕ੍ਸ਼ਤ੍ਰ ਵਰ੍ਹੇ ਵਿਚ ਇਕ ਮਹੀਨਾ ਹੋਰ ਜੁੜ ਜਾਣ ਕਰਕੇ 354 ਦਿਨ ਹੁੰਦੇ ਹਨ। ਡਾ. ਰਾਜ ਬਲੀ ਪਾਂਡੇਯ ਅਨੁਸਾਰ ਨਿਦਾਨਸੂਤ੍ਰ ਵਿਚ ਨਕ੍ਸ਼ਤ੍ਰ ਦਾ ਪਰਿਚਯ ਦਿੰਦੇ ਹੋਇਆਂ ਸੂਰਯ-ਵਰਸ਼ ਵਿਚ 360 ਦਿਨਾਂ ਦਾ ਹੋਣਾ ਦਸਿਆ ਗਿਆ ਹੈ ਜਿਸ ਦਾ ਕਾਰਣ ਸੂਰਯ ਦਾ ਹਰ ਇਕ ਨਕ੍ਸ਼ਤ੍ਰ ਲਈ $13\frac{1}{3}$ ਦਿਨ ਗੁਜ਼ਾਰਨੇ ਹਨ।

ਜੋਤਿਸ਼-ਸ਼ਾਸਤ੍ਰ ਦੇ ਪੰਜ ਅੰਗਾਂ ਵਿਚ ਨਕ੍ਸ਼ਤ੍ਰ ਦਾ ਵਿਸ਼ੇਸ਼ ਸਥਾਨ ਹੈ। ਪਰ ਮੱਧ-ਯੁਗ ਦੇ ਭਗਤੀ-ਕਾਵਿ ਵਿਚ ਨਕ੍ਸ਼ਤ੍ਰ-ਵਿਗਿਆਨ ਵਿਚ ਕੋਈ ਵਿਸ਼ਵਾਸ ਪ੍ਰਗਟ ਨਹੀਂ ਕੀਤਾ ਗਿਆ, ਸਗੋਂ ਇਨ੍ਹਾਂ ਨੂੰ ਵੀ ਨਾਸ਼ਮਾਨ ਦਸਿਆ ਗਿਆ ਹੈ। ਗੁਰੂ ਅਰਜਨ ਦੇਵ ਨੇ ਇਨ੍ਹਾਂ ਦਾ ਉੱਲੇਖ ਕਰਦਿਆਂ ਦਸਿਆ ਹੈ—'ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ' (ਅ. ਗ੍ਰੰ. 1204)।

ਨਚਿਕੇਤਾ : ਵੈਦਿਕ ਯੁਗ ਵਿਚ ਹੋਇਆ ਇਕ ਰਿਸ਼ੀ ਬਾਲਕ ਜੋ ਬਹੁਤ ਹੀ

ਤੇਜਸਵੀ ਅਤੇ ਵਿਚਾਰਵਾਨ ਸੀ। 'ਕਠ-ਉਪਨਿਸ਼ਦ' ਅਨੁਸਾਰ ਵਾਜਸ਼੍ਰਵਾ ਬ੍ਰਾਹਮਣ ਦੇ ਘਰ ਨਚਿਕੇਤਾ ਦਾ ਜਨਮ ਹੋਇਆ ਸੀ। ਬ੍ਰਾਹਮਣ ਨੇ ਸਵਰਗ-ਪ੍ਰਾਪਤੀ ਦੀ ਇੱਛਾ ਨਾਲ ਸਭ ਕੁਝ ਦਾਨ ਵਿਚ ਦੇ ਦਿੱਤਾ। ਇਹ ਵੇਖ ਕੇ ਨਚਿਕੇਤਾ ਨੇ ਉਤਸੁਕਤਾ-ਵਸ ਪਿਤਾ ਨੂੰ ਕਈ ਵਾਰ ਪੁਛਿਆ ਕਿ ਮੈਨੂੰ ਕਿਸ ਨੂੰ ਦਾਨ ਦਿਓਗੇ। ਬ੍ਰਾਹਮਣ ਨੇ ਖਿਝ ਕੇ ਕਿਹਾ ਕਿ ਯਮਰਾਜ ਨੂੰ।

ਤਦ ਉਪਰੰਤ ਨਚਿਕੇਤਾ ਯਮਰਾਜ ਕੋਲ ਗਿਆ, ਪਰ ਯਮਰਾਜ ਮੌਜੂਦ ਨਹੀਂ ਸੀ। ਇਸ ਨੂੰ ਤਿੰਨ ਦਿਨ ਉਡੀਕਣਾ ਪਿਆ। ਜਦੋਂ ਯਮਰਾਜ ਪਰਤਿਆ ਤਾਂ ਉਸ ਨੂੰ ਘਰ ਵਿਚ ਆਏ ਬ੍ਰਾਹਮਣ ਵਲੋਂ ਤਿੰਨ ਦਿਨ ਉਡੀਕ ਕਰਨ ਦੀ ਗੱਲ ਦਾ ਬਹੁਤ ਅਹਿਸਾਸ ਹੋਇਆ। ਉਸ ਨੇ ਤਿੰਨ ਦਿਨਾਂ ਦੇ ਬਦਲੇ ਤਿੰਨ ਵਰ ਮੰਗਣ ਲਈ ਨਚਿਕੇਤਾ ਨੂੰ ਕਿਹਾ। ਨਚਿਕੇਤਾ ਨੇ ਪਹਿਲਾ ਵਰ ਇਹ ਮੰਗਿਆ ਕਿ ਮੇਰੇ ਪਿਤਾ ਦਾ ਕਰੋਧ ਦੂਰ ਹੋਵੇ ਅਤੇ ਮੈਨੂੰ ਵਾਪਸੀ ਤੇ ਪੂਰਾ ਸਨੇਹ ਮਿਲੇ। ਦੂਜੇ ਵਰ ਰਾਹੀਂ ਨਚਿਕੇਤਾ ਨੇ ਅਗਨੀ ਦੇਵਤਾ ਦੇ ਸਰੂਪ ਨੂੰ ਜਾਣਨ ਦੀ ਇੱਛਾ ਪ੍ਰਗਟ ਕੀਤੀ। ਤੀਜੇ ਵਰ ਰਾਹੀਂ ਇਸ ਨੇ ਜਨਮ-ਮਰਨ ਦੇ ਭੇਦ ਅਤੇ ਬ੍ਰਹਮ ਦੇ ਸਰੂਪ ਬਾਰੇ ਜਾਣਨ ਦੀ ਖਾਹਿਸ਼ ਜ਼ਾਹਿਰ ਕੀਤੀ।

ਯਮਰਾਜ ਨੇ ਇਨ੍ਹਾਂ ਦਾਰਸ਼ਨਿਕ ਪ੍ਰਸ਼ਨਾਂ ਦਾ ਉੱਤਰ ਦੇਣੋਂ ਪਹਿਲਾਂ ਤਾਂ ਸੰਕੋਚ ਕੀਤਾ, ਪਰ ਫਿਰ ਸਭ ਕੁਝ ਦਸ ਦਿੱਤਾ। ਇਸ ਨਾਲ ਨਚਿਕੇਤਾ ਨੂੰ ਆਤਮ-ਵਿਦਿਆ ਦਾ ਬੋਧ ਹੋਇਆ। ਜਸਵੰਤ ਸਿੰਘ ਨੇਕੀ ਨੇ ਇਸ ਦਾ ਉੱਲੇਖ ਕਰਦਿਆਂ ਲਿਖਿਆ ਹੈ—'ਕੋਈ ਨਵ-ਨਚਿਕੇਤਾ ਹੀ ਜਾਣੂ ਹੁੰਦਾ ਹੈ/ ਜੋ ਜ਼ਿੰਦਗੀ ਤੇ ਮੌਤ ਦੋਹਾਂ ਦੇ ਘਰ ਮਹਿਮਾਨ ਰਿਹਾ ਹੋਵੇ।'

'ਮਹਾਭਾਰਤ' (ਦਾਨ-ਧਰਮ-ਪਰਵ) ਵਿਚ ਨਚਿਕੇਤਾ ਨੂੰ ਉੱਦਾਲਕ ਰਿਸ਼ੀ ਦਾ ਪੁੱਤਰ ਮੰਨਿਆ ਗਿਆ ਹੈ। ਉਥੇ ਪਿਤਾ ਦੀ ਖਿਝ ਦਾ ਕਾਰਣ ਵਾਰ-ਵਾਰ ਪ੍ਰਸ਼ਨ ਕਰਨਾ ਨਹੀਂ ਲਿਖਿਆ, ਸਗੋਂ ਇਸ਼ਨਾਨ ਕਰਨ ਵੇਲੇ ਪਿਤਾ ਵਲੋਂ ਨਦੀ ਦੇ ਕੰਢੇ ਉਤੇ ਭੁਲ ਆਏ ਖਾਧ ਪਦਾਰਥਾਂ ਨੂੰ ਨਾ ਲਿਆ ਸਕਣਾ ਹੈ।

ਨਨਕਾਣਾ, ਸਾਹਿਬ : ਇਹ ਸ਼ਬਦ ਨਾਨਕਿਆਣਾ (ਨਾਨਕਾਯਨ) ਦਾ ਲੋਕ-ਮੁਖ ਦੀ ਟਕਸਾਲ ਅਨੁਸਾਰ ਢਲਿਆ ਹੋਇਆ ਰੂਪ ਹੈ। ਇਸ ਤੋਂ ਭਾਵ ਹੈ ਗੁਰੂ ਨਾਨਕ ਦੇਵ ਦਾ ਘਰ (ਅਯਨ)। ਪਹਿਲਾਂ ਇਹ ਸਥਾਨ 'ਤਲਵੰਡੀ ਰਾਇ ਭੋਇ' ਦੇ ਨਾਂ ਨਾਲ ਪ੍ਰਸਿੱਧ ਸੀ, ਪਰ ਸੰਨ 1469 ਈ. ਵਿਚ ਗੁਰੂ ਨਾਨਕ ਦੇਵ ਦੇ ਪ੍ਰਗਟ ਹੋਣ ਨਾਲ ਇਸ ਦਾ ਨਾਂ 'ਨਨਕਾਣਾ' ਪ੍ਰਸਿੱਧ ਹੋ ਗਿਆ। ਹੁਣ ਇਹ ਪਾਕਿਸਤਾਨੀ ਪੰਜਾਬ ਦੇ ਸ਼ੇਖੂਪੁਰਾ ਜ਼ਿਲੇ ਦਾ ਇਕ ਵੱਡਾ ਕਸਬਾ ਹੈ। ਇਥੇ ਗੁਰੂ ਨਾਨਕ ਦੇਵ ਦੇ ਜਨਮ ਲੈਣ ਵਾਲੇ ਸਥਾਨ 'ਤੇ ਗੁਰਦੁਆਰਾ 'ਜਨਮ-ਸਥਾਨ' ਬਣਿਆ ਹੋਇਆ ਹੈ। ਉਸ ਤੋਂ ਇਲਾਵਾ ਗੁਰੂ ਜੀ ਨਾਲ ਸੰਬੰਧਿਤ ਕੁਝ ਹੋਰ ਗੁਰੂ-ਧਾਮ ਵੀ ਹਨ, ਜਿਵੇਂ ਕਿਆਰਾ ਸਾਹਿਬ, ਤੰਬੂ ਸਾਹਿਬ, ਪੱਟੀ ਸਾਹਿਬ, ਬਾਲ-ਲੀਲ੍ਹ, ਮਾਲ-ਜੀ ਸਾਹਿਬ ਆਦਿ।

ਸੰਨ 1921 ਈ. ਤੋਂ ਪਹਿਲਾਂ ਗੁਰਦੁਆਰਾ ਜਨਮ-ਸਥਾਨ ਉਤੇ ਉਦਾਸੀ ਮਹੰਤ

ਨਰੈਣ ਦਾਸ ਦਾ ਕਬਜ਼ਾ ਸੀ । ਉਸ ਨੇ ਉਦਾਸੀ ਸੰਤਾਂ ਵਾਲੀ ਮਰਯਾਦਾ ਛਡ ਕੇ ਗੁਰਦੁਆਰੇ ਨੂੰ ਵਿਭਚਾਰ ਦੇ ਅੱਡੇ ਵਿਚ ਬਦਲ ਦਿੱਤਾ । ਇਸ ਤੋਂ ਸਿੱਖ-ਸਮਾਜ ਵਿਚ ਰੋਹ ਦੀ ਭਾਵਨਾ ਭੜਕ ਉਠੀ । ਅਕਤੂਬਰ, 1920 ਈ. ਵਿਚ ਧਾਰੋਵਾਲੀ ਪਿੰਡ ਵਿਚ ਦੀਵਾਨ ਹੋਇਆ ਅਤੇ ਮਹੰਤ ਨੂੰ ਆਪਣਾ ਪ੍ਰਬੰਧ ਅਤੇ ਆਚਰਣ ਸੁਧਾਰਨ ਲਈ ਮਤਾ ਪਾਸ ਕਰਕੇ ਸੂਚਨਾ ਦਿੱਤੀ ਗਈ । ਉਸ ਨੇ ਸੁਧਾਰ ਕਰਨ ਦੀ ਥਾਂ ਬਦਮਾਸ਼ ਅਤੇ ਗੁੰਡੇ ਇਕੱਠੇ ਕਰ ਕੇ ਲੜਾਈ ਕਰਨ ਦੀ ਤਿਆਰੀ ਕਰ ਲਈ । 20 ਜਨਵਰੀ, 1921 ਈ. ਨੂੰ ਭਾਈ ਲੱਛਮਣ ਸਿੰਘ ਦਾ ਜੱਥਾ ਨਨਕਾਣਾ ਸਾਹਿਬ ਪਹੁੰਚ ਗਿਆ । ਇਸ਼ਨਾਨ ਕਰਨ ਉਪਰੰਤ ਸਵੇਰੇ ਨੌਂ ਵਜੇ ਕੀਰਤਨ ਕਰਦਾ ਹੋਇਆ ਜੱਥਾ ਗੁਰਦੁਆਰੇ ਦੇ ਅੰਦਰ ਪਹੁੰਚਿਆ । ਮਹੰਤ ਨੇ ਗੁਰਦੁਆਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ । ਮਹੰਤ ਦੇ ਗੁੰਡੇ ਸ਼ਾਂਤਮਈ ਜੱਥੇ ਉਤੇ ਟੁੱਟ ਕੇ ਪੈ ਗਏ । ਬੰਦੂਕਾਂ, ਤਲਵਾਰਾਂ, ਬਰਛੀਆਂ, ਗੰਡਾਸਿਆਂ ਦੀ ਖੁਲ੍ਹ ਕੇ ਵਰਤੋਂ ਹੋਈ । ਕਈਆਂ ਨੂੰ ਤੇਲ ਪਾ ਕੇ ਸਾੜਿਆ ਗਿਆ । ਇਸ ਸਾਕੇ ਵਿਚ 89 ਸਿੱਖ ਸ਼ਹੀਦ ਹੋਏ । 21 ਫਰਵਰੀ ਨੂੰ ਗੁਰਦੁਆਰੇ ਦੀਆਂ ਚਾਬੀਆਂ ਸਿੱਖਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ । 'ਗੁਰਦੁਆਰਾ ਸੁਧਾਰ ਲਹਿਰ' ਦੀ ਇਹ ਇਕ ਪ੍ਰਮੁਖ ਘਟਨਾ ਹੈ, ਇਸ ਲਈ ਕਵੀਆਂ ਨੇ ਇਸ ਵਲ ਸੰਕੇਤ ਕੀਤੇ ਹਨ । 'ਝਨਾਂ ਦੀ ਰਾਤ' ਵਿਚ ਲਿਖਿਆ ਹੈ—'ਬਜਬਜ ਘਾਟ, ਨਨਕਾਣੇ ਤੇ ਜੈਤੋ ਵਿਚ/ਹਸਨ ਅਬਦਾਲ ਦੇ ਸਿਕਦੇ ਪਰਬਤਾਂ ਅੰਦਰ ।'

ਨੱਬੀ : ਨੱਬੀ ਦੇ ਕਈ ਅਰਥ ਕੀਤੇ ਜਾਂਦੇ ਹਨ, ਜਿਵੇਂ ਖ਼ੁਦਾ ਦਾ ਗੁਣਗਾਨ ਕਰਨ ਵਾਲਾ, ਖ਼ੁਦਾ ਦੇ ਆਦੇਸ਼ਾਂ ਦੀ ਸਿਖਿਆ ਦੇਣ ਵਾਲਾ, ਭਵਿਸ਼ ਦੀ ਸੂਚਨਾ ਦੇਣ ਵਾਲਾ, ਖ਼ੁਦਾ ਦਾ ਪੈਗ਼ਾਮ ਲੋਕਾਂ ਤਕ ਪਹੁੰਚਾਣ ਵਾਲਾ ਆਦਿ । 'ਬਾਈਬਲ' ਵਿਚ ਇਸ ਨੂੰ 'ਖ਼ੁਦਾ ਦਾ ਬੰਦਾ' ਕਿਹਾ ਗਿਆ ਹੈ ।

ਇਸਲਾਮ ਵਿਚ ਨੱਬੀ ਉਹ ਹੈ ਜਿਸ ਨੂੰ ਫ਼ਰਿਸ਼ਤੇ ਰਾਹੀਂ ਰੱਬੀ 'ਵਹੀ' ਪ੍ਰਾਪਤ ਹੁੰਦੀ ਹੈ, ਜਾਂ ਇਲਹਾਮ ਹੁੰਦਾ ਹੈ । ਨੱਬੀ ਨੂੰ 'ਪੈਗੰਬਰ' ਵੀ ਕਿਹਾ ਜਾਂਦਾ ਹੈ । ਇਥੇ ਪੈਗੰਬਰ ਅਤੇ ਰਸੂਲ ਦਾ ਅੰਤਰ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ । 'ਪੈਗੰਬਰ', ਅਸਲ ਵਿਚ, ਖ਼ੁਦਾ ਦਾ ਸੰਦੇਸ਼ ਦੇਣ ਵਾਲੇ ਹਰ ਧਰਮੀ ਪੁਰਸ਼ ਨੂੰ ਕਿਹਾ ਜਾ ਸਕਦਾ ਹੈ ਭਾਵੇਂ ਉਸ ਨੂੰ ਖ਼ੁਦਾ ਵਲੋਂ ਕੋਈ ਧਰਮ-ਗ੍ਰੰਥ ਕਿਸੇ ਨਾ ਕਿਸੇ ਰੂਪ ਵਿਚ ਬਖ਼ਸ਼ਿਆ ਗਿਆ ਹੋਵੇ ਜਾਂ ਨਾ । ਪਰ 'ਰਸੂਲ' ਕੇਵਲ ਉਸ ਨੂੰ ਕਿਹਾ ਜਾਵੇਗਾ ਜਿਸ ਨੂੰ ਖ਼ੁਦਾ ਵਲੋਂ ਜਿਬਰਾਈਲ ਫ਼ਰਿਸ਼ਤੇ ਰਾਹੀਂ ਕਿਸੇ ਧਰਮ ਪੁਸਤਕ ਦਾ ਆਦੇਸ਼ ਹੋਇਆ ਹੋਵੇ । ਪੈਗੰਬਰ ਹੋਣ ਲਈ ਇਹ ਸ਼ਰਤ ਜ਼ਰੂਰੀ ਨਹੀਂ । ਸੁਲਤਾਨ ਬਾਹੂ ਨੇ ਨੱਬੀ ਦਾ ਹਵਾਲਾ ਦਿੱਤਾ ਹੈ—'ਜਿਨ੍ਹਾਂ ਮਜਲਸ ਨਾਲ ਨਬੀ ਦੇ ਬਾਹੂ,/ਓਹ ਸਾਹਿਬ ਰਾਜ਼ ਨਿਆਜ਼ਾਂ ਹੂ' ।

ਨੱਬੀ-ਖ਼ਾਂ : ਗ਼ਨੀ-ਖ਼ਾਂ ਦਾ ਭਰਾ । ਵੇਖੋ 'ਗ਼ਨੀ-ਖ਼ਾਂ' ।

ਨਮਰੂਦ, ਬਾਦਸ਼ਾਹ : ਸੀਰੀਆ ਦੇਸ਼ ਦਾ ਇਕ ਹੰਕਾਰੀ ਬਾਦਸ਼ਾਹ ਜੋ ਕੱਨਾਨ ਦਾ ਪੁੱਤਰ ਸੀ । ਰੱਬ ਵਿਚ ਯਕੀਨ ਨਾ ਰਖ ਕੇ ਇਹ ਆਪਣੇ ਆਪ ਨੂੰ ਰੱਬ ਅਖਵਾਉਂਦਾ ਸੀ । 'ਕੁਰਾਨ' ਵਿਚ ਜ਼ਿਕਰ ਆਉਂਦਾ ਹੈ ਕਿ ਪਰਮ-ਸੱਤਾ ਦੇ ਸਰੂਪ ਬਾਰੇ ਇਸ ਦੀ

ਇਬਰਾਹੀਮ ਨਾਲ ਬਹਿਸ ਹੋ ਗਈ। ਜਦੋਂ ਉਹ ਇਬਰਾਹੀਮ ਨੂੰ ਸੰਤੁਸ਼ਟ ਨਾ ਕਰ ਸਕਿਆ ਤਾਂ ਹੁਕਮ ਦਿੱਤਾ ਕਿ ਇਸ ਨੂੰ ਅੱਗ ਵਿਚ ਸੁਟ ਕੇ ਸਾੜ ਦਿੱਤਾ ਜਾਏ। ਫਲਸਰੂਪ ਬਹੁਤ ਸਾਰੀਆਂ ਲਕੜਾਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ ਅਤੇ ਇਬਰਾਹੀਮ ਨੂੰ ਰੱਸੀਆਂ ਨਾਲ ਬੰਨ੍ਹ ਕੇ ਉਸ ਵਿਚ ਸੁਟ ਦਿੱਤਾ ਗਿਆ। ਕਹਿੰਦੇ ਹਨ ਜਿਬਰਾਈਲ ਫ਼ਰਿਸ਼ਤੇ ਨੇ ਇਬਰਾਹੀਮ ਨੂੰ ਅੱਗ ਦੇ ਪ੍ਰਭਾਵ ਤੋਂ ਬਚਾ ਲਿਆ, ਕੇਵਲ ਉਸ ਨੂੰ ਬੰਨ੍ਹੀਆਂ ਹੋਈਆਂ ਰੱਸੀਆਂ ਹੀ ਸੜੀਆਂ। ਅੱਗ ਦੀ ਤਪਸ਼ ਖ਼ਤਮ ਹੋ ਗਈ ਅਤੇ ਲਕੜਾਂ ਦਾ ਢੇਰ ਇਕ ਹਰੀ ਭਰੀ ਚਰਾਂਦ ਵਿਚ ਬਦਲ ਗਿਆ।

ਯਹੂਦੀ ਇਤਿਹਾਸ ਅਨੁਸਾਰ ਨਮਰੂਦ ਵਲੋਂ ਇਬਰਾਹੀਮ ਵਿਰੁੱਧ ਕੀਤੀ ਜੰਗ ਵੇਲੇ ਇਸ ਦੇ ਬਹੁਤ ਸਾਥੀ ਸਹਾਇਤਾ ਕਰਨੋਂ ਹਟ ਗਏ। ਜੋ ਬਚੇ ਉਨ੍ਹਾਂ ਨੂੰ ਮੱਛਰਾਂ ਨੇ ਮਾਰ ਦਿੱਤਾ। ਇਕ ਮੱਛਰ ਨਮਰੂਦ ਦੇ ਨਕ ਜਾਂ ਕੰਨ ਵਿਚ ਵੜ ਕੇ ਦਿਮਾਗ਼ ਦੀ ਕਿਸੇ ਨਾੜੀ ਵਿਚ ਪਹੁੰਚ ਗਿਆ। ਉਥੇ ਉਹ ਨਿੱਤ ਵੱਡਾ ਹੋਣ ਲਗ ਗਿਆ ਜਿਸ ਕਰਕੇ ਨਮਰੂਦ ਨੂੰ ਅਸਹਿ ਤਕਲੀਫ਼ ਹੋਣ ਲਗੀ। ਇਹ ਸਥਿਤੀ ਚਾਰ ਸੌ ਸਾਲ ਤਕ ਰਹੀ। ਤੰਗ ਆ ਕੇ ਨਮਰੂਦ ਨੇ ਲਕੜ ਦੀ ਥਾਪੀ ਨਾਲ ਆਪਣਾ ਸਿਰ ਫਿਸਵਾਇਆ। ਇਸ ਤਰ੍ਹਾਂ ਰੱਬ ਦੀ ਹਸਤੀ ਤੋਂ ਮੁਨਕਰ ਨਮਰੂਦ ਇਕ ਛੋਟੇ ਜਿਹੇ ਮੱਛਰ ਤੋਂ ਮਾਰਿਆ ਗਿਆ। ਤਦ ਹੀ ਬੁਲ੍ਹੇ ਸ਼ਾਹ ਨੇ ਲਿਖਿਆ ਹੈ—'ਨਮਰੂਦ ਨੇ ਵੀ ਖ਼ੁਦਾ ਸਦਾਇਆ,/ਉਸ ਨੇ ਰਬ ਨੂੰ ਤੀਰ ਚਲਾਇਆ।/ਮੱਛਰ ਤੋਂ ਨਮਰੂਦ ਮਰਵਾਇਆ,/ਕਾਰੂੰ ਜ਼ਮੀਂ ਨਿਘਾਰਿਆ ਈ।'

ਨਮਾਜ਼ : 'ਨਮਾਜ਼' ਨੂੰ ਇਸਲਾਮ ਦਾ ਇਕ ਜ਼ਰੂਰੀ ਰੁਕਨ ਅਥਵਾ ਅੰਗ ਮੰਨਿਆ ਜਾਂਦਾ ਹੈ। ਇਸ ਨੂੰ ਸ਼ਰੀਅਤ ਦੇ ਪੰਜ ਥੰਮਾਂ ਵਿਚ ਵੀ ਗਿਣਿਆ ਜਾਂਦਾ ਹੈ। ਹਰ ਇਕ ਮੁਸਲਮਾਨ ਦਾ ਫ਼ਰਜ਼ ਹੈ ਕਿ ਉਹ 24 ਘੰਟਿਆਂ ਵਿਚ ਪੰਜ ਵਾਰ ਨਮਾਜ਼ ਪੜ੍ਹੇ। ਨਮਾਜ਼ ਪੜ੍ਹਨ ਤੋਂ ਪਹਿਲਾਂ ਸਾਫ਼ ਪਾਣੀ ਨਾਲ ਸ਼ਰੀਰ ਜਾਂ ਘਟ-ਘਟ ਹੱਥਾਂ-ਪੈਰਾਂ ਅਤੇ ਮੂੰਹ ਨੂੰ ਧੋਇਆ ਜਾਏ। ਇਸ ਨੂੰ 'ਵਜ਼ੂ' (ਵੇਖੋ) ਕਿਹਾ ਜਾਂਦਾ ਹੈ। ਫਿਰ ਕਿਸੇ ਪਵਿੱਤਰ ਸਥਾਨ ਉਤੇ ਖਲੋ ਕੇ ਸਾਫ਼ ਸੁਥਰੇ ਬਸਤ੍ਰ ਨਾਲ ਸਿਰ ਢੱਕਣਾ ਅਤੇ ਮੂੰਹ ਕਾਅਬੇ ਵਲ ਕਰਨਾ ਅਤੇ ਮਨ ਨੂੰ ਨਮਾਜ਼ ਲਈ ਤਿਆਰ ਕਰਨਾ ਆਦਿ ਕ੍ਰਿਆਵਾਂ ਇਸ ਵਿਚ ਸ਼ਾਮਲ ਹੁੰਦੀਆਂ ਹਨ। ਨਮਾਜ਼ ਪੜ੍ਹਨ ਵੇਲੇ ਚਿੱਤ ਦੀ ਸਥਿਰਤਾ ਬਹੁਤ ਜ਼ਰੂਰੀ ਹੈ। ਨਮਾਜ਼ੀ ਨੂੰ ਇਹ ਅਹਿਸਾਸ ਕਰਨਾ ਚਾਹੀਦਾ ਹੈ ਕਿ ਉਹ ਰੱਬ ਦੀ ਹਜ਼ੂਰੀ ਵਿਚ ਖੜੋਤਾ ਹੈ। ਉਸ ਵਕਤ ਰੱਬ ਦੀ ਮਹਾਨਤਾ ਨੂੰ ਚਿਤਵਦਿਆਂ ਅਤਿਅੰਤ ਨਿਮਰਤਾ ਦੀ ਅਵਸਥਾ ਵਿਚ ਪਰਮਾਤਮਾ ਦੇ ਧਿਆਨ ਵਿਚ ਮਗਨ ਹੋਣਾ ਆਵੱਸ਼ਕ ਹੈ। ਨਮਾਜ਼ ਪੜ੍ਹਨ ਵੇਲੇ ਨਮਾਜ਼ੀ ਦਾ ਧਿਆਨ ਬਿਲਕੁਲ ਖਿੰਡਣਾ ਨਹੀਂ ਚਾਹੀਦਾ।

ਮੁਸਲਮਾਨਾਂ ਵਿਚ ਹਰ ਰੋਜ਼ ਪੰਜ ਨਮਾਜ਼ਾਂ ਪੜ੍ਹਨ ਦਾ ਵਿਧਾਨ ਹੈ। ਪਹਿਲੀ ਨਮਾਜ਼ ਦਾ ਨਾਂ ਹੈ 'ਸਲਾਤੁਲ-ਫ਼ਜਰ; ਅਰਥਾਤ ਪ੍ਰਭਾਤ ਤੋਂ ਲੈ ਕੇ ਸੂਰਜ ਚੜ੍ਹਨ ਤਕ ਦੇ ਵੇਲੇ ਦੀ ਨਮਾਜ਼। ਦੂਜੀ ਨਮਾਜ਼ 'ਸਲਾਤੁਲ ਜ਼ੁਹਰ' ਅਖਵਾਉਂਦੀ ਹੈ; ਇਹ ਸੂਰਜ ਢੱਲਣ ਵੇਲੇ ਪੜ੍ਹੀ ਜਾਂਦੀ ਹੈ। ਤੀਜੀ ਨਮਾਜ਼ ਨੂੰ 'ਸਲਾਤੁਲ ਅਸਰ' ਕਿਹਾ ਜਾਂਦਾ ਹੈ; ਇਹ ਦਿਨ

ਦੇ ਤੀਜੇ ਪਹਿਰ ਵਿਚ ਪੜ੍ਹੀ ਜਾਂਦੀ ਹੈ। ਚੌਥੀ ਨਮਾਜ਼ ਦਾ ਨਾਂ ਹੈ 'ਸਲਾਤੁਲ ਮਗ਼ਰਿਬ' ਜੋ ਤ੍ਰਿਕਾਲਾਂ ਵੇਲੇ ਪੜ੍ਹਨੀ ਹੁੰਦੀ ਹੈ। ਪੰਜਵੀਂ ਨਮਾਜ਼ 'ਸਲਾਤੁਲ ਇਸ਼ਾ' ਸੌਣ ਤੋਂ ਪਹਿਲਾਂ ਪੜ੍ਹੀ ਜਾਂਦੀ ਹੈ।

ਉਪਰੋਕਤ ਪੰਜ ਨਮਾਜ਼ਾਂ ਲਾਜ਼ਮੀ ਹਨ। ਇਨ੍ਹਾਂ ਤੋਂ ਛੁਟ ਤਿੰਨ ਨਮਾਜ਼ਾਂ ਇੱਛਾ ਅਨੁਸਾਰ ਜਾਂ ਇਖ਼ਤਿਆਰੀ ਹਨ। ਇਨ੍ਹਾਂ ਵਿਚ ਪਹਿਲੀ ਦਾ ਨਾਂ 'ਸਲਾਤੁਲ ਇਸ਼ਰਾਕ' ਹੈ ਜੋ ਸੂਰਜ ਦੇ ਚੰਗੀ ਤਰ੍ਹਾਂ ਚੜ੍ਹ ਚੁਕਣ ਤੋਂ ਬਾਦ ਪੜ੍ਹੀ ਜਾਂਦੀ ਹੈ। ਦੂਜੀ ਨਮਾਜ਼ 'ਸਲਾਤੁਲ ਜ਼ੁਹਾ' ਅਖਵਾਉਂਦੀ ਹੈ। ਇਸ ਨੂੰ ਦਿਨ ਦੇ ਯਾਰ੍ਹਾਂ ਵਜੇ ਜਾਂ ਜਦੋਂ ਸੂਰਜ ਸਿਖਰ ਉਤੇ ਹੋਵੇ, ਪੜ੍ਹਿਆ ਜਾਂਦਾ ਹੈ। ਇਹ ਦੋਵੇਂ ਨਮਾਜ਼ਾਂ 'ਸਲਾਤੁਲ ਫ਼ਜਰ' ਅਤੇ 'ਸਲਾਤੁਲ ਜ਼ੁਹਰ' ਦੇ ਵਿਚਲੇ ਸਮੇਂ ਵਿਚ ਪੜ੍ਹੀਆਂ ਜਾਂਦੀਆਂ ਹਨ। ਤੀਜੀ ਨਮਾਜ਼ 'ਸਲਾਤੁਲ ਹੱਜੁਦ' ਅੱਧੀ ਰਾਤ ਤੋਂ ਪਿਛੋਂ ਪੜ੍ਹੀ ਜਾਂਦੀ ਹੈ। ਸਾਰੀਆਂ ਨਮਾਜ਼ਾਂ ਨੂੰ ਨਿਸ਼ਚਿਤ ਸਮੇਂ 'ਤੇ ਹੀ ਪੜ੍ਹਿਆ ਜਾਏ ਤਾਂ ਹੀ ਇਸ ਦਾ ਸਵਾਬ ਹੈ। ਨਮਾਜ਼ ਦੇ ਸਮਿਆਂ ਬਾਰੇ ਕੁਰਾਨ ਵਿਚ ਉੱਲੇਖ ਨਹੀਂ, ਪਰ ਹਦੀਸਾਂ ਵਿਚ ਹਰ ਇਕ ਦੇ ਸਮੇਂ ਨਿਸ਼ਚਿਤ ਕੀਤੇ ਮਿਲਦੇ ਹਨ।

ਨਮਾਜ਼ ਇਕੱਲੀ ਅਤੇ ਸਮੂਹ ਵਿਚ, ਦੋਹਾਂ ਤਰ੍ਹਾਂ ਨਾਲ ਪੜ੍ਹੀ ਜਾਂਦੀ ਹੈ। ਸਮੂਹਿਕ ਨਮਾਜ਼ ਵਿਚ ਉਹੀ ਲੋਕ ਸ਼ਾਮਲ ਹੁੰਦੇ ਹਨ ਜੋ ਖ਼ੁਦਾ ਦਾ ਕੋਈ ਹੋਰ ਸ਼ਰੀਕ ਨਾ ਸਮਝਣ। ਨਮਾਜ਼ ਦੀ ਪ੍ਰਕ੍ਰਿਆ ਵਿਚ ਕਈ ਰਕਾਤਾਂ (ਅੰਗ) ਹੁੰਦੀਆਂ ਹਨ, ਜਿਵੇਂ ਧਿਆਨ ਪੂਰਵਕ ਖਲੋਣਾ (ਕ਼ਯਾਮ), ਨਿਮਰਤਾ ਪੂਰਵਕ ਝੁਕਣਾ (ਰਕੂਅ), ਸਜਦਾ ਕਰਨਾ (ਸਜੂਦ)। ਹਰ ਰਕਾਤ ਵੇਲੇ ਕਲਮੇ ਤੋਂ ਇਲਾਵਾ ਕੁਰਾਨ ਦੀਆਂ ਕੁਝ ਕੁ ਆਇਤਾਂ ਦਾ ਪਾਠ ਕੀਤਾ ਜਾਂਦਾ ਹੈ। ਸੁਲਤਾਨ ਬਾਹੂ ਨੇ ਇਨ੍ਹਾਂ ਤੱਥਾਂ ਵਲ ਸੰਕੇਤ ਕੀਤਾ ਹੈ—'ਨਾਲ ਕ਼ਯਾਮ ਰਕੂਅ ਸਜੂਦੇ ਕਰ ਤਕਰਾਰ ਪੜ੍ਹਾਵੇ ਹੂ।'

ਪੰਜਾਬੀ ਦੇ ਲੋਕ-ਸਭਿਆਚਾਰ ਵਿਚ ਇਕ ਕਹਾਵਤ ਆਮ ਪ੍ਰਚਲਿਤ ਹੈ ਕਿ 'ਨਮਾਜ਼ਾਂ ਬਖਸ਼ਾਣ ਗਏ, ਰੋਜ਼ੇ ਗਲ ਪੈ ਗਏ।' ਇਸ ਅਖਾਣ ਦੇ ਪਿਛੋਕੜ ਨੂੰ ਘੋਖਿਆਂ ਪਤਾ ਚਲਦਾ ਹੈ ਕਿ ਜਦੋਂ ਹਜ਼ਰਤ ਮੁਹੰਮਦ ਸੱਤਵੇਂ ਆਕਾਸ਼ ਵਿਚ ਅੱਲਾ ਦੇ ਦਰਬਾਰ ਵਿਚ ਗਏ ਤਾਂ ਹੁਕਮ ਹੋਇਆ ਕਿ ਉਸ ਦੇ ਅਨੁਯਾਈ 50 ਨਮਾਜ਼ਾਂ ਰੋਜ਼ ਪੜ੍ਹਨ। ਜਦੋਂ ਹਜ਼ਰਤ ਪਰਤੇ ਤਾਂ ਛੇਵੇਂ ਆਕਾਸ਼ ਵਿਚ ਹਜ਼ਰਤ ਮੂਸਾ ਮਿਲ ਗਿਆ। ਉਸ ਨੇ ਦਸਿਆ ਕਿ ਇਤਨੀਆਂ ਨਮਾਜ਼ਾਂ ਦਾ ਅਨੁਯਾਈਆਂ ਦੁਆਰਾ ਪੜ੍ਹਿਆ ਜਾਣਾ ਸੰਭਵ ਨਹੀਂ। ਇਹ ਸੁਣ ਕੇ ਹਜ਼ਰਤ ਫਿਰ ਸੱਤਵੇਂ ਆਕਾਸ਼ ਵਿਚ ਗਏ ਅਤੇ ਅੱਲਾ ਨੂੰ ਨਮਾਜ਼ਾਂ ਘਟਾਉਣ ਲਈ ਬੇਨਤੀ ਕੀਤੀ। ਅੱਲਾ ਨੇ ਨਮਾਜ਼ਾਂ ਪੰਜਾਹ ਤੋਂ ਘਟਾ ਕੇ ਪੰਜ ਕਰ ਦਿੱਤੀਆਂ, ਪਰ ਨਾਲ ਹੀ ਰੋਜ਼ੇ ਰਖਣ ਦੀ ਤਾਕੀਦ ਕਰ ਦਿੱਤੀ। ਅਜਿਹੀ ਅਵਸਥਾ ਵਿਚ ਹੀ ਉਪਰੋਕਤ ਅਖਾਣ ਹੋਂਦ ਵਿਚ ਆਇਆ ਪ੍ਰਤੀਤ ਹੁੰਦਾ ਹੈ।

ਪੰਜਾਬੀ ਸਾਹਿੱਤ ਦੇ ਮੁੱਢਲੇ ਦੌਰ ਦੇ ਸੂਫ਼ੀਆਂ, ਜਿਵੇਂ ਬਾਬਾ ਫ਼ਰੀਦ, ਨੇ ਨਮਾਜ਼ ਪੜ੍ਹਨ ਉਤੇ ਬਲ ਦਿੱਤਾ ਹੈ, ਪਰ ਬੁਲ੍ਹੇ ਸ਼ਾਹ ਤਕ ਪਹੁੰਚ ਕੇ ਨਮਾਜ਼ ਦੇ ਰੂੜ੍ਹ ਰੂਪ ਨੂੰ ਪਾਖੰਡਾਂ ਵਿਚ ਸ਼ਾਮਲ ਕਰ ਕੇ ਇਸ ਦਾ ਨਿਖੇਧ ਕੀਤਾ ਗਿਆ ਹੈ—'ਭੱਠ ਨਮਾਜ਼ਾਂ ਚਿਕੜ

ਰੰਗੇ ਕਲਮੇ ਤੇ ਫਿਰ ਗਈ ਸਿਆਹੀ ।/ਬੁਲ੍ਹੇ ਸ਼ਾਹ ਸ਼ੌਹ ਅੰਦਰੋਂ ਲਭਾ ਭੁਲੀ ਫਿਰੇ ਲੁਕਾਈ ।' ਗੁਰਬਾਣੀ ਵਿਚ ਨਮਾਜ਼ ਦੇ ਭਾਵੀਕ੍ਰਿਤ ਰੂਪ ਵਲ ਸੰਕੇਤ ਹੋਇਆ ਹੈ—'ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ।/ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ।/ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ।/ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ' (ਅ. ਗ੍ਰੰ. 141) ।

ਨਰ-ਸਿੰਘ, ਅਵਤਾਰ : ਵਿਸ਼ਣੂ ਦੇ ਚੌਥੇ ਅਵਤਾਰ ਵਜੋਂ ਜਾਣੇ ਜਾਣ ਵਾਲਾ ਨਰ-ਸਿੰਘ ਮਨੁੱਖ ਅਤੇ ਸਿੰਘ ਦਾ ਮਿਲਵਾਂ ਰੂਪ ਸੀ । 'ਮਹਾਭਾਰਤ' (ਸਭਾ-ਪਰਵ) ਅਨੁਸਾਰ ਹਿਰਣ੍ਯਕਸ਼ਿਪ ਇਕ ਬਹੁਤ ਬਲਵਾਨ ਦੈਂਤ ਰਾਜਾ ਸੀ । ਉਸ ਨੇ ਕਠੋਰ ਤਪਸਿਆ ਦੇ ਬਲ ਤੇ ਬ੍ਰਹਮਾ ਤੋਂ ਵਰ ਪ੍ਰਾਪਤ ਕਰ ਲਿਆ ਸੀ ਕਿ ਉਹ ਨਾ ਰਾਤ ਵਿਚ, ਨਾ ਦਿਨ ਵਿਚ, ਨਾ ਕਿਸੇ ਪਸ਼ੂ, ਪੰਛੀ, ਜਲਚਰ, ਮਨੁੱਖ, ਦੇਵਤਾ ਆਦਿ ਤੋਂ, ਨਾ ਹੀ ਕਿਸੇ ਤਰ੍ਹਾਂ ਦੇ ਅਸਤ੍ਰ-ਸ਼ਸਤ੍ਰ ਨਾਲ ਘਰ ਦੇ ਅੰਦਰ ਜਾਂ ਬਾਹਰ ਮਾਰਿਆ ਜਾ ਸਕੇਗਾ । ਬ੍ਰਹਮਾ ਤੋਂ ਇਸ ਪ੍ਰਕਾਰ ਦਾ ਵਰ ਪ੍ਰਾਪਤ ਕਰ ਕੇ ਆਪਣੀ ਅਮਰਤਾ ਦੀ ਮਸਤੀ ਵਿਚ ਉਸ ਦੈਂਤ ਨੇ ਬਹੁਤ ਅਤਿਆਚਾਰ ਸ਼ੁਰੂ ਕੀਤੇ ਅਤੇ ਪੰਜ ਕਰੋੜ, ਇਕਾਹਠ ਲੱਖ, ਸਠ ਹਜ਼ਾਰ ਸਾਲ ਤਕ ਸਭ ਨੂੰ ਸਤਾਉਂਦਾ ਰਿਹਾ ।

ਦੇਵਤਿਆਂ ਨੇ ਦੁਖੀ ਹੋ ਕੇ ਬ੍ਰਹਮਾ ਅਗੇ ਆਪਣੀ ਰੱਖਿਆ ਲਈ ਪ੍ਰਾਰਥਨਾ ਕੀਤੀ । ਬ੍ਰਹਮਾ ਨੇ ਉਨ੍ਹਾਂ ਨੂੰ ਖੀਰ-ਸਮੁੰਦਰ ਵਿਚ ਭਗਵਾਨ (ਨਾਰਾਇਣ) ਪਾਸ ਭੇਜਿਆ । ਨਾਰਾਇਣ ਨੇ ਅੱਧਾ ਸ਼ਰੀਰ ਮਨੁੱਖ ਦਾ ਅਤੇ ਅੱਧਾ ਸਿੰਘ ਦਾ ਬਣਾ ਕੇ ਨਰਸਿੰਘ ਰੂਪ ਧਾਰਣ ਕੀਤਾ ਅਤੇ ਹਿਰਣ੍ਯਕਸ਼ਿਪ ਨਾਲ ਯੁੱਧ ਸ਼ੁਰੂ ਕੀਤਾ । ਕਈ ਹਜ਼ਾਰ ਦੈਂਤਾਂ ਨੂੰ ਮਾਰਨ ਉਪਰੰਤ ਨਰਸਿੰਘ ਨੇ ਹਿਰਣ੍ਯਕਸ਼ਿਪ ਨੂੰ ਤ੍ਰੈਕਾਲਾਂ ਵੇਲੇ ਰਾਜ-ਮਹੱਲ ਦੀ ਦਹਿਲੀਜ਼ 'ਤੇ ਆਪਣੀਆਂ ਟੰਗਾਂ ਉਤੇ ਰਖ ਕੇ ਨਹੁੰਆਂ ਨਾਲ ਚੀਰ ਕੇ ਮਾਰ ਦਿੱਤਾ ।

ਪੁਰਾਣ-ਸਾਹਿੱਤ ਵਿਚ ਦੇਵਤਿਆਂ ਉਤੇ ਕੀਤੇ ਅਤਿਆਚਾਰਾਂ ਤੋਂ ਇਲਾਵਾ ਹਿਰਣ੍ਯਕਸ਼ਿਪ ਵਲੋਂ ਪ੍ਰਹਲਾਦ (ਵੇਖੋ) ਨੂੰ ਦਿੱਤੇ ਦੁੱਖਾਂ ਦੇ ਨਿਵਾਰਣ ਲਈ ਨਰ ਸਿੰਘ ਰੂਪ ਵਿਚ ਭਗਵਾਨ ਦੇ ਪ੍ਰਗਟ ਹੋਣ ਦਾ ਬ੍ਰਿੱਤਾਂਤ ਵੀ ਦਰਜ ਹੈ । 'ਦਸਮ-ਗ੍ਰੰਥ' ਵਿਚ ਵੀ ਇਸ ਅਵਤਾਰ ਦੀ ਕਥਾ ਦਰਜ ਹੈ । ਚੂੰਕਿ ਵਿਸ਼ਣੂ ਦਾ ਇਹ ਅਵਤਾਰ ਭਗਤ ਪ੍ਰਹਿਲਾਦ ਦੀ ਰੱਖਿਆ ਲਈ ਪ੍ਰਗਟ ਹੋਇਆ ਸੀ, ਇਸ ਲਈ ਭਗਤੀ-ਕਾਵਿ ਵਿਚ ਭਗਵਾਨ ਦੇ ਇਸ ਕਰਮ ਦੀ ਉਸਤਤ ਕੀਤੀ ਗਈ ਹੈ । ਭਗਤ ਨਾਮਦੇਵ ਦੀ ਸਥਾਪਨਾ ਹੈ—'ਭਗਤ ਹੇਤਿ ਮਾਰਿਓ ਹਰਨਾਖਸੁ, ਨਰ ਸਿੰਘ ਰੂਪ ਹੋਇ ਦੇਹ ਧਰਿਓ' (ਅ. ਗ੍ਰੰ. 1105) ।

ਨਰਕ : ਜਿਥੇ ਪਾਪੀ ਲੋਕ ਕਰਮ-ਫਲ ਭੋਗਣ ਲਈ ਰਖੇ ਜਾਂਦੇ ਹਨ, ਉਸ ਨੂੰ 'ਨਰਕ' ਕਿਹਾ ਜਾਂਦਾ ਹੈ । ਇਸ ਸੰਕਲਪ ਦਾ ਆਧਾਰ ਵੀ ਸਵਰਗ (ਵੇਖੋ) ਵਾਂਗ 'ਕਰਮਵਾਦ' ਹੈ । ਮਾੜੇ ਕਰਮਾਂ ਤੋਂ ਲੋਕਾਂ ਨੂੰ ਵਰਜਣ ਲਈ ਹਰ ਧਰਮ ਵਾਲਿਆਂ ਨੇ ਆਪਣੇ ਆਪਣੇ ਢੰਗ ਨਾਲ ਨਰਕ ਦਾ ਸੰਕਲਪ ਸਪੱਸ਼ਟ ਕੀਤਾ ਹੈ । ਹਿੰਦੂ-ਧਰਮ ਵਿਚ ਮਨੁੱਖ ਨੂੰ ਨਰਕ ਬਾਰੇ ਅਧਿਕ ਸਚੇਤ ਕੀਤਾ ਗਿਆ ਹੈ ।

ਪੁਰਾਣ-ਯੁਗ ਵਿਚ ਪੂਜਾ ਵਿਧੀਆਂ ਦੇ ਜ਼ਿਆਦਾ ਵਿਕਸਿਤ ਹੋ ਜਾਣ ਨਾਲ

ਤੀਰਥ-ਸਥਾਨਾਂ 'ਤੇ ਰਹਿਣ ਵਾਲੇ ਪੰਡਿਆਂ ਅਤੇ ਪੁਰੋਹਿਤਾਂ ਨੇ ਹਰ ਮਾੜੇ ਕਰਮ ਦਾ ਮਾੜਾ ਸਿੱਟਾ ਅਤੇ ਹਰ ਚੰਗੇ ਕਰਮ ਕਰਨ ਦਾ ਚੰਗਾ ਫਲ ਦਸਣ ਲਈ ਬਹੁਤ ਸਾਰੇ ਆਖਿਆਨਾਂ ਦੀ ਸਿਰਜਨਾ ਕੀਤੀ। ਕਿਤੇ-ਕਿਤੇ ਪੁਰਾਤਨ ਆਖਿਆਨਾਂ ਨੂੰ ਮੋੜ-ਤੋੜ ਕੇ ਆਪਣੇ ਆਸ਼ੇ ਅਨੁਰੂਪ ਬਣਾ ਲਿਆ। ਨਰਕ ਦੇ ਭੇਦਾਂ-ਉਪਭੇਦਾਂ ਦਾ ਇਤਨਾ ਭਿਆਨਕ ਬ੍ਰਿੱਤਾਂਤ ਦਿੱਤਾ ਕਿ ਜਿਗਿਆਸੂ ਨਰਕ ਤੋਂ ਪਿਛਾ ਛੁੜਾਉਣ ਲਈ ਉਨ੍ਹਾਂ ਦੇ ਮੁਕਾਬਲੇ ਘਟ ਕਸ਼ਟਦਾਇਕ ਪੂਜਾ-ਵਿਧੀਆਂ ਅਤੇ ਕਰਮ-ਕਾਂਡਾਂ ਨੂੰ ਕਰਨ ਲਈ ਤਿਆਰ ਹੋ ਜਾਂਦੇ ਸਨ। ਪੁਰਾਣਾਂ ਵਿਚ ਪਾਪ-ਕਰਮਾਂ ਦੀਆਂ ਲੰਬੀਆਂ ਸੂਚੀਆਂ ਅਤੇ ਉਨ੍ਹਾਂ ਲਈ ਕੀਤੇ ਜਾਣ ਵਾਲੇ ਪ੍ਰਾਸ਼ਚਿਤਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਤੀਰਥ-ਯਾਤ੍ਰਾ ਅਤੇ ਬ੍ਰਤ ਧਾਰਣ ਕਰਕੇ ਪੁੰਨ-ਦਾਨ ਕਰਨ ਉਤੇ ਅਧਿਕ ਬਲ ਦਿੱਤਾ ਗਿਆ ਹੈ।

'ਮਨੁ-ਸਮ੍ਰਿਤੀ' ਵਿਚ ਨਰਕ ਦੇ 21 ਪ੍ਰਕਾਰ ਜਾਂ ਭੇਦ ਲਿਖੇ ਹਨ—ਤਾਮਿਸ੍ਰ, ਅੰਧ-ਤਾਮਿਸ੍ਰ, ਰੌਰਵ, ਮਹਾਰੌਰਵ, ਨਰਕ, ਮਹਾਨਰਕ, ਕਾਲ-ਸੂਤ੍ਰ, ਸੰਜੀਵਨ, ਮਹਾਵੀਚਿ, ਤਪਨ, ਸੰਪ੍ਰਤਾਪਨ, ਸੰਹਾਤ, ਸੰਕਾਕੋਲ, ਕੁਡਮਲ, ਪ੍ਰਤਿਮੂਰਤਿਕ, ਲੋਹਸ਼ੰਕੁ, ਰਿਜੀਸ਼, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ, ਲੋਹਦਾਰਕ। ਪੁਰਾਣਾਂ ਵਿਚ ਨਰਕ-ਕੁੰਡਾਂ ਦੀ ਕਲਪਨਾ ਕੀਤੀ ਗਈ ਹੈ। 'ਬ੍ਰਹਮਵੈਵਰਤ-ਪੁਰਾਣ' ਵਿਚ ਇਨ੍ਹਾਂ ਦੀ ਗਿਣਤੀ 86 ਲਿਖੀ ਹੈ ਅਤੇ 'ਭਾਗਵਤ-ਪੁਰਾਣ' ਵਿਚ 28 ।

ਮਾੜੇ ਕਰਮਾਂ ਦੇ ਫਲ ਭੋਗਣ ਲਈ ਪੰਜਾਬੀ ਸਭਿਆਚਾਰ ਵਿਚ ਭਾਵੇਂ ਨਰਕਾਂ ਦਾ ਡਰਾਵਾ ਦਿੱਤਾ ਗਿਆ ਹੈ, ਪਰ ਪੁਰਾਣਾਂ ਵਰਗੀ ਨਿਸ਼ਾਨਦੇਹੀ ਨਹੀਂ ਹੋਈ। ਸੰਤ ਕਬੀਰ ਨੇ ਤਾਂ ਨਰਕ ਅਤੇ ਸਵਰਗ ਦੇ ਸੰਕਲਪਾਂ ਨੂੰ ਹੀ ਰਦ ਕਰ ਦਿੱਤਾ ਹੈ—'ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ' (ਅ. ਗ੍ਰੰ. 969)।

ਨਰਕਾਸੁਰ : ਭੌਮਾਸੁਰ ਦਾ ਇਕ ਨਾਮਾਂਤਰ। ਵੇਖੋ 'ਭੌਮਾਸੁਰ'।

ਨਰ-ਨਾਰਾਇਣ : ਦੋ ਪੁਰਾਤਨ ਰਿਸ਼ੀ, ਜਿਨ੍ਹਾਂ ਬਾਰੇ 'ਦੇਵੀ-ਭਾਗਵਤ ਪੁਰਾਣ' (4/5) ਵਿਚ ਲਿਖਿਆ ਹੈ ਕਿ ਬ੍ਰਹਮਾ ਦੇ ਹਿਰਦੇ ਤੋਂ ਧਰਮ ਪੈਦਾ ਹੋਇਆ। ਦਕ੍ਸ਼ ਦੀਆਂ ਪੁੱਤਰੀਆਂ ਨਾਲ ਵਿਆਹੇ ਜਾਣ ਕਾਰਣ ਧਰਮ ਦੇ ਹਰਿ, ਕ੍ਰਿਸ਼ਣ, ਨਰ ਅਤੇ ਨਾਰਾਇਣ ਨਾਂ ਦੇ ਚਾਰ ਪੁੱਤਰ ਪੈਦਾ ਹੋਏ। ਨਰ-ਨਾਰਾਇਣ ਨੇ ਘੋਰ ਤਪਸਿਆ ਸ਼ੁਰੂ ਕੀਤੀ। ਉਨ੍ਹਾਂ ਦੀ ਤਪਸਿਆ ਤੋਂ ਡਰਦਿਆਂ ਇੰਦਰ ਨੇ ਕਾਮਦੇਵ ਅਤੇ ਅਪੱਛਰਾਵਾਂ ਨੂੰ ਤਪ ਭੰਗ ਕਰਨ ਲਈ ਭੇਜਿਆ। ਇੰਦਰ ਦੇ ਕਪਟ ਨੂੰ ਵੇਖਦੇ ਹੋਇਆਂ ਨਾਰਾਇਣ ਨੇ ਆਪਣੇ ਹਿਰਦੇ ਤੋਂ ਇਕ ਅਪੱਛਰਾ ਪੈਦਾ ਕੀਤੀ ਜੋ ਉਰਵਸ਼ੀ ਨਾਂ ਨਾਲ ਪ੍ਰਸਿੱਧ ਹੋਈ। ਉਹ ਇੰਦਰ ਦੀਆਂ ਅਪੱਛਰਾਵਾਂ ਤੋਂ ਕਿਤੇ ਅਧਿਕ ਸੋਹਣੀ ਸੀ। ਉਸ ਨੇ ਇੰਦਰ ਦੀਆਂ ਅਪੱਛਰਾਵਾਂ ਦੀ ਖ਼ੂਬ ਸੇਵਾ ਕੀਤੀ। ਉਹ ਸ਼ਰਮਿੰਦੀਆਂ ਹੋ ਕੇ ਨਾਰਾਇਣ ਤੋਂ ਮਾਫ਼ੀ ਮੰਗਦੇ ਹੋਇਆਂ ਸੇਵਾ ਪੁੱਛਣ ਲਗੀਆਂ। ਨਾਰਾਇਣ ਸੋਚਣ ਲਗਿਆ ਕਿ ਅਹੰਕਾਰ ਕਰਕੇ ਹੀ ਉਸਨੇ ਉਰਵਸ਼ੀ ਨੂੰ ਜਨਮ ਦਿੱਤਾ ਅਤੇ ਆਪਣੇ ਤਪ ਨੂੰ ਵੀ ਨਸ਼ਟ ਕੀਤਾ। ਅਸਲ ਵਿਚ, ਅਹੰਕਾਰ ਹੀ ਸੰਸਾਰ ਰੂਪੀ ਬ੍ਰਿਛ ਦੀ ਜੜ੍ਹ ਹੈ। ਇਸ ਵਿਚਾਰ ਵਿਚ ਮਗਨ ਅਤੇ ਚਿੰਤਾਗ੍ਰਸਤ ਨਾਰਾਇਣ ਨੂੰ ਛੋਟੇ ਭਰਾ ਨਰ ਨੇ ਸ਼ਾਂਤ ਭਾਵ ਦਾ ਸਹਾਰਾ ਲੈਣ ਲਈ

ਕਿਹਾ। ਨਾਰਾਇਣ ਨੇ ਕਿਹਾ ਕਿ ਹੁਣ ਤਾਂ ਉਹ ਤਪਸਵੀ ਹਨ। ਕਾਲਾਂਤਰ ਵਿਚ ਜਦੋਂ ਪ੍ਰਿਥਵੀ ਤੇ ਅਵਤਰਿਤ ਹੋਣਗੇ ਤਾਂ ਸਾਰੀਆਂ ਅਪੱਛਰਾਵਾਂ ਵੱਖ-ਵੱਖ ਰਾਜ ਘਰਾਣਿਆਂ ਵਿਚ ਜਨਮ ਲੈ ਕੇ ਉਨ੍ਹਾਂ ਦੀਆਂ ਪਤਨੀਆਂ ਬਣਨਗੀਆਂ। ਇਹ ਗੱਲ ਸੁਣ ਕੇ ਅਪੱਛਰਾਵਾਂ ਦੇਵ-ਲੋਕ ਚਲੀਆਂ ਗਈਆਂ।

'ਵਾਮਨ ਪੁਰਾਣ' ਵਿਚ ਧਰਮ ਦੀ ਪਤਨੀ ਦਾ ਨਾਂ ਅਹਿੰਸਾ ਲਿਖਿਆ ਹੈ ਅਤੇ ਉਰਵਸ਼ੀ ਨਾਰਾਇਣ ਦੀ ਪਟ ਉਤੇ ਰਖੇ ਇਕ ਫੁਲ ਤੋਂ ਪੈਦਾ ਹੋਈ ਦਸੀ ਹੈ। 'ਮਹਾ-ਭਾਰਤ' (ਭੀਸ਼ਮਵਧ-ਪਰਵ) ਵਿਚ ਲਿਖਿਆ ਹੈ ਕਿ ਇਕ ਵਾਰ ਗੰਧਮਾਦਨ ਪਰਬਤ ਉਤੇ ਬੈਠਿਆਂ ਬ੍ਰਹਮਾ ਨੇ ਦੇਵਤਿਆਂ ਨੂੰ ਦਸਿਆ ਕਿ ਮਨੁੱਖ-ਲੋਕ ਵਿਚ ਪੈਦਾ ਹੋਏ ਬਲਵਾਨ ਦੈਂਤਾਂ ਦਾ ਨਾਸ਼ ਕਰਨ ਲਈ ਮਨੁੱਖ ਜੂਨ ਵਿਚ ਜਨਮ ਲੈ ਕੇ ਨਾਰਾਇਣ ਨਰ ਦੇ ਨਾਲ ਭੂ-ਲੋਕ ਵਿਚ ਵਿਚਰਣ ਕਰਨਗੇ। ਉਨ੍ਹਾਂ ਨੂੰ ਸਾਧਾਰਣ ਲੋਕ ਮਾਮੂਲੀ ਸ਼ਕਤੀ ਵਾਲਾ ਸਮਝਣਗੇ, ਪਰ ਉਨ੍ਹਾਂ ਨੂੰ ਜਿੱਤਣਾ ਕਿਸੇ ਲਈ ਸੰਭਵ ਨਹੀਂ ਹੋਵੇਗਾ। ਮਹਾ-ਭਾਰਤ-ਕਾਲ ਵਿਚ ਉਹ ਦੋਵੇਂ ਕ੍ਰਿਸ਼ਣ ਅਤੇ ਅਰਜੁਨ ਦੇ ਰੂਪ ਵਿਚ ਪੈਦਾ ਹੋਏ।

'ਦਸਮ-ਗ੍ਰੰਥ' ਵਿਚ ਨਰ-ਨਾਰਾਇਣ ਨੂੰ ਵਿਸ਼ਣੂ ਦੇ ਚੌਬੀਸ-ਅਵਤਾਰਾਂ ਵਿਚ ਗਿਣਿਆ ਗਿਆ ਹੈ। ਗੁਰੂ ਨਾਨਕ ਦੇਵ ਨੇ ਇਨ੍ਹਾਂ ਨਾਵਾਂ ਨੂੰ ਪ੍ਰਭੂ ਵਾਚਕ ਵਜੋਂ ਵਰਤਿਆ ਹੈ— 'ਨਰ ਨਾਰਾਇਣ ਅੰਤਰਜਾਮਿ' (ਅ. ਗ੍ਰੰ. 153)।

ਨਲਕੂਬੇਰ/ਨਲਕੂਬਰ : ਕੁਬੇਰ ਦਾ ਪੁੱਤਰ ਜਿਸ ਦਾ ਜਨਮ 'ਵਾਯੂ ਪੁਰਾਣ' ਅਨੁਸਾਰ 'ਰਿੱਧਿ' ਨਾਂ ਦੀ ਪਤਨੀ ਤੋਂ ਹੋਇਆ ਸੀ। 'ਸਕੰਦ-ਪੁਰਾਣ' ਵਿਚ 'ਰਿੱਧਿ' ਦੀ ਥਾਂ 'ਵ੍ਰਿੱਧਿ' ਲਿਖਿਆ ਹੈ। 'ਮਹਾਭਾਰਤ' ਵਿਚ ਲਿਖਿਆ ਹੈ ਕੌਕੇਰ ਤੀਰਥ ਉਤੇ ਤਪਸਿਆ ਕਰਨ ਦੇ ਫਲਸਰੂਪ ਕੁਬੇਰ ਨੂੰ ਇਸ ਪੁੱਤਰ ਦੀ ਪ੍ਰਾਪਤੀ ਹੋਈ ਸੀ। ਇਸ ਨੂੰ ਗੰਧਮਾਦਨ ਪਰਬਤ ਦੇ ਲਕ੍ਸ਼ਮੀ ਤੀਰਥ ਵਿਚ ਇਸ਼ਨਾਨ ਕਰਨ ਵੇਲੇ ਰੰਭਾ ਨਾਂ ਦੀ ਅਪੱਛਰਾ ਪ੍ਰਾਪਤ ਹੋਈ ਸੀ।

ਇਕ ਵਾਰ ਇਹ ਆਪਣੇ ਭਰਾ ਮਣਿਗ੍ਰੀਵ ਨਾਲ ਸ਼ਰਾਬ ਪੀ ਕੇ ਹਿਮਾਲਯ ਪਰਬਤ ਕੋਲ ਗੰਗਾ ਨਦੀ ਵਿਚ ਇਸਤਰੀਆਂ ਨਾਲ ਨਿਰਲਜਤਾ ਪੂਰਵਕ ਕ੍ਰੀੜਾ ਕਰ ਰਿਹਾ ਸੀ। ਉਪਰੋਂ ਅਚਾਨਕ ਨਾਰਦ ਆ ਗਿਆ। ਇਸਤਰੀਆਂ ਨੇ ਤਾਂ ਆਪਣੇ ਆਪ ਨੂੰ ਢਕ ਲਿਆ, ਪਰ ਇਨ੍ਹਾਂ ਦੋਹਾਂ ਭਰਾਵਾਂ ਨੇ ਨਾਰਦ ਨੂੰ ਨਾ ਪਛਾਣਿਆ। ਨਾਰਦ ਨੇ ਇਨ੍ਹਾਂ ਨੂੰ ਬ੍ਰਿਛ ਹੋ ਜਾਣ ਦਾ ਸਰਾਪ ਦਿੱਤਾ। ਇਹ ਦੋਵੇਂ ਭਰਾ ਬ੍ਰਜਭੂਮੀ ਵਿਚ 'ਜਮਲਾਰਜਨ' ਨਾਂ ਦੇ ਜੁੜਵਾਂ ਬ੍ਰਿਛ ਬਣੇ। ਸ੍ਰੀ ਕ੍ਰਿਸ਼ਣ ਨੇ ਬਾਲ-ਲੀਲਾ ਵੇਲੇ ਉਸ ਬ੍ਰਿਛ ਨੂੰ ਉੱਖਲੀ ਨਾਲ ਫਸਾ ਕੇ ਪੁਟ ਦਿੱਤਾ ਅਤੇ ਦੋਹਾਂ ਉਤੋਂ ਸਰਾਪ ਦਾ ਪ੍ਰਭਾਵ ਖ਼ਤਮ ਕੀਤਾ। ਕਿਤੇ-ਕਿਤੇ 'ਨਾਰਦ' ਦੀ ਥਾਂ 'ਦੇਵਲ' ਰਿਸ਼ੀ ਦਾ ਨਾਂ ਲਿਖਿਆ ਹੈ।

'ਬਾਲਮੀਕਿ-ਰਾਮਾਇਣ' ਅਨੁਸਾਰ ਇਕ ਵਾਰ ਰਾਵਣ ਨਲਕੂਬਰ ਦੀ ਇਸਤਰੀ ਰੰਭਾ ਨੂੰ ਉਠਾ ਕੇ ਲੈ ਗਿਆ। ਫਲਸਰੂਪ ਨਲਕੂਬਰ ਨੇ ਰਾਵਣ ਦੇ ਸਿਰ ਦੇ ਸੱਤ ਟੁਕੜੇ ਹੋ ਜਾਣ ਦਾ ਸਰਾਪ ਦਿੱਤਾ।

ਨਲ-ਨੀਲ : ਰਾਮ-ਰਾਵਣ-ਯੁੱਧ ਵਿਚ ਨਲ ਅਤੇ ਨੀਲ ਦਾ ਸ੍ਰੀ ਰਾਮ ਦੀ ਸੈਨਾ ਲਈ

ਵਿਸ਼ੇਸ਼ ਯੋਗਦਾਨ ਰਿਹਾ ਹੈ। ਕਿਹਾ ਜਾਂਦਾ ਹੈ ਕਿ ਨਲ ਵਿਸ਼੍ਵਕਰਮਾ ਦਾ ਪੁੱਤਰ ਸੀ। 'ਬਾਲਮੀਕੀ ਰਾਮਾਇਣ' ਵਿਚ ਜ਼ਿਕਰ ਆਉਂਦਾ ਹੈ ਕਿ ਇਹ, ਅਸਲ ਵਿਚ, ਇਕ ਇੰਜੀਨੀਅਰ ਸੀ। ਆਪਣੇ ਕੰਮ ਵਿਚ ਇਹ ਇਤਨਾ ਪ੍ਰਬੀਨ ਸੀ ਕਿ ਇਸ ਦੇ ਬਣਾਏ ਹੋਏ ਪੱਥਰ ਪਾਣੀ ਵਿਚ ਡੁਬਦੇ ਨਹੀਂ ਸਨ। ਇਸ ਹੁਨਰ ਕਰਕੇ ਇਸ ਨੇ ਦੱਖਣ ਵਿਚ ਲੰਕਾ ਉਤੇ ਹਮਲਾ ਕਰਨ ਦੇ ਉੱਦੇਸ਼ ਤੋਂ ਸ੍ਰੀ ਰਾਮ ਦੀਆਂ ਸੈਨਾਵਾਂ ਲਈ ਰਾਮ-ਸੇਤੂ ਨਾਂ ਦਾ ਪੁਲ ਬਣਾਇਆ, ਜਿਸ ਰਾਹੀਂ ਸ੍ਰੀ ਰਾਮ ਨੇ ਸੌਖ ਨਾਲ ਸਮੁੰਦਰ ਪਾਰ ਕਰ ਲਿਆ।

'ਨੀਲ' ਨਲ ਦਾ ਇਕ ਸਾਥੀ ਸੀ ਜਿਸ ਨੇ ਨਲ ਨਾਲ ਰਲ ਕੇ ਰਾਮ-ਰਾਵਣ-ਯੁੱਧ ਵਿਚ ਹਿੱਸਾ ਲਿਆ। ਇਨ੍ਹਾਂ ਦੋਹਾਂ ਦੀ ਰਾਵਣ ਦੇ ਦੋ ਮਹਾਨ ਯੋਧਿਆਂ--ਹਸ੍ਤ ਅਤੇ ਪ੍ਰਹਸ੍ਤ ਨਾਲ ਪੂਰਵ-ਜਨਮ ਦੀ ਦੁਸ਼ਮਣੀ ਸੀ। ਇਨ੍ਹਾਂ ਦੋਹਾਂ ਨੇ ਰਲ ਕੇ ਉਨ੍ਹਾਂ ਦੋਹਾਂ ਨੂੰ ਮਾਰ ਦਿੱਤਾ। ਇਸ ਤਰ੍ਹਾਂ ਇਨ੍ਹਾਂ ਨੇ ਰਾਵਣ ਨੂੰ ਹਰਾਉਣ ਵਿਚ ਕਾਫ਼ੀ ਘਾਲਣਾ ਘਾਲੀ ਹੈ। ਵਾਰਿਸ ਸ਼ਾਹ ਨੇ 'ਹੀਰ' ਵਿਚ ਇਨ੍ਹਾਂ ਦਾ ਉੱਲੇਖ ਕੀਤਾ ਹੈ—'ਨਲ ਨੀਲ ਤੇ ਹਨੂ ਨੇ ਲੰਕਾ ਫੂਕੀ, ਫਿਰਨ ਲਗੀਆਂ ਰਾਮ ਦੁਹਾਈਆਂ ਨੀ।'

ਨਲ, ਰਾਜਾ : ਇਕ ਚੰਦ੍ਰਵੰਸ਼ੀ ਰਾਜਾ ਜੋ ਨਿਸ਼ਧ ਦੇਸ਼ ਦੇ ਰਾਜਾ ਵੀਰ-ਸੇਨ ਦਾ ਪੁੱਤਰ ਸੀ। 'ਮਹਾਭਾਰਤ' (ਵਨ-ਪਰਵ) ਅਨੁਸਾਰ ਉਨ੍ਹਾਂ ਹੀ ਦਿਨਾਂ ਵਿਚ ਵਿਦਰਭ ਦੇਸ਼ ਦੇ ਰਾਜਾ ਭੀਮ ਦੇ ਘਰ ਦਮਯੰਤੀ ਨਾਂ ਦੀ ਲੜਕੀ ਵੀ ਪੈਦਾ ਹੋਈ ਸੀ। ਇਹ ਦੋਵੇਂ ਬਹੁਤ ਹੀ ਸੁੰਦਰ, ਸੁਸ਼ੀਲ ਅਤੇ ਗੁਣਵਾਨ ਸਨ। ਇਨ੍ਹਾਂ ਦੋਹਾਂ ਨੇ ਇਕ ਦੂਜੇ ਬਾਰੇ ਸੁਣ ਕੇ ਪਰਸਪਰ ਪ੍ਰੇਮ ਕਰਨਾ ਸ਼ੁਰੂ ਕਰ ਦਿੱਤਾ ਸੀ। ਰਾਜਾ ਭੀਮ ਨੇ ਦਮਯੰਤੀ ਦਾ ਵਿਆਹ ਕਰਨ ਲਈ ਸ੍ਵਯੰਬਰ ਰਚਿਆ। ਉਸ ਸ੍ਵਯੰਬਰ ਵਿਚ ਸ਼ਾਮਲ ਹੋਣ ਲਈ ਇੰਦਰ, ਵਰੁਣ, ਅਗਨੀ ਅਤੇ ਯਮ ਨਾਂ ਦੇ ਚਾਰੇ ਦੇਵਤੇ ਵੀ ਇੱਛਾ ਰਖਦੇ ਸਨ। ਉਨ੍ਹਾਂ ਨੇ ਭੂ-ਲੋਕ ਵਿਚੋਂ ਨਲ ਨੂੰ ਆਪਣਾ ਦੂਤ ਬਣਾ ਕੇ ਦਮਯੰਤੀ ਕੋਲ ਭੇਜਿਆ। ਦਮਯੰਤੀ ਨੇ ਨਲ ਨੂੰ ਸਪੱਸ਼ਟ ਕੀਤਾ ਕਿ ਉਹ ਨਲ ਨਾਲ ਹੀ ਵਿਆਹ ਕਰੇਗੀ। ਫਲਸਰੂਪ ਉਨ੍ਹਾਂ ਚੌਹਾਂ ਦੇਵਤਿਆਂ ਨੇ ਨਲ ਦਾ ਰੂਪ ਧਾਰਣ ਕਰਕੇ ਸ੍ਵਯੰਬਰ ਵਿਚ ਹਿੱਸਾ ਲਿਆ। ਦਮਯੰਤੀ ਨੂੰ ਉਸ ਸਮਾਗਮ ਵਿਚ ਪੰਜ ਨਲਾਂ ਨੂੰ ਵੇਖ ਕੇ ਬਹੁਤ ਹੈਰਾਨ ਹੋਈ, ਪਰ ਉਸ ਨੇ ਆਖ਼ਰ ਅਸਲੀ ਨਲ ਨੂੰ ਪਛਾਣ ਲਿਆ ਅਤੇ ਉਸ ਦੇ ਗੱਲ ਵਿਚ ਜੈਮਾਲਾ ਪਾ ਦਿੱਤੀ। ਚੌਹਾਂ ਦੇਵਤਿਆਂ ਨੇ ਪ੍ਰਸੰਨ ਹੋ ਕੇ ਨਲ-ਦਮਯੰਤੀ ਨੂੰ ਅੱਠ ਵਰ ਦਿੱਤੇ। ਦੋਹਾਂ ਦਾ ਜੀਵਨ ਸੁਖ-ਪੂਰਵਕ ਗੁਜ਼ਰਨ ਲਗਾ ਅਤੇ ਉਨ੍ਹਾਂ ਦੇ ਘਰ ਕਾਲਾਂਤਰ ਵਿਚ ਇਕ ਪੁੱਤਰ 'ਇੰਦ੍ਰਸੇਨ' ਅਤੇ ਇਕ ਪੁੱਤਰੀ 'ਇੰਦ੍ਰਸੇਨੀ' ਦਾ ਜਨਮ ਹੋਇਆ।

ਜਦੋਂ ਦੇਵਤੇ ਸ੍ਵਯੰਬਰ ਵਿਚੋਂ ਪਰਤ ਕੇ ਦੇਵਲੋਕ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿਚ ਕਲਿਯੁਗ ਅਤੇ ਦ੍ਵਾਪਰ ਮਿਲੇ। ਜਦੋਂ ਉਨ੍ਹਾਂ ਨੂੰ ਦੇਵਤਿਆਂ ਤੋਂ ਪਤਾ ਲਗਾ ਕਿ ਦਮਯੰਤੀ ਨੇ ਨਲ ਨਾਲ ਵਿਆਹ ਕਰ ਲਿਆ ਹੈ, ਤਾਂ ਨਲ ਨੂੰ ਦੰਡ ਦੇਣ ਲਈ ਕਲਿ ਨੇ ਨਲ ਵਿਚ ਅਤੇ ਦ੍ਵਪਾਰ ਨੇ ਜੂਏ ਦੇ ਪਾਸੇ ਵਿਚ ਪ੍ਰਵੇਸ਼ ਕੀਤਾ। ਕਲਿ ਨੇ ਨਲ ਨੂੰ ਆਪਣੇ ਭਰਾ ਪੁਸ਼ਕਰ ਨਾਲ ਜੂਆ ਖੇਡਣ ਲਈ ਉਕਸਾਇਆ। ਜੂਏ ਦੀ ਖੇਡ ਵਿਚ

ਨਲ ਸਭ ਕੁਝ ਹਾਰ ਗਿਆ। ਦੇਸ਼-ਨਿਕਾਲੇ ਕਾਰਣ ਆਪਣੇ ਬੱਚਿਆਂ ਨੂੰ ਵਿਦਰਭ ਦੇਸ਼ ਵਿਚ ਨਾਨਕੇ ਘਰ ਭੇਜ ਕੇ ਉਹ ਦੋਵੇਂ ਜੰਗਲਾਂ ਵਿਚ ਮਾਰੇ ਮਾਰੇ ਫਿਰਨ ਲਗੇ। ਇਕ ਦਿਨ ਸੁੱਤੀ ਪਈ ਦਮਯੰਤੀ ਨੂੰ ਛਡ ਕੇ ਨਲ ਉਥੋਂ ਚਲਾ ਗਿਆ। ਦਮਯੰਤੀ ਨੇ ਨਲ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੁਝ ਵੀ ਪਤਾ ਨਾ ਚਲਿਆ। ਆਖਿਰ ਦੁੱਖਾਂ ਦੀ ਮਾਰੀ ਨੇ ਚੇਦੀ ਦੇਸ਼ ਦੀ ਰਾਜਕੁਮਾਰੀ ਕੋਲ ਨੌਕਰੀ ਕਰ ਲਈ।

ਉਧਰ ਰਾਜਾ ਨਲ ਵੀ ਇਧਰ ਉਧਰ ਭਟਕਦਾ ਰਿਹਾ। ਉਸ ਨੂੰ ਦਾਵਾਨਲ ਵਿਚ ਘਿਰੇ ਕਰਕੋਟਕ ਨਾਂ ਦੇ ਨਾਗ ਨੇ ਡਸ ਲਿਆ। ਨਾਗ ਨੇ ਰਾਜੇ ਨੂੰ ਦਸਿਆ ਕਿ ਉਸ ਵਿਚ ਕਲਿ ਨਿਵਾਸ ਕਰ ਰਿਹਾ ਹੈ। ਉਸ ਨੂੰ ਕਰਕੋਟਕ ਦੀ ਜ਼ਹਿਰ ਹੀ ਕੱਢ ਸਕੇਗੀ। ਸੱਪ ਦੇ ਡੱਸਣ ਨਾਲ ਉਸ ਦਾ ਸਰੂਪ ਵਿਗੜ ਗਿਆ। ਵਿਗੜੇ ਹੋਏ ਰੂਪ ਨਾਲ ਨਲ ਨੇ ਅਯੋਧਿਆ ਦੇ ਰਾਜਾ ਰਿਤੁਪਰਣ ਕੋਲ 'ਬਾਹੁਕ' ਨਾਂ ਅਧੀਨ ਨੌਕਰੀ ਕਰ ਲਈ। ਬਾਹੁਕ ਨੇ ਘੋੜਿਆਂ ਨੂੰ ਸਿਖਲਾਉਣ ਅਤੇ ਰਸੋਈ ਦਾ ਕੰਮ ਕਰਨ ਦੀ ਜ਼ਿੰਮੇਵਾਰੀ ਲਈ।

ਰਾਜਾ ਭੀਮ ਨੇ ਕੋਸ਼ਿਸ਼ ਕਰਕੇ ਦਮਯੰਤੀ ਨੂੰ ਲਭਿਆ ਅਤੇ ਘਰ ਲਿਆਉਂਦਾ। ਉਸ ਨੇ ਨਲ ਦਾ ਵੀ ਖੁਰਾ-ਖੋਜ ਕੱਢ ਲਿਆ ਅਤੇ ਦਮਯੰਤੀ ਦਾ ਪੁਨਰ-ਸੁਯੰਬਰ ਰਖ ਕੇ ਰਾਜਾ ਰਿਤੁਪਰਣ ਨੂੰ ਵੀ ਸ਼ਾਮਲ ਹੋਣ ਲਈ ਨਿਮੰਤ੍ਰਿਤ ਕੀਤਾ। ਰਾਜਾ ਬਾਹੁਕ ਨੂੰ ਸਾਰਥੀ ਬਣਾ ਕੇ ਵਿਦਰਭ ਦੇਸ਼ ਵਲ ਤੁਰ ਪਿਆ। ਰਸਤੇ ਵਿਚ ਉਸ ਨੇ ਬਾਹੁਕ ਨੂੰ ਜੂਆ ਖੇਡਣ ਵਿਚ ਪ੍ਰਬੀਨ ਕਰ ਦਿੱਤਾ। ਫਲਸਰੂਪ ਨਲ ਦੇ ਸ਼ਰੀਰ ਵਿਚੋਂ ਕਲਿ ਨਿਕਲ ਗਿਆ। ਜਦੋਂ ਉਹ ਦੋਵੇਂ ਵਿਦਰਭ ਦੇਸ਼ ਪਹੁੰਚੇ ਤਾਂ ਉਥੇ ਸੁਯੰਬਰ ਦੀ ਕੋਈ ਤਿਆਰੀ ਨਾ ਵੇਖ ਕੇ ਨਲ ਹੈਰਾਨ ਹੋਇਆ। ਰਾਜਾ ਰਿਤੁਪਰਣ ਬਿਸ੍ਰਾਮ ਕਰਨ ਲਈ ਚਲਾ ਗਿਆ। ਨਲ ਨੂੰ ਦਮਯੰਤੀ ਨੇ ਮਹੱਲ ਵਿਚ ਬੁਲਵਾ ਕੇ ਪਛਾਣ ਲਿਆ ਅਤੇ ਦਸਿਆ ਕਿ ਉਸ ਨੂੰ ਲੱਭਣ ਲਈ ਹੀ ਸੁਯੰਬਰ ਦਾ ਨਾਟਕ ਰਚਿਆ ਗਿਆ ਸੀ।

ਨਲ ਨੇ ਰਾਜਾ ਰਿਤੁਪਰਣ ਨੂੰ ਅਸ਼ਵ-ਵਿਦਿਆ ਸਿਖਾ ਕੇ ਪੁਸ਼ਕਰ ਨਾਲ ਫਿਰ ਜੂਆ ਖੇਡਿਆ ਅਤੇ ਉਸ ਤੋਂ ਆਪਣਾ ਰਾਜ ਫਿਰ ਤੋਂ ਪ੍ਰਾਪਤ ਕਰ ਲਿਆ। ਇਸ ਤਰ੍ਹਾਂ ਨਲ ਅਤੇ ਦਮਯੰਤੀ ਇਕ ਦੂਜੇ ਨੂੰ ਪ੍ਰਾਪਤ ਕਰਕੇ ਸੁਖ-ਪੂਰਵਕ ਰਹਿਣ ਲਗੇ। ਇਨ੍ਹਾਂ ਦਾ ਆਖਿਆਨ ਸੱਚੇ ਪ੍ਰੇਮ ਦੀ ਇਕ ਉਜਲੀ ਤਸਵੀਰ ਪੇਸ਼ ਕਰਦਾ ਹੈ।

ਨਵ-ਖੰਡ : ਵੇਖੋ 'ਨਉ-ਖੰਡ'।

ਨਵ-ਗ੍ਰਹ : ਵੇਖੋ 'ਗ੍ਰਹ'।

ਨਵਧਾ-ਭਗਤੀ : ਭਗਤੀ ਦੇ, ਪ੍ਰਾਚੀਨ ਵਿਦਵਾਨਾਂ ਨੇ, ਕਈ ਭੇਦ ਮੰਨੇ ਹਨ। ਉਨ੍ਹਾਂ ਭੇਦਾਂ ਵਿਚ ਅਧਿਕ ਚਰਚਿਤ ਭੇਦ 'ਨਵਧਾ-ਭਗਤੀ' ਵਾਲਾ ਹੈ। 'ਭਾਗਵਤ ਪੁਰਾਣ' (7/5/23) ਵਿਚ ਵਰਣਿਤ ਇਹ ਨੌਂ ਅੰਗ ਇਸ ਤਰ੍ਹਾਂ ਹਨ—(1) ਸ਼੍ਰਵਣ, (2) ਕੀਰਤਨ, (3) ਸੁਮਰਣ, (4) ਪਾਦ-ਸੇਵਨ, (5) ਪੂਜਾ-ਅਰਚਾ, (6) ਵੰਦਨ, (7) ਦਾਸ੍ਯ, (8) ਸਖ੍ਯ, ਅਤੇ (9) ਆਤਮ-ਨਿਵੇਦਨ। ਇਨ੍ਹਾਂ ਨੌਂ ਅੰਗਾਂ ਦੀ ਵਿਆਖਿਆ ਕਰਦਿਆਂ ਰੂਪ-ਗੋਸੁਆਮੀ ਨੇ 'ਹਰਿਭਕ੍ਤਿ ਰਸਾਮ੍ਰਿਤ ਸਿੰਧੁ'

(1/2/29-39) ਵਿਚ ਦਸਿਆ ਹੈ ਕਿ ਭਗਵਾਨ ਦੇ ਨਾਮ, ਚਰਿਤ੍ਰ ਅਤੇ ਗੁਣਾਂ ਨੂੰ ਸੁਣਨਾ 'ਸ੍ਰਵਣ ਭਗਤੀ' ਹੈ ਅਤੇ ਉਨ੍ਹਾਂ ਦੇ ਨਾਮ, ਲੀਲਾ ਅਤੇ ਗੁਣਾਂ ਨੂੰ ਉੱਚੇ ਸੁਰ ਵਿਚ ਕਥਨ-ਕਰਨਾ 'ਕੀਰਤਨ ਭਗਤੀ' ਹੈ। ਭਗਵਾਨ ਦਾ ਮਨ ਨਾਲ ਜਿਵੇਂ-ਕਿਵੇਂ ਵੀ ਸੰਬੰਧ ਸਥਾਪਿਤ ਕਰਨਾ 'ਸ੍ਮਰਣ ਭਗਤੀ' ਹੈ। ਭਗਵਾਨ ਦੇ ਸ਼ਰੀਰ (ਅਵਤਾਰੀ ਜਾਂ ਮੂਰਤੀ) ਦੀ ਚਰਣ ਸੇਵਾ 'ਪਾਦ-ਸੇਵਨ ਭਗਤੀ' ਅਤੇ ਪੂਜਾ ਕਰਨਾ 'ਅਰਚਨ ਭਗਤੀ' ਹੈ। ਸਤੋਤ੍ਰ ਦੁਆਰਾ ਭਗਵਾਨ ਦੀ ਉਸਤਤ ਕਰਨਾ 'ਵੰਦਨ ਭਗਤੀ' ਹੈ। ਭਗਵਾਨ ਵਿਚ ਸਭ ਤਰ੍ਹਾਂ ਦੇ ਕਰਮਾਂ ਨੂੰ ਅਰਪਿਤ ਕਰਨਾ 'ਦਾਸ੍ਯ ਭਗਤੀ' ਹੈ। ਭਗਵਾਨ ਵਿਚ ਅਟਲ ਵਿਸ਼ਵਾਸ ਹੋਣਾ ਅਤੇ ਉਸ ਪ੍ਰਤਿ ਮਿੱਤਰਤਾ ਦਾ ਭਾਵ ਸਥਾਪਿਤ ਕਰਨਾ 'ਸਖ੍ਯ ਭਗਤੀ' ਹੈ। ਭਗਵਾਨ ਦੀ ਸੇਵਾ ਵਿਚ ਆਪਣੀ ਆਤਮਾ (ਦੇਹ ਅਤੇ ਦੇਹੀ) ਨੂੰ ਅਰਪਿਤ ਕਰ ਦੇਣਾ 'ਆਤਮ-ਨਿਵੇਦਨ ਭਗਤੀ' ਹੈ।

'ਬ੍ਰਹਮਵੈਵਰਤ-ਪੁਰਾਣ' (ਪ੍ਰਕ੍ਰਿਤੀ-ਖੰਡ 63/69) ਵਿਚ ਵੀ ਇਕ ਨਵਧਾ-ਭਗਤੀ ਦਾ ਵਰਣਨ ਹੋਇਆ ਹੈ। ਇਸ ਨਵਧਾ-ਭਗਤੀ ਦੀ ਉਪਰੋਕਤ ਨਵਧਾ-ਭਗਤੀ ਨਾਲ ਤੁਲਨਾ ਕੀਤਿਆਂ ਪਤਾ ਲਗਦਾ ਹੈ ਕਿ 'ਭਾਗਵਤ ਪੁਰਾਣ' ਦੇ ਦਾਸ੍ਯ ਅਤੇ ਸਖ੍ਯ ਅੰਗਾਂ ਦੀ ਥਾਂ ਤੇ 'ਬ੍ਰਹਮਵੈਵਰਤ ਪੁਰਾਣ' ਵਿਚ ਭਾਵ ਅਤੇ ਧਿਆਨ ਨਾਂ ਦੇ ਅੰਗਾਂ ਨੂੰ ਸ਼ਾਮਲ ਕੀਤਾ ਗਿਆ ਹੈ। ਬਾਕੀ ਦੇ ਸੱਤ ਅੰਗ ਦੋਹਾਂ ਪੁਰਾਣਾਂ ਵਿਚ ਸਮਾਨ ਹਨ।

'ਅਧਿਆਤਮ-ਰਾਮਾਇਣ' (3/10/22-27) ਵਿਚ ਇਕ ਹੋਰ ਤਰ੍ਹਾਂ ਦੀ ਨਵਧਾ-ਭਗਤੀ ਦਾ ਵਰਣਨ ਹੈ, ਜਿਸ ਦੇ ਨੌਂ ਅੰਗ ਇਸ ਪ੍ਰਕਾਰ ਹਨ—(1) ਸਤਿਸੰਗ, (2) ਰਾਮਕਥਾ ਦਾ ਕੀਰਤਨ, (3) ਰਾਮ-ਗੁਣਾਂ ਦੀ ਚਰਚਾ, (4) ਰਾਮ-ਵਾਕਾਂ ਦੀ ਵਿਆਖਿਆ, (5) ਗੁਰੂ-ਸੇਵਾ, (6) ਰਾਮ ਦੀ ਪੂਜਾ ਵਿਚ ਪ੍ਰੇਮ ਦਾ ਹੋਣਾ, (7) ਰਾਮ-ਮੰਤਰਾਂ ਦੀ ਉਪਾਸਨਾ, (8) ਰਾਮ ਨਾਲੋਂ ਰਾਮ-ਭਗਤ ਪ੍ਰਤਿ ਅਧਿਕ ਅਤੇ ਵਿਸ਼ੇਸ਼ ਆਦਰ, ਅਤੇ (9) ਰਾਮ-ਤੱਤ੍ਵ ਦਾ ਵਿਚਾਰ ਅਤੇ ਅਨੁਭਵ। ਅਜਿਹੀ ਭਗਤੀ ਪ੍ਰੇਮ-ਲਕਸ਼ਣਾ ਭਗਤੀ ਨੂੰ ਜਨਮ ਦਿੰਦੀ ਹੈ।

'ਭਾਗਵਤ-ਪੁਰਾਣ' ਅਤੇ 'ਅਧਿਆਤਮ-ਰਾਮਾਇਣ' ਦੀਆਂ ਨਵਧਾ-ਭਗਤੀਆਂ ਦੀ ਤੁਲਨਾ ਕੀਤਿਆਂ ਪਤਾ ਚਲਦਾ ਹੈ ਕਿ ਭਾਗਵਤਕਾਰ ਨੇ ਸਾਧਕ ਦੀਆਂ ਸਾਰੀਆਂ ਕ੍ਰਿਆਵਾਂ ਦਾ ਸੰਬੰਧ ਭਗਵਾਨ ਨਾਲ ਜੋੜਿਆ ਹੈ ਜਦ ਕਿ 'ਅਧਿਆਤਮ-ਰਾਮਾਇਣ' ਦੇ ਕਰਤਾ ਨੇ ਸਾਧਕ ਦੇ ਭਗਵਾਨ ਨਾਲ ਸੰਬੰਧ ਜੋੜਨ ਦੇ ਨਾਲ-ਨਾਲ ਸਾਧਕ ਦੀਆਂ ਚਿੱਤ-ਬ੍ਰਿੱਤੀਆਂ ਦੀ ਨਿਰਮਲਤਾ ਵਲ ਵੀ ਧਿਆਨ ਦਿੱਤਾ ਹੈ।

ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਨੌਂ ਪ੍ਰਕਾਰੀ ਭਗਤੀ ਦਾ ਉੱਲੇਖ ਕੀਤਾ ਹੈ, ਪਰ ਉਹ ਉਪਰੋਕਤ ਵਿਚੋਂ ਕਿਹੜੇ ਰੂਪ ਨਾਲ ਸੰਬੰਧ ਰਖਦੀ ਹੈ, ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਪਰੰਤੂ ਅਧਿਕ ਪ੍ਰਚਲਿਤ ਭੇਦ 'ਭਾਗਵਤ ਪੁਰਾਣ' ਵਾਲਾ ਹੈ। ਸੰਭਵ ਹੈ ਗੁਰੂ ਜੀ ਨੇ ਉਸੇ ਵਲ ਇਸ਼ਾਰਾ ਕੀਤਾ ਹੋਵੇ—'ਭਗਤਿ ਨਵ ਪਰਕਾਰਾ।/ ਪੰਡਿਤੁ ਵੇਦੁ ਪੁਕਾਰਾ' (ਅ. ਗ੍ਰੰ. 71)।

ਨਵ-ਨਾਥ : ਨਾਥ ਮਤ ਨਾਲ ਸੰਬੰਧਿਤ ਸਾਰੀਆਂ ਪਰੰਪਰਾਵਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ਼ੁਰੂ ਵਿਚ ਕੁਲ ਨੌਂ ਨਾਥ ਸਨ। ਪਰ ਇਨ੍ਹਾਂ ਦੇ ਨਾਂਵਾਂ ਵਿਚ ਸਮਾਨਤਾ ਨਹੀਂ ਸੀ। 'ਮਹਾਰਣਵ ਤੰਤ੍ਰ' ਵਿਚ ਦਿੱਤੀ ਨੌਂ ਨਾਥਾਂ ਦੀ ਸੂਚੀ ਇਸ ਪ੍ਰਕਾਰ ਹੈ— ਗੋਰਖ, ਜਾਲੰਧਰ, ਨਾਗਾਰਜੁਨ, ਸਹਸਾਰਜੁਨ, ਦੱਤਾਤ੍ਰੇਯ, ਦੇਵਦੱਤ, ਜੜ-ਭਰਤ, ਆਦਿ ਨਾਥ ਅਤੇ ਮਤ੍ਸ੍ਯੇਂਦ੍ਰਨਾਥ (ਮਛੰਦ੍ਰਨਾਥ)। ਪਰ 'ਪਦਮਾਵਤ' ਦੇ ਟੀਕੇ ਵਿਚ ਸੁਧਾਕਰ ਦ੍ਵਿਵੇਦੀ ਨੇ ਜਿਨ੍ਹਾਂ ਨੌਂ ਨਾਥਾਂ ਦਾ ਉੱਲੇਖ ਕੀਤਾ ਹੈ, ਉਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਹੈ -ਏਕ ਨਾਥ, ਆਦਿ-ਨਾਥ, ਮਤ੍ਸ੍ਯੇਂਦ੍ਰਨਾਥ, ਉਦਯਨਾਥ, ਦੰਡਨਾਥ, ਸਤ੍ਯਨਾਥ, ਸੰਤੋਸ਼ਨਾਥ, ਕੂਰਮਨਾਥ ਅਤੇ ਜਾਲੰਧਰਨਾਥ।

ਮਹਾਨ-ਕੋਸ਼ਕਾਰ ਨੇ ਨੌਂ ਨਾਥਾਂ ਦੇ ਨਾਂ ਇਸ ਪ੍ਰਕਾਰ ਦਿੱਤੇ ਹਨ—ਆਦ-ਨਾਥ, ਮਛੇਂਦ੍ਰ-ਨਾਥ, ਉਦਯਨਾਥ, ਸੰਤੋਖਨਾਥ, ਕੰਥੜਨਾਥ, ਸਤ੍ਯਨਾਥ, ਅਚੰਭਨਾਥ, ਚੌਰੰਗੀ ਨਾਥ ਅਤੇ ਗੋਰਖਨਾਥ। ਸਪੱਸ਼ਟ ਹੈ ਕਿ ਵੱਖਰੇ-ਵੱਖਰੇ ਗ੍ਰੰਥਾਂ ਜਾਂ ਉਪ-ਸੰਪ੍ਰਦਾਵਾਂ ਵਿਚ ਨੌਂ ਨਾਥਾਂ ਦੇ ਨਾਂ ਅਤੇ ਕ੍ਰਮ ਇਕ ਸਮਾਨ ਨਹੀਂ ਹਨ ਪਰ ਇਨ੍ਹਾਂ ਦੀ ਨੌਂ ਗਿਣਤੀ ਸਰਵ ਪ੍ਰਵਾਨਿਤ ਹੈ। ਨੌਂ ਨਾਥਾਂ ਦੇ ਹਵਾਲੇ ਪੰਜਾਬੀ ਸਾਹਿੱਤ ਵਿਚ ਮਿਲ ਜਾਂਦੇ ਹਨ। ਕਵੀ ਕਲ੍ਹ ਭੱਟ ਨੇ ਲਿਖਿਆ ਹੈ ਕਿ ਸਤਿ ਸਰੂਪ ਬ੍ਰਹਮ ਨਾਲ ਇਕਮਿਕ ਹੋਏ ਗੁਰੂ ਨਾਨਕ ਦਾ ਯਸ਼ ਨੌਂ ਨਾਥ ਗਾ ਰਹੇ ਹਨ—'ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ' (ਅ. ਗ੍ਰੰ. 1390)।

ਨਾਗਾਸਾਕੀ : ਜਾਪਾਨ ਦੇਸ਼ ਵਿਚ ਕਿਊਸ਼ੂ ਦੀਪ ਦੇ ਦੱਖਣ-ਪੱਛਮ ਵਿਚ ਵਸਿਆ ਇਕ ਨਗਰ, ਜੋ ਇਕ ਸੁੰਦਰ ਬੰਦਰਗਾਹ ਵੀ ਹੈ। ਇਹ ਲਗਭਗ ਪੰਜ ਕਿਲੋਮੀਟਰ ਲੰਬੀ ਖਾੜੀ ਦੇ ਸਿਰੇ ਉਤੇ ਵਸੇ ਹੋਣ ਕਾਰਣ ਤਿਜਾਰਤੀ ਅਤੇ ਫੌਜੀ ਦ੍ਰਿਸ਼ਟੀ ਤੋਂ ਬਹੁਤ ਮਹੱਤਵ ਰਖਦਾ ਹੈ। ਇਥੋਂ ਹੀ ਸਮੁੰਦਰੀ ਜਹਾਜ਼ ਕੋਲਾ ਆਦਿ ਲੈਂਦੇ ਹਨ। ਸੰਨਤੀ ਦ੍ਰਿਸ਼ਟੀ ਤੋਂ ਇਸ ਨਗਰ ਦਾ ਬਹੁਤ ਮਹੱਤਵ ਹੈ। ਇਸ ਦਾ ਪਹਿਲਾ ਨਾਂ 'ਫੁਕਾਈ-ਨੋ-ਉਰਾ' ਸੀ, ਪਰ ਬਾਰ੍ਹਵੀਂ ਸਦੀ ਵਿਚ 'ਨਾਗਾਸਾਕੀ ਕੋਟਾ ਰੋ' ਜਾਗੀਰ ਵਿਚ ਸ਼ਾਮਲ ਹੋਣ ਕਾਰਣ ਇਸ ਦਾ ਨਾਂ 'ਨਾਗਾਸਾਕੀ' ਪ੍ਰਸਿੱਧ ਹੋ ਗਿਆ।

ਅਮਰੀਕਾ ਨੇ ਸੰਨ 1945 ਈ. ਵਿਚ 6 ਅਗਸਤ ਨੂੰ ਹੀਰੋਸ਼ੀਮਾ (ਵੇਖੋ) ਅਤੇ 9 ਅਗਸਤ ਨੂੰ ਇਸ ਨਗਰ ਉਤੇ ਪਰਮਾਣੂ ਬੰਮ ਸੁਟੇ ਜਿਸ ਨਾਲ ਬੇਹਿਸਾਬ ਤਬਾਹੀ ਹੋਈ। ਇਸ ਨਗਰ ਵਿਚ ਲਗਭਗ 39,000 ਲੋਕ ਮਾਰੇ ਗਏ ਅਤੇ 25,000 ਜ਼ਖਮੀ ਹੋਏ। (ਕਿਤੇ-ਕਿਤੇ ਇਨ੍ਹਾਂ ਵੇਰਵਿਆਂ ਵਿਚ ਅੰਤਰ ਵੀ ਮਿਲਦਾ ਹੈ)। ਉਸ ਬੰਬ ਦਾ ਅਸਰ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਬੰਬ ਸੁਟੇ ਜਾਣ ਦੀ ਘਟਨਾ ਅਤੇ ਅਮਨ-ਲਹਿਰ ਨਾਲ ਸੰਬੰਧਿਤ ਹੋਣ ਕਾਰਣ ਇਸ ਨਗਰ ਦਾ ਮਹੱਤਵ ਇਤਿਹਾਸਿਕ ਹੋ ਗਿਆ ਹੈ।

ਨਾਥ-ਯੋਗੀ-ਪਰੰਪਰਾ : ਨਾਥ ਦਾ ਸ਼ਾਬਦਿਕ ਅਰਥ ਹੈ 'ਸੁਆਮੀ'। ਪਰ ਇਹ ਸ਼ਬਦ ਹੁਣ ਨਾਥ ਯੋਗੀਆਂ ਜਾਂ ਗੋਰਖਨਾਥ ਦੇ ਅਨੁਯਾਈਆਂ ਲਈ ਰੂੜ੍ਹ ਹੋ ਚੁਕਿਆ ਹੈ। ਇਸ ਪਰੰਪਰਾ ਦਾ ਵਿਕਾਸ ਪਾਸ਼ੁਪਤ ਸ਼ੈਵ-ਮਤ ਤੋਂ ਹੋਇਆ। ਜਦੋਂ ਸਿੱਧਾਂ ਦੇ ਤਾਂਤ੍ਰਿਕ

ਚਮਤਕਾਰ ਅਤੇ ਅਨੈਤਿਕ ਆਚਾਰ ਜਨਤਾ ਦੀ ਘਿਰਣਾ ਦਾ ਕਾਰਣ ਬਣਨ ਲਗੇ ਅਤੇ ਜਦੋਂ ਉਨ੍ਹਾਂ ਦੀਆਂ ਯੌਗਿਕ ਕ੍ਰਿਆਵਾਂ ਵੀ ਮੱਦੀਆਂ ਪੈਣ ਲਗੀਆਂ, ਤਦ ਇਨ੍ਹਾਂ ਯੋਗਿਕ ਕ੍ਰਿਆਵਾਂ ਦੇ ਉੱਧਾਰ ਲਈ ਨਾਥ-ਪਰੰਪਰਾ ਦਾ ਆਰੰਭ ਹੋਇਆ। ਇਸ ਮਤ ਵਿਚ 'ਨਾਥ' ਸ਼ਬਦ ਸ਼ਿਵ ਦੇ ਅਰਥਾਂ ਵਿਚ ਪ੍ਰਚਲਿਤ ਹੈ। ਹਰ ਨਾਥ-ਯੋਗੀ ਆਪਣੇ ਨਾਂ ਨਾਲ 'ਨਾਥ' ਸ਼ਬਦ ਜੋੜਦਾ ਹੈ। ਇਹ ਲੋਕ ਕੰਨ ਪੜਵਾ ਕੇ ਮੁੰਦ੍ਰਾਵਾਂ ਧਾਰਣ ਕਰਦੇ ਹਨ, ਇਸ ਲਈ ਇਨ੍ਹਾਂ ਨੂੰ 'ਕਨਫਟਾ' ਜਾਂ 'ਕਨਪਾਟਾ' ਸਾਧੂ ਵੀ ਕਿਹਾ ਜਾਂਦਾ ਹੈ।

ਇਨ੍ਹਾਂ ਨਾਥਾਂ ਵਿਚੋਂ ਨੌਂ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹਨ ਪਰ ਇਨ੍ਹਾਂ ਦੇ ਨਾਵਾਂ ਬਾਰੇ ਮਤ-ਏਕਤਾ ਨਹੀਂ ਹੈ। 'ਮਹਾਰਣਵ ਤੰਤ੍ਰ' ਅਨੁਸਾਰ ਨੌਂ ਨਾਥਾਂ ਦੇ ਨਾਂ ਇਸ ਪ੍ਰਕਾਰ ਹਨ —ਗੋਰਖ, ਜਾਲੰਧਰ, ਨਾਗਾਰਜੁਨ, ਸਹਸਾਰਜੁਨ, ਦੱਤਾਤ੍ਰੇਯ, ਦੇਵਦੱਤ, ਜੜ-ਭਰਤ, ਆਦਿਨਾਥ ਅਤੇ ਮਤ੍ਸ੍ਯੇਂਦ੍ਰਨਾਥ (ਮਛੰਦ੍ਰ-ਨਾਥ)। ਪਰ ਕਈ ਹੋਰ ਵਿਦਵਾਨਾਂ ਨੇ ਨੌਂ ਨਾਥਾਂ ਦੇ ਭਿੰਨ-ਭਿੰਨ ਨਾਂ ਦਿੱਤੇ ਹਨ। ਇਨ੍ਹਾਂ ਵਿਚੋਂ ਆਦਿ-ਨਾਥ ਨੂੰ ਸ਼ਿਵ ਦਾ ਅਵਤਾਰ ਸਮਝਿਆ ਜਾਂਦਾ ਹੈ। ਇਸ ਦਾ ਸਥਾਨ ਅਤੇ ਮਹੱਤਵ ਕੇਂਦਰੀ ਹੈ, ਬਾਕੀ ਦੇ ਅੱਠ ਨਾਥ, ਅੱਠ ਦਿਸ਼ਾਵਾਂ ਦੇ ਸੁਆਮੀ ਮੰਨੇ ਜਾਂਦੇ ਹਨ।

ਨਾਥ-ਮਤ ਨੂੰ ਕਈ ਵਿਦਵਾਨ ਸ਼ੈਵ ਸੰਪ੍ਰਦਾਇ ਦਾ ਹੀ ਇਕ ਰੂਪ ਸਮਝਦੇ ਹਨ। ਪਰ ਇਹ ਹੋਰ ਸ਼ੈਵਾਂ ਵਾਂਗ ਨਾ ਤਾਂ ਲਿੰਗ ਦੀ ਪੂਜਾ ਕਰਦੇ ਹਨ, ਨਾ ਤੀਰਥਾਂ ਅਤੇ ਦੇਵਤਿਆਂ ਨੂੰ ਮੰਨਦੇ ਹਨ, ਪਰ ਸ਼ਿਵ-ਮੰਦਿਰਾਂ ਅਤੇ ਦੇਵੀ-ਮੰਦਿਰਾਂ ਵਿਚ ਦਰਸ਼ਨ ਲਈ ਜਾਂਦੇ ਹਨ। ਇਹ ਸ਼ਰੀਰ ਉੱਤੇ ਭਸਮ ਵੀ ਲਗਾਉਂਦੇ ਹਨ। ਪਰੰਤੂ ਇਨ੍ਹਾਂ ਵਿਚ ਭਸਮ ਲਗਾਉਣ ਦਾ ਵੱਖਰਾ ਸਿੱਧਾਂਤ ਹੈ ਕਿਉਂਕਿ ਭਸਮ ਨਾਲ ਇਹ ਸ਼ਰੀਰ ਵਿਚਲੇ ਰੋਮਾਂ ਵਾਲੇ ਸੁਰਾਖਾਂ ਨੂੰ ਵੀ ਬੰਦ ਕਰ ਲੈਂਦੇ ਹਨ। ਇਸ ਨਾਲ ਪ੍ਰਾਣਾਯਾਮ ਵਿਚ ਸਹਾਇਤਾ ਮਿਲਦੀ ਹੈ।

ਨਾਥ-ਮਤ ਦੀ ਯੋਗ-ਸਾਧਨਾ ਪਾਤੰਜਲ ਯੋਗ-ਵਿਧੀ ਦਾ ਵਿਕਸਿਤ ਰੂਪ ਕਿਹਾ ਜਾ ਸਕਦਾ ਹੈ। ਉਸ ਦਾ ਜੇ ਦਾਰਸ਼ਨਿਕ ਅੰਸ਼ ਛਡ ਦਿੱਤਾ ਜਾਏ ਅਤੇ ਉਸ ਦੀ ਥਾਂ ਹਠ-ਯੋਗ ਦੀ ਕ੍ਰਿਆ-ਸਾਧਨਾ ਜੋੜ ਦਿੱਤੀ ਜਾਏ ਤਾਂ ਨਾਥ-ਮਤ ਦਾ ਵਿਵਹਾਰਿਕ ਰੂਪ ਸਾਹਮਣੇ ਆਉਂਦਾ ਹੈ। ਨਾਥ-ਮਤ ਵਿਚ ਬ੍ਰਹਮਚਰਯ ਦਾ ਸਰਵ ਪ੍ਰਮੁਖ ਮਹੱਤਵ ਹੈ। ਹਰ ਪ੍ਰਕਾਰ ਦੇ ਤਾਮਸਿਕ ਭੋਜਨਾਂ ਜਾਂ ਪਾਨਾਂ (ਪੀਣ ਦੇ ਪਦਾਰਥਾਂ) ਦੀ ਵੀ ਮਨਾਹੀ ਹੈ। ਇਨ੍ਹਾਂ ਅਨੁਸਾਰ ਪਰਮਸੱਤਾ 'ਕੇਵਲ' ਹੈ। ਕੇਵਲ ਤਕ ਪਹੁੰਚਣਾ 'ਕੈਵਲ੍ਯ' ਜਾਂ ਮੋਕਸ਼ (ਮੁਕਤੀ) ਹੈ। ਇਸੇ ਪ੍ਰਕ੍ਰਿਆ ਨੂੰ 'ਯੋਗ' ਕਿਹਾ ਜਾਂਦਾ ਹੈ। ਇਸ ਅਵਸਥਾ ਦੀ ਪ੍ਰਾਪਤੀ ਲਈ ਪਹਿਲਾਂ ਸ਼ਰੀਰ ਨੂੰ ਸਾਧਣਾ ਪੈਂਦਾ ਹੈ ਕਿਉਂਕਿ ਸ਼ਰੀਰ ਇਕ ਯੰਤ੍ਰ ਜਾਂ ਸਾਧਨ ਹੈ ਜਿਸ ਰਾਹੀਂ ਨਾਥ-ਯੋਗੀ ਕੈਵਲ੍ਯ ਪ੍ਰਾਪਤ ਕਰ ਸਕਦਾ ਹੈ; ਜਨਮ ਜਾਂ ਮਰਣ ਉਤੇ ਵੀ ਉਹ ਪੂਰਾ ਅਧਿਕਾਰ ਕਰ ਲੈਂਦਾ ਹੈ।

ਇਹ ਸਾਰੀ ਕ੍ਰਿਆ 'ਹਠਯੋਗ' (ਵੇਖੋ) ਦੇ ਅਨੁਸਾਰ ਕੀਤੀ ਜਾਂਦੀ ਹੈ। ਅੰਤ ਵਿਚ ਪ੍ਰਾਣਾਯਾਮ ਦੁਆਰਾ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਇਸ ਮਤ ਦੇ ਯੋਗੀ ਜਾਂ ਤਾਂ ਜੀਵਿਤ ਸਮਾਧੀ ਲੈਂਦੇ ਹਨ, ਜਾਂ ਫਿਰ ਮਰਨ ਉਪਰੰਤ ਉਨ੍ਹਾਂ ਨੂੰ ਸਮਾਧੀ ਦਿੱਤੀ ਜਾਂਦੀ

ਹੈ। ਇਨ੍ਹਾਂ ਦਾ ਦਾਹ-ਸੰਸਕਾਰ ਨਹੀਂ ਕੀਤਾ ਜਾਂਦਾ ਹੈ। ਨਾਥ ਜੋਗੀ 'ਅਲੱਖ' ਸ਼ਬਦ ਉਚਾਰਦੇ ਹਨ ਅਤੇ ਭਿਖਿਆ ਮੰਗਣ ਵੇਲੇ ਵੀ ਇਹੀ ਸ਼ਬਦ ਬੋਲਦੇ ਹਨ। ਆਪਸ ਵਿਚ ਮਿਲਣ ਵੇਲੇ ਇਹ 'ਅਲੱਖ' ਜਾਂ 'ਆਦੇਸ਼' ਸ਼ਬਦਾਂ ਨਾਲ ਇਕ ਦੂਜੇ ਨੂੰ ਸੰਬੋਧਨ ਕਰਦੇ ਹਨ।

ਰਵਾਇਤ ਅਨੁਸਾਰ ਆਦਿ-ਨਾਥ ਦੇ ਦੋ ਮੁੱਖ ਸ਼ਿਸ਼ ਸਨ—ਮਛੰਦ੍ਰ-ਨਾਥ ਅਤੇ ਜਾਲੰਧਰ-ਨਾਥ। ਇਨ੍ਹਾਂ ਦੋਹਾਂ ਦਾ ਅਗੋਂ ਇਕ-ਇਕ ਮੁੱਖ ਸ਼ਿਸ਼ ਸੀ—ਮਛੰਦ੍ਰਨਾਥ ਦਾ ਗੋਰਖਨਾਥ ਅਤੇ ਜਾਲੰਧਰਨਾਥ ਦਾ ਕਾਨ੍ਹਪਾ। ਇਹੀ ਚਾਰ ਪ੍ਰਮੁਖ ਨਾਥ-ਜੋਗੀ ਮੰਨੇ ਜਾਂਦੇ ਹਨ। ਇਨ੍ਹਾਂ ਦੇ ਹਿੰਦੂ ਅਤੇ ਮੁਸਲਮਾਨ ਦੋਹਾਂ ਤਰ੍ਹਾਂ ਦੇ ਅਨੁਯਾਈ ਹਨ।

ਕਹਿੰਦੇ ਹਨ ਕਿ ਇਕ ਵਾਰ ਮਛੰਦ੍ਰਨਾਥ ਤ੍ਰੀਆ ਦੇਸ਼ (ਕਾਵਰੂ ਦੇਸ਼) ਵਿਚ ਇਸਤਰੀਆਂ ਦੀ ਵਿਲਾਸ-ਲੀਲਾ ਵਿਚ ਉਲਝ ਗਿਆ। ਉਸ ਨੂੰ ਗੋਰਖਨਾਥ ਨੇ ਮੁਕਤ ਕਰਾਇਆ। ਇਸ ਕਰਕੇ ਗੋਰਖਨਾਥ ਦਾ ਮਹੱਤਵ ਬਹੁਤ ਵੱਧ ਗਿਆ ਅਤੇ ਕਾਲਾਂਤਰ ਵਿਚ ਯੋਗ-ਮਤ ਦਾ ਜੋ ਸਰੂਪ ਸਾਹਮਣੇ ਆਇਆ, ਉਸ ਨੂੰ 'ਗੋਰਖ-ਮਤ' ਵੀ ਕਿਹਾ ਜਾਣ ਲਗਾ। ਉਸ ਦੇ ਨਾਂ ਤੇ ਹਜ਼ਾਰਾਂ ਕਥਾਵਾਂ ਅਤੇ ਕਰਾਮਾਤਾਂ ਪ੍ਰਚਲਿਤ ਹੋ ਗਈਆਂ। ਇਸ ਤੋਂ ਇਲਾਵਾ ਉਸ ਨੂੰ ਕਈ ਰਚਨਾਵਾਂ ਦਾ ਕਰਤਾ ਮੰਨਿਆ ਜਾਣ ਲਗਾ।

ਮੱਧ-ਯੁਗ ਦੇ ਸਾਧਕਾਂ ਨੇ ਇਨ੍ਹਾਂ ਨਾਥਾਂ ਨੂੰ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿੱਤੀ। ਗੁਰੂ ਨਾਨਕ ਦੇਵ ਅਨੁਸਾਰ ਨਾਥ ਲੋਕ ਪ੍ਰਭੂ ਦਾ ਭੇਦ ਪਾਉਣ ਵਿਚ ਸਮਰਥ ਨਹੀਂ ਹਨ —'ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ।।ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ' (ਅ. ਗ੍ਰੰ. 1282)।

ਨਾਦਿਰਸ਼ਾਹ : ਇਮਾਮਕੁਲੀ ਦੇ ਘਰ ਸੰਨ 1688 ਈ. ਵਿਚ ਨਾਦਿਰਸ਼ਾਹ ਦਾ ਜਨਮ ਹੋਇਆ। ਉਦੋਂ ਇਸ ਦਾ ਪਰਿਵਾਰ ਦਸਤਗੜ੍ਹ ਕਿਲੇ ਵਿਚ ਰਹਿੰਦਾ ਸੀ ਜੋ ਖ਼ੁਰਾਸਾਨ ਦੇ ਮੁੱਖ ਨਗਰ ਮਸ਼ਹਦ ਤੋਂ ਲਗਭਗ 80 ਕਿ. ਮੀ. ਦੀ ਦੂਰੀ 'ਤੇ ਹੈ। ਇਸ ਦਾ ਪਿਤਾ ਦਸਤਗੜ੍ਹ ਕਿਲੇ ਦਾ ਮੁੱਖ ਅਧਿਕਾਰੀ ਸੀ। ਪਰ ਬਚਪਨ ਵਿਚ ਹੀ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਇਸ ਨੂੰ ਅਨੇਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ; ਇਥੋਂ ਤਕ ਕਿ ਇਸ ਨੂੰ ਭੇਡਾਂ ਬਕਰੀਆਂ ਦੇ ਇਜੜ ਚਰਾਉਣੇ ਪਏ। ਪਰ ਆਪਣੀ ਬਹਾਦਰੀ ਅਤੇ ਦੂਰ-ਅੰਦੇਸ਼ੀ ਕਰਕੇ ਇਹ ਆਪਣੇ ਕਬੀਲੇ ਦਾ ਸਰਦਾਰ ਬਣ ਗਿਆ। ਸੰਨ 1736 ਈ. ਵਿਚ ਇਸ ਨੇ ਸਫ਼ਵੀ ਖ਼ਾਨਦਾਨ ਨੂੰ ਹਰਾ ਕੇ ਫ਼ਾਰਸ ਉਤੇ ਕਬਜ਼ਾ ਕੀਤਾ। ਫਿਰ ਕਾਬੁਲ ਅਤੇ ਕੰਧਾਰ ਨੂੰ ਆਪਣੇ ਅਧੀਨ ਕੀਤਾ। ਉਥੇ ਆਪਣੀ ਤਾਕਤ ਮਜ਼ਬੂਤ ਕਰ ਕੇ ਸੰਨ 1739 ਈ. ਵਿਚ ਇਸ ਨੇ ਹਿੰਦੁਸਤਾਨ ਵਲ ਰੁਖ ਕੀਤਾ। ਕਰਨਾਲ ਦੇ ਨੇੜੇ ਦਿੱਲੀ ਦੇ ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਨਾਲ ਨਾਦਿਰਸ਼ਾਹ ਦਾ ਘਮਸਾਨ ਯੁੱਧ ਹੋਇਆ। ਮੁਹੰਮਦ ਸ਼ਾਹ ਨੇ ਹਾਰ ਖਾਣ ਉਪਰੰਤ ਸਮਝੌਤਾ ਕਰ ਕੇ ਨਾਦਿਰਸ਼ਾਹ ਨੂੰ ਦਿੱਲੀ ਲਿਆਉਂਦਾ।

ਦਿੱਲੀ ਵਿਚ ਆਮ ਲੋਕਾਂ ਅਤੇ ਨਾਦਿਰਸ਼ਾਹ ਦੇ ਸਿਪਾਹੀਆਂ ਵਿਚ ਕੁਝ ਝਗੜਾ ਹੋ ਗਿਆ। ਉਸ ਨੂੰ ਖ਼ਤਮ ਕਰਨ ਲਈ ਨਾਦਿਰਸ਼ਾਹ ਜਦੋਂ ਗਿਆ ਤਾਂ ਰੌਸ਼ਨੁੱਦੌਲਾ ਦੀ

ਮਸਜਿਦ ਵਿਚ ਇਸ ਉੱਤੇ ਕਿਸੇ ਨੇ ਗੋਲੀ ਦਾਗ਼ ਦਿੱਤੀ। ਇਹ ਤਾਂ ਬਚ ਗਿਆ, ਪਰ ਗੋਲੀ ਇਸ ਦੇ ਇਕ ਜਰਨੈਲ ਨੂੰ ਲਗੀ। ਉਧਰ ਸ਼ਹਿਰ ਵਿਚ ਅਫ਼ਵਾਹ ਫੈਲ ਗਈ ਕਿ ਨਾਦਿਰਸ਼ਾਹ ਮਾਰਿਆ ਗਿਆ ਹੈ। ਫਲਸਰੂਪ ਲੋਕਾਂ ਨੇ ਨਾਦਰੀ ਫ਼ੌਜ ਦੇ ਕੁਝ ਸਿਪਾਹੀ ਮਾਰ ਦਿੱਤੇ। ਬਸ ਨਾਦਿਰਸ਼ਾਹ ਦਾ ਗੁੱਸਾ ਸਿਖਰ 'ਤੇ ਪਹੁੰਚ ਗਿਆ। ਤਲਵਾਰ ਨੰਗੀ ਕਰ ਕੇ ਇਹ ਸੁਨਹਿਰੀ ਮਸਜਿਦ ਵਿਚ ਬੈਠ ਗਿਆ ਅਤੇ ਕਤਲੇਆਮ ਦਾ ਹੁਕਮ ਦੇ ਦਿੱਤਾ। ਨੌਂ ਘੰਟੇ ਵਿਚ ਵੀਹ ਹਜ਼ਾਰ ਤੋਂ ਵੱਧ ਇਸਤਰੀਆਂ, ਪੁਰਸ਼, ਬੱਚੇ, ਬੁੱਢੇ ਮਾਰੇ ਗਏ। ਅੰਤ ਵਿਚ ਨਿਜ਼ਾਮੁਲ ਮੁਲਕ ਨੂੰ ਨਾਲ ਲੈ ਕੇ ਬਾਦਸ਼ਾਹ ਮੁਹੰਮਦਸ਼ਾਹ ਖ਼ੁਦ ਨਾਦਿਰਸ਼ਾਹ ਸਾਹਮਣੇ ਹਾਜ਼ਰ ਹੋਇਆ ਅਤੇ ਕਤਲੇਆਮ ਬੰਦ ਕਰਨ ਲਈ ਬੇਨਤੀ ਕੀਤੀ ਕਿਉਂਕਿ ਮੁਰਦਿਆਂ ਨੂੰ ਫਿਰ ਤੋਂ ਜੀਵਿਤ ਕੀਤੇ ਬਿਨਾ ਕਤਲ ਕਰਨ ਲਈ ਲੋਕ ਮਿਲਣੇ ਮੁਸ਼ਕਿਲ ਹੋ ਗਏ ਸਨ।

ਦਿੱਲੀ ਦੇ ਤਖ਼ਤ ਉੱਤੇ ਮੁਹੰਮਦਸ਼ਾਹ ਨੂੰ ਫਿਰ ਤੋਂ ਬਿਠਾ ਕੇ ਅਤੇ ਕਈ ਸੂਬਾ ਦੇ ਕੇ ਨਾਦਿਰਸ਼ਾਹ ਆਪਣੇ ਦੇਸ਼ ਵਲ ਪਰਤਿਆ। ਜਾਂਦਿਆਂ ਉਹ ਆਪਣੇ ਨਾਲ ਤਖ਼ਤ-ਤਾਊਸ, ਕੋਹ-ਨੂਰ ਹੀਰਾ ਅਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਲੈ ਗਿਆ। ਪੰਜਾਬ ਵਿਚੋਂ ਲੰਘਦਿਆਂ ਬਹੁਤ ਸਾਰਾ ਸਾਮਾਨ ਸਿੱਖ ਗੁਰੀਲਾ ਦਸਤਿਆਂ ਨੇ ਖੋਹ ਲਿਆ। ਵਾਪਸ ਜਾ ਕੇ ਨਾਦਿਰਸ਼ਾਹ ਨੇ ਅਫ਼ਗਾਨਿਸਤਾਨ ਦਾ ਕੁਝ ਇਲਾਕਾ ਈਰਾਨ ਨਾਲ ਮਿਲਾ ਕੇ ਇਕ ਦ੍ਰਿੜ੍ਹ ਰਾਜ ਦੀ ਸਥਾਪਨਾ ਕੀਤੀ, ਪਰ 20 ਜੂਨ, 1747 ਈ. ਨੂੰ ਆਪਣੇ ਹੀ ਕਬੀਲੇ ਦੇ ਕਿਸੇ ਵਿਅਕਤੀ ਹੱਥੋਂ ਰਾਤ ਨੂੰ ਮਾਰਿਆ ਗਿਆ। ਇਸ ਨੂੰ ਮਸ਼ਹਦ ਨਗਰ ਵਿਚ ਦਫ਼ਨਾਇਆ ਗਿਆ ਜਿਥੇ ਇਸ ਦੀ ਕਬਰ ਮੌਜੂਦ ਹੈ।

ਨਾਦਿਰਸ਼ਾਹ ਦੀ ਲੁਟ ਅਤੇ ਅਤਿਆਚਾਰ ਪੰਜਾਬੀ ਲੋਕ-ਸਭਿਆਚਾਰ ਦਾ ਅੰਗ ਬਣ ਗਏ ਹਨ ਅਤੇ ਅਨੇਕ ਗੀਤਾਂ ਵਿਚ ਉਨ੍ਹਾਂ ਦਾ ਉੱਲੇਖ ਹੋਇਆ ਹੈ। ਪ੍ਰੋ. ਮੋਹਨ ਸਿੰਘ ਨੇ 'ਸਿੱਖੀ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਅਬਦਾਲੀ ਆ ਜਾਵੇ/ਕੋਈ ਨਾਦਰ ਆ ਜਾਵੇ।'

ਨਾਨਕ ਦੇਵ, ਗੁਰੂ : ਸਿੱਖ-ਧਰਮ ਦੇ ਸੰਸਥਾਪਕ ਜਿਨ੍ਹਾਂ ਦਾ ਜਨਮ ਬੇਦੀ ਖਤਰੀ ਕੁਲ ਵਿਚ ਬਾਬੇ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇ ਭੱਟੀ ਕੀ ਤਲਵੰਡੀ, ਜ਼ਿਲਾ ਸ਼ੇਖ਼ੂਪੁਰਾ (ਪੱਛਮੀ ਪਾਕਿਸਤਾਨ) ਵਿਚ ਹੋਇਆ। ਇਹ ਸਥਾਨ ਹੁਣ 'ਨਨਕਾਣਾ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ। ਆਪ ਦੇ ਜਨਮ-ਦਿਨ ਸੰਬੰਧੀ ਦੋ ਮਤ ਪ੍ਰਚਲਿਤ ਹਨ। 'ਪੁਰਾਤਨ-ਜਨਮਸਾਖੀ' ਅਨੁਸਾਰ 15 ਅਪ੍ਰੈਲ, 1469 ਈ. (ਵਿਸਾਖੀ ਸੁਦੀ 3, ਸੰਮਤ 1526 ਬਿ.) ਨੂੰ ਆਪ ਦਾ ਜਨਮ ਹੋਇਆ। ਬਾਲੇ ਵਾਲੀ ਜਨਮਸਾਖੀ ਅਨੁਸਾਰ ਕਤਕ ਸੁਦੀ 15, 1526 ਬਿ. ਵਾਲੇ ਦਿਨ ਆਪ ਦਾ ਪ੍ਰਕਾਸ਼ ਹੋਇਆ। ਅਧਿਕਾਂਸ਼ ਵਿਦਵਾਨ 'ਪੁਰਾਤਨ-ਜਨਮਸਾਖੀ' ਵਾਲੇ ਜਨਮ-ਕਾਲ ਨੂੰ ਸਹੀ ਮੰਨਦੇ ਹਨ, ਪਰ ਗੁਰੂ ਜੀ ਦਾ ਜਨਮ-ਪਰਵ ਕਤਕ ਦੀ ਪੂਰਨਮਾਸੀ ਨੂੰ ਹੀ ਮਨਾਇਆ ਜਾਂਦਾ ਹੈ।

ਆਪ ਦੇ ਪਿਤਾ ਆਪਣੀ ਖੇਤੀ ਤੋਂ ਇਲਾਵਾ ਵਪਾਰ ਵੀ ਕਰਦੇ ਸਨ ਅਤੇ ਪਿੰਡ

ਦੇ ਪਟਵਾਰੀ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਨਿਭਾਉਂਦੇ ਸਨ । ਆਪ ਨੂੰ ਸੰਨ 1475 ਈ. (1532 ਬਿ.) ਵਿਚ ਗੋਪਾਲ ਦਾਸ ਨਾਂ ਦੇ ਪਾਂਧੇ ਪਾਸ ਭਾਖਾ ਪੜ੍ਹਨ ਲਈ ਭੇਜਿਆ ਗਿਆ । ਸੰਨ 1478 ਈ. (1535 ਬਿ.) ਵਿਚ ਸੰਸਕ੍ਰਿਤ ਪੜ੍ਹਨ ਲਈ ਪੰਡਿਤ ਬ੍ਰਿਜ ਲਾਲ ਕੋਲ ਬਿਠਾਇਆ ਗਿਆ ਅਤੇ ਸੰਨ 1482 ਈ. (1539 ਬਿ.) ਵਿਚ ਫ਼ਾਰਸੀ ਪੜ੍ਹਨ ਲਈ ਮੌਲਵੀ ਕੁਤਬੁੱਦੀਨ ਪਾਸ ਮਸੀਤ ਵਿਚ ਭੇਜਿਆ ਗਿਆ । ਪਰ ਉਨ੍ਹਾਂ ਪਾਸੋਂ ਪੜ੍ਹਨ ਦੀ ਥਾਂ ਆਪ ਨੇ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਲਈ ਉਪਦੇਸ਼ ਦਿੱਤਾ । ਪੜ੍ਹਾਈ ਤੋਂ ਬਾਦ ਗੁਰੂ ਜੀ ਬੜੇ ਉਦਾਸ ਰਹਿਣ ਲਗ ਗਏ । ਆਪ ਨੂੰ ਖੇਤੀ ਕਰਨ ਅਤੇ ਵਪਾਰ ਕਰਨ ਲਈ ਪ੍ਰੇਰਿਆ ਗਿਆ, ਪਰ ਆਪ ਦੀ ਉਦਾਸੀ ਉਸੇ ਤਰ੍ਹਾਂ ਬਣੀ ਰਹੀ । ਆਪ ਕਦੇ-ਕਦੇ ਪਿੰਡ ਦੇ ਨੇੜਲੇ ਜੰਗਲ ਵਿਚ ਸਮਾਧੀ ਲਗਾਉਣ ਲਈ ਚਲੇ ਜਾਂਦੇ ਅਤੇ ਕਈ ਵਾਰ ਸਾਧਾਂ-ਸੰਤਾਂ ਦੀ ਸੰਗਤ ਨੂੰ ਮਾਣਦੇ ।

ਜਦੋਂ ਗੁਰੂ ਜੀ ਨੂੰ ਪਿਤਾ-ਪੁਰਖੀ ਕੰਮ-ਧੰਦੇ ਵਿਚ ਲਗਾਉਣ ਲਈ ਮਾਤਾ ਪਿਤਾ ਕਾਮਯਾਬ ਨਾ ਹੋ ਸਕੇ ਅਤੇ ਗੁਰੂ ਜੀ ਦੀ ਉਦਾਸੀ ਵੀ ਉਸੇ ਤਰ੍ਹਾਂ ਬਣੀ ਰਹੀ, ਤਾਂ ਆਪ ਦੀ ਵੱਡੀ ਭੈਣ ਨਾਨਕੀ ਦਾ ਪਤੀ ਜੈਰਾਮ ਤਲਵੰਡੀ ਆਇਆ ਅਤੇ ਗੁਰੂ ਜੀ ਨੂੰ ਕਿਸੇ ਸਰਕਾਰੀ ਕੰਮ ਤੇ ਲਗਾਉਣ ਲਈ ਸੰਨ 1484 ਈ. (1541 ਬਿ.) ਵਿਚ ਆਪਣੇ ਨਾਲ ਸੁਲਤਾਨਪੁਰ ਲੋਧੀ ਲੈ ਗਿਆ । ਉਥੇ ਯਤਨ ਕਰਕੇ ਗੁਰੂ ਜੀ ਨੂੰ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਦਾ ਕੰਮ ਦਿਵਾਇਆ ਗਿਆ । ਮਰਦਾਨਾ ਮੀਰਾਸੀ ਵੀ ਤਲਵੰਡੀਓਂ ਆ ਕੇ ਗੁਰੂ ਨਾਨਕ ਦੇਵ ਨਾਲ ਰਹਿਣ ਲਗ ਗਿਆ । ਮਰਦਾਨਾ ਰਬਾਬ ਵਜਾਉਂਦਾ ਸੀ ਅਤੇ ਗੁਰੂ ਨਾਨਕ ਦੇਵ ਇਲਾਹੀ ਮਸਤੀ ਵਿਚ ਬਾਣੀ ਉਚਾਰਦੇ ਸਨ । ਸੰਨ 1487 ਈ. (24 ਜੇਠ, 1544 ਬਿ.) ਵਿਚ ਆਪ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਖਤਰੀ ਦੀ ਸਪੁੱਤਰੀ ਸੁਲਖਣੀ ਨਾਲ ਹੋਇਆ, ਜਿਸ ਦੀ ਕੁੱਖੋਂ ਦੋ ਸਾਹਿਬਜ਼ਾਦੇ—ਸਿਰੀ ਚੰਦ ਅਤੇ ਲਖਮੀ ਦਾਸ—ਦਾ ਜਨਮ ਹੋਇਆ । ਲਗਭਗ ਤੇਰ੍ਹਾਂ ਸਾਲ ਸੁਲਤਾਨ-ਪੁਰ ਲੋਧੀ ਵਿਚ ਟਿਕ ਕੇ ਸੰਨ 1497 ਈ. (1554 ਬਿ.) ਵਿਚ ਇਕ ਦਿਨ ਅਚਾਨਕ ਆਪ ਇਸ਼ਨਾਨ ਕਰਨ ਲਈ ਵੇਈਂ ਨਦੀ ਵਿਚ ਦਾਖ਼ਲ ਹੋਏ ਅਤੇ ਤਿੰਨ ਦਿਨ ਬਾਦ ਪ੍ਰਗਟ ਹੋਏ । ਇਸ ਦੌਰਾਨ ਆਪ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ । ਆਪ ਨੇ 'ਨਾ ਹਿੰਦੂ ਨਾ ਮੁਸਲਮਾਨ' ਦੀ ਗੱਲ ਕਹਿ ਕੇ ਲੋਕਾਂ ਨੂੰ ਸੱਚੇ ਧਰਮ ਨੂੰ ਧਾਰਣ ਕਰਨ ਲਈ ਪ੍ਰੇਰਿਆ ।

ਗੁਰੂ ਜੀ ਨੇ ਇਹ ਮਹਿਸੂਸ ਕੀਤਾ ਕਿ ਸਹਿਜ-ਧਰਮ ਦਾ ਪ੍ਰਚਾਰ ਕਿਸੇ ਇਕ ਥਾਂ 'ਤੇ ਟਿਕ ਕੇ ਕਰਨ ਦੀ ਥਾਂ ਘੁੰਮ ਫਿਰ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਹੋਇਆਂ ਕਰਨਾ ਉਚਿਤ ਰਹੇਗਾ । ਇਸ ਪਿਛੋਂ ਗੁਰੂ ਜੀ ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਪ੍ਰਚਾਰ ਯਾਤ੍ਰਾਵਾਂ ਅਥਵਾ ਉਦਾਸੀਆਂ ਤੇ ਨਿਕਲ ਪਏ । ਆਪ ਪੂਰਵ, ਦੱਖਣ, ਉੱਤਰ ਅਤੇ ਪੱਛਮ ਦੇ ਸਾਰੇ ਪ੍ਰਸਿੱਧ ਧਰਮ-ਧਾਮਾਂ ਤੇ ਗਏ, ਵਿਦਵਾਨਾਂ ਅਤੇ ਧਾਰਮਿਕ ਮੁਖੀਆਂ ਨਾਲ ਸੰਵਾਦ ਰਚਾਏ ਅਤੇ ਸਭ ਨੂੰ ਸਹੀ ਧਰਮ ਦਾ ਬੋਧ ਕਰਾ ਕੇ ਆਪਣਾ ਅਨੁਯਾਈ ਬਣਾਇਆ । ਸੰਨ 1522 ਈ. (1579 ਬਿ.) ਵਿਚ ਆਪ ਜ਼ਿਲਾ

ਗੁਰਦਾਸਪੁਰ ਵਿਚ ਰਾਵੀ ਨਦੀ ਦੇ ਕੰਢੇ ਸੰਨ 1504 ਈ. (1561 ਬਿ.) ਵਿਚ ਵਸਾਏ ਕਰਤਾਰਪੁਰ ਕਸਬੇ ਵਿਚ ਰਹਿਣ ਲਗੇ। ਇਹ ਆਪ ਦਾ ਇਕ ਪ੍ਰਕਾਰ ਦਾ ਆਸ਼੍ਰਮ-ਜੀਵਨ ਸੀ। ਆਪ ਖ਼ੁਦ ਖੇਤੀ ਕਰਦੇ ਅਤੇ ਹੋਰਨਾਂ ਨੂੰ ਮਿਹਨਤ ਕਰਕੇ ਵੰਡ ਖਾਣ ਦਾ ਉਪਦੇਸ਼ ਦਿੰਦੇ। ਆਪ ਲਗਭਗ ਅਠਾਰ੍ਹਾਂ ਵਰ੍ਹੇ ਕਰਤਾਰਪੁਰ ਰਹੇ ਅਤੇ ਕਦੇ-ਕਦੇ ਉਥੋਂ ਧਰਮ-ਪ੍ਰਚਾਰ ਲਈ ਇਧਰ ਉਧਰ ਵੀ ਜਾਂਦੇ ਰਹੇ। ਉਥੇ ਰਹਿ ਕੇ ਆਪ ਨੇ ਆਪਣੇ ਧਰਮ ਦਾ ਸਰੂਪ ਸਮਝਾਉਣ ਦਾ ਪੂਰਾ ਯਤਨ ਕੀਤਾ। ਆਪ ਦੇ ਹਿਰਦੇ ਦੀ ਵਿਸ਼ਾਲਤਾ, ਤੰਗ-ਨਜ਼ਰੀ ਪ੍ਰਤਿ ਬੇਰੁਖੀ ਅਤੇ ਭਾਵਨਾਤਮਕ ਏਕਤਾ ਕਾਰਣ ਹਿੰਦੂ-ਮੁਸਲਮਾਨ ਆਪ ਦੇ ਸਮਾਨ ਰੂਪ ਵਿਚ ਅਨੁਯਾਈ ਸਨ। ਇਹੀ ਕਾਰਣ ਹੈ ਕਿ ਜਦੋਂ 22 ਸਤੰਬਰ, 1539 ਈ. (23 ਅਸੂ, 1596 ਬਿ.) ਨੂੰ ਆਪ ਨੇ ਮਹਾਪ੍ਰਸਥਾਨ ਕੀਤਾ, ਤਾਂ ਦੋਹਾਂ ਧਰਮਾਂ ਵਾਲਿਆਂ ਨੇ ਆਪਣੇ-ਆਪਣੇ ਢੰਗ ਨਾਲ ਦੇਹ ਦਾ ਸਸਕਾਰ ਕਰਨਾ ਚਾਹਿਆ।

ਗੁਰੂ ਨਾਨਕ ਦੇਵ ਦੀ ਕੁਲ ਉਮਰ 70 ਵਰ੍ਹੇ 4 ਮਹੀਨੇ 3 ਦਿਨ ਸੀ। ਆਪਣਾ ਅੰਤਿਮ ਕਾਲ ਨੇੜੇ ਆਇਆ ਵੇਖ ਕੇ ਆਪ ਨੇ ਅਨੇਕ ਪ੍ਰਕਾਰ ਦੀ ਪਰੀਖਿਆ ਲੈਣ ਉਪਰੰਤ ਭਾਈ ਲਹਿਣਾ ਨੂੰ ਗੁਰੂ-ਪਦ ਪ੍ਰਦਾਨ ਕੀਤਾ ਅਤੇ ਉਨ੍ਹਾਂ ਨੂੰ ਲਹਿਣਾ ਤੋਂ ਅੰਗਦ ਬਣਾਇਆ। ਆਪ ਨੇ ਆਪਣੀ ਸੰਤਾਨ ਨੂੰ ਗੁਰਿਆਈ ਦੇ ਯੋਗ ਨਹੀਂ ਸਮਝਿਆ ਸੀ।

ਗੁਰੂ ਨਾਨਕ ਦੇਵ ਉਦਾਸੀਆਂ ਦੌਰਾਨ ਆਪਣੀ ਬਾਣੀ ਵੀ ਉਚਾਰਦੇ ਰਹਿੰਦੇ ਸਨ। ਉਹ ਬਾਣੀ ਸਿੱਖ ਸੇਵਕ ਨਾਲ-ਨਾਲ ਲਿਖਦੇ ਜਾਂਦੇ ਸਨ। ਕਰਤਾਰਪੁਰ ਵਿਚ ਰਹਿ ਕੇ ਗੁਰੂ ਜੀ ਨੇ ਆਪਣੀ ਬਾਣੀ ਨੂੰ ਵਿਵਸਥਿਤ ਰੂਪ ਦਿੱਤਾ। ਆਪ ਨੇ ਉਦਾਸੀਆਂ ਦੌਰਾਨ ਹਿੰਦੁਸਤਾਨ ਦੇ ਹੋਰਨਾਂ ਸੰਤਾਂ, ਭਗਤਾਂ, ਦਰਵੇਸ਼ਾਂ ਦੀ ਬਾਣੀ ਵੀ ਇਕੱਠੀ ਕੀਤੀ। ਇਹ ਸਾਰਾ ਬਾਣੀ ਸੰਗ੍ਰਹਿ 'ਪੁਰਾਤਨ-ਜਨਮਸਾਖੀ' ਅਨੁਸਾਰ ਗੁਰੂ ਅੰਗਦ ਦੇਵ ਨੂੰ ਦਿੱਤਾ। ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ 'ਮਹਲਾ ੧' ਦੇ ਸਿਰਲੇਖ ਅਧੀਨ ਦਰਜ ਹੈ। ਆਪ ਦੇ ਰਚੇ ਸ਼ਬਦਾਂ, ਸ਼ਲੋਕਾਂ ਅਤੇ ਪਉੜੀਆਂ ਦੀ ਕੁਲ ਗਿਣਤੀ 958 ਹੈ। ਆਪ ਨੇ ਜਪੁ, ਪਟੀ, ਓਅੰਕਾਰ, ਸਿਧ-ਗੋਸਟਿ, ਬਾਰਹ-ਮਾਹ ਨਾਂ ਦੀਆਂ ਵੱਡੀਆਂ ਬਾਣੀਆਂ ਤੋਂ ਇਲਾਵਾ ਮਾਝ, ਆਸਾ ਅਤੇ ਮਲਾਰ ਰਾਗਾਂ ਵਿਚ ਇਕ-ਇਕ ਵਾਰ ਵੀ ਲਿਖੀ ਹੈ।

ਗੁਰੂ ਨਾਨਕ ਦੇਵ ਨੇ ਸਦਾ ਸਥਿਰ, ਨਿਰਗੁਣ, ਨਿਰਾਕਾਰ, ਨਿਰਭਉ ਅਤੇ ਨਿਰਵੈਰ ਸਰੂਪੀ ਪਰਮਸੱਤਾ ਦੀ ਉਪਾਸਨਾ ਤੇ ਬਲ ਦਿੱਤਾ ਹੈ ਜੋ ਕਾਲ-ਅਤੀਤ ਅਤੇ ਆਪਣੇ ਆਪ ਹੋਂਦ ਵਿਚ ਆਉਣ ਵਾਲੀ ਹੈ ਅਤੇ ਜਿਸ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਸੰਭਵ ਹੈ। ਸੱਚਾ ਪ੍ਰੇਮ ਆਪ ਦੀ ਭਗਤੀ ਲਈ ਰੀੜ੍ਹ ਦੀ ਹੱਡੀ ਦੀ ਭੂਮਿਕਾ ਨਿਭਾਉਂਦਾ ਹੈ। ਆਪ ਨੇ ਸਤਿਸੰਗਤ ਦੇ ਸੰਪਰਕ ਵਿਚ ਜਾਣ ਲਈ ਬਲ ਦਿੱਤਾ ਹੈ ਅਤੇ ਸੱਚੇ ਨਾਮ ਦੀ ਆਰਾਧਨਾ ਨੂੰ ਜੀਵਨ ਦਾ ਪਰਮ-ਪੁਰਸ਼ਾਰਥ ਦਸਿਆ ਹੈ। ਈਸ਼ਵਰੀ ਹੁਕਮ ਵਿਚ ਚਲਣਾ, ਹਉਮੈ ਦਾ ਤਿਆਗ ਕਰਨਾ, ਵਾਸਨਾਵਾਂ ਤੋਂ ਮਨ ਨੂੰ

ਵਰਜ ਕੇ ਸਿਮਰਨ ਵਿਚ ਲਗਾਣਾ, ਕਿਰਤ ਕਰਨਾ, ਸੇਵਾ ਕਰਨੀ, ਆਦਿ ਵੀ ਆਪ ਦੀ ਅਧਿਆਤਮਿਕ ਸਾਧਨਾ ਦੇ ਕੁਝ ਵਿਸ਼ੇਸ਼ ਲੱਛਣ ਹਨ। ਆਪ ਨੇ ਵਰਣਾਸ਼੍ਰਮ-ਵਿਵਸਥਾ, ਕਰਮ-ਕਾਂਡ, ਪਾਖੰਡ ਆਦਿ ਦਾ ਵਿਰੋਧ ਕੀਤਾ ਅਤੇ ਨਾਰੀ ਦੀ ਮਹਾਨਤਾ ਨੂੰ ਉਜਾਗਰ ਕੀਤਾ। ਪੁਰਾਤਨ ਧਾਰਮਿਕ ਪਰੰਪਰਾਵਾਂ ਦੇ ਕੂੜ੍ਹ ਰੂਪ ਨੂੰ ਤਿਆਗ ਕੇ ਉਨ੍ਹਾਂ ਦੇ ਸਹੀ ਅਤੇ ਬੁਨਿਆਦੀ ਪਹਿਲੂਆਂ ਨੂੰ ਅਪਣਾਉਣ ਲਈ ਬਲ ਦਿੱਤਾ। ਸੰਸਾਰ ਵਿਚ ਰਹਿੰਦੇ ਹੋਇਆਂ ਮਾਇਆ ਦੇ ਪ੍ਰਪੰਚ ਤੋਂ ਆਪਣੇ-ਆਪ ਨੂੰ ਮੁਕਤ ਰਖਣ ਲਈ ਸੁਝਾ ਦਿੱਤਾ।

ਆਪ ਦੀ ਅਜ਼ਮਤ ਕਰਕੇ ਅਨੇਕ ਪ੍ਰਕਾਰ ਦਾ ਸਾਹਿੱਤ ਆਪ ਬਾਰੇ ਲਿਖਿਆ ਗਿਆ। ਆਪ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਬਾਰੇ ਅਨੇਕ ਹਵਾਲੇ ਮਿਲ ਜਾਂਦੇ ਹਨ। ਗੁਰੂ ਅਰਜਨ ਦੇਵ ਨੇ ਕਿਹਾ ਹੈ—'ਹਰਿ ਗੁਰੂ ਨਾਨਕੁ ਜਿਨਿ ਪਰਸਿਅਉ ਸਿ ਜਨਮ ਮਰਣ ਦੁਹਥੇ ਰਹਿਓ' (ਆ. ਗ੍ਰੰ. 1386)।

ਨਾਮ-ਸਾਧਨਾ : ਇਸ ਤੋਂ ਭਾਵ ਉਹ ਉਪਾਸਨਾ-ਵਿਧੀ ਹੈ ਜਿਸ ਵਿਚ ਕੇਵਲ ਨਾਮ ਦੀ ਆਰਾਧਨਾ ਦੁਆਰਾ ਅਧਿਆਤਮਿਕ ਕਰਤੱਵ ਦੀ ਪਾਲਨਾ ਕੀਤੀ ਜਾਂਦੀ ਹੈ।

'ਨਾਮ' ਸ਼ਬਦ ਦੀ ਵਰਤੋਂ ਸਾਧਾਰਣ ਤੌਰ 'ਤੇ ਕਿਸੇ ਵਸਤੂ, ਸਥਾਨ ਜਾਂ ਵਿਅਕਤੀ ਦੇ ਗੁਣ, ਸੁਭਾ ਜਾਂ ਸਰੂਪ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ। ਇਸੇ ਬਿਰਤੀ ਅਧੀਨ ਪਰਮਾਤਮਾ ਦੇ ਕਈ ਨਾਮ ਰਖੇ ਗਏ ਹਨ, ਜਿਨ੍ਹਾਂ ਵਿਚ ਕਿਸੇ ਨਾ ਕਿਸੇ ਢੰਗ ਨਾਲ ਸਰਵਾਤਮ ਸਰੂਪ ਪਰਮਾਤਮਾ ਦੇ ਵਿਰਾਟ ਵਿਅਕਤਿਤ੍ਵ ਦੀ ਧਾਰਣਾ ਬਣੀ ਰਹਿੰਦੀ ਹੈ। ਇਹ ਨਾਮ ਜਿਗਿਆਸੂ, ਸਾਧਕ ਜਾਂ ਚਿੰਤਕ ਦੇ ਹਿਰਦੇ ਦੀਆਂ ਭਾਵਨਾਵਾਂ ਦੇ ਪ੍ਰਤੀਕ ਵਜੋਂ ਪ੍ਰਚਲਿਤ ਹੋਏ ਹਨ। ਉਂਜ ਪਰਮਾਤਮਾ ਲਈ ਕੋਈ ਵਿਸ਼ੇਸ਼ ਨਾਮ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਰਖਦਾ। ਭਾਵਨਾਵਾਂ ਦੇ ਅਨੰਤ ਹੋਣ ਕਰ ਕੇ ਨਾਮ ਵੀ ਅਨੰਤ ਹਨ। ਪਰਮਾਤਮਾ ਦਾ ਅਸਲ ਨਾਮ ਤਾਂ ਉਹ ਹੈ ਜਿਸ ਦੁਆਰਾ ਉਸ ਦੀ ਹੋਂਦ ਦਾ ਬੋਧ ਹੁੰਦਾ ਹੈ। ਅਜਿਹਾ ਨਾਮ ਜੇ ਕੋਈ ਹੈ ਤਾਂ ਉਹ ਹੈ ਸਤਿ/ਸੱਚ—'ਤੇਰਾ ਸਚੁ ਨਾਮੁ ਪਰਮੇਸਰਾ' (ਆ. ਗ੍ਰੰ. 1168)। ਗੁਰੂ ਅਰਜਨ ਦੇਵ ਅਨੁਸਾਰ ਜੀਭ ਦੁਆਰਾ ਲਏ ਜਾਣ ਵਾਲੇ ਸਾਰੇ ਨਾਮ ਬਨਾਵਟੀ ਹਨ—'ਕਿਰਤਮ ਨਾਮ ਕਥੇ ਤੇਰੇ ਜਿਹਵਾ।/ਸਤਿਨਾਮੁ ਤੇਰਾ ਪਰਾ ਪੂਰਬਲਾ' (ਆ. ਗ੍ਰੰ. 1083)।

ਮੱਧ-ਯੁਗ ਦੇ ਸੰਤ-ਸਾਧਕਾਂ ਲਈ 'ਨਾਮ' ਕਿਸੇ ਵਿਸ਼ੇਸ਼ ਸ਼ਬਦ ਤਕ ਸੀਮਿਤ ਨਹੀਂ, ਇਸ ਦਾ ਭਾਵਨਾ ਆਧਾਰਿਤ ਆਪਣਾ ਸੁਤੰਤਰ ਸਰੂਪ ਹੈ। ਇਸ ਨੂੰ ਪਰਮਾਤਮਾ ਦਾ ਸਮੁੱਚਾ ਅਭਿਵਿਅੰਜਕ ਕਿਹਾ ਜਾ ਸਕਦਾ ਹੈ। ਸੰਸਾਰ ਵਿਚ ਜੋ ਕੁਝ ਬਣਿਆ ਹੈ ਜਾਂ ਸਿਰਜਿਆ ਗਿਆ ਹੈ, ਉਹ ਸਭ ਨਾਮ ਹੀ ਹੈ—'ਜੇਤਾ ਕੀਤਾ ਤੇਤਾ ਨਾਉ। ਵਿਣੁ ਨਾਵੈ ਨਾਹੀ ਕੋ ਥਾਉ' (ਆ. ਗ੍ਰੰ. 4)। ਇਹ ਨਾਮ ਪਰਮਾਤਮਾ ਦੇ ਗੁਣਾਂ, ਵਿਸ਼ੇਸ਼ਤਾਵਾਂ ਆਦਿ ਨੂੰ ਰੂਪਾਇਤ ਕਰਨ ਵਾਲਾ ਅਤੇ ਸ਼ਰਧਾਲੂਆਂ ਨੂੰ ਪਰਮਾਤਮਾ ਦਾ ਸਾਖਿਆਤ ਕਰਾਉਣ ਵਾਲਾ ਹੈ। ਜਿਸ ਤਰ੍ਹਾਂ ਵਾਚ੍ਯ ਅਤੇ ਵਾਚਕ ਵਿਚ ਕੋਈ ਅੰਤਰ ਨਹੀਂ ਹੈ, ਉਸ ਤਰ੍ਹਾਂ ਨਾਮੀ ਅਤੇ ਨਾਮ ਵਿਚ ਵੀ ਕੋਈ ਅੰਤਰ ਨਹੀਂ ਹੈ। ਫਲਸਰੂਪ ਨਾਮੀ

(ਪਰਮਾਤਮਾ) ਦੀਆਂ ਸਾਰੀਆਂ ਸ਼ਕਤੀਆਂ, ਸਮਰਥਤਾਵਾਂ ਆਦਿ ਦਾ ਆਰੋਪਣ ਨਾਮ ਵਿਚ ਵੇਖਿਆ ਜਾ ਸਕਦਾ ਹੈ। ਇਹ ਨਾਮੀ ਦੇ ਵਿਰਾਟ ਰੂਪ ਦਾ ਘਣੀਭੂਤ ਰੂਪ ਹੈ। ਨਾਮੀ ਵਾਂਗ ਸਾਰੀਆਂ ਜਾਗਤਿਕ ਸ਼ਕਤੀਆਂ ਨਾਮ ਦੇ ਅਧੀਨ ਹਨ—'ਸਰਬ ਜੋਤਿ ਨਾਮੈ ਕੀ ਚੇਰਿ' (ਆ. ਗ੍ਰੰ. 1187)।

ਨਾਮ-ਸਾਧਨਾ ਮੱਧ-ਯੁਗ ਦੀ ਕੋਈ ਅਕਸਮਾਤ ਪ੍ਰਵ੍ਰਿੱਤੀ ਨਹੀਂ, ਇਸ ਦਾ ਆਪਣਾ ਇਤਿਹਾਸ ਹੈ। ਉਸ ਇਤਿਹਾਸ ਦੇ ਆਧਾਰ ਤੇ ਉਸਰੀ ਇਹ ਇਕ ਯੁਗ-ਅਨੁਕੂਲ ਚੇਤਨਾ ਹੈ। ਇਸ ਦਾ ਉਦਭਵ ਸ਼ਬਦ-ਬ੍ਰਹਮ ਦੀ ਉਪਾਸਨਾ-ਵਿਧੀ ਵਿਚ ਵੇਖਿਆ ਜਾ ਸਕਦਾ ਹੈ। ਮੱਧ-ਯੁਗ ਦੇ ਸੰਤ-ਸਾਧਕਾਂ ਨੇ ਪਰੰਪਰਾਗਤ ਮੰਤ੍ਰ-ਸਾਧਨਾ, ਸ਼ਬਦ-ਸਾਧਨਾ ਆਦਿ ਨੂੰ ਇੰਨ-ਬਿੰਨ ਗ੍ਰਹਿਣ ਨਾ ਕਰਕੇ ਉਸ ਨੂੰ ਨਾਮ-ਸਾਧਨਾ ਵਿਚ ਰੂਪਾਂਤਰਿਤ ਕੀਤਾ ਹੈ। ਇਸ ਤਰ੍ਹਾਂ ਸੰਤ-ਮਤ ਵਿਚ ਨਾਮ-ਸਾਧਨਾ ਮਨੋਵ੍ਰਿੱਤੀਆਂ ਨੂੰ ਈਸ਼ਵਰ ਵਲ ਮੋੜਨ ਦੀ ਪ੍ਰਕ੍ਰਿਆ ਹੈ, ਜਿਸ ਨਾਲ ਅੰਤਹਕਰਣ ਦੀ ਮੈਲ ਕਟਦੀ ਹੈ ਅਤੇ ਹੰਕਾਰ ਦਾ ਨਾਸ਼ ਹੁੰਦਾ ਹੈ। ਇਹ ਨਾਮ-ਸਾਧਨਾ ਕਿਸੇ ਇਕ ਸ਼ਬਦ ਜਾਂ ਗੁਰੂ ਦੁਆਰਾ ਦਿੱਤੇ ਮੰਤ੍ਰ ਜਾਂ ਪਰਮਾਤਮਾ ਦੇ ਕਿਸੇ ਖ਼ਾਸ ਨਾਮ ਨੂੰ ਵਾਰ-ਵਾਰ ਰਟਣਾ ਨਹੀਂ। ਲੋੜ ਤਾਂ ਉਸ ਸ਼ਬਦ ਦੀ ਵਾਸਤਵਿਕਤਾ ਨੂੰ ਪਛਾਣਨ ਦੀ ਹੈ। ਗੁਰਬਾਣੀ ਅਤੇ ਸੰਤ-ਕਾਵਿ ਵਿਚ ਇਸ ਪਛਾਣ ਉਤੇ ਬਲ ਦਿੱਤਾ ਗਿਆ ਹੈ। ਇਸ ਪਛਾਣ ਨੂੰ ਹੀ ਸ਼ਬਦ-ਸੁਰਤਿ-ਯੋਗ ਦਾ ਨਾਂ ਵੀ ਦਿੱਤਾ ਜਾਂਦਾ ਹੈ। ਸ਼ਬਦ-ਸੁਰਤਿ, ਅਸਲ ਵਿਚ, ਸ਼ਬਦ ਵਿਚ ਜੁੜੀ ਹੋਈ ਬਿਰਤੀ ਹੈ। ਇਸ ਬਿਰਤੀ ਤੋਂ ਬਿਨਾ, ਗੁਰੂ ਨਾਨਕ ਦੇਵ ਅਨੁਸਾਰ, ਆਵਾਗਵਣ ਦਾ ਚੱਕਰ ਸਮਾਪਤ ਨਹੀਂ ਹੁੰਦਾ—'ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ' (ਆ. ਗ੍ਰੰ. 1031)। ਇਸ ਸੰਦਰਭ ਵਿਚ ਗੁਰਬਾਣੀ ਦੀ ਵਿਸ਼ਿਸ਼ਟਤਾ ਇਹ ਹੈ ਕਿ ਬਾਣੀਕਾਰਾਂ ਨੇ ਇਸ ਸਾਧਨਾ ਵਿਚ ਇਤਨੀ ਨਿਸ਼ਠਾ ਪ੍ਰਗਟ ਕੀਤੀ ਹੈ ਕਿ ਇਸ ਤੋਂ ਬਿਨਾ ਧਰਮ-ਸਾਧਨਾ ਦੀ ਕੋਈ ਗੱਲ ਅਗੇ ਤੁਰਦੀ ਹੀ ਨਹੀਂ। ਸੱਚ ਤਾਂ ਇਹ ਹੈ ਕਿ ਸਿੱਖ-ਧਰਮ ਵਿਚ ਨਾਮ-ਸਾਧਨਾ ਰੀੜ੍ਹ ਦੀ ਹੱਡੀ ਵਾਂਗ ਕੇਂਦਰੀ ਮਹੱਤਵ ਰਖਦੀ ਹੈ।

ਨਾਮ-ਸਾਧਨਾ ਦੀ ਪ੍ਰਕ੍ਰਿਆ ਨੂੰ 'ਸਿਮਰਨ' ਕਿਹਾ ਜਾਂਦਾ ਹੈ। ਇਸ ਦਾ ਨਾਮਾਂਤਰ 'ਜਪ' ਅਥਵਾ 'ਜਾਪ' ਹੈ। ਸੰਤ-ਕਾਵਿ ਵਿਚ ਸਿਮਰਨ ਦੇ ਤਿੰਨ ਰੂਪ—ਜਪ, ਅਜਪਾ-ਜਪ ਅਤੇ ਲਿਵ-ਜਪ—ਮਿਲਦੇ ਹਨ। ਗੁਰਬਾਣੀ ਵਿਚ ਵੀ ਇਹੀ ਤਿੰਨ ਰੂਪ ਪ੍ਰਵਾਨਿਤ ਹਨ। 'ਜਪ' ਵਿਚ ਨਾਮ ਦੇ ਉੱਚਾਰਣ ਨਾਲ ਜੀਭ ਹਿਲਦੀ ਹੈ ਅਤੇ ਮੂੰਹ ਵਿਚੋਂ ਆਵਾਜ਼ ਨਿਕਲਦੀ ਹੈ। ਇਹ ਸਿਮਰਨ ਦੀ ਪਹਿਲੀ ਪੌੜੀ ਹੈ। ਇਸ ਵਿਚ ਬਾਹਰਲੇ ਸਾਧਨਾਂ—ਜੀਭ, ਹੋਠ ਆਦਿ ਦੀ ਲੋੜ ਹੈ। ਸਹਿਜੇ-ਸਹਿਜੇ ਸੁਰ ਘਟਣ ਲਗ ਜਾਂਦਾ ਹੈ, ਹੋਠ ਬੰਦ ਹੋ ਜਾਂਦੇ ਹਨ। ਬਸ ਇਥੋਂ ਹੀ ਅਜਪਾ-ਜਪ ਦੀ ਭੂਮੀ ਤਿਆਰ ਹੁੰਦੀ ਹੈ। ਇਸ ਤੋਂ ਬਾਦ ਅਜਪਾ-ਜਪ ਦੀ ਸਥਿਤੀ ਆਰੰਭ ਹੁੰਦੀ ਹੈ। ਇਸ ਵਿਚ ਹੋਠ, ਜੀਭ, ਮਾਲਾ, ਉਂਗਲੀਆਂ ਦਾ ਆਧਾਰ ਸਮਾਪਤ ਹੋ ਜਾਂਦਾ ਹੈ। ਇਸ ਸਥਿਤੀ ਵਿਚ ਆਤਮਾ ਅੰਦਰ ਹੀ ਅੰਦਰ ਈਸ਼ਵਰੀ ਭਾਵਨਾ ਦੇ ਸਨਮੁਖ ਆਪਣੇ ਆਪ ਨੂੰ ਸਮਰਪਿਤ ਕਰ ਦਿੰਦੀ ਹੈ। ਫਿਰ ਸ਼ਬਦ ਦੇ ਉੱਚਾਰਣ ਦੀ ਲੋੜ ਨਹੀਂ ਰਹਿੰਦੀ।

'ਲਿਵ-ਜਪ' ਇਨ੍ਹਾਂ ਤਿੰਨਾਂ ਜਪਾਂ ਵਿਚੋਂ ਸ੍ਰੇਸ਼ਠ ਹੈ। ਇਸ ਵਿਚ ਬਿਰਤੀ ਦੁਆਰਾ ਸਿਮਰਨ ਹੋਣ ਲਗਦਾ ਹੈ। ਰੋਮ-ਰੋਮ ਵਿਚੋਂ ਈਸ਼ਵਰੀ ਗੁਣ-ਗਾਨ ਦੀ ਧੁਨੀ ਸੁਣਾਈ ਪੈਂਦੀ ਹੈ। ਇਸ ਦਸ਼ਾ ਦੀ ਸਥਿਰਤਾ ਨੂੰ ਧਿਆਨ ਦੀ ਅਵਸਥਾ ਕਿਹਾ ਜਾ ਸਕਦਾ ਹੈ। ਇਹ ਸ਼ਬਦ ਵਿਚ ਸੁਰਤਿ ਦੇ ਟਿਕਣ ਦੀ ਸਥਿਤੀ ਹੈ।

ਨਾਮ-ਸਾਧਨਾ ਦੀ ਕਰਮ-ਸਥਲੀ ਸਤਿਸੰਗਤ ਹੈ। ਉਥੇ ਜਾਣ ਨਾਲ ਹੀ ਇਹ ਸੰਪੰਨ ਹੁੰਦੀ ਹੈ। ਗੁਰੂ ਨਾਨਕ ਦੇਵ ਅਨੁਸਾਰ—'ਸਤਿਸੰਗਤਿ ਕੈਸੀ ਜਾਣੀਐ।/ਜਿਥੈ ਏਕੋ ਨਾਮੁ ਵਖਾਣੀਐ।/ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ' (ਅ. ਗ੍ਰੰ. 72)।

ਨਾਮ ਦਾ ਸਿਮਰਨ ਮਨੁੱਖ ਦਾ ਪਰਮ-ਪੁਰਸ਼ਾਰਥ ਹੈ। ਇਸ ਤੋਂ ਵਾਂਝਿਆ ਮਨੁੱਖ ਜਾਂ ਇਸ ਵਿਚ ਰੁਚਿਤ ਨਾ ਹੋਣ ਵਾਲਾ ਮਨੁੱਖ ਧਰਤੀ ਉਤੇ ਨਿਰਾ ਭਾਰ ਹੈ। ਬਾਬਾ ਫ਼ਰੀਦ ਅਨੁਸਾਰ—'ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ' (ਅ. ਗ੍ਰੰ. 488)।

ਨਾਮਦੇਵ, ਭਗਤ : ਮਹਾਰਾਸ਼ਟਰ ਦੇ ਇਕ ਪ੍ਰਸਿੱਧ ਭਗਤ ਜਿਨ੍ਹਾਂ ਨੂੰ ਗਿਆਨੇਸ਼ਵਰ ਦਾ ਮਿੱਤਰ ਅਥਵਾ ਗੁਰਭਾਈ ਕਿਹਾ ਜਾਂਦਾ ਹੈ। ਇਨ੍ਹਾਂ ਦਾ ਜਨਮ ਸਿਤਾਰਾ ਜ਼ਿਲਾ (ਮਹਾਰਾਸ਼ਟਰ) ਦੇ ਨਰਸੀ-ਬਮਨੀ ਪਿੰਡ ਵਿਚ ਕਾਮਸ਼ੇਟੀ ਛੀਪੇ ਦੇ ਘਰ ਗੋਨਾਬਾਈ ਦੀ ਕੁੱਖੋਂ ਹੋਇਆ।

ਨਾਮਦੇਵ ਦੇ ਜਨਮ-ਕਾਲ ਅਤੇ ਦੇਹਾਂਤ ਦੇ ਸਮੇਂ ਬਾਰੇ ਦੋ ਮਤ ਪ੍ਰਚਲਿਤ ਹਨ। ਮੈਕਾਲਿਫ਼ ਦੇ ਮਤ ਅਨੁਸਾਰ ਨਾਮਦੇਵ ਦਾ ਜਨਮ ਸੰਨ 1270 ਈ. (1327 ਬਿ.) ਵਿਚ ਹੋਇਆ ਅਤੇ ਅੱਸੀ ਸਾਲ ਦੀ ਉਮਰ ਭੋਗ ਕੇ ਸੰਨ 1350 ਈ. (1407 ਬਿ.) ਵਿਚ ਪੰਡਰਪੁਰ ਵਿਚ ਦੇਹਾਂਤ ਹੋਇਆ ਜਿਥੇ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ। ਪੂਰਨ ਦਾਸ ਦੇ ਵਿਚਾਰ ਵਿਚ ਨਾਮਦੇਵ ਦਾ ਜਨਮ ਸੰਨ 1363 ਈ. (1420 ਬਿ.) ਵਿਚ ਪੰਡਰਪੁਰ ਦੇ ਨੇੜੇ ਗੁਪਾਲਪੁਰ ਵਿਚ ਹੋਇਆ ਅਤੇ ਦੇਹਾਂਤ ਸੰਨ 1464 ਈ. (1521 ਬਿ.) ਵਿਚ ਘੁੰਮਣ ਪਿੰਡ (ਜ਼ਿਲਾ ਗੁਰਦਾਸਪੁਰ) ਵਿਚ ਹੋਇਆ ਜਿਥੇ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਸੰਨਾਂ ਵਿਚ ਲਗਭਗ ਇਕ ਸੌ ਸਾਲ ਦਾ ਫ਼ਰਕ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਦੋਹਾਂ ਲੇਖਕਾਂ ਦੇ ਤੱਥਾਂ ਵਿਚ ਕੁਝ ਆਧਾਰ-ਭੂਤ ਉਕਾਈਆਂ ਹੋ ਗਈਆਂ ਹਨ। ਮੈਕਾਲਿਫ਼ ਦੇ ਸੰਨ ਇਸ ਲਈ ਠੀਕ ਪ੍ਰਤੀਤ ਹੁੰਦੇ ਹਨ ਕਿਉਂਕਿ ਨਾਮਦੇਵ ਗਿਆਨੇਸ਼ਵਰ ਦੇ ਸਮਕਾਲੀ, ਮਿੱਤਰ ਅਤੇ ਗੁਰਭਾਈ ਹੋਣ ਕਾਰਣ ਤੇਰ੍ਹਵੀਂ ਸਦੀ ਵਿਚ ਹੀ ਹੋਏ ਸਨ। ਇਨ੍ਹਾਂ ਦਾ ਦੇਹਾਂਤ ਪੰਜਾਬ (ਘੁੰਮਣ) ਵਿਚ ਹੋਣ ਦੀ ਇਕ ਬਹੁਤ ਪੁਰਾਤਨ ਰਵਾਇਤ ਹੈ। ਸੰਭਵ ਹੈ ਕੁਝ ਸ਼ਰਧਾਲੂਆਂ ਨੇ ਘੁੰਮਣ ਵਿਚ ਨਾਮਦੇਵ ਦੀ ਸਮਾਧ ਤੋਂ ਕੁਝ ਮਿੱਟੀ ਲੈ ਜਾ ਕੇ ਪੰਡਰਪੁਰ ਵਿਚ ਵੀ ਸਮਾਧ ਬਣਾ ਲਈ ਹੋਵੇ।

ਨਾਮਦੇਵ ਨੂੰ ਪੰਜ ਸਾਲ ਦੀ ਉਮਰ ਵਿਚ ਪਾਠਸ਼ਾਲਾ ਵਿਚ ਭੇਜਿਆ ਗਿਆ। ਅੱਠ ਸਾਲ ਦੀ ਆਯੂ ਵਿਚ ਇਨ੍ਹਾਂ ਦਾ ਵਿਆਹ ਗੋਵਿੰਦ ਸ਼ੇਟੀ ਦੀ ਪੁੱਤਰੀ ਰਾਜਬਾਈ ਨਾਲ ਹੋਇਆ ਜਿਸ ਤੋਂ ਚਾਰ ਪੁੱਤਰ (ਨਾਰਾਇਣ, ਮਹਾਦੇਵ, ਗੋਵਿੰਦ ਅਤੇ ਵਿਠੱਲ) ਅਤੇ

ਇਕ ਪੁੱਤਰੀ (ਲਿੰਬਾ ਬਾਈ) ਨੂੰ ਜਨਮ ਦਿੱਤਾ। ਇਨ੍ਹਾਂ ਦੇ ਪਿਤਾ ਨੇ ਬਹੁਤ ਕੋਸ਼ਿਸ਼ ਕੀਤੀ ਕਿ ਨਾਮਦੇਵ ਕੁਲ-ਪਰੰਪਰਾ ਦਾ ਕਿੱਤਾ ਅਪਣਾਉਣ, ਪਰ ਇਨ੍ਹਾਂ ਨੇ ਇਸ ਪਾਸੇ ਕੋਈ ਰੁਚੀ ਨਾ ਵਿਖਾਈ। ਫਿਰ ਵਣਜ-ਵਪਾਰ ਵਿਚ ਪਾਇਆ ਗਿਆ, ਪਰ ਉਥੇ ਵੀ ਕੋਈ ਸਫਲਤਾ ਨਾ ਮਿਲੀ। ਇਨ੍ਹਾਂ ਦਾ ਮਨ ਅਧਿਕਤਰ ਸਾਧਾਂ-ਸੰਤਾਂ ਦੀ ਸੰਗਤ ਵਿਚ ਲਗਦਾ। ਬਚਪਨ ਤੋਂ ਹੀ ਸੰਸਾਰਿਕ ਮੋਹ-ਭੋਗਾਂ ਤੋਂ ਉਚਾਟ ਹੋ ਗਏ ਸਨ। ਸ਼ਰਧਾਲੂਆਂ ਨੇ ਇਨ੍ਹਾਂ ਦੇ ਚਰਿਤ੍ਰ ਨਾਲ ਅਨੇਕ ਕਰਾਮਾਤਾਂ ਅਤੇ ਚਮਤਕਾਰ-ਪੂਰਣ ਘਟਨਾਵਾਂ ਸਮੇਂ-ਸਮੇਂ ਜੋੜ ਦਿੱਤੀਆਂ ਹਨ।

ਨਾਮਦੇਵ ਨੇ ਵਿਸੋਬਾ ਖੇਚਰ ਨੂੰ ਗੁਰੂ ਧਾਰਣ ਕੀਤਾ। ਉਨ੍ਹਾਂ ਦਿਨਾਂ ਵਿਚ ਮਹਾਰਾਸ਼ਟਰ ਵਿਚ ਵਾਰਕਰੀ ਸੰਪ੍ਰਦਾਇ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਇਸ ਸੰਪ੍ਰਦਾਇ ਦੇ ਵਿਕਾਸ ਵਿਚ ਗਿਆਨੇਸ਼ਵਰ ਦਾ ਵਿਸ਼ੇਸ਼ ਯੋਗਦਾਨ ਮੰਨਿਆ ਜਾਂਦਾ ਹੈ। ਇਸ ਸੰਪ੍ਰਦਾਇ ਦਾ ਇਸ਼ਟ ਦੇਵ ਬਿਠਲ (ਵਿੱਠਲ) ਸੀ। ਇਹ ਸੰਪ੍ਰਦਾਇ, ਅਸਲ ਵਿਚ, ਵੈਸ਼ਣਵ ਅਤੇ ਸ਼ੈਵ ਮਤਾਂ ਦਾ ਮਿਲਗੋਭਾ ਹੈ। ਜਾਂ ਵਕਤ ਦੇ ਤਕਾਜ਼ੇ ਅਨੁਸਾਰ ਦੋਹਾਂ ਮਤਾਂ ਦਾ ਸਮਝੌਤਾ ਸੀ। ਫਲਸਰੂਪ ਇਸ ਸੰਪ੍ਰਦਾਇ ਵਿਚ ਵਿਸ਼ਣੂ ਅਤੇ ਸ਼ਿਵ ਵਿਚ ਕੋਈ ਅੰਤਰ ਨਹੀਂ ਮੰਨਿਆ ਜਾਂਦਾ। ਪੰਡਰਪੁਰ ਦੇ ਮੰਦਿਰ ਵਿਚ ਵਿੱਠਲ ਦੀ ਜੋ ਮੂਰਤੀ ਸਥਾਪਿਤ ਹੈ, ਉਸ ਵਿਚ ਵਿਸ਼ਣੂ ਨੇ ਸ਼ਿਵ ਲਿੰਗ ਨੂੰ ਸੀਸ ਉਤੇ ਧਾਰਣ ਕੀਤਾ ਹੋਇਆ ਹੈ। ਇਸ ਤਰ੍ਹਾਂ ਵਿੱਠਲ ਸਰਵ-ਵਿਆਪੀ ਬ੍ਰਹਮ ਦੇ ਪ੍ਰਤੀਕ ਵਜੋਂ ਮਹਾਰਾਸ਼ਟਰ ਵਿਚ ਪੂਜੇ ਜਾਣ ਲਗੇ। ਇਸ ਇਸ਼ਟ-ਭਾਵਨਾ ਵਸ ਨਾਮਦੇਵ ਨੇ ਮਰਾਠੀ ਭਾਸ਼ਾ ਵਿਚ ਅਨੇਕ ਪਦਾਂ ਦੀ ਰਚਨਾ ਕੀਤੀ ਜਿਨ੍ਹਾਂ ਨੂੰ 'ਅਭੰਗ' ਕਿਹਾ ਜਾਂਦਾ ਹੈ।

ਨਾਮਦੇਵ ਦਾ ਗਿਆਨੇਸ਼ਵਰ ਨਾਲ ਬੜਾ ਡੂੰਘਾ ਸੰਬੰਧ ਸੀ। ਇਹ ਅਕਸਰ ਇਕੱਠੇ ਹੀ ਵਿਚਰਦੇ ਸਨ। ਇਕ ਵਾਰ ਇਹ ਦੋਵੇਂ ਇਕੱਠੇ ਤੀਰਥ-ਯਾਤ੍ਰਾ 'ਤੇ ਗਏ, ਪਰ ਯਾਤ੍ਰਾ ਤੋਂ ਪਰਤਣ ਉਪਰੰਤ ਗਿਆਨੇਸ਼ਵਰ ਦਾ ਦੇਹਾਂਤ ਹੋ ਗਿਆ। ਉਦੋਂ ਇਨ੍ਹਾਂ ਦੀ ਉਮਰ ਪੰਜਾਹ ਵਰ੍ਹਿਆਂ ਦੇ ਨੇੜੇ-ਤੇੜੇ ਸੀ। ਇਹ ਮਹਾਰਾਸ਼ਟਰ ਤੋਂ ਪੰਜਾਬ ਵਲ ਆ ਗਏ। ਗੁਰਦਾਸਪੁਰ ਦੇ ਘੁਮਾਣ ਪਿੰਡ ਵਿਚ ਰਹਿ ਕੇ ਇਨ੍ਹਾਂ ਨੇ ਧਾਰਮਿਕ ਉਪਦੇਸ਼ ਦਿੱਤੇ। ਪੰਜਾਬ ਦੀਆਂ ਪਰਿਸਥਿਤੀਆਂ ਅਤੇ ਸਭਿਆਚਾਰ ਨੇ ਨਾਮਦੇਵ ਦੇ ਮਨ ਵਿਚ ਇਸ਼ਟ-ਭਾਵਨਾ ਸੰਬੰਧੀ ਪਰਿਵਰਤਨ ਲਿਆਉਂਦਾ। ਇਹ ਸਗੁਣ ਉਪਾਸਨਾ ਤੋਂ ਨਿਰਗੁਣ ਉਪਾਸਨਾ ਵਲ ਝੁਕੇ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਨ੍ਹਾਂ ਦੇ 61 ਪਦਿਆਂ (ਸ਼ਬਦਾਂ) ਦਾ ਮਰਾਠੀ ਵਿਚ ਲਿਖੇ ਅਭੰਗਾਂ ਨਾਲੋਂ ਆਧਾਰਭੂਤ ਅੰਤਰ ਪੈਦਾ ਹੋ ਗਿਆ।

ਨਾਮਦੇਵ ਨੇ ਪਰਮਸੱਤਾ ਨੂੰ ਮੰਦਿਰ ਮਸਜਿਦ ਦੀਆਂ ਸੀਮਾਵਾਂ ਤੋਂ ਉੱਚਾ ਮੰਨਦੇ ਹੋਇਆਂ, ਨਿਰਾਕਾਰ ਅਤੇ ਸਰਵ-ਵਿਆਪਕ ਮੰਨਿਆ ਹੈ। ਉਸ ਦਾ ਪਾਰ ਪਾਉਣਾ ਸੰਭਵ ਨਹੀਂ। ਸਭ ਵਿਚ ਉਹੀ ਸਮਾਇਆ ਹੋਇਆ ਹੈ—'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ।/ਰਾਮ ਬਿਨਾ ਕੋ ਬੋਲੈ ਰੇ ।੧। ਰਹਾਉ ।/ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ।/ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ'

(ਅ. ਗ੍ਰੰ. 988)। ਨਾਮਦੇਵ ਨੇ ਸੰਸਾਰ ਨੂੰ ਮਾਇਕ ਪ੍ਰਪੰਚ ਮੰਨ ਕੇ ਸੱਚੀ ਭਗਤੀ ਅਤੇ ਨਾਮ-ਸਿਮਰਨ ਵਿਚ ਮਗਨ ਹੋਣ ਦਾ ਉਪਦੇਸ਼ ਦਿੰਦਿਆਂ ਸਤਿਸੰਗਤ ਕਰਨ 'ਤੇ ਬਹੁਤ ਬਲ ਦਿੱਤਾ ਹੈ।

ਨਾਮਦੇਵ ਦੀ ਧਰਮ-ਸਾਧਨਾ ਕਾਰਣ ਭਗਤ ਰਵਿਦਾਸ ਨੇ ਇਨ੍ਹਾਂ ਨੂੰ ਕਬੀਰ, ਤ੍ਰਿਲੋਚਨ, ਸਧਨਾ, ਸੈਣ ਆਦਿ ਭਗਤਾਂ ਦੇ ਸਮਾਨ ਪਰਮ-ਗਤੀ ਨੂੰ ਪ੍ਰਾਪਤ ਹੋਇਆ ਮੰਨਿਆ ਹੈ—'ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ' (ਅ. ਗ੍ਰੰ. 1106)।

ਡਾ. ਮੋਹਨ ਸਿੰਘ ਦੀਵਾਨਾ ਨੇ 'ਸ਼ਿਕੈਤ ਦਾ ਉਤਰ' ਨਾਂ ਦੀ ਕਵਿਤਾ ਵਿਚ ਨਾਮਦੇਵ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਕਿਹੜਾ ਯੂਨਸ ਤੂਫ਼ਾਨ ਤੋਂ ਕਢਿਆ ਨਾ, ਕਿਹੜਾ ਨਾਮ ਦੇ ਵੇਖ ਨਾ ਹਸਿਆ ਮੈਂ।'

ਨਾਮਧਾਰੀ ਸੰਪ੍ਰਦਾਇ : ਬਾਬਾ ਰਾਮ ਸਿੰਘ ਦੁਆਰਾ ਚਲਾਈ ਕੂਕਾ-ਲਹਿਰ। ਵੇਖੋ 'ਰਾਮ ਸਿੰਘ, ਬਾਬਾ'।

ਨਾਰਦ : ਇਕ ਰਿਸ਼ੀ ਜਿਸ ਦਾ ਉੱਲੇਖ 'ਰਿਗ-ਵੇਦ' ਵਿਚ ਕਈ ਥਾਵਾਂ ਤੇ ਹੋਇਆ ਹੈ। ਇਸ ਦੀ ਗਿਣਤੀ ਸੱਤ ਮਹਾ-ਰਿਸ਼ੀਆਂ ਵਿਚ ਵੀ ਕੀਤੀ ਜਾਂਦੀ ਹੈ। ਇਸ ਨੂੰ ਬ੍ਰਹਮਾ ਦਾ ਪੁੱਤਰ ਜਾਂ ਪ੍ਰਜਾਪਤੀ ਵੀ ਕਿਹਾ ਜਾਂਦਾ ਹੈ। ਹੋਰ ਵੀ ਕਈ ਪੁਰਾਤਨ ਹਸਤੀਆਂ ਨਾਲ ਇਸ ਦਾ ਸੰਬੰਧ ਜੋੜਿਆ ਜਾਂਦਾ ਹੈ। ਇਸ ਦਾ ਉੱਲੇਖ 'ਐਤਰੇਯ-ਬ੍ਰਾਹਮਣ', 'ਮੈਤ੍ਰਾਯਣੀ ਸੰਹਿਤਾ', 'ਛਾਂਦੋਗ੍ਯ-ਉਪਨਿਸ਼ਦ' ਆਦਿ ਵਿਚ ਹੋਇਆ ਹੈ। 'ਨਾਰਦ' ਨਾਂ ਦਾ ਇਕ ਸਮ੍ਰਿਤੀ-ਕਾਰ ਵੀ ਹੋਇਆ ਹੈ।

'ਮਹਾਭਾਰਤ' ਵਿਚ ਮੋਕਸ਼-ਧਰਮ ਦੇ 'ਨਾਰਾਯਣੀਯ ਆਖਿਆਨ' ਵਿਚ ਨਾਰਦ ਦੀ ਉੱਤਰ-ਦੇਸ਼ ਵਲ ਕੀਤੀ ਯਾਤ੍ਰਾ ਦਾ ਬ੍ਰਿੱਤਾਂਤ ਹੈ ਜਿਸ ਵਿਚ ਇਸ ਨੇ ਨਰ-ਨਾਰਾਇਣ ਦੀ ਤਪਸਿਆ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨਾਲ ਸੰਵਾਦ ਕੀਤਾ ਹੈ ਅਤੇ ਉਨ੍ਹਾਂ ਨੇ ਨਾਰਦ ਨੂੰ 'ਪਾਂਚਰਾਤ੍ਰ' ਧਰਮ ਦਾ ਸਰੂਪ ਸਮਝਾਇਆ ਹੈ।

ਪੁਰਾਣ-ਸਾਹਿੱਤ ਵਿਚ ਇਹ ਵਿਸ਼ਣੂ ਦੇ ਪਰਮ-ਭਗਤ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਹ ਭਗਤੀ-ਮਾਰਗ ਦਾ ਮੋਢੀ ਵੀ ਮੰਨਿਆ ਜਾਂਦਾ ਹੈ। ਇਸ ਬਾਰੇ ਬਿਹਾਗੜਾ ਰਾਗ ਦੀ ਵਾਰ ਵਿਚ ਸੰਕੇਤ ਆਉਂਦਾ ਹੈ —'ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।/ਨਾਰਦਿ ਕਹਿਆ ਸਿ ਪੂਜ ਕਰਾਂਹੀ' (ਅ. ਗ੍ਰੰ. 556)।

ਨਾਰਦ ਦੇ ਹੱਥ ਵਿਚ ਸਦਾ ਇਕ ਵੀਣਾ ਰਹਿੰਦੀ ਹੈ ਜਿਸ ਨੂੰ ਇਹ 'ਮਹਤੀ' ਕਹਿੰਦਾ ਹੈ। ਇਹ ਸਦਾ ਭਗਤੀ ਵਿਚ ਮਗਨ ਰਹਿ ਕੇ ਭਜਨ ਗਾਉਂਦਾ ਹੈ। ਧ੍ਰੂ ਆਦਿ ਅਨੇਕ ਜਿਗਿਆਸੂਆਂ ਨੂੰ ਇਸ ਨੇ ਭਗਤੀ ਦਾ ਉਪਦੇਸ਼ ਦਿੱਤਾ ਸੀ। 'ਨਾਰਦ-ਭਗਤੀ-ਸੂਤ੍ਰ', 'ਨਾਰਦੀਯ-ਧਰਮ-ਸ਼ਾਸਤ੍ਰ' ਆਦਿ ਰਚਨਾਵਾਂ ਵੀ ਇਸ ਦੇ ਨਾਂ ਨਾਲ ਸੰਬੰਧਿਤ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਹ ਵਰ ਅਤੇ ਸਰਾਪ ਦੇਣ ਵਾਲਾ ਵੀ ਦਸਿਆ ਗਿਆ ਹੈ। ਭਵਿਸ਼ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਇਹ ਸੂਚਨਾ ਪਹਿਲਾਂ ਹੀ ਦੇ ਦੇਣ ਵਿਚ ਸਮਰਥ ਮੰਨਿਆ ਗਿਆ ਹੈ।

'ਸ਼ਿਵ-ਪੁਰਾਣ' (ਪੂਰਵਾਰਧ) ਅਨੁਸਾਰ ਇਹ ਇਕ ਵਾਰ ਗੰਗਾ ਦੇ ਨੇੜੇ ਹਿਮਾਲਯ

ਪਰਬਤ ਵਿਚ ਤਪਸਿਆ ਕਰ ਰਿਹਾ ਸੀ। ਇੰਦਰ ਨੇ ਇਸ ਦਾ ਤਪ ਭੰਗ ਕਰਨ ਲਈ ਕਾਮ ਨੂੰ ਭੇਜਿਆ। ਪਰ ਨਾਰਦ ਨੂੰ ਕਾਮ ਪ੍ਰਭਾਵਿਤ ਨਾ ਕਰ ਸਕਿਆ। ਨਾਰਦ ਨੂੰ ਇਸ ਦਾ ਘਮੰਡ ਹੋ ਗਿਆ। ਪਰ ਕਾਮ ਦੇ ਭਸਮ ਹੋਣ ਦਾ ਕਾਰਣ ਇਹ ਸੀ ਕਿ ਜਿਥੇ ਉਹ ਤਪਸਿਆ ਕਰ ਰਿਹਾ ਸੀ, ਉਥੇ ਸ਼ਿਵ ਨੇ ਕਾਮ ਨੂੰ ਭਸਮ ਕੀਤਾ ਸੀ। ਨਾਰਦ ਨੇ ਕਾਮ ਤੋਂ ਅਪ੍ਰਭਾਵਿਤ ਹੋਣ ਦੀ ਗੱਲ ਸ਼ਿਵ ਨੂੰ ਦਸੀ। ਸ਼ਿਵ ਨੇ ਸਪੱਸ਼ਟ ਕੀਤਾ ਕਿ ਕਾਮ ਨੂੰ ਪੂਰੀ ਤ੍ਰਿਲੋਕੀ ਵਿਚ ਕੋਈ ਵੀ ਨਹੀਂ ਜਿੱਤ ਸਕਿਆ।

ਨਾਰਦ ਨੂੰ ਸ਼ਿਵ ਦੀ ਇਹ ਗੱਲ ਪਸੰਦ ਨਾ ਆਈ। ਫਿਰ ਇਸ ਨੇ ਬ੍ਰਹਮਾ ਅਤੇ ਵਿਸ਼ਣੂ ਨੂੰ ਕਾਮ ਤੋਂ ਅਪ੍ਰਭਾਵਿਤ ਹੋਣ ਦਾ ਬ੍ਰਿੱਤਾਂਤ ਸੁਣਾਇਆ। ਵਿਸ਼ਣੂ ਨੇ ਨਾਰਦ ਦੀ ਪੁਸ਼ਟੀ ਕਰ ਦਿੱਤੀ। ਫਲਸਰੂਪ ਇਹ ਹੋਰ ਹੰਕਾਰੀ ਹੋ ਗਿਆ। ਸ਼ਿਵ ਦੀ ਮਾਯਾ ਇਸ ਤਰ੍ਹਾਂ ਹੋਈ ਕਿ ਇਸ ਦੇ ਮਾਰਗ ਵਿਚ ਇਕ ਨਗਰ ਵਸ ਗਿਆ ਜਿਸ ਦੇ ਰਾਜਾ ਸ਼ੀਲਨਿਧੀ ਦੀ ਕੰਨਿਆ ਦਾ ਸੁਅੰਬਰ ਹੋ ਰਿਹਾ ਸੀ। ਨਾਰਦ ਨੇ ਕਾਮ ਤੋਂ ਪ੍ਰਭਾਵਿਤ ਹੋ ਕੇ ਕੰਨਿਆ ਨੂੰ ਪ੍ਰਾਪਤ ਕਰਨ ਲਈ ਵਿਸ਼ਣੂ ਤੋਂ ਸੁੰਦਰਤਾ ਦਾ ਵਰਦਾਨ ਮੰਗਿਆ। ਫਲਸਰੂਪ ਉਸ ਦਾ ਸਰੂਪ ਸੁੰਦਰ ਬੰਦਰ ਵਰਗਾ ਹੋ ਗਿਆ। ਕੰਨਿਆ ਨੇ ਵਰਨ ਦੀ ਥਾਂ ਨਾਰਦ ਦਾ ਮਜ਼ਾਕ ਉਡਾਇਆ। ਨਾਰਦ ਨੇ ਜਲ ਵਿਚ ਆਪਣੇ ਬਿੰਬ ਨੂੰ ਵੇਖ ਕੇ ਵਿਸ਼ਣੂ ਨੂੰ ਸਰਾਪ ਦਿੱਤਾ। ਇਸ ਪ੍ਰਸੰਗ ਵਲ ਕਵੀ ਦੌਲਤ ਰਾਮ ਨੇ 'ਰੂਪ ਬਸੰਤ' ਦੇ ਕਿੱਸੇ ਵਿਚ ਸੰਕੇਤ ਕੀਤਾ ਹੈ—'ਨਾਰਦ ਮੁਨੀ ਨੂੰ ਕਾਮ ਨੇ ਦੁਖ ਦਿੱਤਾ, ਰੂਪ ਮੰਗਦਾ ਵਿਸ਼ਨੂੰ ਥੀਂ ਆਨ ਰਾਜਾ'। ਮਹਾਭਾਰਤ' (ਸ਼ਾਂਤਿ-ਪਰਵ) ਵਿਚ ਨਾਰਦ ਦੇ ਬੰਦਰ-ਮੂੰਹਾ ਹੋਣ ਦਾ ਪ੍ਰਸੰਗ ਇਸ ਦੇ ਭਣੇਵੇਂ ਪਰਬਤ ਦੇ ਆਖਿਆਨ ਵਿਚ ਵਰਣਿਤ ਹੈ।

ਪਰਵਰਤੀ ਪੁਰਾਣ-ਸਾਹਿੱਤ ਵਿਚ ਇਸ ਦਾ ਕੰਮ ਇਕ ਦੂਜੇ ਨੂੰ ਪਰਸਪਰ ਲੜਾਉਣ ਲਈ ਲੂਤੀਆਂ ਲਾਉਣਾ ਰਿਹਾ ਹੈ। ਅਜਿਹੇ ਕਰਮ ਨਾਲ ਸੰਬੰਧਿਤ ਅਨੇਕ ਕਥਾਵਾਂ ਮਿਲ ਜਾਂਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਇਹ ਕਲਹ-ਕਲੇਸ਼ ਦੀ ਜੜ੍ਹ ਮੰਨਿਆ ਗਿਆ ਹੈ। ਇਸੇ ਕਰਕੇ ਦੋ ਧਿਰਾਂ ਦੀ, ਝੂਠੀਆਂ ਸੱਚੀਆਂ ਦਸ ਕੇ, ਲੜਾਈ ਕਰਾਉਣ ਵਾਲੇ ਬੰਦੇ ਨੂੰ 'ਨਾਰਦ ਮੁਨੀ' ਕਿਹਾ ਜਾਣ ਲਗਾ। ਪੰਜਾਬੀ ਵਾਰ-ਕਾਵਿ ਵਿਚ ਇਸ ਦੇ ਨਾਲ 'ਕਲ੍ਹ' (ਵੇਖੋ) ਨਾਂ ਦੀ ਇਕ ਇਸਤਰੀ ਵੀ ਜੋੜੀ ਗਈ ਹੈ ਜੋ ਹਰ ਲੜਾਈ ਵਾਲੇ ਕੰਮ ਵਿਚ ਇਸ ਦੀ ਪਤਨੀ ਦੀ ਭੂਮਿਕਾ ਨਿਭਾਉਂਦੀ ਹੈ।

ਨਾਰਦ ਬਾਰੇ ਮਿਲਦੇ ਤੱਥ ਪਰਸਪਰ ਵਿਰੋਧੀ ਹੋਣ ਕਾਰਣ ਇਕ ਨਹੀਂ, ਅਨੇਕ ਨਾਰਦਾਂ ਦੀ ਹੋਂਦ ਵਲ ਸੰਕੇਤ ਕਰਦੇ ਹਨ, ਜਿਨ੍ਹਾਂ ਵਿਚੋਂ ਵੈਦਿਕ ਰਿਸ਼ੀ, ਭਗਤੀ ਸਾਧਕ, ਕਲਹ-ਕਲੇਸ਼ ਦਾ ਜਨਕ ਆਦਿ ਕੁਝ ਇਸ ਦੇ ਪ੍ਰਮੁਖ ਰੂਪ ਹਨ।

ਨਾਲੰਦਾ, ਮਹਾਵਿਹਾਰ : ਭਾਰਤ ਦਾ ਇਕ ਪ੍ਰਾਚੀਨ ਸ਼ਿਕਸ਼ਾ-ਕੇਂਦਰ ਜੋ ਵਰਤਮਾਨ ਬਿਹਾਰ ਪ੍ਰਾਂਤ ਵਿਚ ਸਥਿਤ ਸੀ ਅਤੇ ਜਿਸ ਦੇ ਖੰਡਰ ਹੁਣ ਪਟਨਾ ਤੋਂ 90 ਕਿ. ਮੀ. ਦੱਖਣ-ਪੂਰਵ ਵਿਚ ਬੜਗਾਂਵ ਪਿੰਡ ਦੇ ਖੇਤਰ ਵਿਚ ਮਿਲਦੇ ਹਨ। ਇਹ ਕੇਂਦਰ ਉਸ ਵਕਤ ਦੀ ਰਾਜਧਾਨੀ 'ਰਾਜਗ੍ਰਿਹ' ਦੇ ਨੇੜੇ ਵਸਿਆ ਇਕ ਪ੍ਰਸਿੱਧ ਨਗਰ ਸੀ। ਇਸ ਦਾ ਉੱਲੇਖ ਪੁਰਾਤਨ ਬੋਧੀ ਅਤੇ ਜੈਨੀ ਸਾਹਿੱਤ ਅਤੇ ਇਤਿਹਾਸ ਵਿਚ ਮਿਲਦਾ ਹੈ। ਕਈ

ਪਾਲੀ ਗ੍ਰੰਥਾਂ ਵਿਚ ਭਗਵਾਨ ਬੁੱਧ ਦੇ ਇਥੇ ਆਉਣ ਦੇ ਉੱਲੇਖ ਵੀ ਮਿਲਦੇ ਹਨ। ਇਸ ਨਗਰ ਵਿਚ ਅਨੇਕ ਬੋਧੀ ਅਤੇ ਜੈਨੀ ਮੰਦਿਰ ਸਨ। ਅਸਲ ਵਿਚ, ਇਹ ਜੈਨ ਅਤੇ ਬੁੱਧ ਮਤਾਂ ਦਾ ਇਕ ਮਹੱਤਵਪੂਰਣ ਸਭਿਆਚਾਰਕ ਕੇਂਦਰ ਸੀ। ਇਸ ਤੱਥ ਦੀ ਪੁਸ਼ਟੀ ਉਥੋਂ ਨਿਕਲੀਆਂ ਪੁਰਾਤਨ ਵਸਤੂਆਂ, ਮੂਰਤੀਆਂ ਆਦਿ ਤੋਂ ਇਲਾਵਾ, ਵਿਦੇਸ਼ੀ ਯਾਤ੍ਰੀਆਂ ਦੇ ਲਿਖੇ ਵਿਵਰਣਾਂ ਤੋਂ ਹੋ ਜਾਂਦੀ ਹੈ। ਮੁਸਲਮਾਨ ਆਕ੍ਰਮਣਕਾਰੀਆਂ ਵਿਚੋਂ ਬਖ਼ਤਿਆਰ ਖ਼ਿਲਜੀ ਨੇ ਨਾਲੰਦਾ ਨੂੰ ਕੋਈ ਵੱਡਾ ਕਿਲਾ ਸਮਝ ਕੇ ਘੇਰ ਲਿਆ ਅਤੇ ਅੱਗ ਲਾ ਕੇ ਸਭ ਕੁਝ ਨਸ਼ਟ ਕਰ ਦਿੱਤਾ। ਉਸ ਦੁਆਰਾ ਕਰਵਾਏ ਨਰ-ਸੰਘਾਰ ਤੋਂ ਬਚ ਰਹੇ ਭਿਕ੍ਸ਼ੂ ਤਿੱਬਤ ਅਤੇ ਨੇਪਾਲ ਨੂੰ ਭਜ ਗਏ।

ਨਾਲੰਦਾ, ਅਸਲ ਵਿਚ, ਆਪਣੇ ਸਮੇਂ ਦਾ ਪ੍ਰਮੁਖ ਵਿਸ਼ਵ-ਵਿਦਿਆਲਾ ਸੀ ਜਿਥੇ ਬੁੱਧ-ਧਰਮ ਅਤੇ ਦਰਸ਼ਨ ਤੋਂ ਇਲਾਵਾ ਹਿੰਦੂ-ਧਰਮ ਅਤੇ ਦਰਸ਼ਨ ਦੀ ਉੱਚ-ਪੱਧਰੀ ਪੜ੍ਹਾਈ ਕਰਾਈ ਜਾਂਦੀ ਸੀ। ਇਸ ਤੋਂ ਇਲਾਵਾ ਇਥੇ ਆਯੁਰਵੇਦ, ਵਿਗਿਆਨ, ਕਲਾ ਆਦਿ ਵਿਸ਼ਿਆਂ ਨਾਲ ਸੰਬੰਧਿਤ ਵਿਦਿਆ-ਪ੍ਰਾਪਤੀ ਦਾ ਬਹੁਤ ਚੰਗਾ ਪ੍ਰਬੰਧ ਸੀ। ਇਥੋਂ ਦੀ ਸਭ ਤੋਂ ਵੱਡੀ ਦੇਣ ਨਿਆਇ-ਸ਼ਾਸਤ੍ਰ ਅਤੇ ਪ੍ਰਮਾਣ-ਸ਼ਾਸਤ੍ਰ ਦੇ ਵਿਕਾਸ ਵਿਚ ਵੇਖੀ ਜਾ ਸਕਦੀ ਹੈ। ਇਸ ਵਿਚ ਵਿਦਿਆਰਥੀਆਂ ਦਾ ਦਾਖ਼ਲਾ ਯੋਗਤਾ ਦੇ ਆਧਾਰ ਤੇ ਕੀਤਾ ਜਾਂਦਾ ਸੀ। ਕਹਿੰਦੇ ਹਨ ਕਿ ਇਥੇ ਚੀਨ, ਜਾਪਾਨ, ਕੋਰੀਆ, ਆਦਿ ਵਿਦੇਸ਼ਾਂ ਤੋਂ ਵਿਦਿਆਰਥੀ ਪੜ੍ਹਨ ਆਉਂਦੇ ਸਨ।

ਨਾਲੰਦਾ ਦੇ ਪੁਸਤਕਾਲਿਆਂ ਵਿਚ ਲੱਖਾਂ ਗ੍ਰੰਥ ਸੁਰੱਖਿਅਤ ਸਨ। ਇਨ੍ਹਾਂ ਪੁਸਤਕਾ-ਲਿਆਂ ਦੇ ਹਾਤੇ ਨੂੰ 'ਧਰਮ-ਗੰਜ' ਕਿਹਾ ਜਾਂਦਾ ਸੀ। ਇਨ੍ਹਾਂ ਪੁਸਤਕਾਲਿਆਂ ਵਿਚੋਂ ਰਤਨਸਾਗਰ, ਰਤਨ-ਉਦਧਿ ਅਤੇ ਰਤਨਰੰਜਨ ਵਿਸ਼ੇਸ਼ ਉੱਲੇਖਯੋਗ ਹਨ। ਇਨ੍ਹਾਂ ਵਿਚੋਂ 'ਰਤਨਸਾਗਰ' ਪੁਸਤਕਾਲਾ ਨੌਂ ਮੰਜ਼ਿਲਾਂ ਦਾ ਬਣਿਆ ਸੀ ਅਤੇ ਉਸ ਵਿਚ ਹਜ਼ਾਰਾਂ ਪੁਸਤਕਾਂ/ਗ੍ਰੰਥ ਸੰਭਾਲੇ ਪਏ ਸਨ। ਨਾਲੰਦਾ ਸੱਚਮੁਚ ਪ੍ਰਾਚੀਨ ਭਾਰਤ ਦਾ ਇਕ ਮਹਾਨ ਗਿਆਨ-ਭੰਡਾਰ ਮੰਨਿਆ ਜਾ ਸਕਦਾ ਹੈ।

ਨਿਆਇ-ਦਰਸ਼ਨ : ਇਸ ਦਰਸ਼ਨ ਦਾ ਮੋਢੀ ਗੌਤਮ ਰਿਸ਼ੀ ਨੂੰ ਮੰਨਿਆ ਜਾਂਦਾ ਹੈ ਜਿਸ ਦਾ ਇਕ ਹੋਰ ਨਾਂ 'ਅਕ੍ਸ਼ਪਾਦ' ਵੀ ਹੈ। ਕੁਝ ਵਿਦਵਾਨ ਇਸ ਧਾਰਣਾ ਦੇ ਹਨ ਕਿ ਅਕ੍ਸ਼ਪਾਦ ਰਿਸ਼ੀ ਦਾ ਮੂਲ ਨਾਂ ਹੈ ਅਤੇ ਗੌਤਮ ਉਸ ਦਾ ਗੋਤ੍ਰ-ਨਾਂ ਹੈ। ਇਸ ਦਾ ਸਮਾਂ ਕੁਝ ਵਿਦਵਾਨ ਈਸਾ ਪੂਰਵ ਦੋ ਸੌ ਵਰ੍ਹੇ ਮੰਨਦੇ ਹਨ ਅਤੇ ਕੁਝ ਈਸਾ ਪੂਰਵ ਛੇ ਸੌ ਵਰ੍ਹੇ। ਨਵੀਂ ਖੋਜ ਇਸ ਦਾ ਸਮਾਂ ਈਸਾ ਪੂਰਵ ਦੂਜੀ ਜਾਂ ਤੀਜੀ ਸਦੀ ਸਿੱਧ ਕਰਦੀ ਹੈ। ਅਕ੍ਸ਼ਪਾਦ ਨੇ ਨਿਆਇ (ਨ੍ਯਾਯ) ਦਰਸ਼ਨ ਦੇ 532 ਸੂਤ੍ਰ ਬਣਾਏ। ਉਸ ਦੇ ਨਾਂ ਤੇ ਇਸ ਦਰਸ਼ਨ ਨੂੰ ਕਈ ਵਾਰ 'ਅਕ੍ਸ਼ਪਾਦ-ਦਰਸ਼ਨ' ਵੀ ਕਹਿ ਦਿੱਤਾ ਜਾਂਦਾ ਹੈ। ਭਾਈ ਗੁਰਦਾਸ ਅਨੁਸਾਰ—'ਗੌਤਮ ਤਪੇ ਬਿਚਾਰਿ ਕੈ ਰਿਗਿ ਵੇਦ ਕੀ ਕਥਾ ਸੁਣਾਈ।/ ਨਿਆਇ ਸਾਸਤ੍ਰ ਕੋ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ' (1/9)।

ਨਿਆਇ-ਸ਼ਾਸਤ੍ਰ ਵਸਤੂ-ਵਾਦੀ ਦਰਸ਼ਨ ਹੈ। ਇਸ ਦਾ ਆਧਾਰ ਯੁਕਤੀ ਹੈ। ਇਸ ਵਿਚ ਚਾਰ ਪ੍ਰਕਾਰ ਦੇ ਪ੍ਰਮਾਣ ਮੰਨੇ ਗਏ ਹਨ—ਪ੍ਰਤੱਖ, ਅਨੁਮਾਨ, ਉਪਮਾਨ ਅਤੇ

ਸ਼ਬਦ। ਵਸਤੂਆਂ ਦੇ ਸਾਖਿਆਤ ਗਿਆਨ ਨੂੰ 'ਪ੍ਰਤੱਖ' ਕਿਹਾ ਜਾਂਦਾ ਹੈ। ਇਸ ਦੀ ਉਤਪੱਤੀ ਵਸਤੂ ਅਤੇ ਗਿਆਨ-ਇੰਦ੍ਰੀਆਂ ਦੇ ਸੰਯੋਗ ਨਾਲ ਹੁੰਦੀ ਹੈ। ਪ੍ਰਤੱਖ ਗਿਆਨ ਬਾਹਰਲਾ ਜਾਂ ਅੰਦਰਲਾ ਦੋਹਾਂ ਤਰ੍ਹਾਂ ਦਾ ਹੋ ਸਕਦਾ ਹੈ। ਜਿਸ ਵਿਸ਼ੇ ਦਾ ਸਾਖਿਆਤ ਹੁੰਦਾ ਹੈ ਉਸ ਦਾ ਸੰਯੋਗ ਜੇ ਅੱਖ, ਕੰਨ ਵਰਗੀ ਕਿਸੇ ਬਾਹਰਲੀ ਇੰਦਰੀ ਨਾਲ ਹੋਵੇ, ਤਾਂ ਉਸ ਨੂੰ ਬਾਹਰਲਾ ਪ੍ਰਤੱਖ ਕਿਹਾ ਜਾਏਗਾ। ਪਰ ਜੇ ਵਿਸ਼ੇ ਦਾ ਸੰਯੋਗ ਕੇਵਲ ਮਨ ਨਾਲ ਹੋਵੇ ਤਾਂ ਉਸ ਨੂੰ ਅੰਦਰਲਾ ਜਾਂ ਮਾਨਸ ਪ੍ਰਤੱਖ ਕਿਹਾ ਜਾਂਦਾ ਹੈ।

'ਅਨੁਮਾਨ' ਇੰਦਰੀਆਂ ਰਾਹੀਂ ਨਹੀਂ ਹੁੰਦਾ। ਇਹ ਕਿਸੇ ਅਜਿਹੇ ਚਿੰਨ੍ਹ ਜਾਂ ਸਾਧਨ ਦੇ ਗਿਆਨ 'ਤੇ ਨਿਰਭਰ ਕਰਦਾ ਹੈ, ਜਿਸ ਨਾਲ ਅਨੁਮਾਨਿਤ ਵਸਤੂ ਜਾਂ ਸਾਧ੍ਯ ਦਾ ਇਕ ਨਿਯਤ ਸੰਬੰਧ ਰਹਿੰਦਾ ਹੈ। ਸਾਧਨ ਅਤੇ ਸਾਧ੍ਯ ਦੇ ਨਿਯਤ ਸੰਬੰਧ ਨੂੰ 'ਵਿਆਪਤੀ' ਕਹਿੰਦੇ ਹਨ। ਅਨੁਮਾਨ ਵਿਚ ਤਿੰਨ ਪਦ ਮੰਨੇ ਜਾਂਦੇ ਹਨ। ਇਨ੍ਹਾਂ ਪਦਾਂ ਨੂੰ ਪੱਖ, ਸਾਧ੍ਯ ਅਤੇ ਸਾਧਨ (ਚਿੰਨ੍ਹ) ਕਿਹਾ ਜਾਂਦਾ ਹੈ। 'ਪੱਖ' ਉਸ ਨੂੰ ਕਹਿੰਦੇ ਹਨ ਜਿਸ ਵਿਚ ਚਿੰਨ੍ਹ ਦੀ ਹੋਂਦ ਗਿਆਤ ਹੋਵੇ। 'ਸਾਧ੍ਯ' ਉਸ ਨੂੰ ਕਹਿੰਦੇ ਹਨ ਜਿਸ ਦੀ ਹੋਂਦ 'ਪੱਖ' ਵਿਚ ਸਿੱਧ ਕਰਨੀ ਹੋਵੇ। 'ਸਾਧਨ' ਉਸ ਨੂੰ ਕਿਹਾ ਜਾਂਦਾ ਹੈ ਜਿਸ ਦੀ ਸਾਧ੍ਯ ਨਾਲ ਨਿਯਤ ਸੰਗਤ ਹੋਵੇ ਅਤੇ ਜੋ 'ਪੱਖ' ਵਿਚ ਵਰਤਮਾਨ ਰਹੇ। ਉਦਾਹਰਣ ਲਈ ਪਰਬਤ ਅਗਨੀਮਯ ਹੈ ਕਿਉਂਕਿ ਉਸ ਵਿਚੋਂ ਧੂਆਂ ਨਿਕਲ ਰਿਹਾ ਹੈ। ਜਿਹੜਾ ਧੂੰਏਂ ਵਾਲਾ ਹੈ ਉਹ ਅਗਨੀਮਯ ਹੈ। ਇਥੇ ਪਰਬਤ ਪੱਖ ਹੈ, ਅਗਨੀ ਸਾਧ੍ਯ ਹੈ ਅਤੇ ਧੂੰਆਂ ਸਾਧਨ ਹੈ।

'ਉਪਮਾਨ' ਦੁਆਰਾ ਨਾਮ ਅਤੇ ਨਾਮੀ ਦੇ ਸੰਬੰਧ ਦਾ ਗਿਆਨ ਹੁੰਦਾ ਹੈ। ਸਦ੍ਰਿਸ਼ ਗਿਆਨ ਰਾਹੀਂ ਜੋ ਨਾਮ ਅਤੇ ਨਾਮੀ ਦਾ ਸੰਬੰਧ ਸਥਾਪਿਤ ਹੁੰਦਾ ਹੈ, ਉਸ ਨੂੰ 'ਉਪਮਾਨ' ਕਿਹਾ ਜਾਂਦਾ ਹੈ। ਜਿਵੇਂ ਅਸੀਂ ਪਹਿਲਾਂ ਗਊ ਨੂੰ ਵੇਖਦੇ ਹਾਂ, ਫਿਰ ਗੋਹਾ ਵੇਖਦੇ ਹਾਂ। ਤਾਂ ਗਊ ਅਤੇ ਗੋਹੇ ਦੀ ਸਦ੍ਰਿਸ਼ਤਾ ਦਾ ਗਿਆਨ ਹੋ ਜਾਂਦਾ ਹੈ। ਇਹ ਗਿਆਨ ਉਪਮਾਨ ਰਾਹੀਂ ਪ੍ਰਾਪਤ ਹੁੰਦਾ ਹੈ।

ਵਿਸ਼ਵਾਸਯੋਗ ਮਹਾਪੁਰਸ਼ਾਂ ਦੀਆਂ ਗੱਲਾਂ/ਵਚਨਾਂ ਦੁਆਰਾ ਅਗਿਆਤ ਵਸਤੂਆਂ ਦੇ ਸੰਬੰਧ ਵਿਚ ਜੋ ਗਿਆਨ ਪ੍ਰਾਪਤ ਹੁੰਦਾ ਹੈ, ਉਸ ਨੂੰ 'ਸ਼ਬਦ' ਕਿਹਾ ਜਾਂਦਾ ਹੈ। ਉਦਾਹਰਣ ਲਈ ਇਤਿਹਾਸਕਾਰ ਕਹਿੰਦੇ ਹਨ ਕਿ ਮਹਾਰਾਜ ਅਸ਼ੋਕ ਭਾਰਤ ਦੇ ਸਮ੍ਰਾਟ ਸਨ। ਇਸ ਗੱਲ ਨੂੰ ਅਸੀਂ ਮੰਨ ਲੈਂਦੇ ਹਾਂ, ਪਰ ਇਸ ਸਮ੍ਰਾਟ ਨਾਲ ਸਾਡਾ ਕੋਈ ਸਾਖਿਆਤਕਾਰ ਨਹੀਂ ਹੋਇਆ। ਇਥੇ ਸ਼ਬਦ ਹੀ ਪ੍ਰਮਾਣ ਹੈ।

ਨਿਆਇ-ਦਰਸ਼ਨ ਅਨੁਸਾਰ ਕੇਵਲ ਇਹ ਚਾਰ—ਪ੍ਰਤੱਖ, ਅਨੁਮਾਨ, ਉਪਮਾਨ ਅਤੇ ਸ਼ਬਦ—ਹੀ ਪ੍ਰਮਾਣ ਹਨ। ਇਨ੍ਹਾਂ ਤੋਂ ਭਿੰਨ ਹੋਰ ਕੋਈ ਪ੍ਰਮਾਣ ਨਹੀਂ ਹੈ। ਹੋਰ ਜੋ ਕੋਈ ਪ੍ਰਮਾਣ ਹੈ ਤਾਂ ਉਹ ਇਨ੍ਹਾਂ ਚਹੁੰ ਵਿਚ ਹੀ ਸਮਾਇਆ ਹੋਇਆ ਹੈ।

ਜੋ ਪ੍ਰਮਾਣ ਦੁਆਰਾ ਗਿਆਤ ਹੁੰਦਾ ਹੈ ਉਸ ਨੂੰ 'ਪ੍ਰਮੇਯ' ਕਿਹਾ ਜਾਂਦਾ ਹੈ। ਨਿਆਇ ਅਨੁਸਾਰ ਪ੍ਰਮੇਯ ਬਾਰਾਂ ਤਰ੍ਹਾਂ ਦਾ ਹੈ—ਆਤਮਾ, ਸ਼ਰੀਰ, ਇੰਦ੍ਰੀਆਂ, ਅਰਥ, ਬੁੱਧੀ, ਮਨ, ਪ੍ਰਵ੍ਰਿੱਤੀ, ਦੋਸ਼, ਪ੍ਰੇਤ੍ਯ-ਭਾਵ (ਪੁਨਰ ਜਨਮ), ਫਲ, ਦੁੱਖ ਅਤੇ ਮੋਕਸ਼

(ਅਪਵਰਗ)। ਹੋਰਨਾਂ ਭਾਰਤੀ ਦਰਸ਼ਨਾਂ ਵਾਂਗ ਨਿਆਇ ਦਾ ਉੱਦੇਸ਼ ਵੀ ਆਤਮਾ ਨੂੰ ਸ਼ਰੀਰ, ਇੰਦਰੀਆਂ ਅਤੇ ਸੰਸਾਰਿਕ ਵਿਸ਼ਿਆਂ ਦੇ ਬੰਧਨ ਤੋਂ ਮੁਕਤ ਕਰਨਾ ਹੈ। ਆਤਮਾ ਸ਼ਰੀਰ ਅਤੇ ਮਨ ਤੋਂ ਵੱਖ ਹੈ। ਸ਼ਰੀਰ ਦਾ ਨਿਰਮਾਣ ਭੌਤਿਕ ਤੱਤ੍ਵਾਂ ਦੇ ਮੇਲ ਨਾਲ ਹੁੰਦਾ ਹੈ। ਮਨ ਅਣੂ ਹੈ, ਸੂਖਮ, ਨਿੱਤ ਅਤੇ ਅਖੰਡ ਹੈ। ਮਨ ਆਤਮਾ ਲਈ ਦੁਖ-ਸੁਖ ਆਦਿ ਮਾਨਸਿਕ ਅਨੁਭਵ ਨਿਮਿਤ ਇਕ ਕਾਰਣ ਹੈ। ਇਸ ਲਈ ਮਨ ਅੰਦਰਲੀ ਇੰਦਰੀ ਹੈ। ਜਦ ਆਤਮਾ ਦਾ ਇੰਦਰੀਆਂ ਰਾਹੀਂ ਕਿਸੇ ਵਸਤੂ ਨਾਲ ਸੰਬੰਧ ਕਾਇਮ ਹੁੰਦਾ ਹੈ ਤਾਂ ਉਸ ਵਿਚ ਚੈਤਨ੍ਯ ਦਾ ਸੰਚਾਰ ਹੁੰਦਾ ਹੈ। ਚੈਤਨ੍ਯ ਆਤਮਾ ਦਾ ਕੋਈ ਨਿੱਤ ਗੁਣ ਨਹੀਂ ਹੈ। ਇਹ ਬਾਹਰੋਂ ਆਉਣ ਵਾਲਾ ਗੁਣ ਹੈ। ਜਦ ਮਨ ਅਤੇ ਇੰਦਰੀਆਂ ਰਾਹੀਂ ਆਤਮਾ ਕਿਸੇ ਵਿਸ਼ੇ ਨਾਲ ਸੰਬੰਧਿਤ ਹੁੰਦੀ ਹੈ ਤਾਂ ਉਸ ਵਿਸ਼ੇ ਦਾ ਚੈਤਨ੍ਯ (ਗਿਆਨ) ਆਤਮਾ ਨੂੰ ਹੁੰਦਾ ਹੈ। ਮੁਕਤ ਹੋਣ ਤੇ ਆਤਮਾ ਇਨ੍ਹਾਂ ਸਾਰੇ ਸੰਬੰਧਾਂ ਤੋਂ ਰਹਿਤ ਹੋ ਜਾਂਦੀ ਹੈ। ਗਿਆਨ ਵੀ ਖ਼ਤਮ ਹੋ ਜਾਂਦਾ ਹੈ।

ਆਤਮਾ ਸੂਖਮ, ਅਮਰ ਅਤੇ ਨਿੱਤ ਹੈ। ਮਿਥਿਆ ਗਿਆਨ, ਰਾਗ-ਦ੍ਵੈਸ਼, ਮੋਹ ਆਦਿ ਤੋਂ ਪ੍ਰੇਰਿਤ ਹੋ ਕੇ ਆਤਮਾ ਚੰਗਾ ਜਾਂ ਮਾੜਾ ਕੰਮ ਕਰਦੀ ਹੈ। ਉਨ੍ਹਾਂ ਕਰਕੇ ਆਤਮਾ ਨੂੰ ਪਾਪ-ਮਈ ਜਾਂ ਦੁੱਖ-ਮਈ ਹੋਣਾ ਪੈਂਦਾ ਹੈ। ਉਨ੍ਹਾਂ ਕਰਕੇ ਹੀ ਉਸ ਨੂੰ ਜਨਮ ਮਰਨ ਦੇ ਚੱਕਰ ਵਿਚ ਪੈਣਾ ਪੈਂਦਾ ਹੈ। ਤੱਤ੍ਵ-ਗਿਆਨ ਰਾਹੀਂ ਜਦ ਸਾਰਿਆਂ ਦੁੱਖਾਂ ਦਾ ਅੰਤ ਹੋ ਜਾਂਦਾ ਹੈ ਤਾਂ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਮੁਕਤ-ਅਵਸਥਾ ਨੂੰ 'ਅਪਵਰਗ' ਕਿਹਾ ਜਾਂਦਾ ਹੈ। ਇਹ ਆਤਮਾ ਦੀ ਚੈਤਨ੍ਯ-ਹੀਨਤਾ ਦੀ ਅਵਸਥਾ ਹੈ, ਫਿਰ ਕਿਸੇ ਸੁਖ-ਦੁੱਖ ਦਾ ਅਨੁਭਵ ਨਹੀਂ ਹੁੰਦਾ।

ਨਿਆਇ-ਦਰਸ਼ਨ ਵਿਚ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਅਨੁਸਾਰ ਈਸ਼ਵਰ ਇਕ ਹੈ ਅਤੇ ਆਤਮਾਵਾਂ ਅਨੇਕ ਹਨ। ਹਰ ਇਕ ਸ਼ਰੀਰ ਦੀ ਆਤਮਾ ਵੱਖਰੀ ਵੱਖਰੀ ਹੈ। ਈਸ਼ਵਰ ਸਰਵੱਗ ਅਤੇ ਆਤਮਾ (ਜੀਵ) ਅਲਪੱਗ ਹੈ। ਗਿਆਨ ਆਤਮਾ ਦਾ ਇਕ ਗੁਣ ਹੈ। ਇਹ ਦਰਸ਼ਨ ਸੰਸਾਰ ਦੀ ਸੁਤੰਤਰ ਹੋਂਦ ਨੂੰ ਮੰਨਦਾ ਹੈ। ਸ੍ਰਿਸ਼ਟੀ ਦਾ ਉਪਾਦਾਨ ਕਾਰਣ ਪ੍ਰਕ੍ਰਿਤੀ ਹੈ ਅਤੇ ਨਿਮਿਤ ਕਾਰਣ ਈਸ਼ਵਰ ਹੈ। ਜਿਵੇਂ ਕੁਮ੍ਹਿਆਰ ਮਿੱਟੀ ਤੋਂ ਵੱਖ-ਵੱਖ ਤਰ੍ਹਾਂ ਦੇ ਭਾਂਡੇ ਬਣਾਉਂਦਾ ਹੈ, ਉਸੇ ਤਰ੍ਹਾਂ ਸ੍ਰਿਸ਼ਟੀ ਦੇ ਆਰੰਭ ਵਿਚ ਈਸ਼ਵਰ ਪ੍ਰਕ੍ਰਿਤੀ ਤੋਂ ਜਗਤ ਦੇ ਭਿੰਨ-ਭਿੰਨ ਪਦਾਰਥਾਂ ਦੀ ਸ੍ਰਿਸ਼ਟੀ ਕਰਦਾ ਹੈ। ਇਹ ਸੰਸਾਰ ਦੀ ਸਿਰਜਨਾ, ਪਾਲਨਾ ਅਤੇ ਸੰਘਾਰ ਕਰਦਾ ਹੈ।

ਸਮੁੱਚੇ ਤੌਰ ਤੇ ਨਿਆਇ-ਦਰਸ਼ਨ ਬਹੁ-ਤੱਤ੍ਵਵਾਦੀ ਅਤੇ ਵਸਤੂਵਾਦੀ ਦਰਸ਼ਨ ਹੈ।

ਨਿਸ਼ੁੰਭ : ਸ਼ੁੰਭ ਦੈਂਤ ਦਾ ਭਰਾ। ਵੇਖੋ 'ਸ਼ੁੰਭ'।

ਨਿਹਕਲੰਕੀ, ਅਵਤਾਰ : ਵੇਖੋ 'ਕਲਕੀ, ਅਵਤਾਰ'।

ਨਿਗਮ : ਵੇਦ ਦੇ ਮੰਤ੍ਰ-ਭਾਗ ਨੂੰ 'ਨਿਗਮ' ਕਿਹਾ ਜਾਂਦਾ ਹੈ। ਕਿਉਂਕਿ ਜੋ ਗਿਆਨ ਪੱਧਤੀ ਸੁਤੈ-ਪ੍ਰਮਾਣ ਹੈ, ਜਾਂ ਸਾਖਿਆਤ ਅਨੁਭਵ 'ਤੇ ਆਧਾਰਿਤ ਹੈ, ਉਹ 'ਨਿਗਮ' ਅਖਵਾਉਂਦੀ ਹੈ। ਚੂੰਕਿ 'ਵੇਦ' (ਵੇਖੋ) ਸਾਖਿਆਤ ਅਨੁਭਵ 'ਤੇ ਆਧਾਰਿਤ ਹਨ ਜਾਂ ਈਸ਼ਵਰੀ ਹਨ, ਇਸ ਲਈ ਉਨ੍ਹਾਂ ਨੂੰ 'ਨਿਗਮ' ਕਿਹਾ ਜਾਂਦਾ ਹੈ। ਸੰਤ ਕਬੀਰ ਨੇ

ਪ੍ਰਭਾਤੀ ਰਾਗ ਵਿਚ ਕਿਹਾ ਹੈ—'ਨਾਰਦ ਬ੍ਰਹਮਾ ਨਿਗਮ ਬੀਚਾਰੈਂ ।' ਗੁਰੂ ਅਰਜਨ ਦੇਵ ਦੀ ਆਸਾ ਰਾਗ ਵਿਚ ਸਥਾਪਨਾ ਹੈ ਕਿ ਉਸ ਗੂੜ੍ਹ, ਗੁਪਤ ਅਤੇ ਅਪਾਰ ਪਰਮਾਤਮਾ ਦਾ ਅੰਤ ਵੇਦ (ਨਿਗਮ) ਵੀ ਨਹੀਂ ਪਾ ਸਕਦੇ—'ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ ।'

ਪਰ ਜੋ ਗਿਆਨ ਪੱਧਤੀ ਵੇਦਾਂ ਤੋਂ ਭਿੰਨ ਹੈ, ਉਹ ਮਨੁੱਖੀ ਅਨੁਭਵ 'ਤੇ ਨਿਰਭਰ ਹੈ। ਉਸ ਦਾ ਆਧਾਰ ਤਰਕ ਹੈ। ਇਸ ਲਈ ਉਸ ਨੂੰ 'ਆਗਮ' (ਵੇਖੋ) ਕਿਹਾ ਜਾਂਦਾ ਹੈ। ਹਿੰਦੂ-ਧਰਮ ਵਿਚ ਨਿਗਮ ਅਤੇ ਆਗਮ ਦੋਹਾਂ ਦਾ ਮਹੱਤਵ ਹੈ। ਇਸੇ ਲਈ ਆਮ ਤੌਰ ਤੇ ਇਨ੍ਹਾਂ ਦੋਹਾਂ ਸ਼ਬਦਾਂ ਦੀ ਇਕੱਠੀ ਵਰਤੋਂ ਕਰ ਕੇ ਹਿੰਦੂ-ਧਰਮ ਦੇ ਸਾਰੇ ਧਰਮ-ਗ੍ਰੰਥਾਂ ਅਤੇ ਸ਼ਾਸਤ੍ਰਾਂ ਵਲ ਸੰਕੇਤ ਕੀਤਾ ਜਾਂਦਾ ਹੈ।

ਨਿਗਮਾਗਮ : ਵੇਖੋ 'ਨਿਗਮ', 'ਆਗਮ'।

ਨਿਜ਼ਾਮੁੱਦੀਨ ਔਲੀਆ : ਸੂਫ਼ੀਆਂ ਦੇ ਚਿਸ਼ਤੀ ਸੰਪ੍ਰਦਾਇ ਦਾ ਪ੍ਰਸਿੱਧ ਦਰਵੇਸ਼ ਜਿਸ ਨੂੰ ਆਦਰ ਨਾਲ 'ਸੁਲਤਾਨੁਲ ਮਸ਼ਾਇਕ' ਜਾਂ 'ਮਹਿਬੂਬੇ ਇਲਾਹੀ' ਵੀ ਕਿਹਾ ਜਾਂਦਾ ਹੈ। ਇਸ ਦਾ ਜਨਮ ਸੰਨ 1238 ਈ. ਵਿਚ ਉੱਤਰ-ਪ੍ਰਦੇਸ਼ ਦੇ ਬਦਾਯੂੰ ਨਗਰ ਵਿਚ ਹੋਇਆ। ਬਚਪਨ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਅਤੇ ਇਸ ਦੇ ਪਾਲਣ-ਪੋਸਣ ਅਤੇ ਦੀਨੀ ਸਿਖਿਆ ਦੇਣ ਦੀ ਸਾਰੀ ਜ਼ਿੰਮੇਵਾਰੀ ਮਾਂ ਨੂੰ ਨਿਭਾਉਣੀ ਪਈ ਜੋ ਬੜੇ ਪਵਿੱਤਰ ਅਤੇ ਨੇਕ ਵਿਚਾਰਾਂ ਵਾਲੀ ਦਵਾਨੀ ਸੀ। ਇਹ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਬਦਾਯੂੰ ਤੋਂ ਦਿੱਲੀ ਆਇਆ ਅਤੇ ਉਥੇ ਮੌਲਾਨਾ ਕਮਾਲੁੱਦੀਨ ਜ਼ਾਹਿਦ ਦੀ ਸ਼ਾਗਿਰਦੀ ਵਿਚ ਧਾਰਮਿਕ ਸਿਖਿਆ ਪ੍ਰਾਪਤ ਕੀਤੀ।

ਵੀਹ ਵਰ੍ਹਿਆਂ ਦੀ ਉਮਰ ਵਿਚ ਇਸ ਨੇ ਅਜੋਧਨ (ਪਾਕਪਟਨ) ਜਾ ਕੇ ਫ਼ਰੀਦ ਸ਼ਕਰਗੰਜ ਨੂੰ ਆਪਣਾ ਮੁਰਸ਼ਿਦ ਧਾਰਣ ਕੀਤਾ ਅਤੇ ਫਿਰ ਦਿੱਲੀ ਪਰਤ ਆਇਆ। ਬਾਬਾ ਫ਼ਰੀਦ ਦੇ ਦੇਹਾਂਤ ਤੋਂ ਬਾਦ ਇਹ ਗੱਦੀ ਉਤੇ ਬੈਠਾ ਅਤੇ ਦਿੱਲੀ ਤੋਂ ਬਾਹਰ ਸਾਰੇ ਦੇਸ਼ ਵਿਚ ਸੂਫ਼ੀ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਰਿਹਾ। ਇਹ ਉਦਾਰ ਵਿਚਾਰਾਂ ਵਾਲਾ ਬੜਾ ਧਰਮੀ ਪੁਰਸ਼ ਸੀ। ਇਸ ਕਰਕੇ ਇਸ ਦੇ ਦਰਸ਼ਨ ਕਰਨ ਤੇ ਅਸੀਸਾਂ ਪ੍ਰਾਪਤ ਕਰਨ ਲਈ ਸੈਂਕੜੇ ਬੰਦੇ ਬਿਨਾ ਧਾਰਮਿਕ ਭੇਦ-ਭਾਵ ਦੇ ਨਿੱਤ ਆਉਂਦੇ ਰਹਿੰਦੇ ਸਨ। ਇਸ ਦਾ ਦੇਹਾਂਤ ਸੰਨ 1324 ਈ. ਵਿਚ ਦਿੱਲੀ ਵਿਚ ਹੋਇਆ। ਇਸ ਦੇ ਦਫ਼ਨਾਉਣ ਵਾਲੀ ਥਾਂ ਬਸਤੀ ਨਿਜ਼ਾਮੁੱਦੀਮ ਔਲੀਆ ਦੇ ਨਾਂ ਨਾਲ ਪ੍ਰਸਿੱਧ ਹੈ।

ਨਿਜ਼ਾਮੁੱਦੀਨ ਔਲੀਆ ਨੇ ਸਦਾਚਾਰ ਉਤੇ ਬਹੁਤ ਬਲ ਦਿੱਤਾ ਅਤੇ ਦੁਨਿਆਵੀ ਚਕਾਚੌਂਧ ਤੋਂ ਆਪਣੇ ਆਪ ਨੂੰ ਦੂਰ ਰਖਿਆ। ਰਾਜਨੈਤਿਕ ਲੋਕਾਂ ਤੋਂ ਇਹ ਸਦਾ ਹੀ ਪਰੇ ਰਹਿਣ ਦਾ ਯਤਨ ਕਰਦਾ। ਇਸ ਦੇ ਉਪਦੇਸ਼ਾਂ ਦਾ ਸੰਗ੍ਰਹਿ—'ਫ਼ਵਾਇਦੁਲ ਫ਼ਵਾਦ'—ਇਸ ਦੇ ਇਕ ਮੁਰੀਦ ਅਮੀਰ ਹਸਨ ਨੇ ਇਸ ਦੇ ਜੀਵਨ-ਕਾਲ ਵਿਚ ਹੀ ਤਿਆਰ ਕਰ ਦਿੱਤਾ ਸੀ ਜਿਸ ਨੂੰ ਇਸ ਦੇ ਅਨੁਯਾਈਆਂ ਵਿਚ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਉਸ ਸੰਗ੍ਰਹਿ ਦੇ ਪੜ੍ਹਨ ਜਾਂ ਲਿਖ ਕੇ ਵੰਡਣ ਨਾਲ ਕਈ ਮਹਾਤਮ ਜੁੜ ਗਏ।

ਇਸ ਦਰਵੇਸ਼ ਦਾ ਅਲੀ ਹੈਦਰ ਨੇ ਆਪਣੇ ਕਲਾਮ ਵਿਚ ਉੱਲੇਖ ਕੀਤਾ ਹੈ—

'ਜੋ ਵਤ ਸੰਗਾਂ ਖਿਲਵਤ ਮੰਗਾਂ ਕਿਉਂ ਮੀਆਂ ਨਿਜ਼ਾਮ ਦਾ ਢੰਗ ਨਹੀਂ ।'

ਨਿਧੀਆਂ : ਵੇਖੋ 'ਨੌਂ ਨਿਧੀਆਂ' ।

ਨਿਮਰੂਦ : ਵੇਖੋ 'ਨਮਰੂਦ, ਬਾਦਸ਼ਾਹ' ।

ਨਿਮਾਣੀ ਇਕਾਦਸ਼ੀ : ਵੇਖੋ 'ਇਕਾਦਸ਼ੀ', 'ਨਿਰਜਲਾ-ਇਕਾਦਸ਼ੀ' ।

ਨਿਯਮ : ਅਸ਼ਟਾਂਗ-ਯੋਗ ਦਾ ਦੂਜਾ ਅੰਗ । ਵੇਖੋ 'ਅਸ਼ਟਾਂਗ-ਯੋਗ' ।

ਨਿਰਜਲਾ-ਇਕਾਦਸ਼ੀ : ਜੇਠ ਸੁਦੀ 11 ਨੂੰ ਸੂਰਜ ਨਿਕਲਣ ਤੋਂ ਲੈ ਕੇ ਦੁਆਦਸ਼ੀ ਨੂੰ ਪ੍ਰਭਾਤ ਵੇਲੇ ਤਕ ਨਾ ਇਸ਼ਨਾਨ ਕਰਨਾ ਅਤੇ ਨਾ ਜਲ ਪੀਣਾ । ਦੁਆਦਸ਼ੀ ਵਾਲੇ ਦਿਨ ਪ੍ਰਭਾਤ ਵੇਲੇ ਇਸ਼ਨਾਨ ਕਰਕੇ ਇਸ ਵਰਤ ਦੇ ਉਪਾਰਨ ਦਾ ਵਿਧਾਨ ਹੈ । ਵੇਖੋ 'ਇਕਾਦਸ਼ੀ' ।

ਨਿਰਮਲ-ਸੰਪ੍ਰਦਾਇ : ਸਿੱਖਾਂ ਦਾ ਇਕ ਵਿਦਵਾਨ ਅਤੇ ਅਧਿਆਪਕ ਸੰਪ੍ਰਦਾਇ ਜਿਸ ਦੀ ਭਾਰਤੀ ਅਧਿਆਤਮਿਕ ਸਾਹਿੱਤ ਦੇ ਪਠਨ-ਪਾਠਨ ਵਿਚ ਵਿਸ਼ੇਸ਼ ਰੁਚੀ ਹੈ । ਇਸ ਦੇ ਆਰੰਭ ਬਾਰੇ ਮਾਨਤਾ ਹੈ ਕਿ ਸਿੱਖਾਂ ਦੇ ਸੰਸਕ੍ਰਿਤਿਕ ਆਧਾਰ ਨੂੰ ਦ੍ਰਿੜ੍ਹ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ ਸੰਨ 1686 ਈ. ਵਿਚ ਪੰਜ ਸਿੱਖਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਅਤੇ ਸੋਭਾ ਸਿੰਘ) ਨੂੰ ਬ੍ਰਹਮਚਾਰੀ ਭੇਖ ਵਿਚ ਸੰਸਕ੍ਰਿਤ ਪੜ੍ਹਨ ਲਈ ਬਨਾਰਸ (ਕਾਸ਼ੀ) ਭੇਜਿਆ । ਖ਼ਾਲਸਾ ਸਾਜੇ ਜਾਣ ਤੋਂ ਬਾਦ ਇਹ ਅਨੰਦਪੁਰ ਵਾਪਸ ਆ ਗਏ ਅਤੇ ਅੰਮ੍ਰਿਤ ਪਾਨ ਕਰਕੇ ਗੁਰਮਤਿ-ਪ੍ਰਚਾਰ ਵਿਚ ਲਗ ਗਏ । ਇਨ੍ਹਾਂ ਪੰਜਾਂ ਦੇ ਚੇਲੇ ਜੋ ਨਿਰਮਲ ਬਸਤ੍ਰ ਧਾਰਣ ਕਰਕੇ ਅਤੇ ਸ਼ਾਂਤ ਚਿੱਤ ਰਹਿ ਕੇ ਨਾਮ ਦਾ ਅਭਿਆਸ ਅਤੇ ਧਰਮ ਦਾ ਉਪਦੇਸ਼ ਕਰਦੇ ਰਹੇ, ਉਹ ਸਭ 'ਨਿਰਮਲ-ਸੰਤ' ਨਾਂ ਨਾਲ ਪ੍ਰਸਿੱਧ ਹੋਏ । ਪਰ 'ਨਿਰਮਲ-ਪੰਥ ਪ੍ਰਦੀਪਿਕਾ', 'ਨਿਰਮਲ ਭੂਸ਼ਣ', 'ਨਿਰਮਲ-ਪੰਥ ਦਰਸ਼ਨ' ਆਦਿ ਸੰਪ੍ਰਦਾਇਕ ਪੁਸਤਕਾਂ ਵਿਚ ਗੁਰੂ-ਨਾਨਕ-ਬਾਣੀ ਅਤੇ ਗੁਰਦਾਸ-ਬਾਣੀ ('ਮਾਰਿਆ ਸਿਕਾ ਜਗਤਿ ਵਿਚ, ਨਾਨਕ ਨਿਰਮਲ ਪੰਥ ਚਲਾਇਆ') ਦੀਆਂ ਤੁਕਾਂ ਦੇ ਆਧਾਰ 'ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਨਿਰਮਲ-ਸੰਪ੍ਰਦਾਇ ਗੁਰੂ ਨਾਨਕ ਦੇਵ ਤੋਂ ਹੀ ਹੋਂਦ ਵਿਚ ਆ ਚੁਕਿਆ ਸੀ । ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਦੋ ਪ੍ਰਕਾਰ ਦੀ ਵਿਦਿਆ ਵਿਚੋਂ ਸ਼ਾਸਤ੍ਰ ਦੀ ਵਿਦਿਆ ਲਈ ਨਿਰਮਲ ਸੰਤਾਂ ਨੂੰ ਆਦੇਸ਼ ਦਿੱਤਾ ਜੋ ਅਸਲੋਂ ਭਿਕਸ਼ੂ ਜਾਂ ਵਿਰਕਤ ਸਿੱਖ ਸਨ ।

ਨਿਰਮਲ-ਸੰਤ ਦਸਾਂ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਸਮਝਦੇ ਸਨ, ਪਰ ਇਸ ਦੇ ਨਾਲ ਹੀ ਹਰ ਨਿਰਮਲ-ਸੰਤ ਉਸ ਮਹਾਪੁਰਸ਼ ਨੂੰ ਵੀ ਆਪਣਾ ਦੇਹਧਾਰੀ ਗੁਰੂ ਮੰਨਦਾ ਹੈ ਜਿਸ ਤੋਂ ਉਹ ਨਿਰਮਲ-ਪੰਥ ਵਿਚ ਦੀਖਿਅਤ ਹੁੰਦਾ ਹੈ । ਅਜਿਹਾ ਗੁਰੂ ਆਮ ਤੌਰ ਤੇ ਕਿਸੇ ਡੇਰੇ ਦਾ ਮਹੰਤ ਹੁੰਦਾ ਹੈ । ਇਸ ਤਰ੍ਹਾਂ ਨਿਰਮਲ-ਸੰਤਾਂ ਵਿਚ ਗੁਰੂ-ਚੇਲੇ ਦੀ ਪਰੰਪਰਾ ਚਲਦੀ ਹੈ ਅਤੇ ਇਕ ਗੁਰੂ ਦੇ ਸਾਰੇ ਚੇਲੇ ਆਪਸ ਵਿਚ ਗੁਰਭਾਈ ਅਖਵਾਉਂਦੇ ਹਨ । ਗੁਰੂ ਦੀ ਮ੍ਰਿਤੂ ਉਪਰੰਤ ਉਸ ਦੀ ਗੱਦੀ ਵੱਡੇ ਚੇਲੇ ਜਾਂ ਉਸ ਦੇ ਅਯੋਗ ਹੋਣ ਦੀ ਸੂਰਤ ਵਿਚ ਕਿਸੇ ਹੋਰ ਚੇਲੇ ਨੂੰ ਦਿੱਤੀ ਜਾਂਦੀ ਹੈ । ਇਕ

ਦੂਜੇ ਨੂੰ ਮਿਲਣ ਵੇਲੇ ਛੋਟਾ ਸੰਤ ਵਡੇ ਸੰਤ ਨੂੰ ਮੱਥਾ ਟੇਕਦਾ ਹੈ। ਡੇਰੇ ਦੀ ਸੰਪੱਤੀ ਦਾ ਅਧਿਕਾਰੀ ਗੱਦੀਦਾਰ ਮਹੰਤ ਹੀ ਹੁੰਦਾ ਹੈ। ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰਖਣ ਵਾਲੇ ਨਿਰਮਲ-ਸੰਤਾਂ ਦੀ ਉਪਾਸਨਾ-ਵਿਧੀ ਵਿਚ ਵੈਸ਼ਣਵ ਪੂਜਾ ਦੇ ਅਨੇਕ ਤੱਤ੍ਵ ਮਿਲ ਜਾਂਦੇ ਹਨ।

ਆਮ ਤੌਰ ਤੇ ਨਿਰਮਲ-ਸੰਤਾਂ ਦਾ ਪਹਿਰਾਵਾ ਤਿੰਨ ਪ੍ਰਕਾਰ ਦਾ ਹੁੰਦਾ ਹੈ। ਇਕ ਉਹ ਸੰਤ ਜੋ ਭਗਵੇ ਰੰਗ ਦੇ ਬਸਤ੍ਰ ਧਾਰਣ ਕਰਦੇ ਹਨ ਅਤੇ ਲੰਗੋਟੀ ਤੇ ਗਾਤੀ ਪਹਿਨਦੇ ਹਨ। ਦੂਜੇ ਉਹ ਜੋ ਬਸਤ੍ਰ ਤਾਂ ਸਾਰੇ ਚਿੱਟੇ ਰੰਗ ਦੇ ਧਾਰਣ ਕਰਦੇ ਹਨ ਪਰ ਪਗੜੀ ਭਗਵੇ ਰੰਗ ਦੀ ਬੰਨ੍ਹਦੇ ਹਨ। ਤੀਜੇ ਉਹ ਜਿਹੜੇ ਚਿੱਟੇ ਬਸਤ੍ਰ ਧਾਰਣ ਕਰਦੇ ਹਨ ਅਤੇ ਆਮ ਸਿੱਖਾਂ ਵਾਂਗ ਭੇਸ ਰਖਦੇ ਹਨ।

ਹਰ ਨਵ-ਦੀਕ੍ਸ਼ਿਤ ਨਿਰਮਲ-ਸੰਤ ਨੂੰ ਸਭ ਤੋਂ ਪਹਿਲਾਂ ਗੁਰਮੁਖੀ ਦੇ ਮਾਧਿਅਮ ਰਾਹੀਂ ਗੁਰਬਾਣੀ ਦਾ ਅਧਿਐਨ ਕਰਵਾਇਆ ਜਾਂਦਾ ਹੈ। ਉਸ ਪਿਛੋਂ ਉਹ ਸੰਸਕ੍ਰਿਤ ਦੇ ਗ੍ਰੰਥਾਂ ਦਾ ਅਧਿਐਨ ਕਰਦਾ ਹੈ। ਇਹ ਅਧਿਐਨ ਵੀ ਗੁਰਮੁਖੀ ਦੇ ਮਾਧਿਅਮ ਰਾਹੀਂ ਹੁੰਦਾ ਹੈ। ਨਿਰਮਲ-ਸੰਤਾਂ ਲਈ ਗੁਰਮਤਿ ਦਾ ਪ੍ਰਚਾਰ ਕਰਨਾ ਲਾਜ਼ਮੀ ਹੈ। ਕੇਸਾਂ ਤੋਂ ਬਿਨਾ ਇਸ ਸੰਪ੍ਰਦਾਇ ਵਿਚ ਕੋਈ ਦੀਕ੍ਸ਼ਿਤ ਨਹੀਂ ਹੋ ਸਕਦਾ। ਭਗਵੇ ਬਸਤ੍ਰ ਧਾਰਣ ਕਰਨ ਵਾਲਿਆਂ ਤੋਂ ਛੁਟ ਬਾਕੀ ਸਾਰੇ ਨਿਰਮਲ-ਸੰਤਾਂ ਲਈ ਅੰਮ੍ਰਿਤ ਛਕਣਾ ਲਾਜ਼ਮੀ ਹੈ ਅਤੇ ਇਹ ਅੰਮ੍ਰਿਤ ਉਹ ਆਪਣੇ ਦੀਕ੍ਸ਼ਾ-ਗੁਰੂ ਤੋਂ ਛਕਦੇ ਹਨ। ਵੱਖ-ਵੱਖ ਦੇਹਧਾਰੀ ਨਿਰਮਲ-ਗੁਰੂਆਂ ਦੀ ਅਧਿਕ ਪ੍ਰਸਿੱਧੀ ਕਰਕੇ ਇਸ ਸੰਪ੍ਰਦਾਇ ਦੇ ਅੰਤਰਗਤ ਅਨੇਕ ਉਪ-ਸੰਪ੍ਰਦਾਇ ਪ੍ਰਚਲਿਤ ਹੋ ਗਏ ਹਨ ਅਤੇ ਇਨ੍ਹਾਂ ਉਪ-ਸੰਪ੍ਰਦਾਵਾਂ ਦਾ ਨਾਮਕਰਣ ਵਿਸ਼ੇਸ਼ ਥਾਵਾਂ, ਵਰਗਾਂ, ਮਹੰਤਾਂ ਆਦਿ ਦੇ ਨਾਵਾਂ ਦੇ ਆਧਾਰ 'ਤੇ ਹੋਇਆ ਹੈ। ਵਿਆਹ ਕਰਨਾ ਨਿਰਮਲ-ਸੰਤਾਂ ਲਈ ਵਰਜਿਤ ਹੈ। ਸ਼ਾਦੀ ਕਰਨ ਉਪਰੰਤ ਇਨ੍ਹਾਂ ਨੂੰ ਭੇਖ ਤੋਂ ਵੱਖ ਹੋਣਾ ਪੈਂਦਾ ਹੈ, ਫਿਰ ਕਿਸੇ ਪ੍ਰਕਾਰ ਦੀ ਗੱਦੀ ਦਾ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹੁੰਦਾ। ਪਰ ਹੁਣ ਇਸ ਪਾਬੰਦੀ ਦੀ ਸਖ਼ਤੀ ਨਾਲ ਪਾਲਣਾ ਨਹੀਂ ਕੀਤੀ ਜਾਂਦੀ।

ਹੋਰਨਾਂ ਮਤਾਂ ਦੁਆਰਾ ਹਿੰਦੂ ਤੀਰਥਾਂ ਉਤੇ ਅਖਾੜੇ ਕਾਇਮ ਕਰਨ ਦੀ ਪਿਰਤ ਪੈਣ 'ਤੇ ਪਟਿਆਲਾ ਦੇ ਮਹਾਰਾਜਾ ਨਰਿੰਦਰ ਸਿੰਘ ਨੇ ਸੰਨ 1861 ਈ. (1918 ਬਿ.) ਵਿਚ ਪਟਿਆਲੇ ਵਿਚ ਧਰਮ-ਧੁਜਾ ਅਖਾੜਾ ਸਥਾਪਿਤ ਕੀਤਾ ਅਤੇ ਇਸ ਦੇ ਪਹਿਲੇ ਮਹੰਤ ਭਾਈ ਮਹਿਤਾਬ ਸਿੰਘ ਥਾਪੇ ਗਏ। ਬਾਦ ਵਿਚ ਇਸ ਅਖਾੜੇ ਦਾ ਮੁੱਖ ਕੇਂਦਰ ਕੰਖਲ (ਹਰਿਦੁਆਰ) ਵਿਚ ਕਾਇਮ ਕਰ ਦਿੱਤਾ ਗਿਆ। ਸਿੱਖ ਰਿਆਸਤਾਂ ਵਿਚ ਜਿਤਨੇ ਨਿਰਮਲ ਡੇਰੇ ਸਨ, ਲਗਭਗ ਉਨ੍ਹਾਂ ਸਾਰਿਆ ਦਾ ਅਧਿਕਾਰ 'ਨਿਰਮਲ ਪੰਚਾਇਤੀ ਅਖਾੜੇ' ਅਧੀਨ ਹੈ। ਇਸ ਅਖਾੜੇ ਦੀਆਂ 30 ਵਿਧਾਨਿਕ ਮਦਾਂ ਹਨ।

ਸਿੱਖ-ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਨਿਰਮਲ-ਸੰਤਾਂ ਦੀ ਦੇਣ ਇਤਿਹਾਸਿਕ ਅਤੇ ਅਦੁੱਤੀ ਹੈ। ਨਿਸ਼ਠਾ ਪੂਰਣ ਨਿਰੰਤਰ ਪ੍ਰਚਾਰ ਰਾਹੀਂ ਇਨ੍ਹਾਂ ਨੇ ਪ੍ਰਚਾਰ ਲਈ ਵਿਦਿਆਲਿਆਂ, ਮੰਡਲੀਆਂ, ਰਮਤੇ ਦਲਾਂ, ਸ਼ਾਸਤ੍ਰਾਰਥਾਂ ਅਤੇ ਧਰਮ ਪੁਸਤਕਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਕੀਤੀ ਹੈ। ਇਸ ਤੋਂ ਇਲਾਵਾ ਇਤਿਹਾਸਿਕ ਗੁਰੂ-ਧਾਮਾਂ, ਡੇਰਿਆਂ ਅਤੇ ਮਠਾਂ

ਦੀ ਉਸਾਰੀ ਦੁਆਰਾ ਵੀ ਕਾਫ਼ੀ ਪ੍ਰਚਾਰ ਹੋਇਆ ਹੈ। ਖ਼ਾਸ ਤੌਰ ਤੇ ਇਨ੍ਹਾਂ ਨੇ ਭਾਰਤ ਦੇ ਪ੍ਰਸਿੱਧ ਤੀਰਥ-ਸਥਾਨਾਂ ਉਤੇ ਗੁਰਦਵਾਰਿਆਂ ਦੀ ਉਸਾਰੀ ਕਰਕੇ ਸਿੱਖ-ਧਰਮ ਨੂੰ ਉਜਾਗਰ ਕੀਤਾ ਹੈ।

ਸਾਹਿੱਤ ਦੇ ਖੇਤਰ ਵਿਚ ਨਿਰਮਲ-ਸੰਤਾਂ ਦੀ ਸਥਾਈ ਦੇਣ ਹੈ, ਕਿਉਂਕਿ ਸਿੱਖ-ਧਰਮ ਦੇ ਇਤਿਹਾਸਾਂ ਅਤੇ ਧਾਰਮਿਕ ਗ੍ਰੰਥਾਂ ਨੂੰ ਪੜ੍ਹਨਾ ਇਨ੍ਹਾਂ ਦਾ ਸੰਸਥਾਗਤ ਉੱਦੇਸ਼ ਸੀ, ਇਸ ਲਈ ਇਨ੍ਹਾਂ ਨੂੰ ਬਹੁਤ ਸਾਰੀਆਂ ਪੁਸਤਕਾਂ ਰਚਣੀਆਂ ਪਈਆਂ। ਧਾਰਮਿਕ ਪੁਸਤਕਾਂ ਨੂੰ ਮੁੱਲ ਵੇਚਣਾ ਜਾਂ ਕੁਪਾਤਰ ਨੂੰ ਮੁਫ਼ਤ ਦੇਣਾ ਨਿਰਮਲ-ਸੰਤਾਂ ਨੂੰ ਪਸੰਦ ਨਹੀਂ। ਸਾਹਿੱਤ ਦੇ ਰਚੈਤਾ ਸੰਤਾਂ ਵਿਚ ਪੰਡਿਤ ਗੁਲਾਬ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਸੰਤ ਨਿਹਾਲ ਸਿੰਘ, ਗਿਆਨੀ ਗਿਆਨ ਸਿੰਘ, ਪੰਡਿਤ ਬਾਬਾ ਨਾਨੂ ਸਿੰਘ, ਮਹੰਤ ਗਣੇਸ਼ਾ ਸਿੰਘ, ਪੰਡਿਤ ਨਰੈਣ ਮਜੰਗਾਂ ਵਾਲੇ ਦੇ ਨਾਮ ਵਿਸ਼ੇਸ਼ ਉੱਲੇਖਯੋਗ ਹਨ। ਇਨ੍ਹਾਂ ਸੰਤਾਂ ਨੇ ਸੰਸਕ੍ਰਿਤ ਦੇ ਅਨੇਕ ਗ੍ਰੰਥਾਂ ਦਾ ਗੁਰਮੁਖੀ ਲਿਪੀ ਰਾਹੀਂ ਭਾਖਾ ਵਿਚ ਅਨੁਵਾਦ ਵੀ ਕੀਤਾ। ਇਨ੍ਹਾਂ ਅਨੁਵਾਦਾਂ ਦੇ ਦੋ ਮਨੋਰਥ ਸਨ। ਇਕ ਪੰਜਾਬੀ ਪਾਠਕਾਂ ਨੂੰ ਸੰਸਕ੍ਰਿਤ ਦਾ ਗਿਆਨ ਕਰਵਾਉਣਾ ਅਤੇ ਦੂਜਾ ਨਿਰਮਲ ਚੇਲਿਆਂ ਲਈ ਪਾਠ ਪੁਸਤਕਾਂ ਤਿਆਰ ਕਰਵਾਉਣਾ। ਪੱਤਰਿਕਾਵਾਂ ਰਾਹੀਂ ਆਪਣਾ ਸੰਦੇਸ਼ ਸ਼ਰਧਾਲੂਆਂ ਅਤੇ ਜਿਗਿਆਸੂਆਂ ਤਕ ਪਹੁੰਚਾਉਣ ਲਈ ਨਿਰਮਲ-ਸੰਤਾਂ ਨੇ ਪਹਿਲ ਕੀਤੀ ਹੈ। ਇਨ੍ਹਾਂ ਸੰਤਾਂ ਦੇ ਰਚੇ ਸਾਹਿੱਤ ਵਿਚ ਹਿੰਦਵੀ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਦੇ ਰਲੇ-ਮਿਲੇ ਰੂਪ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਦਾ ਸਾਰਾ ਸਾਹਿੱਤ ਗੁਰਮੁਖੀ ਲਿਪੀ ਵਿਚ ਹੈ। ਕੁਝ ਵਿਦਵਾਨਾਂ ਨੇ ਸੰਸਕ੍ਰਿਤ ਵਿਚ ਵੀ ਮੌਲਿਕ ਪੁਸਤਕਾਂ ਲਿਖੀਆਂ ਹਨ, ਪਰ ਲਿਪੀ ਅਧਿਕਤਰ ਗੁਰਮੁਖੀ ਹੀ ਰਖੀ ਹੈ। ਇਹ ਸਾਹਿੱਤ ਗੱਦ, ਪੱਦ ਅਤੇ ਗੱਦਪੱਦ ਮਿਸ਼ਰਿਤ ਤਿੰਨਾਂ ਰੂਪਾਂ ਵਿਚ ਮਿਲਦਾ ਹੈ। ਗੱਦ ਅਧਿਕ ਤਰ ਤਾਰਕਿਕ ਅਤੇ ਉਪਦੇਸ਼ਾਤਮਕ ਸ਼ੈਲੀ ਵਿਚ ਹੈ।

ਨਿਰਮਲ-ਪੰਥ : ਵੇਖੋ 'ਨਿਰਮਲ-ਸੰਪ੍ਰਦਾਇ'।

ਨਿਰੰਜਨ : ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ 'ਸੁਰਮੇ ਤੋਂ ਬਿਨਾ'; ਭਾਵ ਕਲੰਕ ਰਹਿਤ, ਬੇਦਾਗ਼। ਕੁਝ ਵਿਦਵਾਨ ਇਸ ਦਾ ਅਰਥ 'ਮਾਯਾ-ਰਹਿਤ' ਵੀ ਕਰਦੇ ਹਨ। ਸਹਿਜੇ-ਸਹਿਜੇ ਅਧਿਆਤਮਿਕ ਸਾਹਿੱਤ ਵਿਚ ਇਸ ਨੂੰ ਪਰਮਾਤਮਾ ਦਾ ਵਾਚਕ ਸ਼ਬਦ ਮੰਨਿਆ ਜਾਣ ਲਗਾ। 'ਸ੍ਵੇਤਾਸ਼ਵਤਰ ਉਪਨਿਸ਼ਦ' (9/19) ਵਿਚ ਇਸ ਨੂੰ ਪ੍ਰਭੂ-ਸੂਚਕ ਲਿਖਿਆ ਗਿਆ ਹੈ। ਸਿੱਧਾਂ ਅਤੇ ਯੋਗੀਆਂ ਦੀਆਂ ਬਾਣੀਆਂ ਵਿਚ ਵੀ ਇਸ ਦੀ ਵਰਤੋਂ ਹੋਈ ਹੈ। 'ਹਠਯੋਗ-ਪ੍ਰਦੀਪਿਕਾ' (4/105) ਵਿਚ ਇਹ ਨਿਰਗੁਣ ਬ੍ਰਹਮ ਦੇ ਰੂਪ ਵਿਚ ਵਰਤਿਆ ਗਿਆ ਹੈ। 'ਦੋਹਾ-ਕੋਸ਼' ਅਨੁਸਾਰ ਸਿੱਧਾਂ ਨੇ ਇਸ ਨੂੰ 'ਸੁੰਨ' ਅਤੇ 'ਦ੍ਵੈਤਾਦ੍ਵੈਤ ਵਿਲੱਖਣ' ਅਰਥਾਂ ਵਿਚ ਵੀ ਵਰਤਿਆ ਹੈ ਅਤੇ ਨਾਥ-ਪੰਥੀਆਂ ਨੇ ਇਸ ਨੂੰ ਯੌਗਿਕ ਬ੍ਰਹਮ ਦਾ ਬੋਧਕ ਚਿਤਰਿਆ ਹੈ। ਕਬੀਰ ਨੇ ਵੀ ਇਸ ਸ਼ਬਦ ਨੂੰ ਪਰਮ ਆਰਾਧਨਾ-ਯੋਗ ਇਸ਼ਟ-ਦੇਵ ਲਈ ਵਰਤਿਆ ਹੈ।

ਗੁਰਬਾਣੀ ਵਿਚ ਇਸ ਨੂੰ ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਪਹਿਲੇ ਅਰਥ ਵਿਚ

ਨਿਰੰਜਨ ਸ਼ਬਦ ਨਿਰਗੁਣ, ਨਿਰਾਕਾਰ, ਅਲੱਖ, ਅਪਰੰਪਾਰ ਬ੍ਰਹਮ ਲਈ ਪ੍ਰਯੁਕਤ ਹੋਇਆ ਹੈ—'ਅਕਲੁ ਨਿਰੰਜਨ ਅਪਰਪਰੰਪਰੁ ਸਗਲੀ ਜੋਤਿ ਤੁਮਾਰੀ' (ਆ. ਗ੍ਰੰ. 547)। ਉਹ ਰੂਪ, ਜਾਤ, ਮੁਖ, ਅੰਗ, ਦੇਹ ਤੋਂ ਰਹਿਤ ਹੈ ਅਤੇ ਉਸ ਦੀ ਪ੍ਰਾਪਤੀ ਗੁਰੂ ਰਾਹੀਂ ਸੰਭਵ ਹੈ—'ਜਾ ਕੈ ਰੂਪੁ ਨਾਹੀ ਜਾਤਿ ਨਾਹੀ ਨਾਹੀ ਮੁਖੁ ਮਾਸਾ।/ਸਤਿਗੁਰਿ ਮਿਲੇ ਨਿਰੰਜਨੁ ਪਾਇਆ ਤੇਰੇ ਨਾਮਿ ਹੈ ਨਿਵਾਸਾ' (ਆ. ਗ੍ਰੰ. 1328)। ਦੂਜਾ ਅਰਥ 'ਨਿਰਲਿਪਤ ਭਾਵਨਾ' ਵਾਲਾ ਹੈ—'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ' (ਆ. ਗ੍ਰੰ. 730)।

ਨਿਰੰਜਨੀ-ਸੰਪ੍ਰਦਾਇ : 'ਨਿਰੰਜਨ' ਰੂਪ ਵਿਚ ਪਰਮ-ਸੱਤਾ ਦੀ ਉਪਾਸਨਾ ਕਰਨ ਵਾਲੇ ਨੂੰ ਸਾਧਾਰਣ ਤੌਰ ਤੇ 'ਨਿਰੰਜਨੀ' ਕਿਹਾ ਜਾਂਦਾ ਹੈ। ਡਾ. ਹਜਾਰੀ ਪ੍ਰਸਾਦ ਦ੍ਵਿਵੇਦੀ ਨੇ ਦਸਿਆ ਹੈ ਕਿ 'ਨਿਰੰਜਨ' ਸ਼ਬਦ ਦੀ ਨਾਥ-ਸਾਹਿੱਤ ਵਿਚ ਬਹੁਤ ਵਰਤੋਂ ਹੋਈ ਹੈ। ਇਸ ਲਈ ਨਾਥ-ਪੰਥ ਵਾਂਗ ਇਕ ਹੋਰ ਪ੍ਰਾਚੀਨ ਪੰਥ ਵੀ ਸੀ ਜੋ ਨਿਰੰਜਨ-ਪਦ ਨੂੰ ਪਰਮ-ਪਦ ਮੰਨਦਾ ਸੀ। ਅੱਜ-ਕਲ ਨਿਰੰਜਨੀ ਸਾਧਾਂ ਦਾ ਇਕ ਸੰਪ੍ਰਦਾਇ ਰਾਜਪੂਤਾਨੇ ਵਿਚ ਵਰਤਮਾਨ ਹੈ। ਇਸ ਸੰਪ੍ਰਦਾਇ ਦਾ ਮੋਢੀ ਸੁਆਮੀ ਨਿਰਾਨੰਦ ਨਿਰਜੰਨ-ਭਗਵਾਨ (ਨਿਰਗੁਣ) ਦਾ ਉਪਾਸਕ ਸੀ। ਸੁਆਮੀ ਨਿਰਾਨੰਦ ਦੇ ਜਨਮ ਅਤੇ ਥਾਂ ਬਾਰੇ ਇਤਿਹਾਸ ਚੁਪ ਹੈ।

ਹਿੰਦੀ ਵਿਚ ਨਿਰਗੁਣ ਸਾਧਕਾਂ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਨੇ ਨਿਰੰਜਨੀ-ਸੰਪ੍ਰਦਾਇ ਨੂੰ ਨਾਥ-ਪੰਥ ਅਤੇ ਨਿਰਗੁਣ-ਸੰਪ੍ਰਦਾਇ ਦੀ ਵਿਚਕਾਰਲੀ ਕੜੀ ਮੰਨ ਕੇ ਇਸ ਨੂੰ ਵੇਦਾਂਤ ਤੋਂ ਪ੍ਰਭਾਵਿਤ ਨਾਥ-ਸੰਪ੍ਰਦਾਇ ਦਾ ਵਿਕਸਿਤ ਰੂਪ ਕਿਹਾ ਹੈ। ਇਸ ਸੰਪ੍ਰਦਾਇ ਦਾ ਪ੍ਰਚਾਰ ਪਹਿਲਾਂ ਉੜੀਸਾ ਤੋਂ ਸ਼ੁਰੂ ਹੋਇਆ ਅਤੇ ਬਾਦ ਵਿਚ ਭਾਰਤ ਦੇ ਪੂਰਵੀ ਪ੍ਰਾਂਤਾਂ ਅਤੇ ਮੱਧ-ਪ੍ਰਦੇਸ਼ ਵਲ ਵਧਿਆ। ਇਸ ਦੇ ਸਿੱਧਾਂਤ ਬੜੇ ਉਦਾਰ ਅਤੇ ਸਹਿਨਸ਼ੀਲਤਾ ਦੀ ਭਾਵਨਾ ਉਤੇ ਆਧਾਰਿਤ ਹਨ। ਇਸ ਵਿਚ ਉਲਟੀ ਰੀਤ ਨੂੰ ਪ੍ਰਧਾਨਤਾ ਦੇ ਕੇ ਸਾਧਕ ਨੂੰ ਆਪਣੀਆਂ ਬਾਹਰਮੁਖੀ ਵ੍ਰਿੱਤੀਆਂ ਨੂੰ ਅੰਤਰਮੁਖੀ ਬਣਾ ਕੇ ਨਿਰੰਜਨ ਬ੍ਰਹਮ ਵਿਚ ਲੀਨ ਕਰਨ ਲਈ ਪ੍ਰੇਰਣਾ ਦਿੱਤੀ ਗਈ ਹੈ। ਹਠ-ਯੌਗਿਕ ਸਾਧਨਾ-ਵਿਧੀਆਂ ਨੂੰ ਅਪਨਾ ਕੇ ਵੀ ਨਾਮ-ਸਾਧਨਾ ਵਿਚ ਵਿਸ਼ਵਾਸ ਰਖਿਆ ਗਿਆ ਹੈ ਕਿਉਂਕਿ ਨਾਮ ਉਹ ਡੋਰੀ ਹੈ ਜੋ ਨਿਰੰਜਨ ਨਾਲ ਸਾਧਕ ਦਾ ਸੰਬੰਧ ਸਥਾਪਿਤ ਕਰਾਉਂਦੀ ਹੈ। ਨਿਰੰਜਨ ਅਗੰਮ, ਅਗੋਚਰ, ਨਿਰਾਕਾਰ, ਨਿੱਤ, ਅਚਲ ਅਤੇ ਘਟ-ਘਟ ਵਾਸੀ ਅਤੇ ਅਪ੍ਰਤੱਖ ਰੂਪ ਵਿਚ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਕਰਦਾ ਹੋਇਆ ਅਵਤਾਰੀ ਭਾਵ-ਭੂਮੀ ਤੋਂ ਬਹੁਤ ਪਰ੍ਹੇ ਹੈ।

ਇਸ ਤਰ੍ਹਾਂ ਇਸ ਸੰਪ੍ਰਦਾਇ ਦਾ ਸਿੱਧਾਂਤਿਕ ਆਧਾਰ ਇਕ ਪਾਸੇ ਯੌਗਿਕ ਸਾਧਨਾ ਨਾਲ ਆਪਣਾ ਸੰਬੰਧ ਕਾਇਮ ਰਖਦਾ ਹੋਇਆ, ਦੂਜੇ ਪਾਸੇ ਸੰਤਾਂ ਦੀ ਨਾਮ-ਸਾਧਨਾ ਤਕ ਵਿਸਤਾਰ ਕਰਦਾ ਹੈ। ਇਸ ਸੰਪ੍ਰਦਾਇ ਦੇ ਬਾਰ੍ਹਾਂ ਮੁਖ ਪ੍ਰਚਾਰਕ ਹਨ ਜਿਨ੍ਹਾਂ ਵਿਚੋਂ ਕਈਆਂ ਦੀ ਬਾਣੀ ਪ੍ਰਕਾਸ਼ਿਤ/ਅਪ੍ਰਕਾਸ਼ਿਤ ਦੋਹਾਂ ਰੂਪਾਂ ਵਿਚ ਮਿਲਦੀ ਹੈ। ਇਨ੍ਹਾਂ ਸਭ ਵਿਚੋਂ ਹਰਿਦਾਸ ਨੂੰ ਪ੍ਰਮੁਖ ਸਥਾਨ ਅਤੇ ਪ੍ਰਸਿੱਧੀ ਪ੍ਰਾਪਤ ਹੈ। ਇਸ ਦੀ ਬਾਣੀ ਦਾ

ਸੰਗ੍ਰਹਿ 'ਸ੍ਰੀ ਹਰਿ ਪੁਰਸ਼ ਜੀ ਕੀ ਵਾਣੀ' ਦੇ ਨਾਂ ਨਾਲ ਪ੍ਰਕਾਸ਼ਿਤ ਹੋ ਚੁਕਿਆ ਹੈ। ਇਸ ਦੀ ਮ੍ਰਿਤੂ ਸੰਨ 1543 ਈ. (ਸੰਨ 1600 ਬਿ.) ਵਿਚ 'ਡੀਡਵਾਣੇ' ਹੋਈ ਸੀ। ਕੁਝ ਵਿਦਵਾਨ ਇਸ ਨੂੰ ਨਿਰੰਜਨੀ-ਸੰਪ੍ਰਦਾਇ ਦਾ ਮੋਢੀ ਮੰਨਦੇ ਹਨ। 'ਮਿਹਰਬਾਨ ਜਨਮਸਾਖੀ' ਦੀ 'ਸਚ ਖੰਡ ਪੋਥੀ' (ਪੰਨਾ 365) ਵਿਚ ਆਇਆ ਸੰਕੇਤ ('ਉਨ੍ਹਾਂ ਤੇ ਪੀਛੇ ਏਹੁ ਜਿ ਨਿਰੰਜਨੀਆ ਕਾ ਪੰਥ ਹੈ ਸਿ ਉਹਿ ਉਹੀ ਹੈ') ਇਸੇ ਨਿਰੰਜਨੀ-ਪੰਥ ਨਾਲ ਸੰਬੰਧਿਤ ਹੈ।

ਪੰਜਾਬ ਵਿਚ ਹੰਦਾਲੀਆਂ ਨੂੰ ਵੀ ਨਿਰੰਜਨੀਏ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਜੰਡਿਆਲਾ ਨਿਵਾਸੀ ਹੰਦਾਲ (ਹਿੰਦਾਲ) ਜੱਟ ਸੰ. 1630 ਬਿ. (1573 ਈ.) ਵਿਚ ਗਾਜੀ ਨਾਂ ਦੇ ਵਿਅਕਤੀ ਦੇ ਘਰ ਸੁੱਖੀ ਦੀ ਕੁੱਖੋਂ ਪੈਦਾ ਹੋਇਆ। ਉਸ ਦੀ ਸ਼ਾਦੀ ਹਮਜ਼ੇ ਚਾਹਲ ਦੀ ਪੁੱਤਰੀ 'ਉਤਮੀ' ਨਾਲ ਹੋਈ ਸੀ। ਉਹ ਗੁਰੂ ਅਮਰਦਾਸ ਦਾ ਅਨੰਨ ਸਿੱਖ ਸੀ ਜਿਸ ਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪ ਕੇ ਮੰਜੀ ਬਖ਼ਸ਼ੀ ਸੀ। ਇਹ ਗੁਰੂ ਸਾਹਿਬ ਦੇ ਲੰਗਰ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਸੀ ਅਤੇ ਹਰ ਵੇਲੇ 'ਨਿਰੰਜਨ-ਨਿਰੰਜਨ' ਸ਼ਬਦ ਦਾ ਜਾਪ ਕੀਤਾ ਕਰਦਾ ਸੀ। ਇਸ ਦਾ ਦੇਹਾਂਤ, 75 ਵਰ੍ਹਿਆਂ ਦੀ ਉਮਰ ਵਿਚ ਸੰਮਤ 1705 ਬਿ. (ਸੰਨ 1648 ਈ.) ਵਿਚ ਹੋਇਆ।

'ਪ੍ਰਾਚੀਨ ਪੰਥ ਪ੍ਰਕਾਸ਼' ਦੇ ਲੇਖਕ ਭਾਈ ਰਤਨ ਸਿੰਘ ਭੰਗੂ ਅਨੁਸਾਰ ਹੰਦਾਲ ਜਾਤਿ ਦਾ ਘਣਗਸ ਜੱਟ ਅਤੇ ਸੁਲਤਾਨ ਸਖੀ ਸਰਵਰ ਦਾ ਅਨੁਯਾਈ ਸੀ। ਅਤਿਅੰਤ ਗ਼ਰੀਬ ਹੋਣ ਕਾਰਣ ਗੁਰੂ ਦੇ ਲੰਗਰ ਵਿਚੋਂ ਰਜ ਕੇ ਰੋਟੀ ਖਾਣ ਲਈ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ ਅਤੇ ਲੰਗਰ ਦੀ ਸੇਵਾ ਵਿਚ ਜੁਟ ਗਿਆ। ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਸ ਨੂੰ ਜੰਡਿਆਲੇ ਦਾ ਪ੍ਰਚਾਰਕ ਨਿਯੁਕਤ ਕੀਤਾ। ਕੁਝ ਸਮਾਂ ਤਾਂ ਉਹ ਸੇਵਾ ਕਰਦਾ ਰਿਹਾ ਪਰ ਜਦ ਉਸ ਦਾ ਮਾਣ-ਸਤਿਕਾਰ ਕਾਫ਼ੀ ਵੱਧ ਗਿਆ ਤਾਂ ਹੰਕਾਰ-ਵਸ ਅਧਿਆਤਮਿਕਤਾ ਦੇ ਮੂਲ-ਸਰੋਤ ਨੂੰ ਭੁਲ ਕੇ ਆਪਣੇ ਸੁਤੰਤਰ ਦਰਬਾਰ ਦੀ ਸਥਾਪਨਾ ਕੀਤੀ।

ਇਸ ਪਿਛੋਂ ਉਸ ਦੇ ਪੁੱਤਰ ਬਿਧੀ-ਚੰਦ ਨੇ ਕੁਕਰਮਾਂ ਵਿਚ ਫਸ ਕੇ ਆਪਣੀ ਸਾਖ ਖ਼ਰਾਬ ਕਰ ਲਈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਬਿਧੀ-ਚੰਦ ਨੇ ਆਪਣੇ ਪਾਪਾਂ ਨੂੰ ਢੱਕਣ ਲਈ ਜਨਮਸਾਖੀ ਦੇ ਸਰੂਪ ਨੂੰ ਵਿਗਾੜਿਆ ਅਤੇ ਇਸ ਕੰਮ ਲਈ ਆਪਣੇ ਭਰਾ ਬਾਲਚੰਦ ਨੂੰ ਵਰਤਿਆ। ਅਜਿਹੀ ਤਿਆਰ ਕੀਤੀ ਜਨਮਸਾਖੀ ਕਾਲਾਂਤਰ ਵਿਚ ਭਾਈ ਬਾਲੇ ਵਾਲੀ ਜਨਮਸਾਖੀ ਦੇ ਨਾਂ ਨਾਲ ਪ੍ਰਸਿੱਧ ਹੋਈ। ਹੰਦਾਲ ਦੇ ਅਨੁਯਾਈਆਂ ਨੇ ਜਨਮਸਾਖੀ ਪਰੰਪਰਾ ਵਿਚ 'ਪਰਚੀ ਹੰਦਾਲ ਕੀ' (ਕਵਿਤਾ ਵਿਚ) ਅਤੇ 'ਜਨਮਸਾਖੀ ਬਾਬਾ ਹੰਦਾਲ ਜੀ ਕੀ' (ਗੱਦ-ਪੱਦ ਮਿਸ਼ਰਿਤ) ਨਾਂ ਦੀਆਂ ਰਚਨਾਵਾਂ ਤਿਆਰ ਕੀਤੀਆਂ।

ਨੀਰੋ, ਬਾਦਸ਼ਾਹ : ਰੋਮ ਦਾ ਇਕ ਬਾਦਸ਼ਾਹ ਜਿਸ ਨੇ ਸੰਨ 37 ਤੋਂ 68 ਈ. ਤਕ ਹਕੂਮਤ ਕੀਤੀ। ਬਹੁਤ ਨਿਰਦਈ ਅਤੇ ਵਿਲਾਸੀ ਹੋਣ ਕਾਰਣ ਇਹ ਲੋਕਾਂ ਨੂੰ ਸ਼ੇਰਾਂ ਤੋਂ ਮਰਵਾਉਂਦਾ ਸੀ ਅਤੇ ਖ਼ੂਬਸੂਰਤ ਅਤੇ ਜਵਾਨ ਕੁੜੀਆਂ ਨੂੰ ਦੁੱਖ ਦੇ ਕੇ ਪ੍ਰਸੰਨ ਹੁੰਦਾ

ਸੀ। ਇਸ ਦੀ ਮਾਤਾ 'ਐਗ੍ਰੀਪਿਪਨਾ' ਰੋਮ ਦੇ ਪਹਿਲੇ ਬਾਦਸ਼ਾਹ 'ਆਗਸਟਸ' ਦੀ ਪੜਪੋਤੀ ਸੀ। ਉਸ ਨੇ ਮਹੱਤਵ-ਆਕਾਂਖਿਆ ਕਾਰਣ ਨੀਰੋ ਦੇ ਪਿਤਾ ਤੋਂ ਹਟ ਕੇ ਆਪਣੇ ਮਾਮੇ, ਕਲਾਡਿਅਸ ਪਹਿਲੇ, ਨਾਲ ਇਸ ਸ਼ਰਤ ਤੇ ਵਿਆਹ ਕਰ ਲਿਆ ਕਿ ਨੀਰੋ ਨੂੰ ਉੱਤਰਾਧਿਕਾਰੀ ਬਣਾਇਆ ਜਾਏ। ਰਾਜ-ਗੱਦੀ ਜਲਦੀ ਹਥਿਆਉਣ ਦੀ ਲੋਚਾ ਕਾਰਣ ਐਗ੍ਰੀਪਿਪਨਾ ਨੇ ਕਲਾਡਿਅਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਅਤੇ ਨੀਰੋ ਨੂੰ ਰਾਜ-ਗੱਦੀ ਉਤੇ ਬਿਠਾਇਆ।

ਰਾਜ-ਗੱਦੀ ਉਤੇ ਬੈਠਣ 'ਤੇ ਪਹਿਲਾਂ ਤਾਂ ਨੀਰੋ ਨੇ ਰਾਜ-ਪ੍ਰਬੰਧ ਚੰਗੇ ਢੰਗ ਨਾਲ ਚਲਾਇਆ, ਪਰ ਹੌਲੀ-ਹੌਲੀ ਇਹ ਅਤਿਆਚਾਰੀ ਹੁੰਦਾ ਗਿਆ। ਸਭ ਤੋਂ ਪਹਿਲਾਂ ਇਸ ਨੇ ਸੰਨ 55 ਈ. ਵਿਚ ਆਪਣੇ ਮਤਰੇਏ ਭਰਾ ਬ੍ਰਿਟੇਨਿਕਸ ਨੂੰ ਮਰਵਾ ਦਿੱਤਾ ਜੋ, ਅਸਲ ਵਿਚ, ਰਾਜ-ਗੱਦੀ ਦਾ ਹਕਦਾਰ ਸੀ। ਇਸ ਪਿਛੋਂ ਇਸ ਨੇ ਆਪਣੀ ਮਾਤਾ ਅਤੇ ਆਪਣੀ ਦੂਜੀ ਪਤਨੀ, ਪਾਪੀਆ, ਨੂੰ ਮਰਵਾ ਦਿੱਤਾ। ਤਦਉਪਰੰਤ ਇਸ ਨੇ ਆਪਣੇ ਗੁਰੂ 'ਸੇਨੇ' ਅਤੇ ਹੋਰ ਅਨੇਕਾਂ ਪ੍ਰਤਿਸ਼ਠਿਤ ਪੁਰਸ਼ਾਂ ਨੂੰ ਖ਼ਤਮ ਕਰਵਾ ਦਿੱਤਾ। ਸੰਨ 64 ਈ. ਵਿਚ ਰੋਮ ਸ਼ਹਿਰ ਵਿਚ ਲਗੀ ਅੱਗ ਨੂੰ ਇਸ ਨੇ ਪ੍ਰਸੰਨਤਾ-ਪੂਰਵਕ ਵੇਖਿਆ ਅਤੇ ਸ਼ਹਿਰ ਦੇ ਪੁਨਰ-ਨਿਰਮਾਣ ਦਾ ਆਦੇਸ਼ ਦਿੱਤਾ।

ਇਸ ਦੇ ਅਤਿਆਚਾਰ ਦਿਨ-ਬ-ਦਿਨ ਵਧਦੇ ਗਏ। ਆਖ਼ਿਰ ਲੋਕਾਂ ਨੇ ਤੰਗ ਆ ਕੇ ਬਗ਼ਾਵਤ ਦਾ ਰਾਹ ਫੜਿਆ। ਸਭ ਤੋਂ ਪਹਿਲਾਂ ਸਪੇਨ ਦੇ ਰੋਮਨ ਗਵਰਨਰ ਨੇ ਰੋਮ ਉਤੇ ਹਮਲਾ ਕਰ ਦਿੱਤਾ। ਨੀਰੋ ਦੇ ਅੰਗ-ਰੱਖਿਅਕ ਤਕ ਉਸ ਦੇ ਨਾਲ ਹੋ ਗਏ। ਨੀਰੋ ਰਾਜਧਾਨੀ ਵਿਚੋਂ ਭਜ ਗਿਆ। ਸੈਨਿਟ ਵਲੋਂ ਫ਼ਾਂਸੀ ਦੀ ਸਜ਼ਾ ਦਿੱਤੇ ਜਾਣ ਤੇ ਇਸ ਨੇ ਆਤਮ-ਹਤਿਆ ਕਰ ਲਈ। ਇਤਿਹਾਸ ਵਿਚ ਇਹ ਇਕ ਜ਼ਾਲਮ ਬਾਦਸ਼ਾਹ ਵਜੋਂ ਪ੍ਰਸਿੱਧ ਹੈ। ਬਾਵਾ ਬਲਵੰਤ ਨੇ ਆਪਣੀ 'ਬਾਗ਼ੀ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਮੈਂ ਨੀਰੋ ਦਾ ਦੁਸ਼ਮਨ, ਮੈਂ ਕਾਰੂੰ ਦਾ ਵੈਰੀ।ਮੈਂ ਇਨ੍ਹਾਂ ਲਈ ਅਜਦਹਾ, ਨਾਗ ਜ਼ਹਿਰੀ।'

ਨੀਲ : ਵੇਖੋ 'ਨਲ-ਨੀਲ'।

ਨੀਲ-ਕੰਠ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਨੂਹ, ਹਜ਼ਰਤ : ਇਕ ਪੈਗ਼ੰਬਰ ਜਿਸ ਦਾ ਉੱਲੇਖ 'ਬਾਈਬਲ', 'ਕੁਰਾਨ' ਆਦਿ ਧਰਮ-ਗ੍ਰੰਥਾਂ ਵਿਚ ਹੋਇਆ ਹੈ। ਆਦਮ ਦੀ ਦਸਵੀਂ ਪੀੜ੍ਹੀ ਵਿਚ ਹੋਏ ਨੂਹ ਦੇ ਪਿਤਾ ਦਾ ਨਾਂ ਲਮੇਚ ਅਤੇ ਦਾਦੇ ਦਾ ਨਾਂ ਮੇਥੂਸਲਾਹ ਸੀ। ਇਸ ਦਾ ਅਸਲੀ ਨਾਂ ਮੇਨਾਚਮ ਸੀ, ਪਰ ਇਸ ਨੂੰ ਜਾਦੂ-ਟੂਣਿਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਦਾ ਨਾਂ 'ਨੂਹ' ਰਖਿਆ ਗਿਆ। ਜਦੋਂ ਇਸ ਦਾ ਜਨਮ ਹੋਇਆ ਤਾਂ ਇਸ ਦੇ ਇਰਦ-ਗਿਰਦ ਪ੍ਰਭਾਮੰਡਲ ਹੋਣ ਕਾਰਣ ਇਸ ਨੂੰ ਤੇਜਸਵੀ ਪੁਰਸ਼ ਵਜੋਂ ਮਾਨਤਾ ਮਿਲਣ ਦੀ ਸੰਭਾਵਨਾ ਪੈਦਾ ਹੋ ਗਈ। ਪੰਜ ਸੌ ਵਰ੍ਹੇ ਦੀ ਉਮਰ ਵਿਚ ਇਸ ਦੇ ਘਰ ਤਿੰਨ ਪੁੱਤਰਾਂ—ਸਾਮ, ਹਾਮ ਅਤੇ ਯਾਫ਼ਸ਼ ਦਾ ਜਨਮ ਹੋਇਆ। ਨੂਹ ਨੂੰ ਆਪਣੀ ਗ਼ੈਬੀ ਸ਼ਕਤੀ ਰਾਹੀਂ ਪਹਿਲਾਂ ਹੀ ਬੋਧ ਹੋ ਗਿਆ ਕਿ ਮਹਾਨ ਜਲ-ਪਰਲੋ ਹੋਣ ਵਾਲੀ ਹੈ। ਇਸ ਲਈ ਪਹਿਲਾਂ ਹੀ ਇਕ ਬਹੁਤ

ਵੱਡੀ ਕਿਸ਼ਤੀ ਬਣਾ ਲਈ।

ਸੰਸਾਰ ਵਿਚ ਅਸੀਮ ਪਾਪ ਹੋਣ ਕਾਰਣ ਖ਼ੁਦਾ ਨੇ ਮਨ ਬਣਾਇਆ ਕਿ ਸਾਰੀ ਸ੍ਰਿਸ਼ਟੀ ਨੂੰ ਗ਼ਰਕ ਕਰ ਦਿੱਤਾ ਜਾਏ। ਖ਼ੁਦਾ ਨੇ ਨੂਹ ਨੂੰ ਬੁਲਾ ਕੇ ਕਿਹਾ ਕਿ ਉਹ ਆਪਣੇ ਪਰਿਵਾਰ ਦੇ ਸਾਰੇ ਬੰਦਿਆਂ ਅਤੇ ਹਰ ਇਕ ਜਿਨਸ ਦੇ ਜੀਵਾਂ ਦਾ ਇਕ-ਇਕ ਜੋੜਾ ਲੈ ਕੇ ਕਿਸ਼ਤੀ ਵਿਚ ਸਵਾਰ ਹੋ ਜਾਏ। ਨੂਹ ਨੇ ਖ਼ੁਦਾ ਦੇ ਹੁਕਮ ਦੀ ਪਾਲਣਾ ਕੀਤੀ। ਜਦੋਂ ਕਿਸ਼ਤੀ ਵਿਚ ਸਾਰੇ ਜੀਵਾਂ ਦੇ ਜੋੜੇ ਸਵਾਰ ਹੋ ਗਏ ਤਾਂ ਬਹੁਤ ਜ਼ਬਰਦਸਤ ਬਾਰਸ਼ ਸ਼ੁਰੂ ਹੋ ਗਈ। 40 ਦਿਨ ਲਗਾਤਾਰ ਬਾਰਸ਼ ਨਾਲ ਸਾਰੀ ਧਰਤੀ ਡੁਬ ਗਈ, ਪਹਾੜਾਂ ਉਤੇ ਵੀ 15 ਹੱਥ ਪਾਣੀ ਚੜ੍ਹ ਗਿਆ। ਬਾਰਸ਼ ਦੇ ਰੁਕਣ ਤੋਂ ਇਕ ਸਾਲ ਬਾਦ ਪਾਣੀ ਸੁਕਿਆ ਅਤੇ ਨੂਹ ਸਾਰੇ ਜੀਵਾਂ ਸਮੇਤ ਕਿਸ਼ਤੀ ਤੋਂ ਬਾਹਰ ਆਇਆ। ਉਸ ਕਿਸ਼ਤੀ ਵਿਚ ਬਚ ਰਹੇ ਜੀਵਾਂ ਤੋਂ ਹੀ ਸ੍ਰਿਸ਼ਟੀ ਦਾ ਅਗੇ ਵਿਸਤਾਰ ਹੋ ਸਕਿਆ।

ਕਿਸ਼ਤੀ ਵਿਚ ਇਤਨੇ ਲੰਬੇ ਸਮੇਂ ਤਕ ਟਿਕੇ ਰਹਿਣ ਕਾਰਣ ਗੰਦਗੀ ਬਹੁਤ ਇਕੱਠੀ ਹੋ ਗਈ ਅਤੇ ਚੂਹਿਆਂ ਦਾ ਵੀ ਬਹੁਤ ਵਿਸਤਾਰ ਹੋ ਗਿਆ। ਹਜ਼ਰਤ ਨੂਹ ਨੇ ਹਾਥੀ ਦੀ ਪਿਠ ਤੇ ਹੱਥ ਫੇਰ ਕੇ ਸੂਰ ਪੈਦਾ ਕੀਤਾ ਜਿਸ ਨੇ ਸਾਰੀ ਗੰਦਗੀ ਖਾ ਲਈ ਅਤੇ ਸ਼ੇਰ ਦੀ ਪਿਠ ਤੇ ਹੱਥ ਫੇਰ ਕੇ ਬਿੱਲੀ ਪੈਦਾ ਕੀਤੀ ਜਿਸ ਨੇ ਚੂਹੇ ਖਾ ਲਏ। ਜਲ-ਪਰਲੋ ਤੋਂ ਬਾਦ ਨੂਹ 400 ਵਰ੍ਹੇ ਹੋਰ ਜੀਵਿਆ। ਉਸ ਦੀ ਕੁਲ ਉਮਰ 900 ਵਰ੍ਹੇ ਸੀ। ਹਾਸ਼ਮ ਨੇ 'ਸੱਸੀ' ਨਾਂ ਦੇ ਆਪਣੇ ਕਿੱਸੇ ਵਿਚ ਹੜ੍ਹੀ ਹੋਈ ਨਦੀ ਦੀ ਸਥਿਤੀ ਦੇ ਵਰਣਨ ਵੇਲੇ ਨੂਹ ਦਾ ਸੰਕੇਤ ਵਰਤਿਆ ਹੈ—'ਪਾਇ ਸੰਦੂਕ ਰੁੜ੍ਹਾਈ ਸੱਸੀ, ਨੂਹ ਤੁਫ਼ਾਨ ਵਗੇਂਦਾ।/ ਬਾਸਕ ਨਾਗ ਨ ਹਾਥ ਲਿਆਵੇ, ਧੌਲ ਪਨਾਹੁ ਮੰਗੇਂਦਾ' (23)।

ਨੂਰਜਹਾਂ, ਬੇਗਮ : ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਚਹੇਤੀ ਬੇਗਮ ਨੂਰਜਹਾਂ ਦਾ ਜਨਮ ਮਿਰਜ਼ਾ ਗ਼ਿਆਸਬੇਗ ਦੇ ਘਰ 'ਅਸਮਤ' ਦੀ ਕੁੱਖੋਂ ਸੰਨ 1576 ਈ. (ਕੁਝ ਇਤਿਹਾਸਕਾਰਾਂ ਅਨੁਸਾਰ 1591 ਈ.) ਵਿਚ ਕੰਧਾਰ ਵਿਚ ਹੋਇਆ। ਜਨਮ ਸਮੇਂ ਇਸ ਦਾ ਨਾਂ 'ਮਿਹਰੁੱਨਿਸਾ' ਰਖਿਆ ਗਿਆ। ਉਦੋਂ ਗ਼ਿਆਸਬੇਗ ਰੋਜ਼ੀ ਦੀ ਤਲਾਸ਼ ਵਿਚ ਇਕ ਕਾਫ਼ਿਲੇ ਨਾਲ ਤੇਹਰਾਨ ਤੋਂ ਹਿੰਦੁਸਤਾਨ ਆ ਰਿਹਾ ਸੀ। ਉਸ ਕਾਫ਼ਿਲੇ ਦੇ ਸਰਦਾਰ ਮਸਊਦ ਦੀ ਸਹਾਇਤਾ ਨਾਲ ਉਹ ਫ਼ਤਹਿਪੁਰ ਸੀਕਰੀ ਪਹੁੰਚਿਆ ਅਤੇ ਅਕਬਰ ਬਾਦਸ਼ਾਹ ਕੋਲ ਨੌਕਰੀ ਕਰ ਲਈ। ਆਪਣੀ ਯੋਗਤਾ ਨਾਲ ਉਹ ਖ਼ੁਦ ਅਤੇ ਉਸ ਦਾ ਪੁੱਤਰ ਏਤਮਾਦ ਖ਼ਾਂ (ਨਾਮਾਂਤਰ ਆਸਫ਼ ਖ਼ਾਂ) ਰਾਜ ਦੇ ਉੱਚੇ ਔਹਦਿਆਂ 'ਤੇ ਲਗ ਗਏ। ਪਿਤਾ ਅਤੇ ਪਰਿਵਾਰ ਵਾਲਿਆਂ ਨੇ ਮਿਹਰੁੱਨਿਸਾ ਦੀ ਪੜ੍ਹਾਈ ਦਾ ਚੰਗਾ ਪ੍ਰਬੰਧ ਕਰਾਇਆ। ਇਹ ਖ਼ੂਬਸੂਰਤੀ ਵਿਚ ਹੀ ਅਦੁੱਤੀ ਨਹੀਂ ਸੀ, ਸਗੋਂ ਅਕਲਮੰਦੀ, ਰਹਿਣ-ਬਹਿਣ ਅਤੇ ਤੌਰ-ਤਰੀਕਿਆਂ ਵਿਚ ਵੀ ਬੇਮਿਸਾਲ ਸੀ।

ਜਦੋਂ ਮਿਹਰੁੱਨਿਸਾ 16 ਵਰ੍ਹਿਆਂ ਦੀ ਹੋਈ ਤਾਂ ਇਸ ਦਾ ਵਿਆਹ ਅਕਬਰ ਦੀ ਸੈਨਾ ਦੇ ਇਕ ਅਧਿਕਾਰੀ ਅਲੀਕੁਲੀ ਨਾਂ ਦੇ ਇਕ ਈਰਾਨੀ ਨਾਲ ਕਰ ਦਿੱਤਾ ਗਿਆ। ਸ਼ਹਿਜ਼ਾਦਾ ਸਲੀਮ ਨੇ ਉਸ ਵੱਲੋਂ ਮੇਵਾੜ ਦੀ ਲੜਾਈ ਵਿਚ ਵਿਖਾਈ ਗਈ ਬਹਾਦਰੀ ਕਰ ਕੇ 'ਸ਼ੇਰ-ਅਫ਼ਗਨ' ਦਾ ਖ਼ਿਤਾਬ ਦਿੱਤਾ ਅਤੇ ਵਰਧਮਾਨ (ਬਰਦਵਾਨ) ਦਾ ਪ੍ਰਸ਼ਾਸਕ

ਨਿਯੁਕਤ ਕੀਤਾ। ਪਰ ਬੰਗਾਲ ਦੇ ਸੂਬੇਦਾਰ ਕੁਤੁਬੱਦੀਨ ਨਾਲ ਹੋਈ ਮੁਠਭੇੜ ਵਿਚ ਸੰਨ 1607 ਈ. ਵਿਚ ਦੋਵੇਂ ਮਾਰੇ ਗਏ। ਇਸ ਪਿਛੋਂ ਸ਼ੇਰ-ਅਫ਼ਗਨ ਦੀ ਵਿਧਵਾ ਮਿਹਰੁੰਨਿਸਾ ਅਤੇ ਉਸ ਦੀ ਪੁੱਤਰੀ ਲਾਡਲੀ ਬੇਗਮ ਨੂੰ ਆਗਰੇ ਬੁਲਾ ਲਿਆ ਗਿਆ। ਮਿਹਰੁੰਨਿਸਾ ਦੀ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ ਮਾਰਚ, 1611 ਈ. ਵਿਚ ਜਹਾਂਗੀਰ ਨੇ ਇਸ ਨਾਲ ਵਿਆਹ ਕਰ ਲਿਆ ਅਤੇ ਇਸ ਨੂੰ 'ਨੂਰਮਹੱਲ', 'ਨੂਰਜਹਾਂ' ਦੇ ਖ਼ਿਤਾਬ ਦਿੱਤੇ। ਸੰਨ 1620 ਈ. ਵਿਚ ਨੂਰਜਹਾਂ ਦੀ ਸ਼ੇਰ-ਅਫ਼ਗਨ ਤੋਂ ਪੈਦਾ ਹੋਈ ਪੁੱਤਰੀ ਲਾਡਲੀ ਬੇਗਮ ਦਾ ਵਿਆਹ ਜਹਾਂਗੀਰ ਦੇ ਸਭ ਤੋਂ ਛੋਟੇ ਪੁੱਤਰ ਸ਼ਹਿਰਯਾਰ ਨਾਲ ਕੀਤਾ ਗਿਆ।

ਸੰਨ 1622 ਈ. ਵਿਚ ਨੂਰਜਹਾਂ ਨੂੰ 'ਬਾਦਸ਼ਾਹ ਬੇਗਮ' ਦਾ ਖ਼ਿਤਾਬ ਵੀ ਦਿੱਤਾ ਗਿਆ। ਇਸ ਦੀ ਸਿਆਣਪ ਨੂੰ ਵੇਖ ਕੇ ਬਾਦਸ਼ਾਹ ਅਕਸਰ ਰਾਜਸੀ ਮਾਮਲਿਆਂ ਵਿਚ ਇਸ ਦੀ ਸਲਾਹ ਲੈਂਦਾ ਰਹਿੰਦਾ। ਸ਼ਹਿਜ਼ਾਦਾ ਖ਼ੁਰਮ (ਸ਼ਾਹਜਹਾਂ) ਨੂੰ ਡਰ ਹੋ ਗਿਆ ਕਿ ਕਿਤੇ ਸ਼ਹਿਰਯਾਰ ਨੂੰ ਬਾਦਸ਼ਾਹ ਆਪਣਾ ਉੱਤਰਾਧਿਕਾਰੀ ਨਾ ਬਣਾ ਦੇਵੇ, ਇਸ ਲਈ ਉਸ ਨੇ ਬਗ਼ਾਵਤ ਕਰ ਦਿੱਤੀ, ਪਰ ਸੈਨਾਪਤੀ ਮਹਾਬਤ ਖ਼ਾਂ ਨੇ ਉਸ ਨੂੰ ਦਬਾ ਦਿੱਤਾ। ਫਿਰ ਕਿਸੇ ਗੱਲੋਂ ਨਾਰਾਜ਼ ਹੋਏ ਮਹਾਬਤ ਖ਼ਾਂ ਨੇ ਕਾਬਲ ਵਲ ਜਾਂਦੇ ਬਾਦਸ਼ਾਹ ਨੂੰ ਕੈਦ ਕਰ ਲਿਆ। ਇਧਰ ਸ਼ਹਿਜ਼ਾਦਾ ਖ਼ੁਰਮ ਨੇ ਫਿਰ ਬਗ਼ਾਵਤ ਕਰ ਦਿੱਤੀ। ਕਾਬੁਲ ਤੋਂ ਤੁਰਤ ਪਰਤਣਾ ਪਿਆ। ਪੰਜਾਬ ਪਹੁੰਚਣ ਤਕ ਨੂਰਜਹਾਂ ਨੇ ਸਿਆਣਪ ਨਾਲ ਆਪਣੀ ਸ਼ਕਤੀ ਵਧਾ ਕੇ ਮਹਾਬਤ ਖ਼ਾਂ ਨੂੰ ਭਜਣ ਲਈ ਮਜਬੂਰ ਕਰ ਦਿੱਤਾ। ਉਹ ਦੱਖਣ ਵਿਚ ਖ਼ੁਰਮ ਨਾਲ ਮਿਲ ਕੇ ਬਗ਼ਾਵਤ ਦੀ ਯੋਜਨਾ ਬਣਾ ਰਿਹਾ ਸੀ ਕਿ ਲਾਹੌਰ ਵਿਚ 28 ਅਕਤੂਬਰ, 1627 ਈ. ਨੂੰ ਜਹਾਂਗੀਰ ਦੀ ਮ੍ਰਿਤੂ ਹੋ ਗਈ। ਨੂਰਜਹਾਂ ਨੇ ਆਪਣੇ ਜਵਾਈ ਸ਼ਹਿਰਯਾਰ ਨੂੰ ਬਾਦਸ਼ਾਹ ਬਣਾ ਦਿੱਤਾ। ਪਰ ਇਸ ਦੇ ਭਰਾ ਆਸਫ਼ ਖ਼ਾਂ (ਜਿਸ ਦੀ ਪੁੱਤਰੀ ਮੁਮਤਾਜ਼ ਮਹੱਲ ਸ਼ਹਿਜ਼ਾਦਾ ਖ਼ੁਰਮ ਨੂੰ ਵਿਆਹੀ ਹੋਈ ਸੀ) ਨੇ ਵਿਰੋਧ ਕਰ ਕੇ ਸ਼ਹਿਰਯਾਰ ਨੂੰ ਕੈਦ ਕਰ ਲਿਆ ਅਤੇ 6 ਫ਼ਰਵਰੀ, 1628 ਈ. ਨੂੰ ਖ਼ੁਰਮ ਨੂੰ ਆਗਰ ਵਿਚ ਰਾਜ-ਗੱਦੀ ਉਤੇ ਬਿਠਾਇਆ।

ਜਹਾਂਗੀਰ ਦੇ ਮਰਨ ਨਾਲ ਨੂਰਜਹਾਂ ਦੀ ਰਾਜਸੀ ਸ਼ਕਤੀ ਖ਼ਤਮ ਹੋ ਗਈ। ਸ਼ਾਹਜਹਾਨ ਨੇ ਇਸ ਦੀ ਦੋ ਲੱਖ ਸਾਲਾਨਾ ਪੈਨਸ਼ਨ ਮੁਕੱਰਰ ਕੀਤੀ ਅਤੇ ਇਹ ਆਪਣੀ ਪੁੱਤਰੀ ਲਾਡਲੀ ਬੇਗਮ ਕੋਲ ਲਾਹੌਰ ਵਿਚ ਰਹਿਣ ਲਗ ਗਈ। ਸੰਨ 1645 ਈ. ਵਿਚ ਨੂਰਜਹਾਂ ਦਾ ਦੇਹਾਂਤ ਹੋਇਆ ਅਤੇ ਸ਼ਾਹਦਰੇ ਵਿਚ ਜਹਾਂਗੀਰ ਦੇ ਮਕਬਰੇ ਅੰਦਰ ਦਫ਼ਨ ਕੀਤੀ ਗਈ। ਸੁੰਦਰਤਾ, ਸਿਆਣਪ ਅਤੇ ਰਾਜਸੀ ਸੂਝ ਕਾਰਣ ਨੂਰਜਹਾਂ ਦਾ ਸਥਾਨ ਮੁਗ਼ਲ ਬੇਗਮਾਂ ਵਿਚ ਸਰਵ ਪ੍ਰਮੁਖ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਸੰਕੇਤ ਕਰਦਿਆਂ ਲਿਖਿਆ ਹੈ 'ਬਣੀ ਨੂਰਜਹਾਂ, ਅਨਾਰਕਲੀ, ਸੁੰਦਰਾਂ, ਸਾਹਿਬਾਂ, ਕੋਕਿਲਾਂ, ਹੀਰ ਕਾਹਨੂੰ।'

ਨੇਮ : ਵੇਖੋ 'ਨਿਯਮ'।

ਨੈਪੋਲੀਅਨ ਬੋਨਾਪਾਰਟ : ਵਿਸ਼ਵ ਦੇ ਪ੍ਰਸਿੱਧ ਯੋਧਾ ਨੈਪੋਲੀਅਨ ਦਾ ਜਨਮ 15

ਅਗਸਤ, 1769 ਈ. ਵਿਚ ਚਾਰਲਸ ਬੋਨਾਪਾਰਟ ਦੇ ਘਰ ਲੀਤਿਸ਼ੀਆ ਰੈਮਾਲਿਨੋ ਦੀ ਕੁੱਖੋਂ ਅਜੈਸੀਓ ਵਿਚ ਹੋਇਆ। ਇਸ ਦਾ ਪਿਤਾ ਫਰਾਂਸ ਦੇ ਦਰਬਾਰ ਵਿਚ ਕਾਰਸਿਕਾ ਖੇਤਰ ਦੀ ਪ੍ਰਤਿਨਿਧਤਾ ਕਰਦਾ ਸੀ। ਇਸ ਨੂੰ ਸੰਨ 1776 ਈ. ਤੋਂ 1784 ਈ. ਤਕ ਬ੍ਰੀਨ ਦੀ ਸੈਨਿਕ ਅਕੈਡਮੀ ਵਿਚ ਪੜ੍ਹਨ ਦਾ ਅਵਸਰ ਮਿਲਿਆ ਅਤੇ ਫਿਰ ਇਕ ਸਾਲ ਲਈ ਪੈਰਿਸ ਦੇ ਸੈਨਿਕ ਸਕੂਲ ਵਿਚ ਤੋਪਖਾਨੇ ਸੰਬੰਧੀ ਵਿਸ਼ੇਸ਼ ਗਿਆਨ ਪ੍ਰਾਪਤ ਕੀਤਾ। ਸ਼ੁਰੂ ਤੋਂ ਹੀ ਇਸ ਦੇ ਸਿਰ 'ਤੇ ਕੁਝ ਪਰਿਵਾਰਿਕ ਜ਼ਿੰਮੇਵਾਰੀਆਂ ਪੈ ਗਈਆਂ, ਇਸ ਕਰਕੇ ਇਹ ਵਿਵਹਾਰਿਕ ਤੌਰ 'ਤੇ ਵੀ ਤਜਰਬਾ ਹਾਸਲ ਕਰ ਸਕਿਆ।

ਇਸ ਨੇ ਫਰਾਂਸ ਦੇ ਹਰ ਪ੍ਰਕਾਰ ਦੇ ਵਰਗਾਂ ਜਾਂ ਦਲਾਂ ਨਾਲ ਆਪਣਾ ਸੰਪਰਕ ਬਣਾਈ ਰਖਿਆ। ਉਦੋਂ ਫਰਾਂਸ ਵਿਚ ਪੂਰੀ ਤਰ੍ਹਾਂ ਕ੍ਰਾਂਤੀ ਵਾਲਾ ਵਾਤਾਵਰਣ ਬਣਿਆ ਹੋਇਆ ਸੀ। ਬਹੁਤ ਸਾਰੇ ਕ੍ਰਾਂਤੀਕਾਰੀ ਨੇਤਾ ਮਾਰੇ ਗਏ ਸਨ। ਸੰਨ 1793 ਈ. ਵਿਚ ਟੂਲਾਨ (Toulan) ਦੇ ਘੇਰੇ ਵੇਲੇ ਨੈਪੋਲੀਅਨ ਨੂੰ ਆਪਣੀ ਬਹਾਦਰੀ ਵਿਖਾਣ ਦਾ ਮੌਕਾ ਮਿਲਿਆ। ਫਿਰ ਇਸ ਨੇ ਸੰਨ 1795 ਈ. ਵਿਚ ਕੰਨਵੈਂਸ਼ਨ ਦੀ ਰੱਖਿਆ ਕੀਤੀ। ਇਸ ਤਰ੍ਹਾਂ ਲੋਕਾਂ ਦਾ ਧਿਆਨ ਇਸ ਵਲ ਖਿਚਿਆ ਗਿਆ। ਫਿਰ ਫਰਾਂਸ ਦੀ ਡਾਇਰੈਕਟਰੀ ਨੇ ਇਸ ਨੂੰ ਇਟਲੀ ਉਤੇ ਹਮਲਾ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਸ ਨੇ ਬੜੀ ਹੁਸ਼ਿਆਰੀ ਅਤੇ ਰਣ-ਕੁਸ਼ਲਤਾ ਨਾਲ ਆਸਟ੍ਰੀਆ ਦੀ ਗ਼ੁਲਾਮੀ ਤੋਂ ਇਟਲੀ ਨੂੰ ਮੁਕਤ ਕਰਾਇਆ।

ਸੰਨ 1798 ਈ. ਵਿਚ ਇਸ ਨੇ ਮਿਸਰ ਉਤੇ ਹਮਲਾ ਕੀਤਾ। ਪਰ ਬਰਤਾਨੀਆ ਦੇ ਸਮੁੰਦਰੀ ਬੇੜੇ ਦੇ ਸੈਨਾ-ਨਾਇਕ ਨੈਲਸਨ ਨੇ ਨੈਪੋਲੀਅਨ ਦਾ ਪੂਰੀ ਸਾਵਧਾਨੀ ਨਾਲ ਪਿਛਾ ਕੀਤਾ ਅਤੇ ਨੀਲ ਨਦੀ ਦੇ ਯੁੱਧ ਵਿਚ ਫਰਾਂਸੀਸੀ ਫੌਜਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਇਸ ਕਾਮਯਾਬੀ ਤੋਂ ਉਤਸਾਹਿਤ ਹੋ ਕੇ ਬਰਤਾਨੀਆ ਨੇ ਆਪਣਾ ਸੁਤੰਤਰ ਗੁਟ ਬਣਾਇਆ ਅਤੇ ਨੈਪੋਲੀਅਨ ਤੋਂ ਹਾਰ ਖਾ ਚੁੱਕੇ ਦੇਸ਼ਾਂ ਨੂੰ ਵੀ ਆਪਣੇ ਨਾਲ ਰਲਾਇਆ। ਉਧਰ ਨੈਪੋਲੀਅਨ ਨੇ ਸੀਰੀਆ ਵਲ ਕਦਮ ਵਧਾਏ। ਭਾਵੇਂ ਸਿਡਨੀ ਸਮਿਥ ਨੇ ਇਸ ਦੀ ਪੇਸ਼ਕਦਮੀ ਰੋਕ ਦਿੱਤੀ, ਪਰ ਇਹ ਨਵੀਂ ਵਿਉਂਤਬੰਦੀ ਕਰ ਕੇ ਭਵਿਸ਼ ਬਾਰੇ ਸੋਚਣ ਲਈ ਫਰਾਂਸ ਨੂੰ ਪਰਤਿਆ। ਉਥੋਂ ਦੀ ਡਾਇਰੈਕਟਰੀ ਉਤੇ ਪੂਰਾ ਅਧਿਕਾਰ ਕਰ ਲਿਆ।

ਸੰਨ 1800 ਈ. ਵਿਚ ਇਸ ਨੇ ਇਟਲੀ ਤੇ ਫਿਰ ਹਮਲਾ ਕੀਤਾ ਅਤੇ ਸਫਲਤਾ-ਪੂਰਵਕ ਬਰਤਾਨੀਆ ਨਾਲ ਸੰਨ 1801 ਈ. ਵਿਚ ਸੰਧੀ ਕੀਤੀ। ਫਿਰ ਫਰਾਂਸ ਵਿਚ ਕਈ ਪ੍ਰਸ਼ਾਸਨਿਕ ਅਤੇ ਸਮਾਜਿਕ ਸੁਧਾਰ ਲਿਆਉਂਦੇ। ਸੰਨ 1804 ਈ. ਵਿਚ ਇਹ ਫਰਾਂਸ ਦਾ ਸਮ੍ਰਾਟ ਬਣ ਗਿਆ। ਫਿਰ ਇਸ ਨੇ ਕਈ ਯੋਰੂਪੀ ਦੇਸ਼ਾਂ ਉਤੇ ਹਮਲੇ ਕਰ ਕੇ ਉਨ੍ਹਾਂ ਨੂੰ ਆਪਣੇ ਅਧੀਨ ਕੀਤਾ ਜਾਂ ਮਨ-ਮਰਜ਼ੀ ਅਨੁਸਾਰ ਉਨ੍ਹਾਂ 'ਤੇ ਸੰਧੀ ਦੀਆਂ ਸ਼ਰਤਾਂ ਥੋਪੀਆਂ।

ਇਸ ਪਿਛੋਂ ਇਸ ਨੇ ਬਰਤਾਨੀਆ ਨਾਲ ਆਰਥਿਕ ਯੁੱਧ ਸ਼ੁਰੂ ਕੀਤਾ ਅਤੇ ਯੋਰੂਪ ਦੇ ਰਾਸ਼ਟਰਾਂ ਦਾ ਵਪਾਰ ਬਰਤਾਨੀਆ ਨਾਲ ਬੰਦ ਕਰ ਦਿੱਤਾ। ਪਰ ਅੰਗ੍ਰੇਜ਼ਾਂ ਨੇ ਇਸ

ਦੇ ਵਿਰੁੱਧ ਨੀਤੀ ਤਿਆਰ ਕਰ ਕੇ ਫਰਾਂਸ ਦੇ ਜਾਬੀ ਰਾਸ਼ਟਰਾਂ ਨੂੰ ਆਰਥਿਕ ਸੰਕਟ ਵਿਚ ਫਸਾ ਦਿੱਤਾ। ਹੌਲੀ-ਹੌਲੀ ਸਾਰੇ ਰਾਸ਼ਟਰ ਨੈਪੋਲੀਅਨ ਪ੍ਰਤਿ ਬਗ਼ਾਵਤ ਕਰਨ ਲਗੇ। ਰੂਸ ਦੀ ਬਗ਼ਾਵਤ ਜ਼ਿਆਦਾ ਵਿਨਾਸ਼ਕ ਸਿਧ ਹੋਈ। ਮਿੱਤਰ-ਦੇਸ਼ਾਂ ਦੀਆਂ ਫ਼ੌਜਾਂ ਤੋਂ ਹਾਰਦਾ ਹੋਇਆ ਇਹ ਅਲਬਾ ਟਾਪੂ ਵਿਚ ਪਹੁੰਚ ਗਿਆ। ਆਖ਼ਰ ਸੰਨ 1815 ਈ. ਵਿਚ ਵਾਟਰਲੂ ਦੇ ਯੁੱਧ ਵਿਚ ਹਾਰਨ 'ਤੇ ਬੰਦੀ ਦੀ ਹੈਸੀਅਤ ਵਿਚ ਸੈਂਟ ਹੈਲਨਾ ਭੇਜ ਦਿੱਤਾ ਗਿਆ। ਉਥੇ 5 ਮਈ, 1821 ਈ. ਨੂੰ ਇਸ ਦੀ ਮ੍ਰਿਤੂ ਹੋ ਗਈ। ਵਿਸ਼ਵ-ਇਤਿਹਾਸ ਵਿਚ ਇਸ ਦਾ ਇਕ ਬਹਾਦਰ ਯੋਧਾ ਵਜੋਂ ਵਿਸ਼ੇਸ਼ ਸਥਾਨ ਹੈ। ਬਾਵਾ ਬਲਵੰਤ ਨੇ 'ਟ੍ਰਾਟਸਕੀ' ਨਾਂ ਦੀ ਕਵਿਤਾ ਵਿਚ ਇਸ ਵਲ ਸੰਕੇਤ ਕੀਤਾ ਹੈ—'ਮਹਾਂਬੀਰ, ਰੁਸਤਮ ਤੇਰੇ ਸਾਹਮਣੇ ਕੀ ?/ਸਿਕੰਦਰ ਤੇ ਨੈਪੋਲੀਅਨ ਵੀ ਨੇ ਮਿੱਟੀ।'

ਨੌਸ਼ੀਰਵਾਂ/ਨੌਸ਼ੇਰਵਾਂ : ਫ਼ਾਰਸ (ਈਰਾਨ) ਦਾ ਇਕ ਬਾਦਸ਼ਾਹ ਜੋ ਆਪਣੀ ਇਨਸਾਫ਼-ਪਸੰਦੀ ਕਰਕੇ ਬਹੁਤ ਪ੍ਰਸਿੱਧ ਸੀ। ਆਪਣੇ ਪਿਤਾ ਕੁਬਾਦ ਦੀ ਮ੍ਰਿਤੂ ਤੋਂ ਬਾਦ ਸੰਨ 531 ਈ. ਵਿਚ ਇਹ ਤਖ਼ਤ ਉਤੇ ਬੈਠਾ। ਵਿਸ਼ਵਾਸ ਵਜੋਂ ਇਹ ਅਗਨੀ-ਪੂਜ ਸੀ। ਇਸ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਪਹਿਲਾਂ ਮਜ਼ਦਾਕ ਦੇ ਵਿਰੁੱਧ ਤਕੜੀ ਸੈਨਿਕ ਕਾਰਵਾਈ ਕੀਤੀ। ਉਸ ਪਿਛੋਂ ਇਸ ਨੇ ਅਨੇਕ ਫ਼ੌਜੀ ਮੁਹਿੰਮਾਂ ਰਾਹੀਂ ਆਪਣੇ ਰਾਜ ਦਾ ਵਿਸਤਾਰ ਕੀਤਾ। ਬਿਰਧ ਅਵਸਥਾ ਵਿਚ ਵੀ ਇਹ ਯੁੱਧ ਕਰਨ ਤੋਂ ਸੰਕੋਚ ਨਾ ਕਰਦਾ।

ਇਹ, ਅਸਲ ਵਿਚ, ਸ਼ਕਤੀ ਅਤੇ ਨਿਆਂ ਦੀ ਪ੍ਰਤਿਮੂਰਤੀ ਸੀ। ਇਸ ਨੇ ਈਰਾਨ ਨੂੰ ਇਕ ਦ੍ਰਿੜ੍ਹ ਅਤੇ ਗੌਰਵਸ਼ਾਲੀ ਰਾਜ ਵਿਚ ਬਦਲ ਦਿੱਤਾ। ਗਿਆਨ ਪ੍ਰਾਪਤ ਕਰਨਾ ਅਤੇ ਉਸ ਦਾ ਹੋਰਨਾਂ ਦੀ ਭਲਾਈ ਲਈ ਵਿਸਤਾਰ ਕਰਨਾ ਇਸ ਦਾ ਇਕ ਸ਼ੌਕ ਸੀ। ਇਸ ਕਰਕੇ ਈਰਾਨ ਉਦੋਂ ਗਿਆਨ ਦਾ ਇਕ ਵੱਡਾ ਕੇਂਦਰ ਬਣ ਗਿਆ ਸੀ। ਇਸ ਨੇ ਅਰਸਤੂ ਅਤੇ ਅਫ਼ਲਾਤੂਨ ਵਰਗੇ ਵਿਦਵਾਨਾਂ ਅਤੇ ਦਾਰਸ਼ਨਿਕਾਂ ਦੀਆਂ ਪੁਸਤਕ ਨੂੰ ਫ਼ਾਰਸੀ ਵਿਚ ਅਨੁਵਾਦ ਕਰਾ ਕੇ ਫ਼ਾਰਸੀ-ਭਾਸ਼ੀ ਲੋਕਾਂ ਲਈ ਉਪਲਬਧ ਕੀਤਾ। ਇਸ ਦੀ ਨਿਆਇ-ਪ੍ਰਿਯਤਾ ਕਰਕੇ ਇਸ ਨੂੰ 'ਆਦਿਲ' ਵਿਸ਼ੇਸ਼ਣ ਨਾਲ ਸੁਸ਼ੋਭਿਤ ਕੀਤਾ ਜਾਂਦਾ ਹੈ। ਇਸ ਨੇ 48 ਸਾਲ ਰਾਜ ਕੀਤਾ। ਸੰਨ 579 ਈ. ਵਿਚ ਇਸ ਦਾ ਦੇਹਾਂਤ ਆਪਣੇ ਰਾਜ-ਮਹਲ ਵਿਚ ਹੋਇਆ। ਕਵੀ ਦੌਲਤ ਰਾਮ ਨੇ 'ਰੂਪ ਬਸੰਤ' ਦੇ ਕਿੱਸੇ ਵਿਚ ਇਸ ਵਲ ਸੰਕੇਤ ਕੀਤਾ ਹੈ—'ਕਰ ਕੇ ਅਦਲ ਨੌਸ਼ੇਰਵਾਂ ਵਾਂਗ ਹੋ ਕੇ, ਰੌਲਾ ਕੁਲ ਜਹਾਨ ਤੇ ਪਾ ਦੇਈਂ।'

ਨੌਗਜ਼ਾ : ਇਸਲਾਮੀ ਲੋਕ-ਸਭਿਆਚਾਰ ਦੀ ਮਾਨਤਾ ਹੈ ਕਿ ਕਾਫ਼ਰਾਂ ਨਾਲ ਯੁੱਧ ਕਰਦਾ ਜੋ ਮੋਮਿਨ ਸ਼ਹੀਦ ਹੋ ਜਾਂਦਾ ਹੈ, ਉਸ ਨੂੰ 'ਗ਼ਾਜ਼ੀ' ਕਹਿੰਦੇ ਸਨ। ਗ਼ਾਜ਼ੀਆਂ ਦੇ ਸਤਿਕਾਰ ਵਜੋਂ ਉਨ੍ਹਾਂ ਨੂੰ ਦਫ਼ਨਾਉਣ ਲਈ ਬਣਾਈਆਂ ਜਾਣ ਵਾਲੀਆਂ ਕਬਰਾਂ ਸਾਧਾਰਣ ਮਨੁੱਖਾਂ ਨਾਲੋਂ ਵੱਡੀਆਂ ਰਖੀਆਂ ਜਾਂਦੀਆਂ ਸਨ। ਕਾਰਣ ਇਹ ਕਿ ਇਨ੍ਹਾਂ ਦੀਆਂ ਕਬਰਾਂ ਨੂੰ ਸਾਧਾਰਣ ਲੋਕਾਂ ਦੀਆਂ ਕਬਰਾਂ ਤੋਂ ਨਿਖੇੜਿਆ ਜਾ ਸਕੇ। ਇਨ੍ਹਾਂ ਦੀ ਲੰਬਾਈ ਨੌਂਗਜ਼ ਤਕ ਹੁੰਦੀ ਸੀ। ਇਸੇ ਲਈ ਇਨ੍ਹਾਂ ਵਿਚ ਦੱਬੇ ਗ਼ਾਜ਼ੀਆਂ ਨੂੰ ਵੀ 'ਨੌਗਜ਼ਾ' ਨਾਂ ਨਾਲ

ਯਾਦ ਕੀਤਾ ਜਾਣ ਲਗਿਆ ।

ਇਕ ਮਾਨਤਾ ਅਨੁਸਾਰ ਇਹ ਕਬਰਾਂ ਇਸ ਲਈ ਵੱਡੀਆਂ ਬਣਾਈਆਂ ਜਾਂਦੀਆਂ ਸਨ ਤਾਂ ਜੋ ਗ਼ਾਜ਼ੀ ਲੋਕ ਕਿਆਮਤ ਦੇ ਦਿਨ ਤਕ ਕਬਰਾਂ ਵਿਚ ਪੂਰੀ ਸਹੂਲਤ ਨਾਲ ਪਏ ਰਹਿਣ। ਮੁਲਤਾਨ ਦੇ ਇਲਾਕੇ ਵਿਚ ਵੀ ਕੁਝ ਕਬਰਾਂ ਮਿਲਦੀਆਂ ਹਨ, ਜਿਨ੍ਹਾਂ ਦੀ ਲੰਬਾਈ ਨੌਂ ਗਜ਼ ਤਕ ਹੈ। ਇਨ੍ਹਾਂ ਕਬਰਾਂ ਦਾ ਸੰਬੰਧ ਉਸ ਇਲਾਕੇ ਦੇ ਧਰਮ-ਸਾਧਕਾਂ ਨੂੰ ਦਫ਼ਨਾਉਣ ਨਾਲ ਹੈ।

ਬੁੱਧ-ਮਤ ਦੀਆਂ ਪਰੰਪਰਾਵਾਂ ਅਨੁਸਾਰ ਇਹ ਲੰਬੀਆਂ ਕਬਰਾਂ ਬੁੱਧ ਦੀ ਨਿਰਵਾਣ ਪ੍ਰਾਪਤ ਕਰ ਚੁੱਕੀ ਅਵਸਥਾ ਦੀਆਂ ਸੂਚਕ ਹਨ।

ਨੌ-ਨਿਧੀਆਂ : 'ਨਿੱਧੀ' ਤੋਂ ਭਾਵ ਹੈ ਖ਼ਜ਼ਾਨਾ। ਜੋਗਿਕ ਜਾਂ ਤਾਂਤ੍ਰਿਕ ਸਾਧਨਾ ਵਿਚ ਸਿੱਧੀ ਦੀ ਸਥਿਤੀ ਵਿਚ ਪਹੁੰਚਣ ਵਾਲਿਆਂ ਲਈ ਨੌਂ ਪ੍ਰਕਾਰ ਦੀਆਂ ਨਿੱਧੀਆਂ ਦੀ ਪ੍ਰਾਪਤੀ ਦੀ ਕਲਪਨਾ ਕੀਤੀ ਗਈ ਹੈ।

ਹਿੰਦੂ-ਮਤ ਦੇ ਪੁਰਾਤਨ ਗ੍ਰੰਥਾਂ ਵਿਚ ਇਨ੍ਹਾਂ ਨੌਂ ਨਿੱਧੀਆਂ ਦੇ ਨਾਂ ਇਸ ਪ੍ਰਕਾਰ ਹਨ—ਪਦਮ, ਮਹਾਪਦਮ, ਸ਼ੰਖ, ਮਕਰ, ਕੱਛਪ, ਮੁਕੁੰਦ, ਕੁੰਦ, ਨੀਲ ਅਤੇ ਵਰ੍ਚ। ਗੰਭੀਰਤਾ ਨਾਲ ਘੋਖਿਆਂ ਇਹ ਨਿੱਧੀਆਂ ਅਮੁਲੇ ਰਤਨਾਂ ਦੀਆਂ ਵਾਚਕ ਸਿੱਧ ਹੁੰਦੀਆਂ ਹਨ ਜੋ ਪ੍ਰਕਾਰਾਂਤਰ ਨਾਲ ਹਰ ਪ੍ਰਕਾਰ ਦੀ ਧਨ-ਸੰਪਦਾ ਦੀਆਂ ਪ੍ਰਤੀਕ ਹਨ। ਇਨ੍ਹਾਂ ਨਿਧੀਆਂ ਦਾ ਸੁਆਮੀ ਕੁਬੇਰ ਨੂੰ ਮੰਨਿਆ ਜਾਂਦਾ ਹੈ। 'ਮਾਰਕੰਡੇਯ-ਪੁਰਾਣ' (ਅ. 68) ਵਿਚ ਇਨ੍ਹਾਂ ਨਿੱਧੀਆਂ ਨੂੰ ਪਦਮਿਨੀ ਨਾਂ ਦੀ ਵਿਦਿਆ ਦੇਵੀ ਦੇ ਅਧੀਨ ਦਸਿਆ ਗਿਆ ਹੈ। ਇਨ੍ਹਾਂ ਨਿੱਧੀਆਂ ਦੇ ਵੱਖ-ਵੱਖ ਗੁਣਾਂ ਅਤੇ ਪ੍ਰਭਾਵਾਂ ਵਲ ਵੀ ਸੰਕੇਤ ਹੈ।

ਮੱਧ-ਯੁਗ ਦੇ ਸੰਤਾਂ ਨੇ ਜਿਗਿਆਸੂਆਂ ਨੂੰ ਸਹਿਜ-ਸਾਧਨਾ ਵਲ ਰੁਚਿਤ ਕਰ ਕੇ ਅਧਿਆਤਮਿਕ ਖੇਤਰ ਵਿਚ ਇਨ੍ਹਾਂ ਨਿੱਧੀਆਂ ਦੀ ਪ੍ਰਾਪਤੀ ਦੇ ਲੋਭ ਤੋਂ ਵਰਜਿਆ ਹੈ। ਗੁਰੂ ਅਰਜਨ ਦੇਵ ਨੇ 'ਸੁਖਮਨੀ' ਨਾਂ ਦੀ ਬਾਣੀ ਵਿਚ ਪਰਮਾਤਮਾ ਦੇ ਨਾਮ ਦੇ ਸਿਮਰਨ ਵਿਚ ਹੀ ਰਿੱਧੀਆਂ, ਸਿੱਧੀਆਂ ਅਤੇ ਨਿਧੀਆਂ ਦੀ ਸਮਾਈ ਮਨ ਕੇ ਨਾਮ-ਸਾਧਨਾ ਦੀ ਮਹੱਤਵ-ਸਥਾਪਨਾ ਕੀਤੀ ਹੈ—'ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ ।/ ਪ੍ਰਭ ਕੈ ਸਿਮਰਨ ਗਿਆਨ ਧਿਆਨ ਤਤ ਬੁਧਿ' (ਅ. ਗ੍ਰੰ. 262)।

ਨੌ-ਮੁਨੀ : ਵੇਖੋ 'ਨਉ-ਮੁਨੀ'।

ਨੌਰਾਤੇ : ਸਾਂਝੀ ਜਾਂ ਦੇਵੀ ਦੀ ਪੂਜਾ ਨਾਲ ਸੰਬੰਧਿਤ ਨੌਂ-ਰਾਤਾਂ। ਵੇਖੋ 'ਸਾਂਝੀ'।

ਨੌ-ਨਾਥ : ਵੇਖੋ 'ਨਵ-ਨਾਥ'।

ਨੰਦ, ਗੋਪ : ਸ੍ਰੀ ਕ੍ਰਿਸ਼ਣ ਦੇ ਪਾਲਕ ਪਿਤਾ ਨੰਦ ਦਾ ਜਨਮ ਪਰਜਨ੍ਯ ਗੋਪ ਦੇ ਘਰ ਵਰੀਯਸੀ ਦੀ ਕੁੱਖੋਂ ਗੋਕੁਲ ਵਿਚ ਹੋਇਆ ਸੀ। ਇਸ ਦਾ ਕੰਮ ਗਊਆਂ ਆਦਿ ਪਸ਼ੂ ਚਾਰਨਾ ਸੀ ਅਤੇ ਉਥੋਂ ਦੇ ਗਵਾਲਿਆਂ ਦਾ ਮੁਖੀਆ ਸੀ।

ਵਸੁਦੇਵ ਦੀ ਪਤਨੀ ਦੇਵਕੀ ਨੇ ਜਦੋਂ ਕੰਸ ਦੇ ਕੈਦਖ਼ਾਨੇ ਵਿਚ ਆਪਣੀ ਅੱਠਵੀਂ ਸੰਤਾਨ, ਸ੍ਰੀ ਕ੍ਰਿਸ਼ਣ, ਨੂੰ ਜਨਮ ਦਿੱਤਾ ਤਾਂ ਉਸ ਦੇ ਕੰਸ ਦੁਆਰਾ ਮਾਰੇ ਜਾਣ ਦੇ ਡਰ

ਤੋਂ, ਰਾਤ ਵੇਲੇ ਬਾਲਕ ਨੂੰ ਉਥੋਂ ਗੋਕੁਲ ਵਿਚ ਨੰਦ ਗੋਪ ਦੇ ਘਰ ਪਹੁੰਚਾ ਦਿੱਤਾ ਗਿਆ, ਜਿਥੇ ਨੰਦ ਦੀ ਪਤਨੀ ਜਸ਼ੋਦਾ ਨੇ ਸ੍ਰੀ ਕ੍ਰਿਸ਼ਣ ਨੂੰ ਪਾਲਿਆ। ਨੰਦ ਦੁਆਰਾ ਪਾਲੇ ਜਾਣ ਕਾਰਣ ਸ੍ਰੀ ਕ੍ਰਿਸ਼ਣ 'ਨੰਦ-ਨੰਦਨ' ਅਖਵਾਏ ਅਤੇ ਵਸੁਦੇਵ ਦੇ ਪੁੱਤਰ ਹੋਣ ਕਾਰਣ ਵਾਸੁਦੇਵ ਪ੍ਰਸਿੱਧ ਹੋਏ। ਸੰਤ ਕਬੀਰ ਨੇ ਪਰਮਾਤਮਾ ਦੇ ਅਵਤਰਣ ਵਿਚ ਵਿਸ਼ਵਾਸ ਨਾ ਰਖਦੇ ਹੋਇਆਂ, ਇਸ ਦਾ ਹਵਾਲਾ ਦਿੱਤਾ ਹੈ—'ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ।.../ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ।/ ਨੰਦ ਸੁ ਨੰਦਨੁ ਕਾ ਕੋ ਰੇ।/ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ' (ਅ. ਗ੍ਰੰ. 338)।

ਨੰਦਨ : ਵੇਖੋ 'ਲੰਦਨ'।

ਨੰਦੀ : ਇਹ ਸ਼ਿਵ ਦੇ ਵਾਹਨ ਵਜੋਂ ਪ੍ਰਸਿੱਧ ਹੈ। 'ਸ਼ਿਵ-ਪੁਰਾਣ' (ਪੂਰਵਾਰਧ-7) ਅਨੁਸਾਰ ਸ਼ਿਲਾਦ ਨਾਂ ਦਾ ਇਕ ਮੁਨੀ ਸ਼ਿਵ ਦਾ ਅਦੁੱਤੀ ਭਗਤ ਸੀ। ਉਸ ਨੇ ਘੋਰ ਤਪਸਿਆ ਕਰ ਕੇ ਇਹ ਵਰ ਮੰਗਿਆ ਕਿ ਉਸ ਨੂੰ ਅਮਰ ਅਤੇ ਅਜੋਨੀ ਪੁੱਤਰ ਦੀ ਪ੍ਰਾਪਤੀ ਹੋਵੇ। ਸ਼ਿਵ ਨੇ ਉੱਤਰ ਦਿੱਤਾ ਕਿ ਪਹਿਲਾਂ ਕਦੀ ਮੈਂ ਬ੍ਰਹਮਾ ਨਾਲ ਬਚਨ ਕੀਤਾ ਹੋਇਆ ਸੀ ਕਿ ਮੈਂ ਅਵਤਾਰ ਧਾਰਣ ਕਰਾਂਗਾ। ਹੁਣ ਤੇਰੇ ਘਰ ਜਨਮ ਲੈਣ ਨਾਲ ਦੋਵੇਂ ਵਰ ਪੂਰੇ ਹੋ ਜਾਣਗੇ। ਸ਼ਿਲਾਦ ਮੁਨੀ ਨੇ ਪੁੱਤਰ-ਪ੍ਰਾਪਤੀ ਲਈ ਯੱਗ ਕੀਤਾ। ਯੱਗ-ਕੁੰਡ ਵਿਚੋਂ ਤਿੰਨ ਅੱਖਾਂ ਅਤੇ ਚਾਰ ਭੁਜਾਵਾਂ ਵਾਲਾ ਬਾਲਕ ਪੈਦਾ ਹੋਇਆ। ਉਸ ਨੇ ਤ੍ਰਿਸ਼ੂਲ, ਗਦਾ ਆਦਿ ਧਾਰਣ ਕੀਤੇ ਹੋਏ ਸਨ। ਉਸ ਬਾਲਕ ਦਾ ਨਾਂ 'ਨੰਦੀ' ਰਖਿਆ ਗਿਆ। ਮੁਨੀ ਦੇ ਘਰ ਵਲ ਨੂੰ ਜਾਂਦਿਆਂ ਨੰਦੀ ਨੇ ਆਪਣਾ ਮੂਲ ਰੂਪ ਬਦਲ ਲਿਆ। ਯਾਰ੍ਹਾਂ ਵਰ੍ਹਿਆਂ ਦੀ ਉਮਰ ਤਕ ਉਸ ਨੇ ਆਪਣਾ ਸ਼ਾਸਤ੍ਰ ਅਧਿਐਨ ਪੂਰਾ ਕਰ ਲਿਆ। ਇਕ ਵਾਰ ਸ਼ਿਵ ਨੇ ਆ ਕੇ ਸ਼ਿਲਾਦ ਮੁਨੀ ਨੂੰ ਦਸਿਆ ਕਿ ਨੰਦੀ ਉਸ ਦਾ ਹੀ ਅਵਤਾਰ ਹੈ। ਉਸ ਨੂੰ ਸ਼ਿਵ ਨੇ ਆਪਣੀ ਮਾਲਾ ਅਤੇ ਦਸ ਭੁਜਾਵਾਂ ਪ੍ਰਦਾਨ ਕੀਤੀਆਂ। ਉਹ ਨੰਦੀ ਤੋਂ ਨੰਦੀਸ਼ਵਰ ਬਣਿਆ ਅਤੇ ਸ਼ਿਵ ਦੇ ਗਣਾਂ ਦਾ ਪ੍ਰਧਾਨ ਥਾਪਿਆ ਗਿਆ। ਇਹ ਸ਼ਿਵ ਦਾ ਦੁਆਰਪਾਲ ਅਤੇ ਸੇਵਕ ਵੱਜੋਂ ਵੀ ਪ੍ਰਸਿੱਧ ਹੈ। ਇਕ ਹੋਰ ਮਤ ਅਨੁਸਾਰ ਸ਼ੰਕਰ ਦੇ ਵਰਦਾਨ ਨਾਲ ਸ਼ਿਲਾਦ ਮੁਨੀ ਨੂੰ ਇਹ ਭੂਮੀ ਵਾਹੁਣ ਵੇਲੇ ਮਿਲਿਆ ਸੀ। ਇਸ ਨੇ ਤਪਸਿਆ ਦੁਆਰਾ ਅਮਰਤ੍ਵ ਪ੍ਰਾਪਤ ਕੀਤਾ ਅਤੇ ਸ਼ਿਵ ਨੇ ਪ੍ਰਸੰਨ ਹੋ ਕੇ ਇਸ ਨੂੰ ਪੁੱਤਰ ਵਾਂਗ ਪਾਲਿਆ।

ਸ਼ਿਵ ਦੀ ਉਪਾਸਨਾ ਵਿਚ ਨੰਦੀ ਨੂੰ ਬਲਦ ਦਾ ਸਰੂਪ ਅਤੇ ਆਕਾਰ-ਪ੍ਰਕਾਰ ਮਿਲਿਆ ਅਤੇ ਇਸ ਨੂੰ ਸ਼ਿਵ ਦਾ ਵਾਹਨ ਮੰਨਿਆ ਗਿਆ। ਇਹ ਸੰਕਲਪਨਾ ਕਦ ਤੋਂ ਬਣੀ, ਇਸ ਬਾਰੇ ਕੋਈ ਤੱਥ ਉਪਲਬਧ ਨਹੀਂ ਪਰ ਅਨੁਮਾਨ ਹੈ ਕਿ ਸ਼ਿਵ ਦੇ ਸੇਵਕ ਹੋਣ ਨਾਤੇ ਇਹ ਸ਼ਿਵ ਨਾਲ ਨ੍ਰਿਤ ਵਿਚ ਬਹੁਤ ਹਿੱਸਾ ਲੈਂਦਾ ਹਵੇਗਾ ਅਤੇ ਕਿਸੇ ਸਮੇਂ ਨਾਚ ਕਰਨ ਵੇਲੇ ਇਸ ਨੇ ਬਲਦ ਦਾ ਮੁਖੌਟਾ ਜਾਂ ਚਮੜੇ ਦੇ ਬਸਤ੍ਰ ਪਾਏ ਹੋਣਗੇ। ਫਲਸਰੂਪ ਲੋਕ-ਮਨ ਨੇ ਨੰਦੀ ਨੂੰ ਬਲਦ ਰੂਪ ਵਿਚ ਧਾਰਣ ਕਰ ਲਿਆ ਹੋਵੇਗਾ।

ਇਸ ਨੂੰ ਧਰਮ ਦਾ ਪ੍ਰਤੀਕ (ਧੌਲ-ਧਰਮ) ਵੀ ਮੰਨਿਆ ਜਾਂਦਾ ਹੈ। ਇਸ ਦੇ

ਸਰੂਪ ਵਿਚ ਪਸ਼ੂ-ਉਪਾਸਨਾ ਦੇ ਤੱਤ੍ਵ ਵੀ ਮਿਲ ਜਾਂਦੇ ਹਨ ।

ਪ

ਪਸ਼ੁਪਤੀ : ਸ਼ਿਵ ਦਾ ਇਕ ਨਾਮਾਂਤਰ । ਵੇਖੋ 'ਸ਼ਿਵ' ।

ਪਟਨਾ : ਬਿਹਾਰ ਪ੍ਰਦੇਸ਼ ਦਾ ਇਕ ਪ੍ਰਮੁਖ ਨਗਰ ਅਤੇ ਰਾਜਧਾਨੀ ਜੋ ਗੰਗਾ ਨਦੀ ਦੇ ਕੰਢੇ ਵਸਿਆ ਹੈ । ਮਹਾਤਮਾ ਬੁੱਧ ਦੇ ਵੇਲੇ ਇਹ ਪਾਟਲਿਗ੍ਰਾਮ ਕਰ ਕੇ ਜਾਣਿਆ ਜਾਂਦਾ ਸੀ, ਪਰ ਬਾਦ ਵਿਚ ਇਸ ਦਾ ਨਾਂ ਪਾਟਲਿਪੁਤ੍ਰ ਪ੍ਰਚਲਿਤ ਹੋਇਆ । ਬੁੱਧ ਦੇ ਸਮਕਾਲੀ ਮਹਾਰਾਜ ਅਜਾਤਸ਼ਤ੍ਰੂ ਨੇ ਇਸ ਨਗਰ ਦਾ ਭਰਪੂਰ ਵਿਕਾਸ ਕੀਤਾ ਅਤੇ ਉਸ ਦੇ ਉੱਤਰਾਧਿਕਾਰੀ ਨੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ । ਮੌਰੀਆ-ਵੰਸ਼ ਦੇ ਰਾਜ-ਕਾਲ ਵੇਲੇ ਇਸ ਦੀ ਬਹੁਤ ਪ੍ਰਸਿੱਧੀ ਹੋਈ । ਇਹ ਉਦੋਂ 14 ਕਿ. ਮੀ. ਦੀ ਲੰਬਾਈ ਵਿਚ ਗੰਗਾ ਦੇ ਕੰਢੇ-ਕੰਢੇ ਵਸਿਆ ਹੋਇਆ ਸੀ । ਇਸ ਦੀ ਚੌੜਾਈ ਉਦੋਂ $2\frac{1}{2}$ ਕਿ. ਮੀ. ਤੋਂ ਵੱਧ ਨਹੀਂ ਸੀ । ਅੱਜ ਵੀ ਇਸ ਦਾ ਆਕਾਰ-ਪ੍ਰਕਾਰ ਕੁਝ ਇਸੇ ਤਰ੍ਹਾਂ ਦਾ ਹੈ । ਸਮ੍ਰਾਟ ਅਸ਼ੋਕ ਦੀ ਵੀ ਇਹੀ ਨਗਰ ਰਾਜਧਾਨੀ ਸੀ ਅਤੇ ਇਥੋਂ ਹੀ ਉਸ ਦੇ ਫ਼ਰਮਾਨ ਜਾਰੀ ਕੀਤੇ ਜਾਂਦੇ ਸਨ ।

ਮੌਰੀਆ ਵੰਸ਼ ਦੇ ਰਾਜ ਦੇ ਖ਼ਤਮ ਹੋਣ ਤੋਂ ਬਾਦ ਪਟਨਾ ਨਗਰ ਦਾ ਮਹੱਤਵ ਘਟਦੇ-ਘਟਦੇ ਇਕ ਸਾਧਾਰਣ ਨਗਰ ਤਕ ਪਹੁੰਚ ਗਿਆ । ਸੰਨ 1541 ਈ. ਵਿਚ ਸ਼ੇਰ ਸ਼ਾਹ ਸੂਰੀ ਨੇ ਇਸ ਦੇ ਵਿਕਾਸ ਵਲ ਧਿਆਨ ਦਿੱਤਾ । ਔਰੰਗਜ਼ੇਬ ਦੇ ਪੋਤੇ ਅਜ਼ੀਮ ਨੇ ਇਸ ਨੂੰ ਵਿਕਸਿਤ ਕਰਨ ਦਾ ਬਹੁਤ ਯਤਨ ਕੀਤਾ । ਅੰਗ੍ਰੇਜ਼ਾਂ ਨੇ ਵੀ ਇਥੇ ਆਪਣੇ ਅਨੇਕ ਪ੍ਰਕਾਰ ਦੇ ਕੇਂਦਰ ਸਥਾਪਿਤ ਕੀਤੇ ।

ਪੰਜਾਬ ਅਤੇ ਸਿੱਖ-ਇਤਿਹਾਸ ਨਾਲ ਪਟਨਾ ਨਗਰ ਦਾ ਵਿਸ਼ੇਸ਼ ਸੰਬੰਧ ਹੈ ਕਿਉਂਕਿ ਇਸ ਨਗਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ (ਵੇਖੋ) ਦਾ ਜਨਮ ਹੋਇਆ ਅਤੇ ਬਚਪਨ ਦੇ ਕੁਝ ਸਾਲ ਉਨ੍ਹਾਂ ਨੇ ਇਥੇ ਹੀ ਬਤੀਤ ਕੀਤੇ । ਗੁਰੂ ਸਾਹਿਬ ਦੇ ਜਨਮ ਲੈਣ ਵਾਲੇ ਸਥਾਨ ਉਤੇ ਹੁਣ ਬਹੁਤ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ । ਇਸ ਗੁਰੂਧਾਮ ਨੂੰ ਸਿੱਖਾਂ ਦੇ ਤਖ਼ਤਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ । ਇਥੇ ਗੁਰੂ ਸਾਹਿਬ ਦੀ ਯਾਦ ਨਾਲ ਸੰਬੰਧਿਤ ਕੁਝ ਵਸਤੂਆਂ ਸੁਰਖਿਅਤ ਹਨ, ਜਿਵੇਂ ਪੰਘੂੜਾ ਸਾਹਿਬ, ਗੁਰੂ ਸਾਹਿਬ ਦੇ ਚਾਰ ਤੀਰ, ਇਕ ਨਿੱਕੀ ਤਲਵਾਰ, ਇਕ ਨਿੱਕਾ ਖੰਡਾ ਅਤੇ ਨਿੱਕੀ ਕਟਾਰ, ਚੰਦਨ ਦੀ ਲਕੜੀ ਦਾ ਬਣਿਆ ਕੰਘਾ, ਖੜਾਵਾਂ, ਹੁਕਮਨਾਮੇ ਆਦਿ । ਇਸ ਤੋਂ ਇਲਾਵਾ ਹੋਰ ਵੀ ਕੁਝ ਗੁਰੂ-ਧਾਮ ਹਨ—ਗੁਰੂ ਕਾ ਬਾਗ਼, ਗੋਬਿੰਦ ਘਾਟ, ਬੜੀ ਸੰਗਤ (ਗਊ ਘਾਟ), ਮੈਨੀ ਸੰਗਤ, ਆਦਿ ।

ਪਠਾਣ : ਵੇਖੋ 'ਅਫ਼ਗ਼ਾਨ' ।

ਪਤੰਜਲਿ : ਵੇਖੋ 'ਯੋਗ-ਸੂਤ੍ਰ' ।

ਪਦਮਨੀ, ਰਾਣੀ : ਚਿਤੌੜ (ਰਾਜਸਥਾਨ) ਦੀ ਇਕ ਪ੍ਰਸਿੱਧ ਰਾਣੀ ਜੋ ਲੋਕ ਅਤੇ ਕਾਵਿ-ਪਰੰਪਰਾ ਅਨੁਸਾਰ ਰਾਜਾ ਰਤਨ ਸਿੰਘ ਨੂੰ ਵਿਆਹੀ ਹੋਈ ਸੀ। ਇਸ ਦਾ ਪਿਛੋਕੜ ਸਿੰਹਲ-ਦੀਪ ਦੇ ਰਾਜ-ਪਰਿਵਾਰ ਨਾਲ ਜਾ ਜੁੜਦਾ ਹੈ। ਇਸ ਦੀ ਅਦੁੱਤੀ ਸੁੰਦਰਤਾ ਦੀਆਂ ਗੱਲਾਂ ਸੁਣ ਕੇ ਅਤੇ ਇਸ ਨੂੰ ਪ੍ਰਾਪਤ ਕਰਨ ਦੇ ਮੋਹ-ਵਸ ਦਿੱਲੀ ਦੇ ਬਾਦਸ਼ਾਹ ਅਲਾਉੱਦੀਨ ਖ਼ਿਲਜੀ ਨੇ ਚਿਤੌੜ ਉਤੇ ਹਮਲਾ ਕੀਤਾ। ਕਿਲੇ ਉਤੇ ਕਬਜ਼ਾ ਕਰਨ ਵਿਚ ਕਾਮਯਾਬੀ ਹਾਸਲ ਨਾ ਹੋਣ ਕਾਰਣ, ਛਲ ਨਾਲ ਰਤਨ ਸੈਨ ਨੂੰ ਪਕੜਵਾ ਕੇ ਦਿੱਲੀ ਭੇਜ ਦਿੱਤਾ। ਰਾਣੀ ਨੇ ਗੋਰਾ ਅਤੇ ਬਾਦਲ ਨਾਂ ਦੇ ਵੀਰ ਯੋਧਿਆਂ ਦੀ ਸਹਾਇਤਾ ਨਾਲ ਰਤਨ ਸੈਨ ਨੂੰ ਕੈਦ ਤੋਂ ਛੁੜਵਾਇਆ। ਬਾਦ ਵਿਚ ਕੁੰਭਲਨੇਰ ਦੇ ਰਾਜਾ ਦੇਵਪਾਲ ਉਤੇ ਚੜ੍ਹਾਈ ਕਰਨ ਵੇਲੇ ਰਤਨਸੈਨ ਯੁੱਧ ਵਿਚ ਮਾਰਿਆ ਗਿਆ। ਪਦਮਨੀ ਹੋਰ ਰਾਣੀਆਂ ਸਹਿਤ ਰਾਜੇ ਨਾਲ ਸਤੀ ਹੋ ਗਈ। ਕਵੀ ਨੂਰਪੁਰੀ ਨੇ ਪਦਮਨੀ ਵਲ ਸੰਕੇਤ ਕਰਦਿਆਂ ਲਿਖਿਆ ਹੈ –'ਹਿੰਦ ਦੀ ਇਕ ਇਕ ਕੁੜੀ ਹੁਣ ਪਦਮਨੀ ਬਣ ਜਾਏਗੀ/ਸਾਫ਼ੀ ਦੀ ਲੱਪ ਦੀ ਥਾਂ ਤਲਵਾਰ ਬੰਨ੍ਹ ਕੇ ਆਏਗੀ।'

ਇਸ ਗਾਥਾ ਦਾ ਇਤਿਹਾਸਿਕ ਆਧਾਰ ਬਹੁਤ ਘੱਟ ਹੈ। ਸੰਭਵ ਹੈ, ਸਤੀ ਪਰੰਪਰਾ ਦੀ ਆਦਰਸ਼ ਰਸਮ ਜੌਹਰ ਦਾ ਗੌਰਵ ਵਧਾਉਣ ਲਈ ਚਾਰਣਾਂ, ਭੱਟਾਂ ਆਦਿ ਨੇ ਸ਼ਾਸਤ੍ਰ-ਪ੍ਰਸਿੱਧ ਸੁੰਦਰਤਮ ਨਾਰੀ-ਭੇਦ ਪਦਮਨੀ ਦੀ ਰਾਣੀ ਰੂਪ ਵਿਚ ਕਲਪਨਾ ਕਰਕੇ ਇਸ ਗਾਥਾ ਨੂੰ ਵਿਕਸਿਤ ਕੀਤਾ ਹੋਵੇ। ਕਾਲਾਂਤਰ ਵਿਚ ਇਸ ਗਾਥਾ ਨੇ ਜਾਂ ਪਦਮਨੀ ਦੀ ਸੁੰਦਰਤਾ ਨੇ ਲੋਕ-ਰੂੜ੍ਹੀ ਦਾ ਰੂਪ ਧਾਰਣ ਕਰ ਲਿਆ ਹੋਵੇਗਾ।

ਪਦਮਾ : ਲਕ੍ਸ਼ਮੀ ਦਾ ਇਕ ਨਾਮਾਂਤਰ। ਵੇਖੋ 'ਲਕ੍ਸ਼ਮੀ, ਦੇਵੀ'।

ਪਰਸਰਾਮ/ਪਰਸ਼ੁਰਾਮ, ਅਵਤਾਰ : ਵਿਸ਼ਣੂ ਦੇ ਦਸ ਅਵਤਾਰਾਂ ਦੀ ਸੂਚੀ ਵਿਚ ਛੇਵੀਂ ਥਾਂ ਤੇ ਅਤੇ 24 ਅਵਤਾਰਾਂ ਦੀ ਸੂਚੀ ਵਿਚ ਉਨ੍ਹੀਵੀਂ ਥਾਂ ਤੇ ਆਉਣ ਵਾਲਾ ਪਰਸ਼ੁਰਾਮ ਅਵਤਾਰ ਜਾਤ ਦਾ ਬ੍ਰਾਹਮਣ ਸੀ। ਇਹ ਜਮਦਗਨਿ (ਵੇਖੋ) ਦੇ ਘਰ ਰੇਣੁਕਾ ਦੀ ਕੁੱਖੋਂ ਪੈਦਾ ਹੋਇਆ। ਇਹ ਆਪਣੇ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। 'ਬਾਲਮੀਕੀ ਰਾਮਾਇਣ', 'ਮਹਾਭਾਰਤ' ਅਤੇ ਪੁਰਾਣ-ਸਾਹਿੱਤ ਵਿਚ ਇਸ ਨਾਲ ਸੰਬੰਧਿਤ ਅਨੇਕ ਆਖਿਆਨ ਮਿਲ ਜਾਂਦੇ ਹਨ। ਬ੍ਰਾਹਮਣ ਹੁੰਦੇ ਹੋਇਆਂ ਵੀ ਇਸ ਦਾ ਆਚਾਰ-ਵਿਚਾਰ ਖਤ੍ਰੀਆਂ ਵਾਲਾ ਸੀ। ਇਸ ਨੇ ਪਿਤਾ ਦੀ ਆਗਿਆ ਦਾ ਪਾਲਨ ਕਰਦਿਆਂ ਕਾਮ-ਭਾਵ ਨਾਲ ਵਿਚਲਿਤ ਹੋਈ ਆਪਣੀ ਮਾਤਾ ਦਾ ਵਧ ਕੀਤਾ। ਜਮਦਗਨਿ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ। ਪਰਸ਼ੁਰਾਮ ਨੇ ਆਪਣੀ ਮਾਤਾ ਦੇ ਪੁਨਰ-ਜੀਵਿਤ ਹੋਣ ਅਤੇ ਆਪਣੇ ਆਪ ਨੂੰ ਸਭ ਉਤੇ ਵਿਜਈ ਰਹਿਣ ਦੇ ਵਰ ਮੰਗੇ। ਜਮਦਗਨਿ ਨੇ ਇਹ ਵਰ ਪੂਰੇ ਕਰ ਦਿੱਤੇ।

ਇਕ ਵਾਰ ਪਰਸ਼ੁਰਾਮ ਦੀ ਗ਼ੈਰਹਾਜ਼ਰੀ ਵਿਚ ਕਾਰ੍ਤਵੀਰਯ (ਸਹਸ੍ਰਬਾਹੁ) ਜਮਦਗਨਿ ਦੀ ਕੁਟੀਆ ਵਿਚ ਆਇਆ ਅਤੇ ਜ਼ਬਰਦਸਤੀ ਕਾਮਧੇਨੁ ਲੈ ਗਿਆ। ਪਰਸ਼ੁਰਾਮ ਨੂੰ ਜਦੋਂ ਬਾਹਰੋਂ ਪਰਤਣ ਤੇ ਗਊ ਦੇ ਖੋਹੇ ਜਾਣ ਤਾਂ ਪਤਾ ਲਗਾ ਤਾਂ ਉਸ ਨੇ ਪਿਛਾ ਕਰਕੇ ਸਹਸ੍ਰਬਾਹੁ ਨੂੰ ਮਾਰ ਦਿੱਤਾ। ਇਸ ਤੇ ਜਮਦਗਨਿ ਨਾਰਾਜ਼ ਹੋਇਆ

ਅਤੇ ਉਸ ਨੇ ਪਰਸ਼ੁਰਾਮ ਨੂੰ ਪ੍ਰਾਸਚਿਤ ਲਈ ਤਪਸਿਆ ਕਰਨ ਭੇਜਿਆ। ਆਪਣੇ ਪਿਤਾ ਦੀ ਮ੍ਰਿਤੂ ਦਾ ਸਮਾਚਾਰ ਸੁਣ ਕੇ ਰਾਜਕੁਮਾਰਾਂ ਨੇ ਜਮਦਗਨਿ ਦੀ ਕੁਟੀਆ ਤੇ ਹਮਲਾ ਕਰਕੇ ਜਮਦਗਨਿ ਨੂੰ ਮਾਰ ਦਿੱਤਾ। ਜਦੋਂ ਪਰਸ਼ੁਰਾਮ ਪਰਤਿਆ ਤਾਂ ਉਸ ਦੀ ਮਾਤਾ ਰੇਣੁਕਾ ਨੇ 21 ਵਾਰ ਛਾਤੀ ਪਿਟ ਕੇ ਆਪਣੇ ਪੁੱਤਰ ਨੂੰ ਦੁਖੜਾ ਸੁਣਾਇਆ। ਪਰਸ਼ੁਰਾਮ ਨੇ ਧਰਤੀ ਨੂੰ ਖਤ੍ਰੀਹੀਨ ਕਰਨ ਦੀ ਪ੍ਰਤਿਗਿਆ ਕੀਤੀ ਅਤੇ 21 ਵਾਰ ਪ੍ਰਿਥਵੀ ਦੇ ਸਾਰੇ ਖਤ੍ਰੀਆਂ ਦਾ ਨਾਸ਼ ਕੀਤਾ। ਕੁਰੁਕਸ਼ੇਤ੍ਰ ਦੇ ਸਮੰਤ-ਪੰਚਕ ਖੇਤਰ ਵਿਚ ਲਹੂ ਦੇ ਪੰਜ ਕੁੰਡ ਭਰ ਕੇ ਖਤ੍ਰੀਆਂ ਦੇ ਲਹੂ ਨਾਲ ਪਿਤ੍ਰੀਤਰਪਣ ਕੀਤਾ। ਪਰ ਇਸ ਦੇ ਪਿਤਰਾਂ ਨੂੰ ਇਹ ਕੰਮ ਚੰਗਾ ਨਾ ਲਗਿਆ। ਫਲਸਰੂਪ ਇਸ ਦੇ ਪਿਤਾਮਾ ਰਿਸ਼ੀ ਰਿਚੀਕ ਨੇ ਪ੍ਰਗਟ ਹੋ ਕੇ ਖਤ੍ਰੀ-ਵਧ ਬੰਦ ਕਰਨ ਲਈ ਕਿਹਾ। ਤਦ-ਉਪਰੰਤ ਪਰਸ਼ੁਰਾਮ ਨੇ ਸਾਰੀ ਧਰਤੀ ਕਸ਼੍ਯਪ ਨੂੰ ਦਾਨ ਦੇ ਕੇ ਆਪ ਮਹੇਂਦ੍ਰ ਪਹਾੜ ਉਤੇ ਚਲਾ ਗਿਆ। ਇਥੇ ਹੀ ਅਰਜਨ ਆ ਕੇ ਇਸ ਨੂੰ ਮਿਲਿਆ। ਇਸ ਨੇ ਸਾਰੀ ਤਪਸਿਆ ਗੰਧਮਾਦਨ ਪਰਬਤ ਉਤੇ ਕੀਤੀ। ਇਥੇ ਹੀ ਸ਼ਿਵ ਨੇ ਇਸ ਦੀ ਭਗਤੀ ਤੋਂ ਪਸੀਜ ਕੇ ਇਸ ਨੂੰ ਦੈਵੀ ਪਰਸ਼ੁ (ਕੁਹਾੜਾ) ਦਿੱਤਾ ਜਿਸ ਕਰਕੇ ਇਸ ਦਾ ਨਾਂ ਪਰਸ਼ੁਰਾਮ ਪ੍ਰਸਿੱਧ ਹੋਇਆ। ਇਸ ਨੇ ਕਰਣ ਨੂੰ ਧਨੁਰ-ਵਿਦਿਆ ਸਿਖਲਾਈ, ਭੀਸ਼ਮ ਪਿਤਾਮਾ ਨਾਲ ਵੀ ਯੁੱਧ ਕੀਤਾ। ਇਕ ਵਾਰ ਰਾਵਣ ਨੂੰ ਵੀ ਫੜ ਲਿਆ, ਪਰ ਪੁਲਸਤ੍ਯ ਰਿਸ਼ੀ ਦੇ ਕਹਿਣ ਤੇ ਛਡ ਦਿੱਤਾ।

'ਬਾਲਮੀਕੀ ਰਾਮਾਇਣ' ਅਨੁਸਾਰ ਜਦੋਂ ਇਸ ਨੇ ਰਾਮ ਦੁਆਰਾ ਸ਼ਿਵ-ਧਨੁਸ਼ ਤੋੜਨ ਦਾ ਸਮਾਚਾਰ ਸੁਣਿਆ ਤਾਂ ਅਯੋਧਿਆ ਨੂੰ ਪਰਤਦੇ ਸ੍ਰੀ ਰਾਮ ਚੰਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਰੋਕ ਲਿਆ। ਸ੍ਰੀ ਰਾਮ ਚੰਦਰ ਨੇ ਆਪਣੇ ਬਲ ਨਾਲ ਪਰਸ਼ੁਰਾਮ ਦਾ ਤੇਜ ਹਰ ਲਿਆ। ਫਲਸਰੂਪ ਇਸ ਨੂੰ ਰਾਮ ਦੇ ਅਵਤਾਰ ਹੋਣ ਦਾ ਅਹਿਸਾਸ ਹੋ ਗਿਆ ਅਤੇ ਰਾਹ ਛਡ ਗਿਆ। ਇਸ ਘਟਨਾ ਵਲ ਸੰਕੇਤ ਕਰਦਿਆਂ ਭੱਟ ਕਵੀ ਕਲ੍ਯ ਨੇ ਕਿਹਾ ਹੈ—'ਗਾਵੈ ਜਮਦਗਨਿ ਪਰਸਰਾਮੇਸਰ ਕਰਿ ਕੁਠਾਰ ਰਘੁ ਤੇਜ ਹਰਿਓ' (ਅ. ਗ੍ਰੰ. 1389)।

ਪਰਲੈ/ਪਰਲੇ : ਵੇਖ 'ਪ੍ਰਲਯ'।

ਪਰਾਸ਼ਰ, ਰਿਸ਼ੀ : ਇਸ ਦੇ ਨਾਂ ਦਾ ਉੱਲੇਖ 'ਰਿਗ ਵੇਦ' ਵਿਚ ਸਤ੍ਯਾਤ੍ਰ ਅਤੇ ਵਸਿਸ਼ਠ ਨਾਂ ਦੇ ਰਿਸ਼ੀਆਂ ਨਾਲ ਹੋਇਆ ਹੈ। ਇਸ ਤਰ੍ਹਾਂ ਇਹ ਸੱਤ ਵੈਦਿਕ ਰਿਸ਼ੀਆਂ ਵਿਚੋਂ ਇਕ ਸੀ। ਨਿਰੁਕਤ ਵਿਚ ਇਸ ਨੂੰ ਵਸਿਸ਼ਠ ਦਾ ਪੁੱਤਰ ਲਿਖਿਆ ਗਿਆ ਹੈ, ਪਰ 'ਬਾਲਮੀਕੀ ਰਾਮਾਇਣ' ਅਤੇ 'ਮਹਾਭਾਰਤ' ਵਿਚ ਇਸ ਨੂੰ ਸ਼ਕਤੀ ਦਾ ਪੁੱਤਰ ਅਤੇ ਵਸਿਸ਼ਠ ਦਾ ਪੋਤਾ ਦਸਿਆ ਗਿਆ ਹੈ। ਪੁਰਾਣ-ਸਾਹਿੱਤ ਵਿਚ ਇਸ ਨੂੰ ਕਪਿਲ ਰਿਸ਼ੀ ਦਾ ਚੇਲਾ ਮੰਨਿਆ ਗਿਆ ਹੈ। ਇਸ ਨੇ ਪੁਲਸਤ੍ਯ ਰਿਸ਼ੀ ਤੋਂ 'ਵਿਸ਼ਣੂ ਪੁਰਾਣ' ਦਾ ਅਧਿਐਨ ਕਰਕੇ ਫਿਰ ਮੈਤ੍ਰੇਯ ਰਿਸ਼ੀ ਨੂੰ ਪੜ੍ਹਾਇਆ।

'ਮਹਾਭਾਰਤ' ਅਨੁਸਾਰ ਰਾਜਾ ਕਲਮਾਸ਼ਪਾਦ ਇਕ ਵਾਰ ਇਕ ਤੰਗ ਮਾਰਗ ਤੋਂ ਲੰਘ ਰਿਹਾ ਸੀ। ਦੂਜੇ ਪਾਸੇ ਸ਼ਕਤੀ ਰਿਸ਼ੀ ਆਉਂਦਾ ਦਿਖਿਆ। ਰਸਤੇ ਤੋਂ ਨਾ

ਹਟਣ ਕਾਰਣ ਰਾਜੇ ਨੇ ਰਿਸ਼ੀ ਨੂੰ ਛਾਂਟਾ ਮਾਰਿਆ। ਫਲਸਰੂਪ, ਰਿਸ਼ੀ ਦੇ ਸਰਾਪ ਨਾਲ ਰਾਜਾ ਆਦਮਖ਼ੋਰ ਰਾਖਸ਼ ਬਣ ਗਿਆ। ਉਸ ਨੇ ਸ਼ਕਤੀ ਰਿਸ਼ੀ ਨੂੰ ਵੀ ਖਾ ਲਿਆ। ਰਿਸ਼ੀ ਦੇ ਮਰਣ ਉਪਰੰਤ ਉਸ ਦੀ ਪਤਨੀ ਅਦ੍ਰਿਸ਼੍ਯੰਤੀ ਨੇ ਇਕ ਬਾਲਕ ਨੂੰ ਜਨਮ ਦਿੱਤਾ ਜੋ ਪਰਾਸ਼ਰ ਰਿਸ਼ੀ ਦੇ ਰੂਪ ਵਿਚ ਪ੍ਰਸਿੱਧ ਹੋਇਆ। ਵੱਡਾ ਹੋਣ 'ਤੇ ਜਦੋਂ ਇਸ ਨੂੰ ਆਪਣੇ ਪਿਤਾ ਦੀ ਹਤਿਆ ਦੀ ਗੱਲ ਦਾ ਬੋਧ ਹੋਇਆ ਤਾਂ ਇਸ ਨੇ ਰਾਖਸ਼ਾਂ ਨੂੰ ਨਸ਼ਟ ਕਰਨ ਲਈ ਯੱਗ ਦੀ ਤਿਆਰੀ ਕੀਤੀ। ਯੱਗ ਦੀ ਅਗਨੀ ਵਿਚ ਬਹੁਤ ਸਾਰੇ ਰਾਖਸ਼ ਭਸਮ ਹੋਣ ਲਗੇ। ਕੁਝ ਨਿਰਦੋਸ਼ ਰਾਖਸ਼ਾਂ ਨੂੰ ਬਚਾਉਣ ਲਈ ਪੁਲਸਤ੍ਯ ਆਦਿ ਰਿਸ਼ੀਆਂ ਨੇ ਪਰਾਸ਼ਰ ਨੂੰ ਸਮਝਾ ਬੁਝਾ ਕੇ ਯੱਗ ਸਮਾਪਤ ਕਰਵਾਇਆ ਅਤੇ ਯੱਗ ਦੀ ਅਗਨੀ ਨੂੰ ਉੱਤਰ ਦਿਸ਼ਾ ਵਿਚ ਹਿਮਾਲਯ ਉਤੇ ਸੁਟਵਾ ਦਿੱਤਾ ਜਿਥੇ ਇਹ ਅਗਨੀ ਅਜੇ ਤਕ ਚੰਦ੍ਰਮਾ ਦੀ ਕਲਾ ਦੇ ਰੂਪ ਵਿਚ ਬਲਦੀ ਹੋਈ ਰਾਖਸ਼ਾਂ ਅਤੇ ਬਨਾਂ ਦਾ ਨਾਸ਼ ਕਰਦੀ ਹੈ।

ਇਕ ਵਾਰ ਤੀਰਥ-ਯਾਤ੍ਰਾ ਕਰਦਿਆਂ ਜਮਨਾ ਨਦੀ ਦੇ ਕੰਢੇ ਮਲਾਹ ਦੀ ਕੰਨਿਆ ਸਤ੍ਯਵਤੀ ਨੂੰ ਵੇਖ ਕੇ ਪਰਾਸ਼ਰ ਕਾਮ-ਆਤੁਰ ਹੋ ਗਿਆ। ਪਰਾਸ਼ਰ ਨੇ ਆਪਣੀ ਸਮਰਥਾ ਨਾਲ ਉਸ ਦੀ ਦੁਰਗੰਧ ਦੂਰ ਕਰਕੇ ਪ੍ਰੇਮ-ਕ੍ਰੀੜਾ ਕਰਨ ਦੀ ਇੱਛਾ ਪ੍ਰਗਟ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਉਸ ਦਾ ਕੰਵਾਰਾ-ਪਣ ਨਸ਼ਟ ਨਹੀਂ ਹੋਵੇਗਾ। ਪ੍ਰੇਮ-ਕ੍ਰੀੜਾ ਨੂੰ ਹੋਰਨਾਂ ਦੀ ਨਜ਼ਰ ਤੋਂ ਬਚਾਉਣ ਲਈ ਰਿਸ਼ੀ ਨੇ ਕੋਹਰੇ ਦਾ ਪਰਦਾ ਕਰ ਦਿੱਤਾ। ਕਾਲਾਂਤਰ ਵਿਚ ਸਤ੍ਯਵਤੀ ਨੇ ਵਿਆਸ (ਵੇਖੋ) ਨੂੰ ਜਨਮ ਦਿੱਤਾ ਜਿਸ ਨੇ ਵੇਦਾਂ ਅਤੇ ਹੋਰ ਅਨੇਕ ਗ੍ਰੰਥਾਂ ਦਾ ਸੰਪਾਦਨ ਅਤੇ ਲੇਖਨ ਕੀਤਾ। 'ਦਸਮ-ਗ੍ਰੰਥ' (ਦੱਤਾਵਤਾਰ) ਵਿਚ ਇਸ ਨੂੰ ਪੁਰਾਤਨ ਰਿਸ਼ੀਆਂ ਦੀ ਸੂਚੀ ਵਿਚ ਗਿਣਾਇਆ ਗਿਆ ਹੈ—'ਅਤ੍ਰਿ, ਪਰਾਸਰ, ਨਾਰਦ, ਸਾਰਦ, ਬ੍ਯਾਸ ਤੇ ਆਦਿ ਜਿਤੇ ਮੁਨਿ ਭਾਏ।'

ਪਰੀਕ੍ਸ਼ਿਤ : ਇਕ ਪ੍ਰਸਿੱਧ ਚੰਦ੍ਰਵੰਸ਼ੀ ਰਾਜਾ ਜੋ ਅਰਜੁਨ ਦਾ ਪੋਤਰਾ ਅਤੇ ਅਭਿਮਨ੍ਯੁ ਦਾ ਪੁੱਤਰ ਸੀ। 'ਮਹਾਭਾਰਤ' (ਆਸ਼ਵਮੇਧਿਕ-ਪਰਵ) ਅਨੁਸਾਰ ਅਭਿਮਨ੍ਯੁ ਦੇ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵੇਲੇ ਉਸ ਦੀ ਪਤਨੀ 'ਉਤਰਾ' ਗਰਭਵਤੀ ਸੀ। ਪਾਂਡਵਾਂ ਦਾ ਸਮੂਲ ਨਾਸ਼ ਕਰਨ ਲਈ ਅਸ਼੍ਵੱਥਾਮਾ ਨੇ ਬ੍ਰਹਮਾਸਤ੍ਰ ਚਲਾ ਕੇ ਉਤਰਾ ਦੇ ਗਰਭ ਸਥਿਤ ਬਾਲਕ ਨੂੰ ਮਾਰ ਦਿੱਤਾ। ਫਲਸਰੂਪ ਉਤਰਾ ਨੇ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ। ਪਰ ਉਤਰਾ ਨੂੰ ਪਰੀਕ੍ਸ਼ਿਤ ਨਾਂ ਦੇ ਪੁੱਤਰ ਦੀ ਪ੍ਰਾਪਤੀ ਦਾ ਵਰਦਾਨ ਪ੍ਰਾਪਤ ਸੀ, ਇਸ ਲਈ ਸ੍ਰੀ ਕ੍ਰਿਸ਼ਣ ਨੇ ਆਪਣੀ ਅਗੰਮੀ ਸ਼ਕਤੀ ਨਾਲ ਉਸ ਨੂੰ ਜੀਵਿਤ ਕਰ ਦਿੱਤਾ।

ਯੁਧਿਸ਼ਠਿਰ ਆਦਿ ਪੰਜਾਂ ਪਾਂਡਵਾਂ ਦੇ ਹਿਮਾਲਾ ਪਰਬਤ 'ਤੇ ਚਲੇ ਜਾਣ ਤੋਂ ਬਾਦ ਪਰੀਕ੍ਸ਼ਿਤ ਹਸਤਿਨਾਪੁਰ ਦੇ ਰਾਜਸਿੰਘਾਸਨ ਉਤੇ ਬੈਠਾ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਇਹ ਬਹੁਤ ਨਿਆਂਸ਼ੀਲ ਰਾਜਾ ਸੀ। ਇਕ ਵਾਰ ਸ਼ਿਕਾਰ ਖੇਡਦੇ ਹੋਇਆਂ ਇਹ ਸ਼ਮੀਕ ਰਿਸ਼ੀ ਦੇ ਆਸ਼੍ਰਮ ਵਿਚ ਜਾ ਪਹੁੰਚਿਆ। ਸਮਾਧੀ ਵਿਚ ਲੀਨ ਰਿਸ਼ੀ ਨੂੰ ਰਾਜੇ ਦੇ ਆਉਣ ਦਾ ਪਤਾ ਨਾ ਲਗਿਆ। ਰਾਜੇ ਨੇ ਖਿਝ ਕੇ ਉਸ ਦੇ ਗੱਲੇ ਵਿਚ

ਮਰਿਆ ਹੋਇਆ ਸੱਪ ਪਾ ਦਿੱਤਾ ਅਤੇ ਚਲਦਾ ਬਣਿਆ, ਭਾਵੇਂ ਬਾਦ ਵਿਚ ਅਜਿਹੇ ਕਰਮ ਕਰਕੇ ਉਹ ਮਨ ਵਿਚ ਬਹੁਤ ਪਛਤਾਇਆ। ਜਦੋਂ ਸ਼੍ਰਿੰਗੀ ਰਿਸ਼ੀ ਨੂੰ ਰਾਜੇ ਦੁਆਰਾ ਆਪਣੇ ਪਿਤਾ ਦੇ ਅਪਮਾਨ ਦਾ ਪਤਾ ਲਗਾ ਤਾਂ ਉਸ ਨੇ ਰਾਜੇ ਨੂੰ ਸੱਤ ਦਿਨਾਂ ਦੇ ਅੰਦਰ ਤਕ੍ਸ਼ਕ ਨਾਂ ਦੇ ਸੱਪ ਦੇ ਡੰਗਣ ਨਾਲ ਮਰਨ ਦਾ ਸਰਾਪ ਦਿੱਤਾ।

ਰਾਜੇ ਨੇ ਸੱਪ ਤੋਂ ਬਚਣ ਲਈ ਬਹੁਤ ਉਪਾ ਕੀਤੇ। ਇਕ ਸੁਰਖਿਅਤ ਠਿਕਾਣਾ ਵੀ ਬਣਵਾਇਆ, ਪਰ ਸੱਤਵੇਂ ਦਿਨ ਬ੍ਰਾਹਮਣਾਂ ਦੁਆਰਾ ਭੇਂਟ ਕੀਤੇ ਫੁੱਲਾਂ ਫਲਾਂ ਵਿਚ ਇਕ ਨਿੱਕੇ ਜਿਹੇ ਕੀੜੇ ਦੇ ਰੂਪ ਵਿਚ ਤਕ੍ਸ਼ਕ ਨਾਗ ਰਾਜੇ ਨੂੰ ਡੰਗਣ ਵਿਚ ਸਫਲ ਹੋਇਆ। ਅੰਤ ਸਮਾਂ ਨੇੜੇ ਆਇਆ ਦੇਖ ਕੇ ਰਾਜੇ ਨੂੰ 'ਭਾਗਵਤ-ਪੁਰਾਣ' ਦੀ ਕਥਾ ਸੁਣਾਈ ਗਈ। ਰਾਜੇ ਦੇ ਮਰਨ ਉਪਰੰਤ ਉਸ ਦਾ ਲੜਕਾ ਜਨਮੇਜਯ ਗੱਦੀ ਉਤੇ ਬੈਠਾ। ਉਤੰਕ ਰਿਸ਼ੀ ਦੇ ਉਕਸਾਉਣ 'ਤੇ ਜਨਮੇਜਯ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ ਸਰਪ-ਯੱਗ ਦਾ ਆਯੋਜਨ ਕੀਤਾ, ਜਿਸ ਵਿਚ ਸੱਪਾਂ ਦੀਆਂ ਅਨਾਰ੍ਹਾਂ ਕੁੱਲਾਂ ਸੜ ਮੋਈਆਂ। ਪਰ ਆਸਤੀਕ ਰਿਸ਼ੀ ਦੀ ਸ਼ਰਣ ਵਿਚ ਜਾਣ ਕਾਰਣ ਤਕ੍ਸ਼ਕ ਸੁਰਖਿਅਤ ਰਿਹਾ।

ਭੱਟ ਕਵੀ ਕਲ੍ਯ ਨੇ ਗੁਰੂ ਨਾਨਕ ਦੇਵ ਦਾ ਯਸ਼ ਗਾਉਣ ਵਾਲਿਆਂ ਵਿਚ ਪਰੀਕ੍ਸ਼ਿਤ ਦਾ ਨਾਂ ਵੀ ਗਿਣਿਆ ਹੈ—'ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ।। ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ' (ਅ. ਗ੍ਰੰ. 1390)।

ਪਵਨ-ਪੁੱਤਰ : ਹਨੂਮਾਨ ਦਾ ਇਕ ਨਾਮਾਂਤਰ। ਵੇਖੋ 'ਹਨੂਮਾਨ'।

ਪਾਹੁਲ : ਵੇਖੋ 'ਅੰਮ੍ਰਿਤ-2'।

ਪਾਖੰਡ : ਵੇਖੋ 'ਛਤੀਸ-ਪਾਖੰਡ'।

ਪਾਖੰਡੀ : ਵੇਖੋ 'ਛਤੀਸ-ਪਾਖੰਡ'।

ਪਾਂਚਾਲੀ : ਦ੍ਰੋਪਦੀ ਦੇ ਪੇਕੇ ਦੇਸ਼ ਦੇ ਆਧਾਰ 'ਤੇ ਇਕ ਨਾਮਾਂਤਰ। ਵੇਖੋ 'ਦ੍ਰੋਪਦੀ'।

ਪਾਂਡਵ : ਚੰਦ੍ਰਵੰਸ਼ੀ ਰਾਜਾ ਸ਼ਾਂਤਨੂ ਦੇ ਘਰ ਪੈਦਾ ਹੋਏ ਦੋ ਪੁੱਤਰਾਂ ਵਿਚੋਂ ਚਿਤ੍ਰਾਂਗਦ ਛੋਟੀ ਉਮਰ ਵਿਚ ਹੀ ਇਕ ਗੰਧਰਵ ਹੱਥੋਂ ਮਾਰਿਆ ਗਿਆ ਅਤੇ ਵਿਚਿਤ੍ਰਵੀਰਯ ਦੀ ਜਵਾਨੀ ਵਿਚ ਤਪੇਦਿਕ ਰੋਗ ਕਾਰਣ ਮ੍ਰਿਤੂ ਹੋ ਗਈ। ਵਿਚਿਤ੍ਰਵੀਰਯ ਦੀਆਂ ਦੋਹਾਂ ਵਿਧਵਾਵਾਂ (ਅੰਬਿਕਾ ਅਤੇ ਅੰਬਾਲਿਕਾ) ਤੋਂ ਸ਼ਾਂਤਨੂ ਦੀ ਪਤਨੀ ਸਤ੍ਯਵਤੀ ਨੇ ਆਪਣੇ ਪਹਿਲੇ ਪੁੱਤਰ ਵਿਆਸ ਤੋਂ ਨਿਯੋਗ ਰੀਤ ਨਾਲ ਦੋ ਪੁੱਤਰ ਪੈਦਾ ਕਰਵਾਏ ਜਿਨ੍ਹਾਂ ਵਿਚੋਂ ਧ੍ਰਿਤਰਾਸ਼ਟਰ ਅੰਨ੍ਹਾ ਸੀ ਅਤੇ ਪਾਂਡੂ ਪੀਲੀਏ ਦਾ ਮਰੀਜ਼ ਸੀ ਜਿਸ ਦਾ ਵਿਆਹ ਕੁੰਤੀ ਅਤੇ ਮਾਦ੍ਰੀ ਨਾਲ ਹੋਇਆ। ਕਿਮਿੰਦਯ ਰਿਸ਼ੀ ਦੇ ਸਰਾਪ ਕਾਰਣ ਉਸ ਦੀ ਮ੍ਰਿਤੂ ਇਸਤਰੀ-ਸੰਗ ਕਾਰਣ ਹੋਣੀ ਸੀ, ਇਸ ਲਈ ਉਸ ਨੇ ਮੌਤ ਤੋਂ ਡਰਦਿਆਂ ਸੰਤਾਨ ਪੈਦਾ ਕਰਨ ਦਾ ਉੱਦਮ ਨਾ ਕੀਤਾ। ਕੁੰਤੀ ਨੂੰ ਕਿਸੇ ਵੀ ਦੇਵਤੇ ਨੂੰ ਬੁਲਾ ਕੇ ਪੁੱਤਰ ਪੈਦਾ ਕਰਨ ਦਾ ਵਰ ਪ੍ਰਾਪਤ ਸੀ। ਇਸ ਲਈ ਉਸ ਨੇ ਪਾਂਡੂ ਦੀ ਆਗਿਆ ਨਾਲ ਧਰਮ, ਵਾਯੂ ਅਤੇ ਇੰਦਰ ਨਾਂ ਵਾਲੇ ਦੇਵਤਿਆਂ ਨੂੰ ਬੁਲਾ ਕੇ ਕ੍ਰਮਵਾਰ

ਯੁਧਿਸ਼ਠਿਰ, ਭੀਮ ਅਤੇ ਅਰਜੁਨ ਨਾਂ ਦੇ ਤਿੰਨ ਪੁੱਤਰ ਪੈਦਾ ਕੀਤੇ ਅਤੇ ਮਾਦ੍ਰੀ ਤੋਂ ਅਸ਼੍ਵਿਨੀ ਕੁਮਾਰਾਂ ਦੁਆਰਾ ਨਕੁਲ ਅਤੇ ਸਹਿਦੇਵ ਪੈਦਾ ਕਰਾਏ। ਇਹ ਪੰਜੇ ਪਿਤਾ ਦੇ ਨਾਂ ਕਾਰਣ 'ਪਾਂਡਵ' ਅਖਵਾਏ, ਪਰ ਉਂਜ ਇਹ ਵੀ ਕੁਰੂ ਰਾਜੇ ਦੇ ਵੰਸ਼ ਵਿਚੋਂ ਹੋਣ ਕਾਰਣ ਕੌਰਵ ਹੀ ਸਨ।

ਪਾਂਡੂ ਦੀ ਮ੍ਰਿਤੂ ਤੋਂ ਬਾਦ ਧ੍ਰਿਤਰਾਸ਼ਟਰ ਗੱਦੀ 'ਤੇ ਬੈਠਾ। ਉਸ ਨੇ ਪੰਜਾਂ ਪਾਂਡਵਾਂ ਨੂੰ ਪਾਲਿਆ ਪਰ ਹਿੱਸਾ ਦੇਣ ਵੇਲੇ ਕੁਝ ਸੰਕੋਚ ਕੀਤਾ। ਜਦੋਂ ਹਿੱਸਾ ਦਿੱਤਾ ਤਾਂ ਉਨ੍ਹਾਂ ਨੇ ਇੰਦ੍ਰਪ੍ਰਸਥ ਵਿਚ ਆਪਣੀ ਰਾਜਧਾਨੀ ਕਾਇਮ ਕੀਤੀ। ਦੁਰਯੋਧਨ ਨੇ ਉਨ੍ਹਾਂ ਨੂੰ ਜੂਏ ਵਿਚ ਹਰਾ ਕੇ ਸਭ ਕੁਝ ਹਥਿਆ ਲਿਆ। ਪਾਂਡਵਾਂ ਨੂੰ ਬਨਬਾਸ ਜਾਣਾ ਪਿਆ। ਬਾਰ੍ਹਾਂ ਸਾਲਾਂ ਦੇ ਬਨਬਾਸ ਤੋਂ ਬਾਦ ਤੇਰ੍ਹਵਾਂ ਸਾਲ ਉਨ੍ਹਾਂ ਨੂੰ ਲੁਕ-ਛਿਪ ਕੇ ਕਟਣਾ ਪਿਆ। ਉਸ ਦੌਰਾਨ ਉਹ ਵਿਰਾਟ ਰਾਜੇ ਦੀ ਸੇਵਾ ਵਿਚ ਰਹੇ। ਬਨਬਾਸ ਤੋਂ ਬਾਦ ਦੁਰਯੋਧਨ ਨੇ ਰਾਜ ਵਿਚੋਂ ਪਾਂਡਵਾਂ ਨੂੰ ਬਣਦਾ ਹਿੱਸਾ ਨਾ ਦਿੱਤਾ। ਫਲਸਰੂਪ ਮਹਾਭਾਰਤ ਦਾ ਯੁੱਧ ਹੋਇਆ ਜਿਸ ਵਿਚ ਪਾਂਡਵ ਜਿੱਤੇ। ਸ੍ਰੀ ਕ੍ਰਿਸ਼ਣ ਪਾਂਡਵਾਂ ਦੇ ਧੜੇ ਨਾਲ ਸਨ। ਕਾਲਾਂਤਰ ਵਿਚ ਰਾਜ-ਭਾਗ ਅਭਿਮਨ੍ਯੁ ਦੇ ਪੁੱਤਰ ਪਰੀਕ੍ਸ਼ਿਤ ਨੂੰ ਸੌਂਪ ਕੇ ਹਿਮਾਲਾ ਪਰਬਤ ਵਲ ਚਲੇ ਗਏ ਅਤੇ ਉਥੇ ਹੀ ਇਨ੍ਹਾਂ ਦਾ ਅੰਤ ਹੋਇਆ। ਇਨ੍ਹਾਂ ਵਲ ਸੰਕੇਤ ਕਰਦਿਆਂ ਗੁਰੂ ਨਾਨਕ ਦੇਵ ਨੇ ਕਿਹਾ ਹੈ—'ਰੋਵਹਿ ਪਾਂਡਵ ਭਏ ਮਜੂਰ।/ ਜਿਨ ਕੈ ਸੁਆਮੀ ਰਹਤ ਹਦੂਰਿ' (ਅ. ਗ੍ਰੰ. 954)।

ਪਾਣਿਨੀ : ਸੰਸਕ੍ਰਿਤ ਵਿਆਕਰਣ ਦੇ ਪ੍ਰਤਿਸ਼ਠਿਤ ਆਚਾਰਯ ਪਾਣਿਨੀ ਦਾ ਸਮਾਂ ਵਿਦਵਾਨਾਂ ਨੇ 700 ਤੋਂ 300 ਈ. ਪੂ. ਤਕ ਮੰਨਿਆ ਹੈ। ਇਸ ਦਾ ਜਨਮ ਕਾਬਲ ਅਤੇ ਸਿੰਧ ਦਰਿਆਵਾਂ ਦੇ ਸੰਗਮ ਦੇ ਕੁਝ ਦੂਰ ਸਲਾਤ (ਸ਼ਲਾਤੁਰ) ਨਾਂ ਦੇ ਪਿੰਡ ਵਿਚ ਦੇਵਲ ਦੇ ਪੁੱਤਰ ਦੇ ਘਰ ਦਾਕ੍ਸ਼ੀ ਦੀ ਕੁੱਖੋਂ ਹੋਇਆ। ਇਸ ਕਰਕੇ ਇਸ ਨੂੰ ਦਾਕ੍ਸ਼ੇਯ ਵੀ ਕਿਹਾ ਜਾਂਦਾ ਹੈ। ਪਰ ਪਿੰਡ ਦੇ ਪਿਛੋਕੜ ਦੇ ਆਧਾਰ 'ਤੇ ਸ਼ਾਲਾਤੁਰੀਯ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਦੇ ਗੁਰੂ ਦਾ ਨਾਂ ਉਪਵਰਸ਼ ਸੀ। ਪਾਣਿਨੀ ਤੋਂ ਪਹਿਲਾਂ ਸ਼ਬਦ-ਵਿਦਿਆ ਅਤੇ ਵਿਆਕਰਣ ਦੇ ਕਈ ਵਿਦਵਾਨ ਹੋ ਚੁੱਕੇ ਸਨ। ਉਨ੍ਹਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਵਿਚ ਪ੍ਰਗਟਾਏ ਸਿੱਧਾਂਤਾਂ ਨੂੰ ਪੜ੍ਹ ਕੇ ਪਾਣਿਨੀ ਦੀ ਤਸੱਲੀ ਨਾ ਹੋਈ। ਫਲਸਰੂਪ ਇਸ ਨੇ ਸੰਸਕ੍ਰਿਤ ਵਿਆਕਰਣ ਨੂੰ ਵਿਵਸਥਿਤ ਕਰਨ ਦਾ ਉੱਦਮ ਕੀਤਾ।

ਪਾਣਿਨੀ ਦੀ ਸਭ ਤੋਂ ਮਹੱਤਵਪੂਰਣ ਦੇਣ 'ਅਸ਼ਟਾਧਿਆਈ' ਦੀ ਰਚਨਾ ਹੈ। ਇਹ ਅੱਠ ਅਧਿਆਵਾਂ ਵਿਚ ਵੰਡਿਆ ਸੰਸਕ੍ਰਿਤ ਵਿਆਕਰਣ ਹੈ। ਪਾਣਿਨੀ ਦੇ ਸਮੇਂ ਤਕ ਸੰਸਕ੍ਰਿਤ ਭਾਸ਼ਾ ਵਿਚ ਕਈ ਤਬਦੀਲੀਆਂ ਹੁੰਦੀਆਂ ਰਹੀਆਂ ਸਨ, ਪਰ 'ਅਸ਼ਟਾਧਿਆਈ' ਦੀ ਰਚਨਾ ਨਾਲ ਸੰਸਕ੍ਰਿਤ ਭਾਸ਼ਾ ਵਿਚ ਪੱਕੀ ਸਥਿਰਤਾ ਆ ਗਈ। ਇਸ ਵਿਆਕਰਣ ਦਾ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਨੇ ਪ੍ਰਭਾਵ ਗ੍ਰਹਿਣ ਕੀਤਾ ਹੈ। ਇਸ ਵਿਚ ਬਹੁਤ ਸਾਰੀ ਇਤਿਹਾਸਿਕ ਮਹੱਤਵ ਵਾਲੀ ਸਾਮਗ੍ਰੀ ਵੀ ਮਿਲਦੀ ਹੈ।

ਇਸ ਦੇ ਅੱਠ ਅਧਿਆਵਾਂ ਵਿਚ ਕੁਲ 3996 ਸੂਤ੍ਰ ਹਨ ਜਿਨ੍ਹਾਂ ਵਿਚ ਸੰਧੀ,

ਸੁਬੰਤ, ਕ੍ਰਿਦੰਤ, ਉਣਾਦਿ, ਆਖਿਆਤ, ਨਿਪਾਤ, ਉਪ-ਸੰਖਿਆਨ, ਸੁਰਵਿਧਿ, ਸ਼ਿਕ੍ਸ਼ਾ ਅਤੇ ਤੱਧਤਿ ਆਦਿ ਵਿਸ਼ਿਆਂ ਦਾ ਵਿਸ਼ਲੇਸ਼ਣ ਹੋਇਆ ਹੈ। ਇਸ ਵਿਚ ਵਰਤੇ ਪਾਰਿਭਾਸ਼ਿਕ ਸ਼ਬਦ ਕੁਝ ਪਾਣਿਨੀ ਨੇ ਖ਼ੁਦ ਬਣਾਏ ਹਨ ਅਤੇ ਕੁਝ ਪਰੰਪਰਾ ਤੋਂ ਗ੍ਰਹਿਣ ਕਰਕੇ ਉਨ੍ਹਾਂ ਦੀ ਨਵੀਂ ਵਿਆਖਿਆ ਅਤੇ ਵਰਤੋਂ ਕੀਤੀ ਹੈ। ਇਸੇ ਵਿਆਕਰਣ ਦੇ ਆਧਾਰ ਤੇ ਬਾਦ ਵਿਚ 'ਲਘੁ ਸਿੱਧਾਂਤ ਕੌਮਦੀ' ਅਤੇ 'ਸਿੱਧਾਂਤ ਕੌਮਦੀ' ਦੀ ਰਚਨਾ ਹੋਈ ਹੈ। ਸੰਸਕ੍ਰਿਤ ਭਾਸ਼ਾ ਵਿਚ ਰਚੇ ਸਾਹਿੱਤ ਨੂੰ ਪੜ੍ਹਨ ਲਈ 'ਅਸ਼ਟਾਧਿਆਈ' ਬਹੁਤ ਉਪਯੋਗੀ ਹੈ। ਗੁਰੂ ਨਾਨਕ ਦੇਵ ਨੇ ਧਨਾਸਰੀ ਰਾਗ ਵਿਚ ਇਸ ਦਾ ਹਵਾਲਾ ਦਿੰਦਿਆਂ ਦਸਿਆ ਹੈ ਕਿ ਪੰਡਿਤ ਲੋਕ ਅਸ਼ਟਾਧਿਆਈ ਆਦਿ ਪੁਸਤਕਾਂ ਸਾਜ ਕੇ (ਰਚ ਕੇ) ਉਨ੍ਹਾਂ ਅਨੁਸਾਰ ਪੁਰਾਣਾਂ ਅਤੇ ਵੇਦਾਂ ਨੂੰ ਘੋਖਦੇ ਅਤੇ ਵਿਚਾਰਦੇ ਹਨ— 'ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸ' (ਅ. ਗ੍ਰੰ. 663)।

ਪਾਤਾਲ : ਧਰਤੀ ਦੇ ਹੇਠਲੇ ਭਾਗ ਨੂੰ 'ਪਾਤਾਲ' ਕਿਹਾ ਜਾਂਦਾ ਹੈ। ਇਹ ਪਾਤਾਲ ਗਿਣਤੀ ਵਿਚ ਸੱਤ ਦਸੇ ਜਾਂਦੇ ਹਨ। ਪੁਰਾਣ-ਸਾਹਿੱਤ ਵਿਚ ਇਨ੍ਹਾਂ ਬਾਰੇ ਵਿਸਤਾਰ-ਸਹਿਤ ਵਿਵਰਣ ਮਿਲ ਜਾਂਦਾ ਹੈ। 'ਵਿਸ਼ਣੁ-ਪੁਰਾਣ' ਅਨੁਸਾਰ ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ— ਅਤਲ, ਵਿਤਲ, ਨਿਤਲ, ਗਭਸ੍ਤਿਮਤ, ਮਹਾਤਲ, ਸੁਤਲ ਤੇ ਪਾਤਾਲ। 'ਪਦਮ-ਪੁਰਾਣ' ਵਿਚ ਦਿੱਤੇ ਸੱਤ ਪਾਤਾਲਾਂ ਦੇ ਨਾਂ 'ਵਿਸ਼ਣੂ-ਪੁਰਾਣ' ਨਾਲੋਂ ਦੋ ਨਾਵਾਂ ਵਿਚ ਭਿੰਨਤਾ ਰਖਦੇ ਹਨ— ਅਤਲ, ਵਿਤਲ, ਸੁਤਲ, ਤਲਾਤਲ, ਮਹਾਤਲ, ਰਸਾਤਲ ਅਤੇ ਪਾਤਾਲ। ਇਨ੍ਹਾਂ ਵਿਚੋਂ ਪਹਿਲਿਆਂ ਚੌਹਾਂ ਵਿਚ ਕ੍ਰਮਵਾਰ ਮਹਾਮਾਯਾ, ਹਾਟਕੇਸ਼੍ਵਰ, ਬਲੀ ਅਤੇ ਮਾਯਾ ਦਾ ਰਾਜ-ਪ੍ਰਬੰਧ ਹੈ। ਮਹਾਤਲ ਵਿਚ ਅਜਗਰ ਨਿਵਾਸ ਕਰਦੇ ਹਨ; ਰਸਾਤਲ ਵਿਚ ਦੈਂਤਾਂ ਅਤੇ ਦਾਨਵਾਂ ਦੀ ਰਿਹਾਇਸ਼ ਹੈ ਅਤੇ ਪਾਤਾਲ ਵਿਚ ਵਾਸੁਕੀ ਨਾਗ ਰਾਜ ਕਰਦਾ ਹੈ।

'ਸ਼ਿਵ-ਪੁਰਾਣ' ਵਿਚ ਪਾਤਾਲਾਂ ਦੀ ਗਿਣਤੀ ਅੱਠ ਕੀਤੀ ਗਈ ਹੈ, ਜਿਵੇਂ—ਪਾਤਾਲ, ਤਲ, ਅਤਲ, ਵਿਤਲ, ਤਾਲ, ਵਿਧੀ ਪਾਤਾਲ, ਸ਼ਰਕਰਾ-ਭੂਮੀ ਅਤੇ ਵਿਜਯ। ਕਹਿੰਦੇ ਹਨ ਕਿ 'ਐਸ਼ਵਰਜ ਪੱਖੋਂ' ਇਹ ਪਾਤਾਲ ਇੰਦਰਪੁਰੀ ਨੂੰ ਵੀ ਮਾਤ ਪਾਉਂਦੇ ਹਨ। ਗੁਰੂ ਨਾਨਕ ਦੇਵ ਨੇ ਪਾਤਾਲਾਂ ਦੀ ਗਿਣਤੀ ਲੱਖਾਂ ਵਿਚ ਦਸੀ ਹੈ—'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' (ਅ. ਗ੍ਰੰ. 5)।

ਪਾਪ : ਸਥੂਲ ਰੂਪ ਵਿਚ ਪਾਪ' ਅਜਿਹੇ ਕਰਮ ਦਾ ਲਖਾਇਕ ਹੈ ਜਿਸ ਤੋਂ ਮਨੁੱਖ ਨੂੰ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਸਮਾਜ ਦੇ ਸਥਾਪਿਤ ਆਚਾਰ, ਅਖ਼ਲਾਕ ਜਾਂ ਨੈਤਿਕਤਾ, ਈਸ਼ਵਰੀ ਨਿਯਮਾਂ, ਇਸ਼ਟ ਜਾਂ ਧਰਮ ਪ੍ਰਤਿ ਪ੍ਰਵਾਨਿਤ ਕਰਤੱਵਾਂ ਆਦਿ ਦੀ ਉਲੰਘਣਾ ਆਮ ਤੌਰ ਤੇ 'ਪਾਪ' ਸਮਝੀ ਜਾਂਦੀ ਹੈ। ਪਾਪ ਦੀ ਕਲਪਨਾ ਜਾਂ ਮਾਨਤਾ ਦੀ ਸਥਾਪਨਾ ਸਾਰਿਆਂ ਧਰਮਾਂ, ਦੇਸ਼ਾਂ ਜਾਂ ਜਾਤੀਆਂ ਵਿਚ ਹੋਈ ਹੈ।

ਮਨੁੱਖ ਦੇ ਮਨ ਵਿਚ ਪਾਪ ਦੀ ਕਲਪਨਾ ਕਦੋਂ ਸ਼ੁਰੂ ਹੋਈ, ਇਸ ਬਾਰੇ ਪ੍ਰਮਾਣਿਕ ਤੌਰ ਤੇ ਕੁਝ ਕਹਿ ਸਕਣਾ ਸਰਲ ਨਹੀਂ। ਇਸ ਦਾ ਸੰਬੰਧ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ। ਕੋਈ ਕਰਮ ਕਿਸੇ ਦੇਸ਼ ਜਾਂ ਜਾਤਿ ਲਈ ਪੁੰਨ ਹੈ ਤਾਂ ਕਿਸੇ ਹੋਰ ਵਿਚ ਪਾਪ

ਵੀ ਸਮਝਿਆ ਜਾ ਸਕਦਾ ਹੈ ।

ਮੁੱਖ ਤੌਰ ਤੇ ਪਾਪ ਦਾ ਸੰਬੰਧ ਧਰਮ-ਸ਼ਾਸਤ੍ਰ ਨਾਲ ਹੈ। ਬੁੱਧ-ਮਤ ਵਿਚ ਨਿਖਿਧ ਕਰਮ ਕਰਨਾ ਅਤੇ ਕਰਨ-ਯੋਗ ਕਰਮ ਨਾ ਕਰਨਾ ਪਾਪ ਹੈ। ਵੇਦਾਂਤ ਅਨੁਸਾਰ ਧਰਮ ਤੋਂ ਉਲਟ ਸ਼ਾਸਤ੍ਰਾਂ ਵਿਚ ਵਰਜਿਤ ਕਰਮਾਂ ਨੂੰ ਕਰਨ ਨਾਲ ਪੈਦਾ ਹੋਣ ਵਾਲੇ ਅਧਰਮ, ਆਤਮਾ ਦੇ ਨਾਲ ਜੁੜੇ ਰਹਿ ਕੇ ਜਨਮਾਂਤਰਾਂ ਵਿਚ ਦੁੱਖਦਾਈ ਪਾਪ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਸਾਂਖ ਮਤ ਵਾਲੇ ਮਨੁੱਖ ਵਿਚ ਰਜੋ ਗੁਣ ਦੇ ਵਾਧੇ ਨੂੰ ਪਾਪ ਮੰਨਦੇ ਹਨ ।

ਪਾਪਾਂ ਦੀ ਗਿਣਤੀ ਸਮੇਂ-ਸਮੇਂ ਵਧਦੀ ਰਹੀ ਹੈ। ਇਨ੍ਹਾਂ ਸਾਰਿਆਂ ਲਈ ਵਰਗ-ਵੰਡ ਵੀ ਕੀਤੀ ਗਈ ਹੈ। ਹਿੰਦੂ ਧਰਮ ਵਿਚ ਮੁੱਖ ਤੌਰ 'ਤੇ ਪੰਜ ਪਾਪ-ਵਰਗ ਮੰਨੇ ਗਏ ਹਨ—ਮਹਾ ਪਾਪ, ਅਤਿ ਪਾਪ, ਪਾਤਕ, ਪ੍ਰਸੰਗਿਕ ਅਤੇ ਉਪ-ਪਾਤਕ। 'ਮਹਾਭਾਰਤ' ਵਿਚ ਦਸੇ ਗਏ ਦਸ ਮਹਾ ਪਾਪ ਇਸ ਪ੍ਰਕਾਰ ਲਿਖੇ ਹਨ—ਹਿੰਸਾ, ਚੋਰੀ, ਪਰ-ਤ੍ਰੀਆ-ਗਮਨ, ਝੂਠ, ਕੌੜਾ ਬੋਲ, ਚੁਗ਼ਲੀ ਕਰਨਾ, ਪ੍ਰਣ ਤੋੜਨਾ, ਬੁਰਾ ਸੋਚਣਾ, ਨਿਰਦਈ ਹੋਣਾ, ਪੁੰਨਦਾਨ ਤੋਂ ਫਲ ਦੀ ਇੱਛਾ ਕਰਨਾ। 'ਮਨੂ ਸਮ੍ਰਿਤੀ' (ਅ. 11) ਵਿਚ ਮਹਾ ਪਾਪਾਂ ਦੀ ਗਿਣਤੀ ਪੰਜ ਹੈ—ਬ੍ਰਹਮ-ਹਤਿਆ, ਸੁਰਾਪਾਨ, ਚੋਰੀ, ਪਰ-ਇਸਤ੍ਰੀ-ਗਮਨ ਅਤੇ ਅਜਿਹੇ ਪਾਪ ਕਰਨ ਵਾਲਿਆਂ ਦੇ ਸੰਪਰਕ ਵਿਚ ਆਉਣਾ। ਸਿੱਖ ਧਰਮ ਵਿਚ ਰਹਿਤਨਾਮਿਆਂ ਵਿਚ ਪਾਪਾਂ ਦੀ ਕਾਫ਼ੀ ਗਿਣਤੀ ਦਿੱਤੀ ਹੋਈ ਹੈ। ਹਰ ਪ੍ਰਕਾਰ ਦੀ ਕੁਰਹਿਤ ਸਿੱਖਾਂ ਲਈ ਪਾਪ ਹੈ ।

ਇਸਲਾਮ ਵਾਲਿਆਂ ਨੇ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਪਾਪ (ਗੁਨਾਹ) ਮੰਨੇ ਹਨ—ਲਘੂ-ਪਾਪ ਅਤੇ ਮਹਾ-ਪਾਪ। ਮਹਾ ਪਾਪਾਂ ਦੀ ਸੂਚੀ ਕੁਝ ਇਸ ਪ੍ਰਕਾਰ ਹੈ—ਰੱਬ ਦੇ ਬਰਾਬਰ ਕਿਸੇ ਹੋਰ ਨੂੰ ਮੰਨਣਾ, ਵਿਭਚਾਰ ਕਰਨਾ, ਜਾਣ ਬੁਝ ਕੇ ਕਤਲ ਕਰਨਾ, ਚੋਰੀ, ਗ਼ੈਰ-ਕੁਦਰਤੀ ਸੰਭੋਗ, ਸ਼ਰਾਬਨੋਸ਼ੀ, ਝੂਠੀ ਗਵਾਹੀ, ਯਤੀਮਾਂ ਨਾਲ ਧੋਖਾ, ਜਾਦੂ-ਟੂਣਾ, ਰੋਜ਼ਾ ਰਖਣ ਜਾਂ ਨਮਾਜ਼ ਗੁਜ਼ਾਰਨ ਵਿਚ ਅਵੇਸਲਾ ਹੋਣਾ ਆਦਿ ।

ਈਸਾਈ ਮਤ ਵਿਚ ਦੋ ਤਰ੍ਹਾਂ ਦੇ ਪਾਪਾਂ ਦੀ ਗੱਲ ਹੋਈ ਹੈ—ਆਦਿ-ਪਾਪ ਅਤੇ ਵਿਅਕਤੀਗਤ-ਪਾਪ। ਆਦਿ-ਪਾਪ ਦਾ ਸੰਬੰਧ ਆਦਮ ਅਤੇ ਹਵਾ ਨਾਲ ਜਾ ਜੁੜਦਾ ਹੈ ਜਿਸ ਕਰਕੇ ਉਨ੍ਹਾਂ ਨੂੰ ਧਰਤੀ ਉਤੇ ਸੁਟਿਆ ਗਿਆ ਸੀ। ਸਾਰੇ ਮਨੁੱਖ ਉਸੇ ਪਾਪ ਦੇ ਭਾਗੀ ਬਣ ਕੇ ਜਨਮ ਲੈਂਦੇ ਹਨ। ਇਸ ਤੋਂ ਛੁਟਕਾਰਾ ਈਸਾਈ ਮਤ ਵਿਚ ਦੀਖਿਅਤ ਹੋਣ ਨਾਲ ਹੀ ਸੰਭਵ ਹੈ। ਵਿਅਕਤੀਗਤ-ਪਾਪ ਆਪਣੀ ਸੁਤੰਤਰ ਇੱਛਾ ਦੀ ਦੁਰਵਰਤੋਂ ਦੁਆਰਾ ਜਾਣ-ਬੁਝ ਕੇ ਈਸ਼ਵਰੀ ਇੱਛਾ ਦੇ ਵਿਰੁੱਧ ਆਚਰਣ ਕਰਨ ਨਾਲ ਹੁੰਦੇ ਹਨ ।

ਸਮੁੱਚੇ ਤੌਰ ਤੇ ਧਰਮ ਆਧਾਰਿਤ ਮਰਯਾਦਾ, ਨੈਤਿਕਤਾ ਅਤੇ ਈਸ਼ਵਰੀ ਨਿਯਮਾਂ ਦੇ ਵਿਰੁੱਧ ਕੀਤਾ ਹੋਇਆ ਕਰਮ 'ਪਾਪ' ਹੈ। ਇਸ ਤਰ੍ਹਾਂ ਚੰਗਾ ਕਰਮ ਪੁੰਨ ਹੈ ਅਤੇ ਮਾੜਾ ਕਰਮ ਪਾਪ ਹੈ। ਕਰਮ ਦੇ ਇਨ੍ਹਾਂ ਦੋਹਾਂ ਰੂਪਾਂ ਦੇ ਆਧਾਰ ਤੇ ਸ੍ਰਿਸ਼ਟੀ ਦਾ ਚੱਕਰ ਜਾਂ ਆਵਾਗਵਣ ਦੀ ਪ੍ਰਕ੍ਰਿਆ ਚਲਦੀ ਹੈ। ਇਨ੍ਹਾਂ ਦੋਹਾਂ ਦੀਆਂ ਸੀਮਾਵਾਂ ਤੋਂ ਉੱਚਾ

ਉਠਣ 'ਤੇ ਹੀ ਪਰਮਾਤਮਾ ਦਾ ਮੇਲ ਸੰਭਵ ਹੈ । ਗੁਰੂ ਅਮਰਦਾਸ ਅਨੁਸਾਰ—'ਕਾਇਆ ਅੰਦਰਿ ਪਾਪ ਪੁੰਨੁ ਦੁਇ ਭਾਈ ।/ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ।/ ਦੋਵੈ ਮਾਰਿ ਜਾਇ ਇਕਤ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ' (ਅ. ਗ੍ਰੰ. 126) ।

ਪਾਰਸ ਭਾਗ : ਸੇਵਾਪੰਥੀ ਸਾਧਕ ਭਾਈ ਅੱਡਣਸ਼ਾਹ ਦੁਆਰਾ ਕੀਤਾ 'ਕੀਮਯਾਏ ਸਆਦਤ ਦਾ ਭਾਖਾ-ਰੂਪਾਂਤਰਣ । ਵੇਖੋ 'ਸੇਵਾ-ਪੰਥ' ।

ਪਾਰਜਾਤ/ਪਾਰਿਜਾਤ : ਵੇਖੋ 'ਕਲਪਤਰੂ' ।

ਪਾਰਥ : ਅਰਜੁਨ ਦਾ ਇਕ ਨਾਮਾਂਤਰ । ਵੇਖੋ 'ਅਰਜੁਨ' ।

ਪਾਰਬਤੀ : ਇਸ ਦਾ ਸ਼ਾਬਦਿਕ ਅਰਥ ਹੈ ਪਰਬਤ ਦੀ ਪੁੱਤਰੀ । 'ਬ੍ਰਹਮ ਪੁਰਾਣ' ਅਨੁਸਾਰ ਸ਼ੈਲੇਂਦ੍ਰ (ਹਿਮਾਲਯ ਪਰਬਤ) ਨੇ ਕਠਿਨ ਤਪਸਿਆ ਕਰਕੇ ਬ੍ਰਹਮਾ ਤੋਂ ਵਰ ਪ੍ਰਾਪਤ ਕੀਤਾ ਜਿਸ ਕਰਕੇ ਉਸ ਦੇ ਘਰ ਮੇਨਾ ਦੀ ਕੁੱਖੋਂ ਤਿੰਨ ਪੁੱਤਰੀਆਂ—ਅਪਰਣਾ, ਇਕ-ਪਰਣਾ, ਇਕ-ਪਾਟਲਾ—ਦਾ ਜਨਮ ਹੋਇਆ । ਇਨ੍ਹਾਂ ਵਿਚੋਂ ਇਕ-ਪਰਣਾ ਅਤੇ ਇਕ-ਪਾਟਲਾ ਨੇ ਇਕ ਹਜ਼ਾਰ ਵਰ੍ਹੇ ਬਾਦ ਭੋਜਨ ਕੀਤਾ, ਪਰ ਅਪਰਣਾ ਨੇ ਉਦੋਂ ਵੀ ਕੋਈ ਚੀਜ਼ ਨਾ ਖਾਈ । ਮੇਨਾ ਨੇ ਉਸ ਨੂੰ 'ਉ + ਮਾ' ਕਹਿ ਕੇ ਕਠੋਰ ਤਪਸਿਆ ਤੋਂ ਰੋਕਿਆ । ਉਸ ਦਿਨ ਤੋਂ ਹੀ ਉਸ ਦਾ ਨਾਂ 'ਉਮਾ' ਪ੍ਰਚਲਿਤ ਹੋ ਗਿਆ ।

ਉਮਾ ਦੀ ਅਦੁੱਤੀ ਤਪਸਿਆ ਤੋਂ ਪ੍ਰਸੰਨ ਹੋ ਕੇ ਸ਼ਿਵ ਨੇ ਉਸ ਅਗੇ ਵਿਆਹ ਦਾ ਪ੍ਰਸਤਾਵ ਰਖਿਆ । ਉਸ ਨੇ ਸ਼ਿਵ ਨੂੰ ਅਜਿਹਾ ਪ੍ਰਸਤਾਵ ਆਪਣੇ ਪਿਤਾ ਸ਼ੈਲੇਂਦ੍ਰ ਅਗੇ ਰਖਣ ਲਈ ਕਿਹਾ । ਸ਼ਿਵ ਨੇ ਵਿਗੜੇ ਹੋਏ ਰੂਪਾਕਾਰ ਵਿਚ ਸ਼ੈਲੇਂਦ੍ਰ ਅਗੇ ਪ੍ਰਸਤਾਵ ਰਖਿਆ ਜੋ ਉਸ ਨੂੰ ਨਾ ਜਚਿਆ । ਸ਼ੈਲੇਂਦ੍ਰ ਨੇ ਉਮਾ ਦਾ ਵਿਆਹ ਸੁਅੰਬਰ ਦੁਆਰਾ ਕਰਨ ਦਾ ਨਿਰਣਾ ਕੀਤਾ । ਸੁਅੰਬਰ ਦੇ ਮੌਕੇ ਸ਼ਿਵ ਨੇ ਬਾਲਕ ਦਾ ਰੂਪ ਧਾਰਣ ਕਰ ਲਿਆ । ਉਮਾ ਨੇ ਉਸ ਨੂੰ ਪਛਾਣ ਲਿਆ ਅਤੇ ਗਲੇ ਨਾਲ ਲਾ ਲਿਆ । ਤਦ ਉਪਰੰਤ ਸ਼ਿਵ ਨੇ ਆਪਣਾ ਰੂਪ ਪ੍ਰਗਟ ਕੀਤਾ । ਬ੍ਰਹਮਾ ਨੇ ਦੋਹਾਂ ਦਾ ਵਿਆਹ ਕਰ ਦਿੱਤਾ । ਇਕ ਵਾਰ ਉਮਾ ਦੀ ਮਾਤਾ ਨੇ ਸ਼ਿਵ ਦੀ ਦਰਿਦ੍ਰਤਾ ਵਲ ਸੰਕੇਤ ਕੀਤਾ । ਪਤਾ ਲਗਣ ਤੇ ਸ਼ਿਵ ਉਮਾ ਅਤੇ ਗਣਾਂ ਸਹਿਤ ਮੇਰੂ ਪਰਬਤ ਉਤੇ ਚਲਿਆ ਗਿਆ ।

'ਸਕੰਦ ਪੁਰਾਣ' ਅਨੁਸਾਰ ਉਮਾ ਪਹਿਲਾਂ ਕਾਲੇ ਰੰਗ ਦੀ ਸੀ, ਪਰ ਅਨਰਕੇਸ਼੍ਵਰ ਤੀਰਥ ਵਿਚ ਇਸ਼ਨਾਨ ਕਰਕੇ ਸ਼ਿਵ-ਲਿੰਗ ਨੂੰ ਦੀਪ-ਦਾਨ ਕਰਨ ਨਾਲ, ਗੋਰੇ ਰੰਗ ਦੀ ਹੋ ਗਈ ਅਤੇ 'ਗੌਰੀ' ਅਖਵਾਈ । ਇਕ ਵਿਚਾਰ ਅਨੁਸਾਰ ਪਰਬਤ ਦੀ ਸਰਵ ਪ੍ਰਮੁਖ ਦੇਵੀ ਹੋਣ ਕਾਰਣ ਇਸ ਦਾ ਨਾਂ 'ਪਾਰਬਤੀ' ਪਿਆ । ਦੁਰਗਾ, ਕਾਲੀ, ਭਵਾਨੀ ਆਦਿ ਵੀ ਇਸ ਦੇ ਨਾਮਾਂਤਰ ਜਾਂ ਰੂਪਾਂਤਰ ਮੰਨੇ ਜਾਂਦੇ ਹਨ । ਹਿੰਦੂ ਧਰਮ ਵਿਚ, ਖ਼ਾਸ ਕਰਕੇ ਸ਼ਿਵ-ਮਤ ਵਾਲਿਆਂ ਅਤੇ ਦੇਵੀ ਦੇ ਉਪਾਸਕਾਂ ਵਿਚ, ਇਸ ਦੀ ਪੂਜਾ ਹੁੰਦੀ ਹੈ । ਗੁਰਮਤਿ ਅਨੁਸਾਰ ਦੇਵੀ ਦੇਵਤਿਆਂ ਦੀ ਕੋਈ ਸੁਤੰਤਰ ਸੱਤਾ ਨਹੀਂ, ਸਭ ਗੁਰੂ-ਰੂਪ ਪਰਮਾਤਮਾ ਵਿਚ ਹੀ ਸਮਾਏ ਹੋਏ ਹਨ—'ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ।/ਗੁਰੂ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ' (ਅ. ਗ੍ਰੰ. 2) ।

'ਦੁਰਗ' ਦੈਂਤ ਨੂੰ ਮਾਰਨ ਕਰਕੇ ਇਸ ਦਾ ਨਾਂ 'ਦੁਰਗਾ' ਪਿਆ। ਇਸ ਦੀ ਵੀਰਤਾ ਦਾ ਪ੍ਰਸੰਗ 'ਮਾਰਕੰਡੇਯ ਪੁਰਾਣ' ਦੀ "ਦੁਰਗਾ ਸਪਤਸ਼ਤੀ" ਵਿਚ ਵਿਸਤਾਰ ਨਾਲ ਦਿੱਤਾ ਹੋਇਆ ਹੈ। ਇਹ ਸ਼ੇਰ ਦੀ ਸਵਾਰੀ ਕਰਦੀ ਹੈ ਅਤੇ ਇਸ ਦੀਆਂ ਅੱਠ ਭੁਜਾਵਾਂ ਹਨ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਸ਼ਸਤ੍ਰ ਧਾਰਣ ਕੀਤੇ ਹੋਏ ਹਨ। ਇੰਦਰ ਅਤੇ ਹੋਰਨਾਂ ਦੇਵਤਿਆਂ ਦੀ ਸਹਾਇਤਾ ਲਈ ਇਸ ਨੇ ਮਹਿਖਾਸੁਰ ਅਤੇ ਸ਼ੁੰਭ-ਨਿਸ਼ੁੰਭ ਨਾਂ ਦੇ ਦੈਂਤਾਂ ਨੂੰ ਮਾਰ ਕੇ ਇੰਦਰਪੁਰੀ ਤੋਂ ਬਾਹਰ ਕਢਿਆ ਅਤੇ ਇੰਦਰ ਨੂੰ ਫਿਰ ਇੰਦਰਾਸਨ ਉਤੇ ਬਿਠਾਇਆ। ਨਿਰਗੁਣਵਾਦੀ ਸੰਤਾਂ ਨੇ ਦੇਵੀ-ਦੇਵਤਿਆਂ ਦੀ ਪੂਜਾ ਤੋਂ ਹਟ ਕੇ ਨਿਰਾਕਾਰ ਬ੍ਰਹਮ ਦੀ ਉਪਾਸਨਾ ਕੀਤੀ। ਸੰਤ ਕਬੀਰ ਅਨੁਸਾਰ ਦੁਰਗਾ ਵਰਗੀਆਂ ਕਰੋੜਾਂ ਦੇਵੀਆਂ ਪਰਮਾਤਮਾ ਦੀ ਸੇਵਾ ਵਿਚ ਲੀਨ ਹਨ—'ਦੁਰਗਾ ਕੋਟਿ ਜਾ ਕੈ ਮਰਦਨੁ ਕਰੈ' (ਅ. ਗ੍ਰੰ. 1162)।

ਪਾਰੋ : ਵੇਖੋ 'ਪਾਰਬਤੀ'।

ਪਿਸ਼ਾਚ : ਦੇਵਤਿਆਂ ਅਤੇ ਯਕ੍ਸ਼ਾਂ ਤੋਂ ਘਟੀਆ ਸਮਝੀ ਜਾਣ ਵਾਲੀ ਇਕ ਜੂਨ ਜਿਸ ਨੂੰ ਮਾਸਾਹਾਰੀ ਮੰਨਿਆ ਜਾਂਦਾ ਹੈ। 'ਅਥਰਵਵੇਦ' ਅਤੇ ਉਸ ਤੋਂ ਬਾਦ ਹੋਂਦ ਵਿਚ ਆਏ ਸੰਘਿਤਾ-ਗ੍ਰੰਥਾਂ ਵਿਚ ਇਸ ਨੂੰ ਅਸੁਰਾਂ ਦਾ ਇਕ ਵਰਗ ਦਸਿਆ ਗਿਆ ਹੈ ਜੋ ਕੱਚਾ ਮਾਸ ਖਾਂਦੇ ਸਨ। 'ਤੈਤਿਰੀਯ ਸੰਘਿਤਾ' (2, 4) ਵਿਚ ਇਸ ਦਾ ਸੰਬੰਧ ਰਾਖਸ਼ਾਂ ਅਤੇ ਅਸੁਰਾਂ ਨਾਲ ਜੋੜਦੇ ਹੋਇਆਂ ਇਸ ਨੂੰ ਮਨੁੱਖਾਂ ਅਤੇ ਪਿਤਰਾਂ ਦਾ ਵਿਰੋਧੀ ਚਿਤਰਿਆ ਗਿਆ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਮਨੁੱਖਾਂ ਦੇ ਮਾਸ ਨੂੰ ਖਾਣ ਵਿਚ ਰੁਚੀ ਰਖਣ ਵਾਲੇ ਅਸੁਰਾਂ ਅਥਵਾ ਰਾਖਸ਼ਾਂ ਨੂੰ ਹੀ 'ਪਿਸ਼ਾਚ' ਕਿਹਾ ਜਾਣ ਲਗਿਆ।

ਪੁਰਾਣ-ਸਾਹਿੱਤ ਅਨੁਸਾਰ ਇਹ ਕਸ਼੍ਯਪ ਰਿਸ਼ੀ ਦੇ ਘਰ ਪਿਸ਼ਾਚਾ ਜਾਂ ਕਪਿਸ਼ਾ ਦੀ ਕੁੱਖੋਂ ਪੈਦਾ ਹੋਏ ਸਨ। ਅਸਲ ਵਿਚ, ਆਰਯ ਲੋਕਾਂ ਨੇ ਭਾਰਤ ਵਿਚ ਆ ਕੇ ਇਥੋਂ ਦੀਆਂ ਮੂਲ ਜਾਤੀਆਂ ਨੂੰ ਅਸਭਿ ਕਹਿ ਕੇ ਬਹੁਤ ਨਿੰਦਿਆ। ਉਨ੍ਹਾਂ ਜਾਤੀਆਂ ਵਿਚੋਂ ਹੀ ਉੱਤਰ-ਪੱਛਮੀ ਭਾਰਤ ਵਿਚ ਰਹਿਣ ਵਾਲੀ ਕਿਸੇ ਜਾਤੀ ਨੂੰ 'ਪਿਸ਼ਾਚ' ਨਾਂ ਦਿੱਤਾ ਗਿਆ ਜੋ ਨਰ-ਮਾਸ ਦਾ ਆਹਾਰ ਕਰਦੀ ਹੋਵੇਗੀ। ਪਿਸ਼ਾਚਾਂ ਦੇ ਨਾਂ ਨਾਲ 'ਪਿਸ਼ਾਚ-ਵੇਦ' ਜਾਂ 'ਪਿਸ਼ਾਚ-ਵਿਦਿਆ' ਨਾਂ ਦੀ ਕਿਸੇ ਚੀਜ਼ ਦਾ ਪ੍ਰਚਲਨ ਹੋਇਆ ਮੰਨਿਆ ਜਾਂਦਾ ਹੈ। 'ਸਾਂਖ੍ਯ ਸ਼ਾਸਤ੍ਰ' ਵਿਚ ਇਕ ਪਿਸ਼ਾਚ-ਲੋਕ ਦਾ ਵੀ ਵਰਣਨ ਹੋਇਆ ਹੈ। ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਇਸ ਪ੍ਰਕਾਰ ਦੀਆਂ ਕਰੋੜਾਂ ਅਮਾਨਵੀ ਜਾਤੀਆਂ ਦਾ ਉੱਲੇਖ ਕੀਤਾ ਹੈ—'ਕਈ ਕੋਟਿ ਜਖ੍ਯ ਕਿੰਨਰ ਪਿਸਾਚ।/ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ' (ਅ. ਗ੍ਰੰ. 276)।

ਪਿੰਗਲਾ, ਨਾੜੀ : ਵੇਖੋ 'ਹਠਯੋਗ'।

ਪਿੰਗਲਾ, ਵੇਸਵਾ : ਜਨਕਪੁਰੀ ਵਿਚ ਰਹਿਣ ਵਾਲੀ ਇਕ ਵੇਸਵਾ ਜਿਸ ਬਾਰੇ 'ਮਹਾਭਾਰਤ' ਅਤੇ 'ਭਾਗਵਤ ਪੁਰਾਣ' ਵਿਚ ਲਿਖਿਆ ਹੈ ਕਿ ਉਹ ਆਪਣੇ ਇਛਿਤ ਪੁਰਸ਼ ਦੀ ਸਾਰੀ ਸ਼ਾਮ ਉਡੀਕ ਕਰਦੀ ਰਹੀ ਪਰ ਉਹ ਨਾ ਪਹੁੰਚਿਆ। ਉਸ ਨੇ ਸਾਰੀ ਰਾਤ ਬੇਚੈਨੀ ਵਿਚ ਕਟੀ। ਇਸੇ ਦੌਰਾਨ ਉਸ ਨੂੰ ਅਹਿਸਾਸ ਹੋਇਆ ਕਿ ਜੇ ਉਹ ਅਜਿਹਾ

ਪ੍ਰੇਮ ਪਰਮਾਤਮਾ ਨਾਲ ਪਾਉਂਦੀ ਜੋ ਸਦਾ ਹਾਜ਼ਰ-ਨਾਜ਼ਰ ਹੈ, ਤਾਂ ਇਤਨੀ ਬੇਚੈਨ ਨਾ ਹੁੰਦੀ। ਅੰਤ ਉਸ ਨੇ ਫ਼ੈਸਲਾ ਕੀਤਾ ਕਿ ਹੱਡ-ਮਾਸ ਦੇ ਪੁਰਸ਼ਾਂ ਦੀ ਥਾਂ ਪਰਮਾਤਮਾ ਨਾਲ ਪ੍ਰੇਮ ਕਰਨਾ ਹੀ ਫਲਦਾਇਕ ਹੈ। ਬਸ ਉਸ ਦਿਨ ਤੋਂ ਉਹ ਬ੍ਰਹਮ-ਉਪਾਸਨਾ ਵਿਚ ਲੀਨ ਹੋ ਗਈ ਅਤੇ ਸੰਸਾਰਿਕ ਮੋਹ ਤਿਆਗ ਦਿੱਤਾ। ਸਿੱਟੇ ਵਜੋਂ ਉਸ ਦਾ ਉੱਧਾਰ ਹੋ ਗਿਆ ਅਤੇ ਉਹ ਮੁਕਤ ਹੋ ਕੇ ਬੈਕੁੰਠ ਨੂੰ ਚਲੀ ਗਈ।

ਦੱਤਾਤ੍ਰੇਯ ਵੱਲੋਂ ਧਾਰਣ ਕੀਤੇ 24 ਗੁਰੂਆਂ ਵਿਚ ਇਸ ਦੀ ਗਿਣਤੀ ਹੁੰਦੀ ਹੈ। ਸੰਤ ਸਾਧਕਾਂ ਨੇ ਪ੍ਰਭੂ ਵਲੋਂ ਪਾਪੀਆਂ ਨੂੰ ਵੀ ਤਾਰ ਦੇਣ ਦੇ ਪ੍ਰਸੰਗਾਂ ਵਿਚ ਪਿੰਗਲਾ ਦਾ ਉੱਲੇਖ ਕੀਤਾ ਹੈ। ਸੰਤ ਰਵਿਦਾਸ ਅਨੁਸਾਰ—'ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ।/ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ' (ਅ. ਗ੍ਰੰ. 1124)।

ਪੀਪਾ, ਭਗਤ : ਇਕ ਪ੍ਰਸਿੱਧ ਭਗਤ ਜੋ ਰਾਜਸਥਾਨ ਦੀ ਇਕ ਰਿਆਸਤ ਗਗਰੌਨ ਦਾ ਰਾਜਾ ਸੀ। ਇਸ ਦੇ ਜਨਮ ਦੇ ਸਹੀ ਸਮੇਂ ਬਾਰੇ ਕੋਈ ਪ੍ਰਮਾਣਿਕ ਤੱਥ ਉਪਲਬਧ ਨਹੀਂ, ਪਰ ਕਈ ਬਾਹਰਲੇ ਪ੍ਰਮਾਣਾਂ ਦੇ ਆਧਾਰ ਤੇ ਵਿਦਵਾਨਾਂ ਨੇ ਨਿਸਚਿਤ ਕੀਤਾ ਹੈ ਕਿ ਇਸ ਦਾ ਜਨਮ ਪੰਦਰ੍ਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਹੋਇਆ ਸੀ। ਬਚਪਨ ਤੋਂ ਹੀ ਇਸ ਦੇ ਮਨ ਵਿਚ ਵੈਰਾਗ ਦੀ ਭਾਵਨਾ ਵਿਕਸਿਤ ਹੋਣੀ ਸ਼ੁਰੂ ਹੋ ਗਈ ਸੀ ਅਤੇ ਰਾਜ-ਗੱਦੀ ਉਤੇ ਬੈਠਣ ਤੇ ਵੀ ਉਸੇ ਤਰ੍ਹਾਂ ਕਾਇਮ ਰਹੀ। ਇਸ ਦੀਆਂ ਬਾਰ੍ਹਾਂ ਰਾਣੀਆਂ ਸਨ ਅਤੇ ਇਹ ਭਵਾਨੀ ਦੇਵੀ ਦਾ ਉਪਾਸਕ ਸੀ।

ਕਾਲਾਂਤਰ ਵਿਚ ਕਿਸੇ ਵੈਸ਼ਣਵ ਸਾਧੂ ਦੇ ਪ੍ਰਭਾਵ ਕਾਰਣ ਇਹ ਰਾਮਾਨੰਦ ਦਾ ਚੇਲਾ ਬਣਿਆ ਅਤੇ ਆਪਣਾ ਰਾਜ-ਭਾਗ ਛਡ ਕੇ ਅਧਿਆਤਮਿਕ ਜਿਗਿਆਸਾ ਦੀ ਤ੍ਰਿਪਤੀ ਲਈ ਤੀਰਥ-ਯਾਤ੍ਰਾ 'ਤੇ ਨਿਕਲ ਪਿਆ। ਇਸ ਦੀ ਰਾਣੀ, ਸੀਤਾ ਦੇਵੀ, ਵੀ ਯਾਤ੍ਰਾ ਦੌਰਾਨ ਇਸ ਦੇ ਨਾਲ ਰਹੀ ਅਤੇ ਹਰ ਪ੍ਰਕਾਰ ਦੀਆਂ ਔਖਿਆਈਆਂ ਸਹਿਣੋਂ ਸੰਕੋਚ ਨਾ ਕੀਤਾ। ਇਸ ਨੇ ਦ੍ਵਾਰਿਕਾ ਦੀ ਯਾਤ੍ਰਾ ਵੀ ਕੀਤੀ ਅਤੇ ਇਕ ਨਿਰਧਨ ਮਿੱਤਰ ਦੀ ਸਹਾਇਤਾ ਲਈ ਸਭ ਦੇ ਸਾਹਮਣੇ ਇਸ ਦੰਪਤੀ ਨੇ ਨਚ ਅਤੇ ਗਾ-ਵਜਾ ਕੇ ਧਨ ਇਕੱਠਾ ਕੀਤਾ। ਉਸ ਘਟਨਾ ਦੀ ਯਾਦ ਵਿਚ ਉਥੇ 'ਪੀਪਾ-ਵਟ' ਨਾਂ ਦਾ ਮਠ ਬਣਿਆ ਹੋਇਆ ਹੈ। ਇਹ ਅਧਿਕਤਰ ਦ੍ਵਾਰਿਕਾ ਵਿਚ ਹੀ ਰਿਹਾ। ਹੁਣ ਦ੍ਵਾਰਿਕਾ ਅਤੇ ਗਗਰੌਨ-ਗੜ੍ਹ ਵਿਚ ਇਸ ਦੀਆਂ ਗੱਦੀਆਂ ਦਸੀਆਂ ਜਾਂਦੀਆਂ ਹਨ।

ਇਸ ਦੀ ਰਚੀ ਬਾਣੀ ਦੇ ਦੋ ਸੰਗ੍ਰਹਿ ਮਿਲਦੇ ਦਸੇ ਜਾਂਦੇ ਹਨ, ਪਰ ਉਨ੍ਹਾਂ ਸੰਕਲਨਾਂ ਦੀ ਪ੍ਰਮਾਣਿਕਤਾ ਸਿੱਧ ਨਹੀਂ ਹੈ। ਇਸ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਧਨਾਸਰੀ ਰਾਗ ਵਿਚ ਸੰਕਲਿਤ ਹੈ ਜਿਸ ਵਿਚ ਸਰਵ-ਵਿਆਪੀ ਪਰਮਾਤਮਾ ਦੀ ਸਥਿਤੀ ਸ਼ਰੀਰ ਵਿਚ ਵੀ ਮੰਨੀ ਗਈ ਹੈ —'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।/ ਪੀਪਾ ਪ੍ਰਣਵੈ ਪਰਮਤਤੁ ਹੈ ਸਤਿਗੁਰੁ ਹੋਇ ਲਖਾਵੈ' (ਅ.ਗ੍ਰੰ. 695)।

ਪੀਰ : ਇਸ ਫ਼ਾਰਸੀ ਸ਼ਬਦ ਦਾ ਮੂਲ ਅਰਥ ਹੈ ਬਜ਼ੁਰਗ, ਬਿਰਧ ਵਿਅਕਤੀ। ਪਰ ਮੁਸਲਮਾਨ ਲੋਕ ਕਿਸੇ ਮਹਾਪੁਰਸ਼, ਮੁਰਸ਼ਿਦ ਜਾਂ ਪਥ-ਪ੍ਰਦਰਸ਼ਕ ਲਈ ਵੀ ਇਸ ਸ਼ਬਦ

ਦੀ ਵਰਤੋਂ ਕਰਦੇ ਹਨ। ਇਸ ਲਈ ਸੱਚੇ ਅਰਥਾਂ ਵਿਚ ਪੀਰ ਉਹ ਹੈ ਜੋ ਆਪਣੇ ਮੁਰੀਦ ਜਾਂ ਚੇਲੇ ਨੂੰ ਵਾਸਤਵਿਕਤਾ ਦੇ ਮਾਰਗ 'ਤੇ ਅਗੇ ਵਧਾ ਸਕੇ ਜਾਂ ਅਧਿਆਤਮਿਕ ਉੱਨਤੀ ਲਈ ਅਗਵਾਈ ਦੇ ਸਕੇ।

ਸੂਫ਼ੀ-ਸਾਧਨਾ ਵਿਚ ਸ਼ਰੀਅਤ ਅਤੇ ਤਰੀਕਤ ਦੀਆਂ ਮੰਜ਼ਿਲਾਂ ਨੂੰ ਪਾਰ ਕਰਨ ਵਿਚ ਪੀਰ ਦਾ ਬਹੁਤ ਯੋਗਦਾਨ ਹੈ। ਜਿਨ੍ਹਾਂ ਜਿਗਿਆਸੂਆਂ ਉਤੇ ਪੀਰ ਦੀ ਕ੍ਰਿਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਹ ਮਾਯਾਵੀ ਅੱਗ ਦੇ ਸੇਕ ਤੋਂ ਬਚ ਜਾਂਦੇ ਹਨ। ਬਾਬਾ ਫ਼ਰੀਦ ਅਨੁਸਾਰ—'ਜੋ ਜਨ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ' (ਅ. ਗ੍ਰੰ. 1382)।

ਭਗਤੀ ਕਾਵਿ ਵਿਚ ਜੋ ਗੁਰੂ ਦਾ ਮਹੱਤਵ ਦਸਿਆ ਗਿਆ ਹੈ, ਉਸ ਦੀ ਪੀਰ ਦੇ ਮਹੱਤਵ ਨਾਲ ਕਾਫ਼ੀ ਸਮਾਨਤਾ ਹੈ। ਬਾਬਾ ਫ਼ਰੀਦ ਨੇ ਤਾਂ ਇਕ ਥਾਂ ਪੀਰ ਅਥਵਾ ਮੁਰਸ਼ਿਦ ਲਈ 'ਗੁਰੂ' ਸ਼ਬਦ ਦੀ ਵਰਤੋਂ ਵੀ ਕੀਤੀ ਹੈ—'ਜੇ ਗੁਰੁ ਦਸੈ ਵਾਟ ਮੁਰੀਦਾ ਜੋਲੀਐ' (ਅ. ਗ੍ਰੰ. 488)।

ਪੀਰਖ਼ਾਨਾ : ਸਖੀਸਰਵਰ ਦਾ ਉਪਾਸਨਾ ਸਥਾਨ। ਵੇਖੋ 'ਸਖੀਸਰਵਰ'।

ਪੁੰਨ : ਇਹ ਸੰਸਕ੍ਰਿਤ ਦੇ 'ਪੁਣ੍ਯ' ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਮੂਲ ਸੰਬੰਧ ਮੁਕਤੀ ਜਾਂ ਸਵਰਗ ਦੀ ਪ੍ਰਾਪਤੀ ਨਾਲ ਹੈ। ਭਾਰਤ ਦੀਆਂ ਸਾਰੀਆਂ ਆਸਤਿਕ ਪਰੰਪਰਾਵਾਂ ਅਤੇ ਬੁੱਧ-ਮਤ ਅਤੇ ਜੈਨ-ਮਤ ਵਿਚ ਵੀ ਪੁੰਨ ਨੂੰ ਪ੍ਰਵਾਨਗੀ ਮਿਲੀ ਹੈ। ਪੁੰਨ ਦਾ ਮੂਲ ਆਧਾਰ ਕੋਈ ਵਿਸ਼ੇਸ਼ ਕਰਮ ਮੰਨਿਆ ਜਾਂਦਾ ਹੈ। ਇਹ ਕਰਮ ਸਾਤਵਿਕ ਹੁੰਦਾ ਹੈ ਅਤੇ ਇਸ ਨੂੰ ਕਰਨ ਪਿਛੇ ਸਵਰਗ ਪ੍ਰਾਪਤੀ ਦੀ ਕਾਮਨਾ ਆਪਣੀ ਭੂਮਿਕਾ ਨਿਭਾਉਂਦੀ ਹੈ। ਸਾਰਿਆਂ ਮਤਾਂ ਵਿਚ ਧਰਮ ਅਨੁਸਾਰ ਕੀਤੇ ਆਚਰਣ ਨੂੰ ਪੁੰਨ ਕਰਮ ਮੰਨਿਆ ਜਾਂਦਾ ਹੈ। ਪੁੰਨ ਕਰਮ ਸੁਖ-ਫਲ-ਦਾਇਕ ਹੈ। ਇਸ ਦੇ ਉਲਟ ਪਾਪ (ਵੇਖੋ) ਕਰਮ ਦੁਖ-ਫਲ-ਦਾਇਕ ਹੈ। ਇਹ ਦੋਵੇਂ ਇਕ ਦੂਜੇ ਦੇ ਪ੍ਰਤਿਦੁਅੰਦੀ ਹਨ। ਗੁਰਬਾਣੀ ਵਿਚ ਵੀ ਪੁੰਨ ਕਰਮ ਕਰਨ ਉਤੇ ਬਲ ਦਿੱਤਾ ਗਿਆ ਹੈ। ਨਿਸ਼ਕਾਮ ਭਾਵ ਨਾਲ ਕੀਤੇ ਪੁੰਨ-ਕਰਮ ਹੀ ਲਾਭਦਾਇਕ ਹਨ। ਦ੍ਵੈਤ ਭਾਵ ਨਾਲ ਕੀਤੇ ਪੁੰਨ ਜਮਕਾਲ ਦੇ ਵਸ ਪਾਣ ਵਾਲੇ ਸਿੱਧ ਹੁੰਦੇ ਹਨ—'ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ।/ ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ' (ਅ. ਗ੍ਰੰ. 1414)।

ਪੂੰਨੂੰ : ਵੇਖੋ 'ਸੱਸੀ-ਪੁੰਨੂੰ'।

ਪੁਰਸਲਾਤ/ਪੁਲਸਰਾਤ : ਬਾਬਾ ਫ਼ਰੀਦ ਦੁਆਰਾ ਵਰਤਿਆ ('ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ' (ਅ. ਗ੍ਰੰ. 1377)। ਇਹ ਸ਼ਬਦ, ਅਸਲ ਵਿਚ, ਫ਼ਾਰਸੀ (ਪੁਲ) ਅਤੇ ਅਰਬੀ (ਸਰਾਤ) ਦੇ ਸ਼ਬਦਾਂ ਦੇ ਸਮਾਸ 'ਪੁਲਸਰਾਤ' ਦਾ ਪੰਜਾਬੀ ਭਾਸ਼ਾ ਦੇ ਮੁਹਾਂਦਰੇ ਅਨੁਸਾਰ ਢਲਿਆ ਰੂਪ ਹੈ। 'ਸਰਾਤ' ਸ਼ਬਦ ਦੀ 38 ਵਾਰ 'ਕੁਰਾਨ' ਵਿਚ ਵਰਤੋਂ ਹੋਈ ਹੈ ਜਿਥੇ ਇਸ ਨੂੰ ਅਧਿਕਤਰ 'ਸਹੀ ਮਾਰਗ' ਲਈ ਵਰਤਿਆ ਗਿਆ ਹੈ।

ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਇਹ ਪੁਲ ਦੋਜ਼ਖ਼ ਦੀ ਅੱਗ ਉਪਰ ਬਣਿਆ

ਹੋਇਆ ਹੈ। ਇਹ ਤਲਵਾਰ ਦੀ ਧਾਰ ਨਾਲੋਂ ਤੇਜ਼ ਅਤੇ ਵਾਲ ਨਾਲੋਂ ਬਾਰੀਕ ਹੈ। ਇਸ ਦੇ ਦੋਵੇਂ ਪਾਸੇ ਕੰਡੇ ਅਤੇ ਸੂਲ ਲਗੇ ਹੋਏ ਹਨ ਜਿਸ ਕਰਕੇ ਇਸ ਉਤੋਂ ਲੰਘਣਾ ਬਹੁਤ ਕਠਿਨ ਹੈ। ਬਹਿਸ਼ਤ ਵਿਚ ਪਹੁੰਚਣ ਲਈ ਹਰ ਇਕ ਨੂੰ ਇਸ ਉਤੋਂ ਲੰਘਣਾ ਪੈਂਦਾ ਹੈ। ਪਵਿੱਤਰ ਆਤਮਾਵਾਂ ਇਸ ਉੱਤੋਂ ਬਿਜਲੀ ਵਰਗੀ ਤੇਜ਼ੀ ਨਾਲ ਲੰਘ ਜਾਂਦੀਆਂ ਹਨ, ਪਰ ਪਾਪੀ ਆਤਮਾਵਾਂ ਥਿੜਕ ਕੇ ਦੋਜ਼ਖ਼ ਦੀ ਅੱਗ ਵਿਚ ਡਿਗ ਪੈਂਦੀਆਂ ਹਨ। ਇਸ ਮਿਥ ਦਾ ਹਵਾਲਾ ਦੇ ਕੇ ਆਮ ਤੌਰ ਤੇ ਨੇਕ ਕੰਮ ਕਰਨ ਲਈ ਜਿਗਿਆਸੂਆਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਹਜ਼ਰਤ ਮੁਹੰਮਦ ਤੋਂ ਪਹਿਲਾਂ ਇਸ ਪ੍ਰਕਾਰ ਦੀ ਪੁਲ ਦੀ ਕਲਪਨਾ ਪਾਰਸੀਆਂ ਅਤੇ ਯਹੂਦੀਆਂ ਦੀਆਂ ਧਾਰਮਿਕ ਪਰੰਪਰਾਵਾਂ ਵਿਚ ਵੀ ਮਿਲਦੀ ਹੈ।

ਪੁਰਾਣ : ਵੇਖ 'ਅਠਾਰ੍ਹਾਂ ਪੁਰਾਣ'।

ਪੁਰੀਆਂ : 'ਪੁਰੀ' ਤੋਂ ਭਾਵ ਹੈ ਮਨੁੱਖਾਂ ਦੇ ਰਹਿਣ ਜਾਂ ਨਿਵਾਸ ਕਰਨ ਦੀ ਥਾਂ, ਨਗਰ, ਸ਼ਹਿਰ ਜਾਂ ਕਸਬਾ। ਅਧਿਆਤਮਿਕ ਦ੍ਰਿਸ਼ਟੀ ਤੋਂ ਪੁਰੀ ਦਾ ਅਰਥ 'ਲੋਕ' ਕੀਤਾ ਜਾਂਦਾ ਹੈ ਜਿਵੇਂ ਬ੍ਰਹਮ-ਪੁਰੀ, ਸ਼ਿਵ-ਪੁਰੀ, ਇੰਦਰ-ਪੁਰੀ, ਪਾਤਾਲ-ਪੁਰੀ ਆਦਿ। ਗੁਰਬਾਣੀ ਵਿਚ ਉੱਲੇਖ ਹੈ—'ਇੰਦ੍ਰਪੁਰੀ ਮਹਿ ਸਰਪਰ ਮਰਣਾ ।/ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ।/ ਸਿਵਪੁਰੀ ਕਾ ਹੋਇਗਾ ਕਾਲਾ ।/ ਤ੍ਰੈਗੁਣ ਮਾਇਆ ਬਿਨਸਿ ਬਿਤਾਲਾ। (ਅ. ਗ੍ਰੰ. 237) 'ਪਾਤਾਲਾ-ਪੁਰੀ ਜੈਕਾਰਿ ਧੁਨਿ ਕਬਿ ਜਨ ਕਲ ਵਖਾਣਿਓ'। (ਅ. ਗ੍ਰੰ. 1390)।

ਹਿੰਦੂ ਧਰਮ ਵਿਚ ਭਾਵੇਂ ਤੀਰਥਾਂ ਦੀ ਗਿਣਤੀ 68 ਮੰਨੀ ਗਈ ਹੈ, ਪਰ ਮੁੱਖ ਤੌਰ ਤੇ ਸੱਤ ਤੀਰਥਾਂ ਨੂੰ ਵਿਸ਼ੇਸ਼ ਰੂਪ ਵਿਚ ਮੁਕਤੀਦਾਤਾ ਦਸਿਆ ਗਿਆ ਹੈ। ਇਨ੍ਹਾਂ ਤੀਰਥਾਂ ਦੇ ਨਾਂ ਇਸ ਪ੍ਰਕਾਰ ਹਨ—ਅਯੋਧਿਆ, ਮਥੁਰਾ, ਮਾਯਾ (ਹਰਿਦੁਆਰ), ਕਾਸ਼ੀ (ਬਨਾਰਸ), ਅਵੰਤਿਕਾ (ਉਜੈਨ) ਅਤੇ ਦੁਆਰਿਕਾ। ਇਨ੍ਹਾਂ ਨੂੰ ਹੀ ਸੱਤ ਪੁਰੀਆਂ ਕਿਹਾ ਜਾਂਦਾ ਹੈ।

ਪੁਰੂਰਵਾ : ਇਹ ਚੰਦ੍ਰਮਾ ਦਾ ਪੋਤਾ ਅਤੇ ਬੁੱਧ ਦਾ ਪੁੱਤਰ ਸੀ। ਇਲਾ ਦੀ ਕੁੱਖੋਂ ਪੈਦਾ ਹੋਣ ਕਾਰਣ ਇਸ ਨੂੰ 'ਐਲ' ਵੀ ਕਿਹਾ ਜਾਂਦਾ ਹੈ। ਇਸ ਦਾ ਆਖਿਆਨ 'ਰਿਗਵੇਦ' ਵਿਚ ਮਿਲਦਾ ਹੈ। ਉਥੇ ਇਹ 'ਉਰਵਸ਼ੀ' (ਵੇਖ) ਦੇ ਪ੍ਰੇਮੀ ਅਤੇ ਪਤੀ ਰੂਪ ਵਿਚ ਚਿੱਤਰਿਤ ਹੈ। ਇਹ ਬਹੁਤ ਪਰਉਪਕਾਰੀ ਅਤੇ ਧਰਮਾਤਮਾ ਰਾਜਾ ਸੀ। 'ਮਹਾਭਾਰਤ' ਵਿਚ 'ਇਲਾ' ਨੂੰ ਮਨੂ ਦੀ ਪੁੱਤਰੀ ਲਿਖਿਆ ਗਿਆ ਹੈ।

ਪੁਰਾਣ-ਸਾਹਿੱਤ ਅਨੁਸਾਰ ਇੰਦਰ ਦੀ ਸਭਾ ਵਿਚ ਉਰਵਸ਼ੀ ਨਾਂ ਦੀ ਅਪੱਛਰਾ ਨੇ ਪੁਰੂਰਵਾ ਦੀ ਸੁੰਦਰਤਾ ਬਾਰੇ ਸੁਣਿਆ ਤਾਂ ਉਹ ਕਾਮ-ਮੁਗਧ ਹੋ ਕੇ ਉਸ ਕੋਲ ਧਰਤੀ 'ਤੇ ਪਹੁੰਚੀ। ਪੁਰੂਰਵਾ ਵੀ ਉਸ ਉਤੇ ਮੋਹਿਤ ਹੋ ਗਿਆ। ਉਰਵਸ਼ੀ ਨੇ ਤਿੰਨ ਸ਼ਰਤਾਂ ਉਤੇ ਪੁਰੂਰਵਾ ਨਾਲ ਵਿਆਹ ਕਰ ਲਿਆ। ਸ਼ਰਤਾਂ ਭੰਗ ਹੋਣ ਕਾਰਣ ਉਰਵਸ਼ੀ ਪੁਰੂਰਵਾ ਨੂੰ ਤਿਆਗ ਕੇ ਚਲੀ ਗਈ। ਰਾਜਾ ਉਸ ਦੇ ਵਿਯੋਗ ਵਿਚ ਬਹੁਤ ਵਿਆਕੁਲ ਹੋਇਆ। ਕੁਝ ਸਮੇਂ ਬਾਦ ਬਨ ਵਿਚ ਸਖੀਆਂ ਨਾਲ ਘੁੰਮਦੀ ਉਰਵਸ਼ੀ ਨਾਲ ਉਸ ਦੀ ਮੁਲਾਕਾਤ ਹੋਈ। ਉਦੋਂ ਉਹ ਗਰਭਵਤੀ ਸੀ। ਹਰ ਸਾਲ ਰਾਜੇ ਨੂੰ ਮਿਲਣ ਦਾ ਉਸ

ਨੇ ਬਚਨ ਦਿੱਤਾ। ਅਗਲੇ ਸਾਲ ਮਿਲਣ ਵੇਲੇ ਤਕ ਉਰਵਸੀ ਇਕ ਪੁੱਤਰ ਨੂੰ ਜਨਮ ਦੇ ਚੁੱਕੀ ਸੀ। ਫਿਰ ਹਰ ਸਾਲ ਮਿਲਣੀਆਂ ਹੁੰਦੀਆਂ ਰਹੀਆਂ ਅਤੇ ਇਨ੍ਹਾਂ ਸੰਜੋਗਾਂ ਦੇ ਫਲਸਰੂਪ ਉਰਵਸੀ ਨੇ ਪੰਜ ਪੁੱਤਰਾਂ ਨੂੰ ਜਨਮ ਦਿੱਤਾ। ਬਾਦ ਵਿਚ ਗੰਧਰਵਾਂ ਦੀ ਉਸਤਤ ਕਰਨ ਅਤੇ ਉਨ੍ਹਾਂ ਦੁਆਰਾ ਸੁਝਾਈ ਅਗਨੀ-ਪੂਜਾ ਕਰਨ ਨਾਲ ਪੁਰੂਰਵਾ ਗੰਧਰਵਾਂ ਦੇ ਦੇਸ਼ ਵਿਚ ਉਰਵਸੀ ਦੇ ਨਾਲ ਰਹਿਣ ਲਗ ਗਿਆ।

ਉਪਰੋਕਤ ਆਖਿਆਨ ਤੋਂ ਇਲਾਵਾ ਪੁਰਾਣਾਂ ਵਿਚ ਇਹ ਵੀ ਲਿਖਿਆ ਹੈ ਕਿ ਪੁਰੂਰਵਾ ਚੰਦ੍ਰਵੰਸ਼ (ਸੋਮਵੰਸ਼) ਦਾ ਸੰਸਥਾਪਕ ਸੀ। ਇਸ ਦੀ ਰਾਜਧਾਨੀ ਪ੍ਰਤਿਸ਼ਠਾਨ (ਪ੍ਰਯਾਗ ਦੇ ਨੇੜੇ) ਸੀ। ਇਸ ਨੂੰ ਪ੍ਰਯਾਗ ਅਤੇ ਕਾਸ਼ੀ ਦਾ ਰਾਜਾ ਵੀ ਦਸਿਆ ਗਿਆ ਹੈ। ਇਸ ਨੇ ਸੌ ਅਸ਼੍ਵਮੇਧ ਯੱਗ ਕੀਤੇ ਸਨ। ਤਪਸਿਆ ਕਾਰਣ ਇਸ ਦਾ ਸਰੂਪ ਬਹੁਤ ਸੁੰਦਰ ਬਣ ਗਿਆ ਸੀ। ਨਾਰਦ ਦੁਆਰਾ ਦੇਵ-ਪੁਰੀ ਵਿਚ ਇਸ ਦੀ ਪ੍ਰਸ਼ੰਸਾ ਅਤੇ ਗੁਣ-ਗਾਨ ਕਰਨ ਤੇ ਹੀ ਉਰਵਸੀ ਮੋਹਿਤ ਹੋ ਗਈ ਅਤੇ ਪੁਰੂਰਵਾ ਦੀ ਪ੍ਰਾਪਤੀ ਲਈ ਉਹ ਧਰਤੀ ਉਤੇ ਆ ਗਈ। ਇਸ ਪ੍ਰਕਾਰ ਦੇ ਹੋਰ ਵੀ ਕੁਝ ਕਥਾ-ਸੂਤਰ ਪੁਰਾਣਾਂ ਵਿਚ ਮਿਲ ਜਾਂਦੇ ਹਨ। ਭੱਟ ਕਵੀ ਕਲ ਨੇ ਗੁਰੂ ਨਾਨਕ ਦੇਵ ਦਾ ਜਸ ਗਾਉਣ ਵਾਲਿਆਂ ਦੀ ਸੂਚੀ ਵਿਚ ਪੁਰੂਰਵਾ ਦਾ ਨਾਂ ਗਿਣਾਇਆ ਹੈ—'ਦੁਰਬਾ ਪਰੂਰਉ ਅੰਗਰੈ ਗੁਰੂ ਨਾਨਕ ਜਸੁ ਗਾਇਓ' (ਅ. ਗ੍ਰੰ. 1390)।

ਪੂਤਨਾ : ਇਕ ਰਾਖਸ਼ੀ ਜਿਸ ਦਾ ਵਿਵਰਣ ਪੁਰਾਣ-ਸਾਹਿੱਤ ਵਿਚ ਮਿਲਦਾ ਹੈ। ਕੰਸ ਨੇ ਗੋਕੁਲ ਦੇ ਸਾਰੇ ਨਵ-ਜਾਤ ਬੱਚਿਆਂ ਨੂੰ ਮਰਵਾਉਣ ਦੀ ਯੋਜਨਾ ਬਣਾਈ ਤਾਂ ਜੋ ਉਸ ਦੇ ਮਨ ਵਿਚੋਂ ਆਪਣੇ ਕਤਲ ਕੀਤੇ ਜਾਣ ਦਾ ਭੈ ਨਿਕਲ ਸਕੇ।

'ਭਾਗਵਤ ਪੁਰਾਣ' (10/6) ਅਨੁਸਾਰ ਕੰਸ ਨੇ ਆਪਣੀ ਯੋਜਨਾ ਨੂੰ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਪੂਤਨਾ ਨੂੰ ਸੌਂਪੀ। ਉਹ ਸੁੰਦਰ ਇਸਤਰੀ ਦਾ ਰੂਪ ਧਾਰਣ ਕਰਕੇ ਗੋਕੁਲ ਪਹੁੰਚੀ ਅਤੇ ਬੱਚਿਆਂ ਨੂੰ ਮਾਰਨ ਦੇ ਕੰਮ ਵਿਚ ਪ੍ਰਵ੍ਰਿਤ ਹੋਈ।

ਸਭ ਤੋਂ ਪਹਿਲਾਂ ਪੂਤਨਾ ਕ੍ਰਿਸ਼ਣ ਦੇ ਘਰ ਗਈ। ਉਹ ਪੰਘੂੜੇ ਵਿਚ ਸੌਂ ਰਹੇ ਸਨ। ਪੂਤਨਾ ਨੇ ਬਾਲਕ ਕ੍ਰਿਸ਼ਣ ਨੂੰ ਕੁਛੜ ਚੁੱਕ ਲਿਆ ਅਤੇ ਆਪਣੇ ਵਿਸ਼ ਲਗੇ ਥਣ ਉਨ੍ਹਾਂ ਨੂੰ ਚੁੰਘਾਉਣ ਲਗੀ। ਕ੍ਰਿਸ਼ਣ ਬਾਲਕ ਰੂਪ ਵਿਚ ਥਣ ਚੁੰਘਦੇ ਰਹੇ, ਪਰ ਉਨ੍ਹਾਂ ਦੇ ਰੁਦ੍ਰ ਰੂਪ ਨੇ ਨਾਲ-ਨਾਲ ਪੂਤਨਾ ਦੇ ਪ੍ਰਾਣ ਵੀ ਚੂਸ ਲਏ। ਪੂਤਨਾ ਪੀੜ ਨਾਲ ਤੜਪਣ ਲਗ ਗਈ ਅਤੇ ਫਿਰ ਤੋਂ ਰਾਖਸ਼ੀ ਰੂਪ ਧਾਰਨ ਕਰ ਕੇ ਮਰ ਗਈ। ਪਰ ਚੂੰਕਿ ਉਸ ਨੇ ਅੰਤਿਮ ਵਾਰ ਸ੍ਰੀ ਕ੍ਰਿਸ਼ਣ ਦਾ ਨਾਮ ਉਚਾਰ ਲਿਆ ਸੀ ਜਾਂ ਸ੍ਰੀ ਕ੍ਰਿਸ਼ਣ ਦੇ ਹੱਥੋਂ ਮਰੀ ਸੀ, ਇਸ ਲਈ ਭਵਸਾਗਰ ਤੋਂ ਤਰ ਗਈ ਸਮਝੀ ਜਾਂਦੀ ਹੈ।

ਹਰਿ-ਨਾਮ ਦੀ ਆਰਾਧਨਾ ਦੇ ਮਹੱਤਵ ਨੂੰ ਦਸਦਿਆਂ ਨਾਮਦੇਵ ਜੀ ਨੇ ਕਿਹਾ ਹੈ—'ਹਰਿ ਹਰਿ ਕਰਤ ਪੂਤਨਾ ਤਰੀ।/ ਬਾਲ ਘਾਤਨੀ ਕਪਟਹਿ ਭਰੀ' (ਅ. ਗ੍ਰੰ. 874)। ਭਾਈ ਗੁਰਦਾਸ ਨੇ ਸਪੱਸ਼ਟ ਕੀਤਾ ਹੈ ਕਿ ਜੇ ਪੂਤਨਾ ਤਰ ਗਈ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਲੈਣਾ ਚਾਹੀਦਾ ਕਿ ਕਿਸੇ ਨੂੰ ਜ਼ਹਿਰ ਪਿਲਾਉਣਾ ਚੰਗਾ ਕਰਮ ਹੈ—'ਜੇ ਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ' (31/9)।

ਪੂਰਨ ਸਿੰਘ, ਪ੍ਰੋਫੈਸਰ : ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਦੇ ਪ੍ਰਸਿੱਧ ਕਵੀ ਅਤੇ ਲੇਖਕ ਪ੍ਰੋਫੈਸਰ ਪੂਰਨ ਸਿੰਘ ਦਾ ਜਨਮ ਪਾਕਿਸਤਾਨ ਦੇ ਐਬਟਾਬਾਦ ਜ਼ਿਲੇ ਦੇ ਇਕ ਨਿੱਕੇ ਜਿਹੇ ਪਿੰਡ ਸਲਹੜ ਵਿਚ 17 ਫ਼ਰਵਰੀ, 1881 ਈ. ਨੂੰ ਹੋਇਆ ਜਿਥੇ ਇਸ ਦਾ ਪਿਤਾ, ਕਰਤਾਰ ਸਿੰਘ, ਸਰਕਾਰੀ ਨੌਕਰੀ ਕਾਰਨ ਆਪਣੇ ਜੱਦੀ ਪਿੰਡ ਡੇਰਾ-ਖ਼ਾਲਸਾ, ਤਹਿਸੀਲ ਕਹੂਟਾ, ਜ਼ਿਲਾ ਰਾਵਲਪਿੰਡੀ ਤੋਂ ਦੂਰ ਰਹਿੰਦਾ ਸੀ । ਨੌਕਰੀ ਕਰਕੇ ਪਿਤਾ ਦੇ ਅਧਿਕਤਰ ਘਰੋਂ ਬਾਹਰ ਰਹਿਣ ਕਾਰਣ ਪੂਰਨ ਸਿੰਘ ਦੀ ਦੇਖ-ਭਾਲ ਇਸ ਦੀ ਮਾਤਾ ਪਰਮਾ ਦੇਵੀ ਨੇ ਹੀ ਕੀਤੀ । ਇਸ ਨੇ ਮੁੱਢਲੀ ਵਿਦਿਆ 'ਹਵੇਲੀਆਂ' ਪਿੰਡ ਦੀ ਮਸੀਤ ਵਿਚ ਮੌਲਵੀ ਪਾਸੋਂ ਪ੍ਰਾਪਤ ਕੀਤੀ, ਫਿਰ ਪਿੰਡ ਦੀ ਧਰਮਸਾਲਾ ਵਿਚ ਭਾਈ ਬੇਲਾ ਸਿੰਘ ਗ੍ਰੰਥੀ ਕੋਲੋਂ ਗੁਰਮੁਖੀ ਪੜ੍ਹੀ । ਸੰਨ 1897 ਈ. ਵਿਚ ਮੈਟ੍ਰਿਕ ਪਾਸ ਕਰਨ ਉਪਰੰਤ ਇਹ ਡੀ.ਏ.ਵੀ. ਕਾਲਜ ਲਾਹੌਰ ਵਿਚ ਦਾਖ਼ਲ ਹੋਇਆ ।

ਸੰਨ 1900 ਈ. ਵਿਚ ਬੀ.ਏ. ਦੀ ਪੜ੍ਹਾਈ ਵਿਚੇ ਛੱਡ ਕੇ ਭਗਤ ਗੋਕਲ ਚੰਦ ਦੀ ਸਹਾਇਤਾ ਨਾਲ ਸਾਇੰਸ ਵਿਚ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਜਾਪਾਨ ਗਿਆ ਅਤੇ ਸੰਨ 1903 ਈ. ਵਿਚ ਪੜ੍ਹਾਈ ਮੁਕੰਮਲ ਕੀਤੀ । ਜਾਪਾਨ ਵਿਚ ਰਹਿਣ ਦੌਰਾਨ ਇਹ ਓਰੀਐਂਟਲ ਕਲੱਬ ਦਾ ਮੈਂਬਰ ਬਣਿਆ ਜਿਥੇ ਅਕਸਰ ਗ਼ੁਲਾਮ ਦੇਸ਼ਾਂ ਦੇ ਵਿਦਿਆਰਥੀ ਵਿਦੇਸ਼ੀ ਸਰਕਾਰਾਂ ਦੇ ਅਤਿਆਚਾਰਾਂ ਉਤੇ ਵਿਚਾਰ ਕਰਦੇ ਅਤੇ ਸੁਤੰਤਰਤਾ ਦੀ ਪ੍ਰਾਪਤੀ ਲਈ ਸਕੀਮਾਂ ਬਣਾਉਂਦੇ ਸਨ । ਇਸ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ 'ਥੰਡਰਿੰਗ ਡਾਨ' ਨਾਂ ਦਾ ਮਾਸਿਕ ਰਸਾਲਾ ਕਢਿਆ ਅਤੇ ਜਾਪਾਨ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਭਾਸ਼ਣ ਦਿੱਤੇ । ਜਾਪਾਨ ਰਹਿੰਦਿਆਂ ਪਹਿਲਾਂ ਇਸ ਨੇ ਬੁੱਧ-ਮਤ ਦਾ ਪ੍ਰਭਾਵ ਗ੍ਰਹਿਣ ਕੀਤਾ ਅਤੇ ਸੰਨ 1902 ਈ. ਵਿਚ ਸੁਆਮੀ ਰਾਮ ਤੀਰਥ ਦੇ ਸੰਪਰਕ ਵਿਚ ਆਉਣ ਕਾਰਣ ਸੰਨਿਆਸੀ ਬਣ ਗਿਆ ।

ਸੰਨ 1903 ਈ. ਵਿਚ ਭਾਰਤ ਪਰਤਣ 'ਤੇ ਇਸ ਨੇ ਕਲਕੱਤੇ ਵਿਚ ਸਰਕਾਰ ਵਿਰੁੱਧ ਕੁਝ ਜੋਸ਼ੀਲੀਆਂ ਤਕਰੀਰਾਂ ਕੀਤੀਆਂ, ਫਲਸਰੂਪ ਪਕੜ ਲਿਆ ਗਿਆ; ਪਰ ਜਲਦੀ ਹੀ ਸਰਕਾਰ ਨੇ ਇਸ ਨੂੰ ਮੁਕਤ ਕਰ ਦਿੱਤਾ । ਮਰਨ ਕਿਨਾਰੇ ਪਹੁੰਚੀ ਭੈਣ ਗੰਗਾ ਦੀ ਪ੍ਰੇਰਣਾ ਨਾਲ ਇਸ ਨੇ ਆਪਣੀ ਪਹਿਲਾਂ ਹੋਈ ਮੰਗਣੀ ਅਨੁਸਾਰ 5 ਮਾਰਚ, 1904 ਈ. ਨੂੰ ਮਾਯਾ ਦੇਵੀ ਨਾਲ ਵਿਆਹ ਕੀਤਾ ਅਤੇ ਲਾਹੌਰ ਵਿਚ ਸਾਧਾਂ ਵਾਂਗ ਰਹਿਣ ਲਗਾ । ਪਹਿਲਾਂ ਲਾਹੌਰ ਵਿਚ ਰੋਸ਼ਾ ਘਾਹ ਬਾਰੇ ਖੋਜ ਸ਼ੁਰੂ ਕੀਤੀ, ਫਿਰ ਡੇਹਰਾਦੂਨ ਚਲਾ ਗਿਆ । ਉਥੇ ਫਾਰੈਸਟ ਰਿਸਰਚ ਇੰਸਟੀਚਿਊਟ ਵਿਚ ਸੰਨ 1907 ਤੋਂ 1918 ਈ. ਤਕ ਨੌਕਰੀ ਕੀਤੀ । ਉਥੋਂ ਪਹਿਲਾਂ ਮਹਾਰਾਜਾ ਪਟਿਆਲਾ ਪਾਸ, ਫਿਰ ਮਹਾਰਾਜਾ ਗਵਾਲੀਅਰ ਕੋਲ ਅਤੇ ਇਸ ਤੋਂ ਬਾਦ ਸੁੰਦਰ ਸਿੰਘ ਮਜੀਠੀਆ ਦੀ ਸ਼ੂਗਰ ਫੈਕਟਰੀ ਵਿਚ ਨੌਕਰੀ ਕੀਤੀ । ਸੰਨ 1926 ਈ. ਵਿਚ ਪੰਜਾਬ ਸਰਕਾਰ ਵਲੋਂ 15 ਮੁਰੱਬੇ ਅਲਾਟ ਕਰਵਾ ਕੇ ਬਾਰ ਦੇ ਇਲਾਕੇ ਜੜ੍ਹਾਂ ਵਾਲੇ ਵਿਚ ਰੋਸ਼ਾ ਘਾਹ ਲਗਵਾਇਆ ਜੋ ਸੰਨ 1928 ਈ. ਦੇ ਹੜਾਂ ਨਾਲ ਰੁੜ੍ਹ ਗਿਆ । ਸੰਨ 1912 ਈ. ਵਿਚ ਸਿਆਲਕੋਟ ਵਿਚ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਭਾਈ ਵੀਰ ਸਿੰਘ ਦੇ ਪ੍ਰਭਾਵ ਕਾਰਣ ਇਹ

ਫਿਰ ਤੋਂ ਸਿੱਖ ਸਜਿਆ ।

ਸੰਨ 1930 ਈ. ਵਿਚ ਪੂਰਨ ਸਿੰਘ ਨੂੰ ਤਪੇਦਿਕ ਹੋ ਗਿਆ । ਇਹ ਜੜ੍ਹਾਂਵਾਲੇ ਤੋਂ ਡੇਰਾਦੂਨ ਪਹੁੰਚਿਆ ਅਤੇ 31 ਮਾਰਚ, 1931 ਈ. ਨੂੰ ਪੂਰਾ ਹੋ ਗਿਆ । ਇਹ ਇਕ ਅਲਬੇਲਾ, ਖ਼ੁੱਦਾਰ ਅਤੇ ਆਤਮ-ਵਿਸ਼ਵਾਸੀ ਵਿਅਕਤੀ ਸੀ । ਕਿਸੇ ਦੀ ਅਧੀਨਗੀ ਇਸ ਲਈ ਸਹਿਨ ਕਰਨੀ ਔਖੀ ਸੀ । ਇਸ ਕਰਕੇ ਇਹ ਕਿਤੇ ਜੰਮ ਕੇ ਕੰਮ ਨਾ ਕਰ ਸਕਿਆ । ਇਸ ਨੇ ਆਪਣੀ ਮਾਤਾ, ਸੁਆਮੀ ਰਾਮ-ਤੀਰਥ, ਭਾਈ ਵੀਰ ਸਿੰਘ ਆਦਿ ਦਾ ਪ੍ਰਭਾਵ ਗ੍ਰਹਿਣ ਕੀਤਾ । ਇਸ ਨੇ ਜਾਪਾਨੀ ਅਤੇ ਬੋਧੀ ਜੀਵਨ-ਵਿਧੀ, ਪੱਛਮੀ ਸਾਹਿੱਤ, ਗੁਰਮਤਿ ਆਦਿ ਦਾ ਇਸ ਹਦ ਤਕ ਪ੍ਰਭਾਵ ਗ੍ਰਹਿਣ ਕੀਤਾ ਕਿ ਇਹ ਇਕ ਵਿਸ਼ਵ-ਮਨੁੱਖ ਬਣ ਕੇ ਉਭਰਿਆ ਅਤੇ ਜਾਤੀ-ਭੇਦ ਭਾਵ, ਧਾਰਮਿਕ ਤੰਗ-ਨਜ਼ਰੀ ਅਤੇ ਆਪਣੇ-ਪਰਾਏ ਦੇ ਭੇਦ ਤੋਂ ਬਹੁਤ ਉੱਚਾ ਉਠ ਗਿਆ ।

ਪੂਰਨ ਸਿੰਘ ਨੇ ਅੰਗ੍ਰੇਜ਼ੀ ਵਿਚ ਕਈ ਪੁਸਤਕਾਂ ਦੀ ਰਚਨਾ ਕੀਤੀ । ਛੇ ਲੇਖ ਹਿੰਦੀ ਵਿਚ ਵੀ ਲਿਖੇ ਜਿਨ੍ਹਾਂ ਦਾ ਇਤਿਹਾਸਿਕ ਮਹੱਤਵ ਹੈ । ਪੰਜਾਬੀ ਵਿਚ ਤਿੰਨ ਕਾਵਿ-ਸੰਕਲਨਾਂ—ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ ਅਤੇ ਖੁਲ੍ਹੇ ਅਸਮਾਨੀ ਰੰਗ—ਤੋਂ ਇਲਾਵਾ 'ਖੁਲ੍ਹੇ ਲੇਖ' ਨਾਂ ਦਾ ਲੇਖ-ਸੰਗ੍ਰਹਿ ਛਾਪਿਆ ਜਿਨ੍ਹਾਂ ਦੀ ਨਿਖੜਵੀਂ ਸ਼ੈਲੀ ਅਤੇ ਬੇਜੋੜ ਦ੍ਰਿਸ਼ਟੀਕੋਣ ਹੈ । ਫਲਸਰੂਪ ਪੂਰਨ ਸਿੰਘ ਦਾ ਪੰਜਾਬੀ ਜੀਵਨ ਵਿਚ ਵਿਸ਼ੇਸ਼ ਸਥਾਨ ਬਣ ਗਿਆ ਹੈ । ਡਾ. ਮੋਹਨ ਸਿੰਘ ਦੀਵਾਨਾ ਨੇ 'ਸਿਆਲਕੋਟ' ਨਾਂ ਦੀ ਕਵਿਤਾ ਵਿਚ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਏਥੇ ਹੀ ਭਿਖੂ-ਪੂਰਨ ਮੁੜ ਪਾਈ ਸਿਖੀ-ਭਿਖਿਆ' ('ਸਿਆਲਕੋਟ') ।

ਪੂਰਨ, ਭਗਤ : ਪੰਜਾਬ ਦਾ ਇਕ ਸਾਧਕ ਅਥਵਾ ਭਗਤ ਜੋ ਸੱਚੀਆਂ ਕਦਰਾਂ ਕੀਮਤਾਂ ਸਥਾਪਿਤ ਕਰਨ ਲਈ ਅਨੇਕ ਪ੍ਰਕਾਰ ਦੇ ਸੰਕਟ ਸਹਿੰਦਾ ਹੋਇਆ ਆਖ਼ਰ ਸਾਬਤ-ਸਰੂਪ ਨਿਤਰਦਾ ਹੈ ਅਤੇ ਲੋਕ-ਮਨ ਵਿਚ ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਛੱਡਦਾ ਹੈ । ਪੂਰਨ ਭਗਤ ਦੇ ਬ੍ਰਿੱਤਾਂਤ ਦਾ ਇਤਿਹਾਸਿਕ ਆਧਾਰ ਬਹੁਤ ਕਮਜ਼ੋਰ ਹੈ । ਪੰਜਾਬ ਵਿਚ ਇਸ ਨੂੰ ਰਾਜੇ ਸਲਵਾਨ/ਸਾਲਿਬਾਹਨ (ਵੇਖੋ) ਦਾ ਪੁੱਤਰ ਅਤੇ ਰਸਾਲੂ (ਵੇਖੋ) ਦਾ ਭਰਾ ਮੰਨਿਆ ਜਾਂਦਾ ਹੈ । ਰਵਾਇਤ ਅਨੁਸਾਰ ਸਿਆਲਕੋਟ ਨਗਰ ਰਾਜੇ ਸਲਵਾਨ ਦੀ ਰਾਜਧਾਨੀ ਹੈ । ਰਾਜੇ ਸਲਵਾਨ ਦਾ ਸਮਾਂ, ਉਸ ਦੇ ਰਾਜ ਦਾ ਖੇਤਰ, ਪੂਰਨ ਦਾ ਗੋਰਖ-ਨਾਥ ਨੂੰ ਗੁਰੂ ਧਾਰਨ ਕਰਨਾ ਆਦਿ ਪਰਸਪਰ ਵਿਰੋਧੀ ਇਤਿਹਾਸਿਕ ਤੱਥ ਹਨ । ਇੰਜ ਪ੍ਰਤੀਤ ਹੁੰਦਾ ਹੈ ਕਿ ਨਾਥ-ਪੰਥ ਦੀ ਪ੍ਰਭੁਤਾ ਸਥਾਪਿਤ ਕਰਨ ਲਈ, ਯੋਗੀਆਂ ਵਲੋਂ ਅਜਿਹੇ ਚਰਿਤ੍ਰਾਂ ਦੀ ਕਲਪਨਾ ਕੀਤੀ ਗਈ ਜਿਨ੍ਹਾਂ ਵਿਚੋਂ ਕੁਝ ਯੋਗ-ਮਤ ਦੀਆਂ ਕੀਮਤਾਂ ਸਥਾਪਿਤ ਕਰਦੇ ਹਨ ਅਤੇ ਕੁਝ ਗ਼ਲਤ ਕੀਮਤਾਂ ਦੇ ਪ੍ਰਸਾਰ ਦਾ ਕਾਰਣ ਬਣ ਕੇ ਯੋਗ-ਮਤ ਦੀ ਉੱਚਤਾ ਦਰਸਾਉਣ ਲਈ ਭੂਮਿਕਾ ਤਿਆਰ ਕਰਦੇ ਹਨ । ਪੂਰਨ ਅਤੇ ਸਲਵਾਨ ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਸ਼ਖ਼ਸੀਅਤਾਂ ਦੇ ਪ੍ਰਤੀਕ ਹਨ ।

ਪੂਰਨ ਭਗਤ ਦੀ ਲੋਕ-ਕਥਾ ਦਾ ਸੰਖਿਪਤ ਰੂਪ ਇਸ ਪ੍ਰਕਾਰ ਹੈ ਕਿ ਸਿਆਲਕੋਟ ਦੇ ਰਾਜੇ ਸਲਵਾਨ ਦੀਆਂ ਦੋ ਰਾਣੀਆਂ ਸਨ । ਪਹਿਲੀ ਇੱਛਰਾਂ ਸੀ ਜਿਸ ਨੇ ਪੂਰਨ ਨੂੰ

ਜਨਮ ਦਿੱਤਾ। ਦੂਜੀ ਲੂਣਾਂ ਸੀ ਜੋ ਭਰ ਜਵਾਨ ਹੋਣ ਕਾਰਣ ਬਿਰਧ ਸਲਵਾਨ ਤੋਂ ਅਤ੍ਰਿਪਤ ਸੀ। ਪੂਰਨ ਦੇ ਜਨਮ 'ਤੇ ਜੋਤਿਸ਼ੀਆਂ ਨੇ ਰਾਜੇ ਨੂੰ ਦਸਿਆ ਕਿ ਬਾਰ੍ਹਾਂ ਸਾਲ ਤਕ ਪੂਰਨ ਦੇ ਮੱਥੇ ਨਾ ਲਗਿਆ ਜਾਏ, ਨਹੀਂ ਤਾਂ ਅਨਿਸ਼ਟ ਦੀ ਸੰਭਾਵਨਾ ਹੈ। ਰਾਜੇ ਨੇ ਮਜਬੂਰ ਹੋ ਕੇ ਪੂਰਨ ਨੂੰ ਭੋਰੇ ਪਾ ਦਿੱਤਾ। ਜਦ ਬਾਰ੍ਹਾਂ ਸਾਲ ਦੀ ਮਿਆਦ ਪੁਗੀ ਤਾਂ ਪੂਰਨ ਮਾਪਿਆਂ ਕੋਲ ਆਇਆ। ਸਭ ਨੂੰ ਮਿਲਦਿਆਂ ਮਿਲਾਂਦਿਆਂ ਜਦੋਂ ਲੂਣਾਂ ਦੇ ਮਹੱਲ ਵਿਚ ਪਹੁੰਚਿਆ ਤਾਂ ਉਸ ਦੀ ਖ਼ੂਬਸੂਰਤੀ ਨੂੰ ਵੇਖ ਕੇ ਲੂਣਾਂ ਦਾ ਮਨ ਕਾਮ-ਵਾਸਨਾ ਨਾਲ ਡੋਲ ਗਿਆ। ਉਸ ਨੇ ਪੂਰੀ ਵਾਹ ਲਾਈ ਕਿ ਪੂਰਨ ਉਸ ਦੇ ਮਨ-ਅੰਤਰ ਦੀ ਅੱਗ ਬੁਝਾ ਦੇਵੇ, ਪਰ ਪੂਰਨ ਆਪਣੇ ਧਰਮ ਤੋਂ ਨਾ ਥਿੜਕਿਆ। ਮਾਤ ਖਾ ਕੇ ਲੂਣਾਂ ਰਾਜੇ ਕੋਲ ਗਈ ਅਤੇ ਪੂਰਨ ਦੇ ਚਰਿਤ੍ਰ ਦੇ ਅਜਿਹੇ ਵਿਭਚਾਰੀ ਪੱਖ ਨੂੰ ਪੇਸ਼ ਕੀਤਾ ਕਿ ਰਾਜਾ ਗੁੱਸੇ ਵਿਚ ਆਪਣੀ ਸੁੱਧ-ਬੁੱਧ ਖੋਹ ਬੈਠਾ। ਉਸ ਨੇ ਪੂਰਨ ਦੇ ਹੱਥ-ਪੈਰ ਕਟਵਾ ਕੇ ਅੰਨ੍ਹੇ ਖੂਹ ਵਿਚ ਸੁਟਵਾ ਦਿੱਤਾ। ਪੂਰਨ ਬਾਰ੍ਹਾਂ ਵਰ੍ਹੇ ਉਥੇ ਹੀ ਪਿਆ ਰਿਹਾ। ਸੰਜੋਗ ਨਾਲ ਇਕ ਵਾਰ ਗੋਰਖਨਾਥ ਨੇ ਉਸ ਖੂਹ ਨੇੜੇ ਉਤਾਰਾ ਕੀਤਾ, ਪੂਰਨ ਨੂੰ ਖੂਹੋਂ ਬਾਹਰ ਕੱਢ ਕੇ ਨਵਾਂ ਨਰੋਇਆ ਕੀਤਾ। ਉਦੋਂ ਉਸ ਨੂੰ ਲੈ ਕੇ ਗੋਰਖਨਾਥ ਕਿਸੇ ਸ਼ਹਿਰ ਵਲ ਗਿਆ ਤਾਂ ਉਥੋਂ ਦੀ ਰਾਣੀ ਸੁੰਦਰਾਂ ਨੇ ਗੋਰਖਨਾਥ ਤੋਂ ਪੂਰਨ ਦੀ ਭਿਖਿਆ ਮੰਗੀ। ਗੁਰੂ ਦੀ ਆਗਿਆ ਮਨ ਕੇ ਪੂਰਨ ਰਾਣੀ ਸੁੰਦਰਾਂ ਦੇ ਮਹੱਲ ਵਿਚ ਚਲਾ ਗਿਆ। ਪਰ ਸਦਾਚਾਰੀ ਪੂਰਨ ਲਈ ਉਥੇ ਟਿਕਣਾ ਔਖਾ ਹੋ ਗਿਆ। ਇਕ ਰਾਤ ਉਥੋਂ ਖਿਸਕ ਕੇ ਆਪਣੇ ਗੁਰੂ ਪਾਸ ਪਹੁੰਚ ਗਿਆ। ਸੁੰਦਰਾਂ ਨੇ ਪੂਰਨ ਦੇ ਵਿਯੋਗ ਵਿਚ ਮਹੱਲ ਤੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿੱਤੇ।

ਸੁੰਦਰਾਂ ਦੀ ਮੌਤ ਦੀ ਖ਼ਬਰ ਸੁਣ ਕੇ ਚਿੰਤਾਤੁਰ ਗੋਰਖਨਾਥ ਨੇ ਪੂਰਨ ਨੂੰ ਮਾਪਿਆਂ ਪਾਸ ਸਿਆਲਕੋਟ ਜਾਣ ਲਈ ਆਦੇਸ਼ ਦਿੱਤਾ। ਪੂਰਨ ਨੇ ਉਥੇ ਪਹੁੰਚ ਕੇ ਇਕ ਉਜੜੇ ਬਾਗ਼ ਵਿਚ ਡੇਰਾ ਲਾਇਆ ਜੋ ਹਰਿਆ ਭਰਿਆ ਹੋ ਗਿਆ। ਲੋਕੀਂ ਦਰਸ਼ਨਾਂ ਨੂੰ ਉਮਡ ਪਏ। ਰਾਜਾ ਸਲਵਾਨ ਦੋਹਾਂ ਰਾਣੀਆਂ ਸਹਿਤ ਆਇਆ। ਪੁੱਤਰ-ਵਿਯੋਗ ਵਿਚ ਅੰਨ੍ਹੀ ਹੋਈ ਇੱਛਰਾਂ ਦੀ ਨਜ਼ਰ ਪਰਤ ਆਈ। ਰਾਜੇ ਤੇ ਲੂਣਾਂ ਨੇ ਆਪਣੇ ਕੀਤੇ 'ਤੇ ਪਛਤਾਵਾ ਕੀਤਾ ਅਤੇ ਪੂਰਨ ਨੂੰ ਮਹੱਲ ਵਿਚ ਚਲ ਕੇ ਰਾਜ ਸੰਭਾਲਣ ਲਈ ਕਿਹਾ, ਪਰ ਪੂਰਨ ਨਾ ਮੰਨਿਆ। ਉਸ ਨੇ ਲੂਣਾਂ ਨੂੰ ਚੌਲ ਦਾ ਇਕ ਦਾਣਾ ਮੰਤਰ ਕੇ ਦਿੱਤਾ ਜਿਸ ਨੂੰ ਖਾਣ ਨਾਲ ਕਾਲਾਂਤਰ ਵਿਚ ਲੂਣਾਂ ਦੀ ਕੁੱਖੋਂ ਰਸਾਲੂ ਨੇ ਜਨਮ ਲਿਆ। ਪੂਰਨ ਮੁੜ ਆਪਣੇ ਗੁਰੂ ਪਾਸ ਪਹੁੰਚ ਗਿਆ।

ਪੂਰਨ ਭਗਤ ਦੀ ਕਥਾ, ਅਸਲ ਵਿਚ, ਨੈਤਿਕ ਮੁੱਲਾਂ ਦੀ ਸਥਾਪਨਾ ਲਈ ਕਲਪੀ ਗਈ ਹੈ। ਜਵਾਨ ਮਤਰੇਈ ਮਾਂ ਦਾ ਨੌਜਵਾਨ ਮਤਰੇਏ ਪੁੱਤਰ 'ਤੇ ਮੋਹਿਤ ਹੋਣ ਦਾ ਆਖਿਆਨ ਅਨੇਕ ਦੇਸ਼ਾਂ ਦੀਆਂ ਮਿਥ-ਕਥਾਵਾਂ ਵਿਚ ਮਿਲ ਜਾਂਦਾ ਹੈ। 'ਦਸਮ-ਗ੍ਰੰਥ' ਵਿਚਲੇ ਚਰਿਤ੍ਰੋਪਾਖਿਆਨ ਦੀ ਮੂਲ ਭਾਵਨਾ ਪਿਛੇ ਇਹੀ ਨੈਤਿਕ ਕੀਮਤ ਕੰਮ ਕਰ ਰਹੀ ਹੈ।

ਪੰਜਾਬੀ ਵਿਚ ਪੂਰਨ ਭਗਤ ਦਾ ਕਿੱਸਾ ਲਿਖਣ ਦਾ ਆਰੰਭ ਕਵੀ ਕਾਦਰਯਾਰ ਨੇ

ਕੀਤਾ ਸੀ। ਪ੍ਰੋ. ਪੂਰਨ ਸਿੰਘ ਨੇ ਵੀ 'ਪੂਰਨ ਨਾਥੀ ਜੋਗੀ' ਲਿਖ ਕੇ ਇਸ ਕਾਵਿ-ਪਰੰਪਰਾ ਨੂੰ ਅਗੇ ਤੋਰਿਆ। ਸ਼ਿਵ ਕੁਮਾਰ ਬਟਾਲਵੀ ਨੇ 'ਲੂਣਾ' ਦੀ ਰਚਨਾ ਰਾਹੀਂ ਇਸ ਆਖਿਆਨ ਦੀ, ਯੁਗ-ਬੋਧ ਅਨੁਸਾਰ, ਨਵੀਂ ਵਿਆਖਿਆ ਕੀਤੀ। ਪੂਰਨ ਭਗਤ ਦਾ ਹਵਾਲਾ ਦਿੰਦਿਆਂ ਬਾਵਾ ਬਲਵੰਤ ਨੇ 'ਅਧੂਰਾ ਸੁਪਨਾ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਪੂਰਨ ਵਾਂਗ ਨਹੀਂ ਮੈਂ ਡਰਿਆ,/ਬੇ-ਪਰਵਾਹ ਮਹਿਲਾਂ ਵਿਚ ਵੜਿਆ।'

ਪੂਰਵ-ਮੀਮਾਂਸਾ : ਵੇਖੋ 'ਮੀਮਾਂਸਾ'।

ਪੈਗ਼ੰਬਰ : ਵੇਖੋ 'ਨੱਬੀ'।

ਪੰਚ-ਸ਼ਬਦ : ਇਥੇ 'ਸ਼ਬਦ' ਤੋਂ ਭਾਵ ਹੈ 'ਸੁਰ'। ਇਸ ਲਈ ਪੰਚ-ਸ਼ਬਦ ਤੋਂ ਤਾਤਪਰਜ ਹੈ ਪੰਜ ਸੁਰਾਂ। ਇਹ ਪੰਚ-ਸ਼ਬਦ ਕਿਹੜੇ ਹਨ, ਇਸ ਬਾਰੇ ਮੱਧ-ਯੁਗ ਦੇ ਭਗਤੀ-ਕਾਵਿ ਤੋਂ ਗੱਲ ਨਹੀਂ ਉਘੜਦੀ। ਭਾਰਤੀ ਵਿਰਸੇ ਤੋਂ ਕਈ ਪੰਚ-ਸ਼ਬਦਾਂ ਦੇ ਸੰਕੇਤ ਮਿਲਦੇ ਹਨ।

ਪੁਰਾਣ-ਸਾਹਿੱਤ ਅਤੇ ਚਾਰਣ-ਕਾਵਿ ਵਿਚ ਇਹ ਸ਼ਬਦ ਉਨ੍ਹਾਂ ਪੰਜ ਵਾਜਿਆਂ ਤੋਂ ਨਿਕਲਦੇ ਮੰਨੇ ਗਏ ਹਨ ਜਿਨ੍ਹਾਂ ਦਾ ਰਾਜੇ ਦੇ ਅਗੇ ਵਜਾਏ ਜਾਣ ਦਾ ਵਿਧਾਨ ਹੈ, ਜਿਵੇਂ ਸਿੰਗ, ਡਫ, ਸੰਖ, ਭੇਰੀ ਅਤੇ ਜਯ-ਘੰਟਾ। ਇਨ੍ਹਾਂ ਤੋਂ ਇਲਾਵਾ ਪੁਰਾਣਾਂ ਵਿਚ ਵੇਦ-ਧੁਨੀ, ਬੰਦੀ ਜਨ-ਧੁਨੀ, ਜਯ-ਧੁਨੀ, ਸੰਖ-ਧੁਨੀ ਅਤੇ ਨਿਸ਼ਾਨ-ਧੁਨੀ ਨੂੰ ਵੀ ਪੰਚ-ਸ਼ਬਦ ਕਿਹਾ ਜਾਂਦਾ ਹੈ।

ਯੋਗ-ਮਤ ਵਿਚ ਵੀ ਦੋ ਪ੍ਰਕਾਰ ਦੇ ਪੰਚ ਸ਼ਬਦਾਂ ਦਾ ਵਰਣਨ ਹੈ। ਇਕ ਪ੍ਰਕਾਰ ਅਨੁਸਾਰ ਪੰਜ ਸਾਜ਼ਾਂ ਤੋਂ ਨਿਕਲਣ ਵਾਲੇ ਸ਼ਬਦ, 'ਪੰਚ-ਸ਼ਬਦ' ਕਹੇ ਜਾਂਦੇ ਹਨ, ਜਿਵੇਂ ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ ਅਤੇ ਵੀਣਾ। ਦੂਜੇ ਪ੍ਰਕਾਰ ਅਨੁਸਾਰ ਕੁੰਡਲਿਨੀ ਦੇ ਜਾਗਰਣ ਅਤੇ ਵਿਸਫੋਟ ਤੋਂ ਬਾਦ ਜਦੋਂ ਸੁਖਮਨਾ ਮਾਰਗ ਖੁਲ੍ਹ ਜਾਂਦਾ ਹੈ ਤਾਂ ਸਾਧਕ ਨੂੰ ਨਿਰੰਤਰ ਅਨਹਦ-ਨਾਦ ਸੁਣਾਈ ਦੇਣ ਲਗਦਾ ਹੈ। ਅਨੁਭਵੀ ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਭੌਰੇ ਦੀ ਗੁੰਜਾਰ ਵਰਗੀ ਧੁਨੀ ਸੁਣਾਈ ਪੈਂਦੀ ਹੈ ਅਤੇ ਫਿਰ ਚਾਰ ਹੋਰ ਧੁਨੀਆਂ—ਹਵਾ ਨਾਲ ਭਰੀ ਹੋਈ ਨਲਕੀ ਦੀ ਧੁਨੀ, ਘੰਟੇ ਦੀ ਧੁਨੀ, ਸਮੁੰਦਰ ਦੇ ਗਰਜਣ ਦੀ ਧੁਨੀ ਅਤੇ ਬਦਲ ਦੇ ਗਰਜਣ ਦੀ ਧੁਨੀ ਦੇ ਸੁਣਾਈ ਪੈਣ ਦਾ ਅਹਿਸਾਸ ਹੁੰਦਾ ਹੈ। ਇਨ੍ਹਾਂ ਨੂੰ ਯੋਗੀ 'ਪੰਚ-ਸ਼ਬਦ' ਕਹਿੰਦੇ ਹਨ।

ਵੱਖ-ਵੱਖ ਤਰ੍ਹਾਂ ਦੇ ਵਾਜਿਆਂ ਤੋਂ ਨਿਕਲਣ ਵਾਲੇ ਸ਼ਬਦਾਂ ਨੂੰ ਵੀ ਪੰਚ-ਸ਼ਬਦ ਕਿਹਾ ਜਾਂਦਾ ਹੈ, ਜਿਵੇਂ ਤੰਦ ਵਾਲੇ ਵਾਜੇ, ਚੰਮ ਨਾਲ ਮੜ੍ਹੇ ਹੋਏ ਵਾਜੇ, ਧਾਤ ਦੇ ਬਣੇ ਹੋਏ ਵਾਜੇ, ਫੂਕ ਨਾਲ ਵੱਜਣ ਵਾਲੇ ਵਾਜੇ ਅਤੇ ਉਹ ਵਾਜੇ ਜਿਨ੍ਹਾਂ ਦੇ ਪੁਲਾੜ ਵਿਚੋਂ ਹੱਥ ਮਾਰ ਕੇ ਧੁਨੀ ਕੱਢੀ ਜਾਂਦੀ ਹੈ।

ਗੁਰਬਾਣੀ ਵਿਚ ਮਹਾਮਿਲਨ ਦੇ ਆਨੰਦੀ ਵਾਤਾਵਰਣ ਨੂੰ ਪੰਚ-ਸ਼ਬਦ ਦੀ ਧੁਨੀ ਦਾ ਵਾਚਕ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਨੇ ਇਸ ਸਥਿਤੀ ਦਾ ਚਿਤ੍ਰਣ ਕਰਦਿਆਂ ਲਿਖਿਆ ਹੈ—'ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ।/ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ' (ਅ. ਗ੍ਰੰ. 764)।

ਪੰਚ-ਜਨ : ਵੇਖੋ 'ਪੰਚ-ਬਿਕਾਰ'।

ਪੰਚ-ਤੱਤ : ਭਾਰਤੀ ਦਰਸ਼ਨ ਵਿਚ ਸਾਰੀ ਸ੍ਰਿਸ਼ਟੀ ਦੀ ਰਚਨਾ ਪੰਜ ਤੱਤ੍ਵਾਂ ਤੋਂ ਹੋਈ ਮੰਨੀ ਗਈ ਹੈ। ਇਹ ਪੰਜ ਤੱਤ੍ਵ ਹਨ—ਪ੍ਰਿਥਵੀ, ਜਲ, ਤੇਜ (ਅਗਨੀ), ਵਾਯੂ ਅਤੇ ਆਕਾਸ਼। ਇਨ੍ਹਾਂ ਨੂੰ ਪੰਚ-ਭੂਤ ਜਾਂ ਪੰਚ-ਮਹਾਭੂਤ ਵੀ ਕਿਹਾ ਜਾਂਦਾ ਹੈ। ਇਨ੍ਹਾਂ ਕਰਕੇ ਹੀ ਸ਼ਰੀਰ ਨੂੰ ਪੰਜ ਭੌਤਿਕ ਮੰਨਿਆ ਜਾਂਦਾ ਹੈ। ਜਦੋਂ ਸ਼ਰੀਰ ਖ਼ਤਮ ਹੁੰਦਾ ਹੈ ਤਾਂ ਉਸ ਵਿਚਲੇ ਤੱਤ੍ਵ ਆਪਣੇ ਮੂਲ ਤੱਤ੍ਵਾਂ ਵਿਚ ਜਾ ਰਲਦੇ ਹਨ। ਇਸ ਸੰਬੰਧ ਵਿਚ ਸਭ ਤੋਂ ਮਹੱਤਵਪੂਰਣ ਸਿੱਧਾਂਤ ਸਾਂਖ੍ਯ ਸ਼ਾਸਤ੍ਰ ਦਾ ਹੈ। ਉਸ ਵਿਚ ਜਗਤ ਦੀ ਸ੍ਰਿਸ਼ਟੀ ਦਾ ਕ੍ਰਮ ਇਸ ਪ੍ਰਕਾਰ ਦਸਿਆ ਗਿਆ ਹੈ। ਸਭ ਤੋਂ ਪਹਿਲਾਂ ਸੱਤ੍ਵ ਦੀ ਅਧਿਕਤਾ ਹੋਣ ਕਰਕੇ ਪ੍ਰਕ੍ਰਿਤੀ ਤੋਂ ਮਹਤ੍ ਤੱਤ੍ਵ ਦੀ ਉਤਪੱਤੀ ਹੁੰਦੀ ਹੈ। ਫਿਰ ਮਹਤ੍ ਤੋਂ ਅਹੰਕਾਰ, ਅਹੰਕਾਰ ਤੋਂ ਪੰਜ ਗਿਆਨ-ਇੰਦ੍ਰੀਆਂ, ਪੰਜ ਕਰਮ-ਇੰਦ੍ਰੀਆਂ ਅਤੇ ਮਨ ਦੀ ਸ੍ਰਿਸ਼ਟੀ ਹੁੰਦੀ ਹੈ। ਤਦਉਪਰੰਤ ਅਹੰਕਾਰ ਤੋਂ ਪੰਜ ਤਨਮਾਤ੍ਰਾਵਾਂ—ਸ਼ਬਦ, ਸਪਰਸ਼, ਰੂਪ, ਰਸ, ਗੰਧ—ਦੀ ਉਤਪੱਤੀ ਹੁੰਦੀ ਹੈ ਅਤੇ ਫਿਰ ਇਨ੍ਹਾਂ ਤਨਮਾਤ੍ਰਾਵਾਂ ਤੋਂ ਪੰਜ ਮਹਾ-ਭੂਤਾਂ ਦੀ ਉਤਪੱਤੀ ਹੁੰਦੀ ਹੈ, ਜਿਨ੍ਹਾਂ ਦਾ ਕ੍ਰਮ ਇਸ ਪ੍ਰਕਾਰ ਹੈ—ਸ਼ਬਦ ਤਨਮਾਤ੍ਰਾ ਤੋਂ ਆਕਾਸ਼, ਸਪਰਸ਼ ਤੋਂ ਵਾਯੂ, ਰੂਪ ਤੋਂ ਤੇਜ, ਰਸ ਤੋਂ ਜਲ ਅਤੇ ਗੰਧ ਤੋਂ ਪ੍ਰਿਥਵੀ ਦੀ ਉਤਪੱਤੀ ਹੁੰਦੀ ਹੈ।

ਚਾਰਵਾਕ ਦਰਸ਼ਨ ਵਿਚ ਸ੍ਰਿਸ਼ਟੀ ਦਾ ਨਿਰਮਾਣ ਚਾਰ ਤੱਤ੍ਵਾਂ ਤੋਂ ਮੰਨਿਆ ਗਿਆ ਹੈ—ਜਲ, ਪ੍ਰਿਥਵੀ, ਤੇਜ ਅਤੇ ਵਾਯੂ। ਇਸਲਾਮ ਵਿਚ ਇਨ੍ਹਾਂ ਤੱਤ੍ਵਾਂ ਲਈ 'ਅਰਬਾ' ਸ਼ਬਦ ਵਰਤਿਆ ਗਿਆ ਹੈ। ਅਲੀ ਹੈਦਰ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਅਰਬਾ ਅਨਾਸਰ ਬੁੱਤ ਬਣਾ ਕੇ, ਵਿਚ ਓਹਦੇ ਵੜ ਬਹੀਂ ਓ ਯਾਰ।' ਇਨ੍ਹਾਂ ਦੀ ਗਿਣਤੀ ਚਾਰ ਮੰਨੀ ਗਈ ਹੈ—ਖ਼ਾਕ, ਬਾਦ, ਆਤਿਸ਼ ਅਤੇ ਆਬ। 'ਅਕਾਲ ਉਸਤਤਿ' ਵਿਚ ਲਿਖਿਆ ਹੈ—'ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ, ਖ਼ਾਕ ਬਾਦ ਆਤਸ ਔ ਆਬ ਕੋ ਰਲਾਉ ਹੈ' (86)।

ਵਿਗਿਆਨਿਕ ਖੋਜ ਭਾਵੇਂ ਕਿਸੇ ਨਿਰਣੇ ਉਤੇ ਪਹੁੰਚੇ ਪਰ ਆਮ ਧਾਰਣਾ ਪੰਜ-ਤੱਤ੍ਵਾਂ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਮੰਨਦੀ ਹੈ। ਗੁਰੂ ਤੇਗ ਬਹਾਦਰ ਨੇ ਇਸ ਤੱਥ ਦਾ ਹਵਾਲਾ ਦਿੱਤਾ ਹੈ—'ਪੰਚ ਤਤ ਕੋ ਤਨ ਰਚਿਓ, ਜਾਨਹੁ ਚਤੁਰ ਸੁਜਾਨ ।/ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ' (ਅ. ਗ੍ਰੰ. 1426)। ਗੁਰੂ ਰਾਮਦਾਸ ਅਨੁਸਾਰ—'ਪੰਚ ਭੂਤ ਸਬਲ ਹੈ ਦੇਹੀ' (ਅ. ਗ੍ਰੰ. 983)।

ਪੰਚ-ਦੋਖ : ਵੇਖੋ 'ਪੰਚ-ਬਿਕਾਰ', 'ਮਨ'।

ਪੰਚ-ਬਿਕਾਰ/ਪੰਜ-ਵਿਕਾਰ : ਮਨ ਦਾ ਸੰਤੁਲਨ ਵਿਗਾੜਨ ਵਾਲੀਆਂ ਬ੍ਰਿੱਤੀਆਂ ਨੂੰ 'ਪੰਚ-ਵਿਕਾਰ' ਕਿਹਾ ਜਾਂਦਾ ਹੈ। ਇਹ ਵਿਕਾਰ ਮਾਯਾ ਦੇ ਪਰਿਵਾਰ ਦੇ ਪ੍ਰਮੁਖ ਮੈਂਬਰ ਹਨ। ਮਾਯਾ ਦਾ ਪਰਿਵਾਰ ਬਹੁਤ ਵੱਡਾ ਹੈ। ਉਸ ਵਿਚ ਅਨੇਕ ਪ੍ਰਕਾਰ ਦੇ ਵਿਕਾਰ, ਵਾਸਨਾਵਾਂ, ਕੁਰੁਚੀਆਂ ਸ਼ਾਮਲ ਹਨ। ਇਨ੍ਹਾਂ ਸਭ ਵਿਚੋਂ ਪੰਜ ਵਿਕਾਰ ਪ੍ਰਮੁਖ ਹਨ—ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਨ੍ਹਾਂ ਕਰ ਕੇ ਮਨ ਸਦਾ ਵਿਕਾਰੀ ਬਣਿਆ ਰਹਿੰਦਾ

ਹੈ। ਉਸ ਵਿਚ ਸਥਿਰਤਾ ਪੈਦਾ ਨਹੀਂ ਹੁੰਦੀ। ਇਨ੍ਹਾਂ ਵਿਕਾਰਾਂ ਤੋਂ ਹੋਰ ਵਿਕਾਰਾਂ ਦੀ ਉਤਪੱਤੀ ਹੁੰਦੀ ਹੈ ਅਤੇ ਕਦੇ ਨਾ ਮੁਕਣ ਵਾਲਾ ਸਿਲਸਿਲਾ ਚਲਦਾ ਰਹਿੰਦਾ ਹੈ। ਇਨ੍ਹਾਂ ਉਤੇ ਕਾਬੂ ਪਾ ਸਕਣਾ ਸਰਲ ਨਹੀਂ। ਗੁਰੂ ਨਾਨਕ ਦੇਵ ਨੇ ਕਿਹਾ ਹੈ—'ਅਵਰਿ ਪੰਚ ਹਮ ਏਕ ਜਨਾ।/ ਕਿਉ ਰਾਖਉ ਘਰ ਬਾਰੁ ਮਨਾ।/ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ' (ਅ. ਗ੍ਰੰ. 155)।

ਇਹ ਪੰਚ-ਵਿਕਾਰ ਸਦਾ ਮਨੁੱਖ ਦੇ ਮਨ ਵਿਚ ਸਮਾਏ ਰਹਿੰਦੇ ਹਨ। ਅਸਲ ਵਿਚ, ਇਹ ਮਾਯਾ ਦੇ ਦੂਤ ਹਨ ਜੋ ਮਾਯਾ ਦੇ ਪ੍ਰਭਾਵ ਅਤੇ ਮਹੱਤਵ ਦਾ ਵਿਸਤਾਰ ਕਰਦੇ ਹਨ। ਇਨ੍ਹਾਂ ਤੋਂ ਖ਼ਲਾਸੀ ਸਾਧ-ਸੰਗਤਿ ਵਿਚ ਜਾਇਆਂ ਹੀ ਸੰਭਵ ਹੈ। ਗੁਰੂ ਅਰਜਨ ਦੇਵ ਨੇ ਦਸਿਆ ਹੈ—'ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ।/ ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ' (ਅ. ਗ੍ਰੰ. 297)।

ਪੰਚ-ਭੂਤ : ਵੇਖੋ 'ਪੰਚ-ਤੱਤ'।

ਪੰਚਾਲੀ : ਵੇਖੋ 'ਪਾਂਚਾਲੀ'।

ਪੰਜ : ਇਕ ਪ੍ਰਤੀਕਾਤਮਕ ਅੰਕ ਜੋ ਭਗਤੀ-ਕਾਵਿ ਵਿਚ ਬਹੁਤ ਵਰਤਿਆ ਗਿਆ ਹੈ। ਸੂਫ਼ੀ ਕਵੀਆਂ ਨੇ ਵੀ ਇਸ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ, ਜਿਵੇਂ ਪੰਜ ਵਿਕਾਰਾਂ ਲਈ 'ਪੰਜ ਨਦੀਆਂ' ('ਪੰਜਾਂ ਨਦੀਆਂ ਦੇ ਮੂੰਹ ਆਇਉਂ', ਕੇਹਾ ਦੋਸ ਮੁਹਾਣੇ ਨੂੰ' —ਸ਼ਾਹ ਹੁਸੈਨ) ਅਤੇ 'ਪੰਜ ਪਟਵਾਰੀ' ('ਪੰਜੇ ਮਹਰ ਪੰਜੇ ਪਟਵਾਰੀ, ਹਾਸਲ ਕਿਤਵਲ ਭਰੀਏ ਹੂ'—ਬਾਹੂ); ਪੰਜ ਮਹਾ-ਤੱਤਾਂ ਲਈ 'ਪੰਜ ਮਹਰ' ('ਪੰਜੇ ਮਹਰ ਪੰਜੇ ਪਟਵਾਰੀ, ਹਾਸਲ ਕਿਤਵਲ ਭਰੀਏ ਹੂ'—ਬਾਹੂ); ਪੰਜ ਗਿਆਨ ਇੰਦਰੀਆਂ ਲਈ 'ਪੰਜ ਮਹਲ' ('ਪੰਜ ਮਹਲ ਪੰਜਾਂ ਵਿਚ ਚਾਨਣ, ਦੀਵਾ ਕਿਤ ਵਲ ਧਰੀਏ ਹੂ'—ਬਾਹੂ); ਪੰਜ ਵਿਕਾਰਾਂ ਲਈ 'ਪੰਜ ਸਖੀਆਂ' ('ਪੰਜੇ ਸਖੀਆਂ ਇਕੋ ਜੇਹੀਆਂ, ਹੁਕਮ ਸੰਜੋਗ ਇਕੱਠੀਆ ਹੋਈਆਂ।/ ਜੋ ਪੰਜਾਂ ਨੂੰ ਧਾਗਾ ਪਾਏ, ਸਾ ਸਭਰਾਈ ਕੰਤ ਰੀਝਾਏ,/ਕਹੇ ਹੁਸੈਨ ਬਿਸ਼ਰਮੀ ਸਈਆਂ, ਆਇ ਪਵਣ ਅਚੇਤੜੀਆਂ')। ਇਸੇ ਤਰ੍ਹਾਂ ਹੋਰ ਵੀ ਕਈ ਉੱਲੇਖ ਮਿਲਦੇ ਹਨ। ਇਨ੍ਹਾਂ ਦਾ ਅਰਥ ਭਾਵ-ਪ੍ਰਸੰਗ ਅਨੁਸਾਰ ਕੱਢਣਾ ਹੀ ਸੰਭਵ ਹੁੰਦਾ ਹੈ।

ਪੰਜ-ਪਿਆਰੇ : ਵੇਖੋ 'ਖਾਲਸਾ'।

ਪੰਜ ਫੂਲ ਰਾਣੀ : 'ਰਾਜਾ ਰੂਪ ਚੰਦ' ਦੀ ਲੋਕ-ਵਾਰਤਾ ਵਿਚ ਉਸ ਦੀ ਰਾਣੀ ਦਾ ਜੋ ਅਤਿ-ਉਤਮ ਸਰੂਪ ਪੇਸ਼ ਕੀਤਾ ਗਿਆ ਹੈ, ਉਹ ਕਲਪਨਾ ਦੀਆਂ ਸੀਮਾਵਾਂ ਤੋਂ ਵੀ ਪਰੇ ਹੈ। ਉਸ ਦਾ ਭਾਰ ਪੰਜ ਫੁਲਾਂ ਜਿਤਨਾ ਸੀ ਅਤੇ ਉਸ ਦਾ ਸਰੂਪ ਇਤਨਾ ਪ੍ਰਭਾ-ਮੰਡਿਤ ਸੀ ਕਿ ਹਨੇਰੇ ਵਿਚ ਵੀ ਉਸ ਦੀ ਰੌਸ਼ਨੀ ਹਰ ਪਾਸੇ ਪਸਰ ਜਾਂਦੀ ਸੀ। ਤਿਲੱਤਮਾ ਵਾਂਗ ਉਹ ਸੁੰਦਰਤਾ ਦੀ ਪ੍ਰਤਿ-ਮੂਰਤੀ ਸੀ। ਵਾਰਿਸ ਸ਼ਾਹ ਨੇ 'ਹੀਰ' ਦੇ ਕਿੱਸੇ ਵਿਚ ਹੀਰ ਦੀ ਇਸ ਨਾਲ ਉਪਮਾ ਦਿੱਤੀ ਹੈ—'ਸ਼ਾਹ ਪਰੀ ਦੀ ਭੈਣ ਪੰਜ ਫੂਲ ਰਾਣੀ, ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ'।

ਪੰਜਾ, ਸਾਹਿਬ : ਗੁਰੂ ਨਾਨਕ ਦੇਵ ਦੇ ਨਾਂ ਨਾਲ ਸੰਬੰਧਿਤ ਅਟਕ (ਕੈਂਬਲਪੁਰ)

ਜ਼ਿਲੇ ਵਿਚ ਇਹ ਇਕ ਮਹੱਤਵਪੂਰਨ ਗੁਰੂ-ਧਾਮ ਹੈ । ਇਹ ਰਾਵਲਪਿੰਡੀ ਤੋਂ ਪਿਸ਼ਾਵਰ ਜਾਣ ਵਾਲੀ ਰੇਲਵੇ ਲਾਈਨ ਉਤੇ 46 ਕਿ. ਮੀ. ਦੀ ਵਿਥ ਉਤੇ ਸਥਿਤ ਹਸਨ-ਅਬਦਾਲ ਰੇਲਵੇ-ਸਟੇਸ਼ਨ ਤੋਂ ਇਕ ਕਿਲੋਮੀਟਰ ਦੱਖਣ ਪੱਛਮ ਵਿਚ ਹੈ । ਇਥੇ ਇਕ ਪੱਥਰ ਉਪਰ ਗੁਰੂ ਨਾਨਕ ਸਾਹਿਬ ਦੇ ਸੱਜੇ ਹੱਥ ਦਾ ਚਿੰਨ੍ਹ ਲਗਿਆ ਹੈ ਅਤੇ ਉਸ ਦੇ ਹੇਠੋਂ ਜਲ ਦੀ ਧਾਰਾ ਫੁਟਦੀ ਹੈ ।

ਸਿੱਖ-ਇਤਿਹਾਸ ਅਨੁਸਾਰ ਇਥੇ ਇਕ ਪਹਾੜੀ ਉਤੇ ਹਸਨ-ਅਬਦਾਲ ਨਾਂ ਦਾ ਪੀਰ ਰਹਿੰਦਾ ਹੁੰਦਾ ਸੀ ਜੋ ਖ਼ੁਰਾਸਾਨ ਦੇ ਇਲਾਕੇ ਤੋਂ ਮਿਰਜ਼ਾ ਸ਼ਾਹ ਰੁਖ ਨਾਲ ਹਿੰਦੁਸਤਾਨ ਆਇਆ ਸੀ । ਉਸ ਨੂੰ ਆਮ ਲੋਕ 'ਵਲੀ' ਕਹਿੰਦੇ ਸਨ । ਉਸ ਨੇ ਪਹਾੜੀ ਉਤੇ ਇਕ ਤਾਲਾਬ ਵੀ ਬਣਾਇਆ ਹੋਇਆ ਸੀ । ਪੱਛਮ ਦੀ ਉਦਾਸੀ ਦੌਰਾਨ ਪਿਆਸ ਨਾਲ ਆਤੁਰ ਹੋਇਆ ਭਾਈ ਮਰਦਾਨਾ ਜਦੋਂ ਉਸ ਪਾਸ ਜਲ ਪੀਣ ਲਈ ਗਿਆ, ਤਾਂ ਉਸ ਨੇ ਜਲ ਪਿਲਾਣੋਂ ਨਾਂਹ ਕਰ ਦਿੱਤੀ । ਇਹ ਗੱਲ ਸੁਣ ਕੇ ਗੁਰੂ ਜੀ ਨੇ ਆਪਣੀ ਦੈਵੀ ਸ਼ਕਤੀ ਰਾਹੀਂ ਤਾਲਾਬ ਦਾ ਪਾਣੀ ਆਪਣੇ ਵਲ ਖਿਚ ਲਿਆ । ਇਸ ਤੋਂ ਖਿਝ ਕੇ ਵਲੀ ਨੇ ਇਕ ਬਹੁਤ ਵੱਡਾ ਪੱਥਰ ਗੁਰੂ ਸਾਹਿਬ ਵਲ ਰਿੜ੍ਹਾ ਦਿੱਤਾ । ਗੁਰੂ ਜੀ ਨੇ ਉਸ ਪੱਥਰ ਨੂੰ ਆਪਣੇ ਸੱਜੇ ਹੱਥ ਨਾਲ ਠਲ੍ਹ ਲਿਆ ਜਿਸ ਕਰਕੇ ਉਸ ਪੱਥਰ ਉਤੇ ਗੁਰੂ ਜੀ ਦੇ ਹੱਥ ਦਾ ਚਿੰਨ੍ਹ ਸਥਾਈ ਤੌਰ 'ਤੇ ਲਗ ਗਿਆ । ਇਸੇ ਕਰਕੇ ਇਸ ਧਾਮ ਨੂੰ 'ਪੰਜਾ ਸਾਹਿਬ' ਕਿਹਾ ਜਾਂਦਾ ਹੈ । ਹਸਨ ਅਬਦਾਲ ਦੇ ਨਾਂ 'ਤੇ ਹੀ ਇਸ ਕਸਬੇ ਦਾ ਨਾਂ ਪ੍ਰਚਲਿਤ ਹੋਇਆ । ਉਸ ਦੀ ਮ੍ਰਿਤੂ ਕੰਧਾਰ ਵਿਚ ਹੋਣ ਕਰਕੇ ਉਸ ਨੂੰ 'ਵਲੀ ਕੰਧਾਰੀ' ਵੀ ਕਿਹਾ ਜਾਂਦਾ ਹੈ । ਗੁਰੂ ਨਾਨਕ ਦੇਵ ਨਾਲ ਸੰਬੰਧਿਤ ਸਾਖੀ ਸਾਹਿੱਤ ਵਿਚ ਇਸ ਦਾ ਉੱਲੇਖ ਮਿਲਦਾ ਹੈ । ਗੁਰਦੁਆਰਾ ਸੁਧਾਰ ਲਹਿਰ ਅਧੀਨ ਪਕੜੇ ਗਏ ਸਿੱਖ ਕੈਦੀਆਂ ਨੂੰ ਅਟਕ ਜੇਲ ਵਿਚ ਲੈ ਜਾਣ ਵਾਲੀ ਗੱਡੀ ਨੂੰ ਇਥੇ, ਸਿੰਘਾਂ ਨੂੰ ਲੰਗਰ ਛਕਾਉਣ ਲਈ, ਰੋਕਣ ਦੀ ਬੇਨਤੀ ਨੂੰ ਠੁਕਰਾਏ ਜਾਣ ਤੇ ਸਿੱਖ-ਸਾਧਕਾਂ ਨੇ ਪਟੜੀ ਉਤੇ ਵਿਛ ਕੇ ਆਪਣੀ ਸ਼ਹਾਦਤ ਦੇ ਬਲ ਤੇ ਗਡੀ ਨੂੰ ਰੋਕਣ ਦਾ ਜੋ ਸਾਕਾ ਕੀਤਾ, ਉਹ ਇਤਿਹਾਸ ਦੀ ਦੁਰਲਭ ਮਿਸਾਲ ਹੈ । ਗੁਰਦੁਆਰਾ ਸੁਧਾਰ ਨਾਲ ਸੰਬੰਧਿਤ ਕਵਿਤਾਵਾਂ ਵਿਚ ਇਸ ਘਟਨਾ ਦੇ ਸੰਕੇਤ ਮਿਲਦੇ ਹਨ । ਹਰਿੰਦਰ ਮਹਿਬੂਬ ਨੇ ਇਸ ਦਾ ਹਵਾਲਾ ਦਿੱਤਾ ਹੈ—'ਹਸਨ ਅਬਦਾਲ ਦੇ ਸਿਕਦੇ ਪਰਬਤਾਂ ਅੰਦਰ/ਭਾਵੇਂ ਖਾਲਸੇ ਨੇ ਅਰਦਾਸ ਤਾਂ ਕੀਤੀ ।'

ਪ੍ਰਹਿਲਾਦ, ਭਗਤ : ਪੁਰਾਣ-ਸਾਹਿੱਤ ਅਨੁਸਾਰ ਇਕ ਪ੍ਰਸਿੱਧ ਵਿਸ਼ਣੂ ਭਗਤ ਜੋ ਦੈਂਤ-ਰਾਜ ਹਿਰਣ੍ਯਕਸ਼ਿਪ ਦਾ ਪੁੱਤਰ ਅਤੇ ਬਲੀ (ਵੇਖੋ) ਦਾ ਪਿਤਾ ਸੀ । ਜਦੋਂ ਹਿਰਣ੍ਯਕਸ਼ਿਪ (ਵੇਖੋ) ਨੇ ਤ੍ਰੈਲੋਕੀ ਦਾ ਰਾਜ ਜਿੱਤ ਕੇ ਐਸ਼ਵਰਜ-ਪੂਰਵਕ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ, ਉਦੋਂ ਇਸ ਦਾ ਪੁੱਤਰ ਪ੍ਰਹਿਲਾਦ ਛੋਟੀ ਉਮਰ ਵਿਚ ਹੀ ਵਿਸ਼ਣੂ ਭਗਤ ਬਣ ਗਿਆ । ਹਿਰਣ੍ਯਕਸ਼ਿਪ ਨੂੰ ਪ੍ਰਹਿਲਾਦ ਦੀ ਇਹ ਭਗਤੀ ਬਿਲਕੁਲ ਪਸੰਦ ਨਹੀਂ ਸੀ । ਉਸ ਨੇ ਪੁੱਤਰ ਨੂੰ ਬਹੁਤ ਸਮਝਾਇਆ ਅਤੇ ਉਸ ਨੂੰ ਪੜ੍ਹਾਉਣ ਲਈ ਸ਼ੰਡ ਅਤੇ ਅਮਰਕ ਨੂੰ ਨਿਯੁਕਤ ਕੀਤਾ । ਪਰ ਇਹ ਭਗਤੀ ਕਰਨੋਂ ਨਾ ਟਲਿਆ, ਸਗੋਂ ਇਸ ਨੇ ਆਪਣੇ ਸਹਿਪਾਠੀਆਂ ਨੂੰ ਵੀ ਆਪਣੇ ਵਲ ਪ੍ਰੇਰ ਲਿਆ । ਆਗਿਆ ਨਾ ਮੰਨਣ ਕਾਰਣ ਦੈਂਤ-

ਰਾਜੇ ਨੇ ਪੁੱਤਰ ਨੂੰ ਅਨੇਕ ਤਰ੍ਹਾਂ ਨਾਲ ਮਾਰਨ ਦਾ ਯਤਨ ਕੀਤਾ, ਸੱਪ ਤੋਂ ਡਸਵਾਇਆ, ਅੱਗ ਵਿਚ ਸੁਟਿਆ, ਪਰ ਪ੍ਰਹਿਲਾਦ ਨੂੰ ਆਂਚ ਨਾ ਆਈ। ਅੰਤ ਵਿਚ ਇਸ ਨੂੰ ਤਪਦੇ ਥੰਮ ਨਾਲ ਬੰਨ੍ਹ ਕੇ ਪੁਛਿਆ ਗਿਆ ਕਿ ਦਸ ਭਗਵਾਨ ਵਿਸ਼ਣੂ ਕਿਥੇ ਹੈ ? ਉਸ ਵੇਲੇ ਭਗਵਾਨ ਨਰ-ਸਿੰਘ (ਵੇਖੋ) ਰੂਪ ਵਿਚ ਥੰਮ ਵਿਚੋਂ ਪ੍ਰਗਟ ਹੋਇਆ ਅਤੇ ਮਹਲ ਦੀ ਦਹਿਲੀਜ਼ ਵਿਚ ਆਪਣੀਆਂ ਟੰਗਾਂ ਉਤੇ ਰਖ ਕੇ ਨਹੁੰਆਂ ਨਾਲ ਹਿਰਣ੍ਯਕਸ਼ਿਪ ਨੂੰ ਚੀਰ ਕੇ ਮਾਰ ਦਿੱਤਾ। ਇਸ ਤਰ੍ਹਾਂ ਪ੍ਰਹਿਲਾਦ ਦਾ ਉੱਧਾਰ ਹੋਇਆ।

ਆਪਣੇ ਪਿਤਾ ਦੇ ਮਰਨ ਉਪਰੰਤ ਪ੍ਰਹਿਲਾਦ ਪਾਤਾਲ ਵਿਚ ਰਾਜ-ਗੱਦੀ ਉਤੇ ਬੈਠਾ। 'ਪਦਮ ਪੁਰਾਣ' ਅਨੁਸਾਰ ਇਹ ਇੰਦਰ-ਪਦਵੀ ਨੂੰ ਪ੍ਰਾਪਤ ਹੋਇਆ ਅਤੇ ਅੰਤ ਵਿਸ਼ਣੂ ਰੂਪ ਹੀ ਹੋ ਗਿਆ। ਭਗਤੀ-ਕਾਵਿ ਵਿਚ ਪ੍ਰਹਿਲਾਦ ਨੂੰ ਇਕ ਸ਼੍ਰੇਸ਼ਠ ਭਗਤ ਵਜੋਂ ਆਦਰ ਸਹਿਤ ਚਿਤਰਿਆ ਗਿਆ ਹੈ। ਗੁਰੂ ਰਾਮਦਾਸ ਨੇ ਇਸ ਦਾ ਹਵਾਲਾ ਦਿੱਤਾ ਹੈ— 'ਜਪਿ ਜਗੰਨਾਥ ਜਗਦੀਸ ਗੁਸਈਆ।/ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ' (ਅ. ਗ੍ਰੰ. 834)।

ਪ੍ਰਤ੍ਯਹਾਰ : ਅਸ਼ਟਾਂਗ-ਯੋਗ ਦਾ ਪੰਜਵਾਂ ਅੰਗ। ਵੇਖੋ 'ਅਸ਼ਟਾਂਗਯੋਗ'।

ਪ੍ਰਤਾਪ, ਮਹਾਰਾਣਾ : ਇਕ ਮਹਾਨ ਦੇਸ਼-ਭਗਤ ਰਾਜਪੂਤ ਰਾਣਾ, ਜੋ ਰਾਣਾ ਸਾਂਗਾ ਦਾ ਪੋਤਰਾ ਅਤੇ ਰਾਣਾ ਉਦੈ ਸਿੰਘ ਦਾ ਪੁੱਤਰ ਸੀ। ਅਕਬਰ ਬਾਦਸ਼ਾਹ ਨੇ ਸਾਰੇ ਰਾਜ-ਪੂਤਾਨੇ ਨੂੰ ਆਪਣੇ ਅਧੀਨ ਕਰਨ ਦੇ ਉੱਦੇਸ਼ ਤੋਂ ਮੇਵਾੜ ਰਿਆਸਤ ਦੀ ਰਾਜਧਾਨੀ ਚਿਤੌੜ ਦਾ 23 ਅਕਤੂਬਰ, 1567 ਈ. ਤੋਂ ਘੇਰਾ ਪਾ ਲਿਆ। ਲਗਭਗ ਛੇ ਮਹੀਨੇ ਦੀ ਲੰਬੀ ਸੈਨਿਕ ਕਾਰਵਾਈ ਤੋਂ ਬਾਦ ਅਕਬਰ ਚਿਤੌੜ ਉਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਸਕਿਆ ਪਰ ਅਜੇ ਬਹੁਤ ਸਾਰਾ ਇਲਾਕਾ ਰਾਣਾ ਉਦੈ ਸਿੰਘ ਦੇ ਅਧੀਨ ਹੀ ਸੀ। ਉਥੋਂ ਨਿਕਲ ਕੇ ਰਾਣਾ ਨੇ ਅਰਵਲੀ ਦੇ ਜੰਗਲਾਂ ਵਿਚ ਆਪਣੀ ਨਵੀਂ ਰਾਜਧਾਨੀ ਬਣਾਈ ਜਿਸ ਦਾ ਨਾਂ ਉਸ ਨੇ ਉਦੈਪੁਰ ਰਖਿਆ। ਚਿਤੌੜ ਦੀ ਹਾਰ ਤੋਂ ਲਗਭਗ ਚਾਰ ਸਾਲ ਬਾਦ ਉਦੈ ਸਿੰਘ ਦਾ ਦੇਹਾਂਤ ਹੋ ਗਿਆ।

ਸੰਨ 1572 ਈ. ਵਿਚ ਮਹਾਰਾਜਾ ਪ੍ਰਤਾਪ ਸਿੰਘ ਮੇਵਾੜ ਦੀ ਗੱਦੀ ਉਤੇ ਬੈਠਾ। ਇਸ ਨੇ ਆਪਣੀ ਰਿਆਸਤ ਦੀ ਚੰਗੀ ਕਿਲੇਬੰਦੀ ਕੀਤੀ ਅਤੇ ਹਰ ਕੀਮਤ 'ਤੇ ਆਪਣੀ ਸੁਤੰਤਰਤਾ ਨੂੰ ਕਾਇਮ ਰਖਣ ਲਈ ਪ੍ਰਤਿਗਿਆ ਕੀਤੀ। ਅਪ੍ਰੈਲ, 1576 ਈ. ਵਿਚ ਅਕਬਰ ਨੇ ਮੇਵਾੜ ਰਿਆਸਤ ਦਾ ਗੌਰਵ ਖ਼ਤਮ ਕਰਨ ਲਈ ਰਾਜਾ ਮਾਨ ਸਿੰਘ ਦੀ ਕਮਾਨ ਹੇਠਾਂ ਇਕ ਵੱਡਾ ਸੈਨਾ-ਦਲ ਚੜ੍ਹਾ ਦਿੱਤਾ। ਹਲਦੀ ਘਾਟੀ ਵਿਚ ਪਹੁੰਚਣ ਤੇ ਮਹਾਰਾਣਾ ਪ੍ਰਤਾਪ ਸਿੰਘ ਨੇ ਮੁਗ਼ਲ ਸੈਨਾ ਉਤੇ ਹਮਲਾ ਕਰਕੇ ਆਪਣੀ ਸ੍ਰੇਸ਼ਠ ਸੂਰਵੀਰਤਾ ਦਾ ਪਰਿਚਯ ਦਿੱਤਾ, ਪਰ ਪਰਿਸਥਿਤੀਆਂ ਨੇ ਸਾਥ ਨਾ ਦਿੱਤਾ ਅਤੇ ਮੁਗ਼ਲ ਸੈਨਾ ਨੇ ਮੇਵਾੜ ਦੀ ਰਾਜਧਾਨੀ ਉਤੇ ਕਬਜ਼ਾ ਕਰ ਲਿਆ, ਭਾਵੇਂ ਅਜੇ ਬਹੁਤ ਸਾਰਾ ਇਲਾਕਾ ਮਹਾਰਾਣਾ ਦੇ ਅਧੀਨ ਹੀ ਸੀ।

ਮਹਾਰਾਣਾ ਪ੍ਰਤਾਪ ਨੂੰ ਮੁਗ਼ਲ ਬਾਦਸ਼ਾਹ ਦੀ ਅਧੀਨਗੀ ਸਵੀਕਾਰ ਕਰਨ ਲਈ ਕਈ ਲਾਲਚ ਦਿੱਤੇ ਗਏ, ਪਰ ਇਸ ਅਣਖੀ ਰਾਜਪੂਤ ਨੇ ਅਨੇਕ ਪ੍ਰਕਾਰ ਦੀਆਂ

ਕਠਿਨਾਈਆਂ ਸਹਿਣ ਕਰਨ ਦੇ ਬਾਵਜੂਦ ਵੀ ਆਪਣੀ ਸੁਤੰਤਰਤਾ ਨੂੰ ਕਾਇਮ ਰਖਿਆ। ਇਸ ਦੁਆਰਾ ਸਹੇ ਦੁੱਖਾਂ ਦੀ ਅਨੇਕ ਹਿਰਦੇ-ਬੇਧਕ ਕਥਾਵਾਂ ਲੋਕਾਂ ਦੇ ਮੂੰਹ ਚੜ੍ਹੀਆਂ ਹਨ। ਇਸ ਨੇ ਲਗਭਗ ਤਿੰਨ ਸਾਲ ਜੰਗਲਾਂ ਵਿਚ ਸੁਤੰਤਰਤਾ ਦੀ ਮਸ਼ਾਲ ਜਗਾਈ ਰਖੀ ਅਤੇ ਕੁਝ ਕੁ ਇਲਾਕੇ ਫਿਰ ਜਿੱਤ ਲਏ। ਪਰ ਜਨਵਰੀ, 1579 ਈ. ਵਿਚ ਇਸ ਦੀ ਮ੍ਰਿਤੂ ਹੋ ਜਾਣ ਕਾਰਣ ਰਾਜਪੂਤਾਂ ਦਾ ਉਤਸਾਹ ਬਹੁਤ ਘਟਿਆ। ਮਹਾਰਾਣਾ ਤੋਂ ਬਾਦ ਸਭ ਤੋਂ ਵੱਡਾ ਰਾਜਕੁਮਾਰ ਅਮਰ ਸਿੰਘ ਰਾਜ-ਗੱਦੀ ਉਤੇ ਬੈਠਾ।

ਮਹਾਰਾਣਾ ਪ੍ਰਤਾਪ ਦੀ ਦੇਸ਼-ਭਗਤੀ ਅਤੇ ਸੁਤੰਤਰਤਾ ਨੂੰ ਕਾਇਮ ਰਖਣ ਲਈ ਆਪਣਾ ਸਭ ਕੁਝ ਨਿੱਛਾਵਰ ਕਰਨ ਦੀ ਭਾਵਨਾ ਦਾ ਬੜਾ ਆਦਰ ਕੀਤਾ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਸ਼ਿਵਾ ਅਤੇ ਪਰਤਾਪ ਤੇਰੇ ਨੇ/ਲਿਖੇ ਸ਼ਹੀਦੀ ਸਾਕੇ'।

ਪ੍ਰਲਯ : ਇਸ ਦਾ ਸ਼ਾਬਦਿਕ ਅਰਥ ਹੈ ਭੂ-ਖੰਡ ਜਾਂ ਬ੍ਰਹਿਮੰਡ ਦਾ ਮਿਟ ਜਾਣਾ, ਸੰਸਾਰ ਦੀਆਂ ਸਾਰੀਆਂ ਪੁਰਾਤਨ ਕਥਾਵਾਂ ਵਿਚ ਪ੍ਰਲਯ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਹੋਇਆ ਹੈ। ਪੁਰਾਤਨ ਭਾਰਤੀ ਸਾਹਿੱਤ ਵਿਚ ਇਸ ਦੇ ਸਰੂਪ ਨੂੰ ਵਿਸਤਾਰ ਨਾਲ ਸਪੱਸ਼ਟ ਕੀਤਾ ਗਿਆ ਹੈ। 'ਸ਼ਤਪਥ ਬ੍ਰਾਹਮਣ' ਅਤੇ 'ਮਹਾਭਾਰਤ' ਤੋਂ ਇਲਾਵਾ ਇਸ ਦਾ ਅਧਿਕ ਵਰਣਨ ਪੁਰਾਣ-ਸਾਹਿੱਤ ਵਿਚ ਹੋਇਆ ਹੈ। ਅਸਲ ਵਿਚ, ਪੁਰਾਣਾਂ ਦੇ ਪੰਜ ਲੱਛਣਾਂ (ਸਰਗ, ਪ੍ਰਤਿਸਰਗ, ਵੰਸ਼, ਮਨਵੰਤਰ ਅਤੇ ਵੰਸ਼ਾਨੁਚਰਿਤ) ਵਿਚੋਂ 'ਪ੍ਰਤਿਸਰਗ' ਦਾ ਸੰਬੰਧ ਪ੍ਰਲਯ ਨਾਲ ਹੈ। 'ਵਿਸ਼ਣੂ ਪੁਰਾਣ' ਵਿਚ ਲਿਖਿਆ ਹੈ ਕਿ ਬ੍ਰਹਮਾ ਦੀ ਜਾਗ੍ਰਿਤ ਅਵਸਥਾ ਵਿਚ ਉਸ ਦੀ ਪ੍ਰਾਣਸ਼ਕਤੀ ਦੀ ਪ੍ਰੇਰਣਾ ਨਾਲ ਬ੍ਰਹਿਮੰਡ-ਚੱਕਰ ਚਲਦਾ ਰਹਿੰਦਾ ਹੈ, ਪਰ ਉਸ ਦੀ ਸੁੱਤੀ ਹੋਈ ਅਵਸਥਾ ਵਿਚ ਸਾਰੇ ਬ੍ਰਹਿਮੰਡ ਦੀ ਗਤਿਵਿਧੀ ਰੁਕ ਜਾਂਦੀ ਹੈ। ਸਾਰੀ ਸ੍ਰਿਸ਼ਟੀ ਨਸ਼ਟ ਹੋ ਜਾਂਦੀ ਹੈ। ਇਸ ਨੂੰ ਸਾਧਾਰਣ ਜਾਂ ਨੈਮਿਤਿਕ ਪ੍ਰਲਯ ਕਿਹਾ ਜਾਂਦਾ ਹੈ। ਇਸ ਤੋਂ ਛੁੱਟ ਇਕ ਪ੍ਰਾਕ੍ਰਿਤ-ਪ੍ਰਲਯ ਵੀ ਹੈ। ਇਸ ਨੂੰ 'ਮਹਾਪ੍ਰਲਯ' ਵੀ ਕਿਹਾ ਜਾਂਦਾ ਹੈ। ਇਸ ਦਾ ਸੰਬੰਧ ਬ੍ਰਹਮਾ ਦੀ ਆਯੂ ਦੇ ਘਟ ਜਾਣ ਨਾਲ ਹੈ। ਇਹ ਅਜਿਹੀ ਮਹਾਪ੍ਰਲਯ ਹੈ ਕਿ ਸਭ ਕੁਝ ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦਾ ਹੈ। ਅਤਿ-ਅਧਿਕ ਵਰਸ਼ਾ ਹੋਣ ਕਾਰਣ ਆਇਆ ਹੜ ਹੀ ਸਾਰੀ ਸ੍ਰਿਸ਼ਟੀ ਨੂੰ ਗਰਕ ਕਰ ਦਿੰਦਾ ਹੈ। ਵਿਅਕਤ ਜਗਤ ਅਵਿਅਕਤ ਪ੍ਰਕ੍ਰਿਤੀ ਵਿਚ ਅਤੇ ਅਵਿਅਕਤ ਪ੍ਰਕ੍ਰਿਤੀ ਪੁਰਸ਼ ਵਿਚ ਲੀਨ ਹੋ ਜਾਂਦੀ ਹੈ। ਇਹੀ ਪੁਰਸ਼ ਹੀ ਨਿੱਤ-ਪਰਮਾਤਮਾ ਅਤੇ ਜਗਤ ਦਾ ਕਾਰਣ ਹੈ। ਹੜ੍ਹ ਕਾਰਣ ਪੈਦਾ ਹੋਣ ਵਾਲੀ ਸਥਿਤੀ ਦਾ ਵਰਣਨ 'ਬਾਈਬਲ' ਅਤੇ ਗ੍ਰੀਕ ਪਰੰਪਰਾਵਾਂ ਵਿਚ ਵੀ ਮਿਲਦਾ ਹੈ।

ਇਨ੍ਹਾਂ ਦੋਹਾਂ ਤੋਂ ਇਲਾਵਾ ਪ੍ਰਲਯ ਦੇ ਦੋ ਹੋਰ ਪ੍ਰਕਾਰ ਵੀ ਹਨ। ਇਕ ਅਤਿ-ਅੰਤਿਕ ਪ੍ਰਲਯ; ਇਸ ਵਿਚ ਯੋਗੀ ਗਿਆਨ ਰਾਹੀਂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਦੂਜੀ, ਨਿੱਤ ਪ੍ਰਲਯ; ਇਸ ਤੋਂ ਭਾਵ ਹੈ ਪੈਦਾ ਹੋਏ ਪਦਾਰਥਾਂ ਦਾ ਨਿੱਤ ਖ਼ਤਮ ਹੁੰਦੇ ਰਹਿਣਾ। ਇਨ੍ਹਾਂ ਚੌਹਾਂ ਕਿਸਮਾਂ ਵਿਚੋਂ ਪਹਿਲੀਆਂ ਦੋ ਦਾ ਸੰਬੰਧ ਬ੍ਰਹਿਮੰਡ ਦੇ ਖ਼ਤਮ ਹੋਣ ਨਾਲ ਹੈ ਅਤੇ ਦੂਜੀਆਂ ਦੋਹਾਂ ਦਾ ਦੇਹ-ਧਾਰੀਆਂ ਨਾਲ ਹੈ। ਗੁਰਬਾਣੀ ਵਿਚ ਉਤਪੱਤੀ

ਅਤੇ ਪਰਲੋ ਛਿਣ ਭਰ ਵਿਚ ਪਰਮਾਤਮਾ ਦੁਆਰਾ ਹੁੰਦੀ ਮੰਨੀ ਗਈ ਹੈ—'ਓਪਤਿ ਪਰਲਉ ਖਿਨ ਮਹਿ ਕਰਤਾ' (ਅ. ਗ੍ਰੰ. 387)।

ਪ੍ਰਾਣਾਯਾਮ : ਅਸ਼ਟਾਂਗ-ਯੋਗ ਦਾ ਚੌਥਾ ਅੰਗ। 'ਵੇਖੋ 'ਅਸ਼ਟਾਂਗ-ਯੋਗ'।

ਪ੍ਰਿਥਵੀਰਾਜ, ਚੌਹਾਨ : ਭਾਰਤ ਦਾ ਇਕ ਪ੍ਰਸਿੱਧ ਰਾਜਪੂਤ ਰਾਜਾ ਜਿਸ ਦਾ ਜਨਮ ਸੰਨ 1167 ਈ. ਦੇ ਨੇੜੇ-ਤੇੜੇ ਅਜਮੇਰ ਦੇ ਰਾਜਾ ਸੋਮੇਸ਼੍ਵਰ ਦੇ ਘਰ ਕਰਪੂਰ ਦੇਵੀ ਦੀ ਕੁੱਖੋਂ ਹੋਇਆ। ਇਹ ਅਜੇ ਦਸ ਵਰ੍ਹਿਆਂ ਦਾ ਸੀ ਤਾਂ ਪਿਤਾ ਦਾ ਦੇਹਾਂਤ ਹੋ ਗਿਆ। ਪੰਜ ਸਾਲ ਤਕ ਰਾਜ-ਮਾਤਾ ਮੰਤਰੀਆਂ ਦੀ ਸਹਾਇਤਾ ਨਾਲ ਰਾਜ ਦਾ ਕੰਮ ਸੰਭਾਲਦੀ ਰਹੀ। ਸੋਲ੍ਹਵੇਂ ਸਾਲ ਵਿਚ ਪ੍ਰਿਥਵੀ ਰਾਜ ਨੇ ਰਾਜ ਦਾ ਕਾਰਜ-ਭਾਰ ਸੰਭਾਲਿਆ। ਰਾਜ ਦੇ ਵਿਸਤਾਰ ਦੀ ਬਿਰਤੀ ਅਧੀਨ ਇਸ ਨੇ ਬੁੰਦੇਲ ਖੰਡ ਨੂੰ ਜਿੱਤਿਆ, ਫਿਰ ਗੁੜਗਾਂਵ, ਰੇਵਾੜੀ ਅਤੇ ਬਾਂਗਰ ਦੇ ਇਲਾਕਿਆਂ ਨੂੰ ਆਪਣੇ ਰਾਜ ਵਿਚ ਸ਼ਾਮਲ ਕੀਤਾ। ਦਿੱਲੀ ਪਹਿਲਾਂ ਹੀ ਇਸ ਦੇ ਅਧੀਨ ਸੀ। ਇਧਰ ਮੁਹੰਮਦ ਗ਼ੌਰੀ ਨੇ ਪੰਜਾਬ ਨੂੰ ਜਿੱਤਣ ਉਪਰੰਤ ਪ੍ਰਿਥਵੀਰਾਜ ਦੇ ਰਾਜ ਉਤੇ ਹਮਲਾ ਕੀਤਾ, ਪਰ ਤਰਾਵੜੀ ਵਿਚ ਹੋਏ ਯੁੱਧ ਵਿਚ ਹਾਰ ਖਾ ਕੇ ਅਤੇ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਭਜ ਗਿਆ।

ਕਾਸ਼ੀ ਅਤੇ ਕੰਨੌਜ ਉਤੇ ਜੈਚੰਦ ਦਾ ਸ਼ਕਤੀਸ਼ਾਲੀ ਰਾਜ ਸੀ। ਪ੍ਰਿਥਵੀਰਾਜ ਜੈਚੰਦ ਦੀ ਪੁੱਤਰੀ ਸੰਯੋਗਿਤਾ ਨਾਲ ਵਿਆਹ ਕਰਨਾ ਚਾਹੁੰਦਾ ਸੀ, ਪਰ ਜੈਚੰਦ ਰਜ਼ਾਮੰਦ ਨਹੀਂ ਸੀ। ਸੰਯੋਗਿਤਾ ਦੇ ਵਿਆਹ ਲਈ ਜੈਚੰਦ ਦੁਆਰਾ ਰਚਾਏ ਸੁਅੰਬਰ ਵਿਚ ਪ੍ਰਿਥਵੀਰਾਜ ਨੂੰ ਨਾ ਬੁਲਾਇਆ ਗਿਆ, ਪਰ ਇਸ ਨੇ ਸੁਅੰਬਰ ਵਾਲੇ ਦਿਨ ਸੰਯੋਗਿਤਾ ਨੂੰ ਉਦੋਂ ਉਧਾਲ ਲਿਆ ਜਦੋਂ ਉਹ ਇਸ ਦੇ ਬੁੱਤ ਨੂੰ ਹਾਰ ਪਾਉਣ ਲਈ ਬਾਹਰ ਆਈ। ਬਾਦ ਵਿਚ ਦੋਹਾਂ ਰਾਜਿਆਂ ਦੀਆਂ ਸੈਨਾਵਾਂ ਵਿਚ ਘੋਰ ਯੁੱਧ ਹੋਇਆ। ਬਹੁਤ ਸਾਰੇ ਯੋਧੇ ਮਾਰੇ ਗਏ। ਪ੍ਰਿਥਵੀ ਰਾਜ ਕੁਝ ਸਮੇਂ ਲਈ ਇਨ੍ਹਾਂ ਝਗੜਿਆਂ ਵਿਚ ਹੀ ਉਲਝਿਆ ਰਿਹਾ।

ਉਧਰ ਗੌਰੀ ਨੇ ਆਪਣੀ ਹਾਰ ਦਾ ਬਦਲਾ ਲੈਣ ਲਈ ਤਕੜੀ ਸੈਨਾ ਇਕੱਠੀ ਕੀਤੀ। ਇਕ ਸਾਲ ਬਾਦ ਉਹ ਤਰਾਵੜੀ ਦੇ ਮੈਦਾਨ ਵਿਚ ਆ ਡਟਿਆ। ਪ੍ਰਿਥਵੀ ਰਾਜ ਉਦੋਂ ਯੁੱਧ ਲਈ ਤਿਆਰ ਨਹੀਂ ਸੀ। ਫਿਰ ਵੀ ਇਹ ਯੁੱਧ-ਭੂਮੀ ਵਿਚ ਸੈਨਿਕ ਦਲਾਂ ਸਹਿਤ ਪਹੁੰਚਿਆ। ਗੌਰੀ ਨੇ ਸੰਧੀ ਦੀ ਗੱਲ ਚਲਾਈ, ਪਰ ਰਾਤੋ-ਰਾਤ ਤਿਆਰੀ ਕਰਕੇ ਪ੍ਰਿਥਵੀ ਰਾਜ ਦੀ ਸੈਨਾ ਉਤੇ ਹਮਲਾ ਕਰ ਦਿੱਤਾ। ਹਜ਼ਾਰਾਂ ਰਾਜਪੂਤ ਮਾਰੇ ਗਏ। ਪ੍ਰਿਥਵੀ ਰਾਜ ਨੂੰ ਯੁੱਧ-ਭੂਮੀ ਤੋਂ ਸੁਰਖਿਅਤ ਸਥਾਨ 'ਤੇ ਲੈ ਜਾਣ ਲਈ ਰਾਜਪੂਤ ਸੈਨਿਕਾਂ ਨੇ ਉੱਦਮ ਕੀਤਾ, ਪਰ ਵੈਰੀਆਂ ਹੱਥੋਂ ਪਕੜਿਆ ਗਿਆ। ਗੌਰੀ ਨੇ ਚਾਹਿਆ ਕੇ ਪ੍ਰਿਥਵੀ ਰਾਜ ਉਸ ਦੀ ਅਧੀਨਗੀ ਵਿਚ ਅਜਮੇਰ ਉਤੇ ਰਾਜ ਕਰੇ ਪਰ ਉਸ ਨੇ ਇਹ ਗੱਲ ਨਾ ਮੰਨੀ। ਅੰਤ ਵਿਚ 25 ਸਾਲ ਦੀ ਉਮਰ ਵਿਚ ਉਸ ਨੂੰ ਵੈਰੀਆਂ ਨੇ ਅਜਮੇਰ ਵਿਚ ਮਾਰ ਦਿੱਤਾ। ਉਹ ਇਕ ਨਿਡਰ ਯੋਧਾ ਅਤੇ ਹਿੰਮਤ ਵਾਲਾ ਅਧਿਕਾਰੀ ਸੀ, ਪਰ ਉਸ ਅੰਦਰ ਰਾਜਨੈਤਿਕ ਦੂਰ-ਦਰਸ਼ਿਤਾ ਨਹੀਂ ਸੀ।

ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜੈਚੰਦ ਨੇ ਆਪਣਾ ਵੈਰ ਕੱਢਣ ਲਈ ਮੁਹੰਮਦ ਗ਼ੌਰੀ ਨੂੰ ਆਕ੍ਰਮਣ ਕਰਨ ਲਈ ਸਦਾ ਦਿੱਤਾ ਸੀ। ਚੰਦ ਬਰਦਾਈ ਕ੍ਰਿਤ

'ਪ੍ਰਿਥਵੀ ਰਾਜ ਰਾਸੋ' ਅਤੇ ਲੋਕ-ਰਵਾਇਤਾਂ ਅਨੁਸਾਰ ਪ੍ਰਿਥਵੀ ਰਾਜ ਨੂੰ ਗੌਰੀ ਪਕੜ ਕੇ ਗ਼ਜ਼ਨੀ ਲੈ ਗਿਆ। ਚੰਦ ਬਰਦਾਈ ਨਾਂ ਦੇ ਚਾਰਣ ਨੇ ਗ਼ਜ਼ਨੀ ਪਹੁੰਚ ਕੇ ਸੱਤਾਂ ਤਵਿਆਂ ਵਿਚੋਂ ਤੀਰ ਪਾਰ ਕਰਨ ਦਾ ਕਰਤਬ ਦਿਖਾਉਣ ਲਈ ਪ੍ਰਿਥਵੀ ਰਾਜ ਨੂੰ ਰਾਜ਼ੀ ਕੀਤਾ ਅਤੇ ਗੌਰੀ ਤੋਂ ਤੀਰ ਚਲਾਉਣ ਦਾ ਆਦੇਸ਼ ਦਿਵਾਇਆ ਗਿਆ। ਫਲਸਰੂਪ ਪ੍ਰਿਥਵੀ ਰਾਜ ਨੇ ਆਵਾਜ਼ ਦੇ ਉੱਚਾਰਣ-ਸਥਾਨ ਨੂੰ ਨਿਸ਼ਾਨਾ ਬਣਾ ਕੇ ਗੌਰੀ ਨੂੰ ਤੀਰ ਨਾਲ ਵਿੰਨ੍ਹ ਕੇ ਮਾਰ ਦਿੱਤਾ ਅਤੇ ਆਪ ਵੀ ਮਾਰਿਆ ਗਿਆ। ਇਸ ਪ੍ਰਕਾਰ ਦੀਆਂ ਮਿਥ-ਗਾਥਾਵਾਂ ਪ੍ਰਿਥਵੀ ਰਾਜ ਦੀ ਸੂਰਵੀਰਤਾ ਦਾ ਜਸ ਗਾਉਣ ਲਈ ਪ੍ਰਚਲਿਤ ਹਨ।

ਪ੍ਰੇਮ-ਭਗਤੀ : ਇਸ਼ਟ-ਦੇਵ ਪ੍ਰਤਿ ਚਿੱਤ ਦਾ ਅਖੰਡ, ਸਹਿਜ-ਸੁਭਾਵਿਕ ਪ੍ਰੇਮ, ਪ੍ਰੇਮ-ਭਗਤੀ ਅਖਵਾਉਂਦਾ ਹੈ। ਇਹ ਨਿਸ਼ਕਾਮ ਭਗਤੀ ਹੈ। ਇਸ ਵਿਚ ਪ੍ਰੇਮ ਵਿਚ ਲੀਨ ਸਾਧਕ ਲਈ ਪ੍ਰੇਮ ਰਾਹੀਂ ਪ੍ਰੇਮ-ਮਈ ਪਰਮਾਤਮਾ ਦੀ ਸੇਵਾ ਕਰਨੀ ਹੀ ਇਕੋ ਇਕ ਇੱਛਾ ਹੁੰਦੀ ਹੈ।

ਪ੍ਰੇਮ-ਭਗਤੀ ਦੀ ਲੋੜ ਇਸ ਲਈ ਹੈ ਕਿ ਵਿਵਹਾਰਿਕ ਦ੍ਰਿਸ਼ਟੀ ਤੋਂ ਮਨੁੱਖ ਨੂੰ ਲੌਕਿਕ ਪ੍ਰੇਮ ਵਿਚ ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਅਤੇ ਪ੍ਰਤਿਕੂਲ ਪਰਿਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਿਲਾਪ ਦੀਆਂ ਘੜੀਆਂ ਘਟ ਹੁੰਦੀਆਂ ਹਨ ਅਤੇ ਦੁੱਖ, ਕਲੇਸ਼, ਨਿਰਾਸ਼ਾ, ਅਸਫਲਤਾ ਦਾ ਕੋਹਰਾ ਹਰ ਪਾਸੇ ਪਸਰਿਆ ਰਹਿੰਦਾ ਹੈ। ਅਜਿਹੀ ਹਾਲਤ ਵਿਚ ਜਿਗਿਆਸੂ ਪ੍ਰੇਮ ਦੇ ਅਜਿਹੇ ਆਧਾਰ ਦੀ ਖੋਜ ਕਰਨ ਲਗਦਾ ਹੈ ਜੋ ਪੂਰਣ ਹੋਵੇ, ਸਥਾਈ ਹੋਵੇ, ਅਖੁਟ ਆਨੰਦ ਪ੍ਰਦਾਨ ਕਰਨ ਵਾਲਾ ਹੋਵੇ। ਇਸ ਯਤਨ ਵਿਚ ਉਹ ਇਸ ਲੋਕ ਦਾ ਉਲੰਘਣ ਕਰ ਕੇ ਸਦੀਵੀ ਅਤੇ ਸਥਾਈ ਪ੍ਰੇਮ-ਪਾਤਰ ਦੀ ਪ੍ਰਾਪਤੀ ਲਈ ਅਧਿਆਤਮਿਕ ਯਾਤ੍ਰਾ 'ਤੇ ਅਗੇ ਵਧਦਾ ਹੈ। ਉਹ ਸੰਸਾਰ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਤਿਆਗ ਕਰਕੇ ਨਿਰਧਨ ਹੋ ਜਾਂਦਾ ਹੈ। ਇਸ ਨਿਰਧਨਤਾ ਵਿਚ ਉਸ ਨੂੰ ਆਤਮ-ਧਨ ਦੀ ਪ੍ਰਾਪਤੀ ਹੁੰਦੀ ਹੈ। ਇਹੀ ਪ੍ਰੇਮ-ਭਗਤੀ ਦਾ ਪਰਮ ਮਨੋਰਥ ਹੈ। ਗੁਰੂ ਨਾਨਕ ਦੇਵ ਦੀ ਸਥਾਪਨਾ ਹੈ ਕਿ ਮਨੁੱਖ ਪ੍ਰੇਮ-ਭਗਤੀ ਨਾਲ ਅਡੋਲ ਆਤਮ-ਸੁਖ ਵਿਚ ਟਿਕ ਜਾਂਦਾ ਹੈ—'ਸਰਵਰ ਹੰਸਾ ਛੋਡਿ ਨ ਜਾਇ।/ਪ੍ਰੇਮ ਭਗਤਿ ਕਰਿ ਸਹਿਜ ਸਮਾਇ' (ਅ. ਗ੍ਰੰ. 685)।

ਇਥੇ ਇਹ ਗੱਲ ਵੀ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਪ੍ਰੇਮ-ਭਗਤੀ ਦੀ ਮੂਲ ਸਾਧਨਾ-ਭੂਮੀ ਵੈਸ਼ਣਵ ਭਗਤੀ ਰਹੀ ਹੈ। ਨਿਰਗੁਣਵਾਦੀ ਸੰਤ ਵੀ ਭਗਤੀ ਦੇ ਇਸੇ ਰੂਪ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ, ਪਰ ਉਨ੍ਹਾਂ ਨੇ ਵੈਸ਼ਣਵੀ ਪ੍ਰੇਮ-ਭਗਤੀ ਨੂੰ ਇੰਨ-ਬਿੰਨ ਰੂਪ ਵਿਚ ਗ੍ਰਹਿਣ ਨਹੀਂ ਕੀਤਾ, ਕੇਵਲ ਸਾਰ ਨੂੰ ਹੀ ਗ੍ਰਹਿਣ ਕੀਤਾ ਹੈ ਅਤੇ ਉਸ ਨੂੰ ਨਵੀਆਂ ਸੀਮਾਵਾਂ ਅਤੇ ਸਮਾਜ-ਕਲਿਆਣਕਾਰੀ ਭੂਮਿਕਾਵਾਂ ਪ੍ਰਦਾਨ ਕਰਕੇ ਅਧਿਕ ਵਿਵਹਾਰਿਕ, ਸਰਲ ਅਤੇ ਗ੍ਰਿਹਸਥ ਜੀਵਨ ਦੇ ਅਨੁਕੂਲ ਬਣਾਇਆ ਹੈ ਜਿਸ ਦੇ ਫਲਸਰੂਪ ਉਸ ਵਿਚ ਲੋਕ-ਮੰਗਲਕਾਰੀ ਤੱਤ੍ਵ ਪ੍ਰਧਾਨ ਹੋ ਗਿਆ ਹੈ ਜੋ ਮਾਨਵ ਸਮਾਜ ਲਈ ਜੀਵਨ-ਦਾਇਨੀ ਸ਼ਕਤੀ ਰਖਦਾ ਹੈ।

ਪ੍ਰੇਮ-ਭਗਤੀ ਨੂੰ 'ਭਾਉ-ਭਗਤੀ' ਵੀ ਕਿਹਾ ਜਾਂਦਾ ਹੈ ਕਿਉਂਕਿ 'ਭਾਉ' ਸੰਸਕ੍ਰਿਤ

ਦੇ 'ਭਾਵ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ ਪ੍ਰੇਮ ਜਾਂ ਅਨੁਰਾਗ। ਇਸ ਲਈ 'ਭਾਉ ਭਗਤੀ', 'ਪ੍ਰੇਮ-ਭਗਤੀ' ਦਾ ਇਕ ਨਾਮਾਂਤਰ ਹੈ। ਗੁਰੂ ਨਾਨਕ ਦੇਵ ਦੀ ਸਥਾਪਨਾ ਹੈ ਕਿ 'ਭਾਉ ਭਗਤਿ ਕਰ ਨੀਚੁ ਸਦਾਏ।/ਤਉ ਨਾਨਕ ਮੋਖੰਤਰਿ ਪਾਏ' (ਆ. ਗ੍ਰੰ. 470)।

ਫ

ਫਤਹਿ ਸਿੰਘ, ਬਾਬਾ : ਵੇਖ 'ਸਾਹਿਬਜ਼ਾਦੇ'।

ਫਤਹਿਗੜ੍ਹ, ਸਾਹਿਬ : ਇਕ ਸਿੱਖ-ਧਰਮ-ਧਾਮ ਜਿਥੇ ਗੁਰੂ ਗੋਬਿੰਦ ਸਿੰਘ ਦੇ ਦੋ ਨਿੱਕੇ ਸਾਹਿਬਜ਼ਾਦਿਆਂ—ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ—ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ। ਆਨੰਦਪੁਰ ਦਾ ਕਿਲਾ ਛੱਡਣ ਅਤੇ ਹੜ੍ਹੀ ਹੋਈ ਸਰਸਾ ਨਦੀ ਨੂੰ ਪਾਰ ਕਰਨ ਵੇਲੇ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਉਸ ਸੰਕਟ ਦੀ ਘੜੀ ਵਿਚ ਗੰਗੂ ਨਾਂ ਦਾ ਗੁਰੂ-ਘਰ ਦਾ ਇਕ ਬ੍ਰਾਹਮਣ ਰਸੋਈਆ ਮਾਤਾ ਗੁਜਰੀ ਅਤੇ ਦੋਹਾਂ ਨਿੱਕੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਮਾਤਾ ਜੀ ਕੋਲ ਸੰਭਾਲੇ ਧਨ ਨੂੰ ਹਥਿਆਉਣ ਅਤੇ ਮੁਗ਼ਲ ਸਰਕਾਰ ਕੋਲੋਂ ਇਨਾਮ ਪ੍ਰਾਪਤ ਕਰਨ ਦੇ ਲੋਭ ਵਿਚ ਉਸ ਨੇ ਤਿਨਾਂ ਨੂੰ ਮੁਰਿੰਡੇ ਦੇ ਮੁਗ਼ਲ ਅਧਿਕਾਰੀ ਦੇ ਹਵਾਲੇ ਕਰ ਦਿੱਤਾ ਅਤੇ ਉਸ ਨੇ ਅਗੋਂ ਤਿਨਾਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਪੇਸ਼ ਕੀਤਾ। ਉਨ੍ਹਾਂ ਤਿਨਾਂ ਨੂੰ ਕਿਲੇ ਦੇ ਠੰਡੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ।

12 ਪੋਹ, 1761 ਬਿ. (26 ਦਸੰਬਰ, 1704 ਈ.) ਨੂੰ ਸਾਹਿਬਜ਼ਾਦਿਆਂ ਨੂੰ ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੂੰ ਜ਼ਿੰਦਾ ਦੀਵਾਰ ਵਿਚ ਚਿਣ ਕੇ ਮਾਰ ਦੇਣ ਦਾ ਹੁਕਮ ਦਿੱਤਾ ਗਿਆ। ਉਸ ਕਚਹਿਰੀ ਵਿਚ ਮੌਜੂਦ ਮਲੇਰਕੋਟਲੇ ਦੇ ਨਵਾਬ ਸ਼ੇਰ ਖ਼ਾਨ ਨੇ ਇਸ ਜ਼ੁਲਮ ਪ੍ਰਤਿ ਆਪਣਾ ਰੋਸ ਪ੍ਰਗਟ ਕੀਤਾ। 13 ਪੋਹ ਨੂੰ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਨੂੰ ਜਦ ਇਹ ਦੁਖਦ ਸਮਾਚਾਰ ਮਿਲਿਆ, ਤਾਂ ਉਨ੍ਹਾਂ ਨੇ ਵੀ ਆਪਣਾ ਸ਼ਰੀਰ ਤਿਆਗ ਦਿੱਤਾ। ਦੀਵਾਨ ਟੋਡਰ ਮੱਲ ਨਾਂ ਦੇ ਇਕ ਜੌਹਰੀ ਨੇ ਤੁਰਤ ਥਾਂ ਖ਼ਰੀਦ ਕੇ ਤਿਨਾਂ ਦਾ ਸਸਕਾਰ ਕੀਤਾ ਜਿਥੇ ਹੁਣ 'ਜੋਤਿਸਰੂਪ' ਧਰਮ-ਧਾਮ ਹੈ।

1 ਜੇਠ, 1767 ਬੀ. ਨੂੰ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਉਤੇ ਹਮਲਾ ਕਰਕੇ ਵਜ਼ੀਰ ਖ਼ਾਨ ਤੋਂ ਗੁਰੂ-ਪੁੱਤਰਾਂ ਦੇ ਕਤਲ ਦਾ ਬਦਲਾ ਲਿਆ ਅਤੇ ਉਸ ਨੂੰ ਯੁੱਧ ਵਿਚ ਮਾਰਿਆ। ਉਦੋਂ ਤੋਂ ਇਸ ਸਥਾਨ ਦਾ ਨਾਂ ਫਤਹਿਗੜ੍ਹ ਪ੍ਰਸਿੱਧ ਹੋਇਆ। ਅਜਿਹਾ ਨਾਂ ਪ੍ਰਚਲਿਤ ਹੋਣ ਬਾਰੇ ਦੋ ਮਤ ਹਨ। ਇਕ ਇਹ ਕਿ ਇਹ ਨਾਂ ਦਸਮ ਗੁਰੂ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਦੇ ਨਾਂ ਤੇ ਰਖਿਆ ਗਿਆ ਹੈ। ਅਤੇ,

ਦੂਜੇ ਮਤ ਅਨੁਸਾਰ ਬਾਬਾ ਬੰਦਾ ਬਹਾਦਰ ਨੇ ਸਰਹਿੰਦ ਦੀ ਜਿੱਤ ਦੀ ਯਾਦ ਵਿਚ ਇਥੋਂ ਦੇ ਕਿਲੇ ਨੂੰ ਇਹ ਨਾਂ ਦਿੱਤਾ। ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਦ ਸਰਹਿੰਦ ਉਤੇ ਫਿਰ ਮੁਗ਼ਲਾਂ ਦਾ ਕਬਜ਼ਾ ਹੋ ਗਿਆ। ਸੰਨ 1763 ਈ. (1820 ਬਿ.) ਵਿਚ ਦਲ ਖ਼ਾਲਸਾ ਨੇ ਇਥੋਂ ਦੇ ਹੁਕਮਰਾਨ ਜ਼ੈਨ ਖ਼ਾਨ ਨੂੰ ਮਾਰ ਕੇ ਸਰਹਿੰਦ ਨੂੰ ਆਪਣੇ ਅਧੀਨ ਕੀਤਾ ਅਤੇ ਧਰਮ-ਧਾਮਾਂ ਦੀ ਨਿਸ਼ਾਨ-ਦੇਹੀ ਕੀਤੀ। ਬਾਬਾ ਆਲਾ ਸਿੰਘ ਦੀ ਪਤੀ ਵਿਚ ਸ਼ਾਮਲ ਹੋਣ ਕਾਰਣ ਇਹ ਇਲਾਕਾ ਪਟਿਆਲਾ ਰਿਆਸਤ ਦਾ ਅੰਗ ਬਣ ਗਿਆ। ਮਹਾਰਾਜਾ ਕਰਮ ਸਿੰਘ ਨੇ ਸਰਹਿੰਦ ਨਗਰ ਦਾ ਨਾਂ ਬਦਲ ਕੇ ਫਤਹਿਗੜ੍ਹ ਰਖਿਆ। ਉਸ ਨੇ ਖ਼ੁਦ ਅਤੇ ਪਰਵਰਤੀ ਰਾਜਿਆਂ ਨੇ ਸਮੇਂ-ਸਮੇਂ ਇਤਿਹਾਸਿਕ ਮਹੱਤਵ ਨਾਲ ਸੰਬੰਧਿਤ ਥਾਵਾਂ ਉਤੇ ਗੁਰਦੁਆਰੇ ਬਣਵਾਏ। ਹੁਣ ਉਥੇ ਨਿੱਕੇ ਦੋਹਾਂ ਸਾਹਿਬ-ਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਦੀ ਯਾਦ ਵਿਚ ਹਰ ਸਾਲ 12 ਤੋਂ 14 ਪੋਹ (26 ਤੋਂ 28 ਦਸੰਬਰ) ਨੂੰ ਬੜਾ ਭਾਰੀ ਜੋੜ-ਮੇਲਾ ਲਗਦਾ ਹੈ। ਸੰਨ 1992 ਈ. ਦੀ ਵਿਸਾਖੀ ਵਾਲੇ ਦਿਨ ਫਤਹਿਗੜ੍ਹ ਨੂੰ ਵੱਖਰਾ ਜ਼ਿਲਾ ਬਣਾ ਕੇ ਇਸ ਨਗਰ ਨੂੰ ਉਸ ਦਾ ਸਦਰ ਮੁਕਾਮ ਬਣਾ ਦਿੱਤਾ ਗਿਆ ਹੈ।

ਫਤਹਿਗੜ੍ਹ ਦੇ ਮੁੱਖ ਗੁਰਦੁਆਰੇ ਤੋਂ ਇਲਾਵਾ, ਜਿਥੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਿਆ ਗਿਆ ਸੀ, ਸੱਤ ਹੋਰ ਗੁਰਦੁਆਰੇ ਵੀ ਹਨ, ਜਿਵੇਂ (1) ਸ਼ਹੀਦ ਗੰਜ, ਜਿਥੇ ਬਾਬਾ ਬੰਦਾ ਬਹਾਦਰ ਦੇ ਹਮਲੇ ਵੇਲੇ ਛੇ ਹਜ਼ਾਰ ਸਿੱਖ ਸੈਨਿਕਾਂ ਦਾ ਸਸਕਾਰ ਕੀਤਾ ਗਿਆ ਸੀ, (2) ਸ਼ਹੀਦ ਗੰਜ, ਜਿਥੇ ਜ਼ੈਨ ਖ਼ਾਨ ਉਤੇ ਵਿਜੈ ਪ੍ਰਾਪਤ ਕਰਨ ਵੇਲੇ ਦਲ ਖ਼ਾਲਸਾ ਦੇ ਜੱਥੇਦਾਰ ਸੁਖਾ ਸਿੰਘ ਸ਼ਹੀਦ ਹੋਏ ਸਨ, (3) ਸ਼ਹੀਦ ਗੰਜ, ਜਿਥੇ ਜ਼ੈਨ ਖ਼ਾਨ ਨੂੰ ਜਿੱਤਣ ਵੇਲੇ ਜੱਥੇਦਾਰ ਮੱਲਾ ਸਿੰਘ ਸ਼ਹੀਦ ਹੋਏ ਸਨ, (4) ਵਿਮਾਨ ਗੜ੍ਹ, ਜਿਥੇ ਦੋ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਮ੍ਰਿਤ ਸ਼ਰੀਰ ਪਹਿਲੇ ਦਿਨ ਰਖੇ ਗਏ ਸਨ, (5) ਜੋਤਿਸਰੂਪ, ਜਿਥੇ ਦੋ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਸਸਕਾਰ ਕੀਤਾ ਗਿਆ, (6) ਬੁਰਜ ਮਾਤਾ ਗੁਜਰੀ ਜੀ, ਜਿਥੇ ਦੋਹਾਂ ਸਾਹਿਬ-ਜ਼ਾਦਿਆਂ ਅਤੇ ਮਾਤਾ ਜੀ ਨੂੰ ਕੈਦ ਰਖਿਆ ਗਿਆ ਸੀ ਅਤੇ ਜਿਥੇ ਮਾਤਾ ਗੁਜਰੀ ਜੀ ਨੇ ਪ੍ਰਾਣ ਤਿਆਗੇ ਸਨ, (7) ਥੜਾ ਸਾਹਿਬ, ਜਿਥੇ ਕੁਝ ਸਮੇਂ ਲਈ ਗੁਰੂ ਹਰਿਗੋਬਿੰਦ ਜੀ ਠਹਿਰੇ ਸਨ।

ਫਰਔਨ : ਵੇਖੋ 'ਫ਼ਿਰਊਨ'।

ਫਰਹਾਦ : ਵੇਖੋ 'ਸ਼ੀਰੀਂ-ਫਰਹਾਦ'।

ਫ਼ਰਿਸ਼ਤਾ/ਫਰੇਸ਼ਤਾ : ਫ਼ਾਰਸੀ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਭੇਜਿਆ ਹੋਇਆ, ਵਕੀਲ ਜਾਂ ਦੂਤ। ਪਰ ਧਾਰਮਿਕ ਪਰੰਪਰਾਵਾਂ ਵਿਚ ਇਸ ਸ਼ਬਦ ਦੀ ਵਰਤੋਂ 'ਦੇਵਤਾ' ਦੇ ਭਾਵ ਨਾਲ ਹੁੰਦੀ ਹੈ। ਅਰਬੀ ਵਿਚ ਇਸ ਲਈ 'ਮਲਕ' ਸ਼ਬਦ ਵਰਤਿਆ ਜਾਂਦਾ ਹੈ।

ਇਸਲਾਮ ਵਿਚ ਫ਼ਰਿਸ਼ਤੇ ਨੂੰ ਰੱਬ ਦੇ ਨੂਰ ਤੋਂ ਪੈਦਾ ਹੋਇਆ ਦਸਿਆ ਜਾਂਦਾ ਹੈ ਜਿਸ ਨੂੰ ਕਿਸ ਪ੍ਰਕਾਰ ਦੀ ਕੋਈ ਭੁਖ, ਪਿਆਸ ਨਹੀਂ ਲਗਦੀ ਅਤੇ ਅਸੀਮ ਸ਼ਕਤੀ ਦਾ

ਮਾਲਕ ਹੁੰਦਾ ਹੈ। ਫ਼ਰਿਸ਼ਤਿਆਂ ਦੀ ਗਿਣਤੀ ਕਿੰਨੀ ਹੈ, ਇਸ ਬਾਰੇ ਕੋਈ ਪੱਕਾ ਤੱਥ ਉਪਲਬਧ ਨਹੀਂ, ਪਰ ਕਈ ਵਾਰ ਇਹ ਗਿਣਤੀ ਲੱਖ ਤੋਂ ਵੀ ਉਪਰ ਮੰਨੀ ਜਾਂਦੀ ਹੈ। 'ਕੁਰਾਨ' ਵਿਚ ਮੁੱਖ ਤੌਰ ਤੇ ਚਾਰ ਫ਼ਰਿਸ਼ਤਿਆਂ ਦਾ ਉੱਲੇਖ ਹੈ। ਵਾਰਿਸ ਸ਼ਾਹ ਅਨੁਸਾਰ—'ਜਬਰਾਈਲ, ਮੇਕਾਈਲ ਗਵਾਹ ਚਾਰੇ, ਅਸਰਾਫ਼ੀਲ ਅਜ਼ਰਾਈਲ ਧਾਇਆ ਈ।'

ਪਹਿਲਾ ਫ਼ਰਿਸ਼ਤਾ ਜਿਬਰਾਈਲ (ਜਬਰਾਈਲ) ਹੈ ਜੋ ਪੈਗੰਬਰ ਲਈ ਖ਼ੁਦਾ ਤੋਂ ਪੈਗ਼ਾਮ ਅਥਵਾ ਸੁਨੇਹਾ ਲੈ ਕੇ ਆਉਂਦਾ ਹੈ। ਇਸ ਨੇ 'ਕੁਰਾਨ' ਦੀਆਂ ਬਹੁਤ ਸਾਰੀਆਂ ਆਇਤਾਂ ਸਮੇਂ-ਸਮੇਂ ਲਿਆ ਕੇ ਦਿੱਤੀਆਂ ਸਨ। ਹਾਫ਼ਿਜ਼, ਬਰਖ਼ੁਰਦਾਰ ਅਨੁਸਾਰ— 'ਉਹ ਤਾਵੀਜ਼ ਵਿਖਾਲ ਯੂਸਫ ਨੂੰ ਜਬਰਾਈਲ ਪਹਿਨਾਇਆ।'

ਦੂਜਾ ਫ਼ਰਿਸ਼ਤਾ 'ਮੀਕਾਇਲ' (ਮੇਕਾਈਲ) ਹੈ ਜੋ ਜੀਵਾਂ ਨੂੰ ਰਿਜ਼ਕ ਦਿੰਦਾ ਹੈ ਅਤੇ ਧਰਤੀ ਉਤੇ ਬਾਰਸ਼ ਕਰਦਾ ਹੈ। ਇਸ ਵਿਚ ਵਿਸ਼ਣੂ ਅਤੇ ਇੰਦਰ ਦੋਹਾਂ ਹਿੰਦੂ ਦੇਵਤਿਆਂ ਦੇ ਮਿਲੇ-ਜੁਲੇ ਕਰਮ ਵੇਖੇ ਜਾ ਸਕਦੇ ਹਨ।

ਤੀਜਾ ਫ਼ਰਿਸ਼ਤਾ 'ਇਸਰਾਫ਼ੀਲ' (ਅਸਰਾਫ਼ੀਲ) ਹੈ ਜੋ ਪਰਲੋ ਵੇਲੇ ਆਪਣੀ ਤੁਰ੍ਹੀ ਵਜਾਏਗਾ। ਇਸ ਦੀ ਆਵਾਜ਼ ਸੁਣ ਕੇ ਕਬਰਾਂ ਵਿਚੋਂ ਮੁਰਦੇ ਉਠ ਖੜੋਣਗੇ। 'ਹੀਰ' ਵਾਰਿਸ ਵਿਚ ਸੰਕੇਤ ਮਿਲਦਾ ਹੈ—'ਅਸਰਾਫ਼ੀਲ ਜਾਂ ਸੂਰ ਕਰਨਾਇ ਫੂਕੇ, ਤਦੋਂ ਜ਼ਿਮੀਂ ਅਸਮਾਨ ਸਭ ਢਹਿਣਗੇ ਨੀ।'

ਚੌਥਾ ਫ਼ਰਿਸ਼ਤਾ ਹੈ 'ਇਜ਼ਰਾਈਲ'। ਇਸ ਨੂੰ ਮੌਤ ਦਾ ਫ਼ਰਿਸਤਾ ਕਹਿੰਦੇ ਹਨ। ਇਸ ਨੂੰ 'ਮਲਕ-ਉਲ-ਮੌਤ' ਵੀ ਕਿਹਾ ਜਾਂਦਾ ਹੈ। ਬਾਬਾ ਫ਼ਰੀਦ ਨੇ ਕਿਹਾ ਹੈ— 'ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ' (ਆ. ਗ੍ਰੰ. 1381)।

ਇਨ੍ਹਾਂ ਚੌਹਾਂ ਤੋਂ ਇਲਾਵਾ ਕਿਰਾਮਨ-ਕਾਤਿਬੀਨ, ਮੁਨਕਰ-ਨਕੀਰ ਆਦਿ ਹੋਰ ਵੀ ਕਈ ਫ਼ਰਿਸ਼ਤਿਆਂ ਦੀ ਕਲਪਨਾ ਕੀਤੀ ਗਈ ਹੈ।

ਫ਼ਰੀਦ ਸ਼ਕਰਗੰਜ, ਬਾਬਾ : ਪੰਜਾਬੀ ਸੂਫ਼ੀ-ਕਾਵਿ ਦੇ ਮੋਢੀ ਕਵੀ ਅਤੇ ਚਿਸ਼ਤੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਸਾਧਕ ਸ਼ੇਖ ਫ਼ਰੀਦੁੱਦੀਨ ਮਸਊਦ ਦਾ ਜਨਮ ਸ਼ੇਖ ਜਮਾਲੁੱ-ਦੀਨ ਸੁਲੇਮਾਨ ਦੇ ਘਰ ਬੀਬੀ ਕੁਰਸੂਮ ਦੀ ਕੁੱਖੋਂ ਸੰਨ 1173 ਈ. ਵਿਚ ਖੋਤਵਾਲ ਪਿੰਡ ਵਿਚ ਹੋਇਆ। ਆਪ ਨੂੰ 'ਫਰੀਦ ਸ਼ਕਰਗੰਜ' ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਵਾਰਿਸ਼ ਸ਼ਾਹ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਮੌਦੂਦ ਦਾ ਲਾਡਲਾ ਪੀਰ ਚਿਸ਼ਤੀ, ਸ਼ਕਰਗੰਜ ਮਸਊਦ ਭਰਪੂਰ ਹੈ ਜੀ।' ਆਪ ਦੇ ਦਾਦਾ ਅਤੇ ਹੋਰ ਕਬੀਲੇ ਵਾਲੇ ਰਾਜਨੈਤਿਕ ਪਰਿਸਥਿਤੀਆਂ ਦੇ ਅਸੁਖਾਵੇਂ ਹੋਣ ਕਾਰਣ ਆਪਣੇ ਦੇਸ਼ ਕਾਬਲ ਨੂੰ ਛਡ ਕੇ ਹਿੰਦੁਸਤਾਨ ਵਿਚ ਆ ਗਏ। ਪਹਿਲਾਂ ਲਾਹੌਰ ਟਿਕੇ ਅਤੇ ਫਿਰ ਕਸੂਰ ਦੇ ਕਾਜ਼ੀ ਦੀ ਮੱਦਦ ਨਾਲ ਖੋਤਵਾਲ ਦੇ ਕਾਜ਼ੀ ਦਾ ਕਾਰਜ-ਭਾਰ ਸੰਭਾਲਿਆ। ਅਧਿਆਤਮਿਕਤਾ ਵਿਚ ਰੁਚਿਤ ਹੋਣ ਦੀ ਬਿਰਤੀ ਇਨ੍ਹਾਂ ਨੂੰ ਵਿਰਸੇ ਵਿਚ ਮਿਲੀ ਸੀ। ਇਨ੍ਹਾਂ ਦੀ ਮਾਤਾ ਨੇ ਵੀ ਆਪ ਦਾ ਅਧਿਆਤਮਿਕ ਭਵਿਸ਼ ਉਜਲਾ ਕਰਨ ਵਿਚ ਬਹੁਤ ਸਹਾਇਤਾ ਕੀਤੀ।

ਇਨ੍ਹਾਂ ਉਤੇ ਸਭ ਤੋਂ ਪਹਿਲਾਂ ਕ੍ਰਿਪਾ-ਦ੍ਰਿਸ਼ਟੀ ਸ਼ੇਖ਼ ਜਲਾਲੁੱਦੀਨ ਤਬਰੇਜ਼ੀ ਨੇ ਖੋਤਵਾਲ ਤੋਂ ਲੰਘਦਿਆਂ ਕੀਤੀ। ਫਿਰ ਜਦੋਂ ਇਹ ਮੁਲਤਾਨ ਵਿਚ ਸ਼ੇਖ਼ ਬਹਾਉੱਦੀਨ ਜ਼ਕਰੀਆ ਪਾਸ ਧਾਰਮਿਕ ਵਿਦਿਆ ਪ੍ਰਾਪਤ ਕਰਨ ਲਈ ਗਏ, ਤਾਂ ਉਸ ਦੀ ਸ਼ਖ਼ਸੀਅਤ ਦਾ ਬਹੁਤ ਪ੍ਰਭਾਵ ਕਬੂਲਿਆ। ਆਪ ਨੇ ਛੋਟੀ ਉਮਰ ਵਿਚ ਹੀ 'ਕੁਰਾਨ' ਜ਼ਬਾਨੀ ਯਾਦ ਕਰ ਲਿਆ ਸੀ ਅਤੇ ਦਿਨ ਵਿਚ ਇਕ ਵਾਰ ਉਸ ਦਾ ਸਾਰਾ ਪਾਠ ਜ਼ਰੂਰ ਕਰਦੇ ਸਨ। ਮੁਲਤਾਨ ਵਿਚ ਰਹਿੰਦਿਆਂ ਅਠਾਰ੍ਹਾਂ ਸਾਲ ਦੀ ਉਮਰ ਵਿਚ ਆਪ ਦਾ ਮੇਲ ਖ਼੍ਵਾਜਾ ਕੁਤੁਬ ਬਖ਼ਤਿਆਰ ਕਾਕੀ ਨਾਲ ਹੋਇਆ ਅਤੇ ਉਸ ਨੂੰ ਇਨ੍ਹਾਂ ਨੇ ਆਪਣਾ ਮੁਰਸ਼ਿਦ ਧਾਰਣ ਕੀਤਾ।

ਕੁਝ ਵਿਦਵਾਨਾਂ ਅਨੁਸਾਰ ਇਹ ਮੁਲਤਾਨ ਵਿਚ ਵਿਦਿਆ ਪ੍ਰਾਪਤੀ ਦਾ ਕੰਮ ਮੁਕੰਮਲ ਕਰਨ ਉਪਰੰਤ ਕੰਧਾਰ, ਬਗ਼ਦਾਦ, ਮੱਕੇ ਆਦਿ ਥਾਵਾਂ ਤੇ ਵੀ ਗਏ। ਜਦੋਂ ਇਨ੍ਹਾਂ ਨੇ ਆਪਣੀ ਧਾਰਮਿਕ ਤਾਲੀਮ ਪੂਰੀ ਕਰ ਲਈ ਤਾਂ ਦਿੱਲੀ ਆਪਣੇ ਮੁਰਸ਼ਿਦ ਦੀ ਸੇਵਾ ਵਿਚ ਹਾਜ਼ਰ ਹੋਏ। ਇਥੇ ਹੀ ਆਪ ਨੂੰ ਖ਼੍ਵਾਜਾ ਮੁਈਨੁੱਦੀਨ ਚਿਸ਼ਤੀ ਦੇ ਦਰਸ਼ਨਾਂ ਦਾ ਮਾਣ ਪ੍ਰਾਪਤ ਹੋਇਆ।

ਦਿੱਲੀ ਤੋਂ ਪਰਤ ਕੇ ਆਪ ਨੇ ਪਹਿਲਾਂ ਹਾਂਸੀ ਠਿਕਾਣਾ ਕੀਤਾ। ਇਥੇ ਆਪ ਲਗਭਗ ਬਾਰ੍ਹਾਂ ਵਰ੍ਹੇ ਰਹੇ ਅਤੇ ਕਠੋਰ ਤਪਸਿਆ ਕੀਤੀ। ਇਸੇ ਦੌਰਾਨ ਖ਼੍ਵਾਜਾ ਕੁਤੁਬ ਬਖ਼ਤਿਆਰ ਕਾਕੀ ਨੇ ਆਪਣੇ ਦੇਹਾਂਤ ਤੋਂ ਪਹਿਲਾਂ ਇਨ੍ਹਾਂ ਨੂੰ ਚਿਸ਼ਤੀ ਸਿਲਸਿਲੇ ਦਾ ਮੁਖੀ ਥਾਪਿਆ। ਆਪ ਦਿੱਲੀ ਗਏ, ਪਰ ਉਥੋਂ ਦੇ ਰੁਝੇਵਿਆਂ ਭਰੇ ਵਾਤਾਵਰਣ ਵਿਚ ਨਾ ਟਿਕ ਸਕੇ ਅਤੇ ਵਾਪਸ ਆਪਣੇ ਪਿੰਡ ਖੋਤਵਾਲ ਚਲੇ ਗਏ। ਕੁਝ ਸਮਾਂ ਉਥੇ ਟਿਕ ਕੇ ਆਪ ਨੇ ਅਜੋਧਨ (ਹੁਣ ਪਾਕਪਟਨ) ਵਿਚ ਆਪਣਾ ਪੱਕਾ ਡੇਰਾ ਬਣਾਇਆ। ਆਪ ਦੀ ਪ੍ਰਤਿਸ਼ਠਾ ਦੂਰ-ਦੂਰ ਤਕ ਪਸਰ ਗਈ ਅਤੇ ਸ਼ਾਹੀ ਘਰਾਣਿਆਂ ਤਕ ਵੀ ਆਪ ਦੀ ਮਾਨਤਾ ਕਾਇਮ ਹੋ ਗਈ।

ਆਪ ਦਾ ਸੁਭਾ ਬੜਾ ਸਰਲ, ਮਿਠ-ਬੋਲਾ ਅਤੇ ਪਰਉਪਕਾਰੀ ਸੀ। ਸੰਨ 1265 ਈ. ਵਿਚ ਆਪਣੇ ਦੇਹਾਂਤ ਸਮੇਂ ਇਨ੍ਹਾਂ ਨੇ ਚਿਸ਼ਤੀ ਸਿਲਸਿਲੇ ਦੀ ਜ਼ਿੰਮੇਵਾਰੀ ਦਿੱਲੀ ਵਿਚ ਆਪਣੇ ਮੁਰੀਦ ਸ਼ੇਖ਼ ਨਿਜ਼ਾਮੁੱਦੀਨ ਔਲੀਆ ਦੇ ਮੋਢਿਆਂ ਉਤੇ ਪਾਈ। ਇਨ੍ਹਾਂ ਦੀ ਦੇਹ ਨੂੰ ਪਾਕਪਟਨ ਵਿਚ ਦਫ਼ਨਾਇਆ ਗਿਆ। ਆਪ ਅਰਬੀ, ਫ਼ਾਰਸੀ ਅਤੇ ਲਹਿੰਦੀ ਭਾਸ਼ਾ ਵਿਚ ਕਵਿਤਾ ਕਰਕੇ ਆਪਣੇ ਵਿਚਾਰਾਂ ਦਾ ਪ੍ਰਸਾਰ ਕਰਦੇ ਸਨ।

ਆਪ ਦੇ ਰਚੇ 112 ਸ਼ਲੋਕ ਅਤੇ 4 ਸ਼ਬਦ (ਦੋ ਆਸਾ ਰਾਗ ਵਿਚ ਅਤੇ ਦੋ ਸੂਹੀ ਰਾਗ ਵਿਚ) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸ ਤੋਂ ਇਲਾਵਾ ਇਨ੍ਹਾਂ ਦੇ ਨਾਂ ਤੇ ਹੋਰ ਵੀ ਬਾਣੀ ਮਿਲਦੀ ਹੈ ਪਰ ਉਸ ਦੀ ਪ੍ਰਮਾਣਿਕਤਾ ਸੰਦੇਹਜਨਕ ਹੈ।

ਆਪ ਦੀ ਬਾਣੀ ਵਿਚ ਪਰਮਾਤਮਾ ਲਈ ਪ੍ਰੇਮ, ਉਸ ਦੇ ਵਿਯੋਗ ਦੀ ਤੜਪ, ਚੰਗੇ ਅਮਲਾਂ ਦੀ ਲੋੜ, ਬਿਰਧ ਅਵਸਥਾ ਅਤੇ ਸੰਸਾਰਿਕ ਨਾਸ਼ਮਾਨਤਾ ਉਤੇ ਬਲ ਦਿੱਤਾ ਗਿਆ ਹੈ ਅਤੇ ਮੋਹ-ਮਾਯਾ ਨੂੰ ਤਿਆਗ ਕੇ ਚੰਗੇ ਅਮਲ ਕਰਨ ਅਤੇ ਨਫ਼ਸ ਨੂੰ ਮਾਰਨ ਦੀ ਪ੍ਰੇਰਣਾ ਦਿੱਤੀ ਮਿਲਦੀ ਹੈ। ਆਪ ਦੀ ਸੱਚੀ ਸਾਧਨਾ ਨੂੰ ਵੇਖ ਕੇ ਗੁਰੂ ਅਰਜਨ ਦੇਵ

ਨੇ ਆਪ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਸੀ। ਆਪ ਨੂੰ ਪੰਜਾਬ ਦੀ ਧਰਤੀ ਦਾ ਸੱਚਾ ਅਤੇ ਸੁਚਾ ਸਾਧਕ ਮੰਨਿਆ ਜਾਂਦਾ ਹੈ। ਤਦ ਹੀ ਕਵੀ ਦੀਦਾਰ ਸਿੰਘ ਨੇ ਲਿਖਿਆ ਹੈ—'ਨਾਨਕ ਬੁਲ੍ਹੇ ਫ਼ਰੀਦ ਦੀ ਧਰਤ ਉਤੇ,/ਕੁਕੜ ਖੇਹ ਉਡੀ ਰੱਬੀ ਪ੍ਰੀਤ ਵਾਲੀ।'

ਫਲਗੂ, ਨਦੀ : ਬਿਹਾਰ ਪ੍ਰਾਂਤ ਦੀ ਇਕ ਨਦੀ ਜਿਸ ਦੇ ਕੰਢੇ ਉਤੇ ਗਯਾ ਤੀਰਥ ਅਤੇ ਨਗਰ ਵਸਿਆ ਹੋਇਆ ਹੈ। ਹਿੰਦੂ ਧਰਮ ਵਿਚ ਗਯਾ ਪਿਤਰਾਂ ਦੀ ਸ੍ਰਾਧ-ਭੂਮੀ ਵਜੋਂ ਪ੍ਰਤਿਸ਼ਠਿਤ ਹੈ। 'ਮਹਾਭਾਰਤ' (ਵਨ-ਪਰਵ) ਵਿਚ ਲਿਖਿਆ ਹੈ ਕਿ ਕਿਸੇ ਵਿਅਕਤੀ ਦੇ ਅੱਠ ਪੁੱਤਰਾਂ ਵਿਚੋਂ ਕੋਈ ਇਕ ਹੀ ਗਯਾ ਜਾ ਕੇ ਪਿਤਰਾਂ ਨਿਮਿਤ ਪਿੰਡ-ਦਾਨ ਕਰੇ ਤਾਂ ਪਿਤਰਾਂ ਦੀ ਗਤੀ ਹੁੰਦੀ ਹੈ।

ਗਯਾ ਵਿਚ ਫਲਗੂ ਨਾਂ ਦੀ ਪਵਿੱਤਰ ਨਦੀ ਹੈ। ਇਸ ਨਦੀ, ਗਯਸਿਰ ਪਰਬਤ ਅਤੇ ਅਕ੍ਸ਼ਯਵਟ ਆਦਿ ਥਾਵਾਂ ਤੋਂ ਪਿਤਰਾਂ ਨੂੰ ਪਿੰਡ ਦਿੱਤੇ ਜਾਂਦੇ ਹਨ। 'ਅਤ੍ਰਿ-ਸਮ੍ਰਿਤੀ' (55, 58) ਵਿਚ ਵੀ ਪੁੱਤਰ ਦਾ ਪਿਤਰਾਂ ਨਿਮਿਤ ਗਯਾ ਜਾਣਾ ਅਤੇ ਫਲਗੂ ਨਦੀ ਵਿਚ ਇਸ਼ਨਾਨ ਕਰਕੇ ਪਿੰਡ-ਦਾਨ ਕਰਨਾ ਉੱਤਮ ਕਰਤੱਵ ਮੰਨਿਆ ਗਿਆ ਹੈ। ਅਜਿਹਾ ਕਰਨ ਨਾਲ ਨਰਕ ਵਿਚ ਸਥਿਤ ਪਿਤਰ ਸ੍ਵਰਗ ਨੂੰ ਚਲਾ ਜਾਂਦਾ ਹੈ ਅਤੇ ਸ੍ਵਰਗ ਵਿਚ ਸਥਿਤ ਪਿਤਰ ਮੋਕ੍ਸ਼ ਪ੍ਰਾਪਤ ਕਰਦਾ ਹੈ। ਪਿੰਡ-ਦਾਨ ਕਰਨ ਵਾਲੇ ਨੂੰ ਵੀ ਸਦ-ਗਤੀ ਪ੍ਰਾਪਤ ਹੋ ਜਾਂਦੀ ਹੈ। ਕਵੀ ਹਰਿੰਦਰ ਮਹਿਬੂਬ ਨੇ ਇਸ ਨਦੀ ਦਾ ਹਵਾਲਾ ਦਿੱਤਾ ਹੈ—'ਬਣ ਕੇ ਰੇਤ ਕੋਈ ਸਿਦਕ ਦੇ ਮੋਤੀਆਂ ਦੀ,/ਫਲਗੂ ਨਦੀ ਦੇ ਪਾਣੀਏ ਡੁਬਿਆ ਮੈਂ।'

ਫਾਗ : ਵੇਖੋ 'ਹੋਲੀ'।

ਫ਼ਾਰੂਕ : ਹਜ਼ਰਤ ਉਮਰ ਦਾ ਇਕ ਨਾਮਾਂਤਰ। ਵੇਖੋ 'ਉਮਰ, ਹਜ਼ਰਤ'।

ਫ਼ਿਰਊਨ : ਇਹ ਸ਼ਬਦ ਉਂਜ ਤਾਂ ਮਿਸਰ ਦੇ ਬਾਦਸ਼ਾਹਾਂ ਦਾ ਉਪਨਾਮ ਜਾਂ ਲਕਬ ਸੀ, ਪਰ ਇਸ ਦੀ ਵਿਸ਼ੇਸ਼ ਵਰਤੋਂ ਤੋਂ ਮੁਰਾਦ ਹਜ਼ਰਤ ਮੂਸਾ ਦੇ ਸਮੇਂ ਵਿਚ ਹੋਏ ਉਸ ਬਾਦਸ਼ਾਹ ਤੋਂ ਹੈ ਜਿਸ ਨੇ ਖ਼ੁਦਾਈ ਦਾ ਦਾਵਾ ਕੀਤਾ ਸੀ। ਇਸ ਦਾ ਮੂਲ ਨਾਂ ਵਲੀਦ ਇਬਨ ਮੁਸਅਬ ਜਾਂ ਕਾਬੂਸ ਸੀ। ਇਸ ਨੇ ਇਸਰਾਈਲ ਵੰਸ਼ ਨੂੰ ਖ਼ਤਮ ਕਰਨ ਦੀ ਪ੍ਰਤਿਗਿਆ ਕੀਤੀ ਹੋਈ ਸੀ, ਇਸ ਲਈ ਇਸਰਾਈਲ ਵੰਸ਼ ਵਿਚ ਜਦੋਂ ਵੀ ਕੋਈ ਨਵਾਂ ਬੱਚਾ ਜੰਮਦਾ, ਉਸ ਨੂੰ ਮਰਵਾ ਦਿੰਦਾ।

ਮੂਸਾ ਦੇ ਜਨਮ 'ਤੇ ਉਸ ਦੀ ਮਾਤਾ ਨੂੰ ਬੱਚੇ ਦੇ ਮਾਰੇ ਜਾਣ ਦਾ ਡਰ ਹੋ ਗਿਆ। ਇਸ ਲਈ ਉਸ ਨੇ ਮੂਸਾ ਨੂੰ ਤਾਬੂਤ ਵਿਚ ਬੰਦ ਕਰਕੇ ਨੀਲ ਨਾਂ ਦੇ ਦਰਿਆ ਵਿਚ ਰੋੜ੍ਹ ਦਿੱਤਾ। ਕਹਿੰਦੇ ਹਨ ਕਿ ਮਿਸਰ ਦੀ ਸ਼ਹਿਜ਼ਾਦੀ ਨੇ ਉਸ ਨੂੰ ਵੇਖ ਲਿਆ ਅਤੇ ਬਾਹਰ ਕਢਵਾ ਲਿਆ। ਮੂਸਾ ਦੇ ਵੱਡਾ ਹੋਣ 'ਤੇ ਉਸ ਨਾਲ ਵਿਚਾਰਧਾਰਕ ਵਿਰੋਧ ਹੋਣ ਕਾਰਣ ਫ਼ਿਰਊਨ ਸਦਾ ਵੈਰ ਪਾਲਦਾ ਰਹਿੰਦਾ। ਇਕ ਵਾਰ ਮਿਸਰ ਵਿਚ ਪਲੇਗ ਪੈ ਗਈ। ਮੂਸਾ ਆਪਣੇ ਵੰਸ਼ ਵਾਲੇ ਲੋਕਾਂ ਅਤੇ ਅਨੁਯਾਈਆਂ ਨੂੰ ਨਾਲ ਲੈ ਕੇ ਮਿਸਰ ਤੋਂ ਚਲ ਪਿਆ। ਪਰ ਫ਼ਿਰਊਨ ਨੇ ਪਿਛੋਂ ਫ਼ੌਜਾਂ ਚੜ੍ਹਾ ਦਿੱਤੀਆਂ। ਮੂਸਾ ਦੇ ਸਾਰੇ ਸਾਥੀ ਰੱਬੀ ਮਿਹਰ ਨਾਲ ਸੁਖ-ਪੂਰਵਕ ਨੀਲ ਦਰਿਆ ਤੋਂ ਪਾਰ ਹੋ ਗਏ, ਪਰ ਫ਼ਿਰਊਨ ਆਪਣੇ

ਲਸ਼ਕਰਾਂ ਸਮੇਤ ਨਦੀ ਵਿਚ ਡੁਬ ਮਰਿਆ । ਇਹ ਵੀ ਰਵਾਇਤ ਹੈ ਕਿ ਜਿਬਰਾਈਲ ਨੇ ਇਸ ਦੀ ਲੋਥ ਨੂੰ ਡੁਬਣ ਨਾ ਦੇ ਕੇ ਤਰਦੀ ਰਖਿਆ ਤਾਂ ਜੋ ਇਸਰਾਈਲ ਦੇ ਬੱਚੇ ਸਾਵਧਾਨ ਰਹਿਣ । ਬੁਲ੍ਹੇ ਸ਼ਾਹ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਫਰਔਨ ਨੇ ਜਦੋਂ ਖੁਦਾ ਕਹਾਇਆ,/ਨੀਲ ਨਦੀ ਦੇ ਵਿਚ ਆਇਆ ।'

ਫੂਲਾ ਸਿੰਘ, ਅਕਾਲੀ : ਇਕ ਖ਼ੁੱਦਾਰ, ਸੂਰਵੀਰ ਅਤੇ ਨਿਧੜਕ ਨਿਹੰਗ ਜੱਥੇਦਾਰ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਵਿਸਤਾਰ ਵਿਚ ਅਦੁੱਤੀ ਸਹਿਯੋਗ ਦਿੱਤਾ । ਇਸ ਦਾ ਜਨਮ ਬਾਂਗਰ ਖੇਤਰ ਦੇ ਸੀਹਾਂ ਪਿੰਡ ਦੇ ਨਿਵਾਸੀ ਸ. ਈਸ਼ਰ ਸਿੰਘ ਦੇ ਘਰ ਸੰਨ 1760 ਈ. ਦੇ ਨੇੜੇ-ਤੇੜੇ ਹੋਇਆ । ਈਸ਼ਰ ਸਿੰਘ ਨਿਸ਼ਾਨਾਂ ਵਾਲੀ ਮਿਸਲ ਦਾ ਇਕ ਬਹਾਦਰ ਯੋਧਾ ਸੀ । ਕਹਿੰਦੇ ਹਨ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ 5 ਫਰਵਰੀ, 1762 ਈ. ਨੂੰ ਕੁੱਪਰਹੀੜੇ ਦੇ ਮੁਕਾਮ 'ਤੇ ਵੱਡੇ ਘਲੂਘਾਰੇ ਵਿਚ ਹਜ਼ਾਰਾਂ ਸਿੰਘ ਸ਼ਹੀਦ ਕੀਤੇ, ਉਦੋਂ ਈਸ਼ਰ ਸਿੰਘ ਵੀ ਘਾਇਲ ਹੋਇਆ ਅਤੇ ਜ਼ਖਮ ਠੀਕ ਨਾ ਹੋਣ ਕਾਰਣ ਕੁਝ ਸਮੇਂ ਬਾਦ ਗੁਜ਼ਰ ਗਿਆ । ਉਦੋਂ ਫੂਲਾ ਸਿੰਘ ਦੀ ਉਮਰ ਦੋ ਵਰ੍ਹਿਆਂ ਦੇ ਨੇੜੇ ਸੀ । ਮਰਨ ਤੋਂ ਪਹਿਲਾਂ ਈਸ਼ਰ ਸਿੰਘ ਨੇ ਫੂਲਾ ਸਿੰਘ ਨੂੰ ਆਪਣੇ ਮਿੱਤਰ ਬਾਬਾ ਨਰੈਣ ਸਿੰਘ (ਨਰੈਣਾ ਸਿੰਘ) ਦੇ ਸਪੁਰਦ ਕੀਤਾ ।

ਧਰਮ ਗ੍ਰੰਥਾਂ ਦੇ ਅਧਿਐਨ ਤੋਂ ਬਾਦ ਫੂਲਾ ਸਿੰਘ ਨੂੰ ਸ਼ਸਤ੍ਰ ਵਿਦਿਆ, ਘੋੜ ਸਵਾਰੀ ਅਤੇ ਜੰਗੀ ਕਰਤਬਾਂ ਦੀ ਸਿਖਲਾਈ ਕਰਾਈ ਗਈ । ਬਾਲ ਅਵਸਥਾ ਵਿਚ ਹੀ ਫੂਲਾ ਸਿੰਘ ਦੀ ਮਾਤਾ ਦਾ ਦੇਹਾਂਤ ਹੋ ਗਿਆ । ਇਸ ਨੇ ਆਪਣੀ ਸਾਰੀ ਜਾਇਦਾਦ ਅਤੇ ਘਰ ਬਾਰ ਛੋਟੇ ਭਰਾ, ਸੰਤ ਸਿੰਘ, ਨੂੰ ਦੇ ਕੇ ਖ਼ੁਦ ਨਿਹੰਗ ਬਣ ਕੇ ਸ਼ਹੀਦਾਂ ਦੀ ਮਿਸਲ ਵਿਚ ਜਾ ਰਲਿਆ । ਬਾਬਾ ਨਰੈਣ ਸਿੰਘ ਦੇ ਜੱਥੇ ਵਿਚ ਰਹਿ ਕੇ ਕਈ ਗੁਰਦੁਆਰਿਆਂ ਦੀ ਸੇਵਾ ਕੀਤੀ ਅਤੇ ਜਦੋਂ ਕੋਈ ਅਵਸਰ ਬਣਿਆ, ਲੜਾਈਆਂ ਵਿਚ ਆਪਣੀ ਸੂਰਵੀਰਤਾ ਵੀ ਵਿਖਾਈ । ਸੰਨ 1800 ਈ. ਵਿਚ ਬਾਬਾ ਨਰੈਣ ਸਿੰਘ ਦੀ ਮ੍ਰਿਤੂ ਤੋਂ ਬਾਦ ਆਪਣੇ ਜੱਥੇ ਦਾ ਜੱਥੇਦਾਰ ਥਾਪਿਆ ਗਿਆ । ਜੱਥੇਦਾਰ ਬਣਨ ਉਪਰੰਤ ਇਹ ਦਰਬਾਰ ਸਾਹਿਬ, ਅਕਾਲ-ਤਖ਼ਤ ਅਤੇ ਸਰੋਵਰ ਦੀ ਕਾਰ-ਸੇਵਾ ਲਈ ਅੰਮ੍ਰਿਤਸਰ ਪਹੁੰਚਿਆ ਅਤੇ ਸਥਾਈ ਤੌਰ ਤੇ ਅੰਮ੍ਰਿਤਸਰ ਹੀ ਨਿਵਾਸ ਬਣਾ ਲਿਆ । ਇਸ ਦੇ ਡੇਰੇ ਵਾਲੀ ਥਾਂ ਉਤੇ ਹੁਣ ਬਾਬਾ ਫੂਲਾ ਸਿੰਘ ਅਕਾਲੀ ਦਾ ਬੁਰਜ ਬਣਿਆ ਹੋਇਆ ਹੈ ।

ਸੰਨ 1801 ਈ. ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਅੰਮ੍ਰਿਤਸਰ ਦੇ ਭੰਗੀ ਸਰਦਾਰ ਉਤੇ ਕੀਤੇ ਹਮਲੇ ਵੇਲੇ ਇਸ ਨੇ ਵਿਚ ਪੈ ਕੇ ਖ਼ੂਨ ਖ਼ਰਾਬਾ ਹੋਣੋਂ ਬਚਾ ਲਿਆ ਅਤੇ ਮਹਾਰਾਜੇ ਦਾ ਅੰਮ੍ਰਿਤਸਰ ਉਪਰ ਸਹਿਜ ਢੰਗ ਨਾਲ ਅਧਿਕਾਰ ਹੋ ਗਿਆ । ਇਸ ਘਟਨਾ ਦੇ ਫਲਸਰੂਪ ਇਸ ਦਾ ਮਾਣ ਸਤਿਕਾਰ ਬਹੁਤ ਵਧਿਆ । ਮਹਾਰਾਜਾ ਦੇ ਕਹੇ ਤੇ ਇਸ ਨੇ ਅੰਗ੍ਰੇਜ਼ ਸਫ਼ੀਰ ਮਿ. ਮੈਟਕਾਫ਼ ਦੇ ਨਾਲ ਆਏ ਮੁਸਲਮਾਨ ਸੈਨਿਕਾਂ ਦੁਆਰਾ ਦਰਬਾਰ ਸਾਹਿਬ ਦੇ ਨੇੜਿਓਂ ਮੁਹੱਰਮ ਦੇ ਅਵਸਰ 'ਤੇ ਤਾਜ਼ੀਆ ਕੱਢਣ ਨਾਲ ਹੋਈ ਮਰਯਾਦਾ ਕਾਰਣ ਦੰਗ ਦੇਣਾ ਰੋਕ ਦਿੱਤਾ । ਅੰਮ੍ਰਿਤਸਰ ਦੇ ਨਿਵਾਸ ਦੌਰਾਨ ਇਸ ਨੇ ਹੋਰ ਵੀ ਕਈ ਗੁਰੂ-ਧਾਮਾਂ ਦੀ ਸੇਵਾ ਕੀਤੀ ।

ਮਹਾਰਾਜੇ ਦੀ ਫ਼ੌਜ ਦੀ ਸਹਾਇਤਾ ਕਰਕੇ ਇਸ ਨੇ ਕਸੂਰ, ਮੁਲਤਾਨ, ਕਸ਼ਮੀਰ ਵਿਚ ਅਦੁੱਤੀ ਵੀਰਤਾ ਦਿਖਾਈ ਅਤੇ ਇਨ੍ਹਾਂ ਇਲਾਕਿਆਂ ਨੂੰ ਸਿੱਖ ਰਾਜ ਵਿਚ ਸ਼ਾਮਲ ਕੀਤਾ। ਇਹ ਸਿੱਖ-ਰਾਜ ਦਾ ਸੱਚਾ ਹਿਤੈਸ਼ੀ ਸੀ। ਇਕ ਵਾਰ ਕਿਸੇ ਕਾਰਣ ਮਹਾਰਾਜੇ ਨਾਲ ਨਾਰਾਜ਼ ਹੋ ਕੇ ਆਨੰਦਪੁਰ ਚਲਾ ਗਿਆ। ਪਰ ਜਦੋਂ ਕੌਮੀ ਕਰਤੱਵ ਨਿਭਾਣ ਲਈ ਮਹਾਰਾਜੇ ਨੇ ਇਸ ਪਾਸ ਸੁਨੇਹਾ ਭੇਜਿਆ, ਤਾਂ ਸਾਰੀ ਨਾਰਾਜ਼ਗੀ ਛਡ ਕੇ ਅੰਮ੍ਰਿਤਸਰ ਪਰਤ ਆਇਆ। ਖ਼ਾਲਸਈ ਨਿਯਮਾਂ ਦੀ ਰਾਖੀ ਕਰਨ ਵੇਲੇ ਇਹ ਮਹਾਰਾਜੇ ਨੂੰ ਵੀ ਭਰੇ ਦੀਵਾਨ ਵਿਚ ਤਨਖ਼ਾਹ ਲਾਉਣ ਤੋਂ ਸੰਕੋਚ ਨਹੀਂ ਕਰਦਾ ਸੀ। ਇਸ ਨੇ ਆਖ਼ਰੀ ਲੜਾਈ ਨੁਸ਼ਹਿਰੇ ਵਿਚ ਲੜੀ ਅਤੇ ਆਪਣੀ ਅਦੁੱਤੀ ਬਹਾਦਰੀ ਨਾਲ ਹਾਰ ਨੂੰ ਜਿੱਤ ਵਿਚ ਬਦਲ ਕੇ 14 ਮਾਰਚ, 1823 ਈ. ਨੂੰ ਵੀਰਗਤੀ ਪ੍ਰਾਪਤ ਕੀਤੀ। ਆਪ ਦੀ ਸਮਾਧ ਨੁਸ਼ਹਿਰੇ ਤੋਂ 6 ਕਿ. ਮੀ. ਦੀ ਵਿਥ ਤੇ ਲੁੰਡੇ ਦਰਿਆ (ਕਾਬਲ ਨਦੀ) ਦੇ ਕੰਢੇ ਮੌਜੂਦ ਹੈ। ਇਸ ਦੇ ਖੰਡੇ ਬਾਰੇ ਇਕ ਕਵੀ ਨੇ ਲਿਖਿਆ ਹੈ—'ਸਵਾ ਮਣ ਦਾ ਖੰਡਾ ਦੋ ਧਾਰੀ ਫੂਲਾ ਸਿੰਘ ਜੱਥੇਦਾਰ ਦਾ।'

ਫੇਰੂ, ਬਾਬਾ : ਦੂਜੇ ਗੁਰੂ, ਸ੍ਰੀ ਅੰਗਦ ਦੇਵ ਦੇ ਪਿਤਾ ਦਾ ਨਾਂ ਬਾਬਾ ਫੇਰੂ ਸੀ। ਇਹ 'ਮਤੇ ਦੀ ਸਰਾਇ' (ਤਹਿਸੀਲ ਮੁਕਤਸਰ) ਵਿਚ ਰਹਿੰਦੇ ਸਨ ਅਤੇ ਫਿਰੋਜ਼ਪੁਰ ਦੇ ਹਾਕਮ ਪਾਸ ਖ਼ਜ਼ਾਨਚੀ ਦਾ ਕੰਮ ਕਰਦੇ ਸਨ। ਇਨ੍ਹਾਂ ਦਾ ਦੇਹਾਂਤ ਸੰਨ 1526 ਈ. ਵਿਚ ਦਸਿਆ ਜਾਂਦਾ ਹੈ।

ਪਿਤਾ ਦੇ ਨਾਂ ਕਰਕੇ ਗੁਰੂ ਅੰਗਦ ਦੇਵ ਦਾ ਇਕ ਨਾਂ 'ਫੇਰੂਆਣ' ਵੀ ਪ੍ਰਚਲਿਤ ਹੋ ਗਿਆ। ਇਸ ਨਾਂ ਦਾ ਹਵਾਲਾ ਸਤੇ ਅਤੇ ਬਲਵੰਡ ਨੇ ਆਪਣੀ ਵਾਰ ਵਿਚ ਦਿੱਤਾ ਹੈ –'ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ।/ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ' (ਅ. ਗ੍ਰੰ. 967)।

ਬ

ਬਸਿਸਟ : ਵੇਖੋ 'ਵਸਿਸ਼ਠ'।

ਬਸੰਤ-ਪੰਚਮੀ : ਦੇਸ਼ ਵਿਆਪੀ ਇਕ ਮੌਸਮੀ ਤਿਉਹਾਰ ਜਿਸ ਨੂੰ ਪੁਰਾਤਨ ਕਾਲ ਵਿਚ ਬੜੀ ਰੁਚੀ ਨਾਲ ਮਨਾਇਆ ਜਾਂਦਾ ਸੀ। ਲੋਕੀਂ ਇਕ ਦੂਜੇ ਨੂੰ ਅਸ਼ੋਕ ਦੇ ਲਾਲ ਫੁੱਲਾਂ ਦੀ ਸੁਗਾਤ ਭੇਜਦੇ ਸਨ। ਸੌਖਿਆਂ ਘਰਾਂ ਦੀਆਂ ਇਸਤਰੀਆਂ ਆਪਣੇ ਪਤੀਆਂ ਨਾਲ ਝੂਲਿਆਂ ਉਤੇ ਝੂਟਦੀਆਂ ਸਨ। ਇਸ ਤਿਉਹਾਰ ਦਾ ਸੰਬੰਧ ਬਸੰਤ ਰੁਤ ਨਾਲ ਹੈ ਜੋ ਮਾਘ ਸੁਦੀ ਇਕ ਤੋਂ ਸ਼ੁਰੂ ਹੋ ਜਾਂਦੀ ਹੈ। 'ਕਾਮ ਸ਼ਾਸਤ੍ਰ' ਵਿਚ ਇਸ ਨੂੰ 'ਸੁਵਸੰਤਕ' ਨਾਂ ਨਾਲ ਲਿਖਿਆ ਗਿਆ ਹੈ ਜਿਸ ਤੋਂ ਭਾਵ ਹੈ ਬਸੰਤ ਰੁਤ ਦਾ ਧਰਤੀ ਉਤੇ ਉਤਰਨਾ। ਉਸ ਦਿਨ ਮਦਨ-ਦੇਵਤਾ (ਕਾਮਦੇਵ) ਦੀ ਪੂਜਾ ਕੀਤੀ ਜਾਂਦੀ ਸੀ। ਲੋਕ-ਕਥਾਵਾਂ ਵਿਚ ਇਸ ਦਿਨ ਮਦਨ-ਵਾੜ ਬਣਾਉਣ ਅਤੇ ਮੰਦਿਰਾਂ ਵਿਚ ਫੁਲ

ਚੜ੍ਹਾਉਣ ਦੇ ਉੱਲੇਖ ਮਿਲਦੇ ਹਨ।

ਕਾਮ-ਦੇਵ ਕੋਲ ਪੰਜ ਤੀਰਾਂ (ਕਾਮ-ਬਾਣਾਂ) ਦੇ ਹੋਣ ਦੀ ਕਲਪਨਾ ਕੀਤੀ ਗਈ ਹੈ। ਇਹ ਪੰਜ ਬਾਣ ਕਾਮ-ਦੇਵ ਦੇ ਸ਼ਸਤ੍ਰ ਹਨ। ਇਨ੍ਹਾਂ ਨੂੰ ਕਾਮਦੇਵ ਦੇ ਫੁਲ ਵੀ ਕਿਹਾ ਜਾਂਦਾ ਹੈ। ਇਹੀ ਕਾਰਣ ਹੈ ਕਿ ਬਸੰਤ ਵਾਲੇ ਦਿਨ ਫੁਲਾਂ ਦੀ ਸੁਗਾਤ ਭੇਜਣ ਦੀ ਪ੍ਰਥਾ ਰਹੀ ਹੈ। ਕਾਮ-ਦੇਵ ਦੇ ਇਨ੍ਹਾਂ ਪੰਜ ਤੀਰਾਂ ਦੀ ਗਿਣਤੀ ਦੀ ਸਮਾਨਤਾ ਦਰਸਾਉਣ ਲਈ ਬਸੰਤ ਦਾ ਤਿਉਹਾਰ ਪੰਚਮੀ ਨੂੰ ਮਨਾਇਆ ਜਾਣ ਲਗਿਆ। ਇਸ ਤਰ੍ਹਾਂ ਇਹ ਖ਼ੁਸ਼ੀਆਂ ਅਤੇ ਉਤਸਾਹ ਭਰਿਆ ਬੜਾ ਰੋਮਾਂਚਿਕ ਤਿਉਹਾਰ ਹੈ। ਗੁਰਬਾਣੀ ਵਿਚ ਉਸ ਵਿਅਕਤੀ ਲਈ ਸਦਾ ਬਸੰਤ ਵਰਗਾ ਵਾਤਾਵਰਣ ਕਲਪਿਆ ਗਿਆ ਹੈ ਜਿਸ ਉਤੇ ਪਰਮਾਤਮਾ ਦੀ ਕ੍ਰਿਪਾ ਅਤੇ ਗੁਰੂ ਦੀ ਦਯਾ ਹੋਵੇ—'ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ।/ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ' (ਆ. ਗ੍ਰੰ. 1180)।

ਬਸੰਤ-ਪੰਚਮੀ ਵਾਲੇ ਦਿਨ ਇਸ਼ਨਾਨ ਕਰ ਕੇ ਪੁੰਨ-ਦਾਨ ਕਰਨਾ ਮਹੱਤਵਪੂਰਣ ਸਮਝਿਆ ਜਾਂਦਾ ਹੈ। ਪੰਜਾਬ ਵਿਚ ਉਂਜ ਤਾਂ ਅਨੇਕ ਥਾਵਾਂ ਉਤੇ ਇਸ ਦਿਨ ਮੇਲੇ ਲਗਦੇ ਹਨ, ਪਰ ਛਿਹਰਟਾ ਅਤੇ ਪਟਿਆਲਾ (ਗੁਰਦੁਆਰਾ ਦੂਖ-ਨਿਵਾਰਨ) ਵਿਚ ਬੜੇ ਵੱਡੇ ਮੇਲੇ ਲਗਦੇ ਹਨ ਜਿਨ੍ਹਾਂ ਵਿਚ ਭਗਤੀ-ਭਾਵ ਤੋਂ ਇਲਾਵਾ ਪੰਜਾਬ ਦੇ ਸਭਿਆਚਾਰ ਦੇ ਅਨੇਕ ਰੰਗ ਵੇਖਣ ਨੂੰ ਮਿਲਦੇ ਹਨ।

ਇਤਿਹਾਸਿਕ ਦ੍ਰਿਸ਼ਟੀ ਤੋਂ ਇਸ ਦਿਨ ਲਾਹੌਰ ਦੇ ਸੂਬੇਦਾਰ ਨੇ ਧਰਮ-ਅੰਧਤਾ ਕਰ ਕੇ 17 ਵਰ੍ਹਿਆਂ ਦੇ ਨੌਜਵਾਨ ਹਕੀਕਤ ਰਾਇ ਨੂੰ ਸ਼ਹੀਦ ਕੀਤਾ ਸੀ। ਸੰਨ 1846 ਈ. ਵਿਚ ਇਸੇ ਦਿਨ ਸ. ਸ਼ਾਮ ਸਿੰਘ ਅਟਾਰੀਵਾਲੇ ਦੀ ਸਭਰਾਉਂ ਦੇ ਯੁੱਧ ਵਿਚ ਸ਼ਹਾਦਤ ਹੋਈ ਸੀ। ਇਸ ਦਿਨ ਨਾਮਧਾਰੀ ਆਗੂ ਬਾਬਾ ਰਾਮ ਸਿੰਘ ਦਾ ਜਨਮ ਅਤੇ ਇਸੇ ਦਿਨ ਸੰਨ 1873 ਈ. ਵਿਚ ਦੇਸ਼-ਨਿਕਾਲਾ ਹੋਇਆ ਸੀ। ਇਸ ਦਿਨ ਮਹਾਰਾਜਾ ਰਣਜੀਤ ਸਿੰਘ ਬੜੇ ਸ਼ੌਕ ਨਾਲ ਦਰਬਾਰ ਸਜਾਂਦੇ ਸਨ ਜਿਸ ਵਿਚ ਹਰ ਵਿਅਕਤੀ ਪੀਲੇ ਬਸਤ੍ਰ ਧਾਰਣ ਕਰਦਾ ਸੀ। ਨਿਹੰਗ ਸਿੰਘ ਵੀ ਇਸ ਦਿਨ ਪੀਲੇ ਬਸਤ੍ਰ ਪਾ ਕੇ ਆਪਣੇ ਪਰੰਪਰਾਗਤ ਫ਼ੌਜੀ ਕਰਤਬ ਦਿਖਾਂਦੇ ਹਨ।

ਖੇਤਾਂ ਵਿਚ ਖਿੜੀ ਹੋਈ ਪੀਲੀ ਸਰ੍ਹੋਂ ਨਾਲ ਇਕ-ਸੁਰ ਹੋ ਕੇ ਆਮ ਲੋਕ ਵੀ ਇਸ ਦਿਨ ਪੀਲੇ ਬਸਤ੍ਰ ਧਾਰਣ ਕਰਦੇ ਹਨ ਅਤੇ ਚਾਵਲਾਂ ਦੇ ਪੀਲੇ ਪੁਲਾਉ ਅਤੇ ਕੇਸਰੀ ਕੜ੍ਹਾਹ ਤਿਆਰ ਕਰਕੇ ਖਾਂਦੇ ਹਨ। ਸੱਚ ਤਾਂ ਇਹ ਹੈ ਕਿ ਪ੍ਰਕ੍ਰਿਤੀ ਦਾ ਕੇਸਰੀਆ ਰੰਗ ਪੂਰੀ ਤਰ੍ਹਾਂ ਜਨ-ਜੀਵਨ ਉਤੇ ਛਾ ਜਾਂਦਾ ਹੈ। ਇਸ ਮਾਹੌਲ ਨੂੰ ਕਵੀ ਗੁਪਾਲ ਸਿੰਘ ਨੇ ਆਪਣੇ 'ਬਾਰਹਮਾਂਹ' ਵਿਚ ਇਸ ਤਰ੍ਹਾਂ ਚਿਤਰਿਆ ਹੈ—'ਰੰਗਣ ਫੁੱਲ ਬਸੰਤੀ ਦਿਓਰਾ, ਪਗ ਬਸੰਤੀ ਬੰਨ੍ਹੀ ਵੇ/ ਗਲੇ ਬਸੰਤੀ ਝੱਗਾ ਪਾਏ, ਨਾਲ ਬਸੰਤੀ ਚੁਨੀ ਵੇ/ ਦੇਵਰ ਨੂੰ ਹੈ ਦੇਂਦੀ ਭਾਬੀ, ਖਾਹ ਬਸੰਤੀ ਪਿੰਨੀ ਵੇ/ ਗੋਪਾਲ ਸਿੰਘ ਫੁਲ ਦੇ ਬਸੰਤੀ, ਮੁਰਾਦ ਭਾਬੋ ਦੀ ਪੁੰਨੀ ਵੇ।'

ਇਸ ਰੁਤ ਵਿਚ ਚੂੰਕਿ ਹਵਾ ਬਹੁਤ ਤੇਜ਼ ਨਹੀਂ ਹੁੰਦੀ ਅਤੇ ਵਾਤਾਵਰਣ ਬਹੁਤ ਦਿਲਕਸ਼ ਹੁੰਦਾ ਹੈ, ਇਸ ਲਈ ਲੋਕੀਂ ਪਤੰਗਬਾਜ਼ੀ ਦਾ ਸ਼ੌਕ ਪੂਰਾ ਕਰਦੇ ਹਨ।

ਲਾਹੌਰ ਦੀ ਪਤੰਗਬਾਜ਼ੀ ਬਹੁਤ ਪ੍ਰਸਿੱਧ ਰਹੀ ਹੈ। ਇਸ ਦਿਨ ਮਾਧੋ ਲਾਲ ਹੁਸੈਨ ਦੀ ਸਮਾਧ ਉਤੇ ਪਤੰਗਬਾਜ਼ਾਂ ਦਾ ਚੰਗਾ ਮੇਲਾ ਭਰ ਜਾਂਦਾ ਹੈ ਕਿਉਂਕਿ ਮਾਧੋ ਲਾਲ ਨੂੰ ਵੀ ਪਤੰਗਬਾਜ਼ੀ ਦਾ ਸ਼ੌਕ ਸੀ। ਸੰਗੀਤ ਪ੍ਰੇਮੀਆਂ ਨੇ ਇਸ ਰੁਤ ਲਈ ਇਕ ਵਿਸ਼ੇਸ਼ ਰਾਗ 'ਬਸੰਤ' ਦੀ ਸੁਰ ਸਾਧੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਕ੍ਰਮ ਵਿਚ ਪਚੀਵਾਂ ਹੈ।

ਬਹਿਸ਼ਤ : ਹਿੰਦੂ ਧਰਮ ਵਿਚਲੀ ਸਵਰਗ (ਵੇਖੋ) ਦੀ ਕਲਪਨਾ ਦੇ ਸਮਾਨਾਂਤਰ ਇਸਲਾਮ ਵਿਚ 'ਬਹਿਸ਼ਤ' ਦੀ ਕਲਪਨਾ ਹੋਈ ਹੈ। ਇਸ ਕਲਪਨਾ ਦਾ ਮੂਲਾਧਾਰ ਚੰਗੇ ਜਾਂ ਸ਼ੁਭ ਕਰਮਾਂ ਦੁਆਰਾ ਚੰਗੇ ਫਲ ਦੀ ਆਸ ਹੈ। ਇਸ ਦਾ ਇਕ ਨਾਮਾਂਤਰ 'ਜੰਨਤ' ਵੀ ਹੈ। ਇਨ੍ਹਾਂ ਦੀ ਗਿਣਤੀ ਅੱਠ ਮੰਨੀ ਗਈ ਹੈ—ਖ਼ੁਲਦ, ਦਾਰੁੱਸਲਾਮ, ਦਾਰੁਲਕਰਾਰ, ਜੰਨਤਿਲਅਦਨ, ਜੰਨਤੁਲਮਾਵਾ, ਜੰਨਤੁਨਈਮ, ਅਲਈਅਨ ਅਤੇ ਫ਼ਿਰਦੌਸ।

'ਕੁਰਾਨ' ਅਨੁਸਾਰ ਮਨੁੱਖਾਂ ਲਈ ਸਭ ਸੁਖਾਂ ਤੋਂ ਸ੍ਰੇਸ਼ਠ ਸੁਖ ਹੈ ਰੱਬ ਪਾਸ ਪਹੁੰਚਣਾ, ਉਸ ਦੀ ਨੇੜਤਾ ਹਾਸਲ ਕਰਨਾ। ਇਹ ਨੇੜਤਾ ਆਮ ਤੌਰ ਤੇ ਪੀਰ-ਪੈਗ਼ੰਬਰ ਹਾਸਲ ਕਰਦੇ ਹਨ ਜਾਂ ਉਹ ਲੋਕ ਇਸ ਗੌਰਵ ਨੂੰ ਪ੍ਰਾਪਤ ਕਰਨ ਦੇ ਅਧਿਕਾਰੀ ਹੁੰਦੇ ਹਨ ਜੋ ਨੇਕ ਅਮਲ ਕਰਦੇ ਹਨ ਅਤੇ ਧਰਮ ਦੇ ਨਾਂ 'ਤੇ ਕੁਰਬਾਨੀ ਦਿੰਦੇ ਹਨ। ਬਹਿਸ਼ਤ ਬਾਰੇ ਇਹ ਵੀ ਸੰਕਲਪ ਹੈ ਕਿ ਉਥੇ ਖ਼ੂਬਸੂਰਤ ਹੂਰਾਂ, ਗਿਲਮਾਨ ਅਤੇ ਹੋਰ ਅਨੇਕ ਸੁਖਦਾਇਕ ਵਸਤੂਆਂ ਪ੍ਰਾਪਤ ਹੁੰਦੀਆਂ ਹਨ। ਇਹ, ਅਸਲ ਵਿਚ, ਮਨੁੱਖ ਨੂੰ ਚੰਗੇ ਕਰਮ ਕਰਨ ਵਲ ਪ੍ਰੇਰਿਤ ਕਰਨ ਲਈ ਇਕ ਪ੍ਰਕਾਰ ਦਾ ਬੁਲਾਵਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਬਹਿਸ਼ਤ ਦੀ ਪ੍ਰਾਪਤੀ ਗੱਲਾਂ ਨਾਲ ਨਹੀਂ ਹੁੰਦੀ, ਸਗੋਂ ਸੱਚੀ ਕਮਾਈ ਕਰਨ ਨਾਲ ਹੀ ਵਿਅਕਤੀ ਸੰਸਾਰਿਕ ਪ੍ਰਪੰਚ ਤੋਂ ਮੁਕਤ ਹੋ ਕੇ ਇਸ ਦੀ ਪ੍ਰਾਪਤੀ ਦਾ ਅਧਿਕਾਰੀ ਬਣ ਸਕਦਾ ਹੈ—'ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ' (ਅ. ਗ੍ਰੰ. 141)।

ਬਕਰੀਦ : ਵੇਖੋ 'ਈਦ'।

ਬਗ਼ਦਾਦ : ਇਰਾਕ ਦੇਸ਼ ਦਾ ਇਕ ਪ੍ਰਸਿੱਧ ਨਗਰ ਅਤੇ ਰਾਜਧਾਨੀ ਜੋ ਫ਼ਾਰਸ ਦੀ ਖਾੜੀ ਤੋਂ ਲਗਭਗ 400 ਕਿ. ਮੀ. ਦੂਰ ਦਜਲਾ ਅਤੇ ਫ਼ਰਾਤ ਨਦੀਆਂ ਦੇ ਸੰਗਮ ਉਤੇ ਵਸਿਆ ਹੈ। ਇਹ ਨਗਰ ਚਾਰ ਹਜ਼ਾਰ ਸਾਲ ਪਹਿਲਾਂ ਤੋਂ ਵਪਾਰਕ ਮਾਰਗ ਦਾ ਮੁੱਖ ਪੜਾ ਅਤੇ ਵਪਾਰ ਦਾ ਕੇਂਦਰ ਰਿਹਾ ਹੈ। ਛੇਵੀਂ ਸਦੀ ਵਿਚ ਨੌਸ਼ੇਰਵਾਂ ਨੇ ਇਸ ਦਾ ਪੁਨਰ-ਉੱਧਾਰ ਕੀਤਾ ਅਤੇ ਉਦੋਂ ਤੋਂ ਹੀ ਇਸ ਦਾ ਨਾਂ 'ਬਗ਼ਦਾਦ' ਪਿਆ ਕਿਉਂਕਿ ਇਥੇ ਇਕ ਬਾਗ਼ ਵਿਚ ਬੈਠ ਕੇ ਨੌਸ਼ੇਰਵਾਂ ਨਿਆਂ ਕਰਦਾ ਹੁੰਦਾ ਸੀ।

ਜਦੋਂ ਇਸਲਾਮ ਦਾ ਵਿਸਤਾਰ ਹੋਇਆ ਤਾਂ ਇਰਾਕ ਵਲ, ਅੱਬਾਸ ਵੰਸ਼ ਦੇ ਖ਼ਲੀਫ਼ਿਆਂ ਨੇ ਇਸ ਨੂੰ ਇਸਲਾਮ ਧਰਮ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ। ਖ਼ਲੀਫ਼ਾ ਹਾਰੂੰਰਸ਼ੀਦ ਨੇ ਗਿਆਨ ਅਤੇ ਸਭਿਆਚਾਰ ਦੇ ਵਿਸਤਾਰ ਲਈ ਦੂਰ-ਦੂਰ ਤੋਂ ਇਥੇ ਵਿਦਵਾਨ ਬੁਲਵਾ ਕੇ ਵਿਚਾਰਧਾਰਕ ਸੰਵਾਦ ਰਚਾਇਆ। ਇਹ ਸਮਾਂ ਇਸ ਨਗਰ ਦੀ ਹਰ ਪੱਖੋਂ ਉੱਨਤੀ ਦਾ ਸਮਾਂ ਕਿਹਾ ਜਾਏਗਾ। ਇਸ ਨਗਰ ਦੇ ਗੌਰਵ ਨੂੰ ਖ਼ਤਮ

ਕਰਨ ਲਈ ਸੰਨ 1258 ਈ. ਵਿਚ ਮੰਗੋਲ ਬਾਦਸ਼ਾਹ ਹਲਾਕੂ ਨੇ ਇਸ ਉਤੇ ਹਮਲਾ ਕੀਤਾ। ਇਥੋਂ ਦੇ ਇਸਲਾਮੀ ਸਭਿਆਚਾਰ ਨੂੰ ਹੀ ਨਹੀਂ ਬਰਬਾਦ ਕੀਤਾ ਸਗੋਂ ਇਥੋਂ ਦੇ ਉਪਜਾਊ ਇਲਾਕੇ ਨੂੰ ਵੀ ਚਰਾਂਦਾਂ ਵਿਚ ਬਦਲ ਦਿੱਤਾ। ਇਸ ਤੋਂ ਬਾਦ ਬਗਦਾਦ ਦੀ ਸਥਿਤੀ ਵਿਚ ਕੋਈ ਖ਼ਾਸ ਸੁਧਾਰ ਨਾ ਹੋਇਆ। ਪਰ ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਇਸ ਦਾ ਮਹੱਤਵ ਵੱਧਣ ਲਗਿਆ ਅਤੇ ਇਕ ਪ੍ਰਸਿੱਧ ਨਗਰ ਵਜੋਂ ਉਭਰ ਕੇ ਸਾਹਮਣੇ ਆਇਆ। ਪੁਰਾਣੇ ਨਗਰ ਦੇ ਨਾਲ-ਨਾਲ ਨਵੇਂ ਬਣੇ ਨਗਰ ਦੀ ਆਪਣੀ ਹੀ ਸ਼ੋਭਾ ਹੈ।

ਮੱਕੇ ਦੀ ਫੇਰੀ ਸਮੇਂ, ਭਾਈ ਗੁਰਦਾਸ ਅਨੁਸਾਰ, ਗੁਰੂ ਨਾਨਕ ਦੇਵ ਇਸ ਨਗਰ ਵਿਚ ਗਏ ਸਨ ਅਤੇ ਪੀਰ ਦਸਤਗੀਰ ਅਤੇ ਬਹਿਲੋਲ ਦੇ ਗੱਦੀਦਾਰਾਂ ਨਾਲ ਸੰਵਾਦ ਕੀਤਾ ਸੀ। ਗੁਰੂ ਸਾਹਿਬ ਦੀ ਦਿਬ-ਦ੍ਰਿਸ਼ਟੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਗੁਰੂ ਜੀ ਦੀ ਯਾਦ ਵਿਚ ਤੁਰਕੀ ਜ਼ਬਾਨ ਵਿਚ ਲਿਖਿਆ ਇਕ 'ਕਤਬਾ' ਲਗਾਇਆ ਸੀ ਜੋ ਹੁਣ ਵੀ ਮੌਜੂਦ ਹੈ। ਕਹਿੰਦੇ ਹਨ ਕਿ ਬਗ਼ਦਾਦ ਦੇ ਖੂਹਾਂ ਦਾ ਪਾਣੀ ਖਾਰਾ ਸੀ। ਗੁਰੂ ਜੀ ਨੇ ਕਤਬੇ ਵਾਲੀ ਥਾਂ ਕੋਲ ਇਕ ਖੂਹ ਪੁਟਵਾਇਆ ਜਿਸ ਦਾ ਪਾਣੀ ਮਿੱਠਾ ਨਿਕਲਿਆ। ਇਹ ਖੂਹ ਹੁਣ ਵੀ ਮੌਜੂਦ ਹੈ ਅਤੇ ਇਸ ਦਾ ਪਾਣੀ ਮਿੱਠਾ ਹੈ। ਸੂਫ਼ੀ ਫ਼ਕੀਰ ਸੁਲਤਾਨ ਬਾਹੂ ਨੇ ਬਗ਼ਦਾਦ ਦਾ ਜ਼ਿਕਰ ਕਰਦਿਆਂ ਲਿਖਿਆ ਹੈ—'ਬਗਦਾਦ ਸ਼ਹਿਰ ਦੀ ਕੀ ਨਿਸ਼ਾਨੀ, ਉੱਚੀਆਂ ਲੰਮੀਆਂ ਚੀਜ਼ਾਂ ਹੂ।'

ਬਜਬਜ-ਘਾਟ : ਕਲੱਕਤਾ ਨਗਰ ਕੋਲ ਹੁਗਲੀ ਨਦੀ ਦਾ ਇਕ ਘਾਟ, ਜਿਸ ਨੂੰ ਬਾਬਾ ਗੁਰਦਿਤ ਸਿੰਘ ਨੇ ਇਤਿਹਾਸਿਕ ਮਹੱਤਵ ਪ੍ਰਦਾਨ ਕੀਤਾ। ਬਾਬਾ ਜੀ ਉਨ੍ਹਾਂ ਕ੍ਰਾਂਤੀਕਾਰੀ ਬਾਬਿਆਂ ਵਿਚੋਂ ਮੂਹਰਲੀ ਕਤਾਰ ਵਾਲੇ ਸਨ ਜਿਨ੍ਹਾਂ ਨੇ ਆਪਣਾ ਸਭ ਕੁਝ ਦੇਸ਼ ਦੀ ਆਜ਼ਾਦੀ ਲਈ ਨਿਛਾਵਰ ਕਰ ਦਿੱਤਾ।

ਬਾਬਾ ਗੁਰਦਿਤ ਸਿੰਘ ਦਾ ਜਨਮ ਪਿੰਡ ਸਰਹਾਲੀ ਜ਼ਿਲਾ ਅੰਮ੍ਰਿਤਸਰ ਵਿਚ ਸੰਨ 1860 ਈ. ਵਿਚ ਹੋਇਆ। ਖੇਤੀ ਬਾੜੀ ਤੋਂ ਜਦ ਮਨ ਉਚਕ ਗਿਆ ਤਾਂ ਵਪਾਰ ਕਰਨ ਦੀ ਧੁਨ ਸਵਾਰ ਹੋਈ। ਪਹਿਲਾਂ ਇਹ ਮਲਾਇਆ ਗਿਆ ਅਤੇ ਉਥੋਂ ਹਾਂਗ-ਕਾਂਗ ਪਹੁੰਚਿਆ। ਕੁਝ ਸਮਾਂ ਠੇਕੇਦਾਰੀ ਕੀਤੀ। ਫਿਰ 'ਕਾਮਾਗਾਟਾ ਮਾਰੂ' ਨਾਂ ਦਾ ਇਕ ਜਾਪਾਨੀ ਸਮੁੰਦਰੀ ਜਹਾਜ਼ ਕਰਾਏ ਉਤੇ ਲਿਆ ਅਤੇ 376 ਮੁਸਾਫ਼ਰਾਂ, ਜਿਨ੍ਹਾਂ ਵਿਚੋਂ ਕੇਵਲ 30 ਗ਼ੈਰ-ਸਿੱਖ ਸਨ, ਕੈਨੇਡਾ ਜਾਣ ਲਈ ਤਿਆਰ ਹੋਏ। ਅੰਗ੍ਰੇਜ਼ ਸਰਕਾਰ ਵਲੋਂ ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਪਾਈਆਂ ਗਈਆਂ। ਉਨ੍ਹਾਂ ਸਭ ਨੂੰ ਠੇਲਦਿਆਂ 4 ਅਪ੍ਰੈਲ, 1914 ਈ. ਨੂੰ ਇਹ ਜਹਾਜ਼ ਹਾਂਗ-ਕਾਂਗ ਤੋਂ ਵੈਨਕੂਵਰ ਨੂੰ ਰਵਾਨਾ ਹੋਇਆ। 22 ਮਈ, 1914 ਈ. ਨੂੰ ਜਹਾਜ਼ ਵੈਨਕੂਵਰ ਪਹੁੰਚਿਆ, ਪਰ ਉਸ ਨੂੰ ਕੰਢੇ ਨਾ ਲਗਣ ਦਿੱਤਾ ਗਿਆ। ਮੁਸਾਫ਼ਰਾਂ ਵਿਚੋਂ ਕੇਵਲ ਉਨ੍ਹਾਂ ਨੂੰ ਉਥੇ ਉਤਰਨ ਦਿੱਤਾ ਗਿਆ ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ। ਬਾਕੀ ਸਾਰੇ 23 ਜੁਲਾਈ ਤਕ ਸਖ਼ਤ ਪਹਿਰੇ ਵਿਚ ਰਖੇ ਗਏ। ਆਖ਼ਰ ਜਹਾਜ਼ ਨੂੰ ਹਾਂਗ-ਕਾਂਗ ਪਰਤਣਾ ਪਿਆ। ਪਰ ਉਥੇ ਵੀ ਜਹਾਜ਼ ਨੂੰ ਕੰਢੇ ਨਾ ਲਗਣ ਦਿੱਤਾ ਗਿਆ।

ਬੇਹਦ ਕਠਿਨਾਈਆਂ ਦਾ ਸਾਹਮਣਾ ਕਰਦਾ ਹੋਇਆ ਉਹ ਜਹਾਜ਼ 29 ਸਤੰਬਰ, 1914 ਈ. ਨੂੰ ਹੁਗਲੀ ਨਦੀ ਦੇ ਮੁਹਾਨੇ 'ਤੇ ਪਹੁੰਚਿਆ ਅਤੇ ਬਜਬਜ ਘਾਟ ਨਾਂ ਦੀ ਬੰਦਰਗਾਹ ਉਤੇ ਲਗਾ। ਸਾਰੇ ਜਹਾਜ਼ ਦੀ ਤਲਾਸੀ ਲਈ ਗਈ ਅਤੇ ਮੁਸਾਫ਼ਰਾਂ ਨੂੰ ਗੱਡੀ ਰਾਹੀਂ ਪੰਜਾਬ ਜਾਣ ਦੇ ਆਦੇਸ਼ ਦਿੱਤੇ ਗਏ। ਪਰ ਜੁਝਾਰੂ ਬਾਬੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਹਿਤ ਜਲੂਸ ਦੇ ਰੂਪ ਵਿਚ ਪੈਦਲ ਚਲ ਪਏ। ਪੁਲਿਸ ਅਤੇ ਫ਼ੌਜ ਦੀਆਂ ਟੁਕੜੀਆਂ ਨੇ ਉਨ੍ਹਾਂ ਉਤੇ ਗੋਲੀ ਚਲਾਈ। ਫਲਸਰੂਪ 18 ਮੁਸਾਫ਼ਰ ਮਾਰੇ ਗਏ 25 ਜ਼ਖਮੀ ਹੋਏ, ਬਾਕੀ ਫੜ ਲਏ ਗਏ। ਇਨ੍ਹਾਂ ਸ਼ਹੀਦਾਂ ਨੇ ਦੇਸ਼ ਅੰਦਰ ਇਕ ਨਵੀਂ ਚੇਤਨਾ ਪੈਦਾ ਕਰ ਦਿੱਤੀ। ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ—'ਜਲ੍ਹਿਆਂ ਵਾਲੇ ਬਾਗ ਤੇਰੇ ਦੀ/ਅਜ ਵੀ ਅਮਰ ਕਹਾਣੀ/ਕਾਮਗਾਟਾ-ਮਾਰੂ ਤੇਰੇ/ਅੱਗ ਲਾਈ ਵਿਚ ਪਾਨੀ।'

ਬਾਬਾ ਗੁਰਦਿਤ ਸਿੰਘ ਆਪਣੇ 28 ਸਾਥੀਆਂ ਸਮੇਤ ਉਥੋਂ ਬਚ ਕੇ ਨਿਕਲ ਗਿਆ। ਛੇ ਸਾਲ ਤਕ ਗੁਪਤ ਰਹਿਣ ਮਗਰੋਂ ਉਹ ਫਿਰ ਸਾਹਮਣੇ ਆਇਆ, ਕੈਦ ਕਟੀ ਅਤੇ ਰਾਸ਼ਟਰੀ ਅੰਦੋਲਨ ਵਿਚ ਜੁਟ ਗਿਆ। 94 ਵਰ੍ਹਿਆਂ ਦੀ ਉਮਰ ਵਿਚ ਉਸ ਦਾ ਦੇਹਾਂਤ ਹੋਇਆ।

ਬਜਬਜ ਘਾਟ ਦਾ ਗੋਲੀਕਾਂਡ ਭਾਰਤ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਦੀ ਇਕ ਅਹਿਮ ਘਟਨਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸੁਤੰਤਰਤਾ-ਸੰਗ੍ਰਾਮ ਭਖ ਪਿਆ। ਦੇਸ਼ ਲਈ ਹੋਏ ਕੁਰਬਾਨੀ ਦੇ ਸਾਕਿਆਂ ਵਿਚ ਬਜਬਜ-ਘਾਟ ਦਾ ਉੱਲੇਖ ਵੀ ਆਦਰ ਨਾਲ ਕੀਤਾ ਜਾਂਦਾ ਹੈ। ਹਰਿੰਦਰ ਮਹਿਬੂਬ ਨੇ 'ਝਨਾਂ ਦੀ ਰਾਤ' ਵਿਚ ਸੰਕੇਤ ਕਰਦਿਆਂ ਕਿਹਾ ਹੈ—'ਬਜਬਜ ਘਾਟ, ਨਨਕਾਣੇ ਤੇ ਜੈਤੋ ਵਿਚ/ਹਸਨ ਅਬਦਾਲ ਦੇ ਸਿਮਦੇ ਪਰਬਤਾਂ ਅੰਦਰ।'

ਬਟਾਲਾ : ਵੇਖੋ 'ਅਚਲ ਬਟਾਲਾ'।

ਬਟੁਕੇਸ਼੍ਵਰ ਦੱਤ : ਭਗਤ ਸਿੰਘ ਦਾ ਇਕ ਕ੍ਰਾਂਤੀਕਾਰੀ ਸਾਥੀ। ਵੇਖੋ 'ਭਗਤ ਸਿੰਘ, ਸ਼ਹੀਦ'।

ਬਤੀਹ ਸੁਲਖਣੀ : ਇਸ ਤੋਂ ਭਾਵ ਹੈ ਬੱਤੀ ਸੁੰਦਰ ਜਾਂ ਸ਼ੁਭ ਲੱਛਣਾਂ ਵਾਲੀ ਇਸਤਰੀ। ਇਹ ਲੱਛਣ ਦੋ ਪ੍ਰਕਾਰ ਦੇ ਹਨ। ਇਕ ਪ੍ਰਕਾਰ ਦਾ ਸੰਬੰਧ ਸ਼ਰੀਰਿਕ ਅੰਗਾਂ ਨਾਲ ਹੈ। 'ਸਕੰਦ ਪੁਰਾਣ' (ਕਾਸ਼ੀ ਖੰਡ) ਵਿਚ ਇਨ੍ਹਾਂ 32 ਸ਼ੁਭ ਲੱਛਣਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਹੋਇਆ ਹੈ—ਪੰਜ ਦੀਰਘ (ਅੱਖਾਂ, ਨੱਕ, ਵੱਖੀ, ਭੁਜਾ ਅਤੇ ਜਬਾੜਾ); ਪੰਜ ਸੂਖਮ (ਸ਼ਰੀਰ ਦੀ ਚਮੜੀ, ਕੇਸ, ਉਂਗਲਾਂ, ਉਂਗਲਾਂ ਦੀਆ ਗੰਢਾਂ ਅਤੇ ਦੰਦ); ਸੱਤ ਲਾਲ (ਹੱਥ ਦੀਆਂ ਤਲੀਆਂ, ਪੈਰਾਂ ਦੀਆਂ ਤਲੀਆਂ, ਤਾਲੂ, ਜੀਭ, ਹੋਠ, ਨਹੁੰ ਅਤੇ ਅੱਖਾਂ ਦੇ ਕੋਏ); ਛੇ ਉੱਚੇ (ਲੱਕ ਦੀ ਹੱਡੀ, ਪੇਟ, ਪਸਲੀ, ਮੱਥੇ, ਮੁਖ ਅਤ ਹੱਥ ਦੇ ਉਪਰਲੇ ਪਾਸੇ); ਤਿੰਨ ਚਪਟੇ ਜਾਂ ਵਿਸਤ੍ਰਿਤ (ਮੱਥਾ, ਛਾਤੀ ਅਤੇ ਕਮਰ); ਤਿੰਨ ਛੋਟੇ (ਗਰਦਨ, ਜੰਘਾਂ ਅਤੇ ਯੋਨੀ); ਤਿੰਨ ਗੰਭੀਰ (ਸੁਰ, ਨਾਭੀ ਅਤੇ ਸੁਭਾਵ)।

ਦੂਜੇ ਪ੍ਰਕਾਰ ਦੇ ਸ਼ੁਭ ਜਾਂ ਉੱਤਮ ਲੱਛਣਾਂ ਦਾ ਸੰਬੰਧ ਵਿਅਕਤਿਤ੍ਵ ਦੇ ਅੰਦਰਲੇ ਗੁਣਾਂ ਨਾਲ ਹੈ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—(1) ਸੁੰਦਰਤਾ, (2) ਸਵੱਛਤਾ, (3) ਲਜਿਆ, (4) ਚਤੁਰਾਈ, (5) ਵਿਦਿਆ, (6) ਪਤੀ-ਭਗਤੀ, (7) ਸੇਵਾ, (8) ਦਯਾ, (9) ਸਤ੍ਯ, (10) ਮਿਠਬੋਲੀ, (11) ਪ੍ਰਸੰਨ-ਚਿੱਤਤਾ, (12) ਨਿਮਰਤਾ, (13) ਨਿਸ਼ਕਪਟਤਾ, (14) ਏਕਤਾ, (15) ਧੀਰਜ, (16) ਧਰਮ ਵਿਚ ਨਿਸ਼ਠਾ, (17) ਸੰਜਮ, (18) ਉਦਾਰਤਾ, (19) ਗੰਭੀਰਤਾ, (20) ਉੱਦਮ, (21) ਸੂਰਵੀਰਤਾ, (22) ਰਾਗ ਦੀ ਸੂਝ, (23) ਕਾਵਿ ਵਿਚ ਰੁਚੀ, (24) ਨਾਚ ਵਿਚ ਪ੍ਰਬੀਨਤਾ (25) ਚਿੱਤਰ-ਕਲਾ ਪ੍ਰਤਿ ਖਿਚ, (26) ਔਸ਼ਧੀ, (27) ਰਸੋਈ, (28) ਸਿਉਣ ਪਰੋਣ, (29) ਘਰ ਦੀ ਸਾਜ ਸਜਾਵਟ, (30) ਬਜ਼ੁਰਗਾਂ ਦਾ ਮਾਣ, (31) ਅਤਿਥੀ ਸਨਮਾਨ, ਅਤੇ (32) ਸੰਤਾਨ ਦੀ ਪਾਲਨਾ।

ਗੁਰੂ ਅਰਜਨ ਦੇਵ ਨੇ ਸ਼ੁਭ ਕਰਣੀ ਰੂਪੀ ਇਸਤਰੀ ਉਤੇ ਬੱਤੀ ਸ਼ੁਭ ਲੱਛਣਾਂ ਦਾ ਆਰੋਪਣ ਕਰਦਿਆਂ ਇਸ ਦਾ ਹਵਾਲਾ ਦਿੱਤਾ ਹੈ—'ਬਤੀਹ ਸੁਲਖਣੀ ਸਚੁ ਸੰਤਤਿ ਪੂਤ ।/ ਆਗਿਆਕਾਰੀ ਸੁਘੜ ਸਰੂਪ' (ਅ. ਗ੍ਰੰ. 371)।

ਬਦਰਿਕਾਸ਼੍ਰਮ : ਵੇਖੋ 'ਬਦਰੀਨਾਥ'।

ਬਦਰੀਨਾਥ : ਭਾਰਤ ਦਾ ਇਕ ਪ੍ਰਸਿੱਧ ਵੈਸ਼ਣਵ ਤੀਰਥ ਜੋ ਉੱਤਰ-ਪ੍ਰਦੇਸ਼ ਦੇ ਗੜ੍ਹਵਾਲ ਖੇਤਰ ਵਿਚ ਅਲਕਨੰਦਾ ਦੇ ਕੰਢੇ ਉਤੇ ਸਥਿਤ ਹੈ। ਬਦਰੀਨਾਥ ਦਾ ਮੰਦਿਰ 45 ਫੁਟ ਉੱਚਾ ਹੈ ਅਤੇ ਇਸ ਦੇ ਚੌਹਾਂ ਪਾਸੇ ਭਿੰਨ-ਭਿੰਨ ਦਰਵਾਜ਼ੇ ਹਨ। ਇਸ ਵਿਚ ਕਾਲੇ ਪੱਥਰ ਦੀ ਸਾਲਗ੍ਰਾਮ ਵਰਗੀ ਬਦਰੀਨਾਥ (ਵਿਸ਼ਣੂ) ਦੀ ਮੂਰਤੀ ਸਥਾਪਿਤ ਹੈ। ਕਿਹਾ ਜਾਂਦਾ ਹੈ ਕਿ ਇਹ ਮੂਰਤੀ ਦੇਵਤਿਆਂ ਨੇ ਨਾਰਦਕੁੰਡ ਤੋਂ ਕੱਢ ਕੇ ਇਥੇ ਸਥਾਪਿਤ ਕੀਤੀ ਸੀ।

ਬੁੱਧ-ਧਰਮ ਦੇ ਵਿਕਾਸ-ਕਾਲ ਵੇਲੇ ਇਸ ਨੂੰ ਬੁੱਧ ਦੀ ਮੂਰਤੀ ਮੰਨ ਕੇ ਪੂਜਾ ਕੀਤੀ ਜਾਂਦੀ ਸੀ। ਆਚਾਰਯ ਸ਼ੰਕਰ ਦੇ ਪ੍ਰਚਾਰ ਕਾਰਣ ਜਦ ਇਥੋਂ ਬੋਧੀ ਲੋਕ ਤਿੱਬਤ ਨੂੰ ਚਲੇ ਗਏ ਤਾਂ ਇਹ ਮੂਰਤੀ ਅਲਕਨੰਦਾ ਵਿਚ ਸੁਟਦੇ ਗਏ। ਉਥੋਂ ਸ਼ੰਕਰ ਨੇ ਕੱਢਵਾ ਕੇ ਉਸ ਨੂੰ ਫਿਰ ਤੋਂ ਸਥਾਪਿਤ ਕੀਤਾ। ਕਾਲਾਂਤਰ ਵਿਚ ਇਸ ਨੂੰ ਕਿਸੇ ਨੇ ਤਪਤ-ਕੁੰਡ ਵਿਚ ਸੁਟ ਦਿੱਤਾ ਜਿਸ ਨੂੰ ਰਾਮਾਨੁਜਾਚਾਰਯ ਨੇ ਕੱਢਵਾ ਕੇ ਫਿਰ ਤੋਂ ਸਥਾਪਿਤ ਕਰਵਾਇਆ। ਇਸ ਦੇ ਨੇੜੇ ਨਰ-ਨਾਰਾਇਣ, ਲਕ੍ਸ਼ਮੀ, ਕੁਬੇਰ, ਊਧਵ ਆਦਿ ਦੀਆਂ ਮੂਰਤੀਆਂ ਵੀ ਹਨ।

ਇਸ ਤੀਰਥ ਨੂੰ ਹਿੰਦੂ ਧਰਮ ਦੇ ਚਾਰ ਪ੍ਰਮੁਖ ਧਰਮ-ਧਾਮਾਂ ਜਾਂ ਤੀਰਥਾਂ ਵਿਚ ਗਿਣਿਆ ਜਾਂਦਾ ਹੈ। ਇਸ ਲਈ ਹਰ ਹਿੰਦੂ ਦੀ ਇੱਛਾ ਹੁੰਦੀ ਹੈ ਕਿ ਇਥੋਂ ਦੀ ਯਾਤ੍ਰਾ ਕਰੇ। ਇਥੋਂ ਦੇ ਗਰਮ ਪਾਣੀ ਦੇ ਕੁੰਡ ਵਿਚ ਯਾਤ੍ਰੀ ਇਸ਼ਨਾਨ ਕਰਕੇ ਆਪਣਾ ਅਧਿਆਤਮਿਕ ਭਵਿਖ ਉਜਲਾ ਕਰਦੇ ਹਨ। ਇਸ ਸਥਾਨ ਉਤੇ ਵਿਸ਼ਣੂ ਦੇ ਨਰ-ਨਾਰਾਇਣ ਰੂਪ ਨੇ ਤਪਸਿਆ ਕੀਤੀ ਸੀ।

ਇਸ ਦੇ ਨਾਂ ਬਾਰੇ 'ਪਦਮ ਪੁਰਾਣ' ਵਿਚ ਦਸਿਆ ਗਿਆ ਹੈ ਕਿ ਭ੍ਰਿਗੁਤੁੰਗ ਨਾਂ ਦੇ

ਪਹਾੜ ਦੀ ਚੋਟੀ ਉੱਤੇ ਇਕ ਬਦਰੀ (ਬੇਰੀ) ਦਾ ਬ੍ਰਿਛ ਸੀ, ਜਿਸ ਕਰਕੇ ਇਸ ਦਾ ਨਾਂ ਬਦਰੀਨਾਥ ਪਿਆ। 'ਬਦਰਿਕਾਸ਼੍ਰਮ' ਅਤੇ 'ਬਦਰੀਨਾਰਾਇਣ' ਇਸ ਦੇ ਦੋ ਹੋਰ ਨਾਮਾਂਤਰ ਹਨ।

ਬਦਰੀ-ਨਾਰਾਇਣ : ਵੇਖੋ 'ਬਦਰੀਨਾਥ'।

ਬਦੀਅਲ-ਜਮਾਲ : ਮਿਸਰ ਦੇ ਇਕ ਰੋਮਾਂਸ ਦੀ ਨਾਇਕਾ ਜਿਸ ਦਾ ਪ੍ਰੇਮ 'ਸੈਫ਼ੁਲ-ਮਲੂਕ' ਨਾਂ ਦੇ ਸ਼ਹਿਜ਼ਾਦੇ ਨਾਲ ਸੀ। ਪੰਜਾਬੀ ਵਿਚ ਇਸ ਰੋਮਾਂਸ ਨੂੰ ਲੈ ਕੇ ਕਈ ਕਿੱਸਾਕਾਰਾਂ ਨੇ ਹੱਥ ਅਜ਼ਮਾਇਆ ਹੈ ਪਰ ਅਧਿਕ ਪ੍ਰਸਿੱਧੀ ਮੀਆਂ ਮੁਹੰਮਦ ਬਖ਼ਸ਼ ਦੇ ਲਿਖੇ ਕਿੱਸੇ ਨੂੰ ਮਿਲੀ ਹੈ ਜਿਸ ਦਾ ਸਾਰਾਂਸ਼ ਇਸ ਪ੍ਰਕਾਰ ਹੈ:

ਮਿਸਰ ਦੇ ਨਿਰਸੰਤਾਨ ਬਾਦਸ਼ਾਹ ਆਸਿਮ ਸ਼ਾਹ ਨੇ ਜੋਤਿਸ਼ੀਆਂ ਦੇ ਦੱਸੇ 'ਤੇ ਬਦਖ਼ਸ਼ਾਂ ਦੇ ਬਾਦਸ਼ਾਹ ਜਮਸ਼ੈਦ ਦੀ ਪੁੱਤਰੀ ਨਾਲ ਵਿਆਹ ਕਰਕੇ ਉਸ ਦੀ ਕੁੱਖੋਂ ਸੈਫ਼ੁਲ-ਮਲੂਕ ਪੈਦਾ ਕੀਤਾ। ਚੌਦਾਂ ਸਾਲ ਦੀ ਉਮਰ ਵਿਚ ਕੀਤੇ ਗਏ ਇਕ ਵੱਡੇ ਜਸ਼ਨ ਵਿਚ ਸ਼ਹਿਜ਼ਾਦੇ ਨੂੰ ਦੋ ਸੁਲੇਮਾਨੀ ਸ਼ਾਹ-ਮੋਹਰੇ ਤੋਹਫ਼ੇ ਵਜੋਂ ਭੇਟ ਕੀਤੇ ਗਏ ਜਿਨ੍ਹਾਂ ਵਿਚੋਂ ਇਕ ਉਤੇ ਸੈਫ਼ੁਲ-ਮਲੂਕ ਅਤੇ ਦੂਜੇ ਉਤੇ ਬਦੀਅਲ-ਜਮਾਲ ਦੀ ਸ਼ਕਲ ਬਣੀ ਹੋਈ ਸੀ। ਇਹ ਸ਼ਾਹ-ਮੋਹਰੇ ਬਦੀਅਲ-ਜਮਾਲ ਦੇ ਪੜਦਾਦੇ ਸੁਲੇਮਾਨ ਨੱਬੀ ਨੇ ਸੈਫ਼ੁਲ-ਮਲੂਕ ਦੇ ਦਾਦੇ ਨੂੰ ਭੇਜੇ ਸਨ।

ਸ਼ਾਹ-ਮੋਹਰੇ ਤੋਂ ਬਦੀਅਲ-ਜਮਾਲ ਦੀ ਸੂਰਤ ਵੇਖ ਕੇ ਸੈਫ਼ੁਲ-ਮਲੂਕ ਦਾ ਉਸ ਨਾਲ ਇਸ਼ਕ ਹੋ ਗਿਆ। ਫਲਸਰੂਪ ਉਸ ਨੂੰ ਲੱਭਣ ਲਈ ਸੱਤ ਜਹਾਜ਼ਾਂ ਉਤੇ ਆਪਣਾ ਸਾਮਾਨ ਲੱਦ ਕੇ ਕਈ ਸਿਪਾਹੀਆਂ ਸਹਿਤ ਉਹ ਘਰੋਂ ਤੁਰ ਪਿਆ। ਸਫ਼ਰ ਦੌਰਾਨ ਬਹੁਤ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਉਸ ਦਾ ਸਾਥੀ, ਵਜ਼ੀਰ ਦਾ ਪੁੱਤਰ 'ਸਾਇਦ', ਵੀ ਕਿਤੇ ਵਿਛੜ ਗਿਆ। ਖ਼ੁਦ ਕੈਦ ਹੋਇਆ ਪਰ ਕਿਸੇ ਢੰਗ ਸਾਥੀਆਂ ਸਮੇਤ ਖਿਸਕ ਗਿਆ; ਕਿਸੇ ਦਿਓ ਵਰਗੇ ਪੰਛੀ ਨੇ ਉਸ ਦੇ ਸਾਥੀਆਂ ਨੂੰ ਦਬੋਚ ਲਿਆ। ਫਿਰ ਸੈਫ਼ੁਲ-ਮਲੂਕ ਨੂੰ ਚੁੱਕ ਕੇ ਉਸ ਨਗਰ ਵਿਚ ਜਾ ਸੁਟਿਆ ਜਿਥੇ ਇਸਤਰੀਆਂ ਦਾ ਰਾਜ ਸੀ। ਉਥੋਂ ਭਟਕਦਾ ਹੋਇਆ ਉਹ ਅਸਫ਼ੰਦ-ਬਾਸ਼ ਦੇ ਕਿਲੇ ਵਿਚ ਪਹੁੰਚਿਆ ਅਤੇ ਉਥੇ ਮਲਕਾ ਖ਼ਾਤੂ ਨਾਂ ਦੀ ਸ਼ਹਿਜ਼ਾਦੀ ਨੂੰ ਸੁੱਤਾ ਪਿਆ ਵੇਖਿਆ ਜਿਸ ਨੂੰ ਬਹਿਰਾਮ ਨਾਂ ਦਾ ਦਿਓ ਕਿਤੋਂ ਚੁੱਕ ਲਿਆਇਆ ਸੀ। ਮਲਕਾ ਖ਼ਾਤੂ ਦੀ ਛੋਟੀ ਭੈਣ ਬਦਰਾ ਖ਼ਾਤੂ ਅਤੇ ਬਦੀਅਲ-ਜਮਾਲ ਨੂੰ ਇਕੋ ਦੁੱਧਾਵੀਂ ਨੇ ਪਾਲਿਆ ਸੀ। ਬਹਿਰਾਮ ਦੇ ਪ੍ਰਾਣ ਇਕ ਚਿੱਟੇ ਰੰਗ ਦੇ ਕਬੂਤਰ ਵਿਚ ਸਨ। ਸੈਫ਼ੁਲ-ਮਲੂਕ ਨੇ ਕਬੂਤਰ ਨੂੰ ਮਾਰ ਕੇ ਦਿਓ ਦਾ ਖ਼ਾਤਮਾ ਕਰ ਦਿੱਤਾ। ਤਦਉਪਰੰਤ ਉਹ ਮਲਕਾ ਖ਼ਾਤੂ ਨੂੰ ਨਾਲ ਲੈ ਕੇ ਬਦੀਅਲ-ਜਮਾਲ ਦੇ ਚਾਚੇ ਅਜਾਇਬ-ਮਲੂਕ ਕੋਲ ਵਾਸਿਤ ਸ਼ਹਿਰ ਵਿਚ ਪਹੁੰਚਿਆ। ਉਥੇ ਉਸ ਨੂੰ ਆਪਣਾ ਮਿੱਤਰ ਸਾਇਦ ਵੀ ਮਿਲ ਪਿਆ ਜੋ ਬਦਰਾ-ਖ਼ਾਤੂ ਨਾਲ ਪ੍ਰੇਮ ਕਰਨ ਲਗ ਗਿਆ ਸੀ।

ਇਕ ਦਿਨ ਬਦੀਅਲ-ਜਮਾਲ ਦਾ ਮੇਲ ਸੈਫ਼ੁਲ-ਮਲੂਕ ਨਾਲ ਹੋਇਆ। ਉਸ ਨਾਲ ਵਿਆਹ ਕਰਨ ਦੀ ਇੱਛਾ ਨਾਲ ਸ਼ਹਿਜ਼ਾਦਾ ਉਸ ਦੀ ਦਾਦੀ ਮਿਹਰ-ਅਫ਼ਰੋਜ਼ ਕੋਲ

ਗਿਆ। ਵਿਆਹ ਦਾ ਸੁਝਾਵ ਲੈ ਕੇ ਉਹ ਆਪਣੇ ਪੁੱਤਰ ਸ਼ਾਹਪਾਲ ਪਾਸ ਆਈ। ਤਦੋਂ ਬਾਗ਼ ਵਿਚ ਸੈਰ ਕਰਦੇ ਸ਼ਹਿਜ਼ਾਦੇ ਨੂੰ ਬਹਿਰਾਮ ਦੇ ਪਿਓ, ਹਾਸ਼ਮ-ਸ਼ਾਹ, ਦੀਆਂ ਪਰੀਆਂ ਬਦਲੇ ਦੀ ਭਾਵਨਾ ਨਾਲ ਚੁੱਕ ਕੇ ਕੁਲਜ਼ਮ ਲੈ ਗਈਆਂ ਅਤੇ ਸੱਪਾਂ ਤੇ ਹੋਰ ਵਿਸ਼ੈਲੇ ਕੀੜਿਆਂ ਨਾਲ ਭਰੇ ਅੰਨ੍ਹੇ ਖੂਹ ਵਿਚ ਸੁਟ ਦਿੱਤਾ। ਜਦੋਂ ਸ਼ਾਹਪਾਲ ਨੂੰ ਇਸ ਘਟਨਾ ਦਾ ਪਤਾ ਲਗਾ ਤਾਂ ਉਸ ਨੇ ਕੁਲਜ਼ਮ ਉਤੇ ਚੜ੍ਹਾਈ ਕਰਕੇ ਸ਼ਹਿਜ਼ਾਦੇ ਨੂੰ ਖੂਹ ਵਿਚੋਂ ਕਢਿਆ ਅਤੇ ਬਾਗ਼-ਇਰਮ ਵਿਚ ਲਿਆ ਕੇ ਬਦੀਅਲ-ਜਮਾਲ ਨਾਲ ਉਸ ਦਾ ਵਿਆਹ ਕਰ ਦਿੱਤਾ। ਇਸ ਮੌਕੇ ਤੇ ਸ਼ਹਿਜ਼ਾਦੇ ਦੇ ਪਿਤਾ ਆਸਿਮ-ਸ਼ਾਹ ਨੂੰ ਵੀ ਬੁਲਾਇਆ ਗਿਆ। ਇਸ ਅਵਸਰ ਤੇ ਸਾਇਦ ਦਾ ਵਿਆਹ ਬਦਰਾ-ਖ਼ਾਤੂ ਨਾਲ ਕੀਤਾ ਗਿਆ।

ਇਸ ਰੋਮਾਂਸ ਦੀਆਂ ਕੁਝ ਕਥਾਨਕ ਰੂੜ੍ਹੀਆਂ ਹੋਰਨਾਂ ਆਖਿਆਨਾਂ ਅਤੇ ਚਰਿਤ੍ਰਾਂ ਨਾਲ ਰਲਗਡ ਹੋਦੀਆਂ ਪ੍ਰਤੀਤ ਹੁੰਦੀਆਂ ਹਨ। ਪਰ ਉਂਜ ਇਸ ਰੋਮਾਂਸ ਰਾਹੀਂ ਇਹ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਇਸ਼ਕ ਦੀ ਖੇਡ ਵਿਚ ਸਫਲ ਹੋਣ ਲਈ ਬਹੁਤ ਜਫਰ ਜਾਲਣੇ ਪੈਂਦੇ ਹਨ। ਇਸ ਰੋਮਾਂਸ ਦੇ ਨਾਇਕ ਵਲ ਸੰਕੇਤ ਕਰਦਿਆਂ ਗ਼ੁਲਾਮ ਫਰੀਦ ਨੇ ਲਿਖਿਆ ਹੈ—'ਕਿੱਥੇ ਸੈਫੁਲ, ਕਿਥੇ ਪਰੀਆਂ, ਕਿੱਥੇ ਓ ਹਿਜਰ ਵਸਾਲ।'

ਬੱਧਕ : ਸੰਸਕ੍ਰਿਤ ਮੂਲ ਦੇ ਇਸ ਸ਼ਬਦ ਦਾ ਅਰਥ ਹੈ ਸ਼ਿਕਾਰ ਕਰਨ ਵਾਲਾ। ਪਰ ਪੁਰਾਣ-ਸਾਹਿੱਤ ਜਾਂ ਭਗਤੀ-ਕਾਵਿ ਵਿਚ ਇਹ ਸ਼ਬਦ ਸ੍ਰੀ ਕ੍ਰਿਸ਼ਣ ਦੇ ਹਤਿਆਰੇ ਲਈ ਰੂੜ੍ਹ ਹੋ ਚੁੱਕਾ ਹੈ।

ਰਵਾਇਤ ਅਨੁਸਾਰ ਜਦੋਂ ਯਾਦਵ ਕੁਲ ਦੇ ਸਾਰੇ ਲੋਕ ਪ੍ਰਭਾਸ ਖੇਤਰ ਵਿਚ ਆਪਸ ਵਿਚ ਲੜ ਕੇ ਮਾਰੇ ਗਏ ਤਾਂ ਸ੍ਰੀ ਕ੍ਰਿਸ਼ਣ ਬਹੁਤ ਉਦਾਸ ਹੋ ਕੇ ਉਥੋਂ ਇਕ ਨੇੜਲੇ ਬਨ ਵਿਚ ਚਲੇ ਗਏ। ਉਥੇ ਸੁੱਤੇ ਹੋਏ ਸ੍ਰੀ ਕ੍ਰਿਸ਼ਣ ਦੇ ਪੈਰ ਵਿਚਲੇ ਪਦਮ-ਚਿਨ੍ਹ ਨੂੰ ਹਿਰਨ ਦੀ ਅੱਖ ਸਮਝ ਕੇ ਇਕ ਬੱਧਕ ਨੇ ਤੀਰ ਮਾਰਿਆ ਜਿਸ ਨਾਲ ਸ੍ਰੀ ਕ੍ਰਿਸ਼ਣ ਗੰਭੀਰ ਰੂਪ ਵਿਚ ਘਾਇਲ ਹੋ ਗਏ। ਬੱਧਕ ਆਪਣੇ ਮੂਰਖਤਾ ਭਰੇ ਕਰਮ 'ਤੇ ਬਹੁਤ ਪਛਤਾਇਆ। ਪਰ ਸ੍ਰੀ ਕ੍ਰਿਸ਼ਣ ਨੇ ਬੜੀ ਉਦਾਰਤਾ ਨਾਲ ਉਸ ਨੂੰ ਖਿਮਾ ਕਰਦੇ ਹੋਇਆਂ ਮੋਕਸ਼ ਪਦ ਪ੍ਰਦਾਨ ਕੀਤਾ। ਗੁਰੂ ਅਰਜਨ ਦੇਵ ਨੇ ਤੀਰ ਮਾਰਨ ਵਾਲੇ ਇਸ ਬੱਧਕ ਦੇ ਮੁਕਤ ਕੀਤੇ ਜਾਣ ਦੀ ਘਟਨਾ ਵਲ ਸੰਕੇਤ ਕੀਤਾ ਹੈ—'ਬਧਿਕੁ ਉਧਾਰਿਓ ਖਮਿ ਪ੍ਰਹਾਰ' (ਅ. ਗ੍ਰੰ. 1192)।

ਬਨਾਰਸ : ਵੇਖੋ 'ਕਾਸ਼ੀ'।

ਬਭੀਖਣ : ਵੇਖੋ 'ਵਿਭੀਸ਼ਣ'।

ਬਰਾਹ, ਅਵਤਾਰ : ਵਿਸ਼ਣੂ ਦਾ ਇਕ ਅਵਤਾਰ। 'ਮਹਾਭਾਰਤ' (ਵਨ-ਪਰਵ) ਅਨੁਸਾਰ ਪ੍ਰਾਣੀਆਂ ਦੀ ਬਹੁਤਾਤ ਦੇ ਭਾਰ ਨਾਲ ਪ੍ਰਿਥਵੀ ਦਬ ਕੇ ਸੈਂਕੜੇ ਯੋਜਨ ਹੇਠਾਂ ਚਲੀ ਗਈ। ਉਸ ਨੇ ਆਪਣੇ ਭਾਰ ਤੋਂ ਨਿਵਰਿਤ ਹੋਣ ਲਈ ਨਾਰਾਇਣ ਅਗੇ ਪ੍ਰਾਰਥਨਾ ਕੀਤੀ। ਵਿਸ਼ਣੂ ਨੇ ਇਕ ਦੰਦ ਵਾਲੇ ਬਰਾਹ (ਸੂਰ) ਦਾ ਰੂਪ ਧਾਰਣ ਕਰਕੇ ਪ੍ਰਿਥਵੀ ਨੂੰ ਸੌ ਯੋਜਨ ਉਪਰ ਉਠਾ ਲਿਆ। ਬਰਾਹ (ਵਰਾਹ) ਦੀਆਂ ਅੱਖਾਂ ਲਾਲ ਰੰਗ ਦੀਆਂ ਸਨ

ਅਤੇ ਅੰਗਾਂ ਵਿਚੋਂ ਧੂੰਆਂ ਨਿਕਲ ਰਿਹਾ ਸੀ।

ਕੁਝ ਪੌਰਾਣਿਕ ਪ੍ਰਸੰਗਾਂ ਵਿਚ ਧਰਤੀ ਦੇ ਹੇਠਾਂ ਵਲ ਜਾਣ ਦਾ ਕਾਰਣ ਪਾਪਾਂ ਦਾ ਭਾਰ ਦਸਿਆ ਹੈ ਅਤੇ ਕੁਝ ਪ੍ਰਸੰਗਾਂ ਵਿਚ ਹਰਣਾਖ (ਹਿਰਣੵਾਕ੍ਸ਼) ਨਾਂ ਦਾ ਅਸੁਰ ਧਰਤੀ ਨੂੰ ਡੋਬ ਕੇ ਪਾਤਾਲ ਲੋਕ ਵਿਚ ਲੈ ਗਿਆ ਲਿਖਿਆ ਹੈ। ਅੰਤ ਵਿਚ ਵਿਸ਼ਣੂ ਨੇ ਬਰਾਹ ਰੂਪ ਵਿਚ ਪ੍ਰਗਟ ਹੋ ਕੇ ਹਰਣਾਖ ਨਾਲ ਇਕ ਹਜ਼ਾਰ ਸਾਲ ਘੋਰ ਯੁੱਧ ਕੀਤਾ ਅਤੇ ਉਸ ਨੂੰ ਮਾਰ ਕੇ ਧਰਤੀ ਨੂੰ ਫਿਰ ਤੋਂ ਆਪਣੀ ਸਹੀ ਥਾਂ ਉਤੇ ਟਿਕਾਇਆ।

'ਦੇਵੀ ਭਾਗਵਤ ਪੁਰਾਣ' ਵਿਚ ਬਰਾਹ ਅਵਤਾਰ ਦੀ ਉਤਪੱਤੀ ਬ੍ਰਹਮਾ ਦੇ ਨੱਕ ਵਿਚੋਂ ਹੋਈ ਦਸੀ ਗਈ ਹੈ। ਇਸ ਅਵਤਾਰ ਦਾ ਬ੍ਰਿੱਤਾਂਤ 'ਦਸਮ-ਗ੍ਰੰਥ' ਵਿਚ ਵਰਣਿਤ ਹੈ। ਭੱਟ-ਬਾਣੀ ਵਿਚ ਗੁਰੂ ਰਾਮਦਾਸ ਦੇ ਵਿਅਕਤਿਤ੍ਵ ਵਿਚ ਬਰਾਹ ਦੇ ਅਵਤਾਰਤ੍ਵ ਨੂੰ ਆਰੋਪਿਤ ਕੀਤਾ ਗਿਆ ਹੈ—'ਜਗਮ ਕਰਮ ਮਛ ਕਛ ਹੁਅ ਬਰਾਹ, ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ' (ਅ. ਗ੍ਰੰ. 1403)।

ਬਲਅਮ ਬਾਊਰ, ਵਲੀ : ਯਹੂਦੀ ਸੰਪ੍ਰਦਾਇ ਦਾ ਇਕ ਵਲੀ ਜਿਸ ਨੇ ਹਜ਼ਰਤ ਮੂਸਾ ਨੂੰ ਸਰਾਪ ਦਿੱਤਾ ਸੀ। ਇਸ ਸਰਾਪ ਕਾਰਣ ਮੂਸਾ ਕਈ ਵਰ੍ਹੇ ਜੰਗਲਾਂ ਵਿਚ ਭਟਕਦਾ ਰਿਹਾ, ਪਰ ਬਦ-ਅਸੀਸ ਕਾਰਣ ਉਹ ਕਿਤੇ ਟਿਕ ਨਾ ਸਕਿਆ। ਇਕ ਵਾਰ ਉਸ ਦਾ ਮੇਲ ਇਕ ਹੋਰ ਵਲੀ ਨਾਲ ਹੋਇਆ ਜਿਸ ਦਾ ਨਾਂ ਯੂਸ਼ਾ ਸੀ। ਯੂਸ਼ਾ ਨੇ ਦੁਆ ਦਿੱਤੀ ਅਤੇ ਮੂਸਾ ਦੇ ਸਰਾਪ ਦਾ ਪ੍ਰਭਾਵ ਖ਼ਤਮ ਹੋਇਆ। ਫਲਸਰੂਪ ਮੂਸਾ ਖ਼ੁਦ ਵਲੀ ਬਣ ਸਕਿਆ। ਵਲੀ ਬਲਅਮ ਬਾਊਰ ਦੀ ਮੌਤ ਇਸਤਰੀ-ਸਾਜ਼ਿਸ਼ ਨਾਲ ਹੋਈ ਸੀ। ਇਸ ਵਾਸਤੇ ਇਸਤਰੀ ਦੁਆਰਾ ਪੀੜਿਤ ਜਾਂ ਮਾਰੇ ਗਏ ਪੁਰਸ਼ਾਂ ਵਿਚ ਇਸ ਦੀ ਗਿਣਤੀ ਵੀ ਹੁੰਦੀ ਹੈ। ਵਾਰਿਸ ਸ਼ਾਹ ਨੇ 'ਹੀਰ' ਵਿਚ ਲਿਖਿਆ ਹੈ—'ਵਲੀ ਬਲਅਮਿ ਬਾਊਰ ਈਮਾਨ ਦਿੱਤਾ, ਦੇਖੋ ਡੁੱਬਿਆ ਬੰਦਗੀ ਵਾਲਿਆਂ ਨੂੰ।'

ਬਲਦੇਵ : ਵੇਖ 'ਬਲਭਦ੍ਰ'।

ਬਲਭਦ੍ਰ : ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਬਲਭਦ੍ਰ ਬਾਰੇ 'ਬ੍ਰਹਮ-ਪੁਰਾਣ' (ਅ. 181) ਵਿਚ ਲਿਖਿਆ ਹੈ ਕਿ ਭਾਰ ਪੀੜਿਤ ਧਰਤੀ ਦੇਵਤਿਆਂ ਅਤੇ ਬ੍ਰਹਮਾ ਸਹਿਤ ਵਿਸ਼ਣੂ ਪਾਸ ਆਪਣੇ ਉੱਧਾਰ ਲਈ ਗਈ। ਵਿਸ਼ਣੂ ਨੇ ਆਪਣੇ ਸਿਰ ਤੋਂ ਦੋ ਵਾਲ ਖਿਚ ਕੇ ਦੇਵਤਿਆਂ ਨੂੰ ਦਿੱਤੇ ਜਿਨ੍ਹਾਂ ਵਿਚੋਂ ਇਕ ਦਾ ਰੰਗ ਕਾਲਾ ਅਤੇ ਦੂਜੇ ਦਾ ਚਿੱਟਾ ਸੀ। ਵਿਸ਼ਣੂ ਨੇ ਦਸਿਆ ਕਿ ਇਹ ਦੋਵੇਂ ਧਰਤੀ 'ਤੇ ਅਵਤਾਰ ਲੈਣਗੇ। ਇਕ ਦਾ ਜਨਮ ਵਸੁਦੇਵ ਦੀ ਪਤਨੀ ਦੇਵਕੀ ਦੀ ਅੱਠਵੀਂ ਸੰਤਾਨ ਵਜੋਂ ਹੋਵੇਗਾ ਜੋ ਕੰਸ ਦਾ ਨਾਸ਼ ਕਰੇਗਾ ਅਤੇ ਦੂਜੇ ਦਾ ਜਨਮ ਵਸੁਦੇਵ ਦੀ ਦੂਜੀ ਪਤਨੀ ਰੋਹਿਣੀ ਦੀ ਕੁੱਖੋਂ ਹੋਵੇਗਾ। ਇਨ੍ਹਾਂ ਵਿਚੋਂ ਦੇਵਕੀ ਦੇ ਪੁੱਤਰ ਦਾ ਰੰਗ ਕਾਲਾ ਅਤੇ ਰੋਹਿਣੀ ਦੇ ਪੁੱਤਰ ਦਾ ਰੰਗ ਸਫ਼ੈਦ ਸੀ ਅਤੇ ਕ੍ਰਮਵਾਰ ਕ੍ਰਿਸ਼ਣ ਅਤੇ ਬਲਭਦ੍ਰ ਦੇ ਨਾਂ ਨਾਲ ਭਾਰਤੀ ਸੰਸਕ੍ਰਿਤੀ ਵਿਚ ਪ੍ਰਸਿੱਧ ਹੋਏ।

ਇਹ ਦੋਵੇਂ ਇਕੱਠੇ ਹੀ ਵੱਡੇ ਹੋਏ ਅਤੇ ਇਕੱਠ ਹੀ ਸੰਦੀਪਨੀ ਗੁਰੂ ਦੇ ਪਾਸ ਪੜ੍ਹੇ। ਬਾਲ ਅਵਸਥਾ ਦੀਆਂ ਲੀਲਾਵਾਂ ਵਿਚ ਇਹ ਦੋਵੇਂ ਅੰਗ-ਸੰਗ ਸਨ। ਛੋਟੇ

ਹੁੰਦਿਆਂ ਬਲਭਦ੍ਰ ਨੇ ਧੇਨੁਕ ਦੈਂਤ ਨੂੰ ਮਾਰਿਆ ਸੀ। ਕੰਸ ਨੂੰ ਮਾਰਨ ਵੇਲੇ ਇਹ ਸ੍ਰੀ ਕ੍ਰਿਸ਼ਣ ਦੇ ਨਾਲ ਗਿਆ ਸੀ। ਇਨ੍ਹਾਂ ਦੋਹਾਂ ਦਾ ਆਪਸ ਵਿਚ ਬਹੁਤ ਸਨੇਹ ਸੀ। ਬਲਭਦ੍ਰ ਨੇ ਦੁਰਯੋਧਨ ਦੀ ਕੈਦ ਤੋਂ ਸ੍ਰੀ ਕ੍ਰਿਸ਼ਣ ਦੇ ਪੁੱਤਰ ਸਾਂਬ ਨੂੰ ਛੁੜਵਾਇਆ ਸੀ। ਇਕ ਵਾਰ ਜੂਆ ਖੇਡਣ ਵੇਲੇ ਹੋਏ ਝਗੜੇ ਵਿਚ ਇਸ ਨੇ ਰੁਕਮਨਿ ਨੂੰ ਵੀ ਮਾਰਿਆ ਸੀ। ਇਸ ਦਾ ਸੁਭਾ ਬਹੁਤ ਗੁਸੈਲ ਸੀ। ਕ੍ਰਿਸ਼ਣ ਨਾਲ ਵੀ ਲੜ ਪੈਂਦਾ ਸੀ। ਸ੍ਯਾਮੰਤਕ ਮਣੀ ਬਾਰੇ ਵੀ ਇਸ ਦਾ ਕ੍ਰਿਸ਼ਣ ਨਾਲ ਮਤ-ਵਿਰੋਧ ਸੀ।

ਬਲਭਦ੍ਰ ਹੋਰੀਂ ਸੱਕੇ ਭਰਾ ਅਤੇ ਇਕ ਭੈਣ ਸੀ। ਭੈਣ ਦਾ ਨਾਂ ਸੁਭਦ੍ਰਾ (ਨਾਮਾਂਤਰ ਚਿਤਰਾ) ਸੀ ਜੋ ਅਰਜੁਨ ਨੂੰ ਵਿਆਹੀ ਸੀ। ਬਲਭਦ੍ਰ ਦਾ ਵਿਆਹ ਰਾਜਾ ਰੇਵਤ ਦੀ ਪੁੱਤਰੀ ਰੇਵਤੀ ਨਾਲ ਹੋਇਆ, ਜਿਸ ਤੋਂ ਨਿਸ਼ਠ ਅਤੇ ਉਲਮੁਕ ਨਾਂ ਦੇ ਦੋ ਪੁੱਤਰ ਪੈਦਾ ਹੋਏ। ਇਹ ਆਮ ਤੌਰ ਤੇ ਗੂੜ੍ਹੇ ਨੀਲੇ ਰੰਗ ਦੇ ਬਸਤ੍ਰ ਧਾਰਣ ਕਰਦਾ ਸੀ। ਇਹ ਗਦਾ ਚਲਾਣ ਵਿਚ ਪ੍ਰਬੀਨ ਸੀ। 'ਮੂਸਲ' ਅਤੇ 'ਹਲ' ਇਸ ਦੇ ਵਿਸ਼ੇਸ਼ ਹਥਿਆਰ ਸਨ, ਇਸ ਲਈ ਇਸ ਨੂੰ 'ਮੂਸਲੀ' ਅਤੇ 'ਹਲਧਰ' ਵੀ ਕਹਿੰਦੇ ਹਨ। ਇਸ ਤੋਂ ਇਲਾਵਾ 'ਬਲਰਾਮ' ਅਤੇ 'ਬਲਦੇਵ' ਦੇ ਨਾਂ ਨਾਲ ਵੀ ਇਹ ਜਾਣਿਆ ਜਾਂਦਾ ਹੈ। ਇਸ ਦਾ ਦੇਹਾਂਤ ਕ੍ਰਿਸ਼ਣ ਤੋਂ ਪਹਿਲਾਂ ਦ੍ਵਾਰਿਕਾ ਦੇ ਬਨ ਵਿਚ ਇਕ ਬੋਹੜ ਦੇ ਬ੍ਰਿਛ ਹੇਠਾਂ ਹੋਇਆ ਸੀ।

'ਮਹਾਭਾਰਤ' ਅਨੁਸਾਰ ਇਸ ਨੇ ਦੁਰਯੋਧਨ ਅਤੇ ਭੀਮ ਨੂੰ ਗਦਾ ਦੀ ਵਰਤੋਂ ਸਿਖਾਈ ਸੀ। ਇਸ ਦਾ ਝੁਕਾ ਪਾਂਡਵਾਂ ਵਲ ਸੀ, ਪਰ ਇਹ ਦੁਰਯੋਧਨ ਪ੍ਰਤਿ ਵੀ ਪੂਰੀ ਆਤਮੀਅਤਾ ਰਖਦਾ ਸੀ। ਕਿਉਂਕਿ ਇਹ ਆਪਣੀ ਭੈਣ ਸੁਭ੍ਰਦਾ ਦਾ ਵਿਆਹ ਦੁਰਯੋਧਨ ਨਾਲ ਕਰਨਾ ਚਾਹੁੰਦਾ ਸੀ, ਪਰ ਕ੍ਰਿਸ਼ਣ, ਵਸੁਦੇਵ ਅਤੇ ਦੇਵਕੀ ਅਰਜੁਨ ਨਾਲ ਉਸ ਦਾ ਵਿਆਹ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਸੋਚ-ਵਿਚਾਰ ਕੇ ਦੁਰਯੋਧਨ ਨਾਲ ਸੁਭਦ੍ਰਾ ਦਾ ਵਿਆਹ ਨਾ ਕੀਤਾ ਅਤੇ ਉਸ ਨੂੰ ਅਰਜੁਨ ਉਧਾਲ ਕੇ ਲੈ ਗਿਆ। ਬਾਦ ਵਿਚ ਬਲਭਦ੍ਰ ਨੂੰ ਮਾਤਾ-ਪਿਤਾ ਅਤੇ ਕ੍ਰਿਸ਼ਣ ਨੇ ਸਮਝਾ ਬੁਝਾ ਕੇ ਸ਼ਾਂਤ ਕਰ ਲਿਆ। 'ਮਹਾਭਾਰਤ' ਦੇ ਯੁੱਧ ਵਿਚ ਇਹ ਅਲਗ-ਥਲਗ ਰਿਹਾ। ਕ੍ਰਿਸ਼ਣ ਪ੍ਰਤਿ ਇਸ ਦਾ ਗਿਲਾ ਸੀ ਕਿ ਉਸ ਦਾ ਅਰਜੁਨ ਪ੍ਰਤਿ ਵਿਸ਼ੇਸ਼ ਝੁਕਾ ਹੈ। ਇਸ ਲਈ ਮਹਾਭਾਰਤ ਦੇ ਯੁੱਧ ਦੌਰਾਨ ਇਹ ਤੀਰਥ-ਯਾਤ੍ਰਾ ਨੂੰ ਤੁਰ ਗਿਆ।

ਧਾਰਮਿਕ ਦ੍ਰਿਸ਼ਟੀ ਤੋਂ ਬਲਭਦ੍ਰ ਨੂੰ ਸ਼ੇਸ਼-ਨਾਗ ਦਾ ਅਵਤਾਰ ਮੰਨਿਆ ਜਾਂਦਾ ਹੈ। ਕਹਿੰਦੇ ਹਨ ਜਦੋਂ ਇਸ ਦੀ ਮ੍ਰਿਤ੍ਯੂ ਹੋਈ ਤਾਂ ਇਕ ਨਾਗ ਇਸ ਦੇ ਮੂੰਹ ਵਿਚੋਂ ਨਿਕਲ ਕੇ ਅਲੋਪ ਹੋ ਗਿਆ। ਜਗੰਨਾਥ-ਪੁਰੀ ਦੇ ਮੰਦਿਰ ਵਿਚ ਸ੍ਰੀ ਕ੍ਰਿਸ਼ਣ (ਜਗੰਨਾਥ) ਦੀ ਮੂਰਤੀ ਦੇ ਨਾਲ ਬਲਭਦ੍ਰ ਅਤੇ ਸੁਭਦ੍ਰਾ ਦੀਆਂ ਮੂਰਤੀਆਂ ਵੀ ਸਥਾਪਿਤ ਹਨ ਅਤੇ ਰਥ-ਯਾਤ੍ਰਾ ਵੇਲੇ ਉਨ੍ਹਾਂ ਨੂੰ ਵੀ ਵੱਖਰੇ-ਵੱਖਰੇ ਰਥਾਂ ਵਿਚ ਸਜਾਇਆ ਜਾਂਦਾ ਹੈ। ਗੁਰੂ ਰਾਮਦਾਸ ਨੇ ਗੁਰੂ ਦੀ ਲੋੜ ਦੇ ਪ੍ਰਸੰਗ ਵਿਚ ਇਸ ਦਾ ਨਾਮ-ਉੱਲੇਖ ਕੀਤਾ ਹੈ— 'ਗੁਰ ਸੇਵਾ ਆਪਿ ਹਰਿ ਭਾਵੈ। ਕ੍ਰਿਸਨੁ ਬਲਭਦ੍ਰੁ ਗੁਰਪਗ ਲਗਿ ਧਿਆਵੈ।' (ਅ. ਗ੍ਰੰ. 165)।

ਬਲਰਾਮ : ਵੇਖੋ 'ਬਲਭਦ੍ਰ'।

ਬਲਿ/ਬਲੀ : ਇਕ ਅਸੁਰ ਰਾਜਾ ਜੋ ਉਂਜ ਬਹੁਤ ਨੇਕ ਅਤੇ ਧਰਮਾਤਮਾ ਸਮਝਿਆ ਜਾਂਦਾ ਸੀ। ਇਹ ਪ੍ਰਹਿਲਾਦ ਭਗਤ ਦਾ ਪੋਤਾ ਅਤੇ ਵਿਰੋਚਨ ਦਾ ਪੁੱਤਰ ਸੀ। ਵਿਸ਼ਣੂ ਭਗਤ ਹੋਣ ਕਾਰਣ ਇਸ ਨੇ ਆਪਣੀ ਤਪਸਿਆ ਦੇ ਬਲ 'ਤੇ ਇੰਦਰ ਆਦਿ ਦੇਵਤਿਆਂ ਨੂੰ ਹਰਾ ਦਿੱਤਾ। ਦੇਵਤੇ ਦੁੱਖੀ ਹੋ ਕੇ ਵਿਸ਼ਣੂ ਪਾਸ ਗਏ। ਵਿਸ਼ਣੂ ਨੇ ਸਹਾਇਤਾ ਕਰਨ ਦਾ ਵਿਸ਼ਵਾਸ ਦਿਵਾਇਆ।

ਉਧਰ ਬਲਿ ਨੇ ਅਸ਼੍ਵਮੇਧ ਯੱਗ ਕਰਨਾ ਸ਼ੁਰੂ ਕੀਤਾ। ਵਿਸ਼ਣੂ ਕਸ਼੍ਯਪ ਅਤੇ ਅਦਿਤਿ ਦੇ ਘਰ ਵਾਮਨ (ਵੇਖੋ) ਰੂਪ ਵਿਚ ਪ੍ਰਗਟ ਹੋਇਆ। 'ਵਾਮਨ' ਦਾ ਸ਼ਾਬਦਿਕ ਅਰਥ ਹੈ ਬੌਣਾ। ਇਸ ਤਰ੍ਹਾਂ ਵਿਸ਼ਣੂ ਇਕ ਬੌਣੇ ਕਦ ਦੇ ਤਪਸਵੀ ਬ੍ਰਾਹਮਣ ਦੇ ਰੂਪ ਵਿਚ ਯੱਗ ਕਰਦੇ ਬਲਿ ਕੋਲ ਗਿਆ ਜੋ ਦਾਨ ਲਈ ਬਹੁਤ ਪ੍ਰਸਿੱਧ ਸੀ। ਬਲਿ ਦੇ ਗੁਰੂ ਸ਼ੁਕ੍ਰਾਚਾਰਯ ਨੇ ਉਸ ਨੂੰ ਦਸ ਦਿੱਤਾ ਕਿ ਇਹ ਬ੍ਰਾਹਮਣ ਖ਼ੁਦ ਵਿਸ਼ਣੂ ਹੈ। ਇਸ ਲਈ ਬਿਨਾ ਪੁਛੇ ਇਸ ਨੂੰ ਕੋਈ ਵਸਤੂ ਦਾਨ ਨਹੀਂ ਦੇਣੀ। ਪਰ ਬਲਿ ਨੇ ਗੁਰੂ ਦੀ ਗੱਲ ਵਲ ਧਿਆਨ ਨਾ ਦੇ ਕੇ ਆਪਣੇ ਦਾਨੀ ਸੁਭਾ ਸਦਕਾ ਵਾਮਨ ਦੇ ਮੰਗਣ ਤੇ ਉਸਨੂੰ ਤਿੰਨ ਕਦਮ (ਕਿਤੇ-ਕਿਤੇ ਢਾਈ ਕਦਮ ਵੀ ਲਿਖੇ ਹਨ) ਭੂਮੀ ਦੇਣ ਦਾ ਵਚਨ ਦਿੱਤਾ। ਵਾਮਨ ਨੇ ਦੋ ਕਦਮਾਂ ਵਿਚ ਸਾਰਾ ਭੂ-ਮੰਡਲ ਮਾਪ ਲਿਆ। ਤੀਜੇ ਕਦਮ ਲਈ ਬਲਿ ਨੇ ਆਪਣੀ ਪਿਠ ਪੇਸ਼ ਕੀਤੀ। ਵਿਸ਼ਣੂ ਨੇ ਵਿਰਾਟ ਰੂਪ ਧਾਰਣ ਕੀਤਾ ਅਤੇ ਬਲਿ ਦੀ ਭਗਤੀ 'ਤੇ ਪ੍ਰਸੰਨ ਹੋ ਕੇ ਉਸ ਨੂੰ ਪਾਤਾਲ ਲੋਕ ਦਾ ਰਾਜਾ ਬਣਾ ਦਿੱਤਾ ਅਤੇ ਸਵਰਗ ਦੇਵਤਿਆਂ ਨੂੰ ਪਰਤਾ ਦਿੱਤੀ।

ਗੁਰੂ ਨਾਨਕ ਦੇਵ ਨੇ ਬਲਿ ਦੁਆਰਾ ਗੁਰੂ ਦੀ ਆਗਿਆ ਨਾ ਮੰਨਣ ਕਰਕੇ ਪਾਤਾਲ ਲੋਕ ਵਿਚ ਜਾਣ ਦੀ ਘਟਨਾ ਵਲ ਸੰਕੇਤ ਕੀਤਾ ਹੈ—'ਬਲਿ ਰਾਜਾ ਮਾਇਆ ਅਹੰਕਾਰੀ।/ ਜਗਨ ਕਰੈ ਬਹੁ ਭਾਰ ਅਫਾਰੀ।/ ਬਿਨੁ ਗੁਰ ਪੂਛੇ ਜਾਇ ਪਇਆਰੀ' (ਅ. ਗ੍ਰੰ. 224)।

ਬਾਇਜ਼ੀਦ : ਵੇਖੋ 'ਬਾਜ਼ੀਦ'।

ਬਾਈਬਲ : ਈਸਾਈ ਮਤ ਵਾਲਿਆਂ ਦਾ ਸੁਪ੍ਰਸਿੱਧ ਧਰਮ ਗ੍ਰੰਥ ਜਿਸ ਦੇ ਦੋ ਭਾਗ ਹਨ। ਪੂਰਵਾਰਧ ਨੂੰ ਪੁਰਾਤਨ-ਨੇਮ (Old Testament) ਅਤੇ ਉੱਤਰਾਰਧ ਨੂੰ ਨਵਾਂ-ਨੇਮ (New Testament) ਕਿਹਾ ਜਾਂਦਾ ਹੈ। ਇਸ ਨੂੰ ਪਰਮ-ਸੱਤਾ ਵਲੋਂ ਆਵੇਸ਼ਿਤ ਮੰਨਿਆ ਜਾਂਦਾ ਹੈ, ਪਰ ਇਸ ਵਿਚ ਮਨੁੱਖ ਦਾ ਉੱਦਮ ਵੀ ਸ਼ਾਮਲ ਹੈ। ਮਨੁੱਖਤਾ ਅਤੇ ਯਹੂਦੀਆਂ ਲਈ ਪਰਮਾਤਮਾ ਨੇ ਜੋ ਕੁਝ ਦਿੱਤਾ ਅਤੇ ਉਸ ਪ੍ਰਤਿ ਮਨੁੱਖਤਾ ਦੀ ਜੋ ਪ੍ਰਤਿਕ੍ਰਿਆ ਰਹੀ, ਉਸ ਸਭ ਦਾ ਇਤਿਹਾਸ ਬਾਈਬਲ ਵਿਚ ਦਰਜ ਹੈ। ਇਹ ਨਿਰੇ ਦਾਰਸ਼ਨਿਕ ਤੱਥਾਂ ਦਾ ਸੰਗ੍ਰਹਿ ਨਹੀਂ, ਸਗੋਂ ਇਸ ਵਿਚ ਸੰਸਾਰਿਕ ਪ੍ਰਪੰਚ ਤੋਂ ਮੁਕਤ ਹੋਣ ਲਈ ਕਾਰਜ-ਵਿਧੀ ਦਾ ਵਿਵਰਣ ਵੀ ਦਿੱਤਾ ਗਿਆ ਹੈ।

ਪੁਰਾਣੇ ਨੇਮ ਵਿਚ 45 ਉਪ-ਭਾਗ ਹਨ ਜਿਨ੍ਹਾਂ ਵਿਚ ਹਜ਼ਰਤ ਮੂਸਾ, ਹਜ਼ਰਤ ਦਾਊਦ ਆਦਿ ਨੂੰ ਉਤਰੇ ਤੌਰੇਤ, ਜ਼ਬੂਰ ਆਦਿ ਧਰਮ-ਗ੍ਰੰਥ ਸ਼ਾਮਲ ਹਨ। ਨਵੇਂ ਨੇਮ

ਵਿਚ ਕੁਲ 27 ਉਪ-ਭਾਗ ਹਨ ਅਤੇ ਇਨ੍ਹਾਂ ਵਿਚ ਹਜ਼ਰਤ ਈਸਾ ਸੰਬੰਧੀ ਸਾਮਗ੍ਰੀ ਸੰਕਲਿਤ ਹੈ। ਧਿਆਨ-ਪੂਰਵਕ ਵੇਖੀਏ ਤਾਂ ਪੁਰਾਤਨ ਨੇਮ, ਨਵੇਂ ਨੇਮ ਦਾ ਪਿਛੋਕੜ ਪ੍ਰਤੀਤ ਹੁੰਦਾ ਹੈ। ਨਵੇਂ ਨੇਮ ਨੂੰ 'ਇੰਜੀਲ' (ਅੰਜੀਲ) ਵੀ ਕਿਹਾ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਇਸ ਵਲ ਸੰਕੇਤ ਕੀਤਾ ਹੈ—'ਅਜੇ ਅੰਜੀਲ ਵੇਦ ਤੇ—/ਕੁਰਾਨ ਦੀ ਪਛਾਣ ਨਹੀਂ।/ਗੈਂਗੀਆਂ ਨੂੰ ਸੋਮ ਦੀ,/ਅਜੇ ਕੋਈ ਪਛਾਣ ਨਹੀਂ।'

'ਬਾਈਬਲ' ਵਿਚ ਪ੍ਰਸੰਗ-ਵਸ ਕੁਝ ਅਜਿਹੀਆਂ ਗੱਲਾਂ ਵੀ ਦਰਜ ਹਨ ਜਿਨ੍ਹਾਂ ਦਾ ਸੰਬੰਧ ਲੋਕ-ਜੀਵਨ ਅਤੇ ਲੌਕਿਕ ਗਿਆਨ ਨਾਲ ਹੈ। ਉਨ੍ਹਾਂ ਦਾ ਕੁਝ ਨਾ ਕੁਝ ਸਰੋਕਾਰ ਸਮਕਾਲੀ ਸਮਸਿਆਵਾਂ ਨਾਲ ਵੀ ਰਿਹਾ ਹੈ। ਇਸ ਗ੍ਰੰਥ ਵਿਚ ਮਨੁੱਖ ਦੇ ਪਾਪਾਂ, ਮਾੜੇ ਕਰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਮੁੱਖ ਤੌਰ ਤੇ 'ਬਾਈਬਲ' ਧਰਮ ਦੇ ਸਹੀ ਸਰੂਪ ਅਤੇ ਸੰਸਾਰਿਕ ਪ੍ਰਪੰਚ ਤੋਂ ਖ਼ਲਾਸ ਹੋਣ ਦੇ ਪ੍ਰਕਾਰਜ ਨੂੰ ਸਪੱਸ਼ਟ ਕਰਦੀ ਹੈ।

ਪੁਰਾਤਨ ਨੇਮ ਵਿਚ ਸੰਕਲਿਤ ਉਪ-ਭਾਗਾਂ ਵਿਚ ਪ੍ਰਧਾਨ ਭਾਸ਼ਾ ਇਬ੍ਰਾਨੀ ਹੈ, ਜਦ ਕਿ ਨਵਾਂ ਨੇਮ ਯੂਨਾਨੀ ਭਾਸ਼ਾ ਵਿਚ ਲਿਖਿਆ ਹੋਇਆ ਹੈ। ਚੂੰਕਿ ਇਸ ਵਿਚ ਸ਼ਾਮਲ ਰਚਨਾਵਾਂ ਇਕ ਨਹੀਂ, ਅਨੇਕ ਧਰਮੀ-ਪੁਰਸ਼ਾਂ ਦੁਆਰਾ ਲਿਖੀਆਂ ਹੋਈਆਂ ਹਨ, ਇਸ ਲਈ ਇਸ ਦੀ ਭਾਸ਼ਾ ਸ਼ੈਲੀ ਇਕ-ਸਮਾਨ ਨਹੀਂ, ਸਗੋਂ ਅਨੇਕ ਵੰਨਗੀਆਂ ਦਾ ਮਿਲਗੋਭਾ ਹੈ। ਇਸ ਤੋਂ ਇਲਾਵਾ ਇਸ ਵਿਚ ਗੀਤ, ਕਾਵਿ, ਲੋਕ-ਕਥਾਵਾਂ ਅਤੇ ਨੀਤੀ-ਕਥਾਵਾਂ ਆਦਿ ਸਾਹਿੱਤ-ਰੂਪਾਂ ਦੇ ਦਰਸ਼ਨ ਵੀ ਹੁੰਦੇ ਹਨ। ਇਸ ਦਾ ਰਚਨਾ-ਕਾਲ ਲਗਭਗ ਡੇਢ ਹਜ਼ਾਰ ਸਾਲ ਤਕ ਵਿਆਪਕ ਹੈ। ਪੁਰਾਤਨ ਨੇਮ ਵਿਚ ਦਰਜ, ਹਜ਼ਰਤ ਮੂਸਾ ਕ੍ਰਿਤ ਤੌਰੇਤ, 1400 ਵਰਸ਼ ਈ. ਪੂ. ਦੀ ਰਚਨਾ ਮੰਨੀ ਜਾਂਦੀ ਹੈ ਅਤੇ ਨਵੇਂ ਨੇਮ ਦੀਆਂ ਰਚਨਾਵਾਂ ਈਸਵੀ ਸੰਨ ਦੇ ਪਹਿਲੇ ਸੌ ਸਾਲਾਂ ਵਿਚ ਰਚੀਆਂ ਗਈਆਂ ਸਨ। ਇਸ ਦੇ ਅਨੁਵਾਦ ਸੰਸਾਰ ਦੀਆਂ ਸਾਰੀਆਂ ਮੁੱਖ ਭਾਸ਼ਾਵਾਂ ਵਿਚ ਹੋ ਚੁੱਕੇ ਹਨ।

ਬਾਗ਼ੇ-ਬਹਿਸ਼ਤ : ਬਹਿਸ਼ਤ (ਸਵਰਗ) ਦਾ ਇਕ ਕਲਪਿਤ ਬਾਗ਼ ਜੋ ਮੁਸਲਮਾਨਾਂ ਅਨੁਸਾਰ ਸੱਤਵੇਂ ਆਸਮਾਨ 'ਤੇ ਸਥਿਤ ਹੈ। ਇਸਲਾਮੀ ਮਾਨਤਾਵਾਂ ਅਨੁਸਾਰ ਜੋ ਜਿਗਿਆਸੂ ਨੇਕ ਅਮਲਾਂ ਰਾਹੀਂ ਆਪਣੀ ਅਧਿਆਤਮਿਕ ਸਾਧਨਾ ਸੰਪੰਨ ਕਰਦੇ ਹਨ, ਉਨ੍ਹਾਂ ਨੂੰ ਬਹਿਸ਼ਤ ਵਿਚ ਸਥਾਨ ਮਿਲਦਾ ਹੈ। ਉਨ੍ਹਾਂ ਦੀ ਸੇਵਾ ਲਈ ਹੂਰਾਂ, ਗਿਲਮਾਨ ਮੌਜੂਦ ਹੁੰਦੇ ਹਨ। ਹੋਰ ਅਨੇਕ ਪ੍ਰਕਾਰ ਦੀਆਂ ਸੁਖ-ਸੁਵਿਧਾਵਾਂ ਤੋਂ ਇਲਾਵਾ ਉਥੇ ਇਕ ਬਾਗ਼ ਵੀ ਹੈ ਜਿਥੇ ਜਾ ਕੇ ਮਨ ਨੂੰ ਵਿਸ਼ੇਸ਼ ਸ਼ਾਂਤੀ ਮਿਲਦੀ ਹੈ।

ਹਿੰਦੂ ਮਾਨਤਾ ਅਨੁਸਾਰ ਸਵਰਗ ਦੇ ਨੰਦਨ-ਵਨ ਵਿਚਲੇ ਕਲਪ-ਤਰੂ ਵਾਂਗ ਇਸ ਬਾਗ਼ ਵਿਚ 'ਸਿਦਰਤੁਲ ਮੁੰਤਹਾ' ਨਾਂ ਦਾ ਇਕ ਬ੍ਰਿਛ ਹੈ ਜਿਸ ਤੋਂ ਸਭ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਉਸ ਬ੍ਰਿਛ ਦੇ ਪੱਤੇ ਹਾਥੀ ਦੇ ਕੰਨਾਂ ਜਿੰਨੇ ਚੌੜੇ ਅਤੇ ਫਲ ਘੜੇ ਜਿਨੇ ਵੱਡੇ ਹੁੰਦੇ ਹਨ। ਗ਼ੁਲਾਮ ਫ਼ਰੀਦ ਨੇ ਰੱਬ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ—'ਬਾਗ਼ ਬਹਿਸ਼ਤ ਦਾ ਤੂੰ ਹੈਂ ਮਾਲਕ, ਖ਼ੁਦ ਬੁਲਬੁਲ, ਖ਼ੁਦ ਗੁਲ।' ਇਸ ਦਾ ਇਕ ਨਾਮਾਂਤਰ 'ਬਾਗ਼ੇ-ਅਦਨ' ਵੀ ਹੈ। ਹੀਰ-ਵਾਰਿਸ ਵਿਚ ਅੰਕਿਤ ਹੈ—'ਬਾਦ ਮੌਤ ਦੇ ਨਾਲ ਈਮਾਨ ਹੀਰੇ, ਦਾਖ਼ਲ ਵਿਚ ਬਹਿਸ਼ਤ ਦੇ ਥੀਵਣਾ ਈ।/ਨਾਲ ਜ਼ੌਕ ਤੇ ਸ਼ੌਕ ਦਾ

ਨੂਰ ਸ਼ਰਬਤ, ਵਿਚ ਜਨਤਿ ਅਦਨ ਦੇ ਪੀਵਣਾ ਈ।'

ਬਾਜ਼ੀਦ : ਨੌਵੀਂ ਸਦੀ ਵਿਚ ਹੋਇਆ ਇਕ ਪ੍ਰਸਿੱਧ ਸੂਫ਼ੀ ਦਰਵੇਸ਼ ਜਿਸ ਦਾ ਪੂਰਾ ਨਾਂ ਅਬੂਯਜ਼ੀਦ ਤੈਫ਼ੂਰ ਬਿਨ ਈਸਾ ਅਲ-ਬਿਸਤਾਮੀ ਸੀ, ਪਰ ਆਮ ਤੌਰ ਤੇ ਇਹ 'ਬਾਇਜ਼ੀਦ ਬਿਸਤਾਮੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਮਹੱਤਵ ਨੂੰ ਸਪੱਸ਼ਟ ਕਰਦਿਆਂ ਜੁਨੈਦ ਨੇ ਕਿਹਾ ਹੈ ਕਿ ਸੂਫ਼ੀ ਸਾਧਕਾਂ ਵਿਚ ਬਾਇਜ਼ੀਦ ਦਾ ਉਹੀ ਸਥਾਨ ਹੈ ਜੋ ਫ਼ਰਿਸ਼ਤਿਆਂ ਵਿਚ ਜਿਬਰਾਈਲ ਦਾ ਹੈ। ਇਹ ਫ਼ਾਰਸ ਦੇ ਬਿਸਤਾਮ ਸਥਾਨ ਦਾ ਰਹਿਣ ਵਾਲਾ ਸੀ, ਇਸ ਕਰਕੇ ਇਸ ਦੇ ਨਾਂ ਨਾਲ 'ਬਿਸਤਾਮੀ' ਸ਼ਬਦ ਲਗਦਾ ਹੈ। ਇਸ ਨੂੰ ਅਧਿਆਤਮਿਕਤਾ ਦੇ ਮਾਰਗ ਉਤੇ ਆਪਣੀ ਮਾਤਾ ਦੀ ਪ੍ਰੇਰਣਾ ਨੇ ਤੋਰਿਆ ਸੀ। ਇਸ ਦਾ ਪਰਿਵਾਰ ਜ਼ਰਤੁਸ਼ਤ੍ਰੀ ਧਰਮ ਦਾ ਅਨੁਯਾਈ ਸੀ ਅਤੇ ਇਸ ਦਾ ਉਸਤਾਦ ਇਕ ਕਰਦ ਸੀ। ਇਸ ਨੂੰ ਸੂਫ਼ੀ ਸਾਧਨਾ ਵਿਚ ਪ੍ਰਬੀਨ ਕਰਨ ਵਾਲਾ ਮੁਰਸ਼ਿਦ ਸਿੰਧ ਦੇ ਇਲਾਕੇ ਦਾ ਅਬੂ ਅਲੀ ਸੀ। ਇਸ ਦੇ ਤਿੰਨ ਹੋਰ ਭਰਾ ਵੀ ਸੂਫ਼ੀ ਸਾਧਨਾ ਵਿਚ ਪੂਰੀ ਤਰ੍ਹਾਂ ਮਗਨ ਸਨ।

ਕਹਿੰਦੇ ਹਨ ਕਿ ਇਹ ਆਪਣੇ ਸਮੇਂ ਦੇ ਸਾਰੇ ਪ੍ਰਸਿੱਧ ਸੂਫ਼ੀਆਂ ਦੇ ਸੰਪਰਕ ਵਿਚ ਆਇਆ ਸੀ ਅਤੇ ਸੂਫ਼ੀਆਂ ਦੇ ਸਾਹਿੱਤ ਨੂੰ ਪੂਰੇ ਧਿਆਨ ਨਾਲ ਪੜ੍ਹਿਆ ਸੀ। ਇਸ ਵਿਚ ਸ਼ਕ ਨਹੀਂ ਕਿ ਇਸ ਨੇ ਲਿਖਿਆ ਬਹੁਤ ਘਟ ਹੈ, ਪਰ ਇਸ ਨੇ ਸੂਫ਼ੀ ਸਿੱਧਾਂਤਾਂ ਦੀ ਬੜੀ ਗੰਭੀਰ ਵਿਆਖਿਆ ਕੀਤੀ ਹੈ। ਇਸ ਦੇ ਮਨ ਵਿਚ ਰੱਬ ਦਾ ਸਾਖਿਆਤਕਾਰ ਪ੍ਰਾਪਤ ਕਰਨ ਦੀ ਤੀਬਰ ਇੱਛਾ ਸੀ, ਇਸ ਲਈ ਇਸ ਨੇ ਫ਼ੰਨਾ ਦੇ ਸਿੱਧਾਂਤ ਦੀ ਬੜੇ ਤਰਕ ਸਹਿਤ ਸਥਾਪਨਾ ਕੀਤੀ। ਅੱਤਾਰ ਨੇ 'ਤਜ਼ਕਿਰਾਤੁਲ ਔਲੀਆ' ਵਿਚ ਲਿਖਿਆ ਹੈ ਕਿ ਬਾਇਜ਼ੀਦ ਨੂੰ ਭਾਰਤੀ ਯੋਗ-ਸਾਧਨਾ ਦਾ ਪੂਰਾ ਗਿਆਨ ਸੀ। ਇਸ ਦੀ ਮ੍ਰਿਤੂ ਸੰਨ 873 ਈ. ਦੇ ਨੇੜੇ-ਤੇੜੇ ਹੋਈ ਸੀ। ਸੂਫ਼ੀ-ਮਤ ਦੇ ਉਦਭਵ ਅਤੇ ਵਿਕਾਸ ਵਿਚ ਇਸ ਦਾ ਬਹੁਤ ਯੋਗਦਾਨ ਰਿਹਾ ਹੈ। ਇਸ ਲਈ ਪਰਵਰਤੀ ਸੂਫ਼ੀ ਇਸ ਪ੍ਰਤਿ ਆਦਰ ਦੀ ਭਾਵਨਾ ਰਖਦੇ ਹਨ। ਬੁਲ੍ਹੇ ਸ਼ਾਹ ਨੇ ਕਿਹਾ ਹੈ—'ਦੁੱਖ ਤਨ ਆਰਫ਼ ਬਾਜ਼ੀਦ ਕੀਤਾ।'

ਬਾਨਪ੍ਰਸਥ : ਵੇਖੋ 'ਆਸ਼੍ਰਮ'।

ਬਾਪੂ, ਗਾਂਧੀ : ਵੇਖੋ 'ਗਾਂਧੀ, ਮਹਾਤਮਾ'।

ਬਾਬਰ : ਹਿੰਦੁਸਤਾਨ ਦਾ ਪਹਿਲਾ ਮੁਗ਼ਲ ਬਾਦਸ਼ਾਹ, ਜਿਸ ਦਾ ਜਨਮ ਸੰਨ 1483 ਈ. ਵਿਚ ਮੱਧ ਏਸ਼ੀਆ ਦੇ ਫ਼ਰਗਨਾ ਰਾਜ ਵਿਚ ਹੋਇਆ। ਇਹ ਤੈਮੂਰ ਦੀ ਛੇਵੀਂ ਪੀੜ੍ਹੀ ਵਿਚ ਹੋਇਆ ਬਹੁਤ ਚੁਸਤ ਅਤੇ ਦੂਰ-ਅੰਦੇਸ਼ ਬਾਦਸ਼ਾਹ ਸੀ। ਇਸ ਦੇ ਪਿਤਾ ਦਾ ਨਾਂ ਮਿਰਜ਼ਾ ਉਮਰ ਸ਼ੇਖ ਅਤੇ ਮਾਤਾ ਦਾ ਨਾਂ ਕੁਤਲਗ਼-ਨਿਗਾਰ-ਖਾਨਮ ਸੀ ਜੋ ਚੁਗ਼ਤਾਈ ਖ਼ਾਂ ਦੇ ਖ਼ਾਨਦਾਨ ਵਿਚੋਂ ਸੀ। ਇਸ ਲਈ ਇਸ ਨੂੰ 'ਚੁਗੱਤਾ' ਵੀ ਕਿਹਾ ਜਾਂਦਾ ਹੈ।

ਪਿਤਾ ਦੇ ਦੇਹਾਂਤ ਤੋਂ ਬਾਦ ਇਹ ਕੇਵਲ ਬਾਰ੍ਹਾਂ ਵਰ੍ਹਿਆਂ ਦੀ ਛੋਟੀ ਉਮਰ ਵਿਚ ਆਪਣੇ ਕਬੀਲੇ ਦਾ ਸਰਦਾਰ ਬਣਿਆ। ਪਹਿਲਾਂ ਇਸ ਨੇ ਕਈ ਵਾਰ ਕੋਸ਼ਿਸ਼ ਕੀਤੀ

ਕਿ ਸਮਰਕੰਦ ਉਤੇ ਕਬਜ਼ਾ ਕਰੇ, ਪਰ ਕਾਮਯਾਬ ਨਾ ਹੋਣ 'ਤੇ ਇਸ ਨੇ ਕਾਬਲ ਵਲ ਮੂੰਹ ਮੋੜਿਆ। ਕਾਬਲ ਕੰਧਾਰ ਉਤੇ ਅਧਿਕਾਰ ਕਾਇਮ ਕਰਕੇ ਇਸ ਨੇ ਹਿੰਦੁਸਤਾਨ ਦੀ ਰਾਜਨੈਤਿਕ ਸਥਿਤੀ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ। ਇਸ ਨੇ ਪਹਿਲਾਂ ਸੰਨ 1519 ਈ. ਵਿਚ ਦੋ ਵਾਰ ਅਤੇ ਫਿਰ ਸੰਨ 1520 ਈ. ਵਿਚ ਤੀਜੀ ਵਾਰ ਹਿੰਦੁਸਤਾਨ ਉਤੇ ਹਮਲਾ ਕੀਤਾ ਅਤੇ ਭੇਰੇ ਤੋਂ ਸਿਆਲਕੋਟ ਤਕ ਇਲਾਕਾ ਗਾਹ ਮਾਰਿਆ। ਇਸ ਹਮਲੇ ਦੌਰਾਨ ਸੈਦਪੁਰ (ਏਮਨਾਬਾਦ) ਨਗਰ ਨੂੰ ਬੁਰੀ ਤਰ੍ਹਾਂ ਲੁਟਿਆ ਗਿਆ। ਉਦੋਂ ਪ੍ਰਜਾ ਦੀ ਹੋਈ ਦੁਰਦਸ਼ਾ ਵਲ ਗੁਰੂ ਨਾਨਕ ਦੇਵ ਨੇ 'ਬਾਬਰਵਾਣੀ' ਵਿਚ ਬੜੇ ਯਥਾਰਥ ਢੰਗ ਨਾਲ ਪ੍ਰਕਾਸ਼ ਪਾਇਆ ਹੈ—'ਬਾਬਰਵਾਣੀ ਫਿਰਿ ਗਈ, ਕੁਇਰ ਨ ਰੋਟੀ ਖਾਇ' (ਅ. ਗ੍ਰੰ. 417)।

ਫਿਰ ਸੰਨ 1524 ਈ. ਵਿਚ ਜਦੋਂ ਲੋਦੀਆਂ ਦੀ ਬਾਦਸ਼ਾਹੀ ਵਿਚ ਤ੍ਰੇੜਾਂ ਆਉਣ ਲਗੀਆਂ, ਤਾਂ ਸੁਲਤਾਨ ਇਬ੍ਰਾਹੀਮ ਲੋਦੀ ਦੇ ਅਸੰਤੁਸ਼ਟ ਅਹਿਲਕਾਰਾਂ ਨੇ ਬਾਹਰਲੀ ਸਹਾਇਤਾ ਨਾਲ ਦਿੱਲੀ ਸਲਤਨਤ ਨੂੰ ਉਲਟਣਾ ਚਾਹਿਆ ਜਿਨ੍ਹਾਂ ਵਿਚੋਂ ਆਲਮ ਖ਼ਾਂ ਅਤੇ ਦੌਲਤ ਖ਼ਾਂ ਦੇ ਨਾਂ ਵਿਸ਼ੇਸ਼ ਉੱਲੇਖਯੋਗ ਹਨ। ਫਲਸਰੂਪ ਬਾਬਰ ਨੇ ਸੰਨ 1524 ਈ. ਵਿਚ ਚੌਥੀ ਵਾਰ ਹਿੰਦੁਸਤਾਨ ਉਤੇ ਹਮਲਾ ਕੀਤਾ ਅਤੇ ਲਾਹੌਰ ਤਕ ਆਪਣਾ ਕਬਜ਼ਾ ਕਰ ਲਿਆ। ਪਰ ਸਾਰੇ ਹਿੰਦੁਸਤਾਨ ਨੂੰ ਜਿਤਣ ਦੀ ਇੱਛਾ ਨਾਲ ਉਹ ਪੂਰੀ ਤਿਆਰੀ ਕਰਨ ਲਈ ਆਪਣੇ ਦੇਸ਼ ਪਰਤ ਗਿਆ। ਫਿਰ ਉਸ ਨੇ ਸੰਨ 1526 ਈ. ਵਿਚ ਭਰਪੂਰ ਹਮਲਾ ਕੀਤਾ ਅਤੇ 20 ਅਪ੍ਰੈਲ ਨੂੰ ਪਾਨੀਪਤ ਦੇ ਮੈਦਾਨ ਵਿਚ ਇਬ੍ਰਾਹੀਮ ਲੋਦੀ ਦੀਆਂ ਫ਼ੌਜਾਂ ਨੂੰ ਤਕੜੀ ਹਾਰ ਦੇ ਕੇ ਦਿੱਲੀ ਦੇ ਤਖ਼ਤ ਉਤੇ ਅਧਿਕਾਰ ਕਰ ਲਿਆ। ਤਦਉਪਰੰਤ ਉਸ ਨੇ ਸੰਨ 1527 ਈ. ਵਿਚ ਚਿਤੌੜ ਦੇ ਰਾਜੇ ਰਾਣਾ ਸੰਗ੍ਰਾਮ ਸਿੰਘ ਨੂੰ ਹਰਾਇਆ ਅਤੇ ਕਈ ਹੋਰ ਇਲਾਕੇ ਅਧੀਨ ਕੀਤੇ। ਰਾਣਾ ਸੰਗ੍ਰਾਮ ਸਿੰਘ ਨਾਲ ਲੜਨ ਵੇਲੇ ਇਸ ਨੇ ਸ਼ਰਾਬ-ਨੋਸ਼ੀ ਬੰਦ ਕਰਨ ਦੀ ਪ੍ਰਤਿਗਿਆ ਕੀਤੀ। ਉੱਤਰ-ਪ੍ਰਦੇਸ਼ ਦੇ ਅਨੇਕ ਇਲਾਕੇ ਜਿੱਤ ਕੇ ਇਸ ਨੇ ਮੁਗ਼ਲ ਰਾਜ ਦੀ ਬੁਨਿਆਦ ਰਖੀ।

ਕਾਫ਼ੀ ਸੰਘਰਸ਼-ਪੂਰਣ ਲੜਾਈਆਂ ਲੜਨ ਕਰਕੇ ਇਸ ਦੀ ਸਿਹਤ ਖ਼ਰਾਬ ਹੋਣ ਲਗ ਗਈ। ਪਿਤਾ ਦੀ ਬੀਮਾਰੀ ਸੁਣ ਕੇ ਹੁਮਾਯੂੰ ਬਦਖ਼ਸ਼ਾਂ ਤੋਂ ਆਗਰੇ ਪਹੁੰਚਿਆ। ਕੁਝ ਸਮੇਂ ਬਾਦ ਬਾਬਰ ਠੀਕ ਹੋ ਗਿਆ। ਪਰ ਹੁਮਾਯੂੰ ਦੀ ਸਿਹਤ ਖ਼ਰਾਬ ਹੋ ਗਈ। ਰਵਾਇਤ ਅਨੁਸਾਰ ਬਾਬਰ ਨੇ ਆਪਣੀ ਰਹਿੰਦੀ ਉਮਰ ਵਾਰ ਕੇ ਹੁਮਾਯੂੰ ਦੀ ਉਮਰ ਵਧਾਉਣ ਦਾ ਸ਼ਲਾਘਾਯੋਗ ਉੱਦਮ ਕੀਤਾ। ਪਰ ਇਤਿਹਾਸਕਾਰਾਂ ਦਾ ਮਤ ਹੈ ਕਿ ਬਾਬਰ ਦੀ ਸਿਹਤ ਕਾਫ਼ੀ ਖ਼ਰਾਬ ਹੋਣ ਕਰਕੇ 26 ਦਸੰਬਰ, 1530 ਈ. ਨੂੰ ਇਸ ਦਾ ਆਗਰੇ ਵਿਚ ਦੇਹਾਂਤ ਹੋ ਗਿਆ। ਇਸ ਨੇ ਹਿੰਦੁਸਤਾਨ ਦੀ ਰਾਜਨੀਤੀ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਲੰਬੇ ਸਮੇਂ ਲਈ ਇਕ ਦ੍ਰਿੜ੍ਹ ਸਾਮ੍ਰਾਜ ਦੀ ਸਥਾਪਨਾ ਕੀਤੀ। ਭਾਈ ਗੁਰਦਾਸ ਨੇ ਸੰਕੇਤ ਕਰਦਿਆਂ ਲਿਖਿਆ ਹੈ – 'ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬ ਨਿਵਾਇਆ' (26/21)।

ਬਾਬਰਵਾਣੀ : ਮੂਲ ਰੂਪ ਵਿਚ ਇਸ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਦੀ

ਬਾਨੀ (ਆਸਾ, ਅਸ਼ਟਪਦੀ 11) ਵਿਚ ਹੋਈ ਹੈ—'ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।/ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।' ਇਥੇ ਇਸ ਤੋਂ ਭਾਵ ਹੈ ਬਾਬਰ ਬਾਦਸ਼ਾਹ ਦੀ ਦੁਹਾਈ; ਹੁਕਮ ਆਦਿ। ਪਰ ਬਾਦ ਵਿਚ ਗੁਰੂ ਨਾਨਕ ਦੇਵ ਰਚਿਤ ਉਨ੍ਹਾਂ ਚਾਰ ਸ਼ਬਦਾਂ ਨੂੰ, ਜਿਨ੍ਹਾਂ ਦਾ ਸੰਬੰਧ ਬਾਬਰ ਦੇ ਹਮਲੇ ਦੁਆਰਾ ਹੋਈ ਤਬਾਹੀ ਅਤੇ ਉਸ ਪ੍ਰਤਿ ਗੁਰੂ ਜੀ ਦੇ ਪ੍ਰਤਿਕਰਮ ਨਾਲ ਹੈ, 'ਬਾਬਰਵਾਣੀ' ਨਾਂ ਨਾਲ ਪ੍ਰਸਿੱਧ ਕਰ ਦਿੱਤਾ ਗਿਆ।

ਇਹ ਚਾਰ ਸ਼ਬਦ ਹਨ—(1) 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ', (2) 'ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ,' (3) 'ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ', (4) 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।' ਇਨ੍ਹਾਂ ਵਿਚੋਂ ਪਹਿਲੇ ਤਿੰਨ ਆਸਾ ਰਾਗ ਵਿਚ ਉਚਾਰੇ ਹੋਏ ਹਨ ਅਤੇ ਚੌਥਾ ਤਿਲੰਗ ਰਾਗ ਵਿਚ। ਇਨ੍ਹਾਂ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਦੀ ਰਾਜਨੈਤਿਕ ਦ੍ਰਿਸ਼ਟੀ, ਸਮਕਾਲੀ ਬਾਦਸ਼ਾਹ ਪ੍ਰਤਿ ਆਕ੍ਰੋਸ਼ ਦੀ ਭਾਵਨਾ ਅਤੇ ਯਥਾਰਥ ਯੁਗ-ਚਿਤ੍ਰਣ ਵਿਸ਼ੇਸ਼ ਉੱਲੇਖਯੋਗ ਹੈ। ਜਸਬੀਰ ਸਿੰਘ ਆਹਲੂਵਾਲੀਆ ਨੇ ਆਪਣੀ ਕਵਿਤਾ 'ਆਤੰਕਵਾਦ' ਵਿਚ ਇਸ ਵਲ ਸੰਕੇਤ ਕੀਤਾ ਹੈ—'ਇਕ ਨਿਮਾਣਾ ਜਿਹਾ ਸ਼ਿਕਵਾ ਹੀ ਸੀ/ਜੋ ਕਦੇ ਇਕਬਾਲ ਨੇ ਅੱਲਾ ਅਗੇ ਕੀਤਾ ਸੀ/ਬਾਬਰਵਾਣੀ ਵਾਲੇ ਬਾਬੇ ਨੇ ਅਕਾਲ ਪੁਰਖ ਨਾਲ।'

ਬਾਬਾ ਨਾਨਕ : ਵੇਖੋ 'ਨਾਨਕ ਦੇਵ, ਗੁਰੂ'।

ਬਾਰ੍ਹਾਂ ਮਿਸਲਾਂ : ਇਸ ਤੋਂ ਭਾਵ ਹੈ ਸਿੱਖਾਂ ਦੇ ਬਾਰ੍ਹਾਂ ਦਲ ਜਾਂ ਜੱਥੇ ਜਿਨ੍ਹਾਂ ਨੇ ਪੰਜਾਬ ਵਿਚ ਵੱਖ-ਵੱਖ ਇਲਾਕੇ ਮਲੇ ਹੋਏ ਸਨ। ਬੰਦਾ ਬਹਾਦਰ ਦੀ ਮ੍ਰਿਤੂ ਤੋਂ ਬਾਦ ਜਦੋਂ ਮੁਗ਼ਲ ਬਾਦਸ਼ਾਹ ਫ਼ੱਰੁਖ਼ਸੀਅਰ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਣ ਦੀ ਮੁਹਿਮ ਚਲਾਈ ਤਾਂ ਜੁਝਾਰੂ ਸਿੰਘਾਂ ਨੇ ਆਪਣੇ ਆਪ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਵਿਚ ਵੰਡ ਲਿਆ। ਅਹਿਮਦਸ਼ਾਹ ਅਬਦਾਲੀ ਦੇ ਹਮਲੇ ਤੋਂ ਬਾਦ ਸਿੱਖ-ਯੁੱਧਵੀਰਾਂ ਨੂੰ ਸੰਗਠਿਤ ਹੋਣ ਦਾ ਪੂਰਾ ਮੌਕਾ ਮਿਲਿਆ ਅਤੇ ਇਨ੍ਹਾਂ ਦੋਹਾ ਦਲਾਂ ਵਿਚ ਕਾਫ਼ੀ ਵਿਸਤਾਰ ਹੋਇਆ। ਇਨ੍ਹਾਂ ਦੇ ਅਗੋਂ ਮੁੱਖ ਤੌਰ ਤੇ ਬਾਰ੍ਹਾਂ ਉਪ-ਦਲ ਬਣ ਗਏ, ਜਿਵੇਂ—(1) ਭੰਗੀ, (2) ਆਹਲੂਵਾਲੀਆ, (3) ਰਾਮਗੜ੍ਹੀਆ, (4) ਨਕਈ, (5) ਕਨ੍ਹੈਆ, (6) ਡਲੇਵਾਲੀਆ, (7) ਨਿਸ਼ਾਨਵਾਲੀਆ, (8) ਸਿੰਘਪੁਰੀਆ, (9) ਕਰੋੜ ਸਿੰਘੀਆ, (10) ਸ਼ਹੀਦ, (11) ਫੂਲਕੀਆਂ, ਅਤੇ (12) ਸੁੱਕਰਚਕੀਆ। ਕਹਿੰਦੇ ਹਨ ਕਿ ਇਨ੍ਹਾਂ ਜੱਥਿਆਂ ਨੂੰ 'ਮਿਸਲਾਂ' ਇਸ ਲਈ ਕਿਹਾ ਜਾਣ ਲਗਿਆ ਕਿਉਂਕਿ ਇਨ੍ਹਾਂ ਦੇ ਕਾਗ਼ਜ਼-ਪੱਤਰ, ਜਾਂ ਵੇਰਵਿਆਂ ਦੀਆਂ ਮਿਸਲਾਂ ਅਕਾਲ-ਤਖ਼ਤ ਅਤੇ ਬੁੰਗਿਆਂ ਆਦਿ ਵਿਚ ਵੱਖ-ਵੱਖ ਕਰਕੇ ਸੰਭਾਲੇ ਜਾਂਦੇ ਸਨ।

ਇਨ੍ਹਾਂ ਸਾਰੀਆਂ ਮਿਸਲਾਂ ਦੇ ਸਮੁੱਚ ਨੂੰ 'ਦਲ-ਖ਼ਾਲਸਾ' ਕਿਹਾ ਜਾਂਦਾ ਹੈ। ਅੰਮ੍ਰਿਤਸਰ ਵਿਚ ਸਾਲ ਵਿਚ ਦੋ ਵਾਰ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ ਤੇ ਦਲ-ਖ਼ਾਲਸਾ ਇਕੱਠਾ ਹੁੰਦਾ। ਉਸ ਵਿਚ ਸਾਰੀਆਂ ਮਿਸਲਾਂ ਦੀਆਂ ਸਮਸਿਆਵਾਂ ਨੂੰ

ਵਿਚਾਰਿਆ ਜਾਂਦਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਮਤੇ ਪਾਸ ਕੀਤੇ ਜਾਂਦੇ ਜੋ ਹਰ ਇਕ ਤੇ ਸਮਾਨ ਰੂਪ ਵਿਚ ਲਾਗੂ ਹੁੰਦੇ। ਹਰ ਇਕ ਮਿਸਲ ਵਿਚ ਜੱਥੇਦਾਰ, ਪੱਟੀਦਾਰ, ਸਹਾਇਕ ਅਤੇ ਤਾਬੇਦਾਰਾਂ ਤੋਂ ਇਲਾਵਾ ਤਿਖੇ ਅਤੇ ਪ੍ਰਬੀਨ ਸੈਨਿਕ ਰਖੇ ਜਾਂਦੇ। ਜਿੱਤ ਸਮੇਂ ਜਾਂ ਲੁਟ ਵੇਲੇ ਪ੍ਰਾਪਤ ਹੋਈਆਂ ਵਸਤੂਆਂ ਦੀ ਇਕ ਵਿਸ਼ੇਸ਼ ਦਸਤੂਰ ਨਾਲ ਵੰਡ ਕੀਤੀ ਜਾਂਦੀ। ਮਿਸਲ ਵਿਚ ਸ਼ਾਮਲ ਹੋਣ ਲਈ ਯੋਗਤਾ ਦਾ ਆਧਾਰ ਘੋੜ-ਸਵਾਰੀ ਵਿਚ ਨਿਪੁਣਤਾ, ਅਸਤ੍ਰ-ਸ਼ਸਤ੍ਰ ਦੀ ਵਰਤੋਂ ਵਿਚ ਕੁਸ਼ਲਤਾ ਅਤੇ ਪੰਥ ਲਈ ਮਰ ਮਿਟਣ ਦੀ ਪ੍ਰਬਲ ਇੱਛਾ ਹੁੰਦੀ ਸੀ। ਇਨ੍ਹਾਂ ਮਿਸਲਾਂ ਵਿਚੋਂ ਹੀ ਸੁੱਕਰਚਕੀਆ ਦੇ ਸਰਦਾਰ ਚੜ੍ਹਤ ਸਿੰਘ ਦੇ ਪੋਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਸਿੱਖ ਰਾਜ ਸਥਾਪਿਤ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ।

ਬਾਲਮੀਕ, ਭਗਤ : ਤ੍ਰੇਤਾ-ਯੁਗ ਵਿਚ ਹੋਇਆ ਭਗਤ ਬਾਲਮੀਕ, ਮਹਾਕਵੀ ਬਾਲਮੀਕ ਤੋਂ ਭਿੰਨ ਪ੍ਰਤੀਤ ਹੁੰਦਾ ਹੈ। ਰਵਾਇਤ ਅਨੁਸਾਰ ਪਹਿਲਾਂ ਇਹ ਰਤਨਾਕਰ ਨਾਂ ਦਾ ਡਾਕੂ ਸੀ ਅਤੇ ਜੰਗਲ ਵਿਚ ਰਾਹੀਆਂ ਨੂੰ ਮਾਰ ਕੇ ਉਨ੍ਹਾਂ ਤੋਂ ਲੁਟੇ ਧਨ ਨਾਲ ਆਪਣੇ ਪਰਿਵਾਰ ਦੇ ਰੋਟੀ-ਕਪੜੇ ਦਾ ਕੰਮ ਚਲਾਉਂਦਾ ਸੀ। ਇਕ ਵਾਰ ਇਸ ਨੂੰ ਰਾਹ ਵਿਚ ਨਾਰਦ ਰਿਸ਼ੀ ਮਿਲਿਆ। ਬਾਲਮੀਕ ਨੇ ਉਸ ਨੂੰ ਵੀ ਮਾਰਨਾ ਚਾਹਿਆ। ਨਾਰਦ ਨੇ ਅਜਿਹਾ ਕਰਨ ਤੋਂ ਰੋਕਿਆ ਅਤੇ ਕਿਹਾ ਕਿ ਤੇਰੇ ਦੁਆਰਾ ਕੀਤੇ ਪਾਪਾਂ ਦਾ ਫਲ ਭੋਗਣ ਲਈ ਤੇਰੇ ਮਾਤਾ–ਪਿਤਾ, ਪਤਨੀ ਅਤੇ ਬੱਚੇ ਹਿੱਸੇਦਾਰ ਹੋਣਗੇ ਜਾਂ ਨਹੀਂ, ਜਿਨ੍ਹਾਂ ਲਈ ਇਹ ਸਭ ਕੁਝ ਤੂੰ ਕਰ ਰਿਹਾ ਹੈਂ।

ਬਾਲਮੀਕ ਨਾਰਦ ਦੇ ਪ੍ਰਸ਼ਨ ਦਾ ਤੁਰਤ ਉੱਤਰ ਨਾ ਦੇ ਸਕਿਆ। ਨਾਰਦ ਨੂੰ ਇਕ ਬ੍ਰਿਛ ਨਾਲ ਬੰਨ੍ਹ ਕੇ ਇਹ ਘਰ ਗਿਆ। ਘਰ ਵਾਲਿਆਂ ਨੂੰ ਪੁੱਛਣ ਤੇ ਕੋਈ ਵੀ ਪਾਪਾਂ ਦਾ ਫਲ ਭੋਗਣ ਲਈ ਉਸ ਦਾ ਹਿੱਸੇਦਾਰ ਬਣਨ ਲਈ ਤਿਆਰ ਨਾ ਹੋਇਆ। ਉਨ੍ਹਾਂ ਦੇ ਅਜਿਹੇ ਉੱਤਰ ਨਾਲ ਬਾਲਮੀਕ ਨੂੰ ਵਾਸਤਵਿਕਤਾ ਦਾ ਗਿਆਨ ਹੋ ਗਿਆ ਅਤੇ ਜੰਗਲ ਵਲ ਪਰਤ ਆਇਆ।

ਨਾਰਦ ਨੂੰ ਮੁਕਤ ਕਰ ਕੇ ਖਿਮਾ ਮੰਗੀ। ਫਿਰ ਅੰਨ-ਜਲ ਦਾ ਤਿਆਗ ਕਰਕੇ ਇਹ ਭਗਤੀ ਵਿਚ ਅਜਿਹਾ ਲੀਨ ਹੋਇਆ ਕਿ ਆਪਣੇ ਸ਼ਰੀਰ ਦੀ ਸੁੱਧ-ਬੁੱਧ ਭੁਲ ਗਿਆ। ਇਸ ਦੇ ਸ਼ਰੀਰ ਉਪਰ ਦੀਮਕ ਨੇ ਵਰਮੀ (ਬਰਮੀ) ਬਣਾ ਲਈ। ਉਸ ਵਰਮੀ ਤੋਂ ਪ੍ਰਗਟ ਹੋਣ ਕਾਰਣ ਇਸ ਦਾ ਨਾਂ ਵਾਲਮੀਕ/ਬਾਲਮੀਕ ਪ੍ਰਸਿੱਧ ਹੋਇਆ।

ਕਾਲਾਂਤਰ ਵਿਚ ਪਾਂਡਵਾਂ ਦੇ ਯੱਗ ਕਰਨ ਵੇਲੇ ਜਦੋਂ ਸਮਾਪਤੀ ਦੀ ਘੰਟੀ ਨਾ ਵਜੀ ਤਾਂ ਯੁਧਿਸ਼ਠਿਰ ਦੇ ਪੁੱਛਣ 'ਤੇ ਕ੍ਰਿਸ਼ਣ ਨੇ ਦਸਿਆ ਕਿ ਕੋਈ ਅਨਾਦਰ ਵਾਲੀ ਗੱਲ ਹੋਈ ਹੈ। ਪਤਾ ਲਗਣ 'ਤੇ ਕਿ ਭਗਤ ਬਾਲਮੀਕ ਨੂੰ ਅਛੂਤ ਸਮਝ ਕੇ ਯੱਗ ਵਿਚ ਸ਼ਾਮਲ ਹੋਣ ਲਈ ਨਹੀਂ ਬੁਲਾਇਆ ਗਿਆ। ਵਾਸਤਵਿਕਤਾ ਦਾ ਪਤਾ ਲਗਣ ਤੇ ਪਾਂਡਵਾਂ ਵਲੋਂ ਬਾਲਮੀਕ ਤੋਂ ਮਾਫ਼ੀ ਮੰਗੀ ਗਈ ਅਤੇ ਇਸ ਨੂੰ ਆਦਰ ਪੂਰਵਕ ਯੱਗ ਵਿਚ ਸ਼ਾਮਲ ਕੀਤਾ ਗਿਆ। ਫਲਸਰੂਪ ਯੱਗ ਸੰਪੂਰਣ ਹੋਇਆ। ਗੁਰੂ ਰਾਮਦਾਸ ਨੇ ਭਗਤੀ ਦੇ ਮਹੱਤਵ ਦੇ ਸੰਦਰਭ ਵਿਚ ਕਿਹਾ ਹੈ ਕਿ ਨੀਚ ਜਾਤਿ ਦੇ ਹੋਣ ਦੇ ਬਾਵਜੂਦ

ਭਗਤੀ ਕਾਰਣ ਬਾਲਮੀਕ ਤਰ ਗਿਆ—'ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ' (ਅ. ਗ੍ਰੰ. 995)।

ਬਾਲਮੀਕ, ਰਿਸ਼ੀ: ਭਾਰਤੀ ਇਤਿਹਾਸ ਅਤੇ ਮਿਥਿਹਾਸ ਵਿਚ ਬਾਲਮੀਕ ਨਾਂ ਦੇ ਦੋ ਵਿਅਕਤੀ ਪ੍ਰਸਿੱਧ ਹਨ। ਇਕ ਮਹਾਕਵੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਅਤੇ ਦੂਜਾ ਭਗਤ ਰੂਪ ਵਿਚ। ਕਈ ਵਿਦਵਾਨ ਇਨ੍ਹਾਂ ਦੋਹਾਂ ਨੂੰ ਰਲਗਡ ਕਰ ਦਿੰਦੇ ਹਨ।

ਮਹਾਕਵੀ ਬਾਲਮੀਕ ਦਾ ਜਨਮ ਮਹਾਰਿਸ਼ੀ ਕਸ਼ਯਪ ਅਤੇ ਅਦਿਤੀ ਦੇ ਨੌਵੇਂ ਪੁੱਤਰ ਵਰੁਣ (ਨਾਮਾਂਤਰ 'ਪ੍ਰਚੇਤ') ਦੇ ਘਰ ਮਾਤਾ ਚਰਸ਼ਣੀ ਦੀ ਕੁੱਖੋਂ ਹੋਇਆ। ਇਹ ਭ੍ਰਿਗੂ ਰਿਸ਼ੀ ਦਾ ਭਰਾ ਸੀ। ਪਿਤਾ ਦੇ ਪ੍ਰਚੇਤ ਨਾਂ ਕਾਰਣ ਇਸ ਨੂੰ 'ਪ੍ਰਾਚੇਤਸ' ਵੀ ਕਿਹਾ ਜਾਂਦਾ ਹੈ। ਇਹ ਆਪਣੇ ਪਿਤਾ ਅਤੇ ਭਰਾ ਵਾਂਗ ਇਕ ਤਪਸਵੀ ਅਤੇ ਪ੍ਰਬੁੱਧ ਰਿਸ਼ੀ ਸੀ। ਤਪਸਿਆ ਵਿਚ ਇਸ ਦੀ ਇਤਨੀ ਅਧਿਕ ਰੁਚੀ ਸੀ ਕਿ ਇਹ ਸਮਾਧੀ ਵੇਲੇ ਆਪਣੀ ਸੁੱਧ-ਬੁੱਧ ਭੁਲ ਜਾਂਦਾ ਸੀ। ਇਕ ਵਾਰ ਇਹ ਸਮਾਧੀ ਵਿਚ ਅਜਿਹਾ ਬੈਠਾ ਕਿ ਇਸ ਦੇ ਇਰਦ-ਗਿਰਦ ਦੀਮਕ ਨੇ ਵਰਮੀ (ਬਰਮੀ) ਬਣਾ ਲਈ ਅਤੇ ਇਹ ਉਸ ਨਾਲ ਢਕਿਆ ਗਿਆ। ਬਾਦ ਵਿਚ ਉਸ ਵਰਮੀ ਨੂੰ ਤੋੜ ਕੇ ਇਸ ਨੂੰ ਵਿਚੋਂ ਕਢਿਆ ਗਿਆ। 'ਵਰਮੀ' ਤੋਂ ਨਿਕਲਣ ਕਾਰਣ ਇਸ ਦਾ ਨਾਂ ਵਾਲਮੀਕ/ਬਾਲਮੀਕ ਪ੍ਰਸਿੱਧ ਹੋਇਆ।

ਇਸ ਦਾ ਆਸ਼੍ਰਮ ਤਮਸਾ ਨਦੀ ਦੇ ਕੰਢੇ ਉਤੇ ਬਣਿਆ ਹੋਇਆ ਸੀ। ਇਕ ਦਿਨ ਪ੍ਰਭਾਤ ਵੇਲੇ ਤਮਸਾ ਨਦੀ ਦੇ ਕੰਢੇ ਤੇ ਇਕ ਸ਼ਿਕਾਰੀ ਨੇ ਇਕ ਕ੍ਰੌਂਚ ਪੰਛੀ ਨੂੰ ਆਪਣੇ ਬਾਣ ਨਾਲ ਵਿੰਨ੍ਹ ਸੁਟਿਆ। ਉਸ ਲਈ ਵਿਰਲਾਪ ਕਰਦੀ ਕ੍ਰੌਂਚੀ ਦੀ ਦੁੱਖ ਭਰੀ ਚੀਖ ਨੂੰ ਸੁਣ ਕੇ ਰਿਸ਼ੀ ਬਾਲਮੀਕ ਬਿਹਬਲ ਹੋ ਗਿਆ। ਇਸ ਦੇ ਮੂੰਹ ਤੋਂ ਆਪ-ਮੁਹਾਰੇ ਇਕ ਸ਼ਲੋਕ ਨਿਕਲਿਆ ਜਿਸ ਦਾ ਆਸ਼ਾ ਸੀ ਕਿ ਹੇ ਸ਼ਿਕਾਰੀ, ਤੂੰ ਕਾਮ ਵਿਚ ਮਗਨ ਇਸ ਕ੍ਰੌਂਚ ਪੰਛੀ ਨੂੰ ਮਾਰਿਆ ਹੈ, ਇਸ ਲਈ ਤੂੰ ਸਦਾ ਪ੍ਰਤਿਸ਼ਠਾ ਪ੍ਰਾਪਤ ਕਰਨ ਤੋਂ ਵਾਂਝਿਆ ਰਹੇਂ। ਉਸ ਵੇਲੇ ਉਥੇ ਬ੍ਰਹਮਾ ਪ੍ਰਗਟ ਹੋਇਆ ਅਤੇ ਉਸ ਨੇ ਰਿਸ਼ੀ ਨੂੰ ਰਾਮ ਦੇ ਚਰਿਤ੍ਰ ਨੂੰ ਕਾਵਿ-ਬੱਧ ਕਰਨ ਲਈ ਕਿਹਾ ਅਤੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਜਦ ਤਕ ਸੰਸਾਰ ਵਿਚ ਨਦੀਆਂ ਅਤੇ ਪਹਾੜ ਕਾਇਮ ਰਹਿਣਗੇ, ਤੇਰੀ ਲਿਖੀ ਰਾਮ-ਕਥਾ, ਦਾ ਪ੍ਰਚਾਰ ਹੁੰਦਾ ਰਹੇਗਾ। ਇਸ ਪ੍ਰੇਰਣਾ ਦੇ ਫਲਸਰੂਪ ਬਾਲਮੀਕ ਨੇ 'ਰਾਮਾਇਣ' ਦੀ ਰਚਨਾ ਕੀਤੀ।

ਕਾਲਾਂਤਰ ਵਿਚ ਜਦੋਂ ਸ੍ਰੀ ਰਾਮ ਨੇ ਲੋਕ-ਰਾਇ ਕਾਰਣ ਗਰਭਵਤੀ ਸੀਤਾ ਨੂੰ ਬਾਲਮੀਕ ਆਸ਼੍ਰਮ ਵਿਚ ਭਿਜਵਾ ਦਿੱਤਾ, ਤਾਂ ਉਥੇ ਉਸ ਨੇ ਲਵ ਅਤੇ ਕੁਸ਼ ਨਾਂ ਦੇ ਦੋ ਜੁੜਵੇਂ ਪੁੱਤਰਾਂ ਨੂੰ ਜਨਮ ਦਿੱਤਾ। ਰਿਸ਼ੀ ਨੇ ਉਨ੍ਹਾਂ ਨੂੰ ਸ਼ਸਤ੍ਰ ਅਤੇ ਸ਼ਾਸਤ੍ਰ ਵਿਦਿਆ ਵਿਚ ਨਿਪੁੰਣ ਕੀਤਾ। ਉਨ੍ਹਾਂ ਨੂੰ ਰਾਮਾਇਣ ਦਾ ਪਾਠ ਕੰਠ ਕਰਵਾਇਆ ਅਤੇ ਉਨ੍ਹਾਂ ਨੇ ਰਾਮ ਦੀ ਰਾਜ-ਸਭਾ ਵਿਚ ਸਾਰੀ 'ਰਾਮਾਇਣ' ਗਾ ਕੇ ਸੁਣਾਈ।

ਉਹ ਰਾਮਾਇਣ ਸੰਸਕ੍ਰਿਤ ਸਾਹਿੱਤ ਦੀ ਆਦਿ-ਰਚਨਾ ਸੀ, ਇਸ ਲਈ ਬਾਲਮੀਕ ਵੀ ਆਦਿ-ਕਵੀ ਅਖਵਾਏ। ਇਸ ਨੇ ਕੁਝ ਹੋਰ ਰਚਨਾਵਾਂ ਵੀ ਕੀਤੀਆਂ, ਪਰ ਅਧਿਕ ਪ੍ਰਸਿੱਧ 'ਰਾਮਾਇਣ' ਹੀ ਹੈ। 'ਦਸਮ-ਗ੍ਰੰਥ' ਵਿਚ ਇਸ ਨੂੰ ਬ੍ਰਹਮਾ ਦਾ ਉਪਾਵਤਾਰ

ਮੰਨਿਆ ਗਿਆ ਹੈ। ਭਾਈ ਗੁਰਦਾਸ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਪੜਿ ਵਿਦਿਆ ਘਰਿ ਆਇਆ ਗੁਰਮੁਖਿ ਬਾਲਮੀਕ ਮਨਿ ਭਾਣਾ' (25/9)।

ਬਾਲਾ, ਭਾਈ : ਭਾਈ ਬਾਲੇ ਵਾਲੀ ਜਨਮਸਾਖੀ ਦੇ ਆਧਾਰ ਤੇ ਭਾਈ ਬਾਲਾ ਗੁਰੂ ਨਾਨਕ ਦੇਵ ਦਾ ਇਕ ਸ਼ਰਧਾਲੂ ਸਾਥੀ ਸੀ। ਇਸ ਦਾ ਜਨਮ ਚੰਦ੍ਰਭਾਨ ਸੰਧੂ ਦੇ ਘਰ 'ਤਲਵੰਡੀ ਰਾਇ ਭੋਇ ਕੀ' ਵਿਚ ਹੋਇਆ। ਇਹ ਗੁਰੂ ਨਾਨਕ ਦੇਵ ਤੋਂ ਤਿੰਨ ਸਾਲ ਵੱਡਾ ਸੀ। ਇਸ ਤਰ੍ਹਾਂ ਇਸ ਦਾ ਜਨਮ ਸੰਨ 1466 ਈ. (1523 ਬਿ.) ਵਿਚ ਹੋਇਆ ਮੰਨਿਆ ਜਾ ਸਕਦਾ ਹੈ। ਇਹ ਗੁਰੂ ਨਾਨਕ ਦੇਵ ਦਾ ਬਚਪਨ ਦਾ ਸਾਥੀ ਸੀ। ਜਦੋਂ ਬਾਬੇ ਕਾਲੂ ਵੱਲੋਂ ਗੁਰੂ ਨਾਨਕ ਦੇਵ ਨੂੰ ਵਣਜ-ਵਪਾਰ ਕਰਨ ਲਈ ਭੇਜਿਆ ਗਿਆ ਤਾਂ ਬਾਲੇ ਨੂੰ ਵੀ ਨਾਲ ਘਲਿਆ ਗਿਆ। ਜਦੋਂ ਗੁਰੂ ਜੀ ਸੁਲਤਾਨਪੁਰ ਲੋਧੀ ਚਲੇ ਗਏ ਤਾਂ ਕੁਝ ਸਮੇਂ ਬਾਦ ਇਹ ਵੀ ਗੁਰੂ ਜੀ ਦੇ ਨਾਲ ਜਾ ਰਲਿਆ। ਉਦਾਸੀਆਂ ਦੌਰਾਨ ਵੀ ਇਹ ਗੁਰੂ ਜੀ ਦੇ ਨਾਲ-ਨਾਲ ਰਿਹਾ। ਇਸ ਦਾ ਦੇਹਾਂਤ ਖਡੂਰ ਨਾਂ ਦੇ ਕਸਬੇ ਵਿਚ ਸੰਨ 1544 ਈ. (1601 ਬਿ.) ਵਿਚ ਗੁਰੂ ਨਾਨਕ ਦੇਵ ਦੇ ਦੇਹਾਂਤ ਤੋਂ ਪੰਜ ਵਰ੍ਹੇ ਬਾਦ ਹੋਇਆ। ਇਸ ਨੇ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਰਹਿ ਕੇ ਉਨ੍ਹਾਂ ਦੀ ਪ੍ਰੇਰਣਾ ਦੇ ਫਲਸਰੂਪ ਗੁਰੂ ਨਾਨਕ ਦੇਵ ਦਾ ਜੀਵਨ-ਸਮਾਚਾਰ ਅਤੇ ਪਰਉਪਕਾਰੀ ਘਟਨਾਵਾਂ ਦਾ ਵੇਰਵਾ ਸੁਣਾਇਆ। ਇਸ ਵੇਰਵੇ ਨੂੰ ਪੈੜੇ ਮੋਖੇ ਨੇ ਕਲਮ-ਬੰਦ ਕੀਤਾ ਜੋ ਹੁਣ ਭਾਈ ਬਾਲੇ ਵਾਲੀ ਜਨਮਸਾਖੀ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਜਨਮਸਾਖੀ ਤੋਂ ਭਿੰਨ ਹੋਰ ਪੁਰਾਣੀਆਂ ਜਨਮਸਾਖੀਆਂ ਵਿਚ ਬਾਲੇ ਦਾ ਨਾਮ-ਉੱਲੇਖ ਨਹੀਂ ਹੋਇਆ।

ਭਾਈ ਬਾਲੇ ਵਾਲੀ ਜਨਮਸਾਖੀ ਵਿਚ ਅਨੇਕ ਪ੍ਰਕਾਰ ਦੇ ਅਸੰਭਵ ਅਤੇ ਅਯੋਗ ਤੱਥਾਂ ਦੇ ਲਿਖੇ ਹੋਣ ਕਾਰਣ ਇਸ ਦੀ ਪ੍ਰਮਾਣਿਕਤਾ ਅਤੇ ਉਥਾਨਿਕਾ ਬਾਰੇ ਸੰਦੇਹ ਹੋਣ ਲਗ ਗਿਆ। ਸੰਨ 1886 ਈ. ਵਿਚ ਪ੍ਰੋ. ਗੁਰਮੁਖ ਸਿੰਘ ਦੇ 'ਸੁਧਾਰਾਰਕ' ਨਾਂ ਦੇ ਮਾਸਿਕ ਪੱਤਰ ਵਿਚ ਛਪੇ ਲੇਖ ਤੋਂ ਇਹ ਤੱਥ ਹੋਰ ਵੀ ਉਘੜ ਕੇ ਸਾਹਮਣੇ ਆਏ। ਸੰਨ 1912 ਈ. ਵਿਚ ਕਰਮ ਸਿੰਘ ਹਿਸਟੋਰੀਅਨ ਨੇ 'ਕੱਤਕ ਕਿ ਵਿਸਾਖ' ਨਾਂ ਦੀ ਕਿਤਾਬ ਛਾਪ ਕੇ ਬਾਲੇ ਨੂੰ ਕਪੋਲ-ਕਲਪਿਤ ਮੰਨਿਆ। ਬਾਲੇ ਸੰਬੰਧੀ ਨਵੀਨ ਖੋਜ ਇਸ ਦਿਸ਼ਾ ਵਲ ਸੰਕੇਤ ਕਰਦੀ ਹੈ ਕਿ ਭਾਈ ਬਾਲਾ ਹੰਦਾਲ ਦਾ ਪੁੱਤਰ ਅਤੇ ਬਿਧੀਚੰਦ ਦਾ ਵੱਡਾ ਭਰਾ ਸੀ। ਇਹ ਬਿਧੀ ਚੰਦ ਤੋਂ ਤਿੰਨ ਸਾਲ ਵੱਡਾ ਸੀ। 'ਜਨਮਸਾਖੀ ਬਾਬੇ ਹੰਦਾਲ ਕੀ' ਅਤੇ 'ਪੋਥੀ ਬਾਬਾ ਹੰਦਾਲ' ਵਿਚ ਇਸ ਦਾ ਨਾਂ ਬਾਲ-ਚੰਦ ਲਿਖਿਆ ਹੈ। ਸੰਭਵ ਹੈ ਬਿਧੀਚੰਦ ਨੇ ਆਪਣੀ ਮਸੰਦਗੀ ਦੌਰਾਨ ਕੀਤੇ ਕੁਕਰਮਾਂ ਨੂੰ ਛਿਪਾਉਣ ਲਈ ਉਪਲਬਧ ਜਨਮਸਾਖੀ ਵਿਚ ਅਯੋਗ ਅਤੇ ਅਸੰਭਵ ਤੱਥ ਸ਼ਾਮਲ ਕਰ ਕੇ ਗੁਰੂ ਨਾਨਕ ਦੇਵ ਦੇ ਸਰੂਪ ਦੇ ਮੁਕਾਬਲੇ ਆਪਣੇ ਪਿਤਾ ਹੰਦਾਲ ਨੂੰ ਅਧਿਕ ਪ੍ਰਤਿਸ਼ਠਾ ਪ੍ਰਦਾਨ ਕੀਤੀ ਹੋਵੇ ਅਤੇ ਸਾਰੇ ਵਿਵਰਣ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਨ ਲਈ ਆਪਣੇ ਭਰਾ ਬਾਲੇ ਦੇ ਮੂੰਹੋਂ ਅਖਵਾਇਆ ਹੋਵੇ।

ਉਂਜ ਜਨ-ਜੀਵਨ ਅਤੇ ਸ਼ਰਧਾਲੂਆਂ ਵਿਚ ਭਾਈ ਬਾਲੇ ਨੂੰ ਗੁਰੂ ਨਾਨਕ ਦੇਵ ਦਾ

ਨਿਕਟ-ਵਰਤੀ ਸਾਥੀ ਮੰਨਿਆ ਜਾਂਦਾ ਹੈ। ਕੇਦਾਰਨਾਥ 'ਬਾਗ਼ੀ' ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਬਾਲਾ ਤੇ ਮਰਦਾਨਾ ਪੁਛਦੇ ਨੇ, ਦਾਤਾ ਇਹ ਕੀ ਵਰਤਾਰਾ ਏ।'

ਬਾਲੀ : ਇਹ ਰਿਕ੍ਸ਼ਰਾਜ ਦਾ ਪੁੱਤਰ ਅਤੇ ਸੁਗ੍ਰੀਵ ਦਾ ਵੱਡਾ ਭਰਾ ਸੀ। 'ਬਾਲਮੀਕੀ ਰਾਮਾਇਣ' (ਕਿਸ਼ਕਿੰਧਾ ਅਤੇ ਉੱਤਰ ਕਾਂਡ) ਅਨੁਸਾਰ ਰਿਕ੍ਸ਼ਰਾਜ ਦੇ ਕਾਲ-ਵਸ ਹੋਣ ਤੋਂ ਬਾਦ ਇਹ ਰਾਜ-ਗੱਦੀ ਉਤੇ ਬੈਠਾ। ਕਿਸੇ ਇਸਤਰੀ ਦੇ ਚੱਕਰ ਵਿਚ ਫਸ ਕੇ ਇਸ ਦਾ ਦੁੰਦੁਭੀ ਦੇ ਪੁੱਤਰ ਮਾਯਾਵੀ ਨਾਲ ਵੈਰ ਹੋ ਗਿਆ। ਇਕ ਵਾਰ ਮਾਯਾਵੀ ਨੇ ਅੱਧੀ ਰਾਤ ਵੇਲੇ ਬਾਲੀ ਨੂੰ ਲਲਕਾਰਿਆ। ਬਾਲੀ ਅਤੇ ਸੁਗ੍ਰੀਵ ਉਸ ਨਾਲ ਲੜਨ ਲਈ ਬਾਹਰ ਨਿਕਲੇ। ਦੋਹਾਂ ਨੂੰ ਆਉਂਦਿਆਂ ਵੇਖ ਕੇ ਮਾਯਾਵੀ ਜੰਗਲ ਵਲ ਭਜਿਆ ਅਤੇ ਇਕ ਗੁਫਾ ਵਿਚ ਵੜ ਗਿਆ। ਬਾਲੀ ਵੀ ਸੁਗ੍ਰੀਵ ਨੂੰ ਬਾਹਰ ਖੜਾ ਕਰਕੇ ਆਪ ਗੁਫਾ ਵਿਚ ਵੜ ਗਿਆ। ਸੁਗ੍ਰੀਵ ਨੇ ਇਕ ਵਰ੍ਹੇ ਤਕ ਬਾਹਿਰ ਉਡੀਕ ਕੀਤੀ, ਪਰ ਬਾਲੀ ਨਾ ਪਰਤਿਆ, ਸਗੋਂ ਲਹੂ ਦੀ ਇਕ ਧਾਰ ਬਾਹਰ ਵਲ ਵਗਦੀ ਹੋਈ ਦਿਸੀ। ਸੁਗ੍ਰੀਵ ਨੇ ਇਹ ਸਮਝ ਕੇ ਕਿ ਮਾਯਾਵੀ ਨੇ ਬਾਲੀ ਨੂੰ ਮਾਰ ਦਿੱਤਾ ਹੈ, ਗੁਫਾ ਦੇ ਮੂੰਹ ਨੂੰ ਇਕ ਵੱਡੇ ਸਾਰੇ ਪੱਥਰ ਨਾਲ ਬੰਦ ਕਰਕੇ ਵਾਪਸ ਪਰਤ ਆਇਆ ਅਤੇ ਮੰਤਰੀਆਂ ਦੇ ਕਹੇ ਤੇ ਰਾਜ-ਗੱਦੀ ਉਤੇ ਬੈਠ ਗਿਆ।

ਉਧਰ ਬਾਲੀ ਮਾਯਾਵੀ ਨੂੰ ਮਾਰ ਕੇ ਜਦੋਂ ਬਾਹਰ ਨਿਕਲਿਆ ਤਾਂ ਸੁਗ੍ਰੀਵ ਨੂੰ ਉਥੇ ਨਾ ਵੇਖ ਕੇ ਆਪਣੀ ਨਗਰੀ ਵਿਚ ਪਹੁੰਚਿਆ। ਨਗਰੀ ਵਿਚ ਸੁਗ੍ਰੀਵ ਨੂੰ ਗੱਦੀ ਉਤੇ ਬੈਠਿਆਂ ਵੇਖ ਕੇ ਬਹੁਤ ਕਰੋਧਵਾਨ ਹੋਇਆ ਅਤੇ ਸਮਝ ਗਿਆ ਕਿ ਸੁਗ੍ਰੀਵ ਗੱਦੀ ਦੇ ਲਾਲਚ ਵਿਚ ਉਸ ਨੂੰ ਗੁਫਾ ਦੇ ਅੰਦਰ ਬੰਦ ਕਰ ਆਇਆ ਸੀ। ਬਾਲੀ ਨੇ ਸੁਗ੍ਰੀਵ ਨੂੰ ਨਗਰ ਤੋਂ ਕੱਢ ਦਿੱਤਾ ਅਤੇ ਉਸ ਦੀ ਪਤਨੀ 'ਰੂਮਾ' ਨੂੰ ਆਪ ਵਸਾ ਲਿਆ। ਸੁਗ੍ਰੀਵ ਉਥੋਂ ਭਜ ਕੇ ਪੰਪਾਸਰ ਦੇ ਨੇੜੇ ਰਹਿਣ ਲਗਾ। ਇਕ ਦਿਨ ਸੀਤਾ ਨੂੰ ਲਭਦਿਆਂ ਰਾਮ ਅਤੇ ਲਛਮਣ ਰਿਸ਼੍ਯਮੂਕ ਪਰਬਤ ਉਤੇ ਜਾ ਪਹੁੰਚੇ। ਉਥੇ ਉਨ੍ਹਾਂ ਨੂੰ ਪੰਜ ਬਾਂਦਰ ਬੈਠੇ ਮਿਲੇ ਜਿਨ੍ਹਾਂ ਵਿਚ ਸੁਗ੍ਰੀਵ ਅਤੇ ਹਨੂਮਾਨ ਵੀ ਸਨ। ਸੁਗ੍ਰੀਵ ਦੀ ਰਾਮ ਚੰਦਰ ਨਾਲ ਮਿੱਤਰਤਾ ਹੋ ਗਈ। ਸੁਗ੍ਰੀਵ ਨੇ ਸੀਤਾ ਨੂੰ ਲੱਭਣ ਲਈ ਰਾਮ ਦੀ ਇਸ ਸ਼ਰਤ ਤੇ ਸਹਾਇਤਾ ਕਰਨ ਦਾ ਬਚਨ ਦਿੱਤਾ ਕਿ ਉਹ ਬਾਲੀ ਨੂੰ ਮਾਰ ਕੇ ਉਸ ਦੀ ਪਤਨੀ ਵਾਪਸ ਦਿਵਾਉਣ। ਸ੍ਰੀ ਰਾਮ ਨੇ ਬਾਲੀ ਨੂੰ ਮਾਰ ਕੇ ਸੁਗ੍ਰੀਵ ਨੂੰ ਰਾਜ-ਗੱਦੀ ਉਤੇ ਬਿਠਾਇਆ ਅਤੇ ਉਸ ਨੂੰ ਪਤਨੀ ਵਾਪਸ ਦਿਵਾਈ। ਇਸ ਦੇ ਨਾਲ ਹੀ ਬਾਲੀ ਦੀ ਪਤਨੀ ਤਾਰਾ ਅਤੇ ਪੁੱਤਰ ਅੰਗਦ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਸੁਗ੍ਰੀਵ 'ਤੇ ਪਾਈ। ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਇਸ ਵਲ ਸੰਕੇਤ ਕੀਤਾ ਹੈ—'ਅਤ ਕ੍ਰੋਧ ਜੋ ਬਾਲੀ ਤੇ ਰਾਮ ਕੀਤਾ, ਅਤੇ ਤਾੜਕਾ ਪਕੜ ਚਿਰਵਾਇਆ ਈ।'

ਬਾਵਨ, ਅਵਤਾਰ : ਵੇਖੋ 'ਵਾਮਨ, ਅਵਤਾਰ'।

ਬਿਆਸ : ਵੇਖੋ 'ਵਿਆਸ'।

ਬਿਸਨੁ : ਵੇਖੋ 'ਵਿਸ਼ਣੂ'।

ਬਿਕ੍ਰਮਾਜੀਤ, ਰਾਜਾ : ਵੇਖੋ 'ਵਿਕ੍ਰਮਾਦਿਤ੍ਯ, ਰਾਜਾ' ।
ਬਿਜੈ : ਵੇਖੋ 'ਜੈ-ਬਿਜੈ' ।
ਬਿਦਰ : ਵੇਖੋ 'ਵਿਦੁਰ' ।
ਬਿੰਦ੍ਰਾਬਨ : ਬਿੰਦ੍ਰਾ (ਵ੍ਰਿੰਦਾ) ਦੇ ਨਾਂ ਨਾਲ ਸੰਬੰਧਿਤ ਇਕ ਬਨ ਜੋ ਮਥੁਰਾ ਜ਼ਿਲੇ ਵਿਚ ਯਮਨਾ ਦੇ ਕੰਢੇ ਸਥਿਤ ਹੈ । ਵ੍ਰਿੰਦਾ ਦੇ ਕਈ ਅਰਥ ਹਨ ਜਿਵੇਂ—ਤੁਲਸੀ (ਇਕ ਬੂਟਾ), ਰਾਧਿਕਾ, ਜਲੰਧਰ ਅਸੁਰ ਦੀ ਪਤਨੀ ਆਦਿ । ਇਸ ਦਾ 'ਤੁਲਸੀ' ਅਰਥ ਕਰਨ ਵਾਲੇ ਵਿਦਵਾਨ ਬ੍ਰਜ-ਭੂਮੀ ਦੇ ਉਸ ਬਨ ਨੂੰ 'ਬਿੰਦ੍ਰਾਬਨ' ਕਹਿੰਦੇ ਹਨ ਜਿਥੇ ਤੁਲਸੀ ਦੇ ਅਧਿਕ ਬੂਟੇ ਜਾਂ ਬੂਟਿਆਂ ਦਾ ਸਮੂਹ ਹੈ । 'ਰਾਧਿਕਾ' ਅਰਥ ਕਰਨ ਵਾਲੇ ਬ੍ਰਜ-ਭੂਮੀ ਦੇ ਉਸ ਖੇਤਰ ਨੂੰ 'ਬਿੰਦ੍ਰਾਬਨ' ਕਹਿੰਦੇ ਹਨ ਜਿਥੇ ਰਾਧਿਕਾ ਨਾਲ ਕ੍ਰਿਸ਼ਣ ਨੇ ਰਾਸ-ਲੀਲਾ ਕੀਤੀ । 'ਜਲੰਧਰ ਅਸੁਰ ਦੀ ਪਤਨੀ' ਅਰਥ ਕਰਨ ਵਾਲੇ ਇਹ ਸਥਾਪਨਾ ਕਰਦੇ ਹਨ ਕਿ ਵ੍ਰਿੰਦਾ ਦੀ ਪਤਿਬ੍ਰਤਾ ਧਰਮ ਵਿਚ ਦ੍ਰਿੜ੍ਹਤਾ ਕਾਰਣ ਉਹ ਵਿਸ਼ਣੂ ਦੀ ਬਹੁਤ ਪ੍ਰਿਯਾ ਬਣੀ ਅਤੇ ਵਿਸ਼ਣੂ ਦੀ ਕ੍ਰਿਪਾ ਕਰਕੇ ਉਹ ਅਨੇਕ ਗੋਪੀਆਂ ਦੇ ਰੂਪ ਵਿਚ ਬ੍ਰਜ ਪ੍ਰਦੇਸ਼ ਵਿਚ ਅਵਤਰਿਤ ਹੋਈ । ਉਥੇ ਸ੍ਰੀ ਕ੍ਰਿਸ਼ਣ ਨਾਲ ਵਿਹਾਰ ਕਰਨ ਕਰਕੇ ਉਸ ਖੇਤਰ ਦਾ ਨਾਂ ਬਿੰਦ੍ਰਾਬਨ (ਵ੍ਰਿੰਦਾਵਨ) ਪਿਆ । ਪਰ ਜੇ ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਇਨ੍ਹਾਂ ਸਾਰਿਆਂ ਅਰਥਾਂ ਵਿਚ ਇਕ ਸੰਬੰਧ-ਸੂਤ੍ਰ ਹੈ । ਵ੍ਰਿੰਦਾ ਦਾ ਇਕ ਨਾਮਾਂਤਰ 'ਤੁਲਸੀ' ਹੈ । 'ਸ਼ਿਵ-ਪੁਰਾਣ' (ਰੁਦ੍ਰ-ਸੰਹਿਤਾ) ਵਿਚ 'ਜਲੰਧਰ ਵ੍ਰਿੰਦਾ' ਪ੍ਰਸੰਗ 'ਸੰਖਚੂੜ-ਤੁਲਸੀ' ਦੇ ਨਾਂ ਨਾਲ ਦਰਜ ਹੈ । ਇਸੇ ਤਰ੍ਹਾਂ ਮੱਧ-ਯੁਗ ਵਿਚ ਵਿਸ਼ਣੂ-ਕ੍ਰਿਸ਼ਣ ਦੀ ਇਕਰੂਪਤਾ ਕਾਰਣ ਵ੍ਰਿੰਦਾ 'ਰਾਧਿਕਾ' ਰੂਪ ਵਿਚ ਪ੍ਰਗਟ ਹੋਈ ਮੰਨੀ ਜਾਂਦੀ ਹੈ ।

ਹੁਣ ਬਿੰਦ੍ਰਾਬਨ ਇਕ ਪ੍ਰਸਿੱਧ ਵੈਸ਼ਣਵ ਤੀਰਥ ਹੈ । ਇਹ ਮਥੁਰਾ ਤੋਂ 11 ਕਿ. ਮੀ. ਉੱਤਰ ਵਲ ਯਮਨਾ ਦੇ ਕੰਢੇ 'ਤੇ ਸਥਿਤ ਹੈ । ਇਥੇ ਸ੍ਰੀ ਕ੍ਰਿਸ਼ਣ ਨਾਲ ਸੰਬੰਧਿਤ ਅਨੇਕ ਧਾਮ ਅਤੇ ਮੰਦਿਰ ਹਨ । ਅਧਿਆਤਮਿਕ ਦ੍ਰਿਸ਼ਟੀ ਤੋਂ ਇਹ ਜੀਵ ਅਤੇ ਬ੍ਰਹਮ ਦੀ ਤਦਾਰਕਤਾ ਦੀ ਰਾਸ-ਸਥਲੀ ਹੈ । ਚੈਤਨ੍ਯ ਮਤ ਵਾਲਿਆਂ ਦਾ ਇਹ ਮੁੱਖ ਪ੍ਰਚਾਰ-ਕੇਂਦਰ ਹੈ । ਗੁਰੂ ਨਾਨਕ ਦੇਵ ਨੇ ਸ੍ਰੀ ਕ੍ਰਿਸ਼ਣ ਦੁਆਰਾ ਬਿੰਦ੍ਰਾਬਨ ਵਿਚ ਰਾਸ-ਲੀਲਾ ਕਰਨ ਦੇ ਪ੍ਰਸੰਗ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ' (ਅ. ਗ੍ਰੰ. 470) ।

ਬੀਜਾ : ਵੇਖੋ 'ਸੋਰਠ-ਬੀਜਾ' ।
ਬੀਠਲ : ਇਹ ਸੰਸਕ੍ਰਿਤ ਦੇ 'ਵਿਟ੍ਠਲ' ਸ਼ਬਦ ਦਾ ਅਪਭ੍ਰੰਸ਼ ਰੂਪ ਹੈ । ਮਰਾਠੀ ਵਿਚ ਇਸ ਦਾ ਭਾਵ ਹੈ ਅਗਿਆਨੀਆਂ ਦਾ ਉੱਧਾਰ ਕਰਨ ਵਾਲਾ । ਵਾਰਕਰੀ ਸੰਪ੍ਰਦਾਇ ਵਾਲੇ ਇਸ ਨੂੰ ਆਪਣਾ ਈਸ਼ਟ ਦੇਵਤਾ ਮੰਨਦੇ ਹਨ । ਇਸ ਨੂੰ ਵਿਸ਼ਣੂ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ ।

ਰਵਾਇਤ ਹੈ ਕਿ ਇਕ ਵਾਰ ਰੁਕਮਿਣੀ ਸ੍ਰੀ ਕ੍ਰਿਸ਼ਣ ਨਾਲ ਰੁਸ ਕੇ ਦ੍ਵਾਰਿਕਾ ਤੋਂ ਪੰਢਰਪੁਰ ਕੋਲ ਨਦੀ ਦੇ ਕੰਢੇ ਆ ਟਿਕੀ । ਉਸ ਨੂੰ ਲਭਦਿਆਂ ਸ੍ਰੀ ਕ੍ਰਿਸ਼ਣ ਵੀ ਉਥੇ ਪਹੁੰਚ ਗਏ । ਉਥੇ ਇਕ ਸੰਨਿਆਸੀ ਨੇ ਦੋਹਾਂ ਦੀ ਬਹੁਤ ਸੇਵਾ ਕੀਤੀ । ਸ੍ਰੀ ਕ੍ਰਿਸ਼ਣ ਨੇ

ਪ੍ਰਸੰਨ ਹੋ ਕੇ ਵਰ ਦਿੱਤਾ ਕਿ ਉਹ ਉਸ ਦੇ ਘਰ ਜਨਮ ਲੈਣਗੇ। ਕਾਲਾਂਤਰ ਵਿਚ ਸਨਿਆਸੀ ਦੇ ਘਰ ਪੈਦਾ ਹੋਏ ਬਾਲਕ ਦਾ ਨਾਂ 'ਬੀਠਲ' ਰਖਿਆ ਗਿਆ ਅਤੇ ਉਸ ਨੂੰ ਸ੍ਰੀ ਕ੍ਰਿਸ਼ਣ ਦਾ ਅਵਤਾਰ ਮੰਨਿਆ ਗਿਆ।

ਇਕ ਹੋਰ ਰਵਾਇਤ ਅਨੁਸਾਰ ਪੰਢਰਪੁਰ ਦੇ ਪੁੰਡਰੀਕ ਨਾਂ ਦੇ ਬ੍ਰਾਹਮਣ ਵਿਚ ਵਿਸ਼ਣੂ ਦਾ ਅੰਸ਼ ਆ ਗਿਆ ਸੀ। ਇਸ ਲਈ ਉਸ ਨੂੰ ਵਿਸ਼ਣੂ ਦਾ ਅਵਤਾਰ ਮੰਨਿਆ ਜਾਣ ਲਗ ਪਿਆ। ਉਥੇ ਇਸ ਦੀ ਮੂਰਤੀ ਵਿਸ਼ਣੂ ਦੇ ਪ੍ਰਤੀਕ ਵਜੋਂ ਸਥਾਪਿਤ ਹੈ।

ਮਰਾਠੀ ਭਾਸ਼ਾ ਦੇ 'ਬੀਠਲ' ਸ਼ਬਦ ਨੂੰ ਭਗਤ ਨਾਮਦੇਵ ਨੇ ਨਿਰਗੁਣ ਬ੍ਰਹਮ ਲਈ ਵਰਤ ਕੇ ਉਸ ਦੀ ਸਰਵ-ਵਿਆਪਕਤਾ ਨੂੰ ਸਪੱਸ਼ਟ ਕੀਤਾ—'ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ।/ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ' (ਅ. ਗ੍ਰੰ. 485)।

ਬੁੱਢਾ, ਬਾਬਾ : ਸਿੱਖ-ਇਤਿਹਾਸ ਦੀ ਇਕ ਪ੍ਰਸਿੱਧ ਹਸਤੀ ਜਿਸ ਦਾ ਜਨਮ ਸੰਨ 1506 ਈ. (7 ਕਤਕ, 1563 ਬਿ.) ਵਿਚ ਸੁੱਘੇ ਰੰਧਾਵੇ ਦੇ ਘਰ ਗੌਰਾਂ ਦੀ ਕੁੱਖੋਂ ਪਿੰਡ ਕੱਥੂਨੰਗਲ ਜਿਲਾ ਅੰਮ੍ਰਿਤਸਰ ਵਿਚ ਹੋਇਆ। ਇਸ ਦਾ ਬਚਪਨ ਦਾ ਨਾਂ 'ਬੂੜਾ' ਸੀ। ਬਚਪਨ ਵਿਚ ਪਸ਼ੂਆਂ ਨੂੰ ਚਰਾ ਕੇ ਇਹ ਆਪਣਾ ਅਧਿਕਤਰ ਸਮਾਂ ਬਤੀਤ ਕਰਦਾ ਸੀ।

ਸੰਨ 1518 ਈ. (1575 ਬਿ.) ਵਿਚ ਜਦੋਂ ਗੁਰੂ ਨਾਨਕ ਦੇਵ ਇਸ ਦੇ ਪਿੰਡ ਪਹੁੰਚੇ ਤਾਂ ਇਸ ਬਾਲਕ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਅਤੇ ਦੁੱਧ ਛਕਾਇਆ। ਇਸ ਤੋਂ ਇਲਾਵਾ ਗੁਰੂ ਜੀ ਨਾਲ ਕੀਤੇ ਸੰਵਾਦ ਦੌਰਾਨ ਇਸ ਨੇ ਕਈ ਅਧਿਆਤਮਿਕ ਮਸਲਿਆਂ ਬਾਰੇ ਵਿਚਾਰ ਪ੍ਰਗਟ ਕੀਤੇ ਜਿਨ੍ਹਾਂ ਨੂੰ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲਗੇ ਕਿ ਇਤਨੀ ਛੋਟੀ ਉਮਰ ਵਿਚ ਤੂੰ ਬੁੱਢਿਆਂ (ਬਿਰਧਾਂ) ਵਾਲੀਆਂ ਗੱਲਾਂ ਕੀਤੀਆਂ ਹਨ। ਉਸ ਦਿਨ ਤੋਂ 'ਬੂੜਾ' ਦੀ ਥਾਂ ਇਸ ਨੂੰ 'ਬੁੱਢਾ' ਕਿਹਾ ਜਾਣ ਲਗਿਆ। ਉਸ ਪਿੰਡ ਤੋਂ ਚਲਣ ਲਗਿਆਂ ਗੁਰੂ ਜੀ ਬੁੱਢੇ ਨੂੰ ਨਾਲ ਹੀ ਲੈ ਗਏ ਅਤੇ ਬਾਕੀ ਸਮਾਂ ਇਹ ਗੁਰੂ ਜੀ ਪਾਸ ਕਰਤਾਰਪੁਰ ਹੀ ਰਿਹਾ ਅਤੇ ਉਥੇ ਹੀ ਡੇਰੇ ਦੀ ਦੇਖ-ਭਾਲ ਕਰਦਾ ਰਿਹਾ।

ਆਪਣੀ ਅਦੁੱਤੀ ਘਾਲਣਾ ਕਰਕੇ ਬਾਬੇ ਬੁੱਢੇ ਦੀ ਬਹੁਤ ਪ੍ਰਤਿਸ਼ਠਾ ਹੋਈ। ਗੁਰੂ ਅੰਗਦ ਦੇਵ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ ਇਸ ਨੇ ਹੀ ਗੁਰ-ਗੱਦੀ ਦਾ ਤਿਲਕ ਦਿੱਤਾ। ਸੰਨ 1594 ਈ. (1651 ਬਿ.) ਵਿਚ ਪੁੱਤਰ ਦੀ ਦਾਤ ਪ੍ਰਾਪਤ ਕਰਨ ਲਈ ਗੁਰੂ ਅਰਜਨ ਦੇਵ ਨੇ ਮਾਤਾ ਗੰਗਾ ਨੂੰ ਬਾਬੇ ਬੁੱਢੇ ਪਾਸ ਬੀੜ ਵਿਚ ਭੇਜਿਆ। ਸੰਨ 1604 ਈ. (1661 ਬਿ.) ਵਿਚ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋ ਗਈ ਤਾਂ ਗੁਰੂ ਅਰਜਨ ਦੇਵ ਨੇ ਬਾਬਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ।

ਸੰਨ 1631 ਈ. (15 ਮੱਘਰ, 1688 ਬਿ.) ਵਿਚ ਆਪ ਦਾ ਦੇਹਾਂਤ ਪਿੰਡ ਰਮਦਾਸ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਦਾ ਸਸਕਾਰ ਛੇਵੇਂ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ। ਗੁਰੂ-ਗੱਦੀ ਦੇ ਸੰਚਾਲਨ ਵਿਚ ਆਪ ਨੇ ਬੜੀ ਮਹੱਤਵਪੂਰਣ

ਭੂਮਿਕਾ ਨਿਭਾਈ। ਆਪ ਦੀ ਸੰਤਾਨ ਵਿਚ ਭਾਈ ਰਾਮ ਕੁੰਵਰ (ਗੁਰਬਖਸ਼ ਸਿੰਘ) ਦਾ ਨਾਂ ਵਿਸ਼ੇਸ਼ ਉੱਲੇਖਯੋਗ ਹੈ।

ਬੁੱਧ, ਚੰਦ੍ਰਮਾ : ਵੇਖੋ 'ਸੋਮ-ਰਸ', 'ਚੰਦ੍ਰਮਾ'।

ਬੁੱਧ, ਮਹਾਤਮਾ : ਵੇਖੋ 'ਬੁੱਧ-ਮਤ'।

ਬੁੱਧ-ਮਤ : ਇਹ ਇਕ ਆਚਾਰ-ਮਾਰਗ ਹੈ ਜਿਸ ਦੇ ਸੰਸਥਾਪਕ ਮਹਾਤਮਾ ਬੁੱਧ ਹਨ। ਬੁੱਧ ਕੋਈ ਦਰਸ਼ਨ-ਆਚਾਰਯ ਨਹੀਂ ਸਨ ਅਤੇ ਨਾ ਹੀ ਕਿਸੇ ਨਵੇਂ ਦਰਸ਼ਨ ਦੀ ਸਥਾਪਨਾ ਕਰਨਾ ਉਨ੍ਹਾਂ ਦਾ ਉੱਦੇਸ਼ ਸੀ। ਉਨ੍ਹਾਂ ਨੇ ਕੇਵਲ ਮਨੁੱਖ ਦੀ ਜਰਾ-ਮਰਣ ਦੀ ਪ੍ਰਥਮ ਅਤੇ ਪ੍ਰਧਾਨ ਸਮਸਿਆ ਤੋਂ ਛੁਟਕਾਰਾ ਪਾਉਣ ਦੀ ਸਾਧਨਾ-ਪੱਧਤੀ ਦਾ ਆਰੰਭ ਕੀਤਾ। ਭਾਈ ਗੁਰਦਾਸ ਅਨੁਸਾਰ—'ਕਲਿਜੁਗਿ ਬੌਧੁ ਅਉਤਾਰ ਹੈ ਬੋਧੁ ਅਬੋਧੁ ਨਾ ਦ੍ਰਿਸਟੀ ਆਵੈ।' ਕਵੀ ਮੋਹਨ ਸਿੰਘ ਅਨੁਵਾਦਿਤ 'ਏਸ਼ੀਆ ਦਾ ਚਾਨਣ' ਪੁਸਤਕ 'ਮਹਾਤਮਾ ਬੁੱਧ ਦੇ ਜੀਵਨ ਅਤੇ ਚਿੰਤਨ 'ਤੇ ਪ੍ਰਕਾਸ਼ ਪਾਉਂਦੀ ਹੈ।

ਬੁੱਧ ਦੇ ਜੀਵਨ ਬਾਰੇ ਉਪਲਬਧ ਮਿਥਿਕ ਸਾਮਗ੍ਰੀ ਵਿਚੋਂ ਕੁਝ ਤੱਥ ਲਭੇ ਜਾ ਸਕਦੇ ਹਨ। ਇਨ੍ਹਾਂ ਦਾ ਪਹਿਲਾ ਨਾਂ 'ਸਿੱਧਾਰਥ ਗੌਤਮ' ਸੀ ਪਰ ਨਿਰਵਾਣ ਪ੍ਰਾਪਤੀ ਤੋਂ ਬਾਦ ਇਨ੍ਹਾਂ ਦਾ ਨਾਂ 'ਗੌਤਮ ਬੁੱਧ' ਪ੍ਰਸਿੱਧ ਹੋਇਆ। ਸਿੱਧਾਰਥ ਦਾ ਜਨਮ ਸੰਨ 448 ਈ. ਪੂ. ਕਪਿਲ-ਵਸਤੂ ਦੇ ਛਤ੍ਰੀ ਰਾਜੇ ਸੁਧੋਦਨ ਦੇ ਘਰ ਮਾਯਾ ਦੇਵੀ ਦੀ ਕੁੱਖੋਂ ਹੋਇਆ। ਇਨ੍ਹਾਂ ਦੀ ਪਤਨੀ ਦਾ ਨਾਂ ਯਸ਼ੋਧਰਾ ਸੀ, ਜਿਸ ਤੋਂ ਰਾਹੁਲ ਨਾਂ ਦਾ ਇਕ ਪੁੱਤਰ ਪੈਦਾ ਹੋਇਆ। ਬੁੱਧ ਦਾ ਹਿਰਦਾ ਬੜਾ ਕੋਮਲ ਅਤੇ ਸੂਖਮ ਸੀ। ਇਸ ਲਈ ਇਨ੍ਹਾਂ ਤੋਂ ਬਿਰਧ ਅਵਸਥਾ, ਮ੍ਰਿਤੂ ਆਦਿ ਤੋਂ ਹੋਣ ਵਾਲੇ ਦੁਖ ਵੇਖੇ ਨਾ ਗਏ। ਭਰ ਜੁਆਨੀ ਵਿਚ ਘਰ ਬਾਰ ਛਡ ਕੇ ਇਨ੍ਹਾਂ ਸੰਨਿਆਸ ਲੈ ਲਿਆ। ਇਸ ਦੌਰਾਨ ਇਨ੍ਹਾਂ ਦਾ ਅਨੇਕ ਵਿਦਵਾਨਾਂ, ਸਾਧਾਂ, ਪੰਡਿਤਾਂ ਨਾਲ ਵਿਚਾਰ-ਵਟਾਂਦਰਾ ਹੋਇਆ, ਅਨੇਕ ਪ੍ਰਕਾਰ ਦੀ ਕਸ਼ਟਦਾਇਕ ਤਪਸਿਆ ਕੀਤੀ। ਅੰਤ ਵਿਚ ਇਨ੍ਹਾਂ ਨੂੰ 40/45 ਵਰ੍ਹਿਆਂ ਦੀ ਆਯੂ ਵਿਚ ਗਯਾ ਦੇ ਨੇੜੇ ਨਿਰੰਜਨਾ ਨਦੀ ਦੇ ਕੰਢੇ ਬੁੱਧਤ੍ਵ ਪ੍ਰਾਪਤ ਹੋਇਆ ਅਤੇ 80 ਵਰ੍ਹਿਆਂ ਦੀ ਉਮਰ ਵਿਚ ਕੁਸ਼ੀਨਗਰ (ਜ਼ਿਲਾ ਗੋਰਖਪੁਰ) ਵਿਚ ਨਿਰਵਾਣ ਪ੍ਰਾਪਤ ਹੋਇਆ। ਗਯਾ ਵਿਚ ਬੁੱਧਤ੍ਵ ਪ੍ਰਾਪਤ ਹੋਣ ਦੀ ਘਟਨਾ ਵਲ ਕਵੀ ਹਰਿੰਦਰ ਮਹਿਬੂਬ ਨੇ ਸੰਕੇਤ ਕਰਦਿਆਂ ਲਿਖਿਆ ਹੈ—'ਗਯਾ ਦੇ ਬੋਧੀ ਬ੍ਰਿਛ ਦੇ ਹੇਠਾਂ,/ ਸੁੰਨ ਭਿਅੰਕਰ ਛਾਵੇ।'

ਬੁੱਧਤ੍ਵ ਪ੍ਰਾਪਤੀ ਵੇਲੇ ਬੁੱਧ ਨੂੰ ਜਿਨ੍ਹਾਂ ਚਾਰ ਸਚਾਈਆਂ ਦਾ ਬੋਧ ਹੋਇਆ, ਉਹ 'ਚਾਰ ਆਰਯ-ਸਤਿ' ਦੇ ਨਾਂ ਨਾਲ ਪ੍ਰਸਿੱਧ ਹਨ। ਇਹ ਚਾਰ ਸਤਿ (ਸੱਚਾਈਆਂ) ਹਨ—(1) ਜੀਵਨ ਦੁੱਖ-ਮਯ ਹੈ, (2) ਦੁੱਖ ਦਾ ਕਾਰਣ ਮੌਜੂਦ ਹੈ, (3) ਉਸ ਕਾਰਣ ਦੇ ਨਿਵਾਰਣ ਦੁਆਰਾ ਦੁੱਖ ਦਾ ਅੰਤ ਸੰਭਵ ਹੈ, ਅਤੇ (4) ਇਸ ਦੁੱਖ ਦੀ ਨਿਵ੍ਰਿੱਤੀ ਦਾ ਉਪਾ ਅਸ਼ਟਾਂਗ ਮਾਰਗ ਹੈ। ਇਸ ਮਾਰਗ ਦੇ ਅੱਠ ਅੰਗ ਇਹ ਹਨ—(ੳ) ਠੀਕ ਗਿਆਨ (ਵਿਚਾਰ), (ਅ) ਠੀਕ ਸੰਕਲਪ (ਉੱਦੇਸ਼), (ੲ) ਠੀਕ ਬਚਨ, (ਸ) ਠੀਕ ਕਰਮ (ਪੰਚ-ਸ਼ੀਲ-ਅਹਿੰਸਾ, ਅਸਤੇਯ—ਦੂਜੇ ਦਾ ਮਾਲ ਬਿਨਾ ਆਗਿਆ ਨਾ ਲੈਣਾ,

ਸਤਿ ਭਾਸ਼ਣ, ਬ੍ਰਹਮਚਰਯ ਅਤੇ ਨਸ਼ਾ ਨਾ ਕਰਨਾ), (ਹ) ਠੀਕ ਜੀਵਿਕਾ (ਕ) ਠੀਕ ਯਤਨ, (ਖ) ਠੀਕ ਸਮ੍ਰਿਤੀ (ਲੋਭ ਅਤੇ ਨਿਰਾਸ਼ਾ ਤੋਂ ਬਚ ਕੇ ਸੰਸਾਰ, ਸ਼ਰੀਰ ਅਤੇ ਮਨ ਨੂੰ ਅਨਿੱਤ ਸਮਝਣਾ) ਅਤੇ (ਗ) ਠੀਕ ਸਮਾਧੀ। ਇਸ ਅਸ਼ਟਾਂਗ ਮਾਰਗ ਉਤੇ ਠੀਕ ਤਰ੍ਹਾਂ ਚਲਣ ਨਾਲ ਪ੍ਰਗਿਆ (ਸਹੀ ਗਿਆਨ) ਦਾ ਉਦੈ ਹੁੰਦਾ ਹੈ ਅਤੇ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ। ਇਸ ਨਿਰਵਾਣ ਦੀ ਅਵਸਥਾ ਵਿਚ ਸਾਰੀਆਂ ਵਾਸਨਾਵਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਹਰ ਪਾਸੇ ਪੂਰੀ ਸ਼ਾਂਤੀ ਪਸਰ ਜਾਂਦੀ ਹੈ।

ਉਪਰੋਕਤ ਤੱਥਾਂ ਦੇ ਪ੍ਰਕਾਸ਼ ਵਿਚ ਸਪੱਸ਼ਟ ਹੈ ਕਿ ਮਹਾਤਮਾ ਬੁੱਧ ਨੇ ਇਕ ਨੈਤਿਕ ਧਰਮ ਦਾ ਪ੍ਰਚਾਰ ਕੀਤਾ ਜਿਸ ਵਿਚ ਈਸ਼ਵਰ ਦਾ ਕੋਈ ਸਥਾਨ ਨਹੀਂ ਹੈ। ਆਪ ਦੇ ਅਨੁਸਾਰ ਸਤਿ ਮਾਰਗ ਉਤੇ ਚਲ ਕੇ ਮਨੁੱਖ ਇਸ ਜੀਵਨ ਵਿਚ ਆਪਣੇ ਯਤਨ ਨਾਲ ਦੁੱਖ ਤੋਂ ਨਿਵ੍ਰਿੱਤੀ ਪ੍ਰਾਪਤ ਕਰ ਸਕਦਾ ਹੈ। ਮੋਕਸ਼ ਲਈ ਕਿਸੇ ਦੂਜੇ ਦੀ ਸਹਾਇਤਾ ਦੀ ਲੋੜ ਨਹੀਂ, ਇਹ ਮਨੁੱਖ ਦੇ ਆਪਣੇ ਦ੍ਰਿੜ੍ਹ ਸੰਕਲਪ, ਭੀਤਰੀ ਯਤਨ ਅਤੇ ਸਾਧਨਾ ਉਤੇ ਨਿਰਭਰ ਕਰਦਾ ਹੈ। ਇਹੀ ਮੱਧ-ਮਾਰਗ ਹੈ। ਇਸ ਧਰਮ ਦੇ ਤਿੰਨ ਨਾ-ਤਿਆਗੇ ਜਾ ਸਕਣ ਵਾਲੇ ਅੰਗ ਹਨ—ਸ਼ੀਲ, ਸਮਾਧੀ ਅਤੇ ਪ੍ਰਗਿਆ। ਇਨ੍ਹਾਂ ਨੂੰ 'ਤ੍ਰਿਰਤਨ' ਵੀ ਕਿਹਾ ਜਾਂਦਾ ਹੈ। ਸ਼ੁੱਧ ਅਤੇ ਸ਼ਾਂਤ ਚਿੱਤ ਸਮਾਧੀ ਲਈ ਉਪਯੋਗੀ ਹੈ। ਚਿੱਤ ਵਿਚ ਸ਼ੁੱਧਤਾ ਅਤੇ ਸ਼ਾਂਤੀ ਸ਼ੀਲ (right conduct) ਦੁਆਰਾ ਪੈਦਾ ਹੁੰਦੀਆਂ ਹਨ। ਸ਼ਾਂਤ ਚਿੱਤ ਨਾਲ ਸਥਿਰ ਆਸਨ ਉਤੇ ਬੈਠ ਕੇ ਸੁਆਸਾਂ ਉਤੇ ਨਿਯੰਤ੍ਰਣ ਕਰਨਾ ਸਮਾਧੀ ਹੈ ਅਤੇ ਇਸ ਸਮਾਧੀ ਦਾ ਸਿਖਰ ਪ੍ਰਗਿਆ (ਸਹੀ ਗਿਆਨ) ਦਾ ਉਦੈ ਹੋਣਾ ਹੈ ਜਿਸ ਦੇ ਫਲਸਰੂਪ ਨਿਰਵਾਣ ਜਾਂ ਦੁਖ ਤੋਂ ਨਿਵ੍ਰਿੱਤੀ ਮਿਲਦੀ ਹੈ। 'ਨਿਰਵਾਣ' ਦਾ ਅਰਥ ਹੈ ਜੀਵਨ ਰੂਪੀ ਜੁਆਲਾ ਦਾ ਬੁਝ ਜਾਣਾ। ਇਹ ਬੁਝਣਾ ਦੇਹਾਂਤ ਨਾਲ ਸੰਬੰਧਿਤ ਨਹੀਂ, ਮ੍ਰਿਤੂ ਤੋਂ ਬਾਦ ਵੀ ਜਨਮ ਹੁੰਦਾ ਹੈ ਅਤੇ ਇਹ ਕ੍ਰਮ ਉਦੋਂ ਤਕ ਚਲਦਾ ਰਹਿੰਦਾ ਹੈ, ਜਦ ਤਕ ਗਿਆਨ ਪ੍ਰਾਪਤ ਨਹੀਂ ਹੁੰਦਾ। ਗਿਆਨ ਦੀ ਪ੍ਰਾਪਤੀ ਚਾਰ ਸਚਾਈਆਂ ਨੂੰ ਸਾਖਿਆਤ ਕਰਨਾ ਹੈ ਅਤੇ ਇਸ ਲਈ ਅਸ਼ਟਾਂਗ ਮਾਰਗ ਉਤੇ ਚਲਣਾ ਜ਼ਰੂਰੀ ਹੈ।

ਬੁੱਧ ਦੇ ਉਪਦੇਸ਼ ਮਾਗਧੀ ਭਾਸ਼ਾ ਵਿਚ ਸਨ ਜਿਨ੍ਹਾਂ ਨੂੰ ਬੁੱਧ ਦੇ ਪ੍ਰਮੁਖ ਚੇਲਿਆਂ ਨੇ ਬਾਦ ਵਿਚ ਇਕੱਠਾ ਕੀਤਾ, ਜੋ ਹੁਣ 'ਤ੍ਰਿਪਿਟਕ' ਨਾਂ ਨਾਲ ਪ੍ਰਸਿੱਧ ਹਨ। 'ਪਿਟਕ' ਦਾ ਅਰਥ ਹੈ 'ਟੋਕਰੀ'। ਪਹਿਲੇ ਪਿਟਕ ਦਾ ਨਾਂ 'ਸੁੱਤ ਪਿਟਕ' ਹੈ ਜਿਸ ਨੂੰ ਬੁੱਧ-ਮਤ ਦਾ ਵੇਦ ਵੀ ਮੰਨਿਆ ਜਾਂਦਾ ਹੈ। ਇਸ ਵਿਚ ਬੁੱਧ ਦੀਆਂ ਸੂਕਤੀਆਂ ਦਾ ਸੰਕਲਨ ਹੋਇਆ ਹੈ। ਦੂਜੇ ਦਾ ਨਾਂ 'ਵਿਨਯ ਪਿਟਕ' ਹੈ ਜਿਸ ਵਿਚ ਬੁੱਧ ਧਰਮ ਦੇ ਆਚਾਰ ਅਤੇ ਅਨੁਸ਼ਾਸਨ ਦੇ ਨਿਯਮਾਂ ਦਾ ਸੰਗ੍ਰਹਿ ਹੋਇਆ ਹੈ। ਤੀਜੇ ਦਾ ਨਾਂ 'ਅਭਿਧੰਮ ਪਿਟਕ' ਹੈ ਜੋ ਬੁੱਧ-ਦਰਸ਼ਨ ਅਤੇ ਤਰ੍ਕ-ਸ਼ਾਸਤ੍ਰ ਦਾ ਆਧਾਰ ਹੈ।

ਭਾਵੇਂ ਮਹਾਤਮਾ ਬੁੱਧ ਨੇ ਕਿਸੇ ਦਾਰਸ਼ਨਿਕ ਮਤਵਾਦ ਦਾ ਪ੍ਰਚਾਰ/ਪ੍ਰਸਾਰ ਨਹੀਂ ਕੀਤਾ, ਪਰ ਗੰਭੀਰਤਾ ਨਾਲ ਵੇਖਿਆਂ ਇਨ੍ਹਾਂ ਦੇ ਧਰਮ ਅਤੇ ਨੀਤੀ-ਸ਼ਾਸਤ੍ਰ ਦੇ ਮੂਲ ਵਿਚ ਹੀ ਇਕ ਦਾਰਸ਼ਨਿਕ ਮਤ ਸਥਿਤ ਹੈ। ਇਸ ਮਤ ਦਾ ਸਮੁੱਚਾ ਸਰੂਪ ਹੈ—

'ਸਰਵੰ ਅਨਿਤ੍ਯੰ'। ਇਸ ਤੋਂ ਭਾਵ ਹੈ—ਸੰਸਾਰ ਦੀ ਕੋਈ ਵਸਤੂ ਵੀ ਸਥਾਈ ਨਹੀਂ ਹੈ। ਹਰ ਇਕ ਦ੍ਰਵ੍ਯ ਪਰਿਵਰਤਨਸ਼ੀਲ ਹੈ। ਹਰ ਛਿਣ ਪੁਰਾਣਾ ਖ਼ਤਮ ਹੋ ਰਿਹਾ ਹੈ ਅਤੇ ਨਵਾਂ ਜਨਮ ਲੈ ਰਿਹਾ ਹੈ। ਇਹ ਸੰਸਾਰ ਨਦੀ ਦੀ ਧਾਰਾ ਵਾਂਗ ਸਦਾ ਗਤਿਸ਼ੀਲ ਹੈ। ਇਸ ਲਈ ਸਭ ਚੀਜ਼ਾਂ ਛਿਣਭੰਗਰ ਹਨ—'ਸਰਵੰ ਕ੍ਸ਼ਣਿਕੰ'। ਇਸ ਵਾਸਤੇ ਇਸ ਦ੍ਰਿਸ਼ਟੀ ਤੋਂ ਇਹ ਮਤਵਾਦ 'ਕ੍ਸ਼ਣਿਕਵਾਦ' ਹੈ।

ਬੁੱਧ ਅਨੁਸਾਰ ਹਰ ਇਕ ਵਸਤੂ ਵਿਸ਼ੇਸ਼ ਹੈ, ਇਕ ਵਸਤੂ ਦੇ ਧਰਮ ਨਾਲੋਂ ਦੂਜੀ ਵਸਤੂ ਦਾ ਧਰਮ ਬਿਲਕੁਲ ਭਿੰਨ ਹੈ। ਸਭ ਦਾ ਆਪਣਾ ਆਪਣਾ ਲੱਛਣ ਹੈ—'ਸਰਵੰ ਸ੍ਵਲਕ੍ਸ਼ਣੰ'। ਇਸ ਤਰ੍ਹਾਂ ਨਾ ਈਸ਼ਵਰ ਹੈ ਅਤੇ ਨਾ ਹੀ ਕੋਈ ਆਤਮਾ। ਅਨਿਤ੍ਯ ਹੋਣ ਕਾਰਣ ਆਤਮਾ ਕੋਈ ਸਥਾਈ ਦ੍ਰਵ੍ਯ ਨਹੀਂ ਹੈ। ਮਨੁੱਖ ਦਾ ਸ਼ਰੀਰ ਪੰਜ ਸਕੰਧਾਂ—ਰੂਪ ਸਕੰਧ, ਵੇਦਨਾ ਸਕੰਧ, ਸੰਗਿਆ ਸਕੰਧ, ਸੰਸਾਰ ਸਕੰਧ ਅਤੇ ਵਿਗਿਆਨ ਸਕੰਧ—ਦੇ ਮੇਲ ਨਾਲ ਹੋਂਦ ਵਿਚ ਆਉਂਦਾ ਹੈ। ਫਲਸਰੂਪ ਇਹ ਪੰਜ ਸਕੰਧਾਂ ਦਾ ਸਮੁੱਚ ਹੈ।

ਆਤਮਾ ਦੀ ਸੱਤਾ ਨੂੰ ਨਾ ਮੰਨਣ ਦੇ ਬਾਵਜੂਦ ਵੀ ਬੁੱਧ ਦੇਵ ਜਨਮਾਂਤਰ ਵਿਚ ਵਿਸ਼ਵਾਸ ਰਖਦੇ ਸਨ। ਜਨਮ-ਜਨਮਾਂਤਰ ਦੀ ਅਰੁਕ ਧਾਰਾ ਚਲਦੀ ਰਹਿੰਦੀ ਹੈ। ਇਸ ਦਾ ਆਧਾਰ ਕਰਮ ਹਨ। ਵਿਅਕਤੀ ਜੋ ਕਰਮ ਕਰਦਾ ਹੈ ਉਸ ਦਾ ਫਲ ਭੋਗਦਾ ਹੈ। ਨਿਰਵਾਣ ਪ੍ਰਾਪਤੀ ਲਈ ਪਹਿਲੀ ਪੌੜੀ ਹੀ ਨਿਸ਼ਕਾਮ/ਸ਼ੁਭ ਕਰਮਾਂ ਦਾ ਕਰਨਾ ਹੈ।

ਮਹਾਤਮਾ ਬੁੱਧ ਤੋਂ ਬਾਦ ਉਨ੍ਹਾਂ ਦੇ ਅਨੁਯਾਈਆਂ ਵਿਚ ਅਨੇਕ ਮਤ-ਭੇਦ ਪੈਦਾ ਹੋ ਗਏ ਅਤੇ ਬੁੱਧ ਦੇ ਉਪਦੇਸ਼ ਦੀ ਵੀ ਵੱਖ-ਵੱਖ ਢੰਗਾਂ ਨਾਲ ਵਿਆਖਿਆ ਹੋਣ ਲਗੀ। ਫਲਸਰੂਪ ਬੁੱਧ ਦੇ ਅਨੁਯਾਈ ਦੋ ਸ਼ਾਖਾਵਾਂ ਵਿਚ ਵੰਡੇ ਗਏ। ਨਵੀਂ ਸ਼ਾਖਾ ਵਾਲਿਆਂ ਨੇ ਆਪਣੇ ਆਪ ਨੂੰ ਮਹਾਯਾਨ (ਉੱਚਾ ਮਾਰਗ ਜਾਂ ਵਾਹਨ) ਦੇ ਨਾਂ ਨਾਲ ਪ੍ਰਸਿੱਧ ਕੀਤਾ ਅਤੇ ਪੁਰਾਣੇ ਵਿਚਾਰਾਂ ਵਾਲੇ ਅਨੁਯਾਈਆਂ ਨੂੰ 'ਹੀਨਯਾਨ' (ਨੀਵਾਂ ਮਾਰਗ ਜਾਂ ਵਾਹਨ) ਨਾਂ ਦਿੱਤਾ ਗਿਆ। ਮਹਾਯਾਨ ਵਾਲੇ ਆਪਣੇ ਆਪ ਨੂੰ ਵੱਡਾ ਯਾਨ ਮੰਨਦੇ ਹਨ ਅਤੇ ਦੂਜੇ ਨੂੰ ਛੋਟਾ, ਕਿਉਂਕਿ ਹੀਨਯਾਨ ਨਿਰਵਾਣ ਨੂੰ ਕੁਝ ਗਿਣੇ ਮਿਥੇ ਬੰਦਿਆਂ ਤਕ ਸੀਮਿਤ ਕਰ ਦਿੰਦਾ ਹੈ। ਮਹਾਯਾਨੀਆਂ ਨੇ ਬੁੱਧ ਦੇ ਉਪਦੇਸ਼ਾਂ ਦੀ ਸੰਸਕ੍ਰਿਤ ਭਾਸ਼ਾ ਰਾਹੀਂ ਵਿਆਖਿਆ ਕੀਤੀ ਅਤੇ ਹੀਨਯਾਨੀਆਂ ਨੇ ਪਾਲੀ ਭਾਸ਼ਾ ਵਿਚ ਬੁੱਧ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਦੋਹਾਂ ਸ਼ਾਖਾਵਾਂ ਦੇ ਅਗੋਂ ਦੋ ਦੋ ਸੰਪ੍ਰਦਾਇ ਬਣ ਗਏ। ਵੈਭਾਸ਼ਿਕ ਅਤੇ ਸੌਤ੍ਰਾਂਤਿਕ ਹੀਨਯਾਨ ਦੇ ਸੰਪ੍ਰਦਾਇ ਹਨ ਅਤੇ ਯੋਗਾਚਾਰ ਤੇ ਮਾਧਮਿਕ ਮਹਾਯਾਨ ਦੇ ਸੰਪ੍ਰਦਾਇ ਹਨ।

ਈਸਵੀ ਪੂਰਵ ਦੂਜੀ ਸਦੀ ਵਿਚ ਕਾਤ੍ਯਾਯਨੀ-ਪੁੱਤਰ ਦੁਆਰਾ ਚਲਾਈ ਵੈਭਾਸ਼ਿਕ ਸੰਪ੍ਰਦਾਇ ਸਰਵ-ਸਾਧਾਰਣ ਯਥਾਰਥਵਾਦ ਉਤੇ ਆਧਾਰਿਤ ਹੈ। ਇਸ ਅਨੁਸਾਰ ਮਾਨਸਿਕ ਅਤੇ ਭੌਤਿਕ ਦੋਹਾਂ ਤਰ੍ਹਾਂ ਦੇ ਪਦਾਰਥ ਸਤਿ ਹਨ। ਬਾਹਰਲੇ ਪਦਾਰਥਾਂ ਦਾ ਗਿਆਨ ਸੱਚ ਰਾਹੀਂ ਹੁੰਦਾ ਹੈ, ਇਸ ਲਈ ਇਸ ਨੂੰ 'ਬਾਹ੍ਯ ਪ੍ਰਤਕ੍ਸ਼ਵਾਦ' ਵੀ ਕਹਿੰਦੇ ਹਨ।

ਸੌਤ੍ਰਾਂਤਿਕ ਸੰਪ੍ਰਦਾਇ ਦਾ ਆਰੰਭ ਦੂਜੀ ਸਦੀ ਵਿਚ ਕੁਮਾਰ ਲਾਤ ਨੇ ਕੀਤਾ। ਇਹ ਆਧੁਨਿਕ ਯਥਾਰਥਵਾਦ ਦੇ ਬਹੁਤ ਅਨੁਰੂਪ ਹੈ। ਵੈਭਾਸ਼ਿਕ ਮਤ ਵਾਂਗ ਇਸ ਵਿਚ ਵੀ ਮਾਨਸਿਕ ਅਤੇ ਭੌਤਿਕ ਦੋਹਾਂ ਪਦਾਰਥਾਂ ਨੂੰ ਸਤਿ ਮੰਨਿਆ ਜਾਂਦਾ ਹੈ। ਪਰ ਇਸ ਦੀ ਵਿਲੱਖਣਤਾ ਇਸ ਵਿਚ ਹੈ ਕਿ ਬਾਹਰਲੇ ਵਿਸ਼ਿਆਂ ਦਾ ਗਿਆਨ ਪ੍ਰਤੱਖ ਦੁਆਰਾ ਨਹੀਂ, ਸਗੋਂ ਅਨੁਮਾਨ ਦੁਆਰਾ ਹੁੰਦਾ ਹੈ, ਇਸ ਲਈ ਇਸ ਨੂੰ 'ਬਾਹ੍ਯਾਨੁਮੇਯਵਾਦ' ਨਾਂ ਵੀ ਦਿੱਤਾ ਜਾਂਦਾ ਹੈ।

ਤੀਜੀ ਸਦੀ ਵਿਚ ਮੈਤ੍ਰੇਯ ਨੇ ਯੋਗਾਚਾਰ ਸੰਪ੍ਰਦਾਇ ਦੀ ਸਥਾਪਨਾ ਕੀਤੀ। ਇਹ ਮਤ ਇਕ ਪ੍ਰਕਾਰ ਦਾ ਵਿਗਿਆਨਵਾਦ ਹੈ। ਇਸ ਅਨੁਸਾਰ ਕੇਵਲ ਮਾਨਸਿਕ ਵਿਗਿਆਨ ਹੀ ਸਤਿ ਹੈ, ਬਾਹਰਲੇ ਪਦਾਰਥ ਕਾਲਪਨਿਕ ਅਤੇ ਮਿਥਿਆ ਹਨ। ਇਨ੍ਹਾਂ ਦੀ ਪ੍ਰਤੀਤੀ ਮਾਯਾ ਤੋਂ ਪੈਦਾ ਹੋਇਆ ਭਰਮ ਹੈ। ਮਾਧਮਿਕ ਸੰਪ੍ਰਦਾਇ ਦੀ ਸਥਾਪਨਾ ਪ੍ਰਸਿੱਧ ਬੋਧੀ ਆਚਾਰਯ ਨਾਗਾਰਜੁਨ ਨੇ ਦੂਜੀ ਸਦੀ ਵਿਚ ਕੀਤੀ। ਬੋਧੀ ਦਰਸ਼ਨ ਵਿਚ ਇਸ ਸ਼ਾਖਾ ਦਾ ਵਿਸ਼ੇਸ਼ ਅਤੇ ਮੁੱਖ ਸਥਾਨ ਹੈ। ਇਸ ਦੇ ਮਤ ਅਨੁਸਾਰ ਮਾਨਸਿਕ ਅਤੇ ਭੌਤਿਕ, ਅੰਦਰਲੇ ਅਤੇ ਬਾਹਰਲੇ ਦੋਹਾਂ ਤਰ੍ਹਾਂ ਦੇ ਪਦਾਰਥ ਅਸਤਿ ਅਤੇ ਸ਼ੂਨ੍ਯ ਹਨ। ਸ਼ੂਨ੍ਯ ਵਿਚ ਵਿਸ਼ਵਾਸ ਰੱਖਣ ਕਾਰਣ ਇਸ ਦਾ ਸਰੂਪ ਦਸ ਸਕਣਾ ਸੰਭਵ ਨਹੀਂ ਹੈ। ਇਸ ਵਾਸਤੇ ਹਰ ਇਕ ਵਸਤੂ ਨਿਰਸਰੂਪ ਹੈ। ਆਧੁਨਿਕ ਬੋਧੀ ਵਿਦਵਾਨਾਂ ਅਨੁਸਾਰ ਜੇ ਸ਼ੂਨ੍ਯ (ਸੁੰਨ) ਦੇ ਅਰਥ ਅਨਿਰਵਚਨੀਅਤਾ (ਅਕਥਨੀਅਤਾ) ਮੰਨ ਲਿਆ ਜਾਏ ਤਾਂ ਮਾਧਮਿਕਾਂ ਦਾ ਸ਼ੂਨ੍ਯ ਵੇਦਾਂਤੀਆਂ ਦੇ 'ਬ੍ਰਹਮ' ਵਾਂਗ ਹੀ ਸਿੱਧ ਹੁੰਦਾ ਹੈ।

ਉਪਰੋਕਤ ਚਾਰੇ ਬੋਧ ਸੰਪ੍ਰਦਾਇ ਇਕ ਸਮਾਨ ਨਿਰੀਸ਼ਵਰਵਾਦੀ ਹਨ। ਈਸ਼ਵਰ ਅਤੇ ਆਤਮਾ ਨੂੰ ਨਾ ਮੰਨਣ ਦੇ ਬਾਵਜੂਦ ਵੀ ਬੋਧੀ ਚਿੰਤਕ ਕਰਮ ਸਿੱਧਾਂਤ ਵਿਚ ਵਿਸ਼ਵਾਸ ਰਖਦੇ ਹਨ। ਗੁਰੂ ਨਾਨਕ ਦੇਵ ਨੇ 'ਜਪੁਜੀ' ਵਿਚ ਪਰਮਾਤਮਾ ਵਲੋਂ ਅਨੇਕ ਬੁੱਧਾਂ ਦੀ ਸਿਰਜਨਾ ਹੋਈ ਦਸੀ ਹੈ—'ਆਖਹਿ ਕੇਤੇ ਕੀਤੇ ਬੁਧ'।

ਬੁਰਹਾਨਪੁਰ : ਮੱਧ-ਪ੍ਰਦੇਸ਼ ਦਾ ਇਕ ਪ੍ਰਸਿੱਧ ਨਗਰ ਜੋ ਪੂਰਵੀ ਨਿਮਾੜ ਜ਼ਿਲੇ ਵਿਚ ਤਾਪਤੀ ਨਦੀ ਦੇ ਕੰਢੇ ਵਸਿਆ ਹੋਇਆ ਹੈ। ਲਾਲਬਾਗ਼ ਰੇਲਵੇ ਸਟੇਸ਼ਨ ਤੋਂ ਤਿੰਨ ਕਿ. ਮੀ. ਦੀ ਵਿਥ ਉਤੇ ਵਸੇ ਇਸ ਨਗਰ ਦੀ ਸਥਾਪਨਾ ਸੰਨ 1400 ਈ. ਵਿਚ ਨਾਸਿਰ ਖ਼ਾਂ ਨੇ ਕੀਤੀ ਸੀ। ਸਿੱਖ-ਇਤਿਹਾਸ ਵਿਚ ਇਸ ਨਗਰ ਦਾ ਵਿਸ਼ੇਸ਼ ਮਹੱਤਵ ਹੈ। ਇਥੇ ਪਹਿਲੇ ਗੁਰੂ ਨਾਨਕ ਦੇਵ ਉਦਾਸੀਆਂ ਦੌਰਾਨ ਆਏ ਸਨ। ਫਿਰ ਗੁਰੂ ਗੋਬਿੰਦ ਸਿੰਘ ਨਾਂਦੇੜ ਵਲ ਜਾਂਦਿਆਂ ਕੁਝ ਸਮੇਂ ਲਈ ਇਥੇ ਠਹਿਰੇ ਸਨ। ਇਥੇ ਕੁਝ ਇਤਿਹਾਸਿਕ ਗੁਰੂ-ਧਾਮਾਂ ਤੋਂ ਇਲਾਵਾ ਬਾਬਾ ਹਠੀ ਸਿੰਘ ਦੀ ਸਮਾਧ ਵੀ ਹੈ। ਸੁਥਰੇ-ਸ਼ਾਹੀਆਂ ਦਾ ਵੀ ਇਥੇ ਡੇਰਾ ਹੈ। ਗੁਰੂ ਨਾਨਕ ਦੇਵ ਜੀ ਨੇ ਇਥੇ ਧਰਮਸਾਲ ਸਥਾਪਿਤ ਕਰਕੇ ਸਿੱਖੀ ਦਾ ਪ੍ਰਚਾਰ ਕੇਂਦਰ ਬਣਾਇਆ। ਭਾਈ ਗੁਰਦਾਸ ਅਨੁਸਾਰ— 'ਮੇਲੁ ਵਡਾ ਬੁਰਹਾਨਪੁਰਿ ਸਨਮੁਖ ਸਿਖ ਸਹਜੁ ਪਰਗਾਸੁ' (11/30)।

ਬੁਰਾਕ : ਉਹ ਘੋੜਾ ਜਿਸ ਉਤੇ ਸਵਾਰ ਹੋ ਕੇ ਹਜ਼ਰਤ ਮੁਹੰਮਦ ਨੇ ਆਸਮਾਨੀ ਯਾਤ੍ਰਾ ਕੀਤੀ ਸੀ। ਵੇਖੋ 'ਮਿਅਰਾਜ'।

ਬੁਲ੍ਹੇਸ਼ਾਹ, ਸਾਈਂ : ਪੰਜਾਬ ਦਾ ਇਕ ਪ੍ਰਸਿੱਧ ਸੂਫ਼ੀ ਦਰਵੇਸ਼ ਜਿਸ ਦਾ ਜਨਮ ਪਿੰਡ ਪਾਂਡੋਕੇ, ਤਹਿਸੀਲ ਕਸੂਰ, ਜ਼ਿਲਾ ਲਾਹੌਰ ਵਿਚ ਸੰਨ 1680 ਈ. (1103 ਹਿ.) ਨੂੰ ਸਖ਼ੀ ਮੁਹੰਮਦ ਦੇ ਘਰ ਹੋਇਆ। ਇਸ ਦਾ ਅਸਲ ਨਾਂ ਅਬਦੁੱਲਾ ਸੀ ਕਿਉਂਕਿ ਆਪਣੀ ਰਚੀ 40ਵੀਂ 'ਗੰਢ' ਦੇ ਅੰਤ ਉਤੇ ਇਸ ਨੇ ਲਿਖਿਆ ਹੈ—'ਪੀਆ ਹੀ ਸਭ ਹੋ ਗਿਆ ਅਬਦੁੱਲਾ ਨਾਹੀਂ।' ਕਹਿੰਦੇ ਹਨ ਕਿ ਇਸ ਦੇ ਬਜ਼ੁਰਗ ਪਿੰਡ ਉੱਚ-ਸ਼ਰੀਫ਼ ਗੀਲਾਨੀਆਂ (ਰਿਆਸਤ ਬਹਾਵਲਪੁਰ) ਦੇ ਰਹਿਣ ਵਾਲੇ ਸਨ। ਉਥੇ ਹੀ ਇਸ ਦਾ ਜਨਮ ਹੋਇਆ ਅਤੇ ਜਦੋਂ ਇਹ ਛੇ ਮਹੀਨਿਆਂ ਦਾ ਹੋਇਆ ਤਾਂ ਇਸ ਦਾ ਪਰਿਵਾਰ ਉਥੋਂ ਉਠ ਕੇ ਪਹਿਲਾਂ ਮਲਕਵਾਲ ਟਿਕਿਆ ਅਤੇ ਫਿਰ ਪਿੰਡ ਪਾਂਡੋਕੇ ਆ ਵਸਿਆ। ਬੁਲ੍ਹੇਸ਼ਾਹ ਦਾ ਬਚਪਨ ਇਸੇ ਪਿੰਡ ਵਿਚ ਬੀਤਿਆ। ਬਚਪਨ ਵਿਚ ਇਸ ਨੇ ਪਸ਼ੂ ਚਾਰੇ ਸਨ। ਵੱਡੇ ਹੋ ਕੇ ਇਹ ਮੌਲਵੀ ਗੁਲਾਮ ਮੁਰਤਜ਼ਾ ਪਾਸੋਂ ਵਿਦਿਆ ਪ੍ਰਾਪਤੀ ਲਈ ਕਸੂਰ ਗਿਆ। ਪਰ ਸਹਿਜੇ-ਸਹਿਜੇ ਦੁਨਿਆਵੀ ਵਿਦਿਆ ਵਲੋਂ ਇਸ ਦਾ ਰੁਝਾਨ ਘਟ ਗਿਆ ਅਤੇ ਉਪਰਾਮ ਹੋ ਕੇ ਇਧਰ-ਉਧਰ ਜਿਗਿਆਸੂ ਵਜੋਂ ਘੁੰਮਦਾ ਫਿਰਦਾ ਰਿਹਾ।

ਬਟਾਲੇ ਪਹੁੰਚਣ 'ਤੇ ਸ਼ੇਖ਼ ਫ਼ਾਜ਼ਿਲਉੱਦੀਨ ਨੇ ਇਸ ਨੂੰ ਕਾਦਰੀ ਸਿਲਸਿਲੇ ਦੇ ਸੂਫ਼ੀ ਫ਼ਕੀਰ ਸ਼ਾਹ ਇਨਾਇਤ ਪਾਸ ਲਾਹੌਰ ਭੇਜਿਆ। ਉਥੇ ਪਹੁੰਚ ਕੇ ਇਹ ਸ਼ਾਹ ਦਾ ਮੁਰੀਦ ਬਣਿਆ ਅਤੇ ਉਸ ਦੀ ਪ੍ਰਸੰਨਤਾ ਹਾਸਲ ਕਰਨ ਲਈ ਦਿਨ-ਰਾਤ ਤਪੱਸਿਆ ਕਰਨ ਲਗਾ। ਰਵਾਇਤ ਅਨੁਸਾਰ ਜਦੋਂ ਇਹ ਸ਼ਾਹ ਪਾਸ ਆਇਆ ਤਾਂ ਉਹ ਪਿਆਜ਼ਾਂ ਦੀ ਪਨੀਰੀ ਲਗਾ ਰਿਹਾ ਸੀ। ਉਸ ਵੇਲੇ ਸ਼ਾਹ ਤੋਂ ਬੁਲ੍ਹੇ ਨੇ ਰੱਬ ਨੂੰ ਮਿਲਣ ਦੀ ਵਿਧੀ ਪੁੱਛੀ। ਸ਼ਾਹ ਨੇ ਪਨੀਰੀ ਵਲ ਸੰਕੇਤ ਕਰਦਿਆਂ ਕਿਹਾ—'ਬੁਲ੍ਹਿਆ ਰਬ ਦਾ ਕੀ ਪਾਉਣਾ।/ਐਧਰੋਂ ਪੁਟਣਾ ਉਧਰ ਲਾਉਣਾ।' ਆਪਣੀ ਤਪੱਸਿਆ ਨਾਲ ਬੁਲ੍ਹਾ ਸ਼ਾਹ ਇਨਾਇਤ ਦੀ ਪ੍ਰਸੰਨਤਾ ਦਾ ਪਾਤਰ ਬਣਿਆ।

ਸ਼ਾਹ ਇਨਾਇਤ ਦੀ ਮੌਤ ਤੋਂ ਬਾਦ ਇਹ ਗੱਦੀ ਉਤੇ ਬੈਠਾ ਅਤੇ 30 ਵਰ੍ਹੇ ਉਸ ਗੱਦੀ ਉਤੇ ਬੈਠ ਕੇ ਇਸ ਨੇ ਸੂਫ਼ੀ ਵਿਚਾਰਧਾਰਾ ਦਾ ਬੜੀ ਉਦਾਰਤਾ ਨਾਲ ਪ੍ਰਚਾਰ ਕੀਤਾ। ਇਸ ਦੀ ਮ੍ਰਿਤੂ ਸੰਨ 1757 ਈ. (1171 ਹਿ.) ਵਿਚ ਕਸੂਰ ਵਿਚ ਹੋਈ। ਉਥੇ ਹੀ ਇਸ ਦਾ ਮਜ਼ਾਰ ਬਣਿਆ ਹੋਇਆ ਹੈ।

ਪੰਜਾਬ ਦੀ ਸੂਫ਼ੀ ਪਰੰਪਰਾ ਵਿਚ ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਤੋਂ ਬਾਦ ਇਸ ਦਾ ਸਥਾਨ ਨਿਸ਼ਚਿਤ ਕੀਤਾ ਜਾਂਦਾ ਹੈ। ਇਸ ਨੇ ਕੁਲ 156 ਕਾਫ਼ੀਆਂ, 3 ਸੀਹਰਫ਼ੀਆਂ, 40 ਗੰਢਾਂ, 49 ਦੋਹੜੇ, ਇਕ ਬਾਰਹਮਾਹ ਅਤੇ ਇਕ ਅਠਵਾਰਾ ਲਿਖਿਆ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਬੁਲ੍ਹੇ ਸ਼ਾਹ ਨੇ ਸੂਫ਼ੀ ਰਹੱਸਵਾਦ ਨੂੰ ਬੜੀ ਢੁੱਕਵੀਂ ਸ਼ੈਲੀ ਵਿਚ ਰੂਪਾਇਤ ਕੀਤਾ। ਇਹ ਮਜ਼ਹਬੀ ਹਦਬੰਦੀਆਂ, ਪਾਖੰਡ-ਕਰਮਾਂ, ਝੂਠੇ ਦਿਖਾਵਿਆਂ ਅਤੇ ਰੂੜ੍ਹ ਪਰੰਪਰਾਵਾਂ ਦੇ ਵਿਰੁੱਧ ਸੀ ਅਤੇ ਉਨ੍ਹਾਂ ਦਾ ਖੰਡਨ ਕਰਨੋਂ ਵੀ ਸੰਕੋਚ ਨਹੀਂ ਕਰਦਾ ਸੀ। ਇਸ ਪ੍ਰਤਿ ਇਸਲਾਮ ਤੋਂ ਭਿੰਨ ਧਰਮਾਂ ਵਾਲੇ ਵੀ ਸ਼ਰਧਾ ਰਖਦੇ ਸਨ। ਇਸੇ ਲਈ ਕਵੀ ਦੀਦਾਰ ਸਿੰਘ ਨੇ ਲਿਖਿਆ ਹੈ—'ਨਾਨਕ ਬੁਲ੍ਹੇ ਫ਼ਰੀਦ ਦੀ ਧਰਤ ਉਤੇ,/ਕੁਕੜ ਖੇਹ ਉਡੀ ਰੱਬੀ ਪ੍ਰੀਤ ਵਾਲੀ।'

ਬੇਣੀ-ਸੰਗਮ : ਵੇਖੋ 'ਤ੍ਰਿਬੇਣੀ-ਸੰਗਮ'।

ਬੇਣੀ, ਭਗਤ : ਇਕ ਪ੍ਰਸਿੱਧ ਭਗਤ ਕਵੀ ਜਿਸ ਦੇ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਸਿਰੀ, ਪ੍ਰਭਾਤੀ ਅਤੇ ਰਾਮਕਲੀ ਰਾਗਾਂ ਵਿਚ ਸੰਕਲਿਤ ਹਨ। ਇਹ ਕਦ ਅਤੇ ਕਿਥੇ ਹੋਇਆ, ਇਸ ਬਾਰੇ ਇਤਿਹਾਸ ਤੋਂ ਕੋਈ ਗਵਾਹੀ ਨਹੀਂ ਮਿਲਦੀ। ਪਰ ਇਤਨਾ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ (ਸੰਨ 1604 ਈ.) ਤੋਂ ਪਹਿਲਾਂ ਇਸ ਨੇ ਆਪਣੀ ਬਾਣੀ ਰਚ ਦਿੱਤੀ ਸੀ। ਇਸ ਲਈ ਇਹ ਸੋਲ੍ਹਵੀਂ ਸਦੀ ਵਿਚ ਜਾਂ ਇਸ ਤੋਂ ਪਹਿਲਾਂ ਹੋਇਆ ਸੀ।

ਭਾਈ ਗੁਰਦਾਸ ਨੇ ਆਪਣੀ ਦਸਵੀਂ ਵਾਰ ਦੀ ਚੌਦਵੀਂ ਪਉੜੀ ਵਿਚ ਇਸ ਦੇ ਜੀਵਨ ਬਾਰੇ ਕੇਵਲ ਇਤਨਾ ਲਿਖਿਆ ਹੈ ਕਿ ਇਹ ਇਕਾਂਤ ਵਿਚ ਬੈਠ ਕੇ ਭਗਤੀ ਕਰਦਾ ਹੁੰਦਾ ਸੀ ਅਤੇ ਹੋਰਨਾਂ ਦੁਨਿਆਵੀ ਕੰਮਾਂ ਵਿਚ ਰੁਚੀ ਨਹੀਂ ਰਖਦਾ ਸੀ। ਜਦੋਂ ਘਰ ਆਉਂਦਾ ਤਾਂ ਦਸਦਾ ਕਿ ਰਾਜ-ਦੁਆਰ 'ਤੇ ਗਿਆ ਸਾਂ। ਜਦ ਘਰ ਵਿਚ ਲੋੜੀਂਦੀਆਂ ਵਸਤੂਆਂ ਦੀ ਮੰਗ ਕੀਤੀ ਜਾਂਦੀ ਤਾਂ ਵਲ ਛਲ ਕਰਕੇ ਡੰਗ ਲੰਘਾ ਲੈਂਦਾ ਸੀ। ਪਰ ਅਜਬ ਗੱਲ ਇਹ ਹੁੰਦੀ ਕਿ ਇਹ ਭਗਤੀ ਕਰਦਾ ਰਹਿੰਦਾ ਅਤੇ ਪਰਮਾਤਮਾ ਰਾਜੇ ਦਾ ਰੂਪ ਧਾਰ ਕੇ ਇਸ ਦੇ ਘਰ ਲੋੜੀਂਦੀਆਂ ਵਸਤੂ ਪਹੁੰਚਾ ਜਾਂਦਾ ਅਤੇ ਖ਼ਰਚੇ ਦੀ ਵਿਵਸਥਾ ਵੀ ਕਰ ਦਿੰਦਾ।

ਭੱਟ ਕਵੀ ਕਲ੍ਹ ਨੇ ਆਪਣੇ ਰਚੇ ਇਕ ਸਵੈਯੇ ਵਿਚ ਗੁਰੂ ਨਾਨਕ ਦੇਵ ਦੇ ਗੁਣ ਗਾਣ ਵਾਲਿਆਂ ਦੀ ਸੂਚੀ ਵਿਚ ਭਗਤ ਬੇਣੀ ਦਾ ਨਾਂ ਵੀ ਗਿਣਾਇਆ ਹੈ—'ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ' (ਗੁ. ਗ੍ਰੰ. 1390)।

ਬੇਦ : ਵੇਖੋ 'ਵੇਦ'।

ਬੇਦ-ਬਿਆਸ : ਵੇਖੋ 'ਵਿਆਸ'।

ਬੈਸਨੋ : ਵਿਸ਼ਣੂ ਦਾ ਉਪਾਸਕ। 'ਵੇਖੋ ਵਿਸ਼ਣੂ'।

ਬੈਸੰਤਰ : ਅਗਨੀ ਦੇਵਤਾ ਦਾ ਇਕ ਨਾਮਾਂਤਰ। ਵੇਖੋ 'ਅਗਨੀ, ਦੇਵਤਾ'।

ਬੈਕੁੰਠ : ਇਹ ਸਵਰਗ ਦਾ ਹੀ ਇਕ ਭੇਦ ਮੰਨਿਆ ਜਾਂਦਾ ਹੈ। ਭਾਰਤੀ ਮਿਥਿਹਾਸ ਵਿਚ ਕਈ ਪ੍ਰਕਾਰ ਦੀਆਂ ਸਵਰਗਾਂ ਦੀ ਕਲਪਨਾ ਕੀਤੀ ਗਈ ਹੈ। ਅਸਲ ਵਿਚ, ਪੁਰਾਣ-ਯੁਗ ਵਿਚ ਜਦੋਂ ਸੰਪ੍ਰਦਾਇਕ ਰੁਚੀਆਂ ਦਾ ਵਿਕਾਸ ਹੋਇਆ ਤਾਂ ਜਿਗਿਆਸੂਆਂ ਨੇ ਆਪਣੇ-ਆਪਣੇ ਇਸ਼ਟਦੇਵ ਅਨੁਸਾਰ ਉਸ ਦੀ ਕਲਪਨਾ ਸ਼ੁਰੂ ਕਰ ਦਿੱਤੀ। ਫਲਸਰੂਪ ਵੱਖਰੇ-ਵੱਖਰੇ ਸਵਰਗ ਵਿਚਾਰੇ ਗਏ। ਉਨ੍ਹਾਂ ਸਾਰਿਆਂ ਸਵਰਗਾਂ ਵਿਚੋਂ 'ਬੈਕੁੰਠ' (ਵੈਕੁੰਠ) ਸਰਵ-ਸ੍ਰੇਸ਼ਠ ਹੈ। ਇਥੇ ਵਿਸ਼ਣੂ ਦਾ ਨਿਵਾਸ ਦਸਿਆ ਜਾਂਦਾ ਹੈ।

ਧਰਮ-ਸ਼ਾਸਤ੍ਰ ਅਨੁਸਾਰ ਕੋਈ ਜੀਵਾਤਮਾ ਗਿਆਨ ਦਾ ਲਾਭ ਅਤੇ ਮੋਕਸ਼ ਦੀ ਪ੍ਰਾਪਤੀ ਈਸ਼ਵਰ ਦੀ ਕ੍ਰਿਪਾ ਤੋਂ ਬਿਨਾ ਨਹੀਂ ਕਰ ਸਕਦੀ। ਜਦੋਂ ਉਸ ਉਤੇ ਈਸ਼ਵਰੀ ਕ੍ਰਿਪਾ ਹੋ ਜਾਂਦੀ ਹੈ ਅਤੇ ਉਹ ਉਸ ਦੀ ਭਗਤੀ ਵਿਚ ਮਗਨ ਹੋ ਜਾਂਦਾ ਹੈ ਤਾਂ ਉਸ ਨੂੰ ਈਸ਼ਵਰ ਵਿਚ ਵਿਲੀਨਤਾ ਪ੍ਰਾਪਤ ਨਹੀਂ ਹੁੰਦੀ ਸਗੋਂ ਬੈਕੁੰਠ ਵਿਚ ਈਸ਼ਵਰ ਦਾ 'ਸਾਯੁਜ੍ਯ' (ਅਭੇਦਤਾ, ਇਕਮਿਕਤਾ ਦੀ ਅਵਸਥਾ) ਪ੍ਰਾਪਤ ਹੁੰਦਾ ਹੈ।

ਮੱਧ-ਯੁਗ ਦੇ ਸੰਤਾਂ/ਭਗਤਾਂ ਨੇ ਬੈਕੁੰਠ ਦੀ ਪ੍ਰਾਪਤੀ ਵਿਚ ਵਿਸ਼ਵਾਸ ਨਹੀਂ ਕੀਤਾ। ਉਨ੍ਹਾਂ ਅਨੁਸਾਰ ਤਾਂ ਉਹੀ ਬੈਕੁੰਠ ਹੈ ਜਿਥੇ ਹਰਿ ਦਾ ਕੀਰਤਨ ਜਾਂ ਨਾਮ ਸਿਮਰਨ ਹੁੰਦਾ ਹੈ। ਗੁਰੂ ਅਰਜਨ ਦੇਵ ਅਨੁਸਾਰ—'ਅਠਸਠਿ ਤੀਰਥ ਜਹ ਸਾਧ ਪਗ ਧਰਹਿ। ਤਹ ਬੈਕੁੰਠੁ ਜਹ ਨਾਮੁ ਉਚਰਹਿ' (ਅ. ਗ੍ਰੰ. 890)।

ਬੈਜਨਾਥ : ਵੇਖੋ 'ਕੀੜਨਗਰ'।

ਬੈਜ਼ਾ : ਇਕ ਰੌਸ਼ਨੀ ਵਿਸ਼ੇਸ਼ ਜੋ ਹਜ਼ਰਤ ਮੂਸਾ ਦੇ ਹੱਥ ਵਿਚੋਂ ਨਿਕਲੀ ਸੀ। ਕਹਿੰਦੇ ਹਨ ਫ਼ਿਰਔਨ ਨੇ ਇਹ ਪ੍ਰਤਿਗਿਆ ਕੀਤੀ ਹੋਈ ਸੀ ਕਿ ਉਹ ਇਸਰਾਇਲੀ ਵੰਸ਼ ਦਾ ਨਾਸ਼ ਕਰ ਦੇਵੇਗਾ। ਇਹੀ ਕਾਰਣ ਸੀ ਕਿ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਮੂਸਾ ਦੀ ਮਾਤਾ ਨੇ ਉਸ ਨੂੰ ਜੰਮਦਿਆਂ ਹੀ ਤਾਬੂਤ ਵਿਚ ਪਾ ਕੇ ਨੀਲ ਨਦੀ ਵਿਚ ਰੋੜ੍ਹ ਦਿੱਤਾ। ਇਹ ਤਾਬੂਤ ਮਿਸਰ ਦੀ ਸ਼ਹਿਜ਼ਾਦੀ ਨੇ ਵੇਖ ਕੇ ਬਾਹਰ ਕਢਵਾਇਆ ਅਤੇ ਮੂਸਾ ਦੀ ਪਾਲਨਾ ਕੀਤੀ। ਬਚਪਨ ਵਿਚ ਖ਼ੁਦਾ ਦੇ ਹੁਕਮ ਨਾਲ ਮੂਸਾ ਨੂੰ ਜਦੋਂ ਪਰਖ-ਪ੍ਰਕ੍ਰਿਆਵਾਂ ਵਿਚ ਲੰਘਣਾ ਪਿਆ ਤਾਂ ਉਸ ਦੇ ਹੱਥ ਦੀ ਤੱਲੀ ਸੜ ਗਈ। ਪਰ ਪਰਮਾਤਮਾ ਨੇ ਉਸ ਸੜੀ ਹੋਈ ਤੱਲੀ ਨੂੰ ਬਹੁਤ ਕਰਾਮਾਤ ਬਖ਼ਸ਼ੀ। ਮੂਸਾ ਆਪਣਾ ਇਹ ਹੱਥ ਸਦਾ ਲੁਕਾ ਕੇ ਰਖਦਾ ਸੀ ਕਿਉਂਕਿ ਜ਼ਾਹਿਰ ਕਰਨ 'ਤੇ ਇਸ ਵਿਚੋਂ ਸੂਰਜ ਵਾਂਗ ਕਿਰਨਾਂ ਨਿਕਲਦੀਆਂ ਸਨ। ਇਸ ਹੱਥ ਦੀ ਮਹਾਨਤਾ ਨੂੰ ਵੇਖ ਕੇ ਇਸ ਨੂੰ 'ਦਸਤੇ-ਮੁਬਾਰਕ' ਜਾਂ 'ਯਦਿ-ਬੈਜ਼ਾ' ਕਿਹਾ ਜਾਂਦਾ ਸੀ।

ਮੂਸਾ ਨੂੰ ਰੱਬ ਵਲੋਂ ਬਖ਼ਸ਼ਿਆ ਸੋਟਾ ਵੀ ਬੜੀ ਅਦਭੁਤ ਵਸਤੂ ਸੀ। ਜਦੋਂ ਉਹ ਮੂਸਾ ਦੇ ਹੱਥ ਵਿਚ ਰਹਿੰਦਾ ਤਦ ਤਕ ਉਹ ਸੋਟਾ ਹੀ ਹੁੰਦਾ। ਪਰ ਜਦੋਂ ਉਹ ਉਸ ਨੂੰ ਸ਼ਰੀਰ ਨਾਲੋਂ ਵੱਖ ਕਰਦੇ ਜਾਂ ਸੁਟਦੇ ਤਾਂ ਇਕ ਵੱਡੇ ਨਾਗ ਦਾ ਰੂਪ ਧਾਰਣ ਕਰ ਲੈਂਦਾ। ਇਨ੍ਹਾਂ ਤੱਥਾਂ ਵਲ ਅਲੀ ਹੈਦਰ ਨੇ ਸੰਕੇਤ ਕੀਤਾ ਹੈ—'ਨਬੀ ਮੂਸਾ ਦੇ ਹੱਥ ਨਾਗ ਅਸੀਂ ਭੀ, ਜੇ ਵਤ ਬੈਜ਼ਾ ਦਸਤ ਸੰਹੇ।'

ਬੈਤ ਮਾਮੂਰ : ਇਕ ਪਵਿੱਤਰ ਮਸਜਿਦ ਜੋ ਕਾਅਬੇ ਦੇ ਉਪਰ ਚੌਥੇ ਆਸਮਾਨ 'ਤੇ ਯਾਕੂਤ ਜਾਂ ਜ਼ਮੁਰਦ ਦੀ ਬਣੀ ਹੋਈ ਦਸੀ ਜਾਂਦੀ ਹੈ। ਇਸਲਾਮਿਕ ਮਿਥਿਹਾਸ ਅਨੁਸਾਰ ਇਥੇ ਫ਼ਰਿਸ਼ਤੇ ਰਹਿੰਦੇ ਹਨ। ਇਕ ਧਾਰਣਾ ਇਹ ਵੀ ਹੈ ਕਿ ਇਹ ਸੱਤਵੇਂ ਆਸਮਾਨ ਵਿਚ ਸਥਿਤ ਹੈ। ਹਜ਼ਰਤ ਮੁਹੰਮਦ ਆਪਣੀ ਮਿਅਰਾਜ ਯਾਤ੍ਰਾ ਵੇਲੇ ਇਸ ਮਸਜਿਦ ਵਿਚ ਵੀ ਗਏ ਸਨ। ਵਾਰਿਸ ਸ਼ਾਹ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ-- 'ਕੋਈ ਥਾਂ ਨਾ ਬੈਤ ਮਾਮੂਰ ਜੇਹਾ।'

ਬੈਤ ਰਸੂਲੀ : ਰਸੂਲ ਦਾ ਘਰ, ਭਾਵ ਮੱਕੇ ਦੀ ਉਹ ਮਸਜਿਦ ਜਿਸ ਵਿਚ ਕਾਅਬਾ ਸਥਿਤ ਹੈ। ਇਹ ਹਰ ਪੱਖੋਂ ਪਵਿੱਤਰ ਹੈ। ਇਸ ਵਲ ਸੰਕੇਤ ਕਰਦਿਆਂ ਬਾਹੂ ਨੇ ਕਿਹਾ ਹੈ—'ਜੇ ਕਰ ਮੰਨਦੇ ਬੈਤ ਰਸੂਲੀ, ਤਾਂ ਪਾਣੀ ਕਿਉਂ ਬੰਦ ਕਰਦੇ ਹੂ।'

ਬੋਸ, ਸੁਭਾਸ਼ਚੰਦਰ : ਵੇਖੋ 'ਸੁਭਾਸ਼ਚੰਦਰ, ਬੋਸ'।

ਬੋਧ-ਗਯਾ : ਵੇਖੋ 'ਗਯਾ'।

ਬੰਦਾ ਬਹਾਦਰ : ਸਿੱਖ ਇਤਿਹਾਸ ਦਾ ਇਕ ਧਰਮ-ਵੀਰ ਯੋਧਾ ਜਿਸ ਦਾ ਜਨਮ ਪੁਣਛ

ਖੇਤਰ (ਪੱਛਮੀ ਕਸ਼ਮੀਰ) ਦੇ ਰਾਜੌਰੀ ਪਿੰਡ ਵਿਚ ਰਘੁਦੇਵ (ਨਾਮਾਂਤਰ ਰਾਮਦੇਵ) ਨਾਂ ਦੇ ਰਾਜਪੂਤ ਦੇ ਘਰ 27 ਅਕਤੂਬਰ, 1670 ਈ. (ਕਤਕ ਸੁਦੀ 13, 1727 ਬਿ.) ਨੂੰ ਹੋਇਆ। ਇਸ ਦਾ ਨਾਂ ਲੱਛਮਣ ਦੇਵ ਰਖਿਆ ਗਿਆ। ਇਸ ਨੂੰ ਸ਼ਸਤ੍ਰ-ਵਿਦਿਆ ਅਤੇ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ। ਇਕ ਵਾਰ ਇਸ ਨੇ ਜਦੋਂ ਇਕ ਹਿਰਨੀ ਦਾ ਸ਼ਿਕਾਰ ਕੀਤਾ ਤਾਂ ਗਰਭਵਤੀ ਹੋਣ ਕਾਰਣ ਉਸ ਦੇ ਪੇਟ ਵਿਚੋਂ ਦੋਵੇਂ ਬੱਚੇ ਡਿਗ ਪਏ ਅਤੇ ਲੱਛਮਣ ਦੇਵ ਦੀਆਂ ਅੱਖਾਂ ਸਾਹਮਣੇ ਤੜਪ-ਤੜਪ ਕੇ ਮਰ ਗਏ। ਉਸ ਦਿਨ ਤੋਂ ਇਹ ਵੈਰਾਗੀ ਹੋ ਗਿਆ ਅਤੇ ਇਕ ਵੈਸ਼ਣਵ ਸਾਧ ਜਾਨਕੀ ਪ੍ਰਸਾਦ ਦਾ ਚੇਲਾ ਬਣ ਕੇ ਆਪਣਾ ਨਾਂ ਮਾਧੋ-ਦਾਸ ਰਖਿਆ। ਘੁੰਮਦਿਆਂ ਫਿਰਦਿਆਂ ਇਹ ਨਾਸਕ ਪਹੁੰਚਿਆ ਅਤੇ ਇਕ ਔਘੜ ਨਾਥ ਪਾਸ ਜੰਤ੍ਰ-ਮੰਤ੍ਰ ਅਤੇ ਸਿੱਧੀਆਂ ਪ੍ਰਾਪਤ ਕਰਨ ਦਾ ਅਭਿਆਸ ਕੀਤਾ। ਉਥੋਂ ਨਾਂਦੇੜ ਜਾ ਕੇ ਗੋਦਾਵਰੀ ਨਦੀ ਦੇ ਕੰਢੇ ਆਪਣਾ ਡੇਰਾ ਕਾਇਮ ਕੀਤਾ।

ਜਦੋਂ ਸੰਨ 1708 ਈ. (1765 ਬਿ.) ਵਿਚ ਗੁਰੂ ਗੋਬਿੰਦ ਸਿੰਘ ਨਾਂਦੇੜ ਪਹੁੰਚੇ ਤਾਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਮਾਧੋ-ਦਾਸ ਬਹੁਤ ਪ੍ਰਭਾਵਿਤ ਹੋਇਆ ਅਤੇ ਆਪਣੇ ਆਪ ਨੂੰ ਗੁਰੂ ਜੀ ਦਾ 'ਬੰਦਾ' ਦਸਿਆ। ਇਸ ਕਰਕੇ ਇਤਿਹਾਸ ਵਿਚ ਇਹ 'ਬੰਦਾ ਬਹਾਦਰ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਪਰ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਗੁਰਬਖ਼ਸ਼ ਸਿੰਘ ਨਾਂ ਰਖਿਆ। ਗੁਰੂ ਜੀ ਨੇ ਇਸ ਨੂੰ ਥਾਪੀ ਦੇ ਕੇ ਪੰਜਾਬ ਵਲ ਤੋਰਿਆ ਤਾਂ ਜੋ ਪਾਪੀ ਜ਼ਾਲਮਾਂ ਨੂੰ ਸਜ਼ਾ ਦਿੱਤੀ ਜਾ ਸਕੇ। ਗੁਰੂ ਜੀ ਨੇ ਆਪਣੇ ਭੱਥੇ ਵਿਚੋਂ ਪੰਜ ਤੀਰ ਦਿੱਤੇ ਅਤੇ ਨਾਲ ਪੰਜ ਸਿੰਘ (ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਬਾਜ ਸਿੰਘ, ਭਾਈ ਦਯਾ ਸਿੰਘ ਅਤੇ ਭਾਈ ਰਣ ਸਿੰਘ— ਕਿਤੇ ਕਿਤੇ ਆਖ਼ੀਰਲੇ ਦੋ ਨਾਂ ਬਿਜੈ ਸਿੰਘ ਅਤੇ ਰਾਮ ਸਿੰਘ ਲਿਖੇ ਹਨ) ਵੀ ਸਹਾਇਤਾ ਲਈ ਤੋਰੇ। ਕੁਝ ਉਪਦੇਸ਼ ਦੇਣ ਤੋਂ ਇਲਾਵਾ ਇਹ ਵੀ ਤਾਕੀਦ ਕੀਤੀ ਕਿ ਆਪਣੇ ਆਪ ਨੂੰ ਗੁਰੂ ਨਾ ਮੰਨਿਆ ਜਾਏ।

ਪੰਜਾਬ ਪਹੁੰਚਦਿਆਂ ਹੀ ਸਿੱਖ ਅਨੁਯਾਈ ਬੰਦਾ ਬਹਾਦਰ ਦੇ ਝੰਡੇ ਹੇਠਾਂ ਇਕੱਠੇ ਹੋਣੇ ਸ਼ੁਰੂ ਹੋ ਗਏ। ਪਹਿਲਾਂ ਸੋਨੀਪਤ ਉਤੇ ਹਮਲਾ ਕੀਤਾ। ਫਿਰ 26 ਨਵੰਬਰ, 1709 ਈ. ਨੂੰ ਸਮਾਣੇ ਉਤੇ ਆਕ੍ਰਮਣ ਕਰਕੇ ਉਸ ਨੂੰ ਬਰਬਾਦ ਕੀਤਾ। ਇਸ ਤੋਂ ਪਿਛੋਂ ਸਢੌਰੇ ਨੂੰ ਉਜਾੜਿਆ। ਫਿਰ ਤਕੜਾ ਦਲ ਇਕੱਠਾ ਕਰਕੇ ਸਰਹਿੰਦ ਉਤੇ ਫ਼ੌਜ-ਕਸ਼ੀ ਕੀਤੀ। ਨਵਾਬ ਵਜ਼ੀਰ ਖ਼ਾਨ ਨੂੰ ਮਾਰ ਕੇ ਸਰਹਿੰਦ ਨਗਰ ਨੂੰ ਤੋਪਾਂ ਨਾਲ ਉਡਾਇਆ। ਦਿੱਲੀ ਤੋਂ ਸ਼ਾਹੀ ਫ਼ੌਜਾਂ ਦੇ ਪਹੁੰਚਣ ਨਾਲ ਬਾਬਾ ਬੰਦਾ ਬਹਾਦਰ ਪਹਾੜ ਵਲ ਨਿਕਲ ਗਿਆ। ਫਿਰ ਜੰਮੂ 'ਤੇ ਚੜ੍ਹਾਈ ਕੀਤੀ ਅਤੇ ਬਟਾਲੇ ਤਕ ਆਪਣਾ ਅਧਿਕਾਰ ਜਮਾ ਲਿਆ। ਆਖ਼ਰ ਗੁਰਦਾਸਪੁਰ ਤੋਂ 6 ਕਿ. ਮੀ. ਦੂਰ ਗੁਰਦਾਸ ਨੰਗਲ ਦੇ ਮੁਕਾਮ 'ਤੇ ਮੁਗ਼ਲ ਸੈਨਾ ਦੁਆਰਾ ਘਿਰ ਗਿਆ ਅਤੇ ਦੋਹਾਂ ਫ਼ੌਜਾਂ ਵਿਚ ਲੰਬੇ ਸਮੇਂ ਤਕ ਲੜਾਈ ਹੁੰਦੀ ਰਹੀ। ਫਲਸਰੂਪ ਬੰਦਾ ਬਹਾਦਰ ਹਾਰ ਗਿਆ। ਲਗਭਗ ਅੱਠ ਹਜ਼ਾਰ ਸਿੱਖਾਂ ਦੇ ਮਾਰੇ ਜਾਣ ਤੋਂ ਇਲਾਵਾ 794 ਸਿੱਖ ਕੈਦ ਕਰ ਲਏ ਗਏ ਅਤੇ ਬੰਦਾ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕਰਕੇ 29 ਫ਼ਰਵਰੀ, 1716 ਈ. ਨੂੰ ਦਿੱਲੀ ਵਿਚ

ਲਿਆਂਦਾ ਗਿਆ। ਬੱਤੇ-ਬੱਤੇ ਕਰਕੇ ਸਭ ਕੈਦੀ ਸਿੱਖਾਂ ਨੂੰ ਬੇਦਰਦੀ ਨਾਲ ਮਾਰਿਆ ਗਿਆ। 9 ਜੂਨ, 1716 ਈ. ਨੂੰ ਬੰਦਾ ਬਹਾਦਰ ਨੂੰ ਕਤਲ ਕੀਤਾ ਗਿਆ। ਭਾਵੇਂ ਬੰਦਾ ਬਹਾਦਰ ਲੰਬੇ ਸਮੇਂ ਤਕ ਰਾਜ ਸਥਾਪਿਤ ਨਾ ਕਰ ਸਕਿਆ ਪਰ ਇਸ ਦੀ ਸੈਨਿਕ ਸ਼ਕਤੀ ਨੇ ਮੁਗ਼ਲ ਸਾਮ੍ਰਾਜ ਦੀਆਂ ਪੰਜਾਬ ਵਿਚ ਜੜ੍ਹਾਂ ਹਿਲਾ ਦਿੱਤੀਆਂ ਅਤੇ ਹੌਲੀ-ਹੌਲੀ ਪੰਜਾਬ ਵਿਚ ਮੁਗ਼ਲ ਸ਼ਕਤੀ ਨਿਘਰ ਗਈ।

ਬ੍ਰਹਮਚਰਯ : ਵੇਖੋ 'ਆਸ਼੍ਰਮ'।

ਬ੍ਰਹਮਾ : ਹਿੰਦੂ-ਧਰਮ ਦੇ ਤਿੰਨ ਪ੍ਰਮੁਖ ਦੇਵਤਿਆਂ—ਬ੍ਰਹਮਾ, ਵਿਸ਼ਣੂ ਅਤੇ ਮਹੇਸ਼—ਵਿਚੋਂ ਪਹਿਲਾ, ਜਿਸ ਦਾ ਉੱਲੇਖ ਵੇਦਾਂ ਅਤੇ ਬ੍ਰਾਹਮਣ ਗ੍ਰੰਥਾਂ ਵਿਚ ਨਹੀਂ ਮਿਲਦਾ। ਉਥੇ ਇਸ ਨੂੰ ਪ੍ਰਜਾਪਤੀ ਜਾਂ ਹਿਰਣ੍ਯਗਰਭ ਦੇ ਰੂਪ ਵਿਚ ਵੇਖਣ ਦੀ ਮਾਨਤਾ ਪ੍ਰਚਲਿਤ ਹੈ; ਕਿਉਂਕਿ ਪ੍ਰਜਾਪਤੀ ਦੀਆਂ ਸਾਰੀਆਂ ਵੈਦਿਕ ਗਾਥਾਵਾਂ ਬ੍ਰਹਮਾ ਉਤੇ ਆਰੋਪਿਤ ਮਿਲਦੀਆਂ ਹਨ। ਰਾਮਾਇਣ, ਮਹਾਭਾਰਤ ਅਤੇ ਪੁਰਾਣ-ਸਾਹਿੱਤ ਵਿਚ ਇਸ ਸੰਬੰਧੀ ਵਿਸਤ੍ਰਿਤ ਆਖਿਆਨ ਮਿਲ ਜਾਂਦੇ ਹਨ।

'ਭਾਗਵਤ-ਪੁਰਾਣ' (ਸਕੰਧ 3) ਵਿਚ ਬ੍ਰਹਮਾ ਦੀ ਉਤਪੱਤੀ ਬਾਰੇ ਲਿਖਿਆ ਹੈ ਕਿ ਸ੍ਰਿਸ਼ਟੀ ਤੋਂ ਪਹਿਲਾਂ ਸਾਰਾ ਸੰਸਾਰ ਜਲ ਵਿਚ ਡੁਬਿਆ ਹੋਇਆ ਸੀ। ਸ੍ਰੀ ਨਾਰਾਇਣ/ਵਿਸ਼ਣੂ ਸ਼ੇਸ਼-ਸ਼ੱਯਾ (ਨਾਗ-ਸੇਜ) ਉਤੇ ਸੁੱਤੇ ਹੋਏ ਸਨ। ਉਨ੍ਹਾਂ ਦੇ ਸ਼ਰੀਰ ਵਿਚ ਸਾਰੇ ਪ੍ਰਾਣੀ ਸੂਖਮ ਰੂਪ ਵਿਚ ਮੌਜੂਦ ਸਨ। ਉਦੋਂ ਕੇਵਲ ਕਾਲ-ਸ਼ਕਤੀ ਜਾਗਦੀ ਸੀ ਕਿਉਂਕਿ ਉਸ ਦਾ ਕੰਮ ਸਭ ਨੂੰ ਜਗਾਉਣਾ ਸੀ। ਕਾਲ-ਸ਼ਕਤੀ ਨੇ ਜਦ ਜੀਵਾਂ ਦੇ ਕਰਮਾਂ ਲਈ ਵਿਸ਼ਣੂ ਨੂੰ ਪ੍ਰੇਰਿਤ ਕੀਤਾ ਤਾਂ ਉਨ੍ਹਾਂ ਦਾ ਧਿਆਨ ਲਿੰਗ-ਸ਼ਰੀਰ ਅਥਵਾ ਸੂਖਮ-ਸ਼ਰੀਰ ਵਲ ਗਿਆ। ਉਹੀ ਕਮਲ ਦੇ ਰੂਪ ਵਿਚ ਉਨ੍ਹਾਂ ਦੀ ਨਾਭੀ ਤੋਂ ਪ੍ਰਗਟ ਹੋਇਆ। ਉਸ ਕਮਲ ਵਿਚੋਂ ਬ੍ਰਹਮਾ ਨਿਕਲਿਆ। ਇਸ ਲਈ ਇਸ ਨੂੰ 'ਸ੍ਵਯੰਭੂ' ਵੀ ਕਿਹਾ ਜਾਂਦਾ ਹੈ।

ਕਮਲ ਤੋਂ ਪ੍ਰਗਟ ਹੋ ਕੇ ਬ੍ਰਹਮਾ ਵਿਚਾਰ-ਮਗਨ ਹੋਇਆ ਕਿ ਉਹ ਕੌਣ ਹੈ ? ਕਿਥੋਂ ਆਇਆ ਹੈ ? ਇਸ ਗੱਲ ਨੂੰ ਜਾਣਨ ਲਈ ਇਸ ਨੇ ਕਮਲ ਦੀ ਨਾਲੀ ਰਾਹੀਂ ਵਿਸ਼ਣੂ ਦੀ ਨਾਭੀ ਤਕ ਚੱਕਰ ਲਗਾ ਲਿਆ, ਪਰ ਕੁਝ ਵੀ ਸਪੱਸ਼ਟ ਨਾ ਹੋਇਆ। ਯੋਗ-ਅਭਿਆਸ ਦੁਆਰਾ ਗਿਆਨ ਪ੍ਰਾਪਤ ਹੋਣ 'ਤੇ ਇਸ ਨੇ ਵਿਸ਼ਣੂ ਦੇ ਦਰਸ਼ਨ ਕੀਤੇ। ਵਿਸ਼ਣੂ ਦੀ ਪ੍ਰੇਰਣਾ ਨਾਲ ਇਸ ਨੇ ਤਪਸਿਆ ਕੀਤੀ ਅਤੇ ਬ੍ਰਹਮ-ਗਿਆਨ ਰਾਹੀਂ ਸਾਰੇ ਲੋਕਾਂ ਨੂੰ ਆਪਣੇ ਅੰਤਹਕਰਣ ਵਿਚ ਵੇਖਿਆ। ਇਸ ਪਿਛੋਂ ਵਿਸ਼ਣੂ ਅੰਤਰਧਾਨ ਹੋ ਗਏ ਅਤੇ ਬ੍ਰਹਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। 'ਮਾਰਕੰਡੇਯ ਪੁਰਾਣ' ਦੇ ''ਦੁਰਗਾ-ਸਪਤਸ਼ਤੀ'' ਪ੍ਰਕਰਣ ਦੇ ਆਰੰਭ ਵਿਚ ਵੀ ਕੁਝ ਇਸੇ ਤਰ੍ਹਾਂ ਦਾ ਬ੍ਰਿੱਤਾਂਤ ਦਰਜ ਹੈ। ਸ੍ਰਿਸ਼ਟੀ ਦੇ ਰਚੇਤਾ ਹੋਣ ਕਾਰਣ ਇਸ ਨੂੰ ਵਿਧਿ, ਵਿਧਾਤਾ, ਪਿਤਾਮਹ, ਲੋਕੇਸ਼ ਆਦਿ ਕਿਹਾ ਜਾਂਦਾ ਹੈ।

ਪੁਰਾਣਾਂ ਵਿਚ ਬ੍ਰਹਮਾ ਦੀ ਸ਼ਖ਼ਸੀਅਤ ਦਾ ਵੀ ਵਰਣਨ ਹੋਇਆ ਹੈ। ਇਸ ਦਾ ਰੰਗ ਲਾਲ ਹੈ ਅਤੇ ਚਾਰ ਸਿਰ ਹਨ। ਪਹਿਲਾਂ ਇਸ ਦੇ ਪੰਜ ਸਿਰ ਹੁੰਦੇ ਸਨ ਪਰ ਸ਼ਿਵ ਨੂੰ ਅਨਾਦਰ-ਪੂਰਵਕ ਬੋਲਣ ਨਾਲ ਇਸ ਦਾ ਇਕ ਸਿਰ ਸ਼ਿਵ ਦੇ ਤੀਜੇ ਨੇਤਰ ਦੁਆਰਾ

ਭਸਮ ਹੋ ਗਿਆ। ਬਾਕੀ ਚਾਰ ਸਿਰਾਂ ਦੇ ਮੁਖਾਂ ਤੋਂ ਚਾਰ ਵੇਦਾਂ ਦੀ ਰਚਨਾ ਹੋਈ ਮੰਨੀ ਜਾਂਦੀ ਹੈ। ਚਾਰ ਸਿਰਾਂ ਕਰ ਕੇ ਇਸ ਨੂੰ 'ਚਤੁਰਾਨਨ' ਵੀ ਕਿਹਾ ਜਾਂਦਾ ਹੈ। ਇਸ ਦੀਆਂ ਚਾਰ ਬਾਹਵਾਂ ਹਨ। ਵਿਦਿਆ ਦੀ ਦੇਵੀ ਸਰਸ੍ਵਤੀ ਇਸ ਦੀ ਪਤਨੀ ਹੈ ਜਿਸ ਨੂੰ 'ਬ੍ਰਾਹਮੀ' ਵੀ ਕਿਹਾ ਜਾਂਦਾ ਹੈ। ਕਿਤੇ-ਕਿਤੇ ਸਾਵਿਤ੍ਰੀ ਨੂੰ ਇਸ ਦੀ ਪਤਨੀ ਅਤੇ ਸਰਸ੍ਵਤੀ ਨੂੰ ਪੁੱਤਰੀ ਲਿਖਿਆ ਮਿਲਦਾ ਹੈ। ਇਹ ਹੰਸ ਦੀ ਸਵਾਰੀ ਕਰਦਾ ਹੈ ਅਤੇ ਬ੍ਰਹਮ-ਵ੍ਰਿੰਦ ਇਸ ਦਾ ਨਿਵਾਸ-ਸਥਾਨ ਹੈ। ਸਨਕ, ਸਨੰਦਨ, ਸਨਾਤਨ ਅਤੇ ਸਨਤਕੁਮਾਰ ਨਾਂ ਦੇ ਇਸ ਦੇ ਚਾਰ ਪੁੱਤਰ ਹਨ। ਮਨੁ ਵੀ ਇਸ ਦਾ ਵੰਸ਼ਜ ਹੈ। ਇਹ ਜਦੋਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਤਾਂ ਉਹ ਇਕ ਦਿਨ ਤਕ ਕਾਇਮ ਰਹਿੰਦੀ ਹੈ। ਇਸ ਦਾ ਇਕ ਦਿਨ ਮਨੁਖ ਦੇ 2, 160, 000, 000 ਸਾਲਾਂ ਦੇ ਬਰਾਬਰ ਮੰਨਿਆ ਜਾਂਦਾ ਹੈ। ਇਕ ਦਿਨ ਦੇ ਬੀਤਣ ਤੇ ਸਭ ਕੁਝ ਨਸ਼ਟ ਹੋ ਜਾਂਦਾ ਹੈ, ਕੇਵਲ ਰਿਸ਼ੀ, ਦੇਵਤੇ ਅਤੇ ਸ੍ਰਿਸ਼ਟੀ ਦੇ ਬੀਜ ਹੀ ਜੀਵਿਤ ਰਹਿੰਦੇ ਹਨ। ਜਦੋਂ ਵੀ ਇਹ ਜਾਗਦਾ ਹੈ, ਫਿਰ ਤੋਂ ਸ੍ਰਿਸ਼ਟੀ ਦੀ ਰਚਨਾ ਕਰ ਲੈਂਦਾ ਹੈ।

ਇਸ ਵਿਚ ਕੋਈ ਸ਼ਕ ਨਹੀਂ ਕਿ ਬ੍ਰਹਮਾ ਨੂੰ ਤ੍ਰਿਮੂਰਤੀ ਵਿਚ ਪਹਿਲਾਂ ਗਿਣਿਆ ਜਾਂਦਾ ਹੈ, ਪਰ ਧਾਰਮਿਕ ਸੰਪ੍ਰਦਾਵਾਂ ਦੀ ਦ੍ਰਿਸ਼ਟੀ ਤੋਂ ਇਸ ਦਾ ਸਥਾਨ ਵਿਸ਼ਣੂ, ਸ਼ਿਵ, ਸ਼ਕਤੀ, ਗਣੇਸ਼, ਸੂਰਜ ਆਦਿ ਤੋਂ ਪਿਛੇ ਪੈ ਗਿਆ ਹੈ; ਨਾ ਹੀ ਇਸ ਦਾ ਕੋਈ ਸੁਤੰਤਰ ਸੰਪ੍ਰਦਾਇ ਵੀ ਕਾਇਮ ਹੋਇਆ ਹੈ। ਵਿਸ਼ਣੂ ਦੀ ਨਾਭੀ ਤੋਂ ਨਿਕਲੇ ਕਮਲ ਤੋਂ ਪੈਦਾ ਕਰ ਕੇ ਇਸ ਦੀ ਵਿਸ਼ਣੂ ਦੇ ਸਾਹਮਣੇ ਗੌਣ ਸਥਿਤੀ ਦਸੀ ਗਈ ਹੈ। ਇਹੀ ਕਾਰਣ ਹੈ ਕਿ ਇਸ ਦੀ ਉਪਾਸਨਾ ਲਈ ਮੰਦਿਰਾਂ ਦਾ ਨਿਰਮਾਣ ਵੀ ਬਹੁਤ ਘਟ ਹੋਇਆ ਹੈ। ਬ੍ਰਹਮਾ ਦਾ ਸਭ ਤੋਂ ਪ੍ਰਸਿੱਧ ਤੀਰਥ ਅਤੇ ਮੰਦਿਰ ਅਜਮੇਰ ਦੇ ਨੇੜੇ ਪੁਸ਼ਕਰ ਹੈ।

ਸੰਤ-ਕਾਵਿ ਵਿਚ ਦੇਵੀ-ਦੇਵਤਿਆਂ ਨੂੰ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਦਿੱਤਾ ਗਿਆ ਕਿਉਂਕਿ ਇਹ ਸਭ ਨਿਰਾਕਾਰ ਪਰਮ-ਸੱਤਾ ਦਾ ਭੇਦ ਪਾਉਣ ਵਿਚ ਸਮਰਥ ਨਹੀਂ ਹਨ। ਗੁਰੂ ਨਾਨਕ ਦੇਵ ਦੀ ਸਥਾਪਨਾ ਹੈ—'ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।/ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ' (ਆ. ਗ੍ਰੰ. 489)।

ਬ੍ਰਾਹਮਣ : ਵੇਖੋ 'ਵਰਣ'।

ਬ੍ਰਿਹਸਪਤੀ : ਆਮ ਤੌਰ ਤੇ ਇਸ ਨੂੰ ਦੇਵਤਿਆਂ ਦਾ ਗੁਰੂ ਅਥਵਾ ਪੁਰੋਹਿਤ ਮੰਨਿਆ ਜਾਂਦਾ ਹੈ ਕਿਉਂਕਿ 'ਰਿਗਵੇਦ' ਅਨੁਸਾਰ ਇਹ ਲੋਕਾਂ ਦੀਆਂ ਆਹੁਤੀਆਂ ਦੇਵਤਿਆਂ ਨੂੰ ਪਹੁੰਚਾਉਣ ਦਾ ਕੰਮ ਕਰਦਾ ਸੀ। ਇਸ ਨੂੰ ਇਕ ਥਾਂ ਦੇਵਤਿਆਂ ਦਾ ਪਿਤਾ ਵੀ ਕਿਹਾ ਗਿਆ ਹੈ।

ਇਸ ਨੂੰ ਇਕ ਗ੍ਰਹਿ ਵੀ ਮੰਨਿਆ ਗਿਆ ਹੈ ਜੋ ਨੌਂ ਗ੍ਰਹਿਆਂ ਵਿਚ ਪੰਜਵੇਂ ਸਥਾਨ ਤੇ ਹੈ। ਇਸ ਦੇ ਰਥ ਦਾ ਨਾਂ 'ਨੀਤੀ-ਘੋਸ਼' ਹੈ ਜਿਸ ਨੂੰ ਪੀਲੇ ਰੰਗ ਦੇ ਅੱਠ ਘੋੜੇ ਖਿਚਦੇ ਹਨ।

ਪੁਰਾਣ-ਸਾਹਿੱਤ ਵਿਚ ਇਸ ਨੂੰ ਇਕ ਰਿਸ਼ੀ ਮੰਨਿਆ ਜਾਣ ਲਗਿਆ। ਅੰਗਿਰਸ

(ਅੰਗਿਰਾ) ਰਿਸ਼ੀ ਦਾ ਪੁੱਤਰ ਹੋਣ ਕਾਰਣ ਇਸ ਨੂੰ ਆਂਗਿਰਸ ਵੀ ਕਿਹਾ ਜਾਂਦਾ ਹੈ। ਇਸ ਦੀ ਪਤਨੀ ਦਾ ਨਾਂ ਤਾਰਾ (ਚਾਂਦ੍ਰਮਸੀ) ਸੀ ਜਿਸ ਤੋਂ ਛੇ ਪੁੱਤਰ ਅਤੇ ਇਕ ਪੁੱਤਰੀ ਨੇ ਜਨਮ ਲਿਆ।

ਕਹਿੰਦੇ ਹਨ ਕਿ ਇਕ ਵਾਰ ਇਸ ਦੀ ਪਤਨੀ ਨੂੰ ਚੰਦ੍ਰਮਾ (ਸੋਮ) ਚੁਕ ਕੇ ਲੈ ਗਿਆ। ਫਲਸਰੂਪ ਬ੍ਰਿਹਸਪਤੀ ਦਾ ਚੰਦ੍ਰਮਾ ਨਾਲ ਘੋਰ ਯੁੱਧ ਹੋਇਆ। 'ਤਾਰਕਾਮਯ' ਨਾਂ ਦੇ ਇਸ ਯੁੱਧ ਵਿਚ ਚੰਦ੍ਰਮਾ ਦੀ ਸਹਾਇਤਾ ਸ਼ੁਕ੍ਰਾਚਾਰਯ, ਰੁਦ੍ਰ ਅਤੇ ਸਾਰੇ ਦੈਂਤਾਂ ਅਤੇ ਦਾਨਵਾਂ ਨੇ ਕੀਤੀ ਅਤੇ ਇੰਦਰ ਤੇ ਹੋਰ ਦੇਵਤੇ ਬ੍ਰਿਹਸਪਤੀ ਵਲੋਂ ਹੋ ਕੇ ਲੜੇ। ਯੁੱਧ ਦੀ ਘੋਰ ਸਥਿਤੀ ਨੂੰ ਵੇਖਦੇ ਹੋਇਆਂ ਬ੍ਰਹਮਾ ਨੇ ਵਿਚ ਪੈ ਕੇ ਸੁਲਹਾ ਕਰਵਾਈ ਅਤੇ ਤਾਰਾ ਬ੍ਰਿਹਸਪਤੀ ਨੂੰ ਮੁੜਵਾਈ। ਚੰਦ੍ਰਮਾ ਪਾਸ ਰਹਿੰਦਿਆਂ ਤਾਰਾ ਨੇ ਇਕ ਬਾਲਕ ਨੂੰ ਜਨਮ ਦਿੱਤਾ। ਉਸ ਬਾਲਕ ਉਤੇ ਬ੍ਰਿਹਸਪਤੀ ਅਤੇ ਚੰਦ੍ਰਮਾ ਦੋਹਾਂ ਨੇ ਹੱਕ ਜਤਾਇਆ। ਬ੍ਰਹਮਾ ਨੇ ਤਾਰਾ ਤੋਂ ਸਹੀ ਤੱਥ ਜਾਣ ਕੇ ਬਾਲਕ ਚੰਦ੍ਰਮਾ ਨੂੰ ਸੌਂਪਿਆ ਅਤੇ ਉਸ ਦਾ ਨਾਂ ਬੁੱਧ ਰਖਿਆ।

ਭ

ਭਸਮਾਸੁਰ : ਸ਼ਕੁਨਿ ਨਾਂ ਦੇ ਦੈਂਤ ਦਾ ਦੁਰਬੁੱਧ ਪੁੱਤਰ ਜਿਸ ਨੂੰ 'ਭਸਮਾਂਗਦ' ਅਤੇ 'ਵ੍ਰਿਕਾਸੁਰ' ਵੀ ਕਿਹਾ ਜਾਂਦਾ ਹੈ। 'ਭਾਗਵਤ-ਪੁਰਾਣ' (ਦਸਮ ਸਕੰਧ/88) ਅਨੁਸਾਰ ਇਸ ਨੇ ਇਕ ਵਾਰ ਨਾਰਦ ਨੂੰ ਪੁਛਿਆ ਕਿ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਵਿਚੋਂ ਕਿਹੜਾ ਜਲਦੀ ਪ੍ਰਸੰਨ ਹੋ ਕੇ ਵਰ ਦੇ ਸਕਦਾ ਹੈ ? ਤਾਂ ਨਾਰਦ ਨੇ ਸ਼ਿਵ ਦਾ ਨਾਂ ਲਿਆ। ਇਸ ਨੇ ਤਪਸਿਆ ਰਾਹੀਂ ਸ਼ਿਵ ਨੂੰ ਪ੍ਰਸੰਨ ਕਰਨ ਦਾ ਯਤਨ ਕੀਤਾ, ਪਰ ਸਫਲ ਨਾ ਹੋ ਸਕਿਆ। ਫਿਰ ਨਾਰਦ ਦੇ ਸੁਝਾ ਤੇ ਇਸ ਨੇ ਅਗਨੀ ਨੂੰ ਸ਼ਿਵ ਦਾ ਮੂੰਹ ਸਮਝ ਕੇ ਆਪਣੇ ਇਕ-ਇਕ ਅੰਗ ਨੂੰ ਕਟ-ਕਟ ਕੇ ਹੋਮ ਕਰਨਾ ਸ਼ੁਰੂ ਕੀਤਾ। ਜਦੋਂ ਸਿਰ ਦੀ ਵਾਰੀ ਆਈ ਤਾਂ ਸ਼ਿਵ ਨੇ ਅਗਨੀ ਵਿਚੋਂ ਪ੍ਰਗਟ ਹੋ ਕੇ ਇਸ ਦਾ ਹੱਥ ਰੋਕ ਲਿਆ ਅਤੇ ਵਰ ਮੰਗਣ ਲਈ ਕਿਹਾ। ਇਸ ਨੇ ਵਰ ਮੰਗਿਆ—"ਮੈਂ ਜਿਸ ਦੇ ਸਿਰ 'ਤੇ ਹੱਥ ਰਖਾਂ, ਉਹ ਭਸਮ ਹੋ ਜਾਏ।" ਸ਼ਿਵ ਨੇ ਵਰ ਦੇ ਦਿੱਤਾ।

ਵਰ ਪ੍ਰਾਪਤ ਕਰਨ ਉਪਰੰਤ ਇਸ ਦੇ ਮਨ ਵਿਚ ਪਾਰਬਤੀ ਨੂੰ ਪ੍ਰਾਪਤ ਕਰਨ ਦੀ ਲਲਕ ਪੈਦਾ ਹੋਈ। ਇਸ ਲਈ ਵਰ ਦੀ ਪਰੀਖਿਆ ਕਰਨ ਲਈ ਇਸ ਨੇ ਸ਼ਿਵ ਦੇ ਸਿਰ ਉਪਰ ਹੱਥ ਰਖਣ ਦੀ ਸੋਚੀ। ਸ਼ਿਵ ਉਥੋਂ ਭਜ ਕੇ ਬੈਕੁੰਠ ਪਹੁੰਚੇ। ਭਸਮਾਸੁਰ ਵੀ ਪਿਛੇ-ਪਿਛੇ ਉਥੇ ਪਹੁੰਚਿਆ। ਵਿਸ਼ਣੂ ਨੇ ਬ੍ਰਹਮਚਾਰੀ ਦਾ ਰੂਪ ਧਾਰਣ ਕਰਕੇ ਭਸਮਾਸੁਰ ਨੂੰ ਸ਼ਿਵ ਦੇ ਪਿਛੇ-ਪਿਛੇ ਭੱਜਣ ਦਾ ਕਾਰਣ ਪੁਛਿਆ। ਭਸਮਾਸੁਰ ਦੇ ਦਸਣ ਤੇ ਬ੍ਰਹਮਚਾਰੀ ਨੇ ਸਮਝਾਇਆ ਕਿ ਸ਼ਿਵ ਦੇ ਵਰ ਨੂੰ ਸੱਚਾ ਨਾ ਸਮਝਿਆ ਜਾਏ ਕਿਉਂਕਿ ਉਹ ਪ੍ਰਜਾਪਤੀ ਦੇ ਸਰਾਪ ਕਾਰਣ ਪਿਸ਼ਾਚ-ਭਾਵ ਨੂੰ ਪ੍ਰਾਪਤ ਹੋ ਚੁਕਿਆ ਹੈ। ਚੰਗਾ ਹੋਏ

ਜੇ ਆਪਣੇ ਸਿਰ ਤੇ ਹੱਥ ਰਖ ਕੇ ਹੀ ਵੇਖ ਲਿਆ ਜਾਏ ਕਿ ਸ਼ਿਵ ਦਾ ਵਰ ਕਿਤਨਾ ਨਿਰਰਥਕ ਹੈ। ਭਸਮਾਸੁਰ ਨੇ ਤੁਰਤ ਆਪਣੇ ਸਿਰ ਉਤੇ ਹੱਥ ਰਖਿਆ ਅਤੇ ਉਥੇ ਹੀ ਭਸਮ ਹੋ ਗਿਆ।

ਇਕ ਹੋਰ ਆਖਿਆਨ ਅਨੁਸਾਰ ਭਸਮਾਸੁਰ ਤੋਂ ਸ਼ਿਵ ਨੂੰ ਬਚਾਉਣ ਲਈ ਪਾਰਬਤੀ ਨੇ ਹੀ ਇਸ ਨੂੰ ਆਪਣੇ ਸਿਰ ਤੇ ਹੱਥ ਰਖਣ ਲਈ ਪ੍ਰੇਰਿਆ ਸੀ ਜੋ ਇਸ ਨੇ ਕਾਮ ਦੀ ਉਤੇਜਨਾ ਕਾਰਣ ਬਿਨਾ ਸੋਚੇ ਸਮਝੇ ਮੰਨ ਲਿਆ ਅਤੇ ਭਸਮ ਹੋ ਗਿਆ। ਕੇਦਾਰ ਨਾਥ 'ਬਾਗ਼ੀ' ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਭੋਲੇ ਸ਼ੰਕਰ 'ਤੇ ਭਸਮਾਸਰ, ਆ ਕੇ ਹੱਥ ਟਿਕਾ ਜਾਵੇ।'

ਭਗਤ ਸਿੰਘ, ਸ਼ਹੀਦ : ਭਾਰਤੀ ਸੁਤੰਤਰਤਾ ਸੰਗ੍ਰਾਮ ਦੇ ਪ੍ਰਸਿੱਧ ਕ੍ਰਾਂਤੀਕਾਰੀ ਭਗਤ ਸਿੰਘ ਦਾ ਜਨਮ ਸੰਨ 1907 ਈ. ਵਿਚ ਦੇਸ਼ ਭਗਤ ਸ. ਕਿਸ਼ਨ ਸਿੰਘ ਦੇ ਘਰ ਪੰਜਾਬ ਕੌਰ ਦੀ ਕੁੱਖੋਂ ਹੋਇਆ। ਇਹ ਪਰਿਵਾਰ ਖਟਕੜ ਕਲਾਂ (ਜ਼ਿਲਾ ਜਲੰਧਰ) ਤੋਂ ਲਾਇਲਪੁਰ ਦੇ ਬਾਰ ਦੇ ਇਲਾਕੇ ਵਿਚ ਜਾ ਵਸਿਆ ਸੀ।

ਭਗਤ ਸਿੰਘ ਦਾ ਦਾਦਾ ਸ. ਅਰਜਨ ਸਿੰਘ ਅਤੇ ਦਾਦੀ ਜੈ ਕੌਰ ਬੜੀ ਤਿਆਗੀ ਭਾਵਨਾ ਵਾਲੇ ਦੇਸ਼ ਭਗਤ ਸਨ। ਇਸ ਲਈ ਸ਼ੁਰੂ ਤੋਂ ਹੀ ਉਨ੍ਹਾਂ ਦੋਹਾਂ ਨੇ ਆਪਣੇ ਪੁੱਤਰਾਂ ਅਤੇ ਪੋਤਰਿਆਂ ਨੂੰ ਰਾਸ਼ਟਰੀ ਭਾਵਨਾ ਨਾਲ ਭਰਪੂਰ ਕੀਤਾ। ਪ੍ਰਸਿੱਧ ਦੇਸ਼ ਭਗਤ ਸ. ਅਜੀਤ ਸਿੰਘ (ਵੇਖੋ) ਭਗਤ ਸਿੰਘ ਦਾ ਚਾਚਾ ਸੀ। ਪਰਿਵਾਰਿਕ ਸੰਸਕਾਰਾਂ ਅਤੇ ਪੰਜਾਬ ਵਿਚ ਵਾਪਰੀਆਂ ਕਈ ਘਟਨਾਵਾਂ ਕਰ ਕੇ ਛੋਟੀ ਉਮਰ ਵਿਚ ਹੀ ਭਗਤ ਸਿੰਘ ਕ੍ਰਾਂਤੀਕਾਰੀ ਸੰਸਥਾਵਾਂ ਅਤੇ ਬਾਗ਼ੀ ਰੁਚੀ ਵਾਲੇ ਜੁਝਾਰੂਆਂ ਦੇ ਸੰਪਰਕ ਵਿਚ ਆਣ ਲਗ ਗਿਆ। ਸੰਨ 1923 ਈ. ਵਿਚ ਇੰਟਰਮਿਡੀਏਟ ਪਰੀਖਿਆ ਪਾਸ ਕਰਨ 'ਤੇ ਜਦੋਂ ਪਰਿਵਾਰ ਨੇ ਇਸ ਦੇ ਵਿਆਹ ਦੀ ਯੋਜਨਾ ਬਣਾਈ, ਤਾਂ ਇਹ ਆਪਣੇ ਮਿੱਤਰ ਭਗਵਤੀ ਚਰਨ ਦੀ ਰਾਇ ਅਤੇ ਸਹਿਯੋਗ ਨਾਲ ਲਾਹੌਰ ਤੋਂ ਖਿਸਕ ਕੇ ਕਾਨਪੁਰ ਪਹੁੰਚਿਆ ਅਤੇ ਉਥੇ ਭਗਵਤੀ ਚਰਨ ਦੇ ਹੀ ਮਿੱਤਰ ਗਣੇਸ਼ ਸ਼ੰਕਰ ਕੋਲ ਠਹਿਰਿਆ ਜੋ ਪ੍ਰੈਸ ਦਾ ਕੰਮ ਕਰਦਾ ਸੀ।

ਕਾਨਪੁਰ ਵਿਚ ਇਸ ਨੇ ਭਾਰਤ ਭਰ ਵਿਚ ਕ੍ਰਾਂਤੀਕਾਰੀ ਬਿਰਤੀ ਦਾ ਵਿਕਾਸ ਕਰਨ ਲਈ 'ਰੀਪਬਲਿਕ ਦਲ' ਦੀ ਸਥਾਪਨਾ ਕੀਤੀ। ਚੰਦਰ ਸ਼ੇਖਰ ਆਜ਼ਾਦ ਨੂੰ ਇਸ ਦਾ ਪ੍ਰਧਾਨ ਥਾਪਿਆ ਅਤੇ ਸਕੱਤਰ ਦੀ ਜ਼ਿੰਮੇਵਾਰੀ ਆਪ ਸੰਭਾਲੀ। ਇਸ ਪਾਰਟੀ ਦਾ ਕੇਂਦਰੀ ਦਫ਼ਤਰ ਝਾਂਸੀ ਵਿਚ ਰਖਿਆ। ਇਸ ਪਾਰਟੀ ਦਾ ਆਦਰਸ਼ ਸੀ—'ਸਰ ਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,/ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਲ ਮੇਂ ਹੈ।' ਕ੍ਰਾਂਤੀਕਾਰੀ ਰੁਚੀਆਂ ਦੇ ਵਿਕਾਸ ਦੇ ਨਾਲ-ਨਾਲ ਸ਼ਹੀਦ ਭਗਤ ਸਿੰਘ ਪੱਤਰਕਾਰੀ ਵਿਚ ਵੀ ਆਪਣਾ ਯੋਗ ਪਾਉਂਦਾ ਰਿਹਾ ਅਤੇ ਇਸ ਮਾਧਿਅਮ ਰਾਹੀਂ ਆਪਣੇ ਵਿਚਾਰਾਂ ਤੋਂ ਲੋਕਾਂ ਨੂੰ ਜਾਣੂ ਕਰਾਉਂਦਾ ਰਿਹਾ। ਇਸ ਤੋਂ ਇਲਾਵਾ ਇਹ ਦੁਖੀਆਂ ਦੀ ਸਹਾਇਤਾ ਅਤੇ ਲੋੜਵੰਦਾਂ ਦੀ ਸੇਵਾ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ। ਇਸ ਨੂੰ ਸੰਨ 1926 ਈ. ਵਿਚ ਲਾਹੌਰ ਅੰਦਰ ਰਾਮਲੀਲਾ ਦੇ ਮੇਲੇ ਵਿਚ ਬੰਬ ਸੁੱਟਣ ਦੇ ਜੁਰਮ

ਵਿਚ ਪਕੜਿਆ ਗਿਆ। ਪਰ ਇਹ ਜੁਰਮ ਝੂਠਾ ਸਿੱਧ ਹੋਇਆ। ਤਦਉਪਰੰਤ ਇਸ ਨੇ ਕਾਕੋਰੀ ਸਾਜ਼ਿਸ਼ ਦੇ ਸ਼ਹੀਦਾਂ ਦੀ ਯਾਦ ਵਿਚ ਕਾਕੋਰੀ ਦਿਵਸ ਦਾ ਆਯੋਜਨ ਕੀਤਾ।

ਸੰਨ 1928 ਈ. ਵਿਚ ਸਾਈਮਨ ਕਮਿਸ਼ਨ ਹਿੰਦੁਸਤਾਨ ਆਇਆ। ਕਾਂਗ੍ਰਸ ਨੇ ਇਸ ਦਾ ਬਾਈਕਾਟ ਕੀਤਾ ਕਿਉਂਕਿ ਇਸ ਵਿਚ ਭਾਰਤੀਆਂ ਨੂੰ ਕੋਈ ਪ੍ਰਤਿਨਿਧਤਾ ਨਹੀਂ ਦਿੱਤੀ ਗਈ ਸੀ। ਹਰ ਪਾਸੇ 'ਸਾਈਮਨ ਕਮਿਸ਼ਨ ਗੋ ਬੈਕ' ਦੇ ਨਾਅਰੇ ਲਗਣ ਲਗੇ। ਅਕਤੂਬਰ, 1928 ਈ. ਵਿਚ ਜਦੋਂ ਇਹ ਕਮਿਸ਼ਨ ਲਾਹੌਰ ਆਇਆ ਤਾਂ ਲਾਲਾ ਲਾਜਪਤ ਰਾਇ ਦੀ ਅਗਵਾਈ ਵਿਚ ਇਕ ਭਾਰੀ ਜਲੂਸ ਕਢਿਆ ਗਿਆ। ਜਲੂਸ ਨੂੰ ਤਿੱਤਰ-ਬਿੱਤਰ ਕਰਨ ਲਈ ਪੁਲਿਸ ਵਲੋਂ ਲਾਠੀ ਚਲਾਈ ਗਈ। ਇਸ ਦੌਰਾਨ ਲਾਲਾ ਜੀ ਵੀ ਘਾਇਲ ਹੋ ਗਏ ਅਤੇ 17 ਨਵੰਬਰ ਨੂੰ ਚਲਾਣਾ ਕਰ ਗਏ। ਲਾਲਾ ਜੀ ਦੇ ਕਤਲ ਦਾ ਬਦਲਾ ਲੈਣ ਲਈ 15 ਦਸੰਬਰ, 1928 ਈ. ਨੂੰ ਭਗਤ ਸਿੰਘ ਆਪਣੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨਾਲ ਮਿਲ ਕੇ ਪੁਲਿਸ ਕਪਤਾਨ ਮਿ. ਸਕਾਟ ਨੂੰ ਮਾਰਨ ਲਈ ਉਸ ਦੇ ਦਫ਼ਤਰ ਦੇ ਬਾਹਰ ਘਾਤ ਲਗਾ ਕੇ ਬੈਠ ਗਿਆ। ਇਤਨੇ ਤਕ ਸਕਾਟ ਦੀ ਥਾਂ ਸਹਾਇਕ ਪੁਲਿਸ ਕਪਤਾਨ ਮਿ. ਸਾਂਡਰਸ ਬਾਹਰ ਨਿਕਲ ਕੇ ਮੋਟਰ-ਸਾਈਕਲ ਉਤੇ ਸਵਾਰ ਹੋਣ ਹੀ ਵਾਲਾ ਸੀ ਕਿ ਭਗਤ ਸਿੰਘ ਤੇ ਇਸ ਦੇ ਸਾਥੀਆਂ ਨੇ ਉਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਉਥੋਂ ਇਹ ਤਿੰਨੋਂ ਡੀ.ਏ.ਵੀ. ਕਾਲਜ ਵਲ ਭਜ ਗਏ। ਲਾਹੌਰ ਵਿਚ ਸਰਕਾਰ ਵਲੋਂ ਕੀਤੀ ਪੂਰੀ ਚੌਕਸੀ ਦੇ ਬਾਵਜੂਦ ਇਹ ਭੇਸ ਬਦਲ ਕੇ ਨਿਕਲ ਗਏ।

ਸੰਨ 1929 ਈ. ਵਿਚ 8 ਅਪ੍ਰੈਲ ਨੂੰ ਸੈਂਟ੍ਰਲ ਅਸੈਂਬਲੀ ਵਿਚ ਬਾਗ਼ੀਆਂ ਨੂੰ ਨੱਥ ਪਾਉਣ ਲਈ ਪਬਲਿਕ ਸੇਫਟੀ ਐਕਟ ਦਾ ਬਿਲ ਪੇਸ਼ ਹੋਣਾ ਸੀ। ਭਗਤ ਸਿੰਘ ਨੇ ਇਸ ਬਿਲ ਦਾ ਵਿਰੋਧ ਕਰਨ ਲਈ ਬਟੁਕੇਸ਼੍ਵਰ ਦੱਤ ਨੂੰ ਨਾਲ ਲੈ ਕੇ ਵਿਜ਼ਟਰ ਗੈਲਰੀ ਵਿਚ ਪਹੁੰਚਿਆ ਅਤੇ ਬੰਬ ਸੁਟਣ ਵਿਚ ਕਾਮਯਾਬ ਹੋ ਗਿਆ। ਪਰ ਉਥੇ ਦੋਵੇਂ ਮੌਕੇ 'ਤੇ ਪਕੜ ਲਏ ਗਏ ਅਤੇ ਇਨ੍ਹਾਂ ਵਿਰੁੱਧ ਚਲੇ ਅਸੈਂਬਲੀ ਬੰਬ ਕੇਸ ਵਿਚ ਵੀਹ-ਵੀਹ ਸਾਲ ਦੀ ਸਜ਼ਾ ਹੋਈ।

ਇਸ ਕੇਸ ਦੇ ਨਾਲ ਹੀ ਭਗਤ ਸਿੰਘ ਅਤੇ ਇਸ ਦੇ ਦੋ ਸਾਥੀਆਂ—ਰਾਜਗੁਰੂ ਅਤੇ ਸੁਖਦੇਵ—ਵਿਰੁੱਧ ਲਾਹੌਰ ਸਾਜ਼ਿਸ਼ ਕੇਸ ਚਲਿਆ। ਭਗਤ ਸਿੰਘ ਨੇ ਆਪਣਾ ਕੇਸ ਬੜੇ ਸੁਚੱਜੇ ਢੰਗ ਨਾਲ ਆਪ ਲੜਿਆ। 7 ਅਕਤੂਬਰ, 1930 ਈ. ਨੂੰ ਇਨ੍ਹਾਂ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਇਹ ਸੁਣ ਕੇ ਸਾਰਾ ਦੇਸ਼ ਸੋਗ ਵਿਚ ਡੁਬ ਗਿਆ। ਇਨ੍ਹਾਂ ਦੀ ਜਾਨ-ਬਖ਼ਸ਼ੀ ਲਈ ਕਈ ਉੱਦਮ ਕੀਤੇ ਗਏ, ਪਰ ਸਰਕਾਰ ਨੇ ਸਾਰੀਆਂ ਪ੍ਰਾਰਥਨਾਵਾਂ ਨੂੰ ਠੁਕਰਾ ਕੇ 23 ਮਾਰਚ, 1931 ਈ. ਨੂੰ ਤਿੰਨਾਂ ਨੂੰ ਲਾਹੌਰ ਜੇਲ ਵਿਚ ਫਾਂਸੀ ਦੇ ਕੇ ਚੁਪ-ਚੁਪਾਤੇ ਇਨ੍ਹਾਂ ਦੀਆਂ ਦੇਹਾਂ ਦਾ ਸਸਕਾਰ ਫ਼ੀਰੋਜ਼ਪੁਰ ਨੇੜੇ ਹੁਸੈਨੀਵਾਲਾ ਵਿਚ ਕਰ ਦਿੱਤਾ ਗਿਆ। ਕਹਿੰਦੇ ਹਨ ਕਿ ਭਗਤ ਸਿੰਘ ਨੇ 'ਮੈਨੂੰ ਰੰਗ ਦੇ ਮਜੀਠੀ ਚੋਲਾ' ਆਦਿ ਗੀਤ ਗਾਉਂਦੇ ਹੋਇਆਂ ਅਤੇ 'ਇਨਕਲਾਬ-

ਜ਼ਿੰਦਾਬਾਦ' ਦੇ ਨਾਅਰੇ ਮਾਰਦੇ ਹੋਇਆਂ ਫਾਂਸੀ ਦੇ ਤਖ਼ਤੇ ਨੂੰ ਖਿੜੇ ਮੱਥੇ ਚੁੰਮਿਆ ਅਤੇ ਮੌਤ ਲਾੜੀ ਨੂੰ ਪਰਣਾ ਕੇ ਸਥਾਈ ਸੁਖ ਨੂੰ ਪ੍ਰਾਪਤ ਕੀਤਾ। ਪੰਜਾਬੀ ਦੀ ਕ੍ਰਾਂਤੀਕਾਰੀ ਕਵਿਤਾ ਵਿਚ ਇਨ੍ਹਾਂ ਤਿੰਨਾਂ ਨੂੰ ਬੜੇ ਮਾਣ ਨਾਲ ਯਾਦ ਕੀਤਾ ਗਿਆ ਹੈ। 'ਗ਼ਦਰ ਦੀ ਗੂੰਜ' ਵਿਚ ਕਵੀ ਨੇ ਲਿਖਿਆ ਹੈ—'ਭਾਰਤ ਦੇਸ਼ ਦਾ ਭਗਤ ਸੀ ਭਗਤ ਪਿਆਰਾ,/ ਸੁਖਦੇਵ ਨੇ ਮੁਲਕ ਜਗਾ ਦਿੱਤਾ,/ਪਿਆਰੇ ਰਾਜਗੁਰੂ ਕਰ ਕਮਾਲ ਦਿਤੀ।'

ਭਗਤ ਛੱਜੂ : ਗੁਰੂ ਅਰਜਨ ਦੇਵ ਦਾ ਇਕ ਸਮਕਾਲੀ ਭਗਤ ਜੋ ਲਾਹੌਰ ਵਿਚ ਰਹਿ ਕੇ ਸਰਾਫ਼ੇ ਜਾਂ ਸਾਹੂਕਾਰੇ ਦੇ ਕਿਤੇ ਨਾਲ ਆਪਣਾ ਜੀਵਨ ਨਿਰਵਾਹ ਕਰਦਾ ਸੀ। ਆਪਣੇ ਕਾਰੋਬਾਰ ਤੋਂ ਸਮਾਂ ਕੱਢ ਕੇ ਇਹ ਭਗਤੀ ਵਿਚ ਲੀਨ ਰਹਿੰਦਾ। ਇਸ ਨੇ ਭਗਤੀ ਕਰਨ ਲਈ ਇਕ ਚੌਬਾਰਾ ਬਣਵਾਇਆ ਹੋਇਆ ਸੀ। ਇਸ ਚੌਬਾਰੇ ਵਿਚ ਬੈਠ ਕੇ ਛੱਜੂ ਦਾ ਮਨ ਭਗਤੀ ਵਿਚ ਬਹੁਤ ਲਗਦਾ ਸੀ। ਜਦੋਂ ਇਸ ਦੇ ਅਨੁਯਾਈਆਂ ਦੀ ਗਿਣਤੀ ਕਾਫ਼ੀ ਵੱਧ ਗਈ ਅਤੇ ਕਈ ਧਨਾਢ ਵਿਅਕਤੀ ਵੀ ਇਸ ਦੇ ਸੇਵਕ ਬਣ ਗਏ ਤਾਂ ਉਨ੍ਹਾਂ ਨੇ ਛੱਜੂ ਲਈ ਵਧੀਆਂ ਆਸ਼੍ਰਮ ਬਣਾਉਣ ਦੀ ਪੇਸ਼ਕਸ਼ ਕੀਤੀ ਤਾਂ ਛੱਜੂ ਨੇ ਇਹ ਕਹਿਕੇ ਪ੍ਰਵਾਨ ਨਾ ਕੀਤਾ ਕਿ ਭਗਤੀ ਲਈ ਚੌਬਾਰੇ ਵਰਗਾ ਸੁਖ-ਪੂਰਣ ਮਾਹੌਲ ਹੋਰ ਕਿਤੇ ਨਹੀਂ ਮਿਲ ਸਕਦਾ। ਕਾਲਾਂਤਰ ਵਿਚ ਇਹ ਕਥਨ ਇਕ ਅਖਾਣ ਬਣ ਕੇ ਰਹਿ ਗਿਆ—'ਜੋ ਸੁਖ ਛੱਜੂ ਦੇ ਚੌਬਾਰੇ, ਉਹ ਨ ਬਲਖ ਨ ਬੁਖ਼ਾਰੇ।'

ਛੱਜੂ ਦੀ ਮ੍ਰਿਤੂ ਸੰਨ 1639 ਈ. ਵਿਚ ਹੋਈ ਦਸੀ ਜਾਂਦੀ ਹੈ। ਛੱਜੂ ਦੀ ਦੁਕਾਨ ਵਾਲੀ ਥਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਧਰਮ-ਧਾਮ ਬਣਵਾਇਆ ਅਤੇ ਸਮਾਧ ਦੀ ਉਸਾਰੀ ਵੀ ਕਰਵਾਈ। ਉਂਜ ਇਸ ਦਾ ਹੁਣ ਮੁੱਖ ਧਰਮ-ਧਾਮ ਮਿੰਟਗੁਮਰੀ ਜ਼ਿਲੇ ਅੰਦਰ ਮਲਕਾ-ਹਾਂਸ ਕਸਬੇ ਵਿਚ ਹੈ। ਹਿੰਦੂ ਅਤੇ ਮੁਸਲਮਾਨ ਦੋਵੇਂ ਇਸ ਪ੍ਰਤਿ ਸ਼ਰਧਾ ਰਖਦੇ ਸਨ।

ਰਵਾਇਤ ਹੈ ਕਿ ਜਦੋਂ ਗੁਰੂ ਅਰਜਨ ਦੇਵ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਰਹੇ ਸਨ ਤਾਂ ਇਸ ਨੇ ਵੀ ਆਪਣੀ ਬਾਣੀ ਦਰਜ ਕਰਾਉਣ ਲਈ ਲਿਆਉਂਦੀ ਪਰ ਗੁਰੂ ਜੀ ਨੇ ਉਸ ਦੀ ਗੁਰਬਾਣੀ ਨਾਲ ਭਾਵਾਂ ਦੀ ਸਮਾਨਤਾ ਨਾ ਹੋਣ ਕਾਰਣ ਦਰਜ ਕਰਨੋਂ ਸੰਕੋਚ ਕੀਤਾ।

ਭਗਤੀ : ਸੰਸਕ੍ਰਿਤ ਦੀ 'ਭਜ੍' ਧਾਤੂ ਤੋਂ ਬਣੇ 'ਭਗਤੀ' (ਭਕ੍ਤਿ) ਸ਼ਬਦ ਦਾ ਅਰਥ ਹੈ 'ਭਜਣਾ'; ਆਰਾਧਨਾ, ਸੇਵਾ, ਇਸ਼ਟਦੇਵ ਪ੍ਰਤਿ ਅਤਿ-ਪ੍ਰੇਮ, ਸ਼ਰਧਾ ਆਦਿ ਇਸ ਦੇ ਨਾਮਾਂਤਰ ਹਨ। ਪਰ ਇਨ੍ਹਾਂ ਸ਼ਬਦਾਂ ਨਾਲ ਭਗਤੀ ਦੀ ਵਾਸਤਵਿਕ ਆਤਮਾ ਦਾ ਗਿਆਨ ਨਹੀਂ ਹੁੰਦਾ। ਭਾਰਤ ਦੀਆਂ ਆਸਤਿਕ ਸਾਧਨਾ-ਪੱਧਤੀਆਂ ਵਿਚ ਇਸ ਦੀ ਬਹੁਤ ਪ੍ਰਤਿਸ਼ਠਾ ਹੈ। ਅਨੀਸ਼ਵਰਵਾਦੀ ਮਤਾਂ ਦੀਆਂ ਕਾਲਾਂਤਰ ਵਿਚ ਬਣੀਆਂ ਸੰਪ੍ਰਦਾਵਾਂ ਨੇ ਵੀ ਭਗਤੀ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ।

ਵੱਖ-ਵੱਖ ਵਿਦਵਾਨਾਂ, ਆਚਾਰਯਾਂ ਅਤੇ ਧਰਮ-ਸਾਧਕਾਂ ਨੇ ਆਪਣੇ-ਆਪਣੇ ਢੰਗ ਨਾਲ ਇਸ ਦੀਆਂ ਪਰਿਭਾਸ਼ਾਵਾਂ ਪੇਸ਼ ਕੀਤੀਆਂ ਹਨ। ਵਿਆਸ ਅਨੁਸਾਰ ਪੂਜਾ ਆਦਿ ਵਿਚ ਗੂੜ੍ਹ ਅਨੁਰਾਗ (ਪ੍ਰੇਮ) ਹੋਣਾ ਭਗਤੀ ਹੈ। ਆਚਾਰਯ ਗਰਗ ਦਾ ਮਤ ਹੈ ਕਿ

ਭਗਵਾਨ ਦੀ ਕਥਾ ਆਦਿ ਵਿਚ ਅਨੁਰਕਤੀ (ਪ੍ਰੇਮ) ਹੀ ਭਗਤੀ ਹੈ। ਆਚਾਰਯ ਸ਼ਾਂਡਿਲ੍ਯ ਦਾ ਵਿਚਾਰ ਹੈ ਕਿ ਆਤਮ-ਰਤਿ (ਪ੍ਰੇਮ) ਦੇ ਅਨੁਕੂਲ ਵਿਸ਼ਿਆਂ ਵਿਚ ਅਨੁਰਾਗ ਭਗਤੀ ਹੈ। ਨਾਰਦ ਅਨੁਸਾਰ ਸਾਧ੍ਯ ਵਿਚ ਸਾਧਕ ਦਾ ਡੂੰਘਾ ਅਤੇ ਦ੍ਰਿੜ੍ਹ ਪ੍ਰੇਮ ਹੀ ਭਗਤੀ ਹੈ। ਇਹ ਅੰਮ੍ਰਿਤ-ਰੂਪਾ ਹੈ ਜਿਸ ਨੂੰ ਪ੍ਰਾਪਤ ਕਰਨ ਵਾਲਾ ਮਨੁੱਖ ਸਿੱਧ, ਤ੍ਰਿਪਤ ਅਤੇ ਪੂਰਣ-ਕਾਮਨਾ ਵਾਲਾ ਹੋ ਜਾਂਦਾ ਹੈ। ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਪਰਿਭਾਸ਼ਾਵਾਂ ਮਿਲ ਜਾਂਦੀਆਂ ਹਨ। ਇਨ੍ਹਾਂ ਸਾਰੀਆਂ ਤੋਂ ਇਕ ਗੱਲ ਬਿਲਕੁਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਕਿ 'ਪ੍ਰੇਮ' ਭਗਤੀ ਦਾ ਮਹੱਤਵਪੂਰਣ ਤੱਤ੍ਵ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ''ਸ੍ਰਿਸ਼ਟੀ ਦੇ ਮੂਲ ਵਿਚ ਨਿਵਾਸ ਕਰਨ ਵਾਲੀ ਜੋ ਪ੍ਰਕਾਸ਼ਮਾਨ, ਅਮਰ, ਚੇਤਨ ਸੱਤਾ ਨਿਰਾਕਾਰ ਅਤੇ ਨਿਰਗੁਣ ਤੱਤ੍ਵ ਹੈ, ਉਸ ਦੀ ਪੂਰਣ ਨੇੜਤਾ ਦਾ ਲਾਭ ਪ੍ਰਾਪਤ ਕਰਨ ਲਈ, ਉਸ ਨਾਲ ਜੋ ਵਿਅਕਤੀਗਤ, ਆਂਤਰਿਕ ਜਾਂ ਇਕਾਂਤਿਕ ਪ੍ਰੇਮ-ਸੰਬੰਧ ਸਥਾਪਿਤ ਕੀਤਾ ਜਾਂਦਾ ਹੈ, ਉਸ ਨੂੰ 'ਭਗਤੀ' ਕਹਿੰਦੇ ਹਨ।''

ਭਗਤੀ ਨਾਲ ਸੰਬੰਧਿਤ ਅਨੇਕ ਪ੍ਰਕਾਰ ਦੇ ਗ੍ਰੰਥਾਂ ਵਿਚ ਭਗਤੀ ਦਾ ਵੱਖ-ਵੱਖ ਦ੍ਰਿਸ਼ਟੀਆਂ ਤੋਂ ਵਰਗੀਕਰਣ ਵੀ ਕੀਤਾ ਗਿਆ ਹੈ ਜਿਸ ਨਾਲ ਭਗਤੀ ਦੇ ਵਿਵਹਾਰਿਕ ਰੂਪ ਦੀ ਸਪੱਸ਼ਟਤਾ ਹੁੰਦੀ ਹੈ। ਇਸ਼ਟ ਦੇ ਸਰੂਪ-ਭੇਦ ਨੂੰ ਸਾਹਮਣੇ ਰਖਦੇ ਹੋਇਆਂ ਭਗਤੀ ਦੇ ਦੋ ਭੇਦ ਕੀਤੇ ਜਾਂਦੇ ਹਨ—ਨਿਰਗੁਣ ਅਤੇ ਸਗੁਣ। ਨਿਰਗੁਣ ਭਗਤੀ ਕੇਵਲ ਅਦ੍ਵੈਤਵਾਦੀ ਆਤਮ-ਗਿਆਨ ਦੀ ਨਿਰਾਕਾਰ ਬ੍ਰਹਮ ਪ੍ਰਤਿ ਭਗਤੀ ਹੈ ਅਤੇ ਸਗੁਣ ਭਗਤੀ ਦਾ ਸੰਬੰਧ ਸਾਕਾਰ ਭਗਵਾਨ ਦੇ ਨਾਮ, ਰੂਪ, ਗੁਣ, ਲੀਲਾ ਅਤੇ ਧਾਮ ਨਾਲ ਹੈ। ਰੂਪ-ਗੋਸਵਾਮੀ ਨੇ ਭਗਤੀ ਦੇ ਪਰਾ ਅਤੇ ਗੌਣੀ ਨਾਂ ਦੇ ਦੋ ਭੇਦ ਮੰਨੇ ਹਨ। 'ਭਾਗਵਤ-ਪੁਰਾਣ' (3/29/8-10) ਵਿਚ ਵਰਣਿਤ ਸਾਤਵਿਕੀ, ਰਾਜਸੀ ਅਤੇ ਤਾਮਸੀ ਭਗਤੀ 'ਗੌਣੀ ਭਗਤੀ' ਹੈ ਅਤੇ ਇਨ੍ਹਾਂ ਤੋਂ ਸ੍ਰੇਸ਼ਠ ਭਗਤੀ ਦਾ ਨਾਂ 'ਪਰਾ-ਭਗਤੀ' ਹੈ। ਇਸ ਤਰ੍ਹਾਂ ਹੋਰ ਵੀ ਕਈ ਵਿਦਵਾਨਾਂ ਨੇ ਦੋ-ਪ੍ਰਕਾਰੀ ਭਗਤੀ ਬਾਰੇ ਵਿਵਰਣ ਦਿੱਤੇ ਹਨ।

ਭਗਤ ਦੀਆਂ ਭਾਵਨਾਵਾਂ ਦੀ ਦ੍ਰਿਸ਼ਟੀ ਤੋਂ ਭਗਤੀ ਦੇ ਤਿੰਨ ਭੇਦ ਹਨ—ਸ਼ਰਧਾ-ਭਗਤੀ, ਭਾਵਨਾ-ਭਗਤੀ ਅਤੇ ਸ਼ੁੱਧਾ-ਭਗਤੀ। ਸਾਧਕ ਦੀਆਂ ਸੁਭਾਵਿਕ ਬ੍ਰਿੱਤੀਆਂ ਦੇ ਆਧਾਰ ਤੇ 'ਭਾਗਵਤ-ਪੁਰਾਣ' ਵਿਚ ਚਾਰ ਪ੍ਰਕਾਰ ਦੀ ਭਗਤੀ ਮੰਨੀ ਗਈ ਹੈ—ਸਾਤਵਿਕੀ, ਰਾਜਸੀ, ਤਾਮਸੀ ਅਤੇ ਨਿਰਗੁਣਾ। ਪ੍ਰੇਮ (ਰਤਿ) ਦੇ ਰੂਪ-ਭੇਦ ਦੇ ਆਧਾਰ 'ਤੇ ਭਗਤੀ ਦੇ ਪੰਜ ਭੇਦ ਦਸੇ ਗਏ ਹਨ—ਸ਼ਾਂਤ, ਦਾਸ੍ਯ, ਸਖ੍ਯ, ਵਾਤ੍ਸਲ੍ਯ ਅਤੇ ਕਾਂਤਾ। ਤਨਮਾਤ੍ਰਾਵਾਂ ਜਾਂ ਗਿਆਨ-ਇੰਦਰੀਆਂ ਦੇ ਆਧਾਰ ਤੇ ਮਧੁਸੂਦਨ-ਸਰਸ੍ਵਤੀ ਨੇ ਛੇ ਪ੍ਰਕਾਰ ਦੀ ਭਗਤੀ ਦੀ ਕਲਪਨਾ ਕੀਤੀ ਹੈ—ਸਪਰਸ਼ਜਾ, ਸ਼ਬਦਜਾ, ਰੂਪਜਾ, ਰਸਜਾ, ਗੰਧਜਾ ਅਤੇ ਸਮੁਚਿਤ ਵਿਸ਼ਯਜਾ।

ਭਗਤੀ ਦੇ ਅਨੇਕ ਵਰਗੀਕਰਣਾਂ ਵਿਚੋਂ ਅਧਿਕ ਪ੍ਰਸਿੱਧ ਵਰਗ 'ਨਵਧਾ-ਭਗਤੀ' (ਵੇਖੋ) ਹੈ। 'ਭਾਗਵਤ-ਪੁਰਾਣ' (7/5/23) ਅਨੁਸਾਰ ਭਗਵਾਨ ਵਿਸ਼ਣੂ ਦੇ ਗੁਣ-

ਲੀਲਾ-ਨਾਮ ਆਦਿ ਦਾ (1) ਸ਼੍ਰਵਣ, (2) ਕੀਰਤਨ, (3) ਸ੍ਮਰਣ, (4) ਪਾਦ-ਸੇਵਨ, (5) ਪੂਜਾ-ਅਰਚਾ, (6) ਵੰਦਨ, (7) ਦਾਸ੍ਯ, (8) ਸਖ੍ਯ, ਅਤੇ (9) ਆਤਮ ਨਿਵੇਦਨ ਨੂੰ ਨਵਧਾ-ਭਗਤੀ ਦਾ ਨਾਂ ਦਿੱਤਾ ਜਾ ਸਕਦਾ ਹੈ।

ਨਾਰਦ ਨੇ ਆਪਣੇ ਭਗਤੀ-ਸੂਤ੍ਰ (82) ਵਿਚ ਯਾਰ੍ਹਾਂ ਆਸਕ੍ਤੀਆਂ (ਮਾਨਸਿਕ ਲਗਨਾਂ) ਜਾਂ ਯਾਰ੍ਹਾਂ ਤਰ੍ਹਾਂ ਦੀਆਂ ਭਗਤੀਆਂ ਦਾ ਵਰਣਨ ਕੀਤਾ ਹੈ—(1) ਗੁਣ ਮਹਾਤਮ ਆਸਕ੍ਤੀ, (2) ਰੂਪ ਆਸਕ੍ਤੀ, (3) ਪੂਜਾ ਆਸਕ੍ਤੀ, (4) ਸ੍ਮਰਣ ਆਸਕ੍ਤੀ, (5) ਦਾਸ੍ਯ ਆਸਕ੍ਤੀ, (6) ਸਖ੍ਯ ਆਸਕ੍ਤੀ, (7) ਕਾਂਤਾ ਆਸਕ੍ਤੀ, (8) ਵਾਤ੍ਸਲ੍ਯ ਆਸਕ੍ਤੀ, (9) ਆਤਮ-ਨਿਵੇਦਨ ਆਸਕ੍ਤੀ, (10) ਤਨਮਯਤਾ ਆਸਕ੍ਤੀ, ਅਤੇ (11) ਪਰਮ-ਵਿਰਹ ਆਸਕ੍ਤੀ।

ਇਨ੍ਹਾਂ ਸਾਰਿਆਂ ਭੇਦਾਂ ਦੇ ਗੰਭੀਰ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਭਗਤੀ ਦੇ ਮੁੱਖ ਰੂਪ ਵਿਚ ਦੋ ਹੀ ਭੇਦ ਹਨ—ਇਕ ਗੌਣੀ ਜਾਂ ਸਾਧਨ ਭਗਤੀ ਅਤੇ ਦੂਜੀ ਮੁਖ੍ਯਾ ਜਾਂ ਸਾਧ੍ਯ ਭਗਤੀ। ਬਾਕੀ ਸਾਰੇ ਪ੍ਰਕਾਰ ਇਨ੍ਹਾਂ ਦੋਹਾਂ ਵਿਚ ਸਮਾ ਜਾਂਦੇ ਹਨ। ਇਨ੍ਹਾਂ ਦੋਹਾਂ ਲਈ ਪ੍ਰੇਮ ਦੀ ਲੋੜ ਦਸੀ ਗਈ ਹੈ। ਪਰ ਪ੍ਰੇਮ ਦੀ ਲੋੜ ਗੌਣੀ ਨਾਲੋਂ ਮੁਖ੍ਯਾ ਲਈ ਕਿਤੇ ਅਧਿਕ ਹੈ। ਇਸ ਲਈ ਭਗਤੀ ਦਾ ਸ੍ਰੇਸ਼ਠ ਰੂਪ ਪ੍ਰੇਮ ਤੇ ਆਧਾਰਿਤ ਹੈ। ਪ੍ਰੇਮ ਤੋਂ ਬਿਨਾ ਭਗਤੀ ਵਿਚ ਉੱਤਮਤਾ ਘਟ ਜਾਂਦੀ ਹੈ। ਸੰਖੇਪ ਵਿਚ ਪ੍ਰੇਮ ਤੋਂ ਬਿਨਾ ਭਗਤੀ ਦੀ ਕਲਪਨਾ ਕਰਨਾ ਸਰਲ ਨਹੀਂ ਹੈ। ਜਿਸ ਭਗਤੀ ਵਿਚ ਪ੍ਰੇਮ ਦੀ ਸਥਿਤੀ ਆਧਾਰ ਤੱਤ੍ਵ ਵਾਲੀ ਨਾ ਹੋ ਕੇ ਪ੍ਰਧਾਨ ਜਾਂ ਪ੍ਰਮੁਖ ਤੱਤ੍ਵ ਵਾਲੀ ਹੈ, ਉਸ ਨੂੰ ਪ੍ਰੇਮ-ਭਗਤੀ (ਵੇਖੋ) ਕਿਹਾ ਜਾ ਸਕਦਾ ਹੈ। ਗੁਰੂ ਅਮਰਦਾਸ ਨੇ ਕਿਹਾ ਹੈ—'ਪ੍ਰੇਮ ਭਗਤਿ ਕਰੇ ਲਿਵ ਲਾਇ।/ ਹਉਮੈ ਮਮਤਾ ਸਬਦਿ ਜਲਾਇ' (ਆ. ਗ੍ਰੰ. 841)।

ਭਗਵਦ-ਗੀਤਾ : ਵੇਖੋ 'ਗੀਤਾ'।

ਭਗੀਰਥ : ਇਕ ਸੂਰਜਵੰਸ਼ੀ ਰਾਜਾ ਜਿਸ ਦੀ ਕੁਲ ਵਿਚ ਰਾਮ ਚੰਦਰ ਪੈਦਾ ਹੋਏ। 'ਬਾਲਮੀਕੀ ਰਾਮਾਇਣ' (ਬਾਲ-ਕਾਂਡ) ਅਨੁਸਾਰ ਰਾਜਾ ਸਗਰ (ਵੇਖੋ) ਤੋਂ ਬਾਦ ਉਸ ਦਾ ਪੋਤਰਾ ਅੰਸ਼ੁਮਾਨ ਰਾਜਾ ਬਣਿਆ। ਅੰਸ਼ੁਮਾਨ ਨੇ ਆਪਣੇ ਪਿਤਰਾਂ ਦਾ ਉੱਧਾਰ ਕਰਨ ਲਈ ਗੰਗਾ ਨੂੰ ਧਰਤੀ ਉਤੇ ਲਿਆਉਣ ਦਾ ਯਤਨ ਕੀਤਾ। ਪਰ ਸਫਲ ਨਾ ਹੋ ਸਕਣ ਕਾਰਣ ਉਸ ਨੇ ਸ਼ਰੀਰ ਤਿਆਗ ਦਿੱਤਾ। ਉਸ ਤੋਂ ਬਾਦ ਦਲੀਪ ਗੱਦੀ ਉਤੇ ਬੈਠਿਆ, ਪਰ ਗੰਗਾ ਨੂੰ ਧਰਤੀ ਉਤੇ ਨਾ ਲਿਆ ਸਕਣ ਕਾਰਣ ਕਾਲ-ਵਸ ਹੋ ਗਿਆ।

ਦਲੀਪ ਤੋਂ ਬਾਦ ਭਗੀਰਥ ਨੇ ਰਾਜ-ਗੱਦੀ ਸੰਭਾਲੀ। ਪਰ ਇਹ ਪੁੱਤਰ-ਹੀਨ ਸੀ। ਇਸ ਲਈ ਮੰਤਰੀਆਂ ਨੂੰ ਆਪਣੀ ਗੱਦੀ ਸੌਂਪ ਕੇ ਗੋਕਰਣ ਤੀਰਥ ਉਤੇ ਜਾ ਕੇ ਤਪਸਿਆ ਕਰਨ ਲਗਾ। ਬ੍ਰਹਮਾ ਦੇ ਪ੍ਰਸੰਨ ਹੋਣ 'ਤੇ ਇਸ ਨੇ ਦੋ ਵਰ ਮੰਗੇ। ਇਕ ਕਿ ਗੰਗਾ ਨੂੰ ਧਰਤੀ ਉਤੇ ਲਿਆ ਸਕੇ। ਦੂਜਾ ਕਿ ਇਸ ਦੇ ਘਰ ਤੇਜਸਵੀ ਪੁੱਤਰ ਪੈਦਾ ਹੋਏ। ਬ੍ਰਹਮਾ ਨੇ ਵਰ ਦਿੰਦਿਆਂ ਤਾਕੀਦ ਕੀਤੀ ਕਿ ਗੰਗਾ ਦਾ ਪ੍ਰਵਾਹ ਬਹੁਤ ਤੇਜ਼ ਹੋਣ ਕਾਰਣ ਧਰਤੀ ਤੋਂ ਸੰਭਾਲਿਆ ਨਹੀਂ ਜਾਵੇਗਾ। ਇਸ ਲਈ ਸ਼ਿਵ ਦੀ ਮੱਦਦ ਦੀ ਲੋੜ ਹੈ।

ਭਗੀਰਥ ਨੇ ਸ਼ਿਵ ਦੀ ਉਪਾਸਨਾ ਕਰਕੇ ਗੰਗਾ ਦੇ ਵੇਗ ਨੂੰ ਸੰਭਾਲਣ ਦੀ ਬੇਨਤੀ

ਕੀਤੀ । ਸ਼ਿਵ ਨੇ ਇਕ ਹਜ਼ਾਰ ਸਾਲ ਤਕ ਗੰਗਾ ਨੂੰ ਆਪਣੀਆਂ ਜਟਾਵਾਂ ਵਿਚ ਉਲਝਾ ਕੇ ਉਸ ਦਾ ਵੇਗ ਘਟਾ ਦਿੱਤਾ । ਤਦ-ਉਪਰੰਤ ਉਸ ਨੂੰ ਬਿੰਦੁਸਰ ਵਲ ਮੁਕਤ ਕੀਤਾ ਜਿਥੇਂ ਉਹ ਸੱਤ ਧਾਰਾਵਾਂ ਵਿਚ ਵਹਿਣ ਲਗੀ । ਉਨ੍ਹਾਂ ਵਿਚੋਂ ਤਿੰਨ ਧਾਰਾਵਾਂ—ਹ੍ਲਾਦਿਨੀ, ਪਾਵਨੀ ਅਤੇ ਨਲਿਨੀ—ਪੂਰਵ ਦਿਸ਼ਾ ਵਲ ਅਤੇ ਤਿੰਨ ਧਾਰਾਵਾਂ—ਸੁਚਕ੍ਸ਼ੁ (ਵੰਕਸ਼ੁ), ਸੀਤਾ ਅਤੇ ਸਿੰਧੁ –ਪੱਛਮ ਵਲ ਵਹੀਆਂ । ਸੱਤਵੀਂ ਧਾਰਾ ਭਗੀਰਥ ਦੇ ਰਥ ਦੇ ਪਿਛੇ-ਪਿਛੇ ਚਲ ਪਈ । ਸਮੁੰਦਰ ਤਕ ਪਹੁੰਚ ਕੇ ਭਗੀਰਥ ਗੰਗਾ ਨੂੰ ਪਾਤਾਲ ਲੋਕ ਲੈ ਗਿਆ ਅਤੇ ਉਥੇ ਆਪਣੇ ਮ੍ਰਿਤ ਪਿਤਰਾਂ (ਸਗਰ ਦੇ ਸਠ ਹਜ਼ਾਰ ਪੁੱਤਰਾਂ) ਨੂੰ ਇਸ਼ਨਾਨ ਕਰਾ ਕੇ ਕਪਿਲ ਮੁਨੀ ਦੇ ਸਰਾਪ ਤੋਂ ਮੁਕਤ ਕਰਾਇਆ ਅਤੇ ਸਵਰਗ ਭੇਜਿਆ । ਗੁਰੂ ਰਾਮਦਾਸ ਨੇ ਇਸ ਗੱਲ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ' (ਅ. ਗ੍ਰੰ. 1263) ।

ਭਗੀਰਥ ਦੁਆਰਾ ਗੰਗਾ ਨੂੰ ਆਪਣੀ ਪੁੱਤਰੀ ਬਣਾਉਣ ਕਾਰਣ ਉਸ ਦਾ ਇਕ ਨਾਂ 'ਭਾਗੀਰਥੀ' ਵੀ ਪ੍ਰਸਿੱਧ ਹੋਇਆ । 'ਮਹਾਭਾਰਤ' (ਵਨ-ਪਰਵ) ਅਨੁਸਾਰ ਭਗੀਰਥ ਨੇ ਇਕ ਸੌ ਅਸ਼੍ਵਮੇਧ ਯੱਗ ਕੀਤੇ ਅਤੇ ਗੰਗਾ ਦੇ ਕੰਢੇ ਦੋ ਸੁਨਹਿਰੀ ਘਾਟ ਬਣਵਾਏ; ਬ੍ਰਾਹਮਣਾਂ ਨੂੰ ਅਤਿ ਅਧਿਕ ਦਾਨ ਦਿੱਤੇ । ਇਸ ਤਰ੍ਹਾਂ ਇਕ ਤਪਸਵੀ ਰਾਜਾ ਦੇ ਰੂਪ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ । ਇਸ ਦੇ ਵੰਸ਼ ਵਿਚ ਰਘੂ, ਅਜ, ਦਸ਼ਰਥ ਅਤੇ ਰਾਮ ਵਰਗੇ ਪ੍ਰਤਾਪੀ ਰਾਜੇ ਪੈਦਾ ਹੋਏ ।

ਭਰਤ : ਭਾਰਤੀ ਇਤਿਹਾਸ-ਮਿਥਿਹਾਸ ਵਿਚ ਭਰਤ ਨਾਂ ਦੇ ਵਿਅਕਤੀ ਤਾਂ ਕਈ ਹੋਏ ਹਨ, ਪਰ ਸਭ ਤੋਂ ਵੱਧ ਪ੍ਰਸਿੱਧ ਦਸ਼ਰਥ ਦਾ ਪੁੱਤਰ ਹੈ ਜੋ ਕੈਕਈ ਦੀ ਕੁੱਖੋਂ ਪੈਦਾ ਹੋਇਆ । ਇਹ ਸ਼ੁਰੂ ਤੋਂ ਹੀ ਆਪਣੇ ਨਾਨੇ ਅਸ਼੍ਵਪਤੀ ਦੀ ਦੇਖ-ਰੇਖ ਵਿਚ ਰਿਹਾ ਜੋ ਕੇਕਯ ਪ੍ਰਦੇਸ਼ ਦਾ ਰਾਜਾ ਸੀ । ਇਸ ਦਾ ਵਿਆਹ ਰਾਜਾ ਜਨਕ ਦੀ ਭਤੀਜੀ ਮਾਂਡਵੀ ਨਾਲ ਹੋਇਆ ।

ਜਦੋਂ ਦਸ਼ਰਥ ਨੇ ਰਾਮ ਚੰਦਰ ਨੂੰ ਰਾਜ-ਗੱਦੀ ਸੌਂਪਣ ਦਾ ਵਿਚਾਰ ਬਣਾਇਆ ਤਾਂ ਆਪਣੇ ਪੁੱਤਰ ਦੇ ਭਵਿਸ਼ ਸੰਬੰਧੀ ਕੈਕਈ ਦੀ ਮਮਤਾ ਨੇ ਹੁਲਾਰਾ ਮਾਰਿਆ ਅਤੇ ਮੰਥਰਾ ਦਾਸੀ ਦੀ ਸਲਾਹ ਨਾਲ ਉਸ ਨੇ ਦਸ਼ਰਥ ਤੋਂ ਦੇਵ-ਅਸੁਰ-ਸੰਗ੍ਰਾਮ ਵੇਲੇ ਦਿੱਤੇ ਦੋ ਵਰਾਂ ਨੂੰ ਪੂਰਾ ਕਰਨ ਲਈ ਜ਼ੋਰ ਪਾਇਆ । ਫਲਸਰੂਪ ਰਾਮ ਚੰਦਰ ਨੇ ਬਨਬਾਸ ਲਿਆ ਅਤੇ ਭਰਤ ਦੇ ਹਿੱਸੇ ਰਾਜ-ਗੱਦੀ ਆਈ ।

ਰਾਮ ਦੇ ਬਨਬਾਸ ਲਈ ਜਾਣ 'ਤੇ ਦਸ਼ਰਥ ਪੁੱਤਰ-ਵਿਯੋਗ ਵਿਚ ਮਰ ਗਿਆ ਅਤੇ ਭਰਤ ਗੱਦੀ ਉਤੇ ਬੈਠਣੋਂ ਸੰਕੋਚ ਕਰਨ ਲਗਾ । ਪਿਤਾ ਦੀ ਅੰਤਿਮ ਕ੍ਰਿਆ ਕਰਨ ਉਪਰੰਤ ਭਰਤ ਆਪਣੇ ਮੰਤਰੀਆਂ ਅਤੇ ਸੈਨਾ ਸਹਿਤ ਸ੍ਰੀ ਰਾਮ ਚੰਦਰ ਨੂੰ ਅਯੋਧਿਆ ਪਰਤਾਉਣ ਲਈ ਚਿਤ੍ਰਕੂਟ ਸਥਾਨ 'ਤੇ ਗਿਆ ਪਰ ਰਾਮ ਚੰਦਰ ਨੇ ਪਿਤਾ ਦੀ ਆਗਿਆ ਦਾ ਪਾਲਨ ਕੀਤੇ ਬਿਨਾ ਅਯੋਧਿਆ ਪਰਤਣਾ ਠੀਕ ਨਾ ਸਮਝਿਆ । ਇਸ ਲਈ ਸ੍ਰੀ ਰਾਮ ਚੰਦਰ ਵਾਪਸ ਨਾ ਪਰਤੇ । ਭਰਤ ਨੇ ਰਾਮ ਚੰਦਰ ਦੇ ਬਨਬਾਸ ਦੌਰਾਨ ਉਨ੍ਹਾਂ ਦਾ ਪ੍ਰਤਿਨਿਧ ਬਣ ਕੇ ਰਾਜ ਕੀਤਾ । ਸ੍ਰੀ ਰਾਮ ਚੰਦਰ ਦੇ ਪਰਤਣ ਤੇ ਬੜੇ ਸਨੇਹ ਨਾਲ ਉਨ੍ਹਾਂ

ਨੂੰ ਲਿਆ ਕੇ ਗੱਦੀ ਉਤੇ ਬਿਠਾਇਆ । ਇਸ ਦੇ ਦੋ ਪੁੱਤਰ ਸਨ—ਤਕ੍ਸ਼ ਅਤੇ ਪੁਸ਼ਕਲ । ਕਹਿੰਦੇ ਹਨ ਇਸ ਨੇ ਆਪਣੇ ਰਾਜ-ਕਾਲ ਵਿਚ ਤਿੰਨ ਕਰੋੜ ਗੰਧਰਵਾਂ ਨੂੰ ਮਾਰ ਕੇ ਉਨ੍ਹਾਂ ਦੇ ਰਾਜ ਨੂੰ ਆਪਣੇ ਅਧੀਨ ਕੀਤਾ ।

ਭਰਤ੍ਰੀਹਰਿ : ਸੰਸਕ੍ਰਿਤ ਭਾਸ਼ਾ ਦਾ ਇਕ ਪ੍ਰਸਿੱਧ ਕਵੀ ਜਿਸ ਨੇ ਤਿੰਨ ਸ਼ਤਕਾਂ ਦੀ ਰਚਨਾ ਕੀਤੀ ਜਿਵੇਂ ਸ਼੍ਰਿੰਗਾਰ-ਸ਼ਤਕ, ਨੀਤਿ-ਸ਼ਤਕ ਅਤੇ ਵੈਰਾਗ੍ਯ-ਸ਼ਤਕ । ਇਨ੍ਹਾਂ ਗ੍ਰੰਥਾਂ ਵਿਚ ਇਸ ਨੇ ਕ੍ਰਮਵਾਰ ਪ੍ਰੇਮ-ਵਿਲਾਸ, ਰਾਜਨੀਤੀ-ਸਦਾਚਾਰ ਅਤੇ ਧਰਮ-ਸਾਧਨਾ ਸੰਬੰਧੀ ਆਪਣੇ ਗੰਭੀਰ ਵਿਚਾਰਾਂ ਦਾ ਸੁੰਦਰ ਢੰਗ ਨਾਲ ਪ੍ਰਗਟਾਵਾ ਕੀਤਾ ਹੈ ।

ਭਰਤ੍ਰੀਹਰਿ ਦੇ ਸਮੇਂ ਅਤੇ ਸਥਾਨ ਬਾਰੇ ਜਾਣਕਾਰੀ ਦਾ ਅਭਾਵ ਹੈ । ਕਹਿੰਦੇ ਹਨ ਕਿ ਇਹ ਮਹਾਰਾਜਾ ਵਿਕ੍ਰਮਾਦਿਤ੍ਯ ਦਾ ਵੱਡਾ ਭਰਾ ਸੀ ਅਤੇ ਸਾਹਿੱਤ ਵਿਚ ਇਸ ਦੀ ਵਿਸ਼ੇਸ਼ ਰੁਚੀ ਸੀ । ਇਸ ਦੀਆਂ ਰਚਨਾਵਾਂ ਸੰਸਕ੍ਰਿਤ ਦੇ ਗੌਰਵ ਗ੍ਰੰਥ ਹਨ । ਇਸ ਨੂੰ ਵਿਆਕਰਣ-ਆਚਾਰਯ ਵੀ ਮੰਨਿਆ ਜਾਂਦਾ ਹੈ ।

ਇਹ ਵੀ ਰਵਾਇਤ ਪ੍ਰਚਲਿਤ ਹੈ ਕਿ ਇਹ ਇਕ ਰਾਜਾ ਸੀ । ਪਰ ਆਪਣੀ ਰਾਣੀ ਦੀ ਭੋਗ-ਵਿਲਾਸੀ ਰੁਚੀ ਕਾਰਣ ਇਹ ਇਤਨਾ ਉਪਰਾਮ ਹੋਇਆ ਕਿ ਘਰ-ਬਾਰ ਅਤੇ ਰਾਜ-ਪਾਟ ਛਡ ਕੇ ਯੋਗੀ ਬਣ ਗਿਆ । ਮਹਾਨ ਚਿੰਤਕ ਹੁੰਦੇ ਹੋਇਆਂ ਵੀ ਇਹ ਇਸਤਰੀ ਦੇ ਮਨ ਦੀਆਂ ਡੂੰਘਾਣਾਂ ਵਿਚ ਉਤਰਨ ਵਿਚ ਸਫਲ ਨਾ ਹੋ ਸਕਿਆ । ਬਾਵਾ ਬਲਵੰਤ ਨੇ 'ਔਰਤ' ਨਾਂ ਦੀ ਕਵਿਤਾ ਵਿਚ ਸੰਕੇਤ ਕਰਦਿਆਂ ਲਿਖਿਆ ਹੈ—'ਤੇਰੀ ਜਾਨਣ ਲਈ ਆਦਤ ਅਨੇਕਾਂ ਭਰਥਰੀ ਆਏ,/ਸਮਝ ਸੱਕੇ ਨਹੀਂ ਇਸ ਚੀਜ਼ ਨੂੰ ਪਰ ਲੱਖਾਂ ਮੱਧਪਾਸਾਂ ।'

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਇਕ 'ਭਰਥਰਿ' ਜੋਗੀ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ—'ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ' (ਅ ਗ੍ਰੰ. 360) । ਇਸ ਉੱਲੇਖ ਬਾਰੇ ਦੋ ਸੰਭਾਵਨਾਵਾਂ ਹਨ । ਇਕ ਇਹ ਕਿ ਇਹ ਜੋਗੀ ਗੁਰੂ ਨਾਨਕ ਦੇਵ ਦਾ ਕੋਈ ਸਮਕਾਲੀ ਹੋਵੇਗਾ । ਦੂਜੀ ਇਹ ਕਿ ਗੁਰੂ ਨਾਨਕ ਦੇਵ ਨੇ ਯੋਗ ਅਥਵਾ ਵੈਰਾਗ ਸੰਬੰਧੀ ਆਪਣੀ ਧਾਰਣਾ ਨੂੰ ਪ੍ਰਤਿਸ਼ਠਿਤ ਯੋਗੀ ਭਰਥਰਿ ਨੂੰ ਸੰਬੋਧਨ ਕਰ ਕੇ ਪ੍ਰਗਟ ਕੀਤਾ ਹੋਵੇਗਾ ।

ਭਰਥਰੀ : ਵੇਖੋ 'ਭਰਤ੍ਰੀਹਰਿ' ।

ਭਵਾਨੀ : ਦੇਵੀ ਦਾ ਇਕ ਨਾਮਾਂਤਰ । ਵੇਖੋ 'ਦੇਵੀ' ।

ਭਾਉ ਭਗਤੀ : ਵੇਖੋ 'ਪ੍ਰੇਮ-ਭਗਤੀ' ।

ਭਾਗੀਰਥੀ : ਗੰਗਾ ਦਾ ਇਕ ਨਾਮਾਂਤਰ । ਵੇਖੋ 'ਗੰਗਾ' ।

ਭਾਗੋ, ਮਲਿਕ : ਇਕ ਰਿਸ਼ਵਤਖ਼ੋਰ ਖਤਰੀ ਪ੍ਰਬੰਧਕ ਜੋ ਸੈਦਪੁਰ (ਏਮਨਾਬਾਦ) ਦੇ ਪ੍ਰਸ਼ਾਸਕ ਜ਼ਾਲਿਮਖ਼ਾਨ ਦਾ ਅਹਿਲਕਾਰ ਸੀ ਅਤੇ ਜਿਸ ਨੇ ਲੋਕਾਂ ਤੋਂ ਨਾਜਾਇਜ਼ ਤੌਰ ਤੇ ਧਨ ਵਸੂਲ ਕੇ ਅਮੀਰੀ ਠਾਠ-ਬਾਠ ਬਣਾ ਲਿਆ ਸੀ । ਜਨਮਸਾਖੀ-ਸਾਹਿੱਤ ਅਨੁਸਾਰ ਇਕ ਵਾਰ ਗੁਰੂ ਨਾਨਕ ਦੇਵ ਉਦਾਸੀ ਦੌਰਾਨ ਭਾਈ ਲਾਲੋ ਪਾਸ ਠਹਿਰੇ ਹੋਏ ਸਨ । ਉਨ੍ਹਾਂ ਦਿਨਾਂ ਵਿਚ ਮਲਿਕ ਭਾਗੋ ਨੇ ਬ੍ਰਹਮ-ਭੋਜ ਕੀਤਾ । ਉਸ ਭੋਜ ਵਿਚ ਗੁਰੂ ਨਾਨਕ ਦੇਵ ਨੂੰ ਵੀ ਸ਼ਾਮਲ ਹੋਣ ਲਈ ਸਦਾ ਦਿੱਤਾ ਗਿਆ, ਪਰ ਗੁਰੂ ਨਾਨਕ ਦੇਵ ਨਾ ਗਏ ।

ਫਿਰ ਜਦੋਂ ਮਲਿਕ ਨੇ ਗੁਰੂ ਜੀ ਨੂੰ ਹੁਕਮਨ ਤਲਬ ਕੀਤਾ ਤਾਂ ਗੁਰੂ ਜੀ ਨੇ ਮਲਿਕ ਭਾਗੋ ਦੀਆਂ ਪੂੜੀਆਂ ਅਤੇ ਭਾਈ ਲਾਲੋ ਦੀਆਂ ਕੋਧ੍ਰੇ ਦੀਆਂ ਰੋਟੀਆਂ ਮੰਗਵਾ ਕੇ ਉਨ੍ਹਾਂ ਵਿਚੋਂ ਕ੍ਰਮਵਾਰ ਲਹੂ ਅਤੇ ਦੁੱਧ ਕੱਢ ਕੇ ਉਪਦੇਸ਼ ਦਿੱਤਾ ਕਿ ਨੇਕੀ ਦੀ ਕਮਾਈ ਦੁੱਧ ਵਰਗੀ ਹੈ ਜਿਸ ਨਾਲ ਮਨੁੱਖ ਦਾ ਜੀਵਨ ਸੁਖ-ਪੂਰਵਕ ਵਿਕਾਸ ਕਰਦਾ ਹੈ ਅਤੇ ਰਿਸ਼ਵਤ ਦੀ ਕਮਾਈ ਗ਼ਰੀਬਾਂ ਦੇ ਲਹੂ ਪੀਣ ਦੇ ਸਮਾਨ ਹੈ। ਕੇਦਾਰ ਨਾਥ 'ਬਾਗ਼ੀ' ਨੇ ਇਸ ਘਟਨਾ ਦੇ ਸਿੱਟੇ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਭਾਗੋ ਦੇ ਭਾਗ ਸਦਾ ਫੜੇ,/ਲਾਲੋ ਨੂੰ ਲਾਲ ਬਣਾ ਦਿੱਤਾ।'

ਭਿਸਤ : ਵੇਖੋ 'ਬਹਿਸ਼ਤ'।

ਭੀਸ਼ਮ, ਪਿਤਾਮਾ : ਵੇਖੋ 'ਗਾਂਗੇਯ'।

ਭੀਖਨ ਸ਼ਾਹ : ਇਕ ਮੁਸਲਮਾਨ ਫ਼ਕੀਰ ਜਿਸ ਦਾ ਜਨਮ ਪਿੰਡ ਸਿਆਨਾ (ਕੈਥਲ ਖੇਤਰ) ਦੇ ਇਕ ਸੱਯਦ ਪਰਿਵਾਰ ਵਿਚ ਹੋਇਆ। ਇਸ ਦੇ ਵੱਡੇ-ਵਡੇਰੇ ਪਟਿਆਲਾ ਜ਼ਿਲੇ ਦੇ ਘੁੜਾਮ ਪਿੰਡ ਵਿਚ ਰਹਿੰਦੇ ਸਨ। ਇਸ ਨੇ ਅੰਬਹਿਟਾ ਪਿੰਡ (ਜ਼ਿਲਾ ਸਹਾਰਨਪੁਰ) ਦੇ ਅਬੁਲ ਮੁਆਲੀ ਸ਼ਾਹ ਨੂੰ ਮੁਰਸ਼ਿਦ ਧਾਰਣ ਕਰਕੇ ਅਧਿਆਤਮਿਕ ਸੇਧ ਪ੍ਰਾਪਤ ਕੀਤੀ ਅਤੇ ਆਪਣਾ ਅਧਿਕਤਰ ਜੀਵਨ ਠਸਕਾ ਨਾਂ ਦੇ ਕਸਬੇ ਵਿਚ ਬਿਤਾਇਆ ਜੋ ਥਨੇਸਰ (ਕੁਰੁਕਸ਼ੇਤ੍ਰ) ਦੇ ਨੇੜੇ ਹੈ ਅਤੇ ਕਾਲਾਂਤਰ ਵਿਚ ਇਹ ਕਸਬਾ ਇਸ ਫ਼ਕੀਰ ਦੇ ਨਿਵਾਸ ਕਾਰਣ 'ਠਸਕਾ ਮੀਰਾਂ ਜੀ' ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਨੂੰ ਜਨ-ਸਾਧਾਰਣ ਪ੍ਰੇਮ ਨਾਲ 'ਸ਼ਾਹ ਭੀਖ' ਕਹਿ ਕੇ ਵੀ ਸੰਬੋਧਨ ਕਰਦੀ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਦਾ ਪਟਨੇ ਸ਼ਹਿਰ ਵਿਚ ਜਨਮ ਹੋਇਆ ਤਾਂ ਇਸ ਨੂੰ ਆਪਣੀ ਆਤਮਿਕ ਸ਼ਕਤੀ ਨਾਲ ਬੋਧ ਹੋ ਗਿਆ ਕਿ ਕਿਸੇ ਪ੍ਰਤਾਪੀ ਪੁਰਸ਼ ਦਾ ਜਨਮ ਹੋਇਆ ਹੈ। ਰਵਾਇਤ ਅਨੁਸਾਰ ਇਹ ਪਟਨੇ ਗਿਆ ਅਤੇ ਬਾਲਕ ਗੁਰੂ ਗੋਬਿੰਦ ਸਿੰਘ ਅਗੇ ਮਠਿਆਈ ਨਾਲ ਭਰੀਆਂ ਦੋ ਮਟਕੀਆਂ ਭੇਂਟ ਕੀਤੀਆਂ। ਬਾਲਕ ਗੁਰੂ ਨੇ ਦੋਹਾਂ ਉਤੇ ਆਪਣੇ ਹੱਥ ਰਖ ਦਿੱਤੇ। ਭੀਖਮ ਸ਼ਾਹ ਨੇ ਉਥੇ ਉਪਸਥਿਤ ਆਪਣੇ ਮੁਰੀਦਾਂ ਨੂੰ ਸਪੱਸ਼ਟ ਕੀਤਾ ਕਿ ਇਹ ਪਰਮ-ਪੁਰਸ਼ ਮੁਸਲਮਾਨਾਂ ਅਤੇ ਹਿੰਦੂਆਂ ਵਿਚੋਂ ਕਿਸੇ ਇਕ ਧਰਮ ਦਾ ਪੱਖਪਾਤੀ ਨਾ ਹੋ ਕੇ ਦੋਹਾਂ ਦੀ ਸਮ-ਭਾਵ ਨਾਲ ਸਰਪ੍ਰਸਤੀ ਕਰੇਗਾ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਦੋਹਾਂ ਧਰਮਾਂ ਵਾਲਿਆਂ ਨੂੰ ਸਮਾਨ ਭਾਵ ਨਾਲ ਪਿਆਰ ਕੀਤਾ। ਇਸ ਦੀ ਖ਼ਾਨਕਾਹ ਠਸਕਾ ਪਿੰਡ ਵਿਚ ਹੁਣ ਵੀ ਮੌਜੂਦ ਹੈ। ਸਿੱਖ ਸਮਾਜ ਵਿਚ ਇਸ ਦਾ ਨਾਂ ਆਦਰ-ਪੂਰਵਕ ਲਿਆ ਜਾਂਦਾ ਹੈ।

ਭੀਖਨ, ਸੰਤ : ਇਕ ਸੂਫ਼ੀ ਸੰਤ ਜਿਸ ਦੇ ਦੋ ਸ਼ਬਦ/ਪਦ ਗੁਰੂ ਗ੍ਰੰਥ ਸਾਹਿਬ ਦੇ ਸੋਰਠ ਰਾਗ ਵਿਚ ਸੰਕਲਿਤ ਹਨ। ਇਨ੍ਹਾਂ ਦੋਹਾਂ ਪਦਾਂ ਦੀ ਭਾਵ-ਸਾਮਗ੍ਰੀ ਅਤੇ ਭਾਸ਼ਾ-ਸ਼ੈਲੀ ਤੋਂ ਇਹ ਮੁਸਲਮਾਨੀ ਸਭਿਆਚਾਰ ਨਾਲ ਸੰਬੰਧਿਤ ਪ੍ਰਤੀਤ ਨਹੀਂ ਹੁੰਦਾ। ਇਤਿਹਾਸਕਾਰ ਬਦਾਯੂਨੀ ਦੀ ਧਾਰਣਾ ਹੈ ਕਿ ਇਹ ਲਖਨਊ ਦੇ ਨੇੜੇ ਕਕੋਰੀ/ਕਾਕੋਰੀ ਨਗਰ ਦਾ ਨਿਵਾਸੀ ਸੀ ਅਤੇ ਆਪਣੇ ਸਮੇਂ ਦਾ ਪ੍ਰਤਿਸ਼ਠਿਤ ਵਿਦਵਾਨ ਅਤੇ ਉੱਚੇ ਆਚਰਣ ਵਾਲਾ ਧਰਮ-ਸਾਧਕ ਮੰਨਿਆ ਜਾਂਦਾ ਸੀ। ਪਹਿਲਾਂ ਇਹ ਅਧਿਆਪਨ ਦਾ ਕੰਮ ਕਰਦਾ ਸੀ, ਪਰ ਪਿਛਲੀ

ਉਮਰ ਵਿਚ ਇਹ ਅਧਿਆਤਮਿਕ ਸਾਧਨਾ ਵਿਚ ਪੂਰੀ ਤਰ੍ਹਾਂ ਲੀਨ ਹੋ ਗਿਆ ਦਸਿਆ ਜਾਂਦਾ ਹੈ। ਇਹ ਆਪਣਾ ਸੰਬੰਧ ਇਰੀਚ ਦੇ ਮੀਰ ਸੱਯਦ ਇਬ੍ਰਾਹੀਮ ਦੀ ਸ਼ਿਸ਼-ਪਰੰਪਰਾ ਨਾਲ ਜੋੜਦੇ ਹੋਇਆਂ ਜਿਗਿਆਸੂਆਂ ਨੂੰ ਸੂਫ਼ੀ ਰਹੱਸਵਾਦ ਦੀਆਂ ਗੁੱਝੀਆਂ ਗੱਲਾਂ ਦੀ ਵਾਸਤਵਿਕਤਾ ਦਾ ਬੋਧ ਪ੍ਰਾਪਤ ਕਰਨ ਵਿਚ ਸਹਾਇਤਾ ਕਰਦਾ ਸੀ।

ਮੈਕਾਲਿਫ਼ ਦੇ ਮਤ ਅਨੁਸਾਰ ਇਸ ਦੀ ਮ੍ਰਿਤੂ ਸੰਨ 1573 ਜਾਂ 1574 ਈ. (1630 ਜਾਂ 1631 ਬਿ.) ਵਿਚ ਹੋਈ ਸੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਦੇ ਦੋ ਸ਼ਬਦਾਂ ਦੀ ਅਭਿਵਿਅਕਤੀ ਦੀ ਪ੍ਰੌੜ੍ਹਤਾ ਨੂੰ ਵੇਖਦੇ ਹੋਇਆਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਨੇ ਹੋਰ ਵੀ ਪਦ ਲਿਖੇ ਹੋਣਗੇ, ਜੋ ਹੁਣ ਉਪਲਬਧ ਨਹੀਂ। ਸੰਭਵ ਹੈ ਕਿ ਇਹ ਸੰਤ ਕਬੀਰ ਦਾ ਅਨੁਯਾਈ ਰਿਹਾ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਬਾਣੀ ਸ਼ਾਮਲ ਹੋਣ ਕਾਰਣ ਇਹ ਨਿਰਗੁਣਵਾਦੀ ਸਾਧਕ ਸਿੱਧ ਹੁੰਦਾ ਹੈ।

ਭੀਮ : ਪ੍ਰਸਿੱਧ ਪਾਂਡਵ-ਪੁੱਤਰ ਜੋ ਵਾਯੂ ਦੇਵਤਾ ਦੁਆਰਾ ਕੁੰਤੀ ਦੀ ਕੁੱਖ ਵਿਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਇਹ ਪੰਜਾਂ ਭਰਾਵਾਂ ਵਿਚੋਂ ਦੂਜੀ ਥਾਂ 'ਤੇ ਸੀ। ਇਸ ਦਾ ਆਕਾਰ ਪ੍ਰਕਾਰ ਬਹੁਤ ਵੱਡਾ ਸੀ ਅਤੇ ਭੋਜਨ ਵੀ ਬਹੁਤ ਅਧਿਕ ਕਰਦਾ ਸੀ। ਇਸੇ ਕਰਕੇ ਇਸ ਦਾ ਇਕ ਨਾਂ 'ਵ੍ਰਿਕੋਦਰ' ਵੀ ਸੀ।

ਸ਼ਰੀਰਿਕ ਸ਼ਕਤੀ ਇਸ ਵਿਚ ਅਪਾਰ ਸੀ। ਬਚਪਨ ਵਿਚ ਲੜਾਈ ਭਿੜਾਈ ਵੇਲੇ ਇਹ ਪਾਂਡਵ ਭਰਾਵਾਂ ਦੀ ਅਗਵਾਈ ਕਰਦਾ ਸੀ ਅਤੇ ਕੌਰਵਾਂ ਦੀ ਚੰਗੀ ਪਿਟਾਈ ਕਰਦਾ ਸੀ। ਇਹ ਗੱਦਾ-ਪ੍ਰਹਾਰ ਵਿਚ ਬਹੁਤ ਮਾਹਿਰ ਸੀ। ਇਸ ਨੂੰ ਗੱਦਾ ਚਲਾਣ ਦੀ ਸਿਖਿਆ ਬਲਭਦ੍ਰ ਨੇ ਦਿੱਤੀ ਸੀ। ਦੁਰਯੋਧਨ ਨੇ ਵੀ ਇਸ ਨਾਲ ਗੱਦਾ ਦੀ ਇਕੱਠੀ ਸਿਖਲਾਈ ਲਈ ਸੀ। ਗੱਦਾ ਚਲਾਣ ਵਿਚ ਦੋਹਾਂ ਦੀ ਬਰਾਬਰ ਦੀ ਟੱਕਰ ਸੀ।

ਬਨਬਾਸ ਦੌਰਾਨ ਜਦੋਂ ਦੁਰਯੋਧਨ ਨੇ ਪੁਰੋਚਨ ਦੁਆਰਾ ਪਾਂਡਵਾਂ ਦੀ ਕੁਟੀਆ ਨੂੰ ਅੱਗ ਲਗਾਉਣੀ ਚਾਹੀ ਤਾਂ ਭੀਮ ਨੇ ਪੁਰੋਚਨ ਨੂੰ ਫੜ ਕੇ ਅੱਗ ਵਿਚ ਸਾੜ ਦਿੱਤਾ। ਇਸ ਨੇ ਹਿਡਿੰਬ ਰਾਖਸ਼ ਨੂੰ ਮਾਰ ਕੇ ਉਸ ਦੀ ਭੈਣ ਹਿਡਿੰਬਾ ਨਾਲ ਵਿਆਹ ਕੀਤਾ। ਫਿਰ ਦੂਜਾ ਵਿਆਹ ਕਾਸ਼ੀ ਦੀ ਰਾਜਕੁਮਾਰੀ ਬਲਧਰਾ ਨਾਲ ਕੀਤਾ। ਇਸ ਨੇ ਜਰਾਸੰਧ, ਦੁਸ਼ਾਸਨ, ਦੁਰਯੋਧਨ, ਕੀਚਕ ਆਦਿ ਅਨੇਕ ਹੰਕਾਰੀ ਯੋਧਿਆਂ ਦਾ ਬਧ ਕੀਤਾ। ਅਗਿਆਤ-ਵਾਸ ਵੇਲੇ ਇਸ ਨੇ ਵਿਰਾਟ ਰਾਜੇ ਕੋਲ ਰਸੋਈਏ ਦਾ ਕੰਮ ਕੀਤਾ। ਵਾਯੂ-ਪੁੱਤਰ ਹੋਣ ਕਾਰਣ ਇਸ ਨੂੰ ਹਨੂਮਾਨ ਦਾ ਭਰਾ ਵੀ ਮੰਨਿਆ ਜਾਂਦਾ ਹੈ।

ਭੀਲਣੀ : ਭੀਲ ਜਾਤਿ ਦੀ ਇਕ ਇਸਤਰੀ ਜੋ 'ਪੰਪਾਸਰ' ਨਾਂ ਦੀ ਝੀਲ ਦੇ ਕੰਢੇ ਆਪਣੇ ਆਸ਼੍ਰਮ ਵਿਚ ਰਹਿੰਦੀ ਸੀ ਅਤੇ ਮਤੰਗ ਰਿਸ਼ੀ ਦੀ ਸੇਵਾ ਕਰਦੀ ਸੀ। 'ਬਾਲਮੀਕੀ ਰਾਮਾਇਣ' (ਅਰਣ੍ਯ-ਕਾਂਡ) ਅਨੁਸਾਰ ਜਦੋਂ ਸੀਤਾ ਦੀ ਭਾਲ ਵਿਚ ਸ੍ਰੀ ਰਾਮ ਚੰਦਰ ਇਸ ਦੇ ਆਸ਼੍ਰਮ ਵਿਚ ਪਹੁੰਚੇ ਤਾਂ ਇਸ ਨੇ ਉਨ੍ਹਾਂ ਦੀ ਬਹੁਤ ਆਉ-ਭਗਤ ਕੀਤੀ ਅਤੇ ਦਸਿਆ—''ਮੈਂ ਜਿਨ੍ਹਾਂ ਰਿਸ਼ੀਆਂ ਦੀ ਸੇਵਾ ਕਰਦੀ ਸਾਂ, ਉਹ ਸਾਰੇ ਆਪ ਜੀ ਦੇ ਚਿਤ੍ਰਕੂਟ ਪਰਬਤ ਉਤੇ ਪਹੁੰਚਦਿਆਂ ਹੀ ਅਸਾਧਾਰਣ ਵਿਮਾਨਾਂ ਵਿਚ ਸਵਾਰ ਹੋ ਕੇ

ਸਵਰਗ ਚਲੇ ਗਏ ਹਨ। ਉਹ ਜਾਂਦਿਆਂ ਮੈਨੂੰ ਕਹਿ ਗਏ ਸਨ ਕਿ ਜਦੋਂ ਆਪ ਇਸ ਆਸ਼੍ਰਮ ਵਿਚ ਆਉਗੇ ਤਾਂ ਮੈਂ ਆਪ ਦੀ ਸੇਵਾ ਕਰਕੇ ਅਵਿਨਾਸ਼ੀ ਲੋਕ ਪ੍ਰਾਪਤ ਕਰਾਂਗੀ।" ਫਲਸਰੂਪ ਭੀਲਣੀ ਨੇ ਸ੍ਰੀ ਰਾਮ ਲਈ ਬਹੁਤ ਸਾਰੇ ਫਲ ਇਕੱਠੇ ਕਰ ਰਖੇ ਸਨ। ਰਾਮ ਚੰਦਰ ਨੂੰ ਫਲ ਖਵਾਉਣ ਉਪਰੰਤ ਉਨ੍ਹਾਂ ਦੀ ਆਗਿਆ ਨਾਲ ਇਸ ਨੇ ਅਗਨੀ-ਕੁੰਡ ਵਿਚ ਪ੍ਰਵੇਸ਼ ਕਰਕੇ ਆਪਣੀ ਕਾਇਆ ਹੋਮ ਕਰ ਦਿੱਤੀ। 'ਸ਼ਵਰ' ਗੋਤ ਦੀ ਹੋਣ ਕਾਰਣ ਇਸ ਨੂੰ ਸ਼ਬਰੀ/ਸ਼ਵਰੀ ਵੀ ਕਿਹਾ ਜਾਂਦਾ ਹੈ।

ਰਵਾਇਤ ਅਨੁਸਾਰ ਭੀਲਣੀ ਨੇ ਜੰਗਲੀ ਬੇਰਾਂ ਨੂੰ ਚਖ-ਚਖ ਕੇ ਸ੍ਰੀ ਰਾਮ ਜੀ ਲਈ ਇਕੱਠਾ ਕੀਤਾ ਸੀ ਤਾਂ ਜੋ ਕੋਈ ਬੇਸੁਆਦਾ ਨਾ ਹੋਵੇ। ਲੱਛਮਣ ਨੇ ਜੂਠੇ ਬੇਰ ਖਾਣ ਤੋਂ ਕੁਝ ਸੰਕੋਚ ਕੀਤਾ ਪਰ ਸ੍ਰੀ ਰਾਮ ਚੰਦਰ ਨੇ ਬੜੀ ਚਾਹ ਨਾਲ ਉਨ੍ਹਾਂ ਨੂੰ ਖਾਇਆ। ਕਹਿੰਦੇ ਹਨ ਕਿ ਬੇਰ ਖਾਣ ਤੋਂ ਸੰਕੋਚ ਕਰਨ ਦੇ ਅਨਾਦਰ ਕਰ ਕੇ ਹੀ ਲੱਛਮਣ ਨੂੰ ਯੁੱਧ-ਭੂਮੀ ਵਿਚ ਬਰਛੀ ਦੇ ਵਾਰ ਨਾਲ ਬੇਹੋਸ਼ ਹੋਣਾ ਪਿਆ ਸੀ। ਕਵੀ ਕੇਦਾਰ ਨਾਥ 'ਬਾਗੀ' ਨੇ ਇਸ ਵਲ ਸੰਕੇਤ ਕੀਤਾ ਹੈ—'ਭੀਲਣੀ ਬਣ ਕੇ ਜੋ ਇਹ ਮੈਨੂੰ, ਜੂਠੇ ਬੇਰ ਖਵਾ ਸਕਦਾ ਏ।'

ਭੂਤੇਸ਼ਰ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਭੈਰਉ/ਭੈਰਵ : ਸ਼ਿਵ ਦਾ ਇਕ ਨਾਮਾਂਤਰ ਜਿਸ ਦੀ ਵਰਤੋਂ ਪਹਿਲਾਂ ਤ੍ਰਿਦੇਵਾਂ ਵਿਚੋਂ ਅੰਤਿਮ ਦੇਵਤਾ ਸ਼ਿਵ ਲਈ ਹੁੰਦੀ ਸੀ। ਪਰ ਕਾਲਾਂਤਰ ਵਿਚ ਸ਼ਿਵ ਦੀ ਭੈਰਉ (ਭੈਰਵ) ਰੂਪ ਵਿਚ ਵੀ ਪੂਜਾ ਹੋਣ ਲਗ ਗਈ। ਪੁਰਾਣ-ਸਾਹਿੱਤ ਵਿਚ ਭੈਰਉ ਦੇ ਅੱਠ ਰੂਪ ਲਿਖੇ ਮਿਲਦੇ ਹਨ—ਅਸਿਤਾਂਗ (ਕਾਲੇ ਰੰਗ ਵਾਲਾ), ਸੰਹਾਰ (ਵਿਨਾਸ਼), ਰੁਰੂ (ਕੁੱਤਾ), ਕਾਲ, ਕ੍ਰੋਧ, ਤਾਮ੍ਰਚੂੜ (ਲਾਲ), ਚੰਦ੍ਰ-ਚੂੜ (ਚੰਦ੍ਰਮਾ ਦੇ ਚੂੜੇ ਵਾਲਾ) ਅਤੇ ਮਹਾ (ਮਹਾਨ)। ਇਨ੍ਹਾਂ ਅੱਠ ਪ੍ਰਮੁਖ ਰੂਪਾਂ ਤੋਂ ਇਲਾਵਾ ਕੁਝ ਹੋਰ ਰੂਪਾਂ ਦਾ ਉੱਲੇਖ ਵੀ ਮਿਲਦਾ ਹੈ। ਇਨ੍ਹਾਂ ਸਾਰੇ ਰੂਪਾਂ ਦਾ ਸੁਭਾ ਬਹੁਤ ਭਿਆਨਕ ਹੈ। ਇਨ੍ਹਾਂ ਸਾਰਿਆਂ ਵਿਚ ਕਾਲ-ਭੈਰਉ ਬਹੁਤ ਪ੍ਰਚਲਿਤ ਹੈ। ਇਸ ਦੀ ਸਵਾਰੀ ਕੁੱਤਾ ਹੈ। 'ਭੈਰਵੀ' ਇਸ ਦੀ ਸ਼ਕਤੀ ਦਾ ਨਾਂ ਹੈ।

'ਸ਼ਿਵ-ਪੁਰਾਣ' (ਪੂਰਵਾਰਧ/7) ਵਿਚ ਲਿਖਿਆ ਹੈ ਕਿ ਇਕ ਵਾਰ ਦੇਵਤਿਆਂ ਵਿਚ ਵਿਵਾਦ ਚਲ ਪਿਆ ਕਿ ਮੂਲ ਪ੍ਰਭੂ ਕੌਣ ਹੈ? ਬ੍ਰਹਮਾ ਨੇ ਆਪਣੇ ਪੰਜਵੇਂ ਮੂੰਹ ਤੋਂ ਆਪਣੀ ਪ੍ਰਭੁਤਾ ਪ੍ਰਗਟਾਈ। ਵਿਸ਼ਣੂ ਨੇ ਆਪਣੀ ਪ੍ਰਤਿਸ਼ਠਾ ਕਰਦਿਆਂ ਬ੍ਰਹਮਾ ਦੇ ਮਹੱਤਵ ਨੂੰ ਨਕਾਰਿਆ ਕਿਉਂਕਿ ਉਹ ਤਾਂ ਵਿਸ਼ਣੂ ਦੀ ਨਾਭੀ ਤੋਂ ਪੈਦਾ ਹੋਇਆ ਸੀ। ਵੇਦਾਂ ਨੇ ਸ਼ਿਵ ਦੀ ਪ੍ਰਭੁਤਾ ਸਥਾਪਿਤ ਕੀਤੀ। ਉਦੋਂ ਹੀ ਵਿਸ਼ਣੂ ਅਤੇ ਬ੍ਰਹਮਾ ਦੇ ਸਾਹਮਣੇ ਇਕ ਜੋਤਿ ਪ੍ਰਗਟ ਹੋਈ ਜਿਸ ਵਿਚੋਂ ਇਕ ਪੁਰਸ਼ ਦਾ ਆਭਾਸ ਹੋਇਆ। ਉਸ ਨੇ ਤ੍ਰਿਸ਼ੂਲ, ਰੁੰਡਮਾਲ, ਸੱਪ ਆਦਿ ਧਾਰਣ ਕੀਤੇ ਹੋਏ ਸਨ। ਬ੍ਰਹਮਾ ਨੇ ਇਹ ਕਹਿ ਕੇ ਉਸ ਦਾ ਨਿਰਾਦਰ ਕੀਤਾ ਕਿ ਉਹ ਤਾਂ ਬ੍ਰਹਮਾ ਦੀ ਭ੍ਰੂਮੀ ਦੇ ਮੱਧ ਵਿਚੋਂ ਪੈਦਾ ਹੋਇਆ ਸੀ ਅਤੇ ਰੋਣ ਕਾਰਣ ਰੁਦ੍ਰ ਅਖਵਾਇਆ ਸੀ। ਉਹ ਪੁਰਸ਼, ਅਸਲ ਵਿਚ, ਸ਼ਿਵ ਦਾ ਹੀ ਅੰਸ਼ ਸੀ। ਉਸ ਨੇ ਅਪਮਾਨਜਨਕ ਬੋਲ ਬੋਲਣ ਕਾਰਣ ਬ੍ਰਹਮਾ ਦਾ ਪੰਜਵਾਂ ਮੂੰਹ ਕਟ ਦਿੱਤਾ।

ਸ਼ਿਵ ਨੇ ਬ੍ਰਹਮ-ਹਤਿਆ ਕਾਰਣ ਭੈਰਉ ਨੂੰ ਬ੍ਰਹਮਾ ਦਾ ਸਿਰ ਤਲੀ ਉਤੇ ਧਰ ਕੇ ਸਾਰਿਆਂ ਲੋਕਾਂ ਵਿਚ ਭਿਖਿਆ ਮੰਗਣ ਲਈ ਕਿਹਾ। ਉਹ ਜਿਥੇ-ਜਿਥੇ ਵੀ ਭਿਖਿਆ ਮੰਗਦਾ, ਨਾਲ-ਨਾਲ ਆਪਣੇ ਪਾਪ ਨੂੰ ਵੀ ਸਵੀਕਾਰ ਕਰਦਾ। ਜਦੋਂ ਉਹ ਸਾਰੇ ਲੋਕਾਂ ਦਾ ਚੱਕਰ ਲਗਾ ਕੇ ਕਾਸ਼ੀ ਪਰਤਿਆ ਤਾਂ ਉਸ ਦੇ ਹੱਥੋਂ ਬ੍ਰਹਮਾ ਦਾ ਸਿਰ ਧਰਤੀ ਉਤੇ ਡਿਗ ਪਿਆ ਅਤੇ ਉਹ ਬ੍ਰਹਮ-ਹਤਿਆ ਤੋਂ ਮੁਕਤ ਹੋ ਗਿਆ। ਉੱਤਰ-ਪ੍ਰਦੇਸ਼ ਅਤੇ ਮੱਧ-ਪ੍ਰਦੇਸ਼ ਵਿਚ ਪਿੰਡਾਂ ਦੇ ਕਿਸਾਨ ਇਸ ਦੀ ਆਪਣੇ ਦੇਵਤੇ ਵਜੋਂ ਪੂਜਾ ਕਰਦੇ ਹਨ। ਇਸੇ ਲਈ ਭਾਈ ਗੁਰਦਾਸ ਨੇ ਇਸ ਦਾ ਹਵਾਲਾ ਖੇਤ੍ਰਪਾਲ ਦੇ ਨਾਲ ਹੀ ਦਿੱਤਾ ਹੈ— 'ਦੇਵੀ ਦੇਵ ਰਿਖੀਸੁਰਾਂ ਭੈਰਉ ਖੇਤ੍ਰਪਾਲ ਬਹੁ ਮੇਲੇ' (5/6)। ਸ਼ਹਿਰਾਂ ਵਿਚ ਅਧਿਕਤਰ ਨਾਥ-ਯੋਗੀ ਇਸ ਦੇ ਭਗਤ ਹਨ।

ਮੱਧ-ਯੁਗ ਦੇ ਸੰਤਾਂ ਨੇ ਦੇਵੀ-ਦੇਵਤਿਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ। ਭਗਤ ਨਾਮਦੇਵ ਨੇ ਕਿਹਾ ਹੈ—'ਭੈਰਉ ਭੂਤ ਸੀਤਲਾ ਧਾਵੈ।/ਖਰ ਬਾਹਨ ਉਹੁ ਛਾਰ ਉਡਾਵੈ' (ਆ. ਗ੍ਰੰ. 874)।

ਭੋਜ, ਰਾਜਾ : ਮਾਲਵ ਪ੍ਰਦੇਸ਼ ਦਾ ਇਕ ਪ੍ਰਸਿੱਧ ਰਾਜਾ ਜਿਸ ਦਾ ਜਨਮ ਸਿੰਧੁਲ ਦੇ ਘਰ, ਸਾਵਿਤ੍ਰੀ ਦੀ ਕੁੱਖੋਂ ਸੰਨ 1018 ਈ. ਵਿਚ ਹੋਇਆ ਅਤੇ ਮ੍ਰਿਤੂ 1060 ਈ. ਵਿਚ ਹੋਈ। ਧਾਰਾ ਨਗਰ ਇਸ ਦੀ ਰਾਜਧਾਨੀ ਸੀ। ਇਹ ਸੰਸਕ੍ਰਿਤ ਦਾ ਗੰਭੀਰ ਵਿਦਵਾਨ ਸੀ ਅਤੇ ਇਸ ਨੇ ਅਨੇਕ ਗ੍ਰੰਥਾਂ ਦੀ ਰਚਨਾ ਕੀਤੀ ਸੀ।

ਕਵੀ ਹੋਣ ਕਾਰਣ ਇਹ ਬਹੁਤ ਸੁਹਿਰਦ ਸੀ, ਪਰ ਇਸ ਦੀ ਰਾਣੀ ਲੀਲਾਵਤੀ ਬਹੁਤ ਜਾਬਰ ਸੁਭਾ ਦੀ ਸੀ ਅਤੇ ਰਾਜਾ ਉਸ ਦੀ ਪੂਰੀ ਅਧੀਨਗੀ ਵਿਚ ਸੀ। ਕਹਿੰਦੇ ਹਨ ਕਿ ਇਕ ਵਾਰ ਰਾਣੀ ਨਾਲ ਖੇਡਦਿਆਂ ਸ਼ਤਰੰਜ ਦੀ ਬਾਜ਼ੀ ਹਾਰਨ ਕਰਕੇ, ਸ਼ਰਤ ਅਨੁਸਾਰ, ਭੋਜ ਨੂੰ ਘੋੜਾ ਬਣਨਾ ਪਿਆ ਅਤੇ ਰਾਣੀ ਨੇ ਉਸ ਉਤੇ ਸਵਾਰੀ ਕੀਤੀ ਅਤੇ ਚਾਬਕਾਂ ਮਾਰੀਆਂ। ਇਸ ਕਰਕੇ ਰਾਜੇ ਨੂੰ ਇਸਤਰੀਆਂ ਦੁਆਰਾ ਸਿੱਧੇ ਹੋਏ ਵਿਅਕਤੀਆਂ ਵਿਚ ਗਿਣਿਆ ਜਾਂਦਾ ਹੈ। ਵਾਰਿਸ ਸ਼ਾਹ ਨੇ 'ਹੀਰ' ਵਿਚ ਲਿਖਿਆ ਹੈ—'ਰਾਜੇ ਭੋਜ ਦੇ ਮੂੰਹ ਲਗਾਮ ਦੇ ਕੇ, ਚੜ੍ਹ ਦੌੜੀਆਂ ਹੋ ਟੂਣੇਹਾਰੀਓ ਨੀ।'

ਰਾਜਾ ਭੋਜ ਨਾਲ ਗੰਗਾ ਤੇਲੀ (ਵੇਖੋ) ਦਾ ਪ੍ਰਸੰਗ ਵੀ ਸੰਬੰਧਿਤ ਹੈ।

ਭੋਲੇਨਾਥ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਭੌਮਾਸੁਰ : ਇਕ ਤੇਜਸਵੀ ਅਸੁਰ ਜਿਸ ਦਾ ਕਾਮਰੂਪ ਦੇਸ਼ ਵਿਚ ਰਾਜ ਸੀ ਅਤੇ ਜਿਸ ਦੀ ਰਾਜਧਾਨੀ ਪ੍ਰਾਗਜੋਤਿਸ਼ ਪੁਰ (ਹੁਣ ਗੋਹਾਟੀ) ਸੀ।

'ਵਿਸ਼ਣੁ ਪੁਰਾਣ' (ਅੰਸ਼ 5) ਅਤੇ 'ਭਾਗਵਤ ਪੁਰਾਣ' (ਸਕੰਧ 10) ਦੇ ਆਖਿਆਨਾਂ ਦੇ ਆਧਾਰ 'ਤੇ ਜਦੋਂ ਵਿਸ਼ਣੂ ਨੇ ਬਰਾਹ (ਵਰਾਹ) ਅਵਤਾਰ ਰੂਪ ਧਾਰਣ ਕੀਤਾ ਤਾਂ ਭੂਮੀ ਨੇ ਉਸ ਨਾਲ ਸੰਯੋਗ ਕਰਕੇ ਭੌਮ ਨਾਂ ਦਾ ਪੁੱਤਰ ਪੈਦਾ ਕੀਤਾ। ਇਸ ਦਾ ਇਕ ਨਾਮਾਂਤਰ 'ਨਰਕ' ਹੈ। 'ਹਰਿਵੰਸ਼ ਪੁਰਾਣ' ਅਨੁਸਾਰ ਇਹ ਆਪਣੀ ਤਾਕਤ ਦੇ ਨਸ਼ੇ ਵਿਚ ਦੇਵਤਿਆਂ ਉਤੇ ਬਹੁਤ ਜ਼ੁਲਮ ਢਾਣ ਲਗਾ। ਇਸ ਨੇ ਹਾਥੀ ਦਾ ਰੂਪ ਧਾਰ ਕੇ ਵਿਸ਼ਕਰਮਾ ਦੀ ਪੁੱਤਰੀ (ਜਾਂ ਪ੍ਰਜਾਪਤੀ ਤ੍ਵਸ਼ਟਾ ਦੀ ਪੁੱਤਰੀ ਕਸ਼ੇਰੂ) ਨੂੰ

ਚੁਰਾ ਲਿਆਉਂਦਾ। ਇਸ ਤੋਂ ਇਲਾਵਾ ਇਸ ਨੇ ਅਨੇਕ ਅਪੱਛਰਾਵਾਂ, ਦੇਵ-ਕੰਨਿਆਵਾਂ, ਗੰਧਰਵਾਂ ਦੀਆਂ ਇਸਤਰੀਆਂ ਨੂੰ ਫੜ ਕੇ ਆਪਣੇ ਕਿਲੇ ਵਿਚ ਭੋਗ-ਵਿਲਾਸ ਲਈ ਕੈਦ ਕਰ ਲਿਆ। ਉਨ੍ਹਾਂ ਲਈ ਆਲੀਸ਼ਾਨ ਮਹੱਲ ਅਤੇ ਹੋਰ ਸੁਖ-ਸੁਵਿਧਾਵਾਂ ਦਾ ਪ੍ਰਬੰਧ ਵੀ ਕੀਤਾ।

ਇਸ ਨੇ ਇੰਦਰ-ਪਦ ਪ੍ਰਾਪਤ ਕਰਨ ਲਈ ਘੋਰ ਤਪਸਿਆ ਕੀਤੀ। ਇੰਦਰ ਨੇ ਆਪਣੀ ਰਖਿਆ ਲਈ ਸ੍ਰੀ ਕ੍ਰਿਸ਼ਣ ਅਗੇ ਪ੍ਰਾਰਥਨਾ ਕੀਤੀ। ਸ੍ਰੀ ਕ੍ਰਿਸ਼ਣ ਨੇ ਸੁਦਰਸ਼ਨ ਚੱਕਰ ਨਾਲ ਭੌਮਾਸੁਰ ਅਤੇ ਉਸ ਦੇ ਅਨੇਕ ਸੈਨਾ-ਨਾਇਕਾਂ ਨੂੰ ਮਾਰ ਦਿੱਤਾ। ਉਦੋਂ ਹੀ ਭੂਮੀ ਨੇ ਪ੍ਰਗਟ ਹੋ ਕੇ ਸ੍ਰੀ ਕ੍ਰਿਸ਼ਣ ਨੂੰ ਦਸਿਆ ਕਿ ਭੌਮਾਸੁਰ, ਅਸਲ ਵਿਚ, ਬਰਾਹ ਦਾ ਪੁੱਤਰ ਹੈ। ਭੂਮੀ ਨੇ ਸ੍ਰੀ ਕ੍ਰਿਸ਼ਣ ਨੂੰ ਅਦਿਤੀ ਦੇ ਦੋਵੇਂ ਕੁੰਡਲ ਮੋੜ ਦਿੱਤੇ। ਭੂਮੀ ਦੀ ਪ੍ਰਾਰਥਨਾ ਤੇ ਕ੍ਰਿਸ਼ਣ ਨੇ ਭੌਮਾਸੁਰ ਦੇ ਪੁੱਤਰ ਭਗਦੱਤ ਨੂੰ ਜੀਵਨ ਦਾਨ ਦਿੱਤਾ। ਕ੍ਰਿਸ਼ਣ ਨੇ ਭੌਮਾਸੁਰ ਦੁਆਰਾ ਭੋਗ-ਵਿਲਾਸ ਲਈ ਕੈਦ ਕੀਤੀਆਂ 16000 ਕੰਨਿਆਵਾਂ ਨੂੰ ਮੁਕਤ ਕਰਵਾਇਆ ਅਤੇ ਫਿਰ ਉਨ੍ਹਾਂ ਨਾਲ ਖ਼ੁਦ ਵਿਆਹ ਕੀਤਾ। ਕੁੰਡਲ ਅਦਿਤੀ ਨੂੰ ਵਾਪਸ ਕੀਤੇ ਗਏ। 'ਦਸਮ-ਗ੍ਰੰਥ' ਦੇ "ਚਰਿਤ੍ਰੋਪਾਖਿਆਨ" ਰਚਨਾ ਦਾ 203ਵਾਂ ਚਰਿਤ੍ਰ-ਪ੍ਰਸੰਗ ਇਸੇ ਆਖਿਆਨ ਨਾਲ ਸੰਬੰਧਿਤ ਹੈ।

ਭ੍ਰਿਗੂ, ਰਿਸ਼ੀ : 'ਰਿਗ-ਵੇਦ' ਵਿਚ ਭ੍ਰਿਗੂ ਦਾ ਉੱਲੇਖ ਕਈ ਥਾਵਾਂ ਤੇ ਹੋਇਆ ਹੈ, ਇਸ ਲਈ ਇਸ ਨੂੰ ਵੈਦਿਕ ਰਿਸ਼ੀ ਮੰਨਿਆ ਜਾਂਦਾ ਹੈ। ਇਸ ਦੀ ਉਤਪੱਤੀ ਬਾਰੇ 'ਮਹਾਭਾਰਤ' ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਰੁਦ੍ਰ ਬ੍ਰਹਮਾ ਤੋਂ ਯੱਗ ਕਰਵਾ ਰਿਹਾ ਸੀ। ਉਸ ਯੱਗ ਵਿਚ ਇਕੱਠੀਆਂ ਹੋਈਆਂ ਦੇਵ-ਇਸਤਰੀਆਂ ਅਤੇ ਕੰਨਿਆਵਾਂ ਨੂੰ ਵੇਖ ਕੇ ਬ੍ਰਹਮਾ ਦਾ ਵੀਰਜ ਸਖਲਿਤ ਹੋ ਗਿਆ ਜਿਸ ਨੂੰ ਸੂਰਜ ਨੇ ਚੁਕ ਕੇ ਅਗਨ-ਕੁੰਡ ਵਿਚ ਸੁਟ ਦਿੱਤਾ। ਉਸ ਕੁੰਡ ਵਿਚੋਂ ਤਿੰਨ ਸੁੰਦਰ ਬਾਲਕ ਪੈਦਾ ਹੋਏ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਰੁਦ੍ਰ, ਅਗਨੀ ਅਤੇ ਬ੍ਰਹਮਾ ਤਿੰਨਾਂ ਨੇ ਆਪਣਾ-ਆਪਣਾ ਹੱਕ ਜਤਾਇਆ। ਹੋਰਨਾ ਦੇਵਤਿਆਂ ਨੇ ਵਿਚ ਪੈ ਕੇ ਇਕ-ਇਕ ਬਾਲਕ ਤਿੰਨਾਂ ਵਿਚ ਵੰਡ ਦਿੱਤਾ। ਸ਼ਿਵ ਦੇ ਹਿੱਸੇ ਵਿਚ ਭ੍ਰਿਗੂ, ਅਗਨੀ ਦੇ ਹਿੱਸੇ ਵਿਚ ਅੰਗਿਰਾ ਅਤੇ ਬ੍ਰਹਮਾ ਦੇ ਹਿੱਸੇ ਵਿਚ ਸ਼ੁਕ੍ਰ ਆਇਆ।

ਭ੍ਰਿਗੂ ਤੋਂ ਭਾਰਗਵ ਵੰਸ਼ ਦਾ ਵਿਕਾਸ ਹੋਇਆ ਮੰਨਿਆ ਜਾਂਦਾ ਹੈ। ਇਸ ਵੰਸ਼ ਵਿਚ ਜਮਦਗਨੀ, ਪਰਸ਼ੁਰਾਮ ਆਦਿ ਵਰਗੇ ਪ੍ਰਤਾਪੀ ਪੁਰਸ਼ ਪੈਦਾ ਹੋਏ ਹਨ। 'ਮਨੁ-ਸਮ੍ਰਿਤੀ' ਦੀ ਰਚਨਾ ਦਾ ਸੰਬੰਧ ਵੀ ਭ੍ਰਿਗੂ ਨਾਲ ਜੋੜਿਆ ਜਾਂਦਾ ਹੈ। 'ਮਹਾਭਾਰਤ' ਅਨੁਸਾਰ ਦਕ੍ਸ਼ ਪ੍ਰਜਾਪਤੀ ਦਾ ਉਹ ਯੱਗ ਭ੍ਰਿਗੂ ਰਿਸ਼ੀ ਹੀ ਕਰਵਾ ਰਿਹਾ ਸੀ ਜਿਸ ਵਿਚ ਸ਼ਿਵ ਦਾ ਭਾਗ ਨਹੀਂ ਕਢਿਆ ਗਿਆ ਸੀ। ਸ਼ਿਵ ਦੇ ਗਣਾਂ ਨੇ ਯੱਗ ਨਸ਼ਟ ਕਰਨ ਵੇਲੇ ਭ੍ਰਿਗੂ ਦੀ ਦਾੜ੍ਹੀ ਵੀ ਪੁਟ ਦਿੱਤੀ ਸੀ।

'ਪਦਮ-ਪੁਰਾਣ' ਵਿਚ ਲਿਖਿਆ ਹੈ ਕਿ ਇਕ ਵਾਰ ਰਿਸ਼ੀਆਂ ਵਿਚ ਬਹਿਸ ਚਲ ਪਈ ਕਿ ਤਿੰਨਾਂ ਦੇਵਤਿਆਂ—ਸ਼ਿਵ, ਬ੍ਰਹਮਾ ਅਤੇ ਵਿਸ਼ਣੂ—ਵਿਚੋਂ ਉਨ੍ਹਾਂ ਲਈ ਕਿਹੜਾ ਪੂਜਣ-ਯੋਗ ਹੈ। ਆਖ਼ਰ ਫੈਸਲਾ ਹੋਇਆ ਕਿ ਤਿੰਨਾਂ ਦੇ ਚਰਿਤ੍ਰ ਦੀ

ਪਰੀਖਿਆ ਕਰਨ ਲਈ ਭ੍ਰਿਗੂ ਨੂੰ ਭੇਜਿਆ ਜਾਵੇ। ਭ੍ਰਿਗੂ ਜਦੋਂ ਸ਼ਿਵ ਕੋਲ ਗਿਆ ਤਾਂ ਉਹ ਪਾਰਬਤੀ ਨਾਲ ਸੰਯੋਗ ਕਰ ਰਿਹਾ ਸੀ। ਭ੍ਰਿਗੂ ਨੇ ਉਸ ਨੂੰ ਲਿੰਗ-ਰੂਪ ਹੋਣ ਦਾ ਸਰਾਪ ਦਿੱਤਾ। ਫਿਰ ਬ੍ਰਹਮਾ ਕੋਲ ਗਿਆ ਜੋ ਵਡਿਆਂ-ਵਡਿਆਂ ਰਿਸ਼ੀਆਂ ਵਿਚ ਘਿਰਿਆ ਬੈਠਾ ਸੀ। ਉਸ ਨੇ ਭ੍ਰਿਗੂ ਦਾ ਢੁਕਵਾਂ ਸਨਮਾਨ ਨਾ ਕੀਤਾ। ਭ੍ਰਿਗੂ ਨੇ ਖਿਝ ਕੇ ਉਸ ਨੂੰ ਵੀ ਬ੍ਰਾਹਮਣਾਂ ਦੀ ਪੂਜਾ ਦਾ ਅਧਿਕਾਰੀ ਨਾ ਸਮਝਿਆ। ਅੰਤ ਵਿਚ ਉਹ ਵਿਸ਼ਣੂ ਕੋਲ ਗਿਆ ਜੋ ਸੁਤਾ ਪਿਆ ਸੀ। ਉਸ ਦੀ ਸੁਸਤ ਅਵਸਥਾ ਨੂੰ ਵੇਖ ਕੇ ਭ੍ਰਿਗੂ ਨੇ ਛਾਤੀ ਵਿਚ ਲਤ ਮਾਰੀ। ਵਿਸ਼ਣੂ ਨੇ ਜਾਗ ਕੇ ਰਿਸ਼ੀ ਦੇ ਪੈਰ ਪਲੋਸਣੇ ਸ਼ੁਰੂ ਕਰ ਦਿੱਤੇ। ਰਿਸ਼ੀ ਨੇ ਵਿਸ਼ਣੂ ਦਾ ਧੀਰਜ ਅਤੇ ਨਿਮਰਤਾ ਵੇਖ ਕੇ ਉਸ ਨੂੰ ਪੂਜਾ ਦਾ ਅਧਿਕਾਰੀ ਘੋਸ਼ਿਤ ਕੀਤਾ। ਭ੍ਰਿਗੂ ਦੇ ਫ਼ੈਸਲੇ ਨਾਲ ਸਾਰੇ ਰਿਸ਼ੀ ਸਹਿਮਤ ਹੋ ਗਏ। ਮੱਧ-ਯੁਗ ਦੇ ਸੰਤ-ਕਾਵਿ ਵਿਚ ਇਸ ਘਟਨਾ ਦਾ ਉੱਲੇਖ ਰੁਚੀ-ਪੂਰਵਕ ਹੋਇਆ ਹੈ ਕਿਉਂਕਿ ਇਸ ਦੁਆਰਾ ਭਗਵਾਨ (ਵਿਸ਼ਣੂ) ਦੀ ਸਹਿਨਸ਼ੀਲਤਾ ਅਤੇ ਨਿਰਵੈਰਤਾ ਦਾ ਗੌਰਵ ਸਥਾਪਿਤ ਹੋ ਸਕਿਆ ਹੈ।

ਮ

ਮਸ਼ਹਰ : ਕਿਆਮਤ ਦਾ ਦਿਨ। ਵੇਖੋ 'ਕਿਆਮਤ'।

ਮਸੀਹ : ਵੇਖੋ 'ਈਸਾ-ਮਸੀਹ'।

ਮਸੰਦ : ਇਹ ਸ਼ਬਦ ਅਰਬੀ ਦੇ 'ਮਸਨਦ' ਸ਼ਬਦ ਦਾ ਤਦਭਵ ਰੂਪ ਹੈ। ਇਸ ਦਾ ਅਰਥ ਹੈ ਗੱਦੀ ਉਤੇ ਬੈਠਣ ਵਾਲਾ। ਗੁਰੂ ਰਾਮਦਾਸ ਦੇ ਵੇਲੇ ਤੋਂ ਸਿੱਖਾਂ ਤੋਂ ਦਸਵੰਧ ਅਤੇ ਕਾਰ-ਭੇਟ ਉਗਰਾਹੁਣ ਦੀ ਜ਼ਿੰਮੇਵਾਰੀ ਜਿਨ੍ਹਾਂ ਮੁੱਖੀ ਸਾਧਕ-ਸਿੱਖਾਂ ਨੂੰ ਸੌਂਪੀ ਜਾਂਦੀ ਸੀ, ਉਨ੍ਹਾਂ ਨੂੰ 'ਮਸੰਦ' ਕਿਹਾ ਜਾਂਦਾ ਸੀ। 'ਦਬਿਸਤਾਨਿ-ਮਜ਼ਾਹਬ' ਅਨੁਸਾਰ ਇਹ ਲੋਕ ਆਪਣੇ ਨਿੱਤ ਦੇ ਕਾਰ-ਵਪਾਰ ਦੇ ਨਾਲ-ਨਾਲ ਗੁਰੂ ਘਰ ਲਈ ਉਗਰਾਹੀ ਵੀ ਕਰਦੇ ਹੁੰਦੇ ਸਨ। ਇਸ ਤਰ੍ਹਾਂ ਇਕੱਠੀ ਕੀਤੀ ਸਾਰੀ ਸਾਮਗ੍ਰੀ ਜਾਂ ਧਨ ਹਰ ਵਿਸਾਖੀ ਦੇ ਮੌਕੇ ਗੁਰੂ-ਦਰਬਾਰ ਵਿਚ ਲੈ ਕੇ ਹਾਜ਼ਰ ਹੁੰਦੇ ਸਨ। ਇਨ੍ਹਾਂ ਨੂੰ 'ਰਾਮਦਾਸ' ਵੀ ਕਿਹਾ ਜਾਂਦਾ ਸੀ।

ਹੌਲੀ-ਹੌਲੀ ਮਸੰਦਾਂ ਵਿਚ ਕੁਰੀਤੀਆਂ ਦੇ ਨਾਲ-ਨਾਲ ਹਉਮੈ ਦਾ ਵਿਸਤਾਰ ਹੋ ਗਿਆ ਅਤੇ ਉਹ ਇਹ ਸਮਝਣ ਲਗ ਗਏ ਕਿ ਗੁਰਿਆਈ ਦੀ ਵਿਵਸਥਾ ਉਨ੍ਹਾਂ ਦੁਆਰਾ ਹੀ ਚਲ ਰਹੀ ਹੈ। ਫਲਸਰੂਪ ਉਨ੍ਹਾਂ ਦੇ ਆਪ-ਹੁਦਰੇ-ਪਣ ਨੂੰ ਠਲ੍ਹ ਪਾਉਣ ਲਈ ਗੁਰੂ ਗੋਬਿੰਦ ਸਿੰਘ ਨੇ ਸੰਨ 1698 ਈ. (1755 ਬਿ.) ਵਿਚ ਦੁਰਾਚਾਰੀ ਮਸੰਦਾਂ ਨੂੰ ਕਠੋਰ ਦੰਡ ਦੇ ਕੇ ਇਸ ਪ੍ਰਥਾ ਨੂੰ ਖ਼ਤਮ ਕੀਤਾ। ਇਸ ਘਟਨਾ ਤੋਂ ਬਾਦ ਦਸਵੰਧ ਅਤੇ ਕਾਰ-ਭੇਟ ਸਿੱਧੀ ਗੁਰੂ-ਦਰਬਾਰ ਵਿਚ ਭੇਜੀ ਜਾਣ ਲਗੀ। ਬਾਬਾ ਬਲਵੰਤ ਨੇ ਆਪਣੀ ਕਵਿਤਾ 'ਬਾਗ਼ੀ' ਵਿਚ ਸੰਕੇਤ ਕੀਤਾ ਹੈ—'ਮਸੰਦਾਂ ਦੀ ਮਜਲਸ ਸ਼ਰਾਰਤ ਦੀ ਮਹਿਫ਼ਲ,/ਮੈਂ

ਇਨ੍ਹਾਂ ਦੀ ਦੁਨੀਆਂ 'ਚ ਪਾਵਾਂਗਾ ਹਲਚਲ।'

ਮਹਸਾਈ : ਸ਼ਿਵ ਦਾ ਇਕ ਨਾਮਾਂਤਰ, ਮਹੇਸ਼। ਵੇਖੋ 'ਸ਼ਿਵ'।

ਮਹਖਾਸਾ : ਵੇਖੋ 'ਮਹਿਖਾਸੁਰ'।

ਮਹਰਾਵਣ/ਮਹਿਰਾਵਣ : ਇਸ ਦਾ ਨਾਮਾਂਤਰ 'ਮਹਾਰਾਵਣ' ਜਾਂ 'ਮਯਰਾਵਣ' ਵੀ ਹੈ। ਇਸ ਦਾ ਉੱਲੇਖ 'ਬਾਲਮੀਕੀ ਰਾਮਾਇਣ' ਵਿਚ ਨਹੀਂ ਹੋਇਆ। 'ਅਦਭੁਤ ਰਾਮਾਇਣ' ਅਨੁਸਾਰ ਇਕ ਵਾਰ ਸੀਤਾ ਨੇ ਸ੍ਰੀ ਰਾਮ ਚੰਦਰ ਨੂੰ ਕਿਹਾ ਕਿ ਰਾਵਣ ਤੋਂ ਵੀ ਤਕੜਾ ਇਕ ਹੋਰ 'ਮਹਿਰਾਵਣ' ਹੈ ਜਿਸ ਦੇ ਇਕ ਹਜ਼ਾਰ ਸਿਰ ਹਨ। ਜਦੋਂ ਤਕ ਉਹ ਨਹੀਂ ਮਾਰਿਆ ਜਾਂਦਾ, ਤਦ ਤਕ ਸ੍ਰੀ ਰਾਮ ਦੀ ਵੀਰਤਾ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੁੰਦੀ। ਸੀਤਾ ਦੀ ਇੱਛਾ ਪੂਰੀ ਕਰਨ ਲਈ ਸ੍ਰੀ ਰਾਮ ਨੇ ਹਨੂਮਾਨ, ਸੁਗ੍ਰੀਵ, ਵਿਭੀਸ਼ਣ, ਅੰਗਦ ਆਦਿ ਨੂੰ ਨਾਲ ਲੈ ਕੇ ਆਪਣੀ ਸਾਰੀ ਸੈਨਾ ਸਹਿਤ ਲੰਕਾ ਉਪਰ ਹਮਲਾ ਕਰ ਦਿੱਤਾ, ਪਰ ਮਹਿਰਾਵਣ ਨੇ ਆਪਣੇ ਬਾਣਾਂ ਨਾਲ ਸਭ ਨੂੰ ਉਥੇ-ਉਥੇ ਉਲਰ ਸੁਟਿਆ ਜਿਥੋਂ-ਜਿਥੋਂ ਉਹ ਆਏ ਸਨ। ਰਾਮ ਅਤੇ ਲੱਛਮਣ ਯੁੱਧ-ਭੂਮੀ ਵਿਚ ਬੇਹੋਸ਼ ਪਏ ਰਹਿ ਗਏ। ਉਸ ਵੇਲੇ ਸੀਤਾ ਨੇ ਕਾਲੀ ਦਾ ਰੂਪ ਧਾਰਣ ਕਰਕੇ ਮਹਿਰਾਵਣ ਨੂੰ ਮਾਰਿਆ ਅਤੇ ਰਾਮ ਅਤੇ ਲੱਛਮਣ ਨੂੰ ਹੋਸ਼ ਦਿਵਾ ਕੇ ਅਯੋਧਿਆ ਨੂੰ ਪਰਤੀ।

'ਆਨੰਦ ਰਾਮਾਇਣ' ਵਿਚ ਇਸ ਦੇ ਸਹਾਇਕ ਦਾ ਨਾਂ ਅਹਿਰਾਵਣ ਲਿਖਿਆ ਹੈ। ਲੋਕ-ਪਰੰਪਰਾ ਅਨੁਸਾਰ ਇਹ ਦੋਵੇਂ ਪਾਤਾਲ ਵਾਸੀ ਰਾਖਸ਼ ਸਨ ਜੋ ਰਾਵਣ ਦੇ ਮੌਸੇਰੇ ਭਰਾ ਜਾਂ ਮਿੱਤਰ ਸਨ ਅਤੇ ਜਿਨ੍ਹਾਂ ਨੇ ਸ੍ਰੀ ਰਾਮ ਚੰਦਰ ਨਾਲ ਯੁੱਧ ਵੇਲੇ ਰਾਵਣ ਦੀ ਮੱਦਦ ਕੀਤੀ ਸੀ। 'ਬਚਿਤ੍ਰ-ਨਾਟਕ' ਵਿਚ ਮਹਿਰਾਵਣ ਵਲ ਸੰਕੇਤ ਹੋਇਆ ਹੈ—'ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ।' ਭਾਈ ਗੁਰਦਾਸ ਨੇ ਇਸ ਨੂੰ ਰਾਵਣ ਦਾ ਭਰਾ ਮੰਨਦੇ ਹੋਇਆਂ ਲਿਖਿਆ ਹੈ—'ਲਖ ਪੁਤ ਪੋਤੇ ਸਵਾ ਲਖੁ ਕੁੰਭਕਰਣੁ ਮਹਿਰਾਵਣੁ ਭਾਈ' (31/19)।

ਮਹਾਂ ਸਿੰਘ : ਚਾਲੀ ਮੁਕਤਿਆਂ ਦਾ ਜੱਥੇਦਾਰ। ਵੇਖੋ 'ਚਾਲੀ ਮੁਕਤੇ'।

ਮਹਾਕਾਲ : ਸ਼ਿਵ ਦੇ ਅਨੇਕ ਰੂਪਾਂ ਵਿਚੋਂ ਇਕ ਭਿਆਨਕ ਰੂਪ ਜਿਸ ਨੂੰ 'ਪ੍ਰਲਯੰਕਰ' ਵੀ ਕਿਹਾ ਜਾਂਦਾ ਹੈ। 'ਸ਼ਿਵ ਪੁਰਾਣ' (ਸ਼ਤਰੁਦ੍ਰ-ਸੰਹਿਤਾ) ਵਿਚ ਵਿਸ਼ਣੂ ਦੀ ਅਵਤਾਰ ਪਰੰਪਰਾ ਦੇ ਸਮਾਨਾਂਤਰ ਸ਼ਿਵ ਦੇ ਵੀ ਦਸ ਅਵਤਾਰ ਕਲਪਿਤ ਕੀਤੇ ਗਏ ਹਨ ਜਿਨ੍ਹਾਂ ਵਿਚ ਪਹਿਲਾ ਅਤੇ ਸਰਵ ਪ੍ਰਮੁਖ ਅਵਤਾਰ 'ਮਹਾਕਾਲ' ਹੈ। 'ਮਹਾਕਾਲ' ਇਸ ਦਾ ਨਾਂ ਇਸ ਕਰਕੇ ਹੈ ਕਿ ਇਸ ਨੇ ਕਾਲ (ਮ੍ਰਿਤੂ) ਉਤੇ ਵੀ ਜਿੱਤ ਪ੍ਰਾਪਤ ਕੀਤੀ ਹੈ। ਸ਼ਿਵ ਦੇ ਦਸਾਂ ਅਵਤਾਰਾਂ ਦੀਆਂ ਦਸ ਸ਼ਕਤੀਆਂ ਵੀ ਦਸੀਆਂ ਗਈਆਂ ਹਨ। ਮਹਾਕਾਲ ਦੀ ਸ਼ਕਤੀ ਦਾ ਨਾਂ 'ਮਹਾਕਾਲੀ' ਹੈ।

ਮਹਾਕਾਲ ਅਤੇ ਮਹਾਕਾਲੀ ਭਗਤਾਂ ਨੂੰ ਭਗਤੀ ਅਤੇ ਮੁਕਤੀ ਪ੍ਰਦਾਨ ਕਰਨ ਵਾਲੇ ਹਨ। ਇਨ੍ਹਾਂ ਦੋਹਾਂ ਦੇ ਰੂਪ ਬੜੇ ਕਠੋਰ ਅਤੇ ਭਿਆਨਕ ਹਨ। ਇਹ ਸ਼ਿਵ ਦੇ ਕਪਾਲਿਨ ਰੂਪ ਨਾਲ ਬਹੁਤ ਸਮਾਨਤਾ ਰਖਦੇ ਹਨ। ਇਨ੍ਹਾਂ ਦੇ ਦੰਦ ਬਾਹਰ ਨੂੰ ਨਿਕਲੇ ਹੋਏ ਹਨ ਅਤੇ ਹਰ ਪੱਖੋਂ ਡਰਾਉਣੇ ਹਨ। ਗੱਲੇ ਵਿਚ ਨਰ-ਮੁੰਡ-ਮਾਲਾ ਹੈ। ਹਰ ਵਕਤ ਬਸਤ੍ਰਹੀਨ

ਰਹਿੰਦੇ ਹਨ। ਸ਼ਮਸ਼ਾਨ ਇਨ੍ਹਾਂ ਦਾ ਨਿਵਾਸ-ਸਥਾਨ ਹੈ। ਸ਼ਵ-ਆਸਨ (ਮੁਰਦੇ ਉਤੇ ਬੈਠਣਾ) ਇਨ੍ਹਾਂ ਲਈ ਬਹੁਤ ਸੁਖਾਵਾਂ ਹੈ। ਸ਼ਰੀਰ ਉਤੇ ਸ਼ਮਸ਼ਾਨ ਦੀ ਸੁਆਹ ਮਲਦੇ ਹਨ।

ਮਹਾਕਾਲ ਦਾ ਪ੍ਰਸਿੱਧ ਮੰਦਿਰ ਉਜੈਨ ਵਿਚ ਹੈ। ਇਸ ਦੀ ਗਿਣਤੀ ਸ਼ਿਵ ਦੇ 12 ਜੋਤਿਰਲਿੰਗਾਂ ਵਿਚ ਵੀ ਕੀਤੀ ਜਾਂਦੀ ਹੈ। 'ਦਸਮ-ਗ੍ਰੰਥ' ਵਿਚ ਚਿੱਤਰਿਆ ਮਹਾਕਾਲ ਦਾ ਰੂਪ ਪੌਰਾਣਿਕ ਮਹਾਕਾਲ ਦੇ ਨਾਲ ਬਹੁਤ ਸਮਾਨਤਾ ਰਖਦਾ ਹੈ। 'ਬਚਿਤ੍ਰ-ਨਾਟਕ' ਵਿਚ ਚਰਿਤ-ਨਾਇਕ ਵਲੋਂ ਪੂਰਵ ਜਨਮ ਵਿਚ ਮਹਾਕਾਲ ਕਾਲਿਕਾ ਦੀ ਆਰਾਧਨਾ ਕੀਤੀ ਮੰਨੀ ਗਈ ਹੈ—'ਤਹ ਹਮ ਅਧਿਕ ਤਪਸਿਆ ਸਾਧੀ।/ਮਹਾਕਾਲ ਕਾਲਕਾ ਆਰਾਧੀ।'

ਮਹਾਕਾਲੀ : ਮਹਾਕਾਲ ਦੀ ਸ਼ਕਤੀ ਅਥਵਾ ਵਿਦਿਆ। ਵੇਖੋ 'ਮਹਾਕਾਲ', 'ਕਾਲੀ'।

ਮਹਾਦੇਵ : ਸ਼ਿਵ ਦਾ ਇਕ ਨਾਮਾਂਤਰ। ਵੇਖੋ 'ਸ਼ਿਵ'।

ਮਹਾਭਾਰਤ : 'ਰਾਮਾਇਣ' ਵਾਂਗ 'ਮਹਾਭਾਰਤ' ਵੀ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਗੌਰਵ ਗ੍ਰੰਥ ਹੈ। ਇਸ ਵਿਚ ਹਿੰਦੂ ਧਰਮ ਦਾ ਵਿਸਤਾਰ-ਪੂਰਵਕ ਚਿਤ੍ਰਣ ਹੋਇਆ ਹੈ। ਕੇਵਲ ਇਸੇ ਦੇ ਅਧਿਐਨ ਨਾਲ ਭਾਰਤੀ ਸੰਸਕ੍ਰਿਤੀ ਦਾ ਸ਼ੁੱਧ ਸਰੂਪ ਸਪੱਸ਼ਟ ਹੋ ਜਾਂਦਾ ਹੈ। ਮਹਾਭਾਰਤ-ਕਾਰ ਦੇ ਸ਼ਬਦਾਂ ਵਿਚ ਧਰਮ, ਅਰਥ, ਕਾਮ, ਮੋਕਸ਼ ਬਾਰੇ ਜੋ ਕੁਝ 'ਮਹਾਭਾਰਤ' ਵਿਚ ਲਿਖਿਆ ਗਿਆ ਹੈ, ਉਹੀ ਹੋਰ ਥਾਈਂ ਹੈ। ਜੋ ਇਸ ਵਿਚ ਨਹੀਂ ਹੈ, ਉਹ ਹੋਰ ਕਿਤੇ ਵੀ ਨਹੀਂ ਹੈ। ਪੁਰਾਤਨ ਰਾਜਨੀਤੀ ਨੂੰ ਜਾਣਨ ਲਈ ਇਸ ਗ੍ਰੰਥ ਦੀ ਟੇਕ ਲੈਣੀ ਪੈਂਦੀ ਹੈ। ਇਤਿਹਾਸਿਕ, ਧਾਰਮਿਕ, ਰਾਜਨੈਤਿਕ ਅਤੇ ਸਮਾਜਿਕ ਤੱਥਾਂ ਬਾਰੇ ਇਹ ਭਾਰਤੀ ਵਿਸ਼੍ਵਕੋਸ਼ ਦੀ ਭੂਮਿਕਾ ਨਿਭਾਉਂਦਾ ਹੈ। ਇਹ ਭਾਰਤ ਦਾ ਆਦਿ ਇਤਿਹਾਸ-ਗ੍ਰੰਥ ਹੈ।

ਇਸ ਦਾ ਪੁਰਾਣ-ਸਾਹਿੱਤ ਨਾਲ ਬਹੁਤ ਡੂੰਘਾ ਸੰਬੰਧ ਹੈ। ਵੇਦਾਂ ਦਾ ਸਹੀ ਬੋਧ ਪ੍ਰਾਪਤ ਕਰਨ ਲਈ ਇਤਿਹਾਸ ਅਤੇ ਪੁਰਾਣ ਦੋਹਾਂ ਦੇ ਅਧਿਐਨ ਉਤੇ ਬਲ ਦਿੱਤਾ ਗਿਆ ਹੈ। ਇਸ ਨੂੰ ਪੁਰਾਣਾਂ ਵਾਂਗ ਪੰਜਵਾਂ ਵੇਦ ਮੰਨਿਆ ਜਾਂਦਾ ਹੈ। ਇਸ ਵਿਚਲੇ ਅਪ੍ਰਸੰਗਿਕ ਅਤੇ ਬੇਲੋੜੇ ਪ੍ਰਸੰਗਾਂ ਦੀ ਯੋਜਨਾ, ਬ੍ਰਾਹਮਣਵਾਦ ਦੀ ਪੁਸ਼ਟੀ ਲਈ ਉਪ-ਕਥਾਵਾਂ ਦੀ ਸਿਰਜਨਾ, ਅਵਤਾਰਾਂ ਬਾਰੇ ਕਥਾਵਾਂ ਦਾ ਸਮਾਵੇਸ਼ ਅਤੇ ਉਪਦੇਸ਼-ਕਥਨਾਂ ਦੀ ਅਤਿ-ਅਧਿਕਤਾ ਆਦਿ ਤੱਤ੍ਵ ਭਾਵੇਂ ਇਸ ਦੀ ਇਤਿਹਾਸਿਕਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ, ਪਰ ਇਸ ਵਿਚਲੇ ਇਤਿਹਾਸਿਕ ਤੱਥਾਂ ਦੀ ਸਥਾਨ-ਪੂਰਤੀ ਹੋਰ ਕਿਤੇ ਨਹੀਂ ਹੋ ਸਕਦੀ।

ਪਰਵਰਤੀ ਭਾਰਤੀ ਸਾਹਿੱਤ ਦਾ ਇਹ ਮੂਲਾਧਾਰ ਗ੍ਰੰਥ ਹੈ ਕਿਉਂਕਿ ਇਸ ਵਿਚੋਂ ਆਖਿਆਨ ਅਤੇ ਪ੍ਰਸੰਗ ਲੈ ਕੇ ਅਨੇਕ ਸਾਹਿੱਤ-ਵਿਧਾਵਾਂ ਵਿਚ ਸਾਹਿੱਤ ਰਚਿਆ ਗਿਆ ਹੈ। ਇਸ ਦੇ ਲਗਭਗ ਹਰ ਭਾਸ਼ਾ ਦੇ ਸਾਹਿੱਤ ਵਿਚ ਹਵਾਲੇ ਮਿਲਦੇ ਹਨ। ਪੰਜਾਬੀ ਵਿਚ ਭਾਈ ਗੁਰਦਾਸ ਦਾ ਕਥਨ ਹੈ—'ਸਸਤ੍ਰ ਸਿਮ੍ਰਿਤ ਵੇਦ ਲਖ ਮਹਾਭਾਰਥ ਰਾਮਾਇਣ ਮੇਲੇ' (16/20)।

ਵਿਆਸ ਨੂੰ ਇਸ ਦਾ ਰਚੇਤਾ ਮੰਨਿਆ ਗਿਆ ਹੈ, ਪਰ ਇਸ ਬਾਰੇ ਪ੍ਰਮਾਣਿਕ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਵਿਦਵਾਨਾਂ ਦੀ ਧਾਰਣਾ ਹੈ ਕਿ ਇਹ ਕਿਸੇ ਇਕ ਲੇਖਕ ਦੀ ਰਚਨਾ ਨਾ ਹੋ ਕੇ ਅਨੇਕ ਲੇਖਕਾਂ ਦੇ ਮਿਲਵੇਂ ਯਤਨ ਦਾ ਫਲ ਹੈ। ਇਸ ਵਿਚ ਇਕ ਲੱਖ ਸ਼ਲੋਕਾਂ ਦੀ ਹੋਂਦ ਦਸੀ ਗਈ ਹੈ। ਇਸ ਲਈ ਇਹ 'ਸ਼ਤ-ਸਾਹਸ੍ਰੀ ਸੰਹਿਤਾ' ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਇਸ ਦਾ ਵਰਤਮਾਨ ਰੂਪ ਲਗਭਗ ਡੇਢ ਹਜ਼ਾਰ ਸਾਲ ਪੁਰਾਣਾ ਜ਼ਰੂਰ ਹੈ। ਵਿਦਵਾਨਾਂ ਦੀ ਸਥਾਪਨਾ ਹੈ ਕਿ 'ਮਹਾਭਾਰਤ' ਦਾ ਇਹ ਰੂਪ ਅਨੇਕ ਸਦੀਆਂ ਤੋਂ ਵਿਕਸਿਤ ਹੁੰਦਾ ਆ ਰਿਹਾ ਹੈ।

ਕੌਰਵਾਂ ਅਤੇ ਪਾਂਡਵਾਂ ਸੰਬੰਧੀ ਪ੍ਰਾਚੀਨ ਕਾਲ ਵਿਚ ਜਿਹੜੇ ਬਹੁਤ ਸਾਰੇ ਆਖਿਆਨ ਅਤੇ ਵਾਰਤਾਵਾਂ ਪ੍ਰਚਲਿਤ ਸਨ, ਉਨ੍ਹਾਂ ਨੂੰ ਹੀ ਵਿਆਸ ਨੇ ਇਸ ਰੂਪ ਵਿਚ ਆਯੋਜਿਤ ਕੀਤਾ ਹੈ। ਇਸ ਦੇ ਵਿਕਾਸ ਦੇ ਤਿੰਨ ਪੜਾ ਮੰਨੇ ਗਏ ਹਨ—ਜਯ (ਇਸ ਦਾ ਆਦਿ ਜਾਂ ਮੁੱਢਲਾ ਰੂਪ), ਭਾਰਤ (ਜਯ ਤੋਂ ਬਾਦ ਜੋ ਇਸ ਦਾ ਰੂਪ ਵਿਕਸਿਤ ਹੋਇਆ), ਅਤੇ ਮਹਾਭਾਰਤ (ਜੋ ਸਰੂਪ ਪਿਛਲੇ ਡੇਢ ਹਜ਼ਾਰ ਵਰ੍ਹਿਆਂ ਤੋਂ ਬਣ ਚੁਕਿਆ ਹੈ)।

'ਮਹਾਭਾਰਤ' ਵਿਚ ਕੁਲ 18 ਪਰਵ (ਖੰਡ) ਹਨ--(1) 'ਆਦਿ-ਪਰਵ' ਵਿਚ ਚੰਦ੍ਰ-ਵੰਸ਼ ਦਾ ਇਤਿਹਾਸ ਵਿਸਤਾਰ ਸਹਿਤ ਲਿਖਿਆ ਗਿਆ ਹੈ ਅਤੇ ਕੌਰਵਾਂ ਤੇ ਪਾਂਡਵਾਂ ਦੀ ਉਤਪੱਤੀ ਦਾ ਵਰਣਨ ਕੀਤਾ ਗਿਆ ਹੈ। (2) 'ਸਭਾ-ਪਰਵ' ਵਿਚ ਜੂਏ ਦੀ ਖੇਡ ਦਾ ਚਿਤ੍ਰਣ ਕੀਤਾ ਗਿਆ ਹੈ। (3) 'ਵਨ-ਪਰਵ' ਵਿਚ ਪਾਂਡਵਾਂ ਦੇ ਬਨਵਾਸ ਦਾ ਜ਼ਿਕਰ ਹੈ। (4) 'ਵਿਰਾਟ-ਪਰਵ' ਵਿਚ ਪਾਂਡਵਾਂ ਦੇ ਅਗਿਆਤ-ਵਾਸ ਉਤੇ ਝਾਤ ਪਾਈ ਗਈ ਹੈ। (5) 'ਉਦ੍ਯੋਗ-ਪਰਵ' ਵਿਚ ਸ੍ਰੀ ਕ੍ਰਿਸ਼ਣ ਦੁਆਰਾ ਸ਼ਾਂਤੀ ਲਈ ਉੱਦਮ ਕੀਤਾ ਗਿਆ ਲਿਖਿਆ ਹੈ। (6) 'ਭੀਸ਼ਮ-ਪਰਵ' ਵਿਚ ਅਰਜੁਨ ਨੂੰ ਗੀਤਾ ਦਾ ਉਪਦੇਸ਼ ਦਿੱਤੇ ਜਾਣ ਤੋਂ ਬਾਦ ਯੁੱਧ ਦਾ ਵਰਣਨ ਹੈ ਅਤੇ ਭੀਸ਼ਮ ਦਾ ਬਾਣਾਂ ਦੀ ਸੇਜ ਉਤੇ ਲੇਟਣਾ ਦਸਿਆ ਗਿਆ ਹੈ। (7) 'ਦ੍ਰੋਣ-ਪਰਵ' ਵਿਚ ਅਭਿਮਨ੍ਯੁ ਅਤੇ ਦ੍ਰੋਣਾਚਾਰਯ ਦੀ ਯੁੱਧ-ਕ੍ਰੀੜਾ ਤੋਂ ਬਾਦ ਉਨ੍ਹਾਂ ਦੇ ਮਾਰੇ ਜਾਣ ਦਾ ਉੱਲੇਖ ਹੈ। (8) 'ਕਰਣ-ਪਰਵ' ਵਿਚ ਕਰਣ ਦੇ ਯੁੱਧ ਅਤੇ ਵੀਰ-ਗਤਿ ਦਾ ਵਿਵਰਣ ਹੈ। (9) 'ਸ਼ਲ੍ਯ-ਪਰਵ' ਵਿਚ ਸ਼ਲ੍ਯ ਦੀ ਅਗਵਾਈ ਵਿਚ ਯੁੱਧ ਅਤੇ ਅੰਤ ਵਿਚ ਉਸ ਦਾ ਬਧ ਦਸਿਆ ਗਿਆ ਹੈ। (10) 'ਸੌਪਤਿਕ-ਪਰਵ' ਵਿਚ ਅਸ਼੍ਵਥਾਮਾ ਦੁਆਰਾ ਪਾਂਡਵਾਂ ਦੇ ਸੁਤੇ ਪਏ ਪੁੱਤਰਾਂ ਦਾ ਰਾਤ ਵੇਲੇ ਕੀਤਾ ਕਤਲ ਚਿੱਤਰਿਆ ਗਿਆ ਹੈ। (11) 'ਸ੍ਤ੍ਰੀ-ਪਰਵ' ਵਿਚ ਇਸਤਰੀਆਂ ਦਾ ਵਿਰਲਾਪ ਅਤੇ ਕਰੁਣਾ ਨੂੰ ਵਿਸਤਾਰ ਨਾਲ ਬਿਆਨ ਕੀਤਾ ਗਿਆ ਹੈ। (12) 'ਸ਼ਾਂਤੀ-ਪਰਵ' ਵਿਚ ਭੀਸ਼ਮ ਪਿਤਾਮਾ ਵੱਲੋਂ ਯੁਧਿਸ਼ਠਿਰ ਨੂੰ ਮੋਕ੍ਸ਼ ਧਰਮ ਅਤੇ ਰਾਜ-ਧਰਮ ਦੇ ਕਰਤੱਵਾਂ ਬਾਰੇ ਉਪਦੇਸ਼ ਦਿੱਤਾ ਗਿਆ ਹੈ। (13) 'ਅਨੁਸ਼ਾਸਨ-ਪਰਵ' ਵਿਚ ਧਾਰਮਿਕ ਅਤੇ ਨੈਤਿਕ ਕਥਾਵਾਂ ਸ਼ਾਮਲ ਕੀਤੀਆਂ ਗਈਆਂ ਹਨ। (14) 'ਅਸ਼੍ਵਮੇਧ-ਪਰਵ' ਵਿਚ ਯੁਧਿਸ਼ਠਿਰ ਵਲੋਂ ਕੀਤੇ ਗਏ ਅਸ਼੍ਵਮੇਧ-ਯੱਗ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ। (15) 'ਆਸ਼੍ਰਮਵਾਸੀ-ਪਰਵ' ਵਿਚ ਧ੍ਰਿਤਰਾਸ਼ਟਰ ਅਤੇ ਉਸ ਦੀ ਪਤਨੀ ਆਦਿ ਦਾ ਬਾਨ-ਪ੍ਰਸਥ ਆਸ਼੍ਰਮ ਵਿਚ ਪ੍ਰਵੇਸ਼

ਕਰਨਾ ਦਸਿਆ ਗਿਆ ਹੈ। (16) 'ਮੌਸਲ-ਪਰਵ' ਵਿਚ ਯਾਦਵਾਂ ਦਾ ਮੂਸਲ ਨਾਲ ਆਪਸ ਵਿਚ ਲੜ-ਲੜ ਕੇ ਨਸ਼ਟ ਹੋਣਾ ਲਿਖਿਆ ਹੈ। (17) 'ਮਹਾਪ੍ਰਸਥਾਨਿਕ-ਪਰਵ' ਵਿਚ ਪਾਂਡਵਾਂ ਦੀ ਹਿਮਾਲਾ ਪਰਬਤ ਵਲ ਦੀ ਯਾਤ੍ਰਾ ਦਾ ਵਰਣਨ ਹੈ। (18) 'ਸਵਰਗਾਰੋਹਣ-ਪਰਵ' ਵਿਚ ਪਾਂਡਵਾਂ ਦੇ ਸਵਰਗ ਜਾਣ ਦਾ ਬ੍ਰਿੱਤਾਂਤ ਦਿੱਤਾ ਗਿਆ ਹੈ।

ਉਪਰੋਕਤ 18 ਪਰਵਾਂ ਵਿਚ ਆਏ ਸ਼ਲੋਕਾਂ ਦੀ ਗਿਣਤੀ ਇਕ ਲੱਖ ਨਹੀਂ ਬਣਦੀ। ਅਸਲ ਵਿਚ, ਇਕ ਲੱਖ ਗਿਣਤੀ 'ਹਰਿਵੰਸ਼' ਪੁਰਾਣ ਨੂੰ ਨਾਲ ਸੰਮਿਲਿਤ ਕਰਨ ਨਾਲ ਹੀ ਪੂਰੀ ਹੁੰਦੀ ਹੈ। ਸਾਧਾਰਣ ਵਿਸ਼ਵਾਸ ਅਨੁਸਾਰ 'ਹਰਿਵੰਸ਼' 'ਮਹਾਭਾਰਤ' ਦਾ ਪਰਿਸ਼ਿਸ਼ਟ (ਅੰਤਿਕਾ) ਜਾਂ ਉੱਤਰ-ਭਾਗ ਹੈ। ਇਸ ਦਾ ਕਾਰਣ ਇਹ ਹੈ ਕਿ 'ਮਹਾਭਾਰਤ' (ਆਦਿ-ਪਰਵ/2/69-70) ਵਿਚ ਹੀ ਇਸ ਨੂੰ ਉੱਤਰ-ਖੰਡ ਮੰਨਿਆ ਗਿਆ ਹੈ। ਇਸ ਕਥਨ ਦੀ ਪੁਸ਼ਟੀ 'ਹਰਿਵੰਸ਼' (1/1/17) ਤੋਂ ਵੀ ਹੋ ਜਾਂਦੀ ਹੈ, ਜਦੋਂ ਸ਼ੌਨਕ, ਸੌਤਿ ਤੋਂ ਪੁਛਦੇ ਹਨ ਕਿ 'ਹੇ ਲੋਮਹਰਸ਼ਣ ਕੁਮਾਰ ! ਤੁਸੀਂ ਮਹਾਭਾਰਤ ਸੁਣਾਉਣ ਵੇਲੇ ਕੁਰੁਵੰਸ਼ੀਆਂ ਦੇ ਜਨਮ ਦਾ ਹੀ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਹੈ, ਵ੍ਰਿਸ਼ਣਿ ਅਤੇ ਅੰਧਕਵੰਸ਼ ਦੇ ਜਨਮ ਦਾ ਨਹੀਂ ਕੀਤਾ, ਇਸ ਲਈ ਹੁਣ ਤੁਸੀਂ ਇਨ੍ਹਾਂ ਦੇ ਜਨਮ-ਕਰਮ ਦਾ ਵੀ ਵਰਣਨ ਕਰੋ।' ਇਸ ਕਥਨ ਤੋਂ ਸਪੱਸ਼ਟ ਹੈ ਕਿ ਸ੍ਰੀ ਕ੍ਰਿਸ਼ਣ ਦੇ ਪਰਿਵਾਰ ਦਾ ਵਿਸਤਾਰ ਸਹਿਤ ਬ੍ਰਿੱਤਾਂਤ 'ਮਹਾਭਾਰਤ' ਵਿਚ ਨਾ ਦਿੱਤੇ ਜਾ ਸਕਣ ਕਾਰਣ 'ਹਰਿਵੰਸ਼' ਦੀ ਸਿਰਜਨਾ ਕਰਨੀ ਪਈ ਸੀ। 'ਹਰਿਵੰਸ਼' ਦੇ ਤਿੰਨ ਪਰਵ ਹਨ—ਹਰਿਵੰਸ਼-ਪਰਵ, ਵਿਸ਼ਣੁ-ਪਰਵ ਅਤੇ ਭਵਿਸ਼-ਪਰਵ। ਇਸ ਵਿਚ ਕੁਲ 16,374 ਸ਼ਲੋਕ ਹਨ। ਇਨ੍ਹਾਂ ਦੇ ਸ਼ਾਮਲ ਹੋਣ ਤੇ ਹੀ 'ਮਹਾਭਾਰਤ' ਦੇ ਇਕ ਲੱਖ ਸ਼ਲੋਕ ਪੂਰੇ ਹੁੰਦੇ ਹਨ।

ਮਹਾਭਾਰਤ (ਕਥਾ-ਸਾਰ) : ਇਸ ਦਾ ਸ਼ਾਬਦਿਕ ਅਰਥ ਹੈ 'ਮਹਾਯੁੱਧ', ਪਰ ਹੁਣ ਇਹ ਉਸ ਗ੍ਰੰਥ ਲਈ ਰੂੜ੍ਹ ਹੋ ਚੁਕਿਆ ਹੈ ਜਿਸ ਵਿਚ ਭਰਤ-ਵੰਸ਼ ਦਾ ਚਰਿਤ ਅਤੇ ਕੌਰਵਾਂ ਅਤੇ ਪਾਂਡਵਾਂ ਵਿਚਾਲੇ ਹੋਏ ਮਹਾਯੁੱਧ ਦਾ ਵਰਣਨ ਹੈ। ਸੰਖੇਪ ਵਿਚ ਇਸ ਗ੍ਰੰਥ ਦਾ ਕਥਾ-ਸਾਰ ਇਸ ਪ੍ਰਕਾਰ ਹੈ :

ਭਰਤ-ਵੰਸ਼ ਵਿਚਲੇ ਰਾਜਾ ਸ਼ਾਂਤਨੂ ਦਾ ਸ਼ਾਂਤਨਵ ਨਾਂ ਦਾ ਇਕ ਪੁੱਤਰ ਸੀ ਜੋ ਇਤਿਹਾਸ ਵਿਚ ਭੀਸ਼ਮ (ਪਿਤਾਮਾ) ਦੇ ਨਾਂ ਨਾਲ ਪ੍ਰਸਿੱਧ ਹੋਇਆ। ਬਿਰਧ ਅਵਸਥਾ ਵਿਚ ਸ਼ਾਂਤਨੂ ਦੇ ਮਨ ਵਿਚ ਹੋਰ ਵਿਆਹ ਕਰਨ ਦੀ ਇੱਛਾ ਪੈਦਾ ਹੋਈ। ਉਸ ਇੱਛਾ ਦੀ ਪੂਰਤੀ ਵਿਚ ਆਉਣ ਵਾਲੀ ਰੁਕਾਵਟ ਨੂੰ ਭੀਸ਼ਮ ਨੇ ਆਪਣਾ ਵਿਰਾਸਤੀ ਹੱਕ ਛਡ ਕੇ ਪੂਰਾ ਕੀਤਾ। ਸ਼ਾਂਤਨੂ ਨੇ ਸਤ੍ਯਵਤੀ ਨਾਲ ਵਿਆਹ ਕੀਤਾ। ਉਸ ਰਾਣੀ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚੋਂ ਪਹਿਲਾਂ ਚਿਤ੍ਰਾਂਗਦ ਰਾਜਾ ਬਣਿਆ ਪਰ ਜਲਦੀ ਹੀ ਯੁੱਧ ਵਿਚ ਮਾਰਿਆ ਗਿਆ। ਫਿਰ ਦੂਜਾ ਭਰਾ ਵਿਚਿਤ੍ਰਵੀਰਯ ਗੱਦੀ ਤੇ ਬੈਠਾ। ਉਸ ਦਾ ਵਿਆਹ ਕਾਸ਼ੀ ਦੇ ਰਾਜੇ ਦੀਆਂ ਧੀਆਂ ਅੰਬਿਕਾ ਅਤੇ ਅੰਬਾਲਿਕਾ ਨਾਲ ਹੋਇਆ। ਪਰ ਜਲਦੀ ਹੀ ਉਹ ਵੀ ਨਿਰਸੰਤਾਨ ਮਰ ਗਿਆ। ਸਤ੍ਯਵਤੀ ਦੇ

ਕਹਿਣ ਤੇ ਵਿਆਸ ਨੇ ਪਿਉ ਵਲੋਂ ਆਪਣੇ ਮਤਰੇਏ ਭਰਾ ਵਿਚਿਤ੍ਰਵੀਰਯ ਦੀ ਵੰਸ਼ ਨੂੰ ਅਗੇ ਤੋਰਨ ਲਈ ਦੋਹਾਂ ਵਿਧਵਾਵਾਂ ਨਾਲ ਸੰਯੋਗ ਕੀਤਾ। ਵਿਆਸ ਦੀ ਭਿਆਨਕ ਸ਼ਕਲ ਨੂੰ ਵੇਖ ਕੇ ਸੰਯੋਗ ਵੇਲੇ ਅੰਬਿਕਾ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ, ਫਲਸਰੂਪ ਉਸ ਦੀ ਕੁੱਖੋਂ ਅੰਨ੍ਹੇ ਧ੍ਰਿਤਰਾਸ਼ਤਰ ਦਾ ਜਨਮ ਹੋਇਆ। ਅੰਬਾਲਿਕਾ ਵਿਆਸ ਦੀ ਡਰਾਵਣੀ ਸ਼ਕਲ ਵੇਖ ਕੇ ਪੀਲੀ ਪੈ ਗਈ, ਇਸ ਲਈ ਉਸ ਤੋਂ ਪੀਲੇ ਰੰਗ ਵਾਲੇ ਪਾਂਡੂ ਦਾ ਜਨਮ ਹੋਇਆ। ਦੋਹਾਂ ਬੱਚਿਆਂ ਦੇ ਸਰੂਪ ਨੂੰ ਵੇਖ ਕੇ ਸਤ੍ਯਵਤ ਨੇ ਅੰਬਿਕਾ ਨੂੰ ਦੋਬਾਰਾ ਰਿਸ਼ੀ ਨਾਲ ਸੰਯੋਗ ਕਰਨ ਨੂੰ ਕਿਹਾ ਪਰ ਉਸ ਨੇ ਛਲਪੂਰਵਕ ਆਪਣੀ ਥਾਂ ਤੇ ਦਾਸੀ ਨੂੰ ਭੇਜ ਦਿੱਤਾ ਜਿਸ ਨੇ ਕਾਲਾਂਤਰ ਵਿਚ ਵਿਦੁਰ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ। ਇਹ ਤਿੰਨੋਂ ਆਪਣੇ ਤਾਏ ਭੀਸ਼ਮ ਦੀ ਦੇਖ-ਰੇਖ ਵਿਚ ਪਲੇ। ਇਨ੍ਹਾਂ ਦੇ ਵੱਡੇ ਹੋਣ ਤਕ ਭੀਸ਼ਮ ਹੀ ਰਾਜ ਦੀ ਦੇਖ-ਭਾਲ ਕਰਦਾ ਰਿਹਾ। ਅੰਨ੍ਹਾ ਹੋਣ ਕਾਰਣ ਧ੍ਰਿਤਰਾਸ਼ਟਰ ਰਾਜਾ ਨਾ ਬਣ ਸਕਿਆ। ਪਾਂਡੂ ਨੇ ਕੁਝ ਸਮਾਂ ਰਾਜ ਚਲਾਇਆ, ਪਰ ਫਿਰ ਕਿਸੇ ਸਰਾਪ ਕਾਰਣ ਉਹ ਰਾਜ-ਭਾਗ ਛਡ ਕੇ ਜੰਗਲਾਂ ਨੂੰ ਚਲਾ ਗਿਆ। ਉਸ ਪਿਛੋਂ ਧ੍ਰਿਤਰਾਸ਼ਟਰ ਰਾਜਾ ਬਣਿਆ।

ਪਾਂਡੂ ਦੀਆਂ ਭਾਵੇਂ ਦੋ ਪਤਨੀਆਂ (ਕੁੰਤੀ ਅਤੇ ਮਾਦਰੀ) ਸਨ, ਪਰ ਸਰਾਪ ਕਾਰਣ ਉਹ ਉਨ੍ਹਾਂ ਤੋਂ ਸੰਤਾਨ ਪੈਦਾ ਨਾ ਕਰ ਸਕਿਆ। ਉਹ ਤਿੰਨੋਂ ਹਿਮਾਲਾ ਪਰਬਤ 'ਤੇ ਚਲੇ ਗਏ। ਉਥੇ ਵੱਖ-ਵੱਖ ਦੇਵਤਿਆਂ ਤੋਂ ਉਨ੍ਹਾਂ ਦੋਹਾਂ ਰਾਣੀਆਂ ਨੇ ਪੰਜ ਪੁੱਤਰ ਪੈਦਾ ਕੀਤੇ ਜਿਨ੍ਹਾਂ ਨੂੰ ਪਾਂਡੂ ਨੇ ਆਪਣੀ ਸੰਤਾਨ ਵਜੋਂ ਪ੍ਰਵਾਨ ਕਰ ਲਿਆ। ਇਸ ਲਈ ਉਹ ਇਤਿਹਾਸ ਵਿਚ ਪਾਂਡਵ ਨਾਂ ਨਾਲ ਪ੍ਰਸਿੱਧ ਹੋਏ। ਇਨ੍ਹਾਂ ਪੰਜਾਂ ਵਿਚੋਂ ਕੁੰਤੀ ਦੇ ਤਿੰਨ ਪੁੱਤਰ ਸਨ—ਯੁਧਿਸ਼ਠਿਰ, ਭੀਮ ਅਤੇ ਅਰਜੁਨ—ਜੋ ਕ੍ਰਮਵਾਰ ਧਰਮ, ਵਾਯੂ ਅਤੇ ਇੰਦਰ ਦੇ ਪੁੱਤਰ ਸਨ। ਦੂਜੀ ਰਾਣੀ ਮਾਦਰੀ ਨੇ ਨਕੁਲ ਅਤੇ ਸਹਦੇਵ ਨਾਂ ਦੇ ਜੋੜੇ ਪੁੱਤਰਾਂ ਨੂੰ ਜਨਮ ਦਿੱਤਾ ਜੋ ਅਸ਼੍ਵਨੀ ਕੁਮਾਰਾਂ ਦੇ ਪੁੱਤਰ ਸਨ। ਅੰਨ੍ਹੇ ਧ੍ਰਿਤਰਾਸ਼ਟਰ ਦੇ ਘਰ ਆਪਣੀ ਪਤਨੀ ਗਾਂਧਾਰੀ ਤੋਂ ਇਕ ਸੌ ਪੁੱਤਰ ਅਤੇ ਇਕ ਪੁੱਤਰੀ ਦੁਸ਼ਾਲਾ ਪੈਦਾ ਹੋਈ। ਕੌਰਵ ਭਰਾਵਾਂ ਵਿਚ ਸਭ ਤੋਂ ਵੱਡਾ ਦੁਰਯੋਧਨ ਸੀ। ਭਾਵੇਂ ਉਹ ਬਹੁਤ ਬਹਾਦਰ ਸੀ, ਪਰ ਉਸ ਦੀ ਬੁੱਧੀ ਨੀਚਤਾ ਵਲ ਅਧਿਕ ਝੁਕੀ ਹੋਈ ਸੀ।

ਪਾਂਡੂ ਦੀ ਮ੍ਰਿਤੂ ਤੋਂ ਪਾਂਡਵ ਭਰਾਵਾਂ ਨੂੰ ਧ੍ਰਿਤਰਾਸ਼ਟਰ ਪਾਸ ਲਿਆਉਂਦਾ ਗਿਆ ਜਿਥੇ ਉਨ੍ਹਾਂ ਦੀ ਕੌਰਵਾਂ ਨਾਲ ਰਾਜਕੁਮਾਰਾਂ ਵਾਂਗ ਦੇਖ-ਭਾਲ ਅਤੇ ਸਿਖਲਾਈ ਹੋਣ ਲਗੀ। ਬੱਚਿਆਂ ਵਿਚ ਹੌਲੀ-ਹੌਲੀ ਈਰਖਾ ਦੀ ਭਾਵਨਾ ਵਿਕਸਿਤ ਹੋਣ ਲਗੀ, ਪਰ ਜਦੋਂ ਧ੍ਰਿਤਰਾਸ਼ਟਰ ਨੇ ਯੁਧਿਸ਼ਠਿਰ ਨੂੰ ਯੁਵਰਾਜ ਪਦਵੀ ਲਈ ਚੁਣ ਲਿਆ ਤਾਂ ਵੈਰ ਵਿਰੋਧ ਹੋਰ ਵਧ ਗਿਆ। ਹਾਲਾਤ ਦੀ ਨਜ਼ਾਕਤ ਨੂੰ ਭਾਂਪਦੇ ਹੋਇਆਂ ਧ੍ਰਿਤਰਾਸ਼ਟਰ ਨੇ ਪਾਂਡਵਾਂ ਨੂੰ ਵਾਰਣਾਵਤ ਵਿਚ ਰਹਿਣ ਲਈ ਭੇਜ ਦਿੱਤਾ। ਪਰ ਦੁਰਯੋਧਨ ਨੇ ਪਾਂਡਵਾਂ ਨੂੰ ਸਾੜਨ ਲਈ ਉਥੇ ਲਾਖ ਦਾ ਘਰ ਬਣਵਾਇਆ। ਵਿਦੁਰ ਦੀ ਚੌਕਸੀ ਕਾਰਣ ਪਾਂਡਵ ਸੜਨੋਂ ਬਚ ਗਏ ਅਤੇ ਬ੍ਰਾਹਮਣ ਭਿਖਾਰੀਆਂ ਵਾਂਗ ਵਿਚਰਨ ਲਗੇ।

ਇਸੇ ਦੌਰਾਨ ਪੰਚਾਲ ਦੇ ਰਾਜੇ ਨੇ ਆਪਣੀ ਪੁੱਤਰੀ ਰਾਜਕੁਮਾਰੀ ਦ੍ਰੋਪਦੀ ਲਈ

ਸੁਅੰਬਰ ਦੀ ਵਿਵਸਥਾ ਕੀਤੀ। ਪੰਜੇ ਪਾਂਡਵ ਬ੍ਰਾਹਮਣਾਂ ਦੇ ਭੇਸ ਵਿਚ ਉਸ ਸੁਅੰਬਰ ਵਿਚ ਸ਼ਾਮਲ ਹੋਏ। ਅਰਜੁਨ ਨੇ ਧਨੁਸ਼ ਭੰਗ ਕਰਕੇ ਦ੍ਰੋਪਦੀ ਨੂੰ ਜਿੱਤ ਲਿਆ। ਉਸ ਨੂੰ ਲੈ ਕੇ ਪੰਜੇ ਭਰਾ ਆਪਣੀ ਮਾਤਾ ਕੁੰਤੀ ਕੋਲ ਆਏ ਅਤੇ ਕਿਸੇ ਅਮੁੱਲੀ ਵਸਤੂ ਨੂੰ ਲਿਆਉਣ ਦੀ ਗੱਲ ਦਸੀ। ਕੁੰਤੀ ਨੇ ਸਹਿਜ ਸੁਭਾ ਉਸ ਵਸਤੂ ਨੂੰ ਪੰਜਾਂ ਵਿਚ ਵੰਡਣ ਲਈ ਕਹਿ ਦਿੱਤਾ। ਮਾਤਾ ਦੀ ਆਗਿਆ ਨੂੰ ਨਾ ਟਾਲਦੇ ਹੋਇਆਂ ਦ੍ਰੋਪਦੀ ਨੂੰ ਪੰਜਾਂ ਭਰਾਵਾਂ ਨੇ ਸਾਂਝੀ ਪਤਨੀ ਬਣਾ ਲਿਆ।

ਪਾਂਡਵਾਂ ਦੇ ਪ੍ਰਗਟ ਹੋਣ ਤੇ ਧ੍ਰਿਤਰਾਸ਼ਟਰ ਨੇ ਉਨ੍ਹਾਂ ਨੂੰ ਕੋਲ ਬੁਲਾ ਲਿਆ ਅਤੇ ਰਾਜ-ਵੰਡ ਕੇ ਆਪਣੇ ਪੁੱਤਰਾਂ ਨੂੰ ਹਸਤਨਾਪੁਰ ਦਾ ਇਲਾਕਾ ਦੇ ਦਿੱਤਾ ਅਤੇ ਪਾਂਡਵਾਂ ਨੂੰ ਯਮਨਾ ਦਰਿਆ ਦੇ ਨਾਲ ਲਗਦੇ ਇਲਾਕੇ ਦਾ ਅਧਿਕਾਰੀ ਬਣਾ ਦਿੱਤਾ। ਪਾਂਡਵਾਂ ਨੇ ਇੰਦ੍ਰਪ੍ਰਸਥ ਨੂੰ ਰਾਜਧਾਨੀ ਬਣਾਇਆ। ਨਿਆਂ-ਪੂਰਵਕ ਰਾਜ ਕਰਦਿਆਂ ਯੁਧਿਸ਼ਠਿਰ ਨੇ ਆਪਣੀ ਚੰਗੀ ਸਾਖ ਬਣਾ ਲਈ। ਅਨੇਕ ਦੇਸ਼ਾਂ ਨੂੰ ਜਿੱਤਣ ਉਪਰੰਤ ਇਸ ਨੇ ਰਾਜਸੂਯ ਯੱਗ ਕਰਨ ਦਾ ਫੈਸਲਾ ਕੀਤਾ। ਇਸ ਨਾਲ ਕੌਰਵ ਬਹੁਤ ਸੜੇ। ਭੈੜੇ ਭਰੇ ਢੰਗ ਨਾਲ ਉਨ੍ਹਾਂ ਨੇ ਪਾਂਡਵਾਂ ਨੂੰ ਹਸਤਨਾਪੁਰ ਵਿਚ ਆਉਣ ਲਈ ਆਪਣੇ ਪਿਤਾ ਤੋਂ ਨਿਮੰਤ੍ਰਿਤ ਕਰਵਾਇਆ। ਪਾਂਡਵਾਂ ਨੇ ਆਉਣ 'ਤੇ ਦੁਰਯੋਧਨ ਨੇ ਉਨ੍ਹਾਂ ਅਗੇ ਜੂਆ ਖੇਡਣ ਦਾ ਪ੍ਰਸਤਾਵ ਰਖਿਆ ਅਤੇ ਆਪਣੇ ਮਾਮੇ ਸ਼ਕੁਨੀ ਦੀ ਮੱਦਦ ਨਾਲ ਯੁਧਿਸ਼ਠਿਰ ਤੋਂ ਸਾਰਾ ਰਾਜ, ਮਾਲ, ਧਨ, ਇਥੋਂ ਤਕ ਕੇ ਦ੍ਰੋਪਦੀ ਵੀ ਜਿੱਤ ਲਈ। ਦ੍ਰੋਪਦੀ ਨੂੰ ਦਾਸੀ ਦੇ ਰੂਪ ਵਿਚ ਦਰਬਾਰ ਵਿਚ ਲਿਆ ਕੇ ਉਸ ਦਾ ਅਪਮਾਨ ਕੀਤਾ ਗਿਆ। ਮਜਬੂਰੀ ਵਿਚ ਬੈਠੇ ਭੀਮ ਨੇ ਅਪਮਾਨ ਦਾ ਬਦਲਾ ਲੈਣ ਲਈ ਪ੍ਰਣ ਕੀਤਾ। ਧ੍ਰਿਤਰਾਸ਼ਟਰ ਦੇ ਦਖ਼ਲ ਦੇਣ 'ਤੇ ਪਾਂਡਵਾਂ ਨੂੰ ਰਾਜ ਵਾਪਸ ਕਰ ਦਿੱਤਾ ਗਿਆ। ਪਰ ਯੁਧਿਸ਼ਠਿਰ ਨੂੰ ਇਕ ਹੋਰ ਬਾਜ਼ੀ ਲਾਉਣ ਲਈ ਉਕਸਾ ਕੇ ਫਿਰ ਹਰਾਇਆ ਗਿਆ। ਫਲਸਰੂਪ ਉਨ੍ਹਾਂ ਨੂੰ ਬਾਰ੍ਹਾਂ ਸਾਲਾਂ ਦਾ ਬਨਵਾਸ ਅਤੇ ਤੇਰ੍ਹਵੇਂ ਸਾਲ ਗੁਪਤ-ਵਾਸ ਕਰਨ ਦੀ ਸ਼ਰਤ ਪੂਰੀ ਕਰਨੀ ਪਈ।

ਬਾਰ੍ਹਾਂ ਸਾਲਾਂ ਦੇ ਬਨਵਾਸ ਤੋਂ ਬਾਦ ਤੇਰ੍ਹਵੇਂ ਸਾਲ ਉਹ ਭੇਸ ਬਦਲ ਕੇ ਅਤੇ ਹੋਰ ਨਾਂ ਰਖ ਕੇ ਵਿਰਾਟ ਰਾਜਾ ਦੇ ਦਰਬਾਰ ਵਿਚ ਸੇਵਾ ਕਰਨ ਲਗੇ ਅਤੇ ਦ੍ਰੋਪਦੀ ਰਾਣੀ ਸੁਦੇਸ਼ਣਾ ਕੋਲ ਸੈਰੰਧਰੀ ਨਾਂ ਅਧੀਨ ਦਾਸੀ ਵਜੋਂ ਕੰਮ ਕਰਨ ਲਗੀ। ਰਾਣੀ ਦਾ ਭਰਾ ਕੀਚਕ ਸੈਰੰਧਰੀ ਉਤੇ ਮੋਹਿਤ ਹੋ ਗਿਆ, ਪਰ ਉਸ ਦੀ ਪ੍ਰਾਪਤੀ ਲਈ ਭੀਮ ਹੱਥੋਂ ਮਾਰਿਆ ਗਿਆ ਅਤੇ ਬਾਦ ਵਿਚ ਉਪਕੀਚਕਾਂ ਤੋਂ ਦ੍ਰੋਪਦੀ ਨੂੰ ਕੀਚਕ ਨਾਲ ਸਤੀ ਹੋਣ ਤੋਂ ਬਚਾਉਣ ਲਈ ਭੀਮ ਨੇ ਉਨ੍ਹਾਂ ਨੂੰ ਮਾਰ ਮੁਕਾਇਆ। ਫਿਰ ਰਾਜਾ ਵਿਰਾਟ ਨੇ ਉਨ੍ਹਾਂ ਦੀ ਬਹਾਦਰੀ ਕਰਕੇ ਆਪਣਾ ਸਹਾਇਕ ਬਣਾ ਲਿਆ। ਤੇਰ੍ਹਵੇਂ ਵਰ੍ਹੇ ਦੇ ਖ਼ਤਮ ਹੋਣ ਉਤੇ ਉਹ ਪ੍ਰਗਟ ਹੋ ਗਏ ਅਤੇ ਰਾਜੇ ਦੀ ਪੁੱਤਰੀ ਉੱਤਰਾ ਨਾਲ ਅਰਜੁਨ ਦੇ ਪੁੱਤਰ ਅਭਿਮਨ੍ਯੁ ਦਾ ਵਿਆਹ ਕਰ ਦਿੱਤਾ ਗਿਆ।

ਬਨਵਾਸ ਦੀ ਸ਼ਰਤ ਖ਼ਤਮ ਹੋਣ ਤੇ ਪਾਂਡਵਾਂ ਨੇ ਆਪਣਾ ਰਾਜ ਵਾਪਸ ਮੰਗਿਆ, ਪਰ ਕੌਰਵਾਂ ਨੇ ਨਾਂਹ ਕਰ ਦਿੱਤੀ। ਦੋਹਾਂ ਪਾਸੇ ਯੁੱਧ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।

ਦੁਰਯੋਧਨ ਨੇ ਕ੍ਰਿਸ਼ਣ ਦੀ ਸਾਰੀ ਸੈਨਾ ਆਪਣੀ ਮੱਦਦ ਲਈ ਨਾਲ ਰਲਾ ਲਈ ਅਤੇ ਸ਼ਸਤ੍ਰਹੀਨ ਕ੍ਰਿਸ਼ਣ ਪਾਂਡਵਾਂ ਵਲ ਹੋ ਗਏ। ਕੁਰੁਕ੍ਸ਼ੇਤ੍ਰ ਦੇ ਮੈਦਾਨ ਵਿਚ 18 ਦਿਨ ਘੋਰ ਯੁੱਧ ਹੋਇਆ। ਦੁਰਯੋਧਨ ਵਲੋਂ ਕ੍ਰਮਵਾਰ ਭੀਸ਼ਮ, ਦ੍ਰੋਣਾਚਾਰਯ, ਅੰਗਰਾਜ ਕਰਣ ਆਦਿ ਸੈਨਾ ਨਾਇਕ ਬਣੇ। ਭੀਸ਼ਮ ਨੂੰ ਅਰਜੁਨ ਨੇ ਜ਼ਖਮੀ ਕਰ ਦਿੱਤਾ। ਪਰ ਉਹ ਯੁੱਧ ਦੇ ਅੰਤ ਤਕ ਜੀਉਂਦਾ ਰਿਹਾ। ਸਾਰੇ ਯੋਧੇ ਵਾਰੋ ਵਾਰੀ ਮਰਨ ਲਗੇ। ਅੰਤ ਵਿਚ ਦੁਰਯੋਧਨ ਅਤੇ ਉਸ ਦੇ ਤਿੰਨ ਸਾਥੀ—ਕ੍ਰਿਪਾ, ਅਸ਼੍ਵਥਾਮਾ, ਕ੍ਰਿਤਵਰਮਾ—ਹੀ ਬੱਚੇ। ਦੁਅੰਦ ਯੁੱਧ ਵਿਚ ਭੀਮ ਨੇ ਦੁਰਯੋਧਨ ਦਾ ਪੱਟ ਤੋੜ ਦਿੱਤਾ। ਤਦਉਪਰੰਤ ਉਹ ਮਰ ਗਿਆ। ਬਾਕੀ ਦੇ ਤਿੰਨ ਕੌਰਵਾਂ ਨੇ ਰਾਤ ਨੂੰ ਪਾਂਡਵਾਂ ਦੇ ਖ਼ੇਮਿਆਂ 'ਤੇ ਹਮਲਾ ਕਰ ਕੇ ਦ੍ਰੋਪਦੀ ਦੇ ਪੰਜਾਂ ਪੁੱਤਰਾਂ ਅਤੇ ਬਹੁਤ ਸਾਰੇ ਸੈਨਿਕਾਂ ਨੂੰ ਮਾਰ ਦਿੱਤਾ। ਪੁੱਤਰਾਂ ਦੇ ਸੋਗ ਤੋਂ ਨਿਵਰਿਤ ਹੋ ਕੇ ਯੁਧਿਸ਼ਠਿਰ ਭਰਾਵਾਂ ਸਮੇਤ ਹਸਤਨਾਪੁਰ ਗਿਆ ਅਤੇ ਰਾਜਗੱਦੀ ਉਤੇ ਬੈਠਾ। ਕੁਝ ਸਮੇਂ ਬਾਦ ਉਸ ਨੇ ਅਸ਼੍ਵਮੇਧ ਯੱਗ ਕੀਤਾ ਅਤੇ ਸ਼ਾਂਤੀ-ਪੂਰਵਕ ਰਾਜ ਕਰਨ ਲਗਿਆ।

ਆਪਣੇ ਪੁੱਤਰਾਂ ਦੀ ਮੌਤ ਤੋਂ ਦੁਖੀ ਹੋਇਆ ਧ੍ਰਿਤਰਾਸ਼ਟਰ ਆਪਣੀ ਪਤਨੀ ਗਾਂਧਾਰੀ, ਪਾਂਡਵਾਂ ਦੀ ਮਾਤਾ ਕੁੰਤੀ ਅਤੇ ਕੁਝ ਮੰਤਰੀਆਂ ਸਹਿਤ ਬਨ ਨੂੰ ਚਲਾ ਗਿਆ। ਦੋ ਸਾਲ ਬਾਦ ਬਨ ਵਿਚ ਆਪਣੇ ਆਸ਼੍ਰਮ ਵਿਚ ਰਹਿੰਦਿਆਂ ਉਹ ਸਾਰੇ ਬਨ-ਅਗਨੀ ਵਿਚ ਸੜ ਗਏ। ਇਸ ਘਟਨਾ ਤੋਂ ਪਾਂਡਵ ਬਹੁਤ ਦੁਖੀ ਹੋਏ। ਕੁਝ ਸਮੇਂ ਬਾਦ ਯੁਧਿਸ਼ਠਿਰ ਨੇ ਰਾਜ ਤਿਆਗ ਦਿੱਤਾ ਅਤੇ ਆਪਣੇ ਭਰਾਵਾਂ ਸਹਿਤ ਮੇਰੂ ਪਰਬਤ ਉਤੇ ਇੰਦਰ-ਲੋਕ ਵਿਚ ਪਹੁੰਚਣ ਲਈ ਹਿਮਾਲਾ ਪਰਬਤ ਵਲ ਚਲਾ ਗਿਆ। ਰਸਤੇ ਵਿਚ ਉਸ ਦੇ ਭਰਾ ਅਤੇ ਸਾਥੀ ਮਰਦੇ ਗਏ। ਅੰਤ ਇੰਦਰ ਨੇ ਉਸ ਨੂੰ ਸਵਰਗ ਵਿਚ ਪ੍ਰਵੇਸ਼ ਕਰਨ ਲਈ ਕਿਹਾ। ਕੁਝ ਹੀਲ-ਹੁਜਤ ਤੋਂ ਬਾਦ ਉਸ ਨੇ ਸਵਰਗ ਵਿਚ ਪ੍ਰਵੇਸ਼ ਕੀਤਾ ਜਿਥੇ ਉਸ ਨੂੰ ਕੌਰਵਾਂ ਨੂੰ ਵੇਖ ਕੇ ਹੈਰਾਨੀ ਹੋਈ।

ਯੁਧਿਸ਼ਠਿਰ ਆਪਣੇ ਭਰਾਵਾਂ ਤੋਂ ਬਿਨਾ ਸਵਰਗ ਵਿਚ ਰਹਿਣ ਲਈ ਤਿਆਰ ਨਾ ਹੋਇਆ। ਫਿਰ ਉਹ ਨਰਕ ਵਿਚ ਗਿਆ। ਉਥੇ ਉਸ ਨੇ ਜਾਣੀਆਂ ਪਛਾਣੀਆਂ ਆਵਾਜ਼ਾਂ ਸੁਣੀਆਂ ਅਤੇ ਉਨ੍ਹਾਂ ਵਿਚ ਹੀ ਰਹਿਣਾ ਉਚਿਤ ਸਮਝਿਆ। ਆਖ਼ਰ ਉਸ ਨੂੰ ਅਹਿਸਾਸ ਹੋ ਗਿਆ ਕਿ ਸਭ ਕੁਝ ਮਾਇਆ ਦਾ ਖੇਲ ਹੈ। ਇਸ ਗਿਆਨ ਦੀ ਪ੍ਰਾਪਤੀ ਨਾਲ ਉਹ ਆਪਣੇ ਭਰਾਵਾਂ ਅਤੇ ਮਿੱਤਰਾਂ ਸਹਿਤ ਦੇਵ-ਲੋਕ ਵਿਚ ਰਹਿਣ ਲਗ ਗਿਆ।

ਇਸ ਮਹਾਨ ਸਾਕੇ, ਗ੍ਰੰਥ ਅਤੇ ਪਾਤਰਾਂ ਦੇ ਹਵਾਲੇ ਪੰਜਾਬੀ ਦੇ ਅਨੇਕ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਦਿੱਤੇ ਹਨ। ਜਿਵੇਂ ਭਾਈ ਗੁਰਦਾਸ ਨੇ ਵਿਸ਼ਨੂ ਦੇ ਕਰਤੱਵਾਂ ਵਿਚ ਇਸ ਦਾ ਹਵਾਲਾ ਦਿੱਤਾ ਹੈ—'ਖਤ੍ਰੀ ਮਾਰਿ ਸੰਘਾਰੂ ਕਰਿ ਰਾਮਾਇਣ ਮਹਾਭਾਰਤ ਭਾਏ' (39/15)।

ਮਹਾਮਾਯਾ : ਦੇਵੀ ਦਾ ਇਕ ਨਾਮਾਂਤਰ। ਵੇਖੋ 'ਦੇਵੀ'।

ਮਹਾਵੀਰ ਸੁਆਮੀ : ਵੇਖੋ 'ਜੈਨ-ਮਤ'।

ਮਹਿਖਾਸੁਰ : ਇਕ ਪ੍ਰਸਿੱਧ ਅਸੁਰ ਜਾਂ ਦੈਂਤ ਜਿਸ ਦਾ ਦੁਰਗਾ ਨੇ ਬਧ ਕੀਤਾ ਸੀ। 'ਦੇਵੀ ਭਾਗਵਤ ਪੁਰਾਣ' ਅਤੇ 'ਮਾਰਕੰਡੇਯ ਪੁਰਾਣ' ਵਿਚ ਲਿਖਿਆ ਹੈ ਕਿ ਕਸ਼ਯਪ ਰਿਸ਼ੀ ਦੇ ਘਰ ਦਨੂ ਨਾਂ ਦੀ ਪਤਨੀ ਦੀ ਕੁੱਖੋਂ ਰੰਭ ਅਤੇ ਕਰੰਭ ਨਾਂ ਦੇ ਦੋ ਦਾਨਵ ਪੁੱਤਰ ਪੈਦਾ ਹੋਏ। ਪੁੱਤਰ ਪ੍ਰਾਪਤ ਕਰਨ ਦੀ ਇੱਛਾ-ਵਸ ਉਹ ਦੋਵੇਂ ਤਪਸਿਆ ਕਰਨ ਲਗੇ। ਕਰੰਭ ਜਲ ਵਿਚ ਸਮਾਧੀ ਲਾ ਕੇ ਤਪ ਕਰ ਰਿਹਾ ਸੀ ਅਤੇ ਰੰਭ ਇਕ ਵੱਡੇ ਸਾਰੇ ਬੋਹੜ ਦੇ ਬ੍ਰਿਛ ਦਾ ਸਹਾਰਾ ਲੈ ਕੇ ਅਗਨੀ ਦੇਵਤਾ ਦੀ ਆਰਾਧਨਾ ਕਰ ਰਿਹਾ ਸੀ।

ਇੰਦਰ ਨੇ ਤਪਸਿਆ ਭੰਗ ਕਰਨ ਲਈ ਮਗਰਮੱਛ ਦਾ ਰੂਪ ਧਾਰ ਕੇ ਕਰੰਭ ਨੂੰ ਮਾਰ ਦਿੱਤਾ। ਆਪਣੇ ਭਰਾ ਦੀ ਮ੍ਰਿਤੂ ਤੋਂ ਨਿਰਾਸ਼ ਹੋਏ ਰੰਭ ਨੇ ਆਤਮ-ਹਤਿਆ ਕਰਨੀ ਚਾਹੀ, ਪਰ ਅਗਨੀ-ਦੇਵਤਾ ਨੇ ਉਸ ਨੂੰ ਵਰ ਮੰਗਣ ਲਈ ਕਿਹਾ। ਉਸ ਨੇ ਅਜਿਹੇ ਪੁੱਤਰ ਦੀ ਪ੍ਰਾਪਤੀ ਦਾ ਵਰ ਮੰਗਿਆ ਜੋ ਵੈਰੀਆਂ ਦਾ ਨਾਸ਼ ਕਰ ਸਕੇ। ਅਗਨੀ ਦੇਵਤਾ ਤੋਂ ਵਰਦਾਨ ਪ੍ਰਾਪਤ ਕਰਨ ਉਪਰੰਤ ਉਸ ਨੇ ਇਕ ਮਹਿਸ਼ੀ (ਮਝ) ਨਾਲ ਸੰਬੰਧ ਜੋੜਿਆ ਅਤੇ ਉਸ ਦੇ ਗਰਭਵਤੀ ਹੋਣ ਤੇ ਉਸ ਨੂੰ ਪਾਤਾਲ ਵਿਚ ਲੈ ਗਿਆ। ਇਕ ਦਿਨ ਇਕ ਹੋਰ ਮਹਿਸ਼ (ਝੋਟੇ) ਨੇ ਉਸ ਦੀ ਪਤਨੀ ਰੂਪੀ ਮਹਿਸ਼ੀ ਉਤੇ ਹਮਲਾ ਕੀਤਾ। ਦੋਹਾਂ ਮਹਿਸ਼ਾਂ (ਝੋਟਿਆਂ) ਦੀ ਲੜਾਈ ਹੋਈ। ਮਹਿਸ਼ੀ ਭਜਦੀ ਹੋਈ ਯਕ੍ਸ਼ਾਂ ਦੀ ਸ਼ਰਨ ਵਿਚ ਪਹੁੰਚੀ। ਪਿਛੇ-ਪਿਛੇ ਰੰਭ ਵੀ ਪਹੁੰਚ ਗਿਆ ਜਿਸ ਨੂੰ ਯਕ੍ਸ਼ਾਂ ਨੇ ਮਾਰ ਦਿੱਤਾ ਅਤੇ ਉਸ ਦੇ ਸ਼ਰੀਰ ਨੂੰ ਅਗਨੀ ਦੇ ਭੇਟਾ ਕੀਤਾ। ਉਸ ਦੀ ਚਿੱਤਾ ਵਿਚ ਮਹਿਸ਼ੀ ਵੀ ਦਾਖ਼ਲ ਹੋ ਕੇ ਸੜ ਮੋਈ। ਉਸ ਦੇ ਗਰਭ ਵਿਚੋਂ ਉਸ ਦਾ ਬਲਵਾਨ ਪੁੱਤਰ ਮਹਿਸ਼ ਪ੍ਰਗਟ ਹੋਇਆ। ਦਾਨਵਾਂ ਦੇ ਉਸ ਨੂੰ ਆਪਣਾ ਨਾਇਕ ਬਣਾ ਲਿਆ ਅਤੇ ਇਸ ਤਰ੍ਹਾਂ ਉਹ ਮਹਿਸ਼ਾਸੁਰ (ਮਹਿਖਾਸੁਰ) ਨਾਂ ਨਾਲ ਪ੍ਰਸਿੱਧ ਹੋਇਆ।

ਰਾਜ-ਗੱਦੀ ਉਤੇ ਬੈਠਣ ਉਪਰੰਤ ਇਸ ਨੇ ਦੇਵਤਿਆਂ ਨਾਲ ਯੁੱਧ ਸ਼ੁਰੂ ਕੀਤਾ ਅਤੇ ਸੁਮੇਰ ਪਰਬਤ ਉਤੇ ਤਪਸਿਆ ਕਰਕੇ ਬ੍ਰਹਮਾ ਨੂੰ ਪ੍ਰਸੰਨ ਕੀਤਾ। ਬ੍ਰਹਮਾ ਤੋਂ ਉਸ ਨੇ ਨਾਰੀ ਤੋਂ ਭਿੰਨ ਹੋਰ ਕਿਸੇ ਤੋਂ ਨਾ ਮਾਰੇ ਜਾ ਸਕਣ ਦਾ ਵਰ ਪ੍ਰਾਪਤ ਕੀਤਾ। ਉਸ ਨੇ ਇੰਦਰ ਨੂੰ ਦੂਤ ਰਾਹੀਂ ਸੁਨੇਹਾ ਭੇਜਿਆ ਕਿ ਉਹ ਈਨ ਮੰਨ ਕੇ ਸਵਰਗ ਛਡ ਜਾਵੇ। ਇੰਦਰ ਨਾ ਮੰਨਿਆ। ਘੋਰ ਯੁੱਧ ਵਿਚ ਇੰਦਰ ਹਾਰ ਗਿਆ ਅਤੇ ਮਹਿਖਾਸੁਰ ਨੇ ਇੰਦਰਪੁਰੀ ਉਤੇ ਅਧਿਕਾਰ ਜਮਾ ਲਿਆ। ਵਾਰਿਸ ਸ਼ਾਹ ਨੇ 'ਹੀਰ' ਵਿਚ ਕਿਹਾ ਹੈ—'ਜਿਵੇਂ ਇੰਦਰ ਤੇ ਕਹਿਰ ਦੀ ਨਜ਼ਰ ਕਰਕੇ ਮਹਿਖਾਸੁਰੋਂ ਪੁਰੀ ਲੁਟਵਾਇਆ ਈ।'

ਹਾਰੇ ਹੋਏ ਦੇਵਤੇ ਬ੍ਰਹਮਾ ਨੂੰ ਨਾਲ ਲੈ ਕੇ ਸਹਾਇਤਾ ਲਈ ਸ਼ਿਵ ਕੋਲ ਗਏ। ਫਿਰ ਸ਼ਿਵ ਨੂੰ ਨਾਲ ਲੈ ਕੇ ਵਿਸ਼ਣੂ ਕੋਲ ਗਏ। ਮਹਿਖਾਸੁਰ ਨੂੰ ਨਾਰੀ ਦੁਆਰਾ ਮਰਵਾਉਣ ਲਈ ਵਿਸ਼ਣੂ ਨੇ ਸਾਰਿਆਂ ਦੇਵਤਿਆਂ ਨੂੰ ਕਿਹਾ ਕਿ ਉਹ ਆਪਣੀਆਂ ਇਸਤਰੀਆਂ ਨਾਲ ਮਿਲ ਕੇ ਆਪਣੇ ਤੇਜ ਦੁਆਰਾ ਇਕ ਨਾਰੀ ਦੀ ਸਿਰਜਨਾ ਕਰਨ। ਫਲਸਰੂਪ ਅਨੇਕ ਭੁਜਾਵਾਂ ਵਾਲੀ ਦੇਵੀ ਪੈਦਾ ਹੋਈ। ਉਹ ਸ਼ੇਰ ਦੀ ਸਵਾਰੀ ਕਰਦੀ ਹੋਈ ਗਰਜਣ ਲਗੀ। ਉਸ ਨੂੰ ਪਕੜਨ ਲਈ ਮਹਿਖਾਸੁਰ ਨੇ ਆਪਣੇ ਦੈਂਤ ਨੂੰ ਭੇਜਿਆ। ਪਕੜਨ ਵਿਚ ਕਾਮਯਾਬੀ

ਸ਼ਾਮਲ ਨਾ ਹੋਈ ਅਤੇ ਨਾ ਹੀ ਦੇਵੀ ਨੇ ਮਹਿਖਾਸੁਰ ਦੀ ਈਨ ਮੰਨੀ ।

ਯੁੱਧ ਸ਼ੁਰੂ ਹੋਇਆ ਅਤੇ ਦੇਵੀ ਨੇ ਅਨੇਕ ਦਾਨਵ-ਨਾਇਕ ਮਾਰ ਦਿੱਤੇ । ਕ੍ਰੋਧ ਵਿਚ ਆ ਕੇ ਮਹਿਖਾਸੁਰ ਨੇ ਸ਼ੇਰ, ਹਾਥੀ, ਪਰਬਤ ਆਦਿ ਅਨੇਕ ਰੂਪ ਧਾਰਣ ਕੀਤੇ, ਪਰ ਅੰਤ ਵਿਚ ਦੇਵੀ ਨੇ ਸ਼ੂਲ ਮਾਰ ਕੇ ਉਸ ਨੂੰ ਧਰਤੀ ਉਤੇ ਡਿਗਾ ਦਿੱਤਾ ਅਤੇ ਪੈਰਾਂ ਹੇਠਾਂ ਮਿਧ ਕੇ ਚੱਕਰ ਨਾਲ ਮਾਰ ਦਿੱਤਾ । ਗੁਰੂ ਨਾਨਕ ਦੇਵ ਜੀ ਦੀ ਸਥਾਪਨਾ ਹੈ ਕਿ ਪਰਮ-ਸੱਤਾ ਆਪ ਹੀ ਦੈਂਤਾਂ ਨੂੰ ਪੈਦਾ ਕਰਦੀ ਹੈ ਅਤੇ ਆਪ ਹੀ ਉਨ੍ਹਾਂ ਦਾ ਨਾਸ਼ ਕਰਦੀ ਹੈ— 'ਸਹਸਬਾਹੁ ਮਧੁ ਕੀਟ ਮਹਿਖਾਸਾ ।/ਹਰਣਾਖਸੁ ਲੇ ਨਖਹੁ ਬਿਧਾਸਾ ।/ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ' (ਅ. ਗ੍ਰੰ. 224) । ਵਾਰਿਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿਚ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਨਾਲ ਦੌਲਤਾਂ ਹੁਸਨ ਤੇ ਸ਼ਾਨ ਸ਼ੌਕਤ, ਮਹਿਖਾਸੁਰੋਂ ਇੰਦ ਲੁਟਾਇ ਗਇਆ ।'

ਮਹਿਦੀ, ਇਮਾਮ : ਹਿੰਦੂਆਂ ਦੇ ਕਲਕੀ ਅਵਤਾਰ ਵਾਂਗ ਮੁਸਲਮਾਨਾਂ ਵਿਚ ਵੀ ਇਹ ਧਾਰਣਾ ਬਣੀ ਹੋਈ ਹੈ ਕਿ ਭਵਿਸ਼ ਵਿਚ ਹਜ਼ਰਤ ਮੁਹੰਮਦ ਦੇ ਖ਼ਾਨਦਾਨ ਵਿਚ ਇਕ ਮਹਿਦੀ ਨਾਂ ਦਾ ਵਿਅਕਤੀ ਪੈਦਾ ਹੋਵੇਗਾ । ਇਹ ਸੰਸਾਰ ਵਿਚ ਦੀਨ ਦੀ ਪੁਨਰ-ਸਥਾਪਨਾ ਕਰੇਗਾ ਅਤੇ ਕੁਮਾਰਗ-ਗਾਮੀ ਲੋਕਾਂ ਨੂੰ ਸਹੀ ਰਸਤੇ ਉਤੇ ਪਾਏਗਾ । ਸਾਰੀ ਮੁਸਲਿਮ ਜਨਤਾ ਇਸ ਦੇ ਨਾਲ ਹੋਵੇਗੀ ਅਤੇ ਇਹ ਸਾਰੇ ਇਸਲਾਮੀ ਦੇਸ਼ਾਂ ਉਤੇ ਰਾਜ ਕਰੇਗਾ । ਕਿਆਮਤ ਦੇ ਵਾਪਰਨ ਵੇਲੇ ਦੇ ਚਿੰਨ੍ਹਾਂ ਵਿਚ ਮਹਿਦੀ ਦੇ ਪ੍ਰਗਟ ਹੋਣ ਦੀ ਗੱਲ ਵੀ ਸ਼ਾਮਲ ਹੈ ।

ਸ਼ੀਆ-ਮਤ ਵਾਲੇ ਮੁਸਲਮਾਨਾਂ ਦੀ ਧਾਰਣਾ ਹੈ ਕਿ ਮਹਿਦੀ ਦਾ ਜਨਮ ਹੋ ਚੁਕਿਆ ਹੈ ਪਰ ਅਜੇ ਉਹ ਗੁਪਤ ਤੌਰ ਤੇ ਸਮਾਂ ਬਤੀਤ ਕਰ ਰਿਹਾ ਹੈ । ਇਸ ਦਾ ਮੁੱਖ ਕਰਤੱਵ ਦੁਸ਼ਟਾਂ ਦਾ ਦਮਨ ਕਰਨਾ ਹੋਵੇਗਾ । ਮਹਿਦੀ ਬਾਰੇ ਹੋਈ ਭਵਿਸ਼ਬਾਣੀ ਨੂੰ ਲੈ ਕੇ ਕਈ ਚਾਲਾਕ ਅਤੇ ਮਹੱਤਵ-ਅਕਾਂਖੀਆਂ ਨੇ ਆਪਣੇ ਆਪ ਨੂੰ ਮਹਿਦੀ ਅਖਵਾਣਾ ਸ਼ੁਰੂ ਕਰ ਦਿੱਤਾ । ਇਸ ਸੰਬੰਧ ਵਿਚ ਪੰਦਰ੍ਹਵੀਂ ਸਦੀ ਵਿਚ ਹੋਏ ਸੱਯਦ ਮੁਹੰਮਦ ਜੌਨਪੁਰੀ ਦਾ ਨਾਂ ਉੱਲੇਖਯੋਗ ਹੈ ਜਿਸ ਨੇ ਸੰਨ 1496 ਈ. ਵਿਚ ਮੱਕੇ ਤੋਂ ਪਰਤਣ ਤੋਂ ਬਾਦ ਆਪਣੇ ਆਪ ਨੂੰ ਮਹਿਦੀ ਅਖਵਾਉਣਾ ਸ਼ੁਰੂ ਕਰ ਦਿੱਤਾ, ਪਰ ਤਕੜੇ ਵਿਰੋਧ ਕਾਰਣ ਉਹ ਹਿੰਦੁਸਤਾਨ ਛੱਡ ਗਿਆ ।

ਮਿਰਜ਼ਈ ਮੁਸਲਮਾਨਾਂ ਦਾ ਦਾਵਾ ਹੈ ਕਿ ਮਿਰਜ਼ਾ ਗ਼ੁਲਾਮ ਅਹਿਮਦ 'ਮਹਿਦੀ' ਹੀ ਸੀ ।

'ਦਸਮ-ਗ੍ਰੰਥ' ਵਿਚ ਲਿਖਿਆ ਹੈ ਕਿ ਕਲਕੀ ਅਵਤਾਰ ਦੇ ਹੰਕਾਰੀ ਹੋ ਜਾਣ ਤੇ 'ਕਾਲ-ਪੁਰਖ' ਨੇ ਮੀਰ ਮਹਿਦੀ ਨੂੰ ਪੈਦਾ ਕੀਤਾ ਜਿਸ ਨੇ ਕਲਕੀ ਦਾ ਬਧ ਕੀਤਾ ਅਤੇ ਹਰ ਪਾਸੇ ਜਿੱਤ ਪ੍ਰਾਪਤ ਕੀਤੀ । ਪਰ ਅੰਤ ਵਿਚ ਉਹ ਹੰਕਾਰੀ ਹੋ ਗਿਆ ਅਤੇ ਉਸ ਦੀ, ਕੰਨ ਵਿਚ ਕਿਸੇ ਕੀੜੇ ਦੇ ਵੜ ਜਾਣ ਕਾਰਣ, ਮੌਤ ਹੋ ਗਈ ।

ਮਹੀਯੁੱਦੀਨ ਕਾਸ਼ਾਨੀ : ਦਿੱਲੀ ਦਾ ਇਕ ਪ੍ਰਸਿੱਧ ਸੂਫ਼ੀ ਸਾਧਕ ਜਿਸ ਨੂੰ 'ਖ਼੍ਵਾਜਾ ਨਿਜ਼ਾਮ-ਉਲ-ਹਕੀਕਤ' ਨਾਂ ਨਾਲ ਵੀ ਜਾਣਿਆ ਜਾਂਦਾ ਸੀ । ਇਸ ਦੇ ਵੱਡੇ ਵਡੇਰੇ

ਤਬਰਸਤਾਨ ਵਿਚ ਹਕੂਮਤ ਕਰਦੇ ਸਨ ਪਰ ਚੰਗੇਜ਼ ਖ਼ਾਨ ਦੇ ਅਤਿਆਚਾਰਾਂ ਤੋਂ ਡਰਦਿਆਂ ਉਹ ਤਬਰਸਤਾਨ ਛੱਡ ਕੇ ਹਿੰਦੁਸਤਾਨ ਵਲ ਆ ਗਏ। ਇਧਰ ਉਧਰ ਕੁਝ ਸਮਾਂ ਭਟਕਣ ਤੋਂ ਬਾਦ ਪਹਿਲਾਂ ਉਹ ਸੁਲਤਾਨਪੁਰ ਟਿਕੇ, ਪਰ ਉਥੇ ਮਨ ਨਾ ਲਗਣ ਕਾਰਣ ਦਿੱਲੀ ਚਲੇ ਗਏ। ਉਦੋਂ ਦਿੱਲੀ ਵਿਚ ਸੁਲਤਾਨ ਸ਼ਮਸੁੱਦੀਨ ਅਲਤਮਸ਼ ਦੀ ਬਾਦਸ਼ਾਹੀ ਸੀ।

ਘਰ ਵਿਚ ਆਪਣੀ ਮਾਤਾ ਤੋਂ ਦੀਨੀ ਤਾਲੀਮ ਪ੍ਰਾਪਤ ਕਰਨ ਉਪਰੰਤ ਇਹ ਪ੍ਰਸਿੱਧ ਸੂਫ਼ੀ ਫ਼ਕੀਰ, ਖ਼੍ਵਾਜਾ ਨਿਜ਼ਾਮੁੱਦੀਨ ਔਲੀਆ ਦੀ ਸ਼ਰਨ ਵਿਚ ਗਿਆ ਅਤੇ ਉਸ ਦਾ ਮੁਰੀਦ ਬਣਿਆ। ਇਸ ਤਰ੍ਹਾਂ ਇਹ ਚਿਸ਼ਤੀ ਸਿਲਸਿਲੇ ਵਿਚ ਸ਼ਾਮਲ ਹੋਇਆ। ਇਸ ਨੇ ਆਪਣੀ ਤਪਸਿਆ ਨਾਲ ਮੁਰਸ਼ਿਦ ਨੂੰ ਬਹੁਤ ਪ੍ਰਸੰਨ ਕੀਤਾ। ਫਲਸਰੂਪ ਮੁਰਸ਼ਿਦ ਨੇ ਇਸ ਨੂੰ ਇਕ ਕੰਬਲ ਦਿੱਤਾ ਜੋ ਇਸ ਨੇ ਬੜੇ ਆਦਰ ਨਾਲ ਇਕ ਸੰਦੂਕ ਵਿਚ ਸੰਭਾਲ ਰਖਿਆ ਅਤੇ ਕਦੇ-ਕਦੇ ਉਸ ਦਾਤ ਨੂੰ ਕੱਢ ਕੇ ਅੱਖਾਂ ਨਾਲ ਛੋਹੰਦਾ ਅਤੇ ਆਪਣੇ ਮੁਰਸ਼ਿਦ ਪ੍ਰਤਿ ਸੱਚੇ ਦਿਲੋਂ ਸ਼ਰਧਾ ਪ੍ਰਗਟ ਕਰਦਾ। ਕਹਿੰਦੇ ਹਨ ਉਸ ਕੰਬਲ ਤੋਂ ਇਸ ਨੂੰ ਇਕ ਖ਼ਾਸ ਕਿਸਮ ਦੀ ਖੁਸ਼ਬੂ ਆਉਂਦੀ ਸੀ ਜਿਸ ਨੂੰ ਸੁੰਘ ਕੇ ਇਹ ਸਰੂਰ ਵਿਚ ਆ ਜਾਂਦਾ ਸੀ। ਸੂਫ਼ੀ ਸਾਧਕਾਂ ਵਿਚ ਇਸ ਪ੍ਰਤਿ ਬਹੁਤ ਆਦਰ ਦੀ ਭਾਵਨਾ ਰਹੀ ਹੈ। ਅਲੀ ਹੈਦਰ ਨੇ ਲਿਖਿਆ ਹੈ—'ਕਿਆ ਗ਼ਮ ਖ਼ੌਫ਼ ਅਸਾਂ ਨੂੰ, ਜੋ ਸ਼ਾਹ ਮਹੀਯੁੱਦੀਨ ਅਸਾਡੜਾ ਏ।'

ਮਹੀਂਵਾਲ : ਵੇਖੋ 'ਸੋਹਣੀ-ਮਹੀਂਵਾਲ'।

ਮੱਕਾ : ਅਰਬ ਦੇਸ਼ ਦਾ ਉਹ ਪ੍ਰਸਿੱਧ ਨਗਰ ਜਿਥੇ ਹਜ਼ਰਤ ਮੁਹੰਮਦ ਸਾਹਿਬ (ਵੇਖੋ) ਦਾ ਜਨਮ ਹੋਇਆ ਸੀ ਅਤੇ ਜਿਥੇ ਮੁਸਲਮਾਨਾਂ ਦਾ ਸਰਵੋਚ ਧਰਮ-ਧਾਮ ਕਾਅਬਾ (ਵੇਖੋ) ਸਥਿਤ ਹੈ। ਇਹ ਨਗਰ ਜੱਦਾਹ ਨਾਂ ਦੀ ਬੰਦਰਗਾਹ ਤੋਂ ਲਗਭਗ 100 ਕਿ. ਮੀ. ਦੂਰ ਪਥਰੀਲੀ ਧਰਤੀ ਉਤੇ ਵਸਿਆ ਹੈ। ਇਸ ਦੇ ਇਰਦ-ਗਿਰਦ ਦਾ ਇਲਾਕਾ ਬੜਾ ਖੁਸ਼ਕ ਅਤੇ ਅਣ-ਉਪਜਾਊ ਹੈ। ਇਸ ਦੇ ਮਹੱਤਵ ਦਾ ਕਾਰਣ ਕਾਅਬਾ ਧਰਮ-ਧਾਮ ਅਤੇ ਹਜ਼ਰਤ ਮੁਹੰਮਦ ਦਾ ਜਨਮ-ਸਥਾਨ ਹੋਣ ਕਾਰਣ ਹੈ। ਹਜ਼ਰਤ ਨੇ ਹਰ ਮੁਸਲਮਾਨ ਲਈ ਜੀਵਨ ਵਿਚ ਇਕ ਵਾਰ ਇਥੇ ਆਉਣਾ ਜ਼ਰੂਰੀ ਦਸਿਆ ਹੈ। ਇਸ ਲਈ ਹਰ ਸਾਲ ਲੱਖਾਂ ਯਾਤ੍ਰੀ ਇਸ ਪਵਿੱਤਰ ਸਥਾਨ ਦੀ ਯਾਤ੍ਰਾ ਕਰਦੇ ਹਨ।

ਇਸ ਨਗਰ ਦੀ ਪਵਿੱਤਰਤਾ ਮਨੁੱਖ ਦੀ ਨਹੀਂ, ਰੱਬ ਦੀ ਸਥਾਪਿਤ ਕੀਤੀ ਹੋਈ ਹੈ। ਇਹ ਰੱਬ ਦਾ ਘਰ ਤਸਵਰ ਕੀਤਾ ਜਾਂਦਾ ਹੈ। ਸੰਤ ਕਬੀਰ ਨੇ ਕੇਵਲ ਮੱਕੇ ਨੂੰ ਹੀ ਰੱਬ ਦਾ ਘਰ ਮੰਨਣ ਦਾ ਖੰਡਨ ਕੀਤਾ ਹੈ—'ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ।/ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ' (ਅ. ਗ੍ਰੰ. 1375)।

ਹਜ਼ਰਤ ਮੁਹੰਮਦ ਨੇ ਜਦੋਂ ਲੋਕਾਂ ਨੂੰ ਰੱਬੀ ਪੈਗ਼ਾਮ ਦੇਣਾ ਸ਼ੁਰੂ ਕੀਤਾ ਅਤੇ ਬੁੱਤ-ਪ੍ਰਸਤੀ ਤੋਂ ਵਰਜਿਆ, ਤਾਂ ਤਿਖੇ ਵਿਰੋਧ ਕਾਰਣ ਉਨ੍ਹਾਂ ਨੂੰ ਇਹ ਨਗਰ ਛਡਣਾ ਪਿਆ ਅਤੇ ਇਥੋਂ ਸੰਨ 622 ਈ. ਵਿਚ ਹਿਜਰਤ ਕਰਕੇ ਮਦੀਨੇ ਚਲੇ ਗਏ।

ਮੁਸਲਮਾਨਾਂ ਵਿਚ ਇਸ ਨਗਰ ਨੂੰ 'ਅਹਿਮਦਪੁਰ' ਵੀ ਕਹਿੰਦੇ ਹਨ। ਅਲੀ ਹੈਦਰ ਅਨੁਸਾਰ—'ਅਹਿਮਦਪੁਰ ਦੀਆਂ ਗਲੀਆਂ ਵੇ ਲੋਕਾ, ਸਾਨੂੰ ਸੱਭੇ ਗਲੀਆਂ ਭੁੱਲੀਆਂ ਨੇ।'

ਮਗਹਰ : ਉੱਤਰ ਪ੍ਰਦੇਸ਼ ਵਿਚ ਸਥਿਤ ਇਕ ਵਿਸ਼ੇਸ਼ ਕਸਬਾ ਅਤੇ ਉਸ ਦੇ ਆਲੇ-ਦੁਆਲੇ ਦਾ ਖੇਤਰ। ਹਿੰਦੂ-ਮਤ ਵਿਚ ਇਹ ਮਨੌਤ ਹੈ ਕਿ ਜੋ ਵਿਅਕਤੀ ਮਗਹਰ ਵਿਚ ਮਰਦਾ ਹੈ, ਉਹ ਗੱਧੇ ਦੀ ਜੂਨ ਵਿਚ ਪੈਂਦਾ ਹੈ। ਇਸ ਕਸਬੇ ਬਾਰੇ ਮਹਾਨ ਕੋਸ਼ਕਾਰ ਨੇ ਦਸਿਆ ਹੈ ਕਿ ਇਹ ਗੰਗਾ ਤੋਂ ਪਾਰ ਅਤੇ ਅਯੋਧਿਆ ਤੋਂ 136 ਕਿ. ਮੀ. ਪੂਰਵ ਵਲ ਬਸਤੀ ਜ਼ਿਲੇ ਵਿਚ ਸਥਿਤ ਹੈ। ਪਰ ਆਧੁਨਿਕ ਖੋਜ ਦੇ ਆਧਾਰ ਤੇ ਮਗਹਰ ਗੰਗਾ ਪਾਰ ਵਾਲਾ ਕਰਮ-ਨਾਸ਼ਾ ਖੇਤਰ ਹੈ। ਇਹ ਕਸਬਾ ਕਾਸ਼ੀ-ਖੰਡ (ਪੰਚ-ਕ੍ਰੋਸ਼ੀ ਘੇਰੇ) ਤੋਂ ਲਗਭਗ 9 ਕਿ. ਮੀ. ਦੀ ਵਿਥ ਉਤੇ ਹੈ।

ਆਮ ਧਾਰਮਿਕ ਵਿਸ਼ਵਾਸ ਅਨੁਸਾਰ ਕਾਸ਼ੀ-ਖੰਡ ਵਿਚ ਮਰਨ ਵਾਲੇ ਦਾ ਕਲਿਆਣ ਹੁੰਦਾ ਹੈ ਅਤੇ ਇਸ ਤੋਂ ਬਾਹਰ ਮਰਨ ਵਾਲੇ ਦਾ ਕਲਿਆਣ ਨਹੀਂ ਹੁੰਦਾ। ਇਸ ਨਾਲ ਗੱਧੇ ਦੀ ਜੂਨ ਦੀ ਗੱਲ ਵੀ ਜੋੜ ਦਿੱਤੀ ਗਈ ਜਿਸ ਕਰਕੇ ਧਰਮ-ਕਰਮ ਵਿਚ ਵਿਸ਼ਵਾਸ ਰਖਣ ਵਾਲੇ ਲੋਕ ਕਾਸ਼ੀ-ਖੰਡ ਵਿਚ ਹੀ ਆਪਣੇ ਪ੍ਰਾਣ ਤਿਆਗਦੇ ਸਨ। ਪਰ ਸੰਤ ਕਬੀਰ ਵਰਗੇ ਧਰਮ ਸਾਧਕ ਇਸ ਪ੍ਰਕਾਰ ਦੀਆਂ ਮਨੌਤਾਂ ਵਿਚ ਵਿਸ਼ਵਾਸ ਨਹੀਂ ਰਖਦੇ ਸਨ। ਇਸ ਲਈ ਰਵਾਇਤ ਅਨੁਸਾਰ ਉਹ ਆਪਣੇ ਪ੍ਰਾਣ ਤਿਆਗਣ ਲਈ ਮਗਹਰ ਖੇਤਰ ਵਿਚ ਗਏ। ਉਨ੍ਹਾਂ ਦੀ ਸਥਾਪਨਾ ਸੀ ਕਿ ਕਾਸ਼ੀ ਅਤੇ ਮਗਹਰ ਵਿਚ ਕੋਈ ਅੰਤਰ ਨਹੀਂ ਹੈ। ਇਸ ਪ੍ਰਕਾਰ ਦੇ ਵਹਿਮਾਂ ਵਿਚ ਪੈ ਕੇ ਕੀਤੀ ਭਗਤੀ ਸੱਚੀ ਭਗਤੀ ਨਹੀਂ ਕਹੀ ਜਾ ਸਕਦੀ—'ਕਾਸੀ ਮਗਹਰ ਸਮ ਬੀਚਾਰੀ ।/ਓਛੀ ਭਗਤਿ ਕੈਸੇ ਉਤਰਸਿ ਪਾਰੀ' (ਅ. ਗ੍ਰੰ. 326)।

ਮਗਹਰ ਜਾਂ ਉਸ ਦੇ ਇਰਦ-ਗਿਰਦ ਦੇ ਖੇਤਰ ਨੂੰ 'ਹਾੜੰਬਾ' ਧਰਤੀ ਵੀ ਕਿਹਾ ਜਾਂਦਾ ਹੈ। ਕਬੀਰ ਜੀ ਦੀ ਸਥਾਪਨਾ ਹੈ ਕਿ ਕਠੋਰ ਮਨ ਵਾਲਾ ਵਿਅਕਤੀ ਜੇ ਕਾਸ਼ੀ ਵਿਚ ਮਰੇ ਤਾਂ ਵੀ ਉਸ ਦੀ ਸਦਗਤੀ ਨਹੀਂ ਹੋ ਸਕਦੀ, ਪਰ ਪਰਮਾਤਮਾ ਦਾ ਸੱਚਾ ਸਾਧਕ ਹਾੜੰਬੇ ਵਿਚ ਹੀ ਕਿਉਂ ਨਾ ਮਰੇ, ਤਾਂ ਵੀ ਉਹ ਆਪ ਅਤੇ ਉਸ ਦੇ ਸਾਰੇ ਸਤਿਸੰਗੀ ਸਦਗਤੀ ਪ੍ਰਾਪਤ ਕਰ ਲੈਂਦੇ ਹਨ—'ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ।/ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ' (ਅ. ਗ੍ਰੰ 484)।

ਮੱਛ, ਅਵਤਾਰ : ਇਸ ਦਾ ਵਿਸ਼ਣੂ ਦੀ ਅਵਤਾਰ-ਪਰੰਪਰਾ ਵਿਚ ਪਹਿਲਾ ਸਥਾਨ ਹੈ। ਇਸ ਦੀ ਕਥਾ ਦਾ ਮੂਲ ਰੂਪ 'ਸ਼ਤਪਥ-ਬ੍ਰਾਹਮਣ' ਵਿਚ ਵੇਖਿਆ ਜਾ ਸਕਦਾ ਹੈ। ਇਹ ਅਵਤਾਰ ਸਤਿਯੁਗ ਵਿਚ ਹੋਇਆ ਸੀ। ਇਸ ਦੇ ਅਵਤਰਣ ਦੇ ਕਾਰਣਾਂ 'ਤੇ ਪ੍ਰਕਾਸ਼ ਪਾਉਂਦੇ ਹੋਇਆਂ 'ਭਾਗਵਤ-ਪੁਰਾਣ' (ਅੱਠਵਾਂ ਸਕੰਧ) ਵਿਚ ਲਿਖਿਆ ਹੈ ਕਿ ਕਲਪ ਦੇ ਅੰਤ ਤੇ ਬ੍ਰਹਮਾ ਨੂੰ ਨੀਂਦ ਆ ਗਈ ਅਤੇ ਉਸ ਦੇ ਮੂੰਹ ਵਿਚੋਂ ਵੇਦ ਨਿਕਲ ਆਏ। ਹਯਗ੍ਰੀਵ ਦੈਂਤ ਉਨ੍ਹਾਂ ਵੇਦਾਂ ਨੂੰ ਚੁਰਾ ਕੇ ਪਾਤਾਲ ਵਿਚ ਚਲਾ ਗਿਆ। ਵਿਸ਼ਣੂ (ਹਰਿ) ਨੇ ਵੇਦਾਂ ਦੇ ਉੱਧਾਰ ਲਈ ਮੱਛੀ ਦਾ ਰੂਪ ਧਾਰਣ ਕੀਤਾ।

ਮਨੁ (ਵੇਖੋ) ਕ੍ਰਿਤਮਾਲਾ ਨਾਂ ਦੀ ਨਦੀ ਵਿਚ ਜਲ ਨਾਲ ਤਰਪਣ ਕਰ ਰਿਹਾ ਸੀ। ਉਸ ਦੇ ਹੱਥ ਵਿਚ ਇਕ ਨਿੱਕੀ ਜਿਹੀ ਮੱਛੀ ਆ ਗਈ। ਮੱਛੀ ਨੂੰ ਪਾਣੀ ਵਿਚ ਫਿਰ ਛਡਣ ਲਈ ਮਨੁ ਸੋਚ ਹੀ ਰਿਹਾ ਸੀ ਕਿ ਆਵਾਜ਼ ਆਈ ਕਿ ਇਸ ਮੱਛੀ ਦੀ ਰਖਿਆ ਕਰੋ, ਸੰਕਟ ਵੇਲੇ ਇਹ ਸਹਾਇਕ ਹੋਵੇਗੀ। ਮਨੁ ਨੇ ਉਸ ਨੂੰ ਕਮੰਡਲ ਵਿਚ ਪਾ ਕੇ ਰਖ ਲਿਆ। ਪਰ ਉਹ ਹੋਰ ਤੋਂ ਹੋਰ ਵੱਡੀ ਹੁੰਦੀ ਗਈ। ਮਨੁ ਨੇ ਉਸ ਮੱਛੀ ਦੇ ਭੇਦ ਨੂੰ ਸਮਝ ਕੇ ਵੱਡੇ ਹੋਣ ਦਾ ਕਾਰਣ ਪੁਛਿਆ ਤਾਂ ਮੱਛੀ ਨੇ ਜਲ-ਪ੍ਰਲਯ ਦੀ ਭਵਿਸ਼ਵਾਣੀ ਕੀਤੀ ਅਤੇ ਸਮੁੰਦਰ ਵਿਚ ਛੱਡਣ ਲਈ ਕਿਹਾ। ਸੱਤਵੇਂ ਦਿਨ ਜਲਪ੍ਰਲਯ ਹੋਈ। ਮਨੁ ਸਪਤ-ਰਿਸ਼ੀਆਂ ਸਹਿਤ ਸਭ ਪ੍ਰਕਾਰ ਦੇ ਜੀਵਾਂ ਦੇ ਬੀਜਾਂ ਨੂੰ ਲੈ ਕੇ ਕਿਸ਼ਤੀ ਵਿਚ ਸਵਾਰ ਹੋ ਗਿਆ। ਕਿਸ਼ਤੀ ਦੇ ਡਾਵਾਂਡੋਲ ਹੋਣ ਤੇ ਮੱਛੀ ਉਥੇ ਉਪਸਥਿਤ ਹੋਈ। ਮਨੁ ਨੇ ਵਾਸੁਕੀ ਨਾਗ ਨਾਲ ਕਿਸ਼ਤੀ ਨੂੰ ਮੱਛੀ ਦੇ ਸਿੰਗ ਨਾਲ ਬੰਨ੍ਹ ਦਿੱਤਾ। ਕਿਸ਼ਤੀ ਡੁਬਣੋਂ ਬਚ ਗਈ। ਮੱਛੀ (ਮੱਛ-ਅਵਤਾਰ) ਨੇ ਮਨੁ ਨੂੰ ਕਰਮ, ਭਗਤੀ ਅਤੇ ਯੋਗ ਬਾਰੇ ਉਪਦੇਸ਼ ਦਿੱਤੇ।

ਬ੍ਰਹਮਾ ਦੀ ਨੀਂਦਰ ਖੁਲਣ ਨਾਲ ਪ੍ਰਲਯ ਦਾ ਅੰਤ ਹੋ ਗਿਆ। ਮੱਛ-ਅਵਤਾਰ ਨੇ ਹਯਗ੍ਰੀਵ ਨੂੰ ਮਾਰ ਕੇ ਵੇਦਾਂ ਨੂੰ ਪ੍ਰਾਪਤ ਕਰ ਲਿਆ ਅਤੇ ਬ੍ਰਹਮਾ ਦੇ ਹਵਾਲੇ ਕਰ ਦਿੱਤਾ। ਇਸ ਅਵਤਾਰ-ਕਥਾ ਦਾ ਮੱਧ-ਯੁਗ ਦੇ ਸੰਤ ਕਵੀਆਂ ਨੇ ਜ਼ਿਕਰ ਕਰਦਿਆਂ ਲਿਖਿਆ ਹੈ—'ਸ੍ਰੀ ਰੰਗ ਬੈਕੁੰਠ ਕੇ ਵਾਸੀ।/ਮਛੁ ਕਛੁ ਕੂਰਮੁ ਆਗਿਆ ਅਉਤਰਾਸੀ' (ਅ. ਗ੍ਰੰ. 1082)।

ਮਛਿੰਦ੍ਰਨਾਥ : ਇਕ ਪ੍ਰਸਿੱਧ ਯੋਗੀ ਜੋ ਗੋਰਖਨਾਥ ਦਾ ਗੁਰੂ ਮੰਨਿਆ ਜਾਂਦਾ ਹੈ। ਇਸ ਦੀ ਉਤਪੱਤੀ ਅਤੇ ਨਾਂ ਬਾਰੇ ਕਈ ਦੰਦ-ਕਥਾਵਾਂ ਪ੍ਰਚਲਿਤ ਹਨ। ਇਕ ਰਵਾਇਤ ਅਨੁਸਾਰ ਇਸ ਦੀ ਉਤਪੱਤੀ ਸ਼ਿਵ ਦੇ ਵੀਰਜ ਦੁਆਰਾ ਮੱਛੀ ਦੇ ਪੇਟ ਵਿਚੋਂ ਹੋਈ ਸੀ। ਦੂਜੀ ਰਵਾਇਤ ਅਨੁਸਾਰ ਇਕ ਮੱਛ ਸ਼ਿਵ ਦਾ ਉਪਦੇਸ਼ ਸੁਣ ਕੇ ਗਿਆਨੀ ਹੋ ਗਿਆ ਸੀ; ਫਲਸਰੂਪ ਸ਼ਿਵ ਨੇ ਉਸ ਦਾ ਸ਼ਰੀਰ ਮਨੁੱਖ ਵਾਲਾ ਬਣਾ ਦਿੱਤਾ। ਤੀਜੀ ਰਵਾਇਤ ਅਨੁਸਾਰ ਇਸ ਨੂੰ ਮੱਛੀਆਂ ਪਕੜਨ ਵੇਲੇ ਇਕ ਵੱਡੀ ਮੱਛੀ ਨਿਗਲ ਗਈ। ਇਹ ਬਾਰ੍ਹਾਂ ਵਰ੍ਹਿਆਂ ਤਕ ਉਸ ਮੱਛੀ ਦੇ ਪੇਟ ਵਿਚ ਰਿਹਾ। ਮੱਛੀ ਦੇ ਪੇਟ ਵਿਚ ਪਲਣ ਕਾਰਣ ਇਸ ਨੂੰ ਮਛਿੰਦ੍ਰਨਾਥ ਕਿਹਾ ਜਾਣ ਲਗਾ। ਚੌਥੀ ਰਵਾਇਤ ਅਨੁਸਾਰ ਇਹ ਜ਼ਾਤਿ ਦਾ ਮਛੇਰਾ ਅਥਵਾ ਮਾਛੀ ਸੀ, ਇਸ ਲਈ ਇਸ ਨੂੰ ਮਛਿੰਦ੍ਰਨਾਥ ਕਿਹਾ ਜਾਂਦਾ ਹੈ। ਇਸ ਦੇ ਕਈ ਹੋਰ ਨਾਂ ਵੀ ਪ੍ਰਚਲਿਤ ਹਨ, ਜਿਵੇਂ ਮਤ੍ਸ੍ਯੇਂਦ੍ਰਨਾਥ, ਮੀਨਪਾਲ, ਮੀਨਨਾਥ, ਮੱਛੇਂਦ੍ਰਪਾ ਆਦਿ।

ਕਿਹਾ ਜਾਂਦਾ ਹੈ ਕਿ ਇਹ ਨਾਥ-ਮਤ ਦਾ ਸੰਸਥਾਪਕ ਅਤੇ ਪਹਿਲੇ ਆਚਾਰਯ ਆਦਿ-ਨਾਥ ਦਾ ਚੇਲਾ ਸੀ। ਗੋਰਖਨਾਥ ਨੇ ਇਸੇ ਤੋਂ ਨਾਥ-ਮਤ ਵਿਚ ਦੀਖਿਆ ਲਈ ਸੀ। ਇਹ ਮੁੱਢਲੇ ਨਾਥਾਂ ਵਿਚੋਂ ਸਰਵ-ਸ੍ਰੇਸ਼ਠ ਸੀ। ਨਾਥਾਂ ਦੀਆਂ ਸੂਚੀਆਂ ਵਿਚ ਆਮ ਤੌਰ ਤੇ ਇਸ ਦਾ ਨਾਂ ਆਦਿ-ਨਾਥ ਤੋਂ ਬਾਦ ਆਉਂਦਾ ਹੈ। ਆਦਿ-ਨਾਥ ਭਗਵਾਨ ਸ਼ਿਵ ਨੂੰ ਮੰਨਿਆ ਜਾਂਦਾ ਹੈ। ਸ਼ਿਵ ਦਾ ਮਛਿੰਦ੍ਰਨਾਥ ਨਾਲ ਕੋਈ ਇਤਿਹਾਸਿਕ

ਸੰਬੰਧ ਨਾ ਜੁੜ ਸਕਣ ਕਾਰਣ ਇਹ ਮੰਨਣਾ ਪਵੇਗਾ ਕਿ ਨਾਥ-ਮਤ ਦਾ ਮੂਲ ਆਚਾਰਯ ਅਥਵਾ ਮੋਢੀ ਮਛਿੰਦ੍ਰਨਾਥ ਹੀ ਸੀ; ਭਗਵਾਨ ਸ਼ਿਵ ਨੂੰ ਤਾਂ ਭਾਵਨਾਵਸ ਆਦਿ-ਨਾਥ ਹੋਣ ਦੀ ਪ੍ਰਭੁਤਾ ਪ੍ਰਦਾਨ ਕੀਤੀ ਗਈ ਹੈ ਕਿਉਂਕਿ ਨਾਥ-ਮਤ, ਅਸਲ ਵਿਚ, ਤਾਂ ਸ਼ੈਵ-ਮਤ ਦੀ ਹੀ ਇਕ ਸ਼ਾਖਾ ਹੈ। ਇਸ ਦੇ ਨਾਂ ਦਾ ਸਾਮੰਜਸ ਲੁਈਪਾ, ਜਲੰਧਰਨਾਥ ਆਦਿ ਨਾਲ ਵੀ ਕੀਤਾ ਜਾਂਦਾ ਹੈ।

ਕਹਿੰਦੇ ਹਨ ਕਿ ਇਹ ਕਾਮਰੂਪ ਦਾ ਨਿਵਾਸੀ ਸੀ ਜੋ ਪੂਰਵੀ ਭਾਰਤ (ਅਸਾਮ ਪ੍ਰਦੇਸ਼) ਦੇ ਲੌਹਿਤ੍ਯ ਨਦੀ ਦੇ ਕੰਢੇ ਵਸਿਆ ਹੈ। ਇਹ ਆਪਣੇ ਸਾਧਨਾ-ਕਾਲ ਵੇਲੇ ਇਕ ਵਾਰ ਕਾਮਰੂਪ ਦੀਆਂ ਸੁੰਦਰੀਆਂ ਦੇ ਵਿਲਾਸ ਵਿਚ ਫਸ ਗਿਆ ਸੀ। ਬਾਦ ਵਿਚ ਇਸ ਦੇ ਸ਼ਿਸ਼ ਗੋਰਖਨਾਥ ਨੇ ਇਸ ਦਾ ਉੱਧਾਰ ਕੀਤਾ ਸੀ। ਚਰਪਟਨਾਥ ਇਸ ਦਾ ਗੁਰਭਾਈ ਮੰਨਿਆ ਜਾਂਦਾ ਹੈ।

ਵਿਦਵਾਨਾਂ ਦੀ ਸਥਾਪਨਾ ਹੈ ਕਿ ਇਹ ਈਸਵੀ ਸੰਨ ਦੀ ਅੱਠਵੀਂ ਸਦੀ ਵਿਚ ਹੋਇਆ ਹੋਵੇਗਾ। ਇਸ ਦੇ ਨਾਂ 'ਤੇ ਸੰਸਕ੍ਰਿਤ ਵਿਚ ਚਾਰ ਪੁਸਤਕਾਂ ਉਪਲਬਧ ਹਨ। ਸੰਧਾ ਭਾਸ਼ਾ ਅਥਵਾ ਪੁਰਾਤਨ ਹਿੰਦੀ ਵਿਚ ਵੀ ਇਸ ਦੀ ਪਦਾਵਲੀ ਮਿਲਦੀ ਹੈ।

ਮਜਨੂੰ : ਲੈਲਾ ਦਾ ਪ੍ਰੇਮੀ। ਵੇਖੋ 'ਲੈਲਾ-ਮਜਨੂੰ'।

ਮਤੰਗ : ਵੇਖੋ 'ਮੂਸਨ'।

ਮਤ੍ਸੵੇਂਦ੍ਰਨਾਥ : ਵੇਖੋ 'ਮਛਿੰਦ੍ਰਨਾਥ'।

ਮਥੁਰਾ : ਬ੍ਰਜ-ਭੂਮੀ ਵਿਚ ਵਸਿਆ ਇਕ ਪ੍ਰਸਿੱਧ ਨਗਰ ਜਿਸ ਦੀ ਗਿਣਤੀ ਹਿੰਦੂ-ਧਰਮ ਵਿਚ ਮੰਨੀਆਂ ਜਾਣ ਵਾਲੀਆ ਪੁਰੀਆਂ ਵਿਚ ਕੀਤੀ ਜਾਂਦੀ ਹੈ। ਇਹ ਯਮਨਾ ਨਦੀ ਦੇ ਸੱਜੇ ਕੰਢੇ ਉਤੇ ਵਸੀ ਹੈ। ਵੈਦਿਕ ਸਾਹਿੱਤ ਵਿਚ ਭਾਵੇਂ ਇਸ ਦਾ ਉੱਲੇਖ ਨਹੀਂ ਮਿਲਦਾ, ਪਰ ਇਤਿਹਾਸ-ਪੁਰਾਣ ਸਾਹਿੱਤ ਵਿਚ ਇਸ ਦੇ ਮਹਾਤਮ ਨੂੰ ਦਰਸਾਇਆ ਗਿਆ ਹੈ।

'ਵਾਯੂ ਪੁਰਾਣ' (88/185) ਅਨੁਸਾਰ ਭਗਵਾਨ ਰਾਮ ਚੰਦਰ ਦੇ ਨਿੱਕੇ ਭਰਾ ਸ਼ਤ੍ਰੁਘਨ ਨੇ ਮਧੂ ਰਾਖਸ਼ ਦੇ ਪੁੱਤਰ ਲਵਣਾਸੁਰ ਨੂੰ ਇਸ ਸਥਾਨ 'ਤੇ ਮਾਰ ਕੇ 'ਮਧੁਰਾ' ਨਗਰੀ ਦੀ ਸਥਾਪਨਾ ਕੀਤੀ ਜੋ ਕਾਲਾਂਤਰ ਵਿਚ 'ਮਥੁਰਾ' ਨਾਂ ਨਾਲ ਪ੍ਰਸਿੱਧ ਹੋਈ। ਸ੍ਰੀ ਕ੍ਰਿਸ਼ਣ ਦਾ ਜਨਮ ਇਸੇ ਨਗਰੀ ਵਿਚ ਹੋਇਆ ਸੀ। ਇਥੇ ਹੀ ਸ੍ਰੀ ਕ੍ਰਿਸ਼ਣ ਨੇ ਕੰਸ ਨੂੰ ਮਾਰ ਕੇ ਰਾਜਾ ਉਗ੍ਰਸੈਨ ਨੂੰ ਮੁੜ ਕੇ ਗੱਦੀ ਉਤੇ ਬਿਠਾਇਆ ਸੀ। ਹਿੰਦੂ-ਧਰਮ ਵਿਚ ਇਸ ਨੂੰ ਸਦੀਵੀ ਮਹੱਤਵ ਵਾਲਾ ਬਹੁਤ ਪਵਿੱਤਰ ਤੀਰਥ ਮੰਨਿਆ ਜਾਂਦਾ ਹੈ। ਇਸ ਨਗਰ ਵਿਚ ਅਤੇ ਬਾਹਰਵਾਰ ਬਹੁਤ ਸਾਰੇ ਹੋਰ ਨਿੱਕੇ ਵੱਡੇ ਤੀਰਥ ਹਨ ਜਿਨ੍ਹਾਂ ਵਿਚੋਂ ਮਹਾਬਨ (ਗੋਕੁਲ) ਅਤੇ ਬਿੰਦਰਾਬਨ ਦਾ ਵਿਸ਼ੇਸ਼ ਮਹੱਤਵ ਹੈ। ਸੋਲ੍ਹਵੀਂ ਸਦੀ ਤੋਂ ਇਹ ਨਗਰੀ ਵਿਸ਼ਣੂ ਭਗਤੀ (ਵਿਸ਼ੇਸ਼ ਕਰਕੇ ਸ੍ਰੀ ਕ੍ਰਿਸ਼ਣ ਭਗਤੀ) ਲਈ ਵਿਸ਼ੇਸ਼ ਰੂਪ ਵਿਚ ਪ੍ਰਸਿੱਧ ਹੋ ਗਈ ਸੀ। ਗੁਰੂ ਅਰਜਨ ਦੇਵ ਅਨੁਸਾਰ ਮਥੁਰਾ ਆਦਿ ਸਭ ਕੁਝ ਨਾਸ਼ਮਾਨ ਹੈ—'ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ।/ ਕੋਟਿ ਤੇਤੀਸਾ

ਦੇਵਤੇ ਸਣੁ ਇੰਦ੍ਰੈ ਜਾਸੀ' (ਅ. ਗ੍ਰੰ. 1100)।

ਔਰੰਗਜ਼ੇਬ ਨੇ ਆਪਣੀ ਧਰਮ-ਅੰਧਤਾ ਕਾਰਣ ਸੰਨ 1669 ਈ. ਵਿਚ ਇਥੋਂ ਦੇ ਪੁਰਾਤਨ ਮੰਦਿਰਾਂ ਨੂੰ ਢਵਾ ਦਿੱਤਾ ਅਤੇ ਕੇਸ਼ਵ ਦੇਵ ਮੰਦਿਰ ਦੀ ਥਾਂ ਮਸਜਿਦ ਦੀ ਉਸਾਰੀ ਕਰਵਾਈ। ਉਸ ਨੇ ਇਸ ਨਗਰ ਦਾ ਨਾਂ ਇਸਲਾਮਾਬਾਦ (ਕੁਝ ਇਤਿਹਾਸਕਾਰਾਂ ਅਨੁਸਾਰ ਮੋਮਿਨਾਬਾਦ) ਰਖਿਆ, ਪਰ ਇਸ ਸਭ ਨਾਲ ਮਥੁਰਾ ਦਾ ਮਹੱਤਵ ਨਾ ਘਟਿਆ।

ਸਿੱਖ–ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ, ਗੁਰੂ ਹਰਿਗੋਬਿੰਦ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਇਸ ਨਗਰ ਵਿਚ ਆਏ ਸਨ। ਛੇਵੇਂ ਅਤੇ ਨੌਵੇਂ ਗੁਰੂ ਨਾਲ ਸੰਬੰਧਿਤ ਇਥੇ ਧਰਮ-ਧਾਮ ਹਨ।

ਮਦਾਰ, ਸ਼ਾਹ : 'ਮਦਾਰ' ਦਾ ਸ਼ਾਬਦਿਕ ਅਰਥ ਹੈ ਘੇਰਾ। ਰਿੱਛਾਂ ਅਤੇ ਬੰਦਰਾਂ ਨੂੰ ਸਿਖਾ ਕੇ ਲੋਕ-ਮਨੋਰੰਜਨ ਲਈ ਘੇਰੇ ਵਿਚ ਨਚਾਉਣ ਵਾਲਿਆਂ ਨੂੰ 'ਮਦਾਰੀ' ਕਿਹਾ ਜਾਂਦਾ ਹੈ। ਮਦਾਰੀਆਂ ਦਾ ਸੰਬੰਧ ਇਕ ਮੁਸਲਮਾਨ ਫ਼ਕੀਰ ਬਦੀਉੱਦੀਨ ਨਾਲ ਹੈ। ਇਸ ਨੂੰ ਕੁਦਰਤ ਵੱਲੋਂ 'ਮਦਾਰ' ਨਾਂ ਅਥਵਾ ਪਦਵੀ ਬਖ਼ਸ਼ੀ ਗਈ ਦਸੀ ਜਾਂਦੀ ਹੈ।

ਇਸ ਦਾ ਜਨਮ ਕਦੋਂ ਹੋਇਆ, ਇਸ ਬਾਰੇ ਕੋਈ ਪੱਕਾ ਤੱਥ ਸਾਹਮਣੇ ਨਹੀਂ ਆਇਆ। ਅਨੁਮਾਨ ਦੇ ਆਧਾਰ ਤੇ ਇਸ ਨੂੰ ਕੋਈ ਯਾਰ੍ਹਵੀਂ ਸਦੀ ਵਿਚ ਅਤੇ ਕੋਈ ਪੰਦਰ੍ਹਵੀਂ ਸਦੀ ਵਿਚ ਹੋਇਆ ਮੰਨਦੇ ਹਨ।

ਇਸ ਦਾ ਜਨਮ ਕਿਥੇ ਹੋਇਆ, ਇਸ ਬਾਰੇ ਵੀ ਇਤਿਹਾਸ ਚੁਪ ਹੈ। ਫਿਰ ਵੀ ਦਸਦੇ ਹਨ ਕਿ ਇਹ ਹਿੰਦੁਸਤਾਨ ਦਾ ਰਹਿਣ ਵਾਲਾ ਸੀ ਅਤੇ ਸੀਰੀਆ ਦੇ ਪੀਰ ਤੈਫ਼ੁਰਉੱਦੀਨ ਜਾਂ ਸ਼ੇਖ ਮੁਹੰਮਦ ਤੈਫ਼ੂਰੀ ਤੋਂ ਇਸ ਨੇ ਸਿਖਿਆ ਪ੍ਰਾਪਤ ਕੀਤੀ ਸੀ। ਇਸ ਦੇ ਨਾਂ ਨਾਲ ਬਹੁਤ ਕਰਾਮਾਤਾਂ ਪ੍ਰਸਿੱਧ ਹਨ। ਇਹ ਸੁਆਦੀ ਭੋਜਨ ਖਾਣੋਂ ਸੰਕੋਚ ਕਰਦਾ ਸੀ ਅਤੇ ਕਈ ਵਾਰ ਦਰਖ਼ਤਾਂ ਦੇ ਪਤਿਆਂ ਨਾਲ ਹੀ ਢਿਡ ਭਰ ਲੈਂਦਾ ਸੀ। ਹਰ ਵਕਤ ਰੱਬੀ ਇਬਾਦਤ ਵਿਚ ਲੀਨ ਰਹਿਣ ਵਾਲੇ ਇਸ ਫ਼ਕੀਰ ਨੇ ਕਈ ਵਾਰ ਹੱਜ ਕੀਤੀ ਦਸੀ ਜਾਂਦੀ ਹੈ। ਇਹ ਸਾਧਾਰਣ ਅਤੇ ਸਾਦੇ ਕਪੜੇ ਪਾਉਂਦਾ ਸੀ ਜੋ ਬਹੁਤ ਘਟ ਮੈਲੇ ਹੁੰਦੇ ਸਨ। ਇਹ ਆਪਣੇ ਮੁਖ ਨੂੰ ਆਮ ਤੌਰ ਤੇ ਢੱਕ ਕੇ ਰਖਦਾ ਸੀ ਤਾਂ ਜੋ ਇਸ ਦੇ ਮੁਖੜੇ ਦੇ ਨੂਰ ਨੂੰ ਵੇਖ ਕੇ ਸ਼ਰਧਾਲੂ ਸਜਦਾ ਕਰਨ ਨਾ ਲਗ ਜਾਣ।

ਇਸ ਦਾ ਮਕਬਰਾ ਕਨੌਜ ਦੇ ਕੋਲ ਮਕਨਪੁਰ ਪਿੰਡ ਵਿਚ ਦਸਿਆ ਜਾਂਦਾ ਹੈ ਜਿਥੇ ਹਰ ਸਾਲ ਉਰਸ ਦਾ ਮੇਲਾ ਲਗਦਾ ਹੈ ਅਤੇ ਦੂਰ ਦੁਰਾਡਿਓਂ ਲੋਕੀ ਜ਼ਿਆਰਤ ਕਰਨ ਆਉਂਦੇ ਹਨ। ਅਕਬਰ ਸ਼ਾਹ ਨੇ ਇਸ ਮੇਲੇ ਵਲ ਸੰਕੇਤ ਕੀਤਾ ਹੈ—'ਏਕ ਰੁਪੈਆ ਤੇਹੂੰ ਡੇਜਾ ਮਜ਼ਦੂਰੀ, ਮੇਲਾ ਡੇਖੂੰ ਸ਼ਾਹ ਮਦਾਰ ਦਾ।'

ਮਦੀਨਾ : ਇਸਲਾਮੀ ਦੁਨੀਆ ਦਾ ਇਕ ਪਵਿੱਤਰ ਧਰਮ-ਧਾਮ ਜਿਥੇ ਹਜ਼ਰਤ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ ਸੀ। ਇਥੇ ਹੁਣ ਇਕ ਸ਼ਾਨਦਾਰ ਮਜ਼ਾਰ ਬਣਿਆ ਹੋਇਆ ਹੈ। ਮੱਕੇ ਨਾਲੋਂ ਇਹ ਨਗਰ ਪੱਧਰੀ ਧਰਤੀ ਉਤੇ ਵਸਿਆ ਹੈ। ਧਰਤੀ ਵੀ ਉਪਜਾਊ

ਹੈ। ਖੂਹਾਂ ਦਾ ਜਲ ਵੀ ਮਿੱਠਾ ਹੈ ਅਤੇ ਖਜੂਰਾਂ ਦੇ ਬ੍ਰਿਛਾਂ ਦੀ ਵੀ ਬਹੁਤਾਤ ਹੈ। ਜਦੋਂ ਹਜ਼ਰਤ ਮੁਹੰਮਦ ਨੇ ਮੱਕੇ ਵਿਚ ਰੱਬੀ ਪੈਗ਼ਾਮ ਦਾ ਪ੍ਰਚਾਰ ਸ਼ੁਰੂ ਕੀਤਾ ਅਤੇ ਲੋਕਾਂ ਨੂੰ ਬੁੱਤ-ਪ੍ਰਸਤੀ ਤੋਂ ਹੱਟਣ ਲਈ ਕਿਹਾ ਤਾਂ ਤਕੜਾ ਵਿਰੋਧ ਖੜਾ ਹੋ ਗਿਆ। ਉਸ ਵੇਲੇ ਮੱਕੇ ਨਾਲੋਂ ਮਦੀਨੇ ਵਿਚ ਹਜ਼ਰਤ ਦੇ ਅਨੁਯਾਈਆਂ ਦੀ ਗਿਣਤੀ ਬਹੁਤ ਅਧਿਕ ਸੀ।

ਹਾਲਾਤ ਦੀ ਨੁਹਾਰ ਨੂੰ ਵੇਖਦੇ ਹੋਇਆਂ ਹਜ਼ਰਤ ਸੰਨ 622 ਈ. ਵਿਚ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਚਲੇ ਗਏ ਅਤੇ ਉਥੇ ਜਾ ਕੇ ਇਕ ਮਸਜਿਦ ਦੀ ਉਸਾਰੀ ਕਰਵਾਈ ਜੋ ਨੱਬੀ-ਮਸਜਿਦ ਦੇ ਨਾਂ ਨਾਲ ਪ੍ਰਸਿੱਧ ਹੈ। ਉਥੇ ਹਜ਼ਰਤ ਨੇ ਆਪਣੇ ਰਹਿਣ ਲਈ, ਮਕਾਨ ਵੀ ਬਣਵਾਏ। ਮੱਕੇ ਤੋਂ ਹਿਜਰਤ ਕਰਨ ਤੋਂ 'ਹਿਜਰੀ ਸੰਨ' ਦਾ ਆਰੰਭ ਹੋਇਆ। ਹਜ਼ਰਤ ਦੇ ਮੱਕੇ ਵਾਲੇ ਵਿਰੋਧੀਆਂ ਨੇ ਉਨ੍ਹਾਂ ਨੂੰ ਇਥੇ ਵੀ ਚੈਨ ਨਾ ਲੈਣ ਦਿੱਤਾ। ਇਕੱਠੇ ਹੋ ਕੇ ਉਨ੍ਹਾਂ ਨੇ ਮਦੀਨੇ ਉਤੇ ਹਮਲਾ ਕੀਤਾ। ਥੋੜ੍ਹੇ ਹੋਣ ਦੇ ਬਾਵਜੂਦ ਹਜ਼ਰਤ ਦੇ ਅਨੁਯਾਈਆਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਹਮਲਾਵਾਰਾਂ ਨੂੰ ਖਦੇੜ ਦਿੱਤਾ। ਇਸ ਤੋਂ ਬਾਦ ਵੀ ਉਨ੍ਹਾਂ ਨੇ ਕੁਝ ਯਤਨ ਕੀਤੇ, ਪਰ ਮੂੰਹ ਦੀ ਖਾਣੀ ਪਈ। ਇਸ ਨਾਲ ਹਜ਼ਰਤ ਦੇ ਅਨੁਯਾਈਆਂ ਦਾ ਹੌਂਸਲਾ ਵਧਿਆ। ਸੈਨਾ ਦਾ ਗਠਨ ਕਰਕੇ ਉਨ੍ਹਾਂ ਨੇ ਮੱਕੇ ਤੇ ਹਮਲਾ ਕਰਕੇ ਜਿੱਤ ਪ੍ਰਾਪਤ ਕੀਤੀ ਅਤੇ ਉਥੇ ਸੰਗ-ਏ-ਅਸਵਦ ਨੂੰ ਚੁੰਮ ਕੇ ਹਜ਼ਰਤ ਨੇ ਕਾਅਬਾ ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਦੇਹਾਂਤ ਮਦੀਨੇ ਵਿਚ ਹੋਇਆ। ਇਸ ਨਗਰ ਵਿਚ ਦੋ ਖ਼ਲੀਫ਼ਿਆਂ—ਅਬੂ ਬਕਰ ਅਤੇ ਉਮਰ—ਦੀਆਂ ਕਬਰਾਂ ਤੋਂ ਇਲਾਵਾ ਫ਼ਾਤਿਮਾ ਦੀ ਕਬਰ ਵੀ ਮੌਜੂਦ ਹੈ।

ਮਧੂ : ਇਕ ਪ੍ਰਸਿੱਧ ਅਸੁਰ ਦਾ ਨਾਂ। 'ਭਾਗਵਤ ਪੁਰਾਣ' ਅਤੇ 'ਦੇਵੀ ਭਾਗਵਤ ਪੁਰਾਣ' ਅਨੁਸਾਰ ਜਲ ਪਰਲੋ ਹੋਣ ਕਾਰਣ ਤਿੰਨੋਂ ਲੋਕ ਜਲ ਵਿਚ ਡੁਬ ਗਏ ਸਨ। ਵਿਸ਼ਣੂ ਸ਼ੇਸ਼-ਸੇਜਾ ਉਤੇ ਲੇਟਿਆ ਹੋਇਆ ਸੀ। ਉਦੋਂ ਉਸ ਦੇ ਕੰਨਾਂ ਵਿਚੋਂ ਨਿਕਲੀ ਮੈਲ ਤੋਂ ਮਧੂ ਅਤੇ ਕੈਟਭ ਨਾਂ ਦੇ ਦੋ ਅਸੁਰਾਂ ਦਾ ਜਨਮ ਹੋਇਆ। ਉਨ੍ਹਾਂ ਨੇ ਆਪਣੀ ਤਪਸਿਆ ਨਾਲ ਦੇਵੀ ਨੂੰ ਪ੍ਰਸੰਨ ਕਰਕੇ ਮਨ-ਮਰਜ਼ੀ ਅਨੁਸਾਰ ਮ੍ਰਿਤੂ ਪ੍ਰਾਪਤ ਕਰਨ ਦਾ ਵਰਦਾਨ ਲਿਆ। ਉਹ ਨਿਰਭੈ ਹੋ ਕੇ ਬ੍ਰਹਮਾ ਕੋਲ ਪਹੁੰਚੇ ਅਤੇ ਯੁੱਧ ਲਈ ਲਲਕਾਰਿਆ।

ਵਿਸ਼ਣੂ ਨੂੰ ਸੁਤਿਆਂ ਵੇਖ ਕੇ ਬ੍ਰਹਮਾ ਨੇ ਯੋਗ-ਮਾਯਾ ਨੂੰ ਪ੍ਰਾਰਥਨਾ ਕੀਤੀ ਕਿ ਉਸ ਦੀ ਰਖਿਆ ਕੀਤੀ ਜਾਏ ਜਾਂ ਵਿਸ਼ਣੂ ਨੂੰ ਜਗਾ ਦਿੱਤਾ ਜਾਏ। ਮਹਾ-ਮਾਯਾ ਵਿਸ਼ਣੂ ਨੂੰ ਜਗਾ ਕੇ ਆਪ ਆਕਾਸ਼ ਵਿਚ ਅਲੋਪ ਹੋ ਗਈ। ਮਧੂ ਅਤੇ ਕੈਟਭ ਨੂੰ ਯੁੱਧ ਵਿਚ ਅਤਿਅੰਤ ਬਲਵਾਨ ਵੇਖ ਕੇ ਵਿਸ਼ਣੂ ਨੇ ਮਹਾ-ਮਾਯਾ ਨੂੰ ਯਾਦ ਕੀਤਾ। ਦੇਵੀ ਨੇ ਸੁੰਦਰੀ ਦਾ ਰੂਪ ਧਾਰ ਕੇ ਦੋਹਾਂ ਅਸੁਰਾਂ ਨੂੰ ਕਾਮ-ਗ੍ਰਸਤ ਕਰ ਦਿੱਤਾ। ਯੁੱਧ ਵਲੋਂ ਉਹ ਢਿਲੇ ਪੈ ਗਏ। ਉਨ੍ਹਾਂ ਦੇ ਸ਼ਕਤੀਸ਼ਾਲੀ ਯੁੱਧ ਨੂੰ ਵੇਖ ਕੇ ਵਿਸ਼ਣੂ ਨੇ ਉਨ੍ਹਾਂ ਨੂੰ ਵਰ ਮੰਗਣ ਲਈ ਕਿਹਾ ਪਰ ਉਨ੍ਹਾਂ ਨੇ ਉਲਟਾ ਵਿਸ਼ਣੂ ਨੂੰ ਵਰ ਮੰਗਣ ਲਈ ਕਿਹਾ। ਵਿਸ਼ਣੂ ਨੇ ਉਨ੍ਹਾਂ ਤੋਂ ਉਨ੍ਹਾਂ ਦੇ ਮਰਨ-ਸ਼ੀਲ ਹੋਣ ਦਾ ਵਰ ਮੰਗਿਆ। ਵਿਸ਼ਣੂ ਨੂੰ ਵਰ ਦਿੰਦਿਆਂ ਉਨ੍ਹਾਂ ਨੇ ਸ਼ਰਤ ਰਖੀ ਕਿ ਉਨ੍ਹਾਂ ਦਾ ਬਧ ਸੁਕੀ ਥਾਂ ਤੇ ਹੋਏ। ਵਿਸ਼ਣੂ ਨੇ ਉਨ੍ਹਾਂ ਦੋਹਾਂ ਨੂੰ ਆਪਣੀ ਜੰਘ

ਉਤੇ ਰਖ ਕੇ ਚੱਕਰ ਨਾਲ ਮਾਰ ਦਿੱਤਾ।

'ਮਾਰਕੰਡੇਯ ਪੁਰਾਣ' ਵਿਚ ਵੀ ਉਪਰੋਕਤ ਨਾਲ ਮਿਲਦਾ ਜੁਲਦਾ ਆਖਿਆਨ ਦਰਜ ਹੈ। ਇਨ੍ਹਾਂ ਦੇ ਨਾਵਾਂ ਬਾਰੇ 'ਮਹਾਭਾਰਤ' (ਵਨ-ਪਰਵ ਅਤੇ ਸਭਾ-ਪਰਵ) ਵਿਚ ਲਿਖਿਆ ਹੈ ਕਿ ਇਨ੍ਹਾਂ ਦੋਹਾਂ ਦੀਆਂ ਸ਼ਕਲਾਂ ਬ੍ਰਹਮਾ ਨੇ ਪਹਿਲਾ ਮਿੱਟੀ ਨਾਲ ਬਣਾਈਆਂ ਸਨ। ਫਿਰ ਵਾਯੂ ਨੇ ਇਨ੍ਹਾਂ ਦੀਆਂ ਸ਼ਕਲਾਂ ਵਿਚ ਪ੍ਰਵੇਸ਼ ਕੀਤਾ। ਜਦੋਂ ਬ੍ਰਹਮਾ ਨੇ ਇਨ੍ਹਾਂ ਵਿਚੋਂ ਇਕ ਤੇ ਹੱਥ ਫੇਰਿਆ ਤਾਂ ਉਹ ਕੋਮਲ ਸੀ। ਇਸ ਲਈ ਉਸ ਦਾ ਨਾਂ 'ਮਧੂ' ਰਖਿਆ। ਦੂਜਾ ਕਠੋਰ ਸੀ, ਇਸ ਲਈ ਉਸ ਦਾ ਨਾਂ 'ਕੈਟਭ' ਰਖਿਆ। ਮਧੂ ਨੂੰ ਮਾਰਨ ਕਰਕੇ ਵਿਸ਼ਣੂ ਨੂੰ 'ਮਧੂ-ਸੂਦਨ' ਵੀ ਕਿਹਾ ਜਾਂਦਾ ਹੈ।

ਮਨ : ਵਿਉਤਪੱਤੀ ਦੀ ਦ੍ਰਿਸ਼ਟੀ ਤੋਂ ਮਨ ਦਾ ਅਰਥ ਹੈ ਜਿਸ ਦੁਆਰਾ ਮਨ ਦਾ ਕਾਰਜ ਪੂਰਾ ਹੋਵੇ (ਮਨ੍ਯਤੇ ਅਨੇਨ ਇਤਿ ਮਨ :)। ਉਂਜ ਮਨ ਉਹ ਸ਼ਕਤੀ ਹੈ ਜਿਸ ਨਾਲ ਮਨੁੱਖ ਨੂੰ ਦੁਖ-ਸੁਖ, ਸੰਕਲਪ, ਇੱਛਾ, ਰਾਗ, ਦ੍ਵੇਸ਼, ਬੋਧ ਅਤੇ ਵਿਚਾਰ ਦਾ ਅਨੁਭਵ ਹੁੰਦਾ ਹੈ। ਇਹ ਅਦ੍ਰਿਸ਼ ਸ਼ਕਤੀ ਮਨੁੱਖ ਦੇ ਸ਼ਰੀਰ ਦਾ ਬਹੁਤ ਹੀ ਸੂਖਮ ਅੰਸ਼ ਹੈ।

'ਕਠ ਉਪਨਿਸ਼ਦ' (1/3/3) ਵਿਚ ਇਸ ਨੂੰ 'ਇੰਦਰੀਆਂ ਦੀ ਲਗ਼ਾਮ' ਕਿਹਾ ਗਿਆ ਹੈ। ਬੁੱਧ ਅਤੇ ਜੈਨ ਮੱਤਾਂ ਵਿਚ ਇਸ ਨੂੰ ਛੇਵੀਂ ਇੰਦਰੀ ਮੰਨਿਆ ਗਿਆ ਹੈ। ਨਿਆਇ-ਸ਼ਾਸਤ੍ਰ ਵਾਲੇ ਇਸ ਨੂੰ ਇਕ ਦ੍ਰਵ੍ਯ ਮਿਥ ਕੇ ਆਤਮਾ ਜਾਂ ਜੀਵ ਤੋਂ ਭਿੰਨ ਮੰਨਦੇ ਹਨ। ਵੈਸ਼ੇਸ਼ਿਕ ਦਰਸ਼ਨ ਵਿਚ ਇਸ ਨੂੰ ਅਪ੍ਰਤੱਖ ਦ੍ਰਵ੍ਯ ਕਹਿ ਕੇ ਇਸ ਵਿਚ ਅੱਠ ਗੁਣਾਂ ਦੀ ਕਲਪਨਾ ਕੀਤੀ ਗਈ ਹੈ। ਸਾਂਖ-ਦਰਸ਼ਨ ਵਾਲੇ ਇਸ ਨੂੰ ਗਿਆਰ੍ਹਵੀਂ ਇੰਦਰੀ ਮੰਨ ਕੇ ਇਸ ਦੁਆਰਾ ਪੰਜ ਕਰਮ-ਇੰਦਰੀਆਂ ਅਤੇ ਪੰਜ ਗਿਆਨ-ਇੰਦਰੀਆਂ ਦਾ ਸੰਪਾਦਨ ਨਿਸ਼ਚਿਤ ਕਰਦੇ ਹਨ। ਯੋਗ-ਦਰਸ਼ਨ ਵਿਚ ਇਸ ਨੂੰ ਚਿੱਤ ਕਿਹਾ ਗਿਆ ਹੈ। 'ਭਗਵਦ ਗੀਤਾ' ਵਿਚ ਇਸ ਨੂੰ ਬੜਾ ਬਲਵਾਨ, ਦ੍ਰਿੜ੍ਹ ਅਤੇ ਚੰਚਲ ਦਸ ਕੇ ਇਸ ਨੂੰ ਵਸ ਵਿਚ ਕਰਨਾ ਬਹੁਤ ਔਖਾ ਮੰਨਿਆ ਗਿਆ ਹੈ। ਅਦ੍ਵੈਤ-ਵੇਦਾਂਤ ਅਨੁਸਾਰ ਅੰਤਹਕਰਣ ਦੇ ਚਾਰ ਰੂਪਾਂ (ਬੁੱਧੀ, ਅਹੰਕਾਰ, ਚਿੱਤ ਅਤੇ ਮਨ) ਵਿਚ ਚੌਥਾ ਮੰਨਿਆ ਗਿਆ ਹੈ। ਇਹ ਅੰਤਹਕਰਣ ਦਾ ਸੰਕਲਪ-ਵਿਕਲਪਾਤਮਕ ਰੂਪ ਹੈ। 'ਯੋਗ-ਵਸਿਸ਼ਠ' ਵਿਚ ਇੱਛਾ ਨਾਲ ਯੁਕਤ ਚਿੱਤ ਨੂੰ 'ਮਨ' ਦਾ ਨਾਂ ਦਿੱਤਾ ਗਿਆ। ਇਹ ਸ਼ਕਤੀਵਾਲ ਮਨ ਕੁਝ ਸਹਿਜ ਪ੍ਰਵ੍ਰਿੱਤੀਆਂ ਤੋਂ ਪ੍ਰੇਰਿਤ ਹੁੰਦਾ ਹੈ, ਜਿਵੇਂ ਆਹਾਰ, ਨੀਂਦਰ, ਡਰ ਅਤੇ ਮੈਥੁਨ।

ਭੋਗਣ ਯੋਗ ਵਸਤੂਆਂ ਦੀ ਕਾਮਨਾ ਕਰਨਾ ਮਨ ਦਾ ਰਥ ਜਾਂ ਮਨੋਰਥ ਹੈ। ਮਨੋਰਥ ਨੂੰ ਵਾਸਨਾ ਵੀ ਕਿਹਾ ਜਾ ਸਕਦਾ ਹੈ। ਭੋਗਣ ਯੋਗ ਵਸਤੂਆਂ ਦੀ ਅਨੰਤਤਾ ਕਾਰਣ ਵਾਸਨਾਵਾਂ ਵੀ ਅਣਗਣਿਤ ਹਨ। ਮਨ ਦੇ ਰੋਗਾਂ ਨੂੰ 'ਮਾਨਸ ਰੋਗ' ਕਿਹਾ ਜਾਂਦਾ ਹੈ। ਦੈਹਿਕ ਤਾਪ ਦੀਆਂ ਦੋ ਕਿਸਮਾਂ ਵਿਚੋਂ 'ਆਧਿ' ਮਨ ਦਾ ਰੋਗ ਹੈ ਅਤੇ 'ਵਿਆਧਿ' ਤਨ ਦਾ। ਇਨ੍ਹਾਂ ਦੋਹਾਂ ਵਿਚੋਂ 'ਆਧਿ' ਰੋਗਾਂ ਤੋਂ ਹੀ 'ਵਿਆਧਿ' ਰੋਗਾਂ ਦਾ ਵਿਕਾਸ ਹੁੰਦਾ ਹੈ। ਆਧਿ ਰੋਗਾਂ ਦੇ ਖ਼ਤਮ ਹੋਣ ਨਾਲ ਵਿਆਧਿ ਰੋਗ ਵੀ ਮਿਟ ਜਾਂਦੇ ਹਨ।

ਮਾਨਸ ਰੋਗਾਂ ਦੀ ਗਿਣਤੀ ਬਹੁਤ ਅਧਿਕ ਹੈ, ਪਰ ਪੰਜ ਰੋਗ ਤਾਂ ਬਹੁਤ ਹੀ ਅਸਾਧ ਹਨ, ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਨ੍ਹਾਂ ਨੂੰ ਪੰਚ-ਵਿਕਾਰ, ਪੰਜ-ਬਿਕਾਰ ਜਾਂ ਪੰਚ-ਦੋਖ ਵੀ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਅਨੁਸਾਰ—'ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ।/ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੇ ਰੰਗਿ' (ਅ. ਗ੍ਰੰ. 297)। ਇਨ੍ਹਾਂ ਨੂੰ 'ਪੰਚ ਜਨ', 'ਪੰਚ ਚੋਰ' ਵੀ ਕਿਹਾ ਜਾਂਦਾ ਹੈ।

ਮਨ ਇੰਦਰੀਆਂ ਨਾਲ ਮਿਲ ਕੇ ਜੀਵ ਨੂੰ ਵਿਸ਼ਿਆਂ ਦਾ ਭੋਗ ਕਰਾਉਂਦਾ ਹੈ। ਮਨ ਦਾ ਵਾਸਨਾ-ਯੁਕਤ ਹੋਣਾ ਬੰਧਨ ਹੈ। ਇਸ ਦੇ ਵਾਸਨਾਵਾਂ ਤੋਂ ਛੁਟਕਾਰੇ ਨਾਲ ਹੀ ਮੁਕਤੀ ਸੰਭਵ ਹੈ। ਅਸਲ ਵਿਚ, ਮਨ ਨੂੰ ਮਾਰਨ ਜਾਂ ਵਸ ਵਿਚ ਕਰਨ ਨਾਲ ਹੀ ਬੰਧਨ ਟੁੱਟਦਾ ਹੈ। ਗੁਰੂ ਨਾਨਕ ਦੇਵ ਨੇ ਜਪੁਜੀ ਦੀ ਅਠਾਈਵੀਂ ਪਉੜੀ ਵਿਚ ਮਨ ਉਤੇ ਪ੍ਰਾਪਤ ਕੀਤੀ ਜਿੱਤ ਨੂੰ ਜਗਤ ਦੀ ਜਿੱਤ ਜਿੰਨਾ ਮਹੱਤਵ ਦਿੱਤਾ ਹੈ—'ਮਨਿ ਜੀਤੈ ਜਗੁ ਜੀਤੁ।

ਮਨ ਨੂੰ ਮਾਰਨ ਅਥਵਾ ਵਸ ਵਿਚ ਕਰਨ ਦੇ ਦੋ ਢੰਗ ਹਨ। ਇਕ, ਸ਼ਰੀਰ ਦੀ ਮੌਜੂਦਗੀ ਵਿਚ ਮਨ ਨੂੰ ਮਾਰਨਾ ਜਿਸ ਨੂੰ 'ਸਰੂਪ ਮਨ ਮਾਰਣ' ਕਿਹਾ ਜਾਂਦਾ ਹੈ ਅਤੇ ਦੂਜਾ, ਸ਼ਰੀਰ ਦੇ ਨਸ਼ਟ ਹੋਣ ਤੇ ਮਨ ਨੂੰ ਮਾਰਨਾ ਜਿਸ ਨੂੰ 'ਅਰੂਪ-ਮਨ-ਮਾਰਣ' ਆਖਿਆ ਜਾਂਦਾ ਹੈ। ਇਨ੍ਹਾਂ ਦੇ ਆਧਾਰ ਤੇ ਹੀ ਮੁਕਤ-ਜੀਵ ਦੇ ਕ੍ਰਮਵਾਰ ਦੋ ਭੇਦ ਕੀਤੇ ਗਏ ਹਨ—ਜੀਵਨਮੁਕਤ ਅਤੇ ਵਿਦੇਹਮੁਕਤ।

ਮੱਧ-ਯੁਗ ਦੇ ਸੰਤਾਂ ਅਤੇ ਭਗਤਾਂ ਨੇ ਮਨ ਨੂੰ ਮਾਰਣ ਜਾਂ ਵਸ ਵਿਚ ਕਰਨ ਉਤੇ ਬਹੁਤ ਬਲ ਦਿੱਤਾ ਹੈ। ਇਸ ਨੂੰ ਮਾਰਨ ਲਈ ਗੁਰੂ ਸਾਹਿਬਾਨ ਨੇ ਮੁੱਖ ਤੌਰ ਤੇ ਤਿੰਨ ਸਾਧਨ ਸੁਝਾਏ ਹਨ—ਮਨ ਰਾਹੀਂ ਮਨ ਨੂੰ ਮਾਰਨਾ, ਪਰਮਾਤਮਾ ਦੀ ਉਸਤਤ ਰਾਹੀਂ ਮਨ ਨੂੰ ਮਾਰਨਾ ਅਤੇ ਗੁਰੂ ਜਾਂ ਗੁਰੂ-ਸ਼ਬਦ ਰਾਹੀਂ ਮਨ ਨੂੰ ਮਾਰਨਾ। ਸੰਤ ਕਬੀਰ ਨੇ ਮਨ ਨੂੰ ਮਾਰਨ ਤੋਂ ਬਿਨਾ ਭਗਤੀ ਨੂੰ ਸੰਭਵ ਨਹੀਂ ਮੰਨਿਆ—'ਮਨ ਅੰਤਰਿ ਬੋਲੈ ਸਭੁ ਕੋਈ।/ਮਨ ਮਾਰੇ ਬਿਨੁ ਭਗਤਿ ਨਾ ਹੋਈ' (ਅ. ਗ੍ਰੰ. 329)।

ਮਨਸੂਰ : ਇਕ ਸੂਫ਼ੀ ਦਰਵੇਸ਼ ਜਿਸ ਦਾ ਪੂਰਾ ਨਾਂ ਮਨਸੂਰ-ਅਲ-ਹੱਲਾਜ ਸੀ। ਇਸ ਦਾ ਜਨਮ ਸੰਨ 858 ਈ. ਵਿਚ ਸ਼ੇਖ ਹੁਸੈਨ-ਬਿਨ-ਹੱਲਾਜ ਦੇ ਘਰ ਈਰਾਨ ਦੇ ਬੈਜ਼ਾ ਨਗਰ ਦੇ ਨੇੜੇ ਤੂਰ ਵਿਚ ਹੋਇਆ। ਇਸ ਨੇ ਸੁਸਤਰ ਦੇ ਨਿਵਾਸੀ ਸੁਹੇਲ ਤੋਂ ਵਿਦਿਆ ਪ੍ਰਾਪਤ ਕੀਤੀ ਅਤੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਈਰਾਨ ਤੋਂ ਇਲਾਵਾ ਮੱਧ-ਏਸ਼ੀਆ ਅਤੇ ਭਾਰਤ ਦੀ ਯਾਤ੍ਰਾ ਕੀਤੀ। ਇਸ ਨੇ ਜੁਨੈਦ ਬਗ਼ਦਾਦੀ ਅਤੇ ਅੱਬੁਲ ਹੁਸੈਨ ਨੂਰੀ ਵਰਗੇ ਪ੍ਰਸਿੱਧ ਸੂਫ਼ੀ ਸਾਧਕਾਂ ਦੀ ਸੰਗਤ ਵਿਚ ਰਹਿ ਕੇ ਵੇਦਾਂਤ ਵਿਚ ਆਪਣੀ ਰੁਚੀ ਵਿਕਸਿਤ ਕੀਤੀ ਅਤੇ ਫਿਰ ਬਸਰਾ ਦੇ ਨਿਵਾਸੀ ਉਮਰ ਕੋਲ ਰਹਿ ਕੇ ਵੇਦਾਂਤਿਕ ਅਦ੍ਵੈਤਵਾਦ ਦਾ ਗੰਭੀਰ ਅਧਿਐਨ ਅਤੇ ਅਭਿਆਸ ਕੀਤਾ।

ਇਸ ਨੇ ਆਪਣੇ ਵਿਚਾਰਾਂ ਦਾ ਖੁਲ੍ਹ ਕੇ ਪ੍ਰਚਾਰ ਕੀਤਾ ਅਤੇ ਅਨਲਹਕ (ਅਹਮ੍ ਬ੍ਰਹ੍ਮਾਸ੍ਮਿ—ਮੈਂ ਬ੍ਰਹਮ ਹਾਂ) ਦਾ ਨਾਅਰਾ ਮਾਰਿਆ। ਪ੍ਰੇਮ ਇਸ ਦੀ ਵਿਚਾਰਧਾਰਾ ਦਾ ਮੂਲ-ਆਧਾਰ ਮੰਨਿਆ ਜਾਂਦਾ ਹੈ। ਜਦੋਂ ਇਸ ਨੇ ਆਪਣੇ ਸਿੱਧਾਂਤ ਦਾ ਗੱਜ ਵੱਜ ਕੇ

ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਕੱਟੜ-ਪੰਥੀ ਮੌਲਾਣਿਆਂ ਵਲੋਂ ਤੀਬਰ ਵਿਰੋਧ ਸ਼ੁਰੂ ਹੋ ਗਿਆ । ਫਲਸਰੂਪ ਕਠੋਰ-ਧਰਮੀਆਂ ਦੇ ਕਹੇ ਤੇ ਪਹਿਲਾਂ ਇਸ ਨੂੰ ਅੱਠ ਸਾਲ ਕੈਦ ਵਿਚ ਰਖਿਆ ਗਿਆ ਫਿਰ ਕੋਰੜੇ ਮਾਰੇ ਗਏ ਅਤੇ ਅੰਤ ਵਿਚ 26 ਮਾਰਚ, 922 ਈ. ਨੂੰ ਸੂਲੀ ਉਤੇ ਚੜ੍ਹਾ ਦਿੱਤਾ ਗਿਆ । ਇਸ ਦੇ ਸ਼ਰੀਰ ਨੂੰ ਦੱਬਣ ਦੀ ਬਜਾਇ ਅੱਗ ਵਿਚ ਸਾੜਿਆ ਗਿਆ ਕਿਉਂਕਿ ਸਮਕਾਲੀ ਕੱਟੜ-ਪੰਥੀਆਂ ਵਿਚ ਇਸ ਨੂੰ ਕਾਫ਼ਿਰ ਸਮਝਿਆ ਜਾਂਦਾ ਸੀ ।

ਇਸ ਦਾ ਬ੍ਰਹਮ ਨਾਲ ਅਭੇਦਤਾ ਦਾ ਸਿੱਧਾਂਤ ਅੱਜ ਵੀ ਸੂਫ਼ੀ-ਮਤ ਵਿਚ ਪ੍ਰਵਾਨਿਤ ਹੈ । ਇਹ ਰਹੱਸਵਾਦੀ ਸਾਧਕ ਹੀ ਨਹੀਂ, ਇਕ ਚੰਗਾ ਕਵੀ ਵੀ ਸੀ । ਇਸ ਨੇ ਆਪਣੀ ਕਵਿਤਾ ਰਾਹੀਂ ਰਹੱਸਵਾਦੀ ਅਨੁਭਵ ਨੂੰ ਬੜੀ ਸੁਚੱਜਤਾ ਨਾਲ ਪ੍ਰਗਟਾਇਆ ਹੈ । ਇਸ ਦਾ ਉੱਲੇਖ ਕਰਦਿਆਂ ਸੁਲਤਾਨ ਬਾਹੂ ਲਿਖਦਾ ਹੈ—'ਮਨਸੂਰ ਜੇਹੇ ਚੁਕ ਸੂਲੀ ਦਿੱਤੇ, ਜੇਹੜੇ ਵਾਕਫ਼ ਕੁਲ ਅਸਰਾਰਾਂ ਹੂ ।'

ਮਨਲ : ਵੇਖੋ 'ਅਨਲ' ।

ਮਨਵੰਤਰ : ਸਮੇਂ ਦੇ ਵਿਕਾਸ-ਕ੍ਰਮ ਨੂੰ ਮਾਪਣ ਦਾ ਇਕ ਸਾਧਨ । ਹਰ ਇਕ ਮਨੂ ਦੇ ਰਾਜਕਾਲ ਦਾ ਸਮਾਂ । ਵੇਖੋ 'ਕਲਪ', 'ਮਨੂ' ।

ਮਨੀ ਸਿੰਘ, ਭਾਈ : ਸ਼ਿਰੋਮਣੀ ਸਿੱਖ ਸ਼ਹੀਦ ਜਿਸ ਨੂੰ ਲਾਹੌਰ ਦੇ ਸੂਬੇ ਨੇ ਅੰਗ-ਅੰਗ ਕਟਵਾ ਕੇ ਸ਼ਹੀਦ ਕੀਤਾ ਸੀ । ਸਿੱਖ-ਇਤਿਹਾਸ ਵਿਚ ਕਿਸੇ ਨੇ ਇਸ ਨੂੰ ਮੁਲਤਾਨ ਦੇ ਇਲਾਕੇ ਦਾ ਮੰਨਿਆ ਹੈ, ਕਿਸੇ ਨੇ ਕੰਬੋ ਅਤੇ ਕਿਸੇ ਨੇ ਦੁਲਟ ਜੱਟ ਦਸਿਆ ਹੈ । ਪਰ ਸੇਵਾ ਸਿੰਘ ਦੇ ਲਿਖੇ 'ਸ਼ਹੀਦ-ਬਿਲਾਸ' ਅਨੁਸਾਰ ਇਸ ਦਾ ਜਨਮ 10 ਮਾਰਚ, 1644 ਈ. (ਚੇਤਰ ਸੁਦੀ 12, 1701 ਬਿ.) ਵਿਚ ਮੁਲਤਾਨ ਦੇ ਨੇੜੇ ਅਲੀਪੁਰ ਪਿੰਡ ਵਿਚ ਭਾਈ ਮਾਈਦਾਸ ਦੇ ਘਰ ਹੋਇਆ । ਤੇਰ੍ਹਾਂ ਵਰ੍ਹਿਆਂ ਦੀ ਉਮਰ ਵਿਚ ਇਹ ਕੀਰਤਪੁਰ ਆਇਆ ਅਤੇ ਦੋ ਵਰ੍ਹੇ ਗੁਰੂ ਹਰਿਰਾਇ ਦੇ ਦਰਬਾਰ ਵਿਚ ਰਿਹਾ । ਫਿਰ ਵਿਆਹ ਕਰਨ ਲਈ ਇਸ ਦਾ ਪਿਤਾ ਵਾਪਸ ਲੈ ਗਿਆ । ਵਿਆਹ ਤੋਂ ਕੁਝ ਸਮੇਂ ਬਾਦ ਆਪਣੇ ਦੋ ਭਰਾਵਾਂ ਨਾਲ ਇਹ ਫਿਰ ਕੀਰਤਪੁਰ ਆ ਗਿਆ । ਗੁਰੂ ਹਰਿਕ੍ਰਿਸ਼ਨ ਦੇ ਨਾਲ ਦਿੱਲੀ ਗਿਆ; ਫਿਰ ਗੁਰੂ ਤੇਗ ਬਹਾਦਰ ਦੇ ਦਰਬਾਰ ਵਿਚ ਸੰਨ 1672 ਈ. (1729 ਬਿ.) ਵਿਚ ਬਾਬੇ ਬਕਾਲੇ ਪਹੁੰਚਿਆ । ਨੌਵੇਂ ਗੁਰੂ ਦੀ ਸ਼ਹਾਦਤ ਤੋਂ ਬਾਦ ਇਹ ਬਾਲਕ ਗੁਰੂ ਗੋਬਿੰਦ ਸਿੰਘ ਕੋਲ ਰਿਹਾ ਅਤੇ ਜਿਥੇ-ਜਿਥੇ ਵੀ ਉਹ ਗਏ ਜਾਂ ਜਿਥੇ-ਜਿਥੇ ਵੀ ਉਨ੍ਹਾਂ ਨੇ ਯੁੱਧ ਕੀਤੇ, ਭਾਈ ਮਨੀ ਸਿੰਘ ਅੰਗ-ਸੰਗ ਰਿਹਾ ।

ਸੋਢੀ ਹਰਿਜੀ ਦੀ ਮ੍ਰਿਤੂ ਤੋਂ ਬਾਦ ਇਸ ਨੂੰ ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ ਗਿਆ । ਉਥੇ ਰਹਿ ਕੇ ਇਸ ਨੇ ਸਿੱਖ-ਧਰਮ ਦਾ ਬਹੁਤ ਪ੍ਰਚਾਰ ਕੀਤਾ । ਅਨੰਦਪੁਰ ਦਾ ਕਿਲਾ ਛਡਣ ਤੋਂ ਬਾਦ ਦਸਮ-ਗੁਰੂ ਨੇ ਭਾਈ ਮਨੀ ਸਿੰਘ ਦੇ ਨਾਲ ਆਪਣੀਆਂ ਸੁਪਤਨੀਆਂ ਨੂੰ ਦਿੱਲੀ ਵਲ ਭੇਜਿਆ । ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਜੀ ਦਮਦਮਾ ਸਾਹਿਬ ਪਹੁੰਚੇ ਤਾਂ ਇਹ ਗੁਰੂ-ਪਤਨੀਆਂ ਨੂੰ ਨਾਲ ਲੈ ਕੇ ਦਮਦਮਾ ਸਾਹਿਬ ਪਹੁੰਚਿਆ । ਉਥੇ ਹੀ ਗੁਰੂ ਗੋਬਿੰਦ ਸਿੰਘ ਨੇ ਨੌਵੇਂ ਗੁਰੂ ਦੀ ਬਾਣੀ ਇਸ ਤੋਂ ਗ੍ਰੰਥ ਸਾਹਿਬ ਵਿਚ

ਦਰਜ ਕਰਵਾ ਕੇ ਅੰਤਿਮ ਰੂਪ ਦਿੱਤਾ । ਜਦੋਂ ਦਸਮ-ਗੁਰੂ ਦੱਖਣ ਵਲ ਚਲੇ ਗਏ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਆ ਗਿਆ । ਦੀਵਾਲੀ ਅਥਵਾ ਵਿਸਾਖੀ ਦੇ ਪੁਰਬ ਦੇ ਮੌਕੇ ਲਾਹੌਰ ਦੇ ਸੂਬੇ ਨੂੰ ਕਰ ਨਾ ਦੇ ਸਕਣ ਕਾਰਣ ਇਸ ਨੂੰ ਪਕੜ ਲਿਆ ਗਿਆ । ਜਦੋਂ ਮੁਸਲਮਾਨ ਬਣਨ ਦੀਆਂ ਸਾਰੀਆਂ ਪੇਸ਼ਕਸ਼ਾਂ ਇਸ ਨੇ ਠੁਕਰਾ ਦਿੱਤੀਆਂ ਤਾਂ ਜ਼ਕਰੀਆ ਖ਼ਾਨ ਨੇ ਇਸ ਦੇ ਬੰਦ-ਬੰਦ ਕਟਵਾ ਕੇ ਸੰਨ 1734 ਈ. (1791 ਬਿ.) ਨੂੰ ਨਿਖਾਸ ਚੌਕ, ਲਾਹੌਰ ਵਿਚ ਸ਼ਹੀਦ ਕਰਵਾ ਦਿੱਤਾ ਗਿਆ ।

ਭਾਈ ਮਨੀ ਸਿੰਘ ਇਕ ਸਿਦਕੀ, ਨੇਮੀ ਅਤੇ ਵਿਦਵਾਨ ਸਿੱਖ ਸੀ, ਜਿਸ ਨੇ ਕੇਵਲ ਯੁੱਧਾਂ ਵਿਚ ਹੀ ਹਿੱਸਾ ਨਹੀਂ ਲਿਆ, ਸਗੋਂ ਕਥਾ-ਵਾਰਤਾ ਅਤੇ ਪ੍ਰਵਚਨਾਂ ਰਾਹੀਂ ਜਿਗਿਆਸੂਆਂ ਨੂੰ ਸਿੱਖ-ਧਰਮ ਦੇ ਸਿੱਧਾਂਤਾਂ ਅਤੇ ਪਰੰਪਰਾਵਾਂ ਤੋਂ ਜਾਣੂ ਕਰਵਾਇਆ । ਸਿੱਖ-ਧਰਮ ਦੀ ਮਰਯਾਦਾ ਨੂੰ ਕਾਇਮ ਰਖਣ ਲਈ ਬੰਦ-ਬੰਦ ਕਟਵਾਉਣੋਂ ਸੰਕੋਚ ਨਾ ਕੀਤਾ । ਇਸ ਦੇ ਨਾਂ ਨਾਲ ਇਕ 'ਜਨਮਸਾਖੀ' ਅਤੇ 'ਸਿੱਖਾਂ ਦੀ ਭਗਤਮਾਲਾ' ਨਾਂ ਦੀਆਂ ਪੁਸਤਕਾਂ ਸੰਬੰਧਿਤ ਹਨ । ਇਸ ਨੇ ਸਾਰੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਨੂੰ ਰਾਗ-ਕ੍ਰਮ ਅਨੁਸਾਰ ਨਾ ਰਖ ਕੇ ਗੁਰੂ-ਕ੍ਰਮ ਵਿਚ ਲਿਖ ਕੇ ਇਕ ਵੱਖਰੀ ਬੀੜ ਤਿਆਰ ਕੀਤੀ ਜੋ ਹੁਣ ਦਿੱਲੀ ਵਿਚ ਰਾਜਾ ਗੁਲਾਬ ਸਿੰਘ ਸੇਠੀ ਦੇ ਪਰਿਵਾਰ ਕੋਲ ਮੌਜੂਦ ਹੈ । ਸਿੱਖ-ਸਮਾਜ ਵਿਚ ਇਸ ਦਾ ਬਹੁਤ ਆਦਰ ਸੀ । ਕਵੀ ਸੇਵਾ ਸਿੰਘ ਅਨੁਸਾਰ—'ਮਨੀ ਸਿੰਘ ਨਿਰਭਉ ਤੇ ਨਿਰਵੈਰ ਸੀ ।/ਪੰਥ ਬੀਚ ਸਤਿਕਾਰ ਤਾਹੀਜੋਂ ਏਸ ਦਾ ।'

ਮਨੂ : ਇਸ ਨੂੰ ਹਿੰਦੂ-ਮਤ ਅਨੁਸਾਰ ਆਦਿ-ਪੁਰਖ ਮੰਨਿਆ ਜਾਂਦਾ ਹੈ । ਇਹ ਬ੍ਰਹਮਾ ਦਾ ਮਾਨਸ ਪੁੱਤਰ ਸੀ । ਹਿੰਦੂ ਧਰਮ-ਗ੍ਰੰਥਾਂ ਵਿਚ ਮਨੂਆਂ ਦੀ ਗਿਣਤੀ ਚੌਦਾਂ ਮੰਨੀ ਗਈ ਹੈ । ਹਰ ਇਕ ਮਨੂ ਦਾ ਰਾਜ-ਕਾਲ 'ਮਨਵੰਤਰ' ਅਖਵਾਉਂਦਾ ਹੈ ਜਿਸ ਦਾ ਸਮਾਂ ਮਨੁੱਖਾਂ ਦੇ 4,320,000 ਵਰ੍ਹੇ ਜਿਨਾ ਹੁੰਦਾ ਹੈ । ਚੌਦਾਂ ਮਨਵੰਤਰਾਂ ਦਾ ਇਕ ਕਲਪ ਬਣਦਾ ਹੈ । ਇਨ੍ਹਾਂ ਚੌਦਾਂ ਮਨੂਆਂ ਦੀ ਗਿਣਤੀ ਇਸ ਪ੍ਰਕਾਰ ਹੈ—(1) ਸ੍ਵਯੰਭੁਵ, (2) ਸ੍ਵਾਰੋਚਿਸ਼, (3) ਔਤਮ, (4) ਤਾਮਸ, (5) ਰੈਵਤ, (6) ਚਾਕ੍ਸ਼ੁਸ਼, (7) ਵੈਵਸ੍ਵਤ (ਸਤ੍ਯਵ੍ਰਤ), (8) ਸਾਵਰਣਿ, (9) ਦਕ੍ਸ਼-ਸਾਵਰਣਿ, (10) ਬ੍ਰਹਮ-ਸਾਵਰਣਿ, (11) ਧਰਮ-ਸਾਵਰਣਿ, (12) ਰੁਦ੍ਰ-ਸਾਵਰਣਿ, (13) ਰੌਚ੍ਯ, ਅਤੇ (14) ਭੌਤ੍ਯ । ਕਈ ਥਾਵਾਂ ਤੇ ਤੇਰ੍ਹਵੇਂ ਅਤੇ ਚੌਦ੍ਹਵੇਂ ਮਨੂਆਂ ਦੇ ਨਾਂ ਕ੍ਰਮਵਾਰ ਦੇਵਸਾਵਰਣਿ ਅਤੇ ਇੰਦ੍ਰਸਾਵਰਣਿ ਵੀ ਲਿਖੇ ਹਨ । 'ਮਤ੍ਸ੍ਯ-ਪੁਰਾਣ' ਵਿਚ ਦਿੱਤੇ ਚੌਦਾਂ ਮਨੂਆਂ ਦੇ ਨਾਂ ਉਪਰੋਕਤ ਨਾਲੋਂ ਕੁਝ ਭਿੰਨ ਹਨ । ਉਂਜ ਇਨ੍ਹਾਂ ਦੀ ਸਰਵ-ਪ੍ਰਵਾਣਿਤ ਗਿਣਤੀ ਚੌਦਾਂ ਹੀ ਹੈ ।

ਪਹਿਲੇ ਮਨੂ ਦਾ ਨਾਂ 'ਸ੍ਵਯੰਭੁਵ' ਇਸ ਲਈ ਹੈ ਕਿ ਆਪਣੇ ਆਪ ਹੋਂਦ ਵਿਚ ਆਇਆ ਸੀ । ਇਸ ਨੇ ਆਪਣੇ ਆਪ ਨੂੰ ਦੋ ਭਾਗਾਂ ਵਿਚ ਵੰਡਿਆ । ਸੱਜੇ ਪਾਸੇ ਨੂੰ ਮਰਦ ਅਤੇ ਖੱਬੇ ਪਾਸੇ ਨੂੰ ਇਸਤਰੀ ਬਣਾਇਆ । ਇਨ੍ਹਾਂ ਦੋਹਾਂ ਤੋਂ ਦਸ ਪ੍ਰਜਾਪਤੀ ਪੈਦਾ ਹੋਏ । ਕਿਤੇ-ਕਿਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਬ੍ਰਹਮਾ ਨੇ ਆਪਣੇ ਵਰਗਾ ਮਨੂ ਬਣਾਇਆ ਅਤੇ ਉਸ ਦੇ ਸ਼ਰੀਰ ਦਾ ਇਕ ਭਾਗ ਸਤਰੂਪਾ ਨਾਂ ਦੀ ਇਸਤਰੀ

ਬਣਾਇਆ। ਇਸ ਜੋੜੀ ਤੋਂ ਹੀ ਸਾਰੀ ਮਨੁੱਖ ਜਾਤੀ ਦਾ ਵਿਕਾਸ ਹੋਇਆ। ਇਸ ਨੇ ਹੀ ਮਨੁੱਖਾਂ ਲਈ ਧਰਮ-ਸ਼ਾਸਤ੍ਰ ਤਿਆਰ ਕੀਤਾ। ਇਸ ਧਰਮ-ਸ਼ਾਸਤ੍ਰ ਦੇ ਆਧਾਰ ਤੇ ਕਾਲਾਂਤਰ ਵਿਚ ਭ੍ਰਿਗੂ ਰਿਸ਼ੀ ਨੇ 'ਮਨੁ-ਸਮ੍ਰਿਤੀ' ਦੀ ਰਚਨਾ ਕੀਤੀ।

ਵਰਤਮਾਨ ਸਮਾਂ ਸੱਤਵੇਂ ਮਨੂ ਵੈਵਸ੍ਵਤ ਦਾ ਹੈ ਜਿਸ ਨੂੰ ਸੂਰਜ ਨੇ ਪੈਦਾ ਕੀਤਾ। ਇਸ ਦਾ ਇਕ ਨਾਮਾਂਤਰ ਸਤ੍ਯਵ੍ਰਤ ਵੀ ਹੈ। ਇਸ ਦੇ ਨਾਂ ਨਾਲ ਜਲ-ਪ੍ਰਲਯ ਦਾ ਇਕ ਵਿਚਿਤ੍ਰ ਆਖਿਆਨ ਜੋੜਿਆ ਜਾਂਦਾ ਹੈ। ਇਸ ਆਖਿਆਨ ਦਾ ਸਭ ਤੋਂ ਪੁਰਾਤਨ ਰੂਪ 'ਸ਼ਤਪਥ-ਬ੍ਰਾਹਮਣ' ਵਿਚ ਦਿੱਤਾ ਹੈ। ਇਕ ਵਾਰ ਵੈਵਸ੍ਵਤ ਕ੍ਰਿਤਮਾਲਾ ਨਾਂ ਦੀ ਨਦੀ ਉਤੇ ਤਰਪਣ ਕਰ ਰਿਹਾ ਸੀ। ਉਸ ਦੇ ਹੱਥ ਵਿਚ ਇਕ ਮੱਛੀ ਆ ਗਈ ਅਤੇ ਨਾਲ ਹੀ ਆਕਾਸ਼ਵਾਣੀ ਹੋਈ ਕਿ "ਇਸ ਦੀ ਸੰਭਾਲ ਕਰ, ਇਹ ਤੈਨੂੰ ਸੰਕਟ-ਕਾਲ ਵਿਚ ਬਚਾ ਲਵੇਗੀ।" ਵੈਵਸ੍ਵਤ ਨੇ ਮੱਛੀ ਨੂੰ ਇਕ ਜਲ ਦੇ ਬਰਤਨ ਵਿਚ ਰਖ ਲਿਆ। ਮੱਛੀ ਦਾ ਆਕਾਰ ਬਹੁਤ ਵੱਡਾ ਹੋ ਜਾਣ ਕਾਰਣ ਉਸ ਨੂੰ ਸਮੁੰਦਰ ਵਿਚ ਛਡਿਆ ਗਿਆ। ਜਦੋਂ ਜਲ-ਪ੍ਰਲਯ ਦਾ ਸਮਾਂ ਆਇਆ ਤਾਂ ਮਨੂ ਆਪਣੇ ਪਰਿਵਾਰ ਅਤੇ ਜੀਵ-ਜੰਤੂਆਂ ਸਹਿਤ ਇਕ ਕਿਸ਼ਤੀ ਵਿਚ ਸਵਾਰ ਹੋ ਗਿਆ, ਜੋ ਉਸ ਨੇ ਪਹਿਲਾਂ ਹੀ ਬਣਵਾ ਲਈ ਸੀ। ਜਲ ਦੇ ਵੱਧਣ ਨਾਲ ਮੱਛੀ ਉਥੇ ਆ ਗਈ ਅਤੇ ਵੈਵਸ੍ਵਤ ਨੇ ਕਿਸ਼ਤੀ ਦਾ ਰੱਸਾ ਮੱਛੀ ਦੇ ਸਿੰਗ ਨਾਲ ਬੰਨ੍ਹ ਦਿੱਤਾ। ਫਲਸਰੂਪ ਸਾਰੇ ਬਚ ਗਏ। ਇਸ ਆਖਿਆਨ ਨਾਲ ਕੁਝ ਮਿਲਦੇ-ਜੁਲਦੇ ਵਿਵਰਣ 'ਮਹਾਭਾਰਤ' ਅਤੇ ਪੁਰਾਣ-ਸਾਹਿੱਤ ਵਿਚ ਵੀ ਮਿਲਦੇ ਹਨ।

ਮਰਦਾਨਾ, ਭਾਈ : ਗੁਰੂ ਨਾਨਕ ਦੇਵ ਦਾ ਇਕ ਮਿਰਾਸੀ ਸਾਥੀ ਜਿਸ ਦਾ ਜਨਮ ਸੰਨ 1459 ਈ. (1516 ਬਿ.) ਵਿਚ ਮੀਰ ਬਾਦਰੇ ਦੇ ਘਰ ਲੱਖੋ ਦੀ ਕੁੱਖੋਂ 'ਤਲਵੰਡੀ ਰਾਇ ਭੋਇ ਕੀ' (ਜ਼ਿਲਾ ਸ਼ੇਖੂਪੁਰਾ-ਪਾਕਿਸਤਾਨ) ਵਿਚ ਹੋਇਆ। ਇਹ ਰਬਾਬ ਵਜਾਉਣ ਵਿਚ ਬਹੁਤ ਪ੍ਰਬੀਨ ਸੀ। ਜਦੋਂ ਗੁਰੂ ਨਾਨਕ ਦੇਵ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਇਹ ਵੀ ਉਨ੍ਹਾਂ ਕੋਲ ਆ ਗਿਆ। ਇਹ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਵਿਚ ਅੰਗ-ਸੰਗ ਰਿਹਾ। ਜਦੋਂ ਕਿਤੇ ਵੀ ਗੁਰੂ ਜੀ ਨੂੰ ਬਾਣੀ ਉਤਰਦੀ ਤਾਂ ਇਹ ਰਬਾਬ ਦੀ ਸੁਰ ਛੇੜ ਕੇ ਵਿਸਮਾਦੀ ਮਾਹੌਲ ਪੈਦਾ ਕਰ ਦਿੰਦਾ। ਫਲਸਰੂਪ ਸਰੋਤਿਆਂ ਉਤੇ ਬਾਣੀ ਦਾ ਅਲੌਕਿਕ ਪ੍ਰਭਾਵ ਪੈਂਦਾ ਹੈ। ਕਈ ਵਾਰ ਆਪਣੀਆਂ ਸਿੱਧ-ਪੱਧਰੀਆਂ ਗੱਲਾਂ ਰਾਹੀਂ ਇਹ ਗੁਰੂ ਨਾਨਕ ਦੇਵ ਦੇ ਉਪਦੇਸ਼ ਲਈ ਭੂਮੀ ਤਿਆਰ ਕਰਦਾ।

ਜਦੋਂ ਗੁਰੂ ਨਾਨਕ ਦੇਵ ਤੀਜੀ ਉਦਾਸੀ ਤੋਂ ਬਾਦ ਦੇਸ਼ ਪਰਤ ਰਹੇ ਸਨ, ਤਾਂ ਅਫ਼ਗ਼ਾਨਿਸਤਾਨ ਦੀ 'ਕੁਰੱਮ' ਨਦੀ ਦੇ ਕੰਢੇ ਵਸੇ ਕੁਰੱਮ (ਖੁਰਮ) ਨਗਰ ਵਿਚ ਮਰਦਾਨੇ ਦਾ ਸੰਨ 1534 ਈ. (1591 ਬਿ.) ਵਿਚ ਦੇਹਾਂਤ ਹੋਇਆ ਅਤੇ ਉਥੇ ਹੀ ਇਸ ਦੀ ਸਮਾਧ ਬਣਾਈ ਗਈ। ਇਸ ਦੇ ਜਨਮ ਅਤੇ ਮਰਨ ਦੇ ਸਮਿਆਂ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ, ਪਰ ਅਧਿਕ ਵਿਦਵਾਨ ਉਪਰੋਕਤ ਸੰਨਾਂ ਬਾਰੇ ਇਕ-ਮਤ ਹਨ।

ਮਰਦਾਨੇ ਤੋਂ ਬਾਦ ਇਸ ਦਾ ਪੁੱਤਰ 'ਸਾਹਜ਼ਾਦਾ' ਗੁਰੂ ਨਾਨਕ ਦੇਵ ਦੇ ਬਾਣੀ ਉੱਚਾਰਣ ਵੇਲੇ ਰਬਾਬ ਵਜਾਉਂਦਾ ਸੀ ਅਤੇ ਬਾਦ ਵਿਚ ਕਰਤਾਰਪੁਰ ਵਿਚ ਵੀ ਗੁਰੂ-

ਦਰਬਾਰ ਵਿਚ ਕੀਰਤਨ ਕਰਦਾ ਰਿਹਾ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਿਹਾਗੜਾ ਰਾਗ ਦੀ ਵਾਰ ਵਿਚ ਤਿੰਨ ਸ਼ਲੋਕ ਮਰਦਾਨੇ ਦੇ ਨਾਂ ਤੇ ਸੰਕਲਿਤ ਹਨ। ਕੁਝ ਵਿਦਵਾਨਾਂ ਅਨੁਸਾਰ ਗੁਰੂ ਨਾਨਕ ਵੱਲੋਂ ਇਹ ਮਰਦਾਨੇ ਨੂੰ ਸੰਬੋਧਿਤ ਕੀਤੇ ਗਏ ਸਨ। ਸਿੱਖ ਸਾਹਿੱਤ ਵਿਚ ਮਰਦਾਨੇ ਦਾ ਅਨੇਕ ਥਾਵਾਂ ਤੇ ਉੱਲੇਖ ਹੋਇਆ ਹੈ।

ਮਰੀਅਮ : ਇਸ ਦਾ ਸ਼ਾਬਦਿਕ ਅਰਥ ਹੈ—ਉੱਚਾ, ਉੱਨਤ ਅਥਵਾ ਪ੍ਰਤਿਸ਼ਠਿਤ। 'ਬਾਈਬਲ' ਵਿਚ ਮਰੀਅਮ ਨਾਂ ਦੀਆਂ ਕਈ ਇਸਤਰੀਆਂ ਦਾ ਉੱਲੇਖ ਹੈ, ਪਰ ਜਿਸ ਮਰੀਅਮ ਦਾ ਉੱਲੇਖ ਅਕਸਰ ਸਾਹਿੱਤ ਵਿਚ ਹੁੰਦਾ ਹੈ, ਉਹ ਹੈ ਹਜ਼ਰਤ ਈਸਾ ਮਸੀਹ ਦੀ ਮਾਤਾ। ਇਸ ਦਾ ਜਨਮ ਫ਼ਿਲਿਸਤੀਨ ਦੇ ਉੱਤਰੀ ਭਾਗ ਗਲੇਲੀਆ ਦੇ ਨਾਜ਼ਰਥ ਪਿੰਡ ਵਿਚ ਅਮਰਾਨ ਦੇ ਘਰ ਹੋਇਆ। ਜਵਾਨ ਹੋਣ 'ਤੇ ਇਸ ਨੂੰ ਇਕ ਫ਼ਰਿਸ਼ਤੇ ਨੇ ਪ੍ਰਣਾਮ ਕਰ ਕੇ ਦਸਿਆ ਕਿ ਪਰਮਾਤਮਾ ਦੁਆਰਾ ਵਰੁਸਾਏ ਜਾਣ ਕਾਰਣ ਇਹ ਕੰਵਾਰੀ ਹੀ ਗਰਭਵਤੀ ਹੋਏਗੀ ਅਤੇ ਇਕ ਪੁੱਤਰ ਨੂੰ ਜਨਮ ਦੇਏਗੀ। ਉਸ ਪੁੱਤਰ ਦਾ ਨਾਂ ਯਸੂ ਰਖਿਆ ਜਾਵੇਗਾ। ਬਾਦ ਵਿਚ ਇਸ ਦਾ ਵਿਆਹ ਦਾਊਦ-ਵੰਸ਼ੀ ਯੂਸਫ਼ ਨਾਲ ਹੋਇਆ। ਵਿਆਹ ਉਪਰੰਤ ਇਹ ਆਪਣੇ ਪਤੀ ਯੂਸਫ਼ ਨਾਲ ਬੈਤਲਹਮ ਨਗਰ ਵਿਚ ਜਾ ਵਸੀ। ਉਥੇ ਹੀ ਇਸ ਨੇ ਯਸੂ ਨੂੰ ਜਨਮ ਦਿੱਤਾ ਜੋ ਕਾਲਾਂਤਰ ਵਿਚ ਈਸਾਈ ਮਤ ਦਾ ਮੋਢੀ ਬਣਿਆ।

ਮਰੀਅਮ ਜੀਵਨ-ਭਰ ਕੰਵਾਰੀ ਹੀ ਰਹੀ ਮੰਨੀ ਜਾਂਦੀ ਹੈ। ਇਸ ਨੇ ਹੋਰ ਕੋਈ ਸੰਤਾਨ ਪੈਦਾ ਨਹੀਂ ਕੀਤੀ ਸੀ। 'ਬਾਈਬਲ' ਵਿਚ ਲਿਖੇ ਅਨੇਕ ਪ੍ਰਸੰਗਾਂ ਦੇ ਆਧਾਰ ਤੇ ਇਹ ਨਿਸ਼ਪਾਪ ਅਤੇ ਨਿਸ਼ਕਲੰਕ ਇਸਤਰੀ ਵਜੋਂ ਸਨਮਾਨਿਤ ਹੈ ਅਤੇ ਈਸਾ ਦੀ ਮਾਤਾ ਹੋਣ ਕਾਰਣ ਈਸਾਈਆਂ ਵਿਚ ਇਸ ਨੂੰ ਪ੍ਰਭੂ ਦੀ ਮਾਤਾ ਅਥਵਾ ਧਰਮ-ਮਾਤਾ ਵਜੋਂ ਸਤਿਕਾਰ ਦਿੱਤਾ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਇਸ ਵਲ ਆਪਣੀ ਕਵਿਤਾ ਵਿਚ ਸੰਕੇਤ ਕੀਤਾ ਹੈ—'ਜਾਵਾਂ ਤੇ ਮੈਂ ਕਿੱਤ ਵੱਲ ਜਾਵਾਂ/ਕਿਸ ਮਰੀਅਮ ਨੂੰ ਹਾਲ ਸੁਣਾਵਾਂ/ਇਕ ਪੜੋਪੀ ਆਟੇ ਖਾਤਰ/ਵਿਕਣ ਹਵਾ ਦੀਆਂ ਜਾਈਆਂ ਨੀ/ਵਿਚ ਮੰਡੀਆਂ।'

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਧੁਨੀ : ਮਾਝ ਰਾਗ ਵਿਚ ਲਿਖੀ ਗੁਰੂ ਨਾਨਕ ਦੇਵ ਦੀ ਵਾਰ ਨੂੰ ਗਾਉਣ ਲਈ ਗੁਰੂ ਅਰਜਨ ਦੇਵ ਨੇ ਆਰੰਭ ਵਿਚ ਨਿਰਦੇਸ਼ ਕੀਤਾ ਹੈ—'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।'

ਰਵਾਇਤ ਅਨੁਸਾਰ ਮਲਕ ਜਾਤਿ ਦਾ ਮੁਰੀਦ ਖ਼ਾਨ ਅਤੇ ਸੋਹੀ ਜਾਤਿ ਦਾ ਚੰਦ੍ਰਹੜਾ ਅਕਬਰ ਬਾਦਸ਼ਾਹ ਦੇ ਦੋ ਸਿਰਕੱਢ ਯੋਧੇ ਸਨ, ਪਰ ਇਨ੍ਹਾਂ ਦੀ ਆਪਸ ਵਿਚ ਬਹੁਤ ਖ਼ਾਰਬਾਜ਼ੀ ਸੀ। ਇਕ ਵਾਰ ਮੁਰੀਦ ਖ਼ਾਨ ਨੂੰ ਬਾਦਸ਼ਾਹ ਨੇ ਕਾਬਲ ਉਤੇ ਧਾਵਾ ਕਰਨ ਲਈ ਭੇਜਿਆ। ਉਸ ਨੇ ਜਿੱਤ ਪ੍ਰਾਪਤ ਕਰ ਲਈ ਪਰ ਉਥੇ ਰਾਜ-ਪ੍ਰਬੰਧ ਠੀਕ ਕਰਨ ਲਈ ਕੁਝ ਅਧਿਕ ਸਮਾਂ ਲਗ ਗਿਆ।

ਇਧਰ ਚੰਦ੍ਰਹੜਾ ਨੇ ਆਪਣੀ ਕਿੜ ਕੱਢਣ ਲਈ ਬਾਦਸ਼ਾਹ ਪਾਸ ਉਸ ਦੇ ਵਿਰੁੱਧ ਚੁਗਲੀ ਖਾਈ ਕਿ ਉਹ ਬਾਗ਼ੀ ਹੋ ਗਿਆ ਹੈ। ਉਸ ਨੂੰ ਸੋਧਣ ਲਈ ਬਾਦਸ਼ਾਹ ਨੇ

ਚੰਦ੍ਰਹੜਾ ਨੂੰ ਹੀ ਸੈਨਿਕ ਦਲ ਸਹਿਤ ਭੇਜਿਆ। ਦੋਵੇਂ ਹੀ ਬੜੀ ਵੀਰਤਾ ਨਾਲ ਲੜਦੇ ਹੋਏ ਮਾਰੇ ਗਏ।

ਉਨ੍ਹਾਂ ਦੇ ਇਸ ਸਾਕੇ ਨੂੰ ਢਾਢੀਆਂ ਨੇ ਜਿਸ ਵਾਰ ਵਿਚ ਬੰਨ੍ਹਿਆ ਉਹ ਲੋਕਾਂ ਵਿਚ ਬਹੁਤ ਪ੍ਰਵਾਨ ਹੋਈ। ਉਸ ਦੀ ਸਰਵ-ਪ੍ਰਵਾਨਿਤ ਧੁਨੀ ਨੂੰ ਮੁੱਖ ਰਖਦਿਆਂ ਪੰਜਵੇਂ ਗੁਰੂ ਨੇ ਮਾਝ ਰਾਗ ਵਿਚਲੀ ਗੁਰੂ ਨਾਨਕ ਦੇਵ ਰਚਿਤ ਵਾਰ ਨੂੰ ਉਸ ਤਰਜ਼ ਉਤੇ ਗਾਉਣ ਦਾ ਆਦੇਸ਼ ਦਿੱਤਾ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ—'ਕਾਬੁਲ ਵਿਚ ਮੁਰੀਦ ਖ਼ਾਂ ਫੜਿਆ ਬਡ ਜੋਰ,/ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ, ਬਡ ਤੌਰ,/ਦੁਹਾਂ ਕੰਧਾਰਾਂ ਮੁਹ ਜੁੜੇ ਦਮਾਮੇ ਦੌਰ,/ਸਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ,/ਹੱਲੀ ਖੇਲੇ ਚੰਦ੍ਰਹੜਾ ਰੰਗ ਲਗੇ ਸੌਰ,/ਦੋਵੇਂ ਤਰਫਾਂ ਜੁਟੀਆਂ ਸਰ ਵਗਨ ਕੌਰ,/ਮੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ,/ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ।'

ਮਲਕੀ : ਵੇਖੋ 'ਕੀਮਾ-ਮਲਕੀ'।

ਮਲਕੁਲ ਮੌਤ : ਮੌਤ ਦਾ ਫ਼ਰਿਸ਼ਤਾ। ਵੇਖੋ 'ਇਜ਼ਰਾਈਲ'।

ਮਲਾਮਤੀ : ਸੂਫ਼ੀਆਂ ਦਾ ਇਕ ਉਪ-ਸੰਪ੍ਰਦਾਇ। ਵੇਖੋ 'ਸ਼ਾਹ ਹੁਸੈਨ, ਸਾਈਂ'।

ਮਾਇਆ : ਵੇਖੋ 'ਮਾਯਾ'।

ਮਾਘੀ : ਮਾਘੀ ਤੋਂ ਭਾਵ ਹੈ ਮਾਘ ਮਹੀਨੇ ਦੀ ਸੰਗ੍ਰਾਂਦ ਜੋ ਲੋਹੜੀ ਤੋਂ ਅਗਲੇ ਦਿਨ ਆਉਂਦੀ ਹੈ। ਹਿੰਦੂ-ਧਰਮ ਵਿਚ ਇਸ ਦਿਨ ਇਸ਼ਨਾਨ ਕਰਨ ਦਾ ਬਹੁਤ ਮਹਾਤਮ ਹੈ। ਇਹ ਇਸ਼ਨਾਨ ਗੰਗਾ, ਯਮਨਾ ਜਾਂ ਹੋਰ ਕਿਸੇ ਵਗਦੇ ਜਲ ਜਾ ਸਰੋਵਰ ਵਿਚ ਕੀਤਾ ਜਾਣਾ ਉਚਿਤ ਹੈ। ਸਭ ਤੋਂ ਅਧਿਕ ਮਹੱਤਵ ਤ੍ਰਿਵੇਣੀ ਵਿਚ ਕੀਤੇ ਇਸ਼ਨਾਨ ਦਾ ਹੈ। ਇਸ਼ਨਾਨ ਕਰਨ ਦਾ ਸਰਵੋਤਮ ਸਮਾਂ ਪ੍ਰਭਾਤ ਜਾਂ ਬ੍ਰਹਮ-ਮਹੂਰਤ ਹੈ। ਸੂਰਜ ਚੜ੍ਹਨ ਉਪਰੰਤ ਕੀਤਾ ਗਿਆ ਇਸ਼ਨਾਨ ਵਿਸ਼ੇਸ਼ ਮਹੱਤਵ ਨਹੀਂ ਰਖਦਾ। ਇਸ ਤਿਉਹਾਰ ਨੂੰ ਅਗਨੀ-ਪੂਜਾ ਅਤੇ ਸੂਰਜ-ਪੂਜਾ ਦੇ ਸੁਮੇਲ ਦਾ ਪ੍ਰਤੀਕ ਮੰਨਿਆ ਗਿਆ ਹੈ।

ਇਸ ਦਿਨ ਕੀਤਾ ਇਸ਼ਨਾਨ ਸਿਹਤ ਦੇ ਪੱਖ ਤੋਂ ਵੀ ਬੜਾ ਜ਼ਰੂਰੀ ਹੈ ਕਿਉਂਕਿ ਲੋਹੜੀ ਵਾਲੇ ਦਿਨ ਮੂੰਗਫਲੀ, ਰਿਉੜੀਆਂ, ਭੁੱਗਾ, ਗੱਚਕ ਆਦਿ ਗਰਮ ਪਦਾਰਥਾਂ ਦਾ ਸੇਵਨ ਕੀਤਾ ਜਾਂਦਾ ਹੈ। ਇਨ੍ਹਾਂ ਗਰਮ ਪਦਾਰਥਾਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਪ੍ਰਭਾਤ ਵੇਲੇ ਇਸ਼ਨਾਨ ਕਰਨਾ ਬਹੁਤ ਲਾਭਦਾਇਕ ਹੈ। ਇਸ ਤੋਂ ਇਲਾਵਾ ਮਾਘੀ ਵਾਲੇ ਦਿਨ ਭੋਜਨ ਵੀ ਬਹੁਤ ਹਲਕਾ ਫੁਲਕਾ ਕੀਤਾ ਜਾਂਦਾ ਹੈ, ਜਿਵੇਂ ਰਹੁ ਵਾਲੀ ਖੀਰ, ਮੋਠਾਂ ਦੀ ਦਾਲ ਸਹਿਤ ਤਿਆਰ ਕੀਤੀ ਖਿਚੜੀ ਆਦਿ। ਖਿਚੜੀ ਦੀ ਖੁਸ਼ਕੀ ਨੂੰ ਘਟਾਉਣ ਲਈ ਚੰਗਾ ਘਿਓ ਵੀ ਪਾਇਆ ਜਾਂਦਾ ਹੈ।

ਮਾਘੀ ਵਾਲੇ ਦਿਨ ਪੁੰਨ-ਦਾਨ ਵੀ ਕੀਤਾ ਜਾਂਦਾ ਹੈ ਕਿਉਂਕਿ ਗੁਜ਼ਰ ਚੁੱਕੇ ਸਾਕਾਂ, ਸੰਬੰਧੀਆਂ ਦੀ ਆਤਮਾ ਦੀ ਸ਼ਾਂਤੀ ਲਈ ਅਜਿਹਾ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਅਨੇਕ ਥਾਵਾਂ 'ਤੇ ਨਿੱਕੇ ਵੱਡੇ ਮੇਲੇ ਲਗਦੇ ਹਨ। ਪੰਜਾਬ ਵਿਚ ਮੁਕਤਸਰ ਦਾ ਮਾਘੀ ਦਾ ਮੇਲਾ ਵਿਸ਼ੇਸ਼ ਪ੍ਰਸਿੱਧ ਹੈ ਜਿਸ ਵਿਚ ਹਰ ਸਾਲ ਲੱਖਾਂ ਲੋਕ ਸ਼ਾਮਲ ਹੁੰਦੇ ਹਨ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਦੇ ਹਨ। 'ਮਾਂ' ਨੂੰ ਸੰਬੋਧਨ ਕਰਦਿਆਂ ਸ਼ਿਵ

ਕੁਮਾਰ ਬਟਾਲਵੀ ਨੇ ਇਸ ਵਲ ਸੰਕੇਤ ਕੀਤਾ ਹੈ—'ਜੇ ਇਜਾਜ਼ਤ ਦਏਂ ਤਾਂ ਮੈਂ ਇਕ ਵਾਰੀ ਲੈ ਲਵਾਂ/ਮਾਘੀ ਦੀ ਹਾਏ ਸੁੱਚੜੀ,/ਸੰਗਰਾਂਦ ਵਰਗਾ ਤੇਰਾ ਨਾਂ।'

ਮਾਛੀਵਾੜਾ : ਲੁਧਿਆਣਾ ਜ਼ਿਲੇ ਦੀ ਸਮਰਾਲਾ ਤਹਿਸੀਲ ਦਾ ਇਕ ਕਸਬਾ ਜੋ ਲੁਧਿਆਣੇ ਨਗਰ ਤੋਂ ਲਗਭਗ 43 ਕਿ. ਮੀ. ਦੂਰ ਉੱਤਰ-ਪੂਰਵ ਦਿਸ਼ਾ ਵਲ ਸਤਲੁਜ ਦਰਿਆ ਦੇ ਨੇੜੇ ਵਸਿਆ ਹੈ। ਕਦੇ ਦਰਿਆ ਇਸ ਦੇ ਕੋਲੋਂ ਲੰਘਦਾ ਸੀ ਅਤੇ ਇਹ ਰਾਹੋਂ ਵਾਲੇ ਪੱਤਣ 'ਤੇ ਪੈਂਦਾ ਸੀ। ਅਧਿਕਤਰ ਮਾਛੀਆਂ ਦੇ ਨਿਵਾਸ ਕਾਰਣ ਇਸ ਦਾ ਨਾਂ 'ਮਾਛੀਵਾੜਾ' ਪ੍ਰਸਿੱਧ ਹੋਇਆ।

ਸਿੱਖ-ਇਤਿਹਾਸ ਵਿਚ ਇਸ ਸਥਾਨ ਦਾ ਵਿਸ਼ੇਸ਼ ਮਹੱਤਵ ਹੈ। ਦਸੰਬਰ, 1704 ਈ. (1761 ਬਿ. ਦੇ ਪੋਹ ਦੇ ਮਹੀਨੇ) ਵਿਚ ਚਮਕੌਰ ਦੀ ਗੜ੍ਹੀ ਨੂੰ ਛੱਡਣ ਤੋਂ ਬਾਦ ਗੁਰੂ ਗੋਬਿੰਦ ਸਿੰਘ ਇਸ ਕਸਬੇ ਤੋਂ ਲਗਭਗ ਡੇਢ ਕਿ. ਮੀ. ਪਹਿਲਾਂ ਜੰਗਲ ਵਿਚ ਇਕ ਖੂਹ ਦੇ ਕੰਢੇ ਟਿਕੇ ਸਨ। ਰਵਾਇਤ ਅਨੁਸਾਰ ਇਥੇ ਗੁਲਾਬ ਚੰਦ ਮਸੰਦ ਦਾ ਬਾਗ਼ ਸੀ। ਇਥੇ ਹੀ ਚਮਕੌਰ ਤੋਂ ਵਿਛੜੇ ਭਾਈ ਧਰਮ ਸਿੰਘ, ਮਾਨ ਸਿੰਘ ਅਤੇ ਦਯਾ ਸਿੰਘ ਫਿਰ ਆ ਮਿਲੇ ਸਨ। ਇਥੇ ਹੁਣ ਗੁਰਦੁਆਰਾ ਚਰਨ-ਕਮਲ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਇਥੇ ਹੀ ਗੁਰੂ ਸਾਹਿਬ ਨੇ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ...' ਸ਼ਬਦ ਉਚਾਰਿਆ ਸੀ। ਇਥੋਂ ਰਾਤ ਵੇਲੇ ਗੁਰੂ ਸਾਹਿਬ ਆਪਣੇ ਤਿੰਨ ਸਿੱਖਾਂ ਸਹਿਤ ਗੁਲਾਬ ਚੰਦ ਮਸੰਦ ਦੇ ਘਰ ਰਾਤ ਰਹਿਣ ਲਈ ਗਏ ਸਨ ਜਿਥੇ ਹੁਣ ਗੁਰਦੁਆਰਾ ਚੌਬਾਰਾ ਸਾਹਿਬ ਉਸਰਿਆ ਹੋਇਆ ਹੈ।

ਇਥੋਂ ਦੇ ਵਸਨੀਕ ਅਤੇ ਘੋੜਿਆਂ ਦੇ ਵਪਾਰੀ ਦੋ ਪਠਾਣ ਭਰਾਵਾਂ—ਗ਼ਨੀ ਖ਼ਾਨ ਅਤੇ ਨਬੀ ਖ਼ਾਨ (ਵੇਖ)—ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਨੀਲਾ ਬਾਣਾ ਪਵਾ ਕੇ ਅਤੇ 'ਉਚ ਕਾ ਪੀਰ' ਘੋਸ਼ਿਤ ਕਰ ਕੇ ਮੁਗ਼ਲ ਸੈਨਾ ਦੇ ਘੇਰੇ ਵਿਚੋਂ ਸੁਰਖਿਅਤ ਕੱਢਣ ਦਾ ਉੱਦਮ ਕੀਤਾ। ਗੁਰੂ ਸਾਹਿਬ ਨੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਜੋ ਹੁਕਮਨਾਮਾ ਬਖ਼ਸ਼ਿਆ, ਉਹ ਇਨ੍ਹਾਂ ਦੀ ਸੰਤਾਨ ਪਾਸ ਮੌਜੂਦ ਰਿਹਾ। ਹੁਣ ਇਨ੍ਹਾਂ ਦੇ ਘਰ ਵਾਲੇ ਸਥਾਨ ਉਤੇ ਗੁਰਦੁਆਰਾ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਗੁਰਦੁਆਰਾ ਕਿਰਪਾਨ ਭੇਂਟ ਵੀ ਮਾਛੀਵਾੜੇ ਤੋਂ ਲਗਭਗ ਡੇਢ ਕਿ. ਮੀ. ਦੀ ਦੂਰੀ 'ਤੇ ਬਣਿਆ ਹੋਇਆ ਹੈ ਜਿਥੇ ਮੁਗ਼ਲ ਸੈਨਾ-ਅਧਿਕਾਰੀ ਦਲਾਵਰ ਖ਼ਾਨ ਨੇ 'ਉੱਚ ਕਾ ਪੀਰ' ਦੀ ਵਾਸਤਵਿਕਤਾ ਜਾਣਨ ਲਈ ਪ੍ਰਸਾਦ ਭੇਟ ਕੀਤਾ ਸੀ।

ਮਾਧਵਾਨਲ : ਇਹ ਇਕ ਭਾਰਤੀ ਰੋਮਾਂਸ 'ਮਾਧਵਾਨਲ-ਕਾਮਕੰਦਲਾ' ਦਾ ਨਾਇਕ ਹੈ। ਇਸ ਨਾਲ ਸੰਬੰਧਿਤ ਰੋਮਾਂਸ ਦਾ ਪੁਰਾਤਨ ਰੂਪ 'ਸਿੰਘਾਸਨ ਬਤੀਸੀ' ਵਿਚ ਮਿਲਦਾ ਹੈ। ਇਕੀਹਵੀਂ ਪੁੱਤਲੀ ਦੇ ਦਸੇ ਅਨੁਸਾਰ ਮਾਧਵਾਨਲ ਸਰਵ-ਗੁਣ ਸੰਪੰਨ ਇਕ ਅਜਿਹਾ ਖ਼ੂਬਸੂਰਤ ਬ੍ਰਾਹਮਣ ਸੀ ਜਿਸ ਨੂੰ ਵੇਖ ਕੇ ਇਸਤਰੀਆਂ ਵਿਚ ਕਾਮ-ਭਾਵਨਾ ਪ੍ਰਚੰਡ ਹੋ ਜਾਂਦੀ ਸੀ। ਉਹ ਜਿਸ ਰਾਜੇ ਦੀ ਸੇਵਾ ਵਿਚ ਹਾਜ਼ਰ ਹੁੰਦਾ, ਪਹਿਲਾਂ ਬਹੁਤ ਆਦਰ ਮਿਲਦਾ, ਪਰ ਜਦੋਂ ਆਪਣੇ ਗੁਣਾਂ ਦਾ ਪ੍ਰਦਰਸ਼ਨ ਕਰਦਾ, ਤਾਂ ਉਸ ਨੂੰ ਦਰਬਾਰ ਵਿਚੋਂ ਕੱਢ ਦਿੱਤਾ ਜਾਂਦਾ।

ਇਕ ਵਾਰ ਉਹ ਕਾਮਸੇਨ ਦੀ ਨਗਰੀ ਵਿਚ ਪੁਜਾ ਅਤੇ ਰਾਜ-ਦਰਬਾਰ ਵਿਚ ਜਾਣ ਦੀ ਆਗਿਆ ਲਈ ਦਵਾਰਪਾਲ ਨੂੰ ਕਿਹਾ। ਜਦੋਂ ਦਵਾਰਪਾਲ ਨੇ ਆਗਿਆ ਨਾ ਦਿੱਤੀ ਤਾਂ ਦਰਬਾਰ ਵਿਚ ਮ੍ਰਿਦੰਗ ਦੇ ਤਾਲ ਤੇ ਨਚ ਰਹੀ ਕਾਮਕੰਦਲਾ ਦੇ ਨਾਚ ਵਿਚ ਨੁਕਸ ਪਾਉਣ ਵਾਲੇ ਇਕ ਮ੍ਰਿਦੰਗ-ਵਾਦਕ ਦੇ ਇਕ ਅੰਗੂਠੇ ਦੇ ਨਾ ਹੋਣ ਦੀ ਗੱਲ ਦਵਾਰਪਾਲ ਨੂੰ ਦਸੀ। ਪੜਤਾਲ ਕਰਨ ਤੇ ਜਦ ਇਹ ਤੱਥ ਸਹੀ ਨਿਕਲਿਆ ਤਾਂ ਰਾਜੇ ਨੇ ਮਾਧਵਾਨਲ ਨੂੰ ਦਰਬਾਰ ਵਿਚ ਬੁਲਾ ਕੇ ਖ਼ੂਬ ਆਦਰ ਮਾਣ ਦਿੱਤਾ ਅਤੇ ਬਸਤ੍ਰ ਅਤੇ ਗਹਿਣੇ ਤੋਹਫ਼ੇ ਵਜੋਂ ਦਿੱਤੇ। ਫਿਰ ਕਾਮਕੰਦਲਾ ਨੂੰ ਬੁਲਾ ਕੇ ਨਿਰਤ ਦਾ ਚਮਤਕਾਰ ਵਿਖਾਣ ਲਈ ਰਾਜੇ ਨੇ ਆਦੇਸ਼ ਦਿੱਤਾ। ਮਾਧਵਾਨਲ ਉਸ ਦੇ ਅਦਭੁਤ ਨਿਰਤ ਨੂੰ ਵੇਖ ਕੇ ਮੋਹਿਤ ਹੋ ਗਿਆ ਅਤੇ ਰਾਜੇ ਵਲੋਂ ਦਿੱਤੇ ਸਾਰੇ ਤੋਹਫ਼ੇ ਉਸ ਨੂੰ ਭੇਂਟ ਕਰ ਦਿੱਤੇ।

ਤੋਹਫ਼ਿਆਂ ਨੂੰ ਅਗੋ ਕਾਮਕੰਦਲਾ ਨੂੰ ਦੇਣ ਕਾਰਣ ਰਾਜੇ ਨੇ ਨਾਰਾਜ਼ ਹੋ ਕੇ ਮਾਧਵਾਨਲ ਨੂੰ ਆਪਣੇ ਦੇਸ਼ ਵਿਚੋਂ ਬਾਹਰ ਨਿਕਲ ਜਾਣ ਦਾ ਆਦੇਸ਼ ਦਿੱਤਾ। ਉਸ ਦੇ ਜਾਣ ਤੋਂ ਪਹਿਲਾਂ ਕਾਮਕੰਦਲਾ ਨੇ ਉਸ ਨਾਲ ਇਕ ਮੰਦਿਰ ਵਿਚ ਮੁਲਾਕਾਤ ਕੀਤੀ ਅਤੇ ਪ੍ਰੇਮ ਭਾਵਨਾ ਦਾ ਪ੍ਰਗਟਾਵਾ ਕੀਤਾ। ਰਾਜੇ ਦੇ ਪ੍ਰਕੋਪ ਤੋਂ ਡਰਦਿਆਂ ਮਾਧਵਾਨਲ ਨੇ ਫਿਰ ਮਿਲਣ ਲਈ ਵਿਦਾਇਗੀ ਲਈ।

ਮਾਧਵਾਨਲ ਭਟਕਦਾ-ਭਟਕਦਾ ਉਜੈਨ ਨਗਰ ਵਿਚ ਪਹੁੰਚਿਆ ਅਤੇ ਆਪਣੇ ਦੁਖ ਦੇ ਨਿਵਾਰਨ ਲਈ ਸਾਰਾ ਬ੍ਰਿਤਾਂਤ ਇਕ ਸੂਚਨਾ-ਪੱਤਰ ਤੇ ਲਿਖ ਕੇ ਉਸ ਸ਼ਿਵ ਮੰਦਿਰ ਦੇ ਦਵਾਰ ਉਤੇ ਲਟਕਾ ਦਿੱਤਾ ਜਿਥੇ ਰਾਜਾ ਬਿਕ੍ਰਮਾਦਿਤ੍ਯ ਨਿੱਤ ਦਰਸ਼ਨ-ਅਰਥ ਆਉਂਦਾ ਸੀ। ਰਾਜੇ ਨੇ ਸੂਚਨਾ-ਪੱਤਰ ਪੜ੍ਹ ਕੇ ਤੁਰਤ ਮਾਧਵਾਨਲ ਨੂੰ ਲਭਵਾਇਆ ਅਤੇ ਉਸ ਦੀ ਸਾਰੀ ਗੱਲ ਸੁਣ ਕੇ ਮਹੱਲ ਵਿਚ ਲੈ ਗਿਆ। ਉਸ ਨੇ ਆਪਣੀਆਂ ਸਾਰੀਆਂ ਰਾਣੀਆਂ ਨੂੰ ਸਜਾ ਕੇ ਮਾਧਵਾਨਲ ਅਗੇ ਪੇਸ਼ ਕੀਤਾ, ਪਰ ਕਾਮਕੰਦਲਾ ਤੋਂ ਬਿਨਾ ਮਾਧਵਾਨਲ ਨੇ ਕਿਸੇ ਵਲ ਆਪਣੀ ਰੁਚੀ ਨਾ ਵਿਖਾਈ।

ਰਾਜਾ ਬਿਕ੍ਰਮਾਦਿਤ੍ਯ ਨੇ ਕਾਮਕੰਦਲਾ ਦੀ ਪ੍ਰਾਪਤੀ ਲਈ ਕਾਮਾਵਤੀ ਨਗਰੀ ਉਤੇ ਹਮਲਾ ਕਰਨ ਦੀ ਯੋਜਨਾ ਬਣਾਈ। ਪਰ ਯੁੱਧ ਆਰੰਭ ਕਰਨ ਤੋਂ ਪਹਿਲਾਂ ਕਾਮਕੰਦਲਾ ਦਾ ਸਿਦਕ ਵੇਖਣ ਲਈ ਰਾਜਾ ਵੈਦ ਦੇ ਭੇਸ ਵਿਚ ਕਾਮਕੰਦਲਾ ਦੇ ਘਰ ਪਹੁੰਚਿਆ ਅਤੇ ਮਾਧਵਾਨਲ ਦੇ ਮਰ ਚੁੱਕੇ ਹੋਣ ਦੀ ਗੱਲ ਉਸ ਨੂੰ ਦਸੀ। ਇਹ ਗੱਲ ਸੁਣ ਕੇ ਕਾਮਕੰਦਲਾ ਨੇ ਪ੍ਰਾਣ ਤਿਆਗ ਦਿੱਤੇ। ਰਾਜਾ ਬਿਕ੍ਰਮਾਦਿਤ੍ਯ ਨੇ ਜਦੋਂ ਵਾਪਸ ਪਰਤ ਕੇ ਮਾਧਵਾਨਲ ਨੂੰ ਸਾਰੀ ਗੱਲ ਦਸੀ ਤਾਂ ਉਹ ਵੀ ਬੇਹੋਸ਼ ਹੋ ਕੇ ਡਿਗ ਪਿਆ ਅਤੇ ਮਰ ਗਿਆ। ਦੋ ਹਤਿਆਵਾਂ ਦੇ ਅਪਰਾਧ ਦੇ ਪ੍ਰਾਸਚਿਤ ਵਜੋਂ ਰਾਜਾ ਚਿਖਾ ਬਣਾ ਕੇ ਸੜਨ ਲਈ ਉਤਾਰੂ ਹੋਇਆ। ਉਦੋਂ ਰਾਜੇ ਦੀ ਮੱਦਦ ਲਈ ਬੇਤਾਲ ਆਇਆ। ਉਸ ਨੇ ਪਾਤਾਲ ਲੋਕ ਤੋਂ ਅੰਮ੍ਰਿਤ ਲਿਆ ਕੇ ਦੋਹਾਂ ਨੂੰ ਸੁਰਜੀਤ ਕੀਤਾ। ਬਿਕ੍ਰਮਾਦਿਤ੍ਯ ਨੇ ਦੂਜੇ ਦਿਨ ਕਾਮਾਵਤੀ ਨਗਰੀ ਉਤੇ ਹਮਲਾ ਕਰਕੇ ਕਾਮਕੰਦਲਾ ਹਾਸਲ ਕੀਤੀ ਅਤੇ ਮਾਧਵਾਨਲ ਦੇ ਹਵਾਲੇ ਕਰ ਦਿੱਤੀ।

ਉਪਰੋਕਤ ਮੂਲ-ਕਥਾ ਵਿਚ ਹਿੰਦੀ ਦੇ ਪ੍ਰਸਿੱਧ ਕਵੀ ਆਲਮ ਨੇ ਕੁਝ ਤਬਦੀਲੀਆਂ ਕਰਕੇ ਆਪਣੇ ਢੰਗ ਨਾਲ ਕਿੱਸਾ ਲਿਖਿਆ। ਪੰਜਾਬੀ ਵਿਚ 'ਬ੍ਰਿਹੋਂ ਕੁਵਾਰੀ' ਨਾਂ ਅਧੀਨ ਕਵੀਸ਼ਰ ਹਜ਼ਾਰਾ ਸਿੰਘ ਨੇ ਸਾਦੀ ਜਿਹੀ ਕਵਿਤਾ ਵਿਚ ਇਹ ਕਿੱਸਾ ਲਿਖਿਆ ਹੈ। 'ਦਸਮ-ਗ੍ਰੰਥ' ਦੀ "ਚਰਿਤ੍ਰੋਪਾਖਿਆਨ" ਰਚਨਾ ਦਾ 91ਵਾਂ ਚਰਿਤ੍ਰ-ਪ੍ਰਸੰਗ ਇਸ ਰੋਮਾਂਸ 'ਤੇ ਆਧਾਰਿਤ ਹੈ।

ਮਾਂਧਾਤਾ : ਇਕ੍ਸ਼ਵਾਕੁ ਵੰਸ਼ ਦੇ ਰਾਜਾ ਯੁਵਨਾਸ਼੍ਵ ਦੇ ਘਰ ਪੈਦਾ ਹੋਇਆ ਮਾਂਧਾਤਾ ਇਕ ਪ੍ਰਤਾਪੀ ਅਤੇ ਚਕ੍ਰਵਰਤੀ ਰਾਜਾ ਸੀ। ਪੁਰਾਣ-ਸਾਹਿੱਤ ਵਿਚ ਇਸ ਦੇ ਜਨਮ ਬਾਰੇ ਦੋ ਤਰ੍ਹਾਂ ਦੇ ਆਖਿਆਨ ਲਿਖੇ ਮਿਲਦੇ ਹਨ। ਇਕ ਆਖਿਆਨ ਅਨੁਸਾਰ ਇਹ ਆਪਣੀ ਮਾਤਾ ਗੌਰੀ ਦੀ ਕੁੱਖੋਂ ਸੁਭਾਵਿਕ ਢੰਗ ਨਾਲ ਪੈਦਾ ਹੋਇਆ ਸੀ। ਦੂਜੇ ਆਖਿਆਨ ਅਨੁਸਾਰ ਰਾਜਾ ਯੁਵਨਾਸ਼੍ਵ ਦੇ ਕੋਈ ਪੁੱਤਰ ਨਹੀਂ ਸੀ। ਉਸ ਦੇ ਘਰ ਪੁੱਤਰ ਦੇ ਜਨਮ ਲਈ ਅਨੇਕ ਰਿਸ਼ੀਆਂ ਨੇ ਤਪ ਅਤੇ ਯੱਗ ਕੀਤੇ। ਇਕ ਵਾਰ ਰਾਜਾ ਸ਼ਿਕਾਰ ਕਰਦਾ ਥਕਿਆ ਹੋਇਆ ਚ੍ਯਵਨ ਰਿਸ਼ੀ ਦੇ ਆਸ਼੍ਰਮ ਵਿਚ ਜਾ ਪਹੁੰਚਿਆ। ਉਸ ਸਮੇਂ ਰਿਸ਼ੀ ਚ੍ਯਵਨ ਰਾਜੇ ਦੇ ਘਰ ਸੰਤਾਨ-ਉਤਪੱਤੀ ਲਈ ਘੋਰ ਤਪਸਿਆ ਕਰਕੇ ਮੰਤਰਾਂ ਨਾਲ ਪਵਿੱਤਰ ਕੀਤੇ ਜਲ ਦਾ ਕਲਸ਼ ਰਖ ਕੇ ਸੁੱਤਾ ਹੋਇਆ ਸੀ। ਰਾਜੇ ਦੇ ਆਵਾਜ਼ ਦੇਣ 'ਤੇ ਵੀ ਜਦੋਂ ਰਿਸ਼ੀ ਨਾ ਜਾਗਿਆ ਤਾਂ ਰਾਜੇ ਨੇ ਪਿਆਸ ਬੁਝਾਣ ਲਈ ਕਲਸ਼ ਦਾ ਜਲ ਪੀ ਲਿਆ; ਉਦੋਂ ਹੀ ਰਿਸ਼ੀ ਦੀ ਅੱਖ ਖੁਲ੍ਹ ਗਈ। ਉਸ ਨੇ ਕਿਹਾ ਕਿ ਹੁਣ ਰਾਜੇ ਦੇ ਸ਼ਰੀਰ ਤੋਂ ਹੀ ਪੁੱਤਰ ਦਾ ਜਨਮ ਹੋਵੇਗਾ। ਇਕ ਸੌ ਵਰ੍ਹੇ ਬਾਦ ਅਸ਼੍ਵਿਨੀ ਕੁਮਾਰਾਂ ਨੇ ਰਾਜੇ ਦੀ ਖੱਬੀ ਵੱਖੀ ਨੂੰ ਚੀਰ ਕੇ ਬਾਲਕ ਨੂੰ ਬਾਹਰ ਕਢਿਆ। ਉਸ ਬਾਲਕ ਨੂੰ ਜਦੋਂ ਦੁੱਧ ਪਿਲਾਉਣ ਦੀ ਸਮਸਿਆ ਖੜੀ ਹੋਈ ਤਾਂ ਇੰਦਰ ਨੇ ਆਪਣੇ ਸੱਜੇ ਹੱਥ ਦੇ ਅੰਗੂਠੇ ਦੇ ਨਾਲ ਵਾਲੀ ਉਂਗਲ ਚੁਸਾਂਦਿਆਂ ਕਿਹਾ ਕਿ 'ਇਹ ਮੈਨੂੰ ਹੀ ਪੀਵੇਗਾ।' ('ਮਾਮ੍ ਅਯੰ ਧਾਤਾ')। ਇਸ ਗੱਲ ਤੋਂ ਬਾਲਕ ਦਾ ਨਾਂ ਮਾਂਧਾਤਾ (ਮਾਂਧਾਤ੍ਰਿ) ਪ੍ਰਚਲਿਤ ਹੋ ਗਿਆ। ਸੰਭਵ ਹੈ ਕਿ ਇਹ ਵਿਚਿਤ੍ਰ ਕਥਾ 'ਮਾਂਧਾਤਾ' ਨਾਂ ਦੀ ਵਿਉਤਪੱਤੀ ਸਿੱਧ ਕਰਨ ਲਈ ਘੜੀ ਗਈ ਹੋਵੇ।

ਮਾਂਧਾਤਾ ਦੇ ਘਰ ਤਿੰਨ ਪੁੱਤਰ ਅਤੇ ਪੰਜਾਹ ਪੁੱਤਰੀਆਂ ਪੈਦਾ ਹੋਈਆਂ। ਇਹ ਸਾਰੀਆਂ ਲੜਕੀਆਂ ਸੌਭਰੀ ਨਾਂ ਦੇ ਰਿਸ਼ੀ ਨੂੰ ਵਿਆਹੀਆਂ। ਇਸ ਰਾਜਾ ਦਾ ਤਪ-ਸਥਾਨ ਝੀਲ ਮਾਨਸਰੋਵਰ ਦੇ ਕੰਢੇ ਮਾਂਧਾਤਾ ਨਾਂ ਦੇ ਪਰਬਤ ਉਤੇ ਹੈ। ਇਸ ਨੂੰ 'ਰਿਗਵੇਦ' ਦੇ ਇਕ ਮੰਤ੍ਰ ਦਾ ਰਚੈਤਾ ਵੀ ਮੰਨਿਆ ਜਾਂਦਾ ਹੈ।

'ਬਾਲਮੀਕੀ ਰਾਮਾਇਣ' (ਉੱਤਰ-ਕਾਂਡ/67) ਵਿਚ ਲਿਖਿਆ ਹੈ ਕਿ ਮਾਂਧਾਤਾ ਅਯੋਧਿਆ ਉਤੇ ਰਾਜ ਕਰਦਾ ਸੀ। ਇਸ ਨੇ ਸਾਰੀ ਪ੍ਰਿਥਵੀ ਨੂੰ ਜਿੱਤ ਕੇ ਸਵਰਗ ਉਤੇ ਅਧਿਕਾਰ ਕਰਨ ਦਾ ਮਨ ਬਣਾਇਆ। ਇੰਦਰ ਆਦਿ ਦੇਵਤਿਆਂ ਨੇ ਘਬਰਾ ਕੇ ਇਸ ਨੂੰ ਆਪਣਾ ਅੱਧਾ ਰਾਜ ਦੇਣ ਲਈ ਬੇਨਤੀ ਕੀਤੀ, ਪਰ ਇਹ ਨਾ ਮੰਨਿਆ। ਆਖ਼ਰ ਇੰਦਰ ਦੇ ਮੇਹਣਾ ਮਾਰਨ 'ਤੇ ਕਿ ਅਜੇ ਤਾਂ ਲਵਣਾਸੁਰ ਵੀ ਉਸ ਦੇ ਅਧੀਨ ਨਹੀਂ ਹੈ, ਮਾਂਧਾਤਾ ਧਰਤੀ ਉਤੇ ਆਇਆ ਅਤੇ ਲਵਣਾਸੁਰ ਨਾਲ ਘੋਰ ਯੁੱਧ ਕੀਤਾ। ਯੁੱਧ ਵਿਚ

ਲਵਣਾਸੁਰ ਨੇ ਆਪਣੇ ਤ੍ਰਿਸ਼ੂਲ ਨਾਲ ਮਾਂਧਾਤਾ ਅਤੇ ਇਸ ਦੀ ਸੈਨਾ ਨੂੰ ਨਸ਼ਟ ਕਰ ਦਿੱਤਾ।

ਭਟ ਕਵੀ ਕਲ੍ਯ ਨੇ ਗੁਰੂ ਨਾਨਕ ਦਾ ਯਸ਼ ਗਾਉਣ ਵਾਲਿਆਂ ਵਿਚ ਮਾਂਧਾਤਾ ਦਾ ਨਾਂ ਵੀ ਗਿਣਾਇਆ ਹੈ ਜੋ ਆਪਣੇ ਆਪ ਨੂੰ ਚਕ੍ਰਵਰਤੀ ਅਖਵਾਉਂਦਾ ਸੀ—'ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ' (ਅ. ਗ੍ਰੰ. 1390)।

ਮਾਨਸਰੋਵਰ : ਹਿਮਾਲਾ ਪਰਬਤ ਵਿਚ ਸਥਿਤ ਇਕ ਵੱਡੀ ਝੀਲ ਜੋ ਕੈਲਾਸ਼ ਪਰਬਤ ਦੇ ਦੱਖਣ ਵਲ ਸਮੁੰਦਰ-ਤਲ ਤੋਂ ਲਗਭਗ 15000 ਫੁਟ ਉੱਚਾਈ 'ਤੇ ਹੈ। ਇਸ ਦਾ ਵਿਸਤਾਰ ਭਾਈ ਕਾਨ੍ਹ ਸਿੰਘ ਨੇ 50-60 ਮੀਲ ਮੰਨਿਆ ਹੈ ਜਦ ਕਿ 'ਹਿੰਦੀ ਵਿਸ਼ਵ-ਕੋਸ਼' ਵਿਚ ਇਸ ਦਾ ਖੇਤਰਫਲ 200 ਵਰਗ-ਮੀਲ ਲਿਖਿਆ ਹੈ।

ਇਸ ਬਾਰੇ ਕੁਝ ਮਿਥ ਕਥਾਵਾਂ ਵੀ ਪ੍ਰਚਲਿਤ ਹਨ। ਇਕ ਕਥਾ ਅਨੁਸਾਰ ਇਸ ਦੀ ਰਚਨਾ ਬ੍ਰਹਮਾ ਨੇ ਖ਼ੁਦ ਕੀਤੀ ਸੀ। ਦੂਜੀ ਕਥਾ ਅਨੁਸਾਰ ਇਥੋਂ ਗੰਗਾ ਨਦੀ ਨਿਕਲਦੀ ਹੈ। ਤੀਜੀ ਕਥਾ ਅਨੁਸਾਰ ਇਸ ਦੇ ਕੰਢੇ ਹੰਸ ਰਹਿੰਦੇ ਹਨ ਅਤੇ ਮੋਤੀ ਚੁਗਦੇ ਹਨ। 'ਵਾਯੂ-ਪੁਰਾਣ' ਅਨੁਸਾਰ ਜਦੋਂ ਸਮੁੰਦਰ ਸਵਰਗ ਤੋਂ ਮੇਰੂ ਪਰਬਤ ਉਤੇ ਡਿਗਿਆ ਅਤੇ ਉਸ ਨੇ ਪਰਬਤ ਦੀਆਂ ਚਾਰ ਪਰਿਕ੍ਰਮਾ ਕੀਤੀਆਂ ਤਾਂ ਫਿਰ ਉਹ ਚਾਰ ਦਰਿਆਵਾਂ ਅਥਵਾ ਝੀਲਾਂ ਵਿਚ ਵੰਡਿਆ ਗਿਆ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਪੂਰਵ ਵਿਚ ਅਰੁਣੋਦ, ਪੱਛਮ ਵਿਚ ਸਿਤੋਦ, ਉੱਤਰ ਵਿਚ ਮਹਾਭਦ੍ਰ ਅਤੇ ਦੱਖਣ ਵਿਚ ਮਾਨਸ। ਹਿੰਦੂ-ਧਰਮ ਵਿਚ ਇਸ ਝੀਲ ਅਤੇ ਇਸ ਦੇ ਨਾਲ ਲਗਦੇ ਕੈਲਾਸ਼ ਪਰਬਤ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਹੈ।

ਸ਼ਿਵ ਕੁਮਾਰ ਨੇ ਆਪਣੇ ਦਿਲ ਨੂੰ ਮਾਨਸਰੋਵਰ ਮੰਨ ਕੇ ਪ੍ਰਾਣ ਨੂੰ ਹੰਸ ਕਿਹਾ ਹੈ— 'ਮੇਰੇ ਦਿਲ ਦੇ ਮਾਨਸਰੋਵਰਾਂ-/ਵਿਚ ਬੈਠੇ ਹੰਸ ਪਰਾਣ ਵੇ।/ਤੇਰਾ ਬਿਰਹਾ ਲਾ ਲਾ ਤੋੜੀਆਂ,/ਆਏ ਮੁੜ ਮੁੜ ਰੱਜ ਉਡਾਣ ਵੇ।' ਸੰਤ ਕਬੀਰ ਨੇ ਯੋਗ-ਮਤ ਦੀ ਪਰਿਭਾਸ਼ਿਕ ਸ਼ਬਦਾਵਲੀ ਵਿਚ ਇਸ ਨੂੰ ਸ਼ੁੱਧ ਅੰਤਹਕਰਣ ਮੰਨਿਆ ਹੈ—'ਸੋ ਬ੍ਰਹਮੰਡਿ ਪਿੰਡਿ ਸੋ ਜਾਨੁ।/ਮਾਨਸਰੋਵਰਿ ਕਰਿ ਇਸਨਾਨੁ' (ਅ. ਗ੍ਰੰ. 1162)।

ਮਾਯਾ : ਇਹ ਸ਼ਬਦ ਰਿਗ-ਵੇਦ ਤੋਂ ਲੈ ਕੇ ਸ਼ੰਕਰਾਚਾਰਯ ਤਕ ਆਪਣੇ ਕਈ ਅਰਥ ਬਦਲ ਚੁਕਿਆ ਹੈ। ਇਸ ਲਈ ਇਸ ਸ਼ਬਦ ਦੇ ਅਰਥ-ਗਤ ਅਤੇ ਸਿੱਧਾਂਤ-ਗਤ ਵਿਕਾਸ ਦਾ ਆਪਣਾ ਇਕ ਲੰਬਾ ਇਤਿਹਾਸ ਹੈ।

'ਮਾਯਾ' ਸ਼ਬਦ ਦੀ ਵਰਤੋਂ 'ਰਿਗ-ਵੇਦ' (6/47/18) ਵਿਚ 'ਰੂਪ-ਪਰਿਵਰਤਨ' ਦੇ ਅਰਥ ਵਿਚ ਹੋਈ ਹੈ। 'ਸ਼੍ਵੇਤਾਸ਼੍ਵਤਰ ਉਪਨਿਸ਼ਦ' (4/9) ਵਿਚ ਇਸ ਦੀ ਵਰਤੋਂ ਸ੍ਰਿਸ਼ਟੀ-ਪ੍ਰਪੰਚ ਲਈ ਹੋਈ ਹੈ ਜਿਸ ਵਿਚ ਜੀਵ ਨੂੰ ਸੱਚੇ ਗਿਆਨ ਦਾ ਆਭਾਸ ਔਖਾ ਹੋ ਜਾਂਦਾ ਹੈ। ਇਸ ਉਪਨਿਸ਼ਦ ਵਿਚ ਮਾਯਾ ਨੂੰ 'ਅਵਿਦਿਆ' ਅਤੇ 'ਪ੍ਰਕ੍ਰਿਤੀ' ਵੀ ਕਿਹਾ ਗਿਆ ਹੈ ਜਿਸ ਤੋਂ ਸਾਰੇ ਜਗਤ ਦੀ ਰਚਨਾ ਹੋਈ ਹੈ। ਹੋਰਨਾਂ ਉਪਨਿਸ਼ਦਾਂ ਵਿਚ ਵੀ ਮਾਯਾ ਦਾ ਇਹੀ ਪਰਿਭਾਸ਼ਿਕ ਰੂਪ ਉਘੜਿਆ ਹੈ।

'ਭਗਵਦ ਗੀਤਾ' (7/13-14) ਵਿਚ ਲਿਖਿਆ ਹੈ ਕਿ ਸਤੋ, ਰਜੋ ਅਤੇ ਤਮੋ ਨਾਂ ਦੇ ਗੁਣਾਤਮਕ ਭਾਵਾਂ, ਅਰਥਾਤ ਰਾਗ-ਦ੍ਵੇਸ਼ ਆਦਿ ਵਿਕਾਰਾਂ ਅਤੇ ਸੰਪੂਰਣ ਵਿਸ਼ਿਆਂ

ਨਾਲ ਇਹ ਸਾਰਾ ਸੰਸਾਰ ਮੋਹਿਆ ਜਾ ਰਿਹਾ ਹੈ, ਇਸ ਲਈ ਇਹ ਇਨ੍ਹਾਂ ਵਿਕਾਰਾਂ ਤੋਂ ਪਰੇ ਨਿਰਗੁਣ ਤੱਤ ਨੂੰ ਨਹੀਂ ਪਛਾਣਦਾ, ਕਿਉਂਕਿ ਇਹ ਗੁਣ-ਮਈ ਅਲੌਕਿਕ ਮਾਯਾ ਬਹੁਤ ਕਠਿਨ ਅਤੇ ਦੁਸਤਰ ਹੈ, ਲੰਘੀ ਨਹੀਂ ਜਾ ਸਕਦੀ। ਪਰ ਜੋ ਪਰਮਾਤਮਾ ਦਾ ਸਦਾ ਭਜਨ ਕਰਦੇ ਹਨ ਉਹ ਮਾਯਾ ਨੂੰ ਉਲੰਘ ਕੇ ਸੰਸਾਰ ਤੋਂ ਪਾਰ ਹੋ ਜਾਂਦੇ ਹਨ। ਇਸ ਤਰ੍ਹਾਂ ਗੀਤਾ ਅਨੁਸਾਰ ਮਾਯਾ ਅਗਿਆਨ ਜਾਂ ਅਵਿਦਿਆ ਦੀ ਸੂਚਕ ਹੈ।

ਨਿਆਇ, ਵੈਸ਼ੇਸ਼ਿਕ ਆਦਿ ਸ਼ਾਸਤ੍ਰਾਂ ਵਿਚ ਮਾਯਾ ਦਾ ਵਿਵੇਚਨ ਨਹੀਂ ਹੋਇਆ, ਪਰ ਸਾਂਖ੍ਯ ਸ਼ਾਸਤ੍ਰ ਵਿਚ ਪ੍ਰਕ੍ਰਿਤੀ ਜਾਂ ਅਵਿਦਿਆ ਇਕ ਪ੍ਰਕਾਰ ਨਾਲ ਮਾਯਾ ਦਾ ਹੀ ਪ੍ਰਤਿ-ਰੂਪ ਹੈ। 'ਭਾਗਵਤ ਪੁਰਾਣ' (2/9/33) ਵਿਚ ਇਸ ਨੂੰ 'ਅਪ੍ਰਤੀਤੀ' ਕਿਹਾ ਗਿਆ ਹੈ, ਕਿਉਂਕਿ ਜੋ ਵਸਤੂ ਨਾ ਹੋਣ ਤੇ ਵੀ ਹੋਂਦ ਵਾਲੀ ਵਸਤੂ ਜਿਹੀ ਪ੍ਰਤੀਤ ਹੋਵੇ ਅਤੇ ਜੋ ਵਸਤੂ ਹੋਣ 'ਤੇ ਵੀ ਉਹੋ ਜਿਹੀ ਨਾ ਹੋਵੇ, ਉਸ ਨੂੰ ਪਰਮਾਤਮਾ ਦੀ ਮਾਯਾ ਸਮਝਣਾ ਚਾਹੀਦਾ ਹੈ।

ਮਾਇਆ-ਸਿੱਧਾਂਤ ਦੀ ਪ੍ਰਤਿਸ਼ਠਾ ਅਤੇ ਸ਼ਾਸਤ੍ਰੀ ਵਿਸ਼ਲੇਸ਼ਣ, ਅਸਲ ਵਿਚ, ਸ਼ੰਕਰਾਚਾਰਯ ਦੀ ਦੇਣ ਹੈ। ਉਸ ਦਾ ਮਤ ਹੈ ਕਿ ਜੇ ਪਰਮਾਰਥਿਕ ਸੱਤਾ ਇਕ ਹੈ ਤਾਂ ਸੰਸਾਰ ਦੀ ਸ੍ਰਿਸ਼ਟੀ, ਵਾਸਤਵ ਵਿਚ, ਸ੍ਰਿਸ਼ਟੀ ਨਹੀਂ ਹੈ। ਈਸ਼ਵਰ ਆਪਣੀ ਮਾਯਾ ਸ਼ਕਤੀ ਰਾਹੀਂ ਸੰਸਾਰ ਦਾ ਇੰਦਰ-ਜਾਲ ਰਚਦਾ ਹੈ। ਫਲਸਰੂਪ ਉਹ ਇਕ ਹੁੰਦੇ ਹੋਇਆਂ ਵੀ ਅਨੇਕ ਰੂਪਾਂ ਵਾਲਾ ਦਿਸ ਪੈਂਦਾ ਹੈ। ਇਸ ਦਾ ਨਾਂ ਅਗਿਆਨ ਹੈ। ਅਗਿਆਨ ਦੇ ਨਾ ਰਹਿਣ 'ਤੇ ਈਸ਼ਵਰ ਦੀ ਅਨੇਕਤਾ ਦਾ ਭਰਮ ਖ਼ਤਮ ਹੋ ਜਾਂਦਾ ਹੈ। ਇਸ ਲਈ ਮਾਯਾ, ਅਵਿਦਿਆ ਜਾਂ ਅਗਿਆਨ ਇਕੋ ਹੀ ਗੱਲ ਦੇ ਸੂਚਕ ਹਨ। ਮਿਥਿਆ ਗਿਆਨ ਜਾਂ ਭਰਮ, ਸ਼ੰਕਰਾਚਾਰਯ ਅਨੁਸਾਰ, ਅਧਿਆਸ ਹੈ। ਅਵਸਤੂ (ਅਤੱਤ੍ਵ) ਵਿਚ ਵਸਤੂ (ਤੱਤ੍ਵ) ਦਾ ਆਰੋਪ ਹੋਣਾ ਮਿਥਿਆ ਗਿਆਨ ਹੈ ਅਤੇ ਇਹੀ ਆਰੋਪ ਜਾਂ ਅਧਿਆਸ ਹੈ। ਸਰੀਰ ਜਾਂ ਇੰਦ੍ਰੀਆਂ ਨੂੰ ਆਤਮਾ ਸਮਝ ਲੈਣਾ, ਹਨੇਰੇ ਵਿਚ ਰੱਸੀ ਨੂੰ ਸੱਪ ਸਮਝਣ ਵਾਂਗ ਭਰਮ ਹੈ, ਅਧਿਆਸ ਹੈ।

ਸ਼ੰਕਰਾਚਾਰਯ ਦੇ ਮਾਯਾ ਸੰਬੰਧੀ ਸਿੱਧਾਂਤ ਨੂੰ ਸਪੱਸ਼ਟ ਕਰਦਿਆਂ ਡਾ. ਰਾਜਬਲੀ ਪਾਂਡੇਯ ਨੇ ਦਸਿਆ ਹੈ ਕਿ ਮਾਯਾ ਦੇ ਦੋ ਕਾਰਜ ਹਨ—ਇਕ ਆਵਰਣ (ਢੱਕਣਾ) ਅਤੇ ਦੂਜਾ ਵਿਖੇਪ (ਪਸਾਰਨਾ)। ਆਵਰਣ ਨਾਲ ਮੋਹ ਪੈਦਾ ਹੁੰਦਾ ਹੈ ਜਿਸ ਕਰਕੇ ਜੀਵਾਤਮਾ ਅਤੇ ਬ੍ਰਹਮ ਤੇ ਜਗਤ ਵਿਚਾਲੇ ਭਰਮ ਪੈਦਾ ਹੋ ਜਾਂਦਾ ਹੈ ਅਤੇ ਜੀਵਾਤਮਾ ਜਗਤ ਨੂੰ ਸੱਚ ਸਮਝਣ ਲਗ ਜਾਂਦੀ ਹੈ। ਵਿਖੇਪ ਕਰਕੇ ਬ੍ਰਹਮ ਜਗਤ ਵਿਚ ਪ੍ਰਤਿ-ਭਾਸਿਤ ਹੁੰਦਾ ਹੈ।

ਮਾਯਾ ਦੇ ਮੁੱਖ ਤੌਰ ਤੇ ਅੱਠ ਲੱਛਣ ਹਨ—(1) ਇਹ ਸਾਂਖ੍ਯ ਦੀ ਪ੍ਰਕ੍ਰਿਤੀ ਵਾਂਗ ਜੜ ਹੈ, ਪਰ ਨਾ ਬ੍ਰਹਮ ਤੋਂ ਸੁਤੰਤਰ ਹੈ ਅਤੇ ਨਾ ਹੀ ਵਾਸਤਵਿਕ। (2) ਇਹ ਸ਼ਕਤੀ-ਰੂਪਾ ਬ੍ਰਹਮ ਦੀ ਸਹਿਚਰੀ ਅਤੇ ਉਸ ਉਤੇ ਬਿਲਕੁਲ ਆਧਾਰਿਤ ਹੈ। (3) ਇਹ ਅਨਾਦਿ ਹੈ। (4) ਇਹ ਸੱਤ ਅਤੇ ਅਸੱਤ ਦੋਹਾਂ ਤੋਂ ਵਿਲੱਖਣ ਹੈ। (5) ਇਹ ਕੇਵਲ ਵਿਵਰਤ (ਭਰਮ) ਹੈ, ਪਰ ਇਸ ਦੀ ਵਿਵਹਾਰਿਕ ਸੱਤਾ ਹੈ। (6) ਇਹ ਅਧਿਆਸ ਅਤੇ ਭ੍ਰਾਂਤੀ

ਹੈ, ਇਸ ਦੀ ਸੱਤਾ ਉਸੇ ਸਮੇਂ ਤਕ ਹੈ ਜਦ ਤਕ ਜੀਵਾਤਮਾ ਭਰਮ ਵਿਚ ਰਹਿੰਦੀ ਹੈ। (7) ਇਹ ਵਾਸਤਵਿਕ ਗਿਆਨ ਰਾਹੀਂ ਦੂਰ ਕਰਨ ਯੋਗ ਹੈ। (8) ਇਸ ਦਾ ਆਸਰਾ ਅਤੇ ਵਿਸ਼ਾ ਬ੍ਰਹਮ ਹੀ ਹੈ।

ਸ਼ੰਕਰ ਤੋਂ ਬਾਦ ਦੇ ਆਚਾਰਯ ਮਾਯਾ ਨੂੰ ਪਰਮਾਤਮਾ ਦੀ ਵਾਸਤਵਿਕ ਸ਼ਕਤੀ ਮੰਨਦੇ ਹਨ। ਨਾਥ-ਮਤ ਵਾਲਿਆਂ ਨੇ ਇਸ ਨੂੰ ਨਾਗਨ ਮੰਨ ਕੇ ਨਸ਼ਟ ਕਰਨ ਉਤੇ ਬਹੁਤ ਬਲ ਦਿੱਤਾ ਹੈ ਕਿਉਂਕਿ ਇਸ ਨੇ ਸਾਧਾਰਣ ਪ੍ਰਾਣੀ ਨੂੰ ਤਾਂ ਕੀ ਤ੍ਰੈ-ਦੇਵਾਂ ਨੂੰ ਵੀ ਛਲ ਲਿਆ ਹੈ। ਸਾਮੀ ਵਿਚਾਰਧਾਰਾ ਵਿਚ ਇਸ ਦੇ ਕੁਝ ਸਮਾਨਾਂਤਰ 'ਸ਼ੈਤਾਨ' ਦੀ ਕਲਪਨਾ ਹੋਈ ਹੈ। ਮੱਧ-ਯੁਗ ਦੇ ਭਗਤੀ-ਕਾਵਿ ਵਿਚ ਇਸ ਦਾ ਚਿਤ੍ਰਣ ਕਿਸੇ ਨਾ ਕਿਸੇ ਰੂਪ ਵਿਚ ਹੋਇਆ ਮਿਲ ਜਾਂਦਾ ਹੈ। ਇਹ, ਅਸਲ ਵਿਚ, ਬੜੀ ਪ੍ਰਬਲ ਅਤੇ ਤ੍ਰਿਗੁਣਾਤਮਕ ਸ਼ਕਤੀ ਹੈ। ਇਹ ਅਜਿਹੀ ਵੇਲ ਹੈ ਜਿਸ ਨੂੰ ਜੇ ਕਟ-ਕਟ ਕੇ ਖਾਇਆ ਜਾਏ ਤਾਂ ਬਹੁਤ ਵੱਧਦੀ ਹੈ ਅਤੇ ਜੇ ਪਰਮਾਤਮਾ ਦੇ ਧਿਆਨ ਰੂਪੀ ਜਲ ਨਾਲ ਸਿੰਜਿਆ ਜਾਏ, ਤਾਂ ਆਪਣੇ ਆਪ ਮੁਰਝਾ ਜਾਂਦੀ ਹੈ। ਸਾਧਕ ਦੇ ਮਨ ਵਿਚ ਵੈਰਾਗ ਦੀ ਭਾਵਨਾ ਪੈਦਾ ਹੋਣ ਨਾਲ ਮਾਯਾ ਦਾ ਆਦਰ ਘਟ ਜਾਂਦਾ ਹੈ ਅਤੇ ਇਹ ਨਿਰਾਸ਼ ਹੋ ਕੇ ਆਪਣਾ ਆਧਾਰ ਬਦਲ ਲੈਂਦੀ ਹੈ।

ਪੰਜਾਬੀ ਦੇ ਅਧਿਆਤਮਿਕ ਕਾਵਿ ਵਿਚ ਇਸ ਨੂੰ ਛਲ, ਭਰਮ, ਅਗਿਆਨ ਆਦਿ ਰੂਪਾਂ ਵਿਚ ਚਿੱਤਰਿਆ ਗਿਆ ਹੈ। ਗੁਰੂ ਅਰਜਨ ਨੇ ਟੋਡੀ ਰਾਗ ਵਿਚ ਕਿਹਾ ਹੈ — 'ਮਾਈ ਮਾਇਆ ਛਲੁ/ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ' (ਆ. ਗ੍ਰੰ. 717)। ਗੁਰੂ ਰਾਮਦਾਸ ਨੇ ਸੋਰਠ ਰਾਗ ਦੀ ਵਾਰ ਦੇ ਇਕ ਸਲੋਕ ਵਿਚ ਦਸਿਆ ਹੈ—'ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।/ ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ' (ਆ. ਗ੍ਰੰ. 643)।

ਮਾਯਾ, ਪੁਰੀ : ਵੇਖੋ 'ਹਰਿਦੁਆਰ'।

ਮਾਰਕਸ, ਕਾਲ : ਸਮਾਜਵਾਦ ਦੇ ਸੰਸਥਾਪਕ ਅਤੇ ਪ੍ਰਸਿੱਧ ਅਰਥ-ਸ਼ਾਸਤ੍ਰੀ ਕਾਲ ਮਾਰਕਸ ਦਾ ਜਨਮ 5 ਮਈ, 1818 ਈ. ਨੂੰ ਤ੍ਰੇਵੇਸ (ਪ੍ਰਸ਼ਾ) ਦੇ ਇਕ ਯਹੂਦੀ ਪਰਿਵਾਰ ਵਿਚ ਹੋਇਆ। ਬਾਦ ਵਿਚ ਇਸ ਪਰਿਵਾਰ ਨੇ ਈਸਾਈ ਧਰਮ ਗ੍ਰਹਿਣ ਕਰ ਲਿਆ। ਇਸ ਨੇ 17 ਵਰ੍ਹਿਆਂ ਦੀ ਉਮਰ ਤੋਂ ਪਹਿਲਾਂ ਬੋਂਨ ਯੂਨੀਵਰਸਿਟੀ ਵਿਚ ਅਤੇ ਫਿਰ ਜੇਨਾ ਯੂਨੀਵਰਸਿਟੀ ਵਿਚ ਕਾਨੂੰਨ, ਸਾਹਿੱਤ, ਇਤਿਹਾਸ ਅਤੇ ਦਰਸ਼ਨ ਦਾ ਅਧਿਐਨ ਕੀਤਾ ਅਤੇ ਸੰਨ 1841 ਈ. ਵਿਚ ਦਰਸ਼ਨ ਨਾਲ ਸੰਬੰਧਿਤ ਵਿਸ਼ੇ ਉਤੇ ਡਾਕਟ੍ਰੇਟ ਹਾਸਲ ਕੀਤੀ। ਸੰਨ 1842 ਈ. ਵਿਚ ਇਸ ਨੇ ਕੋਲੋਨ ਵਿਚ ਪੱਤਰਕਾਰ ਵਜੋਂ ਕੰਮ ਸ਼ੁਰੂ ਕੀਤਾ, ਪਰ ਉਥੋਂ ਸੰਨ 1843 ਈ. ਵਿਚ ਇਹ ਪੈਰਿਸ ਚਲਾ ਗਿਆ ਅਤੇ ਹੀਗਲ ਦੇ ਨੈਤਿਕ ਵਿਚਾਰਾਂ ਦੀ ਵਿਆਖਿਆ ਲਈ ਕਈ ਲੇਖ ਲਿਖੇ।

ਸੰਨ 1845 ਈ. ਵਿਚ ਫਰਾਂਸ ਵਿਚੋਂ ਕੱਢੇ ਜਾਣ ਕਾਰਣ ਇਹ ਬ੍ਰਸੇਲਸ ਪਹੁੰਚਿਆ ਅਤੇ ਜਰਮਨੀ ਦੇ ਮਜ਼ਦੂਰ ਸੰਗਠਨ ਅਤੇ 'ਕਮਿਊਨਿਸਟ ਲੀਗ' ਦੀ ਸਥਾਪਨਾ ਵਿਚ ਆਪਣਾ ਅਭੁੱਲ ਯੋਗਦਾਨ ਪਾਇਆ। ਸੰਨ 1848 ਈ. ਵਿਚ ਇਸ ਨੇ ਫਿਰ

ਕੋਲੋਨ ਜਾ ਕੇ 'ਨੋਏ ਰਾਇਨਿਸ਼ੇ ਜ਼ੀਤੂੰਗ' ਪੱਤਰ ਰਾਹੀਂ ਜਰਮਨੀ ਨੂੰ ਸਮਾਜਵਾਦੀ ਕ੍ਰਾਂਤੀ ਲਈ ਤਿਆਰ ਕੀਤਾ । ਸੰਨ 1849 ਈ. ਵਿਚ ਪ੍ਰਸ਼ਾ ਵਿਚੋਂ ਕੱਢੇ ਜਾਣ ਤੋਂ ਬਾਦ ਇਹ ਪੈਰਿਸ ਹੁੰਦਾ ਹੋਇਆ ਲੰਦਨ ਪਹੁੰਚਿਆ ਅਤੇ ਬਾਕੀ ਸਾਰੀ ਉਮਰ ਉਥੇ ਹੀ ਰਿਹਾ । ਸੰਨ 1867 ਈ. ਵਿਚ ਇਸ ਦੀ ਪੁਸਤਕ 'ਦ ਕੈਪੀਟਲ' ਦਾ ਪਹਿਲਾ ਭਾਗ ਪ੍ਰਕਾਸ਼ਿਤ ਹੋਇਆ । ਇਸ ਦੇ ਬਾਕੀ ਭਾਗ ਮਾਰਕਸ ਦੇ ਦੇਹਾਂਤ ਤੋਂ ਬਾਦ ਅੰਜੇਲਸ ਨੇ ਸੰਪਾਦਿਤ ਕੀਤੇ ।

ਸੰਨ 1864 ਈ. ਵਿਚ ਇਸ ਨੇ 'ਅੰਤਰ-ਰਾਸ਼ਟ੍ਰੀਯ ਮਜ਼ਦੂਰ ਸੰਘ' ਦੀ ਸਥਾਪਨਾ ਲਈ ਬਹੁਤ ਕੰਮ ਕੀਤਾ, ਪਰ ਬਾਦ ਵਿਚ ਪੈਦਾ ਹੋਈਆਂ ਪਰਿਸਥਿਤੀਆਂ ਕਾਰਣ ਇਹ ਸੰਘ ਵਿਕਸਿਤ ਨਾ ਹੋ ਸਕਿਆ । ਹਾਂ, ਇਸ ਸੰਘ ਦੀ ਬਿਰਤੀ ਅਤੇ ਚੇਤਨਾ ਨੇ ਬਹੁਤ ਸਾਰੇ ਦੇਸ਼ਾਂ ਦੀਆਂ ਸਮਾਜਵਾਦੀ ਪਾਰਟੀਆਂ ਅਤੇ ਮਜ਼ਦੂਰ ਸੰਗਠਨਾਂ ਨੂੰ ਉਤਸਾਹਿਤ ਕੀਤਾ । 14 ਮਾਰਚ, 1883 ਈ. ਵਿਚ ਲੰਬੀ ਬੀਮਾਰੀ ਤੋਂ ਬਾਦ ਇਸ ਦਾ ਦੇਹਾਂਤ ਹੋਇਆ ।

ਇਹ ਜੀਵਨ ਭਰ ਆਰਥਿਕ ਸੰਕਟਾਂ ਨਾਲ ਘਿਰਿਆ ਦੇਸ-ਬਦੇਸ ਠੋਕਰਾਂ ਖਾਂਦਾ ਰਿਹਾ, ਪਰ ਇਸ ਨੇ ਆਪਣੇ ਅਸੂਲ ਅਤੇ ਵਿਚਾਰਧਾਰਾ ਦੀ ਕੀਮਤ 'ਤੇ ਕਿਸੇ ਨਾਲ ਸਮਝੌਤਾ ਨਾ ਕੀਤਾ । ਇਸ ਨੇ ਸਮਾਜਵਾਦ ਦੀ ਸਥਾਪਨਾ ਲਈ ਲੋਕਾਂ ਨੂੰ ਜਾਗ ਲਾ ਦਿੱਤੀ । ਇਸ ਦੀਆਂ ਪੁਸਤਕਾਂ ਅਤੇ ਲੇਖ ਮਜ਼ਦੂਰਾਂ ਅਤੇ ਕਿਸਾਨਾਂ ਲਈ ਧਰਮ-ਪੁਸਤਕਾਂ ਤੋਂ ਘਟ ਮਹੱਤਵ ਨਹੀਂ ਰਖਦੇ । ਬਾਵਾ ਬਲਵੰਤ ਨੇ ਆਪਣੀ ਕਵਿਤਾ 'ਬਾਗ਼ੀ' ਵਿਚ ਮਾਰ੍ਕਸ ਵਲ ਸੰਕੇਤ ਕੀਤਾ ਹੈ—'ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ,/ ਮੈਂ ਹਾਂ ਮਾਰਕਸ ਦੀ ਖੁਦਾਈ ਦੀ ਦੌਲਤ ।'

ਮਾਰਕੰਡੇਯ, ਰਿਸ਼ੀ : 'ਮਾਰਕੰਡੇਯ-ਪੁਰਾਣ' ਦੇ ਰਚੈਤਾ ਮਾਰਕੰਡੇਯ ਰਿਸ਼ੀ ਦਾ ਜਨਮ ਮ੍ਰਿਕੰਡੁ ਰਿਸ਼ੀ ਦੇ ਘਰ ਹੋਇਆ । 'ਮਾਰਕੰਡੇਯ ਪੁਰਾਣ' (1/49) ਵਿਚ ਲਿਖਿਆ ਹੈ ਕਿ ਭ੍ਰਿਗੂ ਦਾ ਵਿਆਹ ਖਿਆਤੀ ਨਾਲ ਹੋਇਆ ਜਿਸ ਦੀ ਕੁੱਖ ਤੋਂ ਧਾਤਾ ਅਤੇ ਵਿਧਾਤਾ ਨਾਂ ਦੇ ਦੋ ਪੁੱਤਰ ਪੈਦਾ ਹੋਏ । ਵਿਧਾਤਾ ਦਾ ਵਿਆਹ ਮੇਰੂ ਦੀ ਪੁੱਤਰੀ ਨਿਯਤਿ ਨਾਲ ਹੋਇਆ ਜਿਸ ਦੀ ਕੁੱਖੋਂ ਮ੍ਰਿਕੰਡੁ ਦਾ ਜਨਮ ਹੋਇਆ। ਮ੍ਰਿਕੰਡੁ ਦਾ ਵਿਆਹ ਮਨਸ੍ਵਿਨੀ ਨਾਲ ਹੋਇਆ । ਇਨ੍ਹਾਂ ਦਾ ਹੀ ਪੁੱਤਰ ਮਾਰਕੰਡੇਯ ਨਾਂ ਨਾਲ ਪ੍ਰਸਿੱਧ ਹੋਇਆ ।

'ਨ੍ਰਿਸਿੰਘ-ਪੁਰਾਣ' ਅਨੁਸਾਰ ਮ੍ਰਿਕੰਡੁ ਨੂੰ ਬਾਲਕ ਦੇ ਜੰਮਦਿਆਂ ਹੀ ਬੋਧ ਹੋ ਗਿਆ ਕਿ ਇਸ ਦੀ ਉਮਰ ਕੇਵਲ ਬਾਰ੍ਹਾਂ ਵਰ੍ਹਿਆਂ ਦੀ ਹੈ । ਫਲਸਰੂਪ ਉਹ ਦੋਵੇਂ ਪਤੀ-ਪਤਨੀ ਚਿੰਤਿਤ ਰਹਿਣ ਲਗੇ । ਮਾਤਾ-ਪਿਤਾ ਨੂੰ ਚਿੰਤਾ-ਗ੍ਰਸਿਤ ਵੇਖ ਕੇ ਮਾਰਕੰਡੇਯ ਨੇ ਬਹੁਤ ਤਪਸਿਆ ਕੀਤੀ ਅਤੇ ਵਿਸ਼ਣੂ ਤੋਂ ਚਿਰ-ਜੀਵੀ ਹੋਣ ਦਾ ਵਰ ਪ੍ਰਾਪਤ ਕੀਤਾ । ਪਰ 'ਪਦਮ-ਪੁਰਾਣ' ਅਨੁਸਾਰ ਚਿਰ-ਜੀਵੀ ਹੋਣ ਦਾ ਵਰ ਸੱਤ ਰਿਸ਼ੀਆਂ ਨੇ ਇਸ ਦੇ ਪ੍ਰਣਾਮ ਕਰਨ 'ਤੇ ਖ਼ੁਸ਼ ਹੋ ਕੇ ਦਿੱਤਾ ਸੀ । ਜਦੋਂ ਉਨ੍ਹਾਂ ਨੂੰ ਇਸ ਦੇ ਅਲਪ-ਆਯੂ ਵਾਲਾ ਹੋਣ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਬ੍ਰਹਮਾ ਪਾਸੋਂ ਇਸ ਨੂੰ ਵਰ ਦਿਵਾ ਕੇ ਲੰਬੀ ਉਮਰ ਵਾਲਾ ਕੀਤਾ। ਇਸ ਦਾ ਵਿਆਹ 'ਧੂਮਾਵਤੀ' ਨਾਲ ਹੋਇਆ ਜਿਸ ਦੀ ਕੁੱਖੋਂ ਵੇਦਸ਼ਿਰਾ ਨੇ ਜਨਮ

ਲਿਆ।

ਚਿਰ-ਜੀਵੀ ਹੋਣ ਦੇ ਬਾਵਜੂਦ ਇਸ ਨੇ ਜੀਵਨ ਭਰ ਰਹਿਣ ਲਈ ਕੋਈ ਕੁਟੀਆ ਨਾ ਬਣਾਈ, ਬਸ ਸਿਰ ਉਤੇ ਕੱਖਾਂ ਕਾਨਿਆਂ ਦਾ ਬਣਿਆ ਵੱਡਾ ਸਾਰਾ ਛੂਨਾ ਰਖ ਕੇ ਧੁਪ ਅਤੇ ਵਰਸ਼ਾ ਤੋਂ ਆਪਣੇ ਆਪ ਨੂੰ ਬਚਾਉਂਦਾ ਰਿਹਾ। ਭਗਤ ਨਾਮਦੇਵ ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ।/ ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ' (ਅ. ਗ੍ਰੰ. 692)।

ਮਾਰਤੰਡ, ਮੰਦਿਰ : 'ਮਾਰਤੰਡ' ਦਾ ਅਰਥ ਹੈ ਸੂਰਜ। ਪੁਰਾਣ-ਸਾਹਿੱਤ ਅਨੁਸਾਰ ਬੁੱਧ ਦੇ ਸਰਾਪ ਕਾਰਣ ਸੂਰਜ ਦਾ ਪਿੰਡ ਅਦਿਤਿ ਦੇ ਗਰਭ ਵਿਚ ਗਲ ਗਿਆ, ਪਰ ਕਸ਼੍ਯਪ ਨੇ ਆਪਣੀ ਸ਼ਕਤੀ ਨਾਲ ਮੋਏ ਹੋਏ ਅੰਡੇ ਵਿਚ ਜਾਨ ਪਾ ਦਿੱਤੀ। ਇਸ ਕਰਕੇ ਇਹ 'ਮਾਰਤੰਡ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਸੂਰਜ ਦੇਵਤਾ ਦੇ ਉਪਾਸਕ ਰਾਜਾ ਲਲਿਤਾਦਿਤ੍ਯ ਨੇ ਅੱਠਵੀਂ ਸਦੀ ਵਿਚ ਕਸ਼ਮੀਰ ਵਿਚ ਮਾਰਤੰਡ ਦਾ ਇਕ ਸੁੰਦਰ ਮੰਦਿਰ ਬਣਵਾਇਆ ਜੋ ਭਵਨ-ਨਿਰਮਾਣ ਕਲਾ ਦਾ ਉਜਲਾ ਨਮੂਨਾ ਸੀ। ਪਰ ਧਰਮਾਂਧ ਮੁਸਲਮਾਨ ਹਮਲਾਵਰਾਂ ਨੇ ਇਸ ਮੰਦਿਰ ਨੂੰ ਤੋੜ-ਫੋੜ ਦਿੱਤਾ। ਇਸ ਦੇ ਖੰਡਰਾਂ ਨੂੰ ਵੇਖ ਕੇ ਭਾਈ ਵੀਰ ਸਿੰਘ ਨੇ ਦੋ ਕਵਿਤਾਵਾਂ ਲਿਖੀਆਂ ਜੋ 'ਮਟਕ ਹੁਲਾਰੇ' ਕਾਵਿ-ਸੰਗ੍ਰਹਿ ਵਿਚ ਦਰਜ ਹਨ। ਮੰਦਿਰ ਦੀ ਬਰਬਾਦੀ ਵਲ ਸੰਕੇਤ ਕਰਦਿਆਂ ਕਲਾ ਦੇ ਪ੍ਰੇਮੀ ਕਵੀ ਨੇ ਲਿਖਿਆ ਹੈ—'ਮਾਰ ਪਈ ਜਦ ਮਾਰਤੰਡ ਨੂੰ/ ਪੱਥਰ ਰੋ ਕੁਰਲਾਣੇ—'।

ਮਾਰਫ਼ਤ : ਸੂਫ਼ੀ ਚਤੁਰਾਂਗ ਮਾਰਗ ਦਾ ਤੀਜਾ ਪੜਾ। ਵੇਖੋ 'ਸੂਫ਼ੀਮਤ'।

ਮਾਰਵਾੜ : ਇਸ ਤੋਂ ਭਾਵ ਹੈ ਮਰੁ-ਭੂਮੀ ਜਿਥੇ ਪਾਣੀ ਦੀ ਥੁੜ੍ਹ ਹੋਵੇ। ਉਂਜ ਇਹ ਸ਼ਬਦ ਰਾਜਸਥਾਨ ਦੇ ਬੀਕਾਨੇਰ-ਜੋਧਪੁਰ ਖੇਤਰ ਲਈ ਰੂੜ੍ਹ ਹੋ ਚੁਕਿਆ ਹੈ। ਇਥੋਂ ਦਾ ਅਧਿਕਤਰ ਇਲਾਕਾ ਰੇਤੀਲਾ ਅਤੇ ਖ਼ੁਸ਼ਕ ਹੈ। ਪਾਣੀ ਦੀ ਬਹੁਤ ਘਾਟ ਕਾਰਣ ਇਥੋਂ ਦੇ ਲੋਕਾਂ ਲਈ ਪਾਣੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਲਈ ਕਿਸੇ ਅਧਿਕ ਪਿਆਰੀ ਅਥਵਾ ਦੁਰਲਭ ਵਸਤੂ ਦੇ ਮਹੱਤਵ ਨੂੰ ਦਰਸਾਉਣ ਲਈ ਉਦਾਹਰਣ ਵਜੋਂ ਮਾਰਵਾੜ ਦੇ ਨਿਵਾਸੀ ਲਈ ਪਾਣੀ ਦੀ ਅਹਿਮੀਅਤ ਨੂੰ ਦਰਸਾਇਆ ਜਾਂਦਾ ਹੈ। ਭਗਤ ਨਾਮਦੇਵ ਨੇ ਪਰਮਾਤਮਾ ਲਈ ਪ੍ਰੇਮ ਦੀ ਸਥਿਤੀ ਨੂੰ ਸਪੱਸ਼ਟ ਕਰਨ ਲਈ ਇਹੀ ਉਪਮਾਨ ਵਰਤਿਆ ਹੈ—'ਮਾਰਵਾੜਿ ਜੈਸੇ ਨੀਰੁ ਬਾਹਲਾ ਬੇਲਿ ਬਾਲਹਾ ਕਰਹਲਾ।/ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ' (ਅ. ਗ੍ਰੰ. 693)।

ਮਾਰੀਚ : ਇਕ ਰਾਖਸ਼ ਜੋ ਸੁੰਦ ਦੇ ਘਰ ਤਾੜਕਾ ਦੀ ਕੁੱਖੋਂ ਪੈਦਾ ਹੋਇਆ। ਇਹ ਰਿਸ਼ੀਆਂ ਦੇ ਯੱਗ-ਕਰਮ ਵਿਚ ਵਿਘਨ ਪਾਉਂਦਾ ਸੀ। ਇਸ ਨੂੰ ਦਸ ਹਜ਼ਾਰ ਹਾਥੀਆਂ ਜਿੰਨੇ ਬਲ ਦਾ ਵਰਦਾਨ ਪ੍ਰਾਪਤ ਸੀ। ਇਕ ਵਾਰ ਮੁਨਿ ਵਿਸ਼ਵਾਮਿਤਰ ਦੇ ਯੱਗ ਕਰਨ ਵੇਲੇ ਇਸ ਨੇ ਸੁਬਾਹੁ ਨਾਲ ਮਿਲ ਕੇ ਯੱਗ-ਵੇਦੀ ਵਿਚ ਲਹੂ-ਮਾਸ ਦੀ ਵਰਖਾ ਕੀਤੀ। ਯੱਗ ਦੀ ਰਖਿਆ ਲਈ ਵਿਸ਼ਵਾਮਿਤਰ ਦਸ਼ਰਥ ਪਾਸੋਂ ਰਾਮ ਅਤੇ ਲੱਛਮਣ ਨੂੰ ਮੰਗ ਕੇ ਲੈ ਗਿਆ। 'ਬਾਲਮੀਕੀ ਰਾਮਾਇਣ' (ਬਾਲ-ਕਾਂਡ) ਅਨੁਸਾਰ ਪੰਜ ਦਿਨ ਬੀਤਣ ਤੋਂ

ਬਾਦ ਰਾਖਸ਼ਾਂ ਨੇ ਲਹੂ-ਮਾਸ ਦਾ ਮੀਂਹ ਵਸਾਉਣਾ ਸ਼ੁਰੂ ਕੀਤਾ। ਰਾਮ ਅਤੇ ਲੱਛਮਣ ਨੇ ਬਹੁਤ ਸਾਰੇ ਰਾਖਸ਼ ਮਾਰ ਦਿੱਤੇ। ਰਾਮ ਨੇ ਮਾਨਵਾਸਤ੍ਰ ਨਾਲ ਮਾਰੀਚ ਨੂੰ ਇਕ ਸੌ ਯੋਜਨ ਪਰੇ ਸੁਟ ਦਿੱਤਾ ਅਤੇ ਲੱਛਮਣ ਨੇ ਅਗਨੀ ਅਸਤ੍ਰ ਨਾਲ ਸੁਬਾਹੂ ਨੂੰ ਘਾਇਲ ਕਰ ਦਿੱਤਾ।

ਸਮੁੰਦਰ ਕੰਢੇ ਪਹੁੰਚ ਕੇ ਮਾਰੀਚ ਰਾਵਣ ਦੇ ਸੰਪਰਕ ਵਿਚ ਆਇਆ। ਰਾਵਣ ਨੇ ਉਸ ਨੂੰ ਆਪਣਾ ਵਜ਼ੀਰ ਬਣਾ ਲਿਆ। ਜਦੋਂ ਸੰਨਿਆਸੀ ਦਾ ਭੇਸ ਬਦਲ ਕੇ ਰਾਵਣ ਸੀਤਾ ਦੇ ਹਰਣ ਲਈ ਗਿਆ ਤਾਂ ਮਾਰੀਚ ਨਾਲ ਸੀ। ਇਸ ਨੇ ਸੁਨਹਿਰੀ ਹਿਰਨ ਦਾ ਰੂਪ ਧਾਰਣ ਕਰਕੇ ਸੀਤਾ ਨੂੰ ਭਰਮਾਇਆ ਅਤੇ ਉਸ ਨੇ ਰਾਮ ਨੂੰ ਸੁਨਹਿਰੀ ਹਿਰਨ ਮਾਰਨ ਲਈ ਪ੍ਰੇਰਿਤ ਕੀਤਾ। ਰਾਮ ਸੀਤਾ ਦੀ ਰਖਿਆ ਲਈ ਪਿਛੇ ਲੱਛਮਣ ਨੂੰ ਛਡ ਗਏ। ਰਾਮ ਦੇ ਤੀਰ ਲਗਣ ਨਾਲ ਸੁਨਿਹਰੀ ਹਿਰਨ ਮਾਰਿਆ ਗਿਆ, ਪਰ ਮਰਨ ਵੇਲੇ ਉਸ ਨੇ ਰਾਖਸ਼ ਰੂਪ ਧਾਰਣ ਕਰ ਲਿਆ ਅਤੇ ਮਰਨ ਤੋਂ ਪਹਿਲਾਂ ਉੱਚੇ ਸੁਰ ਵਿਚ ਚੀਖਿਆ—'ਹਾ ਲੱਛਮਣ, ਹਾ ਸੀਤਾ।'

ਸੀਤਾ ਨੇ ਕਿਸੇ ਮੰਦੀ ਘਟਨਾ ਦੀ ਕਲਪਨਾ ਕਰਦਿਆਂ ਲੱਛਮਣ ਨੂੰ ਰਾਮ ਦੀ ਸਹਾਇਤਾ ਲਈ ਭੇਜਿਆ। ਪਿਛੋਂ ਰਾਵਣ ਸੰਨਿਆਸੀ ਭੇਸ ਵਿਚ ਸੀਤਾ ਨੂੰ ਚੁਕ ਕੇ ਲੈ ਗਿਆ। ਵਾਰਿਸ ਸ਼ਾਹ ਨੇ ਮਾਰੀਚ ਦੇ ਮਾਰਨ ਵਲ ਸੰਕੇਤ ਕੀਤਾ ਹੈ—'ਘਤ ਕ੍ਰੋਧ ਸੁਬਾਹੁ ਮਾਰੀਚ ਮਾਰਿਓ।'

ਮਿਅਰਾਜ/ਮੇਅਰਾਜ : ਇਸ ਤੋਂ ਭਾਵ ਹੈ ਹਜ਼ਰਤ ਮੁਹੰਮਦ ਦੀ ਆਸਮਾਨੀ ਯਾਤ੍ਰਾ। ਕਹਿੰਦੇ ਹਨ ਕਿ ਜਿਬਰਾਈਲ ਫ਼ਰਿਸ਼ਤਾ ਜਦੋਂ ਹਜ਼ਰਤ ਮੁਹੰਮਦ ਲਈ ਖ਼ੁਦਾ ਦਾ ਪੈਗ਼ਾਮ ਲੈ ਕੇ 'ਹਿਰਾ' ਪਹਾੜ ਦੀ ਗੁਫ਼ਾ ਵਿਚ ਆਇਆ ਤਾਂ ਘੋੜੇ ਦੀ ਸ਼ਕਲ ਦਾ ਪ੍ਰਾਣੀ ਵੀ ਨਾਲ ਲਿਆਇਆ ਜਿਸ ਦਾ ਨਾਂ 'ਬੁਰਾਕ' ਸੀ ਅਤੇ ਰੰਗ ਚਿੱਟਾ ਸੀ; ਉਹ ਖੰਭਾਂ ਨਾਲ ਉਡਦਾ ਸੀ। ਉਸ ਉਤੇ ਸਵਾਰ ਹੋ ਕੇ ਹਜ਼ਰਤ ਸੱਤਵੇਂ ਆਸਮਾਨ ਤੇ ਖ਼ੁਦਾ ਨੂੰ ਮਿਲਣ ਗਏ। ਇਸ ਨੂੰ 'ਰੂਹਾਨੀ' ਸਫ਼ਰ ਵੀ ਕਿਹਾ ਜਾਂਦਾ ਹੈ।

ਇਹ ਵੀ ਮੰਨਿਆ ਜਾਂਦਾ ਹੈ ਕਿ ਹਜ਼ਰਤ ਖ਼ੁਦਾ ਦੇ ਹੁਕਮ ਨਾਲ ਮੱਕੇ ਤੋਂ ਇਸ ਯਾਤ੍ਰਾ ਲਈ ਚਲੇ ਸਨ। ਪਹਿਲਾਂ ਉਨ੍ਹਾਂ ਨੇ ਸੱਤਾਂ ਆਸਮਾਨਾਂ ਦੀ ਸੈਰ ਕੀਤੀ। ਫਿਰ ਜਿਥੋਂ ਤਕ ਖ਼ੁਦਾ ਦੀ ਆਗਿਆ ਮਿਲੀ, ਉਥੋਂ ਤਕ ਫਿਰੇ ਅਤੇ ਦੋਜ਼ਖ ਅਤੇ ਬਹਿਸ਼ਤ ਨੂੰ ਵੇਖਿਆ। ਤਦ-ਉਪਰੰਤ ਮੱਕੇ ਪਰਤ ਆਏ। ਇਸ ਯਾਤ੍ਰਾ ਨੂੰ ਇਸਲਾਮ ਵਿਚ ਬੜਾ ਪਵਿੱਤਰ ਮੰਨਿਆ ਜਾਂਦਾ ਹੈ। ਬੁਲ੍ਹੇ ਸ਼ਾਹ ਨੇ ਲਿਖਿਆ ਹੈ—'ਆਬਦ ਆਪ ਰਸੂਲ ਕਹਾਇਆ,/ਵਿਚ ਮਿਅਰਾਜ ਬੁਰਾਕ ਮੰਗਾਇਆ।'

ਮਿਰਜ਼ਾ-ਸਾਹਿਬਾਂ : ਪੰਜਾਬ ਦਾ ਇਕ ਪ੍ਰੇਮੀ ਜੋੜਾ, ਜਿਨ੍ਹਾਂ ਦਾ ਇਤਿਹਾਸਿਕ ਆਧਾਰ ਬਹੁਤ ਕਮਜ਼ੋਰ ਹੈ। ਪੰਜਾਬੀ ਵਿਚ ਇਸ ਰੋਮਾਂਸ ਨਾਲ ਸੰਬੰਧਿਤ ਸਭ ਤੋਂ ਪਹਿਲਾਂ ਕਿੱਸਾ ਪੀਲੂ ਨੇ ਲਿਖਿਆ ਅਤੇ ਉਸ ਤੋਂ ਬਾਦ ਕਈ ਕਵੀਆਂ ਅਥਵਾ ਕਿੱਸਾਕਾਰਾਂ ਨੇ ਆਪਣੀ ਆਪਣੀ ਸ਼ੈਲੀ ਵਿਚ ਇਸ ਦਾ ਬਿਆਨ ਕੀਤਾ।

ਮਿਰਜ਼ਾ ਦਾਨਾਬਾਦ ਦੇ ਜਾਗੀਰਦਾਰ ਅਤੇ ਖਰਲ ਜਾਤਿ ਦੇ ਜੱਟ ਬਿੰਝਲ ਦਾ ਪੁੱਤਰ

ਸੀ। ਇਸ ਦੇ ਨਾਨਕੇ ਝੰਗ ਦੇ ਸਿਆਲ ਸਨ। ਇਹ ਬਚਪਨ ਵਿਚ ਨਾਨਕੇ ਹੀ ਰਿਹਾ ਅਤੇ ਉਥੇ ਹੀ ਮਸਜਿਦ ਵਿਚ ਪੜ੍ਹਦਿਆਂ ਖੀਵੇ ਖ਼ਾਨ ਸਿਆਲ ਦੀ ਧੀ 'ਸਾਹਿਬਾਂ' ਨਾਲ ਪ੍ਰੇਮ ਕਰ ਬੈਠਾ। ਜਦੋਂ ਇਸ ਗੱਲ ਦਾ ਸਾਹਿਬਾਂ ਦੇ ਮਾਪਿਆਂ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਸਾਹਿਬਾਂ ਨੂੰ ਚੰਧੜ ਜਾਤਿ ਦੇ ਤਾਹਿਰ ਨਾਂ ਦੇ ਮੁੰਡੇ ਨਾਲ ਮੰਗ ਦਿੱਤਾ ਅਤੇ ਮਿਰਜ਼ਾ ਉਥੋਂ ਅਪਮਾਨਿਤ ਹੋ ਕੇ ਆਪਣੇ ਪਿੰਡ ਦਾਨਾਬਾਦ ਆ ਗਿਆ।

ਮਿਰਜ਼ੇ ਦੇ ਜਾਣ ਤੋਂ ਬਾਦ ਸਾਹਿਬਾਂ ਦੇ ਪਿਤਾ ਨੇ ਵਿਆਹ ਦਾ ਦਿਨ ਨਿਸ਼ਚਿਤ ਕਰ ਦਿੱਤਾ। ਸਾਹਿਬਾਂ ਨੇ ਗੁਪਤ ਢੰਗ ਨਾਲ ਮਿਰਜ਼ੇ ਨੂੰ ਖ਼ਬਰ ਕੀਤੀ। ਮਿਰਜ਼ਾ ਨੇ ਸ਼ਸਤ੍ਰ ਧਾਰਣ ਕੀਤੇ ਅਤੇ ਆਪਣੀ ਤੇਜ਼-ਰਫ਼ਤਾਰ ਘੋੜੀ 'ਬੱਕੀ' ਉਤੇ ਸਵਾਰ ਹੋ ਕੇ ਸਾਹਿਬਾਂ ਦੇ ਪਿੰਡ ਪਹੁੰਚਿਆ ਅਤੇ ਉਸ ਨੂੰ ਆਪਣੀ ਘੋੜੀ ਉਤੇ ਬਿਠਾ ਕੇ ਭਜ ਗਿਆ। ਬਹੁਤ ਦੂਰ ਨਿਕਲ ਕੇ ਸਾਹਿਬਾਂ ਦੇ ਸਮਝਾਉਣ ਦੇ ਬਾਵਜੂਦ ਥਕਾਵਟ ਨੂੰ ਦੂਰ ਕਰਨ ਲਈ ਮਿਰਜ਼ਾ ਇਕ ਜੰਡ ਦੇ ਬ੍ਰਿਛ ਹੇਠਾਂ ਘੋੜੀ ਬੰਨ੍ਹ ਕੇ ਸੁਸਤਾਉਣ ਲਗ ਗਿਆ। ਉਧਰ ਸਾਹਿਬਾਂ ਦੇ ਭਰਾ ਖ਼ਾਨ ਸ਼ਮੀਰ ਦੀ ਅਗਵਾਈ ਵਿਚ ਸਿਆਲ ਅਤੇ ਸਾਹਿਬਾਂ ਦੇ ਸਹੁਰੇ, ਚੰਧੜ, ਮਿਰਜ਼ੇ ਅਤੇ ਸਾਹਿਬਾਂ ਦਾ ਖੁਰਾ-ਖੋਜ ਕੱਢਣ ਲਈ ਨਿਕਲ ਪਏ। ਜਦੋਂ ਸਾਹਿਬਾਂ ਨੇ ਘੋੜ-ਚੜ੍ਹਿਆਂ ਸਹਿਤ ਆਪਣੇ ਭਰਾ ਨੂੰ ਵੇਖਿਆ ਤਾਂ ਭਰਾ ਦੇ ਅਨਿਸ਼ਟ ਨੂੰ ਟਾਲਣ ਦੀ ਭਾਵਨਾ ਨਾਲ ਮਿਰਜ਼ੇ ਦੇ ਤਰਕਸ਼ ਨੂੰ ਜੰਡ ਨਾਲ ਟੰਗ ਦਿੱਤਾ। ਨਿਹੱਥਾ ਮਿਰਜ਼ਾ ਸਾਹਿਬਾਂ ਨੂੰ ਕੋਸਦਾ ਹੋਇਆ ਖ਼ਾਨ ਸ਼ਮੀਰ ਦੇ ਹੱਥੋਂ ਮਾਰਿਆ ਗਿਆ ਅਤੇ ਸਾਹਿਬਾਂ ਨੂੰ ਸਿਆਲ ਪਕੜ ਕੇ ਲੈ ਗਏ। ਮਿਰਜ਼ੇ ਦੀ ਸਵਾਰ ਤੋਂ ਸਖਣੀ ਘੋੜੀ ਦਾਨਾਬਾਦ ਨੂੰ ਪਰਤ ਗਈ। 'ਦਸਮ-ਗ੍ਰੰਥ' (ਚਰਿਤ੍ਰੋਪਾਖਿਆਨ-129) ਵਿਚ ਲਿਖਿਆ ਹੈ ਕਿ ਮਿਰਜ਼ੇ ਦੇ ਮਾਰੇ ਜਾਣ ਤੋਂ ਬਾਦ ਸਾਹਿਬਾਂ ਖ਼ੁਦ ਕਟਾਰ ਮਾਰ ਕੇ ਮਰ ਗਈ। ਸਾਈਂ ਬੁਲ੍ਹੇ ਸ਼ਾਹ ਨੇ ਇਸ ਰੋਮਾਂਸ ਵਲ ਇਸ਼ਾਰਾ ਕੀਤਾ ਹੈ —'ਸਾਹਿਬਾਂ ਨੇ ਇਹ ਲੱਜ਼ਤ ਪਾਈ, ਸਿਰ ਮਿਰਜ਼ੇ ਤੋਂ ਵਾਰਿਆ ਈ।'

ਮਿਲਟਨ, ਜੌਨ : ਅੰਗ੍ਰੇਜ਼ੀ ਭਾਸ਼ਾ ਦਾ ਇਕ ਪ੍ਰਸਿੱਧ ਮਹਾਕਵੀ ਜਿਸ ਦਾ ਜਨਮ 9 ਦਸੰਬਰ, 1608 ਈ. ਵਿਚ ਲੰਦਨ ਵਿਚ ਹੋਇਆ। ਇਸ ਦੀ ਮੁੱਢਲੀ ਸਿਖਿਆ ਲੰਦਨ ਦੇ ਸੇਂਟਪਾਲ ਵਿਦਿਆਲੇ ਵਿਚ ਹੋਈ। ਇਸ ਨੇ ਉਚੇਰੀ ਸਿਖਿਆ ਕੈਂਬ੍ਰਿਜ ਦੇ ਕ੍ਰਾਈਸਟ ਵਿਦਿਆਲੇ ਵਿਚ ਪ੍ਰਾਪਤ ਕੀਤੀ। ਸੰਨ 1632 ਈ. ਵਿਚ ਐਮ. ਏ. ਦੀ ਪਰੀਖਿਆ ਪਾਸ ਕਰਕੇ ਇਹ ਹਾਰਟਨ ਨਾਂ ਦੇ ਪਿੰਡ ਵਿਚ ਆਪਣੇ ਪਿਤਾ ਕੋਲ ਰਹਿਣ ਲਗਾ। ਇਸ ਦਾ ਜੀਵਨ-ਉੱਦੇਸ਼ ਭਾਵੇਂ ਧਰਮ-ਪ੍ਰਚਾਰਕ ਬਣਨਾ ਸੀ, ਪਰ ਚਰਚ ਦੇ ਕਠੋਰ ਅਨੁਸ਼ਾਸਨ ਕਾਰਣ ਇਸ ਨੇ ਆਪਣੀ ਇੱਛਾ ਬਦਲ ਲਈ ਅਤੇ ਇਕ ਮਹਾਕਵੀ ਬਣਨ ਦੀ ਲਾਲਸਾ ਨੂੰ ਪਲੋਸਣ ਲਗਾ।

ਇਸ ਦੇ ਕਾਲਜ ਸਮੇਂ ਦੀਆਂ ਲਿਖੀਆਂ ਕਵਿਤਾਵਾਂ ਤੋਂ ਹੀ ਇਸ ਦੀ ਕਾਵਿ-ਪ੍ਰਤਿਭਾ ਦਾ ਅਹਿਸਾਸ ਹੋਣ ਲਗ ਗਿਆ ਸੀ। ਸੰਨ 1632 ਈ. ਤੋਂ ਬਾਦ ਇਸ ਦੇ ਲਿਖੇ ਕੁਝ ਛੋਟੇ ਕਾਵਿ ਸਾਹਮਣੇ ਆਏ। ਸੰਨ 1638–39 ਈ. ਵਿਚ ਇਸ ਨੇ ਛੇ ਮਹੀਨਿਆਂ ਲਈ ਇਟਲੀ ਦੀ ਯਾਤ੍ਰਾ ਕੀਤੀ ਅਤੇ ਉਥੋਂ ਦੇ ਸਾਹਿੱਤਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਇੰਗਲੈਂਡ ਪਰਤਣ ਤੇ ਦੇਸ਼ ਵਿਚ ਖ਼ਾਨਾਜੰਗੀ ਸ਼ੁਰੂ ਹੋ ਚੁੱਕੀ ਸੀ।

ਇਸ ਨੇ ਸਰਕਾਰ ਦੀ ਸਹਾਇਤਾ ਲਈ ਜਨਤਾ ਨੂੰ ਆਪਣੇ ਲੇਖਾਂ ਰਾਹੀਂ ਪ੍ਰੇਰਿਤ ਕੀਤਾ। ਸੰਨ 1641 ਈ. ਵਿਚ ਇਸ ਨੇ ਪਹਿਲਾ ਵਿਆਹ ਮੇਰੀ ਨਾਂ ਦੀ ਇਸਤਰੀ ਨਾਲ ਕੀਤਾ ਜੋ ਤਿੰਨ ਪੁੱਤਰੀਆਂ ਦੀ ਮਾਂ ਬਣ ਕੇ ਸੰਨ 1652 ਈ. ਵਿਚ ਮਰ ਗਈ। ਇਸ ਨੇ ਦੂਜਾ ਵਿਆਹ ਸੰਨ 1658 ਈ. ਵਿਚ ਕੀਤਾ ਪਰ ਦੋ ਸਾਲ ਬਾਦ ਉਸ ਪਤਨੀ ਦੀ ਵੀ ਮ੍ਰਿਤੂ ਹੋ ਗਈ। ਤੀਜੀ ਵਾਰ ਇਸ ਨੇ ਸੰਨ 1663 ਈ. ਵਿਚ ਵਿਆਹ ਕੀਤਾ।

ਸੰਨ 1658 ਈ. ਵਿਚ ਇਸ ਨੇ ਆਪਣੀ ਮਹਾਨ ਰਚਨਾ 'ਪੈਰਾਡਾਇਜ਼ ਲਾਸਟ' ਲਿਖਣੀ ਸ਼ੁਰੂ ਕੀਤੀ ਅਤੇ ਪੰਜ ਸਾਲ ਦੀ ਮਿਹਨਤ ਤੋਂ ਬਾਦ ਮੁਕੰਮਲ ਕੀਤੀ, ਪਰ ਇਹ ਰਚਨਾ ਸੰਨ 1667 ਈ. ਵਿਚ ਛਪੀ। ਇਸ ਰਚਨਾ ਤੋਂ ਬਾਦ ਇਸ ਨੇ 'ਪੈਰਾਡਾਇਜ਼ ਰੀਗੇਂਡ' ਲਿਖਣੀ ਸ਼ੁਰੂ ਕੀਤੀ ਜਿਸ ਦਾ ਪ੍ਰਕਾਸ਼ਨ ਸੰਨ 1671 ਈ. ਵਿਚ ਹੋਇਆ। ਇਸ ਦੀ ਆਖ਼ਰੀ ਰਚਨਾ 'ਸੈਮਸਨ ਅਗੋਨਿਸਟੀਜ਼' ਨਾਮਕ ਇਕ ਨਾਟਕ ਹੈ ਜੋ ਯੂਨਾਨੀ ਨਾਟਕ ਪਰੰਪਰਾ ਅਨੁਰੂਪ ਲਿਖਿਆ ਗਿਆ ਹੈ। ਇਸ ਦਾ ਦੇਹਾਂਤ 8 ਨਵੰਬਰ, 1674 ਈ. ਨੂੰ ਹੋਇਆ ਅਤੇ ਇਸ ਨੂੰ ਕ੍ਰਿਪਲਗੇਟ ਦੇ ਸੇਂਟ ਗਾਇਲ੍ਹਸ ਵਿਚ ਦਫ਼ਨਾਇਆ ਗਿਆ ਸੀ।

ਇਸ ਦੀਆਂ ਆਖ਼ਰੀ ਤਿੰਨ ਰਚਨਾਵਾਂ ਅੰਗ੍ਰੇਜ਼ੀ ਸਾਹਿੱਤ ਵਿਚ ਜਗਤ ਦੀਆਂ ਗੌਰਵਮਈ ਪ੍ਰਾਪਤੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਪ੍ਰਗਟ ਕੀਤੇ ਵਿਚਾਰ, ਉਪਦੇਸ਼, ਨੈਤਿਕ ਕਾਰਣ ਅਤੇ ਅਧਿਆਤਮਿਕ ਦ੍ਰਿਸ਼ਟੀ ਮਾਨਵਤਾ ਨੂੰ ਇਕ ਦ੍ਰਿੜ੍ਹ ਧਰਾਤਲ ਪ੍ਰਦਾਨ ਕਰਦੀ ਹੈ। ਇਸੇ ਕਰਕੇ ਮਿਲਟਨ ਨੂੰ ਵਿਸ਼ਵ ਪੱਧਰ ਦਾ ਕਵੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਦੀਆਂ ਬਾਹਰਲੀਆਂ ਅੱਖਾਂ ਭਾਵੇਂ ਬੰਦ ਸਨ, ਪਰ ਅੰਦਰਲੀਆਂ ਪੂਰੀ ਤਰ੍ਹਾਂ ਖੁਲ੍ਹੀਆਂ ਹੋਈਆਂ ਸਨ। ਫਲਸਰੂਪ ਇਸ ਨੇ ਹਰ ਗੱਲ ਬੜੀ ਬਾਰੀਕੀ ਨਾਲ ਭਿਜ ਕੇ ਲਿਖੀ ਹੈ। ਬਾਵਾ ਬਲਵੰਤ ਨੇ ਆਪਣੀ ਕਵਿਤਾ 'ਸੁਨਹਿਰੀ ਸ਼ਾਮ' ਵਿਚ ਇਸ ਵਲ ਸੰਕੇਤ ਕੀਤਾ ਹੈ—'ਪੁਰਾਣੀ ਯਾਦ ਕੀ ਆਖਾਂ, ਕਦੀ ਕਿਸ ਦੇਸ ਖੜਦੀ ਏ,/ ਖ਼ਿਆਲਾਂ ਵਿਚ ਕਦੇ ਮਿਲਟਨ ਤੇ ਡਾਂਟੇ ਦੇ ਨਹੀਂ ਆਇਆ।'

ਮੀਆਂ ਮੀਰ, ਸਾਈਂ : ਲਾਹੌਰ ਦਾ ਇਕ ਪ੍ਰਸਿੱਧ ਸੂਫ਼ੀ ਦਰਵੇਸ਼ ਜਿਸ ਨੂੰ ਮੀਰ-ਸ਼ਾਹ ਜਾਂ ਬਾਲਾ-ਪੀਰ ਵੀ ਕਿਹਾ ਜਾਂਦਾ ਸੀ। ਇਸ ਦਾ ਅਸਲ ਨਾਂ ਸ਼ੇਖ਼ ਮੁਹੰਮਦ ਫ਼ਾਰੂਕੀ ਸੀ। ਇਸ ਦਾ ਜਨਮ ਸੰਨ 1550 ਈ. ਵਿਚ ਹਜ਼ਰਤ ਉਮਰ ਦੀ ਵੰਸ਼ ਵਿਚ ਸੀਸਤਾਨ ਵਿਚ ਹੋਇਆ ਅਤੇ ਇਸ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਲਾਹੌਰ ਵਿਚ ਬਿਤਾਇਆ।'

'ਰੌਦੇ-ਕੌਸਰ' ਦੇ ਰਚੈਤਾ ਮੁਹੰਮਦ ਇਕ੍ਰਾਮ ਦੀ ਸਥਾਪਨਾ ਹੈ ਕਿ ਇਸ ਦਾ ਜਨਮ ਕਾਜ਼ੀਆਂ ਦੇ ਖ਼ਾਨਦਾਨ ਵਿਚ ਸਿੰਧ ਪ੍ਰਾਂਤ ਦੇ ਮਹਿਵਾਨ ਸ਼ਹਿਰ ਵਿਚ ਹੋਇਆ। ਸੱਤ ਵਰ੍ਹਿਆਂ ਦੀ ਉਮਰ ਵਿਚ ਇਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਆਪਣੀ ਮਾਤਾ ਦੀ ਪ੍ਰੇਰਣਾ ਨਾਲ ਇਸ ਨੇ ਕਾਦਿਰੀ ਸੂਫ਼ੀ ਸੰਪ੍ਰਦਾਇ ਵਿਚ ਸਿਖਿਆ ਹਾਸਲ ਕੀਤੀ। 25 ਜਾਂ 28 ਵਰ੍ਹਿਆਂ ਦੀ ਉਮਰ ਵਿਚ ਲਾਹੌਰ ਆਇਆ ਅਤੇ ਅੰਤ-ਕਾਲ ਤਕ ਉਥੇ ਹੀ ਤ੍ਰਪਸਿਆ ਕਰਦਾ ਰਿਹਾ।

ਇਸ ਦਾ ਜੀਵਨ ਬਹੁਤ ਸਾਦਾ ਸੀ ਅਤੇ ਇਹ ਇਕਾਂਤ ਪਸੰਦ ਕਰਦਾ ਸੀ। ਚੰਗੇ ਕੰਮ ਕਰਨਾ, ਭੁੱਖੇ ਨੂੰ ਰੋਟੀ ਦੇਣਾ ਅਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਇਸ ਦੇ ਮੁੱਖ ਜੀਵਨ-ਉਪਦੇਸ਼ ਸਨ। ਇਹ ਸ਼ਰੀਅਤ ਦਾ ਬਹੁਤ ਪਾਬੰਦ ਸੀ ਅਤੇ ਤਰੀਕਤ ਵਿਚ ਆਪਣੇ ਸਮਕਾਲੀ ਜੁਨੈਦ ਬਗ਼ਦਾਦੀ ਦੇ ਤੁਲ ਸਮਝਿਆ ਜਾਂਦਾ ਸੀ। ਇਸ ਕਰਕੇ ਇਸ ਨੂੰ ਇਕ ਅਭਿਆਸੀ ਸੂਫ਼ੀ ਮੰਨਿਆ ਜਾਂਦਾ ਹੈ। ਇਹ ਹਬਸੇਦਮ (ਪ੍ਰਾਣਾਯਾਮ) ਵਿਚ ਬਹੁਤ ਪ੍ਰਬੀਨ ਸੀ। ਸਾਰੀ ਉਮਰ ਅਵਿਵਾਹਿਤ ਰਹਿ ਕੇ ਇਸ ਨੇ ਕੇਵਲ ਧਰਮ-ਪ੍ਰਚਾਰ ਹੀ ਕੀਤਾ। ਇਸ ਦੇ ਅਨੇਕ ਚੇਲੇ ਸਨ ਪਰ ਖ਼ਲੀਫ਼ਾ ਮੁੱਲਾ ਸ਼ਾਹ ਬਦਖ਼ਸ਼ਾਂ ਦਾ ਨਾਂ ਵਿਸ਼ੇਸ਼ ਪ੍ਰਸਿੱਧ ਹੈ।

ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਸ਼ਾਹਜਹਾਂ ਮੀਆਂ ਮੀਰ ਪ੍ਰਤਿ ਵਿਸ਼ੇਸ਼ ਸ਼ਰਧਾ ਰਖਦੇ ਸਨ। ਦਾਰਾਸ਼ਿਕੋਹ ਇਸ ਦਾ ਬਹੁਤ ਵੱਡਾ ਸ਼ਰਧਾਲੂ ਸੀ ਅਤੇ ਇਸ ਤੋਂ ਦੀਖਿਆ ਲੈਣਾ ਚਾਹੁੰਦਾ ਸੀ, ਪਰ ਅਜਿਹਾ ਕਰਨ ਤੋਂ ਪਹਿਲਾਂ ਹੀ ਸੰਨ 1635 ਈ. ਵਿਚ ਮੀਆਂ ਜੀ ਦਾ ਦੇਹਾਂਤ ਹੋ ਗਿਆ ਅਤੇ ਫਿਰ ਇਸ ਦੇ ਪ੍ਰਧਾਨ ਚੇਲੇ ਮੁੱਲਾ ਸ਼ਾਹ ਤੋਂ ਦਾਰਾਸ਼ਿਕੋਹ ਨੇ ਦੀਖਿਆ ਲਈ। ਮੀਆਂ ਮੀਰ ਦਾ ਮਜ਼ਾਰ ਲਾਹੌਰ ਤੋਂ 8 ਕਿ. ਮੀ. ਦੀ ਵਿਥ 'ਤੇ ਹਾਸ਼ਿਮਪੁਰ ਪਿੰਡ ਵਿਚ ਬਣਾਇਆ ਗਿਆ ਜੋ ਬਾਦ ਵਿਚ ਇਨ੍ਹਾਂ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਪੁਰਾਤਨ ਸਿੱਖ-ਇਤਿਹਾਸ (ਗੁਰੂ ਪ੍ਰਤਾਪ ਸੂਰਜ, ਆਦਿ) ਅਨੁਸਾਰ ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਜੀ ਨਾਲ ਇਸ ਦਾ ਬਹੁਤ ਸਨੇਹ ਸੀ। ਗੁਰੂ ਅਰਜਨ ਦੇਵ ਦੀ ਸ਼ਹਾਦਤ ਵੇਲੇ ਇਹ ਬਹੁਤ ਤਲਮਲਾਇਆ ਸੀ, ਪਰ ਗੁਰੂ ਜੀ ਦੀ ਇੱਛਾ ਅਨੁਸਾਰ ਭਾਣਾ ਮੰਨ ਕੇ ਸ਼ਾਂਤ ਹੋ ਗਿਆ। ਛੇਵੇਂ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਤੋਂ ਮੁਕਤ ਕਰਾਉਣ ਵਿਚ ਇਸ ਨੇ ਦਿੱਲੀ ਦਰਬਾਰ ਵਿਚ ਇਕ ਉਸਾਰੂ ਭੂਮਿਕਾ ਨਿਭਾਈ ਸੀ। ਇਸ ਲਈ ਸਿੱਖ-ਜਗਤ ਵਿਚ ਇਸ ਦਾ ਆਦਰ-ਯੋਗ ਸਥਾਨ ਹੈ।

ਕਈ ਆਧੁਨਿਕ ਇਤਿਹਾਸਕਾਰਾਂ ਨੇ ਇਹ ਵੀ ਸੰਕੇਤ ਕੀਤਾ ਹੈ ਕਿ ਗੁਰੂ ਅਰਜਨ ਦੇਵ ਨੇ ਹਰਿਮੰਦਿਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਤੋਂ ਰਖਵਾਈ ਸੀ, ਪਰ ਇਸ ਤੱਥ ਦੀ ਪੁਸ਼ਟੀ ਕਿਸੇ ਪੁਰਾਤਨ ਇਤਿਹਾਸ ਜਾਂ ਦਸਤਾਵੇਜ਼ ਤੋਂ ਨਹੀਂ ਹੁੰਦੀ।

ਮੀਮਾਂਸਾ-ਦਰਸ਼ਨ : ਇਸ ਨੂੰ ਪੂਰਵ-ਮੀਮਾਂਸਾ ਵੀ ਕਿਹਾ ਜਾਂਦਾ ਹੈ। ਇਸ ਦਰਸ਼ਨ ਦਾ ਸੰਸਥਾਪਕ ਆਚਾਰਯ ਜੈਮਿਨੀ ਸੀ। ਭਾਈ ਗੁਰਦਾਸ ਦਾ ਇਸ ਦਰਸ਼ਨ ਬਾਰੇ ਕਥਨ ਹੈ—'ਫਿਰਿ ਜੈਮਨਿ ਰਿਖ ਬੋਲਿਆ ਜੁਜਰਿ ਵੇਦ ਮਥਿ ਕਥਾ ਸੁਣਾਵੈ' (1/10)।

ਜੈਮਿਨੀ ਦਾ ਸਮਾਂ ਈਸਾ ਪੂਰਵ ਚੌਥੀ ਜਾਂ ਪੰਜਵੀਂ ਸਦੀ ਮੰਨਿਆ ਜਾਂਦਾ ਹੈ। ਇਹ ਵੇਦਾਂਤ ਦੇ ਆਚਾਰਯ ਬਾਦਰਾਯਣ ਦਾ ਸਮਕਾਲੀ ਸੀ ਕਿਉਂਕਿ ਇਨ੍ਹਾਂ ਦੋਹਾਂ ਦੇ ਦਰਸ਼ਨਾਂ ਵਿਚ ਇਕ ਦੂਜੇ ਦਾ ਖੰਡਨ ਹੋਇਆ ਮਿਲਦਾ ਹੈ। ਜੈਮਿਨੀ ਨੇ ਮੀਮਾਂਸਾ ਵਿਚ ਵੇਦ ਵਿਚ ਕਰਮ-ਕਾਂਡ ਦੀ ਅਤੇ ਬਾਦਰਾਯਣ ਨੇ ਬ੍ਰਹਮਸੂਤ੍ਰ ਵਿਚ ਗਿਆਨ-ਕਾਂਡ ਦੀ ਪ੍ਰਧਾਨਤਾ 'ਤੇ ਬਲ ਦਿੱਤਾ ਹੈ। ਇਹ ਦੋਵੇਂ ਵਿਦਵਾਨ ਵੇਦ ਵਿਚ ਕਰਮ ਅਤੇ ਗਿਆਨ ਸੰਬੰਧੀ

ਵਿਰੋਧ ਦੀ ਮੀਮਾਂਸਾ ਕਰਨ ਦੇ ਸਮਰਥ ਸਨ। ਇਸ ਲਈ ਉਨ੍ਹਾਂ ਦੋਹਾਂ ਦੇ ਸੂਤ੍ਰ-ਗ੍ਰੰਥ 'ਮੀਮਾਂਸਾ' ਨਾਂ ਨਾਲ ਪ੍ਰਸਿੱਧ ਹੋਏ। ਕੁਝ ਵਿਦਵਾਨਾਂ ਦਾ ਮਤ ਹੈ ਕਿ ਜੈਮਿਨੀ ਦੀ ਮੀਮਾਂਸਾ ਦੀ ਰਚਨਾ ਪਹਿਲਾਂ ਹੋਈ ਸੀ, ਇਸ ਲਈ ਇਸ ਨੂੰ 'ਪੂਰਵ ਮੀਮਾਂਸਾ' ਕਿਹਾ ਜਾਂਦਾ ਹੈ ਅਤੇ ਬ੍ਰਹਮਸੂਤ੍ਰ ਦੀ ਰਚਨਾ ਬਾਦ ਵਿਚ ਹੋਈ ਸੀ, ਇਸ ਲਈ ਉਸਨੂੰ 'ਉੱਤਰ ਮੀਮਾਂਸਾ' ਨਾਂ ਦਿੱਤਾ ਜਾਂਦਾ ਹੈ। ਪਰ ਕੁਝ ਵਿਦਵਾਨ ਦ੍ਰਿਸ਼ਟੀਕੋਣ ਦੇ ਇਸ ਵਿਰੋਧ ਕਰਕੇ ਇਨ੍ਹਾਂ ਨੂੰ ਪੂਰਵ ਅਤੇ ਉੱਤਰ ਪੱਖਾਂ ਵਜੋਂ ਸਿੱਧ ਕਰਦੇ ਹਨ।

ਪੁਰਾਣ-ਸਾਹਿੱਤ ਅਨੁਸਾਰ ਜੈਮਿਨੀ ਵਿਆਸ ਦਾ ਸ਼ਿਸ਼ ਸੀ ਅਤੇ ਇਸ ਨੇ ਵਿਆਸ ਤੋਂ 'ਸਾਮ ਵੇਦ' ਅਤੇ 'ਮਹਾਭਾਰਤ' ਦੀ ਸਿਖਿਆ ਪ੍ਰਾਪਤ ਕੀਤੀ ਸੀ। 'ਮੀਮਾਂਸਾ' ਤੋਂ ਇਲਾਵਾ ਇਸ ਨੇ 'ਭਾਰਤ ਸੰਹਿਤਾ' ਦੀ ਰਚਨਾ ਵੀ ਕੀਤੀ ਸੀ। ਇਸ ਦਾ ਪੁੱਤਰ ਸੁਮੰਤੂ ਅਤੇ ਪੋਤਰਾ ਸਤਵਾਨ ਵੀ ਵੱਡੇ ਵਿਦਵਾਨ ਸਨ। ਇਨ੍ਹਾਂ ਤਿੰਨਾਂ ਦੇ ਵੇਦ-ਮੰਤ੍ਰਾਂ ਦਾ ਇਕ-ਇਕ ਸੰਸਕਰਣ ਤਿਆਰ ਕੀਤਾ।

ਇਸ ਦਰਸ਼ਨ ਦਾ ਮੁੱਖ ਉੱਦੇਸ਼ ਵੈਦਿਕ ਕਰਮ-ਕਾਂਡ ਦਾ ਦਲੀਲ ਸਹਿਤ ਵਿਸ਼ਲੇਸ਼ਣ ਕਰਨਾ ਹੈ। ਵੇਦ ਮਨੁੱਖ ਦੇ ਰਚੇ ਹੋਏ ਨਹੀਂ। ਇਹ ਨਿੱਤ ਅਤੇ ਦੈਵੀ ਹਨ। ਵੇਦਾਂ ਦਾ ਪ੍ਰਕਾਸ਼ ਰਿਸ਼ੀਆਂ ਰਾਹੀਂ ਹੋਇਆ ਹੈ। ਵੇਦਾਂ ਦੇ ਅਧਿਐਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਵੇਦਾਂ ਦਾ ਵਿਧਾਨ ਹੀ ਧਰਮ ਹੈ। ਵੇਦਾਂ ਵਿਚ ਜਿਸ ਦਾ ਨਿਸ਼ੇਧ ਹੋਇਆ ਹੈ, ਉਹ ਅਧਰਮ ਹੈ। ਧਰਮ ਦਾ ਆਚਰਣ ਕਰਤੱਵ ਸਮਝ ਕੇ ਨਿਸ਼ਕਾਮ ਭਾਵ ਨਾਲ ਕਰਨਾ ਚਾਹੀਦਾ ਹੈ। ਨਿੱਤ ਕਰਮਾਂ ਦੇ ਨਿਸ਼ਕਾਮ ਆਚਰਣ ਨਾਲ ਪਹਿਲਾਂ ਅਰਜਿਤ ਕੀਤੇ ਕਰਮਾਂ ਦਾ ਨਾਸ਼ ਹੁੰਦਾ ਹੈ ਅਤੇ ਦੇਹ ਦੇ ਅੰਤ ਹੋਣ 'ਤੇ ਮੁਕਤੀ ਮਿਲਦੀ ਹੈ। ਇਸ ਤਰ੍ਹਾਂ ਦਾ ਨਿਸ਼ਕਾਮ ਆਚਰਣ ਗਿਆਨ ਜਾਂ ਸੰਜਮ ਦੀ ਸਹਾਇਤਾ ਨਾਲ ਹੀ ਹੋ ਸਕਦਾ ਹੈ। ਅਸਲ ਵਿਚ, ਜੈਮਿਨੀ ਗਿਆਨ-ਕਾਂਡ ਨੂੰ ਕਰਮ-ਕਾਂਡ ਵਿਚ ਹੀ ਸਮੋ ਦਿੰਦਾ ਹੈ।

ਮੀਮਾਂਸਾ ਅਨੁਸਾਰ ਆਤਮਾ ਨਿੱਤ ਹੈ। ਇਸ ਦਾ ਨਾਸ਼ ਨਹੀਂ ਹੋ ਸਕਦਾ। ਵੇਦਾਂ ਅਨੁਸਾਰ ਸਵਰਗ ਦੀ ਪ੍ਰਾਪਤੀ ਲਈ ਧਰਮ ਦਾ ਆਚਰਣ ਕਰਨਾ ਜ਼ਰੂਰੀ ਹੈ। ਜੇ ਆਤਮਾ ਮਰ ਜਾਏ ਤਾਂ ਸਵਰਗ ਦੀ ਇੱਛਾ ਜਾਂ ਸਵਰਗ-ਪ੍ਰਾਪਤੀ ਨਿਰਰਥਕ ਹੋ ਜਾਂਦੀ ਹੈ। ਇਸ ਲਈ ਮੀਮਾਂਸਾ ਵਿਚ ਆਤਮਾ ਨੂੰ ਨਿੱਤ ਮੰਨਿਆ ਗਿਆ ਹੈ। ਆਤਮਾ ਜਦ ਸ਼ਰੀਰ ਵਿਚ ਸਥਿਤ ਰਹਿੰਦੀ ਹੈ ਤਾਂ ਉਸ ਨੂੰ ਕਈ ਪ੍ਰਕਾਰ ਦੇ ਗਿਆਨ ਪ੍ਰਾਪਤ ਹੋ ਸਕਦੇ ਹਨ।

ਮੀਮਾਂਸਾ ਵਿਚ ਭੌਤਿਕ ਜਗਤ ਦੀ ਸੱਤਾ ਸਵੀਕਾਰ ਕੀਤੀ ਗਈ ਹੈ। ਇਹ ਪ੍ਰਤੱਖ ਤੋਂ ਪ੍ਰਮਾਣਿਤ ਹੁੰਦੀ ਹੈ। ਜਗਤ ਤੋਂ ਇਲਾਵਾ ਇਹ ਆਤਮਾਵਾਂ ਦੀ ਹੋਂਦ ਨੂੰ ਵੀ ਮੰਨਦੀ ਹੈ। ਪਰ ਇਸ ਜਗਤ ਦੇ ਕਿਸੇ ਸਿਰਜਨਹਾਰ ਜਾਂ ਪਰਮਾਤਮਾ ਨੂੰ ਨਹੀਂ ਮੰਨਦੀ। ਇਸ ਅਨੁਸਾਰ ਜਗਤ ਅਨਾਦਿ ਅਤੇ ਅਨੰਤ ਹੈ। ਇਸ ਦੀ ਨਾ ਕਦੇ ਸਿਰਜਨਾ ਹੁੰਦੀ ਹੈ ਅਤੇ ਨਾ ਪਰਲੋ ਹੁੰਦੀ ਹੈ। ਸੰਸਾਰਿਕ ਵਸਤਾਂ ਦਾ ਨਿਰਮਾਣ ਆਤਮਾਵਾਂ ਦੇ ਪਹਿਲਾਂ ਦੇ ਕਮਾਏ ਹੋਏ ਕਰਮਾਂ ਅਨੁਸਾਰ ਭੌਤਿਕ ਤੱਤਾਂ ਨਾਲ ਹੁੰਦਾ ਹੈ।

ਇਸ ਦਰਸ਼ਨ ਅਨੁਸਾਰ ਜਦ ਕੋਈ ਵਿਅਕਤੀ ਯੱਗ ਆਦਿ ਕਰਮ ਕਰਦਾ ਹੈ ਤਾਂ ਇਕ ਵਿਸ਼ੇਸ਼ ਸ਼ਕਤੀ ਪੈਦਾ ਹੁੰਦੀ ਹੈ ਜਿਸ ਨੂੰ 'ਅਪੂਰਵ' ਕਿਹਾ ਜਾਂਦਾ ਹੈ। ਇਸ ਸ਼ਕਤੀ ਕਰਕੇ ਕਿਸੇ ਵੀ ਕਰਮ ਦਾ ਫਲ ਭਵਿਸ਼ ਵਿਚ ਠੀਕ ਮੌਕੇ 'ਤੇ ਮਿਲਦਾ ਹੈ। ਇਸ ਲਈ ਇਸ ਲੋਕ ਵਿਚ ਕੀਤੇ ਗਏ ਕਰਮਾਂ ਦਾ ਉਪਭੋਗ ਪਰਲੋਕ ਵਿਚ ਕੀਤਾ ਜਾ ਸਕਦਾ ਹੈ।

ਸਮਾਂ ਬੀਤਣ ਨਾਲ ਮੀਮਾਂਸਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ। ਇਕ ਸ਼ਾਖਾ ਦੇ ਮੋਢੀ ਪ੍ਰਭਾਕਰ ਸਨ। ਪ੍ਰਭਾਕਰ ਅਨੁਸਾਰ ਪ੍ਰਮਾਣ ਪੰਜ ਪ੍ਰਕਾਰ ਦੇ ਹੁੰਦੇ ਹਨ—ਪ੍ਰਤੱਖ, ਅਨੁਮਾਨ, ਉਪਮਾਨ, ਸ਼ਬਦ ਅਤੇ ਅਰਥਾਪੱਤਿ। ਇਨ੍ਹਾਂ ਵਿਚੋਂ ਪਹਿਲੇ ਚੌਹਾਂ ਦੀ ਵਿਆਖਿਆ ਨਿਆਇ ਦੀ ਵਿਆਖਿਆ ਨਾਲ ਮੇਲ ਖਾਂਦੀ ਹੈ, ਕੇਵਲ ਉਪਮਾਨ ਸੰਬੰਧੀ ਕੁਝ ਫ਼ਰਕ ਹੈ। ਜਿਥੋਂ ਤਕ 'ਅਰਥਾਪੱਤਿ' ਦਾ ਸੰਬੰਧ ਹੈ, ਇਸ ਰਾਹੀਂ ਅਚਾਨਕ ਆ ਪਏ ਵਿਰੋਧ ਦਾ ਹਲ ਲਭਿਆ ਜਾਂਦਾ ਹੈ। ਜੇ ਕੋਈ ਮਨੁੱਖ ਦਿਨ ਨੂੰ ਭੋਜਨ ਨਾ ਕਰੇ ਅਤੇ ਉਹ ਮੋਟਾ ਹੁੰਦਾ ਜਾਏ ਤਾਂ ਅਰਥਾਪੱਤਿ ਰਾਹੀਂ ਸਮਝਿਆ ਜਾ ਸਕਦਾ ਹੈ ਕਿ ਉਹ ਰਾਤ ਨੂੰ ਜ਼ਰੂਰ ਭੋਜਨ ਕਰਦਾ ਹੋਵੇਗਾ।

ਮੀਮਾਂਸਾ ਦੀ ਦੂਜੀ ਸ਼ਾਖਾ ਕੁਮਾਰਿਲ ਭੱਟ ਨੇ ਕਾਇਮ ਕੀਤੀ ਸੀ। ਉਸ ਨੇ ਪ੍ਰਭਾਕਰ ਵਾਲੀ ਸ਼ਾਖਾ ਦੇ ਪੰਜ ਪ੍ਰਮਾਣਾਂ ਤੋਂ ਇਲਾਵਾ ਇਕ ਹੋਰ ਪ੍ਰਮਾਣ ਵੀ ਮੰਨਿਆ ਹੈ ਜਿਸ ਨੂੰ 'ਅਨੁਪਲਬਧੀ' ਕਿਹਾ ਜਾਂਦਾ ਹੈ। ਕਿਸੇ ਦੇ ਘਰ ਵਿਚ ਦਾਖ਼ਲ ਹੋ ਕੇ ਅਤੇ ਹਰ ਪਾਸੇ ਚੰਗੀ ਤਰ੍ਹਾਂ ਨਾਲ ਵੇਖ ਜੇ ਕੋਈ ਵਿਅਕਤੀ ਕਹੇ ਕਿ ਇਸ ਘਰ ਵਿਚ ਬਸਤੂ ਨਹੀਂ ਹੈ ਤਾਂ ਕਿਹਾ ਜਾਇਗਾ ਕਿ ਬਸਤੂ ਦੀ ਅਣਹੋਂਦ ਦਾ ਗਿਆਨ ਪ੍ਰਤੱਖ ਰਾਹੀਂ ਹੋਇਆ ਹੈ। ਕਿਸੇ ਵਿਸ਼ੇ ਦਾ ਪ੍ਰਤੱਖ ਪ੍ਰਮਾਣ ਤਦ ਹੁੰਦਾ ਹੈ ਜਦ ਉਸ ਵਿਸ਼ੇ ਦਾ ਇੰਦਰੀਆਂ ਨਾਲ ਸੰਯੋਗ ਹੁੰਦਾ ਹੈ। ਇਸ ਮਿਸਾਲ ਨਾਲ ਬਸਤੂ ਦੀ ਅਣਹੋਂਦ ਦਾ ਗਿਆਨ ਹੋਇਆ ਹੈ। ਕਿਸੇ ਵਸਤੂ ਦੀ ਅਣਹੋਂਦ ਨਾਲ ਇੰਦਰੀਆਂ ਦਾ ਸੰਯੋਗ ਨਹੀਂ ਹੋ ਸਕਦਾ। ਇਸ ਲਈ ਅਣਹੋਂਦ ਦਾ ਗਿਆਨ ਅਨੁਪਲਬਧੀ (ਅਣਲਭਤਾ) ਦੁਆਰਾ ਹੀ ਹੁੰਦਾ ਹੈ।

ਮੀਰ ਮੰਨੂ : ਲਾਹੌਰ ਦਾ ਇਕ ਸੂਬੇਦਾਰ ਜਿਸ ਦਾ ਪੂਰਾ ਨਾਂ ਮੁਈਨੁੱਦੀਨ ਅਤੇ ਖ਼ਿਤਾਬ ਮੁਈਨੁਲਮੁਲਕ ਰੁਸਤਮ ਹਿੰਦ ਸੀ। ਦਿੱਲੀ ਦੀ ਮੁਗ਼ਲ ਸਰਕਾਰ ਨਾਲ ਇਸ ਦੇ ਖ਼ਾਨਦਾਨ ਦੇ ਪੁਰਾਣੇ ਸੰਬੰਧ ਸਨ। ਇਸ ਦਾ ਪਿਤਾ ਕੁਮਰੁੱਦੀਨ ਖ਼ਾਂ ਦਿੱਲੀ ਵਿਚ ਵਜ਼ੀਰ ਸੀ। ਇਸ ਪਿਛੋਕੜ ਕਰਕੇ ਇਸ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਗਿਆ।

ਪਰਿਸਥਿਤੀਆਂ ਦੇ ਵਸ ਹੋ ਕੇ ਇਸ ਨੇ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਵੇਲੇ ਉਸ ਦੀ ਅਧੀਨਗੀ ਸਵੀਕਾਰ ਕਰ ਲਈ। ਫਲਸਰੂਪ ਇਸ ਨੂੰ ਸੂਬੇਦਾਰੀ ਦੇ ਪਦ ਤੋਂ ਹਟਾ ਕੇ ਸ਼ਾਹ ਨਿਵਾਜ਼ ਨਾਂ ਦੇ ਇਕ ਹੋਰ ਵਿਅਕਤੀ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਗਿਆ। ਸ਼ਾਹ ਨਿਵਾਜ਼ ਨੂੰ ਰਸਤੇ ਵਿਚੋਂ ਹਟਾਣ ਲਈ ਇਸ ਨੇ ਦੀਵਾਨ ਕੌੜਾ ਮੱਲ ਦੀ ਵਿਚੋਲਗੀ ਨਾਲ ਸੰਨ 175. ਈ. (1808 ਬਿ.) ਵਿਚ ਸਿੱਖਾਂ ਤੋਂ

ਸਹਾਇਤਾ ਲਈ। ਸ਼ਾਹ ਨਿਵਾਜ਼ ਨਾਲ ਹੋਈ ਲੜਾਈ ਵਿਚ ਸਿੱਖ ਸੈਨਿਕਾਂ ਨੇ ਸ਼ਾਹ ਨਿਵਾਜ਼ ਨੂੰ ਮਾਰ ਦਿੱਤਾ। ਦੀਵਾਨ ਕੌੜਾ ਮੱਲ ਦੇ ਸਹਿਯੋਗ ਲਈ ਇਸ ਨੇ ਉਸ ਨੂੰ ਮਹਾਰਾਜਾ ਦਾ ਖ਼ਿਤਾਬ ਦਿੱਤਾ। ਦੀਵਾਨ ਕੌੜਾ ਮੱਲ ਦੇ ਮਰਨ ਤੋਂ ਬਾਦ ਇਸ ਨੇ ਸਿੱਖਾਂ ਨਾਲ ਸੰਬੰਧ ਵਿਗਾੜ ਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਫ਼ੈਸਲਾ ਕੀਤਾ। ਪਰ ਸਿੱਖ ਜੱਥੇਬੰਦੀ ਨੂੰ ਖ਼ਤਮ ਕਰਨ ਵਿਚ ਇਹ ਅਸਮਰਥ ਰਿਹਾ। ਇਸ ਸੰਬੰਧ ਵਿਚ ਪ੍ਰਸਿੱਧ ਲੋਕ-ਗੀਤ ਇਸ ਪ੍ਰਕਾਰ ਹੈ—'ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।/ ਜਿਉਂ ਜਿਉਂ ਮੰਨੂੰ ਵਢਦਾ, ਅਸੀਂ ਦੂਣੇ ਚੌਣੇ ਹੋਏ।' ਇਕ ਵਾਰ ਲਾਹੌਰ ਦੇ ਨੇੜੇ ਗੰਨੇ ਦੇ ਖੇਤ ਵਿਚ ਸਿੱਖਾਂ ਨੂੰ ਘੇਰ ਕੇ ਮਾਰਨ ਦੀ ਮੁਹਿੰਮ ਵੇਲੇ ਇਹ ਘੋੜੇ ਤੋਂ ਡਿਗ ਕੇ ਸੰਨ 1753 ਈ. (24 ਕਤਕ, 1810 ਬਿ.) ਵਿਚ ਮਰ ਗਿਆ। ਇਸ ਨੂੰ ਲਾਹੌਰ ਵਿਚ ਹੀ ਦਫ਼ਨਾਇਆ ਗਿਆ।

ਮੀਰਾਂ ਬਾਈ : ਇਕ ਪ੍ਰਸਿੱਧ ਭਗਤ-ਕਵਿਤ੍ਰੀ ਜਿਸ ਨੂੰ ਰਾਜਸਥਾਨ ਦੀ ਕੋਇਲ (ਕੋਕਿਲ) ਕਿਹਾ ਜਾਂਦਾ ਹੈ। ਇਸ ਦੇ ਜਨਮ ਆਦਿ ਦੀਆਂ ਤਿਥੀਆਂ ਬਾਰੇ ਵਿਦਵਾਨਾਂ ਦੇ ਵੱਖ-ਵੱਖ ਮਤ ਹਨ, ਪਰ ਨਵੀਨ ਖੋਜ ਅਨੁਸਾਰ ਮੀਰਾਂ ਦਾ ਜਨਮ ਸੰਨ 1498 ਈ. (1555 ਬਿ.) ਵਿਚ ਮੇੜਤਾ ਦੀ ਜਾਗੀਰ ਦੇ ਚੌਕੜੀ (ਕੁੜਕੀ) ਨਾਂ ਦੇ ਪਿੰਡ ਵਿਚ ਰਾਠੌਰ ਰਤਨ ਸਿੰਘ ਦੇ ਘਰ ਹੋਇਆ। ਇਹ ਰਾਉ ਦੂਦਾ ਦੀ ਪੋਤਰੀ ਅਤੇ ਜੋਧਪੁਰ ਨੂੰ ਵਸਾਉਣ ਵਾਲੇ ਰਾਉ ਜੋਧਾ ਦੀ ਪੜਪੋਤੀ ਸੀ।

ਮੀਰਾਂ ਬਾਈ ਦਾ ਸਾਰਾ ਜੀਵਨ ਦੁੱਖਾਂ ਦੀ ਇਕ ਦਾਸਤਾਨ ਹੈ। ਬਚਪਨ ਵਿਚ ਮਾਤਾ ਵਿਛੋੜਾ ਦੇ ਗਈ। ਦਾਦੇ ਨੇ ਬੜੇ ਸਨੇਹ ਨਾਲ ਪਾਲਿਆ। ਉਸ ਦੀਆਂ ਵੈਸ਼ਣਵੀ ਪ੍ਰਵ੍ਰਿੱਤੀਆਂ ਨੇ ਮੀਰਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਦੇ ਮਰਨ ਉਪਰੰਤ ਮੀਰਾਂ ਦੇ ਤਾਇ ਵੀਰਮਦੇਵ ਨੇ ਇਸ ਦਾ ਵਿਆਹ ਸੰਨ 1516 ਈ. (1573 ਬਿ.) ਵਿਚ ਮੇਵਾੜ ਦੇ ਰਾਣਾ ਸਾਂਗਾ ਦੇ ਕੁੰਵਰ ਭੋਜਰਾਜ ਨਾਲ ਕਰ ਦਿੱਤਾ। ਸੰਨ 1523 ਈ. ਦੇ ਨੇੜੇ-ਤੇੜੇ ਭੋਜਰਾਜ ਦਾ ਦੇਹਾਂਤ ਹੋ ਗਿਆ। ਸੰਨ 1527 ਈ. ਵਿਚ ਪਿਤਾ ਰਤਨ ਸਿੰਘ ਖਾਮਵਾ ਦੇ ਯੁੱਧ ਵਿਚ ਮਾਰਿਆ ਗਿਆ। ਸੰਨ 1531 ਈ. ਵਿਚ ਭੋਜਰਾਜ ਦਾ ਛੋਟਾ ਭਰਾ ਅਤੇ ਮੀਰਾਂ ਦਾ ਦੇਵਰ ਵੀ ਮਰ ਗਿਆ। ਫਲਸਰੂਪ ਮੇਵਾੜ ਦੀ ਹਕੂਮਤ ਭੋਜਰਾਜ ਦੇ ਮਤਰੇਏ ਭਰਾ ਵਿਕ੍ਰਮਾਦਿਤ੍ਯ ਦੇ ਹੱਥ ਆਈ। ਭੌਤਿਕ ਦੁੱਖਾਂ ਅਤੇ ਸੰਬੰਧੀਆਂ ਦੇ ਵਿਛੋੜੇ ਕਾਰਣ ਮੀਰਾਂ ਨਿਰਾਸ਼ ਹੋ ਕੇ ਇਕਾਂਤ ਵਿਚ ਗਿਰਧਰ ਗੋਪਾਲ ਦੀ ਭਗਤੀ ਕਰਨ ਲਗੀ। ਇਸ ਤੋਂ ਇਲਾਵਾ ਇਹ ਸੰਤਾਂ, ਸਾਧਾਂ ਦੀ ਸੰਗਤ ਵਿਚ ਵੀ ਜਾਣ ਲਗ ਗਈ। ਇਹ ਸਭ ਕੁਝ ਰਾਣਾ ਵਿਕ੍ਰਮਾਦਿਤ੍ਯ ਨੂੰ ਪਸੰਦ ਨਹੀਂ ਸੀ। ਉਸ ਨੇ ਮੀਰਾਂ ਨੂੰ ਅਨੇਕ ਕਸ਼ਟ ਦਿੱਤੇ ਜਿਨ੍ਹਾਂ ਦਾ ਵਰਣਨ 'ਮੀਰਾਂ ਪਦਾਵਲੀ' ਵਿਚ ਮਿਲ ਜਾਂਦਾ ਹੈ। ਮੀਰਾਂ ਦਾ ਤਾਇਆ ਵੀਰਮਦੇਵ ਅਤੇ ਉਸ ਦਾ ਪੁੱਤਰ ਇਸ ਦਾ ਬਹੁਤ ਸਤਿਕਾਰ ਕਰਦੇ ਸਨ। ਸੰਨ 1533 ਈ. ਦੇ ਨੇੜੇ-ਤੇੜੇ ਮੀਰਾਂ ਮੇੜਤਾ ਆਪਣੇ ਪੇਕੇ ਆ ਗਈ। ਪਰ ਜਦੋਂ ਸੰਨ 1538 ਈ. ਫਿਰ ਜੋਧਪੁਰ ਦੇ ਰਾਉ ਮਾਲਦੇਵ ਨੇ ਵੀਰਮਦੇਵ ਤੋਂ ਮੇੜਤਾ ਦਾ ਸ਼ਾਸਨ ਖੋਹ ਲਿਆ ਤਾਂ ਮੀਰਾਂ ਪਹਿਲਾਂ ਉਥੋਂ ਬਿੰਦਰਾਬਨ ਗਈ ਅਤੇ

ਫਿਰ 1543 ਈ. ਦੇ ਆਸ ਪਾਸ ਦੁਆਰਿਕਾ ਚਲੀ ਗਈ ਅਤੇ ਰਣਛੋੜ ਮੰਦਿਰ ਵਿਚ ਰਹਿਣ ਲਗੀ। ਉਥੇ ਹੀ ਇਸ ਦਾ ਸੰਨ 1563 ਈ. ਦੇ ਨੇੜੇ-ਤੇੜੇ ਦੇਹਾਂਤ ਹੋਇਆ।

ਮੀਰਾਂ ਦਾ ਗੁਰੂ ਕੌਣ ਸੀ ? ਇਸ ਬਾਰੇ ਕੋਈ ਨਿਰਣਾਜਨਕ ਗੱਲ ਨਹੀਂ ਕਹੀ ਜਾ ਸਕਦੀ, ਕਿਉਂਕਿ ਭਗਤ ਰਵਿਦਾਸ, ਵਿੱਠਲ ਨਾਥ, ਤੁਲਸੀਦਾਸ, ਜੀਵਗੋਸੁਆਮੀ ਆਦਿ ਕਈ ਮਹਾਪੁਰਸ਼ਾਂ ਨੂੰ ਮੀਰਾਂ ਦਾ ਗੁਰੂ ਹੋਣ ਦੇ ਸੰਕੇਤ ਮਿਲਦੇ ਹਨ। ਪਰ ਵਾਸਤਵਿਕਤਾ ਇਹ ਹੈ ਕਿ ਮੀਰਾਂ ਦਾ ਕੋਈ ਵੀ ਵਿਵਸਥਿਤ ਰੂਪ ਵਿਚ ਗੁਰੂ ਨਹੀਂ ਸੀ।

ਮੀਰਾਂ ਬਾਈ ਦੀ ਪਦਾਵਲੀ ਵਿਚ ਦੀਨਤਾ, ਆਤਮ-ਸਮਰਪਣ ਅਤੇ ਪ੍ਰੇਮ ਦੇ ਭਾਵ ਬਹੁਤ ਉਘੜੇ ਹਨ। ਸਾਰੀ ਰਚਨਾ ਰਾਗ-ਬੱਧ ਹੈ। ਇਸ ਉਤੇ ਯੋਗੀਆਂ, ਸੰਤਾਂ ਅਤੇ ਵੈਸ਼ਣਵਾਂ ਦਾ ਮਿਲਿਆ ਜੁਲਿਆ ਪ੍ਰਭਾਵ ਪਿਆ ਹੈ। ਇਸ ਦੀ ਪਦਾਵਲੀ ਦੀ ਆਧਾਰ-ਭਾਸ਼ਾ ਰਾਜਸਥਾਨੀ ਹੈ, ਪਰ ਗੁਜਰਾਤੀ, ਪੰਜਾਬੀ, ਬ੍ਰਜਭਾਸ਼ਾ ਆਦਿ ਦਾ ਪ੍ਰਭਾਵ ਵੀ ਬਹੁਤ ਪਿਆ ਹੈ। ਇਸ ਦਾ ਇਕ ਪਦ ('ਮਨੁ ਹਮਾਰਾ ਬਾਧਿਓ ਮਾਈ ਕਵਲਨੈਨ ਆਪਨੇ ਗੁਨ...') ਗੁਰੂ ਗ੍ਰੰਥ ਸਾਹਿਬ ਦੀ ਭਾਈ ਬੰਨੋਂ ਵਾਲੀ ਬੀੜ ਦੇ ਮਾਰੂ ਰਾਗ ਅਧੀਨ ਦਰਜ ਹੈ।

ਮੁਈਨ-ਉੱਦੀਨ ਚਿਸ਼ਤੀ, ਖ਼੍ਵਾਜਾ : ਇਕ ਮਹਾਨ ਸੂਫ਼ੀ ਸਾਧਕ ਜਿਸ ਦਾ ਜਨਮ ਬਾਰ੍ਹਵੀਂ ਸਦੀ ਵਿਚ ਈਰਾਨ ਦੇ ਇਕ ਸ਼ਹਿਰ ਇਸਫ਼ਹਾਨ ਵਿਚ ਹੋਇਆ। ਸ਼ੁਰੂ ਤੋਂ ਹੀ ਇਹ ਸਾਧੂ ਰੁਚੀਆਂ ਵਾਲਾ ਸੀ। ਮੁੱਢਲੀ ਤਾਲੀਮ ਇਸ ਨੇ ਘਰ ਵਿਚ ਹੀ ਪ੍ਰਾਪਤ ਕੀਤੀ। ਜਦੋਂ ਅਜੇ ਪੰਦਰ੍ਹਾਂ ਸਾਲਾਂ ਦਾ ਸੀ ਤਾਂ ਪਿਤਾ ਦਾ ਦੇਹਾਂਤ ਹੋ ਗਿਆ। ਘਰ ਦੀਆਂ ਜ਼ਿੰਮੇਵਾਰੀਆਂ ਵਿਚ ਰੁਝੇ ਹੋਏ ਕੋਲ ਇਕ ਵਾਰ ਇਕ ਪੀਰ ਆਇਆ ਜਿਸ ਦੇ ਅਧਿਆਤ-ਮਿਕ ਪ੍ਰਵਚਨ ਤੋਂ ਇਹ ਇਤਨਾ ਪ੍ਰਭਾਵਿਤ ਹੋਇਆ ਕਿ ਘਰ-ਘਾਟ ਛਡ ਕੇ ਫ਼ਕੀਰ ਬਣ ਗਿਆ।

ਵਿਰਕਤ ਅਵਸਥਾ ਵਿਚ ਇਸ ਨੇ ਈਰਾਨ, ਅਰਬ, ਅਫ਼ਗਾਨਿਸਤਾਨ ਆਦਿ ਇਸਲਾਮੀ ਦੇਸ਼ਾਂ ਦੀ ਯਾਤ੍ਰਾ ਕੀਤੀ। ਧਰਮ-ਪ੍ਰਚਾਰ ਦੇ ਨਾਲ-ਨਾਲ ਪੀਰਾਂ ਫ਼ਕੀਰਾਂ ਦੀ ਵੀ ਖ਼ੂਬ ਸੇਵਾ ਕੀਤੀ। ਸੰਨ 1165 ਈ. ਵਿਚ, ਜਦੋਂ ਇਸ ਦੀ ਉਮਰ ਅਜੇ 27 ਸਾਲਾਂ ਦੀ ਸੀ, ਹਿੰਦੁਸਤਾਨ ਆਇਆ। ਕੁਝ ਸਮਾਂ ਮੁਲਤਾਨ ਅਤੇ ਫਿਰ ਲਾਹੌਰ ਠਹਿਰ ਕੇ ਬਗ਼ਦਾਦ ਪਰਤ ਗਿਆ। ਲਗਭਗ 25 ਵਰ੍ਹੇ ਬੀਤਣ ਤੋਂ ਬਾਦ ਸੰਨ 1190 ਈ. ਵਿਚ ਇਹ ਫਿਰ ਹਿੰਦੁਸਤਾਨ ਆਇਆ ਅਤੇ ਸਦਾ ਲਈ ਅਜਮੇਰ ਵਿਚ ਟਿਕ ਗਿਆ। ਇਥੇ ਹੀ ਇਸ ਦਾ ਦੇਹਾਂਤ ਹੋਇਆ। ਇਥੇ ਬਣੇ ਇਸ ਦੇ ਮਜ਼ਾਰ ਦੀ ਮਾਨਤਾ ਸੂਫ਼ੀਆਂ ਵਿਚ ਮੱਕੇ ਤੋਂ ਘਟ ਨਹੀਂ। ਇਸੇ ਕਰਕੇ ਅਜਮੇਰ ਨੂੰ 'ਅਜਮੇਰ ਸ਼ਰੀਫ਼' ਦੇ ਨਾਂ ਦਾ ਗੌਰਵ ਪ੍ਰਾਪਤ ਹੈ।

ਇਸ ਨੇ ਹਿੰਦੁਸਤਾਨ ਵਿਚ ਸੂਫ਼ੀਆਂ ਦੇ ਚਿਸ਼ਤੀਆ ਸਿਲਸਿਲੇ ਦੀ ਸਥਾਪਨਾ ਕੀਤੀ। ਇਸ ਦੀ ਤਪਸਿਆ ਤੋਂ ਆਮ ਲੋਕ ਹੀ ਨਹੀਂ, ਵਕਤ ਦੇ ਬਾਦਸ਼ਾਹ ਵੀ ਬਹੁਤ ਪ੍ਰਭਾਵਿਤ ਸਨ। ਇਸ ਦੇ ਮਜ਼ਾਰ ਤੇ ਬਣੀ ਇਮਾਰਤ ਦਾ ਬਹੁਤ ਵੱਡਾ ਹਿੱਸਾ ਗਿਆਸ-

ਉੱਦੀਨ ਖਿਲਜੀ ਨੇ ਬਣਵਾਇਆ। ਮੁਗ਼ਲ ਬਾਦਸ਼ਾਹਾਂ ਵੱਲੋਂ ਵੀ ਸਮੇਂ-ਸਮੇਂ ਮਾਲ-ਧਨ ਦੀਆਂ ਭੇਟਾਂ ਚੜ੍ਹਾਈਆਂ ਜਾਂਦੀਆਂ ਰਹੀਆਂ। ਇਸ ਦੇ ਮਜ਼ਾਰ ਉਤੇ ਲਗਦੇ ਉਰਸ ਵਿਚ ਸਾਰਿਆਂ ਸੂਫ਼ੀ ਫ਼ਕੀਰਾਂ ਦੇ ਮਜ਼ਾਰਾਂ ਨਾਲੋਂ ਜ਼ਿਆਦਾ ਸ਼ਰਧਾਲੂ ਇਕੱਠੇ ਹੁੰਦੇ ਹਨ। ਸਿੱਧ ਹੈ ਕਿ ਇਹ ਭਾਰਤ ਦਾ ਸਭ ਤੋਂ ਅਧਿਕ ਸਤਿਕਾਰਿਤ ਸੂਫ਼ੀ ਫ਼ਕੀਰ ਸੀ। ਇਸ ਦੇ ਸ਼ਿਸ਼ ਖ਼੍ਵਾਜਾ ਕੁੱਤਬੁਦੀਨ ਬਖ਼ਤਿਆਰ ਕਾਕੀ ਦੀ ਮੁਰੀਦੀ ਦਾ ਸ਼ਰਫ਼ ਬਾਬਾ ਫ਼ਰੀਦ ਸ਼ਕਰਗੰਜ ਨੂੰ ਪ੍ਰਾਪਤ ਹੋਇਆ।

ਮੁਸੋਲਿਨੀ : ਇਟਲੀ ਦੇ ਇਸ ਡਿਕਟੇਟਰ ਦਾ ਪੂਰਾ ਨਾਂ ਬੇਨਿਤੋ ਮੁਸੋਲਿਨੀ ਸੀ। ਇਸ ਦਾ ਜਨਮ 29 ਜੁਲਾਈ, 1883 ਈ. ਨੂੰ ਇਟਲੀ ਦੇਸ਼ ਦੇ ਪ੍ਰਿਦਾਪਿਓ ਨਾਂ ਦੇ ਪਿੰਡ ਵਿਚ ਹੋਇਆ। ਇਹ ਬੜਾ ਅਖੜ ਅਤੇ ਹਠੀ ਸੁਭਾ ਦਾ ਸੀ, ਪਰ ਨਾਲ ਹੀ ਪ੍ਰਤਿਭਾਵਾਨ ਵੀ ਸੀ। ਇਸ ਨੇ 18 ਸਾਲ ਦੀ ਉਮਰ ਵਿਚ ਅਧਿਆਪਨ ਦਾ ਕੰਮ ਸ਼ੁਰੂ ਕੀਤਾ, ਪਰ ਇਕ ਸਾਲ ਵਿਚ ਹੀ ਮਨ ਉਕਤਾ ਗਿਆ ਅਤੇ ਉਥੋਂ ਭਜ ਕੇ ਸਵਿਟਜ਼ਰਲੈਂਡ ਪਹੁੰਚ ਗਿਆ। ਉਥੇ ਇਹ ਦਿਨ ਨੂੰ ਮਜ਼ਦੂਰੀ ਕਰਦਾ ਅਤੇ ਰਾਤ ਨੂੰ ਸਮਾਜਵਾਦੀਆਂ ਨਾਲ ਸੰਪਰਕ ਕਾਇਮ ਕਰਦਾ।

ਘਰ ਪਰਤਣ ਤੇ ਇਸ ਨੇ ਸਮਾਜਵਾਦ ਦਾ ਪ੍ਰਚਾਰ ਜਾਰੀ ਰਖਿਆ ਅਤੇ ਸੰਨ 1912 ਈ. ਵਿਚ 'ਆਵਾਂਤੀ' ਨਾਂ ਦੇ ਸਮਾਜਵਾਦੀ ਪੱਤਰ ਦਾ ਸੰਪਾਦਕ ਬਣਿਆ। ਪ੍ਰਥਮ ਵਿਸ਼ਵ-ਯੁੱਧ ਵੇਲੇ ਇਸ ਦਾ ਸਮਾਜਵਾਦੀਆਂ ਨਾਲ ਮਤ-ਵਿਰੋਧ ਹੋ ਗਿਆ ਕਿਉਂਕਿ ਇਹ ਚਾਹੁੰਦਾ ਸੀ ਕਿ ਲੜਾਈ ਵਿਚ ਬਰਤਾਨੀਆ ਅਤੇ ਫਰਾਂਸ ਦੇ ਧੜੇ ਨਾਲ ਮੇਲ ਰਖਿਆ ਜਾਏ। ਫਲਸਰੂਪ ਇਸ ਨੂੰ ਸੰਪਾਦਕ-ਪਦ ਤੋਂ ਹਟਾ ਦਿੱਤਾ ਗਿਆ।

ਇਸ ਨੇ 23 ਮਾਰਚ, 1919 ਈ. ਨੂੰ ਇਕ ਫ਼ਾਸਿਸਟ ਸੰਗਠਨ ਕਾਇਮ ਕੀਤਾ ਜਿਸ ਵਿਚ ਅਧਿਕਤਰ ਉਹ ਲੋਕ ਸ਼ਾਮਲ ਹੋਏ ਜੋ ਸੰਨ 1914 ਈ. ਵਿਚ ਇਸ ਦੇ ਵਿਚਾਰਾਂ ਦਾ ਸਮਰਥਨ ਕਰਦੇ ਸਨ ਅਤੇ ਜੋ ਭੂਤ-ਪੂਰਵ ਫ਼ੌਜੀ ਸਨ। ਹੌਲੀ-ਹੌਲੀ ਇਸ ਨੇ ਆਪਣੀ ਸ਼ਕਤੀ ਵਧਾ ਕੇ 30 ਅਕਤੂਬਰ, 1922 ਈ. ਨੂੰ ਰੋਮ ਉਤੇ ਕਬਜ਼ਾ ਕਰ ਲਿਆ। ਸੰਨ 1935 ਈ. ਵਿਚ ਇਸ ਨੇ ਐਬੀਸੀਨੀਆ ਉਤੇ ਹਮਲਾ ਕਰਕੇ ਦੂਜੇ ਵਿਸ਼ਵਯੁੱਧ ਦੀ ਸੰਭਾਵਨਾ ਪੈਦਾ ਕੀਤੀ। ਅੰਤਰ-ਰਾਸ਼ਟਰੀ ਪੱਧਰ ਤੇ ਇਸ ਨੇ ਜਰਮਨੀ ਦੇ ਡਿਕਟੇਟਰ ਹਿਟਲਰ ਨਾਲ ਸੰਬੰਧ ਕਾਇਮ ਕਰ ਲਿਆ। ਪਹਿਲਾਂ ਇਸ ਧੜੇ ਦੀ ਜਿੱਤ ਹੁੰਦੀ ਰਹੀ। ਪਰ ਸੰਨ 1943 ਈ. ਵਿਚ ਮੁਸੋਲਿਨੀ ਤੋਂ ਬਹੁਤੇ ਅਧਿਕਾਰ ਖੋਹ ਲਏ ਜਾਣ ਕਾਰਣ ਮਿੱਤਰ-ਦੇਸ਼ਾਂ ਦੀਆਂ ਫ਼ੌਜਾਂ ਸਾਹਮਣੇ ਫ਼ਾਸਿਸਟ ਸੈਨਾਵਾਂ ਹਾਰਦੀਆਂ ਗਈਆਂ ਅਤੇ 26 ਅਪ੍ਰੈਲ, 1945 ਈ. ਨੂੰ ਮਿੱਤਰ-ਦੇਸ਼ਾਂ ਦੀਆਂ ਫ਼ੌਜਾਂ ਇਟਲੀ ਪਹੁੰਚ ਗਈਆਂ। ਅਜਿਹੀ ਸਥਿਤੀ ਵਿਚ ਮੁਸੋਲਿਨੀ ਨੇ ਇਟਲੀ ਤੋਂ ਭਜਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ ਅਤੇ ਪਕੜਿਆ ਗਿਆ। 28 ਅਪ੍ਰੈਲ, 1945 ਈ. ਨੂੰ ਇਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ।

ਦੂਜੇ ਵਿਸ਼ਵਯੁੱਧ ਵਿਚ ਇਸ ਨੂੰ ਸ਼ੁਰੂ ਵਿਚ ਕੁਝ ਪ੍ਰਾਪਤੀਆਂ ਹੋਈਆਂ, ਪਰ ਅੰਦਰਲੇ

ਵਿਰੋਧ ਕਾਰਣ ਇਹ ਆਪਣੇ ਮੰਤਵ ਵਿਚ ਸਫਲ ਨਾ ਹੋ ਸਕਿਆ।

ਮੁਹੱਰਮ : ਅਰਬੀ ਮੂਲ ਦੇ ਇਸ ਸ਼ਬਦ ਦਾ ਅਰਥ ਹੈ 'ਹਰਾਮ ਕੀਤਾ ਗਿਆ'। ਉਂਜ ਇਹ ਮੁਸਲਮਾਨੀ ਸਾਲ ਦੇ ਪਹਿਲੇ ਮਹੀਨੇ ਦਾ ਨਾਂ ਹੈ। ਇਸ ਦੇ ਪਹਿਲੇ ਦਸ ਦਿਨ ਸ਼ੀਆ ਮੁਸਲਮਾਨ, ਇਮਾਮ ਹੁਸੈਨ ਦੀ ਸੰਨ 680 ਈ. ਨੂੰ ਕਰਬਲਾ (ਵੇਖੋ) ਵਿਚ ਹੋਈ ਸ਼ਹਾਦਤ ਦੀ ਘਟਨਾ ਦੀ ਯਾਦ ਵਿਚ, ਸੋਗ ਮਨਾਉਂਦੇ ਹੋਏ ਦਸਵੇਂ ਦਿਨ ਤਾਜ਼ੀਏ ਕਢਦੇ ਹਨ ਜੋ ਬਾਦ ਵਿਚ ਇਮਾਮਬਾੜੇ ਵਿਚ ਦਫ਼ਨਾ ਦਿੱਤੇ ਜਾਂਦੇ ਹਨ। ਇਸ ਦਿਨ ਰਾਤ ਨੂੰ ਸ਼ੀਆ ਲੋਕ ਬਹੁਤ ਸੋਗ ਕਰਦੇ ਹਨ। ਇਸ ਨੂੰ 'ਸ਼ਬੇ-ਸ਼ਹਾਦਤ' ਕਿਹਾ ਜਾਂਦਾ ਹੈ। ਇਸ ਸੋਗ ਦੀ ਅਵਧੀ ਨੂੰ ਵੀ ਮੁਹੱਰਮ ਕਹਿ ਦਿੱਤਾ ਜਾਂਦਾ ਹੈ। ਮੁਹੱਰਮ ਦੇ ਮਹੀਨੇ ਵਿਚ ਜੰਗ ਕਰਨਾ ਵਰਜਿਤ ਹੈ।

ਚੂੰਕਿ ਇਹ ਲੜਾਈ ਸੁੰਨੀ ਖ਼ਲੀਫ਼ਾ ਯਜ਼ੀਦ ਵਲੋਂ ਇਮਾਮ ਹੁਸੈਨ ਉਤੇ ਥੋਪੀ ਗਈ ਸੀ ਅਤੇ ਉਸ ਦੇ ਸੈਨਾਪਤੀ ਸ਼ਿਮਰ ਨੇ ਤਿੰਨ ਦਿਨ ਦੇ ਭੁਖੇ ਪਿਆਸੇ ਹੁਸੈਨ ਨੂੰ ਬਹੁਤ ਬੇਦਰਦੀ ਨਾਲ ਸ਼ਹੀਦ ਕੀਤਾ ਸੀ, ਇਸ ਲਈ ਸ਼ੀਆ ਮੁਸਲਮਾਨ ਸੁੰਨੀਆਂ ਪ੍ਰਤਿ ਸਦਾ ਵਟ ਖਾਂਦੇ ਰਹਿੰਦੇ ਹਨ ਅਤੇ ਅਕਸਰ ਮੁਹੱਰਮ ਦੇ ਦਿਨਾਂ ਵਿਚ ਦੋਹਾਂ ਫ਼ਿਰਕਿਆਂ ਵਿਚ ਤਨਾਉ ਵਧ ਜਾਂਦਾ ਹੈ।

ਤਾਜ਼ੀਏ ਆਮ ਤੌਰ 'ਤੇ ਲਕੜ, ਗਤੇ ਅਤੇ ਕਾਗ਼ਜ਼ ਦੇ ਬਣੇ ਹੁੰਦੇ ਹਨ। ਇਹ, ਅਸਲ ਵਿਚ, ਇਮਾਮ ਹੁਸੈਨ ਦੇ ਮਕਬਰੇ ਦੀ ਸ਼ਕਲ ਵਰਗੇ ਬਣਾਏ ਜਾਂਦੇ ਹਨ। ਇਸ ਪਰੰਪਰਾ ਦਾ ਆਰੰਭ ਮੁਖ਼ਤਾਰ ਬਿਨ ਅਬੂ ਅਬੈਦੁੱਲਾ ਨੇ 66 ਹਿਜਰੀ ਸੰਨ ਵਿਚ ਕੀਤਾ। ਪਹਿਲਾਂ ਉਸ ਨੇ ਇਮਾਮ ਹੁਸੈਨ ਦੇ ਕਾਤਲਾਂ ਨੂੰ ਯੁੱਧ-ਭੂਮੀ ਵਿਚ ਸੋਧਿਆ ਅਤੇ ਫਿਰ ਤਾਜ਼ੀਏ ਕੱਢਣ ਦੀ ਪਿਰਤ ਪਾਈ।

ਮੁਹੱਰਮ ਬਾਰੇ ਪੰਜਾਬੀ ਵਿਚ ਇਕ ਅਖਾਣ ਹੈ—'ਪਹਿਲਾਂ ਸਾਂ ਮੈਂ ਨੀਮ ਜੁਲਾਹਾ, ਫਿਰ ਬਣਿਆ ਮੈਂ ਸ਼ੇਖ।।ਮਾਹ ਮੁਹੱਰਮ ਆਣ ਦਿਉ, ਹੁਣ ਸੱਯਦ ਬਣਾਂਗਾ ਦੇਖ।'

ਮੁਹੰਮਦ ਅਲੀ, ਜਿੱਨਾ : ਪ੍ਰਸਿੱਧ ਮੁਸਲਿਮ ਲੀਡਰ ਜਿਸ ਨੇ ਪਾਕਿਸਤਾਨ ਬਣਾਉਣ ਲਈ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਜਿੱਨਾ ਖ਼ਾਨਦਾਨ ਨਾਲ ਸੰਬੰਧਿਤ ਮੁਹੰਮਦ ਅਲੀ ਦਾ ਜਨਮ 25 ਦਸੰਬਰ, 1876 ਈ. ਨੂੰ ਕਰਾਚੀ ਵਿਚ ਹੋਇਆ। ਸਿਖਿਆ ਪ੍ਰਾਪਤੀ ਲਈ ਇਸ ਨੂੰ ਬੰਬਈ ਭੇਜਿਆ ਗਿਆ। ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਇਹ ਵਕਾਲਤ ਪੜ੍ਹਨ ਇੰਗਲੈਂਡ ਗਿਆ ਜਿਥੋਂ ਬੈਰਿਸਟਰ ਦੀ ਉਪਾਧੀ ਪ੍ਰਾਪਤ ਕਰਕੇ ਸੰਨ 1896 ਈ. ਵਿਚ ਪਰਤਿਆ ਅਤੇ ਬੰਬਈ ਵਿਚ ਵਕਾਲਤ ਸ਼ੁਰੂ ਕੀਤੀ।

ਇਸ ਨੂੰ ਪਹਿਲਾਂ ਦਾਦਾ ਭਾਈ ਨੌਰੋਜੀ ਦਾ ਸੰਪਰਕ ਪ੍ਰਾਪਤ ਹੋਇਆ ਅਤੇ ਫਿਰ ਗੋਖਲੇ ਨਾਲ ਮੇਲ ਹੋਇਆ। ਉਨ੍ਹਾਂ ਨਾਲ ਇਸ ਨੂੰ ਕਾਂਗ੍ਰਸ ਦੇ ਸੰਮੇਲਨਾਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਸੰਨ 1913 ਈ. ਵਿਚ ਇੰਗਲੈਂਡ ਤੋਂ ਪਰਤਣ 'ਤੇ ਮੁਸਲਿਮ ਲੀਗ ਦਾ ਮੈਂਬਰ ਬਣਿਆ ਅਤੇ ਕਾਂਗ੍ਰਸ ਦੀ ਮੈਂਬਰਸ਼ਿਪ ਵੀ ਜਾਰੀ ਰਖੀ। ਤਦ-ਉਪਰੰਤ ਇਹ ਕਾਂਗ੍ਰਸ ਦੇ ਪ੍ਰਤਿਨਿਧੀ ਮੰਡਲ ਦੇ ਮੈਂਬਰ ਵਜੋਂ ਇੰਗਲੈਂਡ ਗਿਆ ਅਤੇ ਕਾਂਗ੍ਰਸ ਨਾਲ ਇਕ ਸਮਝੌਤਾ ਕੀਤਾ ਜੋ 'ਲਖਨਊ ਪੈਕਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸੰਨ 1920 ਈ. ਵਿਚ ਇਹ ਕਾਂਗ੍ਰਸ ਤੋਂ ਵੱਖ ਹੋ ਗਿਆ। ਸੰਨ 1928 ਈ. ਵਿਚ ਸਾਈਮਨ ਕਮਿਸ਼ਨ ਦਾ ਵਿਰੋਧ ਕੀਤਾ ਅਤੇ ਮੁਸਲਿਮ ਲੀਗ ਦੇ ਰਾਜਨੈਤਿਕ ਵਿਕਾਸ ਲਈ ਚਾਰ-ਸੂਤ੍ਰੀ ਯੋਜਨਾ ਬਣਾਈ।

ਸੰਨ 1930 ਈ. ਵਿਚ ਗੋਲਮੇਜ਼ ਕਾਨਫ੍ਰੰਸ ਵਿਚ ਮੁਸਲਮਾਨਾਂ ਦੇ ਪ੍ਰਤਿਨਿਧੀ ਵਜੋਂ ਲੰਦਨ ਗਿਆ। ਸੰਨ 1934 ਈ. ਵਿਚ ਮੁਸਲਿਮ ਲੀਗ ਦਾ ਸਭਾਪਤੀ (ਕਾਇਦੇ-ਆਜ਼ਮ) ਬਣਿਆ। ਸੰਨ 1937 ਈ. ਦੀਆਂ ਚੋਣਾਂ ਤੋਂ ਬਾਦ ਕਾਂਗ੍ਰਸ ਮੰਤ੍ਰੀਮੰਡਲ ਅਧੀਨ ਇਸ ਨੂੰ ਮੁਸਲਮਾਨਾਂ ਦਾ ਭਵਿਖ ਉਜਲਾ ਨਜ਼ਰ ਨਾ ਆਇਆ। ਫਲਸਰੂਪ ਸੰਨ 1940 ਈ. ਵਿਚ ਹੋਏ ਮੁਸਲਿਮ ਲੀਗ ਦੇ ਸੰਮੇਲਨ ਵਿਚ ਪਾਕਿਸਤਾਨ ਬਣਾਉਣ ਦਾ ਪ੍ਰਸਤਾਵ ਪਾਸ ਕਰਵਾਇਆ ਅਤੇ ਇਸ ਤੋਂ ਬਾਦ ਕਾਂਗ੍ਰਸ ਵਲੋਂ ਚਲਾਏ ਗਏ ਕਿਸੇ ਵੀ ਸੰਘਰਸ਼ ਵਿਚ ਸਹਿਯੋਗ ਨਾ ਦਿੱਤਾ। ਜੁਲਾਈ, 1946 ਈ. ਵਿਚ ਕਲਕੱਤਾ ਵਿਚ ਹੋਏ ਮੁਸਲਿਮ ਲੀਗ ਦੇ ਸੰਮੇਲਨ ਵਿਚ 'ਡਾਇਰੈਕਟ ਐਕਸ਼ਨ' ਦਾ ਪ੍ਰਸਤਾਵ ਪ੍ਰਵਾਨ ਕਰਵਾਇਆ। ਸੰਨ 1946 ਈ. ਵਿਚ ਸੂਬਾਈ ਵੰਡ ਸੰਬੰਧੀ ਲੰਦਨ ਵਿਚ ਕੋਈ ਸਮਝੌਤਾ ਨਾ ਹੋ ਸਕਿਆ। ਦੇਸ਼ ਦੀ ਵੰਡ ਸੰਬੰਧੀ ਜਿੰਨਾ ਦੇ ਕਠੋਰ ਪਰ ਦ੍ਰਿੜ੍ਹ ਫੈਸਲੇ ਅਗੇ ਕਾਂਗ੍ਰਸ ਨੂੰ ਝੁਕਣਾ ਪਿਆ।

20 ਫਰਵਰੀ, 1947 ਈ. ਨੂੰ ਲੰਦਨ ਵਿਚ ਹਾਊਸ ਆਫ਼ ਕਾਮਨਜ਼ ਵਲੋਂ ਹਿੰਦੁਸਤਾਨ ਨੂੰ ਆਜ਼ਾਦ ਕਰਨ ਦਾ ਫੈਸਲਾ ਕੀਤਾ ਗਿਆ। ਦੇਸ਼ ਵਿਚ ਵਿਆਪਕ ਹਿੰਸਾ ਨੂੰ ਠੱਲ੍ਹ ਪਾਉਣ ਲਈ ਜਿੰਨਾ ਨੇ ਮਹਾਤਮਾ ਗਾਂਧੀ ਨਾਲ ਰਲ ਕੇ ਲੋਕਾਂ ਨੂੰ ਅਪੀਲ ਕੀਤੀ। ਅਗਸਤ, 1947 ਈ. ਵਿਚ ਦੇਸ਼ ਦੀ ਵੰਡ ਹੋ ਗਈ ਅਤੇ ਜਿੰਨਾ ਨੂੰ ਪਾਕਿਸਤਾਨ ਦਾ ਪ੍ਰੈਜ਼ੀਡੈਂਟ ਬਣਾਇਆ ਗਿਆ। ਪਾਕਿਸਤਾਨ ਦੀ ਕਾਇਮੀ ਤੋਂ ਲਗਭਗ ਦੋ ਸਾਲ ਬਾਦ ਜਿੰਨਾ ਦਾ ਕਰਾਚੀ ਵਿਚ ਦੇਹਾਂਤ ਹੋਇਆ। ਜਿੰਨਾ ਨੇ ਮੁਸਲਮਾਨਾਂ ਨੂੰ ਕਾਂਗ੍ਰਸ ਦੇ ਗ਼ਲਬੇ (ਜਿਸ ਨੂੰ ਇਹ ਹਿੰਦੂ-ਗ਼ਲਬਾ ਕਹਿੰਦਾ ਸੀ) ਤੋਂ ਕੱਢਣ ਲਈ ਇਕ ਸੁਲਝੇ ਹੋਏ ਦ੍ਰਿੜ੍ਹ ਅਤੇ ਨਿਡਰ ਨੇਤਾ ਦੀ ਜ਼ਿੰਮੇਵਾਰੀ ਨਿਭਾਈ। ਸਮੁੱਚੇ ਤੌਰ ਤੇ ਭਾਵੇਂ ਇਹ ਵੰਡ ਦੇਸ਼ਵਾਸੀਆਂ ਲਈ ਸੁਖਦ ਨਹੀਂ ਸੀ, ਪਰ ਜਿੰਨਾ ਦੇ ਅਡੋਲ ਵਿਵਹਾਰ ਕਾਰਣ ਇਹ ਹੋ ਕੇ ਰਹੀ।

ਇਸ ਵੰਡ ਦੌਰਾਨ ਲੱਖਾਂ ਲੋਕ ਮਾਰੇ ਗਏ, ਕਰੋੜਾਂ ਬੇਘਰ ਹੋਏ ਅਤੇ ਅਰਬਾਂ ਰੁਪਇਆਂ ਦੀ ਸੰਪੱਤੀ ਨਸ਼ਟ ਹੋਈ। ਪੰਜਾਬੀ ਕਾਵਿ ਵਿਚ ਜਿੰਨਾ ਦਾ ਉੱਲੇਖ ਅਕਸਰ ਦੋਫੇੜ ਪਾਉਣ ਵਾਲੇ ਅਤੇ ਨਕਾਰਾਤਮਕ ਰੁਚੀਆਂ ਵਾਲੇ ਨੇਤਾ ਵਜੋਂ ਹੋਇਆ ਹੈ। ਕੇਦਾਰ ਨਾਥ 'ਬਾਗ਼ੀ' ਇਕ ਉਜੜੀ ਪੁਜੜੀ ਬਿਰਧ ਇਸਤਰੀ ਦੇ ਭਾਵ ਪ੍ਰਗਟਾਉਣ ਵੇਲੇ ਜਿੰਨਾ ਵਲ ਸੰਕੇਤ ਕਰਦਾ ਹੈ—'ਮੈਂ ਆਖਿਆ ਤਾਰ ਵਿਚ ਮਾਤਾ ਨੂੰ, ਜਿੰਨਾਹ ਨੂੰ ਕੀ ਲਿਖਣਾ ਏ।/ਕੀ ਕੰਮ ਏਂ ਤੈਨੂੰ ਉਸ ਤੀਕ, ਕੀ ਕੁਛ ਤੂੰ ਲਿਖ ਕੇ ਪੌਣਾ ਏਂ।'

ਮੁਹੰਮਦ, ਹਜ਼ਰਤ : ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਦਾ ਜਨਮ 20 ਅਪ੍ਰੈਲ, 571 ਈ. ਵਿਚ, ਮੱਕਾ ਸ਼ਹਿਰ ਅੰਦਰ ਕੁਰੇਸ਼-ਵੰਸ਼ੀ ਅਬਦੁੱਲਾ ਦੇ ਘਰ ਆਮਿਨਾ ਦੀ ਕੁੱਖੋਂ ਹੋਇਆ। ਇਨ੍ਹਾਂ ਦਾ ਦਾਦਾ ਅਬਦੁਲ ਮੁਤੱਲਿਬ ਚੂੰਕਿ 'ਕਾਅਬਾ' ਦੀ ਦੇਖ-ਭਾਲ

ਕਰਦਾ ਸੀ ਇਸ ਕਰਕੇ ਇਨ੍ਹਾਂ ਦਾ ਖ਼ਾਨਦਾਨ ਮੱਕੇ ਵਿਚ ਬਹੁਤ ਪ੍ਰਤਿਸ਼ਠਿਤ ਸੀ। ਸ਼ੁਰੂ ਵਿਚ ਇਹ ਭੇਡਾਂ ਬਕਰੀਆਂ ਚਰਾ ਕੇ ਜੀਵਨ ਨਿਰਵਾਹ ਕਰਦੇ ਸਨ। ਜਦੋਂ ਇਨ੍ਹਾਂ ਦੀ ਉਮਰ ਵੀਹ ਸਾਲ ਦੀ ਹੋਈ ਤਾਂ ਇਨ੍ਹਾਂ ਨੇ ਮੱਕੇ ਦੀ ਇਕ ਧਨਵਾਨ ਵਿਧਵਾ 'ਖ਼ਦੀਜਾ' ਦੀ ਨੌਕਰੀ ਕਰ ਲਈ ਅਤੇ ਉਸ ਦੇ ਵਪਾਰ ਸੰਬੰਧੀ ਕੰਮਾਂ ਲਈ ਬਸਰਾ, ਦਮਿਸ਼ਕ ਆਦਿ ਨਗਰਾਂ ਵਿਚ ਮੱਕੇ ਤੋਂ ਬਾਹਰ ਵੀ ਜਾਂਦੇ ਰਹੇ। ਆਪ ਦੀ ਵਪਾਰਕ ਕੁਸ਼ਲਤਾ ਅਤੇ ਈਮਾਨਦਾਰੀ ਤੋਂ ਪ੍ਰਭਾਵਿਤ ਹੋ ਕੇ ਚਾਲੀ ਸਾਲਾਂ ਦੀ ਖ਼ਦੀਜਾ ਨੇ ਇਨ੍ਹਾਂ ਨਾਲ ਵਿਆਹ ਕਰ ਲਿਆ। ਇਸ ਵਿਆਹ ਸੰਬੰਧ ਤੋਂ ਦੋ ਲੜਕੇ ਅਤੇ ਚਾਰ ਲੜਕੀਆਂ ਪੈਦਾ ਹੋਈਆਂ ਜਿਨ੍ਹਾਂ ਵਿਚੋਂ ਪੰਜ ਤਾਂ ਛੋਟੀ ਉਮਰ ਵਿਚ ਹੀ ਮਰ ਗਏ, ਕੇਵਲ ਇਕ ਬੇਟੀ ਫ਼ਾਤਿਮਾ ਹੀ ਜਿਉਂਦੀ ਰਹੀ। ਉਸ ਦਾ ਵਿਆਹ ਹਜ਼ਰਤ ਅਲੀ ਨਾਲ ਹੋਇਆ।

ਜਦੋਂ ਆਪ 35 ਵਰ੍ਹਿਆਂ ਦੇ ਹੋਏ ਤਾਂ ਉਦੋਂ ਕਾਅਬੇ ਦੀ ਪੁਨਰ-ਉਸਾਰੀ ਸ਼ੁਰੂ ਸੀ। ਉਦੋਂ 'ਸੰਗ-ਏ-ਅਸਵਦ' (ਕਾਲਾ ਪੱਥਰ) ਨੂੰ ਨਵੀਂ ਇਮਾਰਤ ਵਿਚ ਆਪਣੇ ਹੱਥਾਂ ਨਾਲ ਰੱਖਣ ਦਾ ਮਾਣ ਹਜ਼ਰਤ ਮੁਹੰਮਦ ਨੂੰ ਦਿੱਤਾ ਗਿਆ। ਕੁਝ ਸਾਲ ਬਾਦ ਆਪ ਉਦਾਸ ਰਹਿਣ ਲਗ ਗਏ। ਆਪਣਾ ਅਧਿਕਤਰ ਸਮਾਂ 'ਹਿਰਾ' ਨਾਂ ਦੇ ਪਹਾੜ ਦੀਆਂ ਗੁਫ਼ਾਵਾਂ ਵਿਚ ਬਿਤਾਉਂਦੇ। ਜਦੋਂ ਆਪ ਦੀ ਉਮਰ 40 ਵਰ੍ਹਿਆਂ ਦੀ ਹੋਈ ਤਾਂ ਇਨ੍ਹਾਂ ਨੇ ਲੋਕਾਂ ਨੂੰ ਦਸਿਆ ਕਿ ਹਿਰਾ ਪਹਾੜ ਦੀ ਗੁਫ਼ਾ ਵਿਚ ਆਪ ਨੂੰ ਜਿਬਰਾਈਲ ਫ਼ਰਿਸ਼ਤਾ ਮਿਲਿਆ ਅਤੇ ਉਸ ਨੇ ਖ਼ੁਦਾ ਦਾ ਪੈਗ਼ਾਮ ਦਿੱਤਾ। ਫਿਰ 'ਬੁਰਾਕ' ਨਾਂ ਦੇ ਘੋੜੇ 'ਤੇ ਚੜ੍ਹ ਕੇ ਸੱਤਵੇਂ ਆਸਮਾਨ 'ਤੇ ਗਏ। ਇਸ ਆਸਮਾਨੀ ਯਾਤ੍ਰਾ ਨੂੰ 'ਮਿਅਰਾਜ' ਜਾਂ 'ਮੇਅਰਾਜ' ਕਹਿੰਦੇ ਹਨ। 'ਈਸ਼ਵਰੀ' ਪੈਗ਼ਾਮ ਤੋਂ ਬਾਦ ਹਜ਼ਰਤ ਮੁਹੰਮਦ ਪੈਗ਼ੰਬਰ ਅਖਵਾਉਣ ਲਗੇ। ਉਸ ਦਿਨ ਤੋਂ ਆਪ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ। ਆਪ ਦੀ ਸਭ ਤੋਂ ਪਹਿਲੀ ਮੁਰੀਦ ਆਪ ਦੀ ਪਤਨੀ 'ਖ਼ਦੀਜਾ' ਬਣੀ ਅਤੇ ਬਾਦ ਵਿਚ ਅਲੀ, ਜ਼ੈਦ ਅਤੇ ਅਬੂ-ਬਕਰ ਨੇ ਇਸਲਾਮ ਧਾਰਣ ਕੀਤਾ।

ਹੌਲੀ-ਹੌਲੀ ਪ੍ਰਚਾਰ ਦਾ ਕੰਮ ਤੇਜ਼ ਹੁੰਦਾ ਗਿਆ ਪਰ ਬਹੁਦੇਵਵਾਦ ਅਤੇ ਬੁੱਤ-ਪੂਜਾ ਵਿਚ ਵਿਸ਼ਵਾਸ ਨਾ ਰਖਣ ਕਾਰਣ ਆਪ ਦਾ ਬਹੁਤ ਵਿਰੋਧ ਹੋਣ ਲਗਾ। ਇਸ ਵਿਰੋਧ ਕਾਰਣ ਸੰਨ 622 ਈ. ਵਿਚ ਆਪ ਨੇ ਮੱਕੇ ਤੋਂ ਹਿਜਰਤ ਕਰ ਕੇ ਮਦੀਨੇ ਵਿਚ ਨਿਵਾਸ ਸ਼ੁਰੂ ਕੀਤਾ ਕਿਉਂਕਿ ਉਥੇ ਆਪ ਦੇ ਅਨੁਯਾਈਆਂ ਦੀ ਗਿਣਤੀ ਅਧਿਕ ਸੀ। ਇਸ ਘਟਨਾ ਤੋਂ ਹਿਜਰੀ ਸੰਨ ਦਾ ਆਰੰਭ ਹੁੰਦਾ ਹੈ।

ਮਦੀਨੇ ਵਿਚ ਵੀ ਮੱਕੇ ਦੇ ਵਿਰੋਧੀਆਂ ਨੇ ਆਪ ਨੂੰ ਚੈਨ ਨਾ ਲੈਣ ਦਿੱਤਾ ਅਤੇ ਦਲ-ਬਲ ਜੋੜ ਕੇ ਹਮਲਾ ਕੀਤਾ। ਦੋ ਹਿਜਰੀ ਨੂੰ ਬਦਰ ਦੇ ਸਥਾਨ 'ਤੇ ਲੜਾਈ ਵਿਚ ਆਪ ਦੀ ਜਿੱਤ ਹੋਈ। ਇਸ ਨਾਲ ਆਪ ਦੇ ਪੈਰੋਕਾਰਾਂ ਦੇ ਹੌਂਸਲੇ ਵਧ ਗਏ। ਮੱਕੇ ਵਾਲੇ ਵਿਰੋਧੀਆਂ ਨੇ ਬਦਰ ਦੀ ਹਾਰ ਤੋਂ ਬਾਦ ਫਿਰ ਵੀ ਕੁਝ ਹਮਲੇ ਕੀਤੇ, ਪਰ ਜਿੱਤ ਮੁਸਲਮਾਨਾਂ ਦੀ ਹੀ ਹੋਈ। ਸੰਨ 630 ਈ. ਵਿਚ ਆਪ ਨੇ ਦਸ ਹਜ਼ਾਰ ਮੁਸਲਮਾਨਾਂ ਸਹਿਤ ਮੱਕੇ ਉਤੇ ਹਮਲਾ ਕਰਕੇ ਵੈਰੀਆਂ ਨੂੰ ਤਕੜੀ ਹਾਰ ਦਿੱਤੀ ਅਤੇ ਕਾਅਬੇ ਉਤੇ ਕਬਜ਼ਾ ਕਰਕੇ ਸੰਗ-ਏ-ਅਸਵਦ ਨੂੰ ਚੁੰਮਿਆ। ਇਸ ਦੇ ਨਾਲ ਹੀ 'ਹਬਲ' ਅਤੇ 360

ਹੋਰ ਬੁੱਤਾਂ ਨੂੰ ਤੋੜ ਕੇ ਬਹੁਦੇਵਵਾਦ ਅਤੇ ਬੁੱਤ-ਪੂਜਾ ਦੀ ਪ੍ਰਥਾ ਨੂੰ ਖ਼ਤਮ ਕੀਤਾ। ਕਾਅਬਾ ਵਿਚ 'ਕਿਬਲਾ' ਦੀ ਸਥਾਪਨਾ ਕਰਕੇ ਪਹਿਲੀ ਨਮਾਜ਼ ਪੜ੍ਹੀ ਅਤੇ ਕਿਬਲੇ ਵਲ ਮੂੰਹ ਕਰਕੇ ਨਮਾਜ਼ ਪੜ੍ਹਨ ਦੀ ਆਪਣੇ ਅਨੁਯਾਈਆਂ ਨੂੰ ਤਾਕੀਦ ਕੀਤੀ। ਇਸ ਤੋਂ ਦੋ ਸਾਲ ਬਾਦ ਸੰਨ 632 ਈ. ਵਿਚ ਆਪ ਦਾ ਮਦੀਨੇ ਵਿਚ ਦੇਹਾਂਤ ਹੋਇਆ। ਆਪ ਦੀਆਂ 11 ਪਤਨੀਆਂ ਸਨ, ਪਰ ਖ਼ਦੀਜਾ ਤੋਂ ਇਲਾਵਾ ਮੇਰੀ ਨਾਂ ਦੀ ਪਤਨੀ ਤੋਂ ਆਪ ਦੇ ਘਰ ਇਕ ਪੁੱਤਰ ਪੈਦਾ ਹੋਇਆ, ਜੋ ਬਚਪਨ ਵਿਚ ਹੀ ਮਰ ਗਿਆ। ਇਨ੍ਹਾਂ ਦੀ ਸਭ ਤੋਂ ਚਹੇਤੀ ਪਤਨੀ ਅਬੂ-ਬਕਰ ਦੀ ਪੁੱਤਰੀ 'ਆਯਸ਼ਾ' ਸੀ ਜਿਸ ਦੀ ਨਿਕਾਹ ਵੇਲੇ ਉਮਰ ਕੇਵਲ ਨੌਂ ਵਰ੍ਹਿਆਂ ਦੀ ਸੀ ਅਤੇ ਜੋ ਹਜ਼ਰਤ ਮੁਹੰਮਦ ਤੋਂ ਬਾਦ 58 ਹਿਜਰੀ ਤਕ ਜੀਉਂਦੀ ਰਹੀ। ਮੁਸਲਮਾਨਾਂ ਵਿਚ ਉਸ ਨੂੰ 'ਅੰਮੁਲ ਮੋਮਨੀਨ' (ਇਸਲਾਮ ਵਿਚ ਯਕੀਨ ਰੱਖਣ ਵਾਲਿਆਂ ਦੀ ਮਾਤਾ) ਕਰਕੇ ਜਾਣਿਆ ਜਾਂਦਾ ਹੈ।

ਆਪ ਨੂੰ ਰੱਬ ਵੱਲੋਂ ਨਾਜ਼ਲ ਹੋਏ ਹੁਕਮਾਂ ਦਾ ਸੰਕਲਨ 'ਕੁਰਾਨ' (ਵੇਖੋ) ਵਿਚ ਹੋਇਆ ਹੈ। ਆਪ ਨੇ ਆਪਣੇ ਅਨੁਯਾਈਆਂ ਨੂੰ ਨਮਾਜ਼ ਪੜ੍ਹਨ, ਰੋਜ਼ੇ ਰਖਣ, ਹਜ ਕਰਨ ਅਤੇ ਦੀਨੀ ਕੰਮਾਂ ਵਾਸਤੇ ਜ਼ਕਾਤ ਕੱਢਣ ਲਈ ਤਾਕੀਦ ਕੀਤੀ। ਆਪ ਨੇ ਸ਼ਰਾਬ ਪੀਣ, ਸੂਦ ਲੈਣ ਅਤੇ ਜੂਆ ਖੇਡਣ ਨੂੰ ਬਹੁਤ ਮਾੜਾ ਦਸ ਕੇ ਆਪਣੇ ਅਨੁਯਾਈਆਂ ਨੂੰ ਇਨ੍ਹਾਂ ਤੋਂ ਵਰਜਿਆ। ਇਸ ਤਰ੍ਹਾਂ ਆਪ ਨੇ ਖਿੰਡੇ-ਪੁੰਡੇ ਅਰਬ-ਨਿਵਾਸੀਆਂ ਨੂੰ ਸੰਗਠਿਤ ਕਰਕੇ ਇਕ ਸ਼ਕਤੀਸ਼ਾਲੀ ਕੌਮ ਦਾ ਵਿਧਾਨ ਕੀਤਾ ਅਤੇ ਇਸਲਾਮ ਧਰਮ ਦਾ ਵਿਸ਼ਵਵਿਆਪੀ ਪ੍ਰਚਾਰ ਕੀਤਾ। ਭਾਈ ਗੁਰਦਾਸ ਨੇ ਇਸ ਬਾਰੇ ਸੰਕੇਤ ਕੀਤਾ ਹੈ—'ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦ ਯਾਰਾ' (1/20)।

ਮੁਕਤਸਰ : ਜ਼ਿਲਾ ਫ਼ਰੀਦਕੋਟ ਵਿਚ ਇਕ ਪਵਿੱਤਰ ਸਰੋਵਰ ਜਿਸ ਦਾ ਸੰਬੰਧ ਸਿੱਖ-ਇਤਿਹਾਸ ਦੇ 40 ਮੁਕਤਿਆਂ ਨਾਲ ਹੈ। ਸੰਨ 1704 ਈ. ਤਕ ਇਥੇ ਇਕ ਬਹੁਤ ਵੱਡਾ ਕੱਚਾ ਤਾਲਾਬ ਸੀ ਜਿਥੇ ਚੌਹਾਂ ਪਾਸਿਆਂ ਤੋਂ ਬਾਰਸ਼ ਦਾ ਪਾਣੀ ਇਕੱਠਾ ਹੋ ਜਾਂਦਾ ਸੀ। ਇਸ ਨੂੰ 'ਖਿਦਰਾਣੇ ਦੀ ਢਾਬ' ਕਿਹਾ ਜਾਂਦਾ ਸੀ। ਅਨੰਦਪੁਰ ਦਾ ਕਿਲਾ ਛੱਡਣ ਉਪਰੰਤ ਬਿਖੜੇ ਮਾਰਗਾਂ ਤੋਂ ਲੰਘਦੇ ਹੋਏ ਸੰਨ 1705 ਈ. ਵਿਚ ਗੁਰੂ ਗੋਬਿੰਦ ਸਿੰਘ ਇਸ ਢਾਬ ਉਤੇ ਪਹੁੰਚੇ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੀ ਪਿਛਾ ਕਰ ਰਹੀ ਫ਼ੌਜ ਨਾਲ ਯੁੱਧ ਕਰਨ ਦੀ ਵਿਵਸਥਾ ਕੀਤੀ।

ਇਸ ਦੌਰਾਨ ਉੱਚੀ ਥਾਂ 'ਤੇ ਟਿਕ ਕੇ ਤੀਰ ਚਲਾ ਰਹੇ ਗੁਰੂ ਜੀ ਨੇ ਵੇਖਿਆ ਕਿ ਬਾਹਰੋਂ ਆਇਆ ਸਿੰਘਾਂ ਦਾ ਇਕ ਦਲ ਮੁਗ਼ਲ ਸੈਨਾ ਨਾਲ ਜੂਝਣ ਲਗ ਗਿਆ ਹੈ। ਇਸ ਜੱਥੇ ਨਾਲ ਹੋਈ ਲੜਾਈ ਦੇ ਫਲਸਰੂਪ ਮੁਗ਼ਲ ਸੈਨਾ ਯੁੱਧ-ਭੂਮੀ ਤੋਂ ਪਿਛੇ ਹਟ ਗਈ। ਰਵਾਇਤ ਅਨੁਸਾਰ ਗੁਰੂ ਸਾਹਿਬ ਟਿੱਬੀ ਤੋਂ ਉਤਰੇ ਅਤੇ ਯੁੱਧ ਵਿਚ ਸ਼ਹੀਦ ਜਾਂ ਜ਼ਖਮੀ ਹੋਏ ਸਿੰਘਾਂ ਦੀ ਸ਼ਨਾਖ਼ਤ ਕਰਨ ਲਗੇ। ਜਦੋਂ ਗੁਰੂ ਜੀ ਉਸ ਦਲ ਦੇ ਜੱਥੇਦਾਰ ਸ. ਮਹਾਂ ਸਿੰਘ ਕੋਲ ਪਹੁੰਚੇ ਤਾਂ ਉਹ ਅੰਤਿਮ ਸੁਆਸਾਂ 'ਤੇ ਸੀ। ਗੁਰੂ ਜੀ ਨੇ ਨਿਘ ਨਾਲ ਉਸ ਦਾ ਸੀਸ ਆਪਣੇ ਗੋਡੇ 'ਤੇ ਰਖਿਆ ਅਤੇ ਅੰਤਿਮ ਇੱਛਾ ਪੁਛੀ। ਸ. ਮਹਾਂ ਸਿੰਘ ਨੇ ਬੇਦਾਵੇ ਦਾ ਕਾਗ਼ਜ਼ ਫਾੜ ਦੇਣ ਅਤੇ ਟੁੱਟੀ ਪ੍ਰੀਤ ਨੂੰ ਗੰਢਣ ਲਈ

ਬੇਨਤੀ ਕੀਤੀ, ਕਿਉਂਕਿ ਉਸ ਦੇ ਮਨ ਵਿਚ ਬੇਦਾਵਾ ਲਿਖ ਕੇ ਦੇਣ ਤੋਂ ਪੈਦਾ ਹੋਏ ਪਛਤਾਵੇ ਦੀ ਡਾਢੀ ਪੀੜ ਸੀ। ਹਰਿੰਦਰ ਮਹਿਬੂਬ ਨੇ ਇਸ ਗੱਲ ਦਾ ਹਵਾਲਾ ਦਿੱਤਾ ਹੈ—'ਮਹਾਂ ਸਿੰਘ ਦੇ ਦਰਦ ਦੀ ਚੀਸ ਡੂੰਘੀ/ਜਪਾਂ ਤਪਾਂ ਤੋਂ ਅਗੇ ਸੰਭਾਲਦਾ ਮੈਂ।' ਗੁਰੂ ਜੀ ਨੇ ਜਿਉਂ ਹੀ ਜੱਥੇਦਾਰ ਦੀ ਅੰਤਿਮ ਇੱਛਾ ਪੂਰੀ ਕੀਤੀ, ਉਸ ਨੇ ਪ੍ਰਾਣ ਤਿਆਗ ਦਿੱਤੇ।

ਉਸ ਜੱਥੇ ਦੇ ਸਿੰਘਾਂ ਦੀ ਗਿਣਤੀ 40 ਸੀ। ਗੁਰੂ ਸਾਹਿਬ ਨੇ ਉਨ੍ਹਾਂ ਸਿੰਘਾਂ ਨੂੰ ਮੁਕਤੀ ਪ੍ਰਦਾਨ ਕਰਦੇ ਹੋਇਆਂ ਉਨ੍ਹਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ। ਉਸ ਦਿਨ ਤੋਂ ਉਹ ਸਿੰਘ ਸਿੱਖ-ਇਤਿਹਾਸ ਵਿਚ 40 ਮੁਕਤਿਆਂ (ਵੇਖੋ) ਦੇ ਨਾਂ ਨਾਲ ਪ੍ਰਸਿੱਧ ਹੋਏ ਅਤੇ ਖਿਦਰਾਣੇ ਦੀ ਢਾਬ ਦਾ ਨਾਂ 'ਮੁਕਤਸਰ' ਰਖਿਆ ਗਿਆ। ਸਮਾਂ ਬੀਤਣ ਨਾਲ ਉਸ ਸਰੋਵਰ ਦੇ ਇਰਦ-ਗਿਰਦ ਜੋ ਨਗਰ ਵਸ ਗਿਆ, ਉਹ ਵੀ 'ਮੁਕਤਸਰ' ਨਾਂ ਨਾਲ ਜਾਣਿਆ ਜਾਣ ਲਗਾ। ਇਥੇ ਹੁਣ ਸ਼ਹੀਦਾਂ ਦੇ ਸਸਕਾਰ ਵਾਲੀ ਥਾਂ ਉਤੇ ਸ਼ਹੀਦਗੰਜ ਨਾਂ ਦਾ ਗੁਰਦੁਆਰਾ ਹੈ। ਇਸ ਤੋਂ ਇਲਾਵਾ ਟਿੱਬੀ ਸਾਹਿਬ, ਤੰਬੂ ਸਾਹਿਬ ਅਤੇ ਵੱਡਾ ਦਰਬਾਰ ਨਾਂ ਦੇ ਹੋਰ ਗੁਰਦੁਆਰੇ ਹਨ।

ਸ਼ਹੀਦ ਸਿੰਘਾਂ (40 ਮੁਕਤਿਆਂ) ਦੀ ਯਾਦ ਵਿਚ ਇਥੇ ਹਰ ਸਾਲ ਮਾਘੀ ਵਾਲੇ ਦਿਨ ਬਹੁਤ ਵੱਡਾ ਮੇਲਾ ਲਗਦਾ ਹੈ। ਲੱਖਾਂ ਲੋਕ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਤਿੰਨ ਦਿਨਾਂ ਦਾ ਇਹ ਮੇਲਾ ਲੋਹੜੀ ਵਾਲੇ ਦਿਨ ਸ਼ੁਰੂ ਹੁੰਦਾ ਹੈ ਅਤੇ ਮਾਘੀ ਤੋਂ ਇਕ ਦਿਨ ਬਾਦ ਸਮਾਪਤ ਹੁੰਦਾ ਹੈ। ਮਾਘੀ ਵਾਲੇ ਦਿਨ ਸਰੋਵਰ ਵਿਚ ਇਸ਼ਨਾਨ ਕਰਨਾ ਬਹੁਤ ਪਵਿੱਤਰ ਅਤੇ ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਸਮਝਿਆ ਜਾਂਦਾ ਹੈ।

ਇਸ ਮੇਲੇ ਵਿਚ ਚਿਰਾਂ ਤੋਂ ਤਾਂਘ ਰਹੇ ਸ਼ਰਧਾਲੂ ਅਤੇ ਸ਼ੌਕੀਨ ਲੋਕ ਆਪਣੀਆਂ ਛਾਣੀਆਂ ਬਣਾ ਕੇ ਲੋਹੜੀ ਵਾਲੇ ਦਿਨ ਸਵੇਰ ਵੇਲੇ ਤੋਂ ਹੀ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਪੰਜਾਬੀ ਸਭਿਆਚਾਰ ਨੂੰ ਪ੍ਰਗਟਾਉਣ ਵਾਲੇ ਲੋਕ-ਗੀਤ ਗਾਏ ਜਾਂਦੇ ਹਨ, ਲੋਕ-ਨਾਚਾਂ ਦਾ ਆਪਣਾ ਰੰਗ ਹੁੰਦਾ ਹੈ। ਪੇਂਡੂ ਮਨੋਰੰਜਨ ਦਾ ਬਹੁਤ ਧਿਆਨ ਰਖਿਆ ਜਾਂਦਾ ਹੈ। ਪਸ਼ੂਆਂ ਅਤੇ ਘਰ ਦੀਆਂ ਲੋੜਾਂ ਦੀ ਲੈਣ-ਦੇਣ ਹੁੰਦੀ ਹੈ। ਇਸ ਮੌਕੇ ਤੇ ਕਈ ਸਿਆਸੀ ਪਾਰਟੀਆਂ ਦੀਆਂ ਕਾਨਫ੍ਰੰਸਾਂ ਹੁੰਦੀਆਂ ਹਨ। ਇਸ ਮੇਲੇ 'ਤੇ ਦੂਰੋਂ ਦੂਰੋਂ ਨਿਹੰਗ ਸਿੰਘ ਪਹੁੰਚ ਕੇ ਆਪਣੇ ਪਰੰਪਰਾਗਤ ਜੰਗੀ ਕਰਤਬ ਦਿਖਾਉਂਦੇ ਹਨ।

ਮੁਕਤੀ : ਸੰਸਕ੍ਰਿਤ ਦੀ ਮੂਲ ਧਾਤੂ ਤੋਂ ਬਣੇ 'ਮੁਕਤਿ' ਸ਼ਬਦ ਦਾ ਅਰਥ ਹੈ ਛੁਟਕਾਰਾ, ਖ਼ਲਾਸੀ, ਰਿਹਾਈ। ਅਧਿਆਤਮਿਕ ਦ੍ਰਿਸ਼ਟੀ ਤੋਂ ਇਸ ਤੋਂ ਭਾਵ ਹੈ ਮਾਯਾ ਦੇ ਪ੍ਰਭਾਵ ਜਾਂ ਬੰਧਨਾਂ ਤੋਂ ਖ਼ਲਾਸੀ ਜਾਂ ਦੁੱਖਾਂ ਕਲੇਸ਼ਾਂ ਦਾ ਅੰਤ। ਮਨੁੱਖੀ ਇਤਿਹਾਸ ਦੇ ਆਦਿ-ਕਾਲ ਤੋਂ ਚਾਰ ਪਦਾਰਥਾਂ—ਧਰਮ, ਅਰਥ, ਕਾਮ ਅਤੇ ਮੋਕਸ਼—ਵਿਚ ਮੋਕਸ਼ (ਮੁਕਤੀ) ਨੂੰ ਹੀ ਸਰਵੋਤਮ ਮੰਨਿਆ ਗਿਆ ਹੈ ਅਤੇ ਇਸ ਦੀ ਪ੍ਰਾਪਤੀ ਮਨੁੱਖ ਦਾ ਪਰਮ-ਪੁਰਸ਼ਾਰਥ ਸਮਝਿਆ ਗਿਆ ਹੈ।

ਭਾਵੇਂ ਮੁਕਤੀ ਦੇ ਸਰੂਪ ਸੰਬੰਧੀ ਵੱਖ ਵੱਖ ਦਾਰਸ਼ਨਿਕਾਂ ਵਿਚ ਕਾਫ਼ੀ ਮਤ-ਭੇਦ ਹੈ, ਪਰ ਇਕ ਗੱਲ 'ਤੇ ਲਗਭਗ ਸਾਰੇ ਸਹਿਮਤ ਹਨ ਕਿ ਮੋਕਸ਼ ਜਾਂ ਮੁਕਤੀ ਉਹ ਸਥਿਤੀ ਹੈ

ਜਦੋਂ ਮਨੁੱਖ ਤਿੰਨ ਪ੍ਰਕਾਰ ਦੇ ਦੁੱਖਾਂ—ਆਧਿਆਤਮਿਕ (ਦੈਹਿਕ), ਆਧਿਭੌਤਿਕ (ਭੌਤਿਕ), ਆਧਿਦੈਵਿਕ (ਦੈਵਿਕ)—ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ ਜਾਂ ਸੰਸਾਰਿਕ ਪ੍ਰਪੰਚ ਤੋਂ ਖ਼ਲਾਸ ਹੋ ਜਾਂਦਾ ਹੈ। ਇਸ ਤਰ੍ਹਾਂ ਮੁਕਤੀ ਮਨੁੱਖ ਦੇ ਸੰਸਾਰਿਕ ਦੁੱਖਾਂ ਦਾ ਪੂਰਣ ਅਭਾਵ ਹੈ। ਆਸਤਿਕ ਦਰਸ਼ਨਾਂ ਵਾਲੇ ਇਸ ਨੂੰ ਦੁੱਖ ਦੇ ਖ਼ਤਮ ਹੋਣ ਉਪਰੰਤ ਪਰਮਾਤਮਾ ਵਿਚ ਲੀਨ ਹੋਣ ਦੀ ਅਵਸਥਾ ਕਹਿੰਦੇ ਹਨ। ਭਿੰਨ-ਭਿੰਨ ਦਾਰਸ਼ਨਿਕਾਂ ਨੇ ਇਸ ਅਵਸਥਾ ਨੂੰ ਵਖਰੇ-ਵੱਖਰੇ ਨਾਂ ਦਿੱਤੇ ਹਨ, ਜਿਵੇਂ ਮੋਕਸ਼, ਮੁਕਤੀ, ਨਿਰਵਾਣ, ਕੈਵਲ੍ਯ, ਅਪਵਰਗ, ਪਰਮਪਦ, ਪਰਮਗਤਿ, ਪਰਮ-ਸੁਖ ਆਦਿ। ਅਭਾਰਤੀ ਧਰਮਾਂ ਵਾਲਿਆਂ ਨੇ ਵੀ ਮੁਕਤੀ ਸੰਬੰਧੀ ਆਪਣੇ ਢੰਗ ਨਾਲ ਧਾਰਣਾਵਾਂ ਬਣਾਈਆਂ ਹਨ।

ਸ਼ੁਰੂ ਵਿਚ ਮੌਤ ਦੇ ਡਰ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਦੇਵਤਿਆਂ ਜਾਂ ਦੈਵੀ ਸ਼ਕਤੀਆਂ ਨੂੰ ਸਮਰਥ ਸਮਝਿਆ ਜਾਂਦਾ ਸੀ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਅਨੇਕ ਤਰ੍ਹਾਂ ਦੀਆਂ ਉਪਾਸਨਾ-ਵਿਧੀਆਂ (ਕਰਮ-ਕਾਂਡ) ਪ੍ਰਚਲਿਤ ਹੋਈਆਂ। ਇਸ ਪਿਛੋਂ ਉਪਨਿਸ਼ਦਾਂ ਦਾ ਦੌਰ ਸ਼ੁਰੂ ਹੋਇਆ ਜਿਸ ਵਿਚ ਕਰਮ-ਕਾਂਡਾਂ ਦਾ ਸਥਾਨ ਗਿਆਨ ਨੇ ਲੈ ਲਿਆ। ਉਪਨਿਸ਼ਦਾਂ ਵਿਚ ਅਗਿਆਨ ਜਾਂ ਮਾਯਾ ਦੇ ਬੰਧਨ ਤੋਂ ਖ਼ਲਾਸੀ ਅਤੇ ਗਿਆਨ ਦੁਆਰਾ ਜੀਵ ਅਤੇ ਬ੍ਰਹਮ ਦੀ ਅਭੇਦਤਾ ਨੂੰ ਮੁਕਤੀ ਕਿਹਾ ਗਿਆ ਹੈ। ਉਪਨਿਸ਼ਦਾਂ ਦੇ ਆਧਾਰ ਤੇ ਵਿਕਸਿਤ ਹੋਏ ਅਦ੍ਵੈਤ-ਵੇਦਾਂਤ ਅਨੁਸਾਰ ਜੀਵਾਤਮਾ ਅਤੇ ਪਰਮਾਤਮਾ ਵਿਚ ਕੋਈ ਤਾਤਵਿਕ ਅੰਤਰ ਨਹੀਂ ਹੈ, ਪਰ ਭਰਮ ਵਸ ਦੋਹਾਂ ਦੀ ਵੱਖਰੀ-ਵੱਖਰੀ ਹੋਂਦ ਸਮਝੀ ਜਾਂਦੀ ਹੈ। ਜਦੋਂ ਭਰਮ ਦਾ ਪਰਦਾ ਹਟ ਜਾਂਦਾ ਹੈ ਤਾਂ ਜੀਵਾਤਮਾ ਅਤੇ ਪਰਮਾਤਮਾ ਦੀ ਏਕਤਾ ਹੋ ਜਾਂਦੀ ਹੈ। ਇਹੀ ਮੁਕਤੀ ਹੈ। ਮੁਕਤੀ ਸੰਬੰਧੀ ਇਹੀ ਧਾਰਨਾ ਜ਼ਿਆਦਾ ਵਿਆਪਕ ਅਤੇ ਸਪੱਸ਼ਟ ਹੈ।

ਮੁਕਤੀ ਬਾਰੇ ਪੰ. ਬਲਦੇਵ ਉਪਾਧ੍ਯਾਯ ਦਾ ਕਥਨ ਹੈ ਕਿ ਜੀਵ ਤਾਂ ਸੁਭਾ ਤੋਂ ਹੀ ਮੁਕਤ ਹੈ। ਮੁਕਤੀ ਨਾ ਤਾਂ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਨਾ ਹੀ ਉਤਪੰਨ ਹੁੰਦੀ ਹੈ। ਪਰ ਜੀਵ ਭਰਮ ਵਸ ਇਸ ਨੂੰ ਬਾਹਰ ਲਭਦਾ ਫਿਰਦਾ ਹੈ। ਗੁਰੂ ਦੇ ਉਪਦੇਸ਼ ਨਾਲ ਅਗਿਆਨ ਅਤੇ ਭਰਮ ਦੂਰ ਹੋ ਜਾਂਦਾ ਹੈ, ਵਿਵੇਕ ਉਤਪੰਨ ਹੁੰਦਾ ਹੈ ਅਤੇ ਉਹ ਵਿਅਕਤੀ ਸ੍ਵਾਭਾਵਿਕੀ ਮੁਕਤੀ ਨੂੰ ਪ੍ਰਾਪਤ ਕਰਕੇ ਪ੍ਰਸੰਨ ਹੁੰਦਾ ਹੈ। ਮੁਕਤ ਪੁਰਸ਼ ਆਪਣੀ ਏਕਤਾ ਸਚਿਦਾਨੰਦ ਬ੍ਰਹਮ ਨਾਲ ਸਥਾਪਿਤ ਕਰਦਾ ਹੈ। ਫਲਸਰੂਪ ਵੇਦਾਂਤ ਮਤ ਵਿਚ ਮੁਕਤੀ ਦੀ ਦਸ਼ਾ ਬਿਲਕੁਲ ਆਨੰਦਮਈ ਹੈ।

'ਬ੍ਰਹਮ ਸੂਤ੍ਰ' (4/1/19) ਅਨੁਸਾਰ ਕਰਮਾਂ ਦੇ ਵਿਨਾਸ਼ ਦੇ ਸਿੱਟੇ ਵਜੋਂ ਅਦ੍ਵੈਤ-ਅਵਸਥਾ ਦਾ ਪੈਦਾ ਹੋਣਾ ਹੀ 'ਮੁਕਤੀ' ਹੈ। ਅਸਲ ਵਿਚ, ਇੰਦ੍ਰੀਆਂ ਦਾ ਮਨ ਵਿਚ, ਮਨ ਦਾ ਪ੍ਰਾਣ ਵਿਚ, ਪ੍ਰਾਣ ਦਾ ਆਤਮਾ ਵਿਚ ਲੀਨ ਹੋਣਾ ਅਤੇ ਇਸ ਦੁਆਰਾ ਬ੍ਰਹਮਾਨੰਦ ਦਾ ਪ੍ਰਾਪਤ ਹੋਣਾ ਹੀ ਮੁਕਤੀ ਹੈ।

ਮੁਕਤੀ ਸੰਬੰਧੀ ਵਿਦਵਾਨਾਂ ਨੇ ਕੁਝ ਭੇਦਾਂ ਜਾਂ ਪ੍ਰਕਾਰਾਂ ਦੀ ਕਲਪਨਾ ਵੀ ਕੀਤੀ ਹੈ। ਇਸ ਸੰਬੰਧ ਵਿਚ ਦੋ ਮਾਨਤਾਵਾਂ ਜ਼ਿਆਦਾ ਪ੍ਰਚਲਿਤ ਹਨ। ਇਕ ਮਾਨਤਾ ਅਨੁਸਾਰ ਮੁਕਤੀ ਤਿੰਨ ਪ੍ਰਕਾਰ ਦੀ ਹੈ—ਜੀਵਨ-ਮੁਕਤੀ, ਵਿਦੇਹ-ਮੁਕਤੀ ਅਤੇ ਨਿੱਤ-

ਮੁਕਤੀ। ਜੋ ਸ਼ਰੀਰ ਨੂੰ ਧਾਰਣ ਕਰਦੇ ਹੋਏ ਹਰਿ-ਭਗਤੀ ਜਾਂ ਆਤਮ-ਗਿਆਨ ਰਾਹੀਂ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ, ਉਹ ਜੀਵਨ-ਮੁਕਤ ਅਖਵਾਉਂਦੇ ਹਨ। ਜੋ ਜੀਵ ਦੇਹ ਦੇ ਨਸ਼ਟ ਹੋਣ 'ਤੇ ਮੁਕਤੀ ਪ੍ਰਾਪਤ ਕਰਦੇ ਹਨ, ਉਹ ਵਿਦੇਹ-ਮੁਕਤ ਹਨ ਅਤੇ ਜੋ ਜੀਵ ਕਰਮਾਂ ਦੇ ਵਸ ਵਿਚ ਹੋ ਕੇ ਜਨਮ-ਮਰਣ ਦੇ ਚੱਕਰ ਵਿਚ ਨਹੀਂ ਪੈਂਦੇ ਅਤੇ ਅਵਤਾਰਾਂ ਵਾਂਗ ਆਪਣੀ ਜਾਂ ਪਰਮਾਤਮਾ ਦੀ ਇੱਛਾ ਅਨੁਸਾਰ ਵੱਖਰੇ-ਵੱਖਰੇ ਲੋਕਾਂ ਵਿਚ ਵਿਚਰਦੇ ਰਹਿੰਦੇ ਹਨ, ਉਹ ਨਿੱਤ-ਮੁਕਤ ਹਨ ।

ਦੂਜੀ ਮਾਨਤਾ ਅਨੁਸਾਰ ਮੁਕਤੀ ਚਾਰ ਤਰ੍ਹਾਂ ਦੀ ਹੈ—(1) ਸਾਲੋਕ੍ਯ ਮੁਕਤੀ (ਜਿਸ ਵਿਚ ਜੀਵ ਇਸ਼ਟਦੇਵ ਦੇ ਲੋਕ ਵਿਚ ਆਪਣੀ ਇੱਛਾ ਅਨੁਸਾਰ ਨਿਵਾਸ ਕਰਦਾ ਹੈ, (2) ਸ਼ਾਮੀਪ੍ਯ ਮੁਕਤੀ (ਜਿਸ ਵਿਚ ਜੀਵ ਇਸ਼ਟਦੇਵ ਦੇ ਨੇੜੇ ਰਹਿ ਕੇ ਆਨੰਦ ਮਾਣਦਾ ਹੈ, (3) ਸਾਰੂਪ੍ਯ ਮੁਕਤੀ (ਜਿਸ ਵਿਚ ਜੀਵ ਇਸ਼ਟ ਦੇਵ ਵਰਗੇ ਰੂਪ ਅਤੇ ਗੁਣ ਨੂੰ ਪ੍ਰਾਪਤ ਕਰ ਲੈਂਦਾ ਹੈ), (4) ਸਾਯੁਜ੍ਯ ਮੁਕਤੀ (ਜਿਸ ਵਿਚ ਜੀਵ ਇਸ਼ਟ ਦੇਵ ਦੀ ਦੇਹ ਵਿਚ ਸਮਾ ਜਾਂਦਾ ਹੈ) ।

ਮੱਧ-ਯੁਗ ਦੇ ਵੈਸ਼ਣਵ ਆਚਾਰਯਾਂ ਨੇ ਹੋਰ ਵੀ ਕਈ ਮੁਕਤੀ-ਭੇਦ ਦਸੇ ਹਨ। ਇਸ ਯੁਗ ਦੇ ਸੰਤਾਂ ਨੇ ਵੀ ਮੁਕਤੀ ਦੀ ਗੱਲ ਕੀਤੀ ਹੈ, ਪਰ ਕਿਸੇ ਪ੍ਰਕਾਰ ਦੀ ਪਰੰਪਰਾਗਤ ਮੁਕਤੀ ਨੂੰ ਉਨ੍ਹਾਂ ਨੇ ਕੋਈ ਮਹੱਤਵ ਨਹੀਂ ਦਿੱਤਾ, ਕਿਉਂਕਿ ਉਨ੍ਹਾਂ ਲਈ ਬ੍ਰਹਮ-ਗਿਆਨ ਜਾਂ ਆਤਮ-ਤਦਾਤਕਾਰ ਦੀ ਅਵਸਥਾ ਹੀ ਮੁਕਤੀ ਹੈ। ਗੁਰੂ ਅਰਜਨ ਦੇਵ ਨੇ ਮੁਕਤੀ ਨਾਲੋਂ ਈਸ਼ਵਰੀ ਪ੍ਰੇਮ ਨੂੰ ਜ਼ਿਆਦਾ ਮਹੱਤਵ ਦਿੱਤਾ ਹੈ—'ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਣ ਕਮਲਾਰੇ ।/ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ' (ਅ. ਗ੍ਰੰ. 534)। ਨਾਮ ਦੇਵ ਨੇ ਚੌਹਾਂ ਮੁਕਤੀਆਂ ਨਾਲੋਂ ਪ੍ਰਭੂ-ਸ਼ਰਨ ਨੂੰ ਜ਼ਿਆਦਾ ਮਹੱਤਵਪੂਰਣ ਮੰਨਿਆ ਹੈ—'ਚਾਰਿ ਮੁਕਤਿ ਚਾਰੈ ਸਿਧਿ ਮਿਲ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ।/ ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ' (ਅ. ਗ੍ਰੰ. 1105)।

ਮੁਕਲਾਵਾ : ਇਹ ਵਿਆਹ ਉਪਰੰਤ ਕੀਤੀ ਜਾਣ ਵਾਲੀ ਇਕ ਰਸਮ ਹੈ ਜਿਸ ਤੋਂ ਬਾਦ ਬਾਲ ਵਰੇਸ ਵਿਚ ਵਿਆਹੀ ਕੁੜੀ ਨੂੰ ਜਵਾਨ ਹੋਣ ਜਾਂ ਹੋਸ਼ ਸੰਭਾਲਣ 'ਤੇ ਸਹੁਰੇ ਘਰ ਆਉਣ ਜਾਣ ਦੀ ਖੁਲ੍ਹ ਦਿੱਤੀ ਜਾਂਦੀ ਹੈ।

ਇਸ ਪ੍ਰਥਾ ਦੇ ਪਿਛੋਕੜ ਵਿਚ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਮਹਾਰਾਜ ਹਰਸ਼ ਵਰਧਨ ਦੀ ਮੌਤ ਤੋਂ ਬਾਦ ਕਮਜ਼ੋਰ ਅਤੇ ਖੇਰੂੰ-ਖੇਰੂੰ ਹੋਏ ਭਾਰਤ ਦੇਸ਼ ਉਤੇ ਵਿਦੇਸ਼ੀਆਂ ਵਲੋਂ ਹਮਲੇ ਕੀਤੇ ਜਾਣੇ ਸ਼ੁਰੂ ਹੋ ਗਏ। ਵਿਦੇਸ਼ੀ ਹਮਲਾਵਰ ਇਥੋਂ ਦੀਆਂ ਬਹੁ-ਬੇਟੀਆਂ ਨੂੰ ਵਿਲਾਸਤਾ ਅਤੇ ਕੰਮ-ਕਾਰ ਕਰਾਉਣ ਲਈ ਚੁਕ ਲੈ ਜਾਂਦੇ। ਮਾਪਿਆਂ ਨੇ ਆਪਣੀਆਂ ਬੱਚੀਆਂ ਦੇ ਆਤਮ-ਗੌਰਵ ਨੂੰ ਕਾਇਮ ਰਖਣ ਲਈ ਨਿੱਕੀ ਉਮਰੇ ਉਨ੍ਹਾਂ ਦੇ ਵਿਆਹ ਕਰਨੇ ਸ਼ੁਰੂ ਕਰ ਦਿੱਤੇ ਜਿਸ ਕਰਕੇ ਉਨ੍ਹਾਂ ਦੀ ਰਖਿਆ ਸੰਬੰਧੀ ਜ਼ਿੰਮੇਵਾਰੀ ਵੀ ਵੰਡੀ ਜਾਣ ਲਗੀ।

ਇਸ ਰਵਾਜ ਪਿਛੇ ਇਕ ਮਨੋਵਿਗਿਆਨਿਕ ਕਾਰਣ ਵੀ ਹੈ ਕਿ ਹਰ ਮਰਦ ਦੀ

ਹਉਮੈ ਆਪਣੀ ਪਤਨੀ ਨੂੰ ਅਣਵਿੰਨ੍ਹੇ ਮੋਤੀ ਦੇ ਰੂਪ ਵਿਚ ਪ੍ਰਾਪਤ ਕਰਕੇ ਸੰਤੁਸ਼ਟ ਹੁੰਦੀ ਹੈ। ਇਸ ਲਈ ਮਾਸਿਕ ਧਰਮ ਆਉਣ ਤੋਂ ਪਹਿਲਾਂ ਹੀ ਕੁੜੀਆਂ ਨੂੰ ਵਿਆਹ ਦਿੱਤਾ ਜਾਂਦਾ ਸੀ ਕਿਉਂਕਿ ਹਿੰਦੂ ਸ਼ਾਸਤ੍ਰਾਂ ਵਿਚ ਵਿਆਹ ਤੋਂ ਪਹਿਲਾਂ ਕੁੜੀ ਦੇ ਕੁਆਰੇਪਨ ਦੀ ਸ਼ੁੱਧਤਾ 'ਤੇ ਬਹੁਤ ਬਲ ਦਿੱਤਾ ਗਿਆ ਹੈ।

ਬਾਲ-ਵਰੇਸ ਵਿਚ ਕੀਤੇ ਵਿਆਹ ਉਪਰੰਤ ਕੁੜੀ ਨੂੰ ਕਦ ਸਹੁਰੇ ਤੋਰਿਆ ਜਾਂਦਾ ਸੀ, ਇਸ ਬਾਰੇ ਕੋਈ ਸਮਾਂ ਜਾਂ ਤਿਥ ਨਿਸਚਿਤ ਨਹੀਂ ਹੁੰਦੀ। ਮਾਸਿਕ ਧਰਮ ਦੇ ਸ਼ੁਰੂ ਹੋਣ ਤੋਂ ਬਾਦ ਆਮ ਤੌਰ ਤੇ ਕੁੜੀ ਨੂੰ ਸੰਤਾਨ ਉਤਪੱਤੀ ਦੇ ਯੋਗ ਸਮਝਦੇ ਹੋਇਆਂ ਹਸਬ ਹੈਸੀਅਤ ਸੁਗਾਤ ਦੇ ਕੇ ਸਹੁਰੇ ਤੋਰ ਦਿੱਤੇ ਜਾਣ ਦਾ ਫੈਸਲਾ ਕਰ ਲਿਆ ਜਾਂਦਾ। ਉਂਜ ਲੋਕ ਗੀਤਾਂ ਵਿਚ ਉੱਲੇਖ ਮਿਲਦਾ ਹੈ ਕਿ ਮੁਕਲਾਵੇ ਅਧਿਕ ਤਰ ਤੀਆਂ ਤੋਂ ਬਾਦ ਭਾਦੋਂ ਦੇ ਮਹੀਨੇ ਹੁੰਦੇ ਹਨ—'ਤੀਆਂ ਤੀਜ ਦੀਆਂ, ਭਾਦੋਂ ਦੇ ਮੁਕਲਾਵੇ, ਤੀਆਂ ਤੀਜ ਦੀਆਂ।' ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਸਾਉਣ ਦੀ ਬਰਖਾ ਕਰਕੇ ਹਰ ਪਾਸੇ ਹੋਈ ਹਰਿਆਲੀ ਦੇ ਪਰਿਪੇਖ ਵਿਚ ਮੁਕਲਾਵੇ ਵਾਲੀ ਕੁੜੀ ਦੀ ਕੁਖ ਹਰੀ ਹੋਣ ਦੀ ਕਲਪਨਾ ਕੀਤੀ ਜਾਂਦੀ ਹੈ।

ਕਈ ਵਾਰ ਆਰਥਿਕ ਤੰਗੀ ਕਰਕੇ ਜਾਂ ਘਰ ਦੇ ਕੰਮ ਕਰਕੇ ਜੇ ਮੁਕਲਾਵੇ ਵਿਚ ਦੇਰ ਹੋ ਰਹੀ ਹੋਵੇ ਤਾਂ ਗਿੱਧੇ ਵਿਚ ਨਿਸੰਗ ਹੋ ਕੇ ਕੁੜੀਆਂ ਕਹਿੰਦੀਆਂ ਹਨ—'ਮਾਈ ਨੀ ਮੇਰਾ ਅਜ ਮੁਕਲਾਵਾ ਟੋਰ ਦੇ/ ਜੇ ਮਾਏ ਤੈਥੋਂ ਦਾਜ ਨਾ ਸਰਦਾ/ ਸਾਨੂੰ ਅੰਗੀ ਦੇ ਨਾਲ ਟੋਰ ਦੇ।' ਜਿਨ੍ਹਾਂ ਕੁੜੀਆਂ ਦੇ ਵਿਆਹ ਹੋਣ ਵਿਚ ਦੇਰ ਹੋ ਰਹੀ ਹੋਵੇ ਤਾਂ ਉਹ ਵੀ ਤੰਗ ਹੋ ਕੇ ਗਿੱਧੇ ਵਿਚ ਬੋਲ ਪੈਂਦੀਆਂ ਹਨ—'ਮੇਰੇ ਨਾਲ ਦੀਆਂ ਗਈਆਂ ਮੁਕਲਾਵੇ, ਮੇਰਾ ਬਾਪੂ ਵਿਆਹ ਨਾ ਕਰੇ।'

ਸੰਤ-ਸਾਧਕਾਂ ਨੇ ਭਗਤੀ ਦੇ ਖੇਤਰ ਵਿਚ ਸਹੁਰੇ ਘਰ ਨੂੰ ਪਰਲੋਕ ਅਤੇ ਮੌਤ ਨੂੰ ਮੁਕਲਾਵਾ ਦੇ ਪ੍ਰਤੀਕਾਂ ਨਾਲ ਸਪੱਸ਼ਟ ਕੀਤਾ ਹੈ। ਗੁਰੂ ਅਰਜਨ ਦੇਵ ਅਨੁਸਾਰ—'ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ/ਨਾਨਕ ਧੰਨੁ ਸੋਹਾਗਣੀ ਜਿਨ ਸਹੁ ਨਾਲਿ ਪਿਆਰੁ' (ਅ. ਗ੍ਰੰ. 50-51)।

ਮੁਗ਼ਲ : ਮੱਧ-ਏਸ਼ੀਆ ਦੇ ਤਾਤਾਰ ਦੇਸ਼ ਦਾ ਇਕ ਜੰਗਜੂ ਕਬੀਲਾ ਜਿਸ ਵਿਚ ਤੈਮੂਰ ਅਤੇ ਬਾਬਰ ਵਰਗੇ ਬਲਵਾਨ ਅਤੇ ਕਠੋਰ ਸ਼ਾਸਕ ਹੋਏ ਹਨ। ਇਸਲਾਮ ਦਾ ਜਦੋਂ ਤਾਤਾਰ ਵਲ ਪ੍ਰਸਾਰ ਹੋਇਆ ਤਾਂ ਇਸ ਕਬੀਲੇ ਦੇ ਬਹੁਤੇ ਲੋਕ ਮੁਸਲਮਾਨ ਬਣ ਗਏ। ਇਸ ਤੋਂ ਪਹਿਲਾਂ ਇਹ ਅਗਨੀ-ਪੂਜ ਸਨ। ਜਦੋਂ ਹਿੰਦੁਸਤਾਨ ਵਿਚ ਮੁਸਲਮਾਨਾਂ ਨੇ ਆਪਣਾ ਰਾਜ ਕਾਇਮ ਕਰਨਾ ਸ਼ੁਰੂ ਕੀਤਾ ਤਾਂ ਬਹੁਤ ਸਾਰੇ ਮੁਗ਼ਲ ਨੌਕਰੀ ਕਰਨ ਲਈ ਆ ਗਏ, ਪਰ ਉਨ੍ਹਾਂ ਵਿਚ ਕਈ ਉਦੋਂ ਤਕ ਮੁਸਲਮਾਨ ਨਹੀਂ ਹੋਏ ਸਨ। ਸਹਿਜੇ-ਸਹਿਜੇ ਖ਼ਿਲਜੀ ਬਾਦਸ਼ਾਹਾਂ ਦੇ ਪ੍ਰਭਾਵ ਕਾਰਣ ਉਹ ਮੁਸਲਮਾਨ ਹੋਣ ਲਗ ਗਏ। ਪਰ ਚੌਦਵੀਂ ਸਦੀ ਦੇ ਅੰਤ ਤਕ ਇਸ ਕਬੀਲੇ ਦੇ ਸਾਰੇ ਲੋਕ ਮੁਸਲਮਾਨ ਬਣ ਗਏ ਸਨ।

ਸੰਨ 1398 ਈ. ਵਿਚ ਤੈਮੂਰ (ਵੇਖੋ) ਨੇ ਦਿੱਲੀ ਉਤੇ ਹਮਲਾ ਕਰ ਕੇ ਬਹੁਤ ਉਜਾੜਾ ਕੀਤਾ ਅਤੇ ਬੇਹਿਸਾਬੇ ਲੋਕ ਮਾਰੇ। ਫਲਸਰੂਪ ਮੁਗ਼ਲਾਂ ਦਾ ਹਰ ਪਾਸੇ ਚੰਗਾ

ਦਬਦੱਬਾ ਬੈਠ ਗਿਆ। ਫਿਰ ਬਾਬਰ (ਵੇਖੋ) ਨੇ ਕਈ ਹਮਲੇ ਕੀਤੇ ਅਤੇ ਅੰਤ ਵਿਚ ਸੰਨ 1526 ਈ. ਵਿਚ ਉਸ ਨੇ ਇਬ੍ਰਾਹੀਮ ਲੋਦੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਹਰਾ ਕੇ ਦਿੱਲੀ ਵਿਚ ਆਪਣਾ ਰਾਜ ਕਾਇਮ ਕੀਤਾ। ਉਸ ਦੇ ਇਕ ਹਮਲੇ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਦੇਵ ਨੇ ਲਿਖਿਆ ਹੈ—'ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ' (ਅ. ਗ੍ਰੰ. 418)। ਇਸ ਖ਼ਾਨਦਾਨ ਦੇ ਪੰਦਰ੍ਹਾਂ ਬਾਦਸ਼ਾਹਾਂ ਨੇ ਹਿੰਦੁਸਤਾਨ ਉਤੇ ਰਾਜ ਕੀਤਾ। ਅਕਬਰ ਇਨ੍ਹਾਂ ਬਾਦਸ਼ਾਹਾਂ ਵਿਚੋਂ ਬਹੁਤ ਪ੍ਰਤਾਪੀ ਅਤੇ ਉਦਾਰ ਬਿਰਤੀ ਵਾਲਾ ਬਾਦਸ਼ਾਹ ਸੀ। ਸੰਨ 1857 ਈ. ਵਿਚ ਇਸ ਖ਼ਾਨਦਾਨ ਦੇ ਆਖ਼ਰੀ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਨੂੰ ਗੱਦੀਓਂ ਉਤਾਰ ਕੇ ਅੰਗ੍ਰੇਜ਼ਾਂ ਨੇ ਹਕੂਮਤ ਸੰਭਾਲੀ।

ਮੁਨਕਰ-ਨਕੀਰ : ਮੁਸਲਮਾਨਾਂ ਵਿਚ ਰਵਾਇਤ ਹੈ ਕਿ ਮਨੁੱਖ ਦੇ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਰਖਣ ਲਈ ਦੋ ਫ਼ਰਿਸ਼ਤੇ ਸਦਾ ਉਸ ਦੇ ਮੋਢਿਆਂ ਉਤੇ ਆਪਣਾ ਨਿਵਾਸ ਰਖਦੇ ਹਨ। ਇਨ੍ਹਾਂ ਦੋਹਾਂ ਵਿਚ ਮੁਨਕਰ ਸੱਜੇ ਮੋਢੇ ਉਤੇ ਹੁੰਦਾ ਹੈ ਅਤੇ ਚੰਗੇ ਕਰਮਾਂ ਦਾ ਵੇਰਵਾ ਲਿਖਦਾ ਹੈ। ਨਕੀਰ ਖੱਬੇ ਮੋਢੇ ਉਤੇ ਟਿਕਿਆ ਰਹਿੰਦਾ ਹੈ ਅਤੇ ਮਾੜੇ ਕੰਮਾਂ ਦਾ ਹਿਸਾਬ ਰਖਦਾ ਹੈ। ਸੂਫ਼ੀ ਫ਼ਕੀਰ ਸ਼ਾਹ ਹੁਸੈਨ ਨੇ ਇਨ੍ਹਾਂ ਦੋਹਾਂ ਦੇ ਕਰਤੱਵ ਬਾਰੇ ਸੰਕੇਤ ਕੀਤਾ ਹੈ—'ਮੋਢੇ ਤੇਰੇ ਦੋਇ ਜਣੇ, ਲਿਖਦੇ ਨੀ ਐਬ ਸਵਾਬ'।

ਜਦੋਂ ਮਨੁੱਖ ਕਬਰ ਵਿਚ ਦਫ਼ਨਾ ਦਿੱਤਾ ਜਾਂਦਾ ਹੈ ਤਾਂ ਦੋਵੇਂ ਫ਼ਰਿਸ਼ਤੇ ਉਸ ਕੋਲੋਂ ਕਰਮਾਂ ਦਾ ਹਿਸਾਬ ਪੁਛਣ ਆਉਂਦੇ ਹਨ। ਉਹ ਇਹ ਵੀ ਪੁੱਛਦੇ ਹਨ ਕਿ ਉਹ ਬੰਦਾ ਹਜ਼ਰਤ ਮੁਹੰਮਦ ਵਿਚ ਵਿਸ਼ਵਾਸ ਰਖਦਾ ਹੈ ਜਾਂ ਨਹੀਂ। ਜੇ ਉਹ ਉੱਤਰ 'ਹਾਂ' ਵਿਚ ਦੇਵੇ ਤਾਂ ਕਬਰ ਆਕਾਰ ਵਿਚ ਖੁਲ੍ਹੀ ਹੋ ਜਾਂਦੀ ਹੈ ਅਤੇ ਕਿਆਮਤ ਤਕ ਬੰਦਾ ਉਥੇ ਸੁਖ-ਪੂਰਵਕ ਰਹਿੰਦਾ ਹੈ। ਅਤੇ, ਜੇ ਉਹ ਵਿਅਕਤੀ ਹਜ਼ਰਤ ਮੁਹੰਮਦ ਵਿਚ ਵਿਸ਼ਵਾਸ ਨਾ ਰਖਦਾ ਹੋਵੇ ਤਾਂ ਕਬਰ ਬਹੁਤ ਤੰਗ ਹੋ ਜਾਂਦੀ ਹੈ ਅਤੇ ਕਿਆਮਤ ਤਕ ਉਸ ਮਨੁੱਖ ਦਾ ਸ਼ਰੀਰ ਸ਼ਿਕੰਜੇ ਵਾਂਗ ਉਸ ਕਬਰ ਵਿਚ ਕਸਿਆ ਰਹਿੰਦਾ ਹੈ। ਹਿੰਦੂ-ਮਤ ਵਾਲੇ ਚਿਤ੍ਰ ਅਤੇ ਗੁਪਤ (ਵੇਖੋ) ਦੀ ਕਲਪਨਾ ਰਾਹੀਂ ਇਸੇ ਵਿਚਾਰ ਨੂੰ ਪੁਸ਼ਟ ਕਰਦੇ ਹਨ। ਹੀਰ ਵਾਰਿਸ ਵਿਚ ਇਨ੍ਹਾਂ ਵਲ ਸੰਕੇਤ ਹੋਇਆ ਹੈ—'ਯਾਦ ਮੁਨਕਰ ਨਕੀਰ ਠਹਿਰਾਇਆ ਈ।'

ਮੁਨੀ : ਵੇਖੋ 'ਨਉ-ਮੁਨੀ'।

ਮੁਰਾਦ : ਵੇਖੋ 'ਸਹਿਤੀ-ਮੁਰਾਦ'।

ਮੁਲਤਾਨ : ਇਕ ਪੁਰਾਤਨ ਨਗਰ ਜੋ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਚਨਾਬ ਨਦੀ ਦੇ ਨੇੜੇ ਵਸਿਆ ਹੈ। ਇਸ ਦੀ ਹੋਂਦ ਸਿਕੰਦਰ ਦੇ ਹਮਲੇ ਤੋਂ ਪਹਿਲਾਂ ਦੀ ਹੈ ਕਿਉਂਕਿ ਸਿਕੰਦਰ ਦੁਆਰਾ ਜਿੱਤੇ ਹਿੰਦੁਸਤਾਨੀ ਇਲਾਕਿਆਂ ਵਿਚ ਇਸ ਦਾ ਨਾਂ ਗਿਣਿਆ ਜਾਂਦਾ ਹੈ। ਉਥੇ ਇਸ ਦਾ ਨਾਂ 'ਮੂਲਸਤਾਂ' ਲਿਖਿਆ ਹੈ। ਇਸ ਦਾ ਨਾਂ 'ਮੂਲ-ਤ੍ਰਾਣ' ਤੋਂ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ; ਭਾਵ ਜਿਥੇ ਕਿਸੇ ਭਗਤ ਦੀ ਰਖਿਆ ਕੀਤੀ ਗਈ ਹੋਵੇ। ਇਹ, ਅਸਲ ਵਿਚ, ਹਿਰਣ੍ਯਾਕ੍ਸ਼ ਅਤੇ ਹਿਰਣ੍ਯਕਸ਼ਿਪੁ ਨਾਂ ਦੇ ਰਾਖਸ਼ ਰਾਜਿਆਂ

ਦੀ ਰਾਜਧਾਨੀ ਸੀ। ਇਥੇ ਹੀ ਭਗਤ ਪ੍ਰਹਿਲਾਦ ਦੀ ਰਖਿਆ ਲਈ ਨਰਸਿੰਘ ਨੇ ਅਵਤਾਰ ਧਾਰਿਆ ਸੀ। ਉਸ ਘਟਨਾ ਨਾਲ ਸੰਬੰਧਿਤ ਮੰਦਿਰ ਹੁਣ ਵੀ ਇਸ ਵਿਚ ਮੌਜੂਦ ਹੈ। ਇਥੇ ਸੂਰਜ ਦੇਵਤਾ ਦਾ ਵੀ ਬਹੁਤ ਪੁਰਾਤਨ ਮੰਦਿਰ ਹੈ।

ਮੁਸਲਮਾਨ ਹਮਲਾਵਰ ਚੂੰਕਿ ਪਹਿਲਾਂ ਸਿੰਧ ਖੇਤਰ ਵੱਲੋਂ ਹਿੰਦੁਸਤਾਨ ਵਿਚ ਆਏ ਸਨ, ਇਸ ਲਈ ਉਨ੍ਹਾਂ ਦੇ ਨਾਲ ਆਏ ਪੀਰ-ਫ਼ਕੀਰ ਅਤੇ ਮੁੱਲਾਂ ਲੋਕ ਵੀ ਮੁਲਤਾਨ ਵਿਚ ਆ ਵਸੇ। ਇਸ ਤਰ੍ਹਾਂ ਉਦੋਂ ਇਹ ਮੁਸਲਮਾਨੀ ਧਰਮ-ਪ੍ਰਚਾਰ ਦਾ ਪ੍ਰਮੁਖ ਕੇਂਦਰ ਬਣ ਗਿਆ ਸੀ। ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਵੀ ਇਥੇ ਆਏ ਸਨ। ਬਾਬਰ ਨੇ ਸੰਨ 1527 ਈ. ਵਿਚ ਇਸ ਉਤੇ ਆਪਣਾ ਕਬਜ਼ਾ ਕੀਤਾ। ਦਿੱਲੀ ਵਿਚ ਮੁਗ਼ਲ ਬਾਦਸ਼ਾਹਾਂ ਦੇ ਕਮਜ਼ੋਰ ਹੋ ਜਾਣ ਕਾਰਣ ਸੰਨ 1752 ਈ. ਤੋਂ ਅਫ਼ਗ਼ਾਨਿਸਤਾਨ ਨੇ ਇਸ ਨੂੰ ਆਪਣੇ ਅਧੀਨ ਕਰ ਲਿਆ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1818 ਈ. ਵਿਚ ਇਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਲਿਖਿਆ ਹੈ—'ਮਹਾ ਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾ ਗਿਆ।/ਮੁਲਤਾਨ ਕਸ਼ਮੀਰ ਪਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾ ਗਿਆ।'

ਲਾਹੌਰ ਵਿਚ ਸਿੱਖ-ਰਾਜ ਦੀ ਸਮਾਪਤੀ ਤੋਂ ਬਾਦ ਸੰਨ 1848 ਈ. ਤੋਂ ਇਸ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਗਿਆ ਅਤੇ ਦੇਸ਼-ਵੰਡ ਤੋਂ ਬਾਦ ਇਹ ਪਾਕਿਸਤਾਨ ਦਾ ਪ੍ਰਮੁਖ ਨਗਰ ਬਣ ਗਿਆ। ਡਾ. ਦੀਵਾਨਾ ਨੇ 'ਸੋਮਰਸ' ਕਾਵਿ-ਸੰਗ੍ਰਹਿ ਵਿਚ ਇਸ ਨਗਰ ਵਲ ਸੰਕੇਤ ਕਰਦਿਆਂ ਆਪਣੀ ਅੰਤਰੀਵ ਇੱਛਾ ਦਾ ਪ੍ਰਗਟਾਵਾ ਕੀਤਾ ਹੈ—'ਕੋਈ ਪਤਨ ਲਭੇਸਾਂ ਚਾ/ਨਵੇਂ ਮੁਲਤਾਨ ਨੂੰ ਮੁੜ ਘਿੜ ਵਤਨ ਬਣੇਸਾਂ ਚਾ।'

ਮੂਸਨ : ਲੋਕ-ਕਥਾ ਦਾ ਇਕ ਪਾਤਰ ਜੋ ਸੰਮਨ ਦਾ ਪੁੱਤਰ ਸੀ। ਸੰਮਨ ਅਤੇ ਮੂਸਨ ਨਾਲ ਸੰਬੰਧਿਤ ਲੋਕ-ਕਥਾ ਦੀਆਂ ਕਥਾਨਕ ਰੂੜ੍ਹੀਆਂ ਦਾ ਇਤਿਹਾਸ ਢਾਈ ਹਜ਼ਾਰ ਸਾਲ ਪੁਰਾਣਾ ਦਸਿਆ ਜਾਂਦਾ ਹੈ। ਇਸ ਦਾ ਮੁੱਢ ਭਾਵੇਂ ਮਿਸਰ ਵਿਚ ਬਝਿਆ, ਪਰ ਕਾਲਾਂਤਰ ਵਿਚ ਵੱਖ-ਵੱਖ ਦੇਸ਼ਾਂ ਦੇ ਸਭਿਆਚਾਰਾਂ ਵਿਚ ਇਸ ਦੇ ਸਰੂਪ ਅਤੇ ਕਥਾਨਕ ਵਿਚ ਕਈ ਪ੍ਰਕਾਰ ਦੇ ਅੰਤਰ ਉਪਸਥਿਤ ਹੋ ਗਏ।

ਭਾਰਤ ਵਿਚ ਇਸ ਲੋਕ-ਕਥਾ ਦਾ ਪ੍ਰਵੇਸ਼ ਵਪਾਰੀਆਂ ਦੇ ਆਦਾਨ-ਪ੍ਰਦਾਨ ਨਾਲ ਹੋਇਆ ਅਤੇ ਇਥੋਂ ਦੇ ਸਭਿਆਚਾਰ ਅਨੁਸਾਰ ਇਸ ਨੇ ਆਪਣਾ ਸਰੂਪ ਢਾਲ ਲਿਆ। ਪਾਤਰਾਂ ਦੇ ਨਾਂਵਾਂ ਦਾ ਵੀ ਭਾਰਤੀਕਰਣ ਹੋ ਗਿਆ। ਪਹਿਲਾਂ ਇਹ 'ਕਥਾ ਸਰਿਤ ਸਾਗਰ' ਵਿਚ 'ਘਟ ਅਤੇ ਕਰਪਰਾ' ਰੂਪ ਵਿਚ ਸੋਮਦੇਵ ਨੇ ਚਿਤਰੀ, ਪਰ ਬਾਦ ਵਿਚ ਘਟ ਅਤੇ ਕਰਪਰਾ ਨਾਂ ਦੇ ਦੋਹਾਂ ਚੋਰਾਂ ਦੀ ਥਾਂ ਸੰਮਨ ਅਤੇ ਮੂਸਨ ਦੀ ਕਲਪਨਾ ਕੀਤੀ ਜਾਣ ਲਗੀ। ਸੰਸਕ੍ਰਿਤ ਦਾ 'ਸੁਮਨਸ੍' (ਚੰਗੇ ਮਨ ਵਾਲਾ) ਸ਼ਬਦ 'ਸੰਮਨ' ਰੂਪ ਵਿਚ ਵਿਕ੍ਰਿਤ ਹੋਇਆ ਅਤੇ 'ਮੂਸਣ' (ਚੋਰੀ ਕਰਨਾ) ਸ਼ਬਦ ਦਾ ਅਪਭ੍ਰੰਸ਼ ਰੂਪ 'ਮੂਸਨ' ਬਣਿਆ।

ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਆਪਣੇ ਸਿੱਖਾਂ ਨੂੰ ਸੱਚੀ ਅਤੇ ਨਿਸ਼ਕਾਮ

ਭਗਤੀ ਬਾਰੇ ਉਪਦੇਸ਼ ਦੇਣ ਵੇਲੇ ਸੰਮਨ ਅਤੇ ਮੂਸਨ ਦੀ ਸਾਖੀ ਸੁਣਾਇਆ ਕਰਦੇ ਸਨ, ਪਰ ਬਾਦ ਵਿਚ ਪ੍ਰਚਾਰਕਾਂ ਨੇ ਬਿਨਾ ਕਿਸੇ ਇਤਿਹਾਸਿਕ ਆਧਾਰ ਦੇ ਇਨ੍ਹਾਂ ਦੋਹਾਂ ਨੂੰ ਗੁਰੂ ਅਰਜਨ ਦੇਵ ਦਾ ਸਿੱਖ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 'ਚਉਬੋਲੇ' ਇਨ੍ਹਾਂ ਨਾਲ ਸੰਬੰਧਿਤ ਦਸੇ ਜਾਣ ਲਗੇ ਕਿਉਂਕਿ ਚਉਬੋਲਿਆਂ ਵਿਚ ਇਨ੍ਹਾਂ ਦੋਹਾਂ ਦਾ ਨਾਮ-ਉੱਲੇਖ ਹੋਇਆ ਹੈ—(1) 'ਸੰਮਨ ਜਉ ਇਸ ਪ੍ਰੇਮ ਦੀ ਦਮ ਕਿਹੁ ਹੋਤੀ ਸਾਟ' (ਅ. ਗ੍ਰੰ. 1363) ਅਤੇ 'ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ' (ਅ. ਗ੍ਰੰ. 1364)। ਇਥੇ ਹੀ ਬਸ ਨਹੀਂ 'ਮਤੰਗ' ਅਤੇ 'ਜਮਾਲ' ਸ਼ਬਦਾਂ ਨੂੰ ਵੀ ਦੋ ਫ਼ਕੀਰਾਂ ਦੇ ਨਾਵਾਂ ਦਾ ਲਖਾਇਕ ਸਮਝਿਆ ਜਾਣ ਲਗਾ।

ਸੰਮਨ ਅਤੇ ਮੂਸਨ ਦੀ ਸਾਖੀ ਇਸ ਤਰ੍ਹਾਂ ਦਸੀ ਜਾਂਦੀ ਹੈ ਕਿ ਸ਼ਾਹਬਾਜ਼ਪੁਰ (ਜ਼ਿਲਾ ਅੰਬਾਲਾ) ਦੇ ਵਸਨੀਕ ਇਹ ਦੋਵੇਂ ਪਿਉ-ਪੁੱਤਰ ਸ੍ਰੀ ਗੁਰੂ ਅਰਜਨ ਦੇਵ ਦੇ ਸਿਦਕੀ ਸਿੱਖ ਸਨ। ਲਾਹੌਰ ਵਿਚ ਮਿਹਨਤ ਮਜ਼ਦੂਰੀ ਕਰਕੇ ਇਹ ਜੀਵਨ ਨਿਰਵਾਹ ਕਰਦੇ ਸਨ। ਮਾਇਕ ਤੰਗੀ ਦੇ ਬਾਵਜੂਦ ਇਹ ਗੁਰੂ ਅਰਜਨ ਦੇਵ ਨੂੰ ਭੋਜਨ ਕਰਾਉਣਾ ਚਾਹੁੰਦੇ ਸਨ। ਇਸ ਲਈ ਇਨ੍ਹਾਂ ਨੇ ਅਧਿਕ ਉਜਰਤ ਦਿਵਾਉਣ ਵਾਲੀ ਬੁਰਜ ਦੀ ਉਸਾਰੀ ਸੰਬੰਧੀ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਭੋਜਨ ਕਰਾਉਣ ਵਾਲੇ ਨਿਸ਼ਚਿਤ ਦਿਨ ਨੂੰ ਮੂਸਨ ਪੈੜ ਤੋਂ ਹੇਠਾਂ ਡਿਗ ਕੇ ਮਰ ਗਿਆ। ਸੰਮਨ ਨੇ ਅਡੋਲ ਮਨ ਨਾਲ ਉਸ ਦੀ ਲੋਥ ਘਰ ਦੇ ਇਕ ਕੋਠੇ ਵਿਚ ਬੰਦ ਕਰਕੇ ਗੁਰੂ ਜੀ ਲਈ ਭੋਜਨ ਤਿਆਰ ਕੀਤਾ। ਗੁਰੂ ਜੀ ਆਏ ਅਤੇ ਮੂਸਨ ਬਾਰੇ ਪੁਛਿਆ। ਸੰਮਨ ਨੇ ਦਸਿਆ ਤੁਸੀਂ ਆਪ ਅੰਤਰਯਾਮੀ ਹੋ, ਮੈਥੋਂ ਕੀ ਪੁਛਦੇ ਹੋ। ਗੁਰੂ ਜੀ ਨੇ ਮੂਸਨ ਨੂੰ ਆਵਾਜ਼ ਮਾਰੀ ਤਾਂ ਉਸ ਦੀ ਲੋਥ ਜ਼ਿੰਦਾ ਹੋ ਗਈ ਅਤੇ ਉਹ ਗੁਰੂ ਜੀ ਦੇ ਸਨਮੁਖ ਹਾਜ਼ਰ ਹੋ ਗਿਆ।

ਸੰਮਨ-ਮੂਸਨ ਬਾਰੇ ਇਕ ਹੋਰ ਸਾਖੀ ਵੀ ਪ੍ਰਚਲਿਤ ਹੈ। ਉਸ ਸਾਖੀ ਵਿਚ ਗੁਰੂ ਸਾਹਿਬ ਨੂੰ ਭੋਜਨ ਕਰਾਉਣ ਦੀ ਇੱਛਾ ਸੰਬੰਧੀ ਸਮਾਨਤਾ ਹੈ ਪਰ ਭੋਜਨ ਲਈ ਧਨ ਦੀ ਵਿਵਸਥਾ ਕਰਨ ਲਈ ਚੋਰੀ ਕਰਨ ਦਾ ਪ੍ਰਸੰਗ ਹੈ। ਚੋਰੀ ਗਵਾਂਢ ਦੇ ਇਕ ਸ਼ਾਹੂਕਾਰ ਦੇ ਘਰ ਕੀਤੀ ਜਾਂਦੀ ਹੈ। ਮੂਸਨ ਨੇ ਧਨ ਦੀ ਥੈਲੀ ਕਢ ਕੇ ਸੰਮਨ ਨੂੰ ਦੇ ਦਿੱਤੀ ਪਰ ਆਪ ਸੰਨ੍ਹ ਲਈ ਕੀਤੇ ਮਘੋਰੇ ਵਿਚ ਫਸ ਗਿਆ। ਪਕੜੇ ਜਾਣ 'ਤੇ ਹੋਣ ਵਾਲੀ ਨਮੋਸ਼ੀ ਤੋਂ ਡਰਦਿਆਂ ਉਸ ਨੇ ਆਪਣੇ ਪਿਤਾ ਨੂੰ ਸਿਰ ਵੱਢ ਕੇ ਨਾਲ ਲੈ ਜਾਣ ਲਈ ਕਿਹਾ। ਉਹ ਸਿਰ ਵੱਢ ਕੇ ਘਰ ਲੈ ਗਿਆ। ਸਵੇਰੇ ਆਨੇ-ਬਹਾਨੇ ਧੜ ਵੀ ਲੈ ਗਿਆ ਅਤੇ ਸਿਰ ਤੇ ਧੜ ਨੂੰ ਕੋਠੇ ਵਿਚ ਇਕੱਠਾ ਰਖ ਦਿੱਤਾ। ਜਦੋਂ ਗੁਰੂ ਜੀ ਭੋਜਨ ਕਰਨ ਲਈ ਆਏ ਤਾਂ ਉਪਰਲੀ ਪਹਿਲੀ ਸਾਖੀ ਵਾਂਗ ਉਨ੍ਹਾਂ ਨੇ ਆਵਾਜ਼ ਮਾਰ ਕੇ ਮੂਸਨ ਨੂੰ ਜੀਉਂਦਾ ਕਰ ਦਿੱਤਾ। ਇਸ ਕਥਾ ਦੀਆਂ ਮੁੱਖ ਰੂੜ੍ਹੀਆਂ ਮਿਸਰ ਦੀ 'ਰੇਂਪਸਿਨੀਤਸ' ਦੀ ਲੋਕ-ਕਥਾ ਅਤੇ ਯੂਨਾਨ ਦੀ ਆਗਮੇਦਸ—'ਟਰੋਫੋਨੀਅਸ' ਦੀ ਲੋਕ-ਕਥਾ ਨਾਲ ਦੂਰ ਤਕ ਸਮਾਨਤਾ ਰਖਦੀਆਂ ਹਨ।

ਮੂਸਲੀ : ਬਲਭਦ੍ਰ ਦਾ ਇਕ ਨਾਮਾਂਤਰ। ਵੇਖੋ 'ਬਲਭਦ੍ਰ'।

ਮੂਸਾ, ਹਜ਼ਰਤ : ਮਿਸਰ ਵਿਚ ਇਮਰਾਨ ਦੇ ਘਰ ਪੈਦਾ ਹੋਇਆ ਇਕ ਇਸਰਾਈਲ

ਵੰਸ਼ੀ ਪੈਗੰਬਰ ਜਿਸ ਦਾ ਜਨਮ, ਕੁਝ ਇਤਿਹਾਸਕਾਰਾਂ ਅਨੁਸਾਰ, ਹਜ਼ਰਤ ਈਸਾ ਦੇ ਪੈਦਾ ਹੋਣ ਤੋਂ 1571 ਵਰ੍ਹੇ ਪਹਿਲਾਂ ਹੋਇਆ ਅਤੇ ਸੰਨ 1451 ਈ. ਪੂ. ਵਿਚ ਦੇਹਾਂਤ ਹੋਇਆ। ਇਸ ਦੀ ਕੁਲ ਉਮਰ 120 ਸਾਲ ਸੀ। ਕੁਝ ਹੋਰ ਇਤਿਹਾਸਕਾਰਾਂ ਨੇ ਇਸ ਦਾ ਜਨਮ ਈਸਾ ਦੇ ਪ੍ਰਗਟ ਹੋਣ ਤੋਂ 1200 ਵਰ੍ਹੇ ਪਹਿਲਾਂ ਹੋਇਆ ਦਸਿਆ ਹੈ।

ਮੂਸਾ ਦੇ ਜਨਮ ਵੇਲੇ ਮਿਸਰ ਵਿਚ ਫਿਰਊਨ ਦੀ ਬਾਦਸ਼ਾਹੀ ਸੀ। ਉਹ ਇਸਰਾਈਲ ਵੰਸ਼ ਦਾ ਨਾਸ਼ ਕਰਨ ਦੀ ਪ੍ਰਤਿਗਿਆ ਕਰਕੇ ਹਰ ਨਵ-ਜਾਤ ਇਸਰਾਇਲੀ ਬੱਚੇ ਨੂੰ ਕਤਲ ਕਰਵਾ ਦਿੰਦਾ। ਜਦੋਂ ਮੂਸਾ ਦਾ ਜਨਮ ਹੋਇਆ ਤਾਂ ਇਸ ਦੀ ਮਾਤਾ ਨੇ ਬਾਲਕ ਨੂੰ ਮਾਰੇ ਜਾਣ ਤੋਂ ਬਚਾਣ ਲਈ ਇਕ ਤਾਬੂਤ (ਸੰਦੂਕ) ਵਿਚ ਪਾ ਕੇ ਨੀਲ ਨਦੀ ਵਿਚ ਰੋੜ੍ਹ ਦਿੱਤਾ। ਨੇੜੇ ਹੀ ਦਰਿਆ ਦੇ ਕੰਢੇ ਤੇ ਮਿਸਰ ਦੀ ਸ਼ਹਿਜ਼ਾਦੀ ਸੈਰ ਕਰ ਰਹੀ ਸੀ। ਉਸ ਦੀ ਨਜ਼ਰ ਤਾਬੂਤ 'ਤੇ ਪਈ। ਉਸ ਨੇ ਤੁਰਤ ਤਾਬੂਤ ਖਿਚਵਾ ਕੇ ਬੱਚੇ ਨੂੰ ਬਾਹਰ ਕਢਵਾਇਆ ਅਤੇ ਉਸ ਦੀ ਪਾਲਣਾ ਕੀਤੀ।

ਮੂਸਾ ਨੂੰ ਅਨੇਕ ਪ੍ਰਕਾਰ ਦੀਆਂ ਪਰੀਖਿਆਵਾਂ ਦਾ ਸਾਹਮਣਾ ਕਰਨਾ ਪਿਆ। ਇਕ ਵਾਰ ਪਰੀਖਿਆ ਦੌਰਾਨ ਇਸ ਦੇ ਹੱਥ ਦੀ ਤਲੀ ਸੜ ਗਈ। ਪਰ ਖ਼ੁਦਾਈ ਮਿਹਰ ਨਾਲ ਉਸ ਸੜੀ ਹੋਈ ਤਲੀ ਵਿਚ ਸੂਰਜ ਵਾਂਗ ਕਿਰਨਾਂ ਨਿਕਲਦੀਆਂ ਸਨ। ਇਸ ਰੋਸ਼ਨੀ ਨੂੰ 'ਬੈਜ਼ਾ' ਕਿਹਾ ਜਾਂਦਾ ਸੀ ਅਤੇ ਜਿਸ ਹੱਥ ਤੋਂ ਇਹ ਨਿਕਲਦੀ ਸੀ ਉਸ ਨੂੰ 'ਦਸਤੇ-ਮੁਬਾਰਕ' ਕਿਹਾ ਜਾਂਦਾ। ਇਸ ਤੋਂ ਇਲਾਵਾ ਵੀ ਮੂਸਾ ਪਾਸ ਇਕ ਹੋਰ ਖ਼ੁਦਾਈ ਵਸਤੂ ਸੀ ਸੋਟਾ (ਆਸਾ)। ਇਹ ਸੋਟਾ ਜਦੋਂ ਤਕ ਮੂਸਾ ਦੇ ਹੱਥ ਵਿਚ ਰਹਿੰਦਾ ਤਦ ਤਕ ਲਕੜ ਦਾ ਹੀ ਬਣਿਆ ਰਹਿੰਦਾ। ਪਰ ਜਦੋਂ ਹਜ਼ਰਤ ਉਸ ਨੂੰ ਆਪਣੇ ਤੋਂ ਪਰ੍ਹੇ ਸੁਟਦਾ ਤਾਂ ਉਹ ਇਕ ਭਿਆਨਕ ਨਾਗ ਦਾ ਰੂਪ ਧਾਰਣ ਕਰ ਲੈਂਦਾ। ਫਿਰ ਜਦ ਮੂਸਾ ਉਸ ਨੂੰ ਪੂਛਲ ਤੋਂ ਫੜ ਕੇ ਖਿਚ ਲੈਂਦਾ ਤਾਂ ਉਹ ਆਪਣਾ ਮੂਲ ਰੂਪ ਧਾਰਣ ਕਰ ਲੈਂਦਾ ਹੈ।

ਮੂਸਾ ਦੇ ਨਾਂ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਸ਼ਬਦ ਇਬਰਾਨੀ ਭਾਸ਼ਾ ਦਾ ਹੈ। ਇਸ ਵਿਚਲੇ 'ਮੂ' ਦਾ ਅਰਥ 'ਤਾਬੂਤ' ਅਤੇ 'ਸਾ' ਤੋਂ ਭਾਵ 'ਪਾਣੀ' ਹੈ। ਚੂੰਕਿ ਇਸ ਦੀ ਮਾਤਾ ਨੇ ਇਸ ਨੂੰ ਤਾਬੂਤ ਵਿਚ ਪਾ ਕੇ ਪਾਣੀ ਵਿਚ ਰੋੜ੍ਹਿਆ ਸੀ ਇਸ ਕਰਕੇ ਇਸ ਦਾ ਨਾਂ 'ਮੂਸਾ' ਪ੍ਰਚਲਿਤ ਹੋਇਆ। ਦੂਜੇ ਮਤ ਅਨੁਸਾਰ ਇਬਰਾਨੀ ਵਿਚ 'ਮਾਸ਼ਾਹ' ਸ਼ਬਦ ਦਾ ਅਰਥ ਹੈ ਖਿਚਣਾ। ਚੂੰਕਿ ਮੂਸਾ ਦੇ ਤਾਬੂਤ ਨੂੰ ਪਾਣੀ ਵਿਚੋਂ ਖਿਚਿਆ ਗਿਆ ਸੀ, ਇਸ ਵਾਸਤੇ ਇਸ ਦਾ ਨਾਂ 'ਮੂਸਾ' ਪ੍ਰਚਲਿਤ ਹੋਇਆ।

ਲਗਭਗ 40 ਵਰ੍ਹਿਆਂ ਦੀ ਉਮਰ ਵਿਚ ਮੂਸਾ ਮਿਸਰ ਤੋਂ ਅਰਬ ਦੇਸ ਵਿਚ ਆਇਆ। ਕਹਿੰਦੇ ਹਨ ਉਦੋਂ ਮਿਸਰ ਵਿਚ ਪਲੇਗ ਪੈ ਗਈ ਅਤੇ ਇਹ ਆਪਣੇ ਅਨੁਯਾਈਆਂ ਅਤੇ ਇਸਰਾਈਲ ਵੰਸ਼ੀਆਂ ਨੂੰ ਨਾਲ ਲੈ ਕੇ ਅਰਬ ਵਲ ਚਲ ਪਿਆ। ਫਿਰਊਨ ਨੇ ਮੌਕਾ ਤਾੜ ਕੇ ਇਸ ਉਤੇ ਫ਼ੌਜ ਚੜ੍ਹਾ ਦਿੱਤੀ। ਰੱਬ ਦੀ ਕਰਨੀ ਨਾਲ ਮੂਸਾ ਆਪਣੇ ਸਾਥੀਆਂ ਸਮੇਤ ਦਰਿਆ ਪਾਰ ਕਰ ਗਿਆ, ਪਰ ਫਿਰਊਨ ਆਪਣੇ ਲਸ਼ਕਰ

ਸਹਿਤ ਨਦੀ ਵਿਚ ਡੁਬ ਮੋਇਆ।

ਮੂਸਾ ਨੂੰ ਕੋਹੇ-ਤੂਰ (ਸਿਨਾਈ ਪਰਬਤ) ਉਤੇ ਖ਼ੁਦਾ ਦਾ ਜਲਵਾ ਦਿਖਾਈ ਦਿੱਤਾ। ਖ਼ੁਦਾ ਨਾਲ ਇਸ ਦਾ ਸੰਵਾਦ ਹੋਇਆ। ਖ਼ੁਦਾ ਨੇ ਆਪਣੀਆਂ ਉਂਗਲੀਆਂ ਨਾਲ ਲਿਖੀਆਂ ਸਲੇਟਾਂ/ਸਿਲਾਂ ਇਸ ਨੂੰ ਦਿੱਤੀਆਂ। ਇਕ ਵਾਰ ਤਾਂ ਇਹ ਬਿਨਾ ਕੁਝ ਖਾਧੇ ਪੀਤੇ ਖ਼ੁਦਾ ਨਾਲ 40 ਦਿਨ ਲਗਾਤਾਰ ਸੰਵਾਦ ਕਰਦਾ ਰਿਹਾ ਜਿਸ ਕਰਕੇ ਯਹੂਦੀ ਲੋਕ 40 ਦਿਨ ਰੋਜ਼ੇ ਰਖਦੇ ਹਨ।

ਇਸ ਨੂੰ ਖ਼ੁਦਾ ਵਲੋਂ ਆਦੇਸ਼ਿਤ ਹੋਏ ਹੁਕਮ ਹੁਣ 'ਤੌਰੇਤ' ਦੇ ਰੂਪ ਵਿਚ 'ਬਾਈਬਲ' ਅੰਦਰ ਸੰਕਲਿਤ ਹਨ। ਇਸ ਨੇ ਆਪਣੇ ਅਨੁਯਾਈਆਂ ਨੂੰ ਮੁੱਖ ਤੌਰ 'ਤੇ ਦਸ ਨਿਯਮ ਜੀਵਨ-ਵਿਧੀ ਦੇ ਰੂਪ ਵਿਚ ਸੁਝਾਏ ਹਨ, ਜਿਵੇਂ ਖ਼ੁਦਾ ਨੂੰ ਲਾ-ਸ਼ਰੀਕ ਹਸਤੀ ਮੰਨਣਾ; ਮੂਰਤੀ ਪੂਜਾ ਨਾ ਕਰਨਾ; ਖ਼ੁਦਾ ਦਾ ਨਾਂ ਅਕਾਰਥ ਨਾ ਲੈਣਾ; ਸਨਿਚਰਵਾਰ ਕੋਈ ਕੰਮ ਨਾ ਕਰਕੇ ਆਰਾਮ ਕਰਨਾ; ਮਾਪਿਆਂ ਦਾ ਕਿਹਾ ਮੰਨਣਾ ਅਤੇ ਆਦਰ ਕਰਨਾ; ਚੋਰੀ, ਯਾਰੀ, ਕਤਲ ਨਾ ਕਰਨਾ; ਗਵਾਂਢੀ 'ਤੇ ਝੂਠੀ ਗਵਾਹੀ ਨਾ ਦੇਣਾ ਅਤੇ ਉਸ ਦੀ ਕਿਸੇ ਚੀਜ਼ ਪ੍ਰਤਿ ਲਾਲਚ ਨਾ ਕਰਨਾ। ਸਪੱਸ਼ਟ ਹੈ ਕਿ ਮੂਸਾ ਸਦਾਚਾਰ ਉਤੇ ਵਿਸ਼ੇਸ਼ ਬਲ ਦਿੰਦਾ ਸੀ।

ਭਾਈ ਗੁਰਦਾਸ ਨੇ ਵੱਡੇ ਤੋਂ ਵੱਡੇ ਪੈਗੰਬਰ ਨੂੰ ਨਾਸ਼ਮਾਨ ਮੰਨਦੇ ਹੋਇਆਂ ਮੂਸਾ ਵਲ ਸੰਕੇਤ ਕੀਤਾ ਹੈ—'ਗੋਇਲ ਵਾਸਾ ਚਾਰਿ ਦਿਨ ਨਾਉ ਧਰਾਇਨਿ ਈਸੇ ਮੂਸੇ' (15/13)।

ਮੂਸੇ ਕੀ ਵਾਰ : ਗੁਰੂ ਰਾਮਦਾਸ ਦੀ ਕਾਨੜਾ ਰਾਗ ਵਿਚ ਲਿਖੀ ਵਾਰ ਦੇ ਆਰੰਭ ਵਿਚ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਇਹ ਉਕਤੀ ਲਿਖੀ ਹੈ — 'ਮੂਸੇ ਕੀ ਵਾਰ ਕੀ ਧੁਨੀ।' ਇਸ ਤੋਂ ਸਪੱਸ਼ਟ ਹੈ ਕਿ ਇਸ ਵਾਰ ਨੂੰ ਮੂਸੇ ਦੀ ਵਾਰ ਦੀ ਧੁਨੀ ਉਤੇ ਗਾਇਆ ਜਾਣਾ ਹੈ।

ਰਵਾਇਤ ਅਨੁਸਾਰ ਮੂਸਾ ਇਕ ਬਹੁਤ ਬਹਾਦਰ ਸੂਰਮਾ ਸੀ। ਉਸ ਦੀ ਮੰਗੇਤਰ ਦਾ ਕਿਸੇ ਹੋਰ ਰਜਵਾੜੇ ਨਾਲ ਵਿਆਹ ਹੋ ਗਿਆ। ਮੂਸੇ ਨੇ ਅਣਖ ਵਿਚ ਆ ਕੇ ਉਸ ਰਾਜੇ ਉਤੇ ਹਮਲਾ ਕਰਕੇ ਉਸ ਨੂੰ ਪਤਨੀ ਸਮੇਤ ਪਕੜ ਲਿਆਉਂਦਾ। ਜਦੋਂ ਮੂਸੇ ਨੇ ਆਪਣੀ ਮੰਗੇਤਰ ਦੇ ਮਨ ਦੀ ਇੱਛਾ ਪੁੱਛੀ ਤਾਂ ਉਸ ਨੇ ਨਿਸੰਗ ਹੋ ਕੇ ਦਸਿਆ ਕਿ ਮੇਰਾ ਜਿਸ ਨਾਲ ਵਿਆਹ ਹੋ ਚੁਕਿਆ ਹੈ, ਮੈਂ ਉਸੇ ਦੀ ਪਤਨੀ ਰਹਾਂਗੀ। ਉਸ ਇਸਤਰੀ ਦੀ ਇੱਛਾ ਸੁਣ ਕੇ ਮੂਸਾ ਬਹੁਤ ਖ਼ੁਸ਼ ਹੋਇਆ। ਉਸ ਨੇ ਦੋਹਾਂ ਨੂੰ ਖ਼ੁਸ਼ੀ ਖ਼ੁਸ਼ੀ ਪਰਿਵਾਰਿਕ ਜੀਵਨ ਬਤੀਤ ਕਰਨ ਲਈ ਬੜੇ ਮਾਣ ਅਤੇ ਸਤਿਕਾਰ ਨਾਲ ਮੁਕਤ ਕੀਤਾ।

ਮੂਸੇ ਦੀ ਉਦਾਰਤਾ ਅਤੇ ਬਹਾਦਰੀ ਨੂੰ ਵੇਖ ਕੇ ਢਾਢੀਆਂ ਨੇ ਜੋ ਵਾਰ ਲਿਖੀ, ਉਸ ਦੀ ਲੋਕ-ਪ੍ਰਿਯਤਾ ਨੂੰ ਦੇਖ ਕੇ ਗੁਰੂ ਅਰਜਨ ਦੇਵ ਨੇ ਉਸ ਦੀ ਧੁਨੀ ਨੂੰ ਕਾਨੜੇ ਦੀ ਵਾਰ ਮ. ੪ ਲਈ ਵਰਤਣ ਦਾ ਆਦੇਸ਼ ਦਿੱਤਾ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ— 'ਤ੍ਰੈ ਸੈ ਸੱਠ ਮਰਾਤਬਾ ਇਕ ਘੁਰਿਐ ਡੱਗ,/ਚੜਿਆ ਮੂਸਾ ਪਾਤਸਾਹ ਸਭ ਸੁਣਿਆ ਜੱਗ,/

ਦੰਦ ਚਿਟੇ ਬਜਰਾਬੀਆਂ ਕਹੁ ਕਿਤ ਵਰੱਗੇ,/ਰੁੱਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ,/ ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੀ।'

ਮੂਲ-ਮੰਤਰ : ਜਪੁਜੀ ਦੇ ਆਰੰਭ ਵਿਚ ਆਏ ਵਸਤੂ-ਨਿਰਦੇਸ਼ਾਤਮਕ ਮੰਗਲਾਚਰਣ— '੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਨੂੰ ਆਮ ਤੌਰ ਤੇ ਮੂਲ-ਮੰਤਰ ਕਿਹਾ ਜਾਂਦਾ ਹੈ। ਇਸ ਦਾ ਗੁਰਬਾਣੀ ਵਿਚ ਵਿਸ਼ੇਸ਼ ਅਤੇ ਪ੍ਰਮੁਖ ਸਥਾਨ ਹੈ। ਇਹ ਪੂਰੇ ਜਾਂ ਸੰਖਿਪਤ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ 567 ਵਾਰ ਵਰਤਿਆ ਗਿਆ ਹੈ। ਹਰ ਰਾਗ, ਹਰ ਬਾਣੀ ਦੇ ਆਰੰਭ ਵਿਚ ਇਹ ਦਰਜ ਹੈ। ਇਸ ਲਈ ਇਸ ਦਾ ਮਹੱਤਵ ਸੁਤੇ-ਪ੍ਰਮਾਣ ਹੈ।

'ਮੂਲ-ਮੰਤਰ' ਦੋ ਪਦਾਂ ਦਾ ਸੰਯੁਕਤ ਰੂਪ ਹੈ। ਪਹਿਲੇ ਪਦ 'ਮੂਲ' ਦਾ ਅਰਥ ਹੈ 'ਜੜ੍ਹ'। ਗੁਰਵਾਕ ਹੈ —'ਮੂਲ ਬਿਨਾ ਸਾਖਾ ਕਤੁ ਆਹੇ'। ਅਤੇ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।' ਇਸ ਤੋਂ ਭਾਵ ਮੁੱਢ ਜਾਂ ਆਦਿ ਅਤੇ ਆਧਾਰ ਜਾਂ ਬੁਨਿਆਦ ਲਿਆ ਜਾ ਸਕਦਾ ਹੈ। ਦੂਜੇ ਪਦ 'ਮੰਤਰ' ਦਾ ਨਿਰੁਕਤ ਅਨੁਸਾਰ ਅਰਥ ਹੈ 'ਜੋ ਮਨਨ ਕਰੀਏ, ਉਹ ਮੰਤਰ ਹੈ।' ਮੰਤਰ, ਅਸਲ ਵਿਚ, ਉਹ ਸ਼ਬਦ ਜਾਂ ਸ਼ਬਦ-ਸਮੁੱਚ ਹੈ ਜਿਸ ਨਾਲ ਕਿਸੇ ਦੇਵਤਾ ਜਾਂ ਇਸ਼ਟ-ਦੇਵ ਜਾਂ ਪਰਮ-ਸੱਤਾ ਦੀ ਸਿੱਧੀ ਜਾਂ ਅਲੌਕਿਕ ਸ਼ਕਤੀ ਦੀ ਪ੍ਰਾਪਤੀ ਹੋਵੇ। ਗੁਰੂ ਅਰਜਨ ਦੇਵ ਅਨੁਸਾਰ—'ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ।' ਇਸ ਤਰ੍ਹਾਂ ਮੂਲ-ਮੰਤਰ ਤੋਂ ਭਾਵ ਹੈ ਆਧਾਰ-ਭੂਤ ਜਾਂ ਬੁਨਿਆਦੀ ਮੰਤਰ।

ਗੁਰੂ ਨਾਨਕ ਦੇਵ ਨੇ 'ਮੂਲ-ਮੰਤਰ' ਨੂੰ ਸਪੱਸ਼ਟ ਕਰਦਿਆਂ ਦਸਿਆ ਹੈ ਕਿ ਹਰਿ ਦਾ ਨਾਮ ਹੀ ਮੂਲ-ਮੰਤਰ ਹੈ, ਇਹੀ ਸਾਰਿਆਂ ਰਸਾਂ ਦਾ ਸੋਮਾ ਹੈ ਅਤੇ ਇਸੇ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ—'ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ।'

ਭਾਈ ਗੁਰਦਾਸ ਨੇ ਛੇਵੀਂ ਵਾਰ ਵਿਚ ਮੂਲ-ਮੰਤਰ ਦੀ ਗੱਲ ਕਰਦਿਆਂ ਲਿਖਿਆ ਹੈ—'ਸਤਿਨਾਮ ਕਰਤਾ ਪੁਰਖੁ ਮੂਲ ਮੰਤ੍ਰੁ ਸਿਮਰਣ ਪਰਵਾਣੋ।' ਇਸ ਟੂਕ ਤੋਂ ਸਪੱਸ਼ਟ ਹੈ ਕਿ ਜਪੁਜੀ ਦੇ ਆਰੰਭ ਵਿਚ ਲਿਖਿਆ ਮੰਗਲਾਚਰਣ ਹੀ ਮੂਲ-ਮੰਤਰ ਹੈ। ਕੁਲ 13 ਪਦਾਂ ਅਤੇ ਇਕ ਅੰਕ ਵਾਲੇ ਇਸ ਮੰਤਰ ਵਿਚ ਸਿੱਖ-ਧਰਮ ਦੇ ਸਿੱਧਾਂਤਾਂ ਨੂੰ ਬੀਜ ਰੂਪ ਵਿਚ ਸਮੋਇਆ ਗਿਆ ਹੈ। ਇਸ ਵਿਚ ਪਰਮ-ਤੱਤ ਦੇ ਜਿਸ ਦਾਰਸ਼ਨਿਕ ਸਰੂਪ ਦੀ ਸਥਾਪਨਾ ਹੋਈ ਹੈ, ਉਸ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਦਸ ਕੇ ਦਾਰਸ਼ਨਿਕਤਾ ਦਾ ਭਾਵਾਤਮਕਤਾ ਨਾਲ ਸਮਨਵੈ ਕੀਤਾ ਗਿਆ ਹੈ।

ਮੇਘਨਾਦ : ਰਾਵਣ ਦਾ ਪੁੱਤਰ ਜੋ ਮੰਦੋਦਰੀ ਦੀ ਕੁੱਖੋਂ ਪੈਦਾ ਹੋਇਆ। ਪੈਦਾ ਹੋਣ ਵੇਲੇ ਇਸ ਦਾ ਰੋਣਾ ਮੇਘ (ਬਦਲ) ਦੇ ਗੱਜਣ ਵਾਂਗ ਸੀ; ਇਸ ਲਈ ਇਸ ਦਾ ਨਾਂ 'ਮੇਘਨਾਦ' ਰਖ ਦਿੱਤਾ ਗਿਆ। ਇਸ ਦਾ ਇਕ ਨਾਮਾਂਤਰ 'ਇੰਦਰਜੀਤ' ਵੀ ਸੀ।

'ਬਾਲਮੀਕੀ ਰਾਮਾਇਣ' ਅਨੁਸਾਰ ਰਾਵਣ ਦੇ ਮਨ ਵਿਚ ਇੱਛਾ ਪੈਦਾ ਹੋਈ ਕਿ

ਉਹ ਦੇਵ-ਲੋਕ ਉਤੇ ਜਿੱਤ ਪ੍ਰਾਪਤ ਕਰੇ । ਇਸ ਲਈ ਉਸ ਨੇ ਦੇਵਤਿਆਂ ਨਾਲ ਯੁੱਧ ਸ਼ੁਰੂ ਕਰ ਦਿੱਤਾ । ਘੋਰ ਯੁੱਧ ਵਿਚ ਦੋਹਾਂ ਪਾਸਿਆਂ ਦੇ ਅਨੇਕ ਸੈਨਿਕ ਮਾਰੇ ਗਏ । ਅੰਤ ਵਿਚ ਮੇਘਨਾਦ ਨੇ ਸ਼ਿਵ ਤੋਂ ਪ੍ਰਾਪਤ ਹੋਈ ਮਾਯਾਵੀ ਸ਼ਕਤੀ ਨਾਲ ਚੌਹਾਂ ਪਾਸੇ ਹਨੇਰਾ ਪਸਾਰ ਕੇ ਇੰਦਰ ਨੂੰ ਬੰਦੀ ਬਣਾ ਲਿਆ ਅਤੇ ਲੰਕਾ ਲੈ ਗਿਆ । ਇੰਦਰ ਦੇ ਪਕੜੇ ਜਾਣ ਕਾਰਣ ਦੇਵਤੇ ਬਹੁਤ ਪਰੇਸ਼ਾਨ ਹੋਏ । ਆਖਿਰ ਉਹ ਬ੍ਰਹਮਾ ਨੂੰ ਨਾਲ ਲੈ ਕੇ ਮੇਘਨਾਦ ਕੋਲ ਇੰਦਰ ਨੂੰ ਛੁੜਾਉਣ ਲਈ ਗਏ । ਬ੍ਰਹਮਾ ਨੇ ਉਸ ਨੂੰ ਇੰਦਰਜੀਤ ਦੀ ਉਪਾਧੀ ਦਿੱਤੀ ਅਤੇ ਵਰ ਦਿੱਤਾ ਕਿ ਯੱਗ ਕਰਨ ਤੋਂ ਪਹਿਲਾਂ ਅਗਨੀ ਵਿਚੋਂ ਘੋੜਿਆਂ ਸਹਿਤ ਰਥ ਨਿਕਲੇਗਾ ਜਿਸ ਉਤੇ ਉਹ ਬੈਠ ਕੇ ਅਜਿੱਤ ਰਹੇਗਾ, ਪਰ ਜੇ ਯੱਗ ਪੂਰਾ ਨਾ ਹੋਇਆ ਤਾਂ ਉਹ ਮਾਰਿਆ ਜਾਇਗਾ ।

ਸ੍ਰੀ ਰਾਮ ਚੰਦਰ ਨਾਲ ਹੋਏ ਯੁੱਧ ਵਿਚ ਜਦੋਂ ਰਾਖਸ਼ਾਂ ਦਾ ਵਿਨਾਸ਼ ਹੋਣ ਲਗਾ ਤਾਂ ਰਾਵਣ ਨੇ ਮੇਘਨਾਦ ਨੂੰ ਯੁੱਧ ਕਰਨ ਲਈ ਭੇਜਿਆ । ਮਾਯਾਵੀ ਸੀਤਾ ਦੇ ਮਾਰੇ ਜਾਣ ਤੇ ਹਨੂਮਾਨ ਦੀ ਆਗਿਆ ਨਾਲ ਬੰਦਰਾਂ ਨੇ ਯੁੱਧ ਬੰਦ ਕਰ ਦਿੱਤਾ । ਮੇਘਨਾਦ ਨਿਕੁੰਭਿਲਾ ਦੇਵੀ ਦੇ ਮੰਦਿਰ ਵਿਚ ਯੱਗ ਕਰਨ ਲਈ ਗਿਆ ਕਿਉਂਕਿ ਅਜਿਹੇ ਯੱਗ ਦੇ ਸੰਪੰਨ ਹੋਣ ਨਾਲ ਉਸ ਨੂੰ ਕੋਈ ਵੀ ਹਰਾ ਨਹੀਂ ਸਕੇਗਾ । ਵਿਭੀਸ਼ਣ ਦੇ ਸੁਝਾਵ 'ਤੇ ਲੱਛਮਣ ਨੇ ਮੇਘਨਾਦ ਦੇ ਯੱਗ ਵਿਚ ਵਿਘਨ ਪਾਇਆ । ਮੇਘਨਾਦ ਯੁੱਧ ਕਰਨ ਲਈ ਜਾਣ ਤੋਂ ਪਹਿਲਾਂ ਬੋਹੜ ਦੇ ਇਕ ਵੱਡੇ ਬ੍ਰਿਛ ਕੋਲ ਭੂਤਾਂ ਨੂੰ ਬਲੀ ਦੇਣ ਲਈ ਰੁਕਿਆ । ਕਿਉਂਕਿ ਬਲੀ ਦੇਣ ਤੋਂ ਬਾਦ ਉਸ ਨੂੰ ਅਦ੍ਰਿਸ਼ਤਤਾ ਦੀ ਮਾਯਾਵੀ ਸ਼ਕਤੀ ਪ੍ਰਾਪਤ ਹੁੰਦੀ ਸੀ । ਉਥੇ ਲੁਕੇ ਹੋਏ ਲੱਛਮਣ ਨੇ ਮੇਘਨਾਦ ਉਤੇ ਹਮਲਾ ਕੀਤਾ ਜਿਸ ਕਰਕੇ ਮੇਘਨਾਦ ਦੇ ਰਥ ਦੇ ਘੋੜੇ ਅਤੇ ਰਥਵਾਨ ਮਾਰਿਆ ਗਿਆ । ਮੇਘਨਾਦ ਦੂਜਾ ਰਥ ਲੈਣ ਲਈ ਲੰਕਾ ਗਿਆ । ਪਰਤਣ 'ਤੇ ਫਿਰ ਯੁੱਧ ਹੋਇਆ । ਲੱਛਮਣ ਨੇ ਮੇਘਨਾਦ ਨੂੰ ਲੜਾਈ ਵਿਚ ਮਾਰ ਦਿੱਤਾ । 'ਰਾਮ-ਕਾਵਿ' ਵਿਚ ਇਸ ਦਾ ਅਨੇਕ ਥਾਵਾਂ 'ਤੇ ਉੱਲੇਖ ਹੋਇਆ ਹੈ ।

ਮੇਨਕਾ : ਸਵਰਗ ਲੋਕ ਦੀਆਂ ਛੇ ਪਰਮ ਸ੍ਰੇਸ਼ਠ ਅਪੱਛਰਾਵਾਂ ਵਿਚੋਂ ਇਕ ਜੋ ਬ੍ਰਿਸ਼ਣਸ੍ਵ ਜਾਂ ਕਸ਼੍ਯਪ ਅਤੇ ਪ੍ਰਾਧਾ ਦੀ ਪੁੱਤਰੀ ਸੀ । ਇਸ ਦਾ ਵਿਆਹ ਊਰਣਾਯੂ ਨਾਂ ਦੇ ਗੰਧਰਵ ਨਾਲ ਹੋਇਆ ਸੀ, ਪਰ ਇਸ ਉਤੇ ਪ੍ਰਿਸ਼ਤ ਦੇ ਮੋਹਿਤ ਹੋ ਜਾਣ ਦੇ ਫਲਸਰੂਪ ਇਸ ਨੇ ਦ੍ਰੁਪਦ ਨਾਮਕ ਪੁੱਤਰ ਨੂੰ ਜਨਮ ਦਿੱਤਾ । ਇਸ ਨੂੰ ਇੰਦਰ ਨੇ ਵਿਸ਼ਵਾਮਿਤਰ ਦਾ ਤਪ ਭੰਗ ਕਰਨ ਲਈ ਭੇਜਿਆ ਸੀ ।

'ਬਾਲਮੀਕੀ ਰਾਮਾਇਣ' ਅਤੇ 'ਮਹਾਭਾਰਤ' (ਆਦਿ-ਪਰਵ) ਅਨੁਸਾਰ ਪੁਸ਼ਕਰ ਤਪੋਵਨ ਵਿਚ ਵਿਸ਼ਵਾਮਿਤਰ ਨੇ ਇਕ ਹਜ਼ਾਰ ਵਰ੍ਹੇ ਤਪ ਕਰਨ ਉਪਰੰਤ ਛਤ੍ਰੀ ਹੁੰਦੇ ਹੋਇਆਂ ਵੀ ਬ੍ਰਹਮਾ ਤੋਂ ਰਿਸ਼ੀ-ਪਦ ਪ੍ਰਾਪਤ ਕੀਤਾ । ਵਿਸ਼ਵਾਮਿਤਰ ਨੇ ਫਿਰ ਤਪਸਿਆ ਸ਼ੁਰੂ ਕਰ ਦਿੱਤੀ । ਇੰਦਰ ਨੂੰ ਡਰ ਹੋ ਗਿਆ ਕਿ ਹੁਣ ਇਹ ਇੰਦਰ-ਪਦ ਪ੍ਰਾਪਤ ਕਰਨਾ ਚਾਹੁੰਦਾ ਹੈ । ਇਸ ਲਈ ਇੰਦਰ ਨੇ ਉਸ ਦਾ ਤਪ ਭੰਗ ਕਰਨ ਲਈ ਮੇਨਕਾ ਨਾਂ ਦੀ ਅਪੱਛਰਾ ਨੂੰ ਭੇਜਿਆ । ਉਸ ਨੂੰ ਪੁਸ਼ਕਰ ਖੇਤਰ ਵਿਚ ਇਸ਼ਨਾਨ ਕਰਦਿਆਂ

ਵੇਖ ਕੇ ਵਿਸ਼ਵਾਮਿਤਰ ਕਾਮ-ਪੀੜਿਤ ਹੋ ਗਿਆ ਅਤੇ ਉਸ ਨੂੰ ਆਪਣੇ ਆਸ਼੍ਰਮ ਵਿਚ ਆਉਣ ਲਈ ਸਦਾ ਦਿੱਤਾ। ਦਸ ਵਰ੍ਹੇ ਰਿਸ਼ੀ ਪਾਸ ਰਹਿਣ ਉਪਰੰਤ ਮੇਨਕਾ ਨੇ ਇਕ ਕੰਨਿਆ ਨੂੰ ਜਨਮ ਦਿੱਤਾ ਅਤੇ ਮਾਲਿਨੀ ਨਦੀ ਦੇ ਕੰਢੇ ਉਤੇ ਉਸ ਨੂੰ ਛੱਡ ਕੇ ਆਪ ਸਵਰਗ ਲੋਕ ਚਲੀ ਗਈ। ਉਸ ਬੱਚੀ ਨੂੰ ਕਣਵ ਰਿਸ਼ੀ ਆਪਣੇ ਆਸ਼੍ਰਮ ਵਿਚ ਲੈ ਆਇਆ ਅਤੇ ਪਾਲ ਪੋਸ ਕੇ ਵੱਡਾ ਕੀਤਾ। ਕਾਲਾਂਤਰ ਵਿਚ ਉਹ 'ਸ਼ਕੁੰਤਲਾ' ਅਖਵਾਈ ਅਤੇ ਰਾਜਾ ਦੁਸ਼੍ਯੰਤ ਦੀ ਰਾਣੀ ਬਣੀ। ਉਧਰ ਮੇਨਕਾ ਦੇ ਨਾ ਪਰਤਣ ਤੇ ਰਿਸ਼ੀ ਵਿਸ਼ਵਾਮਿਤਰ ਬਹੁਤ ਉਦਾਸ ਹੋਇਆ। ਪਰ ਸਦ-ਬੁੱਧੀ ਪਰਤਣ ਤੇ ਉਸ ਨੇ ਸਮਝ ਲਿਆ ਕਿ ਤਪ ਭੰਗ ਕਰਨ ਲਈ ਦੇਵਤਿਆਂ ਨੇ ਹੀ ਇਸ ਅਪੱਛਰਾ ਨੂੰ ਭੇਜਿਆ ਸੀ। ਉਸ ਨੇ ਬੜੀ ਵਿਵੇਕਸ਼ੀਲਤਾ ਨਾਲ ਆਪਣਾ ਤਪ ਫਿਰ ਤੋਂ ਸ਼ੁਰੂ ਕੀਤਾ। 'ਬਾਹਰੋਂ ਸਰਾਪੇ ਅੰਦਰੋਂ ਗਵਾਚੇ' ਕਾਵਿ-ਸੰਗ੍ਰਹਿ ਵਿਚ ਉੱਲੇਖ ਹੈ—'ਪਰ ਉਹ ਮੇਨਕਾ ਗਏ ਗੁਜ਼ਰੇ ਵਕਤ ਵਾਂਗ ਆਏਗੀ ਨਹੀਂ।'

ਮੇਰੂ : ਵੇਖੋ 'ਸੁਮੇਰ'।

ਮੋਹਨਦਾਸ ਕਰਮਚੰਦ, ਗਾਂਧੀ : ਵੇਖੋ 'ਗਾਂਧੀ, ਮਹਾਤਮਾ'।

ਮੋਹਨ, ਬਾਬਾ : ਗੁਰੂ ਅਮਰਦਾਸ ਦਾ ਵੱਡਾ ਸਾਹਿਬਜ਼ਾਦਾ ਜਿਸ ਦਾ ਜਨਮ ਮਾਤਾ ਮਨਸਾ ਦੇਵੀ ਦੀ ਕੁੱਖੋਂ ਸੰਨ 1536 ਈ. (ਸੰਮਤ 1593 ਬਿ.) ਵਿਚ ਪਿੰਡ ਬਾਸਰਕੇ ਵਿਚ ਹੋਇਆ। ਵੈਰਾਗੀ ਬਿਰਤੀ ਵਾਲੇ ਬਾਬਾ ਮੋਹਨ ਨੇ ਆਪਣਾ ਅਧਿਕ ਸਮਾਂ ਗੋਇੰਦਵਾਲ ਦੇ ਚੌਬਾਰੇ ਵਿਚ ਭਗਤੀ ਕਰਦਿਆਂ ਬਤੀਤ ਕੀਤਾ। ਕਹਿੰਦੇ ਹਨ ਕਿ ਗੁਰੂ ਅਮਰਦਾਸ ਨੇ ਬਾਣੀ ਦੀਆਂ ਜੋ ਪੋਥੀਆਂ ਆਪਣੇ ਪੋਤਰੇ ਅਤੇ ਮੋਹਨ ਦੇ ਪੁੱਤਰ ਸਹੰਸਰਾਮ ਤੋਂ ਲਿਖਵਾਈਆਂ ਸਨ, ਉਹ ਬਾਬਾ ਮੋਹਨ ਪਾਸ ਸੁਰਖਿਅਤ ਰਹੀਆਂ।

ਜਦੋਂ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਕੰਮ ਸ਼ੁਰੂ ਕੀਤਾ, ਤਾਂ ਬਾਣੀ ਦੀਆਂ ਪੋਥੀਆਂ ਨੂੰ ਲੈਣ ਲਈ ਬਾਬੇ ਮੋਹਨ ਪਾਸ ਗੋਇੰਦਵਾਲ ਗਏ ਅਤੇ ਇਸ ਦੇ ਚੌਬਾਰੇ ਹੇਠਾਂ ਗਲੀ ਵਿਚ ਬੈਠ ਕੇ ਸੰਬੰਧਨੀ ਢੰਗ ਨਾਲ ਕੀਰਤਨ ਸ਼ੁਰੂ ਕੀਤਾ—'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ...' (ਅ. ਗ੍ਰੰ. 248)। (ਕੁਝ ਵਿਦਵਾਨ ਇਥੇ 'ਮੋਹਨ' ਸ਼ਬਦ ਨੂੰ ਪਰਮਾਤਮਾ-ਵਾਚਕ ਮੰਨਦੇ ਹਨ।) ਕੀਰਤਨ ਸੁਣ ਕੇ ਬਾਬਾ ਮੋਹਨ ਨੇ ਪੋਥੀਆਂ ਗੁਰੂ ਜੀ ਦੇ ਹਵਾਲੇ ਕਰ ਦਿੱਤੀਆਂ। ਗੁਰੂ ਜੀ ਨੇ ਬਾਣੀ ਦਾ ਅਧਿਐਨ ਕਰਨ ਉਪਰੰਤ ਪੋਥੀਆਂ ਪਰਤਾ ਦਿੱਤੀਆਂ। ਬਾਬਾ ਮੋਹਨ ਦਾ ਚੌਬਾਰਾ ਹੁਣ ਗੋਇੰਦਵਾਲ ਵਿਚ ਮੌਜੂਦ ਹੈ।

ਮੋਹਰੀ, ਬਾਬਾ : ਗੁਰੂ ਅਮਰਦਾਸ ਦਾ ਛੋਟਾ ਸਾਹਿਬਜ਼ਾਦਾ ਜਿਸ ਦਾ ਜਨਮ ਮਾਤਾ ਮਨਸਾ ਦੇਵੀ ਦੀ ਕੁੱਖੋਂ ਸੰਨ 1539 ਈ. (ਸੰਮਤ 1596 ਬਿ.) ਵਿਚ ਪਿੰਡ ਬਾਸਰਕੇ ਵਿਚ ਹੋਇਆ। ਜਦੋਂ ਗੁਰੂ ਅਮਰਦਾਸ ਗੋਇੰਦਵਾਲ ਰਹਿਣ ਲਗੇ ਤਾਂ ਇਹ ਵੀ ਉਥੇ ਹੀ ਆ ਗਿਆ। ਕਹਿੰਦੇ ਹਨ ਕਿ ਇਸ ਦੇ ਘਰ ਪੈਦਾ ਹੋਏ ਪੁੱਤਰ ਦੀ ਖ਼ੁਸ਼ੀ ਵਿਚ ਗੁਰੂ ਅਮਰਦਾਸ ਨੇ 'ਅਨੰਦੁ' ਬਾਣੀ ਦਾ ਉੱਚਾਰਣ ਕੀਤਾ ਅਤੇ ਬਾਲਕ ਦਾ ਨਾਂ ਵੀ 'ਅਨੰਦ' ਰਖਿਆ।

ਗੁਰੂ ਅਮਰਦਾਸ ਨੇ ਆਪਣੇ ਜਵਾਈ ਭਾਈ ਜੇਠਾ ਨੂੰ ਜਦੋਂ ਸੰਨ 1574 ਈ. (ਸੰਮਤ 1631 ਬਿ.) ਵਿਚ ਗੁਰੂ-ਪਦ ਪ੍ਰਦਾਨ ਕੀਤਾ ਤਾਂ ਸਭ ਤੋਂ ਪਹਿਲਾਂ ਬਾਬਾ ਮੋਹਰੀ ਨੇ ਮੱਥਾ ਟੇਕਿਆ। ਇਸ ਘਟਨਾ ਦਾ ਉੱਲੇਖ ਬਾਬਾ ਸੁੰਦਰ ਨੇ ਆਪਣੇ ਰਚੇ 'ਸਦ' ਵਿਚ ਇਸ ਤਰ੍ਹਾਂ ਕੀਤਾ ਹੈ—'ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ।/ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ' (ਅ. ਗ੍ਰੰ. 924)।

ਮੋਹਿਨੀ, ਅਵਤਾਰ : ਵਿਸ਼ਣੂ ਜਾਂ ਨਾਰਾਇਣ ਦਾ ਇਕ ਅਵਤਾਰ ਜਿਸ ਦਾ ਨਾਂ 'ਦਸਮ-ਗ੍ਰੰਥ' ਵਿਚ 'ਮਹਾਮੋਹਿਨੀ' ਲਿਖਿਆ ਹੈ –'ਮਹਾਮੋਹਿਨੀ ਰੂਪ ਧਾਰ੍ਯੋ ਅਨੂਪੰ।' ਇਸ ਦੇ ਅਵਤਰਣ ਦੀ ਉਦੋਂ ਲੋੜ ਪਈ ਜਦੋਂ ਸਮੁੰਦਰ ਨੂੰ ਰਿੜਕਣ 'ਤੇ ਉਸ ਵਿਚੋਂ ਨਿਕਲੇ ਅੰਮ੍ਰਿਤ ਦੀ ਵੰਡ 'ਤੇ ਦੇਵਤਿਆਂ ਅਤੇ ਦੈਂਤਾਂ ਵਿਚ ਝਗੜਾ ਹੋ ਗਿਆ। ਨਾਰਾਇਣ ਨੇ ਅਤਿ ਸੁੰਦਰ ਅਪੱਛਰਾਂ ਦਾ ਰੂਪ ਧਾਰਣ ਕਰਕੇ ਦੈਂਤਾਂ ਨੂੰ ਭਰਮਾ ਲਿਆ ਅਤੇ ਅੰਮ੍ਰਿਤ ਦੇਵਤਿਆਂ ਨੂੰ ਪਿਲਾ ਦਿੱਤਾ। ਕਹਿੰਦੇ ਹਨ ਸ਼ਿਵ ਦੀ ਪ੍ਰਾਰਥਨਾ 'ਤੇ ਨਾਰਾਇਣ ਨੇ ਮੋਹਿਨੀ ਰੂਪ ਵਿਚ ਉਸ ਨੂੰ ਦਰਸ਼ਨ ਦਿੱਤੇ। ਸ਼ਿਵ ਮੋਹਿਤ ਹੋ ਕੇ ਮੋਹਿਨੀ ਦੇ ਪਿਛੇ-ਪਿਛੇ ਦੌੜਦਾ ਗਿਆ ਅਤੇ ਉਸ ਦਾ ਵੀਰਜ ਧਰਤੀ ਉਤੇ ਡਿਗਦਾ ਰਿਹਾ।

ਮੋਕਸ਼/ਮੋਖ : ਵੇਖੋ 'ਮੁਕਤੀ'।

ਮੋਪਾਸਾਂ, ਹੈਨਰੀ ਰੇਨ ਐਲਬੇਅਰ ਗਾਈ ਦ (Maupassant, Henri Rene Albert Guy De) : ਫ਼ਰਾਂਸ ਦੇਸ਼ ਦਾ ਇਕ ਪ੍ਰਸਿੱਧ ਗਲਪਕਾਰ ਜਿਸ ਦਾ ਜਨਮ 5 ਅਗਸਤ, 1850 ਈ. ਨੂੰ ਰੂਇਐਂ (Rouen) ਦੇ ਨੇੜੇ ਤਰੋਵਿਲਸੂਰ ਆਰਕ (Tourville-Sur-Arques) ਪਿੰਡ ਵਿਚ ਹੋਇਆ। ਇਸ ਨੇ ਆਪਣੀ ਪੜ੍ਹਾਈ ਲਾਇਸੀ ਓ ਰੂਇਐਂ (Lycee au Rouen) ਵਿਚ ਕੀਤੀ ਅਤੇ ਆਪਣੀ ਜਵਾਨੀ ਦਾ ਬਹੁਤਾ ਸਮਾਂ ਨਾਰਮੰਦੀ (Normandy) ਵਿਚ ਬਤੀਤ ਕੀਤਾ। ਸੰਨ 1870 ਈ. ਵਿਚ ਇਹ ਫਰਾਂਸੀਸੀ ਸੈਨਾ ਵਿਚ ਭਰਤੀ ਹੋ ਗਿਆ ਅਤੇ ਫਰਾਂਸ ਦੀ ਜਰਮਨ ਨਾਲ ਹੋਈ ਲੜਾਈ ਵਿਚ ਹਿੱਸਾ ਲਿਆ। ਫੌਜੀ ਨੌਕਰੀ ਛਡ ਕੇ ਇਸ ਨੇ ਜਹਾਜ਼ਰਾਨੀ ਦੇ ਮਹਿਕਮੇ ਵਿਚ ਨੌਕਰੀ ਕਰ ਲਈ ਅਤੇ ਫਿਰ ਪੈਰਿਸ ਦੇ ਵਿਦਿਅਕ ਵਿਭਾਗ ਵਿਚ ਕੰਮ ਕਰਨ ਲਗਾ।

ਇਸ ਨੇ ਆਪਣਾ ਸਾਹਿਤਿਕ ਕਰਮ ਫਲਾਬੇਅਰ (Flaubert) ਦੇ ਪ੍ਰਭਾਵ ਅਧੀਨ ਸ਼ੁਰੂ ਕੀਤਾ ਜਿਸ ਦਾ ਸਪੱਸ਼ਟ ਪ੍ਰਭਾਵ ਇਸ ਦੀਆਂ ਰਚਨਾਵਾਂ ਦੀ ਸ਼ੈਲੀ ਅਤੇ ਰੂਪਕਾਰ ਤੋਂ ਮਿਲ ਜਾਂਦਾ ਹੈ। ਇਸ ਦਾ ਸ਼ੁਰੂ ਤੋਂ ਹੀ ਸੰਬੰਧ ਅਸੰਤੁਸ਼ਟ ਨਵੀਂ ਪੀੜ੍ਹੀ ਦੇ ਲੇਖਕਾਂ ਨਾਲ ਸੀ। ਮੇਦਾਂ ਗਰੁਪ (Medan Group) ਨਾਲ ਸੰਬੰਧਿਤ ਹੋਣ ਕਾਰਣ ਪੈਰਿਸ ਦੇ ਨੇੜੇ ਜ਼ੋਲਾ ਐਮਿਲ (Zola Emile) ਦੇ ਘਰ ਹੋਈ ਬੈਠਕ ਵਿਚ ਹਿੱਸਾ ਲਿਆ ਅਤੇ ਇਸ ਗਰੁਪ ਵਲੋਂ ਛੱਪੇ ਇਕ ਸੰਗ੍ਰਹਿ ਵਿਚ ਇਸ ਦੀ ਇਕ ਕਹਾਣੀ 'ਲੇ ਸੋਆਰਿ ਦ ਮੇਦਾਂ' (Les Soirees de Medan) ਪਹਿਲੀ ਵਾਰ ਛਪੀ; ਉਸ ਦੀ ਤਕਨੀਕੀ ਪੁਖ਼ਤਗੀ ਨੂੰ ਵੇਖ ਕੇ ਸਮਕਾਲੀ ਲੇਖਕ ਅਤੇ ਵਿਦਵਾਨ ਹੈਰਾਨ ਹਏ।

ਇਸ ਦਾ ਕੁਲ ਲੇਖਨ-ਸਮਾਂ ਦਸਾਂ ਕੁ ਸਾਲਾਂ (1880-1890 ਈ.) ਦਾ ਸੀ, ਜਿਸ ਦੌਰਾਨ ਇਸ ਨੇ ਛੇ ਨਾਵਲ ਅਤੇ ਲਗਭਗ 300 ਕਹਾਣੀਆਂ ਲਿਖੀਆਂ। ਸੰਨ 1884 ਈ. ਤੋਂ ਇਹ ਤੰਤੂ-ਰੋਗ ਨਾਲ ਗ੍ਰਸਿਆ ਗਿਆ। ਇਸ ਦਾ ਅਧਿਕਾਂਸ਼ ਸਾਹਿੱਤ ਮਾਨਸਿਕ ਤਣਾਵਾਂ ਦੀ ਹੀ ਉਪਜ ਹੈ। ਸੰਨ 1891 ਈ. ਤੋਂ ਇਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਦੋ ਸਾਲ ਤੋਂ ਵਧ ਬੀਮਾਰ ਰਹਿ ਕੇ ਅਭਾਵਗ੍ਰਸਤ ਸਥਿਤੀ ਵਿਚ ਇਸ ਦਾ 6 ਜੁਲਾਈ, 1893 ਈ. ਨੂੰ ਦੇਹਾਂਤ ਹੋਇਆ।

ਇਸ ਦੇ ਜੀਵਨ ਦੀ ਗ਼ਮਗੀਨੀ ਅਤੇ ਉਦਾਸੀ ਇਸ ਦੇ ਨਾਵਲਾਂ ਅਤੇ ਕਹਾਣੀਆਂ ਵਿਚ ਸਿਰਜੇ ਨਿਰਾਸ਼ਾਵਾਦੀ ਮਾਹੌਲ ਤੋਂ ਭਲੀ-ਭਾਂਤ ਪ੍ਰਗਟ ਹੋ ਜਾਂਦੀ ਹੈ। ਇਸ ਨੇ ਆਪਣੇ ਪਾਤਰਾਂ ਅਤੇ ਕਥਾਨਕਾਂ ਰਾਹੀਂ ਗ਼ਰੀਬਾਂ, ਦੁੱਖੀ ਮਰਦਾਂ ਅਤੇ ਔਰਤਾਂ, ਲਾਲਚੀ ਅਮੀਰਾਂ ਦੇ ਹਿਰਦਾ ਹਲੂਣ ਵਾਲੇ ਦ੍ਰਿਸ਼ ਪੇਸ਼ ਕੀਤੇ ਹਨ। ਔਰਤਾਂ ਦੀ ਬੇਬਸੀ ਅਤੇ ਮਾਨਸਿਕਤਾ ਦੇ ਚਿਤ੍ਰਣ ਵਲ ਇਸ ਦੀ ਵਿਸ਼ੇਸ਼ ਰੁਚੀ ਰਹੀ ਹੈ। ਇਸ ਦਾ ਹਵਾਲਾ ਦਿੰਦਿਆਂ ਬਾਵਾ ਬਲਵੰਤ ਨੇ 'ਔਰਤ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਤੇਰੀ ਜਾਨਣ ਲਈ ਆਦਤ ਅਨੇਕਾਂ ਭਰਥਰੀ ਆਏ,/ਸਮਝ ਸੱਕੇ ਨਹੀਂ ਇਸ ਚੀਜ਼ ਨੂੰ ਪਰ ਲੱਖਾਂ ਮੋਪਾਸਾਂ।'

ਮੰਗਲ, ਗ੍ਰਹਿ : ਵੇਖੋ 'ਕਾਰਤਿਕੇਯ'।

ਮੰਦਾਕਿਨੀ : ਵੇਖੋ 'ਆਕਾਸ਼ ਗੰਗਾ'।

ਮੰਦੋਦਰੀ : ਰਾਵਣ ਦੀ ਪਟਰਾਣੀ ਮੰਦੋਦਰੀ ਦਾ ਜਨਮ ਮਯਾਸੁਰ ਦੇ ਘਰ ਹੇਮਾ ਨਾਂ ਦੀ ਅਪੱਛਰਾ ਦੀ ਕੁੱਖੋਂ ਹੋਇਆ। ਇਹ ਰਾਵਣ ਦੇ ਪੁੱਤਰ ਮੇਘਨਾਦ ਦੀ ਜਨਨੀ ਸੀ। ਕਹਿੰਦੇ ਹਨ ਇਸ ਨੇ ਆਪਣੇ ਪਤੀ ਰਾਵਣ ਦੇ ਮਨ-ਪਰਚਾਵੇ ਲਈ ਸ਼ਤਰੰਜ ਦੀ ਖੇਡ ਦਾ ਆਰੰਭ ਕੀਤਾ ਸੀ। ਇਹ ਬੜੀ ਸੁਲਝੀ ਹੋਈ ਇਸਤਰੀ ਸੀ ਅਤੇ ਆਪਣੇ ਪਤੀ ਨੂੰ ਠੀਕ ਸਲਾਹ ਦੇ ਕੇ ਸੱਚੇ ਮਾਰਗ ਉਤੇ ਚਲਣ ਲਈ ਪ੍ਰੇਰਨਾ ਦਿੰਦੀ ਸੀ। ਪਰ ਹਠੀ ਸੁਭਾ ਕਾਰਣ ਰਾਵਣ ਇਸ ਦੀ ਕੋਈ ਗੱਲ ਨਹੀਂ ਮੰਨਦਾ ਸੀ। ਰਾਵਣ ਦੇ ਮਾਰੇ ਜਾਣ ਤੋਂ ਬਾਦ ਇਸ ਦਾ ਪੁਨਰ-ਵਿਆਹ ਵਿਭੀਸ਼ਣ ਨਾਲ ਹੋਇਆ ਦਸਿਆ ਜਾਂਦਾ ਹੈ।

ਯ

ਯਸ਼ੋਦਾ : ਸ੍ਰੀ ਕ੍ਰਿਸ਼ਣ ਦੀ ਪਾਲਕ ਮਾਤਾ ਅਤੇ ਨੰਦ ਗੋਪ ਦੀ ਪਤਨੀ। 'ਭਾਗਵਤ ਪੁਰਾਣ' (10/8) ਅਨੁਸਾਰ ਪੂਰਵ-ਕਾਲ ਵਿਚ ਦ੍ਰੋਣ ਨਾਂ ਦਾ ਇਕ ਵਸੂ ਹੋਇਆ, ਜਿਸ ਦੀ ਪਤਨੀ ਦਾ ਨਾਂ 'ਧਰਾ' ਸੀ। ਉਸ ਦੰਪੱਤੀ ਨੇ ਬ੍ਰਹਮਾ ਦੇ ਆਦੇਸ਼ਾਂ ਦੀ ਪਾਲਨਾ ਕਰਕੇ ਉਸ ਤੋਂ ਵਰ ਮੰਗਿਆ ਕਿ ਜਦ ਉਹ ਪ੍ਰਿਥਵੀ ਉਤੇ ਜਨਮ ਲੈਣ ਤਾਂ ਵਿਸ਼ਣੂ ਦੇ ਪਰਮ ਭਗਤ ਹੋਣ। ਬ੍ਰਹਮਾ ਦੁਆਰਾ ਵਰ ਦਿੱਤੇ ਜਾਣ ਕਾਰਣ ਉਨ੍ਹਾਂ ਦੋਹਾਂ ਦਾ ਜਨਮ ਬ੍ਰਜ ਪ੍ਰਦੇਸ਼ ਵਿਚ ਨੰਦ ਅਤੇ ਯਸ਼ੋਦਾ ਦੇ ਰੂਪ ਵਿਚ ਹੋਇਆ। ਜਦੋਂ ਦੇਵਕੀ

ਨੇ ਕੰਸ ਦੀ ਕੈਦ ਵਿਚ ਕ੍ਰਿਸ਼ਣ ਨੂੰ ਜਨਮ ਦਿੱਤਾ ਤਾਂ ਵਸੁਦੇਵ ਉਸ ਨੂੰ ਉਠਾ ਕੇ ਯਸ਼ੋਦਾ ਪਾਸ ਛਡ ਆਇਆ ਅਤੇ ਯਸ਼ੋਦਾ ਦੀ ਉਦੋਂ ਜਨਮੀ ਕੰਨਿਆ ਨੂੰ ਚੁੱਕ ਕੇ ਕੈਦਖ਼ਾਨੇ ਵਿਚ ਲੈ ਆਇਆ। ਇਸ ਤਰ੍ਹਾਂ ਕ੍ਰਿਸ਼ਣ ਨੂੰ ਯਸ਼ੋਦਾ ਨੇ ਪਾਲਿਆ। ਇਕ ਵਾਰ ਬਾਲਕ ਕ੍ਰਿਸ਼ਣ ਨੇ ਮਿੱਟੀ ਖਾ ਲਈ। ਯਸ਼ੋਦਾ ਨੇ ਮੂੰਹ ਵਿਚੋਂ ਮਿੱਟੀ ਕੱਢਣ ਵੇਲੇ ਜਦੋਂ ਉਸ ਦਾ ਮੂੰਹ ਖੋਲ੍ਹਿਆ ਤਾਂ ਉਸ ਵਿਚ ਸੰਪੂਰਣ ਸ੍ਰਿਸ਼ਟੀ ਨੂੰ ਵੇਖਿਆ। ਬਸ, ਇਸ ਨੇ ਸਮਝ ਲਿਆ ਕਿ ਇਹ ਬਾਲਕ ਵਿਸ਼ਣੂ ਦਾ ਅਵਤਾਰ ਹੈ।

ਯਹੂਦੀ-ਮਤ : ਹਜ਼ਰਤ ਮੂਸਾ (ਵੇਖੋ) ਦੁਆਰਾ ਸਥਾਪਿਤ ਮਤ ਨੂੰ 'ਯਹੂਦੀ-ਮਤ' ਦਾ ਨਾਂ ਦਿੱਤਾ ਜਾਂਦਾ ਹੈ। 'ਤੌਰੇਤ' ਇਸ ਮਤ ਦੀ ਧਰਮ-ਪੁਸਤਕ ਹੈ ਜੋ ਮੂਸਾ ਨੂੰ ਨਾਜ਼ਲ ਹੋਈ ਸੀ ਅਤੇ ਜੋ ਹੁਣ 'ਬਾਈਬਲ' ਦੇ ਪੂਰਵਾਰਧ ਵਿਚ ਸੰਕਲਿਤ ਹੈ।

'ਯਹੂਦੀ' ਸ਼ਬਦ ਦੇ ਪਿਛੋਕੜ ਵਿਚ ਝਾਤਿਆਂ ਪ੍ਰਤੀਤ ਹੁੰਦਾ ਹੈ ਕਿ ਯਾਕੂਬ ਨੇ ਆਪਣੇ ਬਾਰ੍ਹਾਂ ਪੁੱਤਰਾਂ ਵਿਚੋਂ ਯੂਦਾ ਨਾਂ ਦੇ ਪੁੱਤਰ ਦੀ ਵੰਸ਼ ਨੂੰ ਯੋਰੋਸ਼ਲਮ ਦੇ ਆਸ-ਪਾਸ ਦਾ ਇਲਾਕਾ ਦਿੱਤਾ ਸੀ। ਉਸ ਦੇ ਨਾਂ 'ਤੇ ਹੀ ਇਸ ਖੇਤਰ ਦਾ ਨਾਂ ਵੀ 'ਯੂਦਾ' ਪ੍ਰਸਿੱਧ ਹੋਇਆ ਅਤੇ ਇਥੋਂ ਦੇ ਨਿਵਾਸੀਆਂ ਨੂੰ 'ਯਹੂਦੀ' ਕਿਹਾ ਜਾਣ ਲਗਿਆ। ਯਾਕੂਬ ਦਾ ਇਕ ਨਾਂ 'ਇਸਰਾਈਲ' ਹੋਣ ਕਾਰਣ, ਉਸ ਦੀ ਜਾਤਿ ਦਾ ਨਾਂ 'ਇਸਰਾਇਲੀ' ਵੀ ਪ੍ਰਸਿੱਧ ਹੋਇਆ। ਯੋਰੋਸ਼ਲਮ ਵਿਚ ਰਹਿਣ ਅਤੇ ਇਤਿਹਾਸਿਕ ਪਰਿਸਥਿਤੀਆਂ ਕਾਰਣ 'ਯਹੂਦੀ' ਵੰਸ਼ ਇਸਰਾਇਲੀ ਜਾਤਿ ਦਾ ਪ੍ਰਤਿਨਿਧ ਬਣ ਗਿਆ ਅਤੇ ਇਸ ਤਰ੍ਹਾਂ ਕਾਲਾਂਤਰ ਵਿਚ 'ਯਹੂਦੀ' ਸ਼ਬਦ ਦੀ ਵਰਤੋਂ ਸਾਰੀ ਇਸਰਾਇਲੀ ਜਾਤਿ ਲਈ ਹੋਣ ਲਗੀ।

ਇਸ ਮਤ ਦੀ ਉਪਾਸਨਾ ਦਾ ਮੁੱਖ ਕੇਂਦਰ ਯੋਰੋਸ਼ਲਮ ਵਿਚ ਹੈ। ਯਹੂਦੀਆਂ ਅਨੁਸਾਰ ਇਸ ਧਰਮ-ਕੇਂਦਰ ਵਿਚ ਖ਼ੁਦਾ ਵਿਸ਼ੇਸ਼ ਰੂਪ ਵਿਚ ਮੌਜੂਦ ਹੈ। ਇਸ ਲਈ ਹਰ ਇਕ ਯਹੂਦੀ ਲਈ ਉਸ ਧਰਮ-ਧਾਮ ਦੀ ਯਾਤ੍ਰਾ ਕਰਨਾ ਪਰਮ ਆਵੱਸ਼ਕ ਹੈ।

ਯਹੂਦੀ-ਮਤ ਦੇ ਮੁੱਖ ਸਿੱਧਾਂਤ ਇਸ ਪ੍ਰਕਾਰ ਹਨ—ਖ਼ੁਦਾ ਸਰਵ-ਸ਼ਕਤੀਮਾਨ ਹੈ ਅਤੇ ਉਸ ਦੇ ਤੁਲ ਹੋਰ ਕੋਈ ਦੇਵਤਾ ਨਹੀਂ ਹੈ। ਉਹੀ ਸਾਰੀ ਸ੍ਰਿਸ਼ਟੀ ਉਤੇ ਹਕੂਮਤ ਕਰਦਾ ਹੈ ਅਤੇ ਸਾਰੀਆਂ ਘਟਨਾਵਾਂ ਉਸੇ ਦੁਆਰਾ ਸੰਪਾਦਿਤ ਹੁੰਦੀਆਂ ਹਨ। ਉਹ ਨਿਆਂਕਾਰ, ਪਾਪੀਆਂ ਨੂੰ ਸਜ਼ਾ ਦੇਣ ਵਾਲਾ, ਦਿਆਲੂ, ਖਿਮਾਵਾਨ ਅਤੇ ਸਮਦਰਸ਼ੀ ਹੈ। ਸ੍ਰਿਸ਼ਟੀ ਖ਼ੁਦਾ ਦੁਆਰਾ ਨਿਰਮਿਤ ਹੈ, ਪਰ ਉਸ ਦਾ ਰੂਪਾਂਤਰ ਨਹੀਂ। ਹਰ ਇਕ ਚੀਜ਼ ਦੀ ਰਚਨਾ ਖ਼ੁਦਾ ਦੀ ਮਰਜ਼ੀ ਅਨੁਸਾਰ ਹੁੰਦੀ ਹੈ। ਮੁਕਤੀ-ਪ੍ਰਾਪਤੀ ਲਈ ਕੇਵਲ ਯਹੂਦੀ ਜਾਤਿ ਹੀ ਚੁਣੀ ਗਈ ਹੈ। ਇਸ ਜਾਤਿ ਦਾ ਆਰੰਭ ਅਬ੍ਰਾਹਮ ਤੋਂ ਹੋਇਆ ਅਤੇ ਇਸ ਦੀ ਖ਼ੁਦਾ ਨਾਲ ਸੰਬੰਧ-ਸਥਾਪਨਾ ਮੂਸਾ ਦੁਆਰਾ ਹੋਈ। ਭਵਿਸ਼ ਵਿਚ ਮਸੀਹ ਪ੍ਰਗਟ ਹੋ ਕੇ ਯਹੂਦੀ ਜਾਤਿ ਨੂੰ ਵਿਕਾਸ ਦੀ ਆਖ਼ਰੀ ਮੰਜ਼ਿਲ ਉਤੇ ਪਹੁੰਚਾਏਗਾ ਅਤੇ ਯਹੂਦੀ ਜਾਤਿ ਪ੍ਰਤਿ ਆਪਣੀਆਂ ਪ੍ਰਤਿਗਿਆਵਾਂ ਨੂੰ ਪੂਰਾ ਕਰੇਗਾ। ਪਰੰਤੂ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਮਸੀਹ ਦਾ ਜਨਮ ਕਦ ਅਤੇ ਕਿਥੇ ਹੋਵੇਗਾ? ਇਹੀ ਕਾਰਣ ਹੈ ਕਿ ਈਸਾ ਮਸੀਹ ਵੇਲੇ ਬਹੁਤ ਸਾਰੇ ਯਹੂਦੀਆਂ ਨੇ ਉਸ ਨੂੰ ਵਾਸਤਵਿਕ

ਮਸੀਹ ਮੰਨਣੋਂ ਨਾਂਹ ਕਰ ਦਿੱਤੀ ਸੀ। ਦੋਹਾਂ ਫਿਰਕਿਆਂ ਵਿਚ ਇਹ ਵਿਰੋਧ ਜਾਰੀ ਰਿਹਾ। ਹੁਣ ਵੀ ਯਹੂਦੀ ਲੋਕ ਸੱਚੇ ਮਸੀਹ ਦੇ ਆਗਮਨ ਦੀ ਉਡੀਕ ਕਰ ਰਹੇ ਹਨ। ਇਸ ਵਿਚਾਰਧਾਰਕ ਅਤੇ ਇਸ਼ਟ ਸੰਬੰਧੀ ਵਿਰੋਧ ਕਾਰਣ ਯਹੂਦੀਆਂ ਨੂੰ ਕਾਫ਼ੀ ਦੁੱਖ ਸਹਿਣੇ ਪਏ। ਯੋਰੋਸ਼ਲਮ ਤੋਂ ਵੀ ਨਿਕਲਣਾ ਪਿਆ। ਭਾਵੇਂ ਆਪਣੀ ਵਪਾਰਕ ਕੁਸ਼ਲਤਾ ਕਾਰਣ ਇਹ ਹਰ ਦੇਸ਼ ਵਿਚ ਆਪਣੀ ਹੋਂਦ ਬਣਾਈ ਰਖਣ ਵਿਚ ਸਫਲ ਰਹੇ। ਜਰਮਨ ਦੇ ਨਾਜ਼ੀਆਂ ਨੇ ਲੱਖਾਂ ਦੀ ਗਿਣਤੀ ਵਿਚ ਯਹੂਦੀਆਂ ਨੂੰ ਭੱਠੀਆਂ ਵਿਚ ਸਾੜ ਦਿੱਤਾ, ਪਰ ਇਨ੍ਹਾਂ ਨੂੰ ਖ਼ਤਮ ਕਰਨਾ ਸੰਭਵ ਨਾ ਹੋ ਸਕਿਆ। ਹੁਣ ਇਹ ਇਸਰਾਈਲ ਦੇਸ਼ ਨੂੰ ਆਪਣਾ ਰਾਸ਼ਟਰ ਸਮਝ ਕੇ ਬੜੀ ਦ੍ਰਿੜ੍ਹਤਾ ਨਾਲ ਰਾਜ-ਪ੍ਰਬੰਧ ਕਰ ਰਹੇ ਹਨ।

ਯਕੂਬ : ਵੇਖ 'ਯਾਕੂਬ'।

ਯਕ੍ਸ਼ : ਇਕ ਅਰਧ-ਦੇਵ-ਯੋਨੀ, ਜਿਸ ਨੂੰ ਰਾਖਸ਼ਾਂ ਦੇ ਨੇੜੇ ਮੰਨਿਆ ਜਾਂਦਾ ਹੈ, ਪਰ ਇਹ ਰਾਖਸ਼ਾਂ ਵਾਂਗ ਮਨੁੱਖਾਂ ਦਾ ਵਿਰੋਧ ਨਹੀਂ ਕਰਦੇ। ਡਾ. ਰਾਜਬਲੀ ਪਾਂਡੇਯ ਅਨੁਸਾਰ ਯਕ੍ਸ਼ਾਂ ਦੀ ਮੁੱਢਲੀ ਧਾਰਣਾ ਠੀਕ ਉਹੀ ਸੀ ਜੋ ਪਰਵਰਤੀ ਕਾਲ ਵਿਚ ਵਿਦਿਆਧਰਾਂ ਦੀ ਹੋਈ।

ਕਹਿੰਦੇ ਹਨ ਸ਼ੁਰੂ ਵਿਚ ਰਾਖਸ਼ਾਂ ਦੀ ਪੂਰੀ ਮਾਨਤਾ ਹੁੰਦੀ ਸੀ। ਇਨ੍ਹਾਂ ਵਿਚੋਂ ਜੋ ਰਾਖਸ਼ ਯੱਗ ਦੀ ਰਖਿਆ ਕਰਦੇ ਸਨ, ਉਨ੍ਹਾਂ ਨੂੰ 'ਯਕ੍ਸ਼' ਕਿਹਾ ਜਾਣ ਲਗਾ ਅਤੇ ਜੋ ਯੱਗਾਂ ਵਿਚ ਵਿਘਨ ਪਾਉਂਦੇ ਸਨ ਅਤੇ ਜਿਨ੍ਹਾਂ ਦੇ ਆਚਾਰ ਮਾੜੇ ਸਨ, ਉਨ੍ਹਾਂ ਪ੍ਰਤਿ ਆਦਰ ਘਟ ਗਿਆ।

ਇਹ ਵੀ ਧਾਰਣਾ ਪ੍ਰਚਲਿਤ ਹੈ ਕਿ ਪ੍ਰਾਚੀਨ ਕਾਲ ਵਿਚ ਯਕ੍ਸ਼ਾਂ ਦਾ ਆਦਰ ਦੇਵਤਿਆਂ ਤੋਂ ਵੱਧ ਹੁੰਦਾ ਸੀ, ਪਰ ਆਰਿਆਈ ਸੰਸਕ੍ਰਿਤੀ ਦੇ ਵਿਕਾਸ ਨਾਲ ਯਕ੍ਸ਼ਾਂ ਦਾ ਗੌਰਵ ਘਟਣ ਲਗ ਗਿਆ ਅਤੇ ਸਥਿਤੀ ਇਥੋਂ ਤਕ ਪਹੁੰਚ ਗਈ ਕਿ ਇਨ੍ਹਾਂ ਨੂੰ ਭੂਤਾਂ, ਪ੍ਰੇਤਾਂ, ਰਾਖਸ਼ਾਂ ਦੇ ਬਰਾਬਰ ਸਮਝਿਆ ਜਾਣ ਲਗਿਆ। ਗੁਰੂ ਅਰਜਨ ਦੇਵ ਨੇ ਸ੍ਰਿਸ਼ਟੀ ਦੀ ਅਨੰਤਤਾ ਦਾ ਜ਼ਿਕਰ ਕਰਦਿਆਂ ਯਕ੍ਸ਼ਾਂ ਨੂੰ ਭੂਤਾਂ ਪ੍ਰੇਤਾਂ ਦੇ ਨਾਲ ਹੀ ਗਿਣਿਆ ਹੈ—'ਕਈ ਕੋਟਿ ਜਖ੍ਯ ਕਿੰਨਰ ਪਿਸਾਚ।/ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ' (ਅ. ਗ੍ਰੰ. 276)।

ਉੱਤਰ ਭਾਰਤ ਦੇ ਪਰਬਤੀ ਖੇਤਰਾਂ ਵਿਚ ਯਕ੍ਸ਼ ਦੀ ਪੂਜਾ ਸਥਾਨਕ ਦੇਵਤੇ ਵਜੋਂ ਹੁਣ ਵੀ ਪ੍ਰਚਲਿਤ ਹੈ। ਮੱਧ-ਕਾਲ ਵਿਚ ਯਕ੍ਸ਼-ਪੂਜਾ ਨੇ ਬੀਰ-ਪੂਜਾ ਦਾ ਰੂਪ ਧਾਰਣ ਕਰ ਲਿਆ ਦਸਿਆ ਜਾਂਦਾ ਹੈ।

ਯਕ੍ਸ਼ ਦੀ ਉਤਪੱਤੀ ਬਾਰੇ 'ਵਿਸ਼ਣੂ ਪੁਰਾਣ' (ਅੰਸ਼ 1) ਵਿਚ ਲਿਖਿਆ ਹੈ ਕਿ ਇਕ ਵਾਰ ਬ੍ਰਹਮਾ ਨੂੰ ਭੁਖ ਲਗੀ ਤਾਂ ਉਸ ਤਮੋ-ਵ੍ਰਿੱਤੀ ਤੋਂ ਹੀ ਯਕ੍ਸ਼ ਪੈਦਾ ਹੋਏ। ਸੰਸਕ੍ਰਿਤ ਸਾਹਿੱਤ ਵਿਚ ਇਨ੍ਹਾਂ ਦਾ ਸਰੂਪ ਸੁੰਦਰ ਅਤੇ ਕਦ-ਕਾਠ ਬਹੁਤ ਉੱਚਾ ਅਤੇ ਸਡੌਲ ਲਿਖਿਆ ਹੈ। ਇਹ ਕੁਬੇਰ ਦੇ ਸੇਵਕ ਹਨ ਅਤੇ ਉਸ ਦੇ ਖ਼ਜ਼ਾਨੇ ਦੀ ਰਖਿਆ ਕਰਦੇ ਹਨ। ਅੰਮ੍ਰਿਤ ਦਾ ਕੁੰਭ ਵੀ ਇਨ੍ਹਾਂ ਕੋਲ ਸੁਰਖਿਅਤ ਹੈ।

ਬੁੱਧ-ਮਤ ਵਿਚ ਯਕ੍ਸ਼ਾਂ ਨੂੰ ਦੇਵਤਿਆਂ ਦੇ ਤੁਲ ਮੰਨਿਆ ਗਿਆ ਹੈ। ਯਕ੍ਸ਼ਾਂ

ਅਤੇ ਯਕ੍ਸ਼ਿਣੀਆਂ ਦੀਆਂ ਮੂਰਤੀਆਂ ਬੋਧੀ ਸਤੂਪਾਂ ਵਿਚ ਸਥਾਪਿਤ ਕੀਤੀਆਂ ਜਾਂਦੀਆਂ ਸਨ। ਜੈਨ-ਮਤ ਵਿਚ ਹਰ ਤੀਰਥੰਕਰ ਦੀ ਸੇਵਾ ਵਿਚ ਕਿਸੇ ਨਾ ਕਿਸੇ ਯਕ੍ਸ਼ ਅਥਵਾ ਯਕ੍ਸ਼ਿਣੀ ਦਾ ਉੱਲੇਖ ਮਿਲਦਾ ਹੈ; ਪਰ ਇਨ੍ਹਾਂ ਧਰਮਾਂ ਦੇ ਪ੍ਰਚਾਰ ਦੇ ਘਟਣ ਨਾਲ ਯਕ੍ਸ਼ਾਂ ਦਾ ਮਹੱਤਵ ਵੀ ਘਟ ਗਿਆ।

ਯਜ਼ੀਦ : ਹਜ਼ਰਤ ਮੁਹੰਮਦ ਤੋਂ ਬਾਦ ਚਲੀ ਖ਼ਿਲਾਫ਼ਤ ਪਰੰਪਰਾ ਦਾ ਸੱਤਵਾਂ ਖ਼ਲੀਫ਼ਾ ਜੋ ਉੱਮੀਯਾ ਵੰਸ਼ ਵਿਚ ਮੁਆਵੀਆ ਦਾ ਪੁੱਤਰ ਸੀ ਅਤੇ ਜਿਸ ਨੇ ਸੰਨ 679 ਈ. ਤੋਂ 683 ਈ. ਤਕ ਰਾਜ ਕੀਤਾ। ਇਸ ਨੇ ਇਮਾਮ ਹੁਸੈਨ ਦਾ ਵਿਰੋਧ ਕਰਕੇ ਉਸ ਨੂੰ ਆਪਣੇ 70 ਸਾਥੀਆਂ ਸਹਿਤ ਕਰਬਲਾ ਦੇ ਮੈਦਾਨ ਵਿਚ ਪਿਆਸ ਅਤੇ ਭੁਖ ਨਾਲ ਤੜਪਾ-ਤੜਪਾ ਕੇ ਮਾਰਿਆ। ਇਸ ਦੇ ਇਸ ਘਿਰਣਿਤ ਕੰਮ ਕਾਰਣ ਇਹ ਮੁਸਲਮਾਨਾਂ ਵਿਚ ਇਕ ਨਿਰਦਈ ਅਤੇ ਖੋਟੇ ਹੁਕਮਰਾਨ ਵਜੋਂ ਪ੍ਰਸਿੱਧ ਹੈ, ਜਦ ਕਿ ਹੁਸੈਨ ਨੂੰ ਸ਼ਹੀਦ ਮੰਨਿਆ ਜਾਂਦਾ ਹੈ। ਯਜ਼ੀਦ ਨੇ ਮੱਕੇ ਅਤੇ ਮਦੀਨੇ ਦੀ ਵੀ ਬੇਅਦਬੀ ਕੀਤੀ ਸੀ। ਫਲਸਰੂਪ ਇਸ ਦਾ ਬਹੁਤ ਵਿਰੋਧ ਹੋਣ ਲਗਾ। ਕਹਿੰਦੇ ਹਨ ਕਿ ਕਿਸੇ ਨੇ ਇਸ ਨੂੰ ਵੀ ਨੇਜ਼ੇ ਨਾਲ ਵਿੰਨ੍ਹ ਕੇ ਮਾਰ ਦਿੱਤਾ। ਬੁਲ੍ਹੇ ਸ਼ਾਹ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਆਪੇ ਚਾ ਇਮਾਮ ਬਣਾਇਆ,/ਉਸ ਦੇ ਨਾਲ ਯਜ਼ੀਦ ਬਣਾਇਆ,/ਚੌਧੀਂ ਤਬਕੀ ਸ਼ੋਰ ਮਚਾਇਆ, ਸਿਰ ਨੇਜ਼ੇ ਤੇ ਚਾੜ੍ਹਿਆ ਈ।'

ਯਜੁਰ-ਵੇਦ : ਵੇਖੋ 'ਵੇਦ'।

ਯਤੀ : ਆਮ ਪ੍ਰਚਲਿਤ ਅਰਥ ਵਿਚ ਯਤਿ/ਯਤੀ ਉਸ ਵਿਅਕਤੀ ਨੂੰ ਕਹਿੰਦੇ ਹਨ ਜਿਸ ਨੇ ਵਿਕਾਰਾਂ ਨੂੰ ਰੋਕ ਕੇ ਇੰਦਰੀਆਂ ਉਤੇ ਕਾਬੂ ਪਾ ਲਿਆ ਹੋਵੇ। 'ਰਿਗ-ਵੇਦ' ਵਿਚ ਯਤਿ ਦਾ ਉੱਲੇਖ ਹੋਇਆ ਹੈ ਜਿਥੇ ਇਹ ਭ੍ਰਿਗੂਆਂ ਦੀ ਕਿਸੇ ਪੁਰਾਤਨ ਕੁਲ ਦਾ ਸੂਚਕ ਹੈ। 'ਯਜੁਰਵੇਦ' ਵਿਚ ਇਹ ਇਕ ਜਾਤਿ ਦਾ ਸੂਚਕ ਹੈ ਜਿਸ ਨੂੰ ਇੰਦਰ ਨੇ ਕਿਸੇ ਭੈੜੇ ਛਿਣ ਵੇਲੇ ਲਕੜਬਘਿਆਂ ਨੂੰ ਖਵਾ ਦਿੱਤਾ ਸੀ।

ਜੈਨ-ਮਤ ਵਿਚ ਆਮ ਜੈਨੀ ਨੂੰ 'ਸ਼੍ਰਾਵਕ' ਅਤੇ ਧਰਮ ਦੀ ਸਿਖਿਆ ਦੇਣ ਵਾਲੇ ਨੂੰ 'ਯਤੀ' ਕਿਹਾ ਜਾਣ ਲਗਿਆ। ਕਾਲਾਂਤਰ ਵਿਚ ਇਹ ਸ਼ਬਦ ਕੇਵਲ ਉਨ੍ਹਾਂ ਵਿਅਕਤੀਆਂ ਲਈ ਵਰਤਿਆ ਜਾਣ ਲਗਾ ਜੋ ਇੰਦਰੀਆਂ ਦੇ ਦਮਨ ਕਾਰਣ ਸੰਸਾਰਿਕ ਮੋਹ ਮਾਇਆ ਦੇ ਪ੍ਰਭਾਵ ਤੋਂ ਉੱਚੇ ਉਠ ਗਏ ਸਨ। ਅਜਿਹੇ ਵਿਅਕਤੀਆਂ ਵਿਚੋਂ ਛਿਆਂ ਨੂੰ ਵਿਸ਼ੇਸ਼ ਮਹੱਤਵ ਅਤੇ ਆਦਰ ਪ੍ਰਾਪਤ ਹੈ, ਜਿਵੇਂ ਲੱਛਮਣ, ਹਨੂਮਾਨ, ਭੀਸ਼ਮ, ਦੱਤਾਤ੍ਰੇਯ, ਭੈਰਉ ਅਤੇ ਗੋਰਖ। ਪਰ ਮੱਧ-ਯੁਗ ਦੇ ਸੰਤਾਂ ਨੇ ਇਨ੍ਹਾਂ ਛਿਆਂ ਜਤੀਆਂ ਨੂੰ ਵੀ ਮਾਇਆ ਦੇ ਵਸ ਵਿਚ ਦਸਿਆ ਹੈ। ਸੰਤ ਕਬੀਰ ਅਨੁਸਾਰ—'ਛਿਅ ਜਤੀ ਮਾਇਆ ਕੇ ਬੰਦਾ।/ਨਵੈ ਨਾਥ ਸੂਰਜ ਅਰੁ ਚੰਦਾ' (ਅ. ਗ੍ਰੰ. 1160)।

ਇਹ ਠੀਕ ਹੈ ਕਿ ਭਾਰਤੀ ਧਰਮ-ਸਾਧਨਾ ਦੇ ਇਤਿਹਾਸ ਵਿਚ ਵਿਰਕਤ ਲੋਕਾਂ ਪ੍ਰਤਿ ਬਹੁਤ ਆਦਰ ਰਿਹਾ ਹੈ। ਪਰ ਪੰਜਾਬ ਦੇ ਭਗਤੀ ਅੰਦੋਲਨ ਦੇ ਗ੍ਰਿਹਸਥ ਧਰਮ ਪ੍ਰਤਿ ਝੁਕਾ ਦੇ ਫਲਸਰੂਪ ਪਰੰਪਰਿਕ ਜਤੀ ਦੀ ਸਾਧਨਾ ਤੇ ਵਿਅੰਗ ਕਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ—'ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ

ਬਾਰੁ' (ਅ. ਗ੍ਰੰ. 469)।

ਯਮ (ਯੋਗ) : ਅਸ਼ਟਾਂਗ-ਯੋਗ ਦਾ ਪਹਿਲਾ ਅੰਗ। ਵੇਖੋ 'ਅਸ਼ਟਾਂਗ-ਯੋਗ'।

ਯਮ/ਯਮਰਾਜ : ਯਮ ਦਾ ਬ੍ਰਿੱਤਾਂਤ 'ਰਿਗ-ਵੇਦ' ਵਿਚ ਮਿਲਦਾ ਹੈ। ਇਸ ਦੀ ਇਕ ਜੁੜਵੀਂ ਭੈਣ ਯਮੀ ਵੀ ਹੈ। ਇਹ ਦੋਵੇਂ ਸੂਰਜ ਪਿਤਾ ਅਤੇ ਸੰਜਨਾ ਜਾਂ ਸੰਗਿਆ ਜਾਂ ਸਰਣਯੂ ਤੋਂ ਪੈਦਾ ਹੋਏ ਸਨ। ਇਕ ਪੁਰਾਣ-ਕਥਾ ਅਨੁਸਾਰ ਦੋਵੇਂ ਜਲ-ਗੰਧਰਵ ਅਤੇ ਜਲ-ਅਪਛੱਰਾ ਦੀ ਸੰਤਾਨ ਹਨ। ਯਮ ਦੀ ਉਮਰ ਯਮੀ ਤੋਂ ਕੁਝ ਛਿਣ ਜ਼ਿਆਦਾ ਹੈ। ਇਸ ਲਈ ਇਸ ਨੂੰ ਯਮੀ ਦਾ ਵੱਡਾ ਭਰਾ ਮੰਨਿਆ ਜਾਂਦਾ ਹੈ। 'ਰਿਗਵੇਦ' ਦੇ 'ਯਮੀ-ਯਮੀ ਸੰਵਾਦ' ਵਿਚ ਇਸਤਰੀ ਵਲੋਂ ਸੰਤਾਨ ਪੈਦਾ ਕਰਨ ਲਈ ਸਹਿਵਾਸ ਦੀ ਇੱਛਾ ਪ੍ਰਗਟ ਕਰਵਾਈ ਗਈ ਹੈ।

ਯਮ ਮੁੱਖ ਤੌਰ 'ਤੇ ਮ੍ਰਿਤੂ ਦਾ ਦੇਵਤਾ ਹੈ, ਇਸ ਲਈ ਡਰ ਦਾ ਇਕ ਚਿੰਨ੍ਹ ਜਿਹਾ ਪ੍ਰਤੀਤ ਹੁੰਦਾ ਹੈ। ਇਸ ਦਾ ਰੰਗ ਹਰਾ ਹੈ ਅਤੇ ਲਾਲ ਬਸਤ੍ਰ ਧਾਰਣ ਕਰਦਾ ਹੈ। ਇਹ ਝੋਟੇ ਉਪਰ ਸਵਾਰੀ ਕਰਦਾ ਹੈ। ਇਸ ਨੇ ਹੱਥ ਵਿਚ ਗੁਰਜ, ਭਾਲਾ ਅਤੇ ਕਮੰਦ ਆਦਿ ਸ਼ਸਤ੍ਰਾਸਤ੍ਰ ਧਾਰਣ ਕੀਤੇ ਹੋਏ ਹਨ। ਇਸ ਨੂੰ ਦੱਖਣ ਦਿਸ਼ਾ ਦਾ ਦਿਕਪਾਲ ਵੀ ਕਿਹਾ ਜਾਂਦਾ ਹੈ। ਇਸ ਕੋਲ ਸੁਨੇਹਾ ਲੈ ਜਾਣ ਵਾਲੇ ਭੂਰੇ ਰੰਗ ਦੇ ਦੋ ਕੁੱਤੇ ਹਨ ਜੋ 'ਸਰਮਾ' ਦੇ ਪੁੱਤਰ ਮੰਨੇ ਜਾਂਦੇ ਹਨ। ਇਨ੍ਹਾਂ ਦੀਆਂ ਚਾਰ ਅੱਖਾਂ ਅਤੇ ਚੌੜੀਆਂ ਨਾਸਾਂ ਹਨ। ਇਹ ਧਰਤੀ ਤੋਂ ਸਵਰਗ ਦੇ ਰਾਹ ਦੀ ਰਖਿਆ ਕਰਦੇ ਹਨ। ਇਹ ਮ੍ਰਿਤੂ ਦੇ ਪਾਤਰਾਂ ਨੂੰ ਚੁਣਦੇ ਅਤੇ ਉਨ੍ਹਾਂ ਨੂੰ ਲੈ ਜਾਣ ਲਈ ਤੇਜ਼ ਤੋਂ ਤੇਜ਼ ਚਲਣ ਲਈ ਮਜਬੂਰ ਕਰਦੇ ਹਨ। ਇਸ ਤਰ੍ਹਾਂ ਉਹ ਯਮ ਦੇ ਸੰਦੇਸ਼ਵਾਹਕ ਹਨ।

ਕਹਿੰਦੇ ਹਨ ਇਨ੍ਹਾਂ ਦੋ ਕੁਤਿਆਂ ਤੋਂ ਇਲਾਵਾ ਯਮ ਕੋਲ ਇਕ ਪੰਛੀ ਵੀ ਹੈ ਜੋ ਇਕ ਤਰ੍ਹਾਂ ਨਾਲ ਹੋਣੀ ਦਾ ਸਦਾ ਦਿੰਦਾ ਹੈ। 'ਪਟੀ' ਨਾਂ ਦੀ ਬਾਣੀ ਵਿਚ ਗੁਰੂ ਨਾਨਕ ਦੇਵ ਨੇ ਲਿਖਿਆ ਹੈ—'ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।/ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ' (ਅ. ਗ੍ਰੰ. 432)।

ਯਮ ਦੀਆਂ ਅਨੇਕ ਪਤਨੀਆਂ ਹਨ। ਇਸ ਦਾ ਨਿਵਾਸ ਯਮਪੁਰੀ ਵਿਚ ਹੈ ਜਿਥੇ ਉਹ ਆਪਣੇ 'ਕਾਲੀਚੀ' ਨਾਂ ਦੇ ਮਹੱਲ ਵਿਚ 'ਵਿਚਾਰ-ਭੂ' ਨਾਂ ਵਾਲੇ ਤਖ਼ਤ ਉਤੇ ਬਹਿੰਦਾ ਹੈ। ਚਿਤਰ ਅਤੇ ਗੁਪਤ ਨਾਂ ਦੇ ਦੋ ਇਸ ਦੇ ਮੁਨਸ਼ੀ ਹਨ ਜੋ ਸਾਰਿਆਂ ਜੀਵਾਂ ਦਾ ਲੇਖਾ 'ਅਗ੍ਰਸੰਧਾਨੀ' ਨਾਂ ਦੀ ਇਕ ਵੱਡੀ ਵਹੀ ਵਿਚ ਰਖਦੇ ਹਨ।

ਪੁਰਾਣ-ਸਾਹਿੱਤ ਵਿਚ ਇਸ ਦੇ ਦੋ ਰੂਪ ਹਨ—ਯਮਰਾਜ ਅਤੇ ਧਰਮਰਾਜ। ਯਮਰਾਜ ਰੂਪ ਵਿਚ ਇਹ ਦੁਸ਼ਟਾਂ ਨੂੰ ਦੰਡ ਦੇ ਕੇ ਨਰਕਾਂ ਨੂੰ ਭੇਜਦਾ ਹੈ ਅਤੇ ਧਰਮਰਾਜ ਰੂਪ ਵਿਚ ਇਹ ਨੇਕ ਬੰਦਿਆਂ ਦੇ ਕਰਮਾਂ ਦੀ ਕਦਰ ਪਾਉਂਦਾ ਹੋਇਆ ਸਵਰਗ ਨੂੰ ਭੇਜਦਾ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਨੇ ਲਿਖਿਆ ਹੈ—'ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮੁ ਬਹਾਲਿਆ।/ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ' (ਅ. ਗ੍ਰੰ. 463)।

ਯਮਨਾ : ਹਿੰਦੂ ਮਤ ਅਨੁਸਾਰ ਇਕ ਪਵਿੱਤਰ ਨਦੀ ਜੋ ਟੇਹਰੀ ਖੇਤਰ ਦੇ ਕਲਿੰਦ

ਪਰਬਤ ਤੋਂ ਨਿਕਲ ਕੇ ਲਗਭਗ 115 ਕਿ. ਮੀ. ਪਹਾੜੀ ਸਫ਼ਰ ਕਰਦੀ ਹੋਈ ਫ਼ੈਜ਼ਾਬਾਦ ਨਾਂ ਵਾਲੇ ਸਥਾਨ ਕੋਲ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ ਅਤੇ ਲਗਭਗ 1400 ਕਿ. ਮੀ. ਵਹਿ ਕੇ ਇਲਾਹਾਬਾਦ ਦੇ ਨੇੜੇ ਸੰਗਮ ਵਿਚ ਗੰਗਾ ਨਾਲ ਜਾ ਰਲਦੀ ਹੈ। ਇਸ ਲਈ ਇਸ ਨੂੰ ਤ੍ਰਿਵੇਣੀ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਸ ਦੇ ਕੰਢੇ ਪਾਂਉਟਾ ਸਾਹਿਬ ਧਰਮ-ਧਾਮ ਵਾਲੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਸ਼ਸਤ੍ਰ ਅਤੇ ਸ਼ਾਸਤ੍ਰ ਵਿਚ ਨਿਪੁਣ ਕੀਤਾ।

ਮਥੁਰਾ ਅਤੇ ਬਿੰਦਰਾਬਨ ਦੇ ਆਲੇ-ਦੁਆਲੇ ਸ੍ਰੀ ਕ੍ਰਿਸ਼ਣ ਨੇ ਆਪਣੀਆਂ ਬਾਲ-ਲੀਲਾਵਾਂ ਇਸ ਨਦੀ ਦੇ ਕੰਢੇ 'ਤੇ ਹੀ ਕੀਤੀਆਂ ਸਨ ਜਿਨ੍ਹਾਂ ਦੀ ਯਾਦ ਵਿਚ ਹੁਣ ਉਥੇ ਅਨੇਕ ਮੰਦਿਰ ਬਣੇ ਹੋਏ ਹਨ। ਗਯੰਦ ਨਾਂ ਦੇ ਭੱਟ ਨੇ ਗੁਰੂ ਰਾਮਦਾਸ ਦੀ ਪੁਰਾਣ-ਪੁਰਸ਼ਾਂ ਦੇ ਜਨਮ-ਕਰਮ ਨਾਲ ਅਭੇਦਤਾ ਸਥਾਪਿਤ ਕਰਦਿਆਂ ਯਮਨਾ ਵਲ ਸੰਕੇਤ ਕੀਤਾ ਹੈ--'ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ' (ਆ. ਗ੍ਰੰ. 1403)।

ਇਸ ਦਾ 'ਯਮੀ' ਰੂਪ ਵਿਚ ਦੈਵੀਕਰਣ ਕਰਕੇ ਇਸ ਨੂੰ ਸੂਰਜ ਪਿਤਾ ਅਤੇ ਸੰਗਿਆ ਜਾਂ ਸੰਜਨਾ ਜਾਂ ਸਰਣਯੂ ਦੇ ਸੰਯੋਗ ਤੋਂ ਪੈਦਾ ਹੋਈ ਦਸਿਆ ਗਿਆ ਹੈ। ਯਮ ਇਸ ਦਾ ਜੁੜਵਾਂ ਭਰਾ ਹੈ। ਕਹਿੰਦੇ ਹਨ ਇਕ ਵਾਰ ਬਲਭਦ੍ਰ ਨੇ ਇਸ਼ਨਾਨ ਕਰਨ ਲਈ ਯਮਨਾ ਨਦੀ ਨੂੰ ਆਪਣੇ ਕੋਲ ਬੁਲਾਇਆ। ਇਸ ਦੇ ਨਾ ਆਉਣ 'ਤੇ ਬਲਭਦ੍ਰ ਨੇ ਆਪਣੇ ਹਲ ਨਾਲ ਇਸ ਨੂੰ ਕੋਲ ਖਿਚ ਲਿਆ। ਇਸ ਨੇ ਮਨੁੱਖ ਰੂਪ ਧਾਰਣ ਕਰਕੇ ਮਾਫ਼ੀ ਮੰਗੀ। ਕਲਿੰਦ ਪਰਬਤ ਤੋਂ ਨਿਕਲਣ ਕਰਕੇ ਇਸ ਨੂੰ 'ਕਾਲਿੰਦੀ' ਅਤੇ ਸੂਰਜ ਦੀ ਧੀ ਹੋਣ ਕਾਰਣ 'ਸੂਰਯਜਾ' ਵੀ ਕਿਹਾ ਜਾਂਦਾ ਹੈ।

ਯਮੀ : ਯਮਨਾ ਨਦੀ ਦਾ ਦੈਵੀ-ਕ੍ਰਿਤ ਰੂਪ। ਵੇਖੋ 'ਯਮਨਾ'।

ਯਯਾਤੀ : ਇਕ ਸੂਰਜਵੰਸ਼ੀ ਰਾਜਾ ਜੋ ਨਹੁਸ਼ ਦਾ ਪੁੱਤਰ ਸੀ। ਸੂਰਜ-ਵੰਸ਼ ਵਿਚ ਇਹ ਕ੍ਰਮ ਵਿਚ ਪੰਜਵਾਂ ਰਾਜਾ ਹੋਇਆ ਹੈ। 'ਭਾਗਵਤ ਪੁਰਾਣ' (ਨਵਮ ਸਕੰਧ) ਅਨੁਸਾਰ ਜਦ ਇੰਦਰਾਣੀ ਪ੍ਰਤਿ ਕਾਮ-ਭਾਵਨਾ ਰਖਣ ਕਰਕੇ ਨਹੁਸ਼ ਅਜਗਰ ਬਣ ਗਿਆ, ਤਦ ਯਯਾਤੀ ਨੇ ਉਸ ਦੀ ਰਾਜ-ਗੱਦੀ ਸੰਭਾਲੀ।

ਇਕ ਵਾਰ ਇਹ ਸ਼ਿਕਾਰ ਖੇਡਣ ਗਿਆ। ਉਥੇ ਬਨ ਵਿਚ ਸ਼ੁਕ੍ਰਾਚਾਰਯ ਦੀ ਕੰਨਿਆ ਦੇਵਯਾਨੀ ਅਤੇ ਦੈਂਤਾਂ ਦੇ ਰਾਜਾ ਵ੍ਰਿਸ਼ਪਰਵਾ ਦੀ ਧੀ ਸ਼ਰਮਿਸ਼ਠਾ ਆਪਣੀਆਂ ਸਹੇਲੀਆਂ ਨਾਲ ਇਸ਼ਨਾਨ ਅਤੇ ਜਲ-ਕ੍ਰੀੜਾ ਕਰ ਰਹੀਆਂ ਸਨ। ਉਦੋਂ ਹੀ ਸ਼ਿਵ ਅਤੇ ਪਾਰਬਤੀ ਉਥੋਂ ਲੰਘੇ ਤਾਂ ਉਹ ਸਾਰੀਆਂ ਜਲ ਤੋਂ ਬਾਹਰ ਨਿਕਲ ਕੇ ਜਲਦੀ-ਜਲਦੀ ਬਸਤ੍ਰ ਧਾਰਣ ਕਰਨ ਲਗੀਆਂ। ਇਸ ਕਾਹਲ ਵਿਚ ਦੇਵਯਾਨੀ ਨੇ ਸ਼ਰਮਿਸ਼ਠਾ ਦੇ ਬਸਤ੍ਰ ਪਾ ਲਏ। ਸ਼ਰਮਿਸ਼ਠਾ ਦੇਵਯਾਨੀ ਉਤੇ ਬਹੁਤ ਗੁੱਸੇ ਹੋਈ ਅਤੇ ਉਸ ਨੂੰ ਨੰਗਾ ਕਰਕੇ ਇਕ ਖੂਹ ਵਿਚ ਧੱਕਾ ਦੇ ਦਿੱਤਾ। ਸੰਯੋਗਵਸ ਰਾਜਾ ਯਯਾਤੀ ਉਥੋਂ ਗੁਜ਼ਰਿਆ। ਉਸ ਨੇ ਪਿਆਸ ਬੁਝਾਣ ਲਈ ਖੂਹ ਵਿਚੋਂ ਪਾਣੀ ਕੱਢਣ ਦਾ ਉੱਦਮ ਕੀਤਾ। ਖੂਹ ਵਿਚ ਝਾਕਣ 'ਤੇ ਉਸ ਨੂੰ ਬਸਤ੍ਰਹੀਨ ਇਸਤਰੀ ਦਿਸ ਪਈ। ਉਸ ਨੇ ਦੇਵਯਾਨੀ ਨੂੰ

ਆਪਣਾ ਬਸਤ੍ਰ ਦੇ ਕੇ ਬਾਹਰ ਕਢਿਆ। ਦੇਵਯਾਨੀ ਨੇ ਉਸ ਨਾਲ ਵਿਆਹ ਦਾ ਪ੍ਰਸਤਾਵ ਰਖਿਆ ।

ਉਧਰ ਪਿਤਾ ਸ਼ੁਕ੍ਰਾਚਾਰਯ ਦੇ ਮਿਲਣ ਤੇ ਦੇਵਯਾਨੀ ਨੇ ਸ਼ਰਮਿਸ਼ਠਾ ਵਲੋਂ ਕੀਤੇ ਗਏ ਦੁਰਵਿਵਹਾਰ ਦਾ ਜ਼ਿਕਰ ਕੀਤਾ। ਸ਼ੁਕ੍ਰਾਚਾਰਯ ਨੇ ਸੁਣਦਿਆਂ ਹੀ ਨਗਰ ਛਡਣ ਦੀ ਗੱਲ ਕਹੀ। ਦੈਂਤ-ਰਾਜ ਵ੍ਰਿਸ਼ਪਰਵਾ ਡਰ ਗਿਆ । ਉਸ ਨੇ ਸ਼ੁਕ੍ਰ ਦੇ ਰੁਕਣ ਲਈ ਤਰਲੇ ਕੀਤੇ। ਆਖ਼ਰ ਉਹ ਇਸ ਸ਼ਰਤ 'ਤੇ ਰੁਕਣ ਲਈ ਮੰਨਿਆ ਕਿ ਦੇਵਯਾਨੀ ਦੇ ਨਾਲ ਉਸ ਦੇ ਸਹੁਰੇ ਘਰ ਸ਼ਰਮਿਸ਼ਠਾ ਦਾਸੀ ਵਜੋਂ ਜਾਏਗੀ। ਵਿਆਹ ਤੋਂ ਬਾਦ ਦੇਵਯਾਨੀ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ—ਯਦੁ ਅਤੇ ਤੁਰਵਸੁ। ਯਯਾਤੀ ਨੇ ਸ਼ਰਮਿਸ਼ਠਾ ਨਾਲ ਵੀ ਸੰਯੋਗ ਕਰਕੇ ਤਿੰਨ ਪੁੱਤਰ ਪੈਦਾ ਕੀਤੇ—ਦਰ੍ਹਯੁ, ਅਨੁ ਅਤੇ ਪੁਰੁ। ਸ਼ਰਮਿਸ਼ਠਾ ਨੂੰ ਯਯਾਤੀ ਅਧਿਕ ਪ੍ਰੇਮ ਕਰਦਾ ਸੀ। ਦੇਵਯਾਨੀ ਨੇ ਖਿਝ ਕੇ ਆਪਣੇ ਪਿਤਾ ਸ਼ੁਕ੍ਰ ਨੂੰ ਸਾਰੀ ਗੱਲ ਦਸੀ। ਉਸ ਨੇ ਯਯਾਤੀ ਨੂੰ ਤਤਕਾਲ ਬਿਰਧ ਹੋਣ ਦਾ ਸਰਾਪ ਦਿੱਤਾ ਪਰ ਇਹ ਛੋਟ ਵੀ ਦਿੱਤੀ ਕਿ ਜੇ ਕਈ ਪੁੱਤਰ ਯਯਾਤੀ ਨੂੰ ਬਿਰਧ ਅਵਸਥਾ ਦੀ ਥਾਂ ਤੇ ਜਵਾਨੀ ਦੇਣਾ ਚਾਹੇ ਤਾਂ ਸੰਭਵ ਹੋ ਸਕੇਗਾ। ਯਯਾਤੀ ਨੇ ਸਾਰੇ ਪੁੱਤਰਾਂ ਨੂੰ ਪੁਛਿਆ, ਪਰ ਪੁਰੁ ਤੋਂ ਬਿਨਾ ਹੋਰ ਕੋਈ ਨਾ ਮੰਨਿਆ। ਯਯਾਤੀ ਨੇ ਪੁਰੁ ਤੋਂ ਜਵਾਨੀ ਲੈ ਕੇ ਇਕ ਹਜ਼ਾਰ ਵਰ੍ਹੇ ਤਕ ਖ਼ੂਬ ਭੋਗ-ਵਿਲਾਸ ਕੀਤਾ। ਪਰ ਆਖ਼ਰ ਉਸ ਨੇ ਪੁਰੁ ਤੋਂ ਆਪਣੀ ਬਿਰਧ ਅਵਸਥਾ ਵਾਪਸ ਲੈ ਕੇ ਉਸ ਨੂੰ ਆਪਣਾ ਉੱਤਰ-ਅਧਿਕਾਰੀ ਬਣਾਇਆ ਅਤੇ ਆਪ ਵੈਰਾਗੀ ਹੋ ਕੇ ਬਨ ਵਲ ਚਲਾ ਗਿਆ। 'ਮਹਾਭਾਰਤ' (ਆਦਿ-ਪਰਵ) ਅਨੁਸਾਰ ਯਯਾਤੀ ਨੇ ਤਪਸਿਆ ਕਰਕੇ ਸਵਰਗ ਵਿਚ ਸਥਾਨ ਪ੍ਰਾਪਤ ਕੀਤਾ।

ਉਪਰੋਕਤ ਤੋਂ ਇਲਾਵਾ ਯਯਾਤੀ ਨਾਲ ਸੰਬੰਧਿਤ ਹੋਰ ਕਈ ਆਖਿਆਨਾਂ ਵਿਚ ਘਟਨਾਗਤ ਕੁਝ ਅੰਤਰ ਵੀ ਹੈ, ਪਰ ਮੂਲ ਘਟਨਾ ਇਕ-ਸਮਾਨ ਹੀ ਚਲਦੀ ਹੈ।

ਯਾਕੂਬ : ਇਕ ਪੈਗ਼ੰਬਰ ਜਿਸ ਦਾ ਇਕ ਨਾਮਾਂਤਰ 'ਇਸਰਾਈਲ' ਸੀ। ਇਸ ਦੇ ਪਿਤਾ ਦਾ ਨਾਂ ਇਸਹਾਕ ਅਤੇ ਦਾਦੇ ਦਾ ਨਾਂ ਇਬਰਾਹੀਮ ਸੀ। ਯੂਸਫ਼ ਇਸ ਦਾ ਪੁੱਤਰ ਸੀ ਜਿਸ ਨੂੰ ਇਹ ਬਹੁਤ ਅਧਿਕ ਪਿਆਰ ਕਰਦਾ ਸੀ। ਯੂਸਫ਼ ਦੇ ਭਰਾਵਾਂ ਨੇ ਈਰਖਾ-ਵਸ ਉਸ ਨੂੰ ਖੂਹ ਵਿਚ ਸੁਟ ਦਿੱਤਾ ਅਤੇ ਪਿਉ ਨੂੰ ਉਸ ਦੇ ਜੰਗਲੀ ਜਾਨਵਰ ਦੁਆਰਾ ਮਾਰੇ ਜਾਣ ਦੀ ਖ਼ਬਰ ਦੇ ਦਿੱਤੀ। ਪੁੱਤਰ ਦੇ ਵਿਯੋਗ ਵਿਚ ਯਾਕੂਬ ਬਹੁਤ ਦੁਖੀ ਹੋਇਆ। ਵਾਰਿਸ ਸ਼ਾਹ ਨੇ ਇਸ ਤੱਥ ਵਲ ਸੰਕੇਤ ਕੀਤਾ ਹੈ—'ਇਸ਼ਕ ਨਾਲ ਫਰਜ਼ੰਦ ਅਜ਼ੀਜ਼ ਯੂਸਫ਼, ਨਾਹਰੇ ਦਰਦ ਦੇ ਬਹੁਤ ਯਾਕੂਬ ਕੀਤੇ।'

ਇਸ ਦੀਆਂ ਦੋ ਪਤਨੀਆਂ ਅਤੇ ਦੋ ਦਾਸੀਆਂ ਤੋਂ ਬਾਰ੍ਹਾਂ ਪੁੱਤਰ ਪੈਦਾ ਹੋਏ ਜਿਨ੍ਹਾਂ ਤੋਂ ਇਸਰਾਇਲੀ ਜਾਤਿ ਦੀਆਂ ਬਾਰ੍ਹਾਂ ਵੰਸ਼-ਪਰੰਪਰਾਵਾਂ ਚਲੀਆਂ। ਇਸ ਦਾ ਉੱਲੇਖ 'ਕੁਰਾਨ' ਅਤੇ 'ਬਾਈਬਲ' ਵਿਚ ਹੋਇਆ ਹੈ। ਇਸ ਦਾ ਦੇਹਾਂਤ ਮਿਸਰ ਦੇਸ਼ ਵਿਚ ਲਗਭਗ 147 ਵਰ੍ਹਿਆਂ ਦੀ ਉਮਰ ਵਿਚ ਹੋਇਆ।

ਯਾਜੂਜ-ਮਾਜੂਜ : ਇਸ ਸੰਦਰਭ ਬਾਰੇ ਇਤਿਹਾਸ ਤੋਂ ਕੋਈ ਵਿਸ਼ੇਸ਼ ਸਾਮਗ੍ਰੀ ਉਪਲਬਧ

ਨਹੀਂ। ਇਸ ਸੰਯੁਕਤ ਸ਼ਬਦ ਨੂੰ ਕੋਈ ਵਿਦਵਾਨ ਕਿਸੇ ਇਕ ਕੌਮ ਦਾ ਵਾਚਕ ਮੰਨਦਾ ਹੈ ਅਤੇ ਕੋਈ ਦੋ ਦਾ। ਕਹਿੰਦੇ ਹਨ ਕਿ ਇਹ 'ਯਾਫ਼ਸ ਬਿਨ ਨੂਹ ਅਲਹਿ ਅਲਸਲਮ' ਦੀ ਔਲਾਦ ਵਿਚੋਂ ਸਨ। ਇਹ ਕੌਮ/ਕੌਮਾਂ ਮੱਧ ਏਸ਼ੀਆ ਵਿਚ ਤੁਰਕਿਸਤਾਨ ਦੇ ਨੇੜੇ-ਤੇੜੇ ਪਹਾੜੀ ਇਲਾਕੇ ਵਿਚ ਰਹਿੰਦੀਆਂ ਸਨ। ਇਹ ਲੋਕ ਬਹੁਤ ਖ਼ੂਨਖ਼ਾਰ ਸਨ। ਆਮ ਧਾਰਨਾ ਹੈ ਕਿ ਇਸ ਕੌਮ ਦੇ ਮਰਦ ਤਦ ਤਕ ਨਾ ਮਰਦੇ ਜਦ ਤਕ ਉਹ ਆਪਣੀ ਔਲਾਦ ਵਿਚ ਇਕ ਹਜ਼ਾਰ ਮਰਦ ਪੈਦਾ ਹੋਏ ਨਾ ਵੇਖ ਲੈਂਦੇ ਅਤੇ ਜਦ ਤਕ ਉਹ ਔਲਾਦ ਹਥਿਆਰ ਚੁਕਣ ਦੇ ਕਾਬਲ ਨਾ ਬਣ ਜਾਂਦੀ।

ਰਵਾਇਤ ਹੈ ਕਿ ਇਹ ਲੋਕ ਆਦਮ-ਖ਼ੋਰ ਸਨ, ਇਨ੍ਹਾਂ ਦਾ ਕਦ 120 ਗਜ਼ ਹੁੰਦਾ ਸੀ। ਇਨ੍ਹਾਂ ਦੇ ਕੰਨ ਬੜੇ ਲੰਬੇ-ਲੰਬੇ ਹੁੰਦੇ ਸਨ। ਇਹ ਨੇੜੇ ਦੇ ਦੂਜੇ ਇਲਾਕੇ ਵਾਲਿਆਂ ਨੂੰ ਬਹੁਤ ਦੁੱਖ ਦਿੰਦੇ ਸਨ। ਇਸ ਸਮਸਿਆ ਨੂੰ ਨਿਜਿਠਣ ਲਈ ਸਿਕੰਦਰ ਨੇ ਇਕ ਪਹਾੜ ਤੋਂ ਦੂਜੇ ਪਹਾੜ ਤਕ ਇਕ ਦੀਵਾਰ ਬਣਵਾ ਦਿੱਤੀ ਜਿਸ ਵਿਚ ਲੋਹੇ ਦੇ ਕਾਲੇ ਤਖ਼ਤੇ ਲਗਾਏ ਗਏ ਅਤੇ ਉਨ੍ਹਾਂ ਵਿਚਲੀਆਂ ਵਿਥਾਂ ਲਾਲ ਤਾਂਬੇ ਨਾਲ ਪੂਰੀਆਂ ਗਈਆਂ। ਫਲਸਰੂਪ ਇਨ੍ਹਾਂ ਦਾ ਇਧਰ-ਉਧਰ ਜਾਣਾ ਰੁਕ ਗਿਆ ਅਤੇ ਪੜੋਸੀ ਦੇਸ਼ਾਂ ਦੇ ਲੋਕ ਦੁੱਖੀ ਹੋਣੋਂ ਬਚ ਗਏ। ਅਲੀ ਹੈਦਰ ਨੇ ਇਸ ਸੰਦਰਭ ਨੂੰ ਵਰਤਿਆ ਹੈ—'ਇਸ ਯਾਜੂਜ ਮਾਜੂਜ ਕੌਮ ਨੂੰ ਸ਼ਾਲਾ, ਸ਼ਾਹ ਸਕੰਦਰ ਸੱਦ ਕਹੇ।'

ਯਾਦਵ : ਯਦੁ ਰਾਜੇ ਦੀ ਸੰਤਾਨ ਨੂੰ 'ਯਾਦਵ' ਕਿਹਾ ਜਾਂਦਾ ਹੈ। ਯਦੁ ਯਯਾਤੀ (ਵੇਖੋ) ਦੇ ਘਰ ਦੇਵਯਾਨੀ ਦੀ ਕੁੱਖੋਂ ਪੈਦਾ ਹੋਇਆ ਸੀ। ਇਹ ਚੰਦ੍ਰਵੰਸ਼ ਦਾ ਪੰਜਵਾਂ ਰਾਜਾ ਸੀ। 'ਬਾਲਮੀਕੀ ਰਾਮਾਇਣ' (ਉੱਤਰ-ਕਾਂਡ) ਅਨੁਸਾਰ ਇਸ ਨੇ ਆਪਣੇ ਪਿਤਾ ਯਯਾਤੀ ਦੀ ਬਿਰਧ ਅਵਸਥਾ ਨਾਲ ਆਪਣੀ ਜਵਾਨੀ ਨੂੰ ਬਦਲਣੋਂ ਨਾਂਹ ਕਰ ਦਿੱਤੀ, ਜਦ ਕਿ ਦੂਜੀ ਰਾਣੀ ਸ਼ਰਮਿਸ਼ਠਾ ਤੋਂ ਪੈਦਾ ਹੋਏ ਪੁਰੂ ਨੇ ਪਿਤਾ ਦੀ ਗੱਲ ਮੰਨ ਲਈ। ਕਾਫ਼ੀ ਭੋਗ-ਵਿਲਾਸ ਕਰਨ ਉਪਰੰਤ ਯਯਾਤੀ ਨੇ ਫਿਰ ਪੁਰੂ ਤੋਂ ਆਪਣੀ ਬਿਰਧ ਅਵਸਥਾ ਪ੍ਰਾਪਤ ਕਰ ਲਈ ਅਤੇ ਪੁਰੂ ਨੂੰ ਰਾਜ-ਗੱਦੀ ਉਤੇ ਬਿਠਾਇਆ। ਉਸ ਨੇ ਯਦੁ ਨੂੰ ਰਾਜ-ਅਧਿਕਾਰ ਤੋਂ ਵਾਂਝਿਆਂ ਕਰਦਿਆਂ ਸਰਾਪ ਦਿੱਤਾ ਕਿ ਉਸ ਦੀ ਕੁਲ ਵਿਚ ਯਾਤੁਧਾਨ ਨਾਂ ਦਾ ਰਾਖਸ਼ ਪੈਦਾ ਹੋਵੇਗਾ।

ਡਾ. ਰਾਜਬਲੀ ਪਾਂਡੇਯ ਦੀ ਧਾਰਨਾ ਹੈ ਕਿ ਯਦੁ ਆਪਣੇ ਹੋਰ ਨਿਰਵਾਸਿਤ ਰਾਜਕੁਮਾਰ ਭਰਾਵਾਂ ਸਹਿਤ ਆਧੁਨਿਕ ਦਜਲਾ-ਫ਼ਰਾਤ ਘਾਟੀ ਦੇ ਦੇਸ਼ ਪੱਛਮੀ-ਏਸ਼ੀਆ ਨੂੰ ਚਲਾ ਗਿਆ। ਉਥੇ ਉਨ੍ਹਾਂ ਨੇ ਆਪਣਾ-ਆਪਣਾ ਸੁਤੰਤਰ ਰਾਜ ਕਾਇਮ ਕੀਤਾ। ਵਰਤਮਾਨ ਜਾਰਡਨ ਨਦੀ ਅਤੇ ਜੂਡਾਈ ਸਾਮ੍ਰਾਜ ਯਦਵੰਸ਼ੀ ਰਾਜਤੰਤ੍ਰ ਦਾ ਹੀ ਬਚਿਆ ਖੁਚਿਆ ਰੂਪ ਹੈ। ਉਨ੍ਹਾਂ ਯਾਦਵਾਂ ਦਾ ਪ੍ਰਭਾਸ-ਪੱਟਨ ਅਤੇ ਦ੍ਵਾਰਿਕਾ ਬੰਦਰਗਾਹਵਾਂ ਰਾਹੀਂ ਆਰਯ-ਵਰਤ ਵਿਚ ਆਣਾ-ਜਾਣਾ ਬਣਿਆ ਰਹਿੰਦਾ ਸੀ।

ਯਾਦਵ ਕੁਲ ਵਿਚ ਸ੍ਰੀ ਕ੍ਰਿਸ਼ਣ ਵਰਗੇ ਮਹਾਨ ਪੁਰਸ਼ ਪੈਦਾ ਹੋਏ ਜਿਨ੍ਹਾਂ ਨੇ ਆਪਣੀ ਨੀਤੀ ਅਤੇ ਪ੍ਰਤਾਪ ਰਾਹੀਂ ਪਾਂਡਵਾਂ ਨੂੰ ਮਹਾਭਾਰਤ ਵਿਚ ਜਿੱਤਾਇਆ। ਯਾਦਵਾਂ ਦੀ ਪਹਿਲਾਂ ਮਥੁਰਾ ਵਿਚ ਰਾਜਧਾਨੀ ਸੀ ਅਤੇ ਫਿਰ ਸ੍ਰੀ ਕ੍ਰਿਸ਼ਣ ਨੇ ਦ੍ਵਾਰਿਕਾ ਵਿਚ ਰਾਜ

ਕੀਤਾ । ਇਕ ਵਾਰ ਸ੍ਰੀ ਕ੍ਰਿਸ਼ਣ ਦੇ ਪੁੱਤਰ ਸਾਂਬ ਦੇ ਪੇਟ ਉਤੇ ਥਾਲੀ ਬੰਨ੍ਹ ਕੇ ਦੁਰਬਾਸਾ ਆਦਿ ਰਿਸ਼ੀਆਂ ਨਾਲ ਕੀਤੇ ਮਜ਼ਾਕ ਦੇ ਫਲਸਰੂਪ ਮਿਲੇ ਸਰਾਪ ਕਾਰਣ ਦ੍ਵਾਰਿਕਾ-ਵਾਸੀ ਯਾਦਵ ਪ੍ਰਭਾਸ ਖੇਤਰ ਵਿਚ ਆਪਸ ਵਿਚ ਲੜ ਮੋਏ ਅਤੇ ਸ੍ਰੀ ਕ੍ਰਿਸ਼ਣ ਨੂੰ ਜਰਾ ਨਾਂ ਦੇ ਵਿਆਧ ਨੇ ਤੀਰ ਨਾਲ ਮਾਰ ਦਿੱਤਾ । ਇਸ ਤਰ੍ਹਾਂ ਦ੍ਵਾਰਿਕਾ-ਵਾਸੀ ਯਾਦਵ ਖ਼ਤਮ ਹੋ ਗਏ, ਪਰ ਜਿਹੜੇ ਉਦੋਂ ਦ੍ਵਾਰਿਕਾ ਵਿਚ ਨਹੀਂ ਰਹਿੰਦੇ ਸਨ, ਉਨ੍ਹਾਂ ਤੋਂ ਯਾਦਵ-ਵੰਸ਼ ਅਗੇ ਚਲਦਾ ਰਿਹਾ ।

ਭਗਤ ਨਾਮਦੇਵ ਨੇ ਬਾਲਕਾਂ ਦੁਆਰਾ ਦੁਰਬਾਸਾ ਆਦਿ ਰਿਸ਼ੀਆਂ ਨਾਲ ਮਖ਼ੌਲ ਕਰਨ ਦੇ ਫਲਸਰੂਪ ਪ੍ਰਾਪਤ ਹੋਏ ਸਰਾਪ ਦਾ ਜ਼ਿਕਰ ਕੀਤਾ ਹੈ—'ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ' (ਅ. ਗ੍ਰੰ. 693) ।

ਯੁਗ : ਭਾਰਤੀ ਚਿੰਤਕਾਂ ਨੇ ਸਾਰੀ ਸ੍ਰਿਸ਼ਟੀ ਦੇ ਵਿਕਾਸ-ਕ੍ਰਮ ਨੂੰ ਚਾਰ ਯੁਗਾਂ ਵਿਚ ਵੰਡਿਆ ਹੈ । ਇਨ੍ਹਾਂ ਚਾਰ ਯੁਗਾਂ ਦੇ ਨਾਂ ਹਨ—ਸਤਿਯੁਗ (ਕ੍ਰਿਤ ਯੁਗ), ਤ੍ਰੇਤਾ-ਯੁਗ, ਦ੍ਵਾਪਰ-ਯੁਗ ਅਤੇ ਕਲਿਯੁਗ । ਇਨ੍ਹਾਂ ਯੁਗਾਂ ਦੀ ਮਿਆਦ ਕ੍ਰਮਵਾਰ 4800, 3600, 2400 ਅਤੇ 1200 ਵਰ੍ਹੇ ਹੈ । ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਇਹ ਵਰ੍ਹੇ ਦੇਵਤਿਆਂ ਦੇ ਹਨ । ਦੇਵਤਿਆਂ ਦਾ ਇਕ ਵਰ੍ਹਾ ਮਨੁੱਖਾਂ ਦੇ 360 ਵਰ੍ਹਿਆਂ ਜਿੰਨਾ ਹੁੰਦਾ ਹੈ । ਇਸ ਤਰ੍ਹਾਂ ਯੁਗਾਂ ਦੀ ਮਿਆਦ ਜਾਂ ਅਵਧੀ ਮਨੁੱਖੀ ਸਾਲਾਂ ਅਨੁਸਾਰ ਇਸ ਪ੍ਰਕਾਰ ਹੈ—ਸਤਿਯੁਗ 17,28,000 ਵਰ੍ਹੇ, ਤ੍ਰੇਤਾ 12,96,000 ਵਰ੍ਹੇ, ਦ੍ਵਾਪਰ 8,64,000 ਵਰ੍ਹੇ ਅਤੇ ਕਲਿਯੁਗ 4,32,000 ਵਰ੍ਹੇ । ਇਨ੍ਹਾਂ ਚਾਰ ਯੁਗਾਂ ਦਾ ਸਮੁੱਚ ਚਤੁਰਯੁਗੀ ਜਾਂ ਮਹਾਯੁਗ ਅਖਵਾਉਂਦਾ ਹੈ ਅਤੇ ਇਸ ਵਿਚ ਕੁਲ 4,32,00,00,000 (ਚਾਰ ਅਰਬ ਬੱਤੀ ਕਰੋੜ) ਵਰ੍ਹੇ ਹੁੰਦੇ ਹਨ । ਇਕ ਹਜ਼ਾਰ ਮਹਾਯੁਗਾਂ ਦਾ ਇਕ ਕਲਪ (ਵੇਖੋ) ਬਣਦਾ ਹੈ ।

ਇਨ੍ਹਾਂ ਯੁਗਾਂ ਦੀ ਗਿਣਤੀ ਬਾਰੇ ਵੇਦਾਂ ਵਿਚ ਉੱਲੇਖ ਨਹੀਂ ਹੋਇਆ, ਪਰ ਪੁਰਾਣ-ਸਾਹਿੱਤ ਵਿਚ ਇਨ੍ਹਾਂ ਬਾਰੇ ਵਿਸਤਾਰ ਨਾਲ ਲਿਖਿਆ ਗਿਆ ਹੈ । ਪੰਜਵੀਂ ਸਦੀ ਵਿਚ ਲਿਖੇ ਗਏ 'ਅਮਰ ਕੋਸ਼' ਵਿਚ ਪੁਰਾਣਾਂ ਦੇ ਪੰਜ ਲੱਛਣ ਦਿੱਤੇ ਗਏ ਹਨ—ਸਰਗ, ਪ੍ਰਤਿਸਰਗ, ਵੰਸ਼, ਮਨਵੰਤਰ ਅਤੇ ਵੰਸ਼ਾਨੁਚਰਿਤ । ਇਨ੍ਹਾਂ ਪੰਜਾਂ ਵਿਚੋਂ 'ਮਨਵੰਤਰ' ਲੱਛਣ ਦਾ ਸੰਬੰਧ ਮਨੁ ਦੇ ਅਧਿਕਾਰ-ਕਾਲ ਨਾਲ ਹੈ । ਇਸ ਵਿਚ ਯੁਗਾਂ ਨੂੰ ਸ਼ਾਮਲ ਕਰਕੇ, ਉਨ੍ਹਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ । ਪੁਰਾਣਾਂ ਤੋਂ ਇਲਾਵਾ 'ਬਾਲਮੀਕੀ ਰਾਮਾਇਣ' ਅਤੇ 'ਮਹਾਭਾਰਤ' ਵਿਚ ਵੀ ਯੁਗਾਂ ਸੰਬੰਧੀ ਕਾਫ਼ੀ ਸਾਮਗ੍ਰੀ ਮਿਲ ਜਾਂਦੀ ਹੈ ।

ਸਦ-ਕਰਮਾਂ ਦਾ ਪ੍ਰਤਿਨਿਧ ਹੋਣ ਕਾਰਣ ਸਤਿਯੁਗ ਵਿਚ ਧਰਮ ਦਾ ਪੂਰਾ ਸਾਮ੍ਰਾਜ ਹੈ । ਤ੍ਰੇਤਾ ਯੁਗ ਵਿਚ ਧਰਮ ਦੀ ਚੌਥੀ ਕਲਾ ਘਟ ਜਾਂਦੀ ਹੈ ਅਤੇ ਦ੍ਵਾਪਰ ਵਿਚ ਦੋ ਕਲਾਵਾਂ ਖ਼ਤਮ ਹੋ ਜਾਂਦੀਆਂ ਹਨ । ਕਲਿਯੁਗ ਵਿਚ ਧਰਮ ਅਤੇ ਨੇਕੀ ਦਾ ਕੇਵਲ ਚੌਥਾ ਹਿੱਸਾ ਬਾਕੀ ਰਹਿ ਜਾਂਦਾ ਹੈ । ਪੁੰਨ ਦਾਨ ਕਰਨੇ ਬੰਦ ਹੋ ਜਾਂਦੇ ਹਨ, ਲੋਕ ਪਾਪਾਂ ਅਤੇ ਦੁੱਖਾਂ ਵਿਚ ਗ੍ਰਸੇ ਜਾਂਦੇ ਹਨ । ਯੁਗਾਂ ਦੇ ਕ੍ਰਮ ਅਨੁਸਾਰ ਮਨੁੱਖਾਂ ਦੀ ਉਮਰ ਵੀ ਘਟਦੀ ਜਾਂਦੀ ਹੈ । ਸਤਿਯੁਗ ਵਿਚ ਮਨੁੱਖ 400 ਵਰ੍ਹੇ, ਤ੍ਰੇਤਾ ਵਿਚ 300 ਵਰ੍ਹੇ, ਦ੍ਵਾਪਰ ਵਿਚ

200 ਵਰ੍ਹੇ ਅਤੇ ਕਲਿਯੁਗ ਵਿਚ 100 ਵਰ੍ਹੇ ਉਮਰ ਭੋਗਦਾ ਹੈ। ਮੱਧ-ਯੁਗ ਦੇ ਸੰਤਾਂ, ਭਗਤਾਂ ਨੇ ਇਨ੍ਹਾਂ ਯੁਗਾਂ ਬਾਰੇ ਅਤੇ ਖ਼ਾਸ ਕਰਕੇ ਕਲਿਯੁਗ ਬਾਰੇ ਬੜੇ ਵਿਸਤਾਰ ਨਾਲ ਲਿਖਿਆ ਹੈ।

ਗੁਰੂ ਨਾਨਕ ਦੇਵ ਨੇ ਯੁਗਾਂ ਦੇ ਲੱਛਣਾਂ ਸੰਬੰਧੀ ਪਰੰਪਰਾਗਤ ਧਾਰਣਾ ਨੂੰ ਹੀ ਅਗੇ ਚਲਾਇਆ ਹੈ। ਪਰ ਉਨ੍ਹਾਂ ਦੀ ਇਕ ਮਹੱਤਵਪੂਰਣ ਵਿਲੱਖਣਤਾ ਇਹ ਹੈ ਕਿ ਉਨ੍ਹਾਂ ਨੇ ਸਤਿਯੁਗ ਨੂੰ ਕੋਈ ਬੀਤਿਆ ਹੋਇਆ ਯੁਗ ਨਹੀਂ ਮੰਨਿਆ ਅਤੇ ਨਾ ਹੀ ਕਲਿਯੁਗ ਨੂੰ ਵਰਤਮਾਨ ਯੁਗ ਸਮਝਦੇ ਹਨ। ਉਨ੍ਹਾਂ ਦੀ ਧਾਰਣਾ ਹੈ ਕਿ ਜਿਥੇ ਅਤੇ ਜਦੋਂ ਵੀ ਲੋਕ ਅਧਰਮ ਵਿਚ ਮਗਨ ਹੁੰਦੇ ਹਨ, ਉਥੇ ਉਦੋਂ ਕਲਿਯੁਗ ਸਮਝਣਾ ਚਾਹੀਦਾ ਹੈ। ਅਸਲ ਵਿਚ, ਯੁਗ-ਪਰਿਵਰਤਨ ਮਨੁੱਖ ਦੇ ਸੁਭਾ ਅਨੁਸਾਰ ਹੁੰਦਾ ਹੈ। ਉਂਜ ਉਹੀ ਚੰਦ੍ਰਮਾ ਹੈ, ਉਹੀ ਤਾਰੇ ਹਨ, ਉਹੀ ਸੂਰਜ ਹੈ, ਉਹੀ ਧਰਤੀ ਹੈ, ਉਹੀ ਹਵਾ ਚਲਦੀ ਹੈ ਫਿਰ ਯੁਗ ਬਦਲੀ ਕਿਵੇਂ ਹੋਈ? ਇਹ ਸਭ ਕੁਝ ਮਨੁੱਖ ਦੀ ਮਨੋਸਥਿਤੀ ਦਾ ਪ੍ਰਗਟਾਵਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ—ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ/ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।੧। (ਅ. ਗ੍ਰੰ. 902)।

ਇਹ ਚਾਰੇ ਯੁਗ ਤਦੇ ਉੱਤਮ ਹੁੰਦੇ ਹਨ ਜੋ ਇਨ੍ਹਾਂ ਵਿਚ ਹਰਿਨਾਮ ਦੀ ਆਰਾਧਨਾ ਕੀਤੀ ਜਾਏ—'ਜੁਗ ਚਾਰੇ ਨਾਮੁ ਉਤਮੁ ਹੋਈ।/ਗੁਰਮੁਖਿ ਵਿਰਲਾ ਬੂਝੈ ਕੋਈ' (ਅ. ਗ੍ਰੰ. 880)।

ਯੁਧਿਸ਼ਠਿਰ : ਪਾਂਡਵ-ਪੁੱਤਰਾਂ ਵਿਚ ਸਭ ਤੋਂ ਵੱਡਾ ਜੋ ਮਿਥਿਹਾਸ ਅਨੁਸਾਰ ਕੁੰਤੀ ਦੀ ਕੁੱਖੋਂ ਧਰਮਰਾਜ ਦੁਆਰਾ ਪੈਦਾ ਹੋਇਆ। ਇਸ ਨੇ ਦ੍ਰੋਣਾਚਾਰਯ ਤੋਂ ਸ਼ਸਤ੍ਰ ਵਿਦਿਆ ਸਿਖੀ। ਭਾਲਾ ਚਲਾਣ ਵਿਚ ਇਹ ਬਹੁਤ ਪ੍ਰਬੀਨ ਸੀ। ਇਸ ਨੂੰ ਧਰਮਾਤਮਾ, ਨਿਆਇਸ਼ੀਲ, ਦਿਆਲੂ, ਦਾਰਸ਼ਨਿਕ, ਵਿਚਾਰਕ ਅਤੇ ਕੁਸ਼ਲ ਸ਼ਾਸਕ ਮੰਨਿਆ ਗਿਆ ਹੈ। ਇਸ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਅਤੇ ਗੁਣਾਂ ਨੂੰ ਵੇਖ ਕੇ ਧ੍ਰਿਤਰਾਸ਼ਟਰ ਨੇ ਇਸ ਨੂੰ ਆਪਣਾ ਯੁਵਰਾਜ ਨਿਸ਼ਚਿਤ ਕੀਤਾ। ਬਸ ਇਥੋਂ ਹੀ ਮਹਾਭਾਰਤ ਦੀ ਲੜਾਈ ਦਾ ਇਤਿਹਾਸ ਬਣਨਾ ਸ਼ੁਰੂ ਹੋ ਗਿਆ। ਕੌਰਵਾਂ ਦੀ ਪੁਰਾਣੀ ਈਰਖਾ ਜਾਗ ਪਈ। ਜੂਏ ਦਾ ਵਿਧਾਨ ਕਰਕੇ ਕੌਰਵਾਂ ਨੇ ਪਾਂਡਵਾਂ ਤੋਂ ਸਭ ਕੁਝ ਜਿੱਤ ਲਿਆ, ਦ੍ਰੋਪਦੀ ਦੀ ਬੇਪਤੀ ਹੋਈ, ਬਨਵਾਸ ਵਿਚ ਜਾਣਾ ਪਿਆ ਅਤੇ ਆਖ਼ਰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਯੁੱਧ ਕਰਨਾ ਪਿਆ।

ਮਹਾਭਾਰਤ ਦੇ ਯੁੱਧ ਵਿਚ ਯੁਧਿਸ਼ਠਿਰ ਨੇ ਕੋਈ ਵਿਸ਼ੇਸ਼ ਪਰਾਕ੍ਰਮ ਨਹੀਂ ਵਿਖਾਇਆ। ਸਤਿਵਾਦੀ ਵਜੋਂ ਪ੍ਰਸਿੱਧ ਹੋਣ ਕਾਰਣ ਸ੍ਰੀ ਕ੍ਰਿਸ਼ਣ ਨੇ ਦ੍ਰੋਣਾਚਾਰਯ ਨੂੰ ਨਿਰਉਤਸਾਹਿਤ ਕਰਨ ਲਈ ਛਲ-ਪੂਰਵਕ ਅਸ਼੍ਵਥਾਮਾ ਦੀ ਮ੍ਰਿਤੂ ਦੀ ਘੋਸ਼ਣਾ ਕਰਵਾਈ। ਇਸ ਦੇ ਜੀਵਨ ਵਿਚ ਇਹੀ ਘਟਨਾ ਮਿਥਿਆ ਆਧਾਰਿਤ ਹੈ। ਇਸ ਕਰਕੇ ਇਸ ਦੇ ਹੱਥ ਦੀ ਇਕ ਉਂਗਲ ਵੀ ਗਲ ਗਈ ਦਸੀ ਜਾਂਦੀ ਹੈ। ਮਹਾਭਾਰਤ ਵਿਚ ਜੇਤੂ ਹੋਣ ਤੋਂ ਬਾਦ ਇਸ ਨੇ ਬੜੇ ਠਾਠ ਬਾਠ ਨਾਲ ਰਾਜ ਦੀ ਸਥਾਪਨਾ ਕੀਤੀ ਜਿਸ ਦੀ ਤੁਲਨਾ

ਰਾਮ-ਰਾਜ ਨਾਲ ਕੀਤੀ ਜਾਂਦੀ ਹੈ। ਇਸ ਨੇ ਰਾਜਸੂਯ ਯੱਗ ਕਰਕੇ ਆਪਣੀ ਪ੍ਰਤਿਸ਼ਠਾ ਵਧਾਈ। ਪਰ ਸ੍ਰੀ ਕ੍ਰਿਸ਼ਣ ਦੇ ਦੇਹਾਂਤ ਤੋਂ ਬਾਦ ਇਸ ਦਾ ਮਨ ਸੰਸਾਰਿਕਤਾ ਤੋਂ ਉਪਰਾਮ ਹੋ ਗਿਆ। ਫਲਸਰੂਪ ਅਰਜੁਨ ਦੇ ਪੋਤਰੇ ਪਰੀਕ੍ਸ਼ਿਤ ਨੂੰ ਰਾਜ-ਗੱਦੀ ਉਤੇ ਬਿਠਾ ਕੇ ਆਪਣੇ ਬਾਕੀ ਚਾਰ ਭਰਾਵਾਂ ਅਤੇ ਦ੍ਰੋਪਦੀ ਸਹਿਤ ਹਿਮਾਚਲ ਪਰਬਤ ਵਲ ਚਲਾ ਗਿਆ। ਉਥੇ ਹੀ ਬਰਫ਼ਾਂ ਵਿਚ ਇਨ੍ਹਾਂ ਸਭ ਨੇ ਆਪਣਾ ਸਦੀਵੀ ਨਿਵਾਸ ਬਣਾ ਲਿਆ।

ਯੂਸਫ਼-ਜ਼ੁਲੈਖਾਂ : ਹਜ਼ਰਤ ਯਾਕੂਬ ਦੇ ਪੁੱਤਰ ਅਤੇ ਹਜ਼ਰਤ ਇਬਰਾਹੀਮ ਦੇ ਪੜਪੋਤੇ, ਯੂਸਫ਼ ਦਾ ਉੱਲੇਖ 'ਬਾਈਬਲ' ਵਿਚ ਹੋਇਆ ਹੈ, ਪਰ ਇਸ ਦਾ ਜ਼ਿਆਦਾ ਬ੍ਰਿੱਤਾਂਤ 'ਕੁਰਾਨ' ਦੇ ਬਾਰ੍ਹਵੇਂ ਸੂਰੇ ਵਿਚ ਮਿਲਦਾ ਹੈ। ਅਤਿ ਸੁੰਦਰ ਯੂਸਫ਼ ਪ੍ਰਤਿ ਪਿਤਾ ਵਲੋਂ ਅਧਿਕ ਰੁਚੀ ਵਿਖਾਉਣ ਕਾਰਣ ਮਤਰੇਏ ਭਰਾਵਾਂ ਨੇ ਈਰਖਾ-ਵਸ ਇਸ ਨੂੰ ਜੰਗਲ ਦੇ ਇਕ ਅੰਨ੍ਹੇ ਖੂਹ ਵਿਚ ਸੁਟ ਦਿੱਤਾ। ਉਸ ਖੂਹ ਕੋਲੋਂ ਲੰਘਦਾ ਸੌਦਾਗਰਾਂ ਦਾ ਇਕ ਕਾਫ਼ਲਾ ਇਸ ਨੂੰ ਖੂਹ ਵਿਚੋਂ ਕੱਢ ਕੇ ਮਿਸਰ ਲੈ ਗਿਆ ਅਤੇ ਕਿਤਫ਼ੀਰ ਨਾਂ ਦੇ ਧਨਾਢ ਪਾਸ ਗ਼ੁਲਾਮ ਵਜੋਂ ਵੇਚ ਦਿੱਤਾ। ਕਿਤਫ਼ੀਰ ਦੀ ਪਤਨੀ ਜ਼ੁਲੈਖ਼ਾ ਯੂਸਫ਼ 'ਤੇ ਮੋਹਿਤ ਹੋ ਗਈ, ਪਰ ਯੂਸਫ਼ ਨੇ ਉਸ ਦੀ ਕਾਮੁਕ ਪੇਸ਼ਕਸ਼ ਠੁਕਰਾ ਦਿੱਤੀ। ਖਿਝੀ ਹੋਈ ਜ਼ੁਲੈਖ਼ਾਂ ਨੇ ਯੂਸਫ਼ ਉਤੇ ਵਿਭਚਾਰ ਦਾ ਦੂਸ਼ਣ ਲਗਾ ਕੇ ਆਪਣੇ ਪਤੀ ਦੁਆਰਾ ਕੈਦ ਕਰਵਾ ਦਿੱਤਾ। ਕਾਲਾਂਤਰ ਵਿਚ ਮਿਸਰ ਦੇ ਬਾਦਸ਼ਾਹ ਨੂੰ ਆਏ ਇਕ ਸੁਪਨੇ ਦਾ ਸਹੀ-ਸਹੀ ਫਲ ਦਸਣ ਕਾਰਣ ਬਾਦਸ਼ਾਹ ਨੇ ਯੂਸਫ਼ ਨੂੰ ਕੈਦ ਤੋਂ ਮੁਕਤ ਕਰਕੇ ਆਪਣੇ ਕੋਲ ਨੌਕਰ ਰਖ ਲਿਆ ਅਤੇ ਇਹ ਆਪਣੀ ਯੋਗਤਾ ਨਾਲ ਮੰਤਰੀ-ਪਦ ਉਤੇ ਪਹੁੰਚ ਗਿਆ। ਇਕ ਵਾਰ ਕਾਲ ਪੈਣ ਕਾਰਣ ਯੂਸਫ਼ ਦੇ ਭਰਾ ਅੰਨ ਲੈਣ ਲਈ ਮਿਸਰ ਆਏ। ਯੂਸਫ਼ ਨੇ ਉਨ੍ਹਾਂ ਨਾਲ ਬਹੁਤ ਚੰਗਾ ਸਲੂਕ ਕੀਤਾ। ਜਦੋਂ ਉਨ੍ਹਾਂ ਨੂੰ ਯੂਸਫ਼ ਦੇ ਪਿਛੋਕੜ ਦਾ ਪਤਾ ਲਗਾ ਤਾਂ ਬਹੁਤ ਪਛਤਾਏ ਅਤੇ ਮਾਫ਼ੀ ਮੰਗੀ। ਯੂਸਫ਼ ਨੇ ਉਨ੍ਹਾਂ ਨੂੰ ਖਿਮਾ ਕਰ ਦਿੱਤਾ ਅਤੇ ਖ਼ੁਦਾ ਤੋਂ ਵੀ ਉਨ੍ਹਾਂ ਨੂੰ ਮਾਫ਼ ਕਰਾਉਣ ਲਈ ਪ੍ਰਾਰਥਨਾ ਕੀਤੀ।

'ਕੁਰਾਨ' ਵਿਚ ਉਲਿਖਿਤ ਹੋਣ ਕਾਰਣ ਇਸ ਨੂੰ ਇਕ ਪਵਿੱਤਰ ਕਥਾ ਸਮਝਿਆ ਜਾਂਦਾ ਹੈ। ਇਸ ਨੂੰ 'ਅਹਸਨਲ ਕਸਿਸ' (ਅਰਥਾਤ ਸਭ ਤੋਂ ਸ੍ਰੇਸ਼ਠ ਕਿੱਸਾ) ਵੀ ਕਿਹਾ ਜਾਂਦਾ ਹੈ। ਇਸ ਪ੍ਰੇਮ-ਆਖਿਆਨ ਦੇ ਆਧਾਰ ਤੇ ਫ਼ਾਰਸੀ ਤੋਂ ਇਲਾਵਾ ਅਨੇਕ ਭਾਰਤੀ ਭਾਸ਼ਾਵਾਂ ਵਿਚ ਵੀ ਰਚਨਾਵਾਂ ਤਿਆਰ ਕੀਤੀਆਂ ਗਈਆਂ ਜਿਨ੍ਹਾਂ ਵਿਚ ਕਈ ਪ੍ਰਕਾਰ ਦੀਆਂ ਨਵੀਆਂ ਕਲਪਨਾਵਾਂ ਅਥਵਾ ਉਦਭਾਵਨਾਵਾਂ ਸਮੋਈਆਂ ਗਈਆਂ। ਪੰਜਾਬੀ ਵਿਚ ਇਸ ਪ੍ਰੇਮ-ਕਥਾ ਬਾਰੇ ਸਭ ਤੋਂ ਪਹਿਲਾ ਕਿੱਸਾ ਹਾਫ਼ਿਜ਼ ਬਰਖ਼ੁਰਦਾਰ ਨੇ ਲਿਖਿਆ। ਪੰਜਾਬੀ ਵਿਚ ਲਿਖੇ ਗਏ ਕਿੱਸਿਆਂ ਅਤੇ ਲੋਕ-ਵਾਰਤਾਵਾਂ ਅਨੁਸਾਰ ਇਸ ਆਖਿਆਨ ਦਾ ਸਾਰਾਂਸ਼ ਇਸ ਪ੍ਰਕਾਰ ਹੈ :

ਵੀਸਵੀ ਸੰਨ ਦੇ ਸ਼ੁਰੂ ਹੋਣ ਦੇ ਨੇੜੇ-ਤੇੜੇ ਕਨਿਆਨ (ਇਸਰਾਈਲ) ਦੇ ਬਾਦਸ਼ਾਹ ਹਜ਼ਰਤ ਯਾਕੂਬ ਦੇ ਚਾਰ ਪੁੱਤਰਾਂ ਵਿਚੋਂ ਸਭ ਤੋਂ ਛੋਟਾ, ਯੂਸਫ਼, ਸਭ ਤੋਂ ਸੋਹਣਾ ਅਤੇ ਬੁੱਧੀਮਾਨ ਸੀ। ਇਸੇ ਲਈ ਉਸ ਨੂੰ ਕਨਿਆਨ ਦਾ ਚੰਦ੍ਰਮਾ (ਮਾਹਿ-ਕਨਿਆਨ) ਕਿਹਾ

ਜਾਂਦਾ ਸੀ। ਯਾਕੂਬ ਦੇ ਯੂਸਫ਼ ਪ੍ਰਤਿ ਅਧਿਕ ਝੁਕਾ ਨੂੰ ਵੇਖ ਕੇ ਬਾਕੀ ਭਰਾਵਾਂ ਨੂੰ ਡਰ ਪੈਦਾ ਹੋ ਗਿਆ ਕਿ ਕਿਤੇ ਬਾਪ ਯੂਸਫ਼ ਨੂੰ ਹੀ ਬਾਦਸ਼ਾਹੀ ਨਾ ਦੇ ਦੇਵੇ। ਫਲਸਰੂਪ ਉਹ ਇਕ ਦਿਨ ਸ਼ਿਕਾਰ ਦੇ ਬਹਾਨੇ ਯੂਸਫ਼ ਨੂੰ ਜੰਗਲ ਵਿਚ ਲੈ ਗਏ ਅਤੇ ਅੰਨ੍ਹੇ ਖੂਹ ਵਿਚ ਸੁਟ ਦਿੱਤਾ। ਵਾਪਸ ਪਰਤ ਕੇ ਕਿਸੇ ਪਸ਼ੂ ਦੇ ਲਹੂ ਨਾਲ ਲਿਬੜੇ ਇਸ ਦੇ ਕਪੜੇ ਵਿਖਾ ਕੇ ਬਾਪ ਨੂੰ ਕਹਿ ਦਿੱਤਾ ਕਿ ਯੂਸਫ਼ ਨੂੰ ਬਘਿਆੜ ਖਾ ਗਿਆ ਹੈ। ਪੁੱਤਰ ਦੇ ਵਿਯੋਗ ਵਿਚ ਯਾਕੂਬ ਰੋ-ਰੋ ਅੰਨ੍ਹਾ ਹੋ ਗਿਆ।

ਉਧਰ ਸੌਦਾਗਰਾਂ ਦਾ ਇਕ ਕਾਫ਼ਲਾ ਖੂਹ ਕੋਲੋਂ ਲੰਘਿਆ। ਖੂਹ ਵਿਚੋਂ ਮਨੁੱਖੀ ਆਵਾਜ਼ ਸੁਣ ਕੇ ਯੂਸਫ਼ ਨੂੰ ਉਨ੍ਹਾਂ ਨੇ ਬਾਹਰ ਕਢਿਆ ਅਤੇ ਆਪਣੇ ਨਾਲ ਮਿਸਰ ਦੇਸ਼ ਲੈ ਗਏ। ਉਥੇ ਗ਼ੁਲਾਮਾਂ ਦੀ ਲਗੀ ਮੰਡੀ ਵਿਚੋਂ ਯੂਸਫ਼ ਨੂੰ ਮਿਸਰ ਦੇ ਬਾਦਸ਼ਾਹ ਅਜ਼ੀਜ਼ ਦੀ ਸਭ ਤੋਂ ਛੋਟੀ ਰਾਣੀ ਜ਼ੁਲੈਖ਼ਾਂ ਨੇ ਮਹੱਲ ਵਿਚ ਕੰਮ ਕਰਨ ਲਈ ਖ਼ਰੀਦ ਲਿਆ। ਜਦੋਂ ਯੂਸਫ਼ ਭਰ-ਜਵਾਨ ਹੋਇਆ ਤਾਂ ਇਸ ਦੀ ਖ਼ੂਬਸੂਰਤੀ ਨੂੰ ਵੇਖ ਕੇ ਜ਼ੁਲੈਖ਼ਾ ਮੋਹਿਤ ਹੋ ਗਈ। ਉਸ ਨੇ ਹਰ ਹੀਲੇ ਯੂਸਫ਼ ਦਾ ਸੰਯੋਗ-ਸੁਖ ਪ੍ਰਾਪਤ ਕਰਨ ਦਾ ਯਤਨ ਕੀਤਾ, ਪਰ ਯੂਸਫ਼ ਆਪਣੇ ਧਰਮ ਤੋਂ ਨਾ ਥਿੜਕਿਆ। ਜ਼ੁਲੈਖ਼ਾਂ ਨੇ ਖਿਝ ਕੇ ਯੂਸਫ਼ ਨੂੰ ਕੈਦ ਕਰਵਾ ਦਿੱਤਾ। ਉਥੇ ਵੀ ਯੂਸਫ਼ ਨੂੰ ਹੁੰਗਾਰਾ ਭਰਨ ਲਈ ਕਈ ਵਾਰ ਮਿਲਣ ਗਈ, ਪਰ ਇਹ ਆਪਣੇ ਆਦਰਸ਼ ਤੋਂ ਨਾ ਟਲਿਆ। ਕੁਝ ਸਮੇਂ ਬਾਦ ਮਿਸਰ ਦਾ ਬਾਦਸ਼ਾਹ ਅਜ਼ੀਜ਼ ਮਰ ਗਿਆ। ਜ਼ੁਲੈਖ਼ਾਂ ਨੇ ਯੂਸਫ਼ ਨੂੰ ਕੈਦ ਤੋਂ ਮੁਕਤ ਕਰ ਕੇ ਵਿਆਹ ਦਾ ਪ੍ਰਸਤਾਵ ਰਖਿਆ। ਜ਼ੁਲੈਖ਼ਾਂ ਦੇ ਪਿਆਰ ਨੂੰ ਸੱਚਾ ਵੇਖ ਕੇ ਯੂਸਫ਼ ਨੇ ਹਾਂ ਕਰ ਦਿੱਤੀ ਅਤੇ ਜ਼ੁਲੈਖ਼ਾਂ ਨਾਲ ਵਿਆਹ ਕਰ ਕੇ ਮਿਸਰ ਦਾ ਬਾਦਸ਼ਾਹ ਬਣ ਗਿਆ।

ਸੰਯੋਗ-ਵਸ ਕਨਿਆਨ ਵਿਚ ਕਾਲ ਪੈ ਜਾਣ ਕਾਰਣ ਯੂਸਫ਼ ਨੇ ਅੰਨ ਆਦਿ ਦੇ ਕੇ ਬਹੁਤ ਮੱਦਦ ਕੀਤੀ। ਜਦੋਂ ਕਨਿਆਨ ਦੇ ਲੋਕਾਂ ਨੂੰ ਯੂਸਫ਼ ਦੀ ਵਾਸਤਵਿਕਤਾ ਦਾ ਬੋਧ ਹੋਇਆ ਤਾਂ ਉਹ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਯੂਸਫ਼ ਨੂੰ ਕਨਿਆਨ ਦਾ ਵੀ ਬਾਦਸ਼ਾਹ ਬਣਾ ਦਿੱਤਾ।

ਇਸ ਪ੍ਰੇਮ-ਆਖਿਆਨ ਨੂੰ ਸੱਚੇ ਪ੍ਰੇਮ ਦਾ ਸੁੰਦਰ ਨਮੂਨਾ ਦਸਿਆ ਜਾਂਦਾ ਹੈ। ਸੂਫ਼ੀ ਫ਼ਕੀਰਾਂ ਨੇ ਇਸ਼ਕੇ-ਮਜਾਜ਼ੀ ਤੋਂ ਇਸ਼ਕੇ-ਹਕੀਕੀ ਵਲ ਯਾਤ੍ਰਾ ਕਰਦਿਆਂ ਇਸ ਪ੍ਰੇਮ-ਕਥਾ ਦੇ ਰੂਪਕ ਨੂੰ ਸਾਧਨ ਵਜੋਂ ਵਰਤਿਆ ਹੈ ਕਿਉਂਕਿ ਜਦ ਤਕ ਵਾਸਨਾਵਾਂ ਖ਼ਤਮ ਨਹੀਂ ਹੁੰਦੀਆਂ ਤਦ ਤਕ ਜੀਵਾਤਮਾ ਰੂਪੀ ਜ਼ੁਲੈਖ਼ਾਂ ਦਾ ਪਰਮਾਤਮਾ ਰੂਪੀ ਯੂਸਫ਼ ਨਾਲ ਸੱਚਾ ਪ੍ਰੇਮ ਕਾਇਮ ਨਹੀਂ ਹੋ ਸਕਦਾ। ਬੁਲ੍ਹੇ ਸ਼ਾਹ ਨੇ ਇਸ ਪ੍ਰੇਮ-ਪ੍ਰਸੰਗ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਖ਼ਵਾਬ ਜ਼ੁਲੈਖ਼ਾ ਨੂੰ ਦਿਖਲਾਇਓ, ਯੂਸਫ਼ ਖੂਹ ਦੇ ਵਿਚ ਪਵਾਇਓ।/ ਭਾਈਆਂ ਨੂੰ ਇਲਜ਼ਾਮ ਦਿਵਾਇਓ, ਤਾਂ ਮਰਾਤਬ ਚੜ੍ਹਿਆ ਈ।' ਅਤੇ 'ਖੂਹ ਵਿਚ ਯੂਸਫ਼ ਪਾਇਓ ਨੇ, ਫੜ ਵਿਚ ਬਾਜ਼ਾਰ ਵਿਕਾਇਓ ਨੇ।...ਨੇਹੁੰ ਲਾ ਵੇਖ ਜ਼ੁਲੈਖ਼ਾ ਲਏ, ਉਥੇ ਆਸ਼ਕ ਤੜਫਣ ਪਏ।'

ਯੂਨਸ : 'ਕੁਰਾਨ' ਵਿਚ ਉਲਿਖਿਤ ਇਕ ਪੈਗ਼ੰਬਰ ਜਿਸ ਨੂੰ ਖ਼ੁਦਾ ਨੇ ਲੋਕ-ਕਲਿਆਣ

ਅਤੇ ਧਰਮ-ਪ੍ਰਚਾਰ ਲਈ ਸੰਸਾਰ ਵਿਚ ਭੇਜਿਆ ਸੀ, ਪਰ ਉਸ ਵਕਤ ਦੇ ਲੋਕ ਖ਼ੁਦਾ ਤੋਂ ਮੁਨਕਰ ਸਨ। ਫਲਸਰੂਪ ਉਨ੍ਹਾਂ ਨੇ ਯੂਨਸ ਦੀ ਕੋਈ ਗੱਲ ਨਾ ਮੰਨੀ। ਯੂਨਸ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਕਿ ਤੁਹਾਡੇ ਉਤੇ ਤਿੰਨ ਦਿਨਾਂ ਬਾਦ ਤੂਫ਼ਾਨ ਦੇ ਰੂਪ ਵਿਚ ਕਹਿਰ ਨਾਜ਼ਲ ਹੋਏਗਾ। ਲੋਕੀਂ ਡਰ ਗਏ ਅਤੇ ਘਰਾਂ ਤੋਂ ਬਾਹਰ ਆ ਕੇ ਸੰਕਟ ਵਾਲੀ ਘੜੀ ਨੂੰ ਉਡੀਕਣ ਲਗ ਪਏ। ਉਨ੍ਹਾਂ ਨੇ ਰੱਬ ਅਗੇ ਆਪਣੇ ਗੁਨਾਹਾਂ ਦੀ ਬਖ਼ਸ਼ੀ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਦੀ ਪ੍ਰਾਰਥਨਾ ਮੰਨੀ ਗਈ ਅਤੇ ਤੂਫ਼ਾਨ ਟਲ ਗਿਆ।

ਲੋਕਾਂ ਨੇ ਯੂਨਸ ਨੂੰ ਝੂਠਾ ਸਿੱਧ ਕਰਨ ਲਈ ਇਸ ਦਾ ਪਿਛਾ ਕੀਤਾ। ਇਹ ਭਜਦਾ ਇਕ ਕਿਸ਼ਤੀ ਵਿਚ ਜਾ ਚੜ੍ਹਿਆ। ਕਿਸ਼ਤੀ ਡੋਲਣ ਲਗੀ। ਮਲਾਹ ਨੇ ਕਿਹਾ ਬੇੜੀ ਵਿਚ ਬੈਠਾ ਗੁਨਾਹਗਾਰ ਵਿਅਕਤੀ ਉਤਰ ਜਾਏ ਤਾਂ ਜੋ ਬੇੜੀ ਸਹੀ ਢੰਗ ਨਾਲ ਚਲ ਸਕੇ। ਯੂਨਸ ਨੇ ਬੇੜੀ ਵਿਚੋਂ ਛਾਲ ਮਾਰ ਦਿੱਤੀ। ਇਕ ਡੰਬਰੀ (ਮੱਛੀ) ਨੇ ਯੂਨਸ ਨੂੰ ਨਿਗਲ ਲਿਆ। ਤਿੰਨ ਦਿਨਾਂ ਬਾਦ ਮੱਛੀ ਕੰਢੇ ਉਤੇ ਆਈ ਅਤੇ ਉਸ ਨੇ ਯੂਨਸ ਨੂੰ ਮੂੰਹ ਵਿਚੋਂ ਬਾਹਰ ਕੱਢ ਦਿੱਤਾ। ਵਾਰਿਸ ਸ਼ਾਹ ਨੇ 'ਹੀਰ' ਵਿਚ ਇਸ ਤੱਥ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਜਿਹੜਾ ਕਹਿਰ ਦਾ ਯੂਨਸ ਤੇ ਪਿਆ ਬਦਲ, ਉਹ ਨੂੰ ਡੰਬਰੀ ਤੋਂ ਨਿਗਲਾਇਆ ਈ।'

ਯੋਗ-ਦਰਸ਼ਨ : ਯੋਗ-ਸਾਧਨਾ ਨਾਲ ਸੰਬੰਧਿਤ ਸਿੱਧਾਂਤ-ਪ੍ਰਣਾਲੀ ਨੂੰ 'ਯੋਗ-ਦਰਸ਼ਨ' ਦਾ ਨਾਂ ਦਿੱਤਾ ਜਾਂਦਾ ਹੈ। 'ਯੋਗ' ਸ਼ਬਦ ਸੰਸਕ੍ਰਿਤ ਦੀ 'ਯੁਜ੍' ਧਾਤੂ ਤੋਂ ਬਣਿਆ ਹੈ ਅਤੇ ਇਹ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸ ਸ਼ਬਦ ਦਾ ਸਾਧਾਰਣ ਅਰਥ ਹੈ ਜੋੜਨਾ ਜਾਂ ਸੰਬੰਧ ਕਾਇਮ ਕਰਨਾ। ਫਲਸਰੂਪ ਦਰਸ਼ਨ ਵਿਚਆਤਮਾ ਪਰਮਾਤਮਾ ਦੇ ਮੇਲ ਨੂੰ 'ਯੋਗ' ਕਿਹਾ ਜਾਂਦਾ ਹੈ। ਇਸ ਤੋਂ ਛੁਟ, ਆਤਮਾ ਅਤੇ ਪਰਮਾਤਮਾ ਵਿਚ ਮੇਲ ਕਰਾਉਣ ਦੀ ਸਾਧਨਾ-ਪ੍ਰਣਾਲੀ ਜਾਂ ਵਿਧੀ ਨੂੰ ਵੀ ਯੋਗ ਦਾ ਨਾਂ ਦਿੱਤਾ ਜਾਂਦਾ ਹੈ, ਜਿਵੇਂ ਗਿਆਨ-ਯੋਗ, ਕਰਮਯੋਗ, ਭਗਤੀ-ਯੋਗ। 'ਯੋਗ' ਸ਼ਬਦ ਦਾ ਵਿਸ਼ੇਸ਼ ਅਰਥ ਹੈ 'ਯਤਨ'। ਇਸ ਤਰ੍ਹਾਂ ਯਤਨ ਪੂਰਵਕ ਕੀਤੀ ਗਈ ਸਾਧਨਾ-ਪ੍ਰਣਾਲੀ ਯੋਗ ਹੈ। ਪਤੰਜਲਿ ਅਨੁਸਾਰ 'ਚਿੱਤ ਵ੍ਰਿੱਤੀ ਦੇ ਨਿਰੋਧ' (ਠਹਿਰਾਓ ਜਾਂ ਰੋਕ) ਨੂੰ ਯੋਗ ਕਹਿੰਦੇ ਹਨ।

ਯੋਗ-ਸਾਧਨਾ ਭਾਰਤ ਦੀ ਇਕ ਮਹੱਤਵਪੂਰਣ ਸਾਧਨਾ-ਪ੍ਰਣਾਲੀ ਹੈ। ਉਪਨਿਸ਼ਦਾਂ ਅਤੇ ਗੀਤਾ ਵਿਚ ਇਸ ਦੇ ਉੱਲੇਖ ਮਿਲ ਜਾਂਦੇ ਹਨ। 'ਭਾਗਵਤ ਪੁਰਾਣ' ਅਤੇ 'ਯੋਗ ਵਾਸ਼ਿਸ਼ਠ' ਵਿਚ ਇਸ ਦੀ ਮਹੱਤਵ-ਸਥਾਪਨਾ ਹੋਈ ਹੈ। ਬੁੱਧ-ਮਤ ਵਿਚ ਨਿਰਵਾਣਪਦ ਦੀ ਪ੍ਰਾਪਤੀ ਲਈ ਯੋਗ ਨੂੰ ਸਹਾਇਕ ਸਾਧਨ ਮੰਨਿਆ ਗਿਆ ਹੈ। ਪਤੰਜਲਿ ਨੇ ਸਭ ਤੋਂ ਪਹਿਲਾਂ ਆਪਣੇ ਪੂਰਵ-ਵਰਤੀ ਰਿਸ਼ੀਆਂ ਅਤੇ ਆਚਾਰਯਾਂ ਦੀਆਂ ਯੋਗ-ਸਾਧਨਾ ਸੰਬੰਧੀ ਮਾਨਤਾਵਾਂ ਅਤੇ ਸਿੱਧਾਂਤਾਂ ਦੇ ਆਧਾਰ ਤੇ 'ਯੋਗ-ਸੂਤ੍ਰ' ਦੀ ਰਚਨਾ ਕੀਤੀ ਜਿਸ ਵਿਚ ਯੋਗ ਸੰਬੰਧੀ ਸੂਖਮ ਅਧਿਐਨ ਪੇਸ਼ ਕੀਤਾ ਗਿਆ। ਭਾਈ ਗੁਰਦਾਸ ਅਨੁਸਾਰ 'ਸੇਖ ਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ' (1/14)।

'ਯੋਗ-ਸੂਤ੍ਰ' ਵਿਚ ਸਭ ਨਾਲੋਂ ਅਧਿਕ 'ਅਸ਼ਟਾਂਗ ਯੋਗ' (ਵੇਖ) ਦੇ ਸਰੂਪ ਅਤੇ ਮਹੱਤਵ ਨੂੰ ਦਰਸਾਇਆ ਗਿਆ ਹੈ। ਇਸ ਦੇ ਸਮਾਨਾਂਤਰ 'ਹਠ-ਯੋਗ' ਹੈ ਜਿਸ ਦਾ

ਮੂਲ ਭਾਵੇਂ ਤੰਤ੍ਰ-ਗ੍ਰੰਥਾਂ ਵਿਚ ਮੰਨਿਆ ਜਾਂਦਾ ਹੈ ਪਰ ਉਸ ਦੀ ਪੁਨਰ-ਸਥਾਪਨਾ ਗੋਰਖਨਾਥ ਨੇ ਕੀਤੀ। ਇਸ ਤਰ੍ਹਾਂ ਇਹ ਦੋਵੇਂ ਯੋਗ ਸੁਤੰਤਰ ਰੂਪ ਵਿਚ ਪ੍ਰਵਾਹਮਾਨ ਰਹੇ ਹਨ, ਪਰ ਕਿਤੇ-ਕਿਤੇ ਇਨ੍ਹਾਂ ਦੋਹਾਂ ਦੇ ਸਾਧਨਾਂ ਦਾ ਆਪਸ ਵਿਚ ਮੇਲ ਵੀ ਹੋਇਆ ਹੈ। ਅਜਿਹੀ ਸਥਿਤੀ ਵਿਚ 'ਹਠ-ਯੋਗ' ਦਾ ਸੰਬੰਧ ਚੂੰਕਿ ਸ਼ਰੀਰਕ ਕ੍ਰਿਆ-ਵਿਧੀ ਨਾਲ ਹੈ, ਇਸ ਲਈ ਇਸ ਨੂੰ ਯੋਗ-ਸਾਧਨਾ ਦੀ ਪਹਿਲੀ ਪੌੜੀ ਕਿਹਾ ਜਾਵੇਗਾ ਅਤੇ ਪਤੰਜਲਿ ਦੇ ਯੋਗ ਦਾ ਸੰਬੰਧ ਮੋਕਸ਼ ਨਾਲ ਹੈ, ਇਸ ਲਈ ਉਸ ਨੂੰ ਯੋਗ-ਸਾਧਨਾ ਦੀ ਦੂਜੀ ਪੌੜੀ ਮੰਨਿਆ ਜਾਵੇਗਾ। ਇਸ ਨੂੰ ਰਾਜ-ਯੋਗ ਵੀ ਕਿਹਾ ਜਾਂਦਾ ਹੈ। ਮੁੱਖ ਤੌਰ ਤੇ ਯੋਗ ਦੇ ਇਹੀ ਦੋ ਭੇਦ ਹਨ—ਰਾਜਯੋਗ ਅਤੇ ਹਠ-ਯੋਗ। ਉਂਜ ਮੰਤ੍ਰ-ਯੋਗ (ਜਿਸ ਵਿਚ ਚਿੱਤ ਦੀਆਂ ਬ੍ਰਿੱਤੀਆਂ ਨੂੰ ਰੋਕਣ ਲਈ ਕਿਸੇ ਮੰਤ੍ਰ ਦਾ ਆਧਾਰ ਲਿਆ ਜਾਵੇ। 'ਸੋਹੰ ਜਪ' ਜਾਂ 'ਅਜਪਾ ਜਪ' ਇਕ ਪ੍ਰਕਾਰ ਦੇ ਮੰਤ੍ਰਯੋਗ ਹੀ ਹਨ), ਲਿਵ ਯੋਗ (ਜਿਸ ਵਿਚ ਚਿੱਤ ਨੂੰ ਕਿਸੇ ਖ਼ਾਸ ਲਕਸ਼ ਉਤੇ ਕੇਂਦ੍ਰਿਤ ਕਰਨ ਨਾਲ ਵਾਸਨਾਵਾਂ ਮਿਟ ਜਾਣ। ਇਸ ਨੂੰ ਲਯਯੋਗ ਅਤੇ ਧਿਆਨ ਯੋਗ ਵੀ ਕਿਹਾ ਜਾਂਦਾ ਹੈ), ਸ਼ਬਦ-ਸੁਰਤਿ ਯੋਗ (ਜਿਸ ਰਾਹੀਂ ਸ਼ਬਦ ਅਤੇ ਸੁਰਤਿ ਦਾ ਸੰਯੋਗ ਹੁੰਦਾ ਹੈ ਅਤੇ ਕਾਲ, ਦਿਸ਼ਾ ਅਤੇ ਕਾਰਜ-ਕਾਰਣ ਦੀਆਂ ਸੀਮਾਵਾਂ ਸ਼ਬਦ ਵਿਚ ਲੀਨ ਹੋ ਜਾਂਦੀਆਂ ਹਨ।), 'ਸਹਿਜ-ਯੋਗ' (ਵੇਖੋ) ਆਦਿ ਦਾ ਉੱਲੇਖ ਵੀ ਕਿਤੇ-ਕਿਤੇ ਮਿਲਦਾ ਹੈ।

ਪਤੰਜਲਿ ਕ੍ਰਿਤ 'ਯੋਗ-ਸੂਤ੍ਰ' ਦੇ ਕੁਲ ਚਾਰ ਪਾਦ ਹਨ। ਪਹਿਲੇ ਪਾਦ ਦਾ ਨਾਂ 'ਸਮਾਧੀ-ਪਾਦ' ਹੈ। ਇਸ ਵਿਚ ਯੋਗ ਦੇ ਲੱਛਣ, ਸਰੂਪ ਅਤੇ ਉਸ ਦੀ ਪ੍ਰਾਪਤੀ ਦੇ ਉਪਾਵਾਂ ਦਾ ਵਰਣਨ ਕੀਤਾ ਗਿਆ ਹੈ। ਨਾਲ ਹੀ ਚਿੱਤ-ਬ੍ਰਿੱਤੀਆਂ ਦੇ ਭੇਦ ਅਤੇ ਲੱਛਣ ਦਸੇ ਗਏ ਹਨ। ਦੂਜੇ ਪਾਦ ਦਾ ਨਾਂ ਹੈ 'ਸਾਧਨ-ਪਾਦ'। ਇਸ ਵਿਚ ਅਵਿਦਿਆ (ਅਗਿਆਨ) ਆਦਿ ਪੰਜ ਕਲੇਸ਼ਾਂ ਨੂੰ ਸਾਰਿਆਂ ਦੁੱਖਾਂ ਦਾ ਕਾਰਣ ਦਸਿਆ ਗਿਆ ਹੈ। ਇਨ੍ਹਾਂ ਦੁੱਖਾਂ ਦਾ ਨਾਸ਼ ਕਰਨ ਲਈ ਕਲੇਸ਼ਾਂ ਨੂੰ ਜੜ੍ਹੋਂ ਪੁਟਣਾ ਬਹੁਤ ਜ਼ਰੂਰੀ ਹੈ ਜਿਸ ਲਈ ਨਿਰਮਲ ਵਿਵੇਕ ਗਿਆਨ ਦੀ ਲੋੜ ਹੈ ਅਤੇ ਇਸ ਗਿਆਨ ਦੀ ਪ੍ਰਾਪਤੀ ਦਾ ਉਪਾ ਅੱਠ ਅੰਗਾਂ ਦੀ ਪਾਲਣਾ ਹੈ। ਇਹ ਅੱਠ ਅੰਗ (ਅਸ਼ਟਾਂਗ) ਹਨ—ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਣਾ, ਧਿਆਨ ਅਤੇ ਸਮਾਧਿ। ਤੀਜੇ ਪਾਦ ਦਾ ਨਾਂ ਹੈ 'ਵਿਭੂਤਿ-ਪਾਦ'। ਇਸ ਵਿਚ ਧਾਰਣਾ, ਧਿਆਨ ਅਤੇ ਸਮਾਧਿ ਇਨ੍ਹਾਂ ਤਿੰਨਾਂ ਦਾ ਸਮੁੱਚਾ ਭਾਵ 'ਸੰਜਮ' ਦਸ ਕੇ ਉਸ ਦੇ ਵੱਖ-ਵੱਖ ਫਲਾਂ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਇਸ ਨੂੰ ਯੋਗ ਦੀ ਸਿੱਧੀ ਅਤੇ ਵਿਭੂਤੀ ਵੀ ਕਹਿੰਦੇ ਹਨ। ਪਰ ਇਨ੍ਹਾਂ ਸਿੱਧੀਆਂ ਦੇ ਲੋਭ ਵਿਚ ਨਾ ਪੈਣ ਲਈ ਸਾਧਕ ਨੂੰ ਚਿਤਾਵਨੀ ਵੀ ਕੀਤੀ ਗਈ ਹੈ। ਚੌਥੇ ਪਾਦ ਦਾ ਨਾਂ 'ਕੈਵਲ੍ਯ-ਪਾਦ' ਹੈ। ਇਸ ਵਿਚ ਕੈਵਲ੍ਯ ਪ੍ਰਾਪਤ ਕਰਨ ਯੋਗ ਚਿੱਤ ਦਾ ਸਰੂਪ ਚਿੱਤਰਿਆ ਗਿਆ ਹੈ ਅਤੇ ਯੋਗ-ਦਰਸ਼ਨ ਸੰਬੰਧੀ ਪੈਦਾ ਹੋਣ ਵਾਲੇ ਸ਼ੰਕਿਆਂ ਦਾ ਨਿਵਾਰਣ ਕੀਤਾ ਗਿਆ ਹੈ। ਕਲੇਸ਼ ਅਤੇ ਕਰਮਾਂ ਦਾ ਅਭਾਵ ਅਤੇ ਪੁਨਰ-ਜਨਮ ਦੀ ਸਮਾਪਤੀ ਆਦਿ ਗੱਲਾਂ 'ਤੇ ਪ੍ਰਕਾਸ਼ ਪਾ ਕੇ ਕੈਵਲ੍ਯ ਦਾ ਸਰੂਪ ਵੀ ਉਘਾੜਿਆ ਗਿਆ ਹੈ।

ਯੋਗ-ਦਰਸ਼ਨ ਈਸ਼ਵਰ ਤੱਤ੍ਵ ਵਿਚ ਵਿਸ਼ਵਾਸ ਰਖਦਾ ਹੈ। ਈਸ਼ਵਰ ਸਨਾਤਨ,

ਆਪਣੇ ਆਪ 'ਤੇ ਨਿਰਭਰ, ਪੁਰਸ਼ ਅਤੇ ਪ੍ਰਕ੍ਰਿਤੀ ਤੋਂ ਵੱਖ ਇਕ ਸੁਤੰਤਰ ਅਤੇ ਨਿੱਤ ਤੱਤ੍ਵ ਹੈ। ਉਸ ਨੂੰ ਇਕ ਵਿਸ਼ੇਸ਼ ਪੁਰਸ਼ ਵੀ ਕਿਹਾ ਜਾ ਸਕਦਾ ਹੈ। ਉਹ ਨਾ ਕਲੇਸ਼ ਭੋਗਦਾ ਹੈ, ਅਤੇ ਨਾ ਕੋਈ ਕਰਮ ਕਰਦਾ ਹੈ; ਉਹ ਸਦਾ ਮੁਕਤ ਅਤੇ ਅਸਾਧਾਰਣ ਤੇ ਅਨੰਤ ਸ਼ਕਤੀ ਵਾਲਾ ਪਰਮ-ਪੁਰਸ਼ ਹੈ। ਆਦਿ ਕਰਤਾ ਕੇਵਲ ਇਕ ਪਰਮੇਸ਼ਵਰ ਹੈ, ਬਾਕੀ ਦੇਵ ਉਸ ਦੇ ਅਧੀਨ ਹਨ। ਜੋ ਸਾਧਕ ਆਪਣੇ ਆਪ ਨੂੰ ਪਰਮੇਸ਼ਵਰ ਅਗੇ ਅਰਪਣ ਕਰਦਾ ਹੈ, ਉਸ ਦੇ ਸਾਧਨਾ-ਮਾਰਗ ਦੇ ਸਾਰੇ ਔਖ ਕਟ ਜਾਂਦੇ ਹਨ ਅਤੇ ਪਰਮੇਸ਼ਵਰ ਦੀ ਕ੍ਰਿਪਾ ਨਾਲ ਉਸ ਨੂੰ ਜਲਦੀ ਕੈਵਲ੍ਯ ਪ੍ਰਾਪਤ ਹੋ ਜਾਂਦਾ ਹੈ। ਈਸ਼ਵਰ ਪੁਰਸ਼ ਅਤੇ ਪ੍ਰਕ੍ਰਿਤੀ ਦੇ ਸੰਯੋਗ ਨਾਲ ਪ੍ਰਕ੍ਰਿਤੀ ਦੇ ਪਰਿਣਾਮ ਨੂੰ ਨਿਯੰਤ੍ਰਿਤ ਕਰਦਾ ਹੈ। ਇਸ ਮਤ ਅਨੁਸਾਰ ਭ੍ਰਾਂਤੀਆਂ ਤੋਂ ਰਹਿਤ ਸ਼ਰੁਤੀ (ਵੇਦ) ਦਾ ਕਰਤਾ ਅਲਪੱਗ ਜੀਵ ਨਹੀਂ ਹੋ ਸਕਦਾ, ਉਹ ਕਰਤਾ ਕੇਵਲ ਸਰਬੱਗ ਈਸ਼ਵਰ ਹੀ ਹੋ ਸਕਦਾ ਹੈ। ਸ਼ਰੁਤੀ ਚੂੰਕਿ ਪ੍ਰਮਾਣ ਹੈ, ਇਸ ਲਈ ਇਸ ਪ੍ਰਮਾਣ ਦੀ ਸਹਾਇਤਾ ਨਾਲ ਯੋਗ-ਸ਼ਾਸਤ੍ਰਕਾਰ ਈਸ਼ਵਰ ਦੀ ਸੱਤਾ ਨੂੰ ਸਿੱਧ ਕਰਦਾ ਹੈ।

ਯੋਗ-ਦਰਸ਼ਨ ਮੁੱਖ ਤੌਰ ਤੇ ਨੀਤੀ-ਸ਼ਾਸਤ੍ਰ ਹੈ ਅਤੇ ਇਸ ਦਾ ਦਾਰਸ਼ਨਿਕ ਆਧਾਰ ਸਾਂਖ੍ਯ-ਦਰਸ਼ਨ (ਵੇਖੋ) ਹੈ। ਇਨ੍ਹਾਂ ਦੋਹਾਂ ਮਤਾਂ ਵਿਚ ਦੂਰ ਤਕ ਸਮਾਨਤਾ ਹੈ। ਪਰ ਕੁਝ ਅੰਤਰ ਵੀ ਹਨ। ਸਾਂਖ੍ਯ ਈਸ਼ਵਰ ਦੀ ਸੱਤਾ ਨੂੰ ਨਹੀਂ ਮੰਨਦਾ, ਜਦ ਕਿ ਯੋਗ ਈਸ਼ਵਰ ਦੀ ਸੱਤਾ ਸਵੀਕਾਰ ਕਰਦਾ ਹੈ।ਸਾਂਖ੍ਯ 25 ਤੱਤ੍ਵ ਮੰਨਦਾ ਹੈ ਅਤੇ ਯੋਗ 26। ਪੁਰਸ਼, ਪ੍ਰਕ੍ਰਿਤੀ ਅਤੇ ਈਸ਼ਵਰ ਇਹ ਤਿੰਨ ਪ੍ਰਧਾਨ ਅਤੇ ਨਿੱਤ ਤੱਤ੍ਵ ਹਨ ਅਤੇ ਬਾਕੀ ਦੇ 23 ਅਨਿੱਤ ਅਤੇ ਅਪ੍ਰਧਾਨ ਹਨ। ਸਾਂਖ੍ਯ ਕੇਵਲ ਵਿਵੇਕ-ਗਿਆਨ ਦੁਆਰਾ ਮੋਖ ਸੰਭਵ ਮੰਨਦਾ ਹੈ, ਪਰ ਯੋਗ ਵਿਵੇਕ-ਗਿਆਨ ਦੀ ਲੋੜ ਦੇ ਨਾਲ-ਨਾਲ ਮੋਕਸ਼ ਪ੍ਰਾਪਤੀ ਲਈ ਕਰਮ-ਯੋਗ ਜਾਂ ਸਾਧਨਾ ਦਾ ਵੀ ਮਹੱਤਵ ਦਸਦਾ ਹੈ ਅਤੇ ਇਸ ਤਰ੍ਹਾਂ ਅਸ਼ਟਾਂਗ ਯੋਗ ਦੇ ਰੂਪ ਵਿਚ ਇਕ ਵਿਸ਼ੇਸ਼ ਕਰਮ ਮਾਰਗ ਦਸਿਆ ਗਿਆ ਹੈ ਜਿਸ ਦਾ ਅੰਤਿਮ ਅੰਗ ਸਮਾਧੀ ਹੈ ਅਤੇ ਜਿਸ ਰਾਹੀਂ ਆਤਮ-ਸਾਖਿਆਤ-ਕਾਰ ਹੁੰਦਾ ਹੈ। ਇਸ ਤਰ੍ਹਾਂ ਸਾਂਖ੍ਯ ਗਿਆਨ ਪ੍ਰਧਾਨ ਅਤੇ ਯੋਗ ਕਰਮ-ਪ੍ਰਧਾਨ ਦਰਸ਼ਨ ਹਨ। ਯੋਗ ਦੇ ਕਰਮ-ਮਾਰਗ ਦੇ ਮਹੱਤਵ ਪ੍ਰਤਿ ਕੋਈ ਦਰਸ਼ਨ ਵੀ ਅਵੇਸਲਾ ਨਹੀਂ ਹੋ ਸਕਦਾ, ਇਸ ਲਈ ਯੋਗ-ਦਰਸ਼ਨ ਦਾ ਬਾਕੀ ਸਾਰੇ ਦਰਸ਼ਨਾਂ ਉਤੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵ ਪ੍ਰਤੀਤ ਹੁੰਦਾ ਹੈ।

ਵਿਵੇਕ-ਗਿਆਨ ਦੇ ਪ੍ਰਾਪਤ ਹੋਣ 'ਤੇ ਜੀਵ ਯੋਗ-ਸਾਧਨਾ ਰਾਹੀਂ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਚਿੱਤ ਨਾਲ ਸੰਯੋਗ ਆਤਮਾ ਦੇ ਬੰਧਨ ਦਾ ਕਾਰਣ ਹੈ। ਵਿਵੇਕ-ਗਿਆਨ ਅਤੇ ਯੋਗ-ਸਾਧਨਾ ਨਾਲ ਚਿੱਤ-ਵ੍ਰਿੱਤੀ ਰੁਕ (ਸਥਿਰ ਹੋ) ਜਾਂਦੀ ਹੈ। ਫਲਸਰੂਪ ਚਿੱਤ ਅਤੇ ਆਤਮਾ ਦਾ ਸੰਯੋਗ ਨਸ਼ਟ ਹੋ ਜਾਂਦਾ ਹੈ, ਸੰਯੋਗ ਦੇ ਨਸ਼ਟ ਹੋਣ ਨਾਲ ਆਤਮਾ ਆਪਣੇ ਮੂਲ ਰੂਪ ਵਿਚ ਸਥਿਤ ਹੋ ਜਾਂਦੀ ਹੈ।

ਸਾਂਖ੍ਯ ਮਤ ਵਾਂਗ ਹੀ ਯੋਗ ਵਿਚ ਮੋਕਸ਼ ਅਵਸਥਾ ਸੁਖ ਜਾਂ ਆਨੰਦ ਦੀ ਅਵਸਥਾ ਨਹੀਂ ਹੈ; ਇਹ ਇਕ ਚਿਰ-ਦੁਖ-ਨਿਵ੍ਰਿੱਤੀ ਦੀ ਅਵਸਥਾ ਹੈ। ਆਤਮਾ ਚਿੱਤ ਨਾਲ ਸੰਯੁਕਤ ਹੋ ਕੇ ਅਗਿਆਨਵਸ ਆਪਣੇ ਆਪ ਨੂੰ ਕਰਤਾ ਅਤੇ ਭੋਗਤਾ ਸਮਝਣ ਲਗ

ਜਾਂਦੀ ਹੈ, ਇਹੀ ਆਤਮਾ ਦੀ ਬੱਧ (ਬੰਨ੍ਹੀ ਹੋਈ) ਅਵਸਥਾ ਹੈ। ਇਸ ਅਵਸਥਾ ਵਿਚ ਆਤਮਾ ਪੰਜ ਕਲੇਸ਼ਾਂ ਨਾਲ ਘਿਰ ਜਾਂਦੀ ਹੈ; ਇਹ ਪੰਜ ਕਲੇਸ਼ ਹਨ – ਅਵਿਦਿਆ (ਅਗਿਆਨ), ਅਸ੍ਮਿਤਾ (ਦੇਹ, ਧਨ ਦੀ ਹਉਮੈਂ), ਰਾਗ (ਪਦਾਰਥਾਂ ਵਿਚ ਪ੍ਰੇਮ), ਦ੍ਵੇਸ਼ (ਵੈਰ ਵਿਰੋਧ), ਅਤੇ ਅਭਿਨਿਵੇਸ਼ (ਨਾ ਕਰਨ ਯੋਗ ਕੰਮਾ ਨੂੰ ਹਠ-ਪੂਰਵਕ ਕਰਨਾ ਅਤੇ ਮੌਤ ਤੋਂ ਡਰਨਾ)। ਅਵਿਦਿਆ ਹੀ ਇਨ੍ਹਾਂ ਕਲੇਸ਼ਾਂ ਦੀ ਜਨਨੀ ਹੈ। ਇਨ੍ਹਾਂ ਕਲੇਸ਼ਾਂ ਨੂੰ ਅਸ਼ਟਾਂਗਾਂ ਰਾਹੀਂ ਮੂਲੋਂ ਖ਼ਤਮ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਸਮਾਧੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਹੀ ਯੋਗ-ਸਿੱਧੀ ਹੈ।

ਰ

ਰਸਾਲੂ, ਰਾਜਾ : ਇਹ 'ਸਾਲਿਬਾਹਨ' (ਵੇਖੋ) ਦਾ ਪੁੱਤਰ ਅਤੇ ਪੂਰਨ ਭਗਤ ਦਾ ਭਰਾ ਸੀ। ਇਸ ਦੇ ਨਾਂ ਨਾਲ ਕਈ ਲੋਕ-ਕਥਾਵਾਂ ਪ੍ਰਸਿੱਧ ਹਨ। ਇਸ ਦੇ ਜੀਵਨ ਦੀ ਸਭ ਤੋਂ ਅਧਿਕ ਪ੍ਰਸਿੱਧ ਘਟਨਾ ਕੋਕਿਲਾਂ ਨੂੰ ਆਪਣੀ ਰਾਣੀ ਬਣਾਉਣਾ ਹੈ। ਕੋਕਿਲਾਂ ਰਾਜਾ ਸਿਰਕਪ ਦੀ ਸਭ ਤੋਂ ਛੋਟੀ ਧੀ ਸੀ।

'ਸਿਰਕਪ' ਦਾ ਇਹ ਨਾਂ ਕਿਉਂ ਪਿਆ, ਇਸ ਬਾਰੇ ਦੰਦ-ਕਥਾ ਹੈ ਕਿ ਉਹ ਸਿਰਾਂ ਦੀ ਬਾਜ਼ੀ ਲਗਾ ਕੇ ਹੋਰਨਾਂ ਰਾਜਿਆਂ ਨਾਲ ਸ਼ਤਰੰਜ ਖੇਡਦਾ ਸੀ ਅਤੇ ਧੋਖੇ ਨਾਲ ਉਨ੍ਹਾਂ ਨੂੰ ਹਰਾ ਕੇ ਮਾਰ ਦਿੰਦਾ ਸੀ। ਜਦੋਂ ਇਸ ਗੱਲ ਦਾ ਪਤਾ ਰਸਾਲੂ ਨੂੰ ਲਗਾ ਤਾਂ ਉਹ ਰਾਜਾ ਸਿਰਕਪ ਦੇ ਨਗਰ ਵਿਚ ਜਾ ਪਹੁੰਚਿਆ ਅਤੇ ਸਿਰ ਦੀ ਬਾਜ਼ੀ ਲਗਾ ਕੇ ਸ਼ਤਰੰਜ ਖੇਡਣ ਲਗਾ। ਇਸ ਘਟਨਾ ਵਲ ਹੀਰ-ਵਾਰਿਸ ਵਿਚ ਸੰਕੇਤ ਹੈ –'ਸਿਰਕਪ ਰਸਾਲੂ ਨੂੰ ਵਖਤ ਪਾਇਆ, ਘਤ ਮਕਰ ਦੇ ਰੋਲਿਆ ਰਾਲਿਆਂ ਨੂੰ।'

ਰਸਾਲੂ ਨੇ ਬੜੀ ਸਿਆਣਪ ਨਾਲ ਸਿਰਕਪ ਦੀ ਚਾਲ ਨੂੰ ਅਸਫਲ ਕਰਕੇ ਬਾਜ਼ੀ ਜਿੱਤ ਲਈ। ਰਸਾਲੂ ਨੇ ਸਿਰਕਪ ਨੂੰ ਮਾਰਨਾ ਚਾਹਿਆ, ਪਰ ਉਸ ਦੀਆਂ ਰਾਣੀਆਂ ਦੀ ਚੀਖ਼-ਪੁਕਾਰ ਸੁਣ ਕੇ ਬਖ਼ਸ਼ ਦਿੱਤਾ। ਸਿਰਕਪ ਨੇ ਆਪਣੀ ਸਭ ਤੋਂ ਛੋਟੀ ਪੁੱਤਰੀ ਕੋਕਿਲਾਂ, ਜੋ ਹਾਲੀ ਉਦੋਂ ਹੀ ਜੰਮੀ ਸੀ, ਦਾ ਵਿਆਹ ਰਸਾਲੂ ਨਾਲ ਕਰ ਦਿੱਤਾ। ਰਾਜੇ ਨੇ ਖ਼ੈਰਾਮੂਰਤੀ ਵਿਚ ਕੋਕਿਲਾਂ ਲਈ ਬਹੁਤ ਸੁੰਦਰ ਮਹੱਲ ਬਣਵਾਇਆ। ਜਦੋਂ ਕੋਕਿਲਾਂ ਭਰ-ਜਵਾਨ ਹੋਈ ਤਾਂ ਉਦੋਂ ਤਕ ਰਸਾਲੂ ਬਿਰਧ ਹੋ ਚੁਕਿਆ ਸੀ। ਇਕ ਵਾਰ ਕੋਕਿਲਾਂ ਰਾਜੇ ਨਾਲ ਹਿਰਨ ਦੇ ਸ਼ਿਕਾਰ 'ਤੇ ਗਈ। ਹਿਰਨਾਂ ਦੇ ਸਰਦਾਰ ਹੀਰੇ ਹਿਰਨ ਨੂੰ ਕੋਕਿਲਾਂ ਦੇ ਰੋਕਣ ਦੇ ਬਾਵਜੂਦ, ਰਸਾਲੂ ਨੇ ਤੀਰ ਨਾਲ ਜ਼ਖ਼ਮੀ ਕਰ ਦਿੱਤਾ।

ਹੀਰੇ ਹਿਰਨ ਨੇ ਹੋਡੀ ਦਾ ਬਾਗ਼ ਉਜਾੜ ਦਿੱਤਾ ਅਤੇ ਉਸ ਨੂੰ ਧੋਖੇ ਨਾਲ ਆਪਣੇ ਪਿਛੇ-ਪਿਛੇ ਉਸ ਮਹੱਲ ਤਕ ਲੈ ਆਇਆ ਜਿਥੇ ਕੋਕਿਲਾਂ ਰਹਿੰਦੀ ਸੀ। ਜਵਾਨ ਹੋਡੀ ਨੇ ਕੋਕਿਲਾਂ ਦੀ ਕਾਮ-ਭਾਵਨਾ ਉਕਸਾ ਕੇ ਉਸ ਨਾਲ ਸੰਯੋਗ ਕੀਤਾ। ਹੀਰ-ਵਾਰਿਸ ਵਿਚ ਇਸ ਪ੍ਰਸੰਗ ਵਲ ਸੰਕੇਤ ਹੈ—'ਤੇਥੋਂ ਵਲ ਹੈ ਰੰਨਾਂ ਵਲਾਵਣੇ ਦਾ, ਰਾਣੀ ਕੋਕਿਲਾਂ ਮਹਿਲ੍ਹਾਂ ਤੋਂ ਲਾਹ ਲਿਆਵੀਂ।'

ਸ਼ਿਕਾਰ 'ਤੇ ਗਏ ਰਾਜੇ ਰਸਾਲੂ ਨੂੰ ਪਾਲਤੂ ਤੋਤੇ ਨੇ ਸਾਰੀ ਗੱਲ ਜਾ ਦਸੀ। ਰਸਾਲੂ ਨੇ ਧੋਖੇ ਨਾਲ ਹੋਡੀ ਨੂੰ ਸ਼ੈਰਾਮੂਰਤੀ ਵਿਚ ਬੁਲਾ ਕੇ ਮਾਰ ਦਿੱਤਾ ਅਤੇ ਉਸ ਦਾ ਮਾਸ ਰਿੰਨ੍ਹ ਕੇ ਕੋਕਿਲਾਂ ਨੂੰ ਖਵਾਇਆ। ਜਦੋਂ ਕੋਕਿਲਾਂ ਨੂੰ ਹੋਡੀ ਦੇ ਮਾਰੇ ਜਾਣ ਅਤੇ ਉਸ ਦੇ ਮਾਸ ਨੂੰ ਰਿੰਨ੍ਹ ਕੇ ਖਵਾਉਣ ਵਾਲੀ ਗੱਲ ਦਾ ਪਤਾ ਲਗਾ ਤਾਂ ਉਸ ਨੇ ਮਹੱਲ ਉਪਰੋਂ ਛਾਲ ਮਾਰ ਕੇ ਪ੍ਰਾਣ ਤਿਆਗ ਦਿੱਤੇ। ਇਸ ਲੋਕ-ਵਾਰਤਾ ਵਿਚ ਬਿਰਧ ਅਵਸਥਾ ਵਿਚ ਕਿਸੇ ਦੇ ਜਵਾਨ ਇਸਤਰੀ ਨਾਲ ਵਿਆਹ ਕਰਨ ਤੋਂ ਪੈਦਾ ਹੋਏ ਤਨਾਉ ਦੇ ਭਾਵ ਦੀ ਤਸਵੀਰਕਸ਼ੀ ਕੀਤੀ ਗਈ ਹੈ।

ਰਸੂਲ : ਵੇਖੋ 'ਨੱਬੀ'।

ਰਹਿਰਾਸ, ਬਾਣੀ : ਨਿੱਤ-ਪਾਠ ਦੀ ਇਕ ਬਾਣੀ ਜਿਸ ਵਿਚ ਵੱਖ-ਵੱਖ ਗੁਰੂ ਸਾਹਿਬਾਨ ਦੇ ਸ਼ਬਦ ਸ਼ਾਮਲ ਕੀਤੇ ਗਏ ਹਨ। ਇਸ ਦਾ ਪਾਠ ਸੰਝ ਵੇਲੇ ਕੀਤਾ ਜਾਂਦਾ ਹੈ। ਇਸ ਵਿਚ ਸੋਦਰੁ, ਸੋਪੁਰਖੁ, ਬੇਨਤੀ-ਚੌਪਈ, 'ਅਨੰਦੁ ਬਾਣੀ' ਦੀਆਂ ਪਹਿਲੀਆਂ ਪੰਜ ਅਤੇ ਆਖੀਰਲੀ ਪਉੜੀ ਅਤੇ ਮੁੰਦਾਵਣੀ ਆਦਿ ਸ਼ਬਦ ਇਕੱਠੇ ਕੀਤੇ ਹੋਏ ਹਨ। ਬਾਣੀ ਦੇ ਗੁਟਕਿਆਂ ਵਿਚ ਸ਼ਬਦਾਂ ਦੀ ਵਧ-ਘਟ ਗਿਣਤੀ ਵੀ ਮਿਲਦੀ ਹੈ। ਇਸ ਦਾ ਇਹ ਸਰੂਪ ਕਿਸੇ ਗੁਰੂ ਦੁਆਰਾ ਪ੍ਰਵਾਨਿਤ ਨਹੀਂ ਸਗੋਂ ਧਰਮੀ ਸਿੱਖਾਂ ਦੇ ਉੱਦਮ ਅਤੇ ਸੋਚ ਦਾ ਫਲ ਹੈ।

ਸੰਝ ਵੇਲੇ ਰਹਿਰਾਸ ਦਾ ਪਾਠ ਕਰਨ ਦੀ ਪ੍ਰਥਾ ਗੁਰੂ ਅਰਜਨ ਨੇ ਚਲਾਈ ਪ੍ਰਤੀਤ ਹੁੰਦੀ ਹੈ। ਉਦੋਂ ਇਸ ਨੂੰ 'ਸੋਦਰੁ' ਨਾਂ ਨਾਲ ਯਾਦ ਕੀਤਾ ਜਾਂਦਾ ਸੀ, ਜਿਵੇਂ 'ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ' (ਭਾਈ ਗੁਰਦਾਸ—6/3)। ਉਦੋਂ ਇਸ ਵਿਚ ਕੇਵਲ ਦੋ ਸ਼ਬਦ-ਜੁੱਟ ਸਨ। ਇਕ ਜੁੱਟ ਦਾ ਨਾਂ 'ਸੋਦਰੁ' ਸੀ ਅਤੇ ਦੂਜੇ ਦਾ 'ਸੋਪੁਰਖੁ'। 'ਸੋਦਰੁ' ਜੁੱਟ ਵਿਚ ਪੰਜ ਸ਼ਬਦ ਹਨ, ਜਿਨ੍ਹਾਂ ਵਿਚੋਂ ਪਹਿਲੇ ਤਿੰਨ ਗੁਰੂ ਨਾਨਕ ਦੇਵ ਦੇ, ਚੌਥਾ ਗੁਰੂ ਰਾਮਦਾਸ ਦਾ ਅਤੇ ਪੰਜਵਾਂ ਗੁਰੂ ਅਰਜਨ ਦੇਵ ਦਾ ਹੈ। 'ਸੋਪੁਰਖੁ' ਜੁੱਟ ਦੇ ਚਾਰ ਸ਼ਬਦਾ ਵਿਚੋਂ ਪਹਿਲਾ ਅਤੇ ਦੂਜਾ ਸ਼ਬਦ ਗੁਰੂ ਰਾਮਦਾਸ ਦੀ ਰਚਨਾ ਹੈ, ਤੀਜਾ ਗੁਰੂ ਨਾਨਕ ਦੇਵ ਦਾ ਹੈ ਅਤੇ ਚੌਥਾ ਗੁਰੂ ਅਰਜਨ ਦੇਵ ਦਾ ਲਿਖਿਆ ਹੈ। ਇਹ ਸ਼ਬਦ ਸਮੁੱਚ ਗੁਰੂ ਗ੍ਰੰਥ ਸਾਹਿਬ ਵਿਚ 'ਜਪੁ' ਬਾਣੀ ਤੋਂ ਬਾਦ ਸੰਕਲਿਤ ਹੈ। ਸਪੱਸ਼ਟ ਹੈ ਕਿ ਉਦੋਂ ਤਕ 'ਰਹਿਰਾਸ' ਦਾ ਪਾਠ ਇਨ੍ਹਾਂ ਸ਼ਬਦਾਂ ਤਕ ਹੀ ਸੀਮਿਤ ਸੀ।

ਰਕਤਬੀਜ : ਵੇਖੋ 'ਸ਼੍ਰੋਣਵਤਬੀਜ'।

ਰਖੜੀ : ਸਾਉਣ ਦੀ ਪੂਰਨਮਾਸ਼ੀ ਨੂੰ ਮੰਨਾਇਆ ਜਾਣ ਵਾਲਾ ਇਹ ਤਿਉਹਾਰ 'ਰਾਖੀ' ਜਾਂ 'ਰਕਸ਼ਾ-ਬੰਧਨ' ਦੇ ਨਾਂ ਨਾਲ ਵੀ ਪ੍ਰਸਿੱਧ ਹੈ। ਪ੍ਰਾਚੀਨ ਕਾਲ ਵਿਚ ਪੁਰੋਹਿਤਾਂ ਵੱਲੋਂ ਕੀਤਾ ਜਾਣ ਵਾਲਾ ਇਹ ਇਕ ਅਸੀਸ-ਪ੍ਰਧਾਨ ਕਰਮ ਹੈ। ਇਸ ਦਿਨ ਬ੍ਰਾਹਮਣ ਲੋਕ ਆਪਣੇ ਜਜਮਾਨਾਂ ਦੇ ਸੱਜੇ ਹੱਥ ਵਿਚ ਰਖਿਆ-ਸੂਤਰ ਬੰਨ੍ਹਦੇ ਸਨ। ਇਹ ਇਕ ਪ੍ਰਕਾਰ ਦਾ ਧਰਮ-ਬੰਧਨ ਸੀ। ਇਸ ਦੇ ਪਿਛੋਕੜ ਵਿਚ ਇਹ ਭਾਵਨਾ ਰਹੀ ਪ੍ਰਤੀਤ ਹੁੰਦੀ ਹੈ ਕਿ ਬ੍ਰਾਹਮਣਾਂ ਦਾ ਕੰਮ ਪੂਜਾ-ਪਾਠ ਅਤੇ ਯੱਗ ਕਰਨਾ ਸੀ, ਜਦ ਕਿ ਛਤਰੀਆਂ ਦਾ ਧਰਮ ਯੁੱਧ ਕਰਨਾ ਜਾਂ ਰਖਿਆ ਕਰਨਾ ਸੀ। ਬ੍ਰਾਹਮਣ ਲੋਕ

ਜਜਮਾਨਾਂ ਨੂੰ ਸੂਤਰ ਦਾ ਗਾਨਾ ਬੰਨ੍ਹ ਕੇ ਉਨ੍ਹਾਂ ਤੋਂ ਆਪਣੀ ਰਖਿਆ ਦੀ ਆਸ ਕਰਦੇ ਸਨ।

ਗਿਆਨੀ ਗੁਰਦਿਤ ਸਿੰਘ ਅਨੁਸਾਰ ਪੰਡਿਤ ਲੋਕ ਇਸ ਦਾ ਮੁੱਢ ਇੰਦਰ ਦੇਵਤਾ ਤੋਂ ਬੁੱਝਾ ਸੁਣਾ ਕੇ ਆਪਣੇ ਜਜਮਾਨ ਵਿਚ ਸੁੱਤੀ ਹੋਈ ਵੀਰਤਾ ਜਗਾਉਂਦੇ ਸਨ। ਕਿਹਾ ਜਾਂਦਾ ਹੈ ਕਿ ਇੰਦਰ ਦੇਵਤਾ ਰਾਖਸ਼ਾਂ ਨਾਲ ਲੜਦਾ ਹੋਇਆ ਹਾਰ ਗਿਆ। ਦੂਜੇ ਦਿਨ ਰਕਸ਼ਾ-ਬੰਧਨ ਦਾ ਦਿਨ ਸੀ। ਇੰਦਰਾਣੀ ਨੇ ਬ੍ਰਾਹਮਣਾਂ ਕੋਲੋਂ ਜਾਪ ਕਰਵਾ ਕੇ ਇੰਦਰ ਦਾ ਰਕਸ਼ਾ ਬੰਧਨ ਕੀਤਾ ਅਤੇ ਯੁੱਧ ਨੂੰ ਭੇਜਿਆ। ਇੰਦਰ ਦੀ ਜਿੱਤ ਹੋਈ।

ਪਰ ਮੱਧ-ਯੁਗ ਦੀਆਂ ਇਤਿਹਾਸਿਕ ਪਰਿਸਥਿਤੀਆਂ ਨੇ ਪਰੰਪਰਾਗਤ ਰਕਸ਼ਾ-ਬੰਧਨ ਦਾ ਸਰੂਪ ਅਤੇ ਮਹੱਤਵ ਬਦਲ ਦਿੱਤਾ। ਇਕ ਤਾਂ ਇਸ ਕਰਕੇ ਕਿ ਸਾਰਾ ਦੇਸ਼ ਨਿੱਕੀਆਂ-ਨਿੱਕੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਨਿੱਤ ਕੋਈ ਨਾ ਕੋਈ ਸਾਮੰਤੀ ਭੇੜ ਹੁੰਦਾ ਰਹਿੰਦਾ ਸੀ। ਉਦੋਂ ਯੁੱਧਾਂ ਵਿਚ ਭੈਣਾਂ ਆਪਣੇ ਭਰਾਵਾਂ ਨੂੰ ਵੀਰ ਯੋਧਾ ਦਾ ਕਰਮ ਕਰਨ ਲਈ ਗਾਨਾ ਬੰਨ੍ਹ ਕੇ ਤੋਰਦੀਆਂ ਸਨ। ਦੂਜਾ ਇਸ ਕਰਕੇ ਕਿ ਵਿਦੇਸ਼ੀ ਆਕ੍ਰਮਣਾਂ ਕਰਕੇ ਇਸਤਰੀਆਂ ਦੀ ਮਰਯਾਦਾ ਅਤੇ ਸ਼ੀਲ ਸੰਕਟ ਵਿਚ ਪੈ ਗਏ ਸਨ। ਇਸ ਲਈ ਭੈਣਾਂ ਆਪਣੇ ਭਰਾਵਾਂ ਨੂੰ ਸਾਉਣ ਦੀ ਪੂਰਣਮਾਸ਼ੀ ਨੂੰ ਇਕ ਸੂਤਰ ਜਾਂ ਗਾਨਾ ਬੰਨ੍ਹ ਕੇ ਆਪਣੀ ਰਖਿਆ ਲਈ ਧਰਮ-ਬੱਧ ਕਰਦੀਆਂ ਸਨ। ਇਹੀ ਕਾਰਣ ਹੈ ਕਿ ਪੰਜਾਬ ਵਿਚ ਭਰਾ ਨੂੰ 'ਵੀਰ' ਕਿਹਾ ਜਾਣ ਲਗਿਆ। ਮੁਸਲਮਾਨ ਹਾਕਮਾਂ ਵਲੋਂ ਰਾਜਪੂਤ ਰਾਜਿਆਂ ਨਾਲ ਮਿੱਤਰਤਾ ਦਾ ਸੰਬੰਧ ਕਾਇਮ ਕਰਨ ਲਈ ਉਨ੍ਹਾਂ ਦੀਆਂ ਰਾਣੀਆਂ ਤੋਂ ਰਖੜੀ ਬੰਨ੍ਹਾਉਣ ਦੇ ਪ੍ਰਸੰਗ ਇਤਿਹਾਸ ਵਿਚ ਮਿਲਦੇ ਹਨ। ਪਰ ਹੁਣ ਰਖੜੀ ਬੰਨ੍ਹਣਾ ਇਕ ਰਵਾਜ ਜਿਹਾ ਬਣ ਗਿਆ ਹੈ। ਅਨੇਕ ਤਰ੍ਹਾਂ ਦੀਆਂ ਬਣੀਆਂ ਰਖੜੀਆਂ ਬਾਜ਼ਾਰਾਂ ਵਿਚੋਂ ਖ਼ਰੀਦ ਕੇ ਭੈਣਾਂ ਆਪਣੇ ਸਕੇ ਜਾਂ ਮੂੰਹ-ਬੋਲੇ ਭਰਾਵਾਂ ਨੂੰ ਬੰਨ੍ਹਦੀਆਂ ਹਨ ਅਤੇ ਭਰਾ ਆਪਣੀ ਹੈਸੀਅਤ ਅਨੁਸਾਰ ਭੈਣਾਂ ਨੂੰ ਕੁਝ ਭੇਟਾ ਵੀ ਦਿੰਦੇ ਹਨ।

ਰਘੂ, ਰਾਜਾ : ਅਯੋਧਿਆ ਦਾ ਇਕ ਪ੍ਰਤਾਪੀ ਸੂਰਜਵੰਸ਼ੀ ਰਾਜਾ ਜਿਸ ਦਾ ਜਨਮ ਇਕ੍ਸ਼ਵਾਕੂ ਖ਼ਾਨਦਾਨ ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਦਲੀਪ ਅਤੇ ਮਾਤਾ ਦਾ ਨਾਂ ਸੁਦਕ੍ਸ਼ਿਣਾ ਸੀ। ਜਦੋਂ ਦਲੀਪ ਨੇ ਅਸ਼ੂਮੇਧ ਯੱਗ ਕੀਤਾ ਤਾਂ ਯੱਗ ਦੇ ਘੋੜੇ ਦੀ ਰਖਿਆ ਦੀ ਜ਼ਿੰਮੇਵਾਰੀ ਰਘੂ ਉਤੇ ਪਾਈ ਗਈ। ਉਸ ਘੋੜੇ ਨੂੰ ਚਾਲਾਕੀ ਨਾਲ ਇੰਦਰ ਚੁਰਾ ਕੇ ਲੈ ਗਿਆ। ਰਘੂ ਨੇ ਇੰਦਰ ਨਾਲ ਘੋਰ ਯੁੱਧ ਕਰਕੇ ਘੋੜਾ ਵਾਪਸ ਲਿਆਉਂਦਾ। ਦਲੀਪ ਤੋਂ ਬਾਦ ਰਘੂ ਰਾਜਾ ਬਣਿਆ ਅਤੇ ਹਰ ਪਾਸੇ ਸ਼ਾਂਤੀ ਸਥਾਪਿਤ ਕੀਤੀ। ਚਹੁੰਆਂ ਦਿਸ਼ਾਵਾਂ ਉਤੇ ਪ੍ਰਭੁਤਾ ਸਥਾਪਿਤ ਕਰਨ ਉਪਰੰਤ ਇਸ ਨੇ ਕੁਬੇਰ ਉਤੇ ਵੀ ਹਮਲਾ ਕੀਤਾ ਅਤੇ ਉਸ ਤੋਂ 14 ਕਰੋੜ ਸੋਨੇ ਦੀਆਂ ਮੋਹਰਾਂ ਪ੍ਰਾਪਤ ਕੀਤੀਆਂ। ਫਿਰ ਇਸ ਨੇ ਵਿਸ਼ਵਜਿਤ ਨਾਂ ਦਾ ਮਹਾਯੱਗ ਕਰਕੇ ਸਾਰਾ ਧਨ-ਮਾਲ ਬ੍ਰਾਹਮਣਾਂ ਵਿਚ ਵੰਡ ਦਿੱਤਾ।

ਇਸ ਦੇ ਘਰ ਵਿਚ 'ਅਜ' ਪੈਦਾ ਹੋਇਆ ਅਤੇ ਅਜ ਦੇ ਘਰ ਦਸ਼ਰਥ ਦਾ ਜਨਮ ਹੋਇਆ। ਇਸ ਤਰ੍ਹਾਂ ਇਹ ਸ੍ਰੀ ਰਾਮ ਚੰਦਰ ਦਾ ਪੜਦਾਦਾ ਸੀ। ਇਸ ਦੇ ਪ੍ਰਤਾਪ ਕਾਰਣ ਸਾਰੀ ਕੁਲ ਦਾ ਨਾਂ ਰਘੂਕੁਲ ਜਾਂ ਰਘੂਵੰਸ਼ ਪੈ ਗਿਆ। ਇਸ ਵੰਸ਼-ਪਰੰਪਰਾ ਕਾਰਣ ਰਾਮ ਚੰਦਰ ਨੂੰ ਰਘੂਵੀਰ, ਰਘੂਵਰ, ਰਾਘਵ, ਰਘੂਨਾਥ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਭੱਟ ਕਵੀ ਕਲ੍ਹ ਨੇ ਗੁਰੂ ਨਾਨਕ ਦੇਵ ਦਾ ਜਸ ਗਾਉਣ ਵਾਲਿਆਂ ਵਿਚ ਉਸ ਪਰਸ਼ੁਰਾਮ ਦਾ ਨਾਮ-ਉੱਲੇਖ ਵੀ ਕੀਤਾ ਹੈ ਜਿਸ ਦੇ ਹੱਥੋਂ ਰਘੂ (ਰਾਮ ਚੰਦਰ) ਨੇ ਕੁਹਾੜਾ ਖੋਹ ਕੇ ਉਸ ਦਾ ਤੇਜ ਹਰ ਲਿਆ ਸੀ—'ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ' (ਅ. ਗ੍ਰੰ. 1389)।

ਰਣਜੀਤ ਸਿੰਘ, ਮਹਾਰਾਜਾ : ਪੰਜਾਬ ਦਾ ਪ੍ਰਸਿੱਧ ਸਿੱਖ ਮਹਾਰਾਜਾ ਜਿਸ ਦਾ ਜਨਮ 2 ਨਵੰਬਰ, 1780 ਈ. ਵਿਚ ਸੁਕ੍ਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਰਾਜ ਕੌਰ ਦੀ ਕੁੱਖੋਂ ਹੋਇਆ। ਰਾਜ ਕੌਰ ਜੀਂਦ ਦੇ ਰਾਜੇ ਗਜਪਤਿ ਸਿੰਘ ਦੀ ਪੁੱਤਰੀ ਸੀ।

ਮਹਾਰਾਜੇ ਦੇ ਜਨਮ-ਸਥਾਨ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਸ ਦਾ ਜਨਮ ਗੁਜਰਾਂਵਾਲੇ ਵਿਚ ਹੋਇਆ ਜਿਥੇ ਇਸ ਦੀ ਮਿਸਲ ਦੀ ਸਰਦਾਰੀ ਸੀ। ਦੂਜੇ ਮਤ ਅਨੁਸਾਰ ਪੰਜਾਬ ਦੀ ਲੋਕ-ਰੀਤ ਅਨੁਸਾਰ ਇਸ ਦਾ ਜਨਮ ਆਪਣੇ ਨਾਨਕੇ ਪਿੰਡ ਬਡਰੁਖਾਂ (ਸੰਗਰੂਰ ਨੇੜੇ) ਵਿਚ ਹੋਇਆ। ਬਚਪਨ ਵਿਚ ਚੇਚਕ ਦੇ ਨਿਕਲਣ ਕਰ ਕੇ ਇਸ ਦੀ ਖੱਬੀ ਅੱਖ ਜਾਂਦੀ ਰਹੀ ਅਤੇ ਚੇਹਰੇ ਉਤੇ ਵੱਡੇ-ਵੱਡੇ ਦਾਗ਼ ਪੈ ਗਏ। ਅਜੇ ਇਹ ਦਸਾਂ ਵਰ੍ਹਿਆਂ ਦਾ ਸੀ ਕਿ ਪਿਤਾ ਦਾ ਦੇਹਾਂਤ ਹੋ ਗਿਆ। ਆਪਣੀ ਮਾਤਾ ਦੀ ਅਗਵਾਈ ਵਿਚ ਅਤੇ ਪੁਰਾਣੇ ਅਧਿਕਾਰੀਆਂ ਦੀ ਸਲਾਹ ਨਾਲ ਇਸ ਨੇ ਮਿਸਲ ਦੀ ਸਾਰੀ ਜ਼ਿੰਮੇਵਾਰੀ ਸੰਭਾਲੀ। ਇਸ ਨੂੰ ਪੜ੍ਹਨ ਲਿਖਣ ਵਿਚ ਕੋਈ ਖ਼ਾਸ ਰੁਚੀ ਨਹੀਂ ਸੀ। ਘੋੜ-ਸਵਾਰੀ ਅਤੇ ਸ਼ਸਤ੍ਰ-ਅਭਿਆਸ ਇਸ ਦੇ ਮਨ ਪਸੰਦ ਰੁਝਾਨ ਸਨ।

ਜ਼ਮਾਨ ਸ਼ਾਹ ਦੇ ਪੰਜਾਬ ਤੋਂ ਪਰਤਣ 'ਤੇ ਇਸ ਨੇ ਸੰਨ 1799 ਈ. ਵਿਚ ਲਾਹੌਰ ਉਤੇ ਕਬਜ਼ਾ ਕਰ ਲਿਆ। ਫਿਰ ਸੰਨ 1801 ਈ. ਵਿਚ ਦਰਬਾਰ ਲਗਾ ਕੇ ਆਪਣੀ ਪ੍ਰਭੁਤਾ ਦੀ ਸਥਾਪਨਾ ਕੀਤੀ। ਆਪਣੀ ਦੂਰਦਰਸ਼ਤਾ, ਸੂਰਵੀਰਤਾ ਅਤੇ ਕੁਸ਼ਲ ਅਗਵਾਈ ਕਾਰਣ ਇਸ ਨੇ ਜਿਧਰ ਵੀ ਕਦਮ ਵਧਾਏ, ਕਾਮਯਾਬੀ ਨੇ ਪੈਰ ਚੁੰਮੇ। ਇਸ ਦਾ ਕਦ ਭਾਵੇਂ ਮਧਰਾ ਸੀ, ਰੰਗ ਕਾਲਾ ਸੀ ਅਤੇ ਸ਼ਕਲ ਕਰੂਪ ਸੀ, ਪਰ ਇਹ ਇਤਨਾ ਤੇਜਸਵੀ ਅਤੇ ਫੁਰਤੀਲਾ ਸੀ ਕਿ ਇਸ ਦੇ ਅਹਿਲਕਾਰਾਂ ਦੇ ਇਸ ਦੇ ਮੂੰਹ ਵਲ ਵੇਖਣ ਦੀ ਜੁਰਤ ਹੀ ਨਹੀਂ ਹੁੰਦੀ ਸੀ।

ਲਾਹੌਰ ਉਤੇ ਕਬਜ਼ਾ ਕਰਨ ਤੋਂ ਬਾਦ ਮਹਾਰਾਜੇ ਨੇ ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਵਲ ਆਪਣੇ ਕਦਮ ਵਧਾਣੇ ਸ਼ੁਰੂ ਕੀਤੇ। ਇਹ ਵੀ ਚਾਹਿਆ ਕਿ ਸਤਲੁਜ ਨਦੀ ਦੇ ਪਾਰ ਦੀਆਂ ਰਿਆਸਤਾਂ ਨੂੰ ਵੀ ਸਿੱਖ-ਰਾਜ ਵਿਚ ਸ਼ਾਮਲ ਕੀਤਾ ਜਾਏ। ਪਰ ਇਸ ਵਿਚ ਮਹਾਰਾਜਾ ਸਫਲ ਨਾ ਹੋ ਸਕਿਆ। ਆਖ਼ਰ 25 ਅਪ੍ਰੈਲ, 1809 ਈ. ਨੂੰ ਮਹਾਰਾਜੇ ਨੇ ਅੰਗ੍ਰੇਜ਼ ਸਰਕਾਰ ਨਾਲ ਸੰਧੀ ਕਰ ਲਈ ਅਤੇ ਦੋਹਾਂ ਰਾਜਾਂ ਦੀ ਸਰਹਦ

ਸਤਲੁਜ ਨਦੀ ਨਿਸ਼ਚਿਤ ਕੀਤੀ ਗਈ । ਪੂਰਵ ਵਲ ਹੱਦ ਮਿਥੇ ਜਾਣ ਕਾਰਣ ਮਹਾਰਾਜੇ ਨੇ ਆਪਣੇ ਰਾਜ ਦਾ ਵਿਸਤਾਰ ਕਸ਼ਮੀਰ, ਪਿਸ਼ਵਾਰ ਅਤੇ ਮੁਲਤਾਨ ਵਲ ਕਰਨਾ ਸ਼ੁਰੂ ਕੀਤਾ ਅਤੇ ਹੌਲੀ-ਹੌਲੀ ਜਿੱਤਾਂ ਪ੍ਰਾਪਤ ਕਰ ਕੇ ਤਿੱਬਤ ਤੋਂ ਸਿੰਧ ਅਤੇ ਸਤਲੁਜ ਤੋਂ ਖ਼ੈਬਰ ਤਕ ਆਪਣਾ ਰਾਜ ਫੈਲਾ ਲਿਆ । ਇਹ ਸਾਰਾ ਰਾਜ ਅਗੋਂ ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ, ਜਿਵੇਂ ਲਾਹੌਰ, ਕਸ਼ਮੀਰ, ਪਿਸ਼ਾਵਰ ਅਤੇ ਮੁਲਤਾਨ । ਇਸ ਨੇ ਆਪਣੀ ਫ਼ੌਜ ਨੂੰ ਪੱਛਮੀ ਲੀਹਾਂ ਤੇ ਸਿਖਲਾਈ ਦੇਣ ਲਈ ਬਹੁਤ ਸਾਰੇ ਯੋਰੁਪੀਨ ਜਰਨੈਲ ਅਤੇ ਵਿਸ਼ੇਸ਼ਗ ਨਿਯੁਕਤ ਕੀਤੇ ।

ਸੰਨ 1838 ਈ. ਵਿਚ ਇਸ ਨੂੰ ਅਧਰੰਗ ਹੋ ਗਿਆ ਅਤੇ ਇਸ ਬੀਮਾਰੀ ਨਾਲ ਜੂਝਦਿਆਂ 27 ਜੂਨ, 1839 ਈ. ਨੂੰ ਪ੍ਰਾਣ ਦੇ ਦਿੱਤੇ । ਇਸ ਦੀ ਬੀਮਾਰੀ ਦੌਰਾਨ ਹੀ ਲਾਹੌਰ ਦਰਬਾਰ ਦੇ ਕਈ ਅਹਿਲਕਾਰ ਆਪਣੀ ਮਨਮਰਜ਼ੀ ਕਰਨ ਲਗ ਗਏ ਸਨ । ਮਹਾਰਾਜੇ ਤੋਂ ਬਾਦ ਸਭ ਤੋਂ ਵੱਡਾ ਲੜਕਾ, ਖੜਕ ਸਿੰਘ, ਗੱਦੀ ਉਤੇ ਬੈਠਾ, ਫਿਰ ਸ਼ੇਰ ਸਿੰਘ, ਪਰ ਲਾਹੌਰ ਦਰਬਾਰ ਦੀ ਖ਼ਾਨਾਜੰਗੀ ਅਤੇ ਅਹਿਲਕਾਰਾਂ ਦੀ ਖ਼ੁਦਗਰਜ਼ੀ ਨੇ ਅਤੇ ਦੂਜੇ ਪਾਸੇ ਅੰਗ੍ਰੇਜ਼ਾਂ ਦੀ ਕੂਟਨੀਤੀ ਕਰਕੇ ਸਾਰਾ ਰਾਜ ਕੁਝ ਵਰ੍ਹਿਆਂ ਵਿਚ ਹੀ ਖੇਰੂੰ-ਖੇਰੂੰ ਹੋ ਗਿਆ ।

ਮਹਾਰਾਜਾ ਰਣਜੀਤ ਸਿੰਘ ਉਦਾਰ ਬਿਰਤੀ ਦਾ ਨਿਆਇਸ਼ੀਲ ਸ਼ਾਸਕ ਸੀ । ਇਹ ਆਪਣੀ ਪ੍ਰਜਾ ਵਿਚ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕਰਦਾ ਸੀ । ਹਰ ਧਰਮ ਵਾਲਿਆਂ ਨੂੰ ਆਪਣੇ ਧਰਮ ਦੀ ਪਾਲਨਾ ਦੀ ਖੁਲ੍ਹ ਸੀ । ਇਹ ਆਪਣੇ ਆਪ ਨੂੰ ਮਹਾਰਾਜਾ ਅਖਵਾਉਣ ਦੀ ਥਾਂ ਭਾਈ ਸਾਹਿਬ, ਸਰਦਾਰ ਸਾਹਿਬ ਅਖਵਾ ਕੇ ਖ਼ੁਸ਼ ਹੁੰਦਾ ਸੀ । ਮਨੁੱਖ ਨੂੰ ਪਛਾਣਨ ਦੀ ਇਸ ਕੋਲ ਅਦੁੱਤੀ ਅੱਖ ਸੀ । ਫ਼ੈਸਲਾ ਤੁਰਤ ਫੁਰਤ ਕਰਦਾ ਸੀ । ਅਨਪੜ੍ਹ ਹੁੰਦੇ ਹੋਇਆਂ ਵੀ ਹਰ ਇਕ ਗੱਲ ਦੀ ਤਹਿ ਤਕ ਸਹਿਜ ਵਿਚ ਪਹੁੰਚ ਜਾਂਦਾ ਸੀ । ਜੋ ਵੀ ਇਸ ਦੇ ਸੰਪਰਕ ਵਿਚ ਆਉਂਦਾ, ਪ੍ਰਭਾਵਿਤ ਹੋਏ ਬਿਨਾ ਨਾ ਰਹਿੰਦਾ । ਆਪਣੇ ਸਿਰ ਉਤੇ ਤਾਜ ਜਾਂ ਕਲਗੀ ਨਹੀਂ ਲਗਾਉਂਦਾ ਸੀ । ਇਸ ਨੇ ਸਰਕਾਰੀ ਸਿੱਕੇ ਉਤੇ ਵੀ ਆਪਣਾ ਨਾਂ ਨਹੀਂ ਲਿਖਵਾਇਆ, ਸਗੋਂ ਇਹ ਉਕਤੀ ਲਿਖੀ—'ਅਕਾਲ ਪੁਰਖ ਜੀ ਸਹਾਯ, ਦੇਗੋ ਤੇਗੋ ਫ਼ਤਹ ਨੁਸਰਤ ਬੇਦੰਰਗ । ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ ।' ਇਸ ਉਦਾਰਤਾ ਕਾਰਣ ਇਸ ਦੀ ਪ੍ਰਜਾ ਬਹੁਤ ਖ਼ੁਸ਼ ਸੀ ਅਤੇ ਇਸ ਦੇ ਰਾਜ ਨੂੰ ਸਰਵ-ਸਾਂਝਾ ਰਾਜ ਸਮਝਦੀ ਸੀ । ਇਸ ਦਾ ਸਰੂਪ ਚਿਤ੍ਰਣ ਕਰਦਿਆਂ ਸ਼ਾਹ ਮੁਹੰਮਦ ਨੇ ਆਪਣੇ ਰਚੇ ਜੰਗਨਾਮੇ ਵਿਚ ਲਿਖਿਆ ਹੈ—'ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,/ਨਾਲ ਜ਼ੋਰ ਦੇ ਮੁਲਕ ਹਿਲਾ ਗਿਆ ।/ਮੁਲਤਾਨ ਕਸ਼ਮੀਰ ਪਸ਼ੌਰ ਚੰਬਾ,/ਜੰਮੂ ਕਾਂਗੜਾ ਕੋਟ ਨਿਵਾ ਗਿਆ ।/ਹੋਰ ਦੇਸ ਲਦਾਖ ਤੇ ਚੀਨ ਤੋੜੀ,/ਸਿੱਕਾ ਆਪਣੇ ਨਾਮ ਚਲਾ ਗਿਆ ।/ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,/ਅੱਛਾ ਰੱਜ ਕੇ ਰਾਜ ਕਮਾ ਗਿਆ ।'

ਰਤਿ/ਰਤੀ : ਵੇਖੋ 'ਕਾਮਦੇਵ' ।

ਰਵਿਦਾਸ, ਭਗਤ : ਸੰਤ ਕਬੀਰ ਦੇ ਇਕ ਸਮਕਾਲੀ ਭਗਤ ਜੋ ਰਾਮਾਨੰਦ ਦੇ ਚੇਲੇ ਦਸੇ ਜਾਂਦੇ ਹਨ । ਇਨ੍ਹਾਂ ਦਾ ਜਨਮ ਕਾਸ਼ੀ (ਬਨਾਰਸ) ਕੋਲ ਲਹਿਰਤਾਰਾ ਤਾਲਾਬ ਦੇ

ਨੇੜੇ-ਤੇੜੇ ਹੋਇਆ ਸੀ ਜਿਥੇ ਹੁਣ ਮੁੰਡੂਆਡੀਹ ਨਾਂ ਦਾ ਪਿੰਡ ਹੈ । ਇਨ੍ਹਾਂ ਦੇ ਪਿਤਾ ਦਾ ਨਾਂ ਰਾਘਵ ਜਾਂ ਰਘੂ ਸੀ ਅਤੇ ਮਾਤਾ ਦਾ ਨਾਂ ਘੁਰਬਿਨੀਆ ਸੀ ।

ਇਨ੍ਹਾਂ ਦੇ ਜਨਮ ਬਾਰੇ ਤਿੰਨ ਸੰਮਤ ਪ੍ਰਚਲਿਤ ਹਨ—1433 ਬਿ., 1445 ਬਿ. ਅਤੇ 1471 ਬਿ. । ਇਨ੍ਹਾਂ ਦੀ ਮ੍ਰਿਤੂ ਸੰਬੰਧੀ ਸੰਮਤਾਂ—1548 ਬਿ. ਜਾਂ 1567 ਬਿ.—ਵਿਚ ਵੀ ਸਮਾਨਤਾ ਨਹੀਂ ਹੈ । ਕੁਲ ਮਿਲਾ ਕੇ ਇਹ ਦੀਰਘ ਆਯੂ ਜੀਏ ਸਨ । ਇਹ ਜਾਤਿ ਦੇ ਚਮਾਰ ਸਨ ਅਤੇ ਇਸੇ ਹੀ ਕਿਤੇ ਨੂੰ ਇਨ੍ਹਾਂ ਨੇ ਆਪਣੀ ਰੋਜ਼ੀ ਕਮਾਉਣ ਲਈ ਜੀਵਨ-ਭਰ ਅਪਣਾਈ ਰਖਿਆ ।

ਸੰਤ ਕਬੀਰ ਵਾਂਗ ਇਹ ਭਾਵੇਂ ਅਨਪੜ੍ਹ ਸਨ, ਪਰ ਇਨ੍ਹਾਂ ਦਾ ਅੰਦਰ ਹਰਿ-ਭਗਤੀ ਅਤੇ ਬ੍ਰਹਮ ਗਿਆਨ ਨਾਲ ਰੁਸ਼ਨਾਇਆ ਹੋਇਆ ਸੀ । ਸ਼ੁਰੂ ਤੋਂ ਹੀ ਇਨ੍ਹਾਂ ਦੀ ਰੁਚੀ ਸਾਧ-ਸੰਗਤ ਵਿਚ ਜਾ ਕੇ ਅਧਿਆਤਮਿਕ ਗਿਆਨ ਪ੍ਰਾਪਤ ਕਰਨ ਵਲ ਸੀ । ਇਸ ਲਈ ਇਹ ਅਧਿਆਤਮਿਕ ਵਿਦਿਆ ਵਿਚ ਨਿਪੁਣ ਸਨ । ਇਹੀ ਕਾਰਣ ਹੈ ਕਿ ਇਹ ਵੱਡੇ ਤੋਂ ਵੱਡੇ ਵਿਦਵਾਨ ਨਾਲ ਸ਼ਾਸਤ੍ਰਾਰਥ ਕਰਨ ਤੋਂ ਸੰਕੋਚ ਨਹੀਂ ਕਰਦੇ ਸਨ ਅਤੇ ਸਮਕਾਲੀ ਸ੍ਰੇਸ਼ਠ ਬ੍ਰਾਹਮਣ ਵੀ ਇਨ੍ਹਾਂ ਦਾ ਆਦਰ ਕਰਦੇ ਸਨ—'ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ।/ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ' (ਅ. ਗ੍ਰੰ. 1293) ।

ਇਨ੍ਹਾਂ ਦਾ ਵਿਆਹ ਲੋਨਾ ਨਾਂ ਦੀ ਇਸਤਰੀ ਨਾਲ ਹੋਇਆ ਜਿਸ ਦੀ ਕੁੱਖੋਂ ਵਿਜਯਦਾਸ ਨਾਂ ਦਾ ਪੁੱਤਰ ਪੈਦਾ ਹੋਇਆ । ਇਨ੍ਹਾਂ ਦੀ ਹਰਿ-ਭਗਤੀ ਵਿਚ ਅਧਿਕ ਰੁਚੀ ਵੇਖ ਕੇ ਪਿਤਾ ਨੇ ਵੱਖਰਾ ਕਰ ਦਿੱਤਾ । ਇਨ੍ਹਾਂ ਨੇ ਲੋਕਾਂ ਨੂੰ ਵਿਸ਼ੇ-ਵਾਸਨਾਵਾਂ ਵਿਚ ਲੀਨ ਹੋਣ ਤੋਂ ਵਰਜਿਆ ਅਤੇ ਮਨੁੱਖਤਾ ਦੀ ਸੇਵਾ ਆਪਣਾ ਪ੍ਰਮੁਖ ਕਰਤੱਵ ਸਮਝਿਆ । ਜਦੋਂ ਇਨ੍ਹਾਂ ਦੀ ਪ੍ਰਸਿੱਧੀ ਦੂਰ-ਦੂਰ ਤਕ ਪਸਰ ਗਈ, ਤਾਂ ਚਿਤੌੜ ਦੀ ਰਾਣੀ ਝਾਲੀ, ਜੋ ਰਾਣਾ ਸਾਂਗਾ ਦੀ ਪਤਨੀ ਸੀ, ਇਨ੍ਹਾਂ ਦੀ ਸ਼ਰਧਾਲੂ ਬਣੀ । ਮੀਰਾਂਬਾਈ ਦੀ ਪਦਾਵਲੀ ਦੀ ਅੰਦਰਲੀ ਗਵਾਹੀ ਤੋਂ ਪਤਾ ਲਗਦਾ ਹੈ ਕਿ ਉਸ ਨੇ ਰਵਿਦਾਸ ਨੂੰ ਆਪਣਾ ਗੁਰੂ ਧਾਰਣ ਕੀਤਾ ਸੀ । ਇਨ੍ਹਾਂ ਨੇ ਆਪਣੇ ਅਨੁਯਾਈਆਂ ਦੇ ਸਦੇ 'ਤੇ ਧਰਮ-ਪ੍ਰਚਾਰ ਲਈ ਯਾਤ੍ਰਾਵਾਂ ਵੀ ਕੀਤੀਆਂ ਅਤੇ ਪ੍ਰਯਾਗ, ਮਥੁਰਾ, ਬਿੰਦਰਾਬਨ, ਤਿਰੁਪਤੀ, ਮੁਲਤਾਨ ਆਦਿ ਥਾਵਾਂ ਤੇ ਜਾ ਕੇ ਆਪਣਾ ਦ੍ਰਿਸ਼ਟੀਕੋਣ ਲੋਕਾਂ ਨਾਲ ਸਾਂਝਾ ਕੀਤਾ ।

ਰਵਿਦਾਸ ਜੀ ਨੇ ਜੋ ਬਾਣੀ ਉਚਾਰੀ, ਉਸ ਦਾ ਕੋਈ ਸੰਕਲਨ ਇਨ੍ਹਾਂ ਨੇ ਆਪ ਤਿਆਰ ਨਹੀਂ ਕੀਤਾ । ਬਾਦ ਵਿਚ ਇਨ੍ਹਾਂ ਦੇ ਅਨੁਯਾਈਆਂ ਜਾਂ ਗੱਦੀਦਾਰਾਂ ਨੇ ਬਾਣੀ ਇਕੱਠੀ ਕਰਨ ਦਾ ਉੱਦਮ ਕੀਤਾ । ਹੁਣ ਇਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਦੇ 16 ਰਾਗਾਂ ਵਿਚ ਦਰਜ ਹਨ । ਇਨ੍ਹਾਂ ਦੇ ਕੁਝ ਹੋਰ ਸ਼ਬਦ ਪੁਰਾਣੀਆਂ ਹੱਥ-ਲਿਖਤਾਂ ਵਿਚ ਵੀ ਮਿਲਦੇ ਹਨ ਜਿਨ੍ਹਾਂ ਦੀ ਗਿਣਤੀ 87 ਹੈ । ਇਸ ਤਰ੍ਹਾਂ ਭਗਤ ਰਵਿਦਾਸ ਦੀ ਬਾਣੀ ਵਿਚ ਲਗਭਗ 127 ਸ਼ਬਦ ਹਨ । ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਇਨ੍ਹਾਂ ਵਲ ਸੰਕੇਤ ਕੀਤਾ ਹੈ—'ਭਗਤੁ ਕਬੀਰੁ ਜੁਲਾਹੜਾ ਨਾਮਾ ਛੀਂਬਾ ਹਰਿ ਗੁਣ ਗਾਈ ।/ਕੁਲਿ

ਰਵਿਦਾਸੁ ਚਮਾਰੁ ਹੈ ਸੋਣੁ ਸਨਾਤੀ ਅੰਦਰਿ ਨਾਈਂ' (25/5)।

ਰਾਇ ਕਮਾਲ ਦੀ ਮੋਜ ਦੀ ਕੀ ਧੁਨਿ : ਗੁਰੂ ਗ੍ਰੰਥ ਸਾਹਿਬ ਵਿਚਲੀ ਗਉੜੀ ਰਾਗ ਵਿਚ ਲਿਖੀ ਮਹਲੇ ਪੰਜਵੇਂ ਦੀ ਵਾਰ ਦੇ ਆਰੰਭ ਵਿਚ ਲਿਖਿਆ ਹੈ ਕਿ ਇਹ ਵਾਰ 'ਰਾਇ ਕਮਾਲ ਦੀ ਮੋਜ ਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ'। ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਆਪਣੀ ਇਸ ਵਾਰ ਨੂੰ 'ਰਾਇ ਕਮਾਲ ਦੀ ਮੋਜ ਦੀ ਕੀ ਵਾਰ' ਦੀ ਤਰਜ਼ ਉਤੇ ਗਾਉਣ ਦੇ ਧਾਰਣੀ ਸਨ।

ਰਵਾਇਤ ਅਨੁਸਾਰ ਬਾਰ ਦੇ ਇਲਾਕੇ ਵਿਚ ਦੋ ਜਾਗੀਰਦਾਰ ਭਰਾ ਰਹਿੰਦੇ ਸਨ, ਇਨ੍ਹਾਂ ਵਿਚੋਂ ਇਕ ਦਾ ਨਾਂ ਕਮਾਲੁੱਦੀਨ (ਕਮਾਲ ਦੀ) ਸੀ ਅਤੇ ਦੂਜੇ ਦਾ ਸਾਰੰਗ। ਪਰਿਵਾਰਿਕ ਕਲੇਸ਼ ਅਤੇ ਵੈਰ ਕਾਰਣ ਕਮਾਲੁੱਦੀਨ ਨੇ ਆਪਣੇ ਵੱਡੇ ਭਰਾ ਸਾਰੰਗ ਨੂੰ ਧੋਖੇ ਨਾਲ ਜ਼ਹਿਰ ਦੇ ਕੇ ਮਾਰ ਦਿੱਤਾ। ਸਾਰੰਗ ਦੀ ਵਿਧਵਾ ਦੁੱਖੀ ਹੋ ਕੇ ਆਪਣੇ ਪੁੱਤਰ ਮੁਅਜ਼ੁੱਦੀਨ (ਮੋਜ ਦੀ) ਨੂੰ ਨਾਲ ਲੈ ਕੇ ਪੇਕੇ ਚਲੀ ਗਈ। ਜਦੋਂ ਉਹ ਜਵਾਨ ਹੋਇਆ ਤਾਂ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਉਸ ਦਾ ਖ਼ੂਨ ਖੌਲਣ ਲਗਿਆ। ਆਖ਼ਰ ਉਸ ਨੇ ਨਾਨਕੀ ਫ਼ੌਜ ਦੀ ਸਹਾਇਤਾ ਨਾਲ ਕਮਾਲੁੱਦੀਨ ਉਤੇ ਹਮਲਾ ਕੀਤਾ। ਗਹਿਗੱਚ ਲੜਾਈ ਵਿਚ ਕਮਾਲੁੱਦੀਨ ਮਾਰਿਆ ਗਿਆ। ਦੋਹਾਂ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਦਰਸਾਉਣ ਲਈ ਢਾਡੀਆਂ ਨੇ ਜੋ ਵਾਰ ਲਿਖੀ, ਉਹ ਬਹੁਤ ਪ੍ਰਸਿੱਧ ਹੋਈ। ਗੁਰੂ ਅਰਜਨ ਦੇਵ ਨੇ ਆਪਣੀ ਵਾਰ ਨੂੰ ਉਸ ਵਾਰ ਦੀ ਤਰਜ਼ ਉਤੇ ਗਾਉਣ ਦੇ ਆਦੇਸ਼ ਨਾਲ ਗੁਰਬਾਣੀ ਦਾ ਸੰਬੰਧ ਜਨ-ਜੀਵਨ ਨਾਲ ਨਿਕਟ ਬਣਾਈ ਰਖਿਆ। ਉਸ ਵਾਰ ਦੀ ਵੰਨਗੀ ਇਸ ਤਰ੍ਹਾਂ ਹੈ—ਰਾਣਾ ਰਾਇ ਕਮਾਲ ਦੀ ਰਣ ਭਾਰੀ ਬਾਹੀ,/ਮੋਜ ਦੀਂ ਤਲਵੰਡੀਓਂ ਚੜਿਆ ਸਾਬਾਹੀ, /ਢਾਲੀ ਅੰਬਰ ਛਾਇਆ ਫੁੱਲੇ ਅਕ ਕਾਹੀ,/ਜੁੱਟੇ ਆਮ੍ਹੋ ਸਾਮ੍ਹਣੇ ਨੇੜੇ ਝਲਕਾਹੀ,/ਮੋਜੇ ਘਰ ਵਧਾਈਆਂ ਘਰ ਚਾਚੇ ਧਾਹੀ।'

ਰਾਇ ਮਹਮੇ ਹਸਨੇ ਕੀ ਧੁਨਿ : ਸਾਰੰਗ ਦੀ ਵਾਰ ਮ. ੪ ਨੂੰ 'ਰਾਇ ਮਹਮੇ ਹਸਨੇ ਕੀ ਧੁਨਿ' ਉਤੇ ਗਾਉਣ ਦਾ ਸੰਕੇਤ ਇਸ ਵਾਰ ਦੇ ਆਰੰਭ ਵਿਚ ਲਿਖਿਆ ਹੈ। ਰਵਾਇਤ ਅਨੁਸਾਰ ਮਹਿਮਾ ਅਤੇ ਹਸਨਾ ਭੱਟੀ ਰਾਜਪੂਤ ਸਨ ਜੋ ਮਾਲਵਾ ਖੇਤਰ ਦੇ ਕਾਂਗੜ ਅਤੇ ਧੌਲੇ ਦੇ ਰਜਵਾੜੇ ਸਨ। ਹਸਨੇ ਨੇ ਧੋਖੇ ਨਾਲ ਮਹਿਮੇ ਨੂੰ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕਰ ਕੇ ਕੈਦ ਕਰਵਾ ਦਿੱਤਾ। ਪਰ ਮਹਿਮੇ ਨੇ ਆਪਣੀ ਬਹਾਦਰੀ ਨਾਲ ਬਾਦਸ਼ਾਹ ਨੂੰ ਖ਼ੁਸ਼ ਕਰਕੇ ਬਾਗ਼ੀ ਹੋਏ ਹਸਨੇ ਨੂੰ ਕੁਚਲਣ ਲਈ ਆਗਿਆ ਲਈ। ਦੋਹਾਂ ਦੀ ਘਮਸਾਨ ਲੜਾਈ ਹੋਈ। ਹਸਨਾ ਹਾਰ ਗਿਆ।

ਇਸ ਸਾਕੇ ਦਾ ਇਕ ਹੋਰ ਰੂਪ ਵੀ ਪ੍ਰਚਲਿਤ ਹੈ ਕਿ ਹਸਨਾ ਅਕਬਰ ਬਾਦਸ਼ਾਹ ਪਾਸ ਨੌਕਰ ਸੀ, ਪਰ ਕਿਸੇ ਗ਼ਲਤ ਕੰਮ ਕਰਨ ਕਾਰਣ ਨੌਕਰੀਓਂ ਕੱਢ ਦਿੱਤਾ ਗਿਆ। ਉਹ ਮਹਿਮੇ ਦੀ ਓਟ ਵਿਚ ਆਇਆ ਪਰ ਆਖ਼ਰ ਉਸ ਨੂੰ ਵੀ ਧੋਖਾ ਦੇ ਕੇ ਮਾਮਲਾ ਨਾ ਦੇਣ ਦੇ ਅਪਰਾਧ ਵਿਚ ਪਕੜਵਾ ਦਿੱਤਾ। ਕਾਲਾਂਤਰ ਵਿਚ ਜਦੋਂ ਅਸਲੀਅਤ ਦਾ ਪਤਾ ਲਗਾ ਤਾਂ ਬਾਦਸ਼ਾਹ ਨੇ ਮਹਿਮੇ ਨੂੰ ਫ਼ੌਜ ਸਹਿਤ ਹਸਨੇ ਨੂੰ ਸਬਕ ਸਿਖਾਉਣ ਲਈ ਤੋਰਿਆ। ਲੜਾਈ ਵਿਚ ਹਸਨਾ ਹਾਰ ਗਿਆ ਅਤੇ ਕੈਦ ਕਰ ਲਿਆ ਗਿਆ। ਪਰ

ਮਾਫ਼ੀ ਮੰਗਣ 'ਤੇ ਮਹਿਮੇ ਨੇ ਉਸ ਨੂੰ ਛੱਡ ਦਿੱਤਾ। ਦੋਹਾਂ ਦੀ ਬਹਾਦਰੀ ਨੂੰ ਵੇਖਦੇ ਹੋਇਆਂ ਢਾਢੀਆਂ ਨੇ ਜਿਸ ਵਾਰ ਦੀ ਰਚਨਾ ਕੀਤੀ, ਉਸ ਦੀ ਲੋਕ-ਪ੍ਰਸਿੱਧੀ ਕਰਕੇ ਗੁਰੂ ਅਰਜਨ ਦੇਵ ਜੀ ਨੇ ਸਾਰੰਗ ਦੀ ਵਾਰ ਨੂੰ ਉਸ ਦੀ ਧੁਨੀ 'ਤੇ ਗਾਉਣ ਦਾ ਸੰਕੇਤ ਕੀਤਾ ਹੈ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ—'ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ,/ਹਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ,/ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ,/ਮਹਿਮੇ ਪਾਈ ਫਤੇ ਰਨ ਗਲ ਹਸਨੇ ਘੱਟੀ,/ਬੰਨ ਹਸਨੇ ਨੂੰ ਛੱਡਿਆ ਜਸ ਮਹਿਮੇ ਖੱਟੀ।'

ਰਾਸ-ਮੰਡਲ : 'ਰਾਸ-ਮੰਡਲ' ਤੋਂ ਭਾਵ ਹੈ ਉਹ ਮੰਡਲ (ਗੋਲ-ਦਾਇਰਾ) ਜਿਸ ਵਿਚ ਸ੍ਰੀ ਕ੍ਰਿਸ਼ਣ ਅਤੇ ਗੋਪੀਆਂ ਦਾ ਨ੍ਰਿਤ (ਨਾਚ) ਹੁੰਦਾ ਹੈ। ਇਸ ਦਾ ਸੰਬੰਧ ਰਾਸ-ਲੀਲਾ ਨਾਲ ਹੈ। ਕ੍ਰਿਸ਼ਣ-ਭਗਤੀ ਵਿਚ ਆਨੰਦ ਦੇ ਸਿਖਰ 'ਤੇ ਪਹੁੰਚਣ ਲਈ ਸ੍ਰੀ ਕ੍ਰਿਸ਼ਣ ਦੇ ਬਾਲ-ਚਰਿਤ੍ਰਾਂ ਦਾ ਸਾਂਗ ਉਤਾਰਨਾ 'ਰਾਸ-ਲੀਲਾ' ਹੈ। ਇਸ ਵਿਚ ਗੋਲਦਾਇਰੇ (ਮੰਡਲ) ਵਿਚ ਨਾਚ ਕੀਤਾ ਜਾਂਦਾ ਹੈ। ਇਸ ਬਾਰੇ ਸਭ ਤੋਂ ਪੁਰਾਣਾ ਸੰਕੇਤ 'ਵਿਸ਼ਣੂ ਪੁਰਾਣ' ਵਿਚ ਮਿਲਦਾ ਹੈ ਕਿ ਸ੍ਰੀ ਕ੍ਰਿਸ਼ਣ ਦੀ ਮੁਰਲੀ ਦੀ ਧੁੰਨ ਸੁਣ ਕੇ ਗੋਪੀਆਂ ਮੁਗਧ ਹੋ ਗਈਆਂ ਅਤੇ ਉਨ੍ਹਾਂ ਨੇ ਕਾਹਨ ਭਗਵਾਨ ਦੁਆਲੇ ਘੇਰਾ ਪਾ ਕੇ ਰਾਸ ਰਚਾਈ। 'ਭਾਗਵਤ ਪੁਰਾਣ' ਦੀ "ਰਾਸ ਪੰਚ ਅਧਿਆਈ" ਵਿਚ ਰਾਸ ਦੀ ਰਹੱਸਮਈ ਸਥਿਤੀ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਅਸਲ ਵਿਚ, ਸ੍ਰੀ ਕ੍ਰਿਸ਼ਣ ਬ੍ਰਹਮ ਰੂਪ ਹਨ, ਉਨ੍ਹਾਂ ਦੇ ਇਰਦ-ਗਿਰਦ ਘੇਰਾ ਪਾਉਣ ਵਾਲੀਆਂ ਗੋਪੀਆਂ ਜੀਵ ਹਨ ਅਤੇ ਸਾਰਾ ਜਗਤ ਰਾਸ-ਮੰਡਲ ਹੈ। ਗੁਰੂ ਅਰਜਨ ਦੇਵ ਨੇ ਇਸ ਤੱਥ ਵਲ ਸੰਕੇਤ ਕੀਤਾ ਹੈ—'ਰਾਸਿ ਮੰਡਲ ਕੀਨੋ ਆਖਾਰਾ ।/ਸਗਲੋ ਸਾਜਿ ਰਖਿਓ ਪਾਸਾਰਾ' (ਅ. ਗ੍ਰੰ. 746)।

ਰਾਸ-ਲੀਲਾ ਦਾ ਵਿਧੀ-ਵਤ ਰੂਪ ਵੱਲਭਾਚਾਰਯ ਨੇ ਸ਼ੁਰੂ ਕੀਤਾ। ਇਸ ਤੋਂ ਇਲਾਵਾ, ਮਹਾਪ੍ਰਭੂ ਚੈਤਨ੍ਯ ਦੇ ਬਿੰਦਰਾਬਨ ਸਥਿਤ ਛੇ ਸੇਵਕਾਂ (ਰੂਪ, ਸਨਾਤਨ, ਆਦਿ) ਨੇ ਰਾਸ-ਲੀਲਾ ਨੂੰ ਸਾਲਾਨਾ ਉਤਸਵ ਦਾ ਰੂਪ ਦਿੱਤਾ ਜੋ ਜਨਮ-ਅਸ਼ਟਮੀ ਦੇ ਮੌਕੇ 'ਤੇ ਮਨਾਇਆ ਜਾਂਦਾ ਹੈ। ਇਸ ਵਿਚ ਸ੍ਰੀ ਕ੍ਰਿਸ਼ਣ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਝਾਕੀਆਂ ਨੂੰ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਸਗੁਣ ਭਗਤੀ ਦੇ ਗੀਤ, ਨਾਚ, ਮੁਰਲੀ-ਵਾਦਨ ਅਤੇ ਅਭਿਨੈ ਸ਼ਾਮਲ ਹੁੰਦੇ ਹਨ। ਪਰ ਮੁੱਖ ਤੌਰ ਤੇ ਸ੍ਰੀ ਕ੍ਰਿਸ਼ਣ ਨਾਲ ਗੋਪੀਆਂ ਦਾ ਨਾਚ ਹੀ ਹੁੰਦਾ ਹੈ। ਵਿਚਾਲੇ ਸ੍ਰੀ ਕ੍ਰਿਸ਼ਣ ਹੁੰਦੇ ਹਨ ਅਤੇ ਉਨ੍ਹਾਂ ਦੇ ਚੌਹਾਂ ਪਾਸੇ ਮੰਡਲ ਆਕਾਰ ਵਿਚ ਗੋਪੀਆਂ ਨਾਚ ਕਰਦੀਆਂ ਹਨ। ਇਸ ਦਾ ਆਸ਼ਾ ਇਹ ਹੈ ਕਿ ਭਗਵਾਨ ਕ੍ਰਿਸ਼ਣ ਨਾਲ ਸੰਯੋਗ ਜਾਂ ਅਭੇਦਤਾ ਵਿਚ ਨਾਚ ਦੁਆਰਾ ਪ੍ਰੇਮ ਰਸ ਦਾ ਆਨੰਦ ਮਾਣਿਆ ਜਾਏ। ਫਲਸਰੂਪ ਰਾਸ-ਲੀਲਾ ਨੂੰ ਸ੍ਰੀ ਕ੍ਰਿਸ਼ਣ ਦੇ ਅਨੁਯਾਈਆਂ ਵਿਚ ਇਕ ਮਹੱਤਵਪੂਰਣ ਧਾਰਮਿਕ ਕਰਮ ਮੰਨ ਲਿਆ ਗਿਆ ਹੈ।

ਮੱਧ-ਕਾਲ ਵਿਚ ਬ੍ਰਾਹਮਣਾਂ ਦੀਆਂ ਨਾਟਕੀ ਟੋਲੀਆਂ ਮੰਦਿਰਾਂ ਵਿਚ ਰਾਸ-ਲੀਲਾ ਖੇਡਦੀਆਂ ਸਨ। ਬਾਦ ਵਿਚ ਹੌਲੀ-ਹੌਲੀ ਇਹ ਉਨ੍ਹਾਂ ਦੀ ਰੋਜ਼ੀ ਦਾ ਸਾਧਨ ਬਣ ਗਿਆ ਅਤੇ ਉਹ ਰਾਸਧਾਰੀਏ ਅਖਵਾਉਣ ਲਗੇ। ਬ੍ਰਜ ਪ੍ਰਦੇਸ਼ ਤੋਂ ਹੀ ਇਹ ਭਾਰਤ

ਦੇ ਹੋਰਨਾਂ ਪ੍ਰਾਂਤਾਂ ਵਿਚ ਰਾਸ-ਲੀਲਾ ਖੇਡਣ ਲਈ ਜਾਂਦੇ ਹਨ। ਇਨ੍ਹਾਂ ਦੀ ਵੇਖਾ-ਵੇਖੀ ਪੰਜਾਬ ਦੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲਿਆਂ ਵਿਚ ਕੁਝ ਪੰਜਾਬੀ ਰਾਸਧਾਰੀਏ ਵੀ ਹੋਂਦ ਵਿਚ ਆਏ। ਮੁੱਢਲੇ ਜੀਵਨ ਵਿਚ ਲਾਲਾ ਧਨੀ ਰਾਮ ਚਾਤ੍ਰਿਕ ਇਨ੍ਹਾਂ ਰਾਸਧਾਰੀਆਂ ਦੀ ਸੰਗਤ ਮਾਣਦੇ ਰਹੇ ਹਨ ਅਤੇ ਇਨ੍ਹਾਂ ਦੀ ਇਸ ਬਿਰਤੀ ਦਾ ਪ੍ਰਭਾਵ ਇਨ੍ਹਾਂ ਦੀ ਕਵਿਤਾ ਵਿਚ ਸਹਿਜ ਹੀ ਵੇਖਿਆ ਜਾ ਸਕਦਾ ਹੈ।

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਨੇ ਰਾਸਧਾਰੀਆਂ ਵਲੋਂ ਪਾਈ ਜਾਂਦੀ ਰਾਸ ਨੂੰ 'ਰੋਟੀਆ ਕਾਰਣਿ ਪੂਰਹਿ ਤਾਲ' ਕਹਿ ਕੇ ਸੱਚੀ ਅਧਿਆਤਮਿਕ ਭਾਵਨਾ ਤੋਂ ਸੁੰਨਾ ਮੰਨਦੇ ਹੋਇਆਂ ਸਥਾਪਨਾ ਕੀਤੀ ਹੈ ਕਿ ਪਰਮਾਤਮਾ ਦੀ ਰਾਸ ਤਾਂ ਹਰ ਵੇਲੇ ਚੌਗਿਰਦੇ ਵਿਚ ਪੈ ਰਹੀ ਹੈ, ਪਰ ਬ੍ਰਹਮ-ਗਿਆਨ ਦੇ ਅਭਾਵ ਵਿਚ ਲੋਕ ਧੋਖਾ ਖਾ ਕੇ ਬਨਾਵਟੀ ਰਾਸ ਵਲ ਰੁਚਿਤ ਹਨ—'ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ।/ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ।/ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ।/ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ' (ਆ. ਗ੍ਰੰ. 465)।

ਰਾਸਲੀਲਾ : ਵੇਖੋ 'ਰਾਸ-ਮੰਡਲ'।

ਰਾਹੂ : ਇਕ ਦਾਨਵ ਜਿਸ ਦੇ ਪਿਤਾ ਦਾ ਨਾ ਵਿਪ੍ਰਚਿੱਤੀ (ਵਿਪ੍ਰਚਿੱਤਿ) ਅਤੇ ਮਾਤਾ ਦਾ ਨਾਂ ਸਿੰਹਿਕਾ ਸੀ। ਸਿੰਹਿਕਾ ਦਾ ਪੁੱਤਰ ਹੋਣ ਨਾਤੇ ਇਸ ਦਾ ਇਕ ਹੋਰ ਨਾਂ 'ਸੈਂਹਿਕੇਯ' ਵੀ ਹੈ।

ਪੁਰਾਣ-ਸਾਹਿੱਤ ਅਨੁਸਾਰ ਇਸ ਦੀਆ ਚਾਰ ਬਾਹਵਾਂ ਸਨ ਅਤੇ ਹੇਠਲੇ ਪਾਸੇ ਪੂਛ ਸੀ। ਇਹ ਸ਼ੁਰੂ ਤੋਂ ਬਹੁਤ ਸ਼ਰਾਰਤੀ ਅਤੇ ਚੰਚਲ ਸੀ ਅਤੇ ਨਿੱਤ ਕੋਈ ਨਾ ਕੋਈ ਸਮਸਿਆ ਖੜੀ ਕਰੀ ਰਖਦਾ ਸੀ। ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਮਿਲ ਕੇ ਅੰਮ੍ਰਿਤ (ਵੇਖੋ) ਪ੍ਰਾਪਤੀ ਲਈ ਸਮੁੰਦਰ ਨੂੰ ਰਿੜਕਿਆ, ਤਾਂ ਇਹ ਦੇਵਤਿਆਂ ਦਾ ਭੇਸ ਬਦਲ ਕੇ ਉਨ੍ਹਾਂ ਵਿਚ ਜਾ ਰਲਿਆ ਅਤੇ ਕੁਝ ਕੁ ਅੰਮ੍ਰਿਤ ਪਾਨ ਕਰ ਲਿਆ। ਇਸ ਗੱਲ ਦਾ ਸੂਰਜ ਅਤੇ ਚੰਦ੍ਰਮਾ ਨੂੰ ਪਤਾ ਲਗ ਗਿਆ। ਉਨ੍ਹਾਂ ਨੇ ਇਸ ਦੀ ਸੂਚਨਾ ਵਿਸ਼ਣੂ ਨੂੰ ਦਿੱਤੀ ਜਿਸ ਨੇ ਗੁੱਸੇ ਵਿਚ ਆ ਕੇ ਰਾਹੂ ਦਾ ਸਿਰ ਅਤੇ ਦੋ ਬਾਹਵਾਂ ਕਟ ਦਿੱਤੀਆਂ। ਇਸ ਤਰ੍ਹਾਂ ਇਹ ਦੋ ਭਾਗਾਂ ਵਿਚ ਵੰਡਿਆ ਗਿਆ ਪਰ ਮਰ ਨਾ ਸਕਿਆ ਕਿਉਂਕਿ ਅੰਮ੍ਰਿਤ ਦਾ ਕੁਝ ਅੰਸ਼ ਪ੍ਰਾਪਤ ਕਰਨ ਕਰਕੇ ਇਹ ਅਮਰ ਹੋ ਚੁਕਿਆ ਸੀ। ਇਸ ਦੇ ਉਪਰਲੇ ਭਾਗ ਨੂੰ ਤਾਂ ਰਾਹੂ ਨਾਂ ਨਾਲ ਯਾਦ ਕੀਤਾ ਜਾਂਦਾ ਰਿਹਾ। ਪਰ ਹੇਠਲੇ ਭਾਗ ਦਾ ਨਾਂ ਕੇਤੂ ਰਖ ਦਿੱਤਾ ਗਿਆ। ਇਸ ਤਰ੍ਹਾਂ ਕਾਲਾਂਤਰ ਵਿਚ ਇਹ ਰਾਹੂ-ਕੇਤੂ ਦੇ ਰੂਪ ਵਿਚ ਪ੍ਰਸਿੱਧ ਹੋਇਆ। ਸੂਰਜ ਅਤੇ ਚੰਦ੍ਰਮਾ ਨਾਲ ਆਪਣਾ ਪੁਰਾਣਾ ਵੈਰ ਚਿਤਾਰ ਕੇ ਉਨ੍ਹਾਂ ਨੂੰ ਇਹ ਦੋਵੇਂ (ਰਾਹੂ ਅਤੇ ਕੇਤੂ) ਕਦੇ-ਕਦੇ ਨਿਗਲਦੇ ਰਹਿੰਦੇ ਹਨ ਜਿਸ ਪ੍ਰਕ੍ਰਿਆ ਨੂੰ 'ਗ੍ਰਹਿਣ' ਕਿਹਾ ਜਾਂਦਾ ਹੈ।

'ਵਿਸ਼ਣੂ ਪੁਰਾਣ' ਅਨੁਸਾਰ ਰਾਹੂ ਦਾ ਰਥ ਕਾਲੇ ਰੰਗ ਦਾ ਹੈ ਅਤੇ ਉਸ ਨਾਲ ਕਾਲੇ ਰੰਗ ਦੇ ਅੱਠ ਘੋੜੇ ਜੁਤੇ ਹੋਏ। ਕੇਤੂ ਦੇ ਰਥ ਨਾਲ ਜੁਤੇ ਅੱਠ ਘੋੜੇ ਹਵਾ ਦੀ ਗਤੀ ਵਾਂਗ ਤੇਜ਼ ਅਤੇ ਲਾਖ ਤੋਂ ਗੂੜ੍ਹੇ ਲਾਲ ਰੰਗ ਵਾਲੇ ਹਨ।

ਜੋਤਿਸ਼ ਸ਼ਾਸਤ੍ਰ ਅਨੁਸਾਰ ਇਹ ਦੋਵੇਂ ਗ੍ਰਹਿ ਹਨ ਅਤੇ ਤਾਰਾ ਵਿਗਿਆਨ ਵਿਚ ਉਪਰਲੇ ਅਤੇ ਥਲਵੇਂ ਭਾਗ ਦੇ ਕੇਂਦਰੀ ਸਥਾਨ ਹਨ। ਇਨ੍ਹਾਂ ਦੀ ਗਤੀ ਅਨੁਸਾਰ ਹੀ ਸ਼ੁਭ-ਅਸ਼ੁਭ ਫਲ ਦਾ ਨਿਰਣਾ ਹੁੰਦਾ ਹੈ। ਇਹ ਦੋਵੇਂ ਅਸ਼ੁਭ ਗ੍ਰਹਿਆਂ ਵਿਚ ਗਿਣੇ ਜਾਂਦੇ ਹਨ ਅਤੇ ਇਨ੍ਹਾਂ ਦੇ ਪ੍ਰਭਾਵ ਤੋਂ ਬਚਣ ਲਈ ਉਪਾ ਵੀ ਸੁਝਾਏ ਜਾਂਦੇ ਹਨ। ਪੰਜਾਬੀ ਸਾਹਿੱਤ ਵਿਚ ਇਨ੍ਹਾਂ ਦੇ ਹਵਾਲੇ ਮਿਲਦੇ ਹਨ। ਗੁਰੂ ਨਾਨਕ ਦੇਵ ਨੇ 'ਮਾਝ ਦੀ ਵਾਰ' ਵਿਚ ਕਿਹਾ ਹੈ ਜੇ ਮੇਰੇ ਸ਼ਰੀਰ ਨੂੰ ਪਾਪ ਮਈ ਦੋਵੇਂ ਰਾਹੂ ਗ੍ਰਹਿ (ਰਾਹੂ ਅਤੇ ਕੇਤੂ) ਦੁੱਖ ਦਿੰਦੇ ਹੋਣ ਤਾਂ ਵੀ ਹੇ ਪ੍ਰਭੂ, ਮੈਂ ਤੇਰੀ ਹੀ ਆਰਾਧਨਾ ਕਰਾਂ—'ਜੇ ਦੇਹੈ ਦੁਖੁ ਲਾਈਐ, ਪਾਪ ਗਰਹ ਦੁਇ ਰਾਹੁ। ...ਭੀ ਤੂੰ ਹੈ ਸਾਲਾਹਣਾ, ਆਖਣ ਲਹੈ ਨ ਚਾਉ' (ਆ. ਗ੍ਰੰ. 142)। ਗੁਰੂ ਅਰਜਨ ਦੇਵ ਨੇ ਸਤਿਗੁਰੂ ਦੀ ਕ੍ਰਿਪਾ ਨਾਲ ਦੁਖ ਦੇ ਕੇਤੁ (ਗ੍ਰਹਿ) ਨੂੰ ਕਟਣ ਦੀ ਮਾਨਤਾ ਸਥਾਪਿਤ ਕੀਤੀ ਹੈ—'ਮੇਰਾ ਲਾਗੋ ਰਾਮ ਸਿਉ ਹੇਤੁ। ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ' (ਆ. ਗ੍ਰੰ. 675)।

ਰਾਖਸ਼ : ਰਾਖਸ਼ (ਰਾਕ੍ਸ਼ਸ) ਦੀ ਮਾਨਤਾ ਵੈਦਿਕ ਕਾਲ ਤੋਂ ਸ਼ੁਰੂ ਹੋ ਗਈ ਸੀ ਕਿਉਂਕਿ ਉਦੋਂ ਜੋ ਦੁਖ, ਤਕਲੀਫ਼ਾਂ, ਬੀਮਾਰੀਆਂ ਮਨੁੱਖ ਅਨੁਭਵ ਕਰਦਾ ਸੀ ਉਨ੍ਹਾਂ ਪਿਛੇ ਕਿਸੇ ਰਾਖਸ਼ੀ ਸ਼ਕਤੀ ਦੀ ਕਲਪਨਾ ਕੀਤੀ ਜਾਂਦੀ ਸੀ। ਦੁਖਾਂ-ਤਕਲੀਫ਼ਾਂ ਦੇ ਅਨੰਤ ਹੋਣ ਕਰਕੇ ਰਾਖਸ਼ਾਂ ਦੀ ਗਿਣਤੀ ਵੀ ਅਨੰਤ ਮੰਨੀ ਜਾਂਦੀ ਸੀ। ਉਸ ਤੋਂ ਬਾਦ ਉਨ੍ਹਾਂ ਰਾਖਸ਼ੀ ਸ਼ਕਤੀਆਂ ਦਾ ਮਾਨਵੀਕਰਣ ਹੋਣ ਲਗਾ ਅਤੇ ਉਨ੍ਹਾਂ ਦੀਆਂ ਆਦਤਾਂ, ਢੰਗਾਂ, ਦੁਰਾਚਾਰਾਂ ਆਦਿ ਬਾਰੇ ਗੱਲਾਂ ਪ੍ਰਚਲਿਤ ਹੋਣ ਲਗੀਆਂ। ਉਹ ਪਸ਼ੂਆਂ, ਅਤੇ ਮਨੁੱਖਾਂ ਨੂੰ ਖਾਣ ਵਾਲੇ, ਹਨੇਰੇ ਵਿਚ ਵਿਚਰਨ ਵਾਲੇ, ਯੱਗਾਂ ਨੂੰ ਨਸ਼ਟ ਕਰਨ ਵਾਲੇ, ਅਨੇਕ ਪ੍ਰਕਾਰ ਦੇ ਭੇਸ ਅਤੇ ਰੂਪ ਬਦਲਣ ਵਾਲੇ, ਭਿਆਨਕ ਬੋਲੀਆਂ ਬੋਲਣ ਵਾਲੇ ਮੰਨੇ ਜਾਣ ਲਗੇ। ਅਗਨੀ ਦੇਵਤਾ ਅਤੇ ਇੰਦਰ ਦੇਵਤਾ ਦੇ ਸ਼ੁਰੂ ਤੋਂ ਹੀ ਰਾਖਸ਼ ਵੈਰੀ ਰਹੇ, ਕਿਉਂਕਿ ਪ੍ਰਕਾਸ਼ ਅਤੇ ਅੰਧਕਾਰ ਵਿਚ ਆਦਿ-ਕਾਲ ਤੋਂ ਵਿਰੋਧ ਚਲਿਆ ਆ ਰਿਹਾ ਹੈ।

'ਬਾਲਮੀਕੀ ਰਾਮਾਇਣ' ਦੇ "ਉਤਰ-ਕਾਂਡ" ਵਿਚ ਰਾਖਸ਼ਾਂ ਦੀ ਉਤਪੱਤੀ ਬਾਰੇ ਪ੍ਰਕਾਸ਼ ਪਾਉਂਦਿਆਂ ਲਿਖਿਆ ਗਿਆ ਹੈ ਕਿ ਬ੍ਰਹਮਾ ਨੇ ਇਨ੍ਹਾਂ ਨੂੰ ਮਨੁੱਖਾਂ ਦੀ ਰਖਿਆ ਕਰਨ ਦਾ ਕੰਮ ਸੌਂਪਿਆ। ਇਨ੍ਹਾਂ ਰਾਖਸ਼ਾਂ ਵਿਚੋਂ ਦੋ ਪ੍ਰਮੁਖ ਸਨ—ਹੇਤਿ ਅਤੇ ਪ੍ਰਹੇਤਿ। ਹੇਤਿ ਨੇ ਕਾਲ ਦੀ ਭਿਆਨਕ ਭੈਣ ਭਯਾ ਨਾਲ ਵਿਆਹ ਕੀਤਾ ਅਤੇ ਵਿਦ੍ਯੁਤਕੇਸ਼ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ। ਉਸ ਦਾ ਵਿਆਹ ਸੰਧਿਆ ਦੀ ਪੁੱਤਰੀ ਸਾਲਕਟੰਕਟਾ ਨਾਲ ਹੋਇਆ। ਉਨ੍ਹਾਂ ਦੁਆਰਾ ਪੈਦਾ ਹੋਏ ਬਾਲਕ ਨੂੰ ਸ਼ੰਕਰ ਅਤੇ ਪਾਰਬਤੀ ਨੇ ਵਰਦਾਨ ਦੇ ਕੇ ਅਮਰ ਕਰ ਦਿੱਤਾ ਅਤੇ ਉਸ ਦਾ ਨਾਂ ਸੁਕੇਸ਼ ਰਖਿਆ। ਅਗੋਂ ਉਸ ਦਾ ਵਿਆਹ ਗ੍ਰਾਮਣੀ ਨਾਂ ਦੇ ਗੰਧਰਵ ਦੀ ਪੁੱਤਰੀ ਦੇਵਵਤੀ ਨਾਲ ਹੋਇਆ ਜਿਸ ਤੋਂ ਤਿੰਨ ਭਿਆਨਕ ਪੁੱਤਰ ਪੈਦਾ ਹੋਏ—ਮਾਲ੍ਯਵਾਨ, ਸੁਮਾਲੀ ਅਤੇ ਮਾਲੀ। ਉਨ੍ਹਾਂ ਨੇ ਬ੍ਰਹਮਾ ਦੀ ਤਪੱਸਿਆ ਕਰਕੇ ਪਰਸਪਰ ਪ੍ਰੇਮ-ਭਾਵ ਅਤੇ ਅਮਰਤਾ ਦਾ ਵਰ ਪ੍ਰਾਪਤ

ਕੀਤਾ ਅਤੇ ਵਿਸ਼੍ਵਕਰਮਾ ਦੀ ਸਿਰਜੀ ਸੋਨੇ ਦੀ ਲੰਕਾ ਵਿਚ ਰਹਿਣ ਲਗੇ। ਉਧਰ ਨਰਮਦਾ ਨਾਂ ਦੀ ਇਕ ਗੰਧਰਵੀ ਨੇ ਆਪਣੀ ਮਰਜ਼ੀ ਨਾਲ ਜਨਮ ਲਿਆ ਅਤੇ ਤਿੰਨ ਪੁੱਤਰੀਆਂ ਪੈਦਾ ਕੀਤੀਆਂ ਜਿਨ੍ਹਾਂ ਵਿਚੋਂ ਸੁੰਦਰੀ ਦਾ ਵਿਆਹ ਮਾਲ੍ਯਵਾਨ ਨਾਲ, ਕੇਤੁਮਤੀ ਦਾ ਸੁਮਾਲੀ ਨਾਲ ਅਤੇ ਵਸੁਧਾ ਦਾ ਮਾਲੀ ਨਾਲ ਹੋਇਆ।

ਮਾਲ੍ਯਵਾਨ ਅਤੇ ਸੁੰਦਰੀ ਤੋਂ ਵਜ੍ਰਮੁਸ਼੍ਠੀ, ਵਿਰੂਪਾਕਸ਼, ਦੁਰਮੁਖ, ਸੁਪ੍ਤਘਨ, ਯੱਗਕੋਪ, ਮੱਤ ਅਤੇ ਉਨਮੱਤ ਨਾਂ ਦੇ ਪੁੱਤਰ ਪੈਦਾ ਹੋਏ। ਸੁਮਾਲੀ ਅਤੇ ਕੇਤੁਮਤੀ ਤੋਂ ਪ੍ਰਹਸਤ, ਅਕੰਪਨ, ਵਿਕਟ, ਕਾਲਕਾਰਮੁਕ, ਧੂਮ੍ਰਾਕ੍ਸ਼, ਦੰਡ, ਸੁਪਾਰਸ਼੍ਵ, ਸੰਹ੍ਲਾਦੀ, ਪ੍ਰਘਸ ਅਤੇ ਭਾਸਕਰਣ ਜਨਮੇ। ਮਾਲੀ ਅਤੇ ਵਸੁਧਾ ਨੇ ਅਨਲ, ਅਨਿਲ, ਹਰ ਅਤੇ ਸੰਪਾਤੀ ਨੂੰ ਪੈਦਾ ਕੀਤਾ।

ਇਨ੍ਹਾਂ ਸਾਰੇ ਰਾਖਸ਼ਾਂ ਨੇ ਰਲ ਕੇ ਦੇਵਤਿਆਂ ਨੂੰ ਸਵਰਗੋਂ ਬਾਹਰ ਕੱਢਿਆ ਅਤੇ ਉਥੇ ਆਪਣਾ ਕਬਜ਼ਾ ਕਰ ਲਿਆ। ਇਨ੍ਹਾਂ ਨੂੰ ਮਾਰਨ ਅਤੇ ਦੇਵਤਿਆਂ ਦੀ ਸਹਾਇਤਾ ਕਰਨ ਦੀ ਜ਼ਿੰਮੇਵਾਰੀ ਵਿਸ਼ਣੂ ਨੇ ਆਪਣੇ ਸਿਰ ਤੇ ਲਈ। ਰਾਖਸ਼ਾਂ ਨਾਲ ਵਿਸ਼ਣੂ ਦਾ ਤਕੜਾ ਯੁੱਧ ਹੋਇਆ। ਮਾਲੀ ਮਾਰਿਆ ਗਿਆ। ਬਾਕੀ ਦੇ ਰਾਖਸ਼ ਭਜ ਕੇ ਪਾਤਾਲ ਲੋਕ ਚਲੇ ਗਏ। ਉਥੇ ਸੁਮਾਲੀ ਨੂੰ ਇਨ੍ਹਾਂ ਨੇ ਆਪਣਾ ਰਾਜਾ ਬਣਾ ਲਿਆ। ਕਾਲਾਂਤਰ ਵਿਚ ਸੁਮਾਲੀ ਦੇ ਪੋਤਰੇ, ਰਾਵਣ, ਨੇ ਲੰਕਾ ਵਿਚੋਂ ਕੁਬੇਰ ਨੂੰ ਭਜਾ ਕੇ ਉਥੇ ਆਪਣਾ ਰਾਜ ਕਾਇਮ ਕੀਤਾ। ਰਾਵਣ ਅਤੇ ਉਸ ਦੇ ਸਾਥੀਆਂ ਨੂੰ ਲੰਕਾ ਵਿਚ ਵਿਸ਼ਣੂ ਨੇ ਸ੍ਰੀ ਰਾਮ ਰੂਪ ਵਿਚ ਅਵਤਰਿਤ ਹੋ ਕੇ ਮਾਰਿਆ।

ਪੌਰਾਣਿਕ ਯੁਗ ਵਿਚ ਰਾਖਸ਼ਾਂ ਦੀ ਉਤਪੱਤੀ ਬਾਰੇ ਕਈ ਆਖਿਆਨ ਘੜੇ ਗਏ। ਕਿਤੇ ਇਨ੍ਹਾਂ ਨੂੰ ਬ੍ਰਹਮਾ ਦੇ ਮਾਨਸ ਪੁੱਤਰ ਪੁਲਸਤ੍ਯ ਰਿਸ਼ੀ ਦੀ ਸੰਤਾਨ ਮੰਨਿਆ ਗਿਆ ਅਤੇ ਕਿਤੇ ਇਹ ਬ੍ਰਹਮਾ ਦੇ ਪੈਰਾਂ ਤੋਂ ਪੈਦਾ ਹੋਏ ਦਸੇ ਗਏ। 'ਵਿਸ਼ਣੂ ਪੁਰਾਣ' ਅਨੁਸਾਰ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਖਸਾ ਦਾ ਵਿਆਹ ਕਸ਼੍ਯਪ ਨਾਲ ਹੋਇਆ। ਉਨ੍ਹਾਂ ਦੀ ਸੰਤਾਨ ਰਾਖਸ਼ ਅਖਵਾਈ। 'ਰਾਕ੍ਸ਼ਸ' ਸ਼ਬਦ ਦੇ ਪ੍ਰਚਲਿਤ ਹੋ ਜਾਣ ਨਾਲ ਫਿਰ ਇਸ ਸ਼ਬਦ ਦਾ ਵਿਉਂਤਪਤੀ ਵੀ ਲੱਭੀ ਜਾਣ ਲਗੀ। 'ਬਾਲਮੀਕੀ ਰਾਮਾਇਣ' ਅਤੇ 'ਵਿਸ਼ਣੂ ਪੁਰਾਣ' ਅਨੁਸਾਰ ਇਸ ਦਾ ਅਰਥ ਰਕ੍ਸ਼ਾ (ਰਖਿਆ) ਕਰਨ ਵਾਲਾ ਮੰਨਿਆ ਗਿਆ ਅਤੇ ਰਾਖਸ਼ਾਂ ਨੂੰ ਬ੍ਰਹਮਾ ਨੇ ਮਨੁੱਖਾਂ ਦੀ ਰਖਿਆ ਕਰਨ ਲਈ ਪੈਦਾ ਕੀਤਾ ਦਸਿਆ ਜਾਣ ਲਗਾ।

ਇੰਜ ਪ੍ਰਤੀਤ ਹੁੰਦਾ ਹੈ ਕਿ ਜਦੋਂ ਆਰਯ ਲੋਕ ਭਾਰਤ ਵਿਚ ਆਏ ਤਾਂ ਉਨ੍ਹਾਂ ਨੇ ਇਥੋਂ ਦੀਆਂ ਅਸਭਿ ਜਾਤੀਆਂ ਨੂੰ ਆਪਣੇ ਅਧੀਨ ਕਰ ਲਿਆ ਹੋਵੇਗਾ ਅਤੇ ਉਨ੍ਹਾਂ ਵਿਚ ਕਈ ਕਿਸਮ ਦੇ ਦੋਸ਼ਾਂ ਨੂੰ ਦੇਖ ਕੇ ਉਨ੍ਹਾਂ ਨੂੰ ਰਾਖਸ਼ ਕਹਿਣਾ ਸ਼ੁਰੂ ਕੀਤਾ ਹੋਵੇਗਾ। ਬਾਦ ਵਿਚ ਦੁਸ਼ਟ ਅਤੇ ਵੈਰੀ ਲਈ ਵੀ ਇਹ ਸ਼ਬਦ ਵਰਤਿਆ ਜਾਣ ਲਗਿਆ।

ਪੰਜਾਬੀ ਸਾਹਿੱਤ ਅਤੇ ਜਨ-ਜੀਵਨ ਵਿਚ 'ਰਾਖਸ਼' ਸ਼ਬਦ ਦੀ ਆਮ ਵਰਤੋਂ ਹੁੰਦੀ ਹੈ। ਪਰ ਇਥੇ ਧਿਆਨ ਦੇਣ ਦੀ ਗੱਲ ਇਹ ਹੈ ਕਿ ਪੰਜਾਬੀ ਵਿਚ ਰਾਖਸ਼ ਨੂੰ ਦੈਂਤ, ਦਾਨਵ ਜਾਂ ਅਸੁਰ ਤੋਂ ਭਿੰਨ ਨਹੀਂ ਮੰਨਿਆ ਗਿਆ। ਇਹ ਸਭ ਇਕੋ ਹੀ ਅਰਥ-ਭਾਵ

ਦੇ ਸੂਚਕ ਮੰਨੇ ਗਏ ਹਨ। ਉਦਾਹਰਣ ਲਈ 'ਚੰਡੀ ਦੀ ਵਾਰ' ਦੇ ਕਰਤਾ ਨੇ ਇਨ੍ਹਾਂ ਸਾਰਿਆਂ ਨੂੰ ਸਮਾਨਾਰਥਕ ਹੀ ਚਿਤਰਿਆ ਹੈ, ਜਿਵੇਂ : (1) ਰਾਕਸਿ ਆਇ ਰੋਹਲੇ ਖੇਤ ਭਿੜਨ ਕੇ ਚਾਇ।/ (2) ਦੁਰਗਾ ਦਾਨੋ ਡਹੇ ਰਣ ਨਾਦ ਵੱਜਣ ਖੇਤ ਭੀਹਾਵਲੇ।/ (3) ਧੂਹ ਲਈਆਂ ਤਰਵਾਰੀ ਦੇਵਾ ਦਾਨਵੀ।

ਰਾਗਮਾਲਾ : ਉਹ ਰਚਨਾ ਜਿਸ ਵਿਚ ਰਾਗਾਂ ਦੇ ਨਾਂ ਕ੍ਰਮਵਾਰ ਦਰਜ ਹੋਣ। 'ਗੁਰੂ ਗ੍ਰੰਥ ਸਾਹਿਬ' ਦੇ ਅੰਤ ਉਤੇ ਇਸ ਨਾਂ ਦੀ ਇਕ ਰਚਨਾ ਦਰਜ ਹੈ। ਇਸ ਵਿਚ ਪੰਜ ਦੋਹਿਰੇ ਹਨ ਜਿਨ੍ਹਾਂ ਵਿਚੋਂ ਹਰ ਇਕ ਨੂੰ ਅੰਤ ਉਤੇ ਕੇਵਲ '੧' ਅੰਕ ਦਿੱਤਾ ਗਿਆ ਹੈ। ਪਹਿਲੇ, ਦੂਜੇ ਅਤੇ ਤੀਜੇ ਦੋਹਿਰਿਆਂ ਤੋਂ ਪਹਿਲਾਂ ਦਸ-ਦਸ ਤੁਕਾਂ ਦਾ ਇਕ-ਇਕ ਪਉੜੀ-ਜੁੱਟ ਹੈ, ਚੌਥੇ ਨਾਲ ਚਾਰ ਅਤੇ ਛੇ ਤੁਕਾਂ ਦੇ ਦੋ ਜੁੱਟ ਹਨ ਅਤੇ ਪੰਜਵੇਂ ਨਾਲ ਛੇ ਅਤੇ ਚਾਰ ਤੁਕਾਂ ਦੇ ਦੋ ਜੁੱਟ ਹਨ। ਇਸ ਵਿਚਲੀ ਪਦਿਆਂ ਦੀ ਅੰਕ-ਗਣਨਾ ਦਾ ਮੇਲ ਗ੍ਰੰਥ ਸਾਹਿਬ ਦੀ ਵਿਧੀ ਅਨੁਸਾਰ ਨਹੀਂ ਹੈ।

ਇਥੇ ਦੂਜੀ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਨਾਲ ਰਚੈਤਾ ਦੇ ਨਾਂ ਦਾ ਸੰਕੇਤ ਨਹੀਂ ਦਿੱਤਾ ਗਿਆ। ਇਸ ਲਈ ਇਸ ਦਾ ਕਰਤ੍ਰਿਤ੍ਵ ਸੰਦਿਗਧ ਹੈ।

ਇਸ ਦਾ ਵਿਸ਼ਾ ਹੈ ਰਾਗ-ਰਾਗਨੀਆਂ ਦੀ ਸੂਚੀ ਦੇਣਾ। ਇਸ ਵਿਚ ਕੁਲ ਛੇ ਰਾਗਾਂ ਦੇ ਨਾਂ (ਭੈਰਉ, ਮਾਲਕਉਸ, ਹਿੰਡੋਲ, ਦੀਪਕ, ਸਿਰੀ ਅਤੇ ਮੇਘ) ਦੇ ਕੇ ਫਿਰ ਹਰ ਇਕ ਰਾਗ ਦੀਆਂ ਪੰਜ-ਪੰਜ ਰਾਗਨੀਆਂ ਅਤੇ ਅੱਠ-ਅੱਠ ਪੁੱਤਰਾਂ ਦੇ ਨਾਂਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਦਾ ਕੁਲ ਜੋੜ 84 ਬਣਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੇਵਲ 31 ਰਾਗ ਦਰਜ ਹਨ। ਕੁਝ ਰਾਗਾਂ ਵਿਚ ਹੋਰਨਾਂ ਰਾਗਾਂ ਨਾਲ ਰਲਾ ਕੇ ਗਾਉਣ ਦੇ ਵੀ ਸੰਕੇਤ ਹਨ। ਇਸ ਤਰ੍ਹਾਂ ਭਾਵੇਂ ਰਾਗਾਂ ਦੀ ਗਿਣਤੀ 31 ਤੋਂ ਵੱਧ ਹੋ ਜਾਂਦੀ ਹੈ, ਪਰ ਕਿਸੇ ਸੂਰਤ ਵਿਚ ਉਹ 84 ਨਹੀਂ ਬਣਦੀ। ਅਤੇ, ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕੁਝ ਰਾਗ ਇਸ 'ਮਾਲਾ' ਵਿਚ ਸ਼ਾਮਲ ਵੀ ਨਹੀਂ ਹੋਏ, ਜਿਵੇਂ ਮਾਝ, ਬਿਹਾਗੜਾ, ਵਡਹੰਸ, ਸੂਹੀ, ਰਾਮਕਲੀ, ਤੁਖਾਰੀ, ਪ੍ਰਭਾਤੀ, ਜੈਜਾਵੰਤੀ, ਆਦਿ। ਅਤੇ ਇਸ 'ਮਾਲਾ' ਦੇ ਅਨੇਕ ਰਾਗਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਤਕ ਨਹੀਂ ਹੋਇਆ ਜਿਵੇਂ ਮਾਲਕਉਸ, ਹਿੰਡੋਲ, ਦੀਪਕ, ਮੇਘ ਅਤੇ ਉਨ੍ਹਾਂ ਦੀਆਂ ਕਈ ਰਾਗਨੀਆਂ ਅਤੇ ਪੁੱਤਰ। ਇਸ ਤੋਂ ਸਪੱਸ਼ਟ ਹੈ ਕਿ ਇਹ ਰਾਗ ਮਾਲਾ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਦੀ ਸੂਚਕ ਨਹੀਂ। ਮਾਝ, ਵਡਹੰਸ, ਤੁਖਾਰੀ ਆਦਿ ਕਈ ਰਾਗ ਤਾਂ ਭਾਰਤੀ ਸੰਗੀਤ ਪਰੰਪਰਾ ਤੋਂ ਸੁਤੰਤਰ ਹਨ। ਇਹ ਰਾਗ ਭਾਰਤੀ ਸੰਗੀਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਦੇਣ ਹੈ। ਕੁਝ ਵਿਦਵਾਨਾਂ ਨੇ ਇਸ ਰਚਨਾ ਦੀ ਸਮਾਨਤਾ ਅਕਬਰ ਬਾਦਸ਼ਾਹ ਦੇ ਦਰਬਾਰੀ ਕਵੀ ਆਲਮ ਦੀ ਅਨੁਵਾਦਿਤ ਰਚਨਾ 'ਮਾਧਵਾਨਲ ਸੰਗੀਤ' ਦੇ ਛੰਦ ਅੰਕ 63 ਤੋਂ 72 ਤਕ ਦੇ ਪਾਠ ਨਾਲ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਦੋਹਾਂ ਰਚਨਾਵਾਂ ਵਿਚ ਕੁਝ ਕੁ ਪਾਠਾਂਤਰ ਹਨ।

ਇਸ ਰਚਨਾ ਦੀ ਭਾਸ਼ਾ ਬ੍ਰਜ ਹੈ ਅਤੇ ਰਾਗਾਂ ਦੇ ਉੱਲੇਖ ਕਰਕੇ ਕੁਝ ਕਠਿਨ ਵੀ ਪ੍ਰਤੀਤ ਹੁੰਦੀ ਹੈ।

ਰਾਜਗੁਰੂ : ਭਗਤ ਸਿੰਘ ਦਾ ਇਕ ਕ੍ਰਾਂਤੀਕਾਰੀ ਸਾਥੀ। ਵੇਖੋ 'ਭਗਤ ਸਿੰਘ, ਸ਼ਹੀਦ'।

ਰਾਜ-ਯੋਗ : ਇਸ ਯੋਗ ਦਾ ਸੰਬੰਧ ਜੋਤਿਸ਼-ਸ਼ਾਸਤ੍ਰ ਨਾਲ ਹੈ। ਇਹ ਵਿਅਕਤੀ ਦੇ ਜਨਮ ਸਮੇਂ ਗ੍ਰਹਿਆਂ ਦੇ ਅਜਿਹੇ ਯੋਗ ਜਾਂ ਜੋੜ ਦਾ ਸੂਚਕ ਹੈ ਜਿਸ ਤੋਂ ਉਸ ਵਿਅਕਤੀ ਨੂੰ ਰਾਜ ਦੀ ਪ੍ਰਾਪਤੀ ਹੋਏ ਜਾਂ ਰਾਜ ਤੁਲ ਸ਼ੋਭਾ ਦਾ ਅਧਿਕਾਰੀ ਬਣੇ।

ਅਧਿਆਤਮਿਕ ਖੇਤਰ ਵਿਚ ਭਗਤੀ ਦੀ ਪਰਮ-ਅਵਸਥਾ ਨੂੰ ਵੀ 'ਰਾਜਯੋਗ' ਕਿਹਾ ਜਾਂਦਾ ਹੈ। ਭਾਈ ਗੁਰਦਾਸ ਨੇ 'ਗੁਰਮੁਖ' ਵਿਅਕਤੀ ਨੂੰ ਰਾਜਯੋਗ ਮਾਣਨ ਵਾਲਾ ਦਸਿਆ ਹੈ—'ਗੁਰਮੁਖਿ ਸੁਖ ਫਲੁ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ' (29/11)। ਭੱਟਾਂ ਨੇ ਆਪਣੇ ਸਵੈਇਆਂ ਵਿਚ ਇਸ ਦਾ ਹਵਾਲਾ ਦਿੱਤਾ ਹੈ। ਗੁਰੂ ਅਰਜਨ ਦੇਵ ਨੇ ਹਰਿ-ਨਾਮ ਦਾ ਸਿਮਰਨ ਕਰਨ ਵਾਲੇ ਲਈ ਇਸ ਪ੍ਰਾਪਤੀ ਦਾ ਸੰਕੇਤ ਕੀਤਾ ਹੈ— 'ਤੂੰ ਗੁਰਪ੍ਰਸਾਦਿ ਕਰਿ ਰਾਜਜੋਗੁ' (ਅ.ਗ੍ਰੰ. 221)।

'ਯੋਗ-ਦਰਸ਼ਨ' (ਵੇਖੋ) ਵਾਲੇ 'ਅਸ਼ਟਾਂਗ-ਯੋਗ' ਨੂੰ ਵੀ 'ਰਾਜ-ਯੋਗ' ਦਾ ਨਾਂ ਦਿੰਦੇ ਹਨ।

ਰਾਂਝਾ : ਵੇਖੋ 'ਹੀਰ-ਰਾਂਝਾ'।

ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ : ਇਹ ਉਕਤੀ ਮਲਾਰ ਦੀ ਵਾਰ ਮਹੱਲਾ ੧ ਦੇ ਸ਼ੁਰੂ ਵਿਚ ਲਿਖੀ ਹੈ। ਇਸ ਤੋਂ ਸਪੱਸ਼ਟ ਹੈ ਕਿ ਰਾਣੇ ਕੈਲਾਸ ਅਤੇ ਮਾਲਦੇ ਕੀ ਵਾਰ ਦੀ ਧੁਨੀ ਉਤੇ ਇਸ ਵਾਰ ਨੂੰ ਗਾਇਆ ਜਾਣਾ ਹੈ।

ਰਵਾਇਤ ਅਨੁਸਾਰ ਕੈਲਾਸ ਦੇਵ ਅਤੇ ਮਾਲ ਦੇਵ ਦੋਵੇਂ ਰਾਜਪੂਤ ਭਰਾ ਸਨ ਅਤੇ ਕਾਂਗੜੇ ਦੇ ਇਲਾਕੇ ਵਿਚ ਜਹਾਂਗੀਰ ਬਾਦਸ਼ਾਹ ਦੇ ਵੇਲੇ ਆਪਣੀ ਰਿਆਸਤ ਦੇ ਮਾਲਕ ਸਨ। ਇਹ ਦੋਵੇਂ ਬਾਦਸ਼ਾਹ ਨੂੰ ਕਰ ਦਿੰਦੇ ਸਨ, ਪਰ ਬਾਦਸ਼ਾਹ ਇਨ੍ਹਾਂ ਪ੍ਰਤਿ ਵੈਰ ਰਖਦਾ ਸੀ। ਉਸ ਨੇ ਆਪਣੀ ਕਿੜ ਕੱਢਣ ਲਈ, ਇਨ੍ਹਾਂ ਦੋਹਾਂ ਦੀ ਆਪਸ ਵਿਚ ਦੁਸ਼ਮਣੀ ਕਰਵਾ ਦਿੱਤੀ। ਫਲਸਰੂਪ, ਬਹੁਤ ਭਿਆਨਕ ਲੜਾਈ ਹੋਈ ਜਿਸ ਵਿਚ ਕੈਲਾਸ ਦੇਵ ਹਾਰ ਗਿਆ। ਪਰ ਮਾਲ ਦੇਵ ਨੇ ਆਪਣੇ ਵੱਡੇ ਭਰਾ ਦੇ ਮਾਫ਼ੀ ਮੰਗਣ ਤੇ ਉਸ ਨੂੰ ਅੱਧਾ ਰਾਜ ਦੇ ਦਿੱਤਾ। ਉਸ ਸਾਕੇ ਨੂੰ ਲੈ ਕੇ ਢਾਢੀਆਂ ਵਲੋਂ ਜੋ ਵਾਰ ਰਚੀ ਗਈ, ਉਸ ਦੀ ਲੋਕ-ਪ੍ਰਸਿੱਧੀ ਕਾਰਣ ਗੁਰੂ ਅਰਜਨ ਦੇਵ ਜੀ ਨੇ ਉਸ ਦੀ ਤਰਜ਼ ਉਤੇ ਮਲਾਰ ਰਾਗ ਦੀ ਵਾਰ ਨੂੰ ਗਾਉਣ ਦਾ ਸੰਕੇਤ ਕੀਤਾ ਹੈ। ਨਮੂਨੇ ਵਜੋਂ ਉਸ ਵਾਰ ਦੀ ਇਕ ਪਉੜੀ ਇਸ ਪ੍ਰਕਾਰ ਹੈ—'ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ,/ਨਉ ਸੈ ਨਦੀ ਨੜਿਨਵੇ ਹਾਣਾ ਜਲ ਕੰਧਰ,/ਢੁਕਾ ਰਾਇ ਅਮੀਰ ਦੇ ਕਰ ਮੇਘ ਅਡੰਬਰ,/ਆਨਤ ਖੰਡਾ ਰਾਣਿਆ ਕੈਸਾਲੇ ਅੰਦਰ,/ਬਿਜੁੱਲ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ,/ਮਾਲਦੇਵ ਕੈਲਾਸ ਨੂੰ ਬੰਨ੍ਹਿਆ ਕਰ ਸੰਘਰ,/ਫਿਰ ਅੱਧਾ ਧਨ ਮਾਲ ਦੇ ਛੱਡਿਆ ਗੜ੍ਹ ਅੰਦਰ,/ ਮਾਲਦੇਉ ਜਸ ਖੱਟਿਆ ਜਿਉਂ ਸ਼ਾਹ ਸਿਕੰਦਰ।'

ਰਾਧਾ/ਰਾਧਿਕਾ : ਸ੍ਰੀ ਕ੍ਰਿਸ਼ਣ ਦੀ ਅਤਿ ਪ੍ਰਿਯਾ ਗੋਪੀ, ਜੋ ਵ੍ਰਿਸ਼ਭਾਨ ਦੀ ਪੁੱਤਰੀ ਅਤੇ ਅਯਨਘੋਸ਼ ਨਾਂ ਦੇ ਗਵਾਲੇ ਦੀ ਪਤਨੀ ਸੀ। ਰਾਧਾ ਦੇ ਸਰੂਪ ਅਤੇ ਹੋਂਦ ਬਾਰੇ ਕਈ

ਪੱਕੀ ਗੱਲ ਨਹੀਂ ਕਹੀ ਜਾ ਸਕਦੀ । 'ਮਹਾਭਾਰਤ' ਅਤੇ 'ਭਾਗਵਤ-ਪੁਰਾਣ' ਵਿਚ ਰਾਧਾ ਦਾ ਉੱਲੇਖ ਨਹੀਂ ਹੈ, ਪਰ 'ਬ੍ਰਹਮਵੈਵਰਤ' ਅਤੇ 'ਦੇਵੀ-ਭਾਗਵਤ' ਆਦਿ ਪੁਰਾਣਾਂ ਵਿਚ ਰਾਧਾ ਦਾ ਵਰਣਨ ਹੈ ।

ਡਾ. ਰਾਜਬਲੀ ਪਾਂਡੇਯ ਦੇ ਕਥਨ ਅਨੁਸਾਰ 'ਭਾਗਵਤ-ਪੁਰਾਣ' ਵਿਚ ਇਕ ਗੋਪੀ ਪ੍ਰਤਿ ਸ੍ਰੀ ਕ੍ਰਿਸ਼ਣ ਅਧਿਕ ਆਕਰਸ਼ਿਤ ਵਿਖਾਏ ਗਏ ਸਨ । ਫਲਸਰੂਪ, ਬਾਕੀ ਗੋਪੀਆਂ ਇਹ ਅਨੁਮਾਨ ਕਰ ਲੈਂਦੀਆਂ ਹਨ ਕਿ ਇਸ ਨੇ ਪੂਰਵ ਜਨਮ ਵਿਚ ਸ੍ਰੀ ਕ੍ਰਿਸ਼ਣ ਦੀ ਅਧਿਕ ਆਰਾਧਨਾ ਕੀਤੀ ਹੋਵੇਗੀ । ਇਸੇ ਕਰਕੇ ਉਸ ਦਾ ਕਾਲਾਂਤਰ ਵਿਚ ਰਾਧਾ ਨਾਂ ਪ੍ਰਚਲਿਤ ਹੋਇਆ ਹੋਵੇਗਾ । 'ਰਾਧਾ' ਸ਼ਬਦ ਰਾਧ੍ ਧਾਤੂ ਤੋਂ ਵਿਉਤਪੰਨ ਹੋਣ ਕਾਰਣ, ਇਸ ਦਾ ਅਰਥ ਬਣਦਾ ਹੈ 'ਉੱਜਵਲ ਆਨੰਦ ਦੇਣ ਵਾਲੀ ।' ਇਹ ਹੁਣ ਕਹਿਣਾ ਮੁਸ਼ਕਿਲ ਹੈ ਕਿ ਰਾਧਾ ਦਾ ਸਭ ਤੋਂ ਪਹਿਲਾਂ ਉੱਲੇਖ ਕਿਥੇ ਅਤੇ ਕਦੋਂ ਹੋਇਆ ਹੈ ? ਇਕ ਮਾਨਤਾ ਅਨੁਸਾਰ 'ਗੋਪਾਲਤਾਪਨੀਯ ਉਪਨਿਸ਼ਦ' ਵਿਚ ਰਾਧਾਂ ਦਾ ਪਹਿਲੀ ਵਾਰ ਉੱਲੇਖ ਹੋਇਆ ਹੈ ।

ਨਿੰਬਾਰਕਾਚਾਰਯ ਸੰਪ੍ਰਦਾਇ ਵਿਚ ਰਾਧਾ ਦਾ ਸਰਵਸ੍ਰੇਸ਼ਠ ਮਹੱਤਵ ਹੈ । ਵਿਸ਼ਣੂ-ਸੁਆਮੀ ਸੰਪ੍ਰਦਾਇ ਵਾਲੇ ਵੀ ਰਾਧਾ ਨੂੰ ਮੰਨਦੇ ਹਨ । ਇਸ ਤੋਂ ਬਾਦ ਦੇ ਆਚਾਰਯਾ ਨੇ ਰਾਧਾ ਵਿਚ ਪੂਰਾ ਵਿਸ਼ਵਾਸ ਪ੍ਰਗਟ ਕੀਤਾ ਹੈ । ਬਾਰ੍ਹਵੀਂ ਸਦੀ ਤੋਂ ਪਹਿਲਾਂ ਉੱਤਰੀ ਭਾਰਤ ਵਿਚ ਰਾਧਾ ਦੀ ਪੂਜਾ ਅਥਵਾ ਉਪਾਸਨਾ ਨਾਲ ਸੰਬੰਧਿਤ ਗੀਤ ਮਿਲ ਜਾਂਦੇ ਹਨ । ਜੈਦੇਵ ਨੇ 'ਗੀਤ-ਗੋਬਿੰਦ' ਵਿਚ ਰਾਧਾ ਦਾ ਕ੍ਰਿਸ਼ਣ ਦੀ ਪ੍ਰਿਯਾ ਦੇ ਰੂਪ ਵਿਚ ਚਿੱਤ੍ਰਣ ਕੀਤਾ ਹੈ । ਅਨੁਮਾਨ ਹੈ ਕਿ ਯਾਰ੍ਹਵੀਂ ਸਦੀ ਦੇ ਅੰਤ ਤਕ ਉਤਰੀ ਭਾਰਤ ਵਿਚ ਰਾਧਾ ਦੀ ਉਪਾਸਨਾ ਦਾ ਪ੍ਰਚਲਨ ਹੋ ਗਿਆ ਹੋਵੇਗਾ । ਉਸ ਸਮੇਂ ਨਿੰਬਾਰਕਾਚਾਰਯ ਉੱਤਰ ਵਿਚ ਅਤੇ ਵਿਸ਼ਣੂ-ਸੁਆਮੀ ਦੱਖਣ ਵਿਚ 'ਰਾਧਾਵਾਦ' ਦਾ ਪ੍ਰਚਾਰ ਕਰ ਰਹੇ ਸਨ ।

ਪਰਵਰਤੀ ਸੰਪ੍ਰਦਾਵਾਂ ਅਤੇ ਆਰਾਧਕ ਲੋਕ ਰਾਧਾ ਨੂੰ ਲਕ੍ਸ਼ਮੀ ਦਾ ਅਵਤਾਰ ਸਮਝ ਕੇ ਇਸ ਦੀ ਪੂਜਾ ਕਰਦੇ ਸਨ ਅਤੇ ਇਹੀ ਪ੍ਰਵ੍ਰਿੱਤੀ ਬਾਦ ਵਿਚ ਸਾਰੇ ਕ੍ਰਿਸ਼ਣ-ਕਾਵਿ ਅਤੇ ਕ੍ਰਿਸ਼ਣ-ਭਗਤੀ ਵਿਚ ਵੇਖਣ ਨੂੰ ਮਿਲਦੀ ਹੈ । ਕਈਆਂ ਨੇ ਰਾਧਾ ਨੂੰ ਆਤਮਾ ਦਾ ਪ੍ਰਤੀਕ ਮੰਨਿਆ ਹੈ ਅਤੇ ਇਸ ਉਤੇ ਰਹੱਸਵਾਦੀ ਸ਼ਕਤੀਆਂ ਦਾ ਆਰੋਪਣ ਕੀਤਾ ਹੈ । ਪੰਜਾਬੀ ਕ੍ਰਿਸ਼ਣ-ਕਾਵਿ ਵਿਚ ਵੀ ਰਾਧਾ ਦਾ ਵਰਣਨ ਹੋਇਆ ਹੈ । ਇਸ ਤੋਂ ਇਲਾਵਾ ਪੰਜਾਬੀ ਕਵੀਆਂ ਨੇ ਇਸ ਅਤੇ ਕ੍ਰਿਸ਼ਣ ਦੇ ਪ੍ਰੇਮ ਦੇ ਹਵਾਲੇ ਦਿੱਤੇ ਹਨ । ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ—'ਤਕ ਦੂਰ ਦੁਮੇਲੀਂ ਧਰਤ ਅਰਸ਼ ਨੂੰ ਮਿਲ ਗਈ,/ਜਿਉਂ ਘੁਟਣੀ ਰਾਧਾ ਸੰਗ ਸਾਂਵਲੇ ਪਾਈ ।'

ਰਾਬਿਅਹ, ਬਸਰੀ : ਬਸਰੇ ਦੀ ਰਹਿਣ ਵਾਲੀ ਇਕ ਪਾਕ-ਦਾਮਨ ਅਤੇ ਪਰਹੇਜ਼ਗਾਰ ਇਸਤਰੀ । ਇਸ ਨੂੰ ਰਾਬਿਅਹ (ਭਾਵ-ਚੌਥੀ) ਇਸ ਕਰਕੇ ਕਿਹਾ ਜਾਂਦਾ ਹੈ ਕਿ ਇਹ ਆਪਣੇ ਪਿਤਾ ਦੀ ਚੌਥੀ ਸੰਤਾਨ ਸੀ । ਇਹ ਸੂਫ਼ੀ ਵਿਚਾਰਾਂ ਦੀ ਧਾਰਣੀ ਸੀ ।

ਕਹਿੰਦੇ ਹਨ ਇਕ ਵਾਰ ਇਹ ਮੱਕੇ ਜਾ ਰਹੀ ਸੀ ਕਿ ਰਸਤੇ ਵਿਚ ਬੀਮਾਰ ਪੈ ਗਈ । ਇਸ ਦੀ ਸ਼ਰਧਾ ਨੂੰ ਵੇਖਦੇ ਹੋਇਆਂ ਕਾਅਬਾ ਖ਼ੁਦ ਇਸ ਕੋਲ ਆਇਆ ਅਤੇ

ਇਸ ਦੇ ਮਨ ਵਿਚਲੀ ਜ਼ਿਆਰਤ ਦੀ ਆਸ ਨੂੰ ਪੂਰਾ ਕੀਤਾ।

'ਤਜ਼ਕਰਾਤੁਲ ਔਲੀਆ' ਵਿਚ ਇਸ ਪ੍ਰਤਿ ਬਹੁਤ ਭਾਵ-ਭਿੰਨੀ ਅਭਿਵਿਅਕਤੀ ਕੀਤੀ ਗਈ ਹੈ। ਇਸ ਦੇ ਸ਼ਰੀਰ ਦੁਆਲੇ ਸਦਾ ਪ੍ਰਭਾ-ਮੰਡਲ ਬਣਿਆ ਰਹਿੰਦਾ ਸੀ। ਇਸ ਦੇ ਮਨ ਵਿਚ ਖ਼ੁਦਾ ਨੂੰ ਮਿਲਣ ਦੀ ਇੱਛਾ ਬਹੁਤ ਪ੍ਰਬਲ ਸੀ। ਇਸ ਨੂੰ 'ਮਰੀਅਮ ਦੂਤੀਆ' ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦਾ ਸਮੁੱਚਾ ਜੀਵਨ ਹਰ ਪ੍ਰਕਾਰ ਦੇ ਕਲੰਕ ਤੋਂ ਮੁਕਤ ਸੀ। ਇਸ ਦੇ ਕਲਾਮ ਨੂੰ ਸੂਫ਼ੀ ਵਿਚਾਰਧਾਰਾ ਵਾਲੇ ਲੋਕ ਬੜੇ ਆਦਰ ਨਾਲ ਪੜ੍ਹਦੇ ਸਨ।

ਇਹ ਖ਼ੁਦਾ ਨਾਲ ਸੱਚੇ ਦਿਲੋਂ ਪ੍ਰੇਮ ਕਰਦੀ ਸੀ ਅਤੇ ਨਰਕ ਦੇ ਡਰ ਜਾਂ ਸਵਰਗ ਦੀ ਖ਼ੁਸ਼ੀ ਨਾਲ ਇਸ ਦਾ ਕੋਈ ਸਰੋਕਾਰ ਨਹੀਂ ਸੀ। ਸ਼ਰੀਅਤ ਦੇ ਰੂੜ੍ਹ ਰੂਪ ਵਿਚ ਵਿਸ਼ਵਾਸ ਨਾ ਰਖਕੇ ਇਹ ਖ਼ੁਦਾ ਦੀ ਹਜ਼ੂਰੀ ਵਿਚ ਰਹਿਣ ਨੂੰ ਹੀ ਸੱਚੀ ਨਮਾਜ਼ ਮੰਨਦੀ ਸੀ। ਇਸ ਦਾ ਦੇਹਾਂਤ ਸੰਨ 801 ਈ. ਵਿਚ ਹੋਇਆ। ਮੁਕਬਲ ਨੇ 'ਹੀਰ' ਵਿਚ ਇਸ ਵਲ ਸੰਕੇਤ ਕੀਤਾ ਹੈ—'ਬੀਬੀ ਰਾਬਿਆ ਜੇਹੀਆ ਔਰਤਾਂ ਨੇ ਐਪਰ ਗੈਰਾਂ ਦਾ ਕੁਝ ਇਤਬਾਰ ਨਾਹੀਂ।'

ਰਾਬਿੰਦਰ ਨਾਥ, ਟੈਗੋਰ : ਬੰਗਾਲ ਦਾ ਇਕ ਪ੍ਰਸਿੱਧ ਸਾਹਿੱਤਕਾਰ ਅਤੇ ਚਿੰਤਕ ਜਿਸ ਦਾ ਜਨਮ 7 ਮਈ, 1861 ਈ. ਨੂੰ ਦੇਵਿੰਦਰ ਨਾਥ ਟੈਗੋਰ ਦੇ ਘਰ ਸ਼ਾਰਦਾ ਦੇਵੀ ਦੀ ਕੁੱਖੋਂ ਹੋਇਆ। ਇਸ ਦਾ ਖ਼ਾਨਦਾਨ ਬੜਾ ਪ੍ਰਤਿਸ਼ਠਿਤ ਅਤੇ ਉਦਾਰ ਵਿਚਾਰਾਂ ਵਾਲਾ ਸੀ ਅਤੇ ਸੁਧਾਰਵਾਦੀ ਅੰਦੋਲਨਾਂ ਵਿਚ ਇਸ ਦਾ ਪਿਤਾ ਵੱਧ ਚੜ੍ਹ ਕੇ ਹਿੱਸਾ ਲੈਂਦਾ ਸੀ। ਪੜ੍ਹਾਈ ਲਈ ਭਾਵੇਂ ਟੈਗੋਰ ਨੂੰ ਸਕੂਲ ਭੇਜਿਆ ਗਿਆ, ਪਰ ਇਸ ਦੀ ਪੜ੍ਹਾਈ ਅਧਿਕ-ਤਰ ਘਰ ਵਿਚ ਹੀ ਹੋਈ। ਇਸ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਦੀ ਅਸਾਧਾਰਣ ਬੁੱਧੀ ਅਤੇ ਸਿਰਜਨ-ਪ੍ਰਤਿਭਾ ਦਾ ਅਹਿਸਾਸ ਬਚਪਨ ਵਿਚ ਹੀ ਹੋ ਗਿਆ ਸੀ। ਇਸ ਦੀਆਂ ਰਚਨਾਵਾਂ ਸਾਹਿਤਿਕ ਪੱਤਰਾਂ ਵਿਚ ਛਪਣ ਲਗ ਗਈਆਂ ਅਤੇ ਲੋਕਾਂ ਵਲੋਂ ਪ੍ਰਸ਼ੰਸਾ ਭਰੇ ਪੱਤਰ ਆਉਣ ਲਗੇ।

ਸੰਨ 1883 ਈ. ਵਿਚ ਟੈਗੋਰ ਦਾ ਵਿਆਹ ਮ੍ਰਿਣਾਲਿਨੀ ਦੇਵੀ ਨਾਲ ਹੋਇਆ। ਉਸ ਦੀ ਉਮਰ ਭਾਵੇਂ ਰਾਬਿੰਦਰ ਤੋਂ ਕਾਫ਼ੀ ਛੋਟੀ ਸੀ, ਪਰ ਉਸ ਨੇ ਇਸ ਦਾ ਹਰ ਕੰਮ ਵਿਚ ਸਾਥ ਨਿਭਾਇਆ। ਸੰਨ 1901 ਈ. ਵਿਚ ਜਦੋਂ ਟੈਗੋਰ ਨੇ ਸ਼ਾਂਤੀ-ਨਿਕੇਤਨ ਦੀ ਸਥਾਪਨਾ ਕੀਤੀ ਤਾਂ ਮ੍ਰਿਣਾਲਿਨੀ ਨੇ ਆਸ਼੍ਰਮ ਦੀ ਵਿਵਸਥਾ ਕਰਨ ਵਿਚ ਪੂਰਾ ਸਹਿਯੋਗ ਦਿੱਤਾ।

ਇਸ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਪ੍ਰਸਿੱਧ 'ਗੀਤਾਂਜਲੀ' ਕਾਵਿ-ਸੰਗ੍ਰਹਿ ਹੈ ਜੋ ਇਸ ਨੇ ਸੰਨ 1910 ਈ. ਵਿਚ ਬੰਗਲਾ ਭਾਸ਼ਾ ਵਿਚ ਪ੍ਰਕਾਸ਼ਿਤ ਕੀਤਾ। ਉਸ ਦੇ ਅੰਗ੍ਰੇਜ਼ੀ ਅਨੁਵਾਦ ਦੇ ਛਪਣ 'ਤੇ ਸੰਨ 1913 ਈ. ਵਿਚ ਟੈਗੋਰ ਨੂੰ ਨੋਬਲ ਪ੍ਰਾਈਜ਼ ਮਿਲਿਆ ਜਿਸ ਦੀ ਸਾਰੀ ਰਕਮ ਸ਼ਾਂਤੀ-ਨਿਕੇਤਨ ਦੀ ਉਸਾਰੀ ਉਤੇ ਲਗਾਈ ਗਈ। ਇਸ ਦੀਆਂ ਕਾਵਿ-ਰਚਨਾਵਾਂ ਦੀ ਉਸ ਵਕਤ ਦੇ ਵਿਦਵਾਨਾਂ, ਸਾਹਿੱਤਕਾਰਾਂ ਆਦਿ ਨੇ ਖ਼ੂਬ ਪ੍ਰਸ਼ੰਸਾ ਕੀਤੀ। ਸਰਕਾਰ ਵਲੋਂ ਸੰਨ 1915 ਈ. ਵਿਚ ਟੈਗੋਰ ਨੂੰ 'ਸਰ' ਉਪਾਧੀ

ਪ੍ਰਦਾਨ ਕੀਤੀ ਗਈ। ਪਰ ਸੰਨ 1919 ਈ. ਵਿਚ ਹੋਏ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਪਸੀਜ ਕੇ ਇਸ ਨੇ ਇਹ ਖ਼ਿਤਾਬ ਸਰਕਾਰ ਨੂੰ ਵਾਪਸ ਕਰ ਦਿੱਤਾ ਅਤੇ ਲਿਖਿਆ ਕਿ ਅਜਿਹੇ ਕੌਮੀ ਅਪਮਾਨ ਦੇ ਹੋਣ 'ਤੇ ਇਹ ਖ਼ਿਤਾਬ ਆਪਣੇ ਪਾਸ ਰਖਣਾ ਅਨੁਚਿਤ ਹੈ।

ਟੈਗੋਰ ਨੇ ਆਪਣੇ ਵਿਚਾਰਾਂ ਨੂੰ ਵਿਦੇਸ਼ਾਂ ਵਿਚ ਪ੍ਰਸਾਰਨ ਲਈ ਸੰਨ 1916 ਤੋਂ 1930 ਈ. ਦੇ ਵਿਚਕਾਰ ਕਈ ਦੇਸ਼ਾਂ ਦੀ ਯਾਤ੍ਰਾ ਕੀਤੀ ਅਤੇ ਲੋਕਾਂ ਨੂੰ ਸਹਿਹੋਂਦ ਦਾ ਵਾਤਾਵਰਣ ਪੈਦਾ ਕਰਨ ਲਈ ਉਤਸਾਹਿਤ ਕੀਤਾ। ਸੰਨ 1921 ਈ. ਵਿਚ ਇਸ ਨੇ 'ਵਿਸ਼ਵ-ਭਾਰਤੀ' ਨਾਂ ਦੇ ਵਿਸ਼ਵ-ਵਿਦਿਆਲੇ ਦੀ ਸਥਾਪਨਾ ਕੀਤੀ। ਸੰਨ 1940 ਈ. ਵਿਚ ਆਕਸਫੋਰਡ ਯੂਨੀਵਰਸਿਟੀ ਨੇ ਇਸ ਨੂੰ ਸਾਹਿਤਿਕ ਪ੍ਰਾਪਤੀਆਂ ਦੇ ਉਪਲਕਸ਼ ਵਿਚ ਡਾਕਟ੍ਰੇਟ ਦੀ ਡਿਗਰੀ ਨਾਲ ਵਰੋਸਾਇਆ। ਅਜੋਕੇ ਭਾਰਤ ਦਾ ਕੌਮੀ ਤਰਾਨਾ ਜਨ-ਗਨ-ਮਨ ਇਸ ਦੀ ਹੀ ਰਚਨਾ ਹੈ।

ਟੈਗੋਰ ਨੇ ਨਿਬੰਧ, ਕਹਾਣੀਆਂ, ਨਾਟਕ, ਕਵਿਤਾਵਾਂ ਆਦਿ ਲਿਖ ਕੇ ਦੇਸ਼-ਵਿਦੇਸ਼ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ। ਕਵਿਤਾਵਾਂ ਵਿਚ ਪ੍ਰਕ੍ਰਿਤੀ ਦਾ ਚਿਤ੍ਰਣ ਬੜਾ ਯਥਾਰਥ ਅਤੇ ਮਨਮੋਹਕ ਹੈ। ਪ੍ਰਕ੍ਰਿਤੀ ਦੀ ਇਕ-ਇਕ ਵਸਤੂ ਦੀ ਜਿਤਨੀ ਗਹਿਰਾਈ ਵਿਚ ਇਹ ਉਤਰਿਆ ਹੈ, ਉਤਨਾ ਕਿਸੇ ਹੋਰ ਕਵੀ ਦੇ ਹਿੱਸੇ ਘਟ ਹੀ ਆਇਆ ਹੈ। ਇਸ ਨੂੰ ਵਿਦਵਾਨਾਂ ਨੇ ਵਿਸ਼ਵ ਦੇ ਪ੍ਰਸਿੱਧ ਕਵੀਆਂ ਦੀ ਸੂਚੀ ਵਿਚ ਗਿਣਿਆ ਹੈ। ਇਹ ਵਿਸ਼ਵ-ਬੰਧੁਤਾ ਦਾ ਦ੍ਰਿੜ੍ਹ ਪ੍ਰਚਾਰਕ ਸੀ। ਸ਼ਾਂਤੀ ਦੀ ਜਿਸ ਬਿਰਤੀ ਨੂੰ ਇਸ ਨੇ ਵਿਕਸਿਤ ਕੀਤਾ, ਉਸ ਦਾ ਸਾਕਾਰ ਰੂਪ 'ਸ਼ਾਂਤੀ ਨਿਕੇਤਨ' ਵਿਚ ਵੇਖਿਆ ਜਾ ਸਕਦਾ ਹੈ। ਸੂਫ਼ੀਵਾਦੀ ਟੈਗੋਰ ਜੰਗਾਂ-ਯੁੱਧਾਂ ਨੂੰ ਨਫ਼ਰਤ ਕਰਨ ਵਾਲਾ ਇਕ ਮਸੀਹਾ ਸੀ ਜਿਸ ਨੇ ਉਸ ਸਮੇਂ ਦੇ ਲੋਕਾਂ ਨੂੰ ਦੁੱਖਾਂ ਤੋਂ ਬੱਚਣ ਦੇ ਉਪਾ ਦਸੇ। ਦੁਖ ਸੁਖ ਨੂੰ ਸਮਾਨ ਭਾਵ ਨਾਲ ਵੇਖਣ ਵਾਲੇ ਟੈਗੋਰ ਦਾ ਦੇਹਾਂਤ 7 ਅਗਸਤ, 1941 ਈ. ਨੂੰ ਹੋਇਆ। ਪੰਜਾਬੀ ਦੇ ਅਨੇਕ ਕਵੀਆਂ ਨੇ ਟੈਗੋਰ ਬਾਰੇ ਕਈ ਕਵਿਤਾਵਾਂ ਲਿਖ ਕੇ ਆਪਣੀ ਸ਼ਰਧਾ ਦੇ ਭਾਵ ਪ੍ਰਗਟਾਏ। ਡਾ. ਮੋਹਨ ਸਿੰਘ ਦੀਵਾਨਾ ਨੇ 'ਸ਼ਿਕੈਤ ਦਾ ਉਤਰ' ਨਾਂ ਦੀ ਕਵਿਤਾ ਵਿਚ ਰੱਬ ਵੱਲੋਂ ਕਵੀ ਨੂੰ ਸੰਬੋਧਨ ਕਰਦਿਆਂ ਟੈਗੋਰ ਵਲ ਸੰਕੇਤ ਕੀਤਾ ਹੈ—'ਕਿਹੜੇ ਗਾਂਧੀ ਟੈਗੋਰ ਦਾ ਸਿਦਕ ਰਹਿਆ, ਕੀਹ ਦੀ ਪ੍ਰੇਮ ਫਾਹੀ ਨਹੀ ਫਸਿਆ ਮੈਂ'।

ਰਾਮ, ਅਵਤਾਰ : ਤ੍ਰੇਤਾ-ਯੁਗ ਵਿਚ ਹੋਏ ਵਿਸ਼ਣੂ ਦੇ ਸੱਤਵੇਂ ਅਵਤਾਰ, ਸ੍ਰੀ ਰਾਮ ਇਕ੍ਸ਼ਵਾਕੂ ਦੀ ਵੰਸ਼ ਵਿਚ ਦਸ਼ਰਥ ਰਾਜਾ ਦੇ ਘਰ ਪੈਦਾ ਹੋਏ ਸਨ। 'ਰਿਗ-ਵੇਦ' ਵਿਚ 'ਰਾਮ' ਸ਼ਬਦ ਦੀ ਵਰਤੋਂ ਹੋਈ ਹੈ ਅਤੇ ਦਸ਼ਰਥ ਦਾ ਨਾਂ ਵੀ ਪ੍ਰਤਾਪੀ ਪੁਰਸ਼ ਦੇ ਰੂਪ ਵਿਚ ਉਲਿਖਿਤ ਹੈ ਪਰ ਕਿਤੇ ਵੀ ਦਸ਼ਰਥ ਦੇ ਪੁੱਤਰ ਵਜੋਂ ਰਾਮ ਦਾ ਜ਼ਿਕਰ ਨਹੀਂ ਹੋਇਆ। ਸਭ ਤੋਂ ਪਹਿਲੀ ਵਾਰ ਦਸ਼ਰਥ-ਪੁੱਤਰ ਰਾਮ ਦੇ ਸੰਪੂਰਣ ਜੀਵਨ ਦਾ ਵਿਵਸਥਿਤ ਵਰਣਨ 'ਬਾਲਮੀਕੀ ਰਾਮਾਇਣ' ਵਿਚ ਮਿਲਦਾ ਹੈ। ਉਸ ਤੋਂ ਬਾਦ 'ਮਹਾਭਾਰਤ' ਅਤੇ ਪੁਰਾਣਾਂ ਵਿਚ ਰਾਮ ਦੇ ਜੀਵਨ ਨਾਲ ਸਬੰਧਿਤ ਅਨੇਕ ਆਖਿਆਨ ਮਿਲ ਜਾਂਦੇ ਹਨ। ਉਨ੍ਹਾਂ ਤੋਂ ਇਲਾਵਾ ਕਈ ਰਾਮਾਇਣਾਂ ਦੀ ਰਚਨਾ ਹੋਈ ਜਿਵੇਂ

'ਅਧਿਆਤਮ-ਰਾਮਾਇਣ', 'ਸੁੰਦਰ-ਰਾਮਾਇਣ', 'ਅਦਭੁਤ-ਰਾਮਾਇਣ' ਆਦਿ। ਸੰਸਕ੍ਰਿਤ ਵਿਚ ਰਾਮ-ਚਰਿਤ ਨਾਲ ਸੰਬੰਧਿਤ ਕਈ ਕਾਵਿ-ਰਚਨਾਵਾਂ ਵੀ ਹੋਈਆਂ। ਪਰ ਸਭ ਤੋਂ ਅਧਿਕ ਮਹੱਤਵਪੂਰਣ ਰਚਨਾ ਗੋਸੁਆਮੀ ਤੁਲਸੀਦਾਸ ਕ੍ਰਿਤ 'ਰਾਮ-ਚਰਿਤ-ਮਾਨਸ' ਹੈ ਜਿਸ ਵਿਚ ਰਾਮ ਨੂੰ ਪੂਰਣ ਬ੍ਰਹਮ ਦੇ ਰੂਪ ਵਿਚ ਚਿਤਰਿਆ ਗਿਆ ਹੈ। 'ਦਸਮਗ੍ਰੰਥ' ਵਿਚ 'ਰਾਮਾਵਤਾਰ' ਰਚਨਾ ਰਾਹੀਂ ਸ੍ਰੀ ਰਾਮ ਦੇ ਜੀਵਨ ਅਤੇ ਕਾਰਨਾਮਿਆਂ ਤੇ ਝਾਤ ਪਾਈ ਗਈ ਹੈ। ਇਸ ਤੋਂ ਇਲਾਵਾ ਰਾਮਾਇਣ ਆਧਾਰਿਤ ਕਈ ਰਚਨਾਵਾਂ ਪੰਜਾਬੀ ਵਿਚ ਤਿਆਰ ਹੋਈਆਂ ਹਨ। ਰਾਮਾਇਣਾਂ ਦੇ ਕਥਾ-ਪ੍ਰਸੰਗਾਂ, ਅਤੇ ਪ੍ਰਮੁਖ ਪਾਤਰਾਂ ਨਾਲ ਸੰਬੰਧਿਤ ਕਈ ਕ੍ਰਿਤੀਆਂ ਵੀ ਪੰਜਾਬੀ ਵਿਚ ਮਿਲ ਜਾਂਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਰਾਮ-ਕਥਾ ਦਾ ਵਿਸ਼ੇਸ਼ ਮਹੱਤਵ ਅਤੇ ਸਥਾਨ ਹੈ। ਸਮੁੱਚੇ ਤੌਰ ਤੇ ਰਾਮ-ਕਥਾ ਰਾਮ ਨੂੰ ਪਹਿਲਾਂ ਮਹਾਮਾਨਵ, ਫਿਰ ਦੇਵਤਾ ਅਤੇ ਅੰਤ ਵਿਚ ਬ੍ਰਹਮ ਰੂਪ ਵਿਚ ਪੇਸ਼ ਕਰਦੀ ਹੈ।

ਮੂਲ ਰੂਪ ਵਿਚ ਰਾਮ-ਕਥਾ 'ਬਾਲਮੀਕੀ ਰਾਮਾਇਣ' ਵਾਲੀ ਹੀ ਹੈ। ਸਮੇਂ-ਸਮੇਂ ਹੋਏ ਕਵੀਆਂ/ਸਾਹਿੱਤਕਾਰਾਂ ਨੇ ਆਪਣੀ ਪ੍ਰਤਿਭਾ 'ਤੇ ਆਧਾਰਿਤ ਕਈ ਨਵੀਆਂ ਉਦ-ਭਾਵਨਾਵਾਂ ਕੀਤੀਆਂ ਹਨ ਜਿਸ ਕਰਕੇ ਪਰਵਰਤੀ ਰਾਮ-ਚਰਿਤ ਵਿਚ ਕੁਝ ਅੰਤਰ ਵੀ ਆਉਂਦਾ ਹੈ। ਸੰਖੇਪ ਵਿਚ ਬਾਲਮੀਕ ਦੀ ਰਾਮ-ਕਥਾ ਦਾ ਸਰੂਪ ਇਸ ਪ੍ਰਕਾਰ ਹੈ :

ਰਘੂ-ਕੁਲ ਵਿਚ ਅਜ ਰਾਜਾ ਦੇ ਪੁੱਤਰ ਦਸ਼ਰਥ ਦੇ ਘਰ ਕੋਈ ਸੰਤਾਨ ਨਹੀਂ ਸੀ। ਉਸ ਨੇ ਪੁੱਤਰ ਪ੍ਰਾਪਤੀ ਲਈ ਅਸ਼੍ਵਮੇਧ ਯੱਗ ਕੀਤਾ। ਯੱਗ-ਕੁੰਡ ਵਿਚੋਂ ਅੰਮ੍ਰਿਤ ਦੇ ਭਰੇ ਬਰਤਨ ਸਹਿਤ ਵਿਸ਼ਣੂ ਪ੍ਰਗਟ ਹੋਇਆ। ਵਿਸ਼ਣੂ ਨੇ ਉਹ ਅੰਮ੍ਰਿਤ ਰਾਣੀਆਂ ਨੂੰ ਪਿਲਾਉਣ ਲਈ ਦਸ਼ਰਥ ਨੂੰ ਦਿੱਤਾ। ਰਾਜੇ ਨੇ ਅੰਮ੍ਰਿਤ ਦਾ ਅੱਧਾ ਹਿੱਸਾ ਕੌਸ਼ਲਿਆ ਨੂੰ ਪਿਲਾਇਆ ਅਤੇ ਬਾਕੀ ਅੱਧਾ ਹਿੱਸਾ ਕੈਕਈ ਨੂੰ ਦਿੱਤਾ। ਕੈਕਈ ਨੇ ਅਗੋਂ ਅੱਧਾ ਹਿੱਸਾ ਸੁਮਿਤ੍ਰਾ ਨੂੰ ਦੇ ਦਿੱਤਾ। ਫਲਸਰੂਪ, ਕੌਸ਼ਲਿਆ ਨੇ ਰਾਮ ਨੂੰ ਜਨਮ ਦਿੱਤਾ, ਕੈਕਈ ਨੇ ਭਰਤ ਨੂੰ ਅਤੇ ਸੁਮਿਤ੍ਰਾ ਨੇ ਲੱਛਮਣ ਅਤੇ ਸ਼ਤ੍ਰੁਘਨ ਨੂੰ। ਅੰਮ੍ਰਿਤ ਦੇ ਅੰਸ਼ਾਂ ਅਨੁਸਾਰ ਹੀ ਉਨ੍ਹਾਂ ਸਾਰਿਆਂ ਵਿਚ ਵਿਸ਼ਣੂ ਦੇ ਤੱਤ੍ਵ ਦ੍ਰਿਸ਼ਟੀਗੋਚਰ ਹੋਏ।

ਚੌਹਾਂ ਬਾਲਕਾਂ ਦੀ ਅਯੋਧਿਆ ਵਿਚ ਇਕੱਠਿਆਂ ਹੀ ਪੜ੍ਹਾਈ ਅਤੇ ਸਿਖਲਾਈ ਹੋਈ। ਵਿਸ਼ਵਾਮਿਤਰ ਨੇ ਰਾਖਸ਼ਾਂ ਤੋਂ ਤੰਗ ਆ ਕੇ ਦਸ਼ਰਥ ਪਾਸੋਂ ਰਾਮ ਦੀ ਮੰਗ ਕੀਤੀ। ਦਸ਼ਰਥ ਨੇ ਅਨਮਨੇ ਮਨ ਨਾਲ ਰਾਮ ਅਤੇ ਲੱਛਮਣ ਨੂੰ ਰਿਸ਼ੀ ਨਾਲ ਤੋਰ ਦਿੱਤਾ। ਰਾਮ ਨੇ ਤਾੜਕਾ ਨਾਂ ਦੀ ਰਾਖਸ਼ੀ ਨੂੰ ਮਾਰ ਕੇ ਰਿਸ਼ੀ ਦੇ ਆਸ਼੍ਰਮ ਨੂੰ ਸੁਰਖਿਅਤ ਕੀਤਾ। ਕੁਝ ਸਮੇਂ ਬਾਦ ਵਿਸ਼ਵਾਮਿਤਰ ਰਾਮ ਅਤੇ ਉਸ ਦੇ ਭਰਾਵਾਂ ਨੂੰ ਸੀਤਾ ਦੇ ਸੁਅੰਬਰ ਵਿਚ ਜਨਕ ਰਾਜਾ ਦੇ ਦਰਬਾਰ ਵਿਚ ਲੈ ਗਿਆ। ਰਾਮ ਸ਼ਿਵ-ਧਨੁਸ਼ ਉਤੇ ਚਿਲਾ ਚੜ੍ਹਾਉਣ ਦੀ ਸ਼ਰਤ ਨੂੰ ਪੂਰਾ ਕਰਕੇ ਸੀਤਾ ਨੂੰ ਵਿਆਹਣ ਦਾ ਅਧਿਕਾਰੀ ਬਣਿਆ। ਬਾਕੀ ਭਰਾਵਾਂ ਨਾਲ ਵੀ ਜਨਕ ਦੇ ਪਰਿਵਾਰ ਵਿਚੋਂ ਰਾਜਕੁਮਾਰੀਆਂ ਵਿਆਹੀਆਂ ਗਈਆਂ। ਅਯੋਧਿਆ ਨੂੰ ਪਰਤਦੇ ਸਮੇਂ ਵਿਸ਼ਣੂ ਦੇ ਛੇਵੇਂ ਅਵਤਾਰ

ਪਰਸ਼ੁਰਾਮ ਨਾਲ ਭੇਂਟ ਹੋਈ । ਸ਼ਿਵ ਦਾ ਭਗਤ ਹੋਣ ਕਾਰਣ ਪਰਸ਼ੁਰਾਮ ਨੂੰ ਸ਼ਿਵ-ਧਨੁਸ਼ ਤੋੜਨ ਦਾ ਬਹੁਤ ਗੁੱਸਾ ਸੀ । ਇਸ ਲਈ ਦੋਹਾਂ ਦੀ ਲੜਾਈ ਹੋਈ । ਪਰਸ਼ੁਰਾਮ ਹਾਰ ਗਿਆ, ਪਰ ਰਾਮ ਨੇ ਉਸ ਦੀ ਜਾਨ-ਬਖ਼ਸ਼ੀ ਕਰ ਦਿੱਤੀ ।

ਅਯੋਧਿਆ ਪਹੁੰਚਣ 'ਤੇ ਰਾਮ ਨੂੰ ਰਾਜ ਦਾ ਉੱਤਰਾਧਿਕਾਰੀ ਥਾਪਣ ਲਈ ਤਿਆਰੀਆਂ ਸ਼ੁਰੂ ਹੋਈਆਂ । ਪਰ ਮੰਥਰਾ ਦਾਸੀ ਦੇ ਉਕਸਾਉਣ 'ਤੇ ਕੈਕਈ ਨੇ ਦਸ਼ਰਥ ਨੂੰ ਮਜਬੂਰ ਕਰਕੇ ਮਨਾ ਲਿਆ ਕਿ ਰਾਜ-ਸਿੰਘਾਸਨ ਦਾ ਅਧਿਕਾਰੀ ਭਰਤ ਨੂੰ ਬਣਾਇਆ ਜਾਏ ਅਤੇ ਰਾਮ ਨੂੰ ਚੌਦਾਂ ਬਰਸਾਂ ਦਾ ਬਨਵਾਸ ਦਿੱਤਾ ਜਾਏ । ਪਿਤਾ ਦੀ ਆਗਿਆ ਦਾ ਪਾਲਨ ਕਰਦੇ ਹੋਏ ਰਾਮ ਆਪਣੀ ਪਤਨੀ ਸੀਤਾ ਅਤੇ ਭਰਾ ਲੱਛਮਣ ਸਹਿਤ ਬਨ ਲਈ ਚਲ ਪਏ । ਉਨ੍ਹਾਂ ਨੇ ਪਹਿਲਾਂ ਦੱਖਣ ਦਿਸ਼ਾ ਵਲ ਦੰਡਕ ਬਨ ਵਿਚ ਚਿਤ੍ਰਕੂਟ ਪਰਬਤ ਉਤੇ ਨਿਵਾਸ ਕੀਤਾ । ਪਿਛੇ ਪੁੱਤਰ-ਵਿਯੋਗ ਵਿਚ ਦਸ਼ਰਥ ਦਾ ਦੇਹਾਂਤ ਹੋ ਗਿਆ । ਭਰਤ ਨੇ ਆ ਕੇ ਰਾਜ-ਸਿੰਘਾਸਨ 'ਤੇ ਬੈਠਣੋਂ ਨਾਂਹ ਕਰ ਦਿੱਤੀ ਅਤੇ ਰਾਮ ਨੂੰ ਵਾਪਸ ਲਿਆਉਣ ਲਈ ਚਿਤ੍ਰਕੂਟ ਪਰਬਤ ਤੇ ਗਿਆ । ਰਾਮ ਨੇ ਪਿਤਾ ਦੇ ਬਨਵਾਸ ਵਾਲੇ ਆਦੇਸ਼ ਨੂੰ ਪਾਲਣ ਤੋਂ ਬਿਨਾ ਵਾਪਸ ਪਰਤਣ ਤੋਂ ਇਨਕਾਰ ਕਰ ਦਿੱਤਾ । ਭਰਤ ਰਾਮ ਦੀਆਂ ਖੜਾਵਾਂ ਲੈ ਕੇ ਪਰਤਿਆ ਅਤੇ ਰਾਮ ਦੀ ਚਰਣ-ਸ਼ਰਣ ਵਿਚ ਬੈਠ ਕੇ ਰਾਜ ਦਾ ਕਾਰਜ-ਭਾਰ ਸੰਭਾਲਣ ਲਗਾ ।

ਸ੍ਰੀ ਰਾਮ ਬਨਵਾਸ ਦੌਰਾਨ ਦਸ ਵਰ੍ਹੇ ਇਧਰ-ਉਧਰ ਫਿਰਦੇ ਰਹੇ ਅਤੇ ਅੰਤ ਵਿਚ ਅਗਸਤ ਮੁਨੀ ਦੇ ਆਸ਼੍ਰਮ ਵਿਚ ਪਹੁੰਚੇ । ਅਗਸਤ ਦੇ ਕਹਿਣ ਤੇ ਰਾਮ ਨੇ ਪੰਚਵਟੀ ਵਿਚ ਨਿਵਾਸ ਕਰਨਾ ਸ਼ੁਰੂ ਕੀਤਾ । ਉਥੇ ਰਾਵਣ ਦੀ ਭੈਣ ਸ਼ੂਰਪਣਖਾ ਰਾਮ 'ਤੇ ਮੋਹਿਤ ਹੋ ਗਈ । ਉਸ ਪ੍ਰਤਿ ਰੁਚਿਤ ਹੋਣ ਤੋਂ ਸ੍ਰੀ ਰਾਮ ਦੇ ਨਾਂਹ ਕਰਨ 'ਤੇ ਉਸ ਨੇ ਸੀਤਾ 'ਤੇ ਹਮਲਾ ਕੀਤਾ । ਲੱਛਮਣ ਨੇ ਇਸ ਗੁਸਤਾਖ਼ੀ ਕਾਰਣ ਉਸ ਦੇ ਕੰਨ ਅਤੇ ਨੱਕ ਵੱਢ ਦਿੱਤੇ । ਉਸ ਨੇ ਪਹਿਲਾਂ ਆਪਣੇ ਦੋ ਭਰਾਵਾਂ, ਖਰ ਅਤੇ ਦੂਖਣ, ਨੂੰ ਉਕਸਾਇਆ, ਪਰ ਉਹ ਦੋਵੇਂ ਰਾਮ ਅਤੇ ਲੱਛਮਣ ਹੱਥੋਂ ਮਾਰੇ ਗਏ । ਫਿਰ ਰਾਵਣ ਪਾਸ ਗਈ। ਰਾਵਣ ਨੇ ਮਾਰੀਚ ਦੀ ਮੱਦਦ ਨਾਲ ਪੰਚਵਟੀ ਤੋਂ ਸੀਤਾ ਨੂੰ ਉਧਾਲ ਲਿਆ । ਰਾਮ ਅਤੇ ਲੱਛਮਣ ਸੀਤਾ ਨੂੰ ਲਭਦਿਆਂ ਕਬੰਧ ਨੂੰ ਮਿਲੇ । ਉਸ ਦੇ ਦਸਣ ਤੇ ਉਨ੍ਹਾਂ ਨੇ ਸੁਗ੍ਰੀਵ ਨਾਲ ਸੰਪਰਕ ਕਾਇਮ ਕੀਤਾ ਅਤੇ ਉਸ ਨੂੰ ਬਾਲੀ ਕੋਲੋਂ ਕਿਸ਼ਕਿੰਧਾ ਦਾ ਰਾਜ ਦਿਵਾਇਆ । ਫਿਰ ਸੁਗ੍ਰੀਵ ਦੀ ਸਾਰੀ ਸੈਨਾ ਅਤੇ ਸੈਨਾ-ਨਾਇਕ ਹਨੂਮਾਨ ਦੀ ਮੱਦਦ ਨਾਲ ਰਾਮ ਨੇ ਲੰਕਾ 'ਤੇ ਹਮਲਾ ਕੀਤਾ । ਰਾਵਣ ਅਤੇ ਉਸ ਦਾ ਸਾਰਾ ਸੈਨਾ-ਦਲ ਹਾਰ ਗਿਆ ਅਤੇ ਰਾਵਣ ਅਤੇ ਉਸ ਦੇ ਸਾਰੇ ਸੈਨਾ-ਨਾਇਕਾਂ ਨੂੰ ਰਾਮ ਅਤੇ ਲੱਛਮਣ ਨੇ ਮਾਰ ਦਿੱਤਾ । ਸੀਤਾ ਨੂੰ ਅਗਨੀ ਪਰੀਖਿਆ ਉਪਰੰਤ ਸਵੀਕਾਰ ਕੀਤਾ ਗਿਆ । ਰਾਮ, ਲੱਛਮਣ ਅਤੇ ਸੀਤਾ ਆਪਣੇ ਸਹਾਇਕਾਂ ਸਹਿਤ ਅਯੋਧਿਆ ਪਰਤੇ ਅਤੇ ਰਾਜ-ਗੱਦੀ ਉਤੇ ਸ੍ਰੀ ਰਾਮ ਨੂੰ ਪ੍ਰਤਿਸ਼ਠਿਤ ਕੀਤਾ ਗਿਆ ।

'ਬਾਲਮੀਕੀ ਰਾਮਾਇਣ' ਦੇ ਉੱਤਰ-ਕਾਂਡ ਵਿਚ ਪ੍ਰਜਾ ਵਲੋਂ ਮਿਹਣਾ ਮਾਰੇ ਜਾਣ 'ਤੇ ਰਾਮ ਨੇ ਗਰਭਵਤੀ ਸੀਤਾ ਨੂੰ ਬਾਲਮੀਕ ਦੇ ਆਸ਼੍ਰਮ ਵਿਚ ਭਿਜਵਾ ਦਿੱਤਾ ਜਿਥੇ ਉਸ

ਨੇ ਜੋੜੇ ਬੱਚਿਆਂ—ਲਵ ਅਤੇ ਕੁਸ਼—ਨੂੰ ਜਨਮ ਦਿੱਤਾ। ਜਵਾਨ ਹੋਣ 'ਤੇ ਦੋਵੇਂ ਬਾਲਕ ਫਿਰਦਿਆਂ ਤੁਰਦਿਆਂ ਅਯੋਧਿਆ ਪਹੁੰਚੇ। ਰਾਮ ਨੇ ਉਨ੍ਹਾਂ ਨੂੰ ਪਛਾਣ ਲਿਆ ਅਤੇ ਪੁੱਤਰਾਂ ਵਜੋਂ ਸਵੀਕਾਰ ਕੀਤਾ। ਸੀਤਾ ਨੂੰ ਵੀ ਉਥੇ ਬੁਲਵਾ ਭੇਜਿਆ ਅਤੇ ਫਿਰ ਪਵਿੱਤਰਤਾ ਬਾਰੇ ਵਿਸ਼ਵਾਸ ਦਿਵਾਉਣ ਦੀ ਗੱਲ ਕੀਤੀ। ਸੀਤਾ ਨੇ ਪ੍ਰਿਥਵੀ ਨੂੰ ਸੰਬੋਧਨ ਕਰਦੇ ਹੋਇਆਂ ਪਵਿੱਤਰਤਾ ਦੇ ਪ੍ਰਮਾਣ ਦਾ ਵਾਸਤਾ ਪਾਇਆ। ਪ੍ਰਿਥਵੀ ਨੇ ਸੀਤਾ ਨੂੰ ਆਪਣੇ ਵਿਚ ਸਮੋ ਲਿਆ। ਸੀਤਾ ਦੇ ਚਲੇ ਜਾਣ ਤੋਂ ਬਾਦ ਸ੍ਰੀ ਰਾਮ ਸਰਯੂ ਨਦੀ ਵਿਚ ਪ੍ਰਵੇਸ਼ ਕਰਕੇ ਵਿਸ਼ਣੂ ਰੂਪ ਹੋ ਗਏ।

ਪੰਜਾਬੀ ਸਾਹਿੱਤ ਵਿਚ ਸ੍ਰੀ ਰਾਮ ਦੇ ਅਨੇਕਾਂ ਹਵਾਲੇ ਮਿਲਦੇ ਹਨ। ਗੁਰੂ ਤੇਗ ਬਹਾਦਰ ਨੇ ਕਿਹਾ ਹੈ—'ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ ।/ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ' (ਆ. ਗ੍ਰੰ. 1428)।

ਰਾਮ ਸਿੰਘ, ਬਾਬਾ : ਬਾਬਾ ਬਾਲਕ ਸਿੰਘ ਹਜ਼ਰੋ (ਜ਼ਿਲਾ ਹਜ਼ਾਰਾ) ਵਾਲੇ ਦੇ ਚੇਲੇ ਬਾਬਾ ਰਾਮ ਸਿੰਘ ਦਾ ਜਨਮ ਲੁਧਿਆਣਾ ਜ਼ਿਲੇ ਦੇ ਪਿੰਡ ਅਰਾਈਆਂ ਵਿਚ ਜਸਾ ਸਿੰਘ ਦੇ ਘਰ ਮਾਈ ਸਦਾ ਕੌਰ ਦੀ ਕੁੱਖੋਂ ਸੰਨ 1815 ਈ. (ਮਾਘ ਸੁਦੀ 5, 1872 ਬਿ.) ਵਿਚ ਹੋਇਆ। ਸ਼ੁਰੂ ਤੋਂ ਹੀ ਇਹ ਨਾਮ-ਅਭਿਆਸੀ ਸਨ। ਜੁਆਨ ਹੁੰਦੇ ਹੀ ਇਨ੍ਹਾਂ ਨੇ ਲਾਹੌਰ ਦਰਬਾਰ ਦੇ ਤੋਪਖ਼ਾਨੇ ਵਿਚ ਨੌਕਰੀ ਕਰ ਲਈ। ਨੌਕਰੀ ਦੌਰਾਨ ਇਹ ਬਾਬਾ ਬਾਲਕ ਸਿੰਘ ਦੇ ਸੰਪਰਕ ਵਿਚ ਆਏ। ਅੰਗ੍ਰੇਜ਼ਾਂ ਨਾਲ ਹੋਈ ਸਿੱਖਾਂ ਦੀ ਪਹਿਲੀ ਲੜਾਈ ਤੋਂ ਬਾਦ ਇਹ ਨੌਕਰੀ ਛਡ ਕੇ ਬਾਬਾ ਬਾਲਕ ਸਿੰਘ ਕੋਲ ਹਜ਼ਰੋ ਜਾ ਟਿਕੇ।

ਸੰਨ 1847 ਈ. ਵਿਚ ਬਾਬਾ ਬਾਲਕ ਸਿੰਘ ਨੇ ਨਾਮਧਾਰੀ ਸੰਪ੍ਰਦਾਇ ਦਾ ਆਰੰਭ ਕੀਤਾ। ਨਾਮ-ਅਭਿਆਸੀ ਬਾਬਾ ਬਾਲਕ ਸਿੰਘ ਨੇ ਆਪਣੇ ਅਨੁਯਾਈਆਂ ਨੂੰ ਗੁਰਬਾਣੀ ਵਿਚ ਯਕੀਨ ਰਖਣ, ਧਰਮ ਦੀ ਕਮਾਈ ਕਰਨ, ਸੱਚਾ ਅਤੇ ਸੁੱਚਾ ਜੀਵਨ ਬਤੀਤ ਕਰਨ ਅਤੇ ਨਸ਼ਿਆਂ ਤੋਂ ਪਰਹੇਜ਼ ਕਰਨ ਅਤੇ ਅਕਾਲ ਪੁਰਖ ਤੋਂ ਭਿੰਨ ਹੋਰ ਕਿਸੇ ਦੇਵੀ ਦੇਵਤਾ ਪ੍ਰਤਿ ਸ਼ਰਧਾ ਨਾ ਰਖਣ ਦੀ ਤਾਕੀਦ ਕੀਤੀ। ਆਪਣੇ ਅੰਤਿਮ ਸਮੇਂ ਬਾਬਾ ਬਾਲਕ ਸਿੰਘ ਨੇ ਬਾਬਾ ਰਾਮ ਸਿੰਘ ਨੂੰ ਨਾਮਧਾਰੀ ਸੰਪ੍ਰਦਾਇ ਨੂੰ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ। ਬਾਬਾ ਰਾਮ ਸਿੰਘ ਉਥੋਂ ਆਪਣੇ ਪਿੰਡ ਆ ਕੇ ਰਹਿਣ ਲਗ ਗਏ।

ਬਾਬਾ ਰਾਮ ਸਿੰਘ ਨੇ ਭੈਣੀ ਵਿਖੇ ਆਪਣੀ ਸੰਪ੍ਰਦਾਇ ਨੂੰ ਇਕ ਲਹਿਰ ਦੇ ਰੂਪ ਵਿਚ ਸੰਗਠਿਤ ਕਰਨ ਦਾ ਯਤਨ ਕੀਤਾ। ਇਸ ਦਾ ਮੂਲ ਕਾਰਣ ਸਿੱਖੀ ਸਰੂਪ ਨੂੰ ਸਹੀ ਸਥਿਤੀ ਵਿਚ ਰਖਣਾ ਸੀ। ਇਨ੍ਹਾਂ ਨੇ ਬ੍ਰਾਹਮਣਵਾਦ, ਜਾਤ-ਪਾਤ ਅਤੇ ਮਹੰਤਪੁਣੇ ਦਾ ਵਿਰੋਧ ਕਰਦੇ ਹੋਇਆਂ ਗੁਰੂ ਗ੍ਰੰਥ ਸਾਹਿਬ ਵਿਚ ਪੂਰਣ ਵਿਸ਼ਵਾਸ ਰਖਣ ਲਈ ਬਲ ਦਿੱਤਾ। ਇਨ੍ਹਾਂ ਨੇ ਆਪਣੇ ਪ੍ਰਭਾਵੀ ਖੇਤਰ ਨੂੰ ਪ੍ਰਚਾਰ ਲਈ 22 ਸੂਬਿਆਂ ਵਿਚ ਵੰਡਿਆ ਅਤੇ ਹਰ ਸੂਬੇ ਦੇ ਮੁਖੀ ਨੂੰ 'ਸੂਬਾ' ਪਦਵੀ ਦਿੱਤੀ। ਤਹਿਸੀਲਾਂ ਵਿਚ ਜੱਥੇਦਾਰ ਨਿਯੁਕਤ ਕੀਤੇ ਅਤੇ ਪਿੰਡਾਂ ਵਿਚ ਗ੍ਰੰਥੀਆਂ ਨੂੰ ਕੰਮ ਸੌਂਪਿਆ। ਪੰਜਾਬੋਂ ਬਾਹਰ ਵਿਸਤਾਰ ਕਰਨ ਲਈ ਜੰਮੂ ਕਸ਼ਮੀਰ ਅਤੇ ਨੇਪਾਲ ਦੀਆਂ ਸਰਕਾਰਾਂ ਵਲੋਂ ਕੁਝ ਉਤਸਾਹ ਮਿਲਿਆ। ਇਸ ਤੋਂ ਇਲਾਵਾ ਕਾਬਲ ਦੇ ਅਮੀਰ ਅਤੇ ਰੂਸ ਦੇ ਜ਼ਾਰ

ਬਾਦਸ਼ਾਹ ਕੋਲ ਵੀ ਨਾਮਧਾਰੀ ਮਿਸ਼ਨ ਭੇਜੇ ਗਏ। ਇਸ ਤਰ੍ਹਾਂ ਇਕ ਵਿਵਸਥਿਤ ਅੰਦੋਲਨ ਸ਼ੁਰੂ ਕਰਨ ਲਈ ਪੂਰੀ ਤਿਆਰੀ ਕਰ ਲਈ ਗਈ। ਪਰ ਕੁਝ ਕਾਹਲੇ ਅਤੇ ਜੋਸ਼ੀਲੇ ਨਾਮਧਾਰੀਆਂ ਨੇ ਮਲੌਦ ਅਤੇ ਮਲੇਰਕੋਟਲੇ ਵਿਚ ਕੁਝ ਬੁੱਚੜ ਵੱਢ ਦਿੱਤੇ ਅਤੇ ਮਲੇਰਕੋਟਲੇ ਦਾ ਖ਼ਜ਼ਾਨਾ ਲੁਟਣ ਦਾ ਯਤਨ ਵੀ ਕੀਤਾ। ਫਲਸਰੂਪ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿ. ਕਾਊਨ ਨੇ 65 ਨਾਮਧਾਰੀਆਂ ਨੂੰ ਮਲੇਰਕੋਟਲੇ ਨੇੜੇ ਤੋਪਾਂ ਨਾਲ ਉੱਡਾ ਦਿੱਤਾ ਅਤੇ ਬਹੁਤ ਸਾਰਿਆਂ ਨੂੰ ਫਾਂਸੀ ਚੜ੍ਹਾ ਦਿੱਤਾ। ਬਾਬਾ ਰਾਮ ਸਿੰਘ ਨੂੰ 18 ਜਨਵਰੀ, 1872 ਈ. ਨੂੰ ਕੈਦ ਕਰਕੇ ਰੰਗੂਨ ਭੇਜ ਦਿੱਤਾ, ਜਿਥੇ 29 ਨਵੰਬਰ, 1884 ਈ. ਨੂੰ ਇਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਤਰ੍ਹਾਂ ਸਰਕਾਰ ਨੇ ਇਸ ਲਹਿਰ ਨੂੰ ਬੜੀ ਬੇਰਹਿਮੀ ਅਤੇ ਸਖ਼ਤੀ ਨਾਲ ਦਬਾ ਦਿੱਤਾ। ਪਰ ਬਾਬਾ ਰਾਮ ਸਿੰਘ ਨੇ ਆਜ਼ਾਦੀ ਦੀ ਚੇਤਨਾ ਜ਼ਰੂਰ ਪੈਦਾ ਕਰ ਦਿੱਤੀ। ਕਵੀ ਕੇਦਾਰ ਨਾਥ ਬਾਗ਼ੀ ਨੇ ਹਵਾਲਾ ਦਿੰਦਿਆਂ ਲਿਖਿਆ ਹੈ—'ਨਾਅਰਾ ਆਜ਼ਾਦੀ ਲਾ ਦਿੱਤਾ, ਗੁਰੂ ਰਾਮ ਸਿੰਘ ਜੀ ਪਾਂਧੀ ਨੇ।'

ਬਾਬਾ ਰਾਮ ਸਿੰਘ ਤੋਂ ਬਾਦ ਇਨ੍ਹਾਂ ਦੇ ਭਰਾ ਭਾਈ ਹਰੀ ਸਿੰਘ (ਨਾਮਾਂਤਰ ਬੁੱਧ ਸਿੰਘ) ਭੈਣੀ ਵਾਲੀ ਗੱਦੀ ਉਤੇ ਬੈਠੇ ਪਰ ਸਰਕਾਰ ਨੇ ਇਨ੍ਹਾਂ ਉਤੇ ਭੈਣੀ ਤੋਂ ਬਾਹਰ ਨਾ ਜਾਣ ਦੀ ਪਾਬੰਦੀ ਲਗਾਈ ਹੋਈ ਸੀ। ਕੁਝ ਸਮੇਂ ਬਾਦ ਇਹ ਪਾਬੰਦੀ ਹਟਾ ਦਿੱਤੀ ਗਈ। ਇਨ੍ਹਾਂ ਤੋਂ ਬਾਦ ਇਨ੍ਹਾਂ ਦੇ ਲੜਕੇ ਭਾਈ ਪ੍ਰਤਾਪ ਸਿੰਘ ਗੱਦੀ ਉਤੇ ਬੈਠੇ। ਅੱਜ-ਕਲ ਬਾਬਾ ਜਗਜੀਤ ਸਿੰਘ ਗੱਦੀਨਸ਼ੀਨ ਹਨ। ਨਾਮਧਾਰੀ ਲੋਕ ਇਨ੍ਹਾਂ ਨੂੰ 'ਗੁਰੂ' ਅਥਵਾ 'ਸਤਿਗੁਰੂ' ਸ਼ਬਦ ਨਾਲ ਸੰਬੋਧਨ ਕਰਦੇ ਹਨ।

ਇਸ ਲਹਿਰ ਦਾ ਮੂਲ ਉੱਦੇਸ਼ ਸਿੱਖੀ ਦਾ ਪ੍ਰਚਾਰ, ਸਦਾਚਾਰ ਦੀ ਸਥਾਪਨਾ ਅਤੇ ਸਮਾਜ ਸੁਧਾਰ ਸੀ, ਪਰ ਨਾਲ-ਨਾਲ ਰਾਜਸੀ ਸੁਤੰਤਰਤਾ ਵੀ ਇਸ ਦੇ ਆਸ਼ਿਆਂ ਵਿਚ ਸ਼ਾਮਲ ਹੋ ਗਈ। ਅੰਗ੍ਰੇਜ਼ ਸਰਕਾਰ ਨਾਲ ਨਾ-ਮਿਲਵਰਤਨ ਇਸ ਲਹਿਰ ਦੀ ਰਾਜਨੈਤਿਕ ਨੀਤੀ ਦਾ ਇਕ ਮਹੱਤਵਪੂਰਣ ਅੰਗ ਸੀ।

ਇਹ ਲੋਕ ਚਿੱਟੇ ਬਸਤ੍ਰ ਧਾਰਣ ਕਰਦੇ ਹਨ, ਚਿੱਟੀ ਉਨ ਦੀ ਮਾਲਾ ਰਖਦੇ ਹਨ, ਆਨੰਦ-ਕਾਰਜ ਦੇ ਫੇਰਿਆਂ ਦੀ ਮਰਯਾਦਾ ਗੁਰੂ ਗ੍ਰੰਥ ਸਾਹਿਬ ਦੀ ਥਾਂ ਅਗਨੀ ਦੁਆਲੇ ਪੂਰੀ ਕਰਦੇ ਹਨ। ਨਵੇਂ ਸੇਵਕਾਂ ਨੂੰ ਕੰਨ ਵਿਚ 'ਵਾਹਿਗੁਰੂ' ਗੁਰਮੰਤ੍ਰ ਦਿੱਤਾ ਜਾਂਦਾ ਹੈ। ਇਹ ਮਸਤੀ ਵਿਚ ਬੇਸੁਧ ਹੋ ਕੇ ਨਚਦੇ ਅਤੇ ਕੂਕਾਂ ਮਾਰਦੇ ਹਨ। ਕੂਕਾਂ ਮਾਰਨ ਕਰਕੇ ਹੀ ਇਨ੍ਹਾਂ ਨੂੰ 'ਕੂਕਾ' ਕਿਹਾ ਜਾਣ ਲਗਿਆ ਹੈ।

ਰਾਮ-ਕਾਰ : ਉਹ ਲੀਕ ਜੋ ਲੱਛਮਣ (ਵੇਖੋ) ਨੇ ਮਾਯਾਵੀ ਮ੍ਰਿਗ ਦਾ ਪਿਛਾ ਕਰਦੇ ਸ੍ਰੀ ਰਾਮ ਦੀ ਸਹਾਇਤਾ ਲਈ ਜਾਣ ਤੋਂ ਪਹਿਲਾਂ ਸੀਤਾ ਦੀ ਸੁਰਖਿਆ ਲਈ ਪੰਚਵਟੀ ਸਥਿਤ ਕੁਟੀਆ ਦੇ ਇਰਦ-ਗਿਰਦ, ਰਾਮ ਦਾ ਨਾਂ ਲੈ ਕੇ, ਖਿਚੀ ਸੀ।

ਇਸ ਦਾ ਹਵਾਲਾ ਗੁਰੂ ਅਰਜਨ ਦੇਵ ਨੇ ਇਸ ਤਰ੍ਹਾਂ ਦਿੱਤਾ ਹੈ—'ਚਊਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ' (ਅ. ਗ੍ਰੰ. 819)।

ਰਾਮ-ਚਰਿਤ-ਮਾਨਸ . ਵੇਖੋ 'ਰਾਮਾਇਣ'।

ਰਾਮ ਤੀਰਥ, ਸੁਆਮੀ : ਇਕ ਪ੍ਰਸਿੱਧ ਵੇਦਾਂਤੀ ਜਿਸ ਦਾ ਜਨਮ ਸੰਨ 1873 ਈ. ਵਿਚ ਪੰਜਾਬ ਦੇ ਇਕ ਪਿੰਡ ਮੁਰਾਰੀਵਾਲਾ ਵਿਚ ਹੋਇਆ। ਇਕ ਧਰਮੀ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋ ਕੇ ਇਸ ਨੇ ਵਿਸ਼ਵ-ਪ੍ਰਸਿੱਧਤਾ ਪ੍ਰਾਪਤ ਕੀਤੀ। ਸੰਨ 1891 ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਸਾਰੇ ਸੂਬੇ ਵਿਚ ਪ੍ਰਥਮ ਰਹਿ ਕੇ ਇਸਨੇ ਬੀ. ਏ. ਦੀ ਪਰੀਖਿਆ ਪਾਸ ਕੀਤੀ। ਇਸੇ ਤਰ੍ਹਾਂ ਹਿਸਾਬ ਵਿਚ ਐਮ. ਏ. ਦੀ ਪਰੀਖਿਆ ਵੀ ਪ੍ਰਥਮ ਰਹਿ ਕੇ ਪਾਸ ਕੀਤੀ। ਆਰਥਿਕ ਸੰਕਟ ਦੇ ਬਾਵਜੂਦ ਵੀ ਇਹ ਆਪਣੇ ਅਧਿਐਨ ਕਾਰਜ ਵਿਚ ਜੁਟਿਆ ਰਹਿੰਦਾ ਸੀ। ਸਾਦੇ ਬਸਤ੍ਰ ਧਾਰਣ ਕਰ ਕੇ ਚਿੰਤਨ-ਮਗਨ ਰਹਿਣ ਵਾਲੇ ਸੁਆਮੀ ਰਾਮ ਤੀਰਥ ਨੇ ਬੜੀ ਲਗਨ ਨਾਲ ਭਾਰਤੀ ਸੰਤਾਂ, ਫ਼ਕੀਰਾਂ ਅਤੇ ਭਗਤਾਂ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਅਤੇ ਵੇਦਾਂਤ ਦੀ ਗੰਭੀਰ ਜਾਣਕਾਰੀ ਪ੍ਰਾਪਤ ਕੀਤੀ। ਇਸ ਉਤੇ ਸਭ ਤੋਂ ਜ਼ਿਆਦਾ ਪ੍ਰਭਾਵ ਸ਼ੰਕਰਾਚਾਰਯ ਅਤੇ ਸੁਆਮੀ ਵਿਵੇਕਾਨੰਦ ਦਾ ਪਿਆ। ਇਸ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ 'ਅਲਫ਼' ਨਾਂ ਦਾ ਰਿਸਾਲਾ ਵੀ ਉਰਦੂ ਵਿਚ ਜਾਰੀ ਕੀਤਾ। ਇਸ ਦਾ ਪਹਿਲਾ ਨਾਂ ਤੀਰਥਰਾਮ ਸੀ ਪਰ ਸੰਨ 1900 ਈ. ਵਿਚ ਸੰਨਿਆਸ ਲੈਣ 'ਤੇ ਆਪਣੇ ਨਾਂ ਨੂੰ 'ਰਾਮਤੀਰਥ' ਕਰ ਲਿਆ।

ਸੰਨਿਆਸ ਦੌਰਾਨ ਇਸ ਨੇ ਰਿਸ਼ੀਕੇਸ਼ ਦੇ ਨੇੜੇ ਸਮਾਧੀ ਲਗਾ ਕੇ ਆਤਮ-ਗਿਆਨ ਪ੍ਰਾਪਤ ਕੀਤਾ। ਫਿਰ ਇਹ ਵਿਦੇਸ਼ਾਂ ਵਿਚ ਪ੍ਰਚਾਰ ਕਰਨ ਲਈ ਨਿਕਲ ਪਿਆ। ਪਹਿਲਾਂ ਇਕ ਮਹੀਨਾ ਜਾਪਾਨ ਵਿਚ ਰਿਹਾ। ਉਥੇ ਹੀ ਪ੍ਰੋ. ਪੂਰਨ ਸਿੰਘ ਇਸ ਤੋਂ ਪ੍ਰਭਾਵਿਤ ਹੋ ਕੇ ਵੇਦਾਂਤੀ ਬਣਿਆ। ਫਿਰ ਲਗਭਗ ਦੋ ਸਾਲ ਅਮਰੀਕਾ ਵਿਚ ਬਿਤਾਏ। ਉਥੇ ਰਹਿੰਦਿਆਂ ਲੋਕਾਂ ਉਤੇ ਇਸ ਦੇ ਤੇਜਸਵੀ ਵਿਅਕਤਿਤ੍ਵ ਦਾ ਬਹੁਤ ਪ੍ਰਭਾਵ ਪਿਆ ਸੀ ਅਤੇ ਇਸ ਦੇ ਪ੍ਰਵਚਨ ਨੂੰ ਸੁਣਨ ਲਈ ਦੂਰ-ਦੂਰ ਤੋਂ ਜਿਗਿਆਸੂ ਆਉਂਦੇ ਸਨ। ਸੰਨ 1904 ਈ. ਵਿਚ ਦੇਸ਼ ਪਰਤਣ 'ਤੇ ਇਸ ਨੇ ਰਾਸ਼ਟਰੀ-ਏਕਤਾ, ਧਰਮ-ਸਾਧਨਾ ਅਤੇ ਸੰਜਮ ਧਾਰਣ ਕਰਨ 'ਤੇ ਬਲ ਦਿੱਤਾ। ਸੰਨ 1906 ਈ. ਵਿਚ ਇਸ ਨੇ ਓਮ, ਓਮ ਉਚਾਰਦਿਆਂ ਗੰਗਾ ਵਿਚ ਸਮਾਧੀ ਲੈ ਲਈ।

ਕੁਲ 33 ਵਰ੍ਹਿਆਂ ਦੀ ਅਲਪ-ਆਯੂ ਵਿਚ ਵੀ ਇਸ ਨੇ ਧਰਮ-ਪ੍ਰਚਾਰ, ਵੇਦਾਂਤ-ਦਰਸ਼ਨ ਅਤੇ ਰਾਸ਼ਟਰੀਅਤਾ ਦਾ ਬਹੁਤ ਅਧਿਕ ਪ੍ਰਚਾਰ ਕੀਤਾ। ਇਹ ਸ਼ੰਕਰ ਦੇ ਅਦ੍ਵੈਤਵਾਦ ਦਾ ਸਮਰਥਕ ਹੋਣ ਦੇ ਬਾਵਜੂਦ ਵੀ ਆਤਮ-ਅਨੁਭੂਤੀ ਉਤੇ ਬਹੁਤ ਬਲ ਦਿੰਦਾ ਸੀ। ਵਿਕਾਸਵਾਦ ਦਾ ਵੀ ਇਹ ਸਮਰਥਕ ਸੀ। ਇਸ ਨੇ ਆਨੰਦ ਨੂੰ ਹੀ ਜੀਵਨ ਦਾ ਪਰਮ-ਮਨੋਰਥ ਮੰਨਿਆ ਹੈ। ਡਾ. ਮੋਹਨ ਸਿੰਘ ਨੇ 'ਸਿਆਲਕੋਟ' ਨਾਂ ਦੀ ਕਵਿਤਾ ਵਿਚ 'ਰਾਮ' ਸ਼ਬਦ ਦੁਆਰਾ ਇਸ ਵਲ ਸੰਕੇਤ ਕੀਤਾ ਹੈ—'ਰੀਝਾਂ ਦੇ ਕਾਫ਼ਲੇ ਦਾ ਹੋਇਆ ਇਥੇ ਉਤਾਰਾ,/ਕਿਲਹੇ ਤੇ ਪਹਿਲਾਂ ਸੁਣਿਆ ਮੈਂ ਨਾਮ ਰਾਮ ਜੀ ਦਾ।'

ਰਾਮਦਾਸ ਸਰੋਵਰ : ਵੇਖੋ 'ਅੰਮ੍ਰਿਤਸਰ-2'।

ਰਾਮਦਾਸ, ਗੁਰੂ : ਸਿੱਖ-ਧਰਮ ਦੇ ਚੌਥੇ ਗੁਰੂ ਜਿਨ੍ਹਾਂ ਦਾ ਜਨਮ 24 ਸਤੰਬਰ, 1534 ਈ. (ਕਤਕ ਵਦੀ 2, 1591 ਬਿ.) ਨੂੰ ਸੋਢੀ ਹਰਿਦਾਸ ਦੇ ਘਰ ਮਾਤਾ ਦਯਾ ਕੌਰ

(ਨਾਮਾਂਤਰ ਅਨੂਪ ਦੇਵੀ) ਦੀ ਕੁੱਖੋਂ ਚੂਨਾ ਮੰਡੀ, ਲਾਹੌਰ ਵਿਚ ਹੋਇਆ। ਇਨ੍ਹਾਂ ਦਾ ਮੂਲ ਨਾਂ 'ਰਾਮਦਾਸ' ਸੀ, ਪਰ ਮਾਤਾ-ਪਿਤਾ ਦਾ ਸਭ ਤੋਂ ਵੱਡਾ ਪੁੱਤਰ ਹੋਣ ਕਾਰਣ 'ਜੇਠਾ' ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਮਾਤਾ-ਪਿਤਾ ਦਾ ਦੇਹਾਂਤ ਛੋਟੀ ਉਮਰ ਵਿਚ ਹੀ ਹੋ ਜਾਣ ਕਾਰਣ ਸੱਤ ਸਾਲ ਦੀ ਉਮਰ ਵਿਚ ਆਪ ਦੀ ਨਾਨੀ ਲਾਹੌਰ ਤੋਂ ਬਾਸਰਕੇ ਲੈ ਗਈ। ਉਥੇ ਆਪ ਨੇ ਘੁੰਙਣੀਆਂ ਵੇਚਣ ਦਾ ਕੰਮ ਸ਼ੁਰੂ ਕੀਤਾ। ਇਕ ਵਾਰ ਆਪ ਸੰਗਤ ਨਾਲ ਬਾਸਰਕੇ ਤੋਂ ਗੋਇੰਦਵਾਲ ਆਏ ਅਤੇ ਗੁਰੂ ਅਮਰਦਾਸ ਦੀ ਸੇਵਾ ਵਿਚ ਹੀ ਮਗਨ ਹੋ ਕੇ ਉਥੇ ਹੀ ਰਹਿਣ ਲਗ ਗਏ। ਸਵੇਰੇ ਵੇਲੇ ਗੁਰੂ-ਸੇਵਾ ਤੋਂ ਵੇਹਲੇ ਹੋ ਕੇ ਇਹ ਘੁੰਙਣੀਆਂ ਵੇਚਣ ਦਾ ਕੰਮ ਕਰਦੇ।

ਆਪ ਦੀ ਸੇਵਾ, ਸਾਧਨਾ ਅਤੇ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਨੇ ਸੰਨ 1553 ਈ. (22 ਫੱਗਣ, 1610 ਬਿ.) ਵਿਚ ਆਪਣੀ ਸੁਪੁੱਤਰੀ ਬੀਬੀ ਭਾਨੀ ਦਾ ਆਪ ਨਾਲ ਵਿਆਹ ਕਰ ਦਿੱਤਾ। ਆਪ ਨੇ ਇਕ ਸਫਲ ਗ੍ਰਿਹਸਥੀ ਹੋਣ ਦੇ ਨਾਲ-ਨਾਲ ਅਧਿਆਤਮਿਕ ਸਾਧਨਾ ਵੀ ਪੂਰੀ ਸ਼ਿਦਤ ਨਾਲ ਕੀਤੀ। ਆਪ ਨੂੰ ਪਹਿਲਾਂ ਗੁਰੂ ਅਮਰਦਾਸ ਨੇ ਬਾਉਲੀ ਦੀ ਉਸਾਰੀ ਦੀ ਸੇਵਾ ਸੌਂਪੀ। ਫਿਰ ਗੁਰੂ ਅਮਰਦਾਸ ਦੇ ਆਦੇਸ਼ ਦੀ ਪਾਲਣਾ ਕਰਦਿਆਂ ਆਪ ਨੇ ਗੁਮਟਾਲਾ, ਸੁਲਤਾਨਪੁਰ ਆਦਿ ਪਿੰਡਾਂ ਦੀ ਜ਼ਮੀਨ ਖ਼ਰੀਦ ਕੇ ਉਥੇ ਸੰਨ 1574 ਈ. (1631 ਬਿ.) ਵਿਚ ਇਕ ਪਿੰਡ ਵਸਾਇਆ ਜਿਸ ਦਾ ਨਾਂ 'ਗੁਰੂ ਕਾ ਚਕ' ਰਖਿਆ। ਉਸ ਪਿੰਡ ਦੀ ਪੂਰਵ ਦਿਸ਼ਾ ਵਲ ਇਕ ਸਰੋਵਰ ਵੀ ਖੁਦਵਾਇਆ। ਪਿੰਡ ਦਾ ਨਾਂ ਬਾਦ ਵਿਚ 'ਰਾਮਦਾਸਪੁਰ' ਪ੍ਰਚਲਿਤ ਹੋਇਆ ਅਤੇ ਸਰੋਵਰ ਦਾ ਨਾਂ 'ਅੰਮ੍ਰਿਤਸਰ' ਪ੍ਰਸਿੱਧ ਹੋਇਆ।

ਗੁਰੂ ਅਮਰਦਾਸ ਨੇ ਗੁਰੂਗੱਦੀ ਦੀ ਸੁਯੋਗਤਾ ਲਈ ਜਦੋਂ ਦੋਹਾਂ ਪੁੱਤਰਾਂ (ਮੋਹਨ ਅਤੇ ਮੋਹਰੀ) ਅਤੇ ਦੋਹਾਂ ਜਵਾਈਆਂ (ਰਾਮਾ ਅਤੇ ਜੇਠਾ) ਦੀ ਆਪਣੇ ਢੰਗ ਨਾਲ ਪਰੀਖਿਆ ਲਈ ਤਾਂ ਆਪ ਗੁਰੂ ਅਮਰਦਾਸ ਦੀ ਕਸੌਟੀ ਉਤੇ ਪੂਰੇ ਉਤਰੇ। ਆਪ ਨੂੰ ਗੁਰੂ ਅਮਰਦਾਸ ਨੇ 1 ਸਤੰਬਰ, 1574 ਈ. (2 ਅਸੂ, 1631 ਬਿ.) ਨੂੰ ਗੁਰਿਆਈ ਬਖ਼ਸ਼ੀ। ਗੁਰ-ਗੱਦੀ ਉਤੇ ਬੈਠਣ ਤੋਂ ਬਾਦ ਆਪ ਨੇ 'ਗੁਰੂ-ਕਾ-ਚਕ' ਦੀ ਉਸਾਰੀ ਅਤੇ ਵਿਸਤਾਰ ਵਲ ਵਿਸ਼ੇਸ਼ ਧਿਆਨ ਦਿੱਤਾ ਅਤੇ ਦੂਰੋਂ-ਦੂਰੋਂ ਹਰ ਭਾਈਚਾਰੇ ਅਤੇ ਧੰਦੇ ਦੇ ਲੋਕਾਂ ਨੂੰ ਬੁਲਵਾ ਕੇ ਨਗਰ ਵਿਚ ਵਸਾਇਆ। ਆਪ ਨੇ ਸਿੱਖ-ਧਰਮ-ਪ੍ਰਚਾਰ ਦੀ ਵਿਵਸਥਾ ਠੀਕ ਕਰਨ ਅਤੇ ਗੁਰੂ-ਦਰਬਾਰ ਦੇ ਲੰਗਰ ਆਦਿ ਦੀ ਸਥਿਤੀ ਨੂੰ ਸੁਧਾਰਨ ਲਈ ਮਸੰਦ-ਪਰੰਪਰਾ ਦਾ ਆਰੰਭ ਕੀਤਾ। ਆਪ ਦੇ ਘਰ ਤਿੰਨ ਪੁੱਤਰਾਂ—ਪ੍ਰਿਥੀਚੰਦ, ਮਹਾਂਦੇਵ ਅਤੇ ਅਰਜਨ ਦੇਵ—ਨੇ ਜਨਮ ਲਿਆ। ਪ੍ਰਿਥੀਚੰਦ ਸ਼ੁਰੂ ਤੋਂ ਹੀ ਪਿਤਾ-ਗੁਰੂ ਦੇ ਆਦੇਸ਼ਾਂ ਦੀ ਪਾਲਨਾ ਕਰਨ ਅਤੇ ਅਧਿਆਤਮੀ ਰੁਚੀ ਵਾਲਾ ਜੀਵਨ ਬਤੀਤ ਕਰਨ ਦੀ ਥਾਂ ਪ੍ਰਭੁਤਾ ਦਾ ਪ੍ਰਦਰਸ਼ਨ ਕਰਦਾ ਸੀ ਅਤੇ ਗੁਰੂ ਜੀ ਲਈ ਕਈ ਪ੍ਰਕਾਰ ਦੇ ਕਲੇਸ਼ਾਂ ਦਾ ਕਾਰਣ ਬਣਦਾ ਸੀ। ਮਹਾਂਦੇਵ ਬੈਰਾਗ ਅਤੇ ਉਦਾਸੀਨ ਬਿਰਤੀ ਵਾਲਾ ਸੀ। ਅਰਜਨ ਦੇਵ ਨੂੰ ਨਾਨਾ-ਗੁਰੂ ਅਮਰਦਾਸ ਦਾ 'ਦੋਹਿਤਾ—ਬਾਣੀ ਕਾ ਬੋਹਿਥਾ' ਹੋਣ ਦਾ ਵਰ ਮਿਲਿਆ ਹੋਇਆ ਸੀ। ਆਪ ਨੇ ਪੂਰੇ ਸੱਤ ਸਾਲ ਗੁਰਿਆਈ ਕਰ ਕੇ 1 ਸਤੰਬਰ,

1581 ਈ. (2 ਅਸੂ, 1638 ਬਿ.) ਨੂੰ ਮਹਾਪ੍ਰਸਥਾਨ ਕੀਤਾ ਅਤੇ ਗੁਰਿਆਈ ਦਾ ਮਾਣ ਆਪਣੇ ਸਭ ਤੋਂ ਛੋਟੇ ਸੁਪੁੱਤਰ ਅਰਜਨ ਦੇਵ ਨੂੰ ਬਖ਼ਸ਼ਿਆ। ਆਪ ਨੇ ਜੈਜਾਵੰਤੀ ਰਾਗ ਤੋਂ ਬਿਨਾ ਗੁਰੂ ਗ੍ਰੰਥ ਸਾਹਿਬ ਵਿਚ ਆਏ ਬਾਕੀ ਸਾਰੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਆਪ ਦੇ ਕੁਲ ਸ਼ਬਦਾਂ/ਸ਼ਲੋਕਾਂ ਦੀ ਗਿਣਤੀ 640 ਹੈ। ਆਪ ਨੇ ਅੱਠ ਵਾਰਾਂ ਦੀ ਰਚਨਾ ਕੀਤੀ। ਆਪ ਨੇ ਆਪਣੀ ਬਾਣੀ ਵਿਚ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਅਧਿਆਤਮਿਕ ਚਿੰਤਨ ਪ੍ਰਣਾਲੀ ਅਤੇ ਅਦ੍ਵੈਤਵਾਦੀ ਰਹੱਸ-ਅਨੁਭਵ ਦੀ ਬੜੀ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਅਭਿਵਿਅਕਤੀ ਕੀਤੀ ਹੈ। ਆਪ ਦੀ ਮਹਾਨਤਾ ਦਾ ਉੱਲੇਖ ਕਰਦਿਆਂ ਰਾਇ ਬਲਵੰਡ ਅਤੇ ਸੱਤੇ ਡੂਮ ਨੇ ਰਾਮਕਲੀ ਦੀ ਵਾਰ ਵਿਚ ਕਿਹਾ ਹੈ—'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।/ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ' (ਅ. ਗ੍ਰੰ. 968)।

ਰਾਮਦਾਸਪੁਰ : ਵੇਖੋ 'ਅੰਮ੍ਰਿਤਸਰ-2'।

ਰਾਮਲੀਲਾ : ਵੇਖੋ 'ਦਸਹਿਰਾ'।

ਰਾਮਾਇਣ : ਇਹ ਸੰਸਕ੍ਰਿਤ ਵਿਚ ਲਿਖਿਆ ਇਕ ਮਹਾਕਾਵਿ ਹੈ ਜਿਸ ਵਿਚ ਬਾਲਮੀਕ ਨੇ ਸ੍ਰੀ ਰਾਮ ਦੇ ਚਰਿਤ ਦਾ ਇਤਨੀ ਕੁਸ਼ਲਤਾ ਅਤੇ ਪ੍ਰਬੀਨਤਾ ਨਾਲ ਵਰਣਨ ਕੀਤਾ ਹੈ ਕਿ ਅੱਜ ਤਕ ਇਹ ਭਾਰਤੀ ਜਨਤਾ ਦੇ ਮਨ-ਅੰਤਰ ਵਿਚ ਸਮਾਇਆ ਹੋਇਆ ਹੈ। ਇਹ ਚੂੰਕਿ ਸੰਸਕ੍ਰਿਤ ਦਾ ਪਹਿਲਾ ਮਹਾਕਾਵਿ ਹੈ, ਇਸ ਲਈ ਇਸ ਨੂੰ ਆਦਿ-ਕਾਵਿ ਕਹਿ ਕੇ ਬਾਲਮੀਕ ਨੂੰ ਆਦਿ-ਕਵੀ ਮੰਨਿਆ ਜਾਂਦਾ ਹੈ।

ਇਸ ਦੇ ਆਰੰਭ (1/2/36-37) ਵਿਚ ਲਿਖਿਆ ਬ੍ਰਹਮਾ ਦਾ ਬਾਲਮੀਕ ਪ੍ਰਤਿ ਇਹ ਕਥਨ ਸੱਚਮੁਚ ਸੱਚਾ ਸਿੱਧ ਹੋਇਆ ਹੈ ਕਿ 'ਤੂੰ ਸ਼ਲੋਕਾਂ ਵਿਚ ਸ੍ਰੀ ਰਾਮ ਦੀ ਪਵਿੱਤਰ ਕਥਾ ਦੀ ਰਚਨਾ ਕਰ। ਜਦ ਤਕ ਸੰਸਾਰ ਵਿਚ ਸਾਰੇ ਪਰਬਤ ਅਤੇ ਨਦੀਆਂ ਮੌਜੂਦ ਰਹਿਣਗੀਆਂ, ਤਦ ਤਕ ਤੇਰੀ ਇਸ ਰਾਮ-ਕਥਾ ਦਾ ਪ੍ਰਚਾਰ ਰਹੇਗਾ। 'ਦਸਮ-ਗ੍ਰੰਥ' ਵਿਚਲੀ "ਰਾਮਾਵਤਰ" ਰਚਨਾ ਦੀ ਇਹ ਉਕਤੀ ਸਹੀ ਹੈ ਕਿ—'ਰਾਮਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ'। ਰਾਮਾਇਣ, ਅਸਲ ਵਿਚ, ਇਕ ਮੂਲਾਧਾਰ ਕਾਵਿ ਹੈ ਜਿਸ ਤੋਂ ਪ੍ਰੇਰਣਾ ਅਤੇ ਪ੍ਰਭਾਵ ਲੈ ਕੇ ਵੱਖ-ਵੱਖ ਭਾਸ਼ਾਵਾਂ ਵਿਚ ਰਾਮ-ਚਰਿਤ ਨਾਲ ਸੰਬੰਧਿਤ ਸੈਂਕੜੇ ਰਚਨਾਵਾਂ ਸਿਰਜੀਆਂ ਗਈਆਂ ਹਨ।

ਰਾਮਾਇਣ ਦੇ ਰਚਨਾ-ਕਾਲ ਬਾਰੇ ਦ੍ਰਿੜ੍ਹਤਾ-ਪੂਰਵ ਕੁਝ ਨਹੀਂ ਕਿਹਾ ਜਾ ਸਕਦਾ, ਪਰ ਵਿਦਵਾਨਾਂ ਨੇ ਇਸ ਦੀ ਰਚਨਾ ਈ. ਪੂ. ਪੰਜ ਸੌ ਸਾਲਾਂ ਤੋਂ ਪਹਿਲਾਂ ਹੋ ਚੁੱਕੀ ਮੰਨੀ ਹੈ। ਉਪਲਬਧ ਅਠਾਰ੍ਹਾਂ ਪੁਰਾਣਾਂ ਤੋਂ ਵੀ ਇਹ ਪ੍ਰਾਚੀਨ ਹੈ। ਕਿਉਂਕਿ ਸ੍ਰੀ ਰਾਮ ਦੇ ਚਰਿਤ ਨਾਲ ਸੰਬੰਧਿਤ ਪ੍ਰਸੰਗ ਅਤੇ ਉਪਾਖਿਆਨ 'ਮਹਾਭਾਰਤ' ਅਤੇ ਪੁਰਾਣਾਂ ਵਿਚ ਇਧਰ ਉਧਰ ਖਿਲਰੇ ਮਿਲ ਜਾਂਦੇ ਹਨ। 'ਬਾਲਮੀਕੀ ਰਾਮਾਇਣ' ਵਿਚ ਕੁਲ ਸੱਤ ਕਾਂਡ ਹਨ—(1) ਬਾਲ-ਕਾਂਡ ਵਿਚ ਸ੍ਰੀ ਰਾਮ ਦੇ ਜਨਮ ਅਤੇ ਬਾਲ ਲੀਲਾਵਾਂ ਦਾ ਵਰਣਨ ਹੋਇਆ ਹੈ। (2) ਅਯੋਧਿਆ-ਕਾਂਡ ਵਿਚ ਦਸ਼ਰਥ ਦੀ ਰਾਜਧਾਨੀ ਅਯੋਧਿਆ ਦੇ ਚਿਤ੍ਰਣ

ਤੋਂ ਇਲਾਵਾ ਸ੍ਰੀ ਰਾਮ ਦੇ ਬਨਵਾਸ ਲਈ ਜਾਣ ਤਕ ਦਾ ਵਰਣਨ ਹੈ। (3) ਆਰਣ੍ਯ-ਕਾਂਡ ਵਿਚ ਰਾਮ ਦੇ ਬਨਵਾਸ ਅਤੇ ਸੀਤਾ ਦੇ ਹਰਣ ਦੀ ਕਥਾ ਨੂੰ ਸਮੇਟਿਆ ਗਿਆ ਹੈ। (4) ਕਿਸ਼ਕਿੰਧਾ-ਕਾਂਡ ਵਿਚ ਰਾਮ ਦਾ ਸੁਗ੍ਰੀਵ ਦੀ ਰਾਜਧਾਨੀ ਵਿਚ ਜਾਣਾ ਅਤੇ ਸੀਤਾ ਦੀ ਭਾਲ ਦੇ ਪ੍ਰਸੰਗ ਦਰਜ ਹਨ। (5) ਸੁੰਦਰ-ਕਾਂਡ ਵਿਚ ਹਨੂਮਾਨ ਦਾ ਸੀਤਾ ਦੀ ਸੂਹ ਕੱਢਣਾ ਅਤੇ ਰਾਮ ਦਾ ਸੈਨਾ ਸਹਿਤ ਲੰਕਾ ਵਲ ਜਾਣਾ ਆਦਿ ਘਟਨਾਵਾਂ ਦਾ ਵਰਣਨ ਹੈ। (6) ਯੁੱਧ-ਕਾਂਡ ਵਿਚ ਸ੍ਰੀ ਰਾਮ ਦਾ ਰਾਵਣ ਨਾਲ ਯੁੱਧ, ਰਾਵਣ ਦੀ ਹਾਰ, ਸੀਤਾ ਨੂੰ ਮੁਕਤ ਕਰਾ ਕੇ ਰਾਮ ਦਾ ਅਯੋਧਿਆ ਪਰਤਣਾ ਅਤੇ ਰਾਜ ਸਿੰਘਾਸਨ ਉਤੇ ਬੈਠਣਾ ਆਦਿ ਘਟਨਾਵਾਂ ਸ਼ਾਮਲ ਕੀਤੀਆਂ ਹਨ। (7) ਉੱਤਰ-ਕਾਂਡ ਵਿਚ ਰਾਮ ਦਾ ਅਯੋਧਿਆ ਵਿਚ ਰਹਿਣਾ, ਸੀਤਾ ਨੂੰ ਬਨਵਾਸ ਦੇਣਾ, ਬਨ ਵਿਚ ਲਵ-ਕੁਸ਼ ਦਾ ਜਨਮ, ਰਾਮ ਵਲੋਂ ਅਸ਼੍ਵਮੇਧ ਯੱਗ ਕਰਨਾ, ਸੀਤਾ ਨਾਲ ਰਾਮ ਦਾ ਮੇਲ, ਅੰਤ ਵਿਚ ਰਾਮ ਦਾ ਪਰਿਵਾਰ ਸਹਿਤ ਦੇਵ-ਲੋਕ ਵਲ ਜਾਣਾ ਆਦਿ ਘਟਨਾਵਾਂ ਨੂੰ ਸਮੋਇਆ ਗਿਆ ਹੈ। ਇਨ੍ਹਾਂ ਸੱਤ ਕਾਂਡਾਂ ਵਿਚ 24000 ਸ਼ਲੋਕ ਅਤੇ 500 ਤੋਂ ਅਧਿਕ ਸਰਗ ਦਸੇ ਜਾਂਦੇ ਹਨ। ਪਰ ਰਾਮਾਇਣ ਦੇ ਵੱਖ-ਵੱਖ ਪਾਠ-ਭੇਦਾਂ ਵਿਚ ਸਿਵਾਏ ਕਾਂਡਾਂ ਦੇ, ਸ਼ਲੋਕਾਂ/ਸਰਗਾਂ ਦੀ ਗਿਣਤੀ ਇਕ-ਸਮਾਨ ਨਹੀਂ ਹੈ। ਇਸ ਦੇ ਤਿੰਨ ਪ੍ਰਸਿੱਧ ਭੇਦ ਹਨ—ਦਾਕ੍ਸ਼ਣਾਤ੍ਯ, ਗੌੜੀਯ ਅਤੇ ਪੱਛਮ-ਉੱਤਰੀ।

'ਬਾਲਮੀਕੀ ਰਾਮਾਇਣ' ਤੋਂ ਬਾਦ ਰਾਮ-ਕਾਵਿ ਪਰੰਪਰਾ ਵਿਚ 'ਅਧਿਆਤਮ ਰਾਮਾਇਣ' ਦਾ ਵਿਸ਼ੇਸ਼ ਸਥਾਨ ਹੈ। ਇਸ ਨੂੰ 'ਅਧਿਆਤਮਿਕ ਰਾਮ ਸੰਹਿਤਾ' ਅਤੇ 'ਅਧਿਆਤਮ ਰਾਮਚਰਿਤ' ਵੀ ਕਿਹਾ ਜਾਂਦਾ ਹੈ। ਇਸ ਵਿਚ ਕੁਲ ਸੱਤ ਕਾਂਡ ਅਤੇ 65 ਅਧਿਆਇ ਹਨ ਅਤੇ ਇਸ ਦਾ ਆਰੰਭ ਉਮਾ ਅਤੇ ਮਹੇਸ਼੍ਵਰ ਦੇ ਸੰਵਾਦ ਤੋਂ ਹੁੰਦਾ ਹੈ। 'ਭਵਿਸ਼੍ਯ ਪੁਰਾਣ' ਦੇ "ਪ੍ਰਤਿਸਰਗ-ਪਰਵ" ਅਨੁਸਾਰ ਇਹ ਕਿਸੇ ਸ਼ਿਵ-ਉਪਾਸਕ ਰਾਮ ਸ਼ਰਮਨ ਦੀ ਰਚਨਾ ਹੈ ਪਰ ਪ੍ਰਚਲਿਤ ਪਰੰਪਰਾ ਅਨੁਸਾਰ ਇਸ ਨੂੰ 'ਬ੍ਰਹਮਾਂਡ ਪੁਰਾਣ' ਦਾ ਉੱਤਰ-ਖੰਡ ਮੰਨ ਕੇ ਵਿਆਸ ਦੀ ਰਚਨਾ ਦਸਿਆ ਜਾਂਦਾ ਹੈ। ਪਰੰਤੂ ਇਹ ਸਾਰੇ ਤੱਥ ਪ੍ਰਮਾਣਿਕ ਨਹੀਂ ਮੰਨੇ ਜਾਂਦੇ। ਅਸਲ ਵਿਚ, ਇਹ ਚੌਦਵੀਂ ਸਦੀ ਦੇ ਨੇੜੇ-ਤੇੜੇ ਲਿਖੀ ਇਕ ਅਜਿਹੀ ਰਚਨਾ ਹੈ ਜਿਸ ਉਤੇ ਅਦ੍ਵੈਤਮਤ, ਯੋਗ-ਸਾਧਨਾ ਅਤੇ ਤੰਤ੍ਰਾਂ ਦਾ ਵਿਸ਼ੇਸ਼ ਪ੍ਰਭਾਵ ਹੈ। ਇਸ ਵਿਚ ਸੀਤਾ ਨੂੰ ਯੋਗ-ਮਾਯਾ ਵਜੋਂ ਚਿਤਰਿਤ ਕੀਤਾ ਗਿਆ ਹੈ ਅਤੇ ਸ੍ਰੀ ਰਾਮ ਨੂੰ ਵਿਸ਼ਣੂ ਦਾ ਅਵਤਾਰ ਮੰਨਣ ਦੇ ਨਾਲ-ਨਾਲ ਨਿਰਗੁਣ ਬ੍ਰਹਮ ਵਜੋਂ ਵੀ ਪੂਜਿਆ ਗਿਆ ਹੈ। ਤੁਲਸੀਦਾਸ ਦੁਆਰਾ ਹਿੰਦੀ (ਅਵਧੀ) ਭਾਸ਼ਾ ਵਿਚ ਲਿਖੀ 'ਰਾਮ-ਚਰਿਤ-ਮਾਨਸ' ਉਤੇ ਇਸ ਦੀ ਵਿਚਾਰਧਾਰਾ ਦਾ ਕਾਫ਼ੀ ਪ੍ਰਭਾਵ ਮਿਲਦਾ ਹੈ। ਇਸ ਤੋਂ ਇਲਾਵਾ ਸੰਸਕ੍ਰਿਤ ਵਿਚ ਕਈ ਹੋਰ ਰਾਮਾਇਣਾਂ (ਅਦਭੁਤ ਰਾਮਾਇਣ, ਆਨੰਦ ਰਾਮਾਇਣ, ਤੱਤ੍ਵ-ਸੰਗ੍ਰਹਿ ਰਾਮਾਇਣ, ਮੰਤ੍ਰ ਰਾਮਾਇਣ ਆਦਿ) ਵੀ ਲਿਖੀਆਂ ਮਿਲਦੀਆਂ ਹਨ।

ਰਾਮ-ਚਰਿਤ-ਮਾਨਸ (ਤੁਲਸੀ-ਰਾਮਾਇਣ) ਵਿਚ 'ਮਾਨਸ' ਸ਼ਬਦ ਸੁਪ੍ਰਸਿੱਧ ਮਾਨਸਰੋਵਰ ਝੀਲ ਦਾ ਵਾਚਕ ਹੈ ਅਤੇ 'ਰਾਮ-ਚਰਿਤ' ਸ਼ਬਦ ਉਸ ਵਿਚਲੇ ਸਵੱਛ ਜਲ

ਦਾ ਬੋਧਕ ਹੈ। ਮੁੱਢ ਵਿਚ ਤੁਲਸੀ ਦਾਸ ਨੇ ਇਕ ਸਾਂਗ ਰੂਪਕ ਰਾਹੀਂ ਇਸ ਦੇ ਸੱਤ ਕਾਂਡਾਂ ਨੂੰ ਮਾਨਸਰੋਵਰ ਝੀਲ ਦੀਆਂ ਸੱਤ ਪੌੜੀਆਂ ਕਿਹਾ ਹੈ ਅਤੇ ਇਸ ਵਿਚਲੇ ਚਾਰ ਸੰਵਾਦ ਇਸ ਝੀਲ ਦੇ ਚਾਰ ਘਾਟ ਹਨ। ਸੀਤਾ-ਰਾਮ ਦੇ ਯਸ਼ ਰੂਪੀ ਅੰਮ੍ਰਿਤ ਸਮਾਨ ਇਸ ਦੇ ਜਲ ਵਿਚ ਜੋ ਜਿਗਿਆਸੂ ਸ਼ਰਧਾ ਸਹਿਤ ਇਸ਼ਨਾਨ ਕਰਦਾ ਹੈ, ਉਸ ਦੇ ਹਿਰਦੇ ਦੀ ਤਪਸ਼ ਮਿਟ ਜਾਂਦੀ ਹੈ। ਤੁਲਸੀਦਾਸ ਸਾਰੇ ਸਮਾਜ ਨੂੰ ਇਕ ਮਰਯਾਦਾ ਵਿਚ ਬੰਨ੍ਹਣਾ ਚਾਹੁੰਦੇ ਸਨ। ਉਨ੍ਹਾਂ ਲਈ ਮਰਯਾਦਾ ਦਾ ਉਲੰਘਨ ਕਰਨਾ ਅਸਹਿ ਸੀ। ਉਨ੍ਹਾਂ ਨੇ ਰਾਮ-ਚਰਿਤ ਰਾਹੀਂ ਮਰਯਾਦਾ ਦੇ ਸਰੂਪ ਨੂੰ ਸਪੱਸ਼ਟ ਕੀਤਾ। ਜੇ ਸਮਾਜ ਮਰਯਾਦਾ ਵਿਚ ਬੰਨ੍ਹਿਆ ਰਹੇ, ਦੂਜਿਆਂ ਦੇ ਅਧਿਕਾਰਾਂ ਅਤੇ ਕਰਤੱਵਾਂ ਵਿਚ ਦਖ਼ਲ ਨਾ ਦਿੱਤਾ ਜਾਵੇ ਅਤੇ ਸਾਰੇ ਲੋਕ ਨਿਜ ਕਰਤੱਵਾਂ ਦੀ ਪੂਰਤੀ ਵਿਚ ਲਗੇ ਰਹਿਣ ਤਾਂ ਸਮਾਜ ਦਾ ਸਰੂਪ ਉਜਲਾ ਹੋ ਸਕਦਾ ਹੈ। ਅਜਿਹੇ ਸਮਾਜ ਦੁਆਰਾ ਹੀ ਆਦਰਸ਼ ਰਾਜ ਦੀ ਸਥਾਪਨਾ ਹੁੰਦੀ ਹੈ। ਆਦਰਸ਼ ਰਾਜ ਧਰਮ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੁੰਦਾ ਹੈ। ਇਹ ਆਦਰਸ਼ ਰਾਜ ਹੀ ਰਾਮ-ਰਾਜ ਹੈ ਅਤੇ ਅਜਿਹੇ ਰਾਜ ਦੀ ਸਥਾਪਨਾ ਹੀ ਤੁਲਸੀ ਦਾਸ ਦਾ ਰਚਨਾ-ਮਨੋਰਥ ਹੈ।

ਪੰਜਾਬੀ ਵਿਚ ਵੀ ਰਾਮਾਇਣ ਆਧਾਰਿਤ ਅਨੇਕ ਰਚਨਾਵਾਂ ਸਿਰਜੀਆਂ ਗਈਆਂ। ਇਹ ਰਚਨਾਵਾਂ ਪ੍ਰਬੰਧ-ਕਾਵਿ ਤੋਂ ਲੈ ਕੇ ਲਘੂ ਵਾਰਤਾਵਾਂ ਤਕ ਵਿਆਪਤ ਹਨ। ਰਾਮਾਇਣ, ਅਸਲ ਵਿਚ, ਭਾਰਤੀ ਸੰਸਕ੍ਰਿਤੀ ਦੀ ਰੀੜ੍ਹ ਦੀ ਹੱਡੀ ਦੀ ਭੂਮਿਕਾ ਨਿਭਾਉਂਦੀ ਹੈ। ਭਾਈ ਗੁਰਦਾਸ ਨੇ ਰਾਮਾਇਣ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਖਤ੍ਰੀ ਮਾਰਿ ਇਕੀਹ ਵਾਰ ਰਾਮਾਇਣ ਕਰ ਭਾਰਥ ਭਾਰੇ' (12/8)।

ਰਾਮਾਨੰਦ : ਰਾਮਾਨੁਜਾਚਾਰਯ ਦੀ ਸ੍ਰੀ ਸੰਪ੍ਰਦਾਇ ਵਿਚ ਦੀਖਿਅਤ ਅਤੇ ਕ੍ਰਮ ਵਿਚ ਚੌਦਵੀਂ ਥਾਂ 'ਤੇ ਹੋਇਆ ਇਕ ਪ੍ਰਤਾਪੀ ਸਾਧਕ ਜਿਸ ਦਾ ਜਨਮ ਸੰਨ 1366 ਈ. (1423 ਬਿ.) ਵਿਚ ਪੁੰਨ੍ਯਸਦਨ ਦੇ ਘਰ ਸੁਸ਼ੀਲਾ ਦੀ ਕੁੱਖੋਂ ਪ੍ਰਯਾਗ ਵਿਚ ਹੋਇਆ ਮੰਨਿਆ ਜਾਂਦਾ ਹੈ। ਕੁਝ ਗ੍ਰੰਥਾਂ ਵਿਚ ਇਸ ਦੇ ਪਿਤਾ ਦਾ ਨਾਂ ਕੇਵਲ ਅਤੇ ਮਾਤਾ ਦਾ ਨਾਂ ਮੁਰਵੀ ਲਿਖਿਆ ਹੈ। ਇਹ ਜਾਤਿ ਦਾ ਕਾਨ੍ਯਕੁਬਜ ਬ੍ਰਾਹਮਣ ਸੀ। ਇਸ ਦਾ ਪਹਿਲਾ ਨਾਂ ਰਾਮਦੱਤ ਅਥਵਾ ਰਾਮਭਾਰਤੀ ਸੀ, ਪਰ ਬਾਦ ਵਿਚ ਰਾਮਾਨੰਦ ਦੇ ਨਾਂ ਨਾਲ ਪ੍ਰਸਿੱਧ ਹੋਇਆ। ਪਹਿਲਾਂ ਇਹ ਕਿਸੇ ਦੰਡੀ ਸੰਨਿਆਸੀ ਦਾ ਚੇਲਾ ਸੀ, ਪਰ ਬਾਦ ਵਿਚ ਸ੍ਰੀ ਸੰਪ੍ਰਦਾਇ ਦੇ ਤੇਰ੍ਹਵੇਂ ਪੁਰਸ਼ ਸੁਆਮੀ ਰਾਘਵਾਨੰਦ ਦਾ ਸ਼ਿਸ਼ ਬਣਿਆ। ਇਸ ਦੇ ਵਿਚਾਰ ਸ੍ਰੀ ਸੰਪ੍ਰਦਾਇ ਤੋਂ ਕੁਝ ਹਟਵੇਂ ਸਨ, ਇਸ ਲਈ ਇਸ ਨੇ ਉੱਤਰੀ ਭਾਰਤ ਵਿਚ ਆਪਣੀ ਸੁਤੰਤਰ ਸੰਪ੍ਰਦਾਇ ਦੀ ਸਥਾਪਨਾ ਕੀਤੀ। ਸੱਚ ਤਾਂ ਇਹ ਹੈ ਕਿ ਉੱਤਰੀ ਭਾਰਤ ਵਿਚ ਭਗਤੀ ਲਹਿਰ ਦਾ ਆਰੰਭ ਇਸ ਨੇ ਹੀ ਕੀਤਾ। ਇਸ ਬਾਰੇ ਇਕ ਦੋਹਰਾ ਪ੍ਰਸਿੱਧ ਹੈ—'ਭਕਤੀ ਦ੍ਰਾਵਿੜ ਊਪਜੀ ਲਾਏ ਰਾਮਾਨੰਦ।/ਪ੍ਰਗਟ ਕੀਆ ਕਬੀਰ ਨੇ ਸਪਤ ਦੀਪ ਨਵਖੰਡ।'

ਰਾਮਾਨੰਦ ਸੰਪ੍ਰਦਾਇ ਦਾ ਕੇਂਦਰੀ ਮਠ ਕਾਸ਼ੀ (ਬਨਾਰਸ) ਦੇ ਪੰਚ-ਗੰਗਾ ਘਾਟ ਵਿਚ ਸੀ, ਪਰ ਇਸ ਨੇ ਭਾਰਤ ਦੇ ਸਾਰੇ ਪ੍ਰਮੁਖ ਤੀਰਥਾਂ ਦੀ ਯਾਤ੍ਰਾ ਕੀਤੀ ਅਤੇ ਆਪਣੇ ਮਤ

ਦਾ ਪ੍ਰਚਾਰ ਕੀਤਾ। ਇਸ ਦੇ ਬਾਰ੍ਹਾਂ ਪ੍ਰਮੁਖ ਸ਼ਿਸ਼ਾਂ ਦੇ ਨਾਂ ਇਸ ਪ੍ਰਕਾਰ ਹਨ—ਅਨੰਤਾਨੰਦ, ਸੁਰਸੁਰਾਨੰਦ, ਸੁਖਾਨੰਦ, ਨਰਹਰਯਾਨੰਦ, ਭਾਵਾਨੰਦ, ਰਮਾਦਾਸ, ਗਾਲਵਾਨੰਦ, ਕਬੀਰ, ਪੀਪਾ, ਰਵਿਦਾਸ, ਧੰਨਾ ਅਤੇ ਸੈਣ। ਕਈ ਗੋਸੁਆਮੀ ਤੁਲਸੀਦਾਸ ਨੂੰ ਵੀ ਇਸ ਦਾ ਸ਼ਿਸ਼ ਮੰਨਦੇ ਹਨ।

ਇਹ ਪਹਿਲਾਂ ਸੀਤਾ-ਰਾਮ ਦੀ ਉਪਾਸਨਾ ਕਰਦਾ ਸੀ, ਪਰ ਪਿਛਲੀ ਉਮਰ ਵਿਚ ਇਹ ਪ੍ਰਤੀਕ-ਉਪਾਸਨਾ ਤੋਂ ਉੱਚਾ ਉਠ ਕੇ ਨਿਰਗੁਣ ਬ੍ਰਹਮ ਦੀ ਉਪਾਸਨਾ ਵਲ ਰੁਚਿਤ ਹੋਇਆ। ਇਸ ਦਾ ਦੇਹਾਂਤ ਸੰਨ 1467 ਈ. (1524 ਬਿ.) ਵਿਚ ਕਾਸ਼ੀ ਵਿਚ ਹੋਇਆ ਦਸਿਆ ਜਾਂਦਾ ਹੈ। ਇਸ ਦੇ ਨਾਂ 'ਤੇ ਸੰਸਕ੍ਰਿਤ ਦੇ ਕਈ ਗ੍ਰੰਥ ਪ੍ਰਚਲਿਤ ਹਨ। ਪੁਰਾਤਨ ਹਿੰਦੀ ਵਿਚ ਵੀ ਇਸ ਦੀ ਕੁਝ ਪਦਾਵਲੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਸੰਤ ਰਾਗ ਵਿਚ ਇਸ ਦਾ ਇਕ ਸ਼ਬਦ ਦਰਜ ਹੈ।

ਇਸ ਨੇ ਭਗਤੀ ਦਾ ਦੁਆਰ ਇਸਤਰੀਆਂ ਅਤੇ ਸ਼ੂਦਰਾਂ ਲਈ ਵੀ ਖੋਲ ਦਿੱਤਾ। ਇਸੇ ਭਾਵਨਾ ਦੇ ਫਲਸਰੂਪ ਸੰਤ-ਕਾਵਿ ਵਿਚ ਉਦਾਰਵਾਦੀ ਚੇਤਨਾ ਦਾ ਵਿਕਾਸ ਹੋਇਆ। ਭਾਈ ਗੁਰਦਾਸ ਨੇ ਰਾਮਾਨੰਦ ਅਤੇ ਸੰਤ ਕਬੀਰ ਨੂੰ ਅਭਿੰਨ ਮੰਨਿਆ ਹੈ—'ਭਰਣਾ ਭਰਦਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।/ਰਾਮ ਕਬੀਰੈ ਭੇਦੁ ਨ ਭਾਈ' (10/15)।

ਰਾਵਣ : ਲੰਕਾ ਦਾ ਇਕ ਸ਼ਕਤੀਸ਼ਾਲੀ ਰਾਖਸ਼ ਰਾਜਾ ਜੋ ਸ੍ਰੀ ਰਾਮ ਚੰਦਰ ਨਾਲ ਹੋਏ ਯੁੱਧ ਵਿਚ ਮਾਰਿਆ ਗਿਆ ਸੀ। 'ਬਾਲਮੀਕੀ ਰਾਮਾਇਣ' ਅਤੇ ਪੁਰਾਣ-ਸਾਹਿੱਤ ਅਨੁਸਾਰ ਰਾਵਣ ਕੁਲ ਪਰੰਪਰਾ ਤੋਂ ਬ੍ਰਹਮਾ ਦੇ ਪੁੱਤਰ ਪੁਲਸਤ੍ਯ ਦਾ ਪੋਤਰਾ ਅਤੇ ਵਿਸ਼੍ਰਵਾ ਦਾ ਪੁੱਤਰ ਸੀ। ਰਾਖਸ਼ਾਂ ਦੇ ਰਾਜਾ ਸੁਮਾਲੀ ਨੇ ਆਪਣੀ ਪੁੱਤਰੀ ਕੈਕਸੀ ਦਾ ਵਿਆਹ ਵਿਸ਼੍ਰਵਾ ਨਾਲ ਕੀਤਾ। ਕੈਕਸੀ ਨੇ ਵਿਸ਼੍ਰਵਾ ਕੋਲ ਪਹੁੰਚ ਕੇ ਪੁੱਤਰ ਦੀ ਇੱਛਾ ਪ੍ਰਗਟ ਕੀਤੀ। ਵਿਸ਼੍ਰਵਾ ਨੇ ਸੰਝ ਵੇਲਾ ਹੋਣ ਕਰਕੇ ਭਿਆਨਕ ਪੁੱਤਰ ਦੇ ਪੈਦਾ ਹੋਣ ਦੀ ਗੱਲ ਕਹੀ, ਪਰ ਨਾਲ ਹੀ ਇਕ ਧਰਮਾਤਮਾ ਪੁੱਤਰ ਦੇ ਪ੍ਰਗਟ ਹੋਣ ਦਾ ਵੀ ਵਿਸ਼ਵਾਸ ਦਿਵਾਇਆ। ਕਾਲਾਂਤਰ ਵਿਚ ਕੈਕਸੀ ਦੀ ਕੁੱਖੋਂ ਰਾਵਣ, ਕੁੰਭਕਰਣ, ਸ਼ੂਰਪਣਖਾ (ਪੁੱਤਰੀ) ਅਤੇ ਵਿਭੀਸ਼ਣ ਪੈਦਾ ਹੋਏ। ਇਨ੍ਹਾਂ ਵਿਚੋਂ ਸਭ ਤੋਂ ਛੋਟਾ ਵਿਭੀਸ਼ਣ ਧਰਮਾਤਮਾ ਸੀ।

ਰਾਵਣ ਨੇ ਤਪਸਿਆ ਕਰ ਕੇ ਬ੍ਰਹਮਾ ਤੋਂ ਵਰ ਪ੍ਰਾਪਤ ਕੀਤਾ ਕਿ ਉਸ ਨੂੰ ਗਰੁੜ, ਨਾਗ, ਯਕ੍ਸ਼, ਦੈਂਤ, ਦਾਨਵ, ਰਾਖਸ਼ ਅਤੇ ਦੇਵਤਿਆਂ ਵਿਚੋਂ ਕੋਈ ਵੀ ਮਾਰਨ ਦੇ ਸਮਰਥ ਨਾ ਹੋਵੇ। ਰਾਵਣ ਨੂੰ ਮਨੁੱਖ ਤੋਂ ਕਿਸੇ ਤਰ੍ਹਾਂ ਦਾ ਕੋਈ ਡਰ ਨਹੀਂ ਸੀ, ਇਸ ਲਈ ਇਸ ਤੋਂ ਨਾ ਮਾਰੇ ਜਾ ਸਕਣ ਦਾ ਵਰ ਪ੍ਰਾਪਤ ਨਾ ਕੀਤਾ। ਇਸ ਵਲੋਂ ਸ਼ਿਵ ਕੋਲ ਕੀਤੇ ਰੁਦਨ ਕਰ ਕੇ ਹੀ ਸ਼ਿਵ ਨੇ ਇਸ ਦਾ ਨਾਂ 'ਰਾਵਣ' ਰਖਿਆ।

ਕੁਬੇਰ ਰਾਵਣ ਦਾ ਮਤਰੇਇਆ ਭਰਾ ਸੀ ਜਿਸ ਨੇ ਸੁਮਾਲੀ ਤੋਂ ਲੰਕਾ ਖੋਹ ਲਈ ਸੀ। ਰਾਵਣ ਨੇ ਪਹਿਲਾਂ ਕੁਬੇਰ ਨੂੰ ਲੰਕਾ ਵਿਚੋਂ ਕਢਿਆ ਅਤੇ ਉਸ ਉਤੇ ਆਪਣਾ ਰਾਜ ਕਾਇਮ ਕੀਤਾ। ਫਿਰ ਕੈਲਾਸ਼ ਉਤੇ ਚੜ੍ਹਾਈ ਕੀਤੀ ਅਤੇ ਕੁਬੇਰ ਤੋਂ ਪੁਸ਼ਪਕ ਵਿਮਾਨ ਵੀ

ਵੀ ਹਥਿਆ ਲਿਆ। ਇਕ ਵਾਰ ਸ਼ਿਕਾਰ ਖੇਡਦਾ ਹੋਇਆ ਇਹ ਇਕ ਬਨ ਵਿਚ ਪਹੁੰਚਿਆ ਜਿਥੇ ਇਸ ਦੀ ਭੇਂਟ ਦਿਤਿ ਦੇ ਪੁੱਤਰ ਮਯ ਨਾਂ ਦੇ ਦਾਨਵ ਨਾਲ ਹੋਈ। ਮਯ ਦਾਨਵ ਨੇ ਆਪਣੀ ਪੁੱਤਰੀ ਮੰਦੋਦਰੀ ਦਾ ਵਿਆਹ ਰਾਵਣ ਨਾਲ ਕਰ ਦਿੱਤਾ ਅਤੇ ਇਕ ਅਮੋਘ ਸ਼ਕਤੀ ਉਪਹਾਰ ਵਜੋਂ ਦਿੱਤੀ। ਇਸੇ ਸ਼ਕਤੀ ਦੇ ਪ੍ਰਹਾਰ ਨਾਲ ਲੱਛਮਣ ਮੂਰਛਿਤ ਹੋਇਆ ਸੀ। ਰਾਵਣ ਨੇ ਮੰਦੋਦਰੀ ਤੋਂ ਇਲਾਵਾ ਧਾਨ੍ਯਮਾਲਿਨੀ ਨਾਲ ਵੀ ਵਿਆਹ ਕੀਤਾ। ਪਰ ਉਂਜ ਇਹ ਹੋਰ ਵੀ ਬਹੁਤ ਸਾਰੀਆਂ ਦੇਵ-ਗੰਧਰਵ ਕੰਨਿਆਵਾਂ ਨੂੰ ਉਧਾਲ ਕੇ ਆਪਣੇ ਕੋਲ ਲੈ ਆਇਆ ਅਤੇ ਉਨ੍ਹਾਂ ਨਾਲ ਵੀ ਵਿਆਹ ਕੀਤੇ। ਇਸ ਦਾ ਮੰਦੋਦਰੀ ਦੀ ਕੁੱਖ ਤੋਂ ਪੈਦਾ ਹੋਇਆ ਮੇਘਨਾਦ (ਇੰਦਰਜੀਤ) ਪੁੱਤਰ ਬਹੁਤ ਬਹਾਦਰ ਅਤੇ ਤੇਜਸਵੀ ਸੀ।

ਰਾਵਣ ਦੇ ਦਸ ਸਿਰ ਅਤੇ ਵੀਹ ਭੁਜਾਵਾਂ ਸਨ। ਉੱਚੀ ਬ੍ਰਾਹਮਣ ਕੁਲ ਵਿਚੋਂ ਹੋਣ ਕਾਰਣ ਇਸ ਵਿਚ ਕਈ ਗੁਣ ਸਨ। ਇਹ ਬੜਾ ਪਰਾਕ੍ਰਮੀ, ਤੇਜਸਵੀ ਅਤੇ ਸਾਹਸੀ ਜੋਧਾ ਸੀ। ਰਣ-ਨੀਤੀ ਅਤੇ ਰਾਜਨੀਤੀ ਵਿਚ ਵੀ ਇਹ ਬਹੁਤ ਨਿਪੁਣ ਸੀ। ਇਹ ਵੇਦਾਂ ਅਤੇ ਸ਼ਾਸਤ੍ਰਾਂ ਦਾ ਵੀ ਮਹਾਨ ਗਿਆਤਾ ਸੀ। ਇਸ ਦੀ ਸਭ ਉਤੇ ਪ੍ਰਭੁਤਾ ਸਥਾਪਿਤ ਸੀ। ਪਰ ਆਪਣੀ ਸ਼ਕਤੀ ਦੇ ਨਸ਼ੇ ਵਿਚ ਇਸ ਨੇ ਹਰ ਪ੍ਰਕਾਰ ਦੇ ਸਮਾਜਿਕ ਅਤੇ ਧਾਰਮਿਕ ਨਿਯਮਾਂ ਨੂੰ ਛਿਕੇ ਤੇ ਟੰਗ ਕੇ ਅਤਿਆਚਾਰ ਕਰਨ ਦੀ ਅਤਿ ਚੁਕ ਲਈ। ਦੂਜਿਆਂ ਦੀਆਂ ਇਸਤਰੀਆਂ ਅਤੇ ਧੀਆਂ ਭੈਣਾਂ ਨੂੰ ਚੁਕ ਕੇ ਆਪਣੀ ਵਿਲਾਸੀ ਰੁਚੀ ਦੀ ਤ੍ਰਿਪਤੀ ਲਈ ਇਸ ਨੇ ਅਨੇਕ ਕੁਕਰਮ ਕੀਤੇ। ਪਰ ਸਭ ਤੋਂ ਵੱਡਾ ਕੁਕਰਮ ਇਸ ਨੇ ਗੋਦਾਵਰੀ ਕੰਢੇ ਬਣੀ ਪੰਚਵਟੀ ਤੋਂ ਸੀਤਾ ਨੂੰ ਚੁਕ ਕੇ ਕੀਤਾ। ਫਲਸਰੂਪ, ਬ੍ਰਾਹਮਣ ਹੁੰਦੇ ਹੋਇਆਂ ਵੀ ਇਹ ਰਾਖਸ਼ ਅਖਵਾਇਆ।

ਬਾਂਦਰਾਂ ਦੇ ਰਾਜੇ ਸੁਗ੍ਰੀਵ ਅਤੇ ਹਨੂਮਾਨ ਦੀ ਮੱਦਦ ਨਾਲ ਸ੍ਰੀ ਰਾਮ ਚੰਦਰ ਨੇ ਸੀਤਾ ਦੀ ਖ਼ਲਾਸੀ ਲਈ ਲੰਕਾ ਉਤੇ ਚੜ੍ਹਾਈ ਕੀਤੀ। ਕਈ ਦਿਨਾਂ ਦੇ ਯੁੱਧ ਤੋਂ ਬਾਦ ਰਾਵਣ ਅਤੇ ਉਸ ਦੇ ਸੈਨਾ ਨਾਇਕ ਮਾਰੇ ਗਏ। ਸ੍ਰੀ ਰਾਮ ਨੇ ਸੀਤਾ ਨੂੰ ਰਾਵਣ ਦੀ ਕੈਦ ਤੋਂ ਮੁਕਤ ਕਰਾਇਆ ਅਤੇ ਲੰਕਾ ਦਾ ਰਾਜ ਵਿਭੀਸ਼ਣ ਨੂੰ ਦੇ ਕੇ ਆਪ ਅਯੋਧਿਆ ਨੂੰ ਪਰਤੇ। ਰਾਵਣ ਦੇ ਮਰਨ ਨਾਲ ਹਰ ਪਾਸੇ ਸ਼ਾਂਤੀ ਕਾਇਮ ਹੋ ਗਈ; ਦੇਵਤਿਆਂ, ਰਿਸ਼ੀਆਂ ਮੁਨੀਆਂ ਅਤੇ ਮਨੁੱਖਾਂ ਨੇ ਸੁਖ ਦਾ ਸਾਹ ਲਿਆ। ਗੁਰੂ ਤੇਗ ਬਹਾਦਰ ਨੇ ਆਪਣੇ ਸ਼ਲੋਕਾਂ ਵਿਚ ਕਿਹਾ ਹੈ ਕਿ ਰਾਮ ਅਤੇ ਰਾਵਣ ਵਰਗੇ ਅਨੇਕ ਬਲਵਾਨ ਅਤੇ ਤੇਜਸਵੀ ਪੁਰਸ਼ ਇਸ ਸੰਸਾਰ ਵਿਚ ਆ ਕੇ ਚਲੇ ਗਏ ਹਨ। ਸਿਵਾਏ ਨਾਮ ਤੋਂ ਹੋਰ ਸਭ ਕੁਝ ਨਸ਼ਟ ਹੋਣ ਵਾਲਾ ਹੈ —'ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।/ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ' (ਅ. ਗ੍ਰੰ. 1428)।

ਰਿਸ਼ੀ-ਸ੍ਰਿੰਗ/ਰਿਖੀ-ਸ੍ਰਿੰਗ : ਵੇਖੋ 'ਰਿਸ਼੍ਯ-ਸ਼੍ਰਿੰਗ'।

ਰਿਸ਼੍ਯ-ਸ਼੍ਰਿੰਗ : ਸੰਸਕ੍ਰਿਤ ਦੇ 'ਰਿਸ਼੍ਯ' ਸ਼ਬਦ ਦਾ ਅਰਥ ਹੈ ਹਿਰਨ ਅਤੇ 'ਸ਼੍ਰਿੰਗ' ਦਾ ਅਰਥ ਹੈ ਸਿੰਗ; ਅਰਥਾਤ ਹਿਰਨ ਦੇ ਸਿੰਗਾਂ ਵਾਲਾ। ਇਹ ਅਸਲੋਂ ਇਕ ਪੁਰਾਤਨ ਰਿਸ਼ੀ ਦਾ ਨਾਂ ਹੈ। ਇਸ ਦੀ ਉਤਪੱਤੀ ਬਾਰੇ 'ਬਾਲਮੀਕੀ ਰਾਮਾਇਣ' (ਨੌਵਾਂ, ਦਸਵਾਂ

ਸਰਗ) ਵਿਚ ਦਸਿਆ ਗਿਆ ਹੈ ਕਿ ਕਸ਼੍ਯਪ ਗੋਤ ਦਾ ਵਿਭਾਂਡਕ ਮੁਨੀ ਇਕ ਵਾਰ ਨਦੀ ਵਿਚ ਇਸ਼ਨਾਨ ਕਰਦਿਆਂ ਉਰਵਸ਼ੀ ਨੂੰ ਵੇਖ ਕੇ ਕਾਮ ਭਾਵਨਾ ਨਾਲ ਉਤੇਜਿਤ ਹੋ ਗਿਆ। ਉਸ ਦਾ ਵੀਰਜ ਜਲ ਵਿਚ ਡਿਗ ਗਿਆ ਜਿਸ ਨੂੰ ਕਿਸੇ ਪਿਆਸੀ ਹਿਰਨੀ ਨੇ ਪਾਣੀ ਪੀਣ ਵੇਲੇ ਨਾਲ ਹੀ ਪੀ ਲਿਆ, ਉਹ ਗਰਭਵਤੀ ਹੋ ਗਈ। ਫਲਸਰੂਪ, ਰਿਸ਼੍ਯ-ਸ਼੍ਰਿੰਗ ਦਾ ਜਨਮ ਹੋਇਆ। ਇਸ ਦੇ ਸਿਰ ਉਤੇ ਹਿਰਨ ਵਰਗੇ ਸਿੰਗ ਸਨ। ਵਿਭਾਂਡਕ ਮੁਨੀ ਨੇ ਇਸ ਨੂੰ ਹੇਮਕੂਟ ਪਰਬਤ ਸਥਿਤ ਆਪਣੇ ਆਸ਼੍ਰਮ ਵਿਚ ਪਾਲਿਆ ਅਤੇ ਵੇਦ-ਸ਼ਾਸਤ੍ਰਾਂ ਦਾ ਅਧਿਐਨ ਕਰਾਇਆ। ਪਰ ਮ੍ਰਿਗ ਜੂਨ ਵਾਲਾ ਹੋਣ ਕਾਰਣ ਇਹ ਬਹੁਤ ਡਰਪੋਕ ਸੀ ਅਤੇ ਆਪਣੇ ਆਸ਼੍ਰਮ ਤੋਂ ਬਾਹਰ ਨਹੀਂ ਨਿਕਲਦਾ ਸੀ। ਇਸ ਲਈ ਇਸ ਨੂੰ ਬਾਹਰਲਾ ਕੁਝ ਗਿਆਨ ਨਹੀਂ ਸੀ।

ਇਕ ਵਾਰ ਅੰਗ ਦੇਸ਼ ਵਿਚ ਵਰਸ਼ਾ ਨਾ ਹੋਣ ਕਾਰਣ ਰਾਜਾ ਰੋਮ-ਪਾਦ ਜਾਂ ਲੋਮ-ਪਾਦ ਨੇ ਬ੍ਰਾਹਮਣਾਂ ਨੂੰ ਵਰਸ਼ਾ ਕਰਾਉਣ ਦਾ ਉਪਾ ਪੁਛਿਆ। ਉਨ੍ਹਾਂ ਨੇ ਰਿਸ਼੍ਯ-ਸ਼੍ਰਿੰਗ ਦੇ ਰਾਜ ਵਿਚ ਪਧਾਰਨ ਨਾਲ ਵਰਸ਼ਾ ਦੀ ਸੰਭਾਵਨਾ ਦਸੀ। ਰਾਜੇ ਨੇ ਆਪਣੀਆਂ ਵੇਸਵਾਵਾਂ ਨੂੰ ਭੇਜ ਕੇ ਰਿਸ਼੍ਯ-ਸ਼੍ਰਿੰਗ ਨੂੰ ਜਲ ਮਾਰਗ ਰਾਹੀਂ ਰਾਜ ਵਿਚ ਲਿਆਉਣ ਦਾ ਕੰਮ ਸੌਂਪਿਆ। ਵੇਸਵਾਵਾਂ ਆਕਰਸ਼ਿਤ ਕਰਕੇ ਜਿਵੇਂ ਕਿਵੇਂ ਰਿਸ਼ੀ ਨੂੰ ਲੈ ਆਈਆਂ। ਆਉਣ ਨਾਲ ਖ਼ੂਬ ਵਰਸ਼ਾ ਹੋਈ। ਰਾਜੇ ਨੇ ਆਪਣੀ ਗੋਦ ਲਈ ਪੁੱਤਰੀ ਸ਼ਾਂਤਾ ਦਾ ਵਿਆਹ ਇਸ ਨਾਲ ਕਰ ਦਿੱਤਾ।

'ਮਹਾਭਾਰਤ' (ਵਨ-ਪਰਵ/110-113) ਅਨੁਸਾਰ ਮੁਨੀ ਵਿਭਾਂਡਕ ਆਪਣੇ ਪੁੱਤਰ ਦੀ ਤਲਾਸ਼ ਵਿਚ ਇਧਰ-ਉਧਰ ਭਟਕਦਾ ਹੋਇਆ ਆਖ਼ਰ ਰਾਜਾ ਲੋਮ-ਪਾਦ ਕੋਲ ਗਿਆ ਅਤੇ ਰਿਸ਼੍ਯ-ਸ਼੍ਰਿੰਗ ਨੂੰ ਇੰਦਰੀਆਂ ਦੇ ਸੰਜਮ ਦਾ ਉਪਦੇਸ਼ ਦੇ ਕੇ ਵਾਪਸ ਹੇਮਕੂਟ ਲੈ ਆਇਆ।

ਕਾਲਾਂਤਰ ਵਿਚ ਰਾਜਾ ਲੋਮ-ਪਾਦ ਦੀ ਸਹਾਇਤਾ ਨਾਲ ਰਾਜਾ ਦਸ਼ਰਥ ਨੇ ਰਿਸ਼੍ਯ-ਸ਼੍ਰਿੰਗ ਨਾਲ ਸੰਪਰਕ ਕਾਇਮ ਕੀਤਾ ਕਿਉਂਕਿ ਲੋਮ-ਪਾਦ ਦੀ ਗੋਦ ਲਈ ਪੁੱਤਰੀ ਸ਼ਾਂਤਾ, ਅਸਲ ਵਿਚ, ਦਸ਼ਰਥ ਦੀ ਆਪਣੀ ਪੁੱਤਰੀ ਸੀ। ਫਿਰ ਰਿਸ਼੍ਯ-ਸ਼੍ਰਿੰਗ ਤੋਂ ਦਸ਼ਰਥ ਨੇ ਪੁੱਤਰ ਕਾਮਨਾ ਦੀ ਪੂਰਤੀ ਲਈ ਯੱਗ ਕਰਾਇਆ। ਸਿੱਟੇ ਵਜੋਂ ਰਾਮ, ਲੱਛਮਣ, ਸ਼ਤ੍ਰੁਘਨ ਅਤੇ ਭਰਤ ਨਾਂ ਦੇ ਚਾਰ ਪੁੱਤਰ ਪੈਦਾ ਹੋਏ। ਇਸ ਦੇ ਨਾਂ ਨਾਲ ਸੰਬੰਧਿਤ ਕੁਝ ਗ੍ਰੰਥ ਵੀ ਮਿਲਜਾਂਦੇ ਹਨ, ਜਿਵੇਂ 'ਰਿਸ਼੍ਯ ਸ਼੍ਰਿੰਗ ਸੰਹਿਤਾ', 'ਰਿਸ਼੍ਯ ਸ਼੍ਰਿੰਗ ਸਮ੍ਰਿਤੀ' ਆਦਿ।

'ਦਸਮ-ਗ੍ਰੰਥ' ਦੇ 'ਪਾਰਸ ਨਾਥ ਅਵਤਾਰ', ਪ੍ਰਸੰਗ ਵਿਚ ਪਰਮਾਤਮਾ ਦਾ ਅੰਤ ਨਾ ਪਾ ਸਕਣ ਵਾਲੇ ਰਿਸ਼ੀਆਂ, ਮੁਨੀਆਂ, ਦੇਵਤਿਆਂ ਵਿਚ ਰਿਸ਼੍ਯ-ਸ਼੍ਰਿੰਗ ਦਾ ਨਾਂ ਵੀ ਗਿਣਾਇਆ ਗਿਆ ਹੈ—'ਬਿਆਸ ਪਰਾਸਰ ਅਉ ਰਿਖਿ ਘਨੇ।/ ਸ੍ਰਿੰਗੀ ਰਿਖਿ ਬਕਦਾਲਭ ਭਨੇ।/ ਸਹੰਸ ਮੁਖਨ ਕਾ ਬ੍ਰਹਮਾ ਦੇਖਾ।/ ਤਊ ਨ ਤੁਮਰਾ ਅੰਤੁ ਬਿਸੇਖਾ।338।

ਰਿਗਵੇਦ : ਵੇਖ 'ਵੇਦ'।

ਰੁਸਤਮ : ਈਸਾ ਪੂਰਵ ਨੌਵੀਂ ਸਦੀ ਵਿਚ ਹੋਇਆ ਫ਼ਾਰਸ (ਈਰਾਨ) ਦਾ ਇਕ ਵਿਸ਼ਵ ਪ੍ਰਸਿੱਧ ਪਹਿਲਵਾਨ ਜੋ ਜ਼ਾਲ ਦਾ ਪੁੱਤਰ ਅਤੇ ਸਾਮ ਦਾ ਪੋਤਰਾ ਸੀ । ਈਰਾਨ ਦੇ ਬਾਦਸ਼ਾਹ ਨੇ ਇਸ ਨੂੰ ਜ਼ਾਬੁਲਿਸਤਾਨ ਦੇ ਪ੍ਰਸ਼ਾਸਨ ਦਾ ਕਾਰਜ ਭਾਰ ਸੌਂਪਿਆ ਹੋਇਆ ਸੀ । ਇਸ ਦਾ ਵਿਆਹ ਸਮੰਗਾਂ ਦੇ ਬਾਦਸ਼ਾਹ ਦੀ ਪੁੱਤਰੀ ਤਹਿਮੀਨਾ ਨਾਲ ਹੋਇਆ ਸੀ । ਇਸ ਦੇ ਜਨਮ ਵੇਲੇ ਇਸ ਦੀ ਮਾਂ ਨੂੰ ਇਤਨੀ ਤੀਬਰ ਪ੍ਰਸੂਤ ਪੀੜਾ ਹੋਈ ਕਿ ਬੱਚਣ ਦੀ ਆਸ ਵੀ ਨਾ ਰਹੀ । ਪਰ ਜਦ ਬੜੀ ਮੁਸ਼ਕਲ ਨਾਲ ਰੁਸਤਮ ਪੈਦਾ ਹੋਇਆ ਤਾਂ ਮਾਂ ਨੇ ਇਸ ਨੂੰ ਰੁਸਤਮ (ਭਾਵ--ਬਹੁਤ ਤੀਬਰ ਦਰਦ ਤੋਂ ਖ਼ਲਾਸ ਹੋਣਾ) ਕਿਹਾ । ਬਾਦ ਵਿਚ ਇਸੇ ਨਾਂ ਨਾਲ ਇਹ ਪ੍ਰਸਿੱਧ ਹੋਇਆ ।

ਇਕ ਵਾਰ ਜੰਗ ਨੂੰ ਜਾਂਦਿਆਂ ਇਸ ਨੇ ਆਪਣੀ ਗਰਭਵਤੀ ਪਤਨੀ ਨੂੰ ਬਾਂਹ ਤੋਂ ਉਤਾਰ ਕੇ ਇਕ ਮੁਹਰਾ ਦਿੱਤਾ ਅਤੇ ਕਿਹਾ ਜੋ ਲੜਕਾ ਪੈਦਾ ਹੋਵੇ ਤਾਂ ਇਹ ਮੁਹਰਾ ਉਸ ਦੇ ਡੌਲੇ ਨਾਲ ਬੰਨ੍ਹ ਦਿੱਤਾ ਜਾਏ । ਕਾਲਾਂਤਰ ਵਿਚ ਤਹਿਮੀਨਾ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਂ 'ਸੁਹਰਾਬ' ਰਖਿਆ । ਦੁਸ਼ਮਣਾਂ ਤੋਂ ਸੁਹਰਾਬ ਦਾ ਜਨਮ ਚੋਰੀ ਰਖਣ ਲਈ ਤਹਿਮੀਨਾ ਨੇ ਰੁਸਤਮ ਨੂੰ ਸੁਨੇਹਾ ਭੇਜਿਆ ਕਿ ਲੜਕੀ ਪੈਦਾ ਹੋਈ ਹੈ । ਇਹ ਖ਼ਬਰ ਸੁਣ ਕੇ ਰੁਸਤਮ ਬਹੁਤ ਨਿਰਾਸ਼ ਹੋਇਆ ਅਤੇ ਮੁੜ ਕੇ ਘਰ ਨਾ ਆਇਆ ।

ਸਮੇਂ ਦੇ ਬੀਤਣ ਨਾਲ ਸੁਹਰਾਬ ਜਵਾਨ ਹੋ ਗਿਆ । ਉਸ ਦੀ ਬਹਾਦਰੀ ਦੀਆਂ ਧੁੰਮਾਂ ਪੈ ਗਈਆਂ । ਵੱਡੇ-ਵੱਡੇ ਬਹਾਦਰ ਪਹਿਲਵਾਨ ਉਸ ਤੋਂ ਡਰਨ ਲਗ ਗਏ । ਉਸ ਨੇ ਈਰਾਨ ਉਤੇ ਹਮਲਾ ਕਰ ਕੇ ਉਥੋਂ ਦੀ ਬਾਦਸ਼ਾਹੀ ਉਤੇ ਆਪਣੇ ਪਿਤਾ ਨੂੰ ਬਿਠਾਉਣ ਦੀ ਆਗਿਆ ਆਪਣੀ ਮਾਤਾ ਤੋਂ ਲਈ । ਈਰਾਨ ਦੇ ਬਾਦਸ਼ਾਹ ਕਾਊਸ ਨੇ ਸੁਹਰਾਬ ਦਾ ਮੁਕਾਬਲਾ ਕਰਨ ਲਈ ਰੁਸਤਮ ਨੂੰ ਭੇਜਿਆ । ਦੋ ਦਿਨ ਖ਼ੂਬ ਯੁੱਧ ਹੋਇਆ । ਅੰਤ ਵਿਚ ਰੁਸਤਮ ਨੇ ਸੁਹਰਾਬ ਨੂੰ ਮਾਰ ਦਿੱਤਾ । ਉਸ ਦੇ ਮਰਨ ਤੋਂ ਬਾਦ ਮੁਹਰੇ ਨੂੰ ਪਛਾਣਨ 'ਤੇ ਰੁਸਤਮ ਬਹੁਤ ਪਛਤਾਇਆ, ਪਰ ਵਕਤ ਬੀਤ ਚੁਕਿਆ ਸੀ ।

ਰੁਸਤਮ ਦੀ ਬਹਾਦਰੀ ਸਾਰੇ ਵਿਸ਼ਵ ਵਿਚ ਇਕ ਮਿਸਾਲ ਹੈ । ਆਮ ਤੌਰ 'ਤੇ ਪ੍ਰਮੁਖ ਪਹਿਲਵਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਉਪਾਧੀਆਂ ਵਿਚ 'ਰੁਸਤਮ' ਨਾਂ ਦੀ ਵਰਤੋਂ ਕੀਤੀ ਜਾਂਦੀ ਹੈ । ਬਾਵਾ ਬਲਵੰਤ ਨੇ 'ਟ੍ਰਾਟਸਕੀ' ਨਾਂ ਦੀ ਕਵਿਤਾ ਵਿਚ ਇਸ ਦਾ ਹਵਾਲਾ ਦਿੱਤਾ ਹੈ—'ਮਹਾਂਬੀਰ ਰੁਸਤਮ ਤੇਰੇ ਸਾਹਮਣੇ ਕੀ ? ਸਿਕੰਦਰ ਤੇ ਨੈਪੋਲੀਅਨ ਵੀ ਨੇ ਮਿੱਟੀ ।' ਬਹਾਦਰ ਜਾਂ ਸੂਰਮੇ ਲਈ 'ਰੁਸਤਮ-ਦਸਤ' ਸ਼ਬਦ ਵਰਤਿਆ ਜਾਂਦਾ ਹੈ । ਮੀਆਂ ਮੁਹੰਮਦ ਬਖ਼ਸ਼ ਨੇ 'ਸੈਫ਼ੁਲ ਮਲੂਕ' ਵਿਚ ਇਸ ਵਲ ਸੰਕੇਤ ਕੀਤਾ ਹੈ—'ਰੁਸਤਮ ਦਸਤ ਨਿਸ਼ਾਨੇ ਮਾਰਨ, ਕਰ ਕਰ ਤੀਰ ਅੰਦਾਜ਼ੀ ।'

ਰੁਕਮਣ/ਰੁਕਮੀ : ਸ੍ਰੀ ਕ੍ਰਿਸ਼ਣ ਦਾ ਸਾਲਾ ਅਤੇ ਰੁਕਮਣੀ ਦਾ ਭਰਾ । ਵੇਖੋ 'ਰੁਕਮਣੀ/ ਰੁਕਮਿਣੀ' ।

ਰੁਕਮਣੀ/ਰੁਕਮਿਣੀ : ਸ੍ਰੀ ਕ੍ਰਿਸ਼ਣ ਦੀ ਪਟਰਾਣੀ ਜੋ ਵਿਦਰਭ ਦੇਸ਼ ਦੇ ਰਾਜਾ ਭੀਸ਼ਮਕ

ਦੀ ਪੁੱਤਰੀ ਸੀ । 'ਭਾਗਵਤ ਪੁਰਾਣ' (ਸਕੰਧ 10) ਅਤੇ 'ਹਰਿਵੰਸ਼ ਪੁਰਾਣ' ਅਨੁਸਾਰ ਸ੍ਰੀ ਕ੍ਰਿਸ਼ਣ ਦੇ ਗੁਣਾਂ ਨੂੰ ਸੁਣ ਕੇ ਇਹ ਉਨ੍ਹਾਂ ਉਤੇ ਮੋਹਿਤ ਹੋ ਗਈ ਅਤੇ ਉਨ੍ਹਾਂ ਨੂੰ ਪਤੀ ਰੂਪ ਵਿਚ ਗ੍ਰਹਿਣ ਕਰਨ ਦਾ ਮਨ ਬਣਾ ਬੈਠੀ । ਪਰ ਰੁਕਮਿਣੀ ਦਾ ਭਰਾ ਰੁਕਮੀ ਇਸ ਵਿਆਹ ਦੇ ਵਿਰੁੱਧ ਸੀ ਕਿਉਂਕਿ ਉਹ ਕੰਸ ਦਾ ਮਿੱਤਰ ਹੋਣ ਕਾਰਣ ਕ੍ਰਿਸ਼ਣ ਨੂੰ ਵੈਰੀ ਸਮਝਦਾ ਸੀ । ਉਸ ਨੇ ਰੁਕਮਿਣੀ ਦੀ ਮੰਗਣੀ ਚੇਦੀ ਦੇ ਰਾਜਾ ਸ਼ਿਸ਼ੁਪਾਲ ਨਾਲ ਕਰ ਦਿੱਤੀ ।

ਰੁਕਮਿਣੀ ਨੇ ਵਿਆਹ ਤੋਂ ਦੋ ਦਿਨ ਪਹਿਲਾਂ ਸ੍ਰੀ ਕ੍ਰਿਸ਼ਣ ਨੂੰ ਸੁਨੇਹਾ ਭੇਜਿਆ ਕਿ ਵਿਆਹ ਤੋਂ ਇਕ ਦਿਨ ਪਹਿਲਾਂ ਜਦੋਂ ਉਹ ਗਿਰਿਜਾ ਦੇ ਮੰਦਿਰ ਵਿਚ ਪੂਜਾ ਲਈ ਲਿਜਾਈ ਜਾ ਰਹੀ ਹੋਵੇ, ਤਾਂ ਉਦੋਂ ਸ੍ਰੀ ਕ੍ਰਿਸ਼ਣ ਉਸ ਨੂੰ ਚੁਕ ਲੈ ਜਾਣ । ਇਸ ਤਰ੍ਹਾਂ ਖ਼ੂਨ-ਖ਼ਰਾਬਾ ਹੋਣੋਂ ਬਚ ਜਾਏਗਾ । ਕ੍ਰਿਸ਼ਣ ਸੁਨੇਹਾ ਲਿਆਉਣ ਵਾਲੇ ਬ੍ਰਾਹਮਣ ਦੇ ਸੰਗ ਵਿਦਰਭ ਦੀ ਰਾਜਧਾਨੀ ਕੌਂਡਿਨ-ਪੁਰ ਪਹੁੰਚੇ । ਮੰਦਿਰ ਤੋਂ ਰੁਕਮਿਣੀ ਨੂੰ ਚੁਕ ਕੇ ਰਥ ਉਤੇ ਬਿਠਾਇਆ ਅਤੇ ਖਿਸਕ ਤੁਰੇ । ਸ਼ਿਸ਼ੁਪਾਲ, ਰੁਕਮੀ ਆਦਿ ਯੋਧਿਆਂ ਨੇ ਪਿਛਾ ਕੀਤਾ ਪਰ ਕ੍ਰਿਸ਼ਣ ਨੇ ਸਭ ਨੂੰ ਮਾਰ ਕੇ ਭਜਾ ਦਿੱਤਾ ਅਤੇ ਤੀਰ ਲਗਣ ਨਾਲ ਮੂਰਛਿਤ ਹੋਏ ਰੁਕਮਣੀ ਦਾ ਸਿਰ-ਮੂੰਹ ਮੁਨ ਕੇ ਛਡ ਦਿੱਤਾ । ਰੁਕਮੀ ਪ੍ਰਤਿਗਿਆ ਕਰਕੇ ਚਲਿਆ ਸੀ ਕਿ ਜੇ ਉਹ ਕ੍ਰਿਸ਼ਣ ਨੂੰ ਨਾ ਜਿੱਤ ਸਕਿਆ ਤਾਂ ਘਰ ਨਹੀਂ ਪਰਤੇਗਾ । ਸੋ, ਉਸ ਨੇ ਕੌਂਡਿਨਪੁਰ ਵਲ ਨਾ ਪਰਤ ਕੇ ਆਪਣਾ ਵੱਖਰਾ ਨਗਰ 'ਭੋਜਕਟਪੁਰ' ਕਾਇਮ ਕੀਤਾ । ਅੰਤ ਵਿਚ ਇਹ ਬਲਰਾਮ ਹੱਥੋਂ ਮਾਰਿਆ ਗਿਆ ।

ਰੁਕਮਿਣੀ ਨੂੰ ਦ੍ਵਾਰਿਕਾ ਲੈ ਜਾ ਕੇ ਕ੍ਰਿਸ਼ਣ ਨੇ ਉਸ ਨਾਲ ਵਿਆਹ ਕੀਤਾ । ਰੁਕਮਿਣੀ ਦੀ ਕੁੱਖੋਂ 'ਚਾਰੁਮਤੀ' ਨਾਂ ਦੀ ਇਕ ਲੜਕੀ ਅਤੇ ਦਸ ਲੜਕੇ ਪੈਦਾ ਹੋਏ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਪ੍ਰਦ੍ਯੁਮਨ, ਚਾਰਦੇਸ੍ਣ, ਸੁਦੇਸ੍ਣ, ਚਾਰੁਦੇਹ, ਸੁਸ਼ੇਨ, ਚਾਰੁਗੁਪ੍ਤ, ਭਦ੍ਰਚਾਰੁ, ਚਾਰੁਵਿੰਦ, ਸੁਚਾਰੁ ਅਤੇ ਚਾਰੁ । ਕ੍ਰਿਸ਼ਣ ਦੀ ਮ੍ਰਿਤ੍ਯੂ ਵੇਲੇ ਰੁਕਮਿਣੀ ਅਤੇ ਸੱਤ ਹੋਰ ਰਾਣੀਆਂ ਕ੍ਰਿਸ਼ਣ ਨਾਲ ਸਤੀ ਹੋਈਆਂ । ਸ਼ਿਵ ਕੁਮਾਰ ਬਟਾਲਵੀ ਨੇ ਰੁਕਮਿਣੀ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਮੁਹੱਬਤ ਰੁਕਮਣੀ, ਨਾ ਦਾਮਨੀ ਹੈ,/ ਨਾ ਪਦਮਾਂ, ਹਸਤਨੀ, ਨਾ ਕਾਮਨੀ ਹੈ,/ਮੁਹੱਬਤ ਨਾਂ ਗ਼ਮਾਂ ਦੀ ਰਾਸ ਦਾ ਹੈ ।'

ਰੁਕਮਾਂਗਦ : ਇਕ ਧਰਮਾਤਮਾ ਰਾਜਾ ਜੋ ਮਨ ਦੀ ਸਥਿਰਤਾ ਕਰ ਕੇ ਬਹੁਤ ਪ੍ਰਸਿੱਧ ਹੈ । ਇਸ ਦਾ ਵਿਆਹ ਮੋਹਨੀ ਨਾਲ ਹੋਇਆ ਸੀ ਜਿਸ ਨੇ ਧਰਮਾਂਗਦ ਨੂੰ ਜਨਮ ਦਿੱਤਾ । 'ਨਾਰਦ-ਪੁਰਾਣ' (ਉੱਤਰਾਰਧ) ਅਨੁਸਾਰ ਰੁਕਮਾਂਗਦ ਬਾਗ਼-ਬਗ਼ੀਚੇ ਲਗਵਾਉਣ ਦਾ ਬਹੁਤ ਸ਼ੌਕੀਨ ਸੀ । ਇਸ ਦੇ ਬਾਗ਼ ਵਿਚ ਹਰ ਕਿਸਮ ਦੇ ਫੁਲ ਬਹੁਤਾਤ ਵਿਚ ਮਿਲਦੇ ਸਨ । ਕਈ ਪੱਖਾਂ ਤੋਂ ਇੰਦਰ ਦਾ ਬਾਗ਼ ਵੀ ਇਸ ਦੇ ਸਾਹਮਣੇ ਹੇਚ ਸੀ । ਇਸ ਲਈ ਇੰਦਰ ਦੇ ਦਰਬਾਰ ਨੂੰ ਸਜਾਉਣ ਲਈ ਅਪੱਛਰਾਵਾਂ ਰਾਤ ਵੇਲੇ ਲੁਕ ਛਿਪ ਕੇ ਇਸ ਬਾਗ਼ ਵਿਚੋਂ ਫੁਲ ਤੋੜ ਲੈ ਜਾਂਦੀਆਂ ਸਨ । ਇਕ ਵਾਰ ਇਕ ਅਪੱਛਰਾ ਨੂੰ ਰਾਤ ਵੇਲੇ ਫੁਲ ਤੋੜਦਿਆਂ ਕੰਡਾ ਚੁਭ ਗਿਆ ਅਤੇ ਉਹ ਉਡਣੋਂ ਅਸਮਰਥ ਹੋ ਗਈ । ਬਾਗ਼ ਦੇ

ਮਾਲੀਆਂ ਨੇ ਰਾਜੇ ਨੂੰ ਸੂਚਿਤ ਕੀਤਾ। ਰਾਜੇ ਨੇ ਆ ਕੇ ਸਾਰੀ ਗੱਲ ਪੁਛੀ ਅਤੇ ਅਪੱਛਰਾ ਨੂੰ ਵਾਪਸ ਚਲੇ ਜਾਣ ਲਈ ਕਿਹਾ। ਉਸ ਨੇ ਦਸਿਆ ਕਿ ਏਕਾਦਸ਼ੀ ਬ੍ਰਤ ਦਾ ਫਲ ਜੇ ਕੋਈ ਵਿਅਕਤੀ ਉਸ ਨਿਮਿਤ ਪ੍ਰਦਾਨ ਕਰੇ ਤਾਂ ਹੀ ਉਹ ਉਡ ਸਕੇਗੀ। ਰਾਜੇ ਨੇ ਇਕ ਦਾਸੀ ਤੋਂ ਏਕਾਦਸ਼ੀ ਦੇ ਬ੍ਰਤ ਦਾ ਫਲ ਅਪੱਛਰਾ ਨੂੰ ਦਿਵਾਇਆ ਅਤੇ ਉਹ ਵਿਦਾ ਹੋਈ।

ਕਹਿੰਦੇ ਹਨ ਕਿ ਉਸ ਅਪੱਛਰਾ ਦੀ ਰੂਪ-ਸੁੰਦਰਤਾ ਨੂੰ ਵੇਖ ਕੇ ਉਥੇ ਮੌਜੂਦ ਸਾਰੇ ਦਰਸ਼ਕ ਕਾਮ ਭਾਵ ਨਾਲ ਵਿਚਲਿਤ ਹੋ ਗਏ, ਪਰ ਰਾਜੇ ਨੇ ਆਪਣੇ-ਆਪ 'ਤੇ ਪੂਰਾ ਸੰਜਮ ਰਖਿਆ ਅਤੇ ਕਰਤੱਵ-ਧਰਮ ਤੋਂ ਜ਼ਰਾ ਨਾ ਡੋਲਿਆ। ਭੱਟ ਕਵੀ ਜਲ੍ਹ ਨੇ ਗੁਰੂ ਅਮਰਦਾਸ ਦੀ ਉਸਤਤ ਵਿਚ ਲਿਖੇ ਸਵੱਯੇ ਵਿਚ ਇਸ ਦਾ ਹਵਾਲਾ ਦਿੱਤਾ ਹੈ— 'ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ।/ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ' (ਅ. ਗ੍ਰੰ. 1394)।

ਰੁਦ੍ਰ : ਇਕ ਦੇਵਤਾ ਜਿਸ ਦਾ ਉੱਲੇਖ 'ਰਿਗ-ਵੇਦ' ਦੇ ਤਿੰਨ ਸੂਕਤਾਂ ਵਿਚ ਮਿਲਦਾ ਹੈ। ਇਸ ਦੇ ਨਾਂ ਦੀ ਵਿਉਤਪੱਤੀ ਸੰਬੰਧੀ ਕਈ ਮਤ ਪ੍ਰਚਲਿਤ ਹਨ। ਕਿਸੇ ਨੇ ਇਸ ਨੂੰ ਰੋਣ ਜਾਂ ਚਿਲਾਉਣ ਵਾਲਾ ਕਿਹਾ ਹੈ, ਤਾਂ ਕਿਸੇ ਨੇ ਚਮਕਣ ਵਾਲਾ ਜਾਂ ਭਿਆਨਕ ਕਿਹਾ ਹੈ। ਅਸਲ ਵਿਚ, ਰੁਦ੍ਰ ਪ੍ਰਕ੍ਰਿਤੀ ਦੀ ਉਸ ਸ਼ਕਤੀ ਦਾ ਪ੍ਰਤੀਕ ਹੈ ਜਿਸ ਨਾਲ ਬਦਲਾਂ ਦੀ ਗੜਗੜਾਹਟ ਹੁੰਦੀ ਹੈ ਅਤੇ ਝਖੜ ਆਉਂਦੇ ਹਨ। ਪਰ ਇਥੇ ਧਿਆਨ ਦੇਣ ਦੀ ਗੱਲ ਇਹ ਹੈ ਕਿ ਰੁਦ੍ਰ ਨਿਰਾ-ਪੁਰਾ ਭਿਆਨਕ ਨਹੀਂ, ਇਹ ਸ਼ਾਂਤ ਵੀ ਹੈ। ਇਸ ਬਾਰੇ ਵੇਦਾਂ ਵਿਚ ਸੰਕੇਤ ਮਿਲਦਾ ਹੈ। ਸਪੱਸ਼ਟ ਹੈ ਕਿ, ਰੁਦ੍ਰ ਦੇ ਸ਼ਿਵ ਰੂਪ ਦੀ ਕਲਪਨਾ ਦੇ ਬੀਜ ਵੈਦਿਕ ਸਾਹਿੱਤ ਤੋਂ ਹੀ ਮਿਲ ਜਾਂਦੇ ਹਨ। ਪੁਰਾਣਾਂ ਵਿਚ 'ਸ਼ਿਵ' ਰੂਪ ਦੀ ਮਹਾਨਤਾ ਇਤਨੀ ਵੱਧੀ ਕਿ ਇਸ ਦਾ ਰੁਦ੍ਰ ਰੂਪ ਪਿਛੇ ਪੈ ਗਿਆ।

'ਵਿਸ਼ਣੂ-ਪੁਰਾਣ' ਵਿਚ ਇਸ ਦਾ ਜਨਮ ਬ੍ਰਹਮਾ ਦੇ ਮੱਥੇ ਵਿਚੋਂ ਹੋਇਆ। ਜੰਮਦਿਆਂ ਹੀ ਰੋਣ ਲਗ ਜਾਣ ਕਾਰਣ ਇਸ ਦਾ ਨਾਂ 'ਰੁਦ੍ਰ' ਰਖਿਆ ਗਿਆ। ਇਸ ਨੂੰ ਰੁਦ੍ਰਾਂ ਅਤੇ ਮਰੁਤਾਂ ਦਾ ਪਿਤਾ ਮੰਨਿਆ ਜਾਂਦਾ ਹੈ। ਰੁਦ੍ਰਾਂ ਅਤੇ ਮਰੁਤਾਂ ਵਿਚ ਕਈ ਪ੍ਰਕਾਰ ਦੀਆਂ ਸਾਂਝਾਂ ਹਨ। ਪੁਰਾਣਾਂ ਵਿਚ ਰੁਦ੍ਰਾਂ ਦੀ ਗਿਣਤੀ ਯਾਰ੍ਹਾਂ ਮੰਨੀ ਗਈ ਹੈ। 'ਸ਼ਿਵ-ਪੁਰਾਣ' ਵਿਚ ਲਿਖਿਆ ਹੈ ਕਿ ਦੈਂਤਾਂ ਦੇ ਸਾਹਮਣੇ ਦੇਵਤੇ ਟਿਕ ਨਹੀਂ ਸਕਦੇ ਸਨ। ਮਜਬੂਰ ਹੋ ਕੇ ਉਹ ਆਪਣੇ ਪਿਤਾ ਕਸ਼੍ਯਪ ਕੋਲ ਗਏ। ਕਸ਼੍ਯਪ ਨੇ ਸ਼ਿਵ ਦੀ ਉਪਾਸਨਾ ਕਰਕੇ ਉਸ ਤੋਂ ਵਰਦਾਨ ਪ੍ਰਾਪਤ ਕੀਤਾ ਕਿ ਸ਼ਿਵ ਉਸ ਦੀ ਪਤਨੀ ਵਸੁਧਾ ਦੀ ਕੁੱਖੋਂ ਪੈਦਾ ਹੋ ਕੇ ਦੈਂਤਾਂ ਨੂੰ ਸਬਕ ਸਿਖਾਉਣਗੇ। ਕਾਲਾਂਤਰ ਵਿਚ ਸ਼ਿਵ ਯਾਰ੍ਹਾਂ ਰੁਦ੍ਰਾਂ ਦੇ ਰੂਪ ਵਿਚ ਵਸੁਧਾ ਦੇ ਗਰਭ ਤੋਂ ਪੈਦਾ ਹੋਇਆ। ਉਨ੍ਹਾਂ ਰੁਦ੍ਰਾਂ ਦੇ ਨਾਂ ਇਸ ਪ੍ਰਕਾਰ ਹਨ—ਕਪਾਲੀ, ਪਿੰਗਲ, ਭੀਮ, ਵਿਲੋਹਿਤ, ਸ਼ਸਤ੍ਰਭ੍ਰਿਤ, ਅਭਯ, ਅਜਪਾਦ, ਅਹਿਬੁਘਨ੍ਯ, ਸ਼ੰਭੂ, ਭਵ ਅਤੇ ਵਿਰੂਪਾਕ੍ਸ਼। ਪਰ ਪੁਰਾਣਾਂ ਵਿਚ ਯਾਰ੍ਹਾਂ ਰੁਦ੍ਰਾਂ ਦੇ ਨਾਵਾਂ ਵਿਚ ਸਮਾਨਤਾ ਨਹੀਂ ਹੈ।

ਮੱਧ-ਯੁਗ ਦੇ ਸੰਤਾਂ ਨੇ ਆਪਣੀਆਂ ਬਾਣੀਆਂ ਵਿਚ ਰੁਦ੍ਰ ਆਦਿ ਦੇਵਤਿਆਂ ਨੂੰ

ਕੋਈ ਮਹੱਤਵ ਨਹੀਂ ਦਿੱਤਾ। ਇਸੇ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਨੇ ਰੁਦ੍ਰ ਦਾ ਹਵਾਲਾ ਦਿੱਤਾ ਹੈ—'ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ ।/ਹਰਿਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ' (ਅ. ਗ੍ਰੰ. 1153)।

ਰੂਸੋ (Jean Jacqus Rousseau) : ਜਨੇਵਾ ਨਿਵਾਸੀ ਇਕ ਚਿੰਤਕ ਜਿਸ ਦਾ ਜਨਮ ਸੰਨ 1712 ਈ. ਵਿਚ ਹੋਇਆ ਅਤੇ ਜਿਸ ਦੀ ਵਿਚਾਰਧਾਰਾ ਨੇ ਕਈ ਦਹਾਕੇ ਯੋਰੁਪ ਅਤੇ ਖਾਸ ਕਰਕੇ ਫਰਾਂਸ ਦੇ ਚਿੰਤਕਾਂ ਉਤੇ ਆਪਣਾ ਪ੍ਰਭਾਵ ਰਖਿਆ। ਸੰਨ 1778 ਈ. ਵਿਚ ਦੇਹਾਂਤ ਵੇਲੇ ਤਕ ਇਸ ਦੀ ਸੋਚ ਦੀ ਧਾਕ ਅਜਿਹੀ ਜੰਮ ਚੁੱਕੀ ਸੀ ਕਿ ਇਸ ਨਾਲ ਸਹਿਮਤ ਨਾ ਹੁੰਦੇ ਹੋਏ ਵੀ ਬਹੁਤੇ ਚਿੰਤਕ ਇਸ ਦਾ ਵਿਰੋਧ ਨਹੀਂ ਕਰਦੇ ਸਨ।

ਪੱਛਮ ਦੇ ਯੁਗ-ਪ੍ਰਵਰਤਕ ਦਾਰਸ਼ਨਿਕਾਂ ਅਤੇ ਚਿੰਤਕਾਂ ਵਿਚ ਗਿਣੇ ਜਾਣ ਵਾਲੇ ਰੂਸੋ ਦੀ ਵਿਚਾਰਧਾਰਾ ਵਾਦ-ਵਿਵਾਦ ਦਾ ਵਿਸ਼ਾ ਰਹੀ ਹੈ। ਇਸ ਨੇ ਸਥਾਪਿਤ ਯੁਗੀਨ ਮਾਨਤਾਵਾਂ ਨੂੰ ਸਵੀਕਾਰ ਨਾ ਕਰ ਕੇ ਆਪਣੀਆਂ ਨਵੀਆਂ ਕੀਮਤਾਂ ਦੀ ਸਥਾਪਨਾ ਕੀਤੀ ਅਤੇ ਬੌਧਿਕ ਯੁਗ ਵਿਚ ਹੁੰਦੇ ਹੋਇਆਂ ਵੀ ਬੁੱਧੀ ਦਾ ਵਿਰੋਧ ਅਥਵਾ ਨਿੰਦਾ ਕੀਤੀ। ਇਸ ਦੇ ਉਲਟ ਇਸ ਨੇ ਸਹਿਜ ਮਨੁੱਖੀ ਭਾਵਨਾਵਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਅਤੇ ਸਮਾਜਿਕ ਸਮਝੌਤੇ (ਸੋਸ਼ਲ ਕੰਟ੍ਰੈਕਟ) ਦੇ ਸਿੱਧਾਂਤ ਦੀ ਡੂੰਘਾਈ ਵਿਚ ਉੱਤਰ ਕੇ ਉਸ ਨੂੰ ਨਵੇਂ ਅਰਥ ਦਿੱਤੇ। ਸਮਾਜਿਕ ਬੰਧਨਾਂ ਅਤੇ ਰਾਜਨੈਤਿਕ ਗੁਲਾਮੀ ਦਾ ਵਿਰੋਧ ਕਰਦੇ ਹੋਇਆਂ ਰਾਜ-ਵਿਵਸਥਾ ਲਈ ਨੈਤਿਕਤਾ ਨੂੰ ਲਾਜ਼ਮੀ ਮੰਨਿਆ। ਵਿਅਕਤੀਗਤ ਸੰਪੱਤੀ ਅਤੇ ਆਰਥਿਕ ਅਸਮਾਨਤਾ ਦੇ ਵਿਰੁੱਧ ਹੁੰਦੇ ਹੋਇਆਂ ਵੀ ਰੂਸੋ ਸਾਮ੍ਯਵਾਦੀ ਵਿਚਾਰ-ਧਾਰਾ ਤੋਂ ਦੂਰ ਸੀ। ਸੁਤੰਤਰਤਾ ਅਤੇ ਜਨ-ਤੰਤ੍ਰ ਵਿਚ ਵਿਸ਼ਵਾਸ ਰਖਦੇ ਹੋਇਆਂ ਵੀ ਇਸ ਦਾ ਝੁਕਾ ਤਾਨਾਸ਼ਾਹੀ ਵਲ ਸੀ।

ਮਨੁੱਖ ਦੀਆਂ ਕਮਜ਼ੋਰੀਆਂ ਦਾ ਜ਼ਿੰਮੇਵਾਰ ਸਮਾਜ ਨੂੰ ਸਾਬਤ ਕਰਦੇ ਹੋਇਆਂ ਰੂਸੋ ਨੇ ਸਥਾਪਿਤ ਕੀਤਾ ਹੈ ਕਿ ਸਭ੍ਯ ਸਮਾਜ ਦੇ ਬੰਧਨ ਹੀ ਮਨੁੱਖ ਨੂੰ ਮਨੁੱਖਤਾ ਤੋਂ ਪਰ੍ਹੇ ਲੈ ਜਾਂਦੇ ਹਨ। ਮਨੁੱਖ ਵਾਸਨਾਵਾਂ ਦਾ ਦਾਸ ਹੁੰਦਾ ਹੋਇਆ ਵੀ ਸ਼੍ਰੇਸ਼ਠ ਭਾਵਨਾਵਾਂ ਤੋਂ ਸਖਣਾ ਨਹੀਂ ਹੁੰਦਾ। ਇਸ ਨੇ ਆਪਣੇ ਅਨੁਭਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਸਪੱਸ਼ਟ ਕਰਦੇ ਹੋਇਆਂ ਕੁਝ ਅੰਤਰ-ਵਿਰੋਧੀ ਮਾਨਤਾਵਾਂ ਦੀ ਸਥਾਪਨਾ ਕੀਤੀ ਹੈ, ਜਿਸ ਕਰ ਕੇ ਇਸ ਦੇ ਦਰਸ਼ਨ ਦੇ ਸਰੂਪ ਨੂੰ ਸਹੀ ਪਰਿਪੇਖ ਤੋਂ ਬਿਨਾ ਨਹੀਂ ਸਮਝਿਆ ਜਾ ਸਕਦਾ। ਇਸ ਦੀਆਂ ਪ੍ਰਮੁਖ ਦਾਰਸ਼ਨਿਕ ਰਚਨਾਵਾਂ ਹਨ—ਈਮਿਲੀ, ਦਿ ਸੋਸ਼ਲ ਕੰਟ੍ਰੈਕਟ, ਇਕਾਨੋਮੀ ਪਾਲਿਟਿਕ ਆਦਿ। ਇਸ ਨੇ ਇਨ੍ਹਾਂ ਰਚਨਾਵਾਂ ਵਿਚ ਰਾਜ-ਦਰਸ਼ਨ ਸੰਬੰਧੀ ਯੂਨਾਨੀ ਦ੍ਰਿਸ਼ਟੀਕੋਣ ਨੂੰ ਫਿਰ ਤੋਂ ਪ੍ਰਤਿਸ਼ਠਿਤ ਕੀਤਾ ਹੈ ਜਿਸ ਅਨੁਸਾਰ ਰਾਜ ਦੀ ਸਮੂਹਿਕ ਚੇਤਨਾ ਹੀ ਵਿਅਕਤੀ ਦੀ ਨੈਤਿਕਤਾ ਅਤੇ ਸੁਤੰਤਰਤਾ ਦਾ ਸਰੋਤ ਹੈ। ਇਸ ਦੀ ਵਿਚਾਰਧਾਰਾ ਦਾ ਪ੍ਰਭਾਵ ਪਰਵਰਤੀ ਚਿੰਤਕਾਂ ਨੇ ਗ੍ਰਹਿਣ ਕੀਤਾ ਹੈ। ਬਾਵਾ ਬਲਵੰਤ ਨੇ ਆਪਣੀ ਕਵਿਤਾ 'ਬਾਗ਼ੀ' ਵਿਚ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਮੈਂ ਗੋਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ,/ਮੈਂ ਹਾ

ਮਾਰਕਸ ਦੀ ਖੁਦਾਈ ਦੀ ਦੌਲਤ।'

ਰੇਣੁਕਾ : ਜਮਦਗਨੀ ਰਿਸ਼ੀ ਦੀ ਪਤਨੀ ਜਿਸ ਦਾ ਜਨਮ ਰਾਜਾ ਰੇਣੂ ਅਥਵਾ ਪ੍ਰਸੇਨਜਿਤ ਦੇ ਘਰ ਹੋਇਆ। ਇਸ ਦੀ ਕੁੱਖੋਂ ਹੋਰਨਾਂ ਬੱਚਿਆਂ ਤੋਂ ਇਲਾਵਾ ਪਰਸ਼ੁਰਾਮ ਅਵਤਾਰ (ਵੇਖੋ) ਦਾ ਵੀ ਜਨਮ ਹੋਇਆ। ਇਕ ਵਾਰ ਰਾਜਾ ਚਿਤ੍ਰਰਥ ਨੂੰ ਆਪਣੀ ਰਾਣੀ ਨਾਲ ਨਦੀ ਦੇ ਕੰਢੇ 'ਤੇ ਭੋਗ-ਵਿਲਾਸ ਕਰਦਿਆਂ ਵੇਖ ਕੇ ਰੇਣੁਕਾ ਦਾ ਮਨ ਕਾਮ-ਭਾਵ ਨਾਲ ਵਿਚਲਿਤ ਹੋ ਗਿਆ। ਪਤੀਬ੍ਰਤ ਧਰਮ ਤੋਂ ਡਿਗਣ ਕਾਰਣ ਜਮਦਗਨੀ ਨੇ ਆਪਣੇ ਪੁੱਤਰਾਂ ਨੂੰ ਇਕ-ਇਕ ਕਰ ਕੇ ਮਾਤਾ ਦਾ ਬਧ ਕਰਨ ਦੇ ਆਦੇਸ਼ ਦਿੱਤੇ, ਪਰ ਕਿਸੇ ਨੇ ਪਾਲਨਾ ਨਾ ਕੀਤੀ। ਆਖ਼ਰ ਸਭ ਤੋਂ ਛੋਟੇ ਪੁੱਤਰ ਪਰਸ਼ੁਰਾਮ ਨੂੰ ਕਿਹਾ। ਪਰਸ਼ੁਰਾਮ ਨੇ ਤੁਰਤ ਮਾਤਾ ਦਾ ਸਿਰ ਵੱਢ ਦਿੱਤਾ। ਜਮਦਗਨੀ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ। ਪਰਸ਼ੁਰਾਮ ਨੇ ਆਪਣੀ ਮਾਤਾ ਦੇ ਪੁਨਰ-ਜੀਵਿਤ ਹੋਣ ਅਤੇ ਆਪ ਸਦਾ ਵਿਜਈ ਰਹਿਣ ਦੇ ਵਰ ਮੰਗੇ ਜਿਨ੍ਹਾਂ ਨੂੰ ਜਮਦਗਨੀ ਨੇ ਪੂਰਾ ਕਰ ਦਿੱਤਾ।

ਇਕ ਵਾਰ ਜਦੋਂ ਸਹਸ੍ਰਬਾਹੁ ਜਮਦਗਨੀ ਦੀ ਕੁਟੀਆ ਤੋਂ ਕਾਮਧੇਨੁ ਗਊ ਜ਼ਬਰਦਸਤੀ ਲੈ ਗਿਆ ਤਾਂ ਪਰਸ਼ੁਰਾਮ ਨੇ ਉਸ ਦਾ ਪਿਛਾ ਕਰ ਕੇ ਉਸ ਨੂੰ ਮਾਰ ਦਿੱਤਾ। ਜਮਦਗਨੀ ਨੇ ਇਸ ਹਤਿਆ ਤੋਂ ਨਾਰਾਜ਼ ਹੋ ਕੇ ਪਰਸ਼ੁਰਾਮ ਨੂੰ ਪ੍ਰਾਸ਼ਚਿਤ ਲਈ ਤਪਸਿਆ ਕਰਨ ਭੇਜ ਦਿੱਤਾ। ਪਿਛੋਂ ਸਹਸ੍ਰਬਾਹੁ ਦੇ ਰਾਜਕੁਮਾਰਾਂ ਨੇ ਬਦਲੇ ਦੀ ਭਾਵਨਾ ਨਾਲ ਜਮਦਗਨੀ ਨੂੰ ਮਾਰ ਦਿੱਤਾ। ਜਦੋਂ ਪਰਸ਼ੁਰਾਮ ਤਪਸਿਆ ਕਰ ਕੇ ਪਰਤਿਆ ਤਾਂ ਰੇਣੁਕਾ ਨੇ ਇੱਕੀ ਵਾਰ ਛਾਤੀ ਪਿਟ ਕੇ ਆਪਣਾ ਦੁਖੜਾ ਸੁਣਾਇਆ। ਇਹ ਸੁਣਦਿਆਂ ਹੀ ਪਰਸ਼ੁਰਾਮ ਨੇ ਧਰਤੀ ਨੂੰ ਖਤ੍ਰੀਹੀਨ ਕਰਨ ਦੀ ਪ੍ਰਤਿਗਿਆ ਕੀਤੀ ਅਤੇ ਇੱਕੀ ਵਾਰ ਖਤ੍ਰੀਆਂ ਦਾ ਨਾਸ਼ ਕੀਤਾ। ਤਦ ਜਾ ਕੇ ਰੇਣੁਕਾ ਦੇ ਮਨ ਦਾ ਸੰਤਾਪ ਘਟਿਆ। ਪੁਰਾਣ-ਸਾਹਿੱਤ ਅਨੁਸਾਰ ਰੇਣੁਕਾ ਦੇ ਨਾਂ 'ਤੇ ਕਈ ਤੀਰਥ ਪ੍ਰਸਿੱਧ ਹੋਏ। ਇਕ ਤੀਰਥ ਹਿਮਾਚਲ ਪ੍ਰਦੇਸ਼ ਦੇ ਨਾਹਨ ਨਗਰ ਤੋਂ ਉੱਤਰ ਦਿਸ਼ਾ ਵਿਚ ਲਗਭਗ 25 ਕਿ. ਮੀ. ਦੀ ਵਿਥ 'ਤੇ ਹੈ। ਇਥੇ ਇਕ ਸੁੰਦਰ ਝੀਲ ਵੀ ਹੈ, ਜਿਥੇ ਕਤਕ ਸੁਦੀ 11 ਨੂੰ ਮੇਲਾ ਲਗਦਾ ਹੈ। ਭਾਈ ਗੁਰਦਾਸ ਨੇ ਰੇਣੁਕਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ—'ਪਿਟਦੀ ਸੁਣਿ ਕੈ ਰੇਣੁਕਾ ਪਰਸਰਾਮ ਧਾਈ ਕਰਿ ਧਾਇਆ।/ ਇਕੀਹ ਵਾਰ ਕਰੋਧ ਕਰਿ ਖਤ੍ਰੀ ਮਾਰਿ ਨਿਖਤ੍ਰ ਗਵਾਇਆ' (23/7)।

ਰੈਦਾਸ : ਵੇਖੋ 'ਰਵਿਦਾਸ, ਭਗਤ'।

ਰੋਜ਼ੇ : ਇਹ 'ਰੋਜ਼ਾ' ਸ਼ਬਦ ਦਾ ਪੰਜਾਬੀ ਵਿਚ ਬਹੁਵਚਨ ਹੈ। ਇਸ ਦਾ ਅਰਥ ਹੈ ਬ੍ਰਤ। ਇਸਲਾਮ ਵਿਚ ਰੋਜ਼ਾ ਰਖਣਾ ਪੁੰਨ ਕਾਰਜ ਸਮਝਿਆ ਜਾਂਦਾ ਹੈ ਕਿਉਂਕਿ ਇਹ ਪਾਪ-ਨਾਸ਼ਕ ਹੈ। ਆਮ ਤੌਰ ਤੇ ਰੋਜ਼ੇ 'ਰਮਜ਼ਾਨ' ਦੇ ਮਹੀਨੇ ਵਿਚ ਰਖੇ ਜਾਂਦੇ ਹਨ। ਇਸ ਸੰਬੰਧ ਵਿਚ ਹਦੀਸ ਦਾ ਪ੍ਰਮਾਣ ਹੈ ਕਿ ਰਮਜ਼ਾਨ ਦੇ ਮਹੀਨੇ ਵਿਚ ਬਹਿਸ਼ਤ ਦੇ ਦਰਵਾਜ਼ੇ ਖੁਲ੍ਹੇ ਰਹਿੰਦੇ ਹਨ ਅਤੇ ਦੋਜ਼ਖ਼ ਦੇ ਬੰਦ ਹੋ ਜਾਂਦੇ ਹਨ। ਸ਼ੈਤਾਨ ਵੀ ਇਸ ਮਹੀਨੇ ਵਿਚ ਬੰਧਨ ਵਿਚ ਰਹਿੰਦਾ ਹੈ। ਇਸ ਲਈ ਸਾਰਾ ਵਾਤਾਵਰਣ ਅਧਿਆਤਮਿਕ

ਉੱਨਤੀ ਲਈ ਅਨੁਕੂਲ ਹੁੰਦਾ ਹੈ।

ਰਮਜ਼ਾਨ ਦੇ ਮਹੀਨੇ ਵਿਚ ਹਰ ਮੁਸਲਮਾਨ ਨੂੰ ਨਿੱਤ ਪ੍ਰਭਾਤ ਵੇਲੇ ਤੋਂ ਸੂਰਜ ਡੁਬਣ ਤਕ ਅੰਨ-ਜਲ ਜਾਂ ਕਿਸੇ ਹੋਰ ਵਸਤੂ ਨੂੰ ਖਾਣ ਪੀਣ ਦੀ ਮਨਾਹੀ ਹੈ। ਬ੍ਰਤ ਦਾ ਇਹ ਸਿਲਸਿਲਾ ਮਹੀਨਾ ਭਰ ਚਲਦਾ ਹੈ ਅਤੇ ਦਸਵੇਂ ਮਹੀਨੇ ਦੇ ਚੰਦ੍ਰਮਾ ਨੂੰ ਵੇਖ ਕੇ ਇਸ ਦੀ ਸਮਾਪਤੀ ਕੀਤੀ ਜਾਂਦੀ ਹੈ। ਬੀਮਾਰ ਹੋਣ ਕਾਰਣ ਜਾਂ ਸਫ਼ਰ ਕਰਨ ਵੇਲੇ ਜੇ ਕੋਈ ਵਿਅਕਤੀ ਰੋਜ਼ਾ ਨਾ ਰਖ ਸਕੇ ਤਾਂ ਉਤਨੇ ਦਿਨ ਕਿਸੇ ਹੋਰ ਮਹੀਨੇ ਵਿਚ ਰੋਜ਼ੇ ਰਖ ਕੇ ਗਿਣਤੀ ਪੂਰੀ ਕਰਨੀ ਹੁੰਦੀ ਹੈ। ਇਸ ਤੋਂ ਇਲਾਵਾ ਬੱਚਿਆਂ, ਗਰਭਵਤੀ ਇਸਤਰੀਆਂ ਜਾਂ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਨੂੰ ਵੀ ਰੋਜ਼ੇ ਰਖਣ ਤੋਂ ਛੋਟ ਹੈ। ਹਜ਼ਰਤ ਮੁਹੰਮਦ ਤੋਂ ਪਹਿਲਾਂ ਯਹੂਦੀਆਂ ਵਿਚ ਰੋਜ਼ੇ ਰਖਣ ਦੀ ਪਰੰਪਰਾ ਮੌਜੂਦ ਸੀ। ਇਸਲਾਮ ਵਿਚ ਪਹਿਲਾਂ ਯਹੂਦੀਆਂ ਦੀ ਰੋਜ਼ਾ-ਪਰੰਪਰਾ ਦਾ ਅਨੁਕਰਣ ਕੀਤਾ ਗਿਆ, ਪਰ ਬਾਦ ਵਿਚ ਯਹੂਦੀਆਂ ਤੋਂ ਵੱਖ ਹੋਣ ਲਈ, ਹਜ਼ਰਤ ਮੁਹੰਮਦ ਨੇ ਮਦੀਨੇ ਵਿਚ ਰਮਜ਼ਾਨ ਦੇ ਸਾਰੇ ਮਹੀਨੇ ਲਈ ਰੋਜ਼ੇ ਰਖਣ ਦਾ ਵਿਧਾਨ ਬਣਾ ਦਿੱਤਾ।

ਰਮਜ਼ਾਨ ਦੀ 27ਵੀਂ ਰਾਤ ਨੂੰ 'ਲੈਲਤੁਲਕਦਰ' ਅਥਵਾ 'ਲੈਲਤੁਲ ਮੁਬਾਰਕ' ਕਿਹਾ ਜਾਂਦਾ ਹੈ। ਇਸ ਰਾਤ ਨੂੰ ਕੁਰਾਨ 'ਲੋਹਮਹਿਫ਼ੂਜ਼' ਤੋਂ ਹੇਠਲੇ ਆਸਮਾਨ ਉਤੇ ਉਤਰਿਆ ਮੰਨਿਆ ਜਾਂਦਾ ਹੈ। ਇਸ ਰਾਤ ਨੂੰ ਕੁਰਾਨ ਦਾ ਪਾਠ ਕਰਨ ਦਾ ਵਿਸ਼ੇਸ਼ ਮਹਾਤਮ ਹੈ।

ਰਮਜ਼ਾਨ ਮਹੀਨੇ ਦੇ ਰੋਜ਼ਿਆਂ ਤੋਂ ਇਲਾਵਾ ਇਸਲਾਮ ਵਿਚ ਕੁਝ ਹੋਰ ਰੋਜ਼ਿਆਂ ਦਾ ਵੀ ਵਿਧਾਨ ਹੈ, ਜਿਵੇਂ ਮੁਹੱਰਮ ਦੇ ਦਸਵੇਂ ਦਿਨ, ਈਦੁਲਫ਼ਿਤਰ ਤੋਂ ਬਾਦ ਛੇ ਦਿਨ, ਹਰ ਹਫ਼ਤੇ ਦੇ ਸੋਮਵਾਰ ਅਤੇ ਵੀਰਵਾਰ, ਹਰ ਮਹੀਨੇ ਦੇ 13ਵੇਂ, 14ਵੇਂ ਅਤੇ 15ਵੇਂ ਦਿਨ, ਇਕ ਦਿਨ ਛਡ ਕੇ ਇਕ ਦਿਨ ਰੋਜ਼ੇ ਰਖਣੇ।

ਮੱਧ-ਯੁਗ ਦੇ ਸੰਤ-ਸਾਧਕਾਂ ਨੇ ਰੋਜ਼ਾ ਰਖਣ ਦੀ ਪਰੰਪਰਾ ਦੇ ਰੂੜ੍ਹ ਰੂਪ ਨੂੰ ਸਵੀਕਾਰ ਨਾ ਕਰਕੇ ਸੱਚੇ ਦਿਲੋਂ ਭਗਤੀ ਕਰਨ ਉਤੇ ਬਲ ਦਿੱਤਾ ਹੈ। ਸੰਤ ਕਬੀਰ ਅਨੁਸਾਰ—'ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥ ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ' (ਅ. ਗ੍ਰੰ. 480)। ਸੂਫ਼ੀ ਸਾਧਕ ਸੁਲਤਾਨ ਬਾਹੂ ਨੇ ਵੀ ਸੱਚੀ ਭਗਤੀ ਵਿਚ ਰੋਜ਼ਿਆਂ ਦੇ ਮਹੱਤਵ ਨੂੰ ਸਥਾਨ ਨਹੀਂ ਦਿੱਤਾ—'ਰੋਜ਼ੇ ਨਫ਼ਲ ਨਮਾਜ਼ ਗੁਜ਼ਾਰਨ, ਤੋੜੇ ਜਾਗਣ ਸਾਰੀਆਂ ਰਾਤਾਂ ਹੂ।'

ਰੋਜ਼ੇ-ਹਸ਼ਰ : ਕਿਆਮਤ ਵਾਲਾ ਦਿਨ, ਜਦੋਂ ਕਬਰਾਂ ਵਿਚ ਦੱਬੇ ਹੋਏ ਮੁਰਦੇ ਉਠਣਗੇ ਅਤੇ ਉਨ੍ਹਾਂ ਵਲੋਂ ਕੀਤੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਪੁਛਿਆ ਜਾਏਗਾ। ਇਸ ਬਾਰੇ ਸੰਕੇਤ ਕਰਦਿਆਂ ਵਾਰਿਸ ਸ਼ਾਹ ਨੇ ਆਪਣੀ 'ਹੀਰ' ਵਿਚ ਲਿਖਿਆ ਹੈ—'ਵਾਰਿਸ ਸ਼ਾਹ ਮੀਆਂ ਰੋਜ਼ ਹਸ਼ਰ ਦੇ ਨੂੰ, ਅੰਤ ਸਦੀਏਂਗਾ ਲੇਖਾ ਲੇਖਣੇ ਨੂੰ।'

ਰੋਜ਼ੇ ਮੀਸਾਕ : ਇਕਰਾਰਾਂ ਵਾਲਾ ਉਹ ਦਿਨ ਜਦੋਂ ਸਾਰੀਆਂ ਰੂਹਾਂ ਨੇ ਖ਼ੁਦਾ ਵਿਚ ਯਕੀਨ ਰਖਣ ਦੀ ਪ੍ਰਤਿਗਿਆ ਕੀਤੀ ਸੀ। ਇਸ ਨੂੰ 'ਰੋਜ਼ੇ ਅਜ਼ਲ' ਵੀ ਕਿਹਾ ਜਾਂਦਾ ਹੈ। ਵਾਰਿਸ ਸ਼ਾਹ ਨੇ 'ਹੀਰ' ਦੇ ਕਿਸੇ ਵਿਚ ਸੰਕੇਤ ਕੀਤਾ ਹੈ—'ਇਹ ਮਾਰਿਆ ਇਸ

ਜਹਾਨ ਤਾਜ਼ਾ, ਅਸੀਂ ਰੌਜ਼ੇ ਮੀਸਾਕ ਦੀਆਂ ਮਾਰੀਆਂ ਹਾਂ ।'

ਰੋੜਾ-ਜਲਾਲੀ : ਇਕ ਪ੍ਰੇਮ-ਆਖਿਆਨ ਜਿਸ ਦਾ ਰੋੜਾ ਨਾਇਕ ਅਤੇ ਜਲਾਲੀ ਨਾਇਕਾ ਹੈ । 'ਲਿਜਿੰਡਜ਼ ਆਫ਼ ਦਾ ਪੰਜਾਬ' ਪੁਸਤਕ ਵਿਚ ਉਪਲਬਧ ਸੂਚਨਾ ਅਨੁਸਾਰ ਰੋੜਾ ਅਬਦੁਲ ਕਾਦਿਰ ਜੀਲਾਨੀ ਦਾ ਮੁਰੀਦ ਸੀ, ਜੋ ਪੰਦਰ੍ਹਵੀਂ ਸਦੀ ਵਿਚ ਹੋਇਆ ਦਸਿਆ ਜਾਂਦਾ ਹੈ ।

ਰੋੜਾ-ਜਲਾਲੀ ਕਿੱਥੋਂ ਦੇ ਸਨ, ਇਸ ਬਾਰੇ ਕੋਈ ਸਪੱਸ਼ਟ ਤੱਥ ਨਹੀਂ ਮਿਲਦਾ । ਰਵਾਇਤ ਅਨੁਸਾਰ ਜਲਾਲੀ ਦਾ ਪਿੰਡ ਊਨੇ ਦੇ ਨੇੜੇ ਸੀ ਜੋ ਜਲਾਲੀ ਦੇ ਪ੍ਰੇਮ ਕਾਰਣ ਇਸ ਦੇ ਨਾਂ 'ਤੇ ਹੀ ਪ੍ਰਸਿੱਧ ਹੋ ਗਿਆ । ਪਰ ਸਮੇਂ ਦੇ ਫੇਰ ਕਾਰਣ ਜਲਾਲੀ ਪਿੰਡ ਉਜੜ ਗਿਆ ਅਤੇ ਉਥੇ ਦੋਬਾਰਾ ਵਸੇ ਪਿੰਡ ਦਾ ਨਾਂ 'ਲਾਲ ਸਿੰਗੀ' ਪ੍ਰਚਲਿਤ ਹੋਇਆ । ਜਲਾਲੀ ਹਿੰਦੂ ਲੁਹਾਰਾਂ ਦੀ ਕੁੜੀ ਸੀ ਅਤੇ ਰੋੜਾ ਬਲਖ਼-ਬੁਖ਼ਾਰੇ ਦਾ ਰਹਿਣ ਵਾਲਾ ਸੀ । ਉਹ ਕਿਸੇ ਕਾਰਣ ਪੰਜਾਬ ਵਲ ਆ ਗਿਆ । ਪਹਿਲਾਂ ਪਾਕਪਟਨ ਟਿਕਿਆ, ਫਿਰ ਊਨੇ ਵਲ ਆ ਗਿਆ । ਉਥੇ ਉਸ ਨੇ ਜਲਾਲੀ ਨੂੰ ਇਕ ਨਦੀ ਕੰਢੇ ਨਹਾਉਂਦਿਆਂ ਵੇਖਿਆ । ਦੋਵੇਂ ਇਕ ਦੂਜੇ ਉਤੇ ਮੋਹਿਤ ਹੋ ਗਏ । ਉਨ੍ਹਾਂ ਦੇ ਪ੍ਰੇਮ ਦੀ ਗੱਲ ਇਲਾਕੇ ਵਿਚ ਧੁੰਮ ਗਈ । ਜਲਾਲੀ ਦੇ ਭਰਾਵਾਂ ਨੇ ਗ਼ੈਰਤ ਖਾ ਕੇ ਰੋੜੇ ਨੂੰ ਦਰਿਆ ਵਿਚ ਰੋੜ੍ਹ ਦਿੱਤਾ । ਪਰ ਉਹ ਬਚ ਕੇ ਫਿਰ ਜਲਾਲੀ ਪਾਸ ਪਹੁੰਚ ਗਿਆ । ਫਿਰ ਉਸ ਦੇ ਭਰਾਵਾਂ ਨੇ ਵੱਢ ਕੇ ਖੇਤ ਵਿਚ ਦਫ਼ਨਾ ਦਿੱਤਾ । ਜਲਾਲੀ ਨੂੰ ਜਦ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਵੀ ਪ੍ਰਾਣ ਤਿਆਗ ਦਿੱਤੇ । ਵਾਰਿਸ ਨੇ ਰੋੜੇ ਦੇ ਵੱਢੇ ਜਾਣ ਦੇ ਕਾਰੇ ਦੀ ਜ਼ਿੰਮੇਵਾਰੀ ਜਲਾਲੀ ਉਤੇ ਪਾਈ ਹੈ—'ਰੋੜਾ ਵੱਢ ਕੇ ਡੱਕਰੇ ਨਦੀ ਪਾਇਆ ਤੇ ਜਲਾਲੀ ਦੇ ਵੇਖ ਲੈ ਕਾਰਿਆਂ ਨੂੰ ।'

ਬੁਲ੍ਹੇਸ਼ਾਹ ਨੇ ਇਸ਼ਕ ਕਰਨ ਦੇ ਨਤੀਜਿਆਂ ਵਲ ਸੰਕੇਤ ਕਰਦਿਆਂ ਰੋੜੇ ਦੇ ਟੁਕੜੇ ਕੀਤੇ ਜਾਣ ਦੀ ਗੱਲ ਕਹੀ ਹੈ—'ਸੱਸੀ ਥਲਾਂ ਦੇ ਵਿਚ ਰੁਲਾਈ, ਸੋਹਣੀ ਕੱਚੇ ਘੜੇ ਰੁੜ੍ਹਾਈ ।/ਰੋੜੇ ਪਿਛੇ ਗੱਲ ਗਵਾਈ, ਟੁਕੜੇ ਕਰ ਕਰ ਮਾਰਿਆ ਈ ।'

ਇਕ ਰਵਾਇਤ ਅਨੁਸਾਰ ਦਬਿਆ ਹੋਇਆ ਰੋੜਾ ਫਿਰ ਸੁਰਜੀਤ ਹੋ ਗਿਆ । ਉਧਰੋਂ ਜਲਾਲੀ ਵੀ ਉਸ ਕੋਲ ਪਹੁੰਚ ਗਈ । ਉਥੋਂ ਦੋਵੇਂ ਲਾਹੌਰ ਪਹੁੰਚੇ ਅਤੇ ਜੰਗਲ ਵਿਚ ਝੁੱਗੀ ਪਾ ਕੇ ਰਹਿਣ ਲਗੇ । ਉਸੇ ਥਾਂ 'ਤੇ ਪਿੰਡ 'ਰੋੜੇ ਸ਼ਾਹ' ਵਸ ਗਿਆ ।

ਰੌਸ਼ਨੀ ਦਾ ਮੇਲਾ : ਵੇਖੋ 'ਜਗਰਾਉਂ ਦੀ ਰੌਸ਼ਨੀ' ।

ਰੰਭਾ : ਇਕ ਅਪੱਛਰਾ ਜੋ ਕਸ਼ਯਪ ਦੇ ਘਰ ਪ੍ਰਾਧਾ ਦੀ ਕੁੱਖੋਂ ਪੈਦਾ ਹੋਈ । ਇਹ ਸਾਰੀਆਂ ਅਪੱਛਰਾਵਾਂ ਵਿਚੋਂ ਅਧਿਕ ਸੁੰਦਰ ਮੰਨੀ ਜਾਂਦੀ ਸੀ । ਇਕ ਮਤ ਅਨੁਸਾਰ ਇਹ ਸਮੁੰਦਰ ਰਿੜਕਣ ਵੇਲੇ ਪ੍ਰਗਟ ਹੋਈ ਸੀ । ਇਕ ਹੋਰ ਮਤ ਅਨੁਸਾਰ ਇਹ ਕੁਬੇਰ ਦੀ ਸਭਾ ਦੀ ਨਾਚੀ ਸੀ ।

ਇੰਦਰ ਨੇ ਵਿਸ਼ਵਾਮਿਤਰ ਦੀ ਤਪਸਿਆ ਤੋਂ ਘਬਰਾ ਕੇ ਰੰਭਾ ਨੂੰ ਉਸ ਦਾ ਤਪ ਭੰਗ ਕਰਨ ਲਈ ਭੇਜਿਆ । ਵਿਸ਼ਵਾਮਿਤਰ ਨੇ ਰੰਭਾ ਨੂੰ ਇਕ ਹਜ਼ਾਰ ਸਾਲ ਪੱਥਰ ਬਣੇ ਰਹਿਣ ਦਾ ਸਰਾਪ ਦਿੱਤਾ । ਵਿਸ਼ਵਾਮਿਤਰ ਨੇ ਇਹ ਵੀ ਕਿਹਾ ਕਿ ਕੋਈ ਤਪਸਵੀ

ਬ੍ਰਾਹਮਣ ਹੀ ਇਸ ਦਾ ਉੱਧਾਰ ਕਰੇਗਾ। ਇਕ ਹਜ਼ਾਰ ਸਾਲ ਬਾਦ ਸ੍ਵੇਤ ਮੁਨੀ ਨੇ ਰੰਭਾ ਦਾ ਉੱਧਾਰ ਕੀਤਾ।

'ਬਾਲਮੀਕੀ ਰਾਮਾਇਣ' ਅਨੁਸਾਰ ਇਹ ਰਾਵਣ ਦੇ ਭਤੀਜੇ ਨਲਕੂਬਰ ਦੀ ਪਤਨੀ ਸੀ। ਇਕ ਵਾਰ ਜਦੋਂ ਰਾਵਣ ਕੈਲਾਸ਼ ਪਰਬਤ ਉਤੇ ਜਾ ਰਿਹਾ ਸੀ, ਤਾਂ ਮਾਰਗ ਵਿਚ ਰੰਭਾ ਨੂੰ ਵੇਖ ਕੇ ਮੋਹਿਤ ਹੋ ਗਿਆ। ਰੰਭਾ ਨੇ ਰਾਵਣ ਨੂੰ ਬਹੁਤ ਵਰਜਿਆ, ਪਰ ਉਹ ਇਸ ਨੂੰ ਚੁਕ ਕੇ ਲੈ ਗਿਆ। ਰੰਭਾ ਨੇ ਰਾਵਣ ਨੂੰ ਸਰਾਪ ਦਿੱਤਾ ਜਿਸ ਦੇ ਫਲਸਰੂਪ ਉਹ ਕਾਲਾਂਤਰ ਵਿਚ ਮਾਰਿਆ ਗਿਆ।

ਲ

ਲਸ਼ਕਰ : ਵੇਖੋ 'ਗਵਾਲੀਅਰ'।

ਲਹਿਣਾ, ਭਾਈ : ਵੇਖੋ 'ਅੰਗਦ ਦੇਵ, ਗੁਰੂ'।

ਲਕਸ਼ਮੀ, ਦੇਵੀ : ਵੇਖੋ 'ਲੱਛਮੀ, ਦੇਵੀ'।

ਲਕ੍ਸ਼ਮੀ ਬਾਈ, ਰਾਣੀ : ਝਾਂਸੀ ਦੀ ਇਕ ਰਾਣੀ ਜਿਸ ਨੇ ਸੰਨ 1857 ਈ. ਦੇ ਗਦਰ ਅਥਵਾ ਸੁਤੰਤਰਤਾ-ਅੰਦੋਲਨ ਵਿਚ ਵੀਰਗਤੀ ਪ੍ਰਾਪਤ ਕੀਤੀ ਸੀ। ਇਸ ਦੇ ਬਚਪਨ ਦਾ ਨਾਂ ਮਨੂਬਾਈ ਸੀ ਅਤੇ ਇਸ ਦਾ ਪਿਤਾ 'ਮੋਰੋਪੰਤ' ਬਾਜੀਰਾਵ ਦੂਜੇ ਦਾ ਇਕ ਕਾਮਦਾਰ ਸੀ। ਪੇਸ਼ਵਾਈ ਸਮਾਪਤ ਹੋਣ ਤੋਂ ਬਾਦ ਬਾਜੀਰਾਵ ਮੋਰੋਪੰਤ ਕੋਲ ਬਿਠੂਰ ਨਗਰ ਵਿਚ ਆ ਟਿਕਿਆ। ਬਾਜੀਰਾਵ ਦਾ ਗੋਦ ਲਿਆ ਲੜਕਾ ਨਾਨਾ ਧੋਂਧੂਪੰਤ ਅਤੇ ਨਾਨਾ ਦਾ ਨਿੱਕਾ ਭਰਾ ਰਾਵ ਸਾਹਿਬ ਵੀ ਉਸ ਦੇ ਨਾਲ ਬਿਠੂਰ ਵਿਚ ਰਹਿੰਦੇ ਸਨ। ਇਹ ਦੋਵੇਂ ਬਾਲਕ ਅਤੇ ਮਨੂਬਾਈ ਇਕੱਠੇ ਖੇਡਦੇ, ਸ਼ਸਤ੍ਰ ਵਿਦਿਆ ਸਿਖਦੇ ਅਤੇ ਘੋੜ-ਸਵਾਰੀ ਕਰਦੇ। ਇਨ੍ਹਾਂ ਤਿੰਨਾਂ ਵਿਚ ਮਨੂਬਾਈ ਜ਼ਿਆਦਾ ਚੁਸਤ ਅਤੇ ਬੁੱਧੀ-ਮਾਨ ਸੀ।

ਜਦੋਂ ਮਨੂਬਾਈ ਤੇਰ੍ਹਾਂ ਵਰ੍ਹਿਆਂ ਦੀ ਹੋਈ ਤਾਂ ਇਸ ਦਾ ਵਿਆਹ ਝਾਂਸੀ ਦੇ ਬਿਰਧ ਰਾਜੇ ਗੰਗਾਧਰ ਰਾਵ ਨਾਲ ਕਰ ਦਿੱਤਾ ਗਿਆ ਅਤੇ ਇਹ ਮਨੂਬਾਈ ਤੋਂ ਲਕ੍ਸ਼ਮੀ ਬਾਈ ਬਣ ਗਈ। ਇਸ ਨੇ ਵਿਆਹ ਤੋਂ ਬਾਦ ਵੀ ਸੈਨਿਕ ਸਿਖਿਆ ਅਤੇ ਅਭਿਆਸ ਜਾਰੀ ਰਖੇ। ਕੁਝ ਸਮੇਂ ਤੋਂ ਬਾਦ ਰਾਜਾ ਗੰਗਾਧਰ ਦੀ ਮ੍ਰਿਤੂ ਹੋ ਗਈ। ਰਾਣੀ ਨੇ ਦਾਮੋਦਰ ਰਾਵ ਨਾਂ ਦਾ ਇਕ ਬਾਲਕ ਗੋਦ ਲਿਆ। ਪਰ ਅੰਗ੍ਰੇਜ਼ ਗਵਰਨਰ ਜਨਰਲ ਨੇ ਉਸ ਨੂੰ ਨਾਜਾਇਜ਼ ਠਹਿਰਾ ਕੇ ਝਾਂਸੀ ਨੂੰ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਕਰ ਕੇ ਰਾਣੀ ਨੂੰ ਕੁਝ ਪੈਨਸ਼ਨ ਦੇ ਦਿੱਤੀ।

ਅੰਗ੍ਰੇਜ਼ ਸਰਕਾਰ ਨੇ ਨਾਨਾ ਦੀ ਪੈਨਸ਼ਨ ਵੀ ਬੰਦ ਕਰ ਦਿੱਤੀ। ਉਹ ਤਾਤਿਆ ਟੋਪੇ ਦੇ ਨਾਲ ਰਾਣੀ ਕੋਲ ਆਇਆ ਅਤੇ ਦੇਸ਼-ਵਿਆਪੀ ਸਵਰਾਜ-ਅੰਦੋਲਨ ਚਲਾਉਣ ਦੀ ਯੋਜਨਾ ਬਣਾਈ। 31 ਮਈ, 1857 ਈ. ਨੂੰ ਸਾਰੇ ਉੱਤਰੀ ਭਾਰਤ ਵਿਚ ਇਕ

ਵੇਲੇ ਅੰਦੋਲਨ ਸ਼ੁਰੂ ਕਰਨ ਦਾ ਸਮਾਂ ਮਿਥਿਆ ਗਿਆ ਪਰ ਕੁਝ ਸੈਨਿਕਾਂ ਦੀ ਉਤਾਵਲੀ ਕਾਰਣ ਇਹ ਕ੍ਰਾਂਤੀ ਪਹਿਲਾਂ ਹੀ ਸ਼ੁਰੂ ਹੋ ਗਈ। ਫਲਸਰੂਪ, ਅੰਦੋਲਨ-ਕਾਰੀ ਆਪਣੇ ਮਨੋਰਥ ਵਿਚ ਸਫਲ ਨਾ ਹੋ ਸਕੇ। ਰਾਣੀ ਝਾਂਸੀ ਨੇ ਦੇਸ਼ ਦੇ ਗੌਰਵ ਨੂੰ ਕਾਇਮ ਰਖਣ ਲਈ ਘੋਰ ਯੁੱਧ ਕੀਤਾ, ਪਰੰਤੂ ਜਨਰਲ ਰੋਜ਼ ਦੀ ਅੰਗ੍ਰੇਜ਼ ਫ਼ੌਜ ਦੇ ਸਾਹਮਣੇ ਬਹੁਤ ਦੇਰ ਤਕ ਟਿਕ ਨਾ ਸਕੀ ਅਤੇ ਯੁੱਧ-ਭੂਮੀ ਵਿਚ ਆਪਣੇ ਪ੍ਰਾਣ ਤਿਆਗ ਦਿੱਤੇ। ਇਸ ਦੀ ਸਭ ਤੋਂ ਵੱਡੀ ਦੇਣ ਦੇਸ਼-ਵਾਸੀਆਂ ਦੇ ਮਨ ਵਿਚ ਸਵਰਾਜ ਦੀ ਚੇਤਨਾ ਪੈਦਾ ਕਰਨੀ ਮੰਨੀ ਜਾਂਦੀ ਹੈ। ਇਸ ਲਈ ਇਸ ਦਾ ਉੱਲੇਖ ਸਾਹਿੱਤ ਵਿਚ ਬੜੇ ਆਦਰ ਨਾਲ ਲਿਆ ਜਾਂਦਾ ਹੈ। ਕਵੀ ਕੇਦਾਰ ਨਾਥ 'ਬਾਗ਼ੀ' ਨੇ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਤੂੰ ਲਕਸ਼ਮੀ ਰਾਣੀ ਝਾਂਸੀ ਦੀ, ਅੰਗਰੇਜ਼ ਤੇ ਜਾਦੂ ਪਾਏ ਤੂੰ।'

ਲਖਦਾਤਾ : ਸਖੀ-ਸਰਵਰ ਦਾ ਇਕ ਨਾਮਾਂਤਰ। ਵੇਖੋ 'ਸਖੀ-ਸਰਵਰ'।

ਲਖਮੀਦਾਸ, ਬਾਬਾ : ਸਿੱਖ-ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਦੇ ਛੋਟੇ ਸਾਹਿਬਜ਼ਾਦੇ ਲਖਮੀਦਾਸ ਦਾ ਜਨਮ ਮਾਤਾ ਸੁਲੱਖਣੀ ਦੀ ਕੁੱਖੋਂ ਸੰਨ 1496 ਈ. (19 ਫਗਣ, 1553 ਬਿ.) ਵਿਚ ਸੁਲਤਾਨਪੁਰ ਲੋਧੀ ਵਿਚ ਹੋਇਆ। ਗੁਰੂ ਨਾਨਕ ਦੇਵ ਦੇ ਮਹਾ-ਪ੍ਰਸਥਾਨ ਤੋਂ ਬਾਦ ਗੁਰੂ ਅੰਗਦ ਦੇਵ ਨੇ ਗੁਰ-ਗੱਦੀ ਨੂੰ ਖਡੂਰ ਸਾਹਿਬ ਸਥਾਨਾਂਤਰਿਤ ਕਰ ਲਿਆ। ਬਾਬਾ ਲਖਮੀਦਾਸ ਆਪਣੇ ਵੱਡੇ ਭਰਾ ਬਾਬਾ ਸਿਰੀ ਚੰਦ ਨਾਲ ਕਰਤਾਰਪੁਰ ਵਿਚ ਹੀ ਰਹੇ। ਪਰ ਬਾਦ ਵਿਚ ਬਾਬਾ ਸਿਰੀ ਚੰਦ ਨੇ ਆਪਣਾ ਨਿਵਾਸ ਬਾਰਠ ਨਾਂ ਦੇ ਪਿੰਡ ਵਿਚ ਬਣਾ ਲਿਆ। ਕਰਤਾਰਪੁਰ ਵਿਚ ਕੇਵਲ ਬਾਬਾ ਲਖਮੀਦਾਸ ਦਾ ਪਰਿਵਾਰ ਹੀ ਰਿਹਾ ਅਤੇ ਉਸੇ ਤੋਂ ਗੁਰੂ ਨਾਨਕ ਦੇਵ ਦੇ ਵੰਸ਼ ਦਾ ਵਿਕਾਸ ਹੋਇਆ। ਕਾਲਾਂਤਰ ਵਿਚ ਕਰਤਾਰਪੁਰ ਨਗਰ ਨੂੰ ਰਾਵੀ ਨਦੀ ਨੇ ਰੋਹੜ ਲਿਆ। ਗੁਰੂ ਨਾਨਕ ਦੇਵ ਦੇ ਸਾਹਿਬਜ਼ਾਦਿਆਂ ਨੇ ਰਾਵੀ ਨਦੀ ਦੇ ਕੰਢੇ 'ਤੇ ਗੁਰੂ ਜੀ ਦਾ ਨਵਾਂ ਦੇਹਰਾ ਬਣਵਾਇਆ। ਇਸ ਦੇਹਰੇ ਅਤੇ ਨਾਲ ਬਣੀ ਬਸਤੀ ਨੂੰ ਭਾਈ ਕਾਨ੍ਹ ਸਿੰਘ ਅਨੁਸਾਰ, ਬਾਬਾ ਲਖਮੀਦਾਸ ਦੇ ਪੁੱਤਰ ਧਰਮ ਚੰਦ ਨੇ ਦੇਹਰਾ ਬਾਬਾ ਨਾਨਕ (ਆਮ ਪ੍ਰਚਲਿਤ ਡੇਰਾ ਬਾਬਾ ਨਾਨਕ) ਨਾਂ ਨਾਲ ਪ੍ਰਸਿੱਧ ਕੀਤਾ। ਬਾਬਾ ਲਖਮੀਦਾਸ ਦਾ ਦੇਹਾਂਤ ਸੰਨ 1555 ਈ. (13 ਵਿਸਾਖ, 1612 ਬਿ.) ਵਿਚ ਹੋਇਆ। ਭਾਈ ਗੁਰਦਾਸ ਨੇ ਇਨ੍ਹਾਂ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।/ ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ' (26/33)।

ਲੱਖੀ ਜੰਗਲ : ਸਿੱਖ-ਇਤਿਹਾਸ ਅਤੇ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜਦੋਂ ਮਾਛੀਵਾੜੇ ਤੋਂ ਨਿਕਲ ਕੇ ਮਾਲਵਾ ਖੇਤਰ ਵਿਚ ਪਹੁੰਚੇ ਤਾਂ ਸ਼ਰਧਾਲੂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਦੂਰੋਂ ਪਾਰੋਂ ਇਕੱਠੇ ਹੋਣ ਲਗੇ। ਉਸ ਸਥਿਤੀ ਦੇ ਚਿਤ੍ਰਣ ਨਾਲ ਸੰਬੰਧਿਤ ਇਕ 'ਸਦ' ਵਿਚ ਮਾਲਵੇ ਦੇ ਇਲਾਕੇ ਨੂੰ 'ਲੱਖੀ ਜੰਗਲ' ਕਰ ਕੇ ਲਿਖਿਆ ਗਿਆ ਹੈ—'ਲਖੀ ਜੰਗਲ ਖ਼ਾਲਸਾ ਆਇ ਦੀਦਾਰ ਕੀਤੋਨੇ।'

ਆਮ ਧਾਰਣਾ ਹੈ ਕਿ ਇਹ ਸਦ ਗੁਰੂ ਗੋਬਿੰਦ ਸਿੰਘ ਦਾ ਉਚਾਰਿਆ ਹੋਇਆ ਹੈ

ਅਤੇ 'ਦਸਮ-ਗ੍ਰੰਥ' ਦੀਆਂ ਕਈ ਪੁਰਾਤਨ ਬੀੜਾਂ ਵਿਚ ਲਿਖਿਆ ਮਿਲਦਾ ਹੈ। ਇਸ ਤਰ੍ਹਾਂ ਮਾਲਵੇ ਦੇ ਇਲਾਕੇ ਨੂੰ 'ਲੱਖੀ ਜੰਗਲ' ਪਦਵੀ ਨਾਲ ਗੁਰੂ ਗੋਬਿੰਦ ਸਿੰਘ ਨੇ ਸੁਸ਼ੋਭਿਤ ਕੀਤਾ ਸੀ। ਇਸ ਇਲਾਕੇ ਦਾ ਇਹ ਨਾਂ ਦਸਮ-ਗੁਰੂ ਦੇ ਪਧਾਰਨ ਤੋਂ ਪਹਿਲਾਂ ਪ੍ਰਚਲਿਤ ਨਹੀਂ ਸੀ। ਇਸ ਨੂੰ ਗੁਰੂ ਜੀ ਦੀ ਭਵਿਖਬਾਣੀ ਮੰਨਣ ਵਾਲੇ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਨੇ ਇਸ ਇਲਾਕੇ ਨੂੰ ਲੱਖਾਂ ਰੁਪਇਆਂ ਦੀ ਉਪਜ ਪੈਦਾ ਕਰਨ ਦਾ ਵਰ ਦਿੱਤਾ ਸੀ। ਇਸ ਦਾ ਉੱਲੇਖ ਕਵੀ ਹਰਿੰਦਰ ਮਹਿਬੂਬ ਨੇ ਕੀਤਾ ਹੈ—'ਲੱਖੀ ਜੰਗਲ ਦੇ ਬਿਰਛਾਂ ਤੇ,/ ਕੋਇਲਾਂ ਬਿਰਹੋਂ ਵਾਰੇ।'

ਲੱਛਮਣ : ਅਯੋਧਿਆ ਦੇ ਰਾਜਾ ਦਸ਼ਰਥ ਦੇ ਘਰ ਸੁਮਿਤ੍ਰਾ ਦੀ ਕੁੱਖੋਂ ਪੈਦਾ ਹੋਇਆ ਲੱਛਮਣ (ਲਕ੍ਸ਼ਮਣ) ਸ੍ਰੀ ਰਾਮਚੰਦਰ ਦਾ ਛੋਟਾ ਮਤਰੇਇਆ ਭਰਾ ਸੀ। ਇਸ ਦੇ ਛੋਟੇ ਜੁੜਵੇਂ ਭਰਾ ਦਾ ਨਾਂ ਸ਼ਤ੍ਰੁਘਨ ਸੀ। ਰਿਸ਼ੀਸ਼ਿੰਗ ਦੁਆਰਾ ਕੀਤੇ ਪੁਤ੍ਰੇਸ਼ਟਿ ਯੱਗ ਵਿਚੋਂ ਨਿਕਲੇ ਤੇਜਸਵੀ ਪੁਰਸ਼ ¯ ਨੇ ਜੋ ਦੁੱਧ ਲਿਆਉਂਦਾ, ਉਸ ਦੇ ਸੇਵਨ ਨਾਲ ਸੁਮਿਤ੍ਰਾ ਨੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਜਨਮ ਦਿੱਤਾ। ਲੱਛਮਣ ਦਾ ਵਿਆਹ ਉਰਮਿਲਾ ਨਾਲ ਹੋਇਆ ਜਿਸ ਨੇ ਚੰਦ੍ਰਕੇਤੁ ਅਤੇ ਅੰਗਦ ਨਾਂ ਦੇ ਦੋ ਪੁੱਤਰਾਂ ਨੂੰ ਜਨਮ ਦਿੱਤਾ। 'ਅਧਿਆਤਮ ਰਾਮਾਇਣ' ਵਿਚ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਦਸਿਆ ਗਿਆ ਹੈ।

ਜਦੋਂ ਸ੍ਰੀ ਰਾਮਚੰਦਰ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਮਿਲਿਆ ਤਾਂ ਇਸ ਨੇ ਰਾਮ ਅਤੇ ਸੀਤਾ ਦੇ ਨਾਲ ਬਨ ਵਿਚ ਜਾਣ ਦੀ ਪ੍ਰਤਿਗਿਆ ਕੀਤੀ ਅਤੇ ਬਿਨਾ ਆਪਣੇ ਸੁਖ ਨੂੰ ਵਿਚਾਰਿਆਂ ਤਨੋਂ, ਮਨੋਂ ਉਨ੍ਹਾਂ ਦੀ ਨਿਸ਼ਕਾਮ ਸੇਵਾ ਕਰਕੇ ਇਕ ਆਗਿਆਕਾਰੀਭਰਾ ਦਾ ਅਦੁੱਤੀ ਨਮੂਨਾ ਪੇਸ਼ ਕੀਤਾ। ਇਸ ਦੀ ਇਸ ਮਹਾਨ ਸਾਧਨਾ ਕਰਕੇ ਕਾਲਾਂਤਰ ਵਿਚ ਇਸ ਨੂੰ ਛੇ ਜਤੀਆਂ ਵਿਚ ਗਿਣਿਆ ਜਾਣ ਲਗਿਆ। ਇਸ ਨੇ ਰਾਮ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਅਨੇਕ ਰਾਖਸ਼ਾਂ ਨਾਲ ਯੁੱਧ ਕੀਤੇ। ਰਾਮ ਤੋਂ ਆਗਿਆ ਲੈ ਕੇ ਇਸ ਨੇ ਸ਼ੂਰਪਣਖਾ ਦਾ ਨੱਕ ਤੇ ਕੰਨ ਵੱਢ ਦਿੱਤੇ। ਜਦੋਂ ਰਾਮ ਮਾਯਾਵੀ ਮ੍ਰਿਗ ਦਾ ਪਿਛਾ ਕਰਦਿਆਂ ਦੂਰ ਨਿਕਲ ਗਏ ਤਾਂ ਉਨ੍ਹਾਂ ਦੀ ਸਹਾਇਤਾ ਲਈ ਇਸ ਨੇ 'ਪੰਚਵਟੀ' ਤੋਂ ਜਾਣ ਲਗਿਆਂ ਕੁਟੀਆ ਦੇ ਇਰਦ-ਗਿਰਦ ਸੀਤਾ ਦੀ ਸੁਰਖਿਆ ਲਈ ਰਾਮ ਦਾ ਨਾਂ ਲੈ ਕੇ ਇਕ ਲਕੀਰ ਲਗਾ ਦਿੱਤੀ ਸੀ। ਉਸ ਦਾ ਹਵਾਲਾ ਸ਼ਿਵ ਕੁਮਾਰ ਬਟਾਲਵੀ ਨੇ ਇਸ ਤਰ੍ਹਾਂ ਦਿੱਤਾ ਹੈ—'ਪੰਚਵਟੀ ਦੇ ਬਾਹਰ ਮਾਰ ਦੇ/ਲੱਛਮਣ ਵਾਂਗ ਲਕੀਰਾਂ/ਭਾਵੇਂ ਤੇਰੀ ਜੋਤ ਕੋਈ, ਬਾਲੇ/ਪਾ ਕੇ ਦੇਸੀ ਘੀ।'

ਰਾਮ-ਰਾਵਣ ਯੁੱਧ ਵਿਚ ਇਹ ਬਰਛੀ ਲੱਗਣ ਨਾਲ ਘਾਇਲ ਹੋਇਆ। ਸੁਸ਼ੇਣ ਅਤੇ ਹਨੂਮਾਨ ਦੀ ਸਹਾਇਤਾ ਨਾਲ ਸੰਜੀਵਨੀ ਬੂਟੀ ਮੰਗਵਾ ਕੇ ਇਸ ਦੇ ਪ੍ਰਾਣਾਂ ਦੀ ਰਖਿਆ ਕੀਤੀ ਗਈ।

'ਬਾਲਮੀਕੀ ਰਾਮਾਇਣ' ਅਨੁਸਾਰ ਲੱਛਮਣ ਨੇ ਦੁਰਬਾਸਾ ਦੇ ਸਰਾਪ ਦੇ ਡਰ ਤੋਂ ਯੋਗ-ਕ੍ਰਿਆ ਰਾਹੀਂ ਸਰਯੂ ਨਦੀ ਦੇ ਕੰਢੇ ਸਦੀਵੀ ਸਮਾਧੀ ਲੈਣ ਵੇਲੇ ਆਪਣੀ ਰਹਿੰਦੀ ਆਯੂ ਰਾਮ ਦੇ ਨਾਂ ਸੰਕਲਪ ਕਰ ਦਿੱਤੀ, ਕਿਉਂਕਿ ਉਨ੍ਹਾਂ ਦਾ ਅੰਤ-ਕਾਲ ਆ ਚੁਕਿਆ ਸੀ। ਇਸ ਘਟਨਾ ਵਲ ਗੁਰੂ ਨਾਨਕ ਦੇਵ ਨੇ ਸੰਕੇਤ ਕੀਤਾ ਹੈ—'ਸੀਤਾ ਲੈ ਗਇਆ

ਦਹਸਿਰੁ ਲਛਮਣੁ ਮੂਓ ਸਰਾਪਿ ।/ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ' (ਆ. ਗ੍ਰੰ. 1412) ।

ਲੱਛਮੀ, ਦੇਵੀ : ਸਾਧਾਰਣ ਤੌਰ ਤੇ ਵਿਸ਼ਣੂ ਦੀ ਪਤਨੀ ਦੇ ਰੂਪ ਵਿਚ ਜਾਣੀ ਜਾਂਦੀ ਲੱਛਮੀ (ਲਕ੍ਸ਼ਮੀ) ਦਾ ਉੱਲੇਖ 'ਰਿਗਵੇਦ' ਦੇ 'ਪੁਰੁਸ਼-ਸੂਕ੍ਤ' ਵਿਚ ਹੋਇਆ ਹੈ । ਆਗਮ-ਸਾਹਿੱਤ ਜਾਂ ਸ਼ਾਸਤ੍ਰਾਂ ਵਿਚ ਇਸ ਨੂੰ ਵਿਸ਼ਣੂ (ਪਰਮਾਤਮਾ) ਨਾਲ ਅਭਿੰਨ ਮੰਨਿਆ ਗਿਆ ਹੈ ਜੋ ਇਸ ਦੀ ਸਰਵ-ਸ੍ਰੇਸ਼ਠ ਅਵਸਥਾ ਹੈ ਪਰ ਸ੍ਰਿਸ਼ਟੀ ਦੀ ਰਚਨਾ ਵੇਲੇ ਇਹ ਵਿਸ਼ਣੂ ਤੋਂ ਭਿੰਨ ਪ੍ਰਤੀਤ ਹੁੰਦੀ ਹੈ ।

ਇਤਿਹਾਸ ਅਤੇ ਪੁਰਾਣ ਕਾਲ ਵਿਚ ਲਕ੍ਸ਼ਮੀ ਨੂੰ 'ਸ਼੍ਰੀ' ਨਾਲ ਇਕਮਿਕ ਕਰ ਕੇ ਇਸ ਨੂੰ ਵਿਸ਼ਣੂ ਦੀ ਪਤਨੀ ਰੂਪ ਵਿਚ ਸਥਾਪਿਤ ਕੀਤਾ ਗਿਆ ਹੈ ਅਤੇ ਕਾਮ ਦੀ ਮਾਤਾ ਵੀ ਕਿਹਾ ਗਿਆ ਹੈ । ਸਮੁੰਦਰ ਰਿੜਕਣ ਵੇਲੇ ਪ੍ਰਗਟ ਹੋਣ ਵਾਲੇ ਚੌਦਾਂ ਰਤਨਾਂ ਵਿਚ ਇਸ ਦੀ ਗਿਣਤੀ ਕੀਤੀ ਜਾਂਦੀ ਹੈ । ਇਹ ਸਮੁੰਦਰ ਵਿਚੋਂ ਹੱਥ ਵਿਚ ਕੰਵਲ ਲਈ ਹੋਇਆਂ ਪ੍ਰਗਟ ਹੋਈ ਸੀ; ਇਸ ਲਈ ਇਸ ਦਾ ਇਕ ਨਾਂ 'ਪਦ੍ਮਾ', 'ਕਵਲਾ' ਜਾਂ 'ਕਮਲਾ' ਵੀ ਹੈ ।

ਇਹ ਸਮੁੰਦਰ ਵਿਚੋਂ ਕਿਉਂ ਪ੍ਰਗਟ ਹੋਈ ? ਇਸ ਬਾਰੇ 'ਵਿਸ਼ਣੁ-ਪੁਰਾਣ' (1/8) ਵਿਚ ਲਿਖਿਆ ਹੈ ਕਿ ਇਕ ਵਾਰ ਸ਼ੰਕਰ ਦੇ ਅੰਸ਼ਾਵਤਾਰ ਦੁਰਬਾਸਾ ਨੂੰ ਇਕ ਵਿਦਿਆ-ਧਰੀ ਤੋਂ ਸੰਤਾਨਕ ਪੁਸ਼ਪਾਂ (ਫੁੱਲਾਂ) ਦੀ ਇਕ ਦੈਵੀ ਮਾਲਾ ਪ੍ਰਾਪਤ ਹੋਈ । ਉਸ ਨੇ ਇਹ ਮਾਲਾ ਐਰਾਵਤ ਹਾਥੀ ਉਤੇ ਚੜ੍ਹੇ ਜਾ ਰਹੇ ਇੰਦਰ ਨੂੰ ਦੇ ਦਿੱਤੀ । ਇੰਦਰ ਨੇ ਉਹ ਮਾਲਾ ਅਗੋਂ ਹਾਥੀ ਨੂੰ ਪਾ ਦਿੱਤੀ; ਹਾਥੀ ਨੇ ਉਸ ਨੂੰ ਧਰਤੀ ਉਤੇ ਸੁਟ ਦਿੱਤਾ । ਇਸ ਗੱਲ 'ਤੇ ਨਾਰਾਜ਼ ਹੋ ਕੇ ਦੁਰਬਾਸਾ ਨੇ ਇੰਦਰ ਨੂੰ ਸ਼੍ਰੀ-ਹੀਨ ਹੋਣ ਦਾ ਸਰਾਪ ਦਿੱਤਾ । ਸ਼੍ਰੀ-ਹੀਨ ਹੋਏ ਸਾਰੇ ਦੇਵਤਿਆਂ ਆਦਿ ਨੂੰ ਦੈਂਤਾਂ ਨੇ ਭਜਾ ਦਿੱਤਾ । ਉਹ ਸਾਰੇ ਬ੍ਰਹਮਾ ਦੀ ਸ਼ਰਣ ਵਿਚ ਗਏ । ਬ੍ਰਹਮਾ ਨੇ ਉਨ੍ਹਾਂ ਨੂੰ ਵਿਸ਼ਣੂ ਕੋਲ ਭੇਜ ਦਿੱਤਾ । ਵਿਸ਼ਣੂ ਨੇ ਦੈਂਤਾਂ ਦੇ ਮਿਲਵਰਤਨ ਨਾਲ ਸਮੁੰਦਰ ਰਿੜਕਣ ਦੀ ਵਿਵਸਥਾ ਕੀਤੀ ।

ਸਮੁੰਦਰ ਰਿੜਕਣ ਨਾਲ ਸ਼੍ਰੀ (ਲਕ੍ਸ਼ਮੀ) ਫਿਰ ਤੋਂ ਪ੍ਰਗਟ ਹੋਈ ਅਤੇ ਵਿਸ਼ਣੂ ਦੇ ਨਾਲ ਬੈਠ ਗਈ । ਭਗਤ ਤ੍ਰਿਲੋਚਨ ਨੇ ਦਸਿਆ ਹੈ—'ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀਚੇ ਨਾਥੰ' (ਆ. ਗ੍ਰੰ. 695) । ਇੰਦਰ ਦੀ ਪੂਜਾ ਤੋਂ ਪ੍ਰਸੰਨ ਹੋ ਕੇ ਲਕ੍ਸ਼ਮੀ ਨੇ ਦੇਵਤਿਆਂ ਨੂੰ ਯਕੀਨ ਦਿਵਾਇਆ ਕਿ ਹੁਣ ਉਹ ਪ੍ਰਿਥਵੀ ਤੋਂ ਨਹੀਂ ਜਾਏਗੀ । ਇਹੀ ਕਾਰਣ ਹੈ ਕਿ ਜਦ ਵਿਸ਼ਣੂ ਅਵਤਾਰ ਧਾਰਦੇ ਹਨ, ਤਾਂ ਸ਼੍ਰੀ ਅਥਵਾ ਲਕ੍ਸ਼ਮੀ ਸੀਤਾ, ਰੁਕ੍ਮਿਣੀ, ਆਦਿ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ । ਕਿਤੇ-ਕਿਤੇ ਇਹ ਵੀ ਲਿਖਿਆ ਹੈ ਕਿ ਲਕ੍ਸ਼ਮੀ ਭ੍ਰਿਗੂ ਦੀ ਧੀ ਸੀ ਜੋ ਖ੍ਯਾਤੀ ਦੀ ਕੁੱਖੋਂ ਪੈਦਾ ਹੋਈ ।

ਲਕ੍ਸ਼ਮੀ ਚਾਰ ਭੁਜਾਵਾਂ ਵਾਲੀ ਸੁੰਦਰਤਾ ਦੀ ਸਾਕਾਰ ਮੂਰਤੀ ਹੈ । ਇਸ ਦੇ ਇਕ ਹੱਥ ਵਿਚ ਆਮ ਤੌਰ ਤੇ ਕਮਲ ਦਾ ਫੁਲ ਫੜਿਆ ਹੁੰਦਾ ਹੈ । ਇਸ ਦਾ ਆਪਣਾ ਕੋਈ ਸੁਤੰਤਰ ਮੰਦਿਰ ਜਾਂ ਧਰਮ-ਧਾਮ ਨਹੀਂ ਹੈ । ਪਰ ਇਸ ਨੂੰ ਧਨ ਜਾਂ ਚੰਗੀ ਕਿਸਮਤ

ਦੀ ਦੇਵੀ ਮੰਨ ਲੈਣ ਨਾਲ ਇਸ ਦੀ ਪੂਜਾ ਹੁੰਦੀ ਰਹਿੰਦੀ ਹੈ। ਦਿਵਾਲੀ ਵਾਲੇ ਦਿਨ ਇਸ ਦੀ ਉਚੇਚੀ ਪੂਜਾ ਹੁੰਦੀ ਹੈ। ਆਮ ਵਿਸ਼ਵਾਸ ਹੈ ਕਿ ਦਿਵਾਲੀ ਵਾਲੇ ਦਿਨ ਲਕ੍ਸ਼ਮੀ ਦੇਵੀ ਹਰ ਇਕ ਦੇ ਘਰ ਜਾਂਦੀ ਹੈ। ਇਸ ਵਿਸ਼ਵਾਸ ਅਧੀਨ ਲੋਕੀਂ ਆਪਣਾ ਘਰ-ਬਾਰ ਸਜਾ ਕੇ ਅਤੇ ਦੀਵਿਆਂ ਨਾਲ ਜਗਮਗ ਕਰਕੇ ਲਕ੍ਸ਼ਮੀ ਦੀ ਉਡੀਕ ਕਰਦੇ ਹਨ। ਵਕਤ ਬਿਤਾਉਣ ਲਈ ਜੂਆ ਆਦਿ ਵੀ ਖੇਡਦੇ ਹਨ। ਧਨ ਦੀ ਦੇਵੀ ਦੇ ਰੂਪ ਵਿਚ ਭਗਤ ਤ੍ਰਿਲੋਚਨ ਨੇ ਇਸ ਦਾ ਜ਼ਿਕਰ ਕੀਤਾ ਹੈ—'ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।/ਸਰਪ ਜੋਨਿ ਵਲਿ ਵਲਿ ਅਉਤਰੈ' (ਅ. ਗ੍ਰੰ. 526)।

ਲਲਾ ਬਹਲੀਮਾ ਕੀ ਧੁਨਿ : ਵਡਹੰਸ ਰਾਗ ਵਿਚ ਲਿਖੀ ਗੁਰੂ ਰਾਮ ਦਾਸ ਦੀ ਵਾਰ ਨੂੰ 'ਲਲਾ ਬਹਲੀਮਾ ਕੀ ਵਾਰ' ਦੀ ਧੁਨਿ ਉਤੇ ਗਾਉਣ ਲਈ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਗੁਰੂ ਅਰਜਨ ਦੇਵ ਨੇ ਸੰਕੇਤ-ਸੂਚਕ ਉਕਤੀ ਅੰਕਿਤ ਕੀਤੀ ਸੀ।

ਰਵਾਇਤ ਅਨੁਸਾਰ ਲਲਾ ਅਤੇ ਬਹਿਲੀਮਾ ਨਾਂ ਦੇ ਦੋ ਜਾਗੀਰਦਾਰ ਕਾਂਗੜੇ ਦੇ ਇਲਾਕੇ ਵਿਚ ਰਹਿੰਦੇ ਸਨ। ਦੋਹਾਂ ਦੀ ਆਪਸ ਵਿਚ ਕਾਫ਼ੀ ਨਿਕਟਤਾ ਸੀ। ਲਲਾ ਦਾ ਇਲਾਕਾ ਖ਼ੁਸ਼ਕ ਸੀ ਅਤੇ ਬਰਸਾਤਾਂ ਉਤੇ ਨਿਰਭਰ ਕਰਦਾ ਸੀ। ਪਰ ਬਹਿਲੀਮਾ ਦਾ ਇਲਾਕਾ ਸਾਰਾ ਸਾਲ ਵਗਣ ਵਾਲੀ ਕੂਲ੍ਹ ਕਾਰਣ ਬਹੁਤ ਉਪਜਾਊ ਸੀ। ਇਕ ਵਾਰ ਮੀਂਹ ਨਾ ਪਿਆ ਅਤੇ ਲਲਾ ਦੇ ਇਲਾਕੇ ਵਿਚ ਅੰਨ ਪੈਦਾ ਹੋਣ ਦੀ ਸੰਭਾਵਨਾ ਖ਼ਤਮ ਹੋ ਗਈ। ਉਸ ਨੇ ਕਾਲ ਤੋਂ ਬਚਣ ਲਈ ਆਪਣੇ ਮਿੱਤਰ ਬਹਿਲੀਮਾ ਨੂੰ ਬੇਨਤੀ ਕਰ ਕੇ ਇਸ ਸ਼ਰਤ 'ਤੇ ਉਸ ਦੀ ਕੂਲ੍ਹ ਵਿਚੋਂ ਪਾਣੀ ਲਿਆ ਕਿ ਜਦੋਂ ਖੇਤੀ ਤਿਆਰ ਹੋਵੇਗੀ ਤਾਂ ਉਸ ਦਾ ਛੇਵਾਂ ਹਿੱਸਾ ਉਹ ਬਹਿਲੀਮਾ ਨੂੰ ਦੇਵੇਗਾ। ਪਰ ਖੇਤੀ ਦੇ ਪੱਕਣ ਤੇ ਉਹ ਮੁਕਰ ਗਿਆ। ਫਲਸਰੂਪ ਦੋਹਾਂ ਵਿਚ ਲੜਾਈ ਹੋਈ; ਇਸ ਵਿਚ ਲਲਾ ਮਾਰਿਆ ਗਿਆ। ਉਸ ਸਾਕੇ ਨੂੰ ਢਾਢੀਆਂ ਨੇ ਜਿਸ ਵਾਰ ਵਿਚ ਬੰਨ੍ਹਿਆ, ਉਸ ਦੀ ਲੋਕ-ਪ੍ਰਿਯਤਾ ਨੂੰ ਸਾਹਮਣੇ ਰਖਦਿਆਂ ਗੁਰੂ ਅਰਜਨ ਦੇਵ ਜੀ ਨੇ ਉਸ ਤਰਜ਼ ਉਤੇ 'ਵਡਹੰਸ ਦੀ ਵਾਰ' ਨੂੰ ਗਾਉਣ ਦਾ ਆਦੇਸ਼ ਦਿੱਤਾ ਹੈ। ਉਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ—'ਕਾਲ ਲਲਾ ਦੇ ਦੇਸ ਦਾ ਖੋਇਆ ਬਹਿਲੀਮਾ,/ਹਿੱਸਾ ਛਠਾ ਮਨਾਇਕੈ ਜਲ ਨਹਿਰੋਂ ਦੀਮਾ,/ਫਿਰਾਹੂਨ ਹੁਇ ਲਲਾ ਨੇ ਰਣ ਮੰਡਿਆ ਧੀਮਾ,/ਭੇੜ ਦੁਹੂੰ ਦਿਸ ਮੱਚਿਆ ਸਟ ਪਈ ਅਜੀਮਾ,/ਸਿਰ ਧੜ ਡਿੱਗੇ ਖੇਤ ਵਿਚ ਜਿਉ ਵਾਹਣ ਢੀਮਾ,/ਮਾਰ ਲਲਾ ਬਹਲੀਮ ਨੇ ਰਣ ਮੈ ਧਰ ਸੀਮਾ।'

ਲਾਹੌਰ : ਦਰਿਆਇ ਰਾਵੀ ਦੇ ਕੰਢੇ 'ਤੇ ਵਸਿਆ ਇਕ ਪ੍ਰਾਚੀਨ ਨਗਰ ਜੋ ਪਾਕਿਸਤਾਨ ਬਣਨ ਤਕ ਪੰਜਾਬ ਪ੍ਰਾਂਤ ਦੀ ਰਾਜਧਾਨੀ ਰਿਹਾ ਹੈ। ਹੁਣ ਇਹ ਪੱਛਮੀ ਪੰਜਾਬ ਦੀ ਰਾਜਧਾਨੀ ਹੈ। 'ਬਚਿਤ੍ਰ-ਨਾਟਕ' ਦੇ ਆਧਾਰ 'ਤੇ ਇਸ ਨੂੰ ਸ੍ਰੀ ਰਾਮ ਚੰਦਰ ਦੇ ਪੁੱਤਰ 'ਲਵ' ਨੇ ਵਸਾ ਕੇ ਇਸ ਦਾ ਨਾਂ 'ਲਵ-ਪੁਰ' ਰਖਿਆ। ਲਵ ਦੇ ਦੂਜੇ ਭਰਾ 'ਕੁਸ਼' ਨੇ ਕਸੂਰ ਨਗਰ ਕਾਇਮ ਕੀਤਾ—'ਸੀਅ ਸੁਤ ਬਹੁਰਿ ਭਏ ਦੁਇ ਰਾਜਾ।/ਰਾਜਪਾਟ ਉਨ ਹੀ ਕਉ ਛਾਜਾ।/ਮਦ੍ਰ ਦੇਸ ਏਸੁਰਜਾ ਬਰੀ ਜਬ।/ਭਾਂਤਿ ਭਾਂਤਿ ਕੇ ਜੱਗ ਕੀਏ ਤਬ।23।/ ਤਹੀ ਤਿਨੈ ਬਾਂਧੇ ਦੁਇ ਪੁਰਵਾ।/ਏਕ ਕਸੂਰ ਦੁਤੀਯ ਲਹੁਰਵਾ।'

ਮੁਸਲਮਾਨਾਂ ਦੇ ਹਮਲਿਆਂ ਤੋਂ ਪਹਿਲਾਂ ਲਾਹੌਰ ਉਤੇ ਸੋਲੰਕੀ, ਭੱਟੀ ਅਤੇ ਚੌਹਾਨ ਰਾਜਪੂਤਾਂ ਦਾ ਕਬਜ਼ਾ ਰਿਹਾ। ਫਿਰ ਹਿੰਦੂਸ਼ਾਹੀਆਂ ਨੇ ਇਸ ਉਤੇ ਅਧਿਕਾਰ ਕਰ ਲਿਆ।

ਅਗਸਤ, 997 ਈ. ਵਿਚ ਗ਼ਜ਼ਨੀ ਦੇ ਬਾਦਸ਼ਾਹ ਸੁਬਕਤਗੀਨ ਦੀ ਮੌਤ ਤੋਂ ਬਾਦ ਮਹਿਮੂਦ ਗ਼ਜ਼ਨਵੀ 27 ਵਰ੍ਹਿਆਂ ਦੀ ਉਮਰ ਵਿਚ ਰਾਜ-ਗੱਦੀ ਉਤੇ ਬੈਠਾ। ਉਸ ਨੇ ਹਿੰਦੁਸਤਾਨ ਉਤੇ ਲਗਾਤਾਰ ਹਮਲੇ ਕਰ ਕੇ ਜਿਥੇ ਹਿੰਦੁਸਤਾਨੀਆਂ ਦੇ ਆਤਮ-ਗੌਰਵ ਨੂੰ ਝੰਜੋੜ ਦਿੱਤਾ, ਉਥੇ ਮੁਸਲਮਾਨਾਂ ਲਈ ਹਿੰਦੁਸਤਾਨ ਵਲ ਵੱਧਣ ਦਾ ਰਾਹ ਮੋਕਲਾ ਕਰ ਦਿੱਤਾ। 28 ਨਵੰਬਰ, 1001 ਈ. ਵਿਚ ਉਸ ਨੇ ਰਾਜਾ ਜੈਪਾਲ ਨੂੰ ਹਰਾਇਆ, ਪਰ ਉਸ ਨੇ ਮਹਿਮੂਦ ਨਾਲ ਸਮਝੌਤਾ ਕਰਕੇ ਢਾਈ ਲੱਖ ਦੀਨਾਰ ਅਤੇ 25 ਹਾਥੀ ਨਜ਼ਰਾਨੇ ਵਜੋਂ ਦਿੱਤੇ। ਜੈਪਾਲ ਨੇ ਇਸ ਨਮੋਸ਼ੀ ਤੋਂ ਬੱਚਣ ਲਈ ਸੰਨ 1002 ਈ. ਦੇ ਸ਼ੁਰੂ ਵਿਚ ਰਾਜ-ਅਧਿਕਾਰ ਆਪਣੇ ਪੁੱਤਰ ਅਨੰਦਪਾਲ (ਅਨੰਗਪਾਲ) ਨੂੰ ਸੌਂਪ ਕੇ, ਆਪ ਚਿੱਤਾ ਵਿਚ ਪ੍ਰਵੇਸ਼ ਕੀਤਾ। ਅਨੰਦਪਾਲ ਦੇ ਸੰਨ 1013 ਈ. ਵਿਚ ਘੋੜੇ ਤੋਂ ਡਿਗ ਕੇ ਮਰਨ ਨਾਲ ਲਾਹੌਰ ਦਾ ਸ਼ਾਸਨ ਫਿਰ ਤੋਂ ਡਾਵਾਂਡੋਲ ਹੋਇਆ, ਪਰ ਅਨੰਦਪਾਲ ਦੇ ਲੜਕੇ ਤ੍ਰਿਲੋਚਨਪਾਲ ਨੇ ਫਿਰ ਸਥਿਤੀ ਸੰਭਾਲ ਲਈ। ਸੰਨ 1021-22 ਈ. ਤਕ ਉਹ ਮਹਿਮੂਦ ਗ਼ਜ਼ਨਵੀ ਨਾਲ ਜੂਝਦਾ ਰਿਹਾ, ਪਰ ਆਪਣੇ ਹੀ ਆਦਮੀਆਂ ਹੱਥੋਂ ਉਸ ਦੇ ਮਾਰੇ ਜਾਣ ਨਾਲ ਲਾਹੌਰ ਅਤੇ ਪੰਜਾਬ ਸਥਾਈ ਤੌਰ 'ਤੇ ਮੁਸਲਮਾਨਾਂ ਅਧੀਨ ਹੋ ਗਏ।

ਮਹਿਮੂਦ ਗ਼ਜ਼ਨਵੀ ਨੇ ਲਾਹੌਰ ਦਾ ਨਾਂ ਮਹਿਮੂਦਪੁਰ ਰਖਿਆ, ਪਰ ਇਹ ਨਾਂ ਬਹੁਤਾ ਪ੍ਰਚਲਿਤ ਨਾ ਹੋਇਆ। ਸੰਨ 1398 ਈ. ਵਿਚ ਇਸ ਉਤੇ ਤੈਮੂਰ ਨੇ ਆਪਣੀ ਹਕੂਮਤ ਕਾਇਮ ਕੀਤੀ। ਫਿਰ ਇਹ ਲੋਧੀਆਂ ਦੇ ਅਧਿਕਾਰ ਅਧੀਨ ਰਿਹਾ। ਸੰਨ 1524 ਈ. ਵਿਚ ਇਸ ਉਤੇ ਬਾਬਰ ਨੇ ਆਪਣੇ ਚੌਥੇ ਹਮਲੇ ਵੇਲੇ ਕਬਜ਼ਾ ਕਰਕੇ ਮੁਗ਼ਲ ਰਾਜ ਦਾ ਅੰਗ ਬਣਾ ਦਿੱਤਾ। ਉਦੋਂ ਲਾਹੌਰ ਉਤੇ ਬਹੁਤ ਜ਼ੁਲਮ ਢਾਏ ਗਏ। ਹਜ਼ਾਰਾਂ ਨਿਰਦੋਸ਼ ਬੰਦੇ ਮਾਰੇ ਗਏ। ਇਸ ਦੁਖਮਈ ਸਥਿਤੀ ਦਾ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਚਿਤ੍ਰਣ ਕਰਦਿਆਂ ਲਿਖਿਆ ਹੈ—'ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ' (ਅ. ਗ੍ਰੰ. 1412)।

ਕਾਬਲ ਤੋਂ ਦਿੱਲੀ ਦੇ ਰਸਤੇ ਵਿਚ ਪੈਣ ਕਾਰਣ ਬਾਬਰ ਨੇ ਇਸ ਨਗਰ ਦੀ ਇਤਿਹਾਸਿਕ ਅਹਿਮੀਅਤ ਨੂੰ ਪਛਾਣਿਆ ਅਤੇ ਇਸ ਨੂੰ ਇਕ ਪ੍ਰਕਾਰ ਦੀ ਉੱਤਰ-ਪੱਛਮੀ ਖੇਤਰ ਦੀ ਰਾਜਧਾਨੀ ਬਣਾਇਆ। ਬਾਦ ਦੇ ਮੁਗ਼ਲ ਬਾਦਸ਼ਾਹਾਂ ਨੇ ਇਥੇ ਅਨੇਕ ਪ੍ਰਕਾਰ ਦੀਆਂ ਇਮਾਰਤਾਂ ਬਣਵਾ ਕੇ ਇਸ ਦੇ ਗੌਰਵ ਨੂੰ ਬਣਾਈ ਰਖਿਆ। ਸੰਨ 1799 ਈ. ਵਿਚ ਇਸ ਉਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਅਧਿਕਾਰ ਸਥਾਪਿਤ ਕਰ ਕੇ ਲਾਹੌਰ ਦਰਬਾਰ ਕਾਇਮ ਕੀਤਾ। 29 ਮਾਰਚ, 1849 ਈ. ਵਿਚ ਇਸ ਉਤੇ ਅੰਗ੍ਰੇਜ਼ਾਂ ਦਾ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ। ਦੇਸ਼-ਵੰਡ ਵੇਲੇ ਇਹ ਪਾਕਿਸਤਾਨ ਦੇ ਹਿੱਸੇ ਆਇਆ। ਇਸ ਨਗਰ ਵਿਚ ਸਿੱਖ-ਇਤਿਹਾਸ ਨਾਲ ਸੰਬੰਧਿਤ ਇਕ ਦਰਜਨ ਸਥਾਨ ਹਨ,

ਜਿਨ੍ਹਾਂ ਵਿਚੋਂ ਗੁਰਦੁਆਰਾ ਡੇਰਾ ਸਾਹਿਬ ਖ਼ਾਸ ਮਹੱਤਵ ਰਖਦਾ ਹੈ ਜਿਥੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕੀਤਾ ਗਿਆ ਸੀ। ਇਸੇ ਤਰ੍ਹਾਂ ਸਿੱਖ-ਸ਼ਹੀਦਾਂ ਦੀ ਯਾਦ ਵਿਚ ਬਣਿਆ ਸ਼ਹੀਦਗੰਜ ਵੀ ਵਿਸ਼ੇਸ਼ ਉੱਲੇਖਯੋਗ ਹੈ। ਹੁਣ ਇਹ ਨਗਰ ਕਾਫ਼ੀ ਵਿਕਸਿਤ ਹੋ ਗਿਆ ਹੈ ਅਤੇ ਨਵੀਂ ਅਤੇ ਪੁਰਾਣੀ, ਦੋ ਆਬਾਦੀਆਂ ਵਿਚ ਵੰਡਿਆ ਹੋਇਆ ਹੈ।

ਲਾਜਪਤ ਰਾਇ, ਲਾਲਾ : ਪੰਜਾਬ ਦਾ ਇਕ ਲੋਕ-ਸੇਵੀ ਨੇਤਾ ਜਿਸ ਦਾ ਜਨਮ 28 ਜਨਵਰੀ, 1865 ਈ. ਨੂੰ ਮੋਗੇ ਦੇ ਨੇੜੇ ਢੁਡੀਕੇ ਪਿੰਡ ਵਿਚ ਹੋਇਆ ਜਿਥੇ ਇਸ ਦੇ ਪਿਤਾ ਸ੍ਰੀ ਰਾਧਾ ਕਿਸ਼ਨ ਸਰਕਾਰੀ ਹਾਈ ਸਕੂਲ ਵਿਚ ਅਧਿਆਪਕ ਸਨ; ਉਂਜ ਇਨ੍ਹਾਂ ਦਾ ਜੱਦੀ ਸਥਾਨ ਜਗਰਾਉਂ (ਜ਼ਿਲਾ ਲੁਧਿਆਣਾ) ਹੈ।

ਲਾਜਪਤ ਰਾਇ ਨੇ ਵਕਾਲਤ ਦੀ ਪਰੀਖਿਆ ਪਾਸ ਕਰਕੇ ਪਹਿਲਾਂ ਹਿਸਾਰ ਵਿਚ ਅਤੇ ਫਿਰ ਲਾਹੌਰ ਵਿਚ ਵਕਾਲਤ ਦਾ ਕੰਮ ਸ਼ੁਰੂ ਕੀਤਾ। ਸ਼ੁਰੂ ਤੋਂ ਹੀ ਇਹ ਆਰਯ ਸਮਾਜ ਦੇ ਵਿਦਿਅਕ ਅਤੇ ਲੋਕ-ਭਲਾਈ ਦੇ ਕੰਮ ਵਿਚ ਰੁਚੀ ਲੈਣ ਲਗ ਗਿਆ। ਕਾਂਗ੍ਰਸ ਪਾਰਟੀ ਦੀਆਂ ਸਮਾਜ-ਸੁਧਾਰਕ ਕਾਰਵਾਈਆਂ ਤੋਂ ਪ੍ਰਭਾਵਿਤ ਹੋ ਕੇ ਇਹ ਉਸ ਪਾਰਟੀ ਵਿਚ ਸ਼ਾਮਲ ਹੋਇਆ। ਮਹਾਤਮਾ ਗਾਂਧੀ ਵਲੋਂ ਅਫ਼ਰੀਕਾ ਵਿਚ ਚਲਾਏ ਸਤਿਆਗ੍ਰਹ ਅੰਦੋਲਨ ਸੰਬੰਧੀ ਭਾਰਤੀ ਪੱਖ ਪੇਸ਼ ਕਰਨ ਵਾਲੇ ਪ੍ਰਤਿਨਿਧੀ-ਮੰਡਲ ਦੇ ਨਾਲ ਇਹ ਸੰਨ 1905 ਈ. ਵਿਚ ਇੰਗਲੈਂਡ ਗਿਆ। ਸੰਨ 1920 ਈ. ਵਿਚ ਇਹ ਕਲਕੱਤਾ ਵਿਚ ਹੋਈ ਕਾਂਗ੍ਰਸ ਕਾਨਫ੍ਰੇਂਸ ਦਾ ਪ੍ਰਧਾਨ ਬਣਿਆ। ਇਸ ਨੇ 'ਤਿਲਕ ਸਕੂਲ ਆਫ਼ ਪਾਲਿਟਿਕਸ' ਅਤੇ 'ਸਰਵੇਂਟਸ ਆਫ਼ ਦਿ ਪੀਪਲ ਸੋਸਾਇਟੀ' ਦਾ ਸੰਚਾਲਨ ਕੀਤਾ।

ਕਾਂਗ੍ਰਸ ਦੇ ਗਰਮ ਧੜੇ ਦੀਆਂ ਕਾਰਵਾਈਆਂ ਵਿਚ ਰੁਚੀ ਰਖਣ ਕਾਰਣ ਅੰਗ੍ਰੇਜ਼ ਸਰਕਾਰ ਨੇ ਸੰਨ 1914 ਈ. ਵਿਚ ਇਸ ਨੂੰ ਦੇਸ਼-ਨਿਕਾਲਾ ਦਿੱਤਾ। ਉਸ ਦੌਰਾਨ ਇਸ ਨੇ ਇੰਗਲੈਂਡ, ਜਾਪਾਨ ਅਤੇ ਅਮਰੀਕਾ ਵਿਚ ਦੇਸ਼ ਦੀ ਸੁਤੰਤਰਤਾ ਲਈ ਚੇਤਨਾ ਪੈਦਾ ਕੀਤੀ। ਸੰਨ 1923 ਈ. ਵਿਚ ਇਹ ਭਾਰਤੀ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ। ਮਹਾਤਮਾ ਗਾਂਧੀ ਦੁਆਰਾ ਚਲਾਏ ਅਸਹਿਯੋਗ ਅੰਦੋਲਨ ਦਾ ਡੀ.ਏ.ਵੀ. ਕਾਲਜ ਸੰਸਥਾ ਵਲੋਂ ਸਮਰਥਨ ਨਾ ਕਰਨ ਕਰਕੇ ਇਹ ਉਸ ਸੰਸਥਾ ਤੋਂ ਵੱਖ ਹੋ ਗਿਆ। ਇਹ ਇਕ ਚੰਗਾ ਵਕਤਾ ਅਤੇ ਸੁਗੜ ਲੇਖਕ ਵੀ ਸੀ। ਅੰਗ੍ਰੇਜ਼ੀ ਅਤੇ ਉਰਦੂ ਵਿਚ ਲਿਖੀਆਂ ਇਸ ਦੀਆਂ ਕਈ ਪੁਸਤਕਾਂ ਮਿਲਦੀਆਂ ਹਨ।

ਇਸ ਨੇ ਕਾਂਗ੍ਰਸ ਵਲੋਂ ਚਲਾਏ ਲਗਭਗ ਸਾਰੇ ਅੰਦੋਲਨਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ਅਸਹਿਯੋਗ ਅੰਦੋਲਨ ਵੇਲੇ ਕੈਦ ਹੋਣ ਕਾਰਣ ਇਸ ਨੂੰ ਜੇਲ ਵਿਚ ਤਪਦਿਕ ਹੋ ਗਿਆ, ਪਰ ਇਸ ਨੇ ਮਾਫ਼ੀ ਮੰਗ ਕੇ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ।

ਭਾਰਤ ਵਿਚ ਸਾਈਮਨ ਕਮਿਸ਼ਨ ਦੇ ਆਉਣ 'ਤੇ ਬਹੁਤ ਵਿਰੋਧ ਹੋਇਆ। 30 ਅਕਤੂਬਰ, 1928 ਈ. ਨੂੰ ਲਾਹੌਰ ਵਿਚ ਵੀ ਇਕ ਜਲੂਸ ਕਢਿਆ ਗਿਆ ਜਿਸ ਦੀ ਅਗਵਾਈ ਲਾਲਾ ਲਾਜਪਤ ਰਾਇ ਨੇ ਕੀਤੀ। ਉਸ ਜਲੂਸ ਉਤੇ ਪੁਲਿਸ ਵਲੋਂ ਚਲਾਈ ਗਈ ਲਾਠੀ ਕਾਰਣ ਇਹ ਵੀ ਜ਼ਖ਼ਮੀ ਹੋਇਆ ਜਿਸ ਦੇ ਫਲਸਰੂਪ 17 ਨਵੰਬਰ, 1928

ਈ. ਨੂੰ ਇਸ ਦਾ ਦੇਹਾਂਤ ਹੋ ਗਿਆ। ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਵਿਚ ਲਾਲਾ ਲਾਜਪਤ ਰਾਇ ਦਾ ਨਾਂ ਵੀ ਆਦਰ ਨਾਲ ਗਿਣਿਆ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਕਵਿਤਾ ਵਿਚ ਇਸ ਦਾ ਹਵਾਲਾ ਦਿੰਦਿਆਂ ਲਿਖਿਆ ਹੈ—'ਲਾਜਪਤ ਜਿਹੇ ਬਣ ਗਏ ਤੇਰੀ/ਲਾਜ ਪੱਤ ਦੇ ਰਾਖੇ।'

ਲਾਲ ਕਿਲਾ : ਦਿੱਲੀ ਵਿਚ ਯਮਨਾ ਨਦੀ ਦੇ ਕੰਢੇ ਉਸਰਿਆ ਲਾਲ ਕਿਲਾ ਭਾਰਤ ਦਾ ਇਕ ਰਾਸ਼ਟਰੀ ਪ੍ਰਤੀਕ ਹੈ। ਇਸ ਉਤੇ ਹਰ 15 ਅਗਸਤ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਕੌਮ ਨੂੰ ਮੁਖ਼ਾਤਬ ਹੁੰਦੇ ਹਨ। ਇਸ ਨੂੰ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੇ ਸੰਨ 1639 ਈ. ਵਿਚ ਬਣਵਾਉਣਾ ਸ਼ੁਰੂ ਕੀਤਾ ਅਤੇ ਗ਼ੈਰਤਖ਼ਾਨ ਦੀ ਨਿਗਰਾਨੀ ਅਧੀਨ ਨੌਂ ਸਾਲਾਂ ਬਾਦ ਮੁਕੰਮਲ ਹੋਇਆ। ਇਸ ਵਿਚ ਬਣੇ ਦੀਵਾਨੇ-ਆਮ ਵਿਚ ਸ਼ਾਹਜਹਾਂ ਆਮ ਦਰਬਾਰ ਲਗਾਉਂਦਾ ਹੁੰਦਾ ਸੀ ਅਤੇ ਦੀਵਾਨੇ-ਖ਼ਾਸ ਵਿਚ ਬਾਦਸ਼ਾਹ ਆਪਣੇ ਚੁਣੇ ਹੋਏ ਦਰਬਾਰੀਆਂ ਅਤੇ ਸਰਦਾਰਾਂ ਨੂੰ ਮਿਲਦਾ ਸੀ। ਇਸ ਵਿਚ ਇਕ ਸੰਗਮਰਮਰ ਦੇ ਮੰਚ ਉਤੇ 'ਤਖ਼ਤੇ-ਤਾਊਸ' ਸਥਾਪਿਤ ਸੀ ਜਿਸ ਉਤੇ ਬਾਦਸ਼ਾਹ ਖ਼ੁਦ ਬੈਠਦਾ ਸੀ ਅਤੇ ਉਸ ਦੇ ਵਜ਼ੀਰ ਆਦਿ ਨੇੜੇ ਦੇ ਮੰਚਾਂ ਜਾਂ ਫ਼ਰਸ਼ ਉਤੇ ਬੈਠ ਕੇ ਆਪਣੀ ਗੱਲ-ਬਾਤ ਕਰਦੇ ਸਨ ਜਾਂ ਬਾਦਸ਼ਾਹ ਤੋਂ ਹੁਕਮ ਲੈਂਦੇ ਸਨ। ਇਸ ਦੇ ਦੱਖਣ ਵਾਲੇ ਪਾਸੇ ਤਿੰਨ ਕਮਰਿਆਂ ਦਾ 'ਤਸਬੀਹਖ਼ਾਨਾ' ਹੈ ਅਤੇ ਇਸ ਤੋਂ ਪਿਛੇ ਤਿੰਨ ਕਮਰਿਆਂ ਵਾਲੀ 'ਖ਼੍ਵਾਬਗਾਹ'। ਦੀਵਾਨੇ-ਖ਼ਾਸ ਕੋਲ ਬਣੇ ਤਿੰਨ ਕਮਰਿਆਂ ਦੇ ਸ਼ਾਹੀ ਹਮਾਮ ਵਿਚ ਗਰਮ ਅਤੇ ਠੰਡੇ ਦੋਹਾਂ ਤਰ੍ਹਾਂ ਦੇ ਪਾਣੀਆਂ ਦੀ ਵਿਵਸਥਾ ਹੈ। ਇਸ ਵਿਚਲੇ ਇਕ ਕਮਰੇ ਵਿਚ ਗੁਲਾਬ-ਜਲ ਦਾ ਫ਼ੁਹਾਰਾ ਹੈ। ਸਾਰਾ ਵਾਤਾਵਰਣ ਸੁਹਾਵਣਾ ਹੋਣ ਕਾਰਣ ਇਸ ਨੂੰ ਸ਼ਾਹਜਹਾ ਨੇ ਧਰਤੀ ਉਤੇ ਬਹਿਸ਼ਤ ਕਿਹਾ ਸੀ। ਇਸ ਇਮਾਰਤ ਵਿਚ ਕੇਵਲ ਸਫ਼ੇਦ ਰੰਗ ਦਾ ਸੰਗਮਰਮਰ ਵਰਤਿਆ ਹੋਇਆ ਹੈ ਅਤੇ ਉਸ ਵਿਚ ਥਾਂ-ਪਰ-ਥਾਂ ਕੀਮਤੀ ਪੱਥਰ ਜੜ੍ਹੇ ਹੋਏ ਸਨ, ਜੋ ਬਾਦ ਦੇ ਹਮਲਾਵਰਾਂ ਨੇ ਕਢ ਲਏ ਸਨ।

ਕਿਲੇ ਦੇ ਵਾਤਾਵਰਣ ਨੂੰ ਠੀਕ ਰਖਣ ਲਈ ਕਈ ਨਹਿਰਾਂ ਬਣੀਆਂ ਹੋਈਆਂ ਹਨ। ਇਨ੍ਹਾਂ ਨੂੰ ਨਹਿਰੇ-ਬਹਿਸ਼ਤ ਕਿਹਾ ਜਾਂਦਾ ਸੀ। ਬਾਦਸ਼ਾਹ ਅਤੇ ਉਸ ਦੇ ਪਰਿਵਾਰ ਦੀ ਸੈਰ ਲਈ ਕਈ ਬਾਗ਼ ਵੀ ਬਣੇ ਹੋਏ ਸਨ, ਜਿਨ੍ਹਾਂ ਨੂੰ ਅੰਗ੍ਰੇਜ਼ਾਂ ਨੇ ਖ਼ਤਮ ਕਰਕੇ ਫ਼ੌਜੀ ਬੈਰਕਾਂ ਬਣਾਈਆਂ ਸਨ। ਇਸ ਕਿਲੇ ਅੰਦਰ 'ਰੰਗ ਮਹਲ', ਮੁਮਤਾਜ਼ ਮਹਲ' ਆਦਿ ਕੁਝ ਹੋਰ ਵੀ ਇਮਾਰਤਾਂ ਬਣੀਆਂ ਹੋਈਆਂ ਹਨ। ਔਰੰਗਜ਼ੇਬ ਨੇ ਆਪਣੀ ਇਬਾਦਤ ਲਈ ਕਿਲੇ ਅੰਦਰ ਮੋਤੀ-ਮਸਜਿਦ ਬਣਵਾਈ ਸੀ। ਲਾਲ ਪੱਥਰ ਦਾ ਬਣਿਆ ਹੋਣ ਕਾਰਣ ਇਸ ਕਿਲੇ ਦਾ ਨਾਂ 'ਲਾਲ ਕਿਲਾ' ਪ੍ਰਸਿੱਧ ਹੋਇਆ ਹੈ। ਇਸ ਦੇ ਦੋ ਦਰਵਾਜ਼ੇ ਹਨ। ਇਕ ਦਰਵਾਜ਼ਾ ਚਾਂਦਨੀ ਚੌਕ ਵਲ ਖੁਲਦਾ ਹੈ ਅਤੇ ਦੂਜਾ ਦਰਿਆ ਗੰਜ ਵਲ। ਕਿਲੇ ਦੇ ਇਰਦ-ਗਿਰਦ ਕਾਫ਼ੀ ਡੂੰਘੀ ਖਾਈ ਬਣੀ ਹੋਈ ਹੈ। ਦਰਿਆ ਵਾਲੇ ਪਾਸੇ ਇਕ ਵਿਸ਼ੇਸ਼ ਝਰੋਖਾ ਹੈ ਜਿਥੇ ਬਾਦਸ਼ਾਹ ਲੋਕਾਂ ਨੂੰ ਦਰਸ਼ਨ ਦਿੰਦਾ ਸੀ।

ਮੁਗ਼ਲ ਸ਼ਾਸਕਾਂ ਤੋਂ ਬਾਦ ਇਹ ਅੰਗ੍ਰੇਜ਼ ਸਰਕਾਰ ਦੇ ਅਧੀਨ ਰਿਹਾ। ਆਜ਼ਾਦ ਹਿੰਦ ਫ਼ੌਜ ਦੇ ਤਿੰਨ ਅਫ਼ਸਰਾਂ—ਕਪਤਾਨ ਸਹਿਗਲ, ਕਪਤਾਨ ਢਿੱਲੋਂ ਅਤੇ ਕਪਤਾਨ

ਸ਼ਾਹ ਨਵਾਜ਼ਖਾਨ—ਉੱਤੇ ਇਥੇ ਹੀ ਮੁਕੱਦਮਾ ਚਲਿਆ । 15 ਅਗਸਤ, 1947 ਈ. ਨੂੰ ਦੇਸ਼ ਸੁਤੰਤਰ ਹੋਇਆ ਅਤੇ ਇਥੋਂ ਪਹਿਲੀ ਵਾਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਭਾਰਤ ਵਾਸੀਆਂ ਨੂੰ ਸੰਬੋਧਨ ਕੀਤਾ ।

ਲਾਲ-ਬੇਗ : ਇਕ ਫ਼ਕੀਰ ਜੋ ਲਾਹੌਰ ਦੇ ਭੰਗੀਆਂ ਦੁਆਰਾ ਪੂਜਿਤ ਹੈ । ਕਹਿੰਦੇ ਹਨ ਕਿ ਇਹ ਪਹਿਲਾਂ ਹਜ਼ਰਤ ਇਬਰਾਹੀਮ, ਸੁਲੇਮਾਨ, ਈਸਾ, ਮੂਸਾ ਆਦਿ ਪੈਗੰਬਰਾਂ ਨਾਲ ਰੱਬ ਦੀ ਕਚਹਿਰੀ ਵਿਚ ਰਹਿੰਦਾ ਸੀ । ਇਕ ਵਾਰ ਇਸ ਨੂੰ ਖੰਘ ਨਾਲ ਉਥੂ ਆ ਗਿਆ ਜਿਸ ਦੇ ਫਲਸਰੂਪ ਇਸ ਦੀ ਥੁਕ ਦੇ ਕੁਝ ਅੰਸ਼ ਰੱਬੀ ਦਰਬਾਰ ਵਿਚ ਇਧਰ-ਉਧਰ ਪਸਰ ਗਏ । ਇਸ ਨੂੰ ਰੱਬ ਵੱਲੋਂ ਇਕ ਸੋਨੇ ਦਾ ਝਾੜੂ ਦਿੱਤਾ ਗਿਆ ਤਾਂ ਜੁ ਥੁਕ ਦੇ ਅੰਸ਼ਾਂ ਨੂੰ ਸਾਫ਼ ਕਰ ਸਕੇ । ਬਾਦ ਵਿਚ ਰੱਬ ਨੇ ਇਸ ਨੂੰ ਹੁਕਮ ਦਿੱਤਾ ਕਿ ਇਹ ਧਰਤੀ 'ਤੇ ਜਾ ਕੇ ਸਫ਼ਾਈ ਕਰੇ । ਇਸ ਸਫ਼ਾਈ ਦਾ ਮੂਲ ਉੱਦੇਸ਼ ਇਹ ਸੀ ਕਿ ਧਰਤੀ ਉਪਰ ਵਾਪਰ ਚੁੱਕੇ ਕੁਕਰਮਾਂ ਦੀ ਗੰਦਗੀ ਨੂੰ ਸਾਫ਼ ਕੀਤਾ ਜਾਏ । ਧਰਤੀ ਉਤੇ ਆਉਣ ਲਈ ਇਸ ਦਾ ਜਨਮ ਲਾਹੌਰ ਵਿਚ ਹੋਇਆ । ਉਥੇ ਹੀ ਇਸ ਦਾ ਮਜ਼ਾਰ ਬਣਿਆ ਹੋਇਆ ਹੈ । ਇਸ ਦੇ ਮਜ਼ਾਰ 'ਤੇ ਲੋਕ ਸੁਖਣਾ ਸੁਖਣ ਜਾਂਦੇ ਹਨ । 'ਹੀਰ ਵਾਰਿਸ' ਵਿਚ ਸੰਕੇਤ ਮਿਲਦਾ ਹੈ ਕਿ ਜਦੋਂ ਰਾਂਝੇ ਤੋਂ ਬਿਨਾ ਮੱਝਾਂ ਵਿਗੜ ਗਈਆਂ, ਤਾਂ ਮੱਝਾਂ ਵਾਲਿਆਂ ਨੇ ਲਾਲ-ਬੇਗ ਦੇ ਥੜ੍ਹੇ 'ਤੇ ਵੀ ਮੰਨਤ ਮੰਨੀ ਸੀ—'ਭੜਥੂ ਪਾਇਓ ਨੇ ਗਿਰਦ ਰਾਂਝਣੇ ਦੇ, ਲਾਲ ਬੇਗ ਦਾ ਥੜਾ ਪੁਜਾਇਓ ਨੇ ।'

ਲਾਲਾਂ-ਵਾਲਾ : ਸਖੀ-ਸਰਵਰ ਦਾ ਇਕ ਨਾਮਾਂਤਰ । ਵੇਖੋ 'ਸਖੀ ਸਰਵਰ' ।

ਲਾਲੋ, ਭਾਈ : ਜਨਮਸਾਖੀ-ਸਾਹਿੱਤ ਅਨੁਸਾਰ ਇਕ ਤਰਖਾਣ ਸਿੱਖ ਜੋ ਘਟਾਓੜਾ ਜਾਤਿ ਦਾ ਸੀ ਅਤੇ ਸੈਦਪੁਰ (ਏਮਨਾਬਾਦ) ਵਿਚ ਨਿਵਾਸ ਕਰਦਾ ਸੀ । ਇਹ ਗੁਰੂ ਨਾਨਕ ਦੇਵ ਪ੍ਰਤਿ ਅਪਾਰ ਸ਼ਰਧਾ ਰਖਦਾ ਸੀ । ਬਾਬਰ ਦੇ ਹਮਲੇ ਵੇਲੇ ਗੁਰੂ ਜੀ ਇਸ ਦੇ ਘਰ ਰੁਕੇ ਹੋਏ ਸਨ । ਹਮਲੇ ਤੋਂ ਪੈਦਾ ਹੋਈ ਭਿਆਨਕ ਸਥਿਤੀ ਦਾ ਚਿਤ੍ਰਣ ਕਰਨ ਲਈ ਗੁਰੂ ਨਾਨਕ ਦੇਵ ਨੇ ਜੋ ਸ਼ਬਦ ਤਿਲੰਗ ਰਾਗ ਵਿਚ ਉਚਾਰਿਆ, ਉਹ ਭਾਈ ਲਾਲੋ ਨੂੰ ਸੰਬੋਧਿਤ ਸੀ—'ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ।'

ਇਸ ਬਾਰੇ ਇਕ ਹੋਰ ਪ੍ਰਸੰਗ ਵੀ ਮਿਲਦਾ ਹੈ ਕਿ ਜਦੋਂ ਗੁਰੂ ਜੀ ਭਾਈ ਲਾਲੋ ਕੋਲ ਠਹਿਰੇ ਹੋਏ ਸਨ ਤਾਂ ਸੈਦਪੁਰ ਦੇ ਪ੍ਰਸ਼ਾਸਕ ਜ਼ਾਲਿਮਖ਼ਾਨ ਦੇ ਇਕ ਰਿਸ਼ਵਤਖ਼ੋਰ ਅਹਿਲਕਾਰ ਮਲਿਕ ਭਾਗੋ ਨੇ ਬ੍ਰਹਮ-ਭੋਜ ਕੀਤਾ । ਉਸ ਵਿਚ ਸ਼ਾਮਲ ਹੋਣ ਲਈ ਨਗਰ ਦੇ ਸਾਰੇ ਵਸਨੀਕਾਂ ਨੂੰ ਬੁਲਾਇਆ ਗਿਆ ਸੀ, ਪਰ ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ ਦਾ ਨਿਉਂਦਾ ਸਵੀਕਾਰ ਨਾ ਕੀਤਾ । ਮਲਿਕ ਭਾਗੋ ਨੇ ਖਿਝ ਕੇ ਗੁਰੂ ਜੀ ਨੂੰ ਹੁਕਮਨ ਤਲਬ ਕੀਤਾ । ਗੁਰੂ ਜੀ ਨੇ ਸਾਰੇ ਇਕੱਠ ਵਿਚ ਭਾਈ ਲਾਲੋ ਦੇ ਘਰੋਂ ਕੋਧਰੇ ਦੀਆਂ ਰੋਟੀਆਂ ਮੰਗਵਾ ਕੇ ਇਕ ਹੱਥ ਵਿਚ ਲਈਆਂ ਅਤੇ ਮਲਿਕ ਭਾਗੋ ਦੇ ਭੋਜ ਵਿਚੋਂ ਪੂੜੀਆਂ ਮੰਗਵਾ ਕੇ ਦੂਜੇ ਹੱਥ ਵਿਚ ਲਈਆਂ । ਦੋਹਾਂ ਨੂੰ ਘੁਟਣ ਨਾਲ ਮਲਿਕ ਭਾਗੋ ਦੀਆਂ ਪੂੜੀਆਂ ਵਿਚੋਂ ਲਹੂ ਅਤੇ ਲਾਲੋ ਦੀਆਂ ਰੋਟੀਆਂ ਵਿਚੋਂ ਦੁੱਧ

ਦੀਆਂ ਬੂੰਦਾਂ ਟਪਕੀਆਂ। ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਦਸਾਂ ਨਹੁੰਆਂ ਦੀ ਕਮਾਈ ਦੁੱਧ ਸਮਾਨ ਹੈ ਅਤੇ ਰਿਸ਼ਵਤ ਦੀ ਕਮਾਈ ਲਹੂ ਤੁਲ ਹੈ। ਲੋਕਾਂ ਦਾ ਲਹੂ ਚੂਸ ਕੇ ਤਿਆਰ ਕੀਤੇ ਮਹਿਲ ਵਿਅਰਥ ਹਨ। ਪ੍ਰੋ. ਮੋਹਨ ਸਿੰਘ ਨੇ 'ਆਵਾਜ਼ਾਂ' ਨਾਂ ਦੀ ਪੁਸਤਕ ਵਿਚ ਸੰਕਲਿਤ "ਘੋਲ" ਨਾਂ ਦੇ ਗੀਤ ਵਿਚ ਸੰਕੇਤ ਕੀਤਾ ਹੈ—'ਭਾਗੋਆਂ ਦਾ ਮਹਿਲ ਘੜੀ ਛਿੱਟ ਦਾ ਪ੍ਰਾਹੁਣਾ/ ਇਕੋ ਹੀ ਹਿਲੂਣੇ ਨਾਲ, ਹੇਠ ਇਸ ਆਉਣਾ।' ਜਸਬੀਰ ਸਿੰਘ ਆਹਲੂਵਾਲੀਆ ਨੇ "ਅਜ ਸੂਰਜ ਦੀਆਂ ਕਾਲੀਆਂ ਕਿਰਨਾਂ" ਨਾਂ ਦੀ ਕਵਿਤਾ ਵਿਚ ਭਾਈ ਲਾਲੋ ਵਲ ਇਸ਼ਾਰਾ ਕੀਤਾ ਹੈ—'ਇਹ ਕੇਹੀ ਰੁੱਤ ਆਈ, ਵੇ ਲਾਲੋ/ਇਹ ਕੇਹੀ ਰੁੱਤ ਆਈ।'

ਲਿਵ-ਜਾਪ : ਵੇਖੋ 'ਨਾਮ, ਸਾਧਨਾ'।

ਲੁਕਮਾਨ, ਹਕੀਮ : 'ਬਾਈਬਲ' ਅਤੇ 'ਕੁਰਾਨ' ਅਨੁਸਾਰ ਲੁਕਮਾਨ ਇਕ ਮਹਾਨ ਚਿੰਤਕ ਸੀ ਜਿਸ ਉਤੇ ਰੱਬ ਨੇ ਅਕਲਮੰਦੀ ਦੀ ਮਿਹਰ ਕੀਤੀ ਹੋਈ ਸੀ। ਇਹ ਵੀ ਪ੍ਰਸਿੱਧ ਹੈ ਕਿ ਇਹ ਇਕ ਅਦੁੱਤੀ ਹਕੀਮ ਸੀ ਜਿਸ ਦੇ ਦਵਾ-ਦਾਰੂ ਨਾਲ ਮੁਰਦੇ ਵੀ ਜੀ ਉਠਦੇ ਸਨ।

ਕਹਿੰਦੇ ਹਨ ਇਸ ਦਾ ਜਨਮ ਦਾਊਦ ਹਜ਼ਰਤ, (ਬਾਦਸ਼ਾਹ—ਵੇਖੋ) ਵੇਲੇ ਹੋਇਆ ਅਤੇ ਇਹ ਯੂਨਸ (ਵੇਖੋ) ਦੇ ਸਮੇਂ ਤਕ ਜੀਉਂਦਾ ਰਿਹਾ। ਇਸ ਦੀ ਉਮਰ ਇਕ ਹਜ਼ਾਰ ਸਾਲ ਮੰਨੀ ਜਾਂਦੀ ਹੈ। ਵਿਦਵਾਨਾਂ ਨੇ ਇਸ ਬਾਰੇ ਹੋਰ ਵੀ ਕਈ ਅਨੁਮਾਨ ਲਗਾਏ ਹਨ, ਜਿਵੇਂ ਉਹ ਇਬਰਾਹੀਮ ਦਾ ਭਤੀਜਾ ਸੀ, ਜਾਂ ਅਫ਼ਰੀਕਾ ਦਾ ਗ਼ੁਲਾਮ ਸੀ ਜਾਂ ਦਰਜ਼ੀ ਅਥਵਾ ਤਰਖਾਣ ਸੀ। ਕਈਆਂ ਨੇ ਇਸ ਦਾ ਪਿਛੋਕੜ ਯੂਨਾਨ ਨਾਲ ਜੋੜਿਆ ਹੈ। ਇਸ ਦੇ ਨਾਂ ਨਾਲ ਸੈਂਕੜੇ ਨੀਤੀ-ਪੂਰਣ ਕਥਨ ਅਨੇਕ ਭਾਸ਼ਾਵਾਂ ਵਿਚ ਪ੍ਰਚਲਿਤ ਹਨ। ਵਾਰਿਸ ਸ਼ਾਹ ਨੇ ਇਸ ਨੂੰ ਅਫ਼ਲਾਤੂਨ ਅਤੇ ਅਰਸਤੂ ਦੀ ਪੱਧਰ ਦਾ ਮੰਨਿਆ ਹੈ—'ਅਫ਼ਲਾਤੂਨ ਸਾਗਿਰਦ ਗ਼ੁਲਾਮ ਅਰਸਤੂ, ਲੁਕਮਾਨ ਤੋਂ ਪੈਰ ਧੁਵਾਵਣੇ ਵੇ।'

ਲੂਣਾ : ਭਾਵੇਂ ਇਸ ਦਾ ਇਤਿਹਾਸਿਕ ਆਧਾਰ ਕਮਜ਼ੋਰ ਹੈ, ਪਰ ਲੋਕ-ਪਰੰਪਰਾ ਅਨੁਸਾਰ ਇਹ ਪੂਰਨ ਭਗਤ (ਵੇਖੋ) ਦੀ ਜਵਾਨ ਮਤਰੇਈ ਮਾਂ ਹੈ ਜਿਸ ਦੀ ਕਾਮ-ਤ੍ਰਿਪਤੀ ਇਸ ਦੇ ਬੁੱਢੇ ਪਤੀ ਰਾਜਾ ਸਲਵਾਨ ਤੋਂ ਸੰਭਵ ਨਹੀਂ ਹੋ ਸਕਦੀ; ਇਸ ਲਈ ਇਹ ਆਪਣੇ ਮਤਰੇਏ ਪੁੱਤਰ ਪੂਰਨ ਉਤੇ ਮੋਹਿਤ ਹੋ ਜਾਂਦੀ ਹੈ। ਬਾਰ੍ਹਾਂ ਵਰ੍ਹੇ ਭੋਰੇ ਵਿਚ ਰਹਿਣ ਤੋਂ ਬਾਦ ਲੂਣਾਂ ਦੇ ਮਹੱਲ ਵਿਚ ਆਇਆ ਪੂਰਨ ਇਸ ਦੀ ਕਾਮੁਕ ਪੇਸ਼ਕਸ਼ ਮੰਨਣੋਂ ਇਨਕਾਰ ਕਰ ਦਿੰਦਾ ਹੈ। ਬਦਲੇ ਦੀ ਅੱਗ ਵਿਚ ਸੜਦੀ ਲੂਣਾ ਨੇ ਸਲਵਾਨ ਨੂੰ ਪੂਰਨ ਦੇ ਚਰਿਤ੍ਰ ਉਤੇ ਵਿਭਚਾਰ ਦਾ ਦੋਸ਼ ਲਗਾ ਕੇ ਉਸ ਦੇ ਵਿਰੁੱਧ ਉਕਸਾਇਆ। ਸਲਵਾਨ ਨੇ ਪੂਰਨ ਦੇ ਹੱਥ ਪੈਰ ਕਟਵਾ ਕੇ ਅੰਨ੍ਹੇ ਖੂਹ ਵਿਚ ਸੁਟਵਾ ਦਿੱਤਾ ਜਿਥੋਂ ਉਸ ਨੂੰ ਗੋਰਖਨਾਥ ਨੇ ਕਢਵਾ ਕੇ ਨਵਾਂ-ਨਰੋਇਆ ਕੀਤਾ ਅਤੇ ਯੋਗਮਤ ਵਿਚ ਦੀਖਿਅਤ ਕੀਤਾ।

ਕਾਲਾਂਤਰ ਵਿਚ ਜਦੋਂ ਪੂਰਨ ਗੁਰੂ ਗੋਰਖਨਾਥ ਦੇ ਕਹੇ ਤੇ ਸਿਆਲਕੋਟ ਆਇਆ

ਤਾਂ ਰਾਜਾ ਆਪਣੀਆਂ ਦੋਹਾਂ ਰਾਣੀਆਂ—ਇੱਛਰਾਂ (ਪੂਰਨ ਦੀ ਸਕੀ ਮਾਤਾ) ਅਤੇ ਲੂਣਾ —ਨੂੰ ਲੈ ਕੇ ਪੂਰਨ ਦੇ ਠਿਕਾਣੇ 'ਤੇ ਗਿਆ। ਸਲਵਾਨ ਅਤੇ ਲੂਣਾ ਨੇ ਆਪਣੇ ਕੁਕਰਮ ਲਈ ਖਿਮਾ ਮੰਗੀ। ਪੂਰਨ ਨੇ ਲੂਣਾ ਨੂੰ ਇਕ ਚਾਵਲ ਦਾ ਦਾਣਾ ਮੰਤਰ ਕੇ ਦਿੱਤਾ ਜਿਸ ਨੂੰ ਖਾਣ ਦੇ ਫਲਸਰੂਪ ਉਸ ਨੇ ਰਸਾਲੂ ਨਾਂ ਦੇ ਰਾਜਕੁਮਾਰ ਨੂੰ ਜਨਮ ਦਿੱਤਾ। ਇਸ ਤਰ੍ਹਾਂ ਲੂਣਾ ਵਿਭਚਾਰੀ ਰੁਚੀਆਂ ਦੀ ਪ੍ਰਤੀਕ ਬਣ ਕੇ ਅਨਜੋੜ ਵਿਆਹ ਦੇ ਮਾੜੇ ਸਿੱਟਿਆਂ ਨੂੰ ਪ੍ਰਦਰਸ਼ਿਤ ਕਰਨ ਵਾਲੀ ਇਕ ਲੋਕ-ਪਾਤਰ ਹੈ। ਹਰਿੰਦਰ ਮਹਿਬੂਬ ਨੇ ਲੂਣਾ ਦਾ ਹਵਾਲਾ ਦਿੰਦਿਆਂ ਲਿਖਿਆ ਹੈ —'ਗੁਨਾਹਗਾਰ ਲੂਣਾ ਅਸਮਾਨੋਂ/ ਮੰਗ ਰਹੀ ਦੋ ਅਥਰੂ।'

ਲੈਨਿਨ : ਰੂਸ ਦਾ ਮਾਰਕਸਵਾਦੀ ਨੇਤਾ ਅਤੇ ਚਿੰਤਕ ਜਿਸ ਨੂੰ ਮਾਰਕਸ ਅਤੇ ਐਂਗਲਜ਼ ਤੋਂ ਬਾਦ ਦ੍ਵੰਦਾਤਮਕ ਭੌਤਿਕਵਾਦ ਦਾ ਪ੍ਰਮੁਖ ਵਿਆਖਿਆਕਾਰ ਮੰਨਿਆ ਜਾਂਦਾ ਹੈ। ਇਸ ਦਾ ਜਨਮ 22 ਅਪ੍ਰੈਲ, 1870 ਈ. ਵਿਚ ਸਿਮਬਿਰਸ੍ਕ ਵਿਚ ਹੋਇਆ। ਇਸ ਨੇ ਵਕਾਲਤ ਤਕ ਸਿਖਿਆ ਪ੍ਰਾਪਤ ਕੀਤੀ ਸੀ। ਆਪਣੇ ਵਿਦਿਆਰਥੀ-ਕਾਲ ਵਿਚ ਹੀ ਇਹ ਮਾਰਕਸਵਾਦੀ ਵਿਚਾਰਾ ਤੋਂ ਬਹੁਤ ਪ੍ਰਭਾਵਿਤ ਹੋ ਗਿਆ ਸੀ। ਫਲਸਰੂਪ ਇਸ ਨੂੰ ਵਿਦਿਆ-ਪ੍ਰਾਪਤੀ ਤੋਂ ਬਾਦ ਬਹੁਤ ਸਮਾਂ ਰਾਜਨੈਤਿਕ ਸ਼ਰਨਾਰਥੀ ਵਜੋਂ ਰੂਸ ਤੋਂ ਬਾਹਰ ਹੀ ਰਹਿਣਾ ਪਿਆ। ਇਸ ਦੌਰਾਨ ਇਸ ਨੇ ਦਰਸ਼ਨ ਅਤੇ ਸਮਾਜਿਕ ਵਿਗਿਆਨਾਂ ਬਾਰੇ ਬਹੁਤ ਗੰਭੀਰ ਅਧਿਐਨ ਕੀਤਾ ਅਤੇ ਉਨ੍ਹਾਂ ਬਾਰੇ ਆਪਣੀਆਂ ਟਿੱਪਣੀਆਂ ਵੀ ਦਿੱਤੀਆਂ। ਇਸ ਨੇ ਸੰਨ 1909 ਈ. ਵਿਚ ਆਪਣੀ ਪੁਸਤਕ *Materialism and Empirio Criticism* ਦਾ ਪ੍ਰਕਾਸ਼ਨ ਕੀਤਾ ਜਿਸ ਵਿਚ ਅੱਧ-ਕਚਰੇ ਮਾਰਕਸਵਾਦੀਆਂ ਦੀ ਖੁਲ੍ਹ ਕੇ ਆਲੋਚਨਾ ਕੀਤੀ। ਇਸ ਨੇ ਅਰਥ-ਸ਼ਾਸਤ੍ਰ ਅਤੇ ਰਾਜਨੀਤੀ ਨਾਲ ਸੰਬੰਧਿਤ ਆਪਣੀਆਂ ਲਿਖਤਾਂ ਵਿਚ ਮਾਰਕਸ ਅਤੇ ਐਂਗਲਜ਼ ਦੇ ਸਿੱਧਾਂਤਾਂ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕੀਤਾ ਅਤੇ ਪੂੰਜੀਵਾਦੀ ਗ਼ਲਬੇ ਦੇ ਖ਼ਾਤਮੇ ਬਾਰੇ ਉਨ੍ਹਾਂ ਦੀ ਉਪਯੋਗਤਾ ਉਤੇ ਚਾਨਣਾ ਪਾਇਆ। ਇਸ ਸੰਬੰਧ ਵਿਚ ਇਸ ਦੀ ਪੁਸਤਕ *Imperialism* ਵਿਚ ਸਾਮ੍ਰਾਜ ਬਾਰੇ ਮਾਰਕਸ ਦੀ ਵਿਚਾਰਧਾਰਾ ਨੂੰ ਅਧਿਕ ਵਿਸਤਾਰ ਵਿਚ ਜਾ ਕੇ ਸਪੱਸ਼ਟ ਕੀਤਾ ਗਿਆ ਹੈ। ਇਸ ਦੀ ਸਥਾਪਨਾ ਹੈ ਕਿ ਸਰਮਾਏਦਾਰੀ ਦਾ ਦੌਰ ਸੰਨ 1900 ਈ. ਦੇ ਨੇੜੇ-ਤੇੜੇ ਸ਼ੁਰੂ ਹੋ ਚੁਕਿਆ ਹੈ, ਜਿਸ ਦੀਆਂ ਲੈਨਿਨ ਅਨੁਸਾਰ ਪੰਜ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਦਾ ਸੰਬੰਧ ਪੂੰਜੀ, ਉਪਜ, ਬੈਂਕ, ਉਦਯੋਗ, ਦਰਾਮਦ ਅਤੇ ਬਰਾਮਦ ਨਾਲ ਹੈ। ਉਦੋਂ ਲੈਨਿਨ ਨੇ ਪੂੰਜੀਵਾਦੀ ਦੌਰ ਬਾਰੇ ਸਥਾਪਨਾ ਕੀਤੀ ਸੀ ਕਿ ਇਸ ਦੌਰ ਵਿਚ ਬਹੁਤ ਵੱਡੇ ਸੰਕਟ ਪੈਦਾ ਹੋਣੇ ਜ਼ਰੂਰੀ ਹਨ ਅਤੇ ਵਿਸ਼ਵ ਪੱਧਰ 'ਤੇ ਸੰਘਰਸ਼ ਅਥਵਾ ਯੁੱਧ ਹੋਣੇ ਸੰਭਵ ਹਨ। ਕਿਰਤੀਆਂ, ਮਜ਼ਦੂਰਾਂ ਦੇ ਇਨਕਲਾਬੀ ਅੰਦੋਲਨ ਵੀ ਜ਼ੋਰ ਪਕੜਨਗੇ। ਪਛੜੇ ਹੋਏ ਅਤੇ ਗ਼ੁਲਾਮ ਦੇਸ਼ਾਂ ਵਿਚ ਜਾਗ੍ਰਿਤੀ ਆਵੇਗੀ ਅਤੇ ਉਹ ਸੁਤੰਤਰਤਾ ਲਈ ਜਦੋ-ਜਹਿਦ ਕਰਨਗੇ। ਕਾਲਾਂਤਰ ਵਿਚ ਇਸ ਦੀ ਸਥਾਪਨਾ ਕਾਫ਼ੀ ਹੱਦ ਤਕ ਸਹੀ ਸਿੱਧ ਹੋਈ ਹੈ।

ਲੈਨਿਨ ਨੇ ਰੂਸੀ ਇਨਕਲਾਬ ਤੋਂ ਬਾਦ ਉਥੋਂ ਦੀ ਹਕੂਮਤ ਦੀ ਵਾਗਡੋਰ ਸੰਭਾਲੀ

ਅਤੇ ਆਪਣੇ ਦੇਹਾਂਤ (21 ਜਨਵਰੀ, 1924 ਈ.) ਤਕ ਬੜੀ ਯੋਗਤਾ ਨਾਲ ਸ਼ਾਸਨ ਕੀਤਾ। ਰੂਸੀ ਭਾਸ਼ਾ ਵਿਚ ਇਸ ਦੀ ਵਿਚਾਰਧਾਰਾ ਨਾਲ ਸੰਬੰਧਿਤ ਰਚਨਾਵਾਂ 30 ਸੈਂਚੀਆਂ ਵਿਚ ਛਪੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਦੇ ਅਨੁਵਾਦ ਅੰਗ੍ਰੇਜ਼ੀ ਅਤੇ ਹੋਰ ਕਈ ਭਾਸ਼ਾਵਾਂ ਵਿਚ ਹੋ ਚੁੱਕੇ ਹਨ। ਭਾਰਤ ਵਿਚ ਸਾਮ੍ਯਵਾਦੀ ਵਿਚਾਰਧਾਰਾ ਵਾਲੇ ਲੇਖਕਾਂ ਨੇ ਇਸ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ। ਕਈਆਂ ਨੇ ਇਸ ਦੇ ਹਵਾਲੇ ਵੀ ਦਿੱਤੇ ਹਨ। ਬਾਵਾ ਬਲਵੰਤ ਨੇ ਆਪਣੀ 'ਬਾਗ਼ੀ' ਨਾਂ ਦੀ ਕਵਿਤਾ ਵਿਚ ਲਿਖਿਆ ਹੈ—'ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ,/ਮੈਂ ਹਾਂ ਮਾਰਕਸ ਦੀ ਖ਼ੁਦਾਈ ਦੀ ਦੌਲਤ।'

ਲੈਲਾ-ਮਜਨੂੰ : ਇਕ ਵਿਦੇਸ਼ੀ ਪ੍ਰੇਮ-ਕਥਾ ਦੀ ਨਾਇਕਾ ਅਤੇ ਨਾਇਕ ਜੋ ਈਸਾ ਦੀ ਅੱਠਵੀਂ ਸਦੀ ਦੇ ਆਰੰਭ ਵਿਚ ਅਰਬ ਦੇਸ਼ ਵਿਚ ਹੋਏ ਸਨ। ਲੈਲਾ (ਲੈਲੀ) ਦਾ ਰੰਗ ਕਾਲਾ ਦਸਿਆ ਜਾਂਦਾ ਹੈ, ਇਸ ਲਈ ਇਸ ਦਾ ਨਾਂ ਵੀ 'ਲੈਲੀ' (ਕਾਲੇ ਰੰਗ ਵਾਲੀ) ਪ੍ਰਚਲਿਤ ਹੋ ਗਿਆ। 'ਮਜਨੂੰ' ਦਾ ਮੂਲ ਨਾਂ 'ਕੈਸ' ਸੀ ਪਰ ਜਨੂਨੀ ਅਥਵਾ ਸਿਰੜੀ ਹੋਣ ਕਾਰਣ ਇਹ 'ਮਜਨੂੰ' ਨਾਂ ਨਾਲ ਪ੍ਰਸਿੱਧ ਹੋਇਆ। ਇਸ ਪ੍ਰੇਮ-ਪ੍ਰਸੰਗ ਦਾ ਸਭ ਤੋਂ ਪੁਰਾਤਨ ਉੱਲੇਖ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲਦਾ, ਪਰ ਇਸ ਬਾਰੇ ਵਿਵਸਥਿਤ ਕਿੱਸਾ ਅਹਿਮਦਯਾਰ ਨੇ ਲਿਖਿਆ ਸੀ।

ਇਸ ਪ੍ਰੇਮ-ਆਖਿਆਨ ਦਾ ਲੋਕ-ਪ੍ਰਚਲਿਤ ਰੂਪ ਸੰਖੇਪ ਵਿਚ ਇਸ ਪ੍ਰਕਾਰ ਹੈ : ਅਰਬ ਦੇਸ਼ ਦੇ ਇਕ ਬਾਦਸ਼ਾਹ ਦੇ ਘਰ ਬੜੇ ਉੱਦਮਾਂ ਤੋਂ ਬਾਦ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ 'ਕੈਸ' ਰਖਿਆ ਗਿਆ। ਮਦਰਸੇ ਵਿਚ ਪੜ੍ਹਨ ਦੌਰਾਨ ਉਸ ਦਾ ਇਕ ਸੌਦਾਗਰ ਦੀ ਲੜਕੀ ਲੈਲਾ ਨਾਲ ਪ੍ਰੇਮ ਹੋ ਗਿਆ। ਜਦੋਂ ਉਨ੍ਹਾਂ ਦੇ ਪ੍ਰੇਮ-ਪ੍ਰਸੰਗ ਦਾ ਪਤਾ ਲੈਲਾ ਦੀ ਮਾਂ ਨੂੰ ਲਗਾ ਤਾਂ ਉਸ ਨੇ ਮਜਨੂੰ ਨੂੰ ਸ਼ਹਿਰੋਂ ਕਢਵਾ ਦਿੱਤਾ। ਉਹ ਜੰਗਲਾਂ ਵਿਚ ਪਾਗਲਾਂ ਵਾਂਗ ਭਟਕਣ ਲਗਾ।

ਮਜਨੂੰ ਦੇ ਬਾਦਸ਼ਾਹ-ਪਿਤਾ ਨੇ ਉਸ ਦਾ ਇਲਾਜ ਕਰਵਾਇਆ ਪਰ ਉਹ ਲੈਲਾ ਨੂੰ ਨਾ ਭੁਲਾ ਸਕਿਆ। ਆਖ਼ਰ ਬਾਦਸ਼ਾਹ ਨੇ ਲੈਲਾ ਦੇ ਸੌਦਾਗਰ-ਪਿਤਾ ਨੂੰ ਲੈਲਾ ਦਾ ਵਿਆਹ ਮਜਨੂੰ ਨਾਲ ਕਰਨ ਦਾ ਸੰਦੇਸ਼ ਭੇਜਿਆ। ਮਜਨੂੰ ਨੇ ਲੈਲਾ ਦੇ ਘਰ ਦੇ ਦੁਆਰ 'ਤੇ ਪਹੁੰਚ ਕੇ ਲੈਲਾ ਦੇ ਕੁੱਤੇ ਨੂੰ ਗਲਵਕੜੀ ਪਾ ਲਈ, ਇਸ ਘਟਨਾ ਦਾ ਹਵਾਲਾ ਭਾਈ ਗੁਰਦਾਸ ਨੇ ਇਸ ਪ੍ਰਕਾਰ ਦਿੱਤਾ ਹੈ—'ਲੈਲੀ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।/ ਕੁਤੇ ਦੀ ਪੈਰੀ ਪਵੇ ਹੜ ਹੜ ਹਸੈ ਲੋਕ ਵਿਡਾਣਾ' (37/31)।

ਲੈਲਾ ਦਾ ਵਿਆਹ ਉਸ ਦੇ ਪਿਤਾ ਨੇ ਸਾਲਾਮ ਨਾਂ ਦੇ ਇਕ ਅਮੀਰ (ਜਾਗੀਰਦਾਰ) ਨਾਲ ਕਰ ਦਿੱਤਾ। ਮਜਨੂੰ ਲੈਲਾ ਦੇ ਵਿਯੋਗ ਵਿਚ ਤੜਪਦਾ ਰਿਹਾ। ਲੈਲਾ ਦੇ ਪਤੀ ਨੇ ਛਲ ਨਾਲ ਮਜਨੂੰ ਨੂੰ ਮਾਰਨ ਦਾ ਯਤਨ ਵੀ ਕੀਤਾ, ਪਰ ਕਾਮਯਾਬ ਨਾ ਹੋਇਆ। ਮਜਨੂੰ ਦੀਵਾਨਿਆਂ ਵਾਂਗ ਰੁਲਦਾ ਹੋਇਆ ਇਕ ਦਿਨ ਜੰਗਲ ਵਿਚ ਮਰ ਗਿਆ। ਉਸ ਦੀ ਮੌਤ ਦਾ ਸਮਾਚਾਰ ਜਦੋਂ ਲੈਲਾ ਨੂੰ ਮਿਲਿਆ ਤਾਂ ਉਸ ਨੇ ਵੀ ਪ੍ਰਾਣ ਤਿਆਗ ਦਿੱਤੇ।

ਕੁਝ ਪ੍ਰਸੰਗਾਂ ਵਿਚ ਇਹ ਵੀ ਲਿਖਿਆ ਹੈ ਪਹਿਲਾਂ ਲੈਲਾ ਮਜਨੂੰ ਦੇ ਵਿਯੋਗ ਵਿਚ ਮਰੀ ਅਤੇ ਜਦੋਂ ਉਸ ਦੀ ਮਾਂ ਨੇ ਜੰਗਲ ਵਿਚ ਮਜਨੂੰ ਨੂੰ ਇਹ ਦੁਖਦ ਸਮਾਚਾਰ ਸੁਣਾਇਆ ਤਾਂ ਉਹ ਵੀ ਧਰਤੀ ਉਤੇ ਡਿਗ ਪਿਆ ਅਤੇ ਪ੍ਰਾਣ ਤਿਆਗ ਦਿੱਤੇ।

ਕਹਿੰਦੇ ਹਨ ਮਜਨੂੰ ਦੀ ਮੌਤ ਨਾਲ ਸਾਰਾ ਵਾਤਾਵਰਣ ਸੋਗੀ ਹੋ ਗਿਆ। ਬਨ ਦੇ ਪਸ਼ੂ-ਪੰਛੀ ਵੀ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ। ਇਸ ਪ੍ਰੇਮ-ਦਾਸਤਾਨ ਨੂੰ ਆਦਰਸ਼ ਰੂਪ ਮੰਨ ਕੇ ਸੂਫ਼ੀ ਕਵੀਆਂ ਨੇ ਆਪਣੇ ਹਕੀਕੀ ਪ੍ਰੇਮ ਲਈ ਇਸ ਦੇ ਉਪਮਾਨ ਜਾਂ ਹਵਾਲੇ ਵਰਤੇ ਹਨ। ਕਹਿੰਦੇ ਹਨ ਕਿ ਲੈਲਾ ਦੇ ਕਾਲੇ ਹੋਣ ਦੇ ਬਾਵਜੂਦ ਮਜਨੂੰ ਨੂੰ ਉਸ ਵਿਚ ਖ਼ੁਦਾ ਦਾ ਨੂਰ ਨਜ਼ਰ ਆਉਂਦਾ ਸੀ। ਅਜਿਹੇ ਨੂਰ ਨੂੰ ਵੇਖਣ ਲਈ ਮਜਨੂੰ ਦੀ ਅੱਖ ਚਾਹੀਦੀ ਹੈ। ਇਸ ਲਈ ਇਸ ਪ੍ਰੇਮ-ਆਖਿਆਨ ਦਾ ਸਰੂਪ ਲੌਕਿਕ ਦੀ ਥਾਂ ਅਲੌਕਿਕ ਮੰਨਿਆ ਜਾਂਦਾ ਹੈ। ਹਾਫ਼ਜ਼ ਬਰਖ਼ੁਰਦਾਰ ਨੇ ਇਸ ਰੋਮਾਂਸ ਦਾ ਹਵਾਲਾ ਦਿੱਤਾ ਹੈ—'ਮਜਨੂੰ ਦੇ ਦਿਲ ਬਿਰਹਾ ਖੁਮਾਰੀ, ਵੱਤੇ ਜਗ ਦਿਵਾਨਾ।/ਸੂਰਤ ਸਾਨਿਅ ਜ਼ਾਹਿਰ ਹੋਈ, ਲੈਲਾ ਕੂੜ ਬਹਾਨਾ।'

ਲੇਲੀ : ਵੇਖੋ 'ਲੈਲਾ-ਮਜਨੂੰ'।

ਲੋਹੜੀ : ਇਹ ਇਕ ਮੌਸਮੀ ਤਿਉਹਾਰ ਹੈ ਜੋ ਪੋਹ ਮਹੀਨੇ ਦੇ ਆਖ਼ਰੀ ਦਿਨ ਮਨਾਇਆ ਜਾਂਦਾ ਹੈ। ਇਸ ਤੋਂ ਅਗਲੇ ਦਿਨ ਮਾਘ ਦੀ ਸੰਗਰਾਂਦ ਹੁੰਦੀ ਹੈ ਅਤੇ ਮਾਘੀ ਦਾ ਪਰਵ ਮਨਾਇਆ ਜਾਂਦਾ ਹੈ।

'ਲੋਹੜੀ' ਨਾਂ ਕਿਵੇਂ ਪ੍ਰਚਲਿਤ ਹੋਇਆ, ਇਸ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਕੁਝ ਵਿਦਵਾਨ ਇਸ ਨੂੰ 'ਲੋਰੀ' ਤੋਂ, ਕੁਝ 'ਤਿਲ-ਰੋੜੀ' ਅਤੇ ਕੁਝ 'ਲਕੜੀ' ਤੋਂ ਵਿਉਤਪੰਨ ਹੋਇਆ ਦਸਦੇ ਹਨ। ਇਕ ਵਿਦਵਾਨ ਨੇ ਇਹ ਸ਼ਬਦ 'ਲੋਹੜੀ' (ਅਰਥਾਤ ਲੋਹੇ ਦੀ ਨਿੱਕੀ ਕੜ੍ਹਾਈ) ਤੋਂ ਵਿਕਸਿਤ ਹੋਇਆ ਦਸਿਆ ਹੈ ਕਿਉਂਕਿ ਉਸ ਦਿਨ ਤਿਲ, ਦਾਣੇ, ਮੂੰਗਫਲੀ ਆਦਿ ਲੋਹੜੀ ਵਿਚ ਹੀ ਭੁੰਨੇ ਜਾਂਦੇ ਹਨ। ਇਸ ਬਾਰੇ ਗੋਪਾਲ ਸਿੰਘ ਦੇ ਲਿਖੇ 'ਬਾਰਾਮਾਹ ਦਿਓਰ-ਭਾਬੀ' ਵਿਚ ਸੰਕੇਤ ਮਿਲਦਾ ਹੈ—'ਰਾਤੀਂ ਤਿਲ ਲੋਂਹੜੀ ਵਿਚ ਪਾਈਏ, ਮਾਘ ਮਹੀਨਾ ਆਇਆ ਈ।' ਪੱਛਮੀ ਪੰਜਾਬ ਵਿਚ 'ਲੋਹੜੀ' ਦੀ ਥਾਂ 'ਲੋਹੀ' ਸ਼ਬਦ ਵਰਤਿਆ ਜਾਂਦਾ ਹੈ। ਲੋਹੀ ਵੀ ਕੜ੍ਹਾਈ ਦੀ ਜਾਤੀ ਦਾ ਲੋਹੇ ਦਾ ਬਰਤਨ ਹੈ ਜਿਸ ਵਿਚ ਹਲਵਾਈ ਜਲੇਬੀ ਤਲਦੇ ਹਨ।

ਲੋਹੜੀ ਦਾ ਪਿਛੋਕੜ ਵੈਦਿਕ ਕਾਲ ਦੀ ਅਗਨੀ-ਪੂਜਾ ਨਾਲ ਜਾ ਜੁੜਦਾ ਹੈ। ਪੌਰਾਣਿਕ ਯੁਗ ਵਿਚ ਵੀ ਅਗਨੀ-ਪਰੀਖਿਆ ਅਤੇ ਸਤੀ-ਪ੍ਰਥਾ ਦੇ ਰੂਪ ਵਿਚ ਅਗਨੀ ਦਾ ਮਹੱਤਵ ਬਣਿਆ ਰਿਹਾ ਹੈ। ਪਰ ਮੱਧ-ਯੁਗ ਵਿਚ ਇਸ ਦਾ ਸਰੂਪ ਬਦਲਿਆ ਅਤੇ ਇਹ ਇਕ ਮੌਸਮੀ ਤਿਉਹਾਰ ਵਜੋਂ ਸਾਹਮਣੇ ਆਇਆ। ਲੋਹੜੀ ਵਾਲੇ ਦਿਨ ਪਿੰਡਾਂ ਜਾਂ ਸ਼ਹਿਰਾਂ ਵਿਚ ਲੋਕੀ ਇਕੱਠੇ ਹੋ ਕੇ ਇਹ ਤਿਉਹਾਰ ਮਨਾਉਂਦੇ ਹਨ। ਕੁਝ ਦਿਨ ਪਹਿਲਾਂ ਲਕੜੀਆਂ ਪਾਥੀਆਂ ਮੰਗਣ ਲਈ ਛੋਟੇ-ਛੋਟੇ ਬੱਚੇ ਲੋਕਾਂ ਦੇ ਘਰ ਜਾਂਦੇ ਹਨ। ਜਿਨ੍ਹਾਂ ਦੇ ਘਰ ਪੁੱਤਰ ਜੰਮਿਆ ਹੋਵੇ ਜਾਂ ਕੋਈ ਵਿਆਹ ਹੋਇਆ ਹੋਵੇ, ਉਥੋਂ ਉਚੇਚੇ ਤੌਰ

ਤੇ ਗੁੜ ਜਾਂ ਮਿਠਿਆਈ ਲਈ ਪੈਸੇ ਲਏ ਜਾਂਦੇ ਹਨ। ਮੁੰਡਿਆਂ ਦੀ ਟੋਲੀ ਹਰ ਘਰ ਅਗੇ ਇਕ ਪਰੰਪਰਾਗਤ ਲੋਕ-ਗੀਤ ਬੋਲਦੀ ਹੈ। ਇਸ ਲੋਕ ਗੀਤ ਦੀ ਤੁਕ ਇਕ ਮੁੰਡਾ ਬੋਲਦਾ ਹੈ ਅਤੇ ਉਸ ਤੋਂ ਬਾਦ ਸਾਰੇ ਮੁੰਡੇ 'ਹੋ' ਕਹਿੰਦੇ ਹਨ। ਉਦਾਹਰਣ ਵਜੋਂ—ਸੁੰਦਰ ਮੁੰਦਰੀਏ, ਹੋ/ਤੇਰਾ ਕੌਣ ਵਿਚਾਰਾ, ਹੋ/ਦੁੱਲਾ ਭੱਟੀ ਵਾਲਾ, ਹੋ/ਦੁੱਲੇ ਧੀ ਵਿਆਹੀ, ਹੋ/ਸੇਰ ਸ਼ਕਰ ਪਾਈ, ਹੋ/ਕੁੜੀ ਦੇ ਬੋਝੇ ਪਾਈ, ਹੋ/ ਕੁੜੀ ਦਾ ਲਾਲ ਪਟਾਕਾ, ਹੋ/ਕੁੜੀ ਦਾ ਸਾਲੂ ਪਾਟਾ, ਹੋ।...

ਇਸ ਲੋਕ-ਗੀਤ ਵਿਚ ਸੁੰਦਰੀ ਅਤੇ ਮੁੰਦਰੀ ਨਾਂ ਦੀਆਂ ਦੋ ਕੁੜੀਆਂ ਦਾ ਉੱਲੇਖ ਹੈ ਅਤੇ ਨਾਲ ਹੀ ਦੁੱਲੇ ਭੱਟੀ ਦਾ ਨਾਂ ਆਉਂਦਾ ਹੈ। ਇਸ ਪਿਛੇ ਇਕ ਲੋਕ-ਕਥਾ ਹੈ ਕਿ ਇਕ ਗ਼ਰੀਬ ਬ੍ਰਾਹਮਣ ਦੀਆਂ ਸੁੰਦਰੀ ਅਤੇ ਮੁੰਦਰੀ ਨਾਂ ਦੀਆਂ ਦੋ ਸੁੰਦਰ ਧੀਆਂ ਸਨ, ਜਿਨ੍ਹਾਂ ਉਤੇ ਇਲਾਕੇ ਦੇ ਮੁਸਲਮਾਨ ਹਾਕਮ ਦੀ ਅੱਖ ਸੀ। ਬ੍ਰਾਹਮਣ ਨੇ ਜਿਥੇ ਕੁੜੀਆਂ ਮੰਗਾਈਆਂ ਹੋਈਆਂ ਸਨ, ਉਨ੍ਹਾਂ ਨੂੰ ਕੁੜੀਆਂ ਵਿਆਹ ਲੈ ਜਾਣ ਲਈ ਬੇਨਤੀ ਕੀਤੀ ਤਾਂ ਜੋ ਉਨ੍ਹਾਂ ਦੀ ਪਤਿ ਬਚ ਜਾਏ। ਪਰ ਉਨ੍ਹਾਂ ਨੇ ਹਾਕਮ ਤੋਂ ਡਰਦਿਆਂ ਨਾਂਹ ਕਰ ਦਿੱਤੀ। ਆਖ਼ਰ ਉਸ ਬ੍ਰਾਹਮਣ ਦਾ ਮੇਲ ਉਸ ਵੇਲੇ ਦੇ ਉੱਘੇ ਡਾਕੂ ਦੁੱਲੇ ਭੱਟੀ ਨਾਲ ਹੋਇਆ। ਬ੍ਰਾਹਮਣ ਨੇ ਸਹਾਇਤਾ ਮੰਗੀ। ਦੁੱਲੇ ਨੇ ਉਨ੍ਹਾਂ ਕੁੜੀਆਂ ਨੂੰ ਆਪਣੀਆਂ ਲੜਕੀਆਂ ਸਮਝ ਕੇ ਵਿਆਹ ਕਰਨ ਦਾ ਉੱਦਮ ਕੀਤਾ। ਉਨ੍ਹਾਂ ਦੇ ਹੋਣ ਵਾਲੇ ਸਹੁਰੇ ਮੰਨ ਗਏ ਪਰ ਹਾਕਮ ਤੋਂ ਡਰਦਿਆਂ ਰਾਤ ਵੇਲੇ ਪਿੰਡੋਂ ਬਾਹਰ ਜੰਗਲ ਵਿਚ ਰੁੱਖਾਂ ਦੇ ਕਿਸੇ ਝੁੰਡ ਹੇਠਾਂ ਵਿਆਹ ਕਰਨਾ ਪਿਆ। ਦੁੱਲੇ ਨੇ ਦੋਹਾਂ ਦਾ ਕੰਨਿਆਦਾਨ ਕੀਤਾ। ਦੁੱਲੇ ਪਾਸ ਉਸ ਵੇਲੇ ਥੋੜੀ ਜਿੰਨੀ ਸ਼ਕਰ ਸੀ, ਉਹ ਕੁੜੀਆਂ ਦੀ ਝੋਲੀ ਵਿਚ ਸ਼ਗਨ ਵਜੋਂ ਪਾ ਦਿੱਤੀ। ਪਿੰਡ ਵਾਲਿਆਂ ਨੇ ਵੀ ਸ਼ਗਨ ਵਜੋਂ ਕੁਝ ਨਾ ਕੁਝ ਭੇਂਟ ਕੀਤਾ। ਜਿਨ੍ਹਾਂ ਦੇ ਘਰ ਕੋਈ ਵਿਆਹ ਹੋਇਆ ਸੀ ਜਾਂ ਪੁੱਤਰ ਜੰਮਿਆ ਸੀ, ਉਨ੍ਹਾਂ ਨੇ ਵਿਸ਼ੇਸ਼ ਰੂਪ ਵਿਚ ਕੁੜੀਆਂ ਦੀ ਮੱਦਦ ਕੀਤੀ। ਗ਼ਰੀਬੀ ਕਰਕੇ ਕੁੜੀਆਂ ਦੇ ਵਿਆਹ ਵੇਲੇ ਦੇ ਬਸਤ੍ਰ ਫਟੇ ਹੋਏ ਸਨ। ਅਨੁਮਾਨ ਹੈ ਕਿ ਹਿੰਦੂ ਘਰਾਂ ਵਿਚ ਵਿਆਹ ਦੀ ਰੀਤ ਉਦੋਂ ਤੋਂ ਹੀ ਰਾਤ ਨੂੰ ਕੀਤੀ ਜਾਣ ਲਗੀ ਹੈ।

ਰਾਤ ਪੈਂਦਿਆਂ ਹੀ ਲਕੜੀਆਂ ਅਤੇ ਪਾਥੀਆਂ ਦੇ ਢੇਰਾਂ ਜਾਂ ਧੂਣੀਆਂ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ। ਉਨ੍ਹਾਂ ਉਤੇ ਚਿੜਵੇ, ਰਿਉੜੀਆਂ, ਮੂੰਗਫਲੀ, ਗਚਕ, ਗੁੜ ਆਦਿ ਸੁਟਿਆ ਜਾਂਦਾ ਹੈ। ਕਾਫ਼ੀ ਰਾਤ ਬੀਤਣ ਤਕ ਲੋਕੀਂ ਬੈਠੇ ਅੱਗ ਸੇਕਦੇ ਰਹਿੰਦੇ ਹਨ, ਰਿਉੜੀਆਂ ਮੂੰਗਫਲੀ ਆਦਿ ਖਾਂਦੇ ਰਹਿੰਦੇ ਹਨ ਅਤੇ ਮਨ-ਪਰਚਾਵੇ ਲਈ ਲੋਕ-ਗੀਤ ਗਾਏ ਜਾਂਦੇ ਹਨ। ਹੁਣ ਇਸ ਦਾ ਸ਼ਹਿਰਾਂ ਵਿਚ ਰਵਾਜ ਘਟਦਾ ਜਾ ਰਿਹਾ ਹੈ, ਪਰ ਫਿਰ ਵੀ ਮਿਲ ਬੈਠਣ ਅਤੇ ਸਦ-ਭਾਵਨਾ ਪੈਦਾ ਕਰਨ ਲਈ ਇਹ ਇਕ ਉੱਤਮ ਤਿਉਹਾਰ ਹੈ। ਇਸ ਮੌਕੇ ਤੇ ਨਵੀਆਂ ਵਿਆਹੀਆਂ ਕੁੜੀਆਂ ਨੂੰ ਪੇਕਿਆਂ ਤੋਂ ਪਿੰਨੀਆਂ, ਮਿਠਿਆਈਆਂ ਦੇ ਰੂਪ ਵਿਚ ਤਿਉਹਾਰ ਆਉਂਦੇ ਹਨ। 'ਉਮਰਾਂ ਦੀ ਰਾਤ ਕਾਲੀ' ਕਵਿਤਾ ਵਿਚ ਜਸਬੀਰ ਸਿੰਘ ਆਹਲੂਵਾਲੀਆ ਨੇ ਲੋਹੜੀ ਦੀ ਅੱਗ ਸੇਕਣ ਵਲ ਸੰਕੇਤ ਕੀਤਾ ਹੈ—'ਲੋਹੜੀ ਦੀ ਅੱਗ ਸੇਕਾਂ/ਪਾ ਔਂਸੀਆਂ ਉਡੀਕਾਂ।'

ਲੋਹਾਰੀਪਾ : ਗੁਰੂ ਨਾਨਕ ਦੇਵ ਦੁਆਰਾ ਰਚੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਸੰਕਲਿਤ 'ਸਿਧ-ਗੋਸਟਿ' ਵਿਚ ਇਸ ਸਿੱਧ ਦੇ ਨਾਂ ਦਾ ਉੱਲੇਖ ਹੋਇਆ ਹੈ। ਰਵਾਇਤ ਅਨੁਸਾਰ 'ਸਿਧ-ਗੋਸਟਿ' ਦੀ ਰਚਨਾ ਗੁਰੂ ਨਾਨਕ ਦੇਵ ਦੇ ਜੀਵਨ ਦੇ ਅੰਤਿਮ ਪੜਾ ਵਿਚ ਅਚਲ-ਵਟਾਲੇ ਵਾਲੇ ਸਥਾਨ 'ਤੇ ਹੋਈ ਸੀ। ਇਸ ਗੋਸਟਿ ਵੇਲੇ ਜੋ ਸਿੱਧ ਮੌਜੂਦ ਸਨ, ਉਨ੍ਹਾਂ ਦਾ ਮੁਖੀਆ ਲੋਹਾਰੀਪਾ ਸੀ। ਇਸ ਲਈ ਗੁਰੂ ਜੀ ਨੇ ਇਸ ਬਾਣੀ ਵਿਚ ਸਿੱਧਾਂ ਦਾ ਪੱਖ ਲੋਹਾਰੀਪਾ ਦੁਆਰਾ ਪੇਸ਼ ਕੀਤਾ ਹੈ—'ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ' (ਅ. ਗ੍ਰੰ. 939)।

ਦੂਜੀ ਰਵਾਇਤ ਅਨੁਸਾਰ ਉਦਾਸੀਆਂ ਵਿਚ ਅਨੇਕ ਸਥਾਨਾਂ 'ਤੇ ਗੁਰੂ ਜੀ ਦਾ ਸੰਵਾਦ ਯੋਗੀਆਂ ਨਾਲ ਹੋਇਆ ਸੀ। ਉਨ੍ਹਾਂ ਸੰਵਾਦਾਂ ਦੇ ਆਧਾਰ ਤੇ ਹੀ ਗੁਰੂ ਜੀ ਨੇ ਇਸ ਬਾਣੀ ਦੀ ਰਚਨਾ ਕੀਤੀ ਅਤੇ ਇਸ ਵਿਚ ਲੋਹਾਰੀਪਾ ਰਾਹੀਂ ਸਿੱਧਾਂ ਦਾ ਦ੍ਰਿਸ਼ਟੀਕੋਣ ਪੇਸ਼ ਕੀਤਾ ਕਿਉਂਕਿ ਇਹ ਇਕ ਪ੍ਰਮੁਖ ਸਿੱਧ ਰਹਿ ਚੁਕਿਆ ਸੀ। ਚੌਰਾਸੀ ਸਿੱਧਾਂ ਵਿਚ ਇਹ ਗੋਰਖਨਾਥ ਦੇ ਚੇਲੇ ਵਜੋਂ ਸ਼ਾਮਲ ਹੈ। ਇਸ ਦਾ ਨਾਂ 'ਲੁਇਪਾ' ਕਰ ਕੇ ਲਿਖਿਆ ਹੈ।

ਚੌਰਾਸੀ ਸਿੱਧਾਂ ਦੇ ਨਾਵਾਂ ਦੀਆਂ ਸੂਚੀਆਂ ਵਿਚ ਨਾਂ ਅਤੇ ਕ੍ਰਮ ਦੀ ਸਮਾਨਤਾ ਨਾ ਹੋਣ ਕਾਰਣ ਇਹ ਸਪੱਸ਼ਟ ਨਹੀਂ ਹੁੰਦਾ ਕਿ ਇਹ ਕਿਹੜਾ ਅਤੇ ਕਦੋਂ ਹੋਇਆ ਸਿੱਧ ਹੈ।

ਲੋਹੀ : ਵੇਖੋ 'ਲੋਹੜੀ'।

ਲੋਕ : 'ਲੋਕ' ਦਾ ਅਰਥ ਹੈ ਸੰਸਾਰ ਦਾ ਹਿੱਸਾ ਜਾਂ ਭਾਗ। ਇਸ ਨੂੰ 'ਭੁਵਨ' ਵੀ ਕਿਹਾ ਜਾਂਦਾ ਹੈ। ਸਾਧਾਰਣ ਤੌਰ ਤੇ ਲੋਕਾਂ ਦੀ ਗਿਣਤੀ ਤਿੰਨ ਮੰਨੀ ਜਾਂਦੀ ਹੈ—ਸਵਰਗ, ਪ੍ਰਿਥਵੀ ਅਤੇ ਪਾਤਾਲ। ਪਰ ਵਿਸ਼ੇਸ਼ ਤੌਰ ਤੇ ਇਨ੍ਹਾਂ ਦੀ ਗਿਣਤੀ ਚੌਦਾਂ ਕੀਤੀ ਗਈ ਹੈ। ਇਨ੍ਹਾਂ ਵਿਚੋਂ ਸੱਤ ਉਪਰ ਦੇ ਲੋਕ ਇਹ ਹਨ— ਭੂਲੋਕ, ਭੁਵ:ਲੋਕ, ਸ੍ਵ:ਲੋਕ, ਮਹ ਲੋਕ, ਜਨਲੋਕ, ਤਪਲੋਕ ਅਤੇ ਸਤ੍ਯਲੋਕ। ਸੱਤ ਹੇਠਾਂ ਦੇ ਲੋਕ ਇਹ ਹਨ—ਅਤਲ ਲੋਕ, ਵਿਤਲ ਲੋਕ, ਸੁਤਲ ਲੋਕ, ਰਸਾਤਲ ਲੋਕ, ਤਲਾਤਲ ਲੋਕ, ਮਹਾਤਲ ਲੋਕ ਅਤੇ ਪਾਤਾਲ ਲੋਕ। ਸਾਮੀ ਧਰਮਾਂ ਵਾਲਿਆਂ ਨੇ ਚੌਦਾਂ ਤਬਕਾਂ ਦੀ ਕਲਪਨਾ ਕੀਤੀ ਹੈ। ਗੁਰਬਾਣੀ ਵਿਚ ਲੱਖਾਂ ਪਾਤਾਲਾਂ, ਲੱਖਾਂ ਆਕਾਸ਼ਾਂ ਦੀ ਗੱਲ ਕੀਤੀ ਮਿਲਦੀ ਹੈ— 'ਪਾਤਾਲਾਂ ਪਾਤਾਲ ਲਖ ਆਗਾਸਾ ਆਗਾਸ' (ਜਪੁਜੀ)। ਕਬੀਰ ਜੀ ਨੇ ਇਨ੍ਹਾਂ ਚੌਦਾਂ ਲੋਕਾਂ ਵਿਚ ਪਰਮਾਤਮਾ ਦੀ ਵਿਆਪਤੀ ਦਸੀ ਹੈ—'ਚਉਦਸਿ ਚਉਦਹ ਲੋਕ ਮਝਾਰਿ/ਰੋਮ ਰੋਮ ਮਹਿ ਬਸਹਿ ਮੁਰਾਰਿ' (ਅ. ਗ੍ਰੰ. 344)।

ਦੇਵਤਿਆਂ ਦੇ ਰਹਿਣ ਦੀਆਂ ਪੁਰੀਆਂ ਨੂੰ ਵੀ 'ਲੋਕ' ਕਿਹਾ ਜਾਂਦਾ ਹੈ। 'ਸ਼ਿਵ-ਪੁਰਾਣ' (10/12-16) ਵਿਚ ਇਨ੍ਹਾਂ ਲੋਕਾਂ ਦਾ ਵਿਵਰਣ ਇਸ ਪ੍ਰਕਾਰ ਹੈ। ਪ੍ਰਿਥਵੀ ਦੇ ਉਪਰ ਦੇ ਲੋਕ ਦਾ ਨਾਂ 'ਸੂਰਜ-ਲੋਕ' ਹੈ। ਚੰਦ੍ਰਮਾ ਦੀ ਤਪਸਿਆ ਤੋਂ ਜਦੋਂ ਸ਼ਿਵ ਜੀ ਪ੍ਰਸੰਨ ਹੋਇਆ ਤਾਂ ਉਸ ਨੇ ਚੰਦ੍ਰਮਾ ਨੂੰ ਸੂਰਜ-ਲੋਕ ਤੋਂ ਇਕ ਲੱਖ ਯੋਜਨ ਉਪਰ 'ਚੰਦ੍ਰ ਲੋਕ' ਦਿੱਤਾ। ਚੰਦ੍ਰ-ਲੋਕ ਤੋਂ ਤਿੰਨ ਲੱਖ ਯੋਜਨ ਉਪਰ 'ਨਛੱਤ੍ਰ-ਲੋਕ' ਦੀ ਸਥਾਪਨਾ ਕੀਤੀ। ਉਸ ਵਿਚ ਦਕ੍ਸ਼ ਪ੍ਰਜਾ-ਪਤੀ ਦੀਆਂ ਕੰਨਿਆਵਾਂ ਰਹਿੰਦੀਆਂ ਸਨ ਜੋ ਸ਼ਿਵ ਨੂੰ

ਆਪਣਾ ਪਤੀ ਬਣਾਉਣਾ ਲੋਚਦੀਆਂ ਸਨ। ਸ਼ਿਵ ਨੇ ਚੰਦ੍ਰਮਾ ਨੂੰ, ਆਪਣਾ ਰੂਪ ਪ੍ਰਦਾਨ ਕਰ ਕੇ, ਉਨ੍ਹਾਂ ਕੰਨਿਆਵਾਂ ਦਾ ਪਤੀ ਬਣਾਇਆ। ਉਸ ਤੋਂ ਦੋ ਲੱਖ ਯੋਜਨ ਉਪਰ 'ਸੁਕ੍ਰ-ਲੋਕ' ਹੈ। ਉਸ ਤੋਂ ਉਪਰ 'ਬੁੱਧ-ਲੋਕ' ਹੈ। ਚੰਦ੍ਰਮਾ ਨੇ ਬ੍ਰਿਹਸਪਤੀ ਦੀ ਪਤਨੀ ਤਾਰਾ ਤੋਂ ਜਿਸ ਪੁੱਤਰ ਨੂੰ ਪ੍ਰਾਪਤ ਕੀਤਾ, ਉਸ ਦਾ ਨਾਂ ਬੁੱਧ ਸੀ। ਉਸ ਤੋਂ ਉਪਰ 'ਭੌਮ-ਲੋਕ' ਅਤੇ ਭੌਮ-ਲੋਕ ਦੇ ਉਪਰ 'ਬ੍ਰਿਹਸਪਤੀ ਲੋਕ' ਹੈ। 'ਛਨਿਚਰ-ਲੋਕ' ਇਸ ਤੋਂ ਵੀ ਉਪਰ ਹੈ। ਛਨਿਚਰ ਸੂਰਜ ਅਤੇ ਛਾਯਾ ਦਾ ਪੁੱਤਰ ਸੀ। ਛਨਿਚਰ-ਲੋਕ ਤੋਂ ਉਪਰ ਕ੍ਰਮਵਾਰ ਸਪਤਰਿਸ਼ੀ-ਲੋਕ, ਧ੍ਰੁਵ-ਲੋਕ, ਮਹ-ਲੋਕ, ਜਨ-ਲੋਕ, ਤਪ-ਲੋਕ, ਸਤ੍ਯ-ਲੋਕ ਆਦਿ ਸਥਿਤ ਹਨ। ਕਬੀਰ ਜੀ ਨੇ ਇਨ੍ਹਾਂ ਲੋਕਾਂ ਵਲ ਸੰਕੇਤ ਕੀਤਾ ਹੈ -'ਇੰਦ੍ਰ ਲੋਕ ਸ਼ਿਵ ਲੋਕਹਿ ਜੈਬੋ।/ਓਛੇ ਤਪ ਕਰਿ ਬਾਹੁਰਿ ਐਬੋ' (ਅ. ਗ੍ਰੰ. 692)।

ਲੋਮਸ, ਰਿਸ਼ੀ : ਇਕ ਰਿਸ਼ੀ, ਜਿਸ ਦੇ ਸ਼ਰੀਰ ਉਤੇ ਬਹੁਤ ਵਾਲ ਸਨ। ਇਸ ਦੇ ਆਸ਼੍ਰਮ ਵਿਚ ਇਕ ਵਾਰ ਰਾਜਾ ਪਰੀਕ੍ਸ਼ਿਤ ਆਇਆ। ਸਮਾਧੀ ਲਗਾਏ ਬੈਠੇ ਲੋਮਸ ਨੇ ਉਸ ਵਲ ਕੋਈ ਧਿਆਨ ਨਾ ਦਿੱਤਾ। ਖਿਝਿਆ ਹੋਇਆ ਰਾਜਾ ਉਸ ਦੇ ਗੱਲ ਵਿਚ ਮੋਇਆ ਹੋਇਆ ਸੱਪ ਪਾ ਕੇ ਤੁਰਦਾ ਬਣਿਆ। ਲੋਮਸ ਦੇ ਚੇਲੇ ਰਿਸ਼ੀ ਸ੍ਰਿੰਗ ਨੇ ਇਸ ਅਨਾਦਰ ਕਾਰਣ ਰਾਜੇ ਨੂੰ ਸਰਾਪ ਦਿੱਤਾ ਕਿ ਉਹ ਸੱਤਵੇਂ ਦਿਨ ਤਕ੍ਸ਼ਕ ਨਾਗ ਦੁਆਰਾ ਡੰਗਿਆ ਜਾਏ। 'ਮਹਾਭਾਰਤ' (ਆਦਿ-ਪਰਵ/40) ਅਤੇ 'ਭਾਗਵਤ-ਪੁਰਾਣ' (ਪਹਿਲਾ ਸਕੰਧ/ 8) ਵਿਚ ਰਿਸ਼ੀ ਦਾ ਨਾਂ 'ਲੋਮਸ' ਦੀ ਥਾਂ 'ਸ਼ਮੀਕ' ਲਿਖਿਆ ਹੈ ਅਤੇ ਰਿਸ਼ੀ ਸ੍ਰਿੰਗ ਨੂੰ ਇਸ ਦਾ ਪੁੱਤਰ ਦਸਿਆ ਗਿਆ ਹੈ।

'ਮਹਾਭਾਰਤ' ਵਿਚ ਇਹ ਵੀ ਲਿਖਿਆ ਹੈ ਕਿ ਲੋਮਸ ਰਿਸ਼ੀ ਨੇ ਪਾਂਡਵ ਪੁੱਤਰ ਯੁਧਿਸ਼ਠਿਰ ਨੂੰ ਸਾਰੇ ਤੀਰਥਾਂ ਦੀ ਯਾਤ੍ਰਾ ਕਰਵਾਈ ਅਤੇ ਧਰਮ ਦਾ ਉਪਦੇਸ਼ ਦਿੱਤਾ। ਭਾਈ ਗੁਰਦਾਸ ਨੇ ਇਸ ਨੂੰ ਬ੍ਰਹਮਾ ਦਾ ਪੁੱਤਰ ਮੰਨ ਕੇ ਇਹ ਸਥਾਪਨਾ ਕੀਤੀ ਹੈ ਕਿ ਚਿਰਜੀਵੀ ਹੋਣ ਕਾਰਣ ਬ੍ਰਹਮ ਦੇ ਨਿੱਤ ਮਰਨ ਕਾਰਣ ਭੱਦਣ ਕਰਾਉਣ ਦੀ ਥਾਂ ਆਪਣਾ ਕੇਵਲ ਇਕ ਰੋਮ ਹੀ ਪੁਟ ਕੇ ਸੁਟ ਦਿੰਦਾ ਸੀ—'ਚਉਦਹ ਇੰਦ੍ਰ ਵਿਣਾਸੁ ਕਾਲਿ ਬ੍ਰਹਮੇ ਦਾ ਇਕੁ ਰੋਮ ਛਿਜਾਵੈ।/ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕ ਰੋਮ ਛਿਜਾਵੈ' (12/10)।

ਲੰਕਾ : ਇਕ ਪ੍ਰਸਿੱਧ ਦੀਪ ਜਿਥੇ ਰਾਵਣ ਰਾਜ ਕਰਦਾ ਸੀ। 'ਬਾਲਮੀਕੀ ਰਾਮਾਇਣ' ਅਨੁਸਾਰ ਲੰਕਾ ਬਹੁਤ ਵੱਡਾ ਨਗਰ ਅਤੇ ਰਾਵਣ ਦੇ ਰਾਜ ਦੀ ਰਾਜਧਾਨੀ ਸੀ। ਇਸ ਦੇ ਇਰਦ-ਗਿਰਦ ਸੱਤ ਦੀਵਾਰਾਂ ਸਨ ਜੋ ਧਾਤ ਅਤੇ ਪੱਥਰ ਦੀਆਂ ਬਣੀਆਂ ਹੋਈਆਂ ਸਨ। ਹਰ ਇਕ ਦੀਵਾਰ ਦੇ ਬਾਹਰ ਇਕ-ਇਕ ਖਾਈ ਬਣੀ ਹੋਈ ਸੀ।

ਪੁਰਾਣ-ਸਾਹਿੱਤ ਅਨੁਸਾਰ ਇਹ ਨਗਰ ਵਿਸ਼ਵਕਰਮਾ ਨੇ ਕੁਬੇਰ ਲਈ ਬਣਾਇਆ ਸੀ ਅਤੇ ਮੇਰੂ ਪਰਬਤ ਦੇ ਸਿਖਰ ਉਤੇ ਸਥਿਤ ਸੀ। ਕਾਲਾਂਤਰ ਵਿਚ ਰਾਵਣ ਨੇ ਉਸ ਕੋਲੋਂ ਖੋਹ ਕੇ ਆਪਣੀ ਰਾਜਧਾਨੀ ਬਣਾ ਲਿਆ। 'ਭਾਗਵਤ-ਪੁਰਾਣ' ਵਿਚ ਲਿਖਿਆ ਹੈ ਕਿ ਵਾਯੂ ਦੁਆਰਾ ਤੋੜੇ ਜਾਣ 'ਤੇ ਹੀ ਇਹ ਸਮੁੰਦਰ ਵਿਚ ਡਿਗ ਕੇ ਗ਼ਰਕ ਹੋਇਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨਗਰ ਵਿਚ ਅਨੇਕ ਸੋਨੇ ਦੇ ਬਣੇ ਹੋਏ ਕਿਲੇ ਅਤੇ ਮਹੱਲ ਸਨ। ਇਸ ਨਗਰ ਦੀ ਸੁਰਖਿਆ ਲਈ ਰਾਵਣ ਨੇ ਬਹੁਤ ਸਾਰੇ ਉਪਾ ਕੀਤੇ ਹੋਏ

ਸਨ ।

ਹੰਕਾਰੀ ਹੋਣ 'ਤੇ ਰਾਵਣ ਸ੍ਰੀ ਰਾਮਚੰਦਰ ਦੀ ਪਤਨੀ ਸੀਤਾ ਨੂੰ ਚੁੱਕ ਲਿਆਇਆ। ਉਸ ਨੂੰ ਮੁਕਤ ਕਰਾਉਣ ਲਈ ਰਾਮ ਨੇ ਬਾਂਦਰਾਂ ਦੀ ਸਹਾਇਤਾ ਨਾਲ ਸਮੁੰਦਰ ਉਤੇ ਪੁਲ ਬਣਾ ਕੇ ਲੰਕਾ ਉਤੇ ਹਮਲਾ ਕੀਤਾ। ਯੁੱਧ ਦੇ ਫਲਸਰੂਪ ਰਾਵਣ ਅਤੇ ਉਸ ਦੀ ਸੈਨਾ ਦੀ ਬੁਰੀ ਤਰ੍ਹਾਂ ਹਾਰ ਹੋਈ। ਸਾਰੀ ਲੰਕਾ ਸੜ ਕੇ ਸੁਆਹ ਹੋ ਗਈ। ਯੁੱਧ ਉਪਰੰਤ ਵਿਭੀਸ਼ਣ ਨੂੰ ਰਾਜ ਦੇ ਕੇ ਸ੍ਰੀ ਰਾਮ ਚੰਦਰ ਸੀਤਾ ਸਹਿਤ ਅਯੋਧਿਆ ਪਰਤੇ। ਸੰਤ ਕਬੀਰ ਨੇ ਸੰਸਾਰਿਕ ਨਾਸ਼ਮਾਨਤਾ ਦੇ ਪ੍ਰਸੰਗ ਵਿਚ ਦਸਿਆ ਹੈ ਕਿ 'ਲੰਕਾ ਗਢੁ ਸੋਨੇ ਕਾ ਭਇਆ।/ਮੂਰਖੁ ਰਾਵਨੁ ਕਿਆ ਲੇ ਗਇਆ।/ਕਹਿ ਕਬੀਰ ਕਿਛੁ ਗੁਨੁ ਬੀਚਾਰਿ। ਚਲੇ ਜੁਆਰੀ ਦੁਇ ਹਥ ਝਾਰਿ' (ਅ. ਗ੍ਰੰ. 1158)।

ਅੱਜ ਦਾ ਸੀਲੋਨ ਦੀਪ ਜੋ ਭਾਰਤ ਦੇ ਦੱਖਣ ਵਿਚ ਮਦਰਾਸ ਦੇ ਨੇੜੇ ਸਥਿਤ ਹੈ, ਕੀ ਇਹ ਓਹੀ ਲੰਕਾ ਹੈ ਜਿਥੇ ਰਾਵਣ ਰਾਜ ਕਰਦਾ ਸੀ ਅਤੇ ਜਿਸ ਨੂੰ ਰਾਮ ਨੇ ਜਿੱਤਿਆ ਸੀ ? ਇਸ ਬਾਰੇ ਵਿਦਵਾਨ ਇਕ ਮਤ ਨਹੀਂ ਹਨ।

ਲੰਦਨ : ਇਹ ਨਗਰ ਇੰਗਲੈਂਡ ਦੀ ਰਾਜਧਾਨੀ ਅਤੇ ਦੇਸ਼ ਦੀ ਸਭ ਤੋਂ ਵੱਡੀ ਬੰਦਰਗਾਹ ਹੈ। ਟੇਮਸ ਨਦੀ ਦੇ ਦੋਹਾਂ ਕੰਢਿਆਂ ਉਤੇ ਵਸਿਆ ਇਹ ਨਗਰ ਇਕ ਮਹਾਨ ਉਦਿਯੋਗਿਕ ਕੇਂਦਰ ਹੈ। ਇਸ ਤੋਂ ਇਲਾਵਾ 'ਕਾਮਨਵੈਲਥ ਆਫ ਨੇਸ਼ਨਜ਼' ਦਾ ਵੀ ਇਹ ਮੁੱਖ ਕੇਂਦਰ ਹੈ। ਇਸ ਵਿਸ਼ਾਲ ਨਗਰ ਵਿਚ ਦੋ ਮੁੱਖ ਨਗਰ—ਵੈਸਟ ਮਿਨਸਟਰ ਅਤੇ ਲੰਦਨ (ਮੂਲ ਸ਼ਹਿਰ)—ਅਤੇ 28 ਸ਼ਹਿਰੀ ਬਸਤੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਸਮੁੱਚੇ ਤੌਰ ਤੇ 'ਲੰਦਨ ਕਾਊਂਟੀ' ਕਿਹਾ ਜਾਂਦਾ ਹੈ।

ਲੰਦਨ ਦਾ ਸਭ ਤੋਂ ਪੁਰਾਣਾ ਭਾਗ 'ਲੰਦਨ-ਸਿਟੀ' ਅਖਵਾਉਂਦਾ ਹੈ। ਇਸ ਨਗਰ ਦੀ ਬਹੁਤੀ ਉੱਨਤੀ ਰੋਮਨ-ਸ਼ਾਸਨ-ਕਾਲ ਵਿਚ ਹੋਈ ਸੀ। ਉਸ ਸਮੇਂ ਦੀਆਂ ਹੁਣ ਵੀ ਕੁਝ ਯਾਦਾਂ ਇਸ ਵਿਚ ਮਿਲਦੀਆਂ ਹਨ। ਆਪਣੀ ਭੂਗੋਲਿਕ ਸਥਿਤੀ ਕਾਰਣ ਇਹ ਈਸਵੀ ਸੰਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਪਾਰਕ ਕੇਂਦਰ ਬਣ ਚੁਕਿਆ ਸੀ। ਯੋਰੂਪ ਮਹਾਦੀਪ ਦੇ ਬਿਲਕੁਲ ਨੇੜੇ ਹੋਣ ਕਾਰਣ ਵਸਤੂਆਂ ਨੂੰ ਬਾਹਰਲੇ ਦੇਸ਼ਾਂ ਤੋਂ ਮੰਗਵਾਉਣ ਅਤੇ ਫਿਰ ਉਥੇ ਭੇਜਣ ਵਿਚ ਇਥੋਂ ਦੇ ਵਪਾਰੀਆਂ ਨੂੰ ਬਹੁਤ ਸਹੂਲਤ ਰਹਿੰਦੀ ਹੈ। ਉਦਿਯੋਗ ਅਤੇ ਵਪਾਰ ਦਾ ਕੇਂਦਰ ਹੋਣ ਕਾਰਣ ਇਹ ਨਗਰ ਇਤਿਹਾਸਿਕ ਦ੍ਰਿਸ਼ਟੀ ਤੋਂ ਹੀ ਮਹੱਤਵ ਨਹੀਂ ਰਖਦਾ, ਆਰਥਿਕ ਦ੍ਰਿਸ਼ਟੀ ਤੋਂ ਵੀ ਬਹੁਤ ਅਮੀਰ ਹੈ। ਇਥੋਂ ਹੀ ਵਪਾਰੀ ਕੰਪਨੀਆਂ ਦੂਰ-ਦੂਰ ਤਕ ਆਪਣੇ ਦੇਸ਼ ਦਾ ਗੌਰਵ ਕਾਇਮ ਕਰਨ ਵਿਚ ਸਫਲ ਹੋ ਸਕੀਆਂ ਹਨ। ਈਸਟ ਇੰਡੀਆ ਕੰਪਨੀ ਨੇ ਹਿੰਦੁਸਤਾਨ ਵਿਚ ਹੌਲੀ-ਹੌਲੀ ਆਪਣੀ ਸੱਤਾ ਕਾਇਮ ਕਰਨੀ ਸ਼ੁਰੂ ਕੀਤੀ ਸੀ ਅਤੇ ਉਨ੍ਹੀਵੀਂ ਸਦੀ ਦੇ ਪੂਰਵਾਰਧ ਵਿਚ ਹੀ ਉਸ ਨੇ ਸਾਰੇ ਹਿੰਦੁਸਤਾਨ ਨੂੰ ਆਪਣੇ ਅਧੀਨ ਕਰ ਲਿਆ। ਇਸ ਕੰਪਨੀ ਦਾ ਮੁੱਖ ਕੇਂਦਰ ਲੰਦਨ ਵਿਚ ਸੀ ਅਤੇ ਉਸ ਨੂੰ ਇੰਗਲੈਂਡ ਦੀ ਸਰਕਾਰ ਦੀ ਪੂਰੀ ਸਰਪ੍ਰਸਤੀ ਹਾਸਲ ਸੀ। ਹਿੰਦੁਸਤਾਨ ਦੀਆ ਬਹੁਤ ਸਾਰੀਆਂ ਕੀਮਤੀ ਅਤੇ ਇਤਿਹਾਸਿਕ ਮਹੱਤਵ ਵਾਲੀਆਂ ਵਸਤੂਆਂ ਇਸ ਨਗਰ ਵਿਚ ਸੁਰਖਿਅਤ ਹਨ। ਵਿਦਿਆ-ਸੰਚਾਰ ਵਿਚ ਵੀ

ਇਹ ਨਗਰ ਵਿਸ਼ਵ ਵਿਚ ਆਪਣਾ ਮਹੱਤਵਪੂਰਣ ਸਥਾਨ ਰਖਦਾ ਹੈ । ਸ਼ਾਹ ਮੁਹੰਮਦ ਨੇ 'ਜੰਗਨਾਮਾ ਸਿੰਘਾਂ ਅਤੇ ਫਿਰੰਗੀਆਂ' ਵਿਚ ਇਸ ਦਾ ਉੱਲੇਖ ਕਰਦਿਆਂ ਲਿਖਿਆ ਹੈ— 'ਲੰਦਨ ਟਾਪੂਆਂ ਵਿਚ ਕੁਰਲਾਟ ਹੋਈ, ਕੁਰਸੀ ਚਾਰ ਹਜ਼ਾਰ ਹੈ ਸਖਣੀ ਜੀ ।' ਜਾਂ 'ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ, ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ ।'

ਲੰਮੂਬਾ (Lumumba Patrice) : ਅਫ਼ਰੀਕਾ ਦੇ ਕਾਂਗੋ ਦੇਸ਼ ਦਾ ਇਕ ਰਾਜਨੈਤਿਕ ਆਗੂ ਜਿਸ ਦਾ ਜਨਮ 2 ਜੁਲਾਈ, 1925 ਈ. ਵਿਚ ਓਨਾਲੂਆ (Onalua) ਪਿੰਡ ਵਿਚ ਹੋਇਆ । ਆਪਣੀ ਸਕੂਲੀ ਪੜ੍ਹਾਈ ਖ਼ਤਮ ਕਰਨ ਤੋਂ ਬਾਦ ਇਸ ਨੇ ਡਾਕਘਰ ਦੇ ਕਲਰਕ ਵੱਜੋਂ ਨੌਕਰੀ ਸ਼ੁਰੂ ਕੀਤੀ । ਉਦੋਂ ਤੋਂ ਹੀ ਇਹ ਕਾਮਿਆਂ ਦੇ ਸੰਗਠਨ ਵਿਚ ਆਮ ਭਾਗ ਲੈਣ ਲਗ ਗਿਆ । ਪਰ ਇਸ ਦੇ ਮਨ ਵਿਚ ਬੈਲਜੀਅਮ ਦੇ ਰਾਜ-ਅਧਿਕਾਰ ਤੋਂ ਕਾਂਗੋ ਨੂੰ ਮੁਕਤ ਕਰਾਉਣ ਦੀ ਧੁੰਨ ਸਵਾਰ ਸੀ । ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਇਸ ਨੇ ਕੁਝ ਲੇਖ ਅਤੇ ਕਵਿਤਾਵਾਂ ਵੀ ਲਿਖੀਆਂ । ਸੰਨ 1954 ਈ. ਵਿਚ ਇਹ ਕਾਂਗੋ ਦੀ ਯੂਨੀਵਰਸਿਟੀ ਵਿਚ ਦਾਖ਼ਲ ਹੋਇਆ, ਪਰ ਰਾਜਨੈਤਿਕ ਗਤਿਵਿਧੀਆਂ ਕਾਰਣ ਇਸ ਨੂੰ ਕੈਦ ਕਰ ਦਿੱਤਾ ਗਿਆ । ਮੁਕਤ ਹੋਣ ਤੋਂ ਬਾਦ ਇਸ ਨੇ ਅਕਤੂਬਰ, 1958 ਈ. ਵਿਚ ਰਾਸ਼ਟਰੀ ਪੱਧਰ 'ਤੇ ਇਕ ਰਾਜਨੈਤਿਕ ਦਲ ਕਾਇਮ ਕੀਤਾ ਅਤੇ ਜਲਦੀ ਹੀ ਜਨ-ਸਾਧਾਰਣ ਵਿਚ ਬਹੁਤ ਪ੍ਰਤਿਸ਼ਠਿਤ ਹੋ ਗਿਆ ਪਰ ਇਸ ਨੂੰ ਫਿਰ ਪਕੜ ਲਿਆ ਗਿਆ ਅਤੇ ਜਨਵਰੀ, 1960 ਈ. ਵਿਚ ਬੈਲਜੀਅਮ ਵਿਚ ਹੋਣ ਵਾਲੀ ਗੋਲਮੇਜ਼ ਕਾਨਫ੍ਰੇਂਸ ਵਿਚ ਭਾਗ ਲੈਣ ਲਈ ਮੁਕਤ ਕੀਤਾ ਗਿਆ ।

ਮਈ, 1960 ਈ. ਦੀਆਂ ਚੋਣਾਂ ਵਿਚ ਇਸ ਦੀ ਪਾਰਟੀ ਦੀ ਸਥਿਤੀ ਉਤਸਾਹਜਨਕ ਰਹੀ ਅਤੇ ਇਹ ਰਾਸ਼ਟਰੀ ਨੇਤਾ ਵਜੋਂ ਉਭਰ ਕੇ ਸਾਹਮਣੇ ਆਇਆ । ਇਸ ਨੇ ਆਪਣੀ ਪਾਰਟੀ ਦੀ ਸਰਕਾਰ ਬਣਾਈ ਅਤੇ ਖ਼ੁਦ ਪ੍ਰਧਾਨ ਮੰਤਰੀ ਵੱਜੋਂ ਕਾਰਜ-ਭਾਰ ਸੰਭਾਲਿਆ । ਪਰ ਵਿਰੋਧੀਆਂ ਦੇ ਭੜਕਾਉਣ 'ਤੇ ਜਲਦੀ ਹੀ ਸੈਨਾ ਨੇ ਵਿਦਰੋਹ ਕਰ ਦਿੱਤਾ । ਇਸ ਨੇ ਸਥਿਤੀ ਸੰਭਾਲਣ ਲਈ ਪੂਰੀ ਕੋਸ਼ਿਸ਼ ਕੀਤੀ, ਪਰ ਵਿਰੋਧੀਆਂ ਦੇ ਅਸਰ ਹੇਠ ਆ ਕੇ ਪ੍ਰਧਾਨ ਨੇ ਇਸ ਦੀ ਸਰਕਾਰ ਨੂੰ 5 ਸਤੰਬਰ, 1960 ਈ. ਨੂੰ ਤੋੜ ਦਿੱਤਾ ਅਤੇ ਇਸ ਨੂੰ ਪਕੜ ਲਿਆ ਗਿਆ । ਲਗਭਗ ਚਾਰ ਮਹੀਨਿਆਂ ਬਾਦ 17 ਜਨਵਰੀ, 1961 ਈ. ਨੂੰ ਇਸ ਨੂੰ ਕਤਲ ਕਰ ਦਿੱਤਾ ਗਿਆ ।

ਕਾਂਗੋ ਦੇਸ਼ ਦੀ ਅਖੰਡਤਾ ਅਤੇ ਆਜ਼ਾਦੀ ਵਿਚ ਵਿਸ਼ਵਾਸ ਰਖਣ ਵਾਲਾ ਲੰਮੂਬਾ ਦ੍ਰਿੜ੍ਹ ਚਰਿਤ੍ਰ ਵਾਲਾ ਨੇਤਾ ਸੀ ਜਿਸ ਨੇ ਸਾਰੇ ਅਫ਼ਰੀਕਾ ਮਹਾਦੀਪ ਵਿਚ ਇਕ ਨਵੀਂ ਚੇਤਨਾ ਪੈਦਾ ਕੀਤੀ । ਇਸ ਦੇ ਵਿਰੋਧੀ ਵੀ ਇਸ ਦੀ ਦੇਸ਼-ਭਗਤੀ ਦਾ ਸਤਿਕਾਰ ਕਰਦੇ ਹਨ । ਇਸ ਦੇ ਕਤਲ ਨੇ ਅਨੇਕ ਸੁਹਿਰਦ ਲੋਕਾਂ ਨੂੰ ਪ੍ਰਭਾਵਿਤ ਕੀਤਾ । ਸ਼ਿਵ ਕੁਮਾਰ ਬਟਾਲਵੀ ਨੇ ਇਸ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਅਜ ਦੀ ਸ਼ਾਮ/ਇਹ ਗੋਲੇ ਕਬੂਤਰ ਰੰਗੀ/ਮੈਨੂੰ ਲੰਮੂਬੇ ਦੀ,/ ਨਾਰ ਨਜ਼ਰ ਆਈ ਹੈ/ ਜਿਦ੍ਹੀ ਮਾਂਗ ਚੋਂ ਜ਼ਰਦਾਰੀ ਨੇ/ ਹਾਏ, ਪੂੰਝ ਕੇ ਸੰਧੂਰ/ਅਫ਼ਰੀਕਾ ਦੀ ਦਹਿਲੀਜ਼ ਤੇ/ਕਰ ਵਿਧਵਾ ਬਿਠਾਈ ਹੈ ।'

ਵ

ਵਸ਼ਿਸ਼ਠ : ਇਕ ਪ੍ਰਸਿੱਧ ਰਿਸ਼ੀ, ਜਿਸ ਨੂੰ ਸੱਤ ਮਹਾਂਰਿਸ਼ੀਆਂ ਵਿਚ ਗਿਣਿਆ ਜਾਂਦਾ ਹੈ। ਮਨੂ ਨੇ ਇਸ ਨੂੰ ਦਸ ਪ੍ਰਜਾਪਤੀਆਂ ਵਿਚ ਵੀ ਸ਼ਾਮਲ ਕੀਤਾ ਹੈ। 'ਰਿਗ-ਵੇਦ' ਦਾ ਸੱਤਵਾਂ ਮੰਡਲ ਇਸ ਦੁਆਰਾ ਸੰਕਲਿਤ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਵਸ਼ਿਸ਼ਠ ਅਤੇ ਇਸ ਦੀ ਸੰਤਾਨ ਦਾ ਉੱਲੇਖ ਮਿਲਦਾ ਹੈ।

ਇਸ ਨੂੰ ਇਤਿਹਾਸਿਕ ਵਿਅਕਤੀ ਮੰਨਣ ਜਾਂ ਨਾ ਮੰਨਣ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਇਹ ਕੋਈ ਨਿਸ਼ਚਿਤ ਵਿਅਕਤੀ ਨਹੀਂ ਸੀ। ਦੂਜੇ ਮਤ ਅਨੁਸਾਰ 'ਰਿਗਵੇਦ' ਦੀ ਇਕ ਰਿਚਾ ਵਿਚ ਲਿਖਿਆ ਹੈ ਕਿ ਇਸ ਨੇ ਦਸ ਰਾਜਿਆਂ ਨਾਲ ਕੀਤੇ ਯੁੱਧ ਵਿਚ ਸੁਦਾਸ ਦੀ ਮੱਦਦ ਕੀਤੀ ਸੀ। ਇਸ ਨੂੰ ਸੁਦਾਸ ਦਾ ਪੁਰੋਹਿਤ ਵੀ ਦੱਸਿਆ ਗਿਆ ਹੈ। ਰਾਜਾ ਸੁਦਾਸ ਦਾ ਪੁਰੋਹਿਤ ਹੋਣ ਦੀ ਇੱਛਾ ਵਿਸ਼ਵਾਮਿਤਰ ਵੀ ਰਖਦਾ ਸੀ। ਪਰ ਰਾਜੇ ਨੇ ਵਸ਼ਿਸ਼ਠ ਨੂੰ ਆਪਣਾ ਪੁਰੋਹਿਤ ਬਣਾਇਆ।

ਵਸ਼ਿਸ਼ਠ ਦੇ ਜਨਮ ਬਾਰੇ ਪੁਰਾਣਾਂ ਵਿਚ ਲਿਖਿਆ ਹੈ ਕਿ ਇਕ ਵਾਰ ਉਰਵਸ਼ੀ ਅਪੱਛਰਾ ਨੂੰ ਵੇਖ ਕੇ ਮਿਤ੍ਰਾਵਰੁਣ ਦਾ ਵੀਰਜ ਗਿਰ ਗਿਆ, ਜਿਸ ਦੇ ਫਲਸਰੂਪ ਪ੍ਰਿਥਵੀ ਤੋਂ ਵਸ਼ਿਸ਼ਠ ਦੀ ਉੱਤਪਤੀ ਹੋਈ। 'ਮਹਾਭਾਰਤ' ਵਿਚ ਇਸ ਨੂੰ ਬ੍ਰਹਮਾ ਦਾ ਮਾਨਸ ਪੁੱਤਰ ਮੰਨਿਆ ਗਿਆ ਹੈ। ਇੰਦਰੀਆਂ ਨੂੰ ਵਸ ਵਿਚ ਕੀਤੇ ਹੋਣ ਕਾਰਣ ਹੀ ਇਸ ਨੂੰ 'ਵਸ਼ਿਸ਼ਠ' ਕਿਹਾ ਜਾਂਦਾ ਹੈ। ਇਸ ਕੋਲ ਨੰਦਿਨੀ ਨਾਂ ਦੀ ਇਕ ਗਊ ਸੀ। ਵਿਸ਼ਵਾਮਿਤਰ ਨੇ ਵਸ਼ਿਸ਼ਠ ਨੂੰ ਨੰਦਿਨੀ ਗਊ ਦੇਣ ਲਈ ਕਿਹਾ, ਭਾਵੇਂ ਉਸ ਦੇ ਬਦਲੇ ਇਕ ਕਰੋੜ ਗਊਆਂ ਦੇਣ ਲਈ ਉਹ ਤਿਆਰ ਸੀ, ਪਰ ਵਸ਼ਿਸ਼ਠ ਨਾ ਮੰਨਿਆ। ਵਿਸ਼ਵਾਮਿਤਰ ਛਤ੍ਰੀ ਸੀ, ਇਸ ਲਈ ਉਸ ਨੇ ਆਪਣੀ ਸ਼ਕਤੀ ਨਾਲ ਗਊ ਖੋਹ ਲਈ। ਵਸ਼ਿਸ਼ਠ ਨੇ ਉਸ ਨੂੰ ਬਹੁਤ ਸਮਝਾਇਆ, ਪਰ ਵਿਸ਼ਵਾਮਿਤਰ ਅਤਿਆਚਾਰ ਕਰਨੋਂ ਨਾ ਟਲਿਆ। ਆਖ਼ਰ ਵਿਸ਼ਵਾਮਿਤਰ ਹਾਰ ਗਿਆ। ਪਰ ਉਸ ਨੇ ਵਸ਼ਿਸ਼ਠ ਜਿਤਨੀ ਸ਼ਕਤੀ ਪ੍ਰਾਪਤ ਕਰਕੇ ਵਸ਼ਿਸ਼ਠ ਨੂੰ ਨੀਵਾਂ ਦਿਖਾਉਣ ਵਾਸਤੇ ਕਠੋਰ ਤਪਸਿਆ ਕੀਤੀ ਅਤੇ ਰਿਸ਼ੀ ਬਣਿਆ।

'ਵਿਸ਼ਨੂ-ਪੁਰਾਣ' ਅਨੁਸਾਰ ਵਸ਼ਿਸ਼ਠ ਦਾ ਵਿਆਹ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਉਰਜਾ ਨਾਲ ਹੋਇਆ ਸੀ, ਜਿਸ ਤੋਂ ਇਸ ਨੂੰ ਸੱਤ ਪੁੱਤਰ ਪ੍ਰਾਪਤ ਹੋਏ। 'ਭਾਗਵਤ-ਪੁਰਾਣ' ਅਨੁਸਾਰ ਇਸ ਦੀ ਪਤਨੀ ਦਾ ਨਾਂ ਅਰੁੰਧਤੀ ਸੀ। ਕਈਆਂ ਆਖਿਆਨਾਂ ਵਿਚ ਪੁੱਤਰਾਂ ਦੀ ਗਿਣਤੀ 100 ਲਿਖੀ ਹੈ ਜਿਨ੍ਹਾਂ ਵਿਚ ਸ਼ਕਤ੍ਰੀ ਸਭ ਤੋਂ ਵੱਡਾ ਸੀ। ਇਕ ਵਾਰ ਇਕ ਰਾਜੇ ਦੇ ਮਾਰਗ ਵਿਚੋਂ ਨਾ ਹੱਟਣ 'ਤੇ ਸ਼ਕਤ੍ਰੀ ਨੇ ਉਸ ਨੂੰ ਆਦਮਖ਼ੋਰ ਹੋ ਜਾਣ ਦਾ ਸਰਾਪ ਦਿੱਤਾ। ਵਿਸ਼ਵਾਮਿਤਰ ਦੇ ਸੁਝਾ 'ਤੇ ਆਦਮਖ਼ੋਰ ਰਾਖਸ਼ ਨੇ ਰਾਜੇ ਵਿਚ ਪ੍ਰਵੇਸ਼ ਕੀਤਾ ਅਤੇ ਸਭ ਤੋਂ ਪਹਿਲਾ ਸ਼ਿਕਾਰ ਵਸ਼ਿਸ਼ਠ ਦੇ ਪੁੱਤਰ ਸ਼ਕਤ੍ਰੀ ਨੂੰ ਹੀ ਬਣਾਇਆ। ਇਹੀ ਹਾਲ ਉਸ ਦੇ ਬਾਕੀ ਪੁੱਤਰਾਂ ਦਾ ਹੋਇਆ। ਪੁੱਤਰਾਂ ਦੀ ਮ੍ਰਿਤੂ ਦੇ ਸ਼ੋਕ ਕਾਰਣ ਦੁੱਖੀ ਹੋਏ ਵਸ਼ਿਸ਼ਠ ਨੇ ਆਤਮ-ਹਤਿਆ ਕਰਨ ਦੇ ਬਹੁਤ ਯਤਨ ਕੀਤੇ, ਪਰ ਸਫਲ ਨਾ ਹੋਇਆ ਅਤੇ ਆਪਣੇ ਆਸ਼੍ਰਮ ਵਿਚ ਪਰਤ ਆਇਆ।

ਪੁਰਾਣਾਂ ਵਿਚ ਇਹ ਪ੍ਰਸੰਗ ਵੀ ਮਿਲਦਾ ਹੈ ਕਿ ਵਸਿਸ਼ਠ ਨੇ ਆਪਣੇ ਅੱਗ ਵਰਗੇ ਸੁਆਸਾਂ ਨਾਲ ਵਿਸ਼ਵਾਮਿਤਰ ਦੇ ਪੁੱਤਰਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ ਸੀ। ਪੁੱਤਰਾਂ ਦੀ ਮੌਤ ਤੋਂ ਨਿਰਾਸ਼ ਹੋ ਕੇ ਦੋਵੇਂ ਹਿਮਾਲਾ ਪਰਬਤ ਉਤੇ ਚਲੇ ਗਏ। ਉਥੇ ਹੀ ਦੇਵਤਿਆਂ ਦੇ ਕਹੇ 'ਤੇ ਦੋਹਾਂ ਨੇ ਆਪਸ ਵਿਚ ਸਮਝੌਤਾ ਕਰ ਲਿਆ ਅਤੇ ਅਗੋਂ ਤੋਂ ਵਿਸ਼ਵਾਮਿਤਰ ਨੇ ਵਸਿਸ਼ਠ ਦਾ ਬ੍ਰਾਹਮਣ ਰਿਸ਼ੀ ਵਜੋਂ ਪੂਰਾ ਸਤਿਕਾਰ ਕਰਨਾ ਸ਼ੁਰੂ ਕਰ ਦਿੱਤਾ। ਵਸਿਸ਼ਠ ਨੇ ਭਗਤੀ ਵਿਚ ਪੂਰੀ ਤਰ੍ਹਾਂ ਲੀਨ ਹੋ ਕੇ ਸਦ-ਗਤੀ ਪ੍ਰਾਪਤ ਕੀਤੀ। ਗੁਰੂ ਰਾਮਦਾਸ ਨੇ ਗੁਰੂ ਦੇ ਉਪਦੇਸ਼ ਦੇ ਪ੍ਰਸੰਗ ਵਿਚ ਵਸਿਸ਼ਠ ਵਲ ਸੰਕੇਤ ਕੀਤਾ ਹੈ— 'ਗੁਰਮੁਖਿ ਜਨਕਿ ਹਰਿਨਾਮਿ ਲਿਵ ਲਾਈ ।/ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ' (ਅ. ਗ੍ਰੰ. 591)।

ਵਸੁ/ਵਸੂ : ਵਸੂ ਇਕ ਨਹੀਂ, ਅੱਠ ਹਨ। ਇਨ੍ਹਾਂ ਦੇ ਨਾਵਾਂ ਬਾਰੇ ਸਮਾਨਤਾ ਨਹੀਂ ਮਿਲਦੀ। ਵਿਸ਼ਣੂ ਅਤੇ ਹਰਿਵੰਸ਼ ਪੁਰਾਣਾਂ ਵਿਚ ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ—ਧਰ, ਧ੍ਰੁਵ, ਸੋਮ, ਅਪ੍, ਅਨਲ, ਅਨਿਲ, ਪ੍ਰਤ੍ਯੂਸ਼ ਅਤੇ ਪ੍ਰਭਾਸ। 'ਭਾਗਵਤ-ਪੁਰਾਣ' ਵਿਚ ਇਹ ਨਾਂ ਹੋਰ ਤਰ੍ਹਾਂ ਲਿਖੇ ਹਨ—ਦ੍ਰੋਣ, ਪ੍ਰਾਣ, ਧ੍ਰੁਵ, ਅਰ੍ਕ, ਅਗਨੀ, ਦੋਸ਼, ਵਸੂ ਵਿਭਾਵਸੁ। 'ਮਹਾਭਾਰਤ' ਅਨੁਸਾਰ ਇਨ੍ਹਾਂ ਦੇ ਨਾਂ ਇਹ ਹਨ—ਧਰ, ਧ੍ਰੁਵ, ਸੋਮ, ਵਿਸ਼ਣੂ, ਅਨਿਲ, ਅਨਲ, ਪ੍ਰਤ੍ਯੂਸ਼ ਅਤੇ ਪ੍ਰਭਾਸ। ਇਹ, ਅਸਲ ਵਿਚ, ਕੁਦਰਤੀ ਤੱਤ੍ਵਾਂ ਨੂੰ ਦੇਵ-ਵਰਗ ਦੇ ਸੰਦਰਭ ਵਿਚ ਰਖ ਕੇ ਪੇਸ਼ ਕਰਨ ਦਾ ਯਤਨ ਹੈ।

ਇਨ੍ਹਾਂ ਅੱਠ ਵਸੂਆਂ ਦਾ ਨਾਇਕ ਅਗਨੀ ਹੈ। ਇਨ੍ਹਾਂ ਦਾ ਜਨਮ ਦਕ੍ਸ਼ ਪ੍ਰਜਾਪਤੀ ਦੀ ਪੁੱਤਰੀ ਅਤੇ ਧਰਮ ਦੀ ਪਤਨੀ ਵਸੂ ਤੋਂ ਹੋਇਆ ਸੀ। 'ਰਿਗਵੇਦ' ਅਨੁਸਾਰ ਇਹ ਪ੍ਰਿਥਵੀ ਉਤੇ ਵਸਣ ਵਾਲੇ ਦੇਵਤੇ ਹਨ। 'ਤੈਤਿਰੀਯ ਸੰਹਿਤਾ' ਵਿਚ ਇਨ੍ਹਾਂ ਦੀ ਗਿਣਤੀ 33 ਅਤੇ ਬ੍ਰਾਹਮਣ ਗ੍ਰੰਥਾਂ ਵਿਚ ਬਾਰ੍ਹਾਂ ਦਸੀ ਗਈ ਹੈ। 'ਪਦਮ-ਪੁਰਾਣ' ਵਿਚ ਲਿਖਿਆ ਹੈ ਕਿ ਇਹ ਦਕ੍ਸ਼ ਪ੍ਰਜਾਪਤੀ ਦੇ ਯੱਗ ਵੇਲੇ ਮੌਜੂਦ ਸਨ ਅਤੇ ਹਿਰਣ੍ਯਾਕ੍ਸ਼ ਨਾਲ ਯੁੱਧ ਵੇਲੇ ਇਨ੍ਹਾਂ ਨੇ ਇੰਦਰ ਦੀ ਸਹਾਇਤਾ ਕੀਤੀ ਸੀ। ਜਾਲੰਧਰ ਦੈਂਤ ਦੇ ਅਨੁਚਰ ਸ਼ੁੰਭ ਨੂੰ ਵੀ ਇਨ੍ਹਾਂ ਨੇ ਮਾਰਿਆ ਸੀ। ਇਨ੍ਹਾਂ ਨੇ ਸ਼ਿਵ ਨੂੰ ਪ੍ਰਸੰਨ ਕਰਕੇ ਵਰ ਪ੍ਰਾਪਤ ਕੀਤਾ ਅਤੇ ਸ਼ਿਵਲਿੰਗ ਦੀ ਸਥਾਪਨਾ ਉਪਰੰਤ ਸਵਰਗ ਨੂੰ ਚਲੇ ਗਏ।

ਵਸੁਦੇਵ : ਚੰਦ੍ਰਵੰਸ਼ ਵਿਚ ਯਦੂਵੰਸ਼ੀ ਸ਼ੂਰ ਦੇ ਘਰ ਮਾਰਿਸ਼ਕਾ ਦੀ ਕੁੱਖੋਂ ਪੈਦਾ ਹੋਇਆ ਵਸੁਦੇਵ ਮਥੁਰਾ ਦੇ ਰਾਜੇ ਉਗ੍ਰਸੈਨ ਦਾ ਵਜ਼ੀਰ ਸੀ। ਇਹ ਪਾਂਡਵਾਂ ਦੀ ਮਾਤਾ ਕੁੰਤੀ ਦਾ ਭਰਾ ਅਤੇ ਕ੍ਰਿਸ਼ਣ ਅਤੇ ਬਲਭਦ੍ਰ ਦਾ ਪਿਤਾ ਸੀ। ਇਸ ਨੇ ਦੇਵਕ ਜਾਂ ਵਾਹਕ ਦੀਆਂ ਸੱਤ ਕੰਨਿਆਵਾਂ ਨਾਲ ਵਿਆਹ ਕੀਤਾ ਜਿਨ੍ਹਾਂ ਵਿਚੋਂ ਸਭ ਤੋਂ ਛੋਟੀ ਦਾ ਨਾਂ ਦੇਵਕੀ ਸੀ ਜਿਸ ਨੇ ਸ੍ਰੀ ਕ੍ਰਿਸ਼ਣ ਨੂੰ ਜਨਮ ਦਿੱਤਾ। ਵਸੁਦੇਵ ਦਾ ਪੁੱਤਰ ਹੋਣ ਕਾਰਣ ਕ੍ਰਿਸ਼ਣ ਨੂੰ 'ਵਾਸੁਦੇਵ' ਵੀ ਕਹਿੰਦੇ ਹਨ। ਜਿਵੇਂ ਭਾਈ ਗੁਰਦਾਸ ਨੇ ਲਿਖਿਆ ਹੈ—'ਕਿਸਨੁ ਜਸੋਧਾਂ ਪਾਲਿਆ ਵਾਸਦੇਵ ਕੁਲ ਕਵਲੁ ਸਦਾਈ' (25/5)। ਗੁਰੂ ਗ੍ਰੰਥ ਸਾਹਿਬ ਵਿਚ ਵਾਸੁਦੇਵ ਨੂੰ ਪਰਮਾਤਮਾ ਵਾਚਕ ਸ਼ਬਦ ਵੱਜੋਂ ਵਰਤਿਆ ਗਿਆ ਹੈ— 'ਵਵੈ ਵਾਸੁਦੇਉ ਪਰਮੇਸੁਰੁ ਵੇਖਣ ਕਉ ਜਿਨਿ ਵੇਸੁ ਕੀਆ' (ਅ. ਗ੍ਰੰ. 434)।

ਭਾਈ ਕਾਨ੍ਹ ਸਿੰਘ ਨੇ ਵਸੁਦੇਵ ਦੀਆਂ 12 ਇਸਤਰੀਆਂ ਮੰਨੀਆਂ ਹਨ, ਜਿਵੇਂ ਪੌਰਵੀ, ਰੋਹਿਣੀ, ਮਦਿਰਾ, ਧਰਾ, ਵੈਸ਼ਾਖੀ, ਭਦ੍ਰਾ, ਸੁਨਾਮਣੀ, ਸਹਦੇਵਾ, ਸਾਂਤਿਦੇਵਾ, ਸੁਦੇਵਾ, ਦੇਵਰਕ੍ਸ਼ਿਤਾ ਅਤੇ ਦੇਵਕੀ। ਇਸ ਨੇ ਸ੍ਯਮੰਤ ਪੰਚਕ ਖੇਤਰ ਵਿਚ ਅਸ਼੍ਵਮੇਧ ਯੱਗ ਵੀ ਕੀਤਾ ਸੀ। ਕ੍ਰਿਸ਼ਣ ਦੇ ਦੇਹਾਂਤ ਕਾਰਣ ਇਸ ਨੇ ਵੀ ਪ੍ਰਭਾਸ ਖੇਤਰ ਵਿਚ ਆਪਣੇ ਪ੍ਰਾਣ ਤਿਆਗ ਦਿੱਤੇ। ਇਸ ਦਾ ਇਕ ਨਾਂ 'ਆਨਕ-ਦੁੰਦੁਭਿ' ਵੀ ਹੈ ਕਿਉਂਕਿ ਕ੍ਰਿਸ਼ਣ ਦੇ ਜਨਮ ਵੇਲੇ ਇਸ ਦੇ ਘਰ ਦੇਵਤਿਆਂ ਨੇ ਨਗਾਰੇ ਅਤੇ ਵਾਜੇ ਵਜਾਏ ਸਨ। ਭਾਈ ਗੁਰਦਾਸ ਨੇ ਗੁਰੂ-ਸਿੱਖ ਸੰਬੰਧ ਨੂੰ ਪ੍ਰਗਟ ਕਰਦਿਆਂ ਵਸੁਦੇਵ ਦਾ ਸੰਕੇਤ ਵਰਤਿਆ ਹੈ—'ਬਤਕ ਬਚਾ ਕੋਇਲੋਂ ਨੰਦ ਨੰਦਨ ਵਸੁਦੇਵ ਮਿਲਾਪੋਂ' (11/12)।

ਵੱਡਾ-ਦਿਨ : ਈਸਾਈ ਮਤ ਵਾਲੇ ਹਰ ਸਾਲ 25 ਦਸੰਬਰ ਨੂੰ ਹਜ਼ਰਤ ਈਸਾ ਦਾ ਜਨਮ ਦਿਨ ਮੰਨਾਉਂਦੇ ਹਨ। ਜਿਸ ਨੂੰ 'ਕ੍ਰਿਸਮਸ' ਵੀ ਕਿਹਾ ਜਾਂਦਾ ਹੈ। ਸ਼ੁਰੂ ਵਿਚ ਈਸਾਈ ਮਤ ਵਾਲਿਆਂ ਦਾ ਆਪਣਾ ਕੋਈ ਤਿਉਹਾਰ ਨਹੀਂ ਸੀ, ਇਸ ਲਈ ਇਹ ਯਹੂਦੀਆਂ ਦੇ ਪ੍ਰਮੁਖ ਤਿਉਹਾਰ 'ਪਾਸਕਾ' ਦੇ ਮੌਕੇ ਈਸਾ ਦੇ ਪੁਨਰ-ਉੱਥਾਨ ਦਾ ਦਿਨ ਮੰਨਾਉਂਦੇ ਸਨ। ਚੌਥੀ ਸਦੀ ਦੇ ਆਰੰਭ ਵਿਚ ਰੋਮ ਅੰਦਰ ਮੰਨਾਏ ਜਾਣ ਵਾਲੇ ਸੂਰਜ ਤਿਉਹਾਰ ਦੀ ਤਿਥੀ 25 ਦਸੰਬਰ ਨੂੰ ਹੀ ਈਸਾ ਦਾ ਜਨਮ-ਦਿਨ ਨਿਸ਼ਚਿਤ ਕਰ ਲਿਆ ਗਿਆ। ਇਸ ਦਿਨ ਈਸਾਈ ਲੋਕ ਬਹੁਤ ਖ਼ੁਸ਼ੀ ਮੰਨਾਉਂਦੇ ਹਨ, ਘਰਾਂ ਵਿਚ ਰੌਸ਼ਨੀ ਕਰਦੇ ਹਨ ਅਤੇ ਗ਼ਰੀਬਾਂ ਅਤੇ ਸੰਗੀਆਂ ਸਾਥੀਆਂ ਵਿਚ ਤੋਹਫ਼ੇ ਵੰਡਦੇ ਹਨ। ਇਹ ਇਕ ਪ੍ਰਕਾਰ ਦਾ ਪਰਿਵਾਰਿਕ ਅਤੇ ਬੱਚਿਆਂ ਦਾ ਤਿਉਹਾਰ ਹੈ। ਵੱਖ-ਵੱਖ ਦੇਸ਼ਾਂ ਵਿਚ ਵਸਦੇ ਈਸਾਈਆਂ ਦੁਆਰਾ ਇਸ ਨਾਲ ਕਈ ਤਰ੍ਹਾਂ ਦੀਆਂ ਰਸਮਾਂ ਸੰਬੰਧਿਤ ਕਰ ਦਿੱਤੀਆਂ ਗਈਆਂ ਹਨ, ਪਰ ਸਮੁੱਚੇ ਤੌਰ 'ਤੇ ਇਹ ਈਸਾਈਆਂ ਦਾ ਇਕ ਮਹੱਤਵ-ਪੂਰਣ ਦਿਨ ਹੋਣ ਕਰਕੇ ਇਸ ਨੂੰ 'ਵੱਡਾ ਦਿਨ' ਵੀ ਕਿਹਾ ਜਾਣ ਲਗ ਪਿਆ। ਈਸਾਈ ਮਤ ਨਾਲ ਸੰਬੰਧਿਤ ਕਾਵਿ ਵਿਚ ਇਸ ਦਾ ਉੱਲੇਖ ਮਿਲਦਾ ਹੈ।

ਵਰਣ : ਹਿੰਦੂ ਧਰਮ ਦੇ ਸਮਾਜਿਕ ਸੰਗਠਨ ਦਾ ਮੂਲ-ਆਧਾਰ ਦੋ ਸੰਸਥਾਵਾਂ ਹਨ—ਵਰਣ ਅਤੇ ਆਸ਼੍ਰਮ (ਵੇਖੋ)। 'ਵਰਣ' ਦਾ ਮੂਲ ਅਰਥ ਹੈ ਰੰਗ। ਇਕ ਮਤ ਅਨੁਸਾਰ ਪਹਿਲਾਂ ਪਹਿਲ ਰੰਗ 'ਤੇ ਆਧਾਰਿਤ ਸਮਾਜਿਕ ਵੰਡ ਨੂੰ ਵਰਣ-ਵਿਵਸਥਾ ਕਿਹਾ ਜਾਂਦਾ ਸੀ ਕਿਉਂਕਿ ਬ੍ਰਾਹਮਣ ਦਾ ਰੰਗ ਗੋਰਾ, ਛਤ੍ਰੀ ਦਾ ਲਾਲ, ਵੈਸ਼ ਦਾ ਪੀਲਾ ਅਤੇ ਸ਼ੂਦ੍ਰ ਦਾ ਕਾਲਾ ਮੰਨਿਆ ਜਾਂਦਾ ਹੈ। ਰੰਗ ਦੇ ਆਧਾਰ 'ਤੇ ਵੰਡ ਕਿਵੇਂ ਸ਼ੁਰੂ ਹੋਈ, ਇਸ ਬਾਰੇ ਦਸਿਆ ਜਾਂਦਾ ਹੈ ਕਿ ਭਾਰਤ ਵਿਚ ਬਾਹਰੋਂ ਆਏ ਆਰਯ ਲੋਕ ਰੰਗ ਦੇ ਗੋਰੇ ਸਨ। ਭਾਰਤ ਵਿਚ ਰਹਿਣ ਵਾਲੇ ਲੋਕ ਕਾਲੇ ਸਨ। ਸ਼ਰੀਰਿਕ ਰੰਗਾਂ ਦੇ ਇਸ ਅੰਤਰ ਕਾਰਣ ਪਹਿਲਾਂ ਆਰਯ ਅਤੇ ਅਨਾਰਯ ਦੋ ਵਰਣ ਬਣੇ। ਫਿਰ ਆਰਯਾਂ ਵਿਚ ਇਕ ਦੀ ਥਾਂ ਤਿੰਨ ਰੰਗ-ਨਿਖੇੜ ਹੋ ਗਏ, ਜਿਵੇਂ ਸਫ਼ੈਦ ਰੰਗ ਵਾਲੇ ਬ੍ਰਾਹਮਣ, ਲਾਲ ਰੰਗ ਵਾਲੇ ਛਤ੍ਰੀ ਅਤੇ ਪੀਲੇ ਰੰਗ ਵਾਲੇ ਵੈਸ਼। ਆਰਯ ਦੀ ਇਹ ਰੰਗ-ਨਿਖੇੜਤਾ ਕਿਵੇਂ ਹੋਈ, ਇਸ ਬਾਰੇ ਕੋਈ ਸਪੱਸ਼ਟ ਤੱਥ ਉਪਲਬਧ ਨਹੀਂ ਹੈ।

ਦੂਜੇ ਮਤ ਅਨੁਸਾਰ ਵਰਣ-ਵਿਵਸਥਾ ਦਾ ਮੂਲ ਆਧਾਰ ਮਨੁੱਖ ਦੀ ਰੋਜ਼ਗਾਰ

ਬਾਰੇ ਕੰਮ ਦੀ ਚੋਣ ਹੈ। ਰੋਜ਼ਗਾਰ ਦੇ ਮੁੱਖ ਤੌਰ 'ਤੇ ਚਾਰ ਵਰਗ ਹਨ ਜਿਨ੍ਹਾਂ ਦਾ ਆਧਾਰ ਹੈ ਗੁਣ, ਕਰਮ ਅਤੇ ਸੁਭਾ। ਇਹ ਚਾਰ ਵਰਗ ਹਨ—(1) ਬ੍ਰਾਹਮਣ (ਬੌਧਿਕ ਕੰਮ ਕਰਨ ਵਾਲੇ), (2) ਛਤ੍ਰੀ (ਸੈਨਿਕ ਜਾਂ ਪ੍ਰਬੰਧਕੀ ਕਾਰਜ ਕਰਨ ਵਾਲੇ), (3) ਵੈਸ਼ (ਖੇਤੀ, ਵਪਾਰ ਆਦਿ ਕਰਨ ਵਾਲੇ), (4) ਸ਼ੂਦ੍ਰ ਮਿਹਨਤ ਮੁਸ਼ਕਤ ਕਰਨ ਵਾਲੇ)। ਇਹੀ ਵੰਡ ਪਹਿਲਾਂ ਵਿਅਕਤੀਗਤ ਸੀ, ਪਰ ਬਾਦ ਵਿਚ ਕੁਲ-ਪਰੰਪਰਾ ਨਾਲ ਸੰਬੰਧਿਤ ਹੋ ਗਈ।

ਹਰ ਸਮਸਿਆ ਦਾ ਹਲ ਅਧਿਆਤਮਵਾਦ ਵਿਚ ਲੱਭਣ ਵਾਲੇ ਵਰਣ-ਵੰਡ ਨੂੰ ਦੈਵੀ ਮੰਨਦੇ ਹਨ। ਉਨ੍ਹਾਂ ਦੀ ਸਥਾਪਨਾ ਹੈ ਕਿ ਵਿਰਾਟ-ਪੁਰਸ਼ ਜਾਂ ਵਿਸ਼ਵ-ਪੁਰਸ਼ ਦੇ ਅੰਗਾਂ ਤੋਂ ਚਾਰ ਵਰਣਾਂ ਦੀ ਉਤਪੱਤੀ ਹੋਈ, ਜਿਵੇਂ ਮੁਖ ਤੋਂ ਬ੍ਰਾਹਮਣ, ਬਾਹਵਾਂ ਤੋਂ ਛਤ੍ਰੀ, ਟੰਗਾ ਤੋਂ ਵੈਸ਼ ਅਤੇ ਚਰਣਾਂ ਤੋਂ ਸ਼ੂਦ੍ਰ। ਦਾਰਸ਼ਨਿਕਾਂ ਨੇ ਇਸ ਵੰਡ ਦਾ ਆਧਾਰ ਸਾਂਖ੍ਯ ਦਰਸ਼ਨ ਦੇ ਤਿੰਨ ਗੁਣਾਂ—ਸਤੋ, ਰਜੋ ਅਤੇ ਤਮੋ—ਨੂੰ ਮੰਨਿਆ ਹੈ। ਜਿਸ ਵਿਚ ਸਤੋਗੁਣ (ਪ੍ਰਕਾਸ਼ ਜਾਂ ਗਿਆਨ) ਦੀ ਪ੍ਰਧਾਨਤਾ ਹੈ ਉਹ ਬ੍ਰਾਹਮਣ ਵਰਣ ਹੈ। ਜਿਸ ਵਿਚ ਰਜੋ ਗੁਣ (ਕ੍ਰਿਆ ਸ਼ਕਤੀ) ਦੀ ਪ੍ਰਧਾਨਤਾ ਹੈ, ਉਹ ਛਤ੍ਰੀ ਵਰਣ ਹੈ। ਜਿਸ ਵਿਚ ਰਜੋ-ਤਮੋ ਗੁਣਾਂ (ਲੋਭ, ਮੋਹ ਅਤੇ ਅੰਧਕਾਰ) ਦਾ ਮਿਲਗੋਭਾ ਹੈ, ਉਹ ਵੈਸ਼ ਵਰਣ ਹੈ। ਅਤੇ ਜਿਸ ਵਿਚ ਤਮੋ ਗੁਣ (ਅੰਧਕਾਰ) ਦੀ ਪ੍ਰਧਾਨਤਾ ਹੈ, ਉਹ ਸ਼ੂਦ੍ਰ ਵਰਣ ਹੈ।

ਡਾ. ਰਾਜਬਲੀ ਪਾਂਡੇਯ ਦਾ ਵਿਚਾਰ ਹੈ ਕਿ ਵਰਣ-ਵੰਡ ਪਿਛੇ ਕਈ ਤੱਤ੍ਵਾਂ ਦਾ ਮਿਲਵਾਂ ਯੋਗਦਾਨ ਰਿਹਾ ਹੈ। ਪਹਿਲਾਂ ਆਰਯਾਂ ਵਿਚ ਹੀ ਵਰਣ-ਵੰਡ ਸੀ, ਪਰ ਇਸ ਦਾ ਆਧਾਰ ਵਿਅਕਤੀਗਤ ਸੀ, ਫਲਸਰੂਪ ਵਰਣ-ਪਰਿਵਰਤਨ ਸਰਲ ਅਤੇ ਸੰਭਵ ਸੀ। ਜਿਉਂ-ਜਿਉਂ ਆਰਯਾਂ ਤੋਂ ਭਿੰਨ ਲੋਕ ਸਮਾਜ ਵਿਚ ਵੱਧਦੇ ਗਏ, ਤਿਉਂ-ਤਿਉਂ ਉਨ੍ਹਾਂ (ਸ਼ੂਦ੍ਰਾਂ) ਦੀ ਸਮਾਜਿਕ ਸਥਿਤੀ ਡਿਗਦੀ ਗਈ। ਇਸ ਤੋਂ ਇਲਾਵਾ ਆਰਯਾਂ ਵਿਚ ਜਿਹੜਾ ਵਰਗ ਸ਼ੂਦ੍ਰਾਂ ਦੇ ਜ਼ਿਆਦਾ ਨੇੜੇ ਰਿਹਾ, ਉਸ ਦੀ ਸਮਾਜਿਕ ਪੱਧਰ ਵੀ ਨੀਵੀਂ ਹੁੰਦੀ ਗਈ। ਇਸ ਦੇ ਨਾਲ ਹੀ ਰੋਜ਼ਗਾਰ ਦੇ ਢੰਗ ਵਿਚ ਸਥਿਰਤਾ ਬਣਾਈ ਰਖਣ ਲਈ ਵਰਣ-ਵਿਵਸਥਾ ਕੁਲ-ਪਰੰਪਰਾਗਤ ਹੁੰਦੀ ਗਈ। ਕਿਸੇ ਨਾ ਕਿਸੇ ਕਾਰਣ ਕਈ ਉਪ-ਵਰਗ ਵੀ ਬਣਦੇ ਗਏ। ਇਨ੍ਹਾਂ ਸਾਰਿਆਂ ਵਰਗਾਂ, ਉਪ-ਵਰਗਾਂ ਨੂੰ ਚਾਰ ਮੁੱਖ ਵਰਗਾਂ ਜਾਂ ਵਰਣਾਂ ਵਿਚ ਵੰਡਣਾ ਹੀ ਵਰਣ-ਵਿਵਸਥਾ ਦਾ ਮੂਲ ਪ੍ਰਯੋਜਨ ਰਿਹਾ ਹੋਵੇਗਾ।

ਪਰ ਇਤਿਹਾਸਿਕ ਵਿਕਾਸ-ਕ੍ਰਮ ਵਿਚ ਇਸ ਵੰਡ ਨੇ ਮਾਨਵ-ਵਿਰੋਧੀ ਸਰੂਪ ਧਾਰਣ ਕਰ ਲਿਆ ਅਤੇ ਮਨੁੱਖ ਮਨੁੱਖ ਨਾ ਰਹਿ ਕੇ ਬ੍ਰਾਹਮਣ, ਛਤ੍ਰੀ, ਵੈਸ਼ ਅਤੇ ਸ਼ੂਦ੍ਰ ਬਣ ਕੇ ਰਹਿ ਗਏ। ਇਹੀ ਕਾਰਣ ਹੈ ਕਿ ਮੱਧ-ਯੁਗ ਦੇ ਸਾਧਕਾਂ ਨੇ ਸਪੱਸ਼ਟ ਤੌਰ ਤੇ ਇਸ ਵਿਵਸਥਾ ਦਾ ਵਿਰੋਧ ਕੀਤਾ। ਗੁਰੂ ਰਾਮਦਾਸ ਦੀ ਸਥਾਪਨਾ ਹੈ ਕਿ ਚੌਹਾਂ ਵਰਣਾਂ ਵਿਚੋਂ ਉਹੀ ਮਹਾਨ ਹੈ ਜੋ ਪਰਮਾਤਮਾ ਦੇ ਨਾਂ ਦਾ ਸਿਮਰਨ ਕਰਦਾ ਹੈ—'ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ' (ਅ. ਗ੍ਰੰ. 861)। ਭਾਈ ਗੁਰਦਾਸ ਨੇ ਸਿੱਖੀ ਦੇ ਸਰੂਪ ਵਿਚ ਚੌਹਾਂ ਵਰਣਾਂ ਦਾ

ਸੁਮੇਲ ਦਸਿਆ ਹੈ —'ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਣੁ ਕਰਾਇਆ' (1/23) ।

ਵਰਾਹ, ਅਵਤਾਰ : ਵੇਖ 'ਬਰਾਹ, ਅਵਤਾਰ'।

ਵਰੁਣ, ਦੇਵਤਾ : ਇਸ ਦਾ ਸ਼ਾਬਦਿਕ ਅਰਥ ਹੈ ਸਭ ਨੂੰ ਆਪਣੇ ਵਿਚ ਸਮੋ ਲੈਣ ਵਾਲਾ। ਅਸਲ ਵਿਚ, ਇਹ ਆਕਾਸ਼ ਦਾ ਵਾਚਕ ਦੇਵਤਾ ਹੈ। ਇਸ ਦਾ 'ਰਿਗ-ਵੇਦ' ਵਿਚ ਅਨੇਕ ਥਾਵਾਂ ਉਤੇ ਵਰਣਨ ਹੋਇਆ ਹੈ ਅਤੇ ਇਸ ਦੀ ਅਨੇਕ ਢੰਗਾਂ ਨਾਲ ਉਸਤਤ ਕੀਤੀ ਗਈ ਹੈ। ਇਥੋਂ ਤਕ ਲਿਖਿਆ ਹੈ ਕਿ ਵਰੁਣ ਦੀ ਬਾਦਸ਼ਾਹੀ ਪੰਛੀਆਂ ਦੀ ਉਡਾਰੀ ਤੋਂ ਵੀ ਦੂਰ, ਅਤੇ ਸਮੁੰਦਰਾਂ ਅਤੇ ਪਹਾੜਾਂ ਤੋਂ ਵੀ ਪਰੇ ਤਕ ਪਸਰੀ ਹੋਈ ਹੈ। ਇਹ ਵਿਸ਼ਵ ਉਤੇ ਸ਼ਾਸਨ ਕਰਦਾ ਹੈ ਅਤੇ ਮਨੁੱਖਾਂ ਦੇ ਕਾਰਜਾਂ ਉਤੇ ਨਜ਼ਰ ਰਖਦਾ ਹੈ। ਇਹ ਸਭ ਨੂੰ ਧਾਰਣ ਕਰਨ ਵਾਲਾ, ਸਰਵਵਿਆਪੀ, ਅੰਤਰਯਾਮੀ ਅਤੇ ਸਰਵੱਗ ਹੈ।

'ਮਹਾਭਾਰਤ' ਵਿਚ ਇਸ ਨੂੰ ਕਰਦਮ ਦਾ ਪੁੱਤਰ ਅਤੇ ਪੁਸ਼ਕਰ ਦਾ ਪਿਤਾ ਦਸਿਆ ਗਿਆ ਹੈ। ਇਕ ਹੋਰ ਉਪਾਖਿਆਨ ਅਨੁਸਾਰ ਇਹ ਇਕ ਵਾਰ ਉਤਥ੍ਯ ਬ੍ਰਾਹਮਣ ਦੀ ਪਤਨੀ ਭਦ੍ਰਾ ਨੂੰ ਉਧਾਲ ਕੇ ਲੈ ਗਿਆ ਸੀ।

ਪੁਰਾਣ-ਸਾਹਿੱਤ ਵਿਚ ਇਸ ਨੂੰ ਜਲਾਂ ਦਾ ਸੁਆਮੀ ਦਸਿਆ ਗਿਆ ਹੈ। ਇਹ ਠੀਕ ਹੈ ਕਿ ਵੈਦਿਕ ਸਾਹਿੱਤ ਵਿਚ ਇਸ ਨੂੰ ਵਿਸ਼ੇਸ਼ ਤੌਰ ਤੇ ਜਲ ਨਾਲ ਸੰਬੰਧਿਤ ਨਹੀਂ ਕੀਤਾ ਗਿਆ, ਪਰ ਉਥੋਂ ਅਜਿਹੇ ਹਵਾਲੇ ਵੀ ਮਿਲ ਜਾਂਦੇ ਹਨ ਜਿਨ੍ਹਾਂ ਤੋਂ ਇਸ ਦਾ ਤੱਤ੍ਵ ਵਜੋਂ ਆਕਾਸ਼ ਅਤੇ ਪ੍ਰਿਥਵੀ ਨਾਲ ਕੁਝ ਨਾ ਕੁਝ ਸੰਬੰਧ ਹੈ ਜਿਸ ਕਰਕੇ ਪੁਰਾਣ-ਸਾਹਿੱਤ ਤਕ ਪਹੁੰਚਦੇ ਪਹੁੰਚਦੇ ਇਹ ਜਲ ਦੇਵਤਾ ਦੇ ਰੂਪ ਵਿਚ ਸਥਾਪਿਤ ਹੋ ਗਿਆ ਹੈ। ਇਸ ਪਾਸ ਅਪਰਾਧੀਆਂ ਨੂੰ ਫਸਾਉਣ ਲਈ ਇਕ ਫੰਧਾ ਹੈ ਜਿਸ ਨੂੰ 'ਨਾਗਪਾਸ਼' ਕਿਹਾ ਜਾਂਦਾ ਹੈ। ਇਸ ਕੋਲ ਸੱਪ ਦੇ ਫਣ ਦੀ ਬਣੀ ਛਤਰੀ ਵੀ ਹੈ। ਇਹ ਮਗਰਮੱਛ 'ਤੇ ਸਵਾਰੀ ਕਰਦਾ ਹੈ। ਇਸ ਦੀ ਨਗਰੀ ਦਾ ਨਾਂ 'ਵਸੁਧਾ' ਹੈ। ਪੱਛਮ ਦਿਸ਼ਾ ਦਾ ਸੁਆਮੀ ਹੋਣ ਕਾਰਣ ਇਸ ਨੂੰ ਦਿਕਪਾਲਾਂ ਵਿਚ ਵੀ ਗਿਣਿਆ ਜਾਂਦਾ ਹੈ। ਇਸ ਨੂੰ ਅਦਿਤ੍ਯਾਂ ਵਿਚ ਸੱਤਵੀਂ ਥਾਂ ਤੇ ਮੰਨਿਆ ਗਿਆ ਹੈ। ਪੰਜਾਬੀ ਸਭਿਆਚਾਰ ਵਿਚ ਇਸ ਦੀ ਸਥਾਪਨਾ ਜਲ-ਦੇਵਤਾ ਵਜੋਂ ਹੋਈ ਹੈ। ਇਹ ਹਿੰਦੂ ਧਰਮ ਵਿਚ ਇਕ ਪ੍ਰਕਾਰ ਨਾਲ ਮੁਸਲਮਾਨਾਂ ਦੇ ਖ਼੍ਵਾਜਾ ਖ਼ਿਜਰ (ਵੇਖੋ) ਦੀ ਭੂਮਿਕਾ ਨਿਭਾਉਂਦਾ ਹੈ।

ਵਲੀ ਕਧਾਰੀ : ਵੇਖੋ 'ਪੰਜਾ-ਸਾਹਿਬ'।

ਵਾਸੁਦੇਵ : ਵਸੁਦੇਵ ਦੇ ਪੁੱਤਰ ਸ਼੍ਰੀ ਕ੍ਰਿਸ਼ਣ। ਵੇਖੋ 'ਕ੍ਰਿਸ਼ਣ, ਅਵਤਾਰ'।

ਵਾਮਨ, ਅਵਤਾਰ : ਵਿਸ਼ਣੂ ਦਾ ਇਕ ਅਵਤਾਰ ਜਿਸ ਦਾ ਦਸ-ਅਵਤਾਰਾਂ ਵਾਲੀ ਸੂਚੀ ਵਿਚ ਪੰਜਵਾਂ ਸਥਾਨ ਹੈ। ਇਸ ਅਵਤਾਰ ਦੇ ਧਾਰਣ ਕਰਨ ਦਾ ਮਨੋਰਥ ਪ੍ਰਿਥਵੀ ਨੂੰ ਅਸੁਰਾਂ ਤੋਂ ਲੈ ਕੇ ਦੇਵਤਿਆਂ ਨੂੰ ਦਿਵਾਉਣਾ ਸੀ। ਇਸ ਅਵਤਾਰ ਨਾਲ ਸੰਬੰਧਿਤ ਆਖਿਆਨ ਦਾ ਸੰਕੇਤ 'ਰਿਗਵੇਦ' ਦੇ ਵਿਸ਼ਣੂ-ਸੂਕਤ ਵਿਚ ਮਿਲਦਾ ਹੈ। ਅਗੇ ਚਲ ਕੇ 'ਸ਼ਤਪਥ-ਬ੍ਰਾਹਮਣ' ਵਿਚ ਇਹ ਕਥਾ ਸੰਖੇਪ ਵਿਚ ਦਿੱਤੀ ਹੈ।

ਪੁਰਾਣ-ਸਾਹਿੱਤ ਵਿਚ ਇਸ ਆਖਿਆਨ ਨੂੰ ਕਾਫ਼ੀ ਵਿਸਤਾਰ ਮਿਲਿਆ ਹੈ। 'ਵਾਮਨ-ਪੁਰਾਣ' ਤਾਂ ਮੁੱਖ ਤੌਰ ਤੇ ਇਸੇ ਅਵਤਾਰ-ਕਥਾ ਨਾਲ ਸੰਬੰਧਿਤ ਹੈ। ਇਸ ਪੁਰਾਣ ਵਿਚ ਇਹ ਵੀ ਲਿਖਿਆ ਹੈ ਕਿ ਵਿਸ਼ਣੂ ਨੇ ਦੇਵਤਿਆਂ ਦੀਆਂ ਦੁਰਬਲਤਾਵਾਂ 'ਤੇ ਦਇਆ ਕਰ ਕੇ ਆਪਣੀ ਮਾਯਾ ਨਾਲ ਦੈਂਤਾਂ ਜਾਂ ਅਸੁਰਾਂ ਨੂੰ ਕਈ ਵਾਰ ਠਗਿਆ ਅਤੇ ਉਨ੍ਹਾਂ ਤੋਂ ਪ੍ਰਿਥਵੀ, ਸਵਰਗ, ਲੱਛਮੀ ਆਦਿ ਨੂੰ ਮੁਕਤ ਕਰਵਾਇਆ। ਇਨ੍ਹਾਂ ਦੇ ਤਿੰਨ ਅਵਤਾਰੀ ਪ੍ਰਸੰਗ ਵਿਸ਼ੇਸ਼ ਉੱਲੇਖਯੋਗ ਹਨ, ਜਿਵੇਂ ਪਹਿਲਾ ਸ੍ਵਾਯੰਭੁਵ ਮਨਵੰਤਰ ਵਿਚ ਵਾਸ੍ਕਲਿ ਦੈਂਤ ਦੇ ਯੱਗ ਵਾਲਾ, ਦੂਜਾ ਵੈਵਸ੍ਵਤ ਮਨਵੰਤਰ ਵਿਚ ਧੁੰਧੁ ਅਸੁਰ ਦੇ ਯੱਗ ਵਾਲਾ ਅਤੇ ਤੀਜਾ ਵੈਵਸ੍ਵਤ ਮਨਵੰਤਰ ਵਿਚ ਬਲਿ ਦੇ ਯੱਗ ਵਾਲਾ। ਪਰ ਇਨ੍ਹਾਂ ਤਿੰਨਾਂ ਵਿਚੋਂ ਬਲਿ ਦੇ ਯੱਗ ਵਾਲਾ ਪ੍ਰਸੰਗ ਅਧਿਕ ਪ੍ਰਸਿੱਧ ਹੈ।

ਇਸ ਪ੍ਰਸੰਗ ਅਨੁਸਾਰ ਰਾਜਾ ਬਲਿ ਤੋਂ ਹਾਰ ਖਾ ਕੇ ਦੇਵਤੇ ਵਿਸ਼ਣੂ ਕੋਲ ਸਹਾਇਤਾ ਲਈ ਗਏ। ਵਿਸ਼ਣੂ ਨੇ ਸਹਾਇਤਾ ਕਰਨ ਦਾ ਵਚਨ ਦਿੱਤਾ। ਉਸ ਨੇ ਕਸ਼੍ਯਪ ਦੇ ਘਰ ਅਦਿਤਿ ਦੀ ਕੁੱਖੋਂ ਵਾਮਨ (ਬੌਣੇ ਕਦ ਦਾ) ਰੂਪ ਵਿਚ ਜਨਮ ਲਿਆ। ਬੌਣੇ ਕਦ ਦੇ ਵਾਮਨ ਨੇ ਯੱਗ ਕਰਦੇ ਬਲਿ ਕੋਲ ਪਹੁੰਚ ਕੇ ਤਿੰਨ ਕਦਮ ਧਰਤੀ ਮੰਗੀ। ਬਲਿ ਨੇ, ਗੁਰੂ ਸ਼ੁਕ੍ਰਾਚਾਰਯ ਦੇ ਸਮਝਾਉਣ ਦੇ ਬਾਵਜੂਦ ਕਿ ਵਾਮਨ ਖ਼ੁਦ ਵਿਸ਼ਣੂ ਹੈ, ਤਿੰਨ ਕਦਮ ਧਰਤੀ ਦੇਣੀ ਮੰਨ ਲਈ। ਵਾਮਨ ਨੇ ਦੋ ਕਦਮਾਂ ਵਿਚ ਸਾਰਾ ਭੂ-ਮੰਡਲ ਮਾਪ ਲਿਆ ਅਤੇ ਤੀਜੇ ਕਦਮ ਲਈ ਬਲਿ ਨੇ ਆਪਣੀ ਪਿਠ ਪੇਸ਼ ਕੀਤੀ। ਬਲਿ ਦੀ ਭਗਤੀ ਵੇਖ ਕੇ ਵਾਮਨ ਨੇ ਉਸ ਨੂੰ ਪਾਤਾਲ ਲੋਕ ਦਾ ਰਾਜ ਬਖ਼ਸ਼ਿਆ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ —'ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ।/ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ' (ਅ. ਗ੍ਰੰ. 1344)।

ਵਾਰਿਸ ਸ਼ਾਹ : ਪੰਜਾਬੀ ਦੇ ਸਿਰੋਮਣੀ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਦੇ ਜਨਮ-ਮਰਨ ਬਾਰੇ ਕੋਈ ਪ੍ਰਮਾਣਿਕ ਤੱਥ ਪ੍ਰਾਪਤ ਨਹੀਂ ਹੁੰਦੇ, ਫਿਰ ਵੀ ਵਿਦਵਾਨ ਇਸ ਨਿਰਣੇ 'ਤੇ ਪਹੁੰਚੇ ਹਨ ਕਿ ਇਸ ਦਾ ਜਨਮ ਸੰਨ 1725 ਈ. ਵਿਚ ਅਤੇ ਦੇਹਾਂਤ ਸੰਨ 1795 ਈ. ਵਿਚ ਹੋਇਆ। ਇਸ ਦੇ ਪਿਤਾ ਦਾ ਨਾਂ ਕੁਤਬ-ਸ਼ਾਹ ਸੀ ਜੋ ਸ਼ੇਖੂਪੁਰਾ ਜ਼ਿਲੇ ਦੇ ਜੰਡਿਆਲੇ ਪਿੰਡ ਦਾ ਵਸਨੀਕ ਸੀ। ਇਸ ਨੇ ਮਖ਼ਦੂਮ ਕਸੂਰੀ ਦੀ ਸ਼ਗਿਰਦੀ ਹਾਸਲ ਕੀਤੀ। ਵਾਰਿਸ ਸ਼ਾਹ ਦੇ ਦੋ ਭਰਾ ਵੀ ਸਨ—ਕਾਦਰ ਸ਼ਾਹ ਅਤੇ ਬਹਾਦਰ ਸ਼ਾਹ। ਬਚਪਨ ਵਿਚ ਹੀ ਮਾਤਾ-ਪਿਤਾ ਦਾ ਸਾਇਆ ਸਿਰ ਉਤੋਂ ਉਠ ਜਾਣ ਕਾਰਣ ਇਸ ਨੂੰ ਦਰ-ਬ-ਦਰ ਭਟਕਣਾ ਪਿਆ ਅਤੇ ਚੜ੍ਹਦੀ ਜਵਾਨੀ ਵਿਚ ਸਭ ਕੁਝ ਛਡ-ਛਡਾ ਕੇ ਕਸੂਰ ਦੇ ਸੂਫ਼ੀ ਡੇਰੇ ਵਿਚ ਸੇਵਾ ਕਰਨ ਲਗਾ। ਪਰ ਹੋਰਾਂ ਮੁਰੀਦਾਂ ਦੀ ਖ਼ਾਰਬਾਜ਼ੀ ਤੋਂ ਰੁਸਿੜਿਆ ਹੋਇਆ ਉਥੋਂ ਪਾਕਪਟਨ ਵਿਚ ਬਾਬਾ ਫ਼ਰੀਦ ਦੇ ਡੇਰੇ ਉਤੇ ਚਲਾ ਗਿਆ। ਕੁਝ ਸਮੇਂ ਬਾਦ ਪਿੰਡ ਠੱਠਾ-ਜ਼ਾਹਿਦ ਵਿਚ ਪਹੁੰਚ ਕੇ ਇਸਲਾਮ ਧਰਮ ਵਿਚ ਲੋਕਾਂ ਨੂੰ ਪੱਕਾ ਕਰਨ ਦਾ ਉਪਦੇਸ਼ ਦੇਣ ਲਗਾ। ਪਰ ਰਵਾਇਤ ਅਨੁਸਾਰ ਉਥੇ ਭਾਗ ਭਰੀ ਨਾਂ ਦੀ ਇਕ ਜੱਟੀ ਨਾਲ ਇਸ਼ਕ ਲਾ ਬੈਠਾ। ਲੋਕ-ਲਾਜ ਤੋਂ ਡਰਦਾ ਉਥੋਂ ਖਿਸਕ ਕੇ ਮਲਕਾ-ਹਾਂਸ ਜਾ ਪਹੁੰਚਿਆ। ਪਰ ਵਿਯੋਗ ਦੀ ਪੀੜ ਦੀ ਹੂਕ ਹੀਰ ਦੇ ਕਿੱਸੇ ਰਾਹੀਂ

ਕੱਢੀ—'ਤਦੋਂ ਸ਼ੁਰੂ ਹੋਇਆ ਕਿੱਸਾ ਜੋੜਨੇ ਦਾ, ਜਦੋਂ ਇਸ਼ਕ ਦੀ ਗੱਲ ਇਜ਼ਹਾਰ ਹੋਈ।'

ਕਿੱਸਾ ਲਿਖ ਚੁਕਣ ਤੋਂ ਬਾਦ ਆਪਣੇ ਉਸਤਾਦ ਨੂੰ ਸੁਣਾਉਣ ਲਈ ਕਸੂਰ ਸ਼ਹਿਰ ਵਿਚ ਆਇਆ। ਕਿੱਸੇ ਵਿਚ ਪ੍ਰੇਮ ਦੀ ਸੂਫ਼ੀ ਨੁਹਾਰ ਵੇਖ ਕੇ ਮੁਰਸ਼ਿਦ ਬਹੁਤ ਖ਼ੁਸ਼ ਹੋਇਆ। ਉਸ ਤੋਂ ਅਸੀਸ ਲੈ ਕੇ ਵਾਰਿਸ-ਸ਼ਾਹ ਆਪਣੇ ਪਿੰਡ ਚਲਾ ਗਿਆ ਅਤੇ ਉਥੇ ਹੀ ਉਮਰ ਦਾ ਬਾਕੀ ਹਿੱਸਾ ਬਿਤਾਇਆ। ਉਥੇ ਹੀ ਇਸ ਦਾ ਮਜ਼ਾਰ ਬਣਾਇਆ ਗਿਆ। ਅੰਦਰਲੀ ਗਵਾਹੀ ਦੇ ਆਧਾਰ ਤੇ ਇਸ ਨੇ 'ਹੀਰ' ਦੀ ਰਚਨਾ ਸੰਨ 1766 ਈ. ਵਿਚ ਕੀਤੀ ਸੀ।

ਵਾਰਿਸ ਸ਼ਾਹ ਦੀ ਰਚੀ 'ਹੀਰ' ਪੰਜਾਬੀ ਕਿੱਸਾ-ਕਾਵਿ ਦੀ ਗੌਰਵਮਈ ਰਚਨਾ ਹੈ। ਇਸ ਨੇ ਨਿਜ ਹੰਢਾਏ ਪ੍ਰੇਮ ਅਤੇ ਵਿਯੋਗ ਦੀ ਪੀੜ ਨੂੰ ਹੀਰ-ਰਾਂਝੇ ਦੇ ਰੁਮਾਂਸ ਰਾਹੀਂ ਇਤਨੀ ਡੂੰਘਾਈ ਨਾਲ ਵਰਣਨ ਕੀਤਾ ਕਿ ਇਹ ਪੰਜਾਬੀ ਕਾਵਿ-ਜਗਤ ਵਿਚ ਅਮਰ ਹੋ ਗਿਆ ਹੈ। ਇਸ ਨੇ ਭਾਵਨਾਵਾਂ ਅਤੇ ਮਾਰਮਿਕ ਸਥਲਾਂ ਉਤੇ ਆਪਣੀ ਕਲਾ ਦਾ ਸਿਖਰ ਛੋਹ ਕੇ ਕਾਵਿ-ਰਸੀਆਂ ਦਾ ਮਨ ਮੋਹ ਲਿਆ ਹੈ। 'ਸੈਫੁਲ ਮਲੂਕ' ਵਿਚ ਕਵੀ ਗ਼ੁਲਾਮ ਰਸੂਲ ਨੇ ਇਸ ਕਿੱਸੇ ਦੀ ਮਹਾਨਤਾ ਦੀ ਗੱਲ ਕਰਦਿਆਂ ਕਿਹਾ ਹੈ—'ਵਾਰਿਸ ਸ਼ਾਹ ਸੁਖਨ ਦਾ ਵਾਰਿਸ ਨਿੰਦੇ ਕੌਣ ਉਹਨਾਂ ਨੂੰ।/ਹਰਫ਼ ਉਹ ਦੇ ਤੇ ਉਂਗਲ ਧਰਨੀ ਨਾਹੀ ਕਦਰ ਅਸਾਂ ਨੂੰ।' ਅੰਮ੍ਰਿਤਾ ਪ੍ਰੀਤਮ ਨੇ 'ਅਜ ਆਖਾਂ ਵਾਰਸਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ' ਕਹਿ ਕੇ ਕਵੀ ਦੀ ਮਾਨਵੀ ਜਜ਼ਬਿਆਂ ਉਤੇ ਬੇਮਿਸਾਲ ਪਕੜ ਵਲ ਸੰਕੇਤ ਕੀਤਾ ਹੈ।

ਵਾਲਮੀਕ : ਵੇਖ 'ਬਾਲਮੀਕ, ਰਿਸ਼ੀ'।

ਵਿਸ਼-ਕੰਨਿਆ : ਉਹ ਕੰਨਿਆ ਜਿਸ ਦਾ ਪਾਲਣ-ਪੋਸਣ ਵਿਸ਼ੈਲੇ ਪਦਾਰਥਾਂ ਨਾਲ ਕੀਤਾ ਗਿਆ ਹੋਵੇ। ਪੁਰਾਤਨ-ਕਾਲ ਵਿਚ ਸੰਸਾਰ ਦੇ ਅਨੇਕ ਮੁਲਕਾਂ (ਜਿਵੇਂ ਭਾਰਤ, ਜਰਮਨੀ, ਫਰਾਂਸ, ਇਟਲੀ ਆਦਿ) ਦੇ ਰਾਜ-ਘਰਾਣਿਆਂ ਵਿਚ ਇਹ ਬਿਰਤੀ ਰਹੀ ਹੈ ਕਿ ਆਪਣੇ ਵੈਰੀ ਨੂੰ ਸਰਲਤਾ ਨਾਲ ਮਾਰਨ ਲਈ ਕਪਟ-ਪੂਰਵਕ ਵਿਸ਼-ਕੰਨਿਆਵਾਂ ਦੀ ਵਰਤੋਂ ਕੀਤੀ ਜਾਏ, ਕਿਉਂਕਿ ਸੁੰਦਰ ਲੜਕੀ ਮਰਦ ਦੀ ਸਭ ਤੋਂ ਵੱਡੀ ਕੰਮਜ਼ੋਰੀ ਹੈ। ਭਾਰਤ ਵਿਚ ਵੀ ਇਸ ਬਿਰਤੀ ਦਾ ਕਾਫ਼ੀ ਵਿਕਾਸ ਹੋਇਆ ਹੈ।

ਪੁਰਾਤਨ ਰਾਜੇ ਵਿਸ਼-ਕੰਨਿਆ ਬਣਾਉਣ ਲਈ ਜਿਸ ਕੰਨਿਆ ਦੀ ਚੋਣ ਕਰਦੇ ਸਨ, ਉਸ ਨੂੰ ਜੰਮਦਿਆਂ ਹੀ ਕਿਸੇ ਵਿਸ਼ੈਲੇ ਬ੍ਰਿਛ ਦੇ ਪਤਿਆਂ ਉਤੇ ਲਿਟਾਇਆ ਜਾਂਦਾ। ਫਿਰ ਮਾਂ ਦੇ ਥਣਾਂ ਨਾਲ ਮਾਮੂਲੀ ਜਿਹੀ ਵਿਸ਼ ਲਗਾ ਕੇ ਉਸ ਨੂੰ ਦੁੱਧ ਚੁੰਘਾਇਆ ਜਾਂਦਾ। ਹੌਲੀ-ਹੌਲੀ ਵਿਸ਼ ਦੀ ਮਾਤ੍ਰਾ ਵਧਾਈ ਜਾਂਦੀ ਅਤੇ ਫਿਰ ਉਹ ਵਿਸ਼ ਉਸ ਦੇ ਨਿੱਤ ਦੇ ਭੋਜਨ ਦਾ ਇਕ ਅੰਗ ਬਣ ਜਾਂਦੀ। ਉਸ ਕੰਨਿਆ ਨੂੰ ਸ਼ੁਰੂ ਤੋਂ ਹੀ ਨਾਚ-ਗਾਣਾ ਸਿਖਾਇਆ ਜਾਂਦਾ ਅਤੇ ਮਰਦ ਨੂੰ ਆਪਣੇ ਵਲ ਆਕਰਸ਼ਿਤ ਕਰਨ ਦੇ ਹਾਵ-ਭਾਵ ਦਸੇ ਜਾਂਦੇ। ਇਸ ਤਰ੍ਹਾਂ 15/16 ਸਾਲਾਂ ਦੀ ਉਮਰ ਵਿਚ ਉਹ ਕੰਨਿਆ ਇਕ ਵਿਸ਼ੈਲੀ ਨਾਗਣ ਬਣ ਜਾਂਦੀ। ਕੁਝ ਚੜ੍ਹਦੀ ਜਵਾਨੀ ਕਰਕੇ ਅਤੇ ਕੁਝ ਵਿਸ਼ ਦੇ ਪ੍ਰਭਾਵ ਕਾਰਣ

ਉਸ ਦੀ ਸੁੰਦਰਤਾ ਲਾਜਵਾਬ ਹੁੰਦੀ।

ਆਮ ਤੌਰ ਤੇ ਕਹਿੰਦੇ ਕਹਾਂਦੇ ਵੱਡੇ ਰਾਜੇ ਬਹੁਤ ਧਨ ਖ਼ਰਚ ਕੇ ਵਿਸ਼-ਕੰਨਿਆ ਪਾਲਦੇ ਸਨ। ਇਹ ਸਾਰਾ ਪਾਲਣ-ਪੋਸਣ ਬੜੇ ਗੁਪਤ ਢੰਗ ਨਾਲ ਹੁੰਦਾ ਸੀ। ਰਾਜੇ ਦੇ ਕੁਝ ਅਤਿ ਵਿਸ਼ਵਸਤ ਬੰਦਿਆਂ ਤੋਂ ਭਿੰਨ ਹੋਰ ਕਿਸੇ ਨੂੰ ਖ਼ਬਰ ਤਕ ਨਾ ਹੁੰਦੀ। ਕਈ ਵਾਰ ਤਾਂ ਵਿਸ਼ ਕੰਨਿਆ ਨੂੰ ਵੀ ਆਪਣੀ ਅਸਲੀਅਤ ਦਾ ਅਹਿਸਾਸ ਤਕ ਨਾ ਹੁੰਦਾ। ਵਿਸ਼-ਕੰਨਿਆ ਤੋਂ ਵੈਰੀ ਰਾਜੇ ਨੂੰ ਮਾਰਨ, ਉਸ ਪਾਸੋਂ ਗੁਪਤ ਭੇਦ ਪ੍ਰਾਪਤ ਕਰਨ ਵਰਗੇ ਕੰਮ ਲਏ ਜਾਂਦੇ। ਰਾਜਿਆਂ ਅਤੇ ਮੰਤਰੀਆਂ ਦੇ ਮਨ ਵਿਚ ਇਨ੍ਹਾਂ ਵਿਸ਼-ਕੰਨਿਆਵਾਂ ਦਾ ਡਰ ਸਦਾ ਛਾਇਆ ਰਹਿੰਦਾ ਕਿਉਂਕਿ ਇਨ੍ਹਾਂ ਦੇ ਸਪਰਸ਼, ਚੁੰਮਣ ਅਤੇ ਸਹਿਵਾਸ ਨਾਲ ਮੌਤ ਯਕੀਨੀ ਹੋ ਜਾਂਦੀ। ਇਨ੍ਹਾਂ ਦੇ ਪ੍ਰਭਾਵ ਤੋਂ ਬਚਣ ਲਈ ਕਈ ਰਾਜੇ ਆਪਣੇ ਰਾਜ-ਕੁਮਾਰਾਂ ਨੂੰ ਵੀ ਵਿਸ਼ ਦਾ ਸੇਵਨ ਕਰਾਉਂਦੇ ਸਨ ਜਿਵੇਂ ਕਿ ਗੁਜਰਾਤ ਦੇ ਸ਼ਾਸਕ ਮਹਿਮੂਦ ਬਗਧਾਰਾ ਨੂੰ ਇਸੇ ਵਿਧੀ ਨਾਲ ਪਾਲਿਆ ਗਿਆ ਸੀ। ਭਾਰਤੀ ਇਤਿਹਾਸ ਵਿਚ ਚੰਦਰ ਗੁਪਤ ਨੂੰ ਮਾਰਨ ਲਈ ਨੰਦ ਵੰਸ਼ ਦੇ ਮੰਤਰੀ ਰਾਕ੍ਸ਼ਸ਼ ਨੇ ਵਿਸ਼-ਕੰਨਿਆ ਭੇਜੀ ਸੀ ਪਰ ਚਾਣਕ੍ਯ ਦੀ ਸਾਵਧਾਨੀ ਨਾਲ ਚੰਦਰ ਗੁਪਤ ਬਚ ਗਿਆ। ਸਿਕੰਦਰ ਨੂੰ ਵਿਸ਼-ਕੰਨਿਆ ਦੇ ਸੰਪਰਕ ਵਿਚ ਜਾਣ ਤੋਂ ਰੋਕਣ ਲਈ ਅਰਸਤੂ ਦੇ ਉਪਦੇਸ਼ਾਂ ਵਿਚ ਸੰਕੇਤ ਮੌਜੂਦ ਹੈ। ਬਾਲਕ ਸ੍ਰੀ ਕ੍ਰਿਸ਼ਣ ਨੂੰ ਮਾਰਨ ਲਈ ਕੰਸ ਨੇ ਪੂਤਨਾ ਨਾਂ ਦੀ ਵਿਸ਼-ਕੰਨਿਆ ਨੂੰ ਭੇਜਿਆ ਸੀ। ਇਸ ਪ੍ਰਕਾਰ ਦੀ ਇਕ ਘਟਨਾ ਗੁਰੂ ਹਰਿਗੋਬਿੰਦ ਦੇ ਬਾਲ-ਕਾਲ ਨਾਲ ਵੀ ਸੰਬੰਧਿਤ ਹੈ।

ਹਿਮਾਚਲ ਪ੍ਰਦੇਸ਼ ਵਿਚ ਕੁਝ ਅਜਿਹੇ ਬ੍ਰਿਛ ਮਿਲਦੇ ਹਨ ਜਿਨ੍ਹਾਂ ਦੇ ਪੱਤੇ ਬਹੁਤ ਵਿਸ਼ੈਲੇ ਹੁੰਦੇ ਹਨ। ਛੋਟੇ-ਛੋਟੇ ਪਹਾੜੀ ਰਾਜੇ ਉਨ੍ਹਾਂ ਪੱਤਰਾਂ ਦੇ ਸੇਵਨ ਰਾਹੀਂ ਕੁਝ ਵਿਸ਼ੈਲੀਆਂ ਕੰਨਿਆਵਾਂ ਪਾਲਣ ਦਾ ਯਤਨ ਕਰਦੇ ਰਹੇ ਹਨ। ਭਾਵੇਂ ਉਨ੍ਹਾਂ ਦਾ ਪ੍ਰਭਾਵ ਵਿਸ਼-ਕੰਨਿਆ ਜਿਤਨਾ ਤਾਂ ਨਾ ਹੁੰਦਾ ਪਰ ਫਿਰ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਵਿਅਕਤੀ ਆਪਣਾ ਸੁਅਸਥ ਜ਼ਰੂਰ ਵਿਗਾੜ ਲੈਂਦੇ ਸਨ। ਕਿਸੇ ਪਹਾੜੀ ਵਿਸ਼ੈਲੀ ਕੰਨਿਆ ਦੇ ਸੰਪਰਕ ਕਾਰਣ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਿਹਤ ਅਜਿਹੀ ਵਿਗੜੀ ਕਿ ਫਿਰ ਉਹ ਕਦੇ ਸੁਅਸਥ ਨਾ ਹੋ ਸਕਿਆ। ਅੱਜ-ਕਲ ਦੀ ਰਾਜਨੈਤਿਕ ਕੁਚੱਕਰਾਂ ਜਾਂ ਅਵੈਧ ਧੰਦਿਆਂ ਦੀ ਸਫਲਤਾ ਲਈ ਵਰਤੀਆਂ ਜਾਣ ਵਾਲੀਆਂ ਖ਼ੂਬਸੂਰਤ ਲੜਕੀਆਂ ਜਾਂ ਕਾਲ-ਗਰਲਜ਼ ਪ੍ਰਕਾਰਾਂਤਰ ਨਾਲ ਵਿਸ-ਕੰਨਿਆ ਦਾ ਹੀ ਆਧੁਨਿਕ ਸਰੂਪ ਹਨ।

ਵਿਸ਼ਣੂ, ਦੇਵਤਾ : ਹਿੰਦੂ ਧਰਮ ਵਿਚ ਇਕ ਪ੍ਰਤਿਸ਼ਠਿਤ ਦੇਵਤਾ ਜਿਸ ਦਾ ਤ੍ਰਿਮੂਰਤੀ ਅਥਵਾ ਤ੍ਰਿਦੇਵਾਂ ਵਿਚ ਦੂਜਾ ਸਥਾਨ ਹੈ। ਬ੍ਰਹਮਾ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਮੰਨਿਆ ਜਾਂਦਾ ਹੈ। ਵਿਸ਼ਣੂ ਸ੍ਰਿਸ਼ਟੀ ਦੀ ਪਾਲਣਾ ਅਤੇ ਰਖਿਆ ਕਰਦਾ ਹੈ ਅਤੇ ਸ਼ਿਵ ਸੰਘਾਰਕ ਸ਼ਕਤੀ ਰਖਦਾ ਹੈ।

ਵਿਸ਼ਣੂ ਨੂੰ ਆਦਿਤ੍ਯ ਵਰਗ ਦੇ ਵੈਦਿਕ ਦੇਵਤਿਆਂ ਵਿਚ ਗਿਣਿਆ ਜਾਂਦਾ ਹੈ। 'ਰਿਗਵੇਦ' ਦੇ ਇਕ ਸੂਕਤ ਵਿਚ ਵਿਸ਼ਣੂ ਦੀ ਉਸਤਤ ਹੋਈ ਹੈ। ਉਥੇ ਲਿਖਿਆ ਹੈ ਕਿ ਵਿਸ਼ਣੂ ਨੇ ਇਹ ਸੰਸਾਰ ਕੇਵਲ ਤਿੰਨ ਕਦਮਾਂ ਵਿਚ ਜਿੱਤ ਲਿਆ ਹੈ। ਵਿਸ਼ਣੂ ਦੇ ਪੈਰ

ਗਿਆਨਵਾਨਾਂ ਦੇ ਹਿਰਦੇ ਵਿਚ ਸਦਾ ਮੌਜੂਦ ਰਹਿੰਦੇ ਹਨ। ਉਹ ਸ੍ਰਿਸ਼ਟੀ ਦਾ ਪਾਲਕ ਵੀ ਹੈ ਅਤੇ ਸਭ ਨੂੰ ਆਧਾਰ ਵੀ ਬਖ਼ਸ਼ਦਾ ਹੈ।

'ਮਹਾਭਾਰਤ' (ਆਦਿ-ਪਰਵ/ 64) ਵਿਚ ਲਿਖਿਆ ਹੈ ਕਿ ਅਦਿਤੀ ਦੇ ਪੁੱਤਰਾਂ ਅਰਥਾਤ ਦੇਵਤਿਆਂ ਨੇ ਦੈਂਤਾਂ ਨੂੰ ਅਨੇਕ ਵਾਰ ਯੁੱਧ ਵਿਚ ਹਾਰ ਦਿੱਤੀ। ਫਲਸਰੂਪ ਦੈਂਤ ਜਾਂ ਅਸੁਰ ਸ੍ਵਰਗ ਦੇ ਐਸ਼ਵਰਜ ਤੋਂ ਭ੍ਰਸ਼ਟ ਹੋ ਕੇ ਪ੍ਰਿਥਵੀ ਉਤੇ ਜਨਮ ਲੈਣ ਲਗੇ। ਪ੍ਰਿਥਵੀ ਲਈ ਉਨ੍ਹਾਂ ਨੂੰ ਸਹਾਰ ਸਕਣਾ ਔਖਾ ਹੋ ਗਿਆ। ਉਹ ਭਾਰ-ਪੀੜਿਤ ਹੋ ਕੇ ਬ੍ਰਹਮਾ ਕੋਲ ਗਈ ਅਤੇ ਭਾਰ-ਹਰਨ ਲਈ ਬੇਨਤੀ ਕੀਤੀ। ਬ੍ਰਹਮਾ ਨੇ ਸਾਰੇ ਦੇਵਤਿਆਂ, ਗੰਧਰਵਾਂ ਅਤੇ ਅਪੱਛਰਾਵਾਂ ਨੂੰ ਕਿਹਾ ਕਿ ਉਹ ਪ੍ਰਿਥਵੀ ਉਤੇ ਆਪਣੇ-ਆਪਣੇ ਅੰਸ਼ ਨਾਲ ਜਨਮ ਲੈਣ। ਇਸੇ ਕਰ ਕੇ ਇੰਦਰ ਦੀ ਪ੍ਰਾਰਥਨਾ ਕਰਨ 'ਤੇ ਵਿਸ਼ਣੂ ਨੇ ਵੀ ਅੰਸ਼ ਅਵਤਾਰ ਧਾਰਣ ਲਈ ਹਾਮੀ ਭਰ ਦਿੱਤੀ। ਪੁਰਾਣ-ਸਾਹਿੱਤ ਵਿਚ, ਖ਼ਾਸ ਕਰਕੇ ਵੈਸ਼ਣਵ ਪੁਰਾਣਾਂ ਵਿਚ, ਵਿਸ਼ਣੂ ਦੇ ਅਵਤਾਰਾਂ ਦੇ ਵਿਵਰਣ ਭਰੇ ਪਏ ਹਨ। ਮੁੱਖ ਤੌਰ ਤੇ ਵਿਸ਼ਣੂ ਦੇ ਅਵਤਾਰਾਂ ਦੀ ਗਿਣਤੀ ਦਸ ਮੰਨੀ ਜਾਂਦੀ ਹੈ। ਇਨ੍ਹਾਂ ਦਸਾਂ ਵਿਚੋਂ ਪੰਜ—ਮੱਛ, ਕੱਛ, ਵਰਾਹ, ਨਰ-ਸਿੰਘ, ਵਾਮਨ—ਸਤਿਯੁਗ ਵਿਚ ਹੋਏ ਦਸੇ ਜਾਂਦੇ ਹਨ। ਪਰਸ਼ੁਰਾਮ ਅਤੇ ਰਾਮ ਤ੍ਰੇਤਾ-ਯੁਗ ਵਿਚ ਹੋਏ ਸਨ। ਕ੍ਰਿਸ਼ਣ ਦ੍ਵਾਪਰ ਦੇ ਅਵਤਾਰ ਸਨ ਅਤੇ ਬੁੱਧ ਤੇ ਕਲਕੀ ਕਲਿਯੁਗ ਨਾਲ ਸੰਬੰਧ ਰਖਦੇ ਹਨ। ਇਨ੍ਹਾਂ ਵਿਚੋਂ ਰਾਮ ਅਤੇ ਕ੍ਰਿਸ਼ਣ ਦੀ ਮਾਨਤਾ ਅਤੇ ਪ੍ਰਸਿੱਧੀ ਅਧਿਕ ਹੈ। 'ਭਾਗਵਤ-ਪੁਰਾਣ' ਵਿਚ ਵਿਸ਼ਣੂ ਦੇ ਅਵਤਾਰਾਂ (ਵੇਖੋ 'ਅਵਤਾਰ') ਦੀ ਗਿਣਤੀ 22 ਮੰਨੀ ਗਈ ਹੈ; ਕਿਤੇ-ਕਿਤੇ 24 ਵੀ ਲਿਖੀ ਹੈ। ਇਥੋਂ ਤਕ ਵੀ ਕਿਹਾ ਗਿਆ ਹੈ ਕਿ ਜਿਵੇਂ ਸੂਰਜ ਵਿਚੋਂ ਬੇਸ਼ੁਮਾਰ ਕਿਰਣਾਂ ਨਿਕਲਦੀਆਂ ਹਨ, ਉਸੇ ਤਰ੍ਹਾਂ ਵਿਸ਼ਣੂ ਦੇ ਅਨੇਕਾਂ ਅਵਤਾਰੀ ਰੂਪ ਪ੍ਰਗਟ ਹੁੰਦੇ ਹਨ। 'ਦਸਮ-ਗ੍ਰੰਥ' ਦੇ "ਚੌਬੀਸ-ਅਵਤਾਰ" ਪ੍ਰਸੰਗ ਵਿਚ ਵਿਸ਼ਣੂ ਦੇ 24 ਅਵਤਾਰਾਂ ਦਾ ਵਿਵਰਣ ਦਿੱਤਾ ਗਿਆ ਹੈ ਅਤੇ ਵਿਸ਼ਣੂ ਕਾਲ-ਪੁਰਖ ਦੇ ਆਦੇਸ਼ ਅਨੁਸਾਰ ਅਵਤਾਰ ਧਾਰਣ ਕਰਦਾ ਹੈ।

ਪੁਰਾਣਾਂ ਵਿਚ ਵਿਸ਼ਣੂ ਦੇ ਇਕ ਹਜ਼ਾਰ ਨਾਂ ਮੰਨੇ ਗਏ ਹਨ। ਇਸ ਦੀ ਪਤਨੀ ਅਥਵਾ ਸ਼ਕਤੀ ਲਕ੍ਸ਼ਮੀ ਹੈ ਜਿਸ ਨੂੰ ਕਿਸਮਤ ਦੀ ਦੇਵੀ ਵੀ ਕਿਹਾ ਜਾਂਦਾ ਹੈ। ਇਸ ਦੀ ਸਵਾਰੀ ਗਰੁੜ ਹੈ। ਬੈਕੁੰਠ ਇਸ ਦੀ ਪੁਰੀ ਜਾਂ ਸਵਰਗ ਹੈ। ਇਸ ਦੇ ਬਸਤ੍ਰ ਸ਼ਾਹੀ ਠਾਠ ਵਾਲੇ ਪੀਲੇ ਰੰਗ ਦੇ ਹਨ (ਕਿਤੇ-ਕਿਤੇ ਨੀਲੇ ਬਸਤ੍ਰ ਵੀ ਲਿਖੇ ਹਨ)। ਇਸ ਦੇ ਚਾਰ ਹੱਥ ਹਨ ਜਿਨ੍ਹਾਂ ਵਿਚੋਂ ਇਕ ਵਿਚ ਸ਼ੰਖ, ਦੂਜੇ ਵਿਚ ਚਕ੍ਰ, ਤੀਜੇ ਵਿਚ ਗਦਾ ਅਤੇ ਚੌਥੇ ਵਿਚ ਪਦਮ ਫੜੇ ਹੋਏ ਹਨ। ਇਸ ਕੋਲ ਸਾਰੰਗ ਨਾਂ ਦਾ ਇਕ ਧਨੁਸ਼ ਹੈ। ਛਾਤੀ ਉਤੇ ਕੌਸਤੁਭ ਨਾਂ ਦੀ ਮਣੀ ਧਾਰਣ ਕੀਤੀ ਹੋਈ ਹੈ। ਸ਼ੇਸ਼ਨਾਗ ਦੇ ਫਣ ਇਸ ਦੀ ਸੇਜ ਹੈ। ਇਸ ਦੇ ਕੁਝ ਕੁ ਪ੍ਰਸਿੱਧ ਨਾਂ ਹਨ—ਹਰਿ, ਨਾਰਾਇਣ, ਚਤੁਰਭੁਜ, ਲਕ੍ਸ਼ਮੀਪਤੀ, ਮਧੁਸੂਦਨ, ਮੁਕੰਦ, ਮੁਰਾਰਿ, ਸ਼ੇਸ਼ਸਾਈ ਆਦਿ। ਇਸ ਦੇ ਸਾਰੇ ਅਵਤਾਰ ਕਿਸੇ ਪਾਪੀ, ਦੁਸ਼ਟ, ਅਤਿਆਚਾਰੀ ਦਾ ਸੰਘਾਰ ਕਰਦੇ ਹਨ, ਜਾਂ ਅਨਰਥ ਨੂੰ ਖ਼ਤਮ ਕਰਦੇ ਹਨ ਅਤੇ ਚੰਗੀਆਂ ਕੀਮਤਾਂ ਸਥਾਪਿਤ ਕਰ ਕੇ ਲੋਪ ਹੋ ਜਾਂਦੇ ਹਨ। ਇਹ ਵੀ ਮੰਨਿਆ ਜਾਂਦਾ

ਹੈ ਕਿ ਗੰਗਾ ਵਿਸ਼ਣੂ ਦੇ ਚਰਣਾਂ ਵਿਚੋਂ ਨਿਕਲੀ ਸੀ। ਇਸ ਨੂੰ ਨਾਰਾਇਣ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਜਲ (ਛੀਰ ਸਮੁੰਦਰ) ਵਿਚ ਨਿਵਾਸ ਕਰਦਾ ਹੈ। ਸਾਰੇ ਨਰਾਂ ਵਿਚ ਨਿਵਾਸ ਕਰਨ ਕਰਕੇ ਵੀ ਇਸ ਨੂੰ 'ਨਾਰਾਇਣ' ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਦੇਵਤਿਆਂ ਨੂੰ ਕੋਈ ਮਾਨਤਾ ਪ੍ਰਦਾਨ ਨਹੀਂ ਕੀਤੀ ਗਈ। ਗੁਰੂ ਅਰਜਨ ਦੇਵ ਨੇ ਲਿਖਿਆ ਹੈ—'ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕ ਦਰਿ ਸਰਨਿ ਪਰਉ' (ਅ. ਗ੍ਰੰ. 1322)।

ਵਿਸ਼ਵਕਰਮਾ : ਇਸ ਦਾ ਸ਼ਾਬਦਿਕ ਅਰਥ ਹੈ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ। ਵੈਦਿਕ ਸਾਹਿੱਤ ਵਿਚ ਇਹ ਸ਼ਬਦ ਪ੍ਰਮੁਖ ਅਤੇ ਸ਼ਕਤੀਸ਼ਾਲੀ ਦੇਵਤਾ ਇੰਦਰ ਜਾਂ ਸੂਰਜ ਲਈ ਉਪਾਧੀ ਦੇ ਰੂਪ ਵਿਚ ਵਰਤਿਆ ਜਾਂਦਾ ਸੀ। 'ਰਿਗਵੇਦ' ਦੀਆਂ ਦੋ ਰਿਚਾਵਾਂ ਵਿਚ ਇਸ ਨੂੰ ਸਰਵਦਰਸ਼ੀ ਦੇਵਤਾ ਕਿਹਾ ਗਿਆ ਹੈ ਜਿਸ ਦੇ ਹਰ ਪਾਸੇ ਅੱਖਾਂ, ਮੂੰਹ, ਬਾਹਵਾਂ ਅਤੇ ਪੈਰ ਲਗੇ ਹੋਏ ਹਨ। ਸ੍ਰਿਸ਼ਟੀ ਦੀ ਰਚਨਾ ਕਰਨ ਵੇਲੇ ਇਹ ਆਪਣੀਆਂ ਬਾਹਵਾਂ ਤੋਂ ਕੰਮ ਲੈਂਦਾ ਹੈ। ਇਹ ਹਰ ਤਰ੍ਹਾਂ ਗਿਆਨ ਰੱਖਣ ਵਾਲਾ, ਸਾਰਿਆਂ ਦਾ ਪਿਤਾ, ਸਭ ਦਾ ਨਾਂ ਰੱਖਣ ਵਾਲਾ ਅਤੇ ਸਭ ਦਾ ਨਾਸ਼ ਕਰਨ ਵਾਲਾ ਹੈ।

'ਬਾਲਮੀਕੀ ਰਾਮਾਇਣ' ਅਨੁਸਾਰ ਇਸ ਨੇ ਦੈਂਤਾਂ ਲਈ 'ਲੰਕਾ' ਨਗਰ ਬਣਾਇਆ ਅਤੇ 'ਨਲ' ਬਾਂਦਰ ਦੀ ਉਤਪੱਤੀ ਕੀਤੀ ਜਿਸ ਨੇ ਲੰਕਾ ਪਹੁੰਚਣ ਲਈ ਪੁਲ ਬਣਾਇਆ ਸੀ।

'ਮਹਾਭਾਰਤ' ਵਿਚ ਇਸ ਨੂੰ ਕਲਾਪਤੀ, ਦੇਵਤਿਆਂ ਦਾ ਤਰਖਾਣ, ਦੇਵਤਿਆਂ ਦੇ ਆਕਾਸ਼ੀ ਰਥ ਨੂੰ ਬਣਾਉਣ ਵਾਲਾ ਅਤੇ ਸਾਰੇ ਕਾਰੀਗਰਾਂ ਦਾ ਸ਼ਿਰੋਮਣੀ ਦਸਿਆ ਗਿਆ ਹੈ। ਇਹ ਦੇਵਤਿਆਂ ਲਈ ਜ਼ੇਵਰ ਅਤੇ ਸਾਜ-ਸਜਾਵਟ ਦੀਆਂ ਹੋਰ ਸਾਰੀਆਂ ਚੀਜ਼ਾਂ ਦੀ ਸਿਰਜਨਾ ਕਰਨ ਵਾਲਾ ਹੈ।

ਪੁਰਾਣ-ਸਾਹਿੱਤ ਵਿਚ ਇਸ ਦੇ ਸਰੂਪ ਅਤੇ ਸਮਰਥਤਾ ਵਿਚ ਕਾਫ਼ੀ ਵਿਕਾਸ ਹੋਇਆ। ਇਹ ਅੱਠਵੇਂ ਵਸੂ ਪ੍ਰਭਾਸ ਦੇ ਘਰ ਯੋਗ-ਸਿੱਧਾ ਦੀ ਕੁੱਖੋਂ ਪੈਦਾ ਹੋਇਆ ਦਸਿਆ ਗਿਆ ਹੈ। ਕਿਤੇ-ਕਿਤੇ ਮਾਤਾ-ਪਿਤਾ ਦੇ ਨਾਵਾਂ ਵਿਚ ਫ਼ਰਕ ਵੀ ਹੈ। ਇਸ ਦੀ ਪੁੱਤਰੀ ਸੰਜਨਾ ਦਾ ਵਿਆਹ ਸੂਰਜ ਨਾਲ ਹੋਇਆ, ਪਰ ਉਸ ਦੁਆਰਾ ਸੂਰਜ ਦੇ ਤੇਜ ਨੂੰ ਨਾ ਸਹਾਰ ਸਕਣ ਕਾਰਣ ਵਿਸ਼੍ਵਕਰਮਾ ਨੇ ਸੂਰਜ ਨੂੰ ਖ਼ਰਾਦ ਉਤੇ ਚੜ੍ਹਾ ਕੇ ਉਸ ਦਾ ਅੱਠਵਾਂ ਹਿੱਸਾ ਛਿਲ ਦਿੱਤਾ। ਧਰਤੀ ਉਤੇ ਡਿਗੇ ਸੂਰਜ ਦੇ ਛਿਲਕਿਆਂ ਤੋਂ ਵਿਸ਼੍ਵਕਰਮਾ ਨੇ ਵਿਸ਼ਣੂ ਦਾ ਚੱਕਰ, ਸ਼ਿਵ ਦਾ ਤ੍ਰਿਸ਼ੂਲ, ਕੁਬੇਰ ਦਾ ਸ਼ਸਤ੍ਰ, ਕਾਰ੍ਤਿਕੇਯ ਦਾ ਭਾਲਾ ਅਤੇ ਹੋਰ ਕਈ ਦੇਵਤਿਆਂ ਦੇ ਸ਼ਸਤ੍ਰ ਬਣਾਏ।

ਇਹ ਵੀ ਰਵਾਇਤ ਹੈ ਕਿ ਪੁਰੀ ਵਿਚ ਸਥਾਪਿਤ ਭਗਵਾਨ ਜਗੰਨਾਥ ਦੀ ਮੂਰਤੀ ਵੀ ਵਿਸ਼੍ਵਕਰਮਾ ਨੇ ਬਣਾਈ ਸੀ। ਇਸ ਦੀ ਸਿਰਜਨ-ਸ਼ਕਤੀ ਕਰਕੇ ਇਸ ਨੂੰ ਕਈ ਵਾਰ 'ਪ੍ਰਜਾਪਤੀ' ਵੀ ਕਹਿ ਦਿੱਤਾ ਜਾਂਦਾ ਹੈ। ਲੰਕਾ ਤੋਂ ਇਲਾਵਾ ਇਸ ਨੇ ਦ੍ਵਾਰਿਕਾ, ਇੰਦਰਪ੍ਰਸਥ, ਹਸਤਿਨਾਪੁਰ, ਬਿੰਦਰਾਬਨ, ਇੰਦਰਲੋਕ ਆਦਿ ਦੀ ਸਿਰਜਨਾ ਵੀ ਕੀਤੀ। ਇਸ ਨੇ ਬ੍ਰਹਮਾ ਲਈ ਪੁਸ਼ਪਕ ਵਿਮਾਨ ਵੀ ਬਣਾਇਆ ਸੀ ਜੋ ਬ੍ਰਹਮਾ ਤੋਂ

ਕੁਬੇਰ ਕੋਲ ਅਤੇ ਕੁਬੇਰ ਤੋਂ ਰਾਵਣ ਕੋਲ ਪਹੁੰਚਿਆ । ਵਿਸ੍ਵਕਰਮਾ ਦੀਆਂ ਚਾਰ ਪਤਨੀਆਂ, ਸੱਤ ਪੁੱਤਰ ਅਤੇ ਚਾਰ ਧੀਆਂ ਸਨ ।

ਵਿਸ਼ਵਾਮਿਤਰ : ਇਕ ਪ੍ਰਸਿੱਧ ਰਿਸ਼ੀ ਜੋ ਜਨਮ ਤੋਂ ਭਾਵੇਂ ਛਤ੍ਰੀ ਸੀ ਪਰ ਇਸ ਨੇ ਘੋਰ ਤਪਸਿਆ ਕਰਕੇ ਬ੍ਰਾਹਮਣਤ੍ਵ ਪ੍ਰਾਪਤ ਕੀਤਾ । ਇਸ ਲਈ ਇਸ ਦੀ ਸੱਤ ਮਹਾਨ ਰਿਸ਼ੀਆਂ ਵਿਚ ਗਿਣਤੀ ਕੀਤੀ ਜਾਂਦੀ ਹੈ ।

'ਰਿਗਵੇਦ' ਵਿਚ ਇਸ ਨੂੰ ਕੁਸ਼ਿਕ ਨਾਂ ਦੇ ਰਾਜਾ ਦਾ ਪੁੱਤਰ ਲਿਖਿਆ ਹੈ ਪਰ 'ਮਹਾਭਾਰਤ' ਅਤੇ 'ਵਿਸ਼ਣੂ-ਪੁਰਾਣ' ਵਿਚ ਇਸ ਨੂੰ ਭਰਤ-ਵੰਸ਼ ਵਿਚ ਹੋਏ ਰਾਜਾ ਗਾਧੀ ਦਾ ਲੜਕਾ ਦਸਿਆ ਗਿਆ ਹੈ । ਗਾਧੀ ਦੇ ਘਰ ਪਿਛਲੀ ਉਮਰ ਵਿਚ ਸਤ੍ਯਵਤੀ ਨਾਂ ਦੀ ਕੰਨਿਆ ਪੈਦਾ ਹੋਈ ਜਿਸ ਦੇ ਜਵਾਨ ਹੋਣ ਤੇ ਭ੍ਰਿਗੁਵੰਸ਼ੀ ਰਿਚੀਕ ਨੇ ਵਿਆਹ ਲਈ ਪ੍ਰਸਤਾਵ ਰਖਿਆ । ਗਾਧੀ ਨੇ ਵਿਆਹ ਕਰਨ ਲਈ ਕੁਝ ਸ਼ਰਤਾਂ ਰਖੀਆਂ ਜਿਨ੍ਹਾਂ ਦੀ ਰਿਚੀਕ ਨੇ ਪੂਰਤੀ ਕਰ ਕੇ ਸਤ੍ਯਵਤੀ ਨਾਲ ਵਿਆਹ ਕਰ ਲਿਆ । ਕੁਝ ਸਮਾਂ ਬੀਤਣ 'ਤੇ ਸਤ੍ਯਵਤੀ ਉਤੇ ਪ੍ਰਸੰਨ ਹੋਏ ਰਿਚੀਕ ਨੇ ਉਸ ਨੂੰ ਵਰ ਮੰਗਣ ਲਈ ਕਿਹਾ । ਉਸ ਨੇ ਆਪਣੀ ਮਾਂ ਨਾਲ ਗੱਲ ਕਰਕੇ ਦੋ ਪੁੱਤਰਾਂ ਦੀ ਮੰਗ ਕੀਤੀ ਜਿਨ੍ਹਾਂ ਵਿਚੋਂ ਇਕ ਉਸ ਦਾ ਆਪਣਾ ਅਤੇ ਇਕ ਉਸ ਦੀ ਮਾਤਾ ਦਾ ਹੋਵੇ । ਰਿਚੀਕ ਨੇ ਦੋਹਾਂ ਨੂੰ ਖਾਣ ਲਈ ਇਕ ਇਕ 'ਚਰੁ' (ਯੱਗ ਵਿਚ ਆਹੂਤੀ ਦੇਣ ਲਈ ਪਕਾਇਆ ਹੋਇਆ ਅੰਨ) ਦਿੱਤਾ । ਪਤਨੀ ਲਈ ਤਿਆਰ ਕੀਤੇ ਚਰੁ ਨਾਲ ਬ੍ਰਾਹਮਣਾਂ ਦੇ ਗੁਣ ਵਾਲਾ ਬਾਲਕ ਪੈਦਾ ਹੋਣਾ ਸੀ ਅਤੇ ਸਤ੍ਯਵਤੀ ਦੀ ਮਾਤਾ ਲਈ ਤਿਆਰ ਕੀਤੇ ਚਰੁ ਨਾਲ ਛਤ੍ਰੀ ਰੁਚੀਆਂ ਵਾਲਾ ਬਾਲਕ ਪੈਦਾ ਹੋਣਾ ਸੀ । ਮਾਤਾ ਨੇ ਸੋਚਿਆ ਕਿ ਰਿਚੀਕ ਨੇ ਆਪਣੇ ਲਈ ਚੰਗੇ ਗੁਣਾਂ ਵਾਲੇ ਪੁੱਤਰ ਦੀ ਕਲਪਨਾ ਕੀਤੀ ਹੋਵੇਗੀ, ਇਸ ਲਈ ਮਾਤਾ ਨੇ ਸਤ੍ਯਵਤੀ ਨੂੰ ਪ੍ਰੇਰ ਕੇ ਚਰੁ ਬਦਲ ਲਏ । ਫਲਸਰੂਪ ਰਿਚੀਕ ਦੇ ਘਰ ਜਮਦਗਨੀ ਪੈਦਾ ਹੋਇਆ ਅਤੇ ਗਾਧੀ ਦੇ ਘਰ ਵਿਸ਼ਵਾਮਿਤਰ ਨੇ ਜਨਮ ਲਿਆ ।

ਪੁਰਾਣ-ਸਾਹਿੱਤ ਵਿਚ ਵਿਸ਼ਵਾਮਿਤਰ ਦਾ ਵਸਿਸ਼ਠ ਨਾਲ ਬਹੁਤ ਵੈਰ ਦਸਿਆ ਗਿਆ ਹੈ । ਪ੍ਰਤੀਤ ਹੁੰਦਾ ਹੈ ਕਿ ਇਸ ਵੈਰ ਪਿਛੇ ਛਤ੍ਰੀਆਂ ਅਤੇ ਬ੍ਰਾਹਮਣਾਂ ਦਾ ਪ੍ਰਭੁਤਾ ਪ੍ਰਾਪਤ ਕਰਨ ਲਈ ਕੀਤਾ ਗਿਆ ਸੰਘਰਸ਼ ਹੈ । ਇਕ ਪੌਰਾਣਿਕ ਆਖਿਆਨ ਅਨੁਸਾਰ ਇਹ ਦੋਵੇਂ ਰਾਜਾ ਸੁਦਾਸ ਦੇ ਪੁਰੋਹਿਤ ਬਣਨ ਦੇ ਇਛੁਕ ਰਹੇ ਸਨ । ਬਸ ਇਹੀ ਵਿਸ਼ਵਾਮਿਤਰ ਅਤੇ ਵਸਿਸ਼ਠ ਦੇ ਵੈਰ ਦਾ ਮੂਲ ਕਾਰਣ ਹੈ । ਇਕ ਵਾਰ ਵਿਸ਼ਵਾਮਿਤਰ ਨੇ ਵਸਿਸ਼ਠ ਦੀ ਕਾਮਧੇਨੁ ਗਊ ਪ੍ਰਾਪਤ ਕਰਨ ਦੀ ਇੱਛਾ ਪ੍ਰਗਟ ਕੀਤੀ । ਵਸਿਸ਼ਠ ਦੇ ਨਾਂਹ ਕਰਨ 'ਤੇ ਵਿਸ਼ਵਾਮਿਤਰ ਨੇ ਜ਼ਬਰਦਸਤੀ ਗਊ ਲੈ ਜਾਣ ਦਾ ਯਤਨ ਕੀਤਾ । ਪਰ ਗਊ ਨੇ ਆਪਣੀ ਸੁਰਖਿਆ ਲਈ ਯੋਧੇ ਪੈਦਾ ਕਰ ਕੇ ਵਿਸ਼ਵਾਮਿਤਰ ਦੇ ਸੈਨਿਕਾਂ ਨੂੰ ਮਰਵਾ ਦਿੱਤਾ । ਇਸ ਤੋਂ ਇਲਾਵਾ ਵਸਿਸ਼ਠ ਨੇ ਆਪਣੇ ਮੂੰਹ ਦੀ ਅਗਨੀ ਨਾਲ ਵਿਸ਼ਵਾਮਿਤਰ ਦੇ ਸੌ ਪੁੱਤਰ ਸਾੜ ਦਿੱਤੇ । ਵਸਿਸ਼ਠ ਦੇ ਬ੍ਰਾਹਮਣ-ਤੇਜ ਅਗੇ ਝੁਕਣ ਦੀ ਨਮੋਸ਼ੀ ਤੋਂ ਬਚਣ ਲਈ ਵਿਸ਼ਵਾਮਿਤਰ ਨੇ ਬ੍ਰਾਹਮਣਤ੍ਵ ਪ੍ਰਾਪਤ ਕਰਨ ਲਈ ਘੋਰ ਤਪਸਿਆ ਕੀਤੀ ਅਤੇ ਸਫਲ ਵੀ ਹੋ ਗਿਆ ਪਰ ਦੇਵਤਿਆਂ ਨੇ ਇਨ੍ਹਾਂ ਦੋਹਾਂ ਵਿਚ ਸਦਾ-

ਭਾਵਨਾ ਪੈਦਾ ਕਰਾ ਦਿੱਤੀ।

ਇਕ ਵਾਰ ਇਕ੍ਸ਼ਵਾਕੁ ਵੰਸ਼ੀ ਰਾਜਾ ਸਤ੍ਯਵ੍ਰਤ ਨੇ ਚਾਹਿਆ ਕਿ ਉਹ ਕੋਈ ਅਜਿਹਾ ਯੱਗ ਕਰੇ ਜਿਸ ਨਾਲ ਉਹ ਸਦੇਹ ਸਵਰਗ ਵਿਚ ਪਹੁੰਚ ਸਕੇ। ਵਸਿਸ਼ਠ ਨੇ ਅਜਿਹਾ ਹੋਣਾ ਅਸੰਭਵ ਦਸਿਆ। ਉਸ ਦੇ ਪੁੱਤਰਾਂ ਨੇ ਵੀ ਨਾਂਹ ਕਰ ਦਿੱਤੀ। ਕਾਲਾਂਤਰ ਵਿਚ ਬਹੁਤ ਤਕੜਾ ਕਾਲ ਪੈ ਗਿਆ। ਰਾਜੇ ਨੇ ਵਿਸ਼ਵਾਮਿਤਰ ਦੇ ਪਰਿਵਾਰ ਦੀ ਇਸ ਬਿਪਦਾ ਤੋਂ ਬਚੇ ਰਹਿਣ ਲਈ ਮੱਦਦ ਕੀਤੀ। ਫਲਸਰੂਪ ਪ੍ਰਸੰਨ ਹੋਏ ਵਿਸ਼ਵਾਮਿਤਰ ਨੇ ਸਤ੍ਯਵ੍ਰਤ ਨੂੰ ਸਦੇਹ ਸਵਰਗ ਵਿਚ ਪਹੁੰਚਾ ਦਿੱਤਾ, ਪਰ ਉਹ ਤਿੰਨ ਪਾਪਾਂ ਕਾਰਣ ਤ੍ਰਿਸ਼ੰਕੁ (ਵੇਖੋ) ਬਣਿਆ ਸਵਰਗ ਦੇ ਦੁਆਰ ਉਤੇ ਹੇਠਾਂ ਨੂੰ ਮੂੰਹ ਕੀਤੇ ਲਟਕਣ ਲਗ ਗਿਆ।

ਇਹ ਵੀ ਕਹਿੰਦੇ ਹਨ ਵਿਸ਼ਵਾਮਿਤਰ ਦੀ ਤਪਸਿਆ ਦੇ ਡਰ ਤੋਂ ਇੰਦਰ ਨੇ ਮੇਨਕਾ ਨਾਂ ਦੀ ਅਪੱਛਰਾ ਨੂੰ ਇਸ ਕੋਲ ਭੇਜਿਆ ਜਿਸ ਨਾਲ ਸਹਿਵਾਸ ਕਰਨ 'ਤੇ ਸ਼ਕੁੰਤਲਾ ਪੈਦਾ ਹੋਈ ਅਤੇ ਮੇਨਕਾ ਸਵਰਗ ਲੋਕ ਨੂੰ ਚਲੀ ਗਈ। ਕਣਵ ਰਿਸ਼ੀ ਦੇ ਆਸ਼੍ਰਮ ਵਿਚ ਪਲ ਕੇ ਸ਼ਕੁੰਤਲਾ ਦੁਸ਼੍ਯੰਤ ਦੀ ਪਤਨੀ ਬਣੀ। 'ਬਾਲਮੀਕੀ ਰਾਮਾਇਣ' ਵਿਚ ਇਸ ਨੂੰ ਦਸ਼ਰਥ ਰਾਜਾ ਦਾ ਕੁਲ ਪੁਰੋਹਿਤ ਵੀ ਦਸਿਆ ਗਿਆ ਹੈ। ਆਪਣੇ ਯੱਗ ਦੀ ਰਖਿਆ ਲਈ ਇਹ ਦਸ਼ਰਥ ਤੋਂ ਰਾਮ ਨੂੰ ਮੰਗ ਕੇ ਲੈ ਗਿਆ ਸੀ। ਵਿਸ਼ਵਾਮਿਤਰ ਵਲ ਵਾਰਿਸ ਸ਼ਾਹ ਨੇ ਆਪਣੀ 'ਹੀਰ' ਵਿਚ ਸੰਕੇਤ ਕੀਤਾ ਹੈ—'ਉਹ ਕ੍ਰੋਪ ਕਰ ਜਿਹੜਾ ਭਾਇ ਜੋਗੀ ਵਿਸ਼ਵਾਮਿਤਰੋਂ ਖੋਲ ਕਰਵਾਇਆ ਈ।'

ਵਿਸਾਖੀ : ਇਹ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ ਨੂੰ ਮਨਾਇਆ ਜਾਣ ਵਾਲਾ ਪੰਜਾਬ ਦਾ ਇਕ ਮੌਸਮੀ ਤਿਉਹਾਰ ਹੈ, ਕਿਉਂਕਿ ਇਸ ਦਿਨ ਪੰਜਾਬ ਦਾ ਕਿਸਾਨ ਆਪਣੀ ਪੱਕੀ ਹੋਈ ਫਸਲ ਨੂੰ ਵੇਖ ਕੇ ਆਨੰਦਿਤ ਹੁੰਦਾ ਹੈ ਅਤੇ ਇਸ ਦਿਨ ਨੂੰ ਕਣਕ ਦੀ ਫਸਲ ਨੂੰ ਸਮੇਟਣ ਦੀ ਕਾਰਵਾਈ ਸ਼ੁਰੂ ਕਰਦਾ ਹੈ। ਇਸ ਦਿਨ ਫਸਲ ਨੂੰ 'ਦਾਤੀ ਪਾਉਣ' ਦਾ ਸ਼ਗਨ ਵੀ ਕੀਤਾ ਜਾਂਦਾ ਹੈ। ਮੌਸਮ ਨਾਲ ਸੰਬੰਧਿਤ ਹੋਣ ਕਰਕੇ ਚਿਰਾਂ ਤੋਂ ਇਹ ਪੰਜਾਬੀਆਂ ਦਾ ਸਰਵ-ਸਾਂਝਾ ਕੌਮੀ ਤਿਉਹਾਰ ਰਿਹਾ ਹੈ। ਜਲੰਧਰ ਜ਼ਿਲੇ ਵਿਚ ਵਿਸਾਖੀ ਵਾਲੇ ਦਿਨ 'ਵਸੋਆ' ਨਾਂ ਦਾ ਤਿਉਹਾਰ ਮਨਾਇਆ ਜਾਂਦਾ ਹੈ। 'ਵਸੋਆ' ਵਿਸਾਖੀ ਸ਼ਬਦ ਦਾ ਹੀ ਪਰਿਵਰਤਿਤ ਰੂਪ ਪ੍ਰਤੀਤ ਹੁੰਦਾ ਹੈ। ਭਾਈ ਗੁਰਦਾਸ ਨੇ ਪਹਿਲੀ ਵਾਰ (ਪਉੜੀ 27) ਵਿਚ ਗੁਰੂ ਨਾਨਕ ਦੇਵ ਦੇ ਆਗਮਨ ਨਾਲ ਘਰ-ਘਰ ਵਿਚ ਅਧਿਆਤਮਿਕ ਮਾਹੌਲ ਪੈਦਾ ਹੋ ਜਾਣ ਵਲ ਸੰਕੇਤ ਕੀਤਾ ਹੈ—'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।'

ਭਾਰਤੀ ਇਤਿਹਾਸ ਵਿਚ ਵਿਸਾਖ ਦੇ ਮਹੀਨੇ ਵਿਚ ਇਸ਼ਨਾਨ ਕਰਨ ਅਤੇ ਬ੍ਰਤ ਧਾਰਣ ਕਰਨ ਦਾ ਬਹੁਤ ਮਹਾਤਮ ਦਸਿਆ ਗਿਆ ਹੈ। ਇਹ ਵੀ ਰਵਾਇਤ ਹੈ ਕਿ ਇਸ ਦਿਨ ਵਿਆਸ ਰਿਸ਼ੀ ਨੇ ਬ੍ਰਹਮਾ ਵਲੋਂ ਰਚੇ ਚਾਰ ਵੇਦਾਂ ਦਾ ਪਹਿਲੀ ਵਾਰ ਪਾਠ ਕਰ ਕੇ ਭੋਗ ਪਾਇਆ ਸੀ। ਇਸੇ ਹੀ ਦਿਨ ਰਾਜਾ ਜਨਕ ਨੇ ਇਕ ਮਹਾਨ ਯੱਗ ਕੀਤਾ ਜਿਸ ਵਿਚ ਅਵਧੂਤ ਅਸ਼ਟਾਵਕ੍ਰ ਨੇ ਰਾਜੇ ਨੂੰ ਗਿਆਨ ਪ੍ਰਦਾਨ ਕੀਤਾ। ਇਸ ਤਰ੍ਹਾਂ ਅਨੇਕ ਧਾਰਮਿਕ ਪਰੰਪਰਾਵਾਂ ਅਤੇ ਅਨੁਸ਼ਠਾਨਾਂ ਦਾ ਸੰਬੰਧ ਵਿਸਾਖੀ ਦੇ ਦਿਨ ਨਾਲ ਚਿਰ-ਕਾਲ

ਤੋਂ ਜੁੜਿਆ ਚਲਾ ਆ ਰਿਹਾ ਹੈ। ਹੁਣ ਵੀ ਦੇਸ਼ ਭਰ ਵਿਚ ਇਸ ਦਿਨ ਸ਼ਰਧਾਲੂ ਲੋਕ ਪਵਿੱਤਰ ਸਰੋਵਰਾਂ ਅਤੇ ਨਦੀਆਂ ਵਿਚ ਇਸ਼ਨਾਨ ਕਰਦੇ ਹਨ। ਪੰਜਾਬ ਵਿਚ ਵਿਸਾਖੀ ਦੇ ਮੌਕੇ ਦਰਬਾਰ ਸਾਹਿਬ, ਅੰਮ੍ਰਿਤਸਰ, ਦਮਦਮਾ ਸਾਹਿਬ (ਤਲਵੰਡੀ ਸਾਬੋ), ਕਰਤਾਰਪੁਰ (ਜਲੰਧਰ) ਅਤੇ ਅਨੰਦਪੁਰ ਸਾਹਿਬ ਆਦਿ ਧਰਮ-ਧਾਮਾਂ 'ਤੇ ਬੜੇ ਭਾਰੀ ਮੇਲੇ ਲਗਦੇ ਹਨ ਜਿਨ੍ਹਾਂ ਵਿਚ ਹਰ ਉਮਰ ਦੇ ਮਰਦ-ਔਰਤਾਂ ਸ਼ਾਮਲ ਹੋ ਕੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ—'ਚੜ੍ਹੇ ਵਿਸਾਖ, ਵਿਸਾਖੀ ਆਈ/ਮੇਲਾ ਵੇਖਣ ਤੁਰੀ ਲੁਕਾਈ/ਪਿੰਡ ਪਿੰਡ, ਤੇ ਸ਼ਹਿਰ ਸ਼ਹਿਰ ਵਿਚ/ਹੁੰਮ-ਹੁੰਮਾ ਕੇ ਦੇਣ ਵਧਾਈ।'

ਸਿੱਖ-ਧਰਮ ਵਿਚ ਇਸ ਦਿਨ ਦੀ ਵਿਸ਼ੇਸ਼ ਅਤੇ ਮਹੱਤਵਪੂਰਣ ਸਥਿਤੀ ਹੈ। ਇਸ ਦਿਨ ਸੰਨ 1699 ਈ. ਵਿਚ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਕੇਸਗੜ੍ਹ ਵਾਲੇ ਸਥਾਨ ਤੇ 'ਖ਼ਾਲਸਾ' (ਵੇਖੋ) ਦੀ ਸਿਰਜਨਾ ਕੀਤੀ। ਇਸ ਲਈ ਸਿੱਖ-ਇਤਿਹਾਸ ਵਿਚ ਵਿਸਾਖੀ ਵਾਲਾ ਦਿਨ ਖ਼ਾਲਸੇ ਦੇ ਜਨਮ ਦਿਨ ਵਜੋਂ ਬੜੇ ਉਤਸਾਹ ਨਾਲ ਮੰਨਾਇਆ ਜਾਂਦਾ ਹੈ। ਸਿੱਖਾਂ ਦੀ ਨਾਮਧਾਰੀ ਸੰਪ੍ਰਦਾਇਕ ਵਿਚ ਇਸ ਦਿਨ ਸਮੂਹਿਕ ਵਿਆਹ ਕਰਨ ਦਾ ਰਵਾਜ ਹੈ।

ਦੇਸ਼ ਦੀ ਆਜ਼ਾਦੀ ਦੀ ਲੜਾਈ ਨਾਲ ਵੀ ਇਸ ਦਿਨ ਦਾ ਵਿਸ਼ੇਸ਼ ਸੰਬੰਧ ਹੈ ਕਿਉਂਕਿ ਇਸ ਦਿਨ ਸੰਨ 1919 ਈ. ਨੂੰ ਜਲਿਆਂ ਵਾਲੇ ਬਾਗ (ਵੇਖੋ) ਦਾ ਦੁਖਦਾਇਕ ਸਾਕਾ ਹੋਇਆ ਸੀ ਜਿਸ ਨਾਲ ਸਾਰੇ ਦੇਸ਼ ਵਿਚ ਰਾਸ਼ਟਰਵਾਦ ਦੀ ਭਾਵਨਾ ਇਕਦਮ ਪੱਕੇ ਪੈਰਾਂ ਉਤੇ ਹੋ ਗਈ ਸੀ। ਇਸ ਤਰ੍ਹਾਂ ਪੰਜਾਬੀਆਂ ਲਈ ਵਿਸਾਖੀ ਦਾ ਤਿਉਹਾਰ ਧਾਰਮਿਕ, ਸਮਾਜਿਕ, ਸਭਿਆਚਾਰਿਕ, ਰਾਜਨੈਤਿਕ ਅਤੇ ਧਾਰਮਿਕ ਮਹੱਤਵ ਰਖਦਾ ਹੈ।

ਵਿਕ੍ਰਮਾਦਿਤ੍ਯ, ਰਾਜਾ : ਇਕ ਸੂਰਵੀਰ ਰਾਜਾ ਜਿਸ ਦੇ ਇਤਿਹਾਸ ਅਥਵਾ ਜੀਵਨ ਬਾਰੇ ਅਨੇਕ ਪ੍ਰਕਾਰ ਦੇ ਪਰਸਪਰ ਵਿਰੋਧੀ ਉੱਲੇਖ ਮਿਲਦੇ ਹਨ। ਇਸ ਦਾ ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ ਕਿਸੇ ਇਕ ਰਾਜਾ ਦਾ ਨਾਂ ਨਾ ਹੋ ਕੇ ਸੂਰਵੀਰ ਅਤੇ ਪ੍ਰਤਾਪੀ ਰਾਜਿਆਂ ਨਾਲ ਉਪਾਧੀ ਵਜੋਂ ਵਰਤਿਆ ਜਾਣ ਲਗਾ। ਉਂਜ ਸਭ ਤੋਂ ਪ੍ਰਸਿੱਧ ਰਾਜਾ ਵਿਕ੍ਰਮਾਦਿਤ੍ਯ ਅਥਵਾ ਬਿਕ੍ਰਮਾਜੀਤ, ਰਾਜਾ ਗਰਦਭਿਲ ਦਾ ਪੁੱਤਰ ਮੰਨਿਆ ਜਾਂਦਾ ਹੈ ਜੋ ਉਜੈਨ (ਉਜੱਯਿਨੀ) ਦਾ ਸਮ੍ਰਾਟ ਸੀ ਅਤੇ ਜਿਸ ਦਾ ਸ਼ਾਲਿਵਾਹਨ ਨਾਲ ਬਹੁਤ ਵੈਰ ਸੀ। ਇਸ ਦੇ ਨਾਂ ਤੇ ਈਸਵੀ ਸੰਨ ਤੋਂ 57 ਵਰ੍ਹੇ ਪਹਿਲਾਂ ਵਿਕ੍ਰਮੀ ਸੰਮਤ ਦਾ ਪ੍ਰਚਲਨ ਹੋਇਆ। ਇਸ ਨੇ ਸ਼ਕ ਜਾਤਿ ਦੇ ਰਾਜ-ਅਧਿਕਾਰ ਨੂੰ ਖ਼ਤਮ ਕਰਕੇ ਆਪਣੇ ਰਾਜ ਦੀਆਂ ਸੀਮਾਵਾਂ ਨੂੰ ਵਧਾਇਆ। ਇਹ ਨਾ ਕੇਵਲ ਆਪ ਹੀ ਇਕ ਮੰਨਿਆ ਹੋਇਆ ਵਿਦਵਾਨ ਸੀ, ਸਗੋਂ ਇਹ ਵਿਦਵਾਨਾਂ ਦਾ ਕਦਰਦਾਨ ਵੀ ਸੀ। ਇਸ ਦੇ ਦਰਬਾਰ ਵਿਚ ਉਸ ਵੇਲੇ ਦੇ ਸਿਰਮੌਰ ਵਿਦਵਾਨ ਮੌਜੂਦ ਸਨ ਜਿਨ੍ਹਾਂ ਦੀ ਗਿਣਤੀ ਨੌਂ ਦਸੀ ਜਾਂਦੀ ਹੈ। ਇਸ ਦੀ ਮਹਾਨਤਾ ਅਤੇ ਪ੍ਰਸਿੱਧੀ ਕਾਰਣ ਬਹੁਤ ਸਾਰੀਆਂ ਮਿਥ-ਕਥਾਵਾਂ ਇਸ ਦੇ ਨਾਂ ਨਾਲ ਜੁੜ ਗਈਆਂ ਹਨ।

ਕੁਝ ਰਵਾਇਤਾਂ ਅਨੁਸਾਰ ਵਿਕ੍ਰਮੀ ਸੰਮਤ ਦੇ ਪ੍ਰਚਲਨ ਦਾ ਸੰਬੰਧ ਕਨਿਸ਼ਕ,

ਜਸ਼ੋਧਰ, ਗੌਤਮੀ ਦੇ ਪੁੱਤਰ ਆਦਿ ਰਾਜਿਆਂ ਦੇ ਨਾਂ ਨਾਲ ਜੋੜਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਸਾਰਿਆਂ ਨਾਲ ਵਿਕ੍ਰਮਾਦਿਤ੍ਯ ਦੀ ਉਪਾਧੀ ਜੋੜੀ ਜਾਂਦੀ ਸੀ। ਇਸ ਤਰ੍ਹਾਂ ਵਿਕ੍ਰਮੀ ਸੰਮਤ ਦੇ ਜਾਰੀ ਕਰਨ ਵਾਲਾ ਕਿਹੜਾ ਵਿਕ੍ਰਮਾਦਿਤ੍ਯ ਹੈ, ਇਹ ਗੱਲ ਅਜੇ ਸਪੱਸ਼ਟ ਨਹੀਂ ਹੋਈ। ਉਂਜ ਜਿਸ ਨੇ ਵੀ ਵਿਕ੍ਰਮੀ ਸੰਮਤ ਜਾਰੀ ਕੀਤਾ, ਉਹ ਨਿਸਚੇ ਹੀ ਬਹੁਤ ਪ੍ਰਤਾਪੀ ਹੋਇਆ ਹੋਵੇਗਾ।

ਵਿਜਯਾ-ਦਸ਼ਮੀ : ਵੇਖ 'ਦਸਹਿਰਾ'।

ਵਿਦੁਰ : ਰਾਜਾ ਵਿਚਿਤ੍ਰਵੀਰਯ ਦਾ ਉਸ ਦੀ ਦਾਸੀ ਸੁਦੇਸ਼ਣਾ ਤੋਂ ਵਿਆਸ ਦੁਆਰਾ ਪੈਦਾ ਕੀਤਾ ਪੁੱਤਰ ਜੋ 'ਮਹਾਭਾਰਤ' ਵਿਚ ਦਾਸੀ ਸੁਤ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਬਹੁਤ ਹੀ ਨੀਤੀਵਾਨ ਅਤੇ ਪਾਂਡਵਾਂ-ਕੌਰਵਾਂ ਦਾ ਹਿਤ-ਚਿੰਤਕ ਸੀ। ਇਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਯੁੱਧ ਟਲ ਜਾਏ, ਪਰ ਸਫਲ ਨਾ ਹੋ ਸਕਿਆ। ਇਸ ਨੇ ਦ੍ਰੋਪਦੀ ਦੇ ਚੀਰ-ਹਰਨ ਵੇਲੇ ਆਵਾਜ਼ ਉਠਾ ਕੇ ਕੌਰਵਾਂ ਨੂੰ ਅਜਿਹਾ ਪਾਪ ਕਰਨ ਤੋਂ ਵਰਜਿਆ ਸੀ। ਇਸ ਨੇ ਹੀ ਸਮੇਂ ਸਿਰ ਸੂਚਿਤ ਕਰ ਕੇ ਪਾਂਡਵਾਂ ਨੂੰ ਲਾਖ ਦੇ ਘਰ ਵਿਚ ਭਸਮ ਹੋਣ ਤੋਂ ਬਚਾਇਆ ਸੀ।

ਇਸ ਦੀ ਸਾਤਵਿਕ ਰੁਚੀ ਅਤੇ ਧਰਮ-ਭਾਵਨਾ ਤੋਂ ਕ੍ਰਿਸ਼ਣ ਬਹੁਤ ਪ੍ਰਭਾਵਿਤ ਸਨ। ਇਸੇ ਲਈ ਸ੍ਰੀ ਕ੍ਰਿਸ਼ਣ ਨੇ ਦੁਰਯੋਧਨ ਦੇ ਰਾਜ ਮਹੱਲ ਵਿਚ ਰਹਿਣ ਦੀ ਥਾਂ ਵਿਦੁਰ ਦੀ ਕੁਟੀਆ ਵਿਚ ਰਹਿ ਕੇ ਸਾਗ-ਪਾਤ ਖਾਣ ਨੂੰ ਅਧਿਕ ਮਹੱਤਵ ਦਿੱਤਾ, ਕਿਉਂਕਿ ਦੁਰਯੋਧਨ ਦੇ ਮਨ ਵਿਚ ਸਾਤਵਿਕ ਭਾਵ ਨਹੀਂ ਸੀ। ਸੰਤ ਕਬੀਰ ਨੇ ਇਸ ਘਟਨਾ ਵਲ ਸੰਕੇਤ ਕਰਦਿਆਂ ਲਿਖਿਆ ਹੈ—'ਰਾਜਨੁ ਕਉਨੁ ਤੁਮਾਰੈ ਆਵੈ।/ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ' (ਅ. ਗ੍ਰੰ. 1105)।

ਕੌਰਵ-ਪਾਂਡਵ ਯੁੱਧ ਵੇਲੇ ਭਾਵੇਂ ਇਹ ਕੌਰਵਾਂ ਵਲ ਰਿਹਾ, ਪਰ ਦੁਰਯੋਧਨ ਨੇ ਇਸ ਉਤੇ ਸਦਾ ਸ਼ਕ ਕੀਤਾ। ਇਸ ਲਈ ਇਸ ਨੇ ਆਪਣੇ ਸ਼ਸਤ੍ਰ ਰਾਜ-ਦੁਆਰ 'ਤੇ ਰਖ ਕੇ ਆਪ ਹਸਤਿਨਾਪੁਰ ਦੀ ਸੀਮਾ ਤੋਂ ਬਾਹਰ ਰਹਿਣ ਲਗਾ। 'ਭਾਗਵਤ-ਪੁਰਾਣ' (ਸਕੰਧ 3) ਅਨੁਸਾਰ ਪਾਂਡਵਾਂ ਦੇ ਰਾਜ-ਅਧਿਕਾਰ ਸੰਭਾਲਣ ਤੋਂ ਬਾਦ ਧ੍ਰਿਤਰਾਸ਼ਟਰ ਗਾਂਧਾਰੀ ਅਤੇ ਕੁੰਤੀ ਸਹਿਤ ਇਸ ਦੇ ਘਰ 15 ਵਰ੍ਹੇ ਰਹੇ। ਬਿਰਧ ਹੋਣ 'ਤੇ ਉਹ ਸਾਰੇ ਕੁਰੁਕਸ਼ੇਤ੍ਰ ਵਿਚ ਸ਼ਤਯੁਜ ਦੇ ਆਸ਼੍ਰਮ ਵਿਚ ਰਹਿਣ ਲਗੇ। ਇਸ ਨੇ ਉਨ੍ਹਾਂ ਸਾਰਿਆਂ ਦੀ ਸੇਵਾ ਆਪਣਾ ਕਰਤੱਵ ਬਣਾਇਆ। ਫਿਰ ਇਕ ਵਾਰ ਪਾਂਡਵ ਇਸ ਨੂੰ ਮਿਲਣ ਗਏ। ਇਹ ਉਥੋਂ ਖਿਸਕ ਗਿਆ, ਪਰ ਯੁਧਿਸ਼ਠਿਰ ਨੇ ਇਸ ਦਾ ਪਿਛਾ ਕੀਤਾ। ਅੰਤ ਵਿਚ ਵਿਦੁਰ ਨੇ ਯੋਗ-ਬਲ ਨਾਲ ਆਪਣੇ ਪ੍ਰਾਣਾਂ ਨੂੰ ਯੁਧਿਸ਼ਠਿਰ ਵਿਚ ਦਾਖਲ ਕਰ ਦਿੱਤਾ ਅਤੇ ਆਪ ਤੁਰਤ ਮਰ ਗਿਆ। ਇਸ ਨਾਲ ਯੁਧਿਸ਼ਠਿਰ ਵਿਚ ਇਕ ਨਵੀਂ ਸੂਝ ਅਤੇ ਨੀਤੀ ਦਾ ਵਿਕਾਸ ਹੋਇਆ।

ਇਸ ਦੇ ਪਿਛੋਕੜ ਬਾਰੇ 'ਮਹਾਭਾਰਤ' (ਆਦਿ-ਪਰਵ, ਉਦਿਯੋਗ-ਪਰਵ) ਵਿਚ ਲਿਖਿਆ ਹੈ ਕਿ ਅਣੀ-ਮਾਂਡਵ੍ਯ ਨਾਂ ਦੇ ਇਕ ਰਿਸ਼ੀ ਦੇ ਆਸ਼੍ਰਮ ਵਿਚ ਇਕ ਵਾਰ ਕੁਝ ਚੋਰਾਂ ਨੇ ਸ਼ਰਣ ਲਈ। ਜਦੋਂ ਉਨ੍ਹਾਂ ਨੂੰ ਪਕੜਨ ਲਈ ਸਿਪਾਹੀ ਪਹੁੰਚੇ ਤਾਂ ਉਹ ਸਾਮਾਨ

ਛੱਡ ਕੇ ਭਜ ਗਏ। ਸਿਪਾਹੀਆਂ ਨੇ ਰਿਸ਼ੀ ਨੂੰ ਚੋਰ ਸਮਝ ਕੇ ਰਾਜੇ ਦੇ ਪੇਸ਼ ਕੀਤਾ। ਰਾਜੇ ਨੇ ਰਿਸ਼ੀ ਨੂੰ ਸੂਲੀ ਚਾੜ੍ਹੇ ਜਾਣ ਦਾ ਆਦੇਸ਼ ਦਿੱਤਾ। ਧਰਮਰਾਜ ਕੋਲ ਜਾ ਕੇ ਰਿਸ਼ੀ ਨੇ ਇਸ ਦੰਡ ਦਿੱਤੇ ਜਾਣ ਦਾ ਕਾਰਨ ਪੁੱਛਣ 'ਤੇ ਧਰਮਰਾਜ ਨੇ ਦਸਿਆ ਕਿ ਰਿਸ਼ੀ ਨੇ ਪਿਛਲੇ ਜਨਮ ਵਿਚ ਬਾਲ ਅਵਸਥਾ ਵਿਚ ਇਕ ਟਿੱਡੇ ਨੂੰ ਸੂਲ ਨਾਲ ਵਿੰਨ੍ਹਿਆ ਸੀ। ਉਸ ਦਿਨ ਤੋਂ ਰਿਸ਼ੀ ਨੇ ਸਥਾਪਨਾ ਕੀਤੀ ਕਿ 14 ਵਰ੍ਹੇ ਤੋਂ ਘੱਟ ਉਮਰ ਵਿਚ ਕੀਤਾ ਕਰਮ ਫਲਦਾਇਕ ਨਾ ਹੋਵੇ ਅਤੇ ਧਰਮਰਾਜ ਨੂੰ ਸਰਾਪ ਦਿੱਤਾ ਕਿ ਉਹ ਸ਼ੂਦਰ ਵਜੋਂ ਜਨਮ ਲਏ। ਫਲਸਰੂਪ ਧਰਮਰਾਜ ਨੇ ਵਿਦੁਰ ਰੂਪ ਵਿਚ ਜਨਮ ਲਿਆ।

ਵਿਦੇਹ-ਜਨਕ : ਵੇਖੋ 'ਜਨਕ'।

ਵਿਭੀਸ਼ਣ : ਰਾਵਣ ਦਾ ਛੋਟਾ ਭਰਾ ਜੋ ਕੈਕਸੀ ਦਾ ਤੀਜਾ ਪੁੱਤਰ ਸੀ। ਕੈਕਸੀ ਵਲੋਂ ਬ੍ਰਹਮਾ ਨੂੰ ਪ੍ਰਾਰਥਨਾ ਕਰਨ 'ਤੇ ਇਸ ਦਾ ਆਚਾਰ ਧਰਮ ਅਨੁਸਾਰੀ ਹੋ ਗਿਆ। 'ਬਾਲਮੀਕੀ ਰਾਮਾਇਣ' (ਉੱਤਰ-ਕਾਂਡ) ਵਿਚ ਲਿਖਿਆ ਹੈ ਕਿ ਇਸ ਨੇ ਦਸ ਹਜ਼ਾਰ ਸਾਲ ਬ੍ਰਹਮਾ ਦੀ ਤਪਸਿਆ ਕਰ ਕੇ ਉਸ ਨੂੰ ਪ੍ਰਸੰਨ ਕੀਤਾ ਅਤੇ ਵਰ ਮੰਗਿਆ ਕਿ ਬਿਪਤਾ ਵੇਲੇ ਉਸ ਦੀ ਬੁੱਧੀ ਬਿਨਾ ਡੋਲੇ ਧਰਮ ਵਿਚ ਲਗੀ ਰਹੇ ਅਤੇ ਬਿਨਾ ਸਿਖੇ ਉਸ ਨੂੰ ਬ੍ਰਹਮ ਅਸਤ੍ਰ ਦਾ ਗਿਆਨ ਪ੍ਰਾਪਤ ਹੋ ਜਾਏ। ਇਹ ਵਰ ਦੇਣ ਦੇ ਨਾਲ ਹੀ ਬ੍ਰਹਮਾ ਨੇ ਉਸ ਨੂੰ ਅਮਰਤਾ ਦਾ ਵਰ ਵੀ ਦਿੱਤਾ।

ਵਿਭੀਸ਼ਣ ਦਾ ਸੁਭਾ ਬੜਾ ਨੇਕ ਅਤੇ ਚੰਗਾ ਸੀ। ਇਹ ਸਦਾ ਆਪਣੇ ਲੋਕਾਂ ਨੂੰ ਮਾੜੇ ਕਰਮ ਛੱਡਣ ਲਈ ਕਹਿੰਦਾ ਰਹਿੰਦਾ ਸੀ। ਇਹੀ ਕਾਰਨ ਹੈ ਕਿ ਇਸ ਦੀ ਰਾਵਣ ਨਾਲ ਬਹੁਤ ਘਟ ਬਣਦੀ ਸੀ। ਰਾਵਣ ਦੁਆਰਾ ਸੀਤਾ ਦੇ ਅਪਹਰਣ ਦਾ ਇਸ ਨੇ ਖੁਲ੍ਹ ਕੇ ਵਿਰੋਧ ਕੀਤਾ। ਫਲਸਰੂਪ ਰਾਵਣ ਨੇ ਇਸ ਨੂੰ ਲੱਤ ਮਾਰ ਕੇ ਦਰਬਾਰ ਵਿਚੋਂ ਕੱਢ ਦਿੱਤਾ। ਰਾਵਣ ਤੋਂ ਡਰਦਾ ਇਹ ਕੈਲਾਸ਼ ਪਰਬਤ ਜਾ ਪਹੁੰਚਿਆ ਅਤੇ ਸ਼ਿਵ ਦੇ ਕਹੇ ਤੇ ਸ੍ਰੀ ਰਾਮ ਦਾ ਭਗਤ ਬਣ ਗਿਆ।

ਰਾਮ ਦੇ ਸਨਮੁਖ ਹੋਣ 'ਤੇ ਉਨ੍ਹਾਂ ਨੇ ਇਸ ਨੂੰ ਗਲ ਲਾ ਲਿਆ ਅਤੇ ਬਹੁਤ ਸਨੇਹ ਦਰਸਾਇਆ। ਵਿਭੀਸ਼ਣ ਨੇ ਸ੍ਰੀ ਰਾਮ ਦੀ ਪੁਜ ਕੇ ਮੱਦਦ ਕੀਤੀ। ਰਾਵਣ ਦੀ ਹਾਰ ਅਤੇ ਉਸ ਦੇ ਮਾਰੇ ਜਾਣ ਤੋਂ ਬਾਦ ਰਾਮ ਨੇ ਇਸ ਨੂੰ ਲੰਕਾ ਦੀ ਗੱਦੀ ਉਤੇ ਬਿਠਾਇਆ ਅਤੇ ਆਪ ਅਯੋਧਿਆ ਨੂੰ ਚਲੇ ਗਏ। ਵਿਭੀਸ਼ਣ ਨੂੰ ਰਾਜ ਦੇਣ ਬਾਰੇ ਭਗਤ ਨਾਮਦੇਵ ਨੇ ਲਿਖਿਆ ਹੈ —'ਅਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ' (ਅ. ਗ੍ਰੰ. 1105)।

ਪੰਜਾਬੀ ਲੋਕ-ਜੀਵਨ ਵਿਚ ਵਿਭੀਸ਼ਣ ਨੂੰ 'ਘਰ ਦਾ ਭੇਦੀ' ਕਹਿ ਕੇ ਇਸ ਪ੍ਰਤਿ ਨਕਾਰਾਤਮਕ ਪਹੁੰਚ ਅਪਣਾਈ ਗਈ ਹੈ—'ਘਰ ਦਾ ਭੇਦੀ ਲੰਕਾ ਢਾਹੇ।'

ਵੀਨਸ : ਰੋਮ (ਇਟਲੀ) ਦੀ ਇਕ ਮਿਥਿਹਾਸਿਕ ਦੇਵੀ ਜਿਸ ਨੂੰ ਸੁੰਦਰਤਾ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਦੀ ਅਫਰੋਡਾਇਟੀ (Aphrodite) ਨਾਲ ਸਮਾਨਤਾ ਸਥਾਪਿਤ ਕਰਕੇ ਇਸ ਨੂੰ ਬਾਗ਼ਾਂ ਅਤੇ ਬਹਾਰਾਂ ਦੀ ਦੇਵੀ ਵੀ ਕਿਹਾ ਜਾਂਦਾ

ਹੈ। ਬਾਦ ਵਿਚ ਇਸ ਨੂੰ ਪ੍ਰੇਮ ਦੀ ਦੇਵੀ ਵੀ ਮੰਨਿਆ ਜਾਣ ਲਗਾ ਅਤੇ ਇਸ ਰੂਪ ਵਿਚ ਸਿਸਲੀ (Sicily) ਵਿਚ ਇਸ ਦੀ ਪੂਜਾ ਵੀ ਆਰੰਭ ਹੋਈ। ਰੋਮ ਦੇ ਨਿਵਾਸੀਆਂ, ਖ਼ਾਸ ਕਰਕੇ ਜੂਲੀਅਨ ਵੰਸ਼ ਵਾਲਿਆਂ ਦਾ ਦਾਵਾ ਹੈ ਕਿ ਉਹ ਵੀਨਸ ਦੇ ਪੁੱਤਰ ਦੇ ਵੰਸ਼ ਵਿਚੋਂ ਹਨ।

ਵੀਨਸ ਦਾ ਇਕ ਸੁੰਦਰ ਬੁਤ ਫਰਾਂਸ ਵਿਚ ਵੀ ਲਗਾ ਹੋਇਆ ਹੈ ਜੋ ਇਸਤਰੀ ਦੇ ਹੁਸਨ ਨੂੰ ਪ੍ਰਗਟ ਕਰਨ ਵਾਲੀ ਇਕ ਅਦੁੱਤੀ ਕਲਾ-ਕ੍ਰਿਤੀ ਹੈ। ਇਸ ਦਾ ਹਵਾਲਾ ਦਿੰਦਿਆਂ ਸ਼ਿਵ ਕੁਮਾਰ ਬਟਾਲਵੀ ਨੇ ਕਿਹਾ ਹੈ—'ਇਹ ਸਜਨੀ ਵੀਨਸ ਦਾ ਬੁੱਤ ਹੈ।/ ਕਾਮ ਦੇਵਤਾ ਇਸ ਦਾ ਪੁੱਤ ਹੈ।'

ਵੀਰ ਸਿੰਘ, ਭਾਈ : ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਭਾਈ ਵੀਰ ਸਿੰਘ ਦਾ ਜਨਮ ਦੀਵਾਨ ਕੌੜਾ ਮੱਲ ਦੇ ਵੰਸਜ ਡਾ. ਚਰਨ ਸਿੰਘ ਦੇ ਘਰ ਬੀਬੀ ਉੱਤਰ ਕੌਰ ਦੀ ਕੁੱਖੋਂ 5 ਦਸੰਬਰ, 1872 ਈ. ਵਿਚ, ਕਟੜਾ ਗਰਬਾ ਸਿੰਘ, ਅੰਮ੍ਰਿਤਸਰ ਵਿਚ ਹੋਇਆ। ਦੀਵਾਨ ਕੌੜਾ ਮੱਲ ਫ਼ਰੁਖ਼ਸੀਅਰ ਬਾਦਸ਼ਾਹ ਵੇਲੇ ਪਹਿਲਾਂ ਲਾਹੌਰ ਵਿਚ ਦੀਵਾਨ ਸੀ ਅਤੇ ਫਿਰ ਸੰਨ 1750 ਈ. ਵਿਚ ਮੁਲਤਾਨ ਦਾ ਹਾਕਮ ਨਿਯੁਕਤ ਹੋਇਆ। ਉਹ ਆਪਣੀ ਵਾਹ ਲਾ ਕੇ ਸਿੱਖਾਂ ਨੂੰ ਮੁਗ਼ਲ ਸਰਕਾਰ ਦੇ ਜ਼ੁਲਮਾਂ ਤੋਂ ਬਚਾਉਂਦਾ ਰਿਹਾ। ਇਸੇ ਕਰਕੇ ਇਸ ਖ਼ਾਨਦਾਨ ਨੂੰ ਸਿੱਖ ਸਮਾਜ ਵਿਚ ਸਤਕਾਰਿਆ ਜਾਂਦਾ ਹੈ। ਭਾਈ ਵੀਰ ਸਿੰਘ ਦੇ ਪਿਤਾ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ, ਸਿੱਖੀ ਆਚਰਣ ਵਾਲੇ ਗੰਭੀਰ ਵਿਦਵਾਨ ਸਨ। ਇਸ ਤਰ੍ਹਾਂ ਵਿਦਵੱਤਾ, ਗੁਰਮਤਿ-ਗਿਆਨ ਅਤੇ ਸਿੱਖੀ ਆਚਰਣ ਭਾਈ ਵੀਰ ਸਿੰਘ ਨੂੰ ਵਿਰਸੇ ਵਿਚ ਮਿਲੇ।

ਸ਼ੁਰੂ ਵਿਚ ਆਪ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿਚ ਪਾਂਧੇ ਅਤੇ ਮੌਲਵੀ ਪਾਸੋਂ ਹੋਇਆ ਅਤੇ ਸੰਪ੍ਰਦਾਈ ਗਿਆਨੀ ਤੋਂ ਗੁਰਮਤਿ ਦਾ ਅਧਿਐਨ ਕੀਤਾ। ਦਸਵੀਂ ਤਕ ਦੀ ਪੜ੍ਹਾਈ ਸਕੂਲ ਵਿਚ ਕੀਤੀ। ਫਿਰ ਘਰ ਵਿਚ ਹੀ ਦਾਰਸ਼ਨਿਕ ਗ੍ਰੰਥਾਂ ਅਤੇ ਸਾਹਿਤਿਕ ਰਚਨਾਵਾਂ ਦਾ ਅਧਿਐਨ ਕੀਤਾ। ਭਾਈ ਵੀਰ ਸਿੰਘ ਦੀ ਸਾਹਿੱਤ-ਸਾਧਨਾ ਦਾ ਮੂਲ ਉੱਦੇਸ਼ ਸਿੱਖ-ਧਰਮ ਅਤੇ ਗੁਰਮਤਿ-ਦਰਸ਼ਨ ਦੀ ਵਿਆਖਿਆ ਸੀ।

ਆਪ ਦਾ ਵਿਆਹ ਅੰਮ੍ਰਿਤਸਰ ਨਿਵਾਸੀ ਨਰਾਇਣ ਸਿੰਘ ਦੀ ਸੁਪੁੱਤਰੀ ਬੀਬੀ ਚਤੁਰ ਕੌਰ ਨਾਲ ਹੋਇਆ। ਇਸ ਤੋਂ ਆਪ ਦੇ ਘਰ ਦੋ ਪੁੱਤਰੀਆਂ (ਕਰਤਾਰ ਕੌਰ ਅਤੇ ਸੁਸ਼ੀਲ ਕੌਰ) ਨੇ ਜਨਮ ਲਿਆ। ਆਪ ਦਾ ਛੋਟਾ ਭਰਾ ਡਾ. ਬਲਬੀਰ ਸਿੰਘ ਵੀ ਬੜਾ ਸੂਝਵਾਨ ਵਿਗਿਆਨੀ ਅਤੇ ਗੁਰਮਤਿ ਦਾ ਵਿਆਖਿਆਕਾਰ ਸੀ।

ਸਾਹਿੱਤ-ਸਿਰਜਨਾ ਦਾ ਕੰਮ ਆਪ ਨੇ 20 ਸਾਲਾਂ ਦੀ ਉਮਰ ਵਿਚ ਸੰਨ 1892 ਈ. ਤੋਂ ਸ਼ੁਰੂ ਕਰ ਦਿੱਤਾ, ਪਰ ਪਹਿਲੀ ਪੁਸਤਕ 'ਸੁੰਦਰੀ' ਸੰਨ 1898 ਈ. ਵਿਚ ਛਪ ਕੇ ਸਾਹਮਣੇ ਆਈ। ਇਸ ਤੋਂ ਬਾਦ ਰਚਨਾ-ਪ੍ਰਕ੍ਰਿਆ ਦੇਹਾਂਤ (10 ਜੂਨ, 1957 ਈ.) ਤਕ ਚਲਦੀ ਰਹੀ। ਈਸਾਈ ਮਿਸ਼ਨਰੀਆਂ ਦੇ ਸਿੱਖ ਵਿਰੋਧੀ ਪ੍ਰਚਾਰ ਨੂੰ ਠਲ੍ਹ ਪਾਉਣ ਅਤੇ ਸਿੱਖ-ਧਰਮ ਦੇ ਸ਼ੁੱਧ ਸਰੂਪ ਨੂੰ ਕਾਇਮ ਰਖਣ ਲਈ ਹੋਂਦ ਵਿਚ ਆਈ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠਾਂ ਭਾਈ ਵੀਰ ਸਿੰਘ ਨੇ ਸ. ਸਾਧੂ ਸਿੰਘ ਧੁਪੀਏ ਨਾਲ

ਰਲ ਕੇ ਸੰਨ 1894 ਈ. ਵਿਚ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਅਤੇ ਨਿੱਕੇ-ਨਿੱਕੇ ਟ੍ਰੈਕਟਾਂ ਰਾਹੀਂ ਧਰਮ-ਪ੍ਰਚਾਰ ਦਾ ਆਰੰਭ ਕੀਤਾ। ਫਿਰ ਸੰਨ 1899 ਈ. ਵਿਚ 'ਖ਼ਾਲਸਾ ਸਮਾਚਾਰ' ਨਾਂ ਦੀ ਸਪਤਾਹਿਕ ਪਤ੍ਰਿਕਾ ਵੀ ਸ਼ੁਰੂ ਕੀਤੀ ਜੋ ਹੁਣ ਤਕ ਛਪ ਰਹੀ ਹੈ। ਇਨ੍ਹਾਂ ਟ੍ਰੈਕਟਾਂ ਅਤੇ 'ਖ਼ਾਲਸਾ ਸਮਾਚਾਰ' ਤੇ 'ਨਿਰਗੁਣਿਆਰਾ' ਪਤ੍ਰਿਕਾਵਾਂ ਦੁਆਰਾ ਸਿੱਖ-ਧਰਮ ਦਾ ਪ੍ਰਚਾਰ ਕੀਤਾ।

ਭਾਈ ਵੀਰ ਸਿੰਘ ਨੇ ਕਵਿਤਾ, ਨਾਵਲ, ਨਾਟਕ, ਨਿਬੰਧ, ਜੀਵਨੀਆਂ ਆਦਿ ਮੌਲਿਕ ਰਚਨਾਵਾਂ ਸਿਰਜਨ ਤੋਂ ਇਲਾਵਾ ਸੰਪਾਦਨ, ਕੋਸ਼ਕਾਰੀ, ਟੀਕਾਕਾਰੀ, ਪੱਤਰਕਾਰੀ ਆਦਿ ਖੇਤਰਾਂ ਵਿਚ ਵੀ ਬਹੁਤ ਯੋਗਦਾਨ ਪਾਇਆ। ਉਨ੍ਹਾਂ ਦੀਆਂ ਰਲੀਆਂ ਮਿਲੀਆਂ ਤਿੰਨ ਦਰਜਨ ਰਚਨਾਵਾਂ ਉਪਲਬਧ ਹਨ। ਇਸ ਵੱਡਮੁਲੀ ਦੇਣ ਨੂੰ ਮੁਖ ਰਖਦਿਆਂ ਅਨੇਕ ਸੰਸਥਾਵਾਂ ਵਲੋਂ ਆਪ ਨੂੰ ਸਨਮਾਨਿਤ ਕੀਤਾ ਗਿਆ। ਸੰਨ 1949 ਈ. ਵਿਚ ਪੰਜਾਬ ਯੂਨੀਵਰਸਿਟੀ ਵਲੋਂ ਆਪ ਨੂੰ ਡਾਕਟਰ ਆਫ਼ ਓਰੀਐਂਟਲ ਲਰਨਿੰਗ ਦੀ ਮਾਨਾਰਥ ਡਿਗਰੀ ਪ੍ਰਦਾਨ ਕੀਤੀ ਗਈ। ਸੰਨ 1951 ਈ. ਵਿਚ ਮਹਿਕਮਾ ਪੰਜਾਬੀ, ਪਟਿਆਲਾ ਵਲੋਂ ਸ਼ਿਰੋਮਣੀ ਸਾਹਿੱਤਕਾਰ ਦੇ ਰੂਪ ਵਿਚ ਸਨਮਾਨਿਤ ਕੀਤਾ ਗਿਆ। ਸੰਨ 1952 ਈ. ਵਿਚ ਆਪ ਨੂੰ ਪੰਜਾਬ ਵਿਧਾਨ ਪਰਿਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਸੰਨ 1955 ਈ. ਵਿਚ ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਸਾਹਿੱਤ ਅਕਾਡਮੀ, ਨਵੀਂ ਦਿੱਲੀ ਵਲੋਂ ਪੁਰਸਕ੍ਰਿਤ ਕੀਤਾ ਗਿਆ। ਜਨਵਰੀ, 1957 ਈ. ਵਿਚ ਭਾਰਤ ਸਰਕਾਰ ਵਲੋਂ ਪਦਮ-ਭੂਸ਼ਣ ਨਾਲ ਸਨਮਾਨਿਆ ਗਿਆ।

ਭਾਈ ਵੀਰ ਸਿੰਘ ਇਕ ਸੁੱਲਝੇ ਸਮਾਜ ਸੁਧਾਰਕ ਵੀ ਸਨ। ਆਪ ਨੇ ਅਨੇਕ ਤਰ੍ਹਾਂ ਦੀਆਂ ਸਮਾਜ-ਸੁਧਾਰਕ ਸੰਸਥਾਵਾਂ ਦੀ ਸਥਾਪਨਾ ਵਿਚ ਯੋਗਦਾਨ ਪਾਇਆ। ਆਪ ਸਹਿਜ ਬਿਰਤੀ ਦੇ ਇਕ ਡੂੰਘੇ ਚਿੰਤਕ ਅਤੇ ਲੋਕਾਂ ਦੇ ਦੁੱਖਾਂ ਦਾ ਅਹਿਸਾਸ ਕਰਨ ਵਾਲੇ ਹਮਦਰਦ ਸਾਹਿੱਤਕਾਰ ਸਨ। ਇਸੇ ਲਈ ਪੰਜਾਬੀ ਸਾਹਿੱਤ ਵਿਚ ਆਪ ਬਹੁ-ਚਰਚਿਤ ਹਸਤਾਖਰ ਹੋਣ ਕਾਰਣ ਆਪ ਦੇ ਅਨੇਕ ਹਵਾਲੇ ਮਿਲਦੇ ਹਨ।

ਵੀਰਭਦ੍ਰ : ਇਹ ਸ਼ਿਵ ਦੁਆਰਾ ਪੈਦਾ ਕੀਤਾ ਅਥਵਾ ਉਸ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸ ਨੂੰ ਉਤਪੰਨ ਕਰਨ ਦਾ ਪ੍ਰਯੋਜਨ ਦਕ੍ਸ਼ ਪ੍ਰਜਾਪਤੀ ਦੇ ਯੱਗ ਨੂੰ ਭ੍ਰਸ਼ਟ ਕਰਨਾ ਸੀ। 'ਸ਼ਿਵ-ਪੁਰਾਣ' (6/18-20) ਅਨੁਸਾਰ ਦਕ੍ਸ਼ ਪ੍ਰਜਾਪਤੀ ਨੇ ਕਨਖਲ (ਹਰਿਦਵਾਰ) ਨਾਂ ਵਾਲੇ ਸਥਾਨ 'ਤੇ ਯੱਗ ਸ਼ੁਰੂ ਕੀਤਾ। ਸ਼ਿਵ ਅਤੇ ਸਤੀ ਨੂੰ ਛਡ ਕੇ ਹੋਰ ਸਾਰੇ ਦੇਵਤੇ ਬੁਲਾਏ ਗਏ। ਸਤੀ ਨੂੰ ਪਤਾ ਲਗਣ 'ਤੇ ਉਹ ਬਿਨਾ ਬੁਲਾਇਆਂ ਹੀ ਯੱਗ-ਸ਼ਾਲਾ ਵਿਚ ਪਹੁੰਚੀ। ਉਥੇ ਸ਼ਿਵ ਦਾ ਨਿਰਾਦਰ ਵੇਖ ਕੇ ਸਤੀ ਨੇ ਯੱਗ-ਕੁੰਡ ਵਿਚ ਆਤਮ-ਦਾਹ ਕਰ ਲਿਆ। ਜਦੋਂ ਸ਼ਿਵ ਨੂੰ ਇਸ ਘਟਨਾ ਦਾ ਪਤਾ ਲਗਾ ਤਾਂ ਉਸ ਨੇ ਆਪਣੀ ਜਟਾ ਦੀ ਲਿਟ ਪੁਟ ਕੇ ਭੂਮੀ ਉਤੇ ਸੁਟੀ ਜਿਸ ਦੇ ਇਕ ਸਿਰੇ ਤੋਂ ਅਨੇਕ ਗਣਾਂ ਸਹਿਤ ਵੀਰਭਦ੍ਰ ਅਤੇ ਦੂਜੇ ਸਿਰੇ ਤੋਂ ਕਾਲੀ ਪੈਦਾ ਹੋਈ। ਉਨ੍ਹਾਂ ਨੇ ਜਾ ਕੇ ਦਕ੍ਸ਼ ਪ੍ਰਜਾਪਤੀ ਦਾ ਯੱਗ ਨਸ਼ਟ ਕਰ ਦਿੱਤਾ ਅਤੇ ਉਸ ਦਾ ਸਿਰ ਕਟ ਕੇ ਅਗਨ-ਕੁੰਡ ਵਿਚ ਸਾੜ ਦਿੱਤਾ। ਵੀਰਭਦ੍ਰ ਨੇ ਦੇਵਤਿਆਂ ਨਾਲ ਯੁੱਧ ਕਰਕੇ ਉਨ੍ਹਾਂ ਨੂੰ ਹਰਾਇਆ।

ਬ੍ਰਹਮਾ, ਵਿਸ਼ਣੂ ਅਤੇ ਹੋਰ ਦੇਵਤੇ ਸ਼ਿਵ ਦੀ ਸ਼ਰਣ ਵਿਚ ਗਏ ਜਿਸ ਨੇ ਵੀਰਭਦ੍ਰ ਨੂੰ ਯੁੱਧ ਬੰਦ ਕਰਨ ਲਈ ਕਿਹਾ। ਮਾਰੇ ਜਾ ਚੁੱਕੇ ਦੇਵਤਿਆਂ ਨੂੰ ਸ਼ਿਵ ਨੇ ਜੀਵਿਤ ਕੀਤਾ ਅਤੇ ਇਕ ਬਕਰੇ ਦਾ ਸਿਰ ਕਟ ਕੇ ਪ੍ਰਜਾਪਤੀ ਦੇ ਧੜ ਨਾਲ ਜੋੜਿਆ ਅਤੇ ਉਸ ਵਿਚ ਵੀ ਪ੍ਰਾਣ-ਸੰਚਾਰ ਕੀਤਾ। ਸਭ ਨੇ ਮਿਲ ਕੇ ਅਗੇ ਤੋਂ ਯੱਗਾਂ ਵਿਚ ਸ਼ਿਵ ਦਾ ਭਾਗ ਨਿਸਚਿਤ ਕੀਤਾ।

ਪੁਰਾਣ-ਸਾਹਿੱਤ ਵਿਚ ਇਸ ਦੀ ਉਤਪੱਤੀ ਬਾਰੇ ਇਹ ਵੀ ਲਿਖਿਆ ਹੈ ਕਿ ਇਸ ਨੂੰ ਸ਼ਿਵ ਨੇ ਆਪਣੇ ਮੂੰਹ ਤੋਂ ਪੈਦਾ ਕੀਤਾ ਸੀ। 'ਵਾਯੂ-ਪੁਰਾਣ' ਵਿਚ ਇਸ ਦੇ ਸਰੂਪ ਬਾਰੇ ਲਿਖਿਆ ਹੈ ਕਿ ਇਸ ਦੇ ਇਕ ਹਜ਼ਾਰ ਸਿਰ, ਦੋ ਹਜ਼ਾਰ ਅੱਖਾਂ, ਦੋ ਹਜ਼ਾਰ ਪੈਰ ਅਤੇ ਦੋ ਹਜ਼ਾਰ ਹੱਥ ਹਨ। ਇਕ ਹਜ਼ਾਰ ਹੱਥਾਂ ਵਿਚ ਤੀਰ ਅਤੇ ਇਕ ਹਜ਼ਾਰ ਹੱਥਾਂ ਵਿਚ ਗਦਾਵਾਂ ਹਨ। ਇਸ ਦੇ ਮੱਥੇ 'ਤੇ ਚੰਦ੍ਰਮਾ, ਸ਼ਰੀਰ 'ਤੇ ਸ਼ੇਰ ਦੀ ਖੱਲ ਧਾਰਣ ਕੀਤੀ ਹੋਈ ਹੈ ਜਿਸ ਵਿਚੋਂ ਲਹੂ ਟਪਕਦਾ ਹੈ। ਇਸ ਦਾ ਢਿਡ ਬਹੁਤ ਵੱਡਾ ਅਤੇ ਮੂੰਹ ਬਹੁਤ ਚੌੜਾ ਹੈ ਜਿਸ ਵਿਚ ਵੱਡੇ-ਵੱਡੇ ਦੰਦ ਅਤੇ ਜਾੜ੍ਹਾਂ ਹਨ। ਇਸ ਤਰ੍ਹਾਂ ਇਸ ਦਾ ਰੂਪ ਬਹੁਤ ਭਿਆਨਕ ਅਤੇ ਖ਼ੂਨਖਾਰ ਹੈ। ਇਹ ਅਸਲੋਂ ਭਿਆਨਕ ਅਤੇ ਕ੍ਰੋਧਵਾਨ ਸ਼ਿਵ ਦਾ ਹੀ ਰੂਪਾਂਤਰਣ ਹੈ। ਐਲੀਫੈਂਟਾਂ ਅਤੇ ਅਲੌਰਾ ਦੀਆਂ ਗੁਫਾਵਾਂ ਵਿਚ ਇਸ ਦੀਆਂ ਮੂਰਤੀਆਂ ਬਣੀਆਂ ਹੋਈਆਂ ਹਨ।

ਵਿਆਸ : 'ਵਿਆਸ' (ਵ੍ਯਾਸ) ਦਾ ਸ਼ਾਬਦਿਕ ਅਰਥ ਹੈ ਸੰਪਾਦਕ, ਜੋ ਕਿਸੇ ਗ੍ਰੰਥ ਦਾ ਸੰਕਲਨ ਜਾਂ ਸੰਪਾਦਨ ਕਰੇ। ਇਹ ਨਾਂ, ਜੋ ਅਸਲ ਵਿਚ ਇਕ ਉਪਾਧੀ ਜਾਂ ਪਦਵੀ ਹੈ, ਅਨੇਕ ਪੁਰਾਣੇ ਗ੍ਰੰਥਕਾਰਾਂ ਲਈ ਵਰਤਿਆ ਗਿਆ ਹੈ। ਪਰ ਇਹ ਨਾਂ ਵਿਸ਼ੇਸ਼ ਰੂਪ ਵਿਚ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜਿਸ ਨੇ ਵੇਦਾਂ ਦਾ ਸੰਕਲਨ ਕੀਤਾ ਸੀ। ਚੂੰਕਿ ਵੇਦ ਅਵਿਨਾਸ਼ੀ (ਨਸ਼ਟ ਨਾ ਹੋਣ ਵਾਲੇ) ਹਨ, ਇਸ ਲਈ ਵਿਆਸ ਵੀ ਅਮਰ ਜਾਂ ਸਦੀਵੀ ਹੈ।

ਵਿਆਸ ਨਾਂ 'ਮਹਾਭਾਰਤ' ਦੇ ਸੰਗ੍ਰਹਿਕਾਰ ਅਤੇ ਪੁਰਾਣਾਂ ਦੇ ਸੰਕਲਨ-ਕਰਤਾ ਲਈ ਵੀ ਵਰਤਿਆ ਜਾਂਦਾ ਹੈ। ਵੇਦਾਂਤ ਦੇ ਸੰਸਥਾਪਕ ਜਾਂ 'ਬ੍ਰਹਮਸੂਤ੍ਰ' ਦਾ ਰਚੈਤਾ ਵੀ ਵਿਆਸ ਨੂੰ ਮੰਨਿਆ ਜਾਂਦਾ ਹੈ। ਵੇਦਾਂਤ ਦੇ ਪ੍ਰਸੰਗ ਵਿਚ ਇਸ ਦਾ ਨਾਂ 'ਬਾਦਰਾਯਣ' ਹੈ; ਅਰਥਾਤ ਬੇਰੀਆਂ ਦੇ ਝੁੰਡ ਵਿਚ ਨਿਵਾਸ ਕਰਨ ਵਾਲਾ। ਇਸ ਤਰ੍ਹਾਂ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਵਿਆਸ ਮੰਨ ਲਿਆ ਜਾਂਦਾ ਹੈ। ਭਾਰਤ ਦੇ ਪਰੰਪਰਾਗਤ ਵਿਦਵਾਨ ਇਸੇ ਮਤ ਦੇ ਹਨ। ਪਰ ਇਹ ਸੰਭਵ ਨਹੀਂ ਕਿਉਂਕਿ ਇਹ ਸਾਰੀਆਂ ਰਚਨਾਵਾਂ ਲੰਬੀਆਂ ਪਰੰਪਰਾਵਾਂ ਨਾਲ ਸੰਬੰਧਿਤ ਹਨ, ਇਸ ਲਈ ਇਨ੍ਹਾਂ ਦੇ ਸੰਪਾਦਕਾਂ (ਵਿਆਸਾਂ) ਨੂੰ ਇਕ ਵਿਅਕਤੀ ਮੰਨ ਲੈਣਾ ਉਚਿਤ ਨਹੀਂ ਹੈ। ਅਸਲ ਵਿਚ, ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਅਤਿ ਪ੍ਰਾਚੀਨ ਸਿੱਧ ਕਰਨ ਅਤੇ ਇਨ੍ਹਾਂ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਨ ਲਈ ਹੀ ਇਕੋ ਵਿਆਸ ਦੁਆਰਾ ਰਚੇ ਹੋਣ ਦੀ ਸਥਾਪਨਾ ਕੀਤੀ ਜਾਂਦੀ ਹੈ।

'ਮਹਾਭਾਰਤ' ਦੀ ਰਚਨਾ ਕਰਨ ਵਾਲੇ ਵਿਆਸ ਨੂੰ ਪਰਾਸ਼ਰ ਰਿਸ਼ੀ ਦਾ ਸਤ੍ਯਵਤੀ

(ਮਤ੍ਸ੍ਯੋਦਰੀ) ਤੋਂ ਪੈਦਾ ਹੋਇਆ ਅਵੈਧ ਪੁੱਤਰ ਮੰਨਿਆ ਜਾਂਦਾ ਹੈ। ਇਸ ਦਾ ਰੰਗ ਕਾਲਾ ਸੀ ਅਤੇ ਜਮਨਾ ਨਦੀ ਦੇ ਇਕ ਦ੍ਵੀਪ (ਟਾਪੂ) ਵਿਚ ਪੈਦਾ ਹੋਇਆ ਸੀ। ਇਸ ਨੂੰ ਕਾਲੇ ਰੰਗ ਕਾਰਣ 'ਕ੍ਰਿਸ਼ਣ' ਅਤੇ ਦ੍ਵੀਪ ਵਿਚ ਪੈਦਾ ਹੋਣ ਕਾਰਣ 'ਦ੍ਵੈਪਾਯਨ' ਕਿਹਾ ਜਾਂਦਾ ਹੈ। ਕਾਲਾਂਤਰ ਵਿਚ ਵਿਆਸ ਦੀ ਮਾਤਾ ਨੇ ਰਾਜਾ ਸ਼ਾਂਤਨੂ ਨਾਲ ਵਿਆਹ ਕਰ ਕੇ ਦੋ ਪੁੱਤਰਾਂ ਨੂੰ ਜਨਮ ਦਿੱਤਾ ਜਿਨ੍ਹਾਂ ਦੇ ਨਾਂ ਹਨ—ਚਿਤ੍ਰਾਂਗਦ ਅਤੇ ਵਿਚਿਤ੍ਰਵੀਰਯ। ਇਨ੍ਹਾਂ ਵਿਚੋਂ ਚਿਤ੍ਰਾਂਗਦ ਯੁੱਧ ਵਿਚ ਮਾਰਿਆ ਗਿਆ ਅਤੇ ਵਿਚਿਤ੍ਰਵੀਰਯ ਸੰਤਾਨਹੀਨ ਮਰ ਗਿਆ। ਵਿਆਸ ਇਕ ਧਾਰਮਿਕ ਅਤੇ ਵੈਰਾਗੀ ਜੀਵਨ ਵਾਲਾ ਵਿਅਕਤੀ ਸੀ। ਪਰ ਰਾਜਕੁਲ ਨੂੰ ਜਾਰੀ ਰੱਖਣ ਲਈ ਮਾਤਾ ਸਤ੍ਯਵਤੀ ਦੇ ਵਾਰ-ਵਾਰ ਕਹਿਣ ਤੇ ਵਿਆਸ ਨੇ ਰਾਜਾ ਵਿਚਿਤ੍ਰਵੀਰਯ ਦੀਆਂ ਦੋਹਾਂ ਸੰਤਾਨਹੀਨ ਵਿਧਵਾਵਾਂ ਤੋਂ ਨਿਯੋਗ-ਵਿਧੀ ਰਾਹੀਂ ਦੋ ਪੁੱਤਰ ਪੈਦਾ ਕੀਤੇ ਜੋ ਇਤਿਹਾਸ ਵਿਚ ਧ੍ਰਿਤਰਾਸ਼ਟਰ ਅਤੇ ਪਾਂਡੂ ਨਾਵਾਂ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੇ ਨਾਲ ਵਿਆਸ ਦਾ ਇਕ ਦਾਸੀ ਪੁੱਤਰ ਵੀ ਪੈਦਾ ਹੋਇਆ ਜੋ ਵਿਦੁਰ ਦੇ ਨਾਂ ਨਾਲ ਪ੍ਰਸਿੱਧ ਹੈ।

ਵਿਆਸ ਦਾ ਨਾਂ ਭਾਰਤੀ ਸਾਹਿੱਤ ਅਤੇ ਸ਼ਾਸਤ੍ਰ ਵਿਚ ਇਕ ਵਿਦਵਾਨ ਅਤੇ ਮਹਾਕਵੀ ਦੇ ਰੂਪ ਬਹੁਤ ਆਦਰ ਨਾਲ ਲਿਆ ਜਾਂਦਾ ਹੈ। 'ਭਾਗਵਤ-ਪੁਰਾਣ' (2/7/36) ਵਿਚ ਇਸ ਨੂੰ ਵਿਸ਼ਣੂ ਦਾ ਅਵਤਾਰ ਲਿਖਿਆ ਗਿਆ ਹੈ। ਹੋਰਨਾਂ ਪੁਰਾਣਾਂ ਵਿਚ 20 ਵਿਆਸਾਂ ਦਾ ਉੱਲੇਖ ਮਿਲਦਾ ਹੈ ਅਤੇ ਉਨ੍ਹਾਂ ਨੂੰ ਬ੍ਰਹਮਾ ਜਾਂ ਕਿਤੇ-ਕਿਤੇ ਵਿਸ਼ਣੂ ਦਾ ਅਵਤਾਰ ਮੰਨਿਆ ਗਿਆ ਹੈ। ਇਸ ਪਿਛੇ ਧਾਰਣਾ ਇਹ ਹੈ ਕਿ ਵੱਖ-ਵੱਖ ਸਮੇਂ ਹੋਏ ਵੇਦਾਂ ਦੇ ਵਿਆਖਿਆਕਾਰ, ਅਸਲ ਵਿਚ, ਵਿਆਸ ਹੀ ਸਨ। 'ਦਸਮ-ਗ੍ਰੰਥ' ਵਿਚ ਵਿਆਸ ਨੂੰ ਬ੍ਰਹਮਾ ਦਾ ਪੰਜਵਾਂ ਅਵਤਾਰ ਮੰਨਿਆ ਗਿਆ ਹੈ। ਗੁਰੂ ਅਰਜਨ ਦੇਵ ਨੇ ਗਉੜੀ ਥਿਤੀ ਵਿਚ ਪਰਮਾਤਮਾ ਦੇ ਯਸ਼ ਨੂੰ ਗਾਉਣ ਵਾਲਿਆਂ ਵਿਚ ਵਿਆਸ (ਬਿਆਸ) ਨੂੰ ਵੀ ਸ਼ਾਮਲ ਕੀਤਾ ਹੈ—'ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ' (ਅ. ਗ੍ਰੰ. 298)।

ਵੇਦ : ਇਹ ਸ਼ਬਦ ਸੰਸਕ੍ਰਿਤ ਦੀ ਵਿਦ੍ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਉੱਤਮ ਜਾਂ ਧਾਰਮਿਕ ਗਿਆਨ'। ਭਾਰਤ ਬੜੀ ਪੁਰਾਣੀ ਸੰਸਕ੍ਰਿਤੀ ਅਤੇ ਸਭਿਅਤਾ ਵਾਲਾ ਦੇਸ਼ ਹੈ। ਮਨੁੱਖਤਾ ਵਿਚ ਜਦੋਂ ਚੇਤਨਾ ਦਾ ਵਿਕਾਸ ਹੋਇਆ ਤਾਂ ਭਾਰਤ ਦੇ ਪ੍ਰਾਚੀਨ ਨਿਵਾਸੀ ਕੁਦਰਤ ਦੀ ਰਮਣੀਕਤਾ ਨੂੰ ਗਾਉਣ ਲਗ ਗਏ ਅਤੇ ਕੁਦਰਤੀ ਸ਼ਕਤੀਆਂ ਦੀ ਦੇਵਤਿਆਂ ਦੇ ਰੂਪ ਵਿਚ ਕਲਪਨਾ ਕਰ ਕੇ ਉਨ੍ਹਾਂ ਦੀ ਗੀਤਾਂ ਦੇ ਰੂਪ ਵਿਚ ਉਸਤਤ ਕਰਨ ਲਗ ਪਏ। ਇਹ ਗੀਤ ਜੀਵਨ ਅਤੇ ਜਗਤ ਸੰਬੰਧੀ ਭਾਰਤੀ ਚਿੰਤਨ ਦੇ ਪ੍ਰਾਚੀਨਤਮ ਪ੍ਰਤੀਕ ਹਨ। ਇਨ੍ਹਾਂ ਗੀਤਾਂ ਨੂੰ ਮੰਤ੍ਰ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਮੰਤ੍ਰਾਂ ਦੇ ਸੰਗ੍ਰਹਿ ਨੂੰ 'ਸੰਹਿਤਾ' (ਵੇਦ) ਨਾਂ ਦਿੱਤਾ ਜਾਂਦਾ ਹੈ। ਇਹ ਵੇਦ ਭਾਰਤੀ ਵਿਸ਼ਵਾਸਾਂ ਅਤੇ ਵਿਚਾਰਾਂ ਦਾ ਮੂਲਾਧਾਰ ਹਨ। ਇਨ੍ਹਾਂ ਤੋਂ ਹੀ ਬਾਦ ਵਿਚ ਅਨੇਕ ਦਾਰਸ਼ਨਿਕ ਪ੍ਰਣਾਲੀਆਂ ਦਾ ਵਿਕਾਸ ਹੋਇਆ ਹੈ। ਹਿੰਦੂ-ਧਰਮ ਦਾ ਮੂਲ-ਆਧਾਰ ਇਹ ਵੇਦ ਹੀ ਹਨ। ਸਾਖਿਆਤ ਅਨੁਭੂਤੀ 'ਤੇ ਆਧਾਰਿਤ ਗਿਆਨ ਵਾਲੇ ਹੋਣ ਕਾਰਣ ਵੇਦਾਂ

ਨੂੰ ਨਿਗਮ ਵੀ ਕਿਹਾ ਜਾਂਦਾ, ਜਿਵੇਂ ਪ੍ਰਭਾਤੀ ਰਾਗ ਵਿਚ ਸੰਤ ਕਬੀਰ ਨੇ ਕਿਹਾ ਹੈ— 'ਨਾਰਦ ਬ੍ਰਹਮਾ ਨਿਗਮ ਬੀਚਾਰੈ' (ਅ. ਗ੍ਰੰ. 1350)। ਇਸ ਤੋਂ ਭਿੰਨ ਤਰਕ ਆਧਾਰਿਤ ਗਿਆਨ ਪੱਧਤੀ ਨੂੰ 'ਆਗਮ' (ਵੇਖੋ) ਕਿਹਾ ਜਾਂਦਾ ਹੈ।

ਵੇਦ, ਅਸਲ ਵਿਚ, ਹਜ਼ਾਰਾਂ ਸਾਲਾਂ ਦੀ ਇਕ ਲੰਬੀ ਮੌਖਿਕ ਸਾਹਿੱਤ-ਪਰੰਪਰਾ ਦੇ ਲਿਪੀ-ਬੱਧ ਰੂਪ ਹਨ ਜਿਸ ਰਾਹੀਂ ਇਤਿਹਾਸ-ਯੁਗ ਤੋਂ ਪੂਰਬਲੀ ਸਾਰੀ ਵਿਚਾਰ ਅਤੇ ਭਾਵ ਸਾਮਗ੍ਰੀ ਸਾਡੇ ਤਕ ਮੌਖਿਕ ਰੂਪ ਵਿਚ ਪ੍ਰਵਾਹ-ਮਾਨ ਰਹੀ ਹੈ। ਇਸ ਵਿਚ ਪ੍ਰਾਚੀਨ ਰਿਸ਼ੀਆਂ ਦੇ ਅਨੁਭਵ ਅਤੇ ਚਿੰਤਨ ਨੂੰ ਸੁਰਖਿਅਤ ਕੀਤਾ ਗਿਆ ਹੈ। ਗੀਤਾਂ/ਮੰਤ੍ਰਾਂ ਤੋਂ ਇਲਾਵਾ ਇਸ ਸਾਹਿੱਤ-ਪਰੰਪਰਾ ਵਿਚ ਯੱਗ ਸੰਬੰਧੀ ਕਰਮ-ਕਾਂਡ, ਉਪਾਸਨਾ ਵਿਧੀਆਂ ਅਤੇ ਦਾਰਸ਼ਨਿਕ ਜਿਗਿਆਸਾਵਾਂ ਵੀ ਸ਼ਾਮਲ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਵੇਦ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਅਤੇ ਸਭਿਅਤਾ ਦਾ ਗੌਰਵਮਈ ਖ਼ਜ਼ਾਨਾ ਹਨ। ਚੂੰਕਿ ਪੁਰਾਣੇ ਸਮੇਂ ਵਿਚ ਇਹ ਕੇਵਲ ਰਿਸ਼ੀਆਂ ਤੋਂ ਸੁਣੇ ਜਾਂਦੇ ਸਨ, ਇਸ ਲਈ ਇਨ੍ਹਾਂ ਦਾ ਇਕ ਨਾਂ 'ਸ਼੍ਰੁਤਿ' ਵੀ ਪ੍ਰਚਲਿਤ ਹੋ ਗਿਆ। ਗੁਰੂ ਅਰਜਨ ਦੇਵ ਨੇ ਸੂਹੀ ਰਾਗ ਵਿਚ ਕਿਹਾ ਹੈ—'ਸ੍ਰਿਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ' (ਅ. ਗ੍ਰੰ. 785)।

'ਵੇਦ' ਸ਼ਬਦ ਪਹਿਲਾਂ ਪਹਿਲ ਉਸ ਸਾਰੇ ਵੈਦਿਕ ਸਾਹਿੱਤ ਲਈ ਵਰਤ ਲਿਆ ਜਾਂਦਾ ਸੀ ਜਿਸ ਵਿਚ ਸੰਹਿਤਾ, ਬ੍ਰਾਹਮਣ, ਆਰਣੑਯਕ ਅਤੇ ਉਪਨਿਸ਼ਦ ਸ਼ਾਮਲ ਸਨ। ਪਰ ਬਾਦ ਵਿਚ ਕੇਵਲ ਸੰਹਿਤਾ ਨੂੰ ਹੀ ਵੇਦ ਕਿਹਾ ਜਾਣ ਲਗਿਆ। 'ਸੰਹਿਤਾ' ਤੋਂ ਭਾਵ ਹੈ ਸੰਗ੍ਰਹਿ ਜਾਂ ਸਮੂੰਹ। ਪਰ ਪਰਿਭਾਸ਼ਿਕ ਅਰਥ ਵਿਚ ਉਨ੍ਹਾਂ ਮੰਤ੍ਰਾਂ, ਉਸਤਤਾਂ, ਤੰਤ੍ਰਾਂ, ਯੱਗ ਸੰਬੰਧੀ ਕਰਮ-ਵਿਧੀਆਂ ਦੇ ਸੰਗ੍ਰਹਿ ਨੂੰ 'ਸੰਹਿਤਾ' ਦਾ ਨਾਂ ਦਿੱਤਾ ਜਾਂਦਾ ਹੈ ਜਿਨ੍ਹਾਂ ਦੀ ਰਚਨਾ ਵੈਦਿਕ ਕਵੀਆਂ ਅਤੇ ਪੁਰੋਹਿਤਾਂ ਨੇ ਕੀਤੀ ਸੀ। ਇਹ ਮੰਤ੍ਰ, ਉਸਤਤਾਂ ਆਦਿ ਬੜੇ ਲੰਬੇ ਸਮੇਂ ਤੋਂ ਲੋਕ-ਜੀਵਨ ਵਿਚ ਪ੍ਰਚਲਿਤ ਸਨ ਜਿਨ੍ਹਾਂ ਨੂੰ ਬਾਦ ਵਿਚ ਰਿਸ਼ੀਆਂ ਨੇ ਵਿਵਸਥਿਤ ਰੂਪ ਵਿਚ ਸੰਕਲਿਤ ਕਰ ਦਿੱਤਾ। ਇਸ ਲਈ ਸੰਹਿਤਾ ਕੇਵਲ ਉਹ ਗ੍ਰੰਥ ਸਿੱਧ ਹੁੰਦੇ ਹਨ ਜਿਨ੍ਹਾਂ ਵਿਚ ਲੋਕ-ਜੀਵਨ ਵਿਚ ਪ੍ਰਚਲਿਤ ਮੰਤ੍ਰਾਂ, ਉਸਤਤਾਂ, ਆਦਿ ਨੂੰ ਦਰਜ ਕਰਕੇ ਇਕ ਵਿਵਸਥਿਤ ਰੂਪ ਦਿੱਤਾ ਗਿਆ। ਅਜਿਹਾ ਕਦ ਹੋਇਆ, ਇਸ ਸੰਬੰਧ ਵਿਚ ਵਿਦਵਾਨਾਂ ਵਿਚ ਮਤ-ਭੇਦ ਹੈ। ਪੱਛਮੀ ਵਿਦਵਾਨ ਸੰਹਿਤਾਵਾਂ ਦੀ ਰਚਨਾ ਈਸਾ ਤੋਂ ਲਗਭਗ ਦੋ ਹਜ਼ਾਰ ਵਰ੍ਹੇ ਪਹਿਲਾਂ ਹੋਈ ਦਸਦੇ ਹਨ ਅਤੇ ਭਾਰਤੀ ਵਿਦਵਾਨ ਦਸ ਹਜ਼ਾਰ ਵਰ੍ਹੇ ਪਹਿਲਾਂ। ਕੁਝ ਵੀ ਹੋਵੇ, ਸੰਹਿਤਾ ਗ੍ਰੰਥ ਨਿਸਚਿਤ ਰੂਪ ਵਿਚ ਅਤਿ ਪ੍ਰਾਚੀਨ ਹਨ ਅਤੇ ਸੰਸਾਰ-ਸਾਹਿੱਤ ਦੀਆਂ ਸਭ ਤੋਂ ਪੁਰਾਣੀਆਂ ਉਪਲਬਧ ਰਚਨਾਵਾਂ ਹਨ।

ਸੰਹਿਤਾ ਗ੍ਰੰਥਾਂ ਦਾ ਵਰਗੀਕਰਣ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ। ਇਕ ਅਨੁਸਾਰ ਇਨ੍ਹਾਂ ਦੇ ਤਿੰਨ ਵਰਗ ਹਨ ਅਤੇ ਦੂਜੇ ਅਨੁਸਾਰ ਚਾਰ। ਪਹਿਲੇ ਵਰਗੀਕਰਣ ਅਨੁਸਾਰ ਸਾਰਿਆਂ ਵੇਦ-ਮੰਤ੍ਰਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ ਜਿਵੇਂ ਰਿਗ, ਯਜੁਰ ਅਤੇ ਸਾਮ। 'ਰਿਗ' ਦਾ ਅਰਥ ਹੈ ਪ੍ਰਾਰਥਨਾ ਜਾਂ ਉਸਤਤ। 'ਯਜੁਰ' ਦਾ ਅਰਥ ਹੈ

ਯੱਗ ਦਾ ਵਿਧਾਨ। 'ਸਾਮ' ਦਾ ਅਰਥ ਹੈ ਸ਼ਾਂਤੀ ਜਾਂ ਮੰਗਲ ਸਥਾਪਿਤ ਕਰਨ ਵਾਲਾ ਪਾਠ (ਗੀਤ)। ਇਸੇ ਆਧਾਰ ਤੇ ਤਿੰਨ ਸੰਹਿਤਾਵਾਂ ਦੇ ਨਾਂ ਰਿਗਵੇਦ, ਯਜੁਰਵੇਦ ਅਤੇ ਸਾਮ ਵੇਦ ਪ੍ਰਚਲਿਤ ਹੋਏ। ਇਨ੍ਹਾਂ ਤਿੰਨਾਂ ਦਾ ਮਿਲਵਾਂ ਨਾਂ 'ਵੇਦ-ਤ੍ਰਈ' ਹੈ।

ਵੇਦਾਂ ਦਾ ਬਹੁਤ ਪ੍ਰਸਿੱਧ ਅਤੇ ਪ੍ਰਚਲਿਤ ਵਰਗੀਕਰਣ ਚਾਰ-ਪ੍ਰਕਾਰੀ ਹੈ। ਅਸਲ ਵਿਚ, ਪਹਿਲੇ ਤਿੰਨ ਸੰਹਿਤਾਵਾਂ ਤੋਂ ਬਚ ਰਹੀ ਸਾਮਗ੍ਰੀ, ਜਿਸ ਦਾ ਸੰਬੰਧ ਲੌਕਿਕ ਕਾਰਜਾਂ ਅਤੇ ਜਾਦੂ-ਟੂਣਿਆਂ ਨਾਲ ਸੀ, ਨੂੰ ਅਥਰਵ-ਵੇਦ ਵਿਚ ਸ਼ਾਮਲ ਕਰ ਲਿਆ ਗਿਆ। ਇਸ ਸੰਬੰਧੀ ਉੱਲੇਖ ਅਥਰਵ-ਵੇਦ (10/4/20) ਵਿਚ ਹੀ ਮਿਲ ਜਾਂਦਾ ਹੈ, ਪਰ ਚੌਹਾਂ ਵੇਦਾਂ ਦਾ ਸਹੀ ਢੰਗ ਨਾਲ ਸੰਪਾਦਨ ਅਤੇ ਵਰਗ-ਵੰਡ ਵਿਆਸ ਨੇ ਕੀਤੀ। ਅਜਿਹੀ ਵਰਗ-ਵੰਡ ਯੱਗ ਦੀਆਂ ਚਾਰ ਲੋੜਾਂ ਨੂੰ ਮੁਖ ਰਖ ਕੇ ਕੀਤੀ ਗਈ ਹੈ। ਗੁਰੂ ਨਾਨਕ ਦੇਵ ਨੇ ਮਾਰੂ ਰਾਗ ਵਿਚ ਇਨ੍ਹਾਂ ਚੌਹਾਂ ਵੇਦਾਂ ਵਲ ਸੰਕੇਤ ਕੀਤਾ ਹੈ— 'ਸਾਮ ਵੇਦ ਰਿਗੁ ਜੁਜਰ, ਅਥਰਵਣੁ ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ' (ਅ. ਗ੍ਰੰ. 1037)।

ਵੇਦਾਂ ਨੂੰ ਸਹੀ ਢੰਗ ਵਿਚ ਸਮਝਣ ਲਈ ਸਭ ਤੋਂ ਪਹਿਲਾਂ ਸ਼ਿਕ੍ਸ਼ਾ, ਕਲਪ, ਵਿਆਕਰਣ, ਨਿਰੁਕ੍ਤ, ਛੰਦ ਅਤੇ ਜੋਤਿਸ਼ ਨਾਂ ਦੇ ਛੇ ਸ਼ਾਸਤ੍ਰ-ਅੰਗਾਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਇਸ ਤੋਂ ਬਾਦ ਵੈਦਿਕ ਸੱਤ ਦਰਸ਼ਨਾਂ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੇ ਅਧਿਐਨ ਤੋਂ ਬਿਨਾ ਗਿਆਨ ਅਧੂਰਾ ਰਹਿ ਜਾਏਗਾ। ਇਸ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਤੋਂ ਬਾਦ ਕਰਮ, ਉਪਾਸਨਾ ਅਤੇ ਗਿਆਨ ਦੀ ਸਹਾਇਤਾ ਨਾਲ ਵੇਦ-ਪਾਠੀ ਨੂੰ ਆਪਣਾ ਚਿੱਤ ਨਿਰਮਲ ਕਰਨਾ ਹੋਵੇਗਾ, ਤਦ ਹੀ ਵੇਦਾਂ ਨੂੰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਚੌਹਾਂ ਵੇਦਾਂ ਬਾਰੇ ਸੰਖਿਪਤ ਜਾਣਕਾਰੀ ਇਸ ਪ੍ਰਕਾਰ ਹੈ।

'ਰਿਗ-ਵੇਦ' ਸਭ ਨਾਲੋਂ ਪੁਰਾਣਾ ਅਤੇ ਮਹੱਤਵਪੂਰਣ ਸੰਹਿਤਾ ਹੈ। ਇਸ ਦਾ ਨਾਂ 'ਰਿਗ' ਇਸ ਲਈ ਹੈ ਕਿਉਂਕਿ ਇਸ ਵਿਚ ਉਸਤਤਮਈ ਰਿਚਾਵਾਂ (ਮੰਤ੍ਰਾਂ) ਦਾ ਸੰਗ੍ਰਹਿ ਹੈ। ਭਾਰਤੀ ਧਰਮ-ਸਾਧਨਾ ਅਤੇ ਸਾਹਿੱਤ ਦਾ ਮੁੱਢਲਾ ਰੂਪ ਇਸੇ ਵਿਚ ਵੇਖਿਆ ਜਾ ਸਕਦਾ ਹੈ। ਪ੍ਰਾਚੀਨ ਰਿਸ਼ੀਆਂ ਨੇ ਆਪਣਾ ਅਨੁਭਵ ਗੀਤਾਂ (ਮੰਤ੍ਰਾਂ) ਵਿਚ ਪ੍ਰਗਟ ਕੀਤਾ ਹੈ। ਇਨ੍ਹਾਂ ਮੰਤ੍ਰਾਂ ਦੀ ਭਾਸ਼ਾ ਵਿਚ ਸਮਾਨਤਾ ਨਹੀਂ ਹੈ ਜਿਸ ਕਰਕੇ ਇਹ ਵੇਦ ਕਿਸੇ ਇਕ ਰਿਸ਼ੀ ਦੀ ਰਚਨਾ ਨਹੀਂ, ਅਨੇਕ ਰਿਸ਼ੀਆਂ ਦੇ ਮੰਤ੍ਰਾਂ ਦਾ ਸੰਗ੍ਰਹਿ ਹੈ। ਇਨ੍ਹਾਂ ਮੰਤ੍ਰਾਂ ਦੀ ਗਿਣਤੀ ਦਸ ਹਜ਼ਾਰ ਹੈ। ਮੰਤ੍ਰਾਂ ਦੇ ਸਮੂਹ ਨੂੰ ਸੂਕ੍ਤ ਕਿਹਾ ਜਾਂਦਾ ਹੈ ਅਤੇ ਸੂਕ੍ਤਾਂ ਦੀ ਕੁਲ ਗਿਣਤੀ 1028 ਹੈ। ਇਹ ਵੇਦ ਦਸ ਮੰਡਲਾਂ ਵਿਚ ਵੰਡਿਆ ਹੋਇਆ ਹੈ। ਇਸ ਦੇ ਪੂਰਵ-ਭਾਗ ਵਿਚ ਬਹੁਤੇ ਮੰਤ੍ਰ ਪ੍ਰਕ੍ਰਿਤੀ ਦੀ ਉਸਤਤ ਨਾਲ ਸੰਬੰਧਿਤ ਹਨ। ਪ੍ਰਕ੍ਰਿਤੀ ਦੀਆਂ ਪ੍ਰਮੁਖ ਸ਼ਕਤੀਆਂ ਨੂੰ ਦੇਵਤਾ ਦੇ ਰੂਪ ਵਿਚ ਕਲਪਨਾ ਕਰਕੇ ਉਨ੍ਹਾਂ ਦੀ ਉਸਤਤ ਕੀਤੀ ਗਈ ਹੈ, ਜਿਵੇਂ ਵਰੁਣ, ਇੰਦ੍ਰ, ਅਗਨੀ, ਪ੍ਰਿਥਵੀ, ਸੂਰਜ, ਊਸ਼ਾ, ਮਰੁਤ (ਵਾਯੂ), ਪਰਜਨ੍ਯ ਆਦਿ। ਐਤਰੇਯ ਅਤੇ ਕੌਸ਼ੀਤਕਿ ਨਾਂ ਦੇ ਬ੍ਰਾਹਮਣ, ਆਰਣ੍ਯਕ ਅਤੇ ਉਪਨਿਸ਼ਦਾਂ ਇਸ ਸੰਹਿਤਾ ਨਾਲ ਸੰਬੰਧਿਤ ਹਨ।

'ਯਜੁਰਵੇਦ' ਅਤੇ 'ਸਾਮਵੇਦ' 'ਰਿਗ-ਵੇਦ' ਤੋਂ ਬਾਦ ਦੀਆਂ ਰਚਨਾਵਾਂ ਹਨ। 'ਯਜੁਰ' ਇਸ ਦਾ ਨਾਂ ਇਸ ਲਈ ਹੈ ਕਿਉਂਕਿ ਇਸ ਵਿਚ ਯੱਗ ਸੰਬੰਧੀ ਵਿਧੀਆਂ (ਯਜੁਸ੍) ਸੰਕਲਿਤ ਹਨ। ਅਤੇ, 'ਸਾਮ' ਨਾਂ ਇਸ ਲਈ ਪਿਆ ਹੈ ਕਿਉਂਕਿ ਉਸ ਵਿਚ ਸੁਰ-ਗੀਤੀਆਂ (ਸਾਮਨ੍) ਨੂੰ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿਚ ਅਧਿਕਾਂਸ਼ ਮੰਤ੍ਰ 'ਰਿਗ-ਵੇਦ' ਤੋਂ ਹੀ ਲਏ ਗਏ ਹਨ। ਇਨ੍ਹਾਂ ਦੀ ਰਚਨਾ ਕਰਮ-ਕਾਂਡ ਦੇ ਉੱਦੇਸ਼ ਤੋਂ ਕੀਤੀ ਗਈ ਸੀ। ਇਨ੍ਹਾਂ ਨੂੰ ਆਮ ਤੌਰ ਤੇ ਪ੍ਰੋਹਿਤਾਂ ਦੀ ਰਚਨਾ ਮੰਨਿਆ ਜਾਂਦਾ ਹੈ।

'ਯਜੁਰ-ਵੇਦ' ਵਿਚ ਕੁਝ ਗੱਦਮਈ ਕਰਮ-ਵਿਧੀਆਂ ਵੀ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਦਾ ਕ੍ਰਮ ਉਹੀ ਰਖਿਆ ਗਿਆ ਹੈ ਜਿਸ ਕ੍ਰਮ ਦੀ ਯੱਗ-ਪ੍ਰਕ੍ਰਿਆ ਵੇਲੇ ਲੋੜ ਹੁੰਦੀ ਸੀ। ਇਸ ਵੇਦ ਦੇ ਦੋ ਰੂਪ ਮਿਲਦੇ ਹਨ—ਕ੍ਰਿਸ਼ਣ ਅਤੇ ਸ਼ੁਕਲ। ਇਨ੍ਹਾਂ ਨੂੰ ਤੈਤਿਰੀਯ ਅਤੇ ਵਾਜਸਨੇਯੀ ਵੀ ਕਿਹਾ ਜਾਂਦਾ ਹੈ। ਕ੍ਰਿਸ਼ਣ ਰੂਪ ਵਿਚ 7 ਕਾਂਡ, 44 ਅਧਿਆਇ, 651 ਅਨੁਵਾਕ ਅਤੇ 2198 ਕੰਡਿਕਾਵਾਂ (ਮੰਤ੍ਰ) ਹਨ। ਸ਼ੁਕਲ ਰੂਪ ਵਿਚ 40 ਅਧਿਆਇ, 303 ਅਨੁਵਾਕ ਅਤੇ 1975 ਕੰਡਿਕਾਵਾਂ ਹਨ। ਇਨ੍ਹਾਂ ਦੀਆਂ ਅਗੋਂ ਕਈ ਸ਼ਾਖਾਵਾਂ ਹਨ। ਤੈਤਿਰੀਯ ਬ੍ਰਾਹਮਣ, ਤੈਤਿਰੀਯ ਆਰਣ੍ਯਕ ਅਤੇ ਤਿੰਨ ਉਪਨਿਸ਼ਦਾਂ—ਤੈਤਿਰੀਯ, ਮੈਤ੍ਰਾਯਿਣੀ ਅਤੇ ਕਠ—ਦਾ ਸੰਬੰਧ ਇਸ ਵੇਦ ਨਾਲ ਹੈ।

'ਸਾਮਵੇਦ' ਵਿਚ ਅਧਿਕਤਰ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਯੱਗ ਵੇਲੇ ਗਾਏ ਜਾਣ ਵਾਲੇ ਮੰਤ੍ਰਾਂ ਦੀ ਗਾਇਣ-ਵਿਧੀ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਲਈ ਸੰਗੀਤ ਅਤੇ ਸੁਰ ਸਾਮਵੇਦ ਦਾ ਪ੍ਰਮੁਖ ਪ੍ਰਤਿਪਾਦਿਤ ਵਿਸ਼ਾ ਹੈ। ਇਸ ਵਿਚ ਕੁਲ 1549 ਮੰਤ੍ਰ ਜਾਂ ਗੀਤ ਹਨ, ਜਿਨ੍ਹਾਂ ਵਿਚੋਂ 1474 ਰਿਗ ਵੇਦ ਤੋਂ ਲਏ ਗਏ ਹਨ ਅਤੇ ਬਾਕੀ ਦੇ 75 ਮੰਤ੍ਰ ਸੁਤੰਤਰ ਹਨ। ਇਹੀ ਕਾਰਣ ਹੈ ਕਿ ਇਸ ਦੀ ਸੁਤੰਤਰ ਸੱਤਾ ਨਹੀਂ ਮੰਨੀ ਜਾਂਦੀ। ਇਸ ਦੇ ਚਾਰ ਬ੍ਰਾਹਮਣ ਹਨ—ਤਾਂਡ੍ਯ, ਸ਼ਤ੍ਵਿੰਸ਼, ਸਾਮ-ਵਿਧਾਨ ਅਤੇ ਜੈਮਿਨੀਯ। ਇਸ ਤੋਂ ਇਲਾਵਾ ਇਸ ਵੇਦ ਦੇ ਦੋ ਆਰਣ੍ਯਕ (ਛਾਂਦੋਗ੍ਯ ਅਤੇ ਜੈਮਿਨੀਯ) ਅਤੇ ਤਿੰਨ ਉਪਨਿਸ਼ਦਾਂ (ਛਾਂਦੋਗ੍ਯ, ਕੇਨ ਅਤੇ ਜੈਮਿਨੀਯ) ਹਨ।

'ਅਥਰਵ-ਵੇਦ' ਵਿਚ ਤੰਤ੍ਰਾਂ (ਅਥਰਵਨ) ਦਾ ਸੰਗ੍ਰਹਿ ਹੋਇਆ ਹੈ ਅਤੇ ਇਸ ਵਿਚ ਯੱਗਾਂ ਵਿਚ ਪੈਦਾ ਹੋਣ ਵਾਲੇ ਵਿਘਨਾਂ ਨੂੰ ਖ਼ਤਮ ਕਰਨ ਦੇ ਮੰਤ੍ਰ ਦਰਜ ਹਨ ਜਿਨ੍ਹਾਂ ਵਿਚ ਮਾਰਣ, ਮੋਹਨ, ਉੱਚਾਟਨ ਆਦਿ ਕ੍ਰਿਆਵਾਂ ਦਾ ਵਿਸ਼ੇਸ਼ ਵਰਣਨ ਹੈ। ਡਾ ਰਾਮਾਨੰਦ ਤਿਵਾਰੀ ਸ਼ਾਸਤ੍ਰੀ ਦੇ ਕਥਨ ਅਨੁਸਾਰ ਇਸ ਵੇਦ ਦਾ ਸੰਬੰਧ ਜਾਦੂ-ਟੂਣਿਆਂ ਨਾਲ ਹੈ। ਇਸ ਲਈ ਇਸ ਨੂੰ ਮੰਤ੍ਰ-ਸੰਹਿਤਾ ਦੀ ਥਾਂ ਕਈ ਵਾਰ ਤੰਤ੍ਰ-ਸੰਹਿਤਾ ਵੀ ਕਹਿ ਦਿੱਤਾ ਜਾਂਦਾ ਹੈ। ਇਸ ਵਿਚ ਦੇਵਤਿਆਂ ਅਤੇ ਪ੍ਰਕ੍ਰਿਤੀ ਦੇ ਮਾਹੌਲ ਤੋਂ ਨਿਕਲ ਕੇ ਭੂਤਾਂ, ਪ੍ਰੇਤਾਂ, ਪਿਸ਼ਾਚਾਂ ਅਤੇ ਰਾਖਸ਼ਾਂ ਦੇ ਭਿਆਨਕ ਵਾਤਾਵਰਣ ਵਿਚ ਆਉਣਾ ਪੈਂਦਾ ਹੈ। ਇਸ ਵੇਦ ਵਿਚ ਕੁਲ 5849 ਮੰਤ੍ਰ ਹਨ ਜਿਨ੍ਹਾਂ ਵਿਚੋਂ 1200

'ਰਿਗਵੇਦ' ਵਿਚੋਂ ਲਏ ਗਏ ਹਨ ਅਤੇ ਬਾਕੀ ਸੁਤੰਤਰ ਹਨ। ਇਹ ਸਾਰਾ ਵੇਦ 20 ਕਾਂਡਾਂ ਵਿਚ ਵੰਡਿਆ ਹੋਇਆ ਹੈ ਜਿਸ ਵਿਚ ਅਗੋਂ 34 ਪ੍ਰਪਾਠਕ, 111 ਅਨੁਵਾਕ ਅਤੇ 731 ਸੂਕ੍ਤ ਹਨ। ਇਸ ਦਾ ਲਗਭਗ ਛੇਵਾਂ ਹਿੱਸਾ ਗੱਦ ਵਿਚ ਹੈ। ਇਸ ਵੇਦ ਨਾਲ ਸੰਬੰਧਿਤ ਇਕ ਬ੍ਰਾਹਮਣ (ਗੋਪਥ) ਅਤੇ ਤਿੰਨ ਉਪਨਿਸ਼ਦਾਂ (ਮੁੰਡਕ, ਮਾਂਡੂਕ੍ਯ, ਅਤੇ ਪ੍ਰਸ਼ਨ) ਹਨ।

ਉਪਰੋਕਤ ਚਾਰ ਵੇਦਾਂ ਨਾਲ ਇਕ-ਇਕ ਉਪ-ਵੇਦ ਦਾ ਸੰਬੰਧ ਵੀ ਮੰਨਿਆ ਗਿਆ ਹੈ। ਰਿਗਵੇਦ ਦਾ ਉਪਵੇਦ ਆਯੁਰਵੇਦ ਹੈ, ਯਜੁਰਵੇਦ ਦੇ ਉਪਵੇਦ ਦਾ ਨਾਂ ਧਨੁਰਵੇਦ ਹੈ, ਸਾਮਵੇਦ ਦਾ ਉਪਵੇਦ ਸੰਗੀਤ-ਵੇਦ ਹੈ ਅਤੇ ਅਥਰਵਵੇਦ ਦੇ ਨਾਲ ਅਰਥ-ਸ਼ਾਸਤ੍ਰ-ਵੇਦ ਨੂੰ ਸੰਬੰਧਿਤ ਕੀਤਾ ਜਾਂਦਾ ਹੈ। ਇਨ੍ਹਾਂ ਵਿਚ ਵੇਦਾਂ ਤੋਂ ਹਟ ਕੇ ਅਨੇਕ ਪ੍ਰਕਾਰ ਦੇ ਵਿਸ਼ਿਆਂ ਦਾ ਵਰਣਨ ਕੀਤਾ ਮਿਲਦਾ ਹੈ।

ਵੇਦਾਂਤ-ਦਰਸ਼ਨ : ਇਸ ਦਰਸ਼ਨ ਦੇ ਸੰਸਥਾਪਕ ਦਾ ਨਾਂ ਬਾਦਰਾਯਣ ਮੰਨਿਆ ਜਾਂਦਾ ਹੈ। 'ਬਾਦਰਾਯਣ' ਤੋਂ ਆਮ ਤੌਰ ਤੇ ਦੋ ਭਾਵ ਕੱਢੇ ਜਾਂਦੇ ਹਨ। ਇਕ 'ਬਦਰ' (ਆਚਾਰਯ) ਦਾ ਵੰਸ਼ਜ ਅਤੇ ਦੂਜਾ ਬੇਰੀਆਂ ਦੇ ਝੁੰਡ ਜਾਂ ਬਦਰਿਕਾਸ਼੍ਰਮ ਵਿਚ ਰਹਿਣ ਵਾਲਾ। ਇਹ ਵਿਆਸ (ਵੇਖੋ) ਦਾ ਹੀ ਨਾਮਾਂਤਰ ਹੈ। ਭਾਈ ਗੁਰਦਾਸ ਨੇ ਵੀ ਵਿਆਸ ਨੂੰ ਹੀ ਵੇਦਾਂਤ ਦਰਸ਼ਨ ਦਾ ਮੋਢੀ ਮੰਨਿਆ ਹੈ—'ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ' (1/11)।

ਇਸ ਦਰਸ਼ਨ ਦੀ ਉਤਪੱਤੀ ਦਾ ਮੂਲ ਸੋਮਾ ਉਪਨਿਸ਼ਦਾਂ ਹਨ। ਉਪਨਿਸ਼ਦਾਂ ਵਿਚ ਵੈਦਿਕ ਵਿਚਾਰਧਾਰਾ ਆਪਣੇ ਸਿਖਰ 'ਤੇ ਪਹੁੰਚ ਗਈ ਸੀ। ਇਸ ਲਈ ਹੀ ਉਪਨਿਸ਼ਦਾਂ ਨੂੰ 'ਵੇਦਾਂਤ' ਕਿਹਾ ਜਾਣ ਲਗਿਆ। ਇਸ ਦਰਸ਼ਨ ਦਾ ਉਪਨਿਸ਼ਦਾਂ ਵਿਚ ਹੌਲੀ-ਹੌਲੀ ਵਿਕਾਸ ਹੋਇਆ ਸੀ। ਫਿਰ ਬਾਦਰਾਯਣ ਨੇ ਵੇਦਾਂਤ ਦੇ ਮੂਲ-ਸਿੱਧਾਂਤਾਂ ਨੂੰ ਆਪਣੇ 'ਬ੍ਰਹਮਸੂਤ੍ਰ' ਵਿਚ ਸੰਕਲਿਤ ਕੀਤਾ ਸੀ। ਕਿਉਂਕਿ ਇਸ ਦਰਸ਼ਨ ਵਿਚ ਸ਼ਰੀਰ ਅੰਦਰ ਸਥਿਤ ਅਵਿਨਾਸ਼ੀ ਆਤਮਾ ਨੂੰ ਕੇਂਦਰ ਮੰਨਿਆ ਗਿਆ ਹੈ, ਇਸ ਲਈ ਇਸ ਦਾ ਇਕ ਨਾਂ 'ਸ਼ਰੀਰਿਕ ਮੀਮਾਂਸਾ' ਵੀ ਪ੍ਰਸਿੱਧ ਹੋਇਆ ਹੈ।

ਵੇਦ ਕਰਮ-ਪ੍ਰਧਾਨ ਹਨ ਜਾਂ ਗਿਆਨ-ਪ੍ਰਧਾਨ, ਇਸ ਵਿਸ਼ੇ 'ਤੇ ਬਹੁਤ ਪਹਿਲਾਂ ਤੋਂ ਵਾਦ-ਵਿਵਾਦ ਚਲਦਾ ਆ ਰਿਹਾ ਸੀ। ਜੈਮਿਨੀ ਨੇ ਪਹਿਲਾਂ ਵੇਦਾਂ ਨੂੰ ਕਰਮ-ਪ੍ਰਧਾਨ ਮੰਨ ਕੇ ਆਪਣੀ ਮੀਮਾਂਸਾ ਦੀ ਰਚਨਾ ਕੀਤੀ ਅਤੇ ਬਾਦ ਵਿਚ ਬਾਦਰਾਯਣ ਨੇ ਆਪਣੇ ਬ੍ਰਹਮ-ਸੂਤ੍ਰ ਵਿਚ ਵੇਦਾਂ ਨੂੰ ਗਿਆਨ-ਪ੍ਰਧਾਨ ਮੰਨਿਆ। ਇਸ ਲਈ ਜੈਮਿਨੀ ਦੀ ਮੀਮਾਂਸਾ ਨੂੰ 'ਪੂਰਵ-ਮੀਮਾਂਸਾ' ਅਤੇ ਬਾਦਰਾਯਣ ਦੇ ਬ੍ਰਹਮ-ਸੂਤ੍ਰ ਨੂੰ 'ਉੱਤਰ-ਮੀਮਾਂਸਾ' ਦਾ ਨਾਂ ਦਿੱਤਾ ਜਾਣ ਲਗਿਆ।

ਵੇਦਾਂਤ ਦਰਸ਼ਨ ਦਾ ਮੂਲ ਵਿਸ਼ਾ ਹੈ ਬ੍ਰਹਮ। 'ਰਿਗਵੇਦ' ਦੇ "ਪੁਰੁਸ਼-ਸੂਕ੍ਤ" ਵਿਚਲੀ ਪੁਰਸ਼ ਦੀ ਕਲਪਨਾ ਉਪਨਿਸ਼ਦਾਂ ਤਕ ਪਹੁੰਚਦਿਆਂ ਪਹੁੰਚਦਿਆਂ ਸਤ, ਆਤਮਾ ਅਤੇ ਬ੍ਰਹਮ ਵਰਗੇ ਸਮਾਨਾਰਥਕ ਸ਼ਬਦਾਂ ਰਾਹੀਂ ਹੋਣ ਲਗੀ। ਬ੍ਰਹਮ ਦੇ ਸਰੂਪ ਨੂੰ ਸਪੱਸ਼ਟ ਕਰਦਿਆਂ 'ਬ੍ਰਹਮਸੂਤ੍ਰ' ਦੇ ਦੂਜੇ ਸੂਤ੍ਰ ਵਿਚ ਕਿਹਾ ਗਿਆ ਹੈ ਕਿ ਜਿਥੋਂ ਵਿਸ਼ਵ

ਦੀ ਸ੍ਰਿਸ਼ਟੀ ਹੁੰਦੀ ਹੈ, ਜੋ ਵਿਸ਼ਵ ਦਾ ਧਾਰਕ (ਧਾਰਣ ਕਰਨ ਵਾਲਾ) ਹੈ ਅਤੇ ਵਿਸ਼ਵ ਦੇ ਲਯ ਹੋ ਜਾਣ ਤੋਂ ਬਾਦ ਜਿਸ ਵਿਚ ਸਭ ਵਸਤੂਆਂ ਸਮਾ ਜਾਂਦੀਆਂ ਹਨ, ਉਹੀ 'ਬ੍ਰਹਮ' ਹੈ। ਬਾਦਰਾਯਣ ਨੇ ਜੜਵਾਦ, ਸਾਂਖ੍ਯ, ਵੈਸ਼ੇਸ਼ਿਕ, ਬੁੱਧ-ਮਤ ਅਤੇ ਹੋਰ ਮਤਾਂ ਜਾਂ ਸਿੱਧਾਂਤਾਂ ਦਾ ਖੰਡਨ ਕਰ ਕੇ ਆਪਣੇ ਦਰਸ਼ਨ ਦੀ ਸੁਸਪੱਸ਼ਟ ਰੂਪ ਵਿਚ ਸਥਾਪਨਾ ਕੀਤੀ। ਬ੍ਰਹਮ ਸੰਬੰਧੀ ਉਨ੍ਹਾਂ ਦੀ ਮੂਲ ਬਿਰਤੀ ਅਦ੍ਵੈਤਵਾਦੀ ਹੈ।

ਜਦੋਂ ਵੀ ਕਿਸੇ ਦਾਰਸ਼ਨਿਕ ਮਤ ਜਾਂ ਸਿੱਧਾਂਤ ਦੀ ਸਥਾਪਨਾ ਹੁੰਦੀ ਹੈ ਤਾਂ ਉਨ੍ਹਾਂ ਸਿੱਧਾਂਤਾਂ ਦੀ ਸੂਤ੍ਰਾਂ ਵਿਚ ਰਚਨਾ ਕੀਤੀ ਜਾਂਦੀ ਹੈ। ਸੂਤ੍ਰ ਆਪਣੇ ਆਪ ਵਿਚ ਬਹੁਤ ਸੰਖਿਪਤ ਅਤੇ ਸੰਕੇਤਿਕ ਹੁੰਦੇ ਹਨ। ਇਸ ਲਈ ਵੱਖ-ਵੱਖ ਵਿਦਵਾਨ ਉਨ੍ਹਾਂ ਦੀ ਆਪਣੇ-ਆਪਣੇ ਢੰਗ ਨਾਲ ਵਿਆਖਿਆ ਕਰਦੇ ਹਨ। 'ਬ੍ਰਹਮਸੂਤ੍ਰ' ਦੇ ਸੂਤ੍ਰਾਂ ਦੀ ਵਿਆਖਿਆ ਭਿੰਨ-ਭਿੰਨ ਢੰਗ ਨਾਲ ਕੀਤੀ ਜਾਣ ਲਗੀ। ਹਰ ਇਕ ਵਿਦਵਾਨ ਨੇ ਆਪਣੇ-ਆਪਣੇ ਭਾਸ਼੍ਯ ਵਿਚ ਅਦ੍ਵੈਤ ਦਾ ਜਿਸ ਢੰਗ ਜਾਂ ਵਿਸ਼ਿਸ਼ਟਤਾ ਨਾਲ ਸਰੂਪ ਸਪੱਸ਼ਟ ਕੀਤਾ, ਉਸੇ ਦੇ ਆਧਾਰ 'ਤੇ ਉਸ ਦਾ ਵਾਦ ਪ੍ਰਚਲਿਤ ਹੋਇਆ। ਇਨ੍ਹਾਂ ਭਾਸ਼੍ਯਾਂ ਵਿਚੋਂ ਸ਼ੰਕਰਾਚਾਰਯ, ਰਾਮਾਨੁਜਾਚਾਰਯ ਆਦਿ ਦੇ ਭਾਸ਼੍ਯ ਅਤੇ ਅਦ੍ਵੈਤ ਸੰਬੰਧੀ ਸਥਾਪਨਾਵਾਂ ਵਿਸ਼ੇਸ਼ ਉੱਲੇਖ-ਯੋਗ ਹਨ।

ਸ਼ੰਕਰਾਚਾਰਯ ਦੀ ਧਾਰਨਾ ਹੈ ਕਿ ਬ੍ਰਹਮ ਇਕ-ਮਾਤ੍ਰ ਸਤਿ ਹੈ। ਇਸ ਦਾ ਅਰਥ ਕੇਵਲ ਇਤਨਾ ਹੀ ਨਹੀਂ ਕਿ ਈਸ਼ਵਰ ਤੋਂ ਇਲਾਵਾ ਹੋਰ ਕੋਈ ਸੱਤਾ ਨਹੀਂ ਹੈ, ਸਗੋਂ ਈਸ਼ਵਰ ਦੇ ਅੰਤਰਗਤ ਵੀ ਕੋਈ ਦੂਜੀ ਸੱਤਾ ਨਹੀਂ ਹੈ। ਸ਼ੰਕਰ ਨੇ ਈਸ਼ਵਰ ਨੂੰ ਮਾਯਾਵੀ ਮੰਨਿਆ ਹੈ ਜੋ ਆਪਣੀ ਮਾਯਾ ਸ਼ਕਤੀ ਰਾਹੀਂ ਸੰਸਾਰ ਦੀ ਰਚਨਾ ਕਰਦਾ ਹੈ। ਇਸ ਮਤ ਅਨੁਸਾਰ ਜੇ ਪਰਮਾਰਥਿਕ ਸੱਤਾ ਇਕ ਹੈ ਤਾਂ ਸੰਸਾਰ ਦੀ ਸ੍ਰਿਸ਼ਟੀ, ਅਸਲ ਵਿਚ, ਸ੍ਰਿਸ਼ਟੀ ਨਹੀਂ ਹੈ। ਇਹ ਸਭ ਕੁਝ ਮਾਯਾਵੀ ਪਾਸਾਰ ਹੈ। ਕਈ ਵਾਰ ਰੱਸੀ ਨੂੰ ਵੇਖ ਕੇ ਸੱਪ ਦਾ ਭੁਲੇਖਾ ਪੈ ਜਾਂਦਾ ਹੈ, ਸਿਪ ਨੂੰ ਵੇਖ ਕੇ ਚਾਂਦੀ ਦਾ ਭਰਮ ਹੋ ਜਾਂਦਾ ਹੈ। ਇਸ ਪ੍ਰਕਾਰ ਦੇ ਸਾਰੇ ਭਰਮਾਂ ਜਾਂ ਭੁਲੇਖਿਆਂ ਦਾ ਇਕ ਆਧਾਰ (ਅਧਿਸ਼ਠਾਨ) ਹੁੰਦਾ ਹੈ ਜੋ ਵਾਸਤਵਿਕ ਜਾਂ ਸੱਚਾ ਹੁੰਦਾ ਹੈ। ਪਰ ਅਗਿਆਨ ਕਾਰਣ ਅਜਿਹੇ ਆਧਾਰਾਂ ਉਤੇ ਹੋਰਨਾਂ ਵਸਤੂਆਂ ਦਾ ਅਧਿਆਸ ਜਾਂ ਆਰੋਪ ਕਰ ਲਿਆ ਜਾਂਦਾ ਹੈ। ਆਰੋਪਿਤ ਵਸਤੂ ਸੱਚੀ ਨਹੀਂ ਹੁੰਦੀ। ਸੰਸਾਰ ਦੀ ਅਨੇਕਰੂਪਤਾ ਦੀ ਵਿਆਖਿਆ ਇਸੇ ਤਰ੍ਹਾਂ ਕੀਤੀ ਜਾ ਸਕਦੀ ਹੈ। ਬ੍ਰਹਮ ਇਕ ਹੈ, ਪਰ ਅਗਿਆਨ ਜਾਂ ਅਵਿਦਿਆ ਕਾਰਣ ਉਸ ਵਿਚ ਅਨੇਕਤਾ ਦਾ ਅਹਿਸਾਸ ਹੁੰਦਾ ਹੈ। ਅਗਿਆਨ ਕਾਰਣ ਅਸੀਂ ਬ੍ਰਹਮ ਨੂੰ ਇਕ ਨਹੀਂ, ਅਨੇਕ ਰੂਪਾਂ ਵਿਚ ਵੇਖਦੇ ਹਾਂ। ਇਹ ਸਾਰਾ ਖੇਲ-ਪਸਾਰਾ ਇਕ ਬ੍ਰਹਮ ਦਾ ਹੈ, ਪਰ ਮਾਯਾ ਸ਼ਕਤੀ ਕਰਕੇ ਉਸ ਦੇ ਅਨੇਕ ਰੂਪ ਦਿਸ ਪੈਂਦੇ ਹਨ। ਪਰੰਤੂ ਜੇ ਸਾਡੇ ਵਿਚ ਅਗਿਆਨ (ਅਵਿਦਿਆ) ਨਾ ਰਹੇ ਤਾਂ ਬ੍ਰਹਮ ਦੀ ਅਨੇਕ ਰੂਪਤਾ ਦਾ ਭਰਮ ਖ਼ਤਮ ਹੋ ਜਾਇਗਾ। ਮਾਯਾ ਅਤੇ ਅਵਿਦਿਆ ਅਸਲੋਂ ਇਕੋ ਸ਼ਕਤੀ ਦੇ ਨਾਮਾਂਤਰ ਹਨ। ਇਸ ਲਈ ਮਾਯਾ ਨੂੰ 'ਅਗਿਆਨ' ਵੀ ਕਿਹਾ ਜਾਂਦਾ ਹੈ।

ਜੇ ਸੰਸਾਰ ਦੀ ਅਨੇਕਰੂਪਤਾ ਨੂੰ ਸੱਚ ਮੰਨ ਲਿਆ ਜਾਏ ਤਾਂ ਈਸ਼ਵਰ ਨੂੰ ਸੰਸਾਰ

ਦੀ ਦ੍ਰਿਸ਼ਟੀ ਤੋਂ ਵੇਖਿਆਂ ਇਸ ਦੀ ਪ੍ਰਤੀਤੀ ਸਿਰਜਨਹਾਰ ਜਾਂ ਮਾਯਾਵੀ ਵਜੋਂ ਹੋਵੇਗੀ। ਪਰ ਜਦੋਂ ਸ੍ਰਿਸ਼ਟੀ ਦੇ ਮਿਥਿਆ ਹੋਣ ਦਾ ਗਿਆਨ ਹੋ ਜਾਂਦਾ ਹੈ ਤਾਂ ਈਸ਼ਵਰ ਦਾ ਸਿਰਜਨਹਾਰ ਰੂਪ ਵੀ ਅਰਥਹੀਨ ਹੋ ਜਾਂਦਾ ਹੈ। ਸ਼ੰਕਰਾਚਾਰਯ ਨੇ ਇਨ੍ਹਾਂ ਦੋ ਤਰ੍ਹਾਂ ਦੀਆਂ ਦ੍ਰਿਸ਼ਟੀਆਂ ਨੂੰ ਸਪੱਸ਼ਟ ਕਰਦਿਆਂ ਇਕ ਨੂੰ ਵਿਵਹਾਰਿਕ ਅਤੇ ਦੂਜੀ ਨੂੰ ਪਰਮਾਰਥਿਕ ਕਿਹਾ ਹੈ। ਵਿਵਹਾਰਿਕ ਦ੍ਰਿਸ਼ਟੀ ਸਾਧਾਰਣ ਮਨੁੱਖਾਂ ਲਈ ਹੈ ਜੋ ਸੰਸਾਰ ਨੂੰ ਸੱਚਾ ਮੰਨਦੇ ਹਨ। ਈਸ਼ਵਰ ਇਸ ਦਾ ਸਰਵ-ਸ਼ਕਤੀਮਾਨ, ਰਖਿਅਕ ਅਤੇ ਸੰਘਾਰਕ ਹੈ। ਇਸ ਦ੍ਰਿਸ਼ਟੀ ਤੋਂ ਈਸ਼ਵਰ ਦੇ ਅਨੇਕ ਗੁਣ ਹਨ। ਇਸ ਲਈ ਸਗੁਣ ਹੈ। ਇਸ ਪੱਖੋਂ ਸ਼ੰਕਰਾਚਾਰਯ ਅਨੁਸਾਰ ਬ੍ਰਹਮ ਸਗੁਣ ਬ੍ਰਹਮ ਜਾਂ ਈਸ਼ਵਰ ਹੈ।

ਪਰਮਾਰਥਿਕ ਦ੍ਰਿਸ਼ਟੀ ਗਿਆਨੀ ਲੋਕਾਂ ਦੀ ਹੈ ਜੋ ਬ੍ਰਹਮ ਤੋਂ ਭਿੰਨ ਹੋਰ ਕੋਈ ਸ਼ਕਤੀ ਨਹੀਂ ਮੰਨਦੇ ਅਤੇ ਸੰਸਾਰ ਉਨ੍ਹਾਂ ਲਈ ਮਾਯਾਵੀ ਜਾਂ ਮਿਥਿਕ ਹੈ। ਇਕ ਦ੍ਰਿਸ਼ਟੀ ਤੋਂ ਬ੍ਰਹਮ ਦੇ ਅਨੇਕ ਪ੍ਰਕਾਰ ਦੇ ਗੁਣ ਵੀ ਨਹੀਂ ਹਨ। ਇਸ ਲਈ ਉਹ ਨਿਰਵਿਕਲਪ ਹੈ, ਨਿਰਗੁਣ ਹੈ। ਇਸ ਤਰ੍ਹਾਂ ਸ਼ਰੀਰ ਭ੍ਰਾਂਤੀ-ਮੂਲਕ ਹੋ ਜਾਂਦਾ ਹੈ ਅਤੇ ਆਤਮਾ ਅਤੇ ਬ੍ਰਹਮ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਇਹ ਪਰਮਾਰਥਿਕ ਦ੍ਰਿਸ਼ਟੀ ਅਵਿਦਿਆ ਦੇ ਦੂਰ ਹੋਣ 'ਤੇ ਹੀ ਸੰਭਵ ਹੁੰਦੀ ਹੈ। ਅਵਿਦਿਆ ਨੂੰ ਦੂਰ ਕਰਨ ਲਈ ਮਨੁੱਖ ਨੂੰ ਇੰਦਰੀਆਂ ਅਤੇ ਮਨ ਉਤੇ ਸੰਜਮ ਰਖਣਾ ਪੈਂਦਾ ਹੈ, ਸੰਸਾਰਿਕ ਵਸਤੂਆਂ ਤੋਂ ਵੈਰਾਗ ਦੀ ਭਾਵਨਾ ਵਿਕਸਿਤ ਕਰਨੀ ਹੁੰਦੀ ਹੈ ਅਤੇ ਮੁਕਤੀ ਲਈ ਪ੍ਰਬਲ ਇੱਛਾ ਹੋਣੀ ਚਾਹੀਦੀ ਹੈ। ਅਜਿਹਾ ਵਿਅਕਤੀ ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਵਿਰਕਤ ਰਹਿੰਦਾ ਹੈ। ਮਿਥਿਆ ਗਿਆਨ ਕਾਰਣ ਪਹਿਲਾਂ ਉਹ ਆਪਣੇ ਆਪ ਨੂੰ ਬ੍ਰਹਮ ਤੋਂ ਵੱਖ ਸਮਝਦਾ ਸੀ। ਜਦੋਂ ਮਿਥਿਆ-ਗਿਆਨ ਤੋਂ ਦੂਰ ਹੋ ਜਾਂਦਾ ਹੈ ਤਾਂ ਦੁੱਖਾਂ ਦਾ ਅੰਤ ਹੋ ਜਾਂਦਾ ਹੈ ਅਤੇ ਮੁਕਤ ਆਤਮਾ ਬ੍ਰਹਮ ਵਾਂਗ ਆਨੰਦ-ਸਰੂਪ ਹੋ ਜਾਂਦੀ ਹੈ। ਸ਼ੰਕਰ ਦੇ ਇਸ ਸਿੱਧਾਂਤ ਨੂੰ 'ਅਦ੍ਵੈਤਵਾਦ' ਦਾ ਨਾਂ ਦਿੱਤਾ ਜਾਂਦਾ ਹੈ।

ਸ਼ੰਕਰਾਚਾਰਯ ਤੋਂ ਬਾਦ ਰਾਮਾਨੁਜਾਚਾਰਯ ਨੇ ਉਪਨਿਸ਼ਦਾਂ ਦੀ ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ। ਉਨ੍ਹਾਂ ਅਨੁਸਾਰ ਅਚਿਤ (ਅਚੇਤਨ) ਪ੍ਰਕ੍ਰਿਤੀ ਅਤੇ ਚਿਤ (ਚੇਤਨ) ਆਤਮਾ ਈਸ਼ਵਰ ਦੇ ਹੀ ਅੰਸ਼ ਹਨ। ਈਸ਼ਵਰ ਸਰਵੱਗ ਅਤੇ ਸਰਵ-ਸ਼ਕਤੀਮਾਨ ਹੈ। ਇਸ ਵਿਚ ਸਾਰੇ ਗੁਣ ਵਰਤਮਾਨ ਹਨ। ਈਸ਼ਵਰ ਨੇ ਪ੍ਰਕ੍ਰਿਤੀ ਤੋਂ ਸੰਸਾਰ ਦੀ ਉਸੇ ਤਰ੍ਹਾਂ ਉਤਪੱਤੀ ਕੀਤੀ ਹੈ ਜਿਸ ਤਰ੍ਹਾਂ ਮਕੜੀ ਆਪਣੇ ਸ਼ਰੀਰ ਤੋਂ ਹੀ ਜਾਲੇ ਦੀ ਸਿਰਜਨਾ ਕਰਦੀ ਹੈ। ਆਤਮਾ ਵੀ ਹਮੇਸ਼ਾਂ ਈਸ਼ਵਰ ਵਿਚ ਵਰਤਮਾਨ ਰਹਿੰਦੀ ਹੈ। ਉਹ ਖ਼ੁਦ ਪ੍ਰਕਾਸ਼ਮਾਨ ਹੈ। ਕਰਮਾਂ ਅਨੁਸਾਰ ਹਰ ਇਕ ਆਤਮਾ ਨੂੰ ਸ਼ਰੀਰ ਧਾਰਣ ਕਰਨਾ ਪੈਂਦਾ ਹੈ। ਸ਼ਰੀਰ ਵਿਚ ਸਥਿਤ ਹੋਣਾ ਵੀ ਬੰਧਨ ਹੈ। ਆਤਮਾ ਦਾ ਸ਼ਰੀਰ ਨਾਲੋਂ ਪੂਰੀ ਤਰ੍ਹਾਂ ਵਖਰੇਵਾਂ ਮੋਕਸ਼ ਅਖਵਾਉਂਦਾ ਹੈ।

ਅਗਿਆਨ ਨਾਲ ਕਰਮ ਦੀ ਉਤਪੱਤੀ ਹੁੰਦੀ ਹੈ। ਕਰਮ ਬੰਧਨ ਦਾ ਕਾਰਣ ਹਨ। ਬੰਧਨ ਦੀ ਅਵਸਥਾ ਵਿਚ ਆਤਮਾ ਆਪਣੇ ਸਰੂਪ ਨੂੰ ਨਹੀਂ ਪਛਾਣ ਸਕਦੀ। ਉਹ ਸ਼ਰੀਰ ਨੂੰ ਹੀ ਆਪਣਾ ਸਰੂਪ ਸਮਝਦੀ ਹੈ। ਉਹ ਇੰਦਰੀਆਵੀ ਸੁਖ ਲਈ ਲੁਭਾਇਮਾਨ

ਹੁੰਦੀ ਹੈ। ਇਨ੍ਹਾਂ ਸੁਖਾਂ, ਭੋਗਾਂ ਜਾਂ ਕਰਮਾਂ ਕਰ ਕੇ ਉਸ ਨੂੰ ਵਾਰ-ਵਾਰ ਜਨਮ ਲੈਣਾ ਪੈਂਦਾ ਹੈ। ਵੇਦਾਂਤ ਦਰਸ਼ਨ ਰਾਹੀਂ ਮਨੁੱਖ ਨੂੰ ਗਿਆਨ ਪ੍ਰਾਪਤ ਹੁੰਦਾ ਹੈ ਕਿ ਉਸ ਦੀ ਆਤਮਾ ਸ਼ਰੀਰ ਤੋਂ ਵੱਖ ਹੈ। ਆਤਮਾ ਈਸ਼ਵਰ ਦਾ ਇਕ ਅੰਸ਼ ਹੈ, ਇਸ ਲਈ ਉਸ ਦੀ ਹੋਂਦ ਈਸ਼ਵਰ ਉਤੇ ਹੀ ਨਿਰਭਰ ਹੈ। ਵੇਦ ਅਨੁਕੂਲ ਕਰਮ ਕਰਨ ਨਾਲ ਕਰਮਾਂ ਦਾ ਫਲ ਭੋਗਣਾ ਖ਼ਤਮ ਹੋ ਜਾਂਦਾ ਹੈ ਅਤੇ ਅਨੰਤ ਗਿਆਨ ਪ੍ਰਾਪਤ ਹੋ ਜਾਂਦਾ ਹੈ। ਨਾਲ-ਨਾਲ ਈਸ਼ਵਰ ਦੀ ਇਕ-ਮਾਤਰ ਸੱਤਾ ਪ੍ਰੇਮ ਕਰਨ ਯੋਗ ਪ੍ਰਤੀਤ ਹੋਣ ਲਗਦੀ ਹੈ। ਪ੍ਰੇਮ-ਪੂਰਵਕ ਭਗਤੀ ਕਰਨ ਨਾਲ ਈਸ਼ਵਰ ਪ੍ਰਸੰਨ ਹੋ ਜਾਂਦਾ ਹੈ ਅਤੇ ਭਗਤ ਦੇ ਬੰਧਨ ਕਟ ਕੇ ਉਸ ਨੂੰ ਮੁਕਤ ਕਰ ਦਿੰਦਾ ਹੈ। ਜਨਮ-ਮਰਨ ਦਾ ਚੱਕਰ ਮੁਕ ਜਾਂਦਾ ਹੈ। ਉਹ ਈਸ਼ਰ ਵਰਗਾ ਹੋ ਜਾਂਦਾ ਹੈ। ਪਰ ਈਸ਼ਵਰ ਅਤੇ ਆਤਮਾ ਇਕ ਨਹੀਂ ਹੁੰਦੇ ਕਿਉਂਕਿ ਆਤਮਾ ਅਣੂ ਹੈ ਅਤੇ ਈਸ਼ਵਰ ਵਿਭੂ (ਸਰਵ ਸ਼ਕਤੀਵਾਨ) ਹੈ। ਇਸ ਤਰ੍ਹਾਂ ਈਸ਼ਵਰ ਇਕ-ਮਾਤਰ ਸੱਤਾ ਹੈ, ਇਸ ਤੋਂ ਭਿੰਨ ਹੋਰ ਕੋਈ ਸੱਤਾ ਨਹੀਂ; ਪਰ ਈਸ਼ਵਰ ਦੇ ਵਿਚ ਕਈ ਹੋਰ ਸੱਤਾਵਾਂ ਹਨ। ਸੰਸਾਰ ਦੀ ਸ੍ਰਿਸ਼ਟੀ ਨੂੰ ਸਤਿ ਮੰਨਣ ਕਾਰਣ ਰਾਮਾਨੁਜ ਦੇ ਦਰਸ਼ਨ ਨੂੰ ਸ਼ੁੱਧ ਅਦ੍ਵੈਤਵਾਦ ਨਹੀਂ ਕਿਹਾ ਜਾ ਸਕਦਾ। ਇਸ ਲਈ ਇਸ ਨੂੰ 'ਵਿਸ਼ਿਸ਼ਟਾਦ੍ਵੈਤਵਾਦ' ਨਾਂ ਦਿੱਤਾ ਗਿਆ ਹੈ।

ਵੈਸ਼ : ਵੇਖੋ 'ਵਰਣ'।

ਵੈਸ਼ਣਵ : ਵਿਸ਼ਣੂ ਦਾ ਉਪਾਸਕ। ਵੇਖੋ 'ਵਿਸ਼ਣੂ'।

ਵੈਸ਼ੇਸ਼ਿਕ ਦਰਸ਼ਨ : ਇਸ ਦਰਸ਼ਨ ਦਾ ਮੋਢੀ ਕਣਾਦ ਨੂੰ ਮੰਨਿਆ ਜਾਂਦਾ ਹੈ। ਇਸ ਨੂੰ ਵੈਸ਼ੇਸ਼ਿਕ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ 'ਵਿਸ਼ੇਸ਼' ਨਾਂ ਦੇ ਇਕ ਪਦਾਰਥ ਨੂੰ ਸਵੀਕਾਰ ਕਰਦਾ ਹੈ। ਨਿਆਇ-ਦਰਸ਼ਨ (ਵੇਖੋ) ਨਾਲ ਇਸ ਦੀ ਦੂਰ ਤਕ ਸਮਾਨਤਾ ਹੈ। ਆਤਮਾ, ਜਗਤ, ਮੋਕਸ਼ ਅਤੇ ਮੋਕਸ਼ ਪ੍ਰਾਪਤੀ ਦੀ ਸਾਧਨਾ-ਪ੍ਰਣਾਲੀ ਸੰਬੰਧੀ ਨਿਆਇ ਅਤੇ ਵੈਸ਼ੇਸ਼ਿਕ ਇਕੋ ਮਤ ਨੂੰ ਅਪਣਾਉਂਦੇ ਹਨ, ਪਰ ਇਨ੍ਹਾਂ ਵਿਚ ਕੁਝ ਅੰਤਰ ਵੀ ਹੈ। ਪ੍ਰਤੱਖ, ਅਨੁਮਾਨ, ਉਪਮਾਨ ਅਤੇ ਸ਼ਬਦ ਇਨ੍ਹਾਂ ਚੋਹਾਂ ਪ੍ਰਮਾਣਾਂ ਨੂੰ ਨਿਆਇ-ਦਰਸ਼ਨ ਮੰਨ ਕੇ ਚਲਦਾ ਹੈ, ਪਰ ਵੈਸ਼ੇਸ਼ਿਕ-ਦਰਸ਼ਨ ਵਿਚ ਕੇਵਲ ਪ੍ਰਤੱਖ ਅਤੇ ਅਨੁਮਾਨ ਨੂੰ ਪ੍ਰਮਾਣ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੋਹਾਂ ਦਰਸ਼ਨਾਂ ਵਿਚ 'ਪਦਾਰਥ' ਬਾਰੇ ਵੀ ਭਿੰਨਤਾ ਹੈ। ਨਿਆਇ-ਦਰਸ਼ਨ ਸੋਲਹਾਂ ਤਰ੍ਹਾਂ ਦੇ ਪਦਾਰਥਾਂ ਨੂੰ ਮੰਨਦਾ ਹੈ, ਪਰ ਵੈਸ਼ੇਸ਼ਿਕ-ਦਰਸ਼ਨ ਵਿਚ ਸੱਤ ਪਦਾਰਥ ਸਵੀਕਾਰ ਕੀਤੇ ਗਏ ਹਨ, ਜਿਵੇਂ ਦ੍ਰਵ੍ਯ, ਗੁਣ, ਕਰਮ,-ਸਾਮਾਨ੍ਯ, ਵਿਸ਼ੇਸ਼, ਸਮਵਾਯ ਅਤੇ ਅਭਾਵ।

'ਦ੍ਰਵ੍ਯ' ਗੁਣਾਂ ਅਤੇ ਕਰਮਾਂ ਦਾ ਆਧਾਰ ਵੀ ਹੈ ਅਤੇ ਉਨ੍ਹਾਂ ਤੋਂ ਵੱਖ ਵੀ ਹੈ। ਦ੍ਰਵ੍ਯ ਨੌਂ ਪ੍ਰਕਾਰ ਦੇ ਹੁੰਦੇ ਹਨ—ਧਰਤੀ (ਕ੍ਸ਼ਿਤਿ), ਜਲ, ਅਗਨੀ, ਵਾਯੂ, ਆਕਾਸ਼, ਕਾਲ, ਦਿਸ਼ਾ (ਦਿਕ੍), ਆਤਮਾ ਅਤੇ ਮਨ। ਇਨ੍ਹਾਂ ਵਿਚੋਂ ਪਹਿਲੇ ਪੰਜ ਭੌਤਿਕ ਹਨ। ਇਨ੍ਹਾਂ ਦੇ ਗੁਣ ਕ੍ਰਮਵਾਰ ਗੰਧ, ਰਸ, ਰੂਪ, ਸਪਰਸ਼ ਅਤੇ ਸ਼ਬਦ ਹਨ। ਇਨ੍ਹਾਂ ਪੰਜ ਭੌਤਿਕ ਦ੍ਰਵ੍ਯਾਂ ਵਿਚੋਂ ਧਰਤੀ, ਜਲ, ਅਗਨੀ ਅਤੇ ਵਾਯੂ ਚਾਰ ਤਰ੍ਹਾਂ ਦੇ ਪਰਮਾਣੂਆਂ ਨਾਲ

ਬਣੇ ਹੋਏ ਹਨ ਜੋ ਭੌਤਿਕ ਅਤੇ ਨਿੱਤ ਹਨ, ਕਦੇ ਨਾਸ਼ ਨਹੀਂ ਹੁੰਦੇ। 'ਪਰਮਾਣੂ' ਤੋਂ ਭਾਵ ਹੈ ਕਿਸੇ ਭੌਤਿਕ ਪਦਾਰਥ ਦਾ ਛੋਟੇ ਤੋਂ ਛੋਟਾ ਟੁਕੜਾ ਜਿਸ ਦਾ ਅਗੋਂ ਹੋਰ ਵਿਭਾਜਨ ਨਾ ਹੋ ਸਕੇ। ਆਕਾਸ਼, ਦਿਸ਼ਾ ਅਤੇ ਕਾਲ ਅਪ੍ਰਤੱਖ ਦ੍ਰਵ੍ਯ ਹਨ। ਇਹ ਤਿੰਨੋਂ ਇਕ ਇਕ ਹਨ, ਨਿੱਤ ਹਨ ਅਤੇ ਸਰਵ-ਵਿਆਪੀ ਹਨ। 'ਮਨ' ਨਿੱਤ ਜ਼ਰੂਰ ਹੈ ਪਰ ਸਰਵ-ਵਿਆਪੀ ਨਹੀਂ ਹੈ। ਇਹ ਭੀਤਰੀ ਇੰਦਰੀ ਹੈ। ਇਹ ਬੁੱਧੀ, ਭਾਵਨਾ ਅਤੇ ਸੰਕਲਪ ਜਿਹੀਆਂ ਮਾਨਸਿਕ ਕ੍ਰਿਆਵਾਂ ਦਾ ਸਹਾਇਕ ਹੁੰਦਾ ਹੈ। ਮਨ ਵਿਚ ਇਕ ਵੇਲੇ ਇਕ ਹੀ ਅਨੁਭੂਤੀ ਹੋ ਸਕਦੀ ਹੈ, ਕਿਉਂਕਿ ਇਹ ਪਰਮਾਣੂ ਵਾਂਗ ਅਤਿ ਸੂਖਮ ਹੁੰਦਾ ਹੈ। 'ਆਤਮਾ' ਨਿੱਤ ਅਤੇ ਸਰਵ-ਵਿਆਪੀ ਦ੍ਰਵ੍ਯ ਹੈ। ਇਹ ਚੇਤਨ੍ਯ ਦੀਆਂ ਸਾਰੀਆਂ ਅਵਸਥਾਵਾਂ ਦਾ ਆਧਾਰ ਹੈ। ਮਨੁੱਖ ਨੂੰ ਮਨ ਰਾਹੀਂ ਆਪਣੀ ਆਤਮਾ ਦਾ ਅਨੁਭਵ ਹੁੰਦਾ ਹੈ। ਸੰਸਾਰਿਕ ਵਸਤੂਆਂ ਦਾ ਨਿਰਮਾਣ ਕਰਨ ਵਾਲੇ ਈਸ਼ਵਰ ਜਾਂ ਪਰਮਾਤਮਾ ਦੀ ਹੋਂਦ ਅਨੁਮਾਨ ਰਾਹੀਂ ਸਿੱਧ ਹੁੰਦੀ ਹੈ।

'ਗੁਣ' ਉਸ ਨੂੰ ਕਹਿੰਦੇ ਹਨ ਜੋ ਕੇਵਲ ਦ੍ਰਵ੍ਯਾਂ ਵਿਚ ਮਿਲਦਾ ਹੈ। 'ਗੁਣ' ਵਿਚ ਨਾ ਕੋਈ ਗੁਣ ਹੁੰਦਾ ਹੈ ਅਤੇ ਨਾ ਹੀ ਕਰਮ। ਦ੍ਰਵ੍ਯ ਨੂੰ ਕਿਸੇ ਦੀ ਲੋੜ ਨਹੀਂ, ਪਰ ਗੁਣ ਨੂੰ ਦ੍ਰਵ੍ਯ ਦੀ ਲੋੜ ਹੈ। ਗੁਣਾਂ ਦੀ ਕੁਲ ਗਿਣਤੀ 24 ਹੈ—ਰੂਪ, ਰਸ, ਗੰਧ, ਸਪਰਸ਼, ਸ਼ਬਦ, ਸੰਖ੍ਯਾ, ਪਰਿਣਾਮ, ਪ੍ਰਿਥਕਤਾ, ਸੰਯੋਗ, ਵਿਭਾਗ, ਪਰਤ੍ਵ, ਅਪਰਤ੍ਵ, ਦ੍ਰਵਤ੍ਵ, ਸਨੇਹ, ਬੁੱਧੀ, ਸੁਖ, ਦੁਖ, ਇੱਛਾ, ਦ੍ਵੇਸ਼, ਪ੍ਰਯਤਨ, ਗੁਰਤ੍ਵ, ਸੰਸਕਾਰ, ਧਰਮ ਅਤੇ ਅਧਰਮ।

'ਕਰਮ' ਗਤੀਮਾਨ ਹੈ। ਗੁਣ ਵਾਂਗ ਇਹ ਵੀ ਕੇਵਲ ਦ੍ਰਵ੍ਯਾਂ ਵਿਚ ਮਿਲਦਾ ਹੈ। 'ਕਰਮ' ਗਿਣਤੀ ਵਿਚ ਪੰਜ ਹਨ—ਉਤਕ੍ਸ਼ੇਪਣ, ਅਵਕ੍ਸ਼ੇਪਣ, ਆਕੁੰਚਨ, ਪ੍ਰਸਾਰਣ ਅਤੇ ਗਮਨ।

'ਸਾਮਾਨ੍ਯ' ਕਿਸੇ ਵਰਗ ਦੇ ਸਾਧਾਰਣ ਧਰਮ (ਸਮਾਨਤਾ) ਨੂੰ ਕਹਿੰਦੇ ਹਨ। ਸਾਰੀਆਂ ਗਊਆਂ ਵਿਚ ਇਕ ਪ੍ਰਕਾਰ ਦੀ ਸਮਾਨਤਾ ਹੈ ਜੋ ਉਨ੍ਹਾਂ ਨੂੰ ਹੋਰਨਾਂ ਤੋਂ ਨਿਖੇੜਦੀ ਹੈ। ਇਸ ਸਮਾਨਤਾ ਨੂੰ ਹੀ ਗੋਤ੍ਵ (ਗਊਪਣ) ਕਹਿੰਦੇ ਹਨ। ਇਹ ਗੋਤ੍ਵ ਨਾ ਜਨਮ ਨਾਲ ਪ੍ਰਾਪਤ ਹੁੰਦਾ ਹੈ ਅਤੇ ਨ ਹੀ ਮਰਨ ਨਾਲ ਖ਼ਤਮ ਹੁੰਦਾ ਹੈ। ਇਹ ਨਿੱਤ ਹੈ।

ਨਿੱਤ ਦ੍ਰਵ੍ਯਾਂ ਦੀ ਵੱਖਰਤਾ ਦੇ ਮੂਲ ਕਾਰਣ ਨੂੰ 'ਵਿਸ਼ੇਸ਼' ਕਹਿੰਦੇ ਹਨ। ਆਮ ਤੌਰ ਤੇ ਵਸਤੂਆਂ ਦੀ ਭਿੰਨਤਾ ਉਨ੍ਹਾਂ ਦੇ ਗੁਣਾਂ ਅਤੇ ਅੰਸ਼ਾਂ (ਉਪਕਰਣਾਂ) ਰਾਹੀਂ ਕੀਤੀ ਜਾਂਦੀ ਹੈ। ਹਰ ਇਕ ਪਰਮਾਣੂ ਦੀ ਆਪਣੀ-ਆਪਣੀ ਵਿਸ਼ੇਸ਼ਤਾ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ 'ਵਿਸ਼ੇਸ਼' ਕਿਹਾ ਜਾਂਦਾ ਹੈ। ਇਸੇ ਧਾਰਣਾ ਕਰਕੇ ਇਸ ਦਰਸ਼ਨ ਨੂੰ 'ਵੈਸ਼ੇਸ਼ਿਕ' ਕਿਹਾ ਜਾਂਦਾ ਹੈ।

'ਸਮਵਾਯ' ਸਥਾਈ ਜਾਂ ਨਿੱਤ ਸੰਬੰਧ ਨੂੰ ਕਿਹਾ ਜਾਂਦਾ ਹੈ। ਗੁਣ ਜਾਂ ਕਰਮ ਦਾ ਦ੍ਰਵ੍ਯ ਨਾਲ ਜੋ ਸਦੀਵੀ ਸੰਬੰਧ ਹੈ, ਉਹੀ ਸਮਵਾਯ ਹੈ। ਬਸਤ੍ਰ ਦੀ ਹੋਂਦ ਧਾਗਿਆਂ 'ਤੇ ਕਾਇਮ ਹੈ। ਧਾਗਿਆਂ ਤੋਂ ਬਿਨਾ ਬਸਤ੍ਰ ਰਹਿ ਹੀ ਨਹੀਂ ਸਕਦਾ। ਇਸ ਤਰ੍ਹਾਂ ਦ੍ਰਵ੍ਯ ਤੋਂ ਬਿਨਾ ਗੁਣ ਅਤੇ ਕਰਮ ਦੀ ਹੋਂਦ ਬਣੀ ਨਹੀਂ ਰਹਿ ਸਕਦੀ। ਇਹ ਸਮਵਾਯ

ਦਾ ਸੰਬੰਧ ਹੈ।

'ਅਭਾਵ' ਤੋਂ ਭਾਵ ਹੈ ਅਣਹੋਂਦ। ਨਾਂਹ ਕਹਿਣਾ ਹੀ ਅਭਾਵ ਸੂਚਕ ਹੈ। 'ਮੇਜ਼ ਕਮਰੇ ਵਿਚ ਨਹੀਂ', ਇਸ ਵਾਕ ਵਿਚ ਮੇਜ਼ ਦੀ ਅਣਹੋਂਦ ਹੈ, ਇਹੀ ਅਭਾਵ ਹੈ। ਅਭਾਵ ਦੇ ਦੋ ਪ੍ਰਕਾਰ ਹਨ—ਅਨ੍ਯੋਨ੍ਯਾਭਾਵ ਅਤੇ ਸੰਸਰਗਾਭਾਵ। ਸੰਸਰਗਾਭਾਵ ਦੀਆਂ ਅਗੋਂ ਤਿੰਨ ਕਿਸਮਾਂ ਹਨ—ਪ੍ਰਾਗਭਾਵ, ਧਵੰਸਾਭਾਵ ਅਤੇ ਅਤਿਅੰਤਾਭਾਵ।

ਇਸ ਦਰਸ਼ਨ ਵਿਚ ਜਗਤ ਦੇ ਕਰਤਾ ਰੂਪ ਵਿਚ ਈਸ਼ਵਰ ਦਾ ਕਿਤੇ ਸਪੱਸ਼ਟ ਉੱਲੇਖ ਨਹੀਂ ਹੋਇਆ। ਪਰ ਬਾਦ ਦੇ ਵਿਦਵਾਨਾਂ ਨੇ ਆਤਮਾ ਨੂੰ ਦੋ-ਪੱਖੀ ਮੰਨਿਆ ਹੈ—ਜੀਵਾਤਮਾ ਅਤੇ ਪਰਮਾਤਮਾ। ਪਰਮਾਤਮਾ ਹੀ ਈਸ਼ਵਰ ਹੈ। ਦੁੱਖਾਂ ਦੇ ਪੂਰਣ ਅਭਾਵ ਦੀ ਅਵਸਥਾ ਹੀ ਮੋਕਸ਼ ਜਾਂ 'ਅਪਵਰਗ' ਹੈ। ਇਸ ਦਾ ਤਾਤਪਰਜ ਹੈ ਸ਼ਰੀਰ ਅਤੇ ਇੰਦਰੀਆਂ ਦੇ ਬੰਧਨਾਂ ਤੋਂ ਆਤਮਾ ਦਾ ਮੁਕਤ ਹੋਣਾ। ਈਸ਼ਵਰ ਅਤੇ ਮੋਕਸ਼ ਸੰਬੰਧੀ ਵੈਸ਼ੇਸ਼ਿਕ ਦਰਸ਼ਨ ਦੀਆਂ ਸਥਾਪਨਾਵਾਂ ਨਿਆਇ-ਦਰਸ਼ਨ ਨਾਲ ਮੇਲ ਖਾਂਦੀਆਂ ਹਨ।

ਵੈਤਰਣੀ : ਇਸ ਦਾ ਸ਼ਾਬਦਿਕ ਅਰਥ ਹੈ ਜੋ ਦਾਨ ਦੁਆਰਾ ਪਾਰ ਕੀਤੀ ਜਾ ਸਕੇ। ਪੁਰਾਣ-ਸਾਹਿੱਤ ਅਨੁਸਾਰ ਨਰਕ ਦੇ ਦੁਆਰ ਉਤੇ ਸਥਿਤ ਇਕ ਨਦੀ ਜਿਸ ਨੂੰ ਨਰਕ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪਾਰ ਕਰਨਾ ਹੁੰਦਾ ਹੈ। ਸੌ ਯੋਜਨ ਚੌੜੀ ਅਤੇ ਤੇਜ਼ ਗਤਿ ਨਾਲ ਚਲਣ ਵਾਲੇ ਤੱਤੇ ਪਾਣੀ ਵਾਲੀ ਇਹ ਇਕ ਅਜਿਹੀ ਨਦੀ ਹੈ ਜਿਸ ਵਿਚ ਹਰ ਪ੍ਰਕਾਰ ਦਾ ਮਲ-ਮੂਤ੍ਰ, ਬਦਬੂਦਾਰ ਲਹੂ, ਮਿਝ ਆਦਿ ਗੰਦਗੀ ਭਰੀ ਹੋਈ ਹੈ। ਮਰਣ ਉਪਰੰਤ ਪਾਪੀ ਲੋਕ ਇਸ ਨੂੰ ਪਾਰ ਕਰਨ ਵੇਲੇ ਵਿਚ ਡਿਗਦੇ ਹਨ ਅਤੇ ਭਿਆਨਕ ਜੀਵ-ਜੰਤੂਆਂ ਦੁਆਰਾ ਡੰਗੇ ਜਾਂ ਨੋਚੇ ਜਾਣ 'ਤੇ ਰੋਂਦੇ ਕੁਰਲਾਂਦੇ ਹਨ। ਪਾਪੀ ਲੋਕਾਂ ਲਈ ਇਸ ਨੂੰ ਪਾਰ ਕਰਨਾ ਸਰਲ ਨਹੀਂ ਹੈ।

ਕਹਿੰਦੇ ਹਨ ਕਿ ਇਸ ਨਦੀ ਦੀ ਉਤਪੱਤੀ ਸੱਤੀ ਦੇ ਵਿਯੋਗ ਵਿਚ ਰੋਂਦੇ ਹੋਏ ਸ਼ਿਵ ਦੇ ਹੰਝੂਆਂ ਤੋਂ ਹੋਈ ਸੀ। ਇਸ ਨਦੀ ਨੂੰ ਪਾਰ ਕਰਨ ਲਈ ਹਿੰਦੂ ਧਰਮ-ਸ਼ਾਸਤ੍ਰ ਵਿਚ ਕੁਝ ਉਪਾ ਵੀ ਦਸੇ ਗਏ ਹਨ ਜੋ, ਅਸਲ ਵਿਚ, ਤੀਰਥਾਂ 'ਤੇ ਰਹਿਣ ਵਾਲੇ ਪੰਡਿਆਂ ਨੇ ਆਪਣੇ ਹਿਤਾਂ ਲਈ ਬਣਾਏ ਹਨ। ਇਨ੍ਹਾਂ ਉਪਾਵਾਂ ਵਿਚੋਂ ਪ੍ਰਮੁਖ ਹੈ ਗਊ-ਦਾਨ। ਧਾਰਣਾ ਹੈ ਕਿ ਪਾਪੀ ਵਿਅਕਤੀ ਜਦ ਵੈਤਰਣੀ ਦੇ ਕੰਢੇ ਪਹੁੰਚਦਾ ਹੈ ਤਾਂ ਦਾਨ ਕੀਤੀ ਗਊ ਉਥੇ ਉਪਸਥਿਤ ਹੋ ਜਾਂਦੀ ਹੈ ਜਿਸ ਦੀ ਪੂਛ ਫੜ ਕੇ ਪਾਪੀ ਵਿਅਕਤੀ ਸੌਖ ਨਾਲ ਨਦੀ ਤੋਂ ਪਾਰ ਹੋ ਜਾਂਦਾ ਹੈ।

ਵ੍ਰਿੰਦਾ : ਵੇਖੋ 'ਤੁਲਸੀ-ਸਾਲਗ੍ਰਾਮ', 'ਜਲੰਧਰ-ਵ੍ਰਿੰਦਾ'।

ਸਹਾਇਕ ਪੁਸਤਕ ਸੂਚੀ

[ਹੇਠ ਲਿਖਿਆਂ ਪੁਸਤਕਾਂ/ਗ੍ਰੰਥਾਂ ਦੇ ਲੇਖਕਾਂ ਤੋਂ ਇਲਾਵਾ ਮੈਂ ਉਨ੍ਹਾਂ ਕਵੀਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਕਾਵਿ-ਪੁਸਤਕਾਂ ਤੋਂ ਇਸ ਗ੍ਰੰਥ ਦੀਆਂ ਮਿਸਾਲਾਂ ਲਈ ਟੂਕਾਂ ਲਈਆਂ ਹਨ।]

ਪੰਜਾਬੀ

ਅਸ਼ੋਕ; ਸ਼ਮਸ਼ੇਰ ਸਿੰਘ 'ਸਿੱਖੀ ਤੇ ਸਿੱਖ ਇਤਿਹਾਸ'; ਲਾਹੌਰ ਬੁਕ ਸ਼ਾਪ, ਲੁਧਿਆਣਾ; 1951

———; 'ਪੰਜਾਬ ਦੀਆਂ ਲਹਿਰਾਂ'; ਕਵਿਰਾਜ ਨਾਰਾਇਣ ਸਿੰਘ 'ਬੱਲਭ' ਨਿਆਮਤਪੁਰੀ, ਪਟਿਆਲਾ; 1954

ਅਮੋਲ ਸ. ਸ.; 'ਪੁਰਾਤਨ ਪੰਜਾਬੀ ਕਾਵਿ'; ਲਾਹੌਰ ਬੁਕ ਸ਼ਾਪ, ਲੁਧਿਆਣਾ; 1955

'ਅਲੀ ਹੈਦਰ ਰਚਨਾਵਲੀ'; (ਸੰਪਾ.) ਡਾ.; ਉਜਾਗਰ ਸਿੰਘ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1972

ਈਸ਼ਰ ਸਿੰਘ ਨਾਰਾ; 'ਵਿਸਾਖ ਨਹੀਂ ਕੱਤਕ'; (ਪ੍ਰਕਾਸ਼ਕ ਖ਼ੁਦ) 11/3287 ਦੇਹਲੀ ਗੇਟ ਬਾਜ਼ਾਰ, ਦਿੱਲੀ; 1970

'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' (ਸੰਪਾ.) ਤੇਜਾ ਸਿੰਘ ਤੇ ਹੋਰ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ; ਚਾਰ ਸੈਂਚੀਆਂ; 1959-64

'ਸਮਦਰਸ਼ੀ'; ਪੰਜਾਬੀ ਅਕਾਦਮੀ, ਦਿੱਲੀ; ਅਕਤੂਬਰ-ਦਸੰਬਰ; 1990

ਸਰੂਪ ਦਾਸ ਭੱਲਾ; 'ਗੁਰੂ ਨਾਨਕ ਮਹਿਮਾ'; (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ ਅਤੇ ਗੋਬਿੰਦ ਸਿੰਘ ਲਾਂਬਾ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1970

'ਸ਼ਾਹ ਹੁਸੈਨ, ਕਾਫ਼ੀਆਂ'; (ਸੰਪਾ.) ਮੋਹਨ ਸਿੰਘ ਉਬ੍ਰਾਏ 'ਦੀਵਾਨਾ'; ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ; 1952

'ਸਾਹਿੱਤ ਕੋਸ਼' (ਪਾਰਿਭਾਸ਼ਿਕ ਸ਼ਬਦਾਵਲੀ); (ਸੰਪਾ.) ਡਾ. ਰਤਨ ਸਿੰਘ ਜੱਗੀ; ਪੰਜਾਬੀ ਯੂਨੀਵਰਸਿਟੀ, ਪਟਿਆਲਾ; 1989

ਸਾਹਿਬ ਸਿੰਘ; 'ਆਦਿ ਬੀੜਾਂ ਬਾਰੇ', ਸਿੰਘ ਬ੍ਰਦਰਜ਼, ਅੰਮ੍ਰਿਤਸਰ; 1970

———; 'ਗੁਰਬਾਣੀ ਤੇ ਇਤਿਹਾਸ ਬਾਰੇ'; ਸਿੰਘ ਬ੍ਰਦਰਜ਼, ਅੰਮ੍ਰਿਤਸਰ; 1960

ਸਾਧੂ ਰਾਮ ਸ਼ਾਰਦਾ, ਡਾ.; 'ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1973

ਸੁੱਖਾ ਸਿੰਘ, ਭਾਈ; 'ਗੁਰਬਿਲਾਸ ਪਾਤਿਸ਼ਾਹੀ ੧੦'; (ਸੰਪਾ.); ਡਾ. ਗੁਰਸ਼ਰਨ ਕੌਰ ਜੱਗੀ

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1989
'ਸੁਲਤਾਨ ਬਾਹੂ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1970
'ਸੂਫ਼ੀ-ਕਾਵਿ-ਸੰਗ੍ਰਹਿ'; (ਸੰਪਾ.) ਹਰਨਾਮ ਸਿੰਘ ਸ਼ਾਨ; ਪੰਜਾਬ ਯੂਨੀਵਰਸਿਟੀ ਚੰਡੀਗੜ੍ਹ; 1961
ਸੇਵਾ ਸਿੰਘ ਸੇਵਕ; 'ਗੁਰਬਾਣੀ ਸੰਖਿਆ-ਕੋਸ਼'; ਸਿੰਘ ਬ੍ਰਦਰਜ਼, ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ; 1971
ਸੰਤੋਖ ਸਿੰਘ, ਭਾਈ; ਗੁਰਪ੍ਰਤਾਪ ਸੂਰਜ ਗ੍ਰੰਥਾਵਲੀ'; (ਸੰਪਾ.) ਭਾਈ ਵੀਰ ਸਿੰਘ; ਖਾਲਸਾ ਸਮਾਚਾਰ, ਅੰਮ੍ਰਿਤਸਰ; 1954-55
'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', (ਟੀਕਾਕਾਰ) ਪ੍ਰੋ. ਸਾਹਿਬ ਸਿੰਘ; ਰਾਜ ਪਬਲਿਸ਼ਰਜ਼, ਜਲੰਧਰ; 1963
'ਸ੍ਰੀ ਚਰਣਹਰਿ ਵਿਸਥਾਰ'; (ਸੰਪਾ.) ਡਾ. ਬਲਬੀਰ ਸਿੰਘ; ਖਾਲਸਾ ਸਮਾਚਾਰ, ਅੰਮ੍ਰਿਤਸਰ; 1941
'ਸ੍ਰੇਸ਼ਟ ਗੋਸ਼ਟਾਂ', (ਸੰਪਾ.) ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 1974
ਹਾਫ਼ਿਜ਼ ਬਰਖ਼ੁਰਦਾਰ; 'ਯੂਸਫ਼ ਜ਼ੁਲੈਖਾ'; (ਸੰਪਾ.) ਪਿਆਰ ਸਿੰਘ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1969
'ਹੀਰ ਦਮੋਦਰ'; (ਸੰਪਾ.) ਕਰਮ ਸਿੰਘ; ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ; 1949
'ਹੀਰ ਵਾਰਸ'; (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1969
'ਕਰਤਾਰਪੁਰੀ ਬੀੜ ਦੇ ਦਰਸ਼ਨ'; (ਸੰਪਾ.) ਭਾਈ ਜੋਧ ਸਿੰਘ; ਪੰਜਾਬੀ ਯੂਨੀਵਰਸਿਟੀ, ਪਟਿਆਲਾ; 1968
ਕਰਨੈਲ ਸਿੰਘ ਥਿੰਦ, ਡਾ.; 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ'; ਜੀਵਨ ਮੰਦਿਰ ਪ੍ਰਕਾਸ਼ਨ' ਕਟੜਾ ਦਲ ਸਿੰਘ, ਅੰਮ੍ਰਿਤਸਰ; 1973
ਕਰਮ ਸਿੰਘ ਹਿਸਟੋਰੀਅਨ; 'ਕਤਕ ਕਿ ਵਿਸਾਖ'; ਫੁਲਵਾੜੀ ਪੁਸਤਕ ਭੰਡਾਰ, ਰੇਲਵੇ ਰੋਡ, ਲਾਹੌਰ; 1932
———; 'ਗੁਰਪੁਰਬ ਨਿਰਣਯ'; ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ; 1912
ਕਾਨ੍ਹ ਸਿੰਘ, ਨਾਭਾ; 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1960
———; 'ਗੁਰਮਤ ਮਾਰਤੰਡ'; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ; 1962
ਕਾਲਾ ਸਿੰਘ ਬੇਦੀ, ਡਾ.; 'ਗੁਰੂ ਨਾਨਕ ਸ਼ਬਦ ਰਤਨਾਕਰ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1990

ਕੁਲਦੀਪ ਸਿੰਘ ਆਜ਼ਾਦ; 'ਪੰਜਾਬੀ ਸੂਫ਼ੀ ਕਵਿਤਾ ਵਿਚ ਲੋਕ-ਤੱਤ'; ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰਵਾਨਿਤ ਸ਼ੋਧ-ਪ੍ਰਬੰਧ; 1977

ਕੁਲਵੰਤ ਸਿੰਘ, ਡਾ.; 'ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ', ਰਵੀ ਸਾਹਿੱਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ; ਪਹਿਲਾ ਸੰਸਕਰਣ

'ਕੋਸ਼ ਸ੍ਰੀ ਦਸਮਗ੍ਰੰਥ ਸਾਹਿਬ', (ਸੰਪਾ.) ਗਿਆਨੀ ਲਾਲ ਸਿੰਘ; ਜਨਕ ਪੁਸਤਕ ਭੰਡਾਰ, ਸੰਗਰੂਰ; 1949

ਗਿਆਨ ਸਿੰਘ, ਗਿਆਨੀ; 'ਤਵਾਰੀਖ ਗੁਰੂ ਖਾਲਸਾ'; ਲਿਥੋ ਸੰਸਕਰਣ ਪਹਿਲਾ

———; 'ਪੰਥ ਪ੍ਰਕਾਸ਼'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1970

'ਗਿਆਨ ਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ'; (ਸੰਪਾ.) ਜਸਬੀਰ ਸਿੰਘ ਸਾਬਰ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 1993

ਗੁਰਦਾਸ, ਭਾਈ; 'ਵਾਰਾਂ ਭਾਈ ਗੁਰਦਾਸ'; (ਸੰਪਾ.) ਡਾ. ਗੁਰਸ਼ਰਨ ਕੌਰ ਜਗੀ; ਪੰਜਾਬੀ ਯੂਨੀਵਰਸਿਟੀ, ਪਟਿਆਲਾ; 1987

ਗੁਰਦਿਤ ਸਿੰਘ ਗਿਆਨੀ; 'ਪੰਜਾਬੀ ਸਭਿਆਚਾਰ ਬਾਰੇ'; ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ; 1987

———; 'ਮੇਰਾ ਪਿੰਡ'; ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ; 1963

'ਗੁਰਬਾਨੀ ਟੀਕੇ : ਆਨੰਦਘਨ'; (ਸੰਪਾ.) ਡਾ. ਰਤਨ ਸਿੰਘ ਜੱਗੀ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1970

'ਗੁਰਬਿਲਾਸ ਛੇਵੀਂ ਪਾਤਸ਼ਾਹੀ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1970

'ਗੁਰੂ ਨਾਨਕ : ਜੀਵਨ, ਯੁਗ ਅਤੇ ਉਪਦੇਸ਼'; (ਮੁੱਖ ਸੰਪਾ.) ਗੁਰਮੁਖ ਨਿਹਾਲ ਸਿੰਘ; ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿੱਲੀ; 1969

ਗੁਲਵੰਤ ਸਿੰਘ; 'ਇਸਲਾਮ ਅਤੇ ਸੂਫ਼ੀਵਾਦ'; ਪੰਜਾਬੀ ਯੂਨੀਵਰਸਿਟੀ; ਪਟਿਆਲਾ; 1986

ਗੁਲਾਮ ਅਹਿਮਦ ਮਿਰਜ਼ਾ; 'ਇਸਲਾਮੀ ਅਸੂਲਾਂ ਦੀ ਫ਼ਲਾਸਫ਼ੀ'; ਨਾਜ਼ਿਰ ਦਾਅਵਤੋ-ਤਬਲੀਗ਼, ਕਾਦੀਆਂ; 1973

ਗ਼ੁਲਾਮ ਫ਼ਰੀਦ ਚਾਚੜਾਂ; 'ਦੀਵਾਨੇ ਫ਼ਰੀਦੀ'; ਮੌਲਵੀ ਬਖਸ਼ ਮੁਹੰਮਦ ਜ਼ੁਲਿਫ਼ਕਾਰ, ਮੁਲਤਾਨ; ਪਹਿਲੀ ਛਾਪ

'ਗੋਸ਼ਟੀਆਂ'; (ਸੰਪਾ.) ਇੰਦਰ ਸਿੰਘ ਚਕਰਵਰਤੀ ਅਤੇ ਸ਼ਮਸ਼ੇਰ ਸਿੰਘ ਅਸ਼ੋਕ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1970

ਗੋਪਾਲ ਸਿੰਘ; 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ'; ਪੰਜਾਬੀ ਅਕਾਡਮੀ, ਦਿੱਲੀ; 1958

'ਗੋਰਖ ਬਾਣੀ' (ਪੰਜਾਬੀ ਰੂਪਾਂਤਰ); (ਸੰਪਾ.) ਡਾ. ਪੀਤਾਂਬਰ ਦੱਤ ਬੜਥਵਾਲ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1963

ਜਗਜੀਤ ਸਿੰਘ, ਡਾ. (ਵੈਦ); 'ਸਿੰਘ ਸਭਾ ਲਹਿਰ' (1873-1902 ਈ.); ਸ. ਜਸਮੀਅਤ ਸਿੰਘ, ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ; ਪ੍ਰਥਮ ਸੰਸਕਰਣ।

ਜਗਜੀਤ ਸਿੰਘ, ਡਾ.; 'ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ'; ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ; 1970

'ਜਨ ਸਾਹਿੱਤ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਅਪ੍ਰੈਲ-ਮਈ, 1989

'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ—ਮਿਹਰਬਾਨ ਵਾਲੀ'; ਖਾਲਸਾ ਕਾਲਜ, ਅੰਮ੍ਰਿਤਸਰ, ਦੋ ਭਾਗ; 1962, 1969

'ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ'; (ਸੰਪਾ.) ਡਾ. ਗੁਰਬਚਨ ਕੌਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1987

ਜੀ. ਬੀ. ਸਿੰਘ; 'ਪ੍ਰਾਚੀਨ ਬੀੜਾਂ'; ਮਾਡਰਨ ਪਬਲਿਸ਼ਰਜ਼, ਮੈਕਲੌਡ ਰੋਡ, ਲਾਹੌਰ 1944

ਜੋਨ ਡੌਸਨ; 'ਹਿੰਦੂ ਮਿਥਿਹਾਸ ਕੋਸ਼'; (ਅਨੁਵਾਦਕ) ਰਾਜਿੰਦਰ ਸਿੰਘ ਸ਼ਾਸਤਰੀ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1973

ਤਾਰਾ ਸਿੰਘ ਨਰੋਤਮ; 'ਸ੍ਰੀ ਗੁਰੂ ਤੀਰਥ ਸੰਗ੍ਰਹਿ'; ਨਿਰਮਲ ਪੰਚਾਇਤੀ ਅਖਾੜਾ; ਕਨਖਲ; 1975

————; ਗੁਰਮਤ ਨਿਰਣਯ ਸਾਗਰ'; ਗੁਰਮਤ ਪ੍ਰੈਸ, ਲਾਹੌਰ; 1961

ਤੇਜਾ ਸਿੰਘ; 'ਸਾਹਿਤ-ਦਰਸ਼ਨ'; ਪ੍ਰਕਾਸ਼ ਪੁਸਤਕਾਲਾ, ਪਟਿਆਲਾ; 1951

ਤੇਜਾ ਸਿੰਘ ਅਤੇ ਸ. ਸ. ਅਮੋਲ; 'ਪੰਜਾਬੀ ਭੌਰੇ'; ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ; 1946

'ਦਸਮ ਗੁਰੂ ਗ੍ਰੰਥ ਸਾਹਿਬ ਸਟੀਕ'; (ਟੀਕਾਕਾਰ) ਪੰਡਿਤ ਨਰੈਣ ਸਿੰਘ; ਗੁਰਬਾਨੀ ਪ੍ਰਚਾਰਕ ਟ੍ਰਸਟ, ਲਾਹੌਰ; ਪਹਿਲਾ ਸੰਸਕਰਣ

'ਦਸਮ ਗ੍ਰੰਥ'; ਜਵਾਹਰ ਸਿੰਘ ਕ੍ਰਿਪਾਲ ਸਿੰਘ, ਮਾਈ ਸੇਵਾਂ ਬਾਜ਼ਾਰ; ਅੰਮ੍ਰਿਤਸਰ; 2013 ਬਿ.

ਨਜ਼ੀਰ ਅਹਿਮਦ, ਸਯੱਦ, ਡਾ.; 'ਕਲਾਮ ਸ਼ਾਹ ਹੁਸੈਨ'; ਪੈਕੇਜਿਜ਼ ਲਿਮਟਿਡ, ਲਾਹੌਰ; 1979

ਨਾਹਰ ਸਿੰਘ; 'ਨਾਮਧਾਰੀ ਇਤਿਹਾਸ'; ਪ੍ਰਕਾਸ਼ਕ ਕਰਤਾ ਖ਼ੁਦ; ਪਹਿਲਾ ਹਿੱਸਾ; ਪਹਿਲੀ ਛਾਪ

'ਨਿਰਮਲ ਸੰਪ੍ਰਦਾਇ'; (ਸੰਪਾ.) ਪ੍ਰੀਤਮ ਸਿੰਘ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 1981

'ਨੀਸਾਣ ਤੇ ਹੁਕਮਨਾਮੇ'; (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ; 1967

ਪਿਆਰਾ ਸਿੰਘ ਪਦਮ; 'ਗੁਰੂ ਗ੍ਰੰਥ ਸੰਕੇਤ ਕੋਸ਼', ਪੰਜਾਬੀ ਯੂਨੀਵਰਸਿਟੀ, ਪਟਿਆਲਾ; 1977

'ਪੁਰਾਤਨ ਜਨਮਸਾਖੀ'; (ਸੰਪਾ.) ਭਾਈ ਵੀਰ ਸਿੰਘ; ਖਾਲਸਾ ਸਮਾਚਾਰ, ਅੰਮ੍ਰਿਤਸਰ; 1959

'ਪੰਜ ਗ੍ਰੰਥੀ ਸਟੀਕ'; (ਸੰਪਾ.) ਭਾਈ ਵੀਰ ਸਿੰਘ; ਖਾਲਸਾ ਸਮਾਚਾਰ, ਅੰਮ੍ਰਿਤਸਰ;

1966
'ਪੰਜਾਬ'; (ਸੰਪਾ.) ਮਹਿੰਦਰ ਸਿੰਘ ਰੰਧਾਵਾ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1960
'ਪੰਜਾਬ ਦਾ ਇਤਿਹਾਸ'; (ਸੰਪਾ.) ਡਾ. ਫੌਜਾ ਸਿੰਘ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਜਿਲਦ ਤੀਜੀ; 1968
'ਪੰਜਾਬ ਦੇ ਲੋਕ ਗੀਤ'; (ਸੰਪਾ.) ਮਹਿੰਦਰ ਸਿੰਘ ਰੰਧਾਵਾ; ਸਾਹਿਤ ਸੰਗਮ, ਲੁਧਿਆਣਾ; 1955
'ਪੰਜਾਬੀ ਸੂਫ਼ੀ-ਸਾਹਿੱਤ ਸੰਦਰਭ ਗ੍ਰੰਥ'; (ਸੰਪਾ.) ਡਾ. ਗੁਰਦੇਵ ਸਿੰਘ; ਪੰਜਾਬੀ ਯੂਨੀਵਰ-ਸਿਟੀ, ਪਟਿਆਲਾ, 1989
'ਪੰਜਾਬੀ ਕੋਸ਼'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 6 ਜਿਲਦਾਂ; ਪਹਿਲਾ ਸੰਸਕਰਣ
'ਪੰਜਾਬੀ ਮੁਹਾਵਰਾ ਕੋਸ਼'; (ਸੰਪਾ.) ਤਾਰਨ ਸਿੰਘ ਅਤੇ ਸਾਹਿਬ ਸਿੰਘ; ਪੰਜਾਬ ਯੂਨੀਵਰ-ਸਿਟੀ, ਚੰਡੀਗੜ੍ਹ; 1964
'ਪੰਜਾਬੀ ਵਾਰਾਂ'; (ਸੰਪਾ.) ਪਿਆਰਾ ਸਿੰਘ ਪਦਮ; ਲਾਹੌਰ ਬੁਕ ਸ਼ਾਪ, ਲੁਧਿਆਣਾ; 1951
'ਪੰਜਾਬੀ ਵਿਸ਼ਵ ਕੋਸ਼'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਸੱਤ ਭਾਗ; 1983-1990
'ਪ੍ਰੀਤ ਕਹਾਣੀਆਂ'; (ਸੰਪਾ.) ਮਹਿੰਦਰ ਸਿੰਘ ਰੰਧਾਵਾ: ਹਿੰਦ ਪਬਲਿਸ਼ਰਜ਼, ਜਲੰਧਰ; 1957
ਬਲਵੰਤ ਗਾਰਗੀ; 'ਲੋਕ ਨਾਟਕ'; ਪੰਜਾਬੀ ਯੂਨੀਵਰਸਿਟੀ, ਪਟਿਆਲਾ; 1969
'ਬਾਬੇ ਮੋਹਨ ਵਾਲੀਆਂ ਪੋਥੀਆਂ'; (ਸੰਪਾ.) ਡਾ. ਗੁਰਸ਼ਰਨ ਕੌਰ ਜੱਗੀ; ਆਰਸੀ ਪਬਲਿ-ਸ਼ਰਜ਼, ਦਿੱਲੀ; 1987
ਬੁੱਧ ਸਿੰਘ ਬਾਵਾ; 'ਹੰਸ ਚੋਗ'; ਫੁਲਵਾੜੀ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ; 1926
ਮਹਿਤਾਬ ਸਿੰਘ ਮਾਸਟਰ; 'ਸ੍ਰੀ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼'; ਸਿੰਘ ਬ੍ਰਦਰਜ਼, ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ; 1991
ਮਨੀ ਸਿੰਘ, ਭਾਈ; 'ਸਿਖਾਂ ਦੀ ਭਗਤ ਮਾਲਾ'; (ਸੰਪਾ.) ਭਾਈ ਵੀਰ ਸਿੰਘ; ਖਾਲਸਾ ਸਮਾਚਾਰ, ਅੰਮ੍ਰਿਤਸਰ; 1950
ਮਾਨ ਸਿੰਘ ਅੰਮ੍ਰਿਤ, ਡਾ.; 'ਪੰਜਾਬੀ ਸੋਹਣੀ-ਕਾਵਿ ਦਾ ਆਲੋਚਨਾਤਮਕ ਅਧਿਐਨ'; ਗੁਰ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; 1989
'ਮੁਹਾਵਰਾ ਤੇ ਅਖਾਣ ਕੋਸ਼'; (ਸੰਪਾ.) ਤਾਰਨ ਸਿੰਘ ਤੇ ਦਰਸ਼ਨ ਸਿੰਘ ਅਵਾਰਾ; ਪੰਜਾਬੀ ਯੂਨੀਵਰਸਿਟੀ, ਪਟਿਆਲਾ; 1969
ਮੌਲਾ ਬਖਸ਼ ਕੁਸ਼ਤਾ; 'ਪੰਜਾਬ ਦੇ ਹੀਰੇ'; ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ; 1939
———; 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ', ਮੀਆਂ ਮੌਲਾ ਬਖਸ਼ ਕੁਸ਼ਤਾ ਐਂਡ ਸਨਜ਼, ਟੈਂਪਲ ਰੋਡ, ਲਾਹੌਰ; 1960
ਰਤਨ ਸਿੰਘ ਜੱਗੀ, ਡਾ.; ਸ੍ਰੀ ਗੁਰੂ ਗ੍ਰੰਥ ਪਰਿਚਯ'; ਗੋਬਿੰਦ ਸਦਨ, ਮਹਿਰੌਲੀ ਰੋਡ, ਨਵੀਂ

ਦਿੱਲੀ; 1991
———; 'ਦਸਮ ਗ੍ਰੰਥ ਦਾ ਕਰਤ੍ਰਿਤਵ', ਪੰਜਾਬੀ ਸਾਹਿੱਤ ਸਭਾ, ਦਿੱਲੀ; 1966
———; 'ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ; ਨਿਊ ਬੁਕ ਕੰਪਨੀ, ਜਲੰਧਰ; 1965
———; 'ਦਸਮ ਗ੍ਰੰਥ ਪਰਿਚਯ'; ਗੋਬਿੰਦ ਸਦਨ, ਮਾਂਡੀ ਰੋਡ, ਨਵੀਂ ਦਿੱਲੀ; 1990
ਰਤਨ ਸਿੰਘ ਭੰਗੂ; 'ਪ੍ਰਾਚੀਨ ਪੰਥ ਪ੍ਰਕਾਸ਼'; (ਸੰਪਾ.) ਭਾਈ ਵੀਰ ਸਿੰਘ; ਖਾਲਸਾ ਸਮਾਚਾਰ, ਅੰਮ੍ਰਿਤਸਰ; 1662
'ਲੋਕ ਬੁਝਾਰਤਾਂ'; (ਸੰਪਾ.) ਸੁਖਦੇਵ ਮਾਦਪੁਰੀ; ਲਾਹੌਰ ਬੁਕ ਸ਼ਾਪ, ਲੁਧਿਆਣਾ; 1956
ਵਣਜਾਰਾ ਬੇਦੀ; 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼', ਲੋਕ ਪ੍ਰਕਾਸ਼ਨ, 11/80 ਰਾਜੌਰੀ ਗਾਰਡਨ, ਨਵੀਂ ਦਿੱਲੀ; 6 ਜਿਲਦ

ਉਰਦੂ

'ਕੁਰਾਨ ਮਜੀਦ' (ਉਰਦੂ ਅਨੁਵਾਦ ਸਹਿਤ); ਤਾਜ ਕੰਪਨੀ ਲਿਮਿਟੇਡ, ਲਾਹੌਰ; 1354 ਹਿ.
ਫਰੀਦੁੱਦੀਨ ਅਤਾਰ, ਸ਼ੇਖ; 'ਤਜ਼ਕਰਾਤੁਲ ਔਲੀਆ' (ਉਰਦੂ ਅਨੁਵਾਦ); (ਅਨੁਵਾਦਕ) ਹਕੀਮ ਮੁਹੰਮਦ ਅਬਦੁਲ ਰਸ਼ੀਦ ਸਦੀਕੀ; ਸ਼ੇਖ ਗੁਲਾਮ ਹੁਸੈਨ ਐਂਡ ਸਨਜ਼, ਤਾਜਰਾਨ ਕੁਤਬ, ਲਾਹੌਰ; ਪਹਿਲਾ ਸੰਸਕਰਣ
ਮਿਰਜ਼ਾ ਮੁਹੰਮਦ; 'ਤਜ਼ਕਰਾ ਔਲੀਆਇ ਹਿੰਦ'; ਮੁਈਰ ਪ੍ਰੈਸ, ਦਿਹਲੀ; ਤਿੰਨ ਜਿਲਦਾਂ; 1928
'ਲੁਗਾਤੇ ਫ਼ੀਰੋਜ਼ੀ'; ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ; 1903

ਹਿੰਦੀ, ਸੰਸਕ੍ਰਿਤ

ਉਮੇਸ਼ ਮਿਸ਼੍ਰ, ਡਾ.; 'ਭਾਰਤੀਯ ਦਰਸ਼ਨ'; ਹਿੰਦੀ ਸਮਿਤਿ, ਸੂਚਨਾ ਵਿਭਾਗ, ਉੱਤਰ ਪ੍ਰਦੇਸ਼, ਲਖਨਊ; 1964
'ਅਗ੍ਨਿ ਪੁਰਾਣ'; 5 ਕਲਾਇਵ ਰੋ, ਕਲਕੱਤਾ; 1957
'ਅਧ੍ਯਾਤ੍ਮ ਰਾਮਾਯਣ' (ਹਿੰਦੀ ਅਨੁਵਾਦ ਸਹਿਤ); ਗੀਤਾ ਪ੍ਰੈਸ, ਗੋਰਖਪੁਰ; 2020 ਬਿ.
'ਅਮਰਕੋਸ਼' (ਮਹੇਸ਼੍ਵਰ ਕ੍ਰਿਤ ਟੀਕਾ ਸਹਿਤ); (ਸੰਪਾ.) ਵਾਮਨਾਚਾਰਯ ਝਲਕੀਕਰ; ਸ਼ਿਕਸ਼ਾ ਵਿਭਾਗ, ਬੰਬਈ; 1890
'ਈਸ਼ਾਦਿਵਿੰਸ਼ੋਤੱਰਸ਼ਤੋਪਨਿਸ਼ਦ'; (ਸੰਪਾ.) ਨਾਰਾਯਣ ਰਾਮ ਆਚਾਰਯ; ਨਿਰਣਯਸਾਗਰ ਪ੍ਰੈਸ, ਬੰਬਈ; 1948
'ਸਕੰਧ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1965-66 ਬਿ.
ਸਤੀਸ਼ਚੰਦ੍ਰ ਚੱਟੋਪਾਧ੍ਯਾਯ, ਡਾ., ਤਥਾ ਧੀਰੇਂਦ੍ਰ ਮੋਹਨ ਦੱਤ, ਡਾ.; 'ਭਾਰਤੀਯ ਦਰਸ਼ਨ'; ਪੁਸਤਕ ਭੰਡਾਰ, ਪਟਨਾ; 1961

ਸ਼ਯਾਮ ਪਰਮਾਰ; 'ਭਾਰਤੀਯ ਲੋਕ ਸਾਹਿਤ੍ਯ'; ਰਾਜਕਮਲ ਪ੍ਰਕਾਸ਼ਨ ਲਿਮਿਟੇਡ, ਬੰਬਈ; 1954
'ਸ਼ਿਵ ਪੁਰਾਣ' (ਭਾਸ਼ਾ ਟੀਕਾ ਸਹਿਤ); ਸ਼੍ਯਾਮ ਕਾਸ਼ੀ ਪ੍ਰੈਸ, ਮਥੁਰਾ; ਦੋ ਭਾਗ; 1996-97 ਬਿ.
ਸੁਰੇਸ਼ ਚੰਦ੍ਰ ਸ਼ਰਮਾ; 'ਭਾਰਤ ਕੇ ਤ੍ਯੋਹਾਰ'; ਆਤਮਾ ਰਾਮ ਐਂਡ ਸਨਜ਼, ਦਿੱਲੀ; 1963
ਸੁਰੇਂਦ੍ਰ ਸਿੰਘ ਵਿਲਖੂ, ਡਾ.; 'ਆਦਿ ਗ੍ਰੰਥ ਕੇ ਪਰੰਪਰਾਗਤ ਤਤ੍ਵੋਂ ਕਾ ਅਧ੍ਯਯਨ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1978
'ਸੰਸ੍ਕ੍ਰਿਤ-ਸ਼ਬ੍ਦਾਰਥ-ਕੌਸ੍ਤੁਭ'; (ਸੰਪਾ.) ਦ੍ਵਾਰਕਾ ਪ੍ਰਸਾਦ ਸ਼ਰਮਾ ਆਦਿ; ਰਾਮ ਨਾਰਾਯਣ ਲਾਲ, ਇਲਾਹਾਬਾਦ; 1957
ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਡਾ.; ਹਿੰਦੀ ਸਾਹਿਤ੍ਯ ਕਾ ਆਦਿ-ਕਾਲ'; ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ; 1961
———; 'ਕਬੀਰ'; 'ਹਿੰਦੀ ਗ੍ਰੰਥ ਰਤਨਾਕਰ (ਪ੍ਰਾਈਵੇਟ) ਲਿਮਿਟੇਡ, ਬੰਬਈ; 1964
———; 'ਮਧ੍ਯ ਕਾਲੀਨ ਧਰਮ-ਸਾਧਨਾ', ਸਾਹਿਤ੍ਯ ਭਵਨ, ਪ੍ਰਾ. ਲਿ. ਇਲਾਹਾਬਾਦ; 1962
'ਹਠਯੋਗ ਪ੍ਰਦੀਪਿਕਾ' (ਭਾਸ਼ਾ ਅਨੁਵਾਦ ਸਹਿਤ); (ਟੀਕਾਕਾਰ) ਸ੍ਵਾਤਮਰਾਮ ਯੋਗੀ; ਕਲਿਆਣ, ਮੁੰਬਈ; 1981
ਹਰਿਦਾਸ ਬੰਦ੍ਯੋਪਾਧ੍ਯਾਯ; 'ਭਾਰਤੀਯ ਦਰਸ਼ਨ ਕੀ ਮਰਮਕਥਾ'; (ਅਨੁਵਾਦਕ) ਰਾਧਾਰਮਣ ਚਕ੍ਰਵਰਤੀ ਤਥਾ ਹਰਿਵੰਸ਼ਰਾਇ ਸ਼ਰਮਾ; ਸਟੂਡੈਂਟਸ ਫ੍ਰੈਂਡਸ, ਇਲਾਹਾਬਾਦ; 1964
'ਹਰਿਵੰਸ ਪੁਰਾਣ' (ਭਾਸ਼ਾ ਟੀਕਾ ਸਹਿਤ); ਗੀਤਾ ਪ੍ਰੈਸ, ਗੋਰਖਪੁਰ; ਪ੍ਰਥਮ ਸੰਸਕਰਣ
ਹਿੰਦੀ ਸਾਹਿਤ੍ਯ ਕੋਸ਼'; (ਸੰਪਾ.) ਧੀਰੇਂਦ੍ਰ ਵਰਮਾ; ਗਿਆਨ ਮੰਡਲ, ਵਾਰਾਨਸੀ; ਦੋ ਭਾਗ; 2015 ਬਿ., 2020 ਬਿ.
ਹਿੰਦੀ ਵਿਸ਼੍ਵਕੋਸ਼; (ਪ੍ਰਧਾਨ ਸੰਪਾ.) ਰਾਮ ਪ੍ਰਸਾਦ ਤ੍ਰਿਪਾਠੀ; ਨਾਗਰੀ ਪ੍ਰਚਾਰਿਣੀ ਸਭਾ, ਵਾਰਾਨਸੀ; 12 ਜਿਲਦਾਂ; ਪ੍ਰਥਮ ਸੰਸਕਰਣ
'ਹਿੰਦੁਤ੍ਵ'; (ਸੰਪਾ.); ਰਾਮ ਦਾਸ ਗੌੜ; ਸ਼ਿਵ ਪ੍ਰਸਾਦ ਗੁਪਤ, ਸੇਵਾ ਉਪਵਨ, ਕਾਸ਼ੀ; 1995 ਬਿ.
'ਹਿੰਦੂ ਧਰਮ ਕੋਸ਼'; (ਸੰਪਾ.) ਡਾ. ਰਾਜਬਲੀ ਪਾਂਡੇਯ; ਉੱਤਰ ਪ੍ਰਦੇਸ਼ ਹਿੰਦੀ ਸੰਸ੍ਥਾਨ, ਲਖਨਊ; 1978
'ਕਬੀਰ ਮਨਸੂਰ' (ਹਿੰਦੀ ਅਨੁਵਾਦ); (ਅਨੁਵਾਦਕ) ਸ੍ਵਾਮੀ ਪ੍ਰਮਾਨੰਦ ਕਬੀਰ ਪੰਥੀ; ਵੇਂਕਟੇਸ਼੍ਵਰ ਯੰਤ੍ਰਾਲਯ, ਬੰਬਈ; 1903
'ਕਲ੍ਕਿ ਪੁਰਾਣ' (ਹਿੰਦੀ ਅਨੁਵਾਦ ਸਹਿਤ); ਵੇਂਕਟੇਸ਼੍ਵਰ ਪ੍ਰੈਸ, ਬੰਬਈ; 1906
ਕਾਲਿਦਾਸ; 'ਰਘੁਵੰਸ਼'; ਨਿਰਣਯਸਾਗਰ ਮੁਦ੍ਰਣਾਲਯ, ਬੰਬਈ; 1948
'ਕੂਰਮ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; ਪ੍ਰਥਮ ਸੰਸਕਰਣ

'ਗਰੁੜ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1963 ਬਿ.
'ਗੀਤਾ'; ਗੀਤਾ ਪ੍ਰੈਸ, ਗੋਰਖਪੁਰ, 2008 ਬਿ.
ਚੰਦ੍ਰਬਲੀ ਪਾਂਡੇਯ, ਪੰਡਿਤ; 'ਤਸੱਵੁਫ਼ ਅਥਵਾ ਸੂਫ਼ੀਮਤ'; ਸਰਸ੍ਵਤੀ ਮੰਦਿਰ, ਬਨਾਰਸ; 1948
ਜਵਾਲਾ ਪ੍ਰਸਾਦ ਮਿਸ਼੍ਰ; 'ਅਸ਼ਟਾਦਸ਼ ਪੁਰਾਣ ਦਰਪਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1993 ਬਿ.
'ਢੋਲਾ ਮਾਰੂ ਰਾ ਦੂਹਾ'; (ਸੰਪਾ.) ਰਾਮ ਸਿੰਘ, ਆਦਿ; ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ; 2011 ਬਿ.
ਤੁਲਸੀਦਾਸ, ਗੋਸ੍ਵਾਮੀ; 'ਰਾਮ ਚਰਿਤ ਮਾਨਸ'; (ਸੰਪਾ.) ਵਿਸ਼੍ਵਨਾਥ ਪ੍ਰਸਾਦ ਮਿਸ਼੍ਰ; ਸਰਵ ਭਾਰਤੀਯ ਕਾਸ਼ਿਰਾਜ ਨ੍ਯਾਸ, ਰਾਮ ਨਗਰ ਦੁਰਗ, ਵਾਰਾਣਸੀ; 1962
ਦੇਵੀ ਭਾਗਵਤ (ਭਾਸ਼ਾ ਸਟੀਕ ਸਹਿਤ); ਵੇਂਕਟੇਸ਼੍ਵਰ ਪ੍ਰੈਸ, ਬੰਬਈ; ਦੋ ਭਾਗ; 2011 ਬਿ.
'ਦੋਹਾ ਕੋਸ਼'; (ਸੰਪਾ.) ਡਾ. ਪ੍ਰਬੋਧਚੰਦ੍ਰ ਬਾਗਚੀ, ਕਲਕੱਤਾ; 1938
ਧਰਮਵੀਰ ਭਾਰਤੀ, ਡਾ.; 'ਸਿੱਧ ਸਾਹਿਤ੍ਯ'; ਕਿਤਾਬ ਮਹਲ; 1955
'ਨਾਰਦ ਭਕ੍ਤਿ ਸੂਤ੍ਰ'; (ਟੀਕਾਕਾਰ) ਰਾਮਸ੍ਵਰੂਪ ਸ਼ਰਮਾ; ਸਨਾਤਨ ਧਰਮ ਯੰਤ੍ਰਾਲਯ, ਮੁਰਾਦਾਬਾਦ; 1911
'ਨਾਰਦੀਯ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 2011 ਬਿ.
'ਪਦ੍ਮ ਪੁਰਾਣ'; ਆਨੰਦਾਸ਼੍ਰਮ ਮੁਦ੍ਰਣਾਲਯ, ਪੂਨਾ; ਚਾਰ ਭਾਗ; 1893-94
ਪਰਸ਼ੁਰਾਮ ਚਤੁਰਵੇਦੀ, ਪੰਡਿਤ; 'ਉਤਰੀ ਭਾਰਤ ਕੀ ਸੰਤ ਪਰੰਪਰਾ'; ਭਾਰਤੀ ਭੰਡਾਰ ਲੀਡਰ ਪ੍ਰੈਸ, ਇਲਾਹਾਬਾਦ; 2021 ਬਿ.
ਪਾਂਡੁਰੰਗ ਵਾਮਨ ਕਾਣੇ; 'ਧਰਮ ਸ਼ਾਸਤ੍ਰ ਕਾ ਇਤਿਹਾਸ'; (ਅਨੁਵਾਦਕ) ਅਰਜੁਨ ਚੌਬੇ ਕਾਸ਼੍ਯਪ; ਹਿੰਦੀ ਸਮਿਤਿ, ਉਤਰ ਪ੍ਰਦੇਸ਼, ਲਖਨਊ; ਦੂਜਾ ਸੰਸਕਰਣ
'ਪਾਤੰਜਲ ਯੋਗ ਪ੍ਰਦੀਪ'; (ਸੰਪਾ.) ਸ੍ਵਾਮੀ ਓਮਾਨੰਦ ਤੀਰਥ; ਗੀਤਾ ਪ੍ਰੈਸ, ਗੋਰਖਪੁਰ; 2016 ਬਿ.
ਬਲਦੇਵ ਉਪਾਧ੍ਯਾਯ, ਆਚਾਰਯ; 'ਸੰਸਕ੍ਰਿਤ ਸਾਹਿਤ੍ਯ ਕਾ ਇਤਿਹਾਸ'; ਸ਼ਾਰਦਾ ਮੰਦਿਰ, ਵਾਰਾਣਸੀ; 1973
———; 'ਭਾਰਤੀਯ ਦਰਸ਼ਨ'; ਸ਼ਾਰਦਾ ਮੰਦਿਰ, ਕਾਸ਼ੀ; 1966
'ਬਾਲਮੀਕੀ ਰਾਮਾਯਣ' ਸਟੀਕ; ਪੰਡਿਤ ਪੁਸਤਕਾਲਯ, ਕਾਸ਼ੀ; 1951
'ਬ੍ਰਹਮ ਪੁਰਾਣ'; 5 ਕਲਾਇਵ ਰੋ, ਕਲਕੱਤਾ; ਦੋ ਭਾਗ; 1954 ਬਿ.
'ਬ੍ਰਹਮਵੈਵਰਤ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1988 ਬਿ.
'ਬ੍ਰਹਮਾਂਡ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ', 1992 ਬਿ.
'ਭਵਿਸ਼੍ਯ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1967 ਬਿ.
'ਭਾਗਵਤ ਪੁਰਾਣ' (ਹਿੰਦੀ ਅਨੁਵਾਦ ਸਹਿਤ); ਗੀਤਾ ਪ੍ਰੈਸ, ਗੋਰਖਪੁਰ; 2013 ਬਿ.
'ਭਾਰਤੀਯ ਮਿਥਕ ਕੋਸ਼'; (ਸੰਪਾ.) ਊਸ਼ਾਪੁਰੀ ਵਿਦ੍ਯਾਵਾਚਸ੍ਪਤਿ, ਡਾ.; ਨੈਸ਼ਨਲ ਪਬਲਿ-

ਸ਼ਿੰਗ ਹਾਊਸ, ਨਵੀਂ ਦਿੱਲੀ; 1991

'ਮਹਾਭਾਰਤ' (ਹਿੰਦੀ); ਇੰਡੀਅਨ ਪ੍ਰੈਸ, ਲਿਮ., ਪ੍ਰਯਾਗ; ਦਸ ਭਾਗ; ਪ੍ਰਥਮ ਸੰਸਕਰਣ

'ਮਤ੍ਸ੍ਯ ਪੁਰਾਣ'; 5 ਕਲਾਇਵ ਰੋ, ਕਲਕੱਤਾ; 1954

ਮਨਮੋਹਨ ਸਹਿਗਲ, ਡਾ.; 'ਗੁਰੂ ਗ੍ਰੰਥ ਸਾਹਿਬ : ਏਕ ਸਾਂਸਕ੍ਰਿਤਿਕ ਸਰਵੇਕ੍ਸ਼ਣ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1971

'ਮਨੁ ਸ੍ਮ੍ਰਿਤਿ' (ਭਾਸ਼ਾ ਟੀਕਾ ਸਹਿਤ); (ਟੀਕਾਕਾਰ) ਪੰ. ਘਨਸ਼੍ਯਾਮ ਜੀ ਚਤੁਰਵੇਦੀ; ਸ਼੍ਯਾਮ ਕਾਸ਼ੀ ਪ੍ਰੈਸ, ਮਥੁਰਾ, ਪ੍ਰਥਮ ਸੰਸਕਰਣ

ਮਾਧਵਾਚਾਰਯ, ਪੰਡਿਤ; 'ਪੁਰਾਣ ਦਿਗ੍ਦਰਸ਼ਨ'; ਮਾਧਵ ਪੁਸਤਕਾਲਯ, ਧਰਮਧਾਮ, ਕਮਲਾ ਨਗਰ, ਦਿੱਲੀ; ਪ੍ਰਥਮ ਸੰਸਕਰਣ

'ਮਾਰਕੰਡੇਯ ਪੁਰਾਣ ਸਟੀਕ'; ਰਾਜਕੁਮਾਰ ਦੇਵ ਨੰਦਨ ਸਿੰਘ ਰਈਸ, ਲਖਨਊ; ਦੋ ਭਾਗ; 1908 ਈ.

ਯਦੁਵੰਸ਼ੀ, ਡਾ.; 'ਸ਼ੈਵਮਤ'; ਬਿਹਾਰ ਰਾਸ਼ਟ੍ਰ ਭਾਸ਼ਾ ਪਰਿਸ਼ਦ, ਪਟਨਾ; 1955

ਰਤਨ ਸਿੰਘ ਜੱਗੀ, ਡਾ.; ਗੁਰੂ ਨਾਨਕ : ਵ੍ਯਕ੍ਤਿਤ੍ਵ, ਕ੍ਰਿਤਿਤ੍ਵ ਔਰ ਚਿੰਤਨ'; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1975

ਰਵੀਂਦ੍ਰ ਭ੍ਰਮਰ; 'ਹਿੰਦੀ ਭਕ੍ਤਿ-ਸਾਹਿਤ੍ਯ ਮੇਂ ਲੋਕ-ਤੱਤ੍ਵ'; ਭਾਰਤੀ ਸਾਹਿਤ੍ਯ ਮੰਦਿਰ, ਦਿੱਲੀ; 1965

ਰਾਂਗੇਯ ਰਾਘਵ ਡਾ.; 'ਗੋਰਖਨਾਥ ਔਰ ਉਨਕਾ ਯੁਗ'; ਆਤਮਾ ਰਾਮ ਐਂਡ ਸਨਜ਼, ਦਿੱਲੀ; 1963

ਰਾਮ ਪੂਜਨ ਤਿਵਾਰੀ; 'ਸੂਫ਼ੀਮਤ : ਸਧਨਾ ਔਰ ਸਾਹਿਤ੍ਯ'; ਗ੍ਯਾਨ ਮੰਡਲ, ਬਨਾਰਸ; 2013 ਬਿ.

'ਰਿਗਵੇਦ ਸੰਹਿਤਾ' (ਭਾਸ਼ਾ ਭਾਸ਼੍ਯ); ਭਾਸ਼੍ਯਕਾਰ ਪੰ. ਜਯਦੇਵ ਸ਼ਰਮਾ; ਆਰਯ ਸਾਹਿਤ੍ਯ ਮੰਡਲ ਲਿਮਿਟੇਡ, ਅਜਮੇਰ; 1991 ਬਿ.

ਲਿੰਗ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1981 ਬਿ.

'ਵਾਮਨ ਪੁਰਾਣ', ਵੇਂਕਟੇਸ਼੍ਵਰ ਪ੍ਰੈਸ, ਬੰਬਈ; 1986 ਬਿ.

'ਵਾਰਾਹ ਪੁਰਾਣ'; ਵੇਂਕਟੇਸ਼੍ਵਰ ਪ੍ਰੈਸ, ਬੰਬਈ; 1980 ਬਿ.

'ਵਿਸ਼ਣੁ ਪੁਰਾਣ' (ਹਿੰਦੀ ਅਨੁਵਾਦ ਸਹਿਤ); ਗੀਤਾ ਪ੍ਰੈਸ, ਗੋਰਖਪੁਰ; 2014 ਬਿ.

ਵਿਸ਼੍ਵਾਮਿਤ੍ਰ ਸ਼ਰਮਾ; 'ਭਾਰਤ ਕੇ ਲੋਕ ਨ੍ਰਿਤ੍ਯ'; ਆਤਮਾ ਰਾਮ ਐਂਡ ਸਨਜ਼, ਦਿੱਲੀ; 1961

ਵਿਪਿਨ ਬਿਹਾਰੀ ਤ੍ਰਿਵੇਦੀ, ਡਾ.; 'ਚੰਦਬਰਦਾਈ ਔਰ ਉਨਕਾ ਕਾਵ੍ਯ'; ਹਿੰਦੁਸਤਾਨੀ ਅਕੇਡਮੀ, ਇਲਾਹਾਬਾਦ; 1952

ਅੰਗ੍ਰੇਜ਼ੀ

Banke Behari; *Sufis, Mystics and Yogis of India;* Bharati Vidya Bhawan, Bombay; 1962

Beale, T.W. and Keene, H.G.; *An Oriental Biographical Dictionary*'; Allen and Co., London; 1894

Browne, E.G., *A Literary History of Persia*; Cambridge University Press, London; vols I, II; 1929

Cambridge History of India, (ed.) Rapson, E. J ; Cambridge University Press; vol. I; 1935

Chambers's Encyclopaedia; George Newnes Ltd. London, W. C. 2 ; New Edition

Chhabra, G. S , Dr ; *Advanced Study in History of the Punjab*; Sharanjit, Adda Tanda. Jalandhar; 1960

Collier's Encyclopedia; (ed. in chief) William T. Couch; P.F. Collier & Son Corporation, New York; Vols 20; 1955

Crooke, W.; *Popular Religion and Folklore of Northern India;* Oxford; 1926

Dictionary of Islam; (ed.) Thomas Patrick Hughes; Premier Book House, Anarkali, Lahore; 1964

Dictionary of Mysticism; (ed.) Frank Gaynor; Philosophical Library, 16 East, 40th Street, New York

Dictionary of Mythology Folklore and Symbols; (ed.) Gertrude Jobes; the scarecrow Press, New York; 1962

Dictionary of National Biography; (ed.) Sir Leslie Stephen & Sir Sidney Lee; Oxford University Press

Dictionary of World Literature; (ed.) Shipley, J.; Littlefield Adams & Co.; 1968

Elwin, V.; *Myths of Middle India*; Oxford University Press, Bombay; 1949

Encyclopaedia Britannica, Encyclopaedia Britannica Ltd.; London

Encyclopaedia of Islam; Luzac and Company, London; 1960

Encyclopaedia of Literature; (ed.) Stenburg, S.H.; Cassel, London, 1953

Encyclopaedia of Religion & Ethics; (ed.) Hastings, J.; Charles Scribners Sons, New York; 1955

Field, Chand; *Mystics and Saints of Islam*; Francis Griffiths, London; 1910

Frazer, J. G.; *Folklore in the Old Testament*; MacMillan & Co., London; 1919

Furguhar, J. N.; *Modern Religious Movements in India*; MacMillan Company, New York; 1918

Hazra, R. C., Dr.; *Studies in the Upapurans*; Sanskrit College, Calcutta; vol. I; 1958

International Encyclopaedia of Social Sciences; (ed.) Sills, D. L.; MacMillan & Free Press; 1964

John Woodroffe, Sir; *Introduction to Tantrasastra;* Ganesh & Co., Ltd., Madras; 1952

———; *Serpent Power*; Ganesh & Co., Madras; 1953

Kashmir at a Glance; Department of Information, Jammu & Kashmir Government; 1961

Keith, A.B ; *The Religion and Philosophy of the Vedas and Upanishadas*; University Press, Harward; 1925

Kohli, Surinder Singh, Dr., *Travels of Guru Nanak*; Punjab University, Chandigarh; 1969

Lajwanti Rama Krishna; *Punjabi Sufi Poets;* Asha Janak Publishers, New Delhi; 1973

Land, Andrew; *Myth, Ritual and Religion;* Longmans Green & Co., London, 1899

Lepel H. Griffin, Sir; *Chiefs and Families of Note of the Punjab;* Government Printing, Punjab, Lahore; vol. II; 1940

Macauliffe, M. A.; *Sikh Religion : its Gurus, Sacred Writings and Authors*; Clarendon Press, Oxford, London; 1909

Mohan Singh Dewana; *A History of Punjabi Literature*; Kasturi Lal & Sons, Amritsar (stockist); 1956

———————; *Gorakh Nath and Medieval Hindu Mysticism;* Oriental College, Lahore; 1936

Narang, Gokal Chand, Dr.; *Transformation of Sikhism;* Tribune Press, Lahore; 1912

Nasir, Seyyed Hossein; *Ideals and Realities of Islam*, Allen & Unwin; 1996

Pusalkar, A. D.; *Studies in Epics & Puranas of India;* Bhartiya Vidya Bhawan, Bombay; 1955

Sarkar, B. K.; *The Folk Elements in Hindu Culture*; Longmans Green & Co., Calcutta; 1917

Shorter Encyclopaedia of Islam; (ed.) Gibb, H.A.R., Kramers, J H., Leiden, E.J. Brill; 1953

Smith, V. A.; *Akbar the Great Mughal*; Oxford University Press, London; 1917

Standard Dictionary of Folklore, Mythology and Legend; (ed.)

Leach, Maria; Funk & Wagnalls Co., New York, 2 vols; 1949-50
Steel, F. A.; *Tales of the Panjab*; MacMillan & Co., London; 1894
Swynerton, C. & Rose, H. A., *The Romantic Tales from the Punjab with Indian Night Entertainment*; Deptt. of Languages, Panjab, Patiala; 1963
Tara Chand, Dr., *Influence of Islam on Indian Culture;* Indian Press, Allahabad; 1946
Tree Symbol Worship in India; (ed.) Gupta, S.S.; Indian Publications, Calcutta; 1965
Urdu Encyclopaedia of Islam; University of the Punjab, Lahore; 1975
Wilkins, W.J.; Hindu Mythology; Rupa & Co., New Delhi etc; 1986
Winternitz, M.; *A History of Indian Literature;* University of Culcutta; 1927